ਪੁਸਤਕ ਲੜੀ 113

ਅਗਸਤ, ਸਤੰਬਰ, ਅਕਤੂਬਰ 2023

ਵਿਸ਼ੇਸ਼ ਕਹਾਣੀ ਅੰਕ

# ਚਰਚਾ ਕੌਮਾਂਤਰੀ

*An International Progressive Punjabi Language Magazine*

'ਚਰਚਾ' ਨਿਰਪੱਖ ਨਹੀਂ ਹੈ, ਇਹ ਸੱਚ-ਪੱਖੀ, ਹੱਕ-ਪੱਖੀ ਤੇ ਲੋਕ-ਪੱਖੀ ਹੈ....




'ਇਹ ਮੈਗਜ਼ੀਨ (ਪੁਸਤਕ ਲੜੀ)
ਮੇਰੇ ਵਿਛੜੇ ਅੱਧ, ਹਰਤਨਵੀਰ ਕੌਰ ਢਿੱਲੋਂ
ਅਤੇ ਸਾਨੂੰ ਅਣਕਿਆਸਿਆ ਵਿਛੋੜਾ ਦੇ ਗਏ,
ਮੇਰੇ ਭੈਣ ਜੀ, ਅਨੀਤਾ ਭੋਪਾਲ ਦੀ
ਯਾਦ ਨੂੰ ਸਮਰਪਿਤ ਹੈ।

ਪੌਣਾ-ਸੈਂਕੜਾ ਪੰਜਾਬੀ ਕਹਾਣੀਆਂ (ਸਾਢੇ-ਸੱਤ ਕਿਤਾਬਾਂ) – 75 PUNJABI STORIES



front inside



## ਸ. ਹਾਕਮ ਸਿੰਘ ਢਿੱਲੋਂ ਮੁਰਾਦਵਾਲਾ

(ਮੇਰੇ ਪਿਤਾ ਜੀ)

'ਐਨ ਡੀ ਗਰੋਵਰ' (ਪ੍ਰਿੰਸੀਪਲ ਡੀਏਵੀ ਕਾਲਜ, ਅਬੋਹਰ) ਵਰਗੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿਣ ਵਾਲੇ ਮੇਰੇ ਬਾਪੂ ਜੀ ਕਿ 'ਕੀ ਮੁੰਡਾ ਕੁੜੀਆਂ ਛੇੜਦੈ? ਮੁੰਡੇ ਦੀ ਫੀਸ ਨਹੀਂ ਆਈ? ਜੇ ਤੇਰਾ ਜਵਾਬ ਨਹੀਂ ਹੈ! ਤਾਂ ਚੌਥੇ ਕੁ ਦਿਨ ਮੈਨੂੰ ਕਿਓਂ ਸੱਦੀ ਰੱਖਦੈਂ ਚੱਲ ਓਏ, ਮੁੰਡਿਆ! ਮਾਰ ਸੈਲਫ਼ ਤੋਰ ਗੱਡੀ, ਐਵੇਂ ਵਿਸਲਾਂ ਜਿਹੀਆਂ ਵਜਾਈ ਜਾਂਦੈ, ਖਾਹ ਮਖਾਹ? -ਇਹੀ ਤਾਂ ਗੁੜ੍ਹਤੀ ਹੁੰਦੀ ਹੈ।



## ਪ੍ਰੋ. ਵੀ.ਐਨ. ਤਿਵਾੜੀ

'ਰੇਤ ਉਤੋਂ ਪੈੜ ਮਿਟਦਿਆਂ ਫਿਰ ਵੀ ਕੁੱਝ ਪਲ ਲੱਗਦੇ ਨੇ,
ਕਿੰਨੀ ਛੇਤੀ ਭੁੱਲ ਗਏ ਤੈਨੂੰ ਮੇਰੇ ਯਾਰ ਨਗਰ ਦੇ ਲੋਕ।'
- ਸੁਰਜੀਤ ਪਾਤਰ

ਪੰਜਾਬੀ ਮਾਂ-ਬੋਲੀ ਨੂੰ ਵਰੋਸਾਇਆ, ਜਿਹਨੇ ਸਭ ਤੋਂ ਪਹਿਲਾਂ ਤੱਥਾਂ ਦੇ ਆਧਾਰ 'ਤੇ ਲਲਕਾਰਿਆ ਸੀ 'ਚੰਡੀਗੜ੍ਹ ਬੋਲੀ ਦੇ ਆਧਾਰ' ਤੇ ਪੰਜਾਬ ਦਾ ਹੈ। ਏਸ ਸ਼ਖ਼ਸੀਅਤ ਦੀ ਐਸੀ ਗਰਜ਼ ਸੀ ਕਿ ਜਾਣਨ ਵਾਲੇ, ਉਸਨੂੰ 'ਪੰਜਾਬੀ ਦਾ ਪੁੱਤ' ਕਹਿਕੇ ਯਾਦ ਕਰਦੇ ਨੇ। ਸੱਚਮੁੱਚ - 'ਦੁੱਲਾ ਸੀ ਪੰਜਾਬੀ ਮਾਂ-ਬੋਲੀ ਦਾ'...



## ਪ੍ਰੋ. ਕੇਸਰ ਸਿੰਘ ਕੇਸਰ

*'ਅੱਜ ਮੇਰੀ ਮੌਤ ਨੂੰ ਕੁੱਝ ਲੋਕ ਕਹਿੰਦੇ ਸੁਣੇ ਨੇ
ਜਿਥੋਂ ਦੀ 'ਕੇਸਰ' ਲੰਘਿਆ ਕੇਸਰ ਖਿੰਡਾ ਗਿਆ,
*'ਕੇਸਰ ਇਹ ਦੁਨੀਆਂ ਮਿੱਤਰਾਂ ਦੀ ਇੱਕ
ਲੈਣ-ਦੇਣ ਦੀ ਸਾਂਝ ਬਣੀ ਕੋਈ ਚੀਜ਼ ਉਧਾਰੀ ਦੇ
ਜਾਂਦੇ ਕੋਈ ਕਰਕ ਉਧਾਰੀ ਲੈ ਜਾਂਦੇ।'
*'ਮੇਰੀ ਜਾਨ ਮੇਰੀ ਮੌਤ ਦਾ ਈਮਾਨ ਹੋ ਗਈ,
ਕਿਤੇ ਮੌਤ ਦੇ ਭੁਲੇਖੇ ਨੈਣੀਂ ਹਿੰਝ ਨਾ ਭਰੀ।' - ਕੇਸਰ
'ਲੰਘ-ਲੰਘ ਜਾਂਦੇ ਸਾਲ ਉਮਰ ਦੇ, ਹੰਢ-ਹੰਢ ਜਾਂਦੀ ਜਿੰਦ।
ਜਿਸ ਬਿੰਦ ਤੇਰੀ ਯਾਦ ਨਾ ਆਵੇ, ਬਿਰਥੀ ਉਹੀਓ ਬਿੰਦ।'
- ਕੇਸਰ

'ਇਹਨਾਂ ਤਿੰਨਾਂ ਅਤੇ ਹੋਰ ਸ਼ਖ਼ਸੀਅਤਾਂ ਨੇ, ਜੋ ਮੈਨੂੰ ਦਿੱਤਾ, ਮੈਂ ਸਮਾਜ ਨੂੰ ਉਹੀ ਮੋੜ ਰਿਹਾ ਹਾਂ।
ਇਹੀ ਦਕਸ਼ਣਾਂ ਹੈ, ਮੇਰੇ ਜੀਵਨ 'ਚ ਆਉਣ ਵਾਲੇ ਵਧੀਆ ਲੋਕਾਂ ਨੂੰ" -ਦਰਸ਼ਨ


## ਅਦਾਰਾ ਚਰਚਾ

ਸਰਪ੍ਰਸਤ:
ਰਣਜੀਤ ਧੀਰ, ਯੂ. ਕੇ.
ਦੀਪਕ ਮਨਮੋਹਨ ਸਿੰਘ ਡਾ:
ਸੁਖਦੇਵ ਸਿੰਘ ਸਿਰਸਾ ਡਾ:
ਦਰਸ਼ਨ ਬੁੱਟਰ, ਨਾਭਾ
ਬੀਬਾ ਸ਼ਿਵਦੀਪ ਕੌਰ ਢੇਸੀ

ਮੁੱਖ ਕਾਮਾ:
ਦਰਸ਼ਨ ਸਿੰਘ ਢਿੱਲੋਂ,
ਮੁਰਾਦਵਾਲਾ, ਯੂ. ਕੇ.

ਲੇਖਾ-ਜੋਖਾ:
ਪ੍ਰੋ: ਕੁਲਵੰਤ ਬਰਾੜ, ਨੰਦਗੜ੍ਹ
ਪ੍ਰੋ: ਪ੍ਰੀਤਮ ਸਿੰਘ ਭੰਗੂ, ਕੋਟਕਪੂਰਾ
ਪ੍ਰੋ: ਚੰਦਰ ਪ੍ਰਕਾਸ਼, ਗਿੱਦੜਬਾਹਾ

ਸਲਾਹਕਾਰ-ਬਰਤਾਨੀਆ:
ਗੁਰਚਰਨ ਸੱਗੂ, ਲੰਡਨ
ਲਖਵਿੰਦਰ ਰੰਧਾਵਾ, ਸਲੋਹ
ਬਲਵਿੰਦਰ ਢਿੱਲੋਂ, ਸਾਊਥਾਲ
ਅਜ਼ੀਮ ਸ਼ੇਖਰ, ਸਾਊਥਾਲ
ਮਹਿੰਦਰਪਾਲ ਧਾਲੀਵਾਲ, ਸਟੋਕਪੋਜ਼ਜ਼
ਸ੍ਰੀਮਤੀ ਕੁਲਵੰਤ ਢਿੱਲੋਂ, ਸਾਊਥਾਲ,
ਦਲਜੀਤ ਸਿੰਘ ਉੱਪਲ, ਓਲਡਬਰੀ,
ਦਵਿੰਦਰ ਨੂੰਰਾ, ਕਾਵੈਂਟਰੀ,
ਦਲਬਾਗ ਸਿੰਘ ਗਿੱਲ, ਕਾਵੈਂਟਰੀ

ਸਲਾਹਕਾਰ-ਮਾਲਵਾ ਲਹਿੰਦਾ:
ਇਕਬਾਲ ਸਿੰਘ ਗੋਦਾਰਾ, ਅਬੋਹਰ
ਕਰਮ ਸਿੰਘ ਸੰਧੂ, ਜਗਰਾਵਾਂ

ਸਲਾਹਕਾਰ-ਮਾਲਵਾ ਚੜ੍ਹਦਾ:
ਦਰਸ਼ਨ ਸਿੰਘ ਜੋਗਾ, ਮਾਨਸਾ,
ਸਹਿਜਪ੍ਰੀਤ ਮਾਂਗਟ, ਲੁਧਿਆਣਾ,
ਕੰਵਰ ਜਸਮਿੰਦਰਪਾਲ ਸਿੰਘ, ਮਲੇਰਕੋਟਲਾ

ਸਲਾਹਕਾਰ-ਦੁਆਬਾ:
ਅਜਮੇਰ ਸਿੱਧੂ, ਨਵਾਂ ਸ਼ਹਿਰ,

ਸਲਾਹਕਾਰ-ਮਾਝਾ:
ਬੀਬਾ ਬਲਵੰਤ, ਗੁਰਦਾਸਪੁਰ
ਮੁਖ਼ਤਾਰ ਗਿੱਲ. ਪ੍ਰੀਤ ਨਗਰ

ਸਲਾਹਕਾਰ-ਪੁਆਧ:
ਕਰਮ ਸਿੰਘ ਵਕੀਲ, ਮੁਹਾਲੀ,
ਦਵਿੰਦਰ ਸਿੰਘ ਜਟਾਣਾ, ਰੋਪੜ

ਸਲਾਹਕਾਰ-ਚੰਡੀਗੜ੍ਹ:
ਗੁਰਨਾਮ ਕੰਵਰ, ਚੰਡੀਗੜ੍ਹ

ਸਲਾਹਕਾਰ-ਹਰਿਆਣਾ:
ਪਾਲ ਕੌਰ, ਅੰਬਾਲਾ
ਹਰਵਿੰਦਰ ਸਿੰਘ, ਸਿਰਸਾ
ਗੁਰਪ੍ਰੀਤ ਸਿੰਧਰਾ, ਰਾਣੀਆਂ

ਸਲਾਹਕਾਰ-ਰਾਜਸਥਾਨ:
ਪ੍ਰਿੰ ਗੁਰਦੀਪ ਸਿੰਘ ਖੋਸਾ,
ਪ੍ਰਿੰ ਨਵਰਾਜ ਸਿੰਘ ਲੱਖੀਆਂ,
ਪ੍ਰਿੰ ਹਰਮੀਤ ਸਿੰਘ ਗਿੱਲ,
ਪ੍ਰੋ ਹਰਜਿੰਦਰ ਸਿੰਘ ਘਰਸਾਨਾ।

ਸਲਾਹਕਾਰ-ਦਿੱਲੀ:
ਰਵੀ ਰਵਿੰਦਰ, ਦਿੱਲੀ ਯੂਨੀ:
ਕੁਲਦੀਪ ਭੁੱਲਰ, ਦਿੱਲੀ

ਸਲਾਹਕਾਰ-ਪਾਕਿਸਤਾਨ
ਫ਼ਖ਼ਰ ਜ਼ਮਾਨ, ਲਾਹੌਰ
ਰਾਵਲ ਰਾਠ, ਕਰਾਚੀ

ਸਲਾਹਕਾਰ-ਯੂਰਪ:
ਸੁੱਚਾ ਸਿੰਘ 'ਨਰ', ਜਰਮਨੀ
ਜਾਗੀਰ ਸਿੰਘ ਕਾਹਲੋਂ, ਟਰਾਂਟੋ

ਸਾਹਿਤਕ ਵਿਧਾਵਾਂ ਦੇ ਸਲਾਹਕਾਰ
ਨਾਟਕ: ਕੁਲਦੀਪ ਸਿੰਘ ਦੀਪ
ਕਵਿਤਾ: ਮੋਹਨ ਤਿਆਗੀ, ਪਟਿਆਲਾ
ਵਾਰਤਕ: ਭੀਮ ਇੰਦਰ ਸਿੰਘ, ਪਟਿਆਲਾ
ਅਨੁਵਾਦ: ਰਾਜਪਾਲ ਬਰਾੜ, ਬਠਿੰਡਾ
ਕਹਾਣੀ: ਹਰਜਿੰਦਰ ਸੂਰੇਵਾਲੀਆ
ਲੋਕਧਾਰਾ: ਲਾਭ ਸਿੰਘ ਖੀਵਾ, ਚੰਡੀਗੜ੍ਹ



"ਲਗੁੜ-ਬਗੁੜ ਦਾ ਸੌਦਾ ਨਾਲੇ ਨੈਣਾਂ-ਦੇਵੀ ਦਾ ਨਹਾਉਣ"

## ਕਿਤਾਬ ਤੁਹਾਡੀ - ਧੱਕਾ ਸਾਡਾ

ਜਦ ਵੀ ਆਪਜੀ ਦੀ ਕਿਤਾਬ ਛੱਪਦੀ ਹੈ ਤਾਂ ਪਹੁੰਚ ਕਰੋ। ਅਸੀਂ ਤੁਹਾਡੇ ਅੰਤਰਰਾਸ਼ਟਰੀ-ਮੈਗਜੀਨ ਰਾਹੀਂ ਪੰਜਾਬੀ ਪਾਠਕਾਂ ਦੇ ਲੱਖਾਂ ਹੱਥਾਂ-ਅੱਖਾਂ ਤੀਕ ਪਹੁੰਚਵਾਂਗੇ।
ਇਸ ਤਰ੍ਹਾਂ ਰਸਾਲੇ ਦੀ ਮਦਦ ਅਤੇ ਤੁਹਾਡੀ ਪਾਠਕਾਂ ਤੀਕ ਰਸਾਈ ਹੋਵੇਗੀ।
ਮਾਮੂਲੀ ਸਹਾਇਤਾ: 300/- ਪੰਜਾਬ ਅਤੇ £25.00 ਬਰਤਾਨੀਆ - ਅਦਾਰਾ 'ਚਰਚਾ'




ਸਹਿਯੋਗ ਤੁਹਾਡਾ-ਹੌਸਲਾ ਸਾਡਾ

ਚਰਚਾ

ਨਿਰਪੱਖ ਨਹੀਂ, ਸੱਚ, ਹੱਕ ਤੇ ਲੋਕ-ਪੱਖੀ ਹੈ।




Founders:
Hardip Duhra (Durhe Dollee Ke)
(1954-2012)
Vishnu Dutt Sharma (Khatkarh Kalan)
(1921-1992)

Chief-Editor
Darshan S. Dhillon Muradwala
ਦਰਸ਼ਨ ਸਿੰਘ ਢਿੱਲੋਂ, ਮੁਰਾਦਵਾਲਾ

Whats App & Mobile
(0044) 7878228283

ਈ-ਮੇਲ: ਸਿਰਫ਼ ਰਚਨਾਵਾਂ ਭੇਜਣ ਲਈ
charchaq@gmail.com

d.darshan@btiinternet.com

Co-Editors
Darshan Bulandvi - UK
Gur Raj Chahal - Punjab
Shinderpal - Chandigarh
Niranjan boha - Mansa
Advisors
Gurbachan S. Azad
Sarwan Zaffar

'ਚਰਚਾ' ਦੇ ਸਮੂਹ ਕਾਮੇ ਅਤੇ ਸਲਾਹਕਾਰ ਨਿਸ਼ੁਲਕ ਸੇਵਾਵਾਂ ਪ੍ਰਦਾਨ ਕਰਦੇ ਹਨ-ਐਡੀਟਰ

## ਸੰਪਾਦਕੀ

### ਸੰਪਾਦਕੀ ਦੇ ਬਹਾਨੇ



ਇਸ ਤੋਂ ਪਹਿਲਾਂ ਕਿ ਮੈਂ 'ਕਹਾਣੀ' ਬਾਰੇ ਆਪਣਾ ਗਿਆਨ ਘੋਟਾਂ- ਪਾਠਕਾਂ ਅਤੇ ਲੇਖਕਾਂ ਨਾਲ ਦੋ-ਚਾਰ ਗਲੌਂਲੜੀਆਂ ਕਰਨੀਆਂ ਚਾਹੁੰਦਾ ਹਾਂ।

ਪਹਿਲੀ: ਤਾਂ ਇਹ ਕਿ ਹੁਣ ਤੀਕ ਜੋ ਵੀ ਰਸਾਲੇ ਆਪ ਜੀ ਦੇ ਦਰਾਂ ਉਪਰ ਪਹੁੰਚਦੇ ਆ ਰਹੇ ਨੇ, ਉਹਨਾਂ ਨੂੰ ਬਹੁਤੇ ਪਾਠਕ 'ਹੋਉ-ਪਰੇ' ਕਰਦੇ ਆ ਰਹੇ ਨੇ। ਇਸਤੋਂ ਵੱਖਰਾ ਵਰਤਾਰਾ 'ਚਰਚਾ ਕੌਮਾਂਤਰੀ' ਪ੍ਰਤੀ ਵੀ ਨਹੀਂ। ਇਹ ਵੀ ਸਚਾਈ ਹੈ ਕਿ ਬਹੁਤੇ ਪਾਠਕ ਬੜੀ ਸ਼ਿਦਤ ਨਾਲ ਪੜ੍ਹਦੇ ਹਨ, ਜੁੜੇ ਹੋਏ ਨੇ, ਜੁੜਦੇ ਰਹਿੰਦੇ ਹਨ। ਸਭ ਦਾ ਸ਼ੁਕਰੀਆ।

ਪਰ ਇਕ 'ਸੈਕਸ਼ਨ' ਅਜਿਹਾ ਹੈ ਜੋ ਸਹਿਣ ਨਹੀਂ ਹੋ ਰਿਹਾ ਜਾਂ ਸਹਿਣ ਨਹੀਂ ਕੀਤਾ ਜਾ ਸਕਦਾ- ਜੋ ਮਾਂ-ਬੋਲੀ ਦੀ 'ਚੂੰਘਣੀ' ਸਹਾਰੇ 'ਲੱਖੀ" ਖੇਡਦਾ ਹੈ ਅਤੇ 'ਪਦਵੀਆਂ' ਵੀ ਮਾਣ ਰਿਹਾ ਹੈ। 'ਮਾਂ-ਬੋਲੀ-ਮਾਂ-ਬੋਲੀ' ਕਰਦਾ ਥੱਕਦਾ ਨਹੀਂ। ਇਹ ਉਹ ਲਾਣਾ ਹੈ, ਜੋ ਜਦ ਕਿਸੇ ਕੋਨੇ ਵੀ, ਅਸਲ ਵਿਚ, 'ਮਾਂ-ਬੋਲੀ ਦੀ ਪ੍ਰਫੁਲਤਾ' ਦੀ ਗੱਲ ਹੁੰਦੀ ਹੈ ਤਾਂ 'ਵਿਗੜੇ ਟੱਟੂ' ਵਾਂਗ ਬੂਧਾੜ ਚੁੱਕੀ ਮੋਹਰੇ ਮੋਹਰੇ ਹੁੰਦਾ ਹੈ। ਪਰ ਅਸਲੀਅਤ ਵਿਚ 'ਚੂੰਢੀ ਤੀਕ ਨਹੀਂ ਵੰਢਾਉਂਦਾ'- ਵਿਸ਼ੇਸ਼ ਕਰਕੇ ਆਰਥਿਕ ਸਹਾਇਤਾ ਪੱਖੋਂ।-

ਜਦ ਕਦੀ 'ਵੋਟੋ-ਵੋਟੀ' ਹੋਣ ਦੀ ਗੱਲ ਨੇੜੇ ਆਉਂਦੀ ਲੱਗਦੀ ਹੈ ਤਾਂ ਦਮਗੱਜੇ ਵੀ ਸਭ ਤੋਂ ਵੱਧ ਉਹੀ ਲਾਣਾ ਮਾਰ ਰਿਹਾ ਨਜ਼ਰ ਆਉਂਦਾ ਹੈ।- ਜਿਵੇਂ 'ਅਧਿਐਨ ਕਰ ਦਿਆਂਗੇ', 'ਲੋੜਵੰਦ ਲੇਖਕਾਂ ਦੀ ਬਾਂਹ ਫੜਾਂਗੇ'- ਲੋੜਵੰਦ ਲੇਖਕਾਂ ਨੂੰ 'ਪੈਨਸ਼ਨਾਂ' ਤੀਕ ਲਵਾਉਣ ਦੀ ਫੜ੍ਹ ਵੀ ਮਾਰ ਜਾਂਦੇ ਨੇ। ਇਸਦੇ ਨਾਲ ਹੀ 'ਲੋਟੂ ਪ੍ਰਕਾਸ਼ਕਾਂ' ਨੂੰ ਤੀਰ ਵਰਗੇ ਸਿੱਧੇ ਕਰ ਦੇਵਾਂਗੇ।' - 'ਕੋ-ਆਪਰੇਟਿਵ ਪ੍ਰਕਾਸ਼ਨ ਦੀ ਸਥਾਪਤੀ ਕੀਤੀ ਜਾਵੇਗੀ।'- ਓਸੇ ਸ਼ਾਮ ਨੂੰ ਹੀ ਕਿਸੇ 'ਪ੍ਰਕਾਸ਼ਕ' ਨਾਲ 'ਪ੍ਰਕਾਸ਼ਨੀ ਰੰਗ' ਵਿਚ ਰੰਗੇ ਨਜ਼ਰ ਆਉਣਗੇ।




ਬਿਲਕੁਲ ਇਹੋ ਜਿਹਿਆਂ ਦਾ, ਇਹੀ ਨਜ਼ਰੀਆ ਹੀ ਛੱਪ ਰਹੇ

ਬਾਹਰਲੇ ਮੁਲਕਾਂ ਵਿਚ ਗਏ ਪੰਜਾਬੀ, ਵੀਰੋ- ਭੈਣੋ
ਜਦੋਂ ਤੁਸੀਂ ਆਪਣੇ ਕੰਮ ਦੀਆਂ।-(ਅਗਲੇ ਸਫ਼ੇ 'ਤੇ)

ਰਸਾਲਿਆਂ ਪ੍ਰਤੀ ਹੀ ਨਹੀਂ ਸਗੋਂ ਛੱਪ ਰਹੀ ਹਰ ਨਵੇਂ ਲੇਖਕ ਦੀ ਕਿਤਾਬ (ਭਾਵੇਂ ਕਿਸੇ ਵਿਧਾ ਵਿਚ ਹੀ ਹੋਵੇ) ਨੂੰ ਵੀ 'ਬੋਕ ਵਾਂਗਰਾਂ ਮੂੰਹ ਚੱਕੀ' ਉਡੀਕੀ ਜਾਣਗੇ- 'ਸਾਨੂੰ ਤਾਂ ਮੁਫ਼ਤੋ-ਮੁਫ਼ਤੀ ਮਿਲਣਾ/ਪਹੁੰਚਣਾ ਈ ਚਾਹੀਦਾ ਹੈ।' ਇਹ ਲਾਣੇ ਆਪਣਾ ਜੱਦੀ-ਅਧਿਕਾਰ ਸਮਝਣ ਦੀ ਮਾਨਸਿਕਤਾ ਤੀਕ ਚਲਾ ਗਿਆ ਹੈ।- ਜੇ 'ਪ੍ਰਕਾਸ਼ਨਾ' ਪਹੁੰਚ ਗਈ ਤਾਂ ਵਾਹ ਭਲੀ ਨਹੀਂ ਤਾਂ ਮੂੰਹ ਮੋਟਾ!

ਸੋ ਇਹੀ ਕੁਝ 'ਹਰ ਛੱਪ ਰਹੇ ਪੰਜਾਬੀ ਦੇ ਮੈਗਜ਼ੀਨ' ਨਾਲ ਹੋ ਰਿਹਾ ਹੈ। (ਭਾਵੇਂ ਇਹਨਾਂ ਵਿਚੋਂ ਬਹੁਤੇ ਮੈਗਜ਼ੀਨ ਬਾਹਰਲੇ ਮੁਲਕਾਂ ਵਿਚ 'ਰੋਟੀ-ਰੋਜ਼ੀ' ਕਮਾਉਂਦੇ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਦੱਈ ਹੀ ਛਾਪ ਅਤੇ ਛਪਵਾ ਰਹੇ ਹਨ।), ਪਰ ਇਸਦਾ ਇਹ ਮਤਲਬ ਨਹੀਂ ਕਿ ਇਹਨਾਂ (ਜਿਹਨਾਂ ਨੂੰ ਹੁਣ ਤਾਈਂ 'ਪ੍ਰਵਾਸੀ-ਪ੍ਰਵਾਸੀ' ਅਤੇ ਹੁਣ 'ਰੋਟੀ ਸੇਕ' ਨਾਂ 'ਡਾਇਸਪੋਰੀਏ' ਘੜਿਆ ਜਾ ਰਿਹਾ ਹੈ) ਪਾਸ 'ਪੌਂਡਾਂ ਅਤੇ ਡਾਲਰਾਂ' ਦੇ ਛਣਕਾਟੇ ਪੈਂਦੇ ਹਨ ਜਾਂ ਇਹ ਟਟੀਰੀ ਵਾਂਗ ਅਸਮਾਨ ਨੂੰ ਥੰਮਣ ਲਈ ਟੰਗਾਂ ਉਤਾਂਹ ਨੂੰ ਕਰਕੇ ਸੌਂਦੇ ਨੇ ਕਿ 'ਜੇ ਅਸੀਂ ਨਾ ਹੋਈਏ ਤਾਂ 'ਪੰਜਾਬ' ਵਿਚ 'ਪੰਜਾਬੀ ਜ਼ਬਾਨ' ਦਾ ਭੱਠਾ ਬੈਠ ਜਾਵੇਗਾ (ਹਾਂ, ਜੇ ਟਾਵਾਂ ਟਾਵਾਂ ਇਓਂ ਸੋਚਦਾ ਹੋਵੇ ਤਾਂ ਕਹਿ ਨਹੀਂ ਸਕਦਾ)। ਪਰ ਇਸ ਖੇਤਰ ਵਿਚ 39 ਸਾਲ ਦੇ ਤਜ਼ਰਬੇ ਤੋਂ ਬਾਦ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਦੇ ਪਾਠਕ-ਜਗਤ ਵਿਚ 'ਇਥੇ ਵੀ ਅਤੇ ਉੱਥੇ ਵੀ, ਇਧਰ ਵੀ ਅਤੇ ਉਧਰ ਵੀ'- 'ਪ੍ਰਮਾਨੈਂਟ -ਮੁਫ਼ਤਖੋਰ ਲਾਣਾ' ਜ਼ਰੂਰ ਪੈਦਾ ਹੋ ਗਿਆ ਹੈ। ਜਿਸਨੂੰ ਤੋੜਣਾ ਨਾਮੁਮਕਨ ਹੈ, ਇਸ ਕਰਕੇ ਇਸਨੂੰ ਇਗਨੋਰ ਕਰਨਾ ਈ ਇਕੋ-ਇਕ ਇਲਾਜ ਹੈ।

ਖੁਸ਼ੀ ਹੁੰਦੀ ਹੈ, ਜਦ ਨਵਾਂ ਪਾਠਕ 'ਬਾਂਹ ਕੱਢਕੇ' ਅੱਗੇ ਆ ਰਿਹਾ ਹੈ- ਕਿਤਾਬਾਂ ਦੀਆਂ ਲੱਗਦੀਆਂ ਪ੍ਰਦਰਸ਼ਨੀਆਂ ਦੀ ਢੋਈ ਬਣਦਾ ਹੈ ਅਤੇ ਨਵੀਆਂ ਅਤੇ ਸਥਾਪਤ ਮਾਸਕ, ਦੋ-ਮਾਹਾ, ਤਿਮਾਹੀ ਰਸਾਲਿਆਂ ਦੀ ਬਾਂਹ ਫੜ ਰਿਹਾ ਹੈ। ਇਸ ਕਰਕੇ ਮੈਂ ਆਮ ਲੇਖਕ/ਲੇਖਕਾਵਾਂ ਨੂੰ, ਜੋ ਆਪਣੀ ਰਚਨਾ ਕਿਤਾਬ ਦੇ ਰੂਪ ਵਿਚ ਛਪਵਾਉਂਦਾ ਹੈ- ਇਹਨਾਂ ਮੁਫ਼ਤਖ਼ੋਰ 'ਢੁੱਠਾਂ' ਵਾਲਿਆਂ ਅੱਗੇ ਪੇਸ਼ ਹੋਣ ਦੀ ਥਾਂ ਆਮ ਸਭਾਵਾਂ, ਸਾਧਾਰਨ ਪਾਠਕਾਂ ਤੀਕ ਪਹੁੰਚ ਕਰਨ। ਮੈਂ (ਮੁਖ ਸੰਪਾਦਕ ਹੋਣ ਦੇ ਨਾਤੇ) ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ 'ਐਤਕਾਂ' ਤੋਂ ਜਾਂ ਨੇੜਲੇ ਭਵਿੱਖ ਵਿਚ ਇਹੋ-ਜਿਹਿਆਂ (ਜਿੰਨਾ ਨੂੰ ਮੈਂ ਸਮਝਦਾ ਹਾਂ) ਦੇ ਨਾਂ ਉਪਰ 'ਲਾਲ-ਲਕੀਰ' ਦਿਆਂਗਾ। -ਮੈਗਜ਼ੀਨ ਭਲਾ ਓਨਾ ਈ ਛਪੇਗਾ (2900), ਨਵੇਂ ਪਾਠਕਾਂ ਤੀਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ। ਪ੍ਰੇਰਨਾ ਕਰਾਂਗੇ। ਜੇ ਫਿਰ ਵੀ ਵਾਹ ਨਾ ਗਈ ਤਾਂ- ਛਾਪਾਂਗੇ ਓਨਾ ਈ- ਬੱਚਦਾ- ਨੀਲੋਂ ਵਾਲੀ ਨਹਿਰ ਦੇ ਪੁੱਲ 'ਤੇ ਬੈਠ ਕੇ ਜਲ-ਪ੍ਰਵਾਹ ਕਰ ਦਿਆ ਕਰਾਂਗੇ- ਪਰ ਇਸ 'ਪ੍ਰਮਾਨੈਂਟ ਮੁਫ਼ਤਖ਼ੋਰ ਲਾਣੇ' ਨੂੰ ਨਹੀਂ ਭੇਜਾਂਗੇ।

ਦੂਜੀ: ਜਿਸ ਪਾਠਕ ਤੀਕ, ਕੋਈ ਵੀ ਰਚਨਾ ਪਹੁੰਚਦੀ ਹੈ, ਉਹ ਉਸਨੂੰ ਪੜ੍ਹੇ, ਉਸ ਉਪਰ ਆਪਣੇ ਜੋ ਵੀ ਵਿਚਾਰ, ਰੈਅ ਬਣਦੀ ਹੈ, ਲਿਖ ਕੇ ਜ਼ਾਹਰ ਕਰਦਾ ਹੋਇਆ, ਸਾਡੇ ਤੀਕ ਜ਼ਰੂਰ ਪਹੁੰਚਾਵੋ ਜਿਸਤੋਂ ਸਾਨੂੰ ਹੌਂਸਲਾ ਅਤੇ ਸੇਧ ਮਿਲਦੀ ਹੈ। ਇਹ ਕਰਨਾ ਇਲੈਕਟ੍ਰੋਨਿਕ ਦੇ ਯੁੱਗ ਵਿਚ ਬਹੁਤਾ ਮੁਸ਼ਕਲ ਨਹੀਂ। ਹਾਂ! ਬੇਝਿਜਕ, ਜੇ ਪ੍ਰਕਾਸ਼ਨਾ ਤੁਹਾਡੇ ਮੇਚ ਦੀ ਨਹੀਂ, ਤੁਹਾਨੂੰ ਪਸੰਦ ਨਹੀਂ, ਤੁਹਾਡਾ ਸੰਪਾਦਕ-ਸੰਪਾਦਕੀ ਵਗੈਰਾ ਨਾਲ ਕਰੂਰਾ ਨਹੀਂ ਮਿਲਦਾ ਤਾਂ ਦਿਲ ਖੋਲ੍ਹ ਕੇ ਭਲਾ 'ਦੁਰ-ਫਿੱਟੇ ਮੂੰਹ' ਤੀਕ ਵੀ ਕਹਿੰਦੇ ਹੋਏ- ਅੱਗੇ ਤੋਂ 'ਰਸਾਲਾ' ਭੇਜਣ ਦੀ ਮਨਾਹੀ ਕਰ ਸਕਦੇ ਹੋ। ਕਸਮ ਨਾਲ ਚੰਗੇ ਲਗੋਗੇ। ਪਿਆਰੇ ਲਗੋਗੇ।- ਉਸ 'ਪ੍ਰਮਾਨੈਂਟ ਮੁਫ਼ਤਖ਼ੋਰ ਲਾਣੇ' ਨਾਲੋਂ ਤਾਂ ਸੌ ਗੁਣਾ।-ਸ਼ੁਕਰੀਆ।

ਤੀਜੀ: ਕਿਸੇ ਸੰਪਾਦਕ ਲਈ ਕੋਈ ਵੀ ਲੇਖਕ ਛੋਟਾ-ਵੱਡਾ ਨਹੀਂ ਹੁੰਦਾ। ਸਗੋਂ ਉਸਦੀ ਰਚਨਾ ਛੋਟੀ ਵੱਡੀ ਹੁੰਦੀ ਹੈ। ਸੋ ਜਦ ਵੀ ਕੋਈ 'ਸੰਪਾਦਕ' ਆਪਜੀ ਨੂੰ ਰਚਨਾ ਭੇਜਣ ਦੀ ਬੇਨਤੀ ਕਰਦਾ ਹੈ ਤਾਂ ਇਹ ਸੋਚਦੇ ਝਿਜਕੋ ਨਾ ਕਿ 'ਪਤਾ ਨਹੀਂ ਛਾਪੂਗਾ ਕਿ ਨਹੀਂ! ਕੱਬਾ ਜਿਹਾ ਲੱਗਦੈ!'- ਭੇਜੋ, ਭੇਜੋ ਵੀ ਉਹੀ ਕੁਝ ਜਿਸ ਤਰਾਂ ਦਾ ਮੰਗਿਆ ਗਿਆ ਹੋਵੇ। ਕੋਸ਼ਿਸ਼ ਕਰੋ ਕਿ ਲਿਖਤ ਨਵੀਂ ਹੋਵੇ ਜੇ ਜਾਨਦਾਰ ਅਤੇ ਸੁਨੇਹਾ-ਭਰਪੂਰ ਹੋਵੇ ਤਾਂ ਦੁਬਾਰਾ ਛਾਪਣ ਲਈ ਵੀ ਭੇਜੀ ਜਾ ਸਕਦੀ ਹੈ ਕਿਉਂਕਿ ਹਰ 'ਰਸਾਲੇ' ਦਾ ਆਪਣਾ-ਆਪਣਾ ਖੇਤਰ ਅਤੇ ਪਾਠਕ ਹੁੰਦੇ ਹਨ। ਇਥੇ ਮੈਂ ਆਪਣੇ ਵਲੋਂ ਅਤੇ ਆਪਣੇ ਅਦਾਰੇ ਦੇ ਸਹਿਯੋਗੀਆਂ ਵਲੋਂ ਦਸਦਾ ਜਾਵਾਂ ਕਿ 'ਅਸੀਂ ਤਾਂ ਦਾਈਆ ਈ ਲੇਖਕਾਂ-ਪਾਠਕਾਂ ਦੀ ਨਵੀਂ ਪੀੜ੍ਹੀ ਪੈਦਾ ਕਰਨ ਦਾ ਬੰਨਿਆ ਹੋਇਆ ਹੈ।'

ਚੌਥਾ: ਹਰ ਰਚਨਾਤਮਕ ਕੰਮ ਵਿਚ ਤੁਸੀ 'ਤਨ ਅਤੇ ਮਨ' ਤਾਂ ਲਾ ਸਕਦੇ ਹੋ ਕਿਉਂਕਿ ਇਹ ਤੁਹਾਡਾ ਆਪਣਾ ਹੁੰਦਾ ਹੈ। ਪਰ ਜਦੋਂ 'ਧਨ' ਦੀ ਗੱਲ ਆਉਂਦੀ ਹੈ ਤਾ ਇਹ ਕਮਾਉਣਾ ਪੈਂਦਾ ਹੈ, ਅਤੇ ਕਮਾਇਆ ਵੀ 'ਢਿੱਡ-ਪੂਰਤੀ' ਲਈ ਜਾਂਦਾ ਹੈ। ਸਰਮਾਏਦਾਰੀ-ਢਾਂਚੇ ਵਿਚ ਇਹੋ ਜਿਹੇ ਕੰਮ (ਮੈਗ਼ਜ਼ੀਨ ਛਾਪਣੇ, ਕਬੱਡੀ ਮੇਲੇ ਕਰਵਾਉਣੇ, ਭਾਵੇਂ ਤੀਆਂ-ਗਿੱਧੇ, ਪੀਘਾਂ ਝੂਟਣੀਆਂ, ਬਸੰਤ ਨੂੰ ਪਤੰਗ ਉਡਾਉਣ ਦਾ ਪ੍ਰਬੰਧ ਤਾਂ ਅਫ਼ਸਰਸ਼ਾਹੀ ਦੀ ਲਾਮਡੋਰੀ, ਸਿਆਸੀ-ਟੌਹਰਬਾਜ਼ਾਂ ਦੀਆਂ ਬਹੁਤੀਆਂ ਵਿਹਲੜ ਪਤਨੀਆਂ ਨੇ ਸੰਭਾਲ ਲਿਆ ਹੈ।) ਪਰ ਫਿਰ ਵੀ ਔਖਾ ਕੰਮ ਹੈ।

(ਬਾਕੀ ਸਫ਼ਾ 09 ਉਪਰ ਪੜੋ ਜੀ)

ਸ਼ਿਫ਼ਟਾਂ ਲਾਉਂਦੇ ਹੋ, ਮਾਯੂਸੀ ਸਹਿੰਦੇ ਓ, ਇਕੱਲਤਾ ਸਤਾਉਂਦੀ ਹੈ,
ਉਸ ਵੇਲੇ ਦੀਆਂ ਫੋਟੋਆਂ ਵੀ ਸਾਂਝੀਆਂ ਕਰਿਆ ਕਰੋ।-(ਅਗਲੇ ਸਫ਼ੇ 'ਤੇ)

## 'ਚਰਚਾ ਕੌਮਾਂਤਰੀ' ਦਾ ਅਗਲਾ ਅੰਕ ਵਿਸ਼ੇਸ਼ 'ਅਨੁਵਾਦ-ਅੰਕ' ਹੋਵੇਗਾ

**ਇਸ ਅੰਕ ਨੂੰ ਨਵੰਬਰ 2023 ਦੇ ਪਹਿਲੇ ਹਫ਼ਤੇ ਤੀਕ ਸਿਰੇ ਚਾੜਣ ਦਾ ਟਾਰਗੈਟ ਹੈ।**

ਸੋ ਹਰ ਅਨੁਵਾਦਕ ਨੂੰ ਬੇਨਤੀ ਹੈ ਕਿ ਕਿਸੇ ਵੀ ਭਾਸ਼ਾ ਵਿਚੋਂ (ਹਿੰਦੀ, ਉਰਦੂ, ਅੰਗਰੇਜ਼ੀ ਜਾਂ ਖੇਤਰੀ ਭਾਸ਼ਾ ਦੇ ਨਾਮਵਰ ਲੇਖਕਾਂ ਦੀਆਂ ਚਰਚਿਤ ਅਤੇ ਕਲਾਸੀਕਲ ਰਚਨਾਵਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਪਹੁੰਚਦੀਆਂ ਕੀਤਾ ਜਾਵੇ। ਜੇ ਟਾਇਪਸੈੱਟ ਕਰਕੇ ਭੇਜ ਸਕੋਂ ਤਾਂ ਵਾਹ-ਭਲੀ, ਜੇ ਤੁਹਾਡੇ ਪਾਸ ਸੁਵਿਧਾ ਨਹੀਂ ਹੈ ਤਾਂ ਖੁਸ਼ਕਤੀ ਵਿਚ ਲਿਖਕੇ ਵੀ ਭੇਜ ਸਕਦੇ ਹੋ- ਅੱਗੇ ਅਸੀਂ ਜਾਣੀਏ- ਸਾਡਾ ਕੰਮ। ਹਾਂ!

ਇਹ ਜਰੂਰ ਦਿਮਾਗ ਵਿਚ ਰੱਖਿਆ ਜਾਵੇ ਕਿ ਰਚਨਾ 'ਲੋਕਤਾ ਦੀ ਬਾਤ' ਪਾਉਂਦੀ ਹੋਵੇ। ਇਹ ਅਨੁਵਾਦ ਕਿਸੇ ਵੀ ਵਿਧਾ ਦਾ ਹੋ ਸਕਦਾ ਹੈ (ਜਿਵੇਂ ਕਵਿਤਾ, ਕਹਾਣੀ, ਨਿਕਚੂ ਕਹਾਣੀ, ਲੇਖ, ਲਘੂ-ਲੇਖ, ਅਫ਼ਸਾਨਾ, ਵਿਅੰਗ ਆਦਿ)।

ਇਸ ਅੰਕ ਦੇ ਸਹਿ-ਸੰਪਾਦਕ ਵਜੋਂ ਚਰਨ ਸਿੰਘ ਗਿਲ, ਪਟਿਤਾਲਾ; ਖੁਸ਼ਵੰਤ ਬਰਗਾੜੀ, ਸਟਾਲਨਜੀਤ ਸਿੰਘ ਬਰਾੜ, ਅਨੇਮਨ, ਗੁਰਮੀਤ ਕੜਿਆਲਵੀ, ਸਤਪਾਲ ਭੀਖੀ, ਤਰਸੇਮ, ਸੁਭਾਸ਼ ਨੀਰਵ ਅਤੇ ਹੋਰ ਜੋ ਇਸ ਖੇਤਰ ਵਿਚ ਮੁਹਾਰਤ ਰੱਖਦੇ ਹਨ- ਨੂੰ ਬੇਨਤੀ ਅਤੇ ਰਾਬਤਾ ਕੀਤਾ ਜਾਵੇਗਾ। (ਜੇ ਆਪ ਜੀ ਦੇ ਦਿਮਾਗ ਵਿਚ ਵੀ ਕੋਈ, ਇਸ ਖ਼ਿਤੇ ਨਾਲ ਜੁੜਿਆ ਨਾਂ ਹੈ ਤਾਂ ਸੁਝਾਓ, ਮਿਹਰਬਾਨੀ ਹੋਵੇਗੀ)

ਮੇਰੇ ਮੁਤਾਬਕ ਅਧਾਰਤ ਰਚਨਾ ਸਥਾਨਕ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਲੇਖਕ ਦੀ ਵੀ ਹੋ ਸਕਦੀ ਹੈ। ਜਿਵੇਂ ਬੀ.ਆਰ. ਇਸ਼ਾਰਾ, ਪੰਡਿਤ ਪਰਦੀਪ, ਮੁਨਸ਼ੀ ਪ੍ਰੇਮ ਚੰਦ, ਸਅੱਦਤ ਹਸਨ ਮੰਟੋ, ਪੰਡਿਤ ਮੁਖਰਾਮ ਸ਼ਰਮਾ, ਖ਼ਵਾਜ਼ਾ ਅਹਿਮਦ ਅਬਾਸ, ਅਲੀ ਰਜ਼ਵੀ, ਸਤੀਸ਼ ਭਟਨਾਗਰ, ਅਲੀ ਸਰਦਾਰ ਜ਼ਾਫਰੀ, ਜਾਨੀ ਨਿਸ਼ਾਰ ਅਖ਼ਤਰ, ਅਖ਼ਤਰ-ਉਲ-ਅਮਾਨ, ਸਚਿਨ ਭੌਮਿਕ, ਅਣਜਾਣ, ਸੀ.ਐਲ. ਰਾਵੀਸ਼, ਅਜ਼ੀਜ ਕੈਸੀ, ਪੰਡਿਤ ਭਾਰਤ ਵਿਆਸ, ਰਾਜਿੰਦਰ ਸਿੰਘ ਬੇਦੀ, ਐਸ.ਐਮ. ਅਬਾਸ, ਮਜ਼ਰੂਹ ਸੁਲਤਾਨਪੁਰੀ, ਗੁਲਸ਼ਨ ਨੰਦਾ, ਰਾਜਿੰਦਰ ਕ੍ਰਿਸ਼ਨ, ਸ਼ੈਲਿੰਦਰ, ਸ਼ਕੀਲ ਬਾਦੂਅਨੀ, ਅਨੰਦ ਬਖ਼ਸੀ, ਪਰਾਗ ਜੀ ਡੋਸਾ, ਇੰਦਰ ਪ੍ਰਕਾਸ਼, ਰਾਹੀ ਮਾਸੂਮ ਰਜ਼ਾ, ਆਰਜੂ ਲਖਨਵੀ, ਕੈਫ਼ੀ ਆਜ਼ਮੀ, ਰਾਮਾਅਨੰਦ ਸਾਗਰ, ਸਾਹਿਰ ਲੁਧਿਆਣਵੀ, ਕਮਰ ਜਲਾਲਾਬਾਦੀ, ਮੁਹਿੰਦਰ ਨਾਥ, ਭਿਖ਼ਾਰੀ ਠਾਕੁਰ, ਕ੍ਰਿਸ਼ਨ ਚੰਦਰ, ਰਾਮ ਕਲਕਰ ਆਦਿ। (ਮਿੱਤਰੋ! ਐਡੇ ਤੇ ਐਨੇ ਨਾਂ ਪੜ੍ਹ ਕੇ ਤ੍ਰਿਹ ਨਾ ਜਾਇਓ।- ਇਹ ਤਾਂ ਸਿਰਫ਼ ਯਾਰਡ-ਸਟਿਕ ਹੈ)

ਕੌਮਾਂਤਰੀ ਪੱਧਰ ਦੇ ਹੋਰ ਲੇਖਕ ਵੀ ਹਨ। ਖਾਸ ਕਰਕੇ ਰੂਸੀ, ਅਮਰੀਕੀ, ਯੂਰਪੀ ਲੇਖਕ, ਜਿਹਨਾਂ ਬਹੁਤ ਕੁਝ ਸਮਾਜ ਨੂੰ ਮੋੜਾ ਦੇਣ ਲਈ, ਵਧੀਆ ਲੋਕ-ਪੱਖੀ ਲਿਖਿਆ ਹੈ। ਤੁਸੀਂ ਕੋਈ ਵੀ ਚੁਣ ਸਕਦੇ ਹੋ।

ਇਕ ਵੇਰ ਫਿਰ ਅਰਜ਼ੋਈ ਵਰਗਾ, ਕਹਿਣ ਲੱਗਾ ਹਾਂ ਕਿ ਪਹਿਲਾਂ ਹੋਇਆ ਅਨੁਵਾਦ, ਲਾਹਿਆ ਚਰਬਾ ਜਾਂ ਅਸਲੋਂ ਹੀ ਬੇਹਾ ਕਬੂਲ ਨਹੀਂ ਕੀਤਾ ਜਾਵੇਗਾ। ਹਾਂ, ਕਈ ਕਲਾਸੀਕਲ ਅਤੇ ਸਦਾ-ਬਹਾਰ ਰਚਨਾਵਾਂ ਸਿਰ-ਮੱਥੇ।

ਨੋਟ: ਹਰੇਕ ਮਿਹਨਤ ਲਈ 300/- ਤੋਂ 500/- ਤੀਕ ਲੈ ਕੇ ਹਾਜ਼ਰ ਹੋਵਾਂਗੇ।
ਅਨੁਵਾਦ-ਰਚਨਾਵਾਂ ਸਿਰਫ਼ **e.mail: charchaq@gmail.com** ਹੀ ਭੇਜੀਆਂ ਜਾਣ।



-ਸ਼ਰਧਾਜਲੀ ਵਜੋਂ-

ਇਹ ਸਾਡਾ ਇਕਰਾਰ, ਜ਼ਮਾਨਾ ਬਦਲਾਂਗੇ।
ਪੱਕਾ ਲਿਆ ਹੈ ਧਾਰ, ਜ਼ਮਾਨਾ ਬਦਲਾਂਗੇ।
ਜਿੰਦ ਜਾਂਦੀ ਤਾਂ ਜਾਵੇ, ਸਿਦਕ ਨਾ ਹਾਰਾਂਗੇ,
ਜੇਰਾ ਸਾਡਾ ਯਾਰ, ਜ਼ਮਾਨਾ ਬਦਲਾਂਗੇ। -ਕੇਹਰ ਸ਼ਰੀਫ

### ਸਹਿਯੋਗ ਤੁਹਾਡਾ-ਹੌਂਸਲਾ ਸਾਡਾ


ਜਿਸ ਤਰਾਂ ਕਿ ਮੈਂ ਸੰਪਾਦਕੀ 'ਚ ਬੇਨਤੀ ਕੀਤੀ ਹੈ ਕਿ ਤਨ ਅਤੇ ਮਨ ਅਸੀਂ ਨਿਛਾਵਰ ਕਰ ਸਕਦੇ ਹਾਂ, ਧਨ ਪ੍ਰਤੀ ਬਹੁਤੀ ਦੇਰ ਘਰ-ਫੂਕ ਤਮਾਸ਼ਾ ਨਹੀਂ ਵੇਖਿਆ ਜਾ ਸਕਦਾ। ਤੁਹਾਡੇ ਤਿਲ-ਫੁੱਲ ਹੀ ਹਨ ਜੋ ਇਸ ਤਰ੍ਹਾਂ ਦੇ ਪ੍ਰੋਜੈਕਟਾਂ ਵਿਚ ਲਗਾਤਾਰਤਾ ਬਣਾਈ ਰੱਖਦੇ ਹਨ। ਇਸ ਕਰਕੇ ਇੰਗਲੈਂਡ:£50.00; ਭਾਰਤ (ਪੰਜਾਬ) 1000.00/-; ਯੂਰਪ, ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਵਿਚ- ਇੰਗਲੈਂਡ ਦੇ 'ਪੰਜਾਹ ਪੌਂਡ' ਦੇ ਬਰਾਬਰ ਦੀ ਰਾਸ਼ੀ। ਬੈਂਕ ਅਕਾਉਂਟਸ:

**ENGLAND: Darshan Singh Dhillon A/c30167094 Sort Code 60-19-28 Netwest Bank, Slough**

**PUNJAB (INDIA): Pritam Singh Bhangoo, A/c 06481600000577 Brn. 0648 Pdt. 160 HDFC BANK Faridkot Road, Kotkapoora, Punjab**

ਕਿਉਂਕਿ ਸਿਰਫ਼ ਕਿਸ਼ਤਾਂ 'ਤੇ ਖਰੀਦੀਆਂ ਮਹਿੰਗੀਆਂ ਕਾਰਾਂ, ਘਰ ਅਤੇ
ਲੋਨ ਲੈ ਕੇ - ਸਮੁੰਦਰ ਕੰਢੇ ਖੜ, ਮਸਨੂਹੀ ਹਾਸੇ ਵਾਲੀਆਂ।-(ਅਗਲੇ ਸਫ਼ੇ 'ਤੇ)


# ਐਤਕੀਂ:-




ਪਾਈਆਂ ਫੋਟੂਆਂ ਪੰਜਾਬ ਦੀ ਅਲ੍ਹੜ ਜਵਾਨੀ ਨੂੰ
ਪੰਜਾਬ ਛੱਡਣ ਲਈ ਮਜ਼ਬੂਰ ਕਰਦੀਆਂ ਨੇ।




ਭਲਾ ਬੁਝੋ ਤਾਂ- ਇਕ ਨੇ - ਅੰਗਰੇਜ਼ਾਂ ਤੋਂ ਮੁਆਫ਼ੀ ਮੰਗੀ
ਵੀਰ ਹੋ ਗਿਆ?- (ਅਗਲੇ ਸਫ਼ੇ 'ਤੇ)




ਦੂਜਾ- ਸਲਵਾਰ ਪਹਿਨ ਕਿ ਭੱਜਿਆ
ਅਤੇ ਅਮੀਰ ਹੋ ਗਿਆ?- (ਅਗਲੇ ਸਫ਼ੇ 'ਤੇ)

(ਸਫ਼ਾ 04 ਦਾ ਬਾਕੀ)

ਸੋ ਅਸੀਂ ਆਪ ਜੀ ਦੀ ਤਵੱਜੋ ਸਫ਼ਾ ਪੰਜ (5) ਉਪਰ ਕੀਤੀ ਬੇਨਤੀ ਵੱਲ ਦੁਆਉਣੀ ਚਾਹਾਂਗੇ। ਆਪਣੀ ਪੁਜਤ ਮੁਤਾਬਕ ਜ਼ਰੂਰ ਹਿੱਸਾ ਪਾਵੋ। ਹਾਂ! ਜੇਕਰ ਆਪ ਵਿਦਿਆਰਥੀ ਹੋ ਜਾਂ ਨਿਮਨ-ਪੈਨਸ਼ਨ ਉਪਰ ਗੁਜ਼ਾਰਾ ਕਰ ਰਹੇ ਹੋ (ਕਈ ਤਾਂ 70 ਹਜ਼ਾਰ ਮਹੀਨਾ ਲੈਣ ਵਾਲੇ ਵੀ ਬਜ਼ੁਰਗੀ ਦਾ ਵਾਸਤਾ ਦੇ ਕੇ 'ਮਰ-ਗਏ-ਮਰ-ਗਏ' ਦੀ ਦੁਹਾਈ ਪਾਈ ਜਾ ਰਹੇ ਨੇ।) ਤਾਂ ਲਿਖਤੀ ਜਾਂ ਮੌਖਿਕ ਰੂਪ 'ਚ ਦਸ ਛੱਡੋ- ਅਸੀ ਮੈਗਜ਼ੀਨ ਲੈ ਕੇ ਹਾਜ਼ਰ ਹੋਵਾਂਗੇ।

ਪੰਜਵਾਂ: ਤੁਹਾਡੇ ਹਥਲੇ ਅੰਕ ਵਿਚ ਜੋ ਕੁਝ ਵੀ ਹੈ, ਇਹ ਨਾ ਹੁੰਦਾ ਜੇ ਸਹਿਯੋਗੀਆਂ, ਵਿਸ਼ੇਸ਼ ਕਰਕੇ ਨਿਰੰਜਨ ਬੋਹਾ, ਅਜਮੇਰ ਸਿੱਧੂ, ਗੁਰਮੀਤ ਕੜਿਆਲਵੀ, ਸੰਤੋਖ ਧਾਲੀਵਾਲ ਨੌਟਿੰਘਮ, ਦਰਸ਼ਨ ਜੋਗਾ, ਹਰਜਿੰਦਰ ਸੂਰੇਵਾਲੀਆ, ਸੰਤੋਖ ਸਿੰਘ ਹੇਅਰ ਕਾਵੈਂਟਰੀ, ਸੁਰਿੰਦਰ ਰਾਮਪੁਰੀ, ਜਸਵਿੰਦਰ ਰੱਤੀਆ ਮਿੱਡਲੈਂਡ ਦਾ ਸਾਡੇ ਮੋਢੇ 'ਤੇ ਹੱਥ ਨਾ ਹੁੰਦਾ।

ਆਪਦਾ ਕਹਾਣੀਕਾਰ ਵਜੋਂ ਅਤੇ ਮੇਰਾ ਸੰਪਾਦਕ ਵਜੋਂ 'ਪੌਣਾ ਸੈਂਕੜਾ ਪੰਜਾਬੀ ਕਹਾਣੀਆਂ (ਸਾਢੇ ਸੱਤ ਕਿਤਾਬਾਂ)'- ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਉਣ ਦਾ, ਜੋ ਇਹਨਾਂ ਨੇ ਸਹਿਯੋਗ ਅਤੇ ਹੌਸਲਾ ਦਿਤਾ, ਉਸ ਵਾਸਤੇ ਸਾਡਾ ਸਾਰਿਆਂ ਦਾ ਇਹਨਾਂ ਪ੍ਰਤੀ ਸ਼ੁਕਰ-ਗੁਜ਼ਾਰ ਹੋਣਾ ਬਣਦਾ ਹੈ।

ਇਕ ਹੋਰ ਗੱਲ ਸਪੱਸ਼ਟ ਕਰ ਦਿਆਂ ਕਿ ਕਹਾਣੀਆਂ ਦੀ ਜੜ੍ਹਤ ਬਾਰੇ- ਦੋ ਤਿੰਨ ਸੁਝਾਅ ਆਏ ਸਨ ਕਿ 'ਆਪਣੀ ਮਰਜ਼ੀ ਨਾਲ ਕਹਾਣੀਆਂ ਦੀ 'ਤਰਤੀਬ' ਘੜ ਲਵੋ ਸੰਪਾਦਕ ਸਾਹਿਬ1'- ਇਹ ਸੁਝਾਅ ਮੈਨੂੰ ਬਿਲਕੁਲ 'ਟੰਬੇ' ਖਾਣ ਵਾਲਾ ਲੱਗਿਆ ਤੇ ਮੈਂ ਤਿਆਗ ਦਿਤਾ।- ਇਸਦੇ ਨਾਲ ਹੀ ਇਕ ਹੋਰ ਸੁਝਾਅ ਕਿ ਜਨਮ-ਤਾਰੀਕ ਅਨੁਸਾਰ ਛਾਪ ਲਈਏ – ਸਭ ਤੋਂ ਵੱਡੀ ਉਮਰ ਦੇ ਲੇਖਕ ਨੂੰ ਪਹਿਲਾਂ ਜਾਂ ਸਭ ਤੋਂ ਛੋਟੀ ਉਮਰ ਦੇ ਕਹਾਣੀਕਾਰ ਤੋਂ ਪਹਿਲੋਂ ਸ਼ੁਰੂ ਕਰ ਲਿਆ ਜਾਵੇ।- ਇਥੇ ਇਹ ਕੁੱਤਾ ਫਸ ਗਿਆ ਕਿ 'ਬਹੁਤਿਆਂ ਅਤੇ ਖਾਸ ਕਰਕੇ ਬਹੁਤੀਆਂ ਨੇ, ਬਾਰ ਬਾਰ ਮਿੰਨਤਾ ਵਰਗੀਆਂ ਈਮੇਲਜ਼ ਭੇਜਣ ਬਾਦ ਵੀ ਕੋਈ ਸੁਰ ਜਵਾਬ ਨਾ ਦਿਤਾ – ਸਗੋਂ ਅੱਗੋਂ 'ਆਨੇ-ਕੱਢਣੇ' ਜਾਂ 'ਆਨੇ-ਵਿਖਾਉਣੇ' ਸ਼ੁਰੂ ਕਰ ਦਿਤੇ। ਤਾਂ ਭਾਈ ਕਿਤੇ ਜਾ ਕੇ ਇਹ ਗੱਲ ਬਣੀ ਕਿ 'ਕਹਾਣੀ ਦੀ ਤਰਤੀਬ ਲੇਖਕ ਦੇ ਨਾਂ ਦੇ ਪੰਜਾਬੀ ਅਲਫ਼ਾਬੈਟ ਮੁਜ਼ਬ ਕੀਤੀ ਜਾਵੇ। ਸੋ ਆਪ ਜੀ ਦੇ ਸਾਹਮਣੇ ਹਾਂ। ਸੋ ਘੁਸਰ-ਮੁਸਰ ਕਰਨ ਦੀ ਥਾਂ ਠਾਹ ਕਰਕੇ ਹਿੱਕ 'ਚ ਵੱਜਿਓ।

ਹੁਣ ਆਈਏ, ਅਸਲ ਸੰਪਾਦਕੀ ਵੱਲ – ਮੇਰੀ ਜਾਂਚੇ ਕਹਾਣੀ ਉਹੀ ਹੈ ਜੋ ਇਕ ਜਾਂ ਇਕ ਤੋਂ ਵਧੇਰੇ ਪੱਖਾਂ ਨੂੰ ਉਘੇੜਦੀ ਅਤੇ ਸਿਰਜਦੀ ਹੋਵੇ। ਬਰਤਾਨੀਆਂ ਦੇ ਸਥਾਪਤ ਕਹਾਣੀਕਾਰ ਸੰਤੋਖ ਸਿੰਘ ਧਾਲੀਵਾਲ ਅਨੁਸਾਰ 'ਕਹਾਣੀ ਦੀ ਭੂਮਿਕਾ ਨਹੀਂ ਹੁੰਦੀ, ਕਹਾਣੀ ਝਰਨੇ ਵਾਂਗ ਡਿੱਗਦੀ ਅਤੇ ਨਦੀ ਵਾਂਗ ਕਲਕਲ ਕਰਦੀ ਵਹਿਣ ਲੱਗਦੀ ਹੈ।'-

ਸੋ ਰੂਪ ਪੱਖੋਂ ਸਮਾਜਕ ਸੰਦਰਭ ਵਿਚ ਸਫ਼ਲ ਕਹਾਣੀ, ਕਿਸੇ ਵੀ ਮੁੱਦੇ ਉੱਪਰ, ਆਪਣੇ ਕੈਨਵਸ ਨੂੰ ਮੋਕਲਾ ਰੱਖਦੀ, ਵਿਆਖਿਆ ਵਿਚ ਡੂੰਘਾਈ ਅਤੇ ਰੌਚਕਤਾ ਨੂੰ ਬਣਾਈ ਰੱਖਣ ਵਿਚ ਸਫ਼ਲ ਰਹਿੰਦੀ ਹੈ। ਵਧੀਆ ਕਹਾਣੀ ਦੀਆਂ ਕੁਝ ਕੁ ਖ਼ੂਬੀਆਂ ਇਹ ਵੀ ਦਰਸਾਈਆਂ ਜਾਂਦੀਆਂ ਨੇ ਕਿ ਅਣਲਿਖੇ ਦੀ ਪੜ੍ਹਤ, ਸ਼ਬਦਾਂ ਦਾ ਸੰਜਮ, ਕਹਾਣੀ ਦੀ ਤੋਰ ਵਿਚ ਤੇਜ਼ੀ ਅਤੇ ਮੜ੍ਹਕ ਦੇ ਨਾਲ ਨਾਲ ਸਮੁੱਚਤਾ ਵਿਚ ਬੱਝਵਾਂ ਪ੍ਰਭਾਵ ਸਿਰਜਦੀ ਹੋਵੇ।

ਵਰਤਮਾਨ ਪੰਜਾਬੀ ਕਹਾਣੀ ਪੰਜ-ਆਬ ਦੇ ਨਾਲ ਹੀ ਸ਼ੁਰੂ ਹੋ ਗਈ ਲੱਗਦੀ ਹੈ। ਗੁਰਬਖ਼ਸ਼ ਸਿੰਘ, ਨਾਨਕ ਸਿੰਘ ਦੇ ਸਮਾਜ ਸੁਧਾਰਕ ਗਵੇੜ ਵਿਚੋਂ ਨਿਕਲਦੀ ਕੁਲਵੰਤ ਸਿੰਘ ਵਿਰਕ ਸਾਹਿਬ ਵਲੋਂ ਪੇਂਡੂ-ਜ਼ਿਦਗੀ ਨਾਲ ਦੋ-ਚਾਰ ਹੁੰਦੀ, ਸੰਤ ਸਿੰਘ ਸੇਖੋਂ ਅਤੇ ਸੁਜਾਨ ਸਿੰਘ ਦੀਆਂ ਪ੍ਰਗਤੀਸ਼ੀਲ ਗੱਲਾਂ ਕਰਦੀ ਅਜੋਕੇ ਸਮੇਂ ਵਿਚ ਸਮਾਜ ਵਿਚ ਪੈਂਦੀਆਂ ਰਗੜਾਂ ਤੋਂ ਪੈਦਾ ਹੋਈਆਂ ਚੰਗਿਆੜੀਆਂ ਅਤੇ ਚੰਗਿਆੜਿਆਂ ਨਾਲ ਵਾਹ-ਬਾਸਤਾ ਹੋ ਰਹੀ ਹੈ।

ਇਹਨਾਂ 'ਰਗੜਾਂ ਵਿਚੋਂ ਨਿਕਲੀਆਂ ਲਾਟਾਂ' ਮਨੁੱਖਤਾ ਦੇ ਕਿਰਦਾਰ ਨੂੰ ਝੰਜੋੜਦੀਆਂ, ਜ਼ਮੀਰ ਨੂੰ ਹਲੂਣਦੀਆਂ, ਅਤੇ ਆਪਣੇ ਹੀ ਹਨ੍ਹੇਰੇ ਦੀ ਓਢਣੀ ਤਾਣੀ ਘੂਕ ਸੁੱਤੇ ਮਨੁੱਖ ਨੂੰ ਜਗਾਉਣ ਦਾ ਜਤਨ ਕਰਦੀਆਂ ਹਨ।

ਮੇਰੀ ਸਮਝ ਮੁਤਾਬਕ ਨਵੀਂ ਕਹਾਣੀ -ਸਮਾਜ ਵਿਚਲੀ ਨਵੀਂ ਅਸਲੀਅਤ (ਯਥਾਰਥ) ਨਾਲ ਦੋ-ਚਾਰ ਹੋਣ ਲਈ ਉੱਸਲਵੱਟੇ ਲੈ ਰਹੀ ਹੈ। ਪਰ ਕਹਾਣੀਕਾਰਾਂ ਦਾ ਵੱਡਾ ਹਿੱਸਾ ਵਕਤੀ ਵਾਹ ਵਾਹ, ਅਕਾਦਮਿਕ ਲਾਹੇਵੰਦੀਆਂ, ਭਾਈਚਾਰਕ ਮੋਹ ਦੇ ਨਾਲ ਹੱਥ-

ਤੀਜਾ- ਦਸ ਲੱਖ ਦਾ ਸੂਟ ਪਹਿਨ ਕੇ
ਫ਼ਕੀਰ ਹੋ ਗਿਆ?

ਘੁੱਟਵੀਂ ਸੋਚ ਅਤੇ ਸੱਟ ਮਾਰਨ ਤੋਂ ਗੁਰੇਜ਼ ਕਰਦਾ- ਆਪਣਾ ਆਪਣਾ ਪੱਲਾ ਜਿਹਾ ਬਚਾਉਂਦਾ ਲੱਗਦਾ, ਵਧਾਣੀ-ਸੱਟ ਮਾਰਨ ਲੱਗਿਆ ਹੱਥ ਵਿਚਲੇ ਹਥੌੜੇ (ਕਲਮ) ਉਪਰ ਜ਼ੋਰ ਲਾਉਣ ਨਾਲੋਂ 'ਅਈਂ ਸ਼ਾਵਾ' ਉਪਰ ਜਿਆਦਾ ਜ਼ੋਰ ਦਿੰਦਾ ਲੱਗਦਾ ਹੈ। ਕਈ ਵਾਰ ਤਾਂ 'ਹੱਥ 'ਚ ਲਏ ਮੁੱਦੇ' ਪ੍ਰਤੀ ਜਾਂ ਇੰਝ ਕਹਿ ਲਵੋ 'ਵਿਸ਼-ਵਸਤੂ' ਪ੍ਰਤੀ ਏਨਾ ਉਦਾਸੀਨ ਹੋ ਜਾਂਦਾ ਹੈ ਕਿ ਵੇਲਾ ਵਿਹਾ ਚੁੱਕੇ ਟੋਏ 'ਕਲਾ-ਕਲਾ ਲਈ' ਵਿਚ ਹੀ ਜਾ ਡਿੱਗਦਾ ਹੈ।

ਜਦ ਅਸੀਂ ਨਵੀਂ ਪੰਜਾਬੀ ਕਹਾਣੀ ਦਾ ਘੋਖਵਾਂ ਅਧਿਐਨ/ਵਿਸ਼ਲੇਸ਼ਣ ਕਰਦੇ ਹਾਂ ਤਾਂ ਪੰਜਾਬੀ ਕਥਾਕਾਰ ਕਥਾਨਕ ਤਾਂ ਖ਼ੂਬ ਕਰਦਾ ਹੈ, ਕਈ ਵਾਰ ਦਾ ਸੱਥ ਵਾਲੇ ਬੋਗੇ ਦੇ ਕਹਿਣ ਵਾਂਗ "ਘੁੰਗਰੂ ਈ ਜੜ ਦਿੰਦਾ ਹੈ" ਪਰ ਬੌਧਿਕ ਪੱਧਰ ਉਪਰ ਸਮਾਜਿਕ ਚੇਤੰਨਤਾ ਅਤੇ ਸਮਾਜੀ ਹੁੰਦੀ ਉਥਲ-ਪੁਥਲ, ਇਸ ਵਿਚਲੇ ਪਰਸਾਰਾਂ ਅਤੇ ਵਿਰੋਧਾਭਾਸ ਨੂੰ ਪਕੜਣ ਵਿਚ ਊਣਾ ਰਹਿ ਜਾਂਦਾ ਹੈ। ਮਿਸਾਲ ਵਜੋਂ, ਮੈਂ ਨਿਰੰਜਨ ਸਿੰਘ ਬੋਹਾ ਜੀ ਨਾਲ ਵੀ ਵਿਚਾਰ ਰਿਹਾ ਸਾਂ ਕਿ ਸਾਡੇ ਪਾਸ ਇਕ ਕਹਾਣੀ ਆਈ- ਲੇਖਕ ਦਾ ਨਾਂ ਵੀ ਥੋੜ੍ਹਾ ਮੋਟਾ ਚਮਕਦਾ ਹੈ- ਕਿ 'ਬਚਪਨ ਦੇ ਦੋ ਹਾਣੀਆਂ ਨੇ (ਇਕ ਪਿੰਡ ਦੇ ਜਾਗੀਰਦਾਰ ਦਾ ਮੁੰਡਾ ਅਤੇ 'ਵਿਹੜੇ ਵਾਲਿਆਂ' ਦਾ ਸੀਰੀ ਪਿਓ ਦਾ ਪੁੱਤਰ) ਦੋਸਤੀ ਨਿਭਾਈ। ਸਮਾਜ ਦੀਆਂ 'ਨੀਵੀਆਂ ਕਦਰਾਂ-ਕੀਮਤਾਂ ਨੂੰ ਉਲੰਘਦਿਆਂ, ਅੰਤਰਜਾਤੀ ਵਿਆਹ ਕਰਵਾਇਆ। ਕਿਸੇ ਵੱਡੇ ਸ਼ਹਿਰ ਵਿਚ ਜਾ ਕੇ ਇਕੋ ਹੀ ਮਕਾਨ ਵਿਚ ਰਹਿਣ ਲੱਗੇ। ਜਾਗੀਰਦਾਰ ਦਾ ਮੁੰਡਾ ਆਪਣੇ ਪਿਓ ਅੱਗੇ ਛਾਤੀ ਤਾਣ ਕੇ ਖੜ ਗਿਆ। 'ਵਿਹੜੇ ਵਾਲੇ' ਨੇ ਵੀ 'ਉਸਦਾ ਭਾਣਾ' ਮੰਨ ਲਿਆ। ਸਿਤਮ ਇਹ ਕਿ ਲੇਖਕ ਇਸ ਸਾਰੀ ਤਬਦੀਲੀ ਦਾ ਤੋੜਾ 'ਸਾਰਾ ਟੱਬਰ ਨਿੱਤਨੇਮੀ ਸੀ, ਹਰ ਰੋਜ਼ ਗੁਰਦੁਆਰਾ ਸਾਹਿਬ ਜਾਂਦਾ ਸੀ, ਨਵੀਆਂ ਨੂੰਹਾਂ 'ਪੰਜ ਨੇਮੀਆਂ' ਆਈਆਂ- ਇਹ ਜੋ 'ਦੋਹਾਂ ਹਾਣੀਆਂ' ਦੇ ਅੰਦਰ ਸਮਾਜ ਦੀਆਂ ਸਥਾਪਤ ਅਖੌਤੀ ਕਦਰਾਂ ਵਿਰੁਧ ਡੱਟਣ ਦਾ ਬਲ ਆਇਆ, ਉਹ ਕਿਸੇ 'ਗ਼ੈਬੀ ਸ਼ਕਤੀ' ਨੇ ਭਰਿਆ। ਸੋ 'ਵਿਸ਼ੇ' ਅਤੇ 'ਨਿਭਾਅ' ਵਿਚਲੀ ਸੂਝ ਅਤੇ 'ਹੱਲ' ਲੱਭਣ ਦੀ ਸੋਝੀ ਦੀ ਘਾਟ ਖੜਕਦੀ ਹੈ। ਭਲਾ ਇਹ ਮੈਂ ਕਦਾਚਿਤ ਨਹੀਂ ਕਹਿੰਦਾ ਕਿ ਕਥਾਕਾਰ 'ਹੱਲ' ਲੱਭ ਕੇ ਦੇਵੇ- ਪਰ ਜੇ ਸਵਾਲ ਖੜਾ ਕਰਦਾ ਹੈ ਤਾਂ ਉਸਨੂੰ ਆਪਨੂੰ ਜਵਾਬ ਦਾ ਤਾਂ ਪਤਾ ਹੋਵੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ 'ਪੰਜਾਬ' ਹੀ ਨਹੀਂ ਭਾਰਤ ਭਰ ਵਿਚ ਇਸ ਸਮੇਂ ਸਾਹਿਤ ਅਤੇ ਮੀਡੀਏ ਦੇ ਨਾਲ ਹੀ ਇਤਿਹਾਸ ਨੂੰ ਮੋਮ ਦੀ ਨੱਕ ਸਮਝ ਕੇ, ਰਾਜਨੀਤਕ ਦਖ਼ਲ ਰਾਹੀਂ, ਆਪਣੀ ਮਰਜ਼ੀ ਮੁਤਾਬਕ ਢਾਲਣ ਲਈ ਹਰ ਪੱਧਰ 'ਤੇ ਸਿਰਤੋੜ ਜਤਨ ਕੀਤੇ ਜਾ ਰਹੇ ਹਨ। ਪਰ 'ਹਿਟਲਰੀ ਕਾਰਵਾਈ' ਕਿਤੇ ਵੀ ਸਫ਼ਲ ਨਹੀਂ ਹੋਈ ਇਸਦਾ ਇਤਿਹਾਸ ਗਵਾਹ ਹੈ, ਇਸਦੀਆਂ ਜੜ੍ਹਾ ਮੁੱਢੋਂ ਹੀ ਸੋਕੜੇ ਦੀਆਂ ਮਾਰੀਆਂ ਹੁੰਦੀਆਂ ਹਨ। ਪਰ ਫਿਰ ਵੀ 'ਹਰ ਵਕਤੀ ਵਰਤਾਰਾ' ਭੁਲਚਾ ਲੈਂਦਾ ਹੈ। ਕਈ 'ਹੁਣ ਵਾਲੇ ਕਈਆਂ ਵਾਂਗ' ਇਸ ਵਹਿਣ ਵਿਚ ਵਹਿ ਜਾਂਦੇ ਹਨ। ਕਈ ਸਚਮੁੱਚ, ਕਈ ਮਜ਼ਬੂਰੀ ਵੱਸ ਅਤੇ ਕਈ ਸ਼ੁਗਲ-ਮੁਗਲ ਕਰਨ ਲਈ। ਇਹਨਾਂ ਨੂੰ ਭਾਵੇਂ ਅਣਗੌਲਿਆ ਨਹੀਂ ਕਰਨਾ ਚਾਹੀਦਾ ਹਨ ਪਰ ਏਨੀ ਤਵੱਜੋ ਵੀ ਨਹੀ ਦੇਣੀ ਚਾਹੀਦੀ।

ਮੁੱਕਦੀ ਗੱਲ ਸਾਹਿਤਕਾਰ ਨੂੰ ਵਿਗਿਆਨਕ ਅੱਖ ਰੱਖਦਿਆਂ, ਸਮਾਜਕ-ਵਰਤਾਰੇ ਪ੍ਰਤੀ ਅੱਖ ਉਘੇੜਣੀ ਪਵੇਗੀ। ਇਸ ਦਾ ਮਤਲਬ ਇਹ ਵੀ ਹਰਗਿਜ਼ ਨਹੀਂ ਕਿ ਉਹ ਇਕ-ਪਾਸੜ ਹੀ ਹੋ ਤੁਰੇ। ਰਚਨਾ ਵਿਚਾਰ-ਧਾਰਾਈ ਤਾਂ ਹੋਵੇ ਪਰ ਵਿਚਾਰ ਆਰੋਪਨ ਦੀ ਹਾਮੀ ਬਿਲਕੁਲ ਨਾ ਭਰਦੀ ਹੋਵੇ। ਇਸ ਕਰਕੇ ਹਰ ਖੇਤਰ ਦੀ ਕਲਾ ਸਿਰਜਣਹਾਰੇ ਨੂੰ ਤੇਜ਼ੀ ਨਾਲ ਬਦਲ ਰਹੀਆਂ ਸਮਾਜਿਕ-ਪ੍ਰਸਥਿਤੀਆਂ ਮੁਤਾਬਕ, ਸੋਚ ਨੂੰ ਸਮੇਂ ਦੀ ਸਾਣ 'ਤੇ ਲਾ ਕੇ, ਸਿਰਜਾਣਤਮਿਕਤਾ ਅਤੇ ਮੌਲਕਿਤਾ ਨੂੰ ਜ਼ਿੰਦਗੀ ਦੇ ਹਾਣੀ ਹੋਣ/ਬਣਾਉਣ ਦੇ ਨਾਲ ਨਾਲ ਭਵਿੱਖਮੁੱਖੀ ਵੀ ਹੋਣਾ ਪਵੇਗਾ।- ਦਰਸ਼ਨ ਸਿੰਘ ਢਿੱਲੋਂ, ਮੁਰਾਦਵਾਲਾ

(ਸਫ਼ਾ 306 ਤੋਂ ਜਾਰੀ)

ਮੁਦਕੀ, ਨਾਹਰ ਸਿੰਘ ਗਿੱਲ ਡਰਾਮਾ ਆਰਟਿਸਟ ਯੂ. ਕੇ, ਮਹਿਲ ਪਬਲਿਸ਼ਰਜ਼ ਬਠਿੰਡਾ ਅਤੇ ਸੁਰਜੀਤ ਬਰਾੜ ਮੋਗਾ, ਬਲਦੇਵ ਸੜਕਨਾਮਾ, ਪ੍ਰੋ; ਜਾਗੀਰ ਸਿੰਘ ਕੀਰਤਨੀ ਜੱਥਾ ਚੰਡੀਗੜ੍ਹ ਅਤੇ ਹੋਰ ਸੰਜੀਦਾ ਸ਼ਖ਼ਸੀਅਤਾਂ ਨੇ ਪੁਸਤਕ ਦਾਨ ਦਾ ਵਾਅਦਾ ਕੀਤਾ ਹੈ! ਉਮੀਦ ਹੈ ਆਪ ਵੀ ਇਹਨਾਂ 'ਚ ਸ਼ਾਮਲ ਹੋਵੋਗੇ। 3500 ਮਕਬੂਲ ਪੁਸਤਕਾਂ, ਹੋਰ ਤਾਂ ਹੋਰ 'Das Kapital' ਦੇ ਪੰਜ ਸੈਂਟ, ਪੰਜ ਕਾਲਜਾਂ, ਸੱਤ ਸਕੂਲਾਂ ਦੇ ਹਵਾਲੇ ਕੀਤੀਆਂ ਗਈਆਂ।

(ਬਾਕੀ ਸਫ਼ਾ 88 ਉਪਰ)

ਯਹ ਦੋਸਤੀ ਕਾ ਗਣਿਤ ਹੈ ਸਾਹਿਬ
ਯਹਾਂ ਦੋ ਮੇਂ ਸੇ ਏਕ ਗਿਆ ਤੋ ਕੁਛ ਨਹੀਂ ਬਚਤਾ...

ਕਹਾਣੀ

# ਕੌਣ ਮਰਨਾ ਚਾਹੁੰਦੇ

## -ਅਜਮੇਰ ਸਿੱਧੂ



ਅਜਮੇਰ ਸਿੱਧੂ

ਅਜਮੇਰ ਸਿੱਧੂ: ਨਵੀਂ ਪੰਜਾਬੀ ਕਹਾਣੀ ਵਿਚ ਸੂਖਮ ਅਤੇ ਪ੍ਰਤਿਭਾਸ਼ੀਲ ਕਹਾਣੀਕਾਰ ਹੈ। ਉਹ ਜਿਥੇ ਅਜੋਕੇ ਉਪਭੋਗੀ ਦੌਰ ਵਿਚ ਕ੍ਰਾਂਤੀਕਾਰੀ ਚੇਤਨਾ ਵਾਲਾ ਕੰਮ ਕਰ ਰਿਹਾ ਹੈ ਉੱਥੇ ਅਜੋਕੇ ਲੇਖਕ ਸਾਹਮਣੇ ਚਣੌਤੀ ਵੀ ਪੇਸ਼ ਕਰ ਰਿਹਾ ਹੈ। ਸ਼ਬਦ ਦੀ ਸ਼ਕਤੀ ਨੂੰ ਇਨਕਲਾਬੀ ਵਿਰਾਸਤ ਦੀ ਪਾਹੁਲ ਦੇ ਕੇ ਘਿਣਾਉਣੀਆਂ ਅਤੇ ਮਾਨਵ ਸ਼ਕਤੀ ਵਿਰੁਧ ਲੋਕ-ਚੇਤਨਾ ਨੂੰ ਪ੍ਰਚੰਡ ਕਰਨ ਲਈ ਉਠਦੀ ਉਸਦੀ ਕਲਮ ਨਿਸਚੈ ਹੀ ਸਲਾਹੁਣਯੋਗ ਹੈ। -ਦਰਸ਼ਨ

ਸਾਰੇ ਸਿਖਿਆਰਥੀ ਦਿੱਤੇ ਵਕਤ ਤੋਂ ਪਹਿਲਾਂ ਹੀ ਪ੍ਰਯੋਗਸ਼ਾਲਾ ਵਿਚ ਪਹੁੰਚ ਚੁੱਕੇ ਹਨ। ਉਹ ਆਪਣੇ ਪ੍ਰੋਫੈਸਰ ਰਜਨੀਸ਼ ਖ਼ਰੇ ਦੀ ਇੰਤਜ਼ਾਰ ਕਰ ਰਹੇ ਨੇ। ਦਰਅਸਲ, ਦਸ ਦਿਨ ਪਹਿਲਾਂ ਗਲੈਲੀਓ ਪ੍ਰਯੋਗਸ਼ਾਲਾ ਨੂੰ ਲਾਵਾਰਿਸ ਲਾਸ਼ ਮਿਲੀ ਸੀ। ਕਾਨੂੰਨੀ ਕਾਰਵਾਈ ਮਗਰੋਂ ਪ੍ਰੋਫੈਸਰ ਖ਼ਰੇ ਅਤੇ ਉਸ ਦੇ ਸਹਾਇਕ ਵਿਗਿਆਨੀਆਂ ਨੇ ਗਲੈਸਟਰੋਨ ਅਤੇ ਪੋਟਾਸ਼ੀਅਮ ਏਸੀਟੇਟ ਦੇ ਰਸਾਇਣਕ ਘੋਲ ਦਾ ਲੇਪ ਲਾਸ਼ ਉੱਤੇ ਕਰ ਦਿੱਤਾ ਸੀ। ਇਸ ਪਿੱਛੋਂ ਲਾਸ਼ ਨੂੰ ਖੋਜ ਲਈ ਪਰਿਜ਼ਰਵ ਕਰ ਲਿਆ ਗਿਆ ਸੀ।

ਇਨ੍ਹਾਂ ਖੋਜ ਵਿਦਿਆਰਥੀਆਂ ਨੇ ਪਹਿਲਾਂ ਵੀ ਕੁਝ ਲੋਥਾਂ ਦੀ ਚੀਰ-ਫਾੜ ਕੀਤੀ ਸੀ। ਜਿੰਨੇ ਵੀ ਮ੍ਰਿਤਕ ਸਰੀਰ ਪ੍ਰਯੋਗਸ਼ਾਲਾ ਵਿਚ ਆਉਂਦੇ, ਉਹ ਉਨ੍ਹਾਂ ਉੱਤੇ ਕਈ-ਕਈ ਮਹੀਨੇ ਤਜ਼ਰਬੇ ਕਰਦੇ ਰਹਿੰਦੇ। ਇਸੇ ਕਰਕੇ ਅੱਜ ਉਹ ਨਵੀਂ ਮਿਲੀ ਲਾਸ਼ ਪ੍ਰਤੀ ਬੜੇ ਉਤਸ਼ਾਹ ਵਿਚ ਦਿਖਾਈ ਦੇ ਰਹੇ ਸਨ। ਕਈ ਮਹੀਨਿਆਂ ਬਾਅਦ ਉਨ੍ਹਾਂ ਨੂੰ ਇਹ ਲਾਸ਼ ਮਿਲੀ ਏ। ਉਹ ਭਾਰਤੀ ਲੋਕਾਂ 'ਤੇ ਇਸ ਕਰਕੇ ਖ਼ਫ਼ਾ ਹਨ ਕਿ ਉਹ ਮਰਨ ਉਪਰੰਤ ਸਰੀਰ ਦਾਨ ਨਹੀਂ ਕਰਦੇ। ਅਕਸਰ ਪ੍ਰੋਫ਼ੈਸਰ ਖ਼ਰੇ ਉਨ੍ਹਾਂ ਨੂੰ ਕਹਿੰਦਾ ਹੈ: "ਇਨ੍ਹਾਂ ਲੋਕਾਂ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਹੈ ਕਿ ਮਰਨ ਉਪਰੰਤ ਸਰੀਰ ਦਾਨ ਕਰਨ ਨਾਲ਼ੋਂ ਹੋਰ ਕੋਈ ਵੱਡਾ ਦਾਨ ਹੋ ਹੀ ਨਹੀਂ ਸਕਦਾ।"

ਅੱਜ ਇਨ੍ਹਾਂ ਮੈਡੀਕਲ ਦੇ ਵਿਦਿਆਰਥੀਆਂ ਨੇ ਲੋਥ ਦੇ ਅੰਗਾਂ ਅਤੇ ਦਿਮਾਗ 'ਤੇ ਖੋਜ ਕਰਨੀ ਆਂ। ਉਹ ਅੰਗਾਂ ਦੀ ਚੀਰ-ਫਾੜ ਕਰਨ ਅਤੇ ਦਿਮਾਗ 'ਤੇ ਅਧਿਐਨ ਕਰਨ ਲਈ ਕਾਹਲੇ ਜਾਪ ਰਹੇ ਹਨ। ਜਿਉਂ ਹੀ ਪ੍ਰੋਫ਼ੈਸਰ ਰਜਨੀਸ਼ ਖ਼ਰੇ ਤੇ ਉਸ ਦੇ ਸਹਾਇਕ ਸਾਥੀ ਲੈਬ ਪੁੱਜੇ ਨੇ, ਉਨ੍ਹਾਂ ਮ੍ਰਿਤਕ ਦੇਹ ਵਾਲੇ ਕੰਟੇਨਰ ਨੂੰ ਹੱਥ ਵੀ ਨਹੀਂ ਲਾਇਆ। ਉਸ ਦੇ ਸਹਾਇਕ ਰਾਤ ਵਾਲੇ ਡੀ.ਐਨ.ਏ. ਸੈਂਪਲ ਨੂੰ ਨਿਖੇੜਨ ਵਿਚ ਰੁੱਝ ਗਏ ਹਨ। ਪ੍ਰੋਫ਼ੈਸਰ ਖ਼ਰੇ ਵਿਦਿਆਰਥੀਆਂ ਨੂੰ ਕਲਾਸ ਰੂਮ ਵਿਚ ਲੈ ਵੜਿਆ ਹੈ। ਉਸਨੇ ਉਨ੍ਹਾਂ ਨੂੰ ਪੰਜ ਸਵਾਲ ਪੁੱਛੇ ਹਨ: "1. ਮਨੁੱਖ ਔਲਾਦ ਕਿਉਂ ਪੈਦਾ ਕਰਦਾ? 2. ਉਹ ਬੱਚਿਆਂ ਨਾਲ ਆਪਣਾ ਨਾਂ ਕਿਉਂ ਜੋੜਦਾ ਹੈ? 3. ਮਨੁੱਖ ਮਰਕੇ ਵੀ ਜਿਉਣ ਦੀ ਲਾਲਸਾ ਕਿਉਂ ਰੱਖਦਾ ਹੈ? 4. ਭਾਰਤੀ ਸਮਾਜ ਦੇ ਔਰਤ-ਮਰਦ ਮੁੰਡੇ ਦੀ ਹੀ ਕਿਉਂ ਇੱਛਾ ਰੱਖਦੇ ਹਨ? 5. ਇਨਸਾਨ ਦੇ ਰੂਪ 'ਚ ਹੈਵਾਨਾਂ ਨੂੰ ਜਿਉਣ ਦਾ ਹੱਕ ਹੋਣਾ ਚਾਹੀਦਾ ਕਿ ਨਹੀਂ?"

ਵਿਦਿਆਰਥੀ ਆਪਣੀ ਸੂਝ-ਬੂਝ ਨਾਲ ਜਵਾਬ ਦੇਣ ਲੱਗੇ, ਪਰ ਉਸਨੂੰ ਕਿਸੇ ਵੀ ਸਵਾਲ ਦਾ ਦਰੁੱਸਤ ਜਵਾਬ ਨਹੀਂ ਮਿਲ ਰਿਹਾ। ਵਿਦਿਆਰਥੀਆਂ ਨੂੰ ਸਵਾਲਾਂ ਦੇ ਜਵਾਬਾਂ ਵਿਚ ਉਲਝੇ ਹੋਏ ਦੇਖ ਕੇ ਉਸ ਨੇ ਕਥਾਵਾਂ ਸੁਣਾਉਣੀਆਂ ਸ਼ੁਰੂ ਕੀਤੀਆਂ ਹਨ।

ਕਥਾ-ਪਹਿਲੀ:

ਵਿਗਿਆਨੀਓ, ਇਹ ਕਹਾਣੀ ਵੈਨਕੂਵਰ ਵਿਚ ਰਹਿ ਰਹੇ ਇਕ ਭਾਰਤੀ ਜੋੜੇ ਪ੍ਰਦੀਪ ਤੇ ਅੰਜਲਾ ਦੀ ਹੈ। ਵਿਆਹ ਦੇ ਅੱਠ-ਦਸ ਸਾਲ ਬੀਤ ਜਾਣ ਪਿੱਛੋਂ ਵੀ ਉਨ੍ਹਾਂ ਦੇ ਔਲਾਦ ਨਾ ਹੋਈ। ਡਾਕਟਰਾਂ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਸਰੋਗੇਸੀ ਤਕਨੀਕ ਨਾਲ ਬੇਬੀ ਲੈ ਲੈਣ। ਉਹ ਮੰਨ ਗਏ। ਜਦੋਂ ਮੁੰਡਾ ਜਾਂ ਕੁੜੀ ਲੈਣ ਦੀ ਆਪਸ਼ਨ ਆਈ, ਉਨ੍ਹਾਂ ਮੁੰਡੇ ਦੀ ਇੱਛਾ ਜ਼ਾਹਿਰ ਕੀਤੀ। ਉਨ੍ਹਾਂ ਦਾ ਮੰਨਣਾ ਸੀ- "ਮੁੰਡੇ ਨਾਲ ਉਨ੍ਹਾਂ ਦੀ ਕੁੱਲ ਤੁਰੇਗੀ।"

ਗੋਰੇ ਡਾਕਟਰ ਇਹ ਹਾਸੋਹੀਣੀ ਗੱਲ ਸੁਣ ਕੇ ਮੁਸਕਰਾਏ ਸਨ ਪਰ ਡਾਕਟਰਾਂ ਨੇ ਉਹਨਾਂ ਦੀ ਇਹ ਇੱਛਾ ਪੂਰੀ ਕਰ ਦਿੱਤੀ ਸੀ। ਉਨ੍ਹਾਂ ਦੇ ਘਰ ਬਹੁਤ ਹੀ ਸੁੰਦਰ ਬੇਟੇ ਦਿਲਕਬੀਰ ਨੇ ਜਨਮ ਲੈ ਲਿਆ ਸੀ।

ਵਗਿਆਨੀਓ! ਤੁਹਾਨੂੰ ਹੈਰਾਨੀ ਹੋਏਗੀ। ਬੇਟੇ ਦੇ ਜਨਮ ਦੇ ਤਿੰਨ ਸਾਲ ਪਿੱਛੋਂ ਮੈਡੀਕਲ ਇਲਾਜ ਨਾਲ ਅੰਜਲਾ ਵੀ ਬੇਬੀ ਕਰਨ ਦੇ ਯੋਗ ਹੋ ਗਈ ਸੀ ਪਰ ਉਨ੍ਹਾਂ ਦੂਜਾ ਬੱਚਾ ਕੀਤਾ ਨਹੀਂ ਸੀ। ਪਤਾ ਕਿਉਂ? ਬੇਟਾ ਖ਼ੂਬਸੂਰਤ ਬਹੁਤ ਸੀ।... ਪਿਆਰ ਬਹੁਤ ਲੈਂਦਾ ਸੀ। ਦਿਲਕਬੀਰ ਨਾਲ ਹੀ ਉਨ੍ਹਾਂ ਨੂੰ ਇੰਨਾ ਮੋਹ ਪੈ ਗਿਆ ਸੀ, ਦੂਜੇ ਬੱਚੇ ਦੀ ਲੋੜ ਹੀ ਨਾ ਸਮਝੀ। ਉਹ ਆਪਣੇ ਛੋਟੇ-ਛੋਟੇ ਹੱਥ-ਪੈਰ ਮਾਰਦਾ ਰਹਿੰਦਾ। ਉਹ ਉਸਦੇ ਬੁੱਲ੍ਹਾਂ ਅਤੇ ਗੱਲ੍ਹਾਂ 'ਤੇ ਲਾਡੀਆਂ ਲਾਉਂਦੇ। ਉਹ ਮਸਤੀ ਨਾਲ ਕਿਲਕਾਰੀਆਂ ਮਾਰਦਾ। ਉਹਦੇ ਮੂੰਹ 'ਚੋਂ ਬੁਲਬੁਲੇ ਨਿਕਲਦੇ, ਉਹ ਖੁਸ਼ ਹੋ ਜਾਂਦੇ।

ਇਸ ਭਾਰਤੀ ਜੋੜੇ ਨੇ ਉਸ ਨੂੰ ਚਾਵਾਂ ਨਾਲ ਪਾਲਿਆ। ਉਹਨਾਂ ਲਈ ਦੁਨੀਆਂ 'ਤੇ ਸਭ ਕੁਝ ਦਿਲਕਬੀਰ ਹੀ ਸੀ। ਉਹ ਉਸ ਤੋਂ ਬਿਨਾਂ ਇਕ ਪਲ ਵੀ ਨਾ ਰਹਿੰਦੇ। ਦਿਲਕਬੀਰ ਵੱਡਾ ਹੁੰਦਾ ਗਿਆ। ਉਹ ਤੁਹਾਡੇ ਵਾਂਗ ਇੰਟੈਲੀਜੈਂਟ ਸੀ। ਉਸ ਨੇ ਇਲੈਕਟ੍ਰੋਨਿਕ-ਇੰਜੀਨੀਅਰਿੰਗ ਵਿਚ ਗ੍ਰੈਜੂਏਸ਼ਨ ਕਰ ਲਈ। ਉਹ ਇਕ ਗੋਰੀ ਲੜਕੀ ਬਰੈਂਡਾ ਨੂੰ ਦਿਲ ਦੇ ਬੈਠਾ। ਜਿਉਂ ਹੀ ਉਹ ਜੇ. ਜੇ. ਇਲੈਕਟ੍ਰੋਨਿਕ ਕੰਪਨੀ ਦਾ ਇੰਜੀਨੀਅਰ ਬਣਿਆ, ਉਹ 'ਤੇ ਬਰੈਂਡਾ ਵਿਆਹ ਕਰਵਾਉਣ ਦੀ ਡੇਟ ਪੱਕੀ ਕਰ ਲੈਂਦੇ ਹਨ। ਉਸ ਦੇ ਮੰਮੀ-ਪਾਪਾ ਬੜੇ ਖੁਸ਼ ਸਨ। ਉਹ ਵਿਆਹ ਦੀਆਂ ਤਿਆਰੀਆਂ ਵਿਚ ਰੁੱਝ ਗਏ ਸਨ।

ਦਿਲਕਬੀਰ ਵੀ ਕੰਪਿਊਟਰ ਦਾ ਨਵਾਂ ਪਾਰਟ ਬਣਾਉਣ ਵਿਚ ਰੁੱਝਿਆ ਹੋਇਆ ਸੀ। ਇਸ ਸੰਬੰਧੀ ਉਹ ਅਤੇ ਉਸਦੀ ਕੰਪਨੀ ਦੇ ਚਾਰ ਹੋਰ ਇੰਜੀਨੀਅਰ ਟੋਰਾਂਟੋ ਦੀ ਕੰਪਿਊਟਰ ਲੈਬ

ਸੁਣ ਨਾ ਸਾਡੇ ਹਾਉਕਿਆਂ ਦੀ ਦਾਸਤਾਂ, ਅਥਰੂ ਵਹਿੰਦੇ, ਸਿਵੇ ਬਲਦੇ ਰਹੇ।
ਠੋਕਰਾਂ ਖਾ ਕੇ ਵੀ ਮੰਜ਼ਿਲ ਪਾ ਲਈ,ਪੈਰ ਜਿਸਦੇ ਸੰਭਲ ਕੇ ਚਲਦੇ ਰਹੇ। -ਦਲਜੀਤ ਸਿੰਘ ਦਿਲਬਰ

ਗਏ। ਉਨ੍ਹਾਂ ਨੂੰ ਆਪਣੇ ਕੰਮ ਵਿਚ ਸਫ਼ਲਤਾ ਵੀ ਮਿਲੀ। ਵੀਕੈਂਡ 'ਤੇ ਉਹ ਨਿਆਗਰਾ ਫਾਲ ਦਾ ਆਨੰਦ ਲੈਂਦੇ। ਇਕ ਦਿਨ ਦਿਲਕਬੀਰ ਅਚਾਨਕ ਉਥੇ ਪਾਣੀ ਦੇ ਨੇੜੇ ਹੀ ਬੇਹੋਸ਼ ਹੋ ਕੇ ਡਿੱਗ ਪਿਆ। ਉਸ ਨੂੰ ਉੱਥੇ ਤਾਇਨਾਤ ਐਂਬੂਲੈਂਸ ਰਾਹੀਂ ਉਸ ਦੇ ਚਾਰ ਸਾਥੀਆਂ ਨੇ ਹਸਪਤਾਲ ਪਹੁੰਚਾਇਆ। ਉਹ ਵੈਂਟੀਲੇਟਰ 'ਤੇ ਸੀ। ਕੰਪਨੀ ਵਲੋਂ ਉਸ ਨੂੰ ਹੈਲੀਕਾਪਟਰ ਰਾਹੀਂ ਵੈਨਕੂਵਰ ਦੇ ਜਨਰਲ ਹਸਪਤਾਲ ਲਿਆਂਦਾ ਗਿਆ। ਡਾਕਟਰਾਂ ਦੀ ਕਈ ਦਿਨਾਂ ਦੀ ਜੱਦੋ-ਜਹਿਦ ਦੇ ਬਾਵਜੂਦ ਉਹ ਸੁਰਤ ਵਿਚ ਨਹੀਂ ਆਇਆ। ਡਾਕਟਰਾਂ ਨੇ ਦੱਸਿਆ ਕਿ ਉਸਦੇ ਹੋਰ ਸਾਰੇ ਅੰਦਰੂਨੀ ਅੰਗ ਮਸ਼ੀਨਾਂ ਦੀ ਸਹਾਇਤਾ ਨਾਲ ਸਹੀ ਕਾਰਜ ਕਰੀ ਜਾ ਰਹੇ ਹਨ ਪਰ ਦਿਮਾਗੀ ਤੌਰ 'ਤੇ ਉਸ ਦੀ ਮੌਤ ਹੋ ਚੁੱਕੀ ਹੈ।

ਜਿਉਂ ਹੀ ਡਾਕਟਰਾਂ ਨੇ ਉਸ ਦੀ ਬ੍ਰੇਨ ਡੈਥ ਦਾ ਐਲਾਨ ਕੀਤਾ, ਉਸ ਦੇ ਮੰਮੀ-ਪਾਪਾ ਇਕਦਮ ਸਦਮੇ ਵਰਗੀ ਉਦਾਸੀ ਦੀ ਜਕੜ ਵਿਚ ਆ ਗਏ। ਬਰੈਂਡਾ ਘਬਰਾ ਗਈ।

"ਸਰ, ਬ੍ਰੇਨ ਡੈਥ ਕੀ ਹੁੰਦੀ ਆ?" ਇਕ ਵਿਦਿਆਰਥੀ ਨੇ ਪ੍ਰੋਫ਼ੈਸਰ ਖ਼ਰੇ ਨੂੰ ਸਵਾਲ ਕੀਤਾ ਏ।

ਤੁਹਾਡੇ ਵਾਲਾ ਸਵਾਲ ਦਿਲਕਬੀਰ ਦੇ ਡੈਡ ਪ੍ਰਦੀਪ ਨੇ ਵੀ ਡਾਕਟਰਾਂ ਨੂੰ ਕੀਤਾ ਸੀ। ਇਕ ਡਾਕਟਰ ਇਸ ਭਾਰਤੀ ਜੋੜੇ ਨੂੰ ਦੂਜੇ ਕਮਰੇ ਵਿਚ ਲੈ ਗਿਆ ਸੀ। ਉੱਥੇ ਬੈੱਡ 'ਤੇ ਇਕ ਲੜਕੀ ਦੀ ਲਾਸ਼ ਪਈ ਸੀ। ਜਿਸ ਦੀ ਪੰਦਰਾਂ ਮਿੰਟ ਪਹਿਲਾਂ ਮੌਤ ਹੋਈ ਸੀ। ਉਸ ਦੀ ਸਤਾਰਾਂ ਦਿਨ ਪਹਿਲਾਂ ਬ੍ਰੇਨ ਡੈਥ ਹੋਈ ਸੀ ਪਰ ਉਹ ਪਰੈਗਨੈਂਟ ਸੀ। ਉਸ ਦੀ ਕੱਲ੍ਹ ਡਲਿਵਰੀ ਕਰਵਾਈ ਸੀ ਅਤੇ ਅੱਜ ਮੌਤ ਹੋ ਗਈ।

"ਇਸ ਵਿਚ ਬ੍ਰੇਨ ਡੈੱਡ ਹੋ ਜਾਂਦੈ, ਸਰੀਰ ਦਾ ਬਾਕੀ ਸਾਰਾ ਹਿੱਸਾ ਹਰਕਤ ਵਿਚ ਰਹਿੰਦੈ।" ਪ੍ਰੋਫ਼ੈਸਰ ਖ਼ਰੇ ਨੇ ਡਾਕਟਰਾਂ ਵਾਂਗ ਵਿਦਿਆਰਥੀਆਂ ਨੂੰ ਵੀ ਸਮਝਾਇਆ।

ਮਿੱਤਰੋ, ਦਿਲਕਬੀਰ ਦਾ ਦਿਲ ਧੜਕ ਰਿਹਾ ਸੀ। ਉਂਝ ਉਹ ਕੋਈ ਹਰਕਤ ਨਹੀਂ ਕਰ ਰਿਹਾ ਸੀ। ਸਰੀਰ ਦੇ ਕਿਸੇ ਵੀ ਅੰਗ ਵਿਚ ਹਿਲਜੁਲ ਨਹੀਂ ਸੀ। ਉਹਦੇ ਮਾਪਿਆਂ ਤੇ ਬਰੈਂਡਾ ਲਈ ਇਹ ਵੱਡਾ ਸਦਮਾ ਸੀ। ਦਿਲਕਬੀਰ ਨਾ ਜਿਉਂਦਿਆਂ ਵਿਚ ਸੀ ਤੇ ਨਾ ਮਰਿਆਂ ਵਿਚ। ਇਹ ਉਨ੍ਹਾਂ ਤਿੰਨਾਂ ਲਈ ਹੋਰ ਵੀ ਅਸਹਿ ਸੀ। ਉਨ੍ਹਾਂ ਦਾ ਦਿਲ ਤਾਂ ਕਰਦਾ ਸੀ, ਦਿਲਕਬੀਰ ਠੀਕ ਹੋ ਜਾਵੇ ਤੇ ਉੱਠ ਕੇ ਬੈਠ ਜਾਵੇ, ਪਰ ਡਾਕਟਰਾਂ ਨੇ ਨਾਂਹ ਵਿਚ ਸਿਰ ਫੇਰ ਦਿੱਤਾ ਸੀ।

"ਇਹ ਹੁਣ ਉੱਠ ਨ੍ਹੀਂ ਸਕੇਗਾ। ਪੰਜ, ਦਸ, ਸਤਾਰਾਂ, ਤੀਹਾਂ... ਦਿਨਾਂ ਬਾਅਦ ਕਦੇ ਵੀ ਮੌਤ ਹੋ ਸਕਦੀ ਆ।... ਇਕ ਗੱਲ ਸੱਚੀ ਆ, ਇਹ ਕਦੇ ਵੀ ਜੀਵਤ ਨ੍ਹੀਂ ਹੋਵੇਗਾ।"

ਡਾਕਟਰ ਦੀ ਗੱਲ ਸੁਣ ਕੇ ਮਾਂ ਦਾ ਕਲੇਜਾ ਕੰਬਿਆ ਸੀ। ਉਹ ਫ਼ਰਸ਼ 'ਤੇ ਹੀ ਬੈਠ ਗਈ ਸੀ। ਉਸ ਦੇ ਪਤੀ ਨੇ ਉਸ ਨੂੰ ਦਿਲਾਸਾ ਦੇ ਕੇ ਕੁਰਸੀ 'ਤੇ ਬਿਠਾਇਆ ਸੀ। ਬਰੈਂਡਾ ਮਾਂ ਦੇ ਵਾਲਾਂ ਵਿਚ ਹੱਥ ਫੇਰਨ ਲੱਗੀ।

"ਮੰਮ...ਡੈਡ, ਕਿਉਂ ਨਾ ਆਪਾਂ ਦਿਲਕਬੀਰ ਦਾ ਸਰੀਰ ਦਾਨ ਕਰ ਦੇਈਏ?"

"ਬਰੈਂਡਾ, ਇਹ ਕੀ ਕਹਿੰਨੀ ਆਂ? ਲੈਬਾਂ ਵਿਚ ਮੇਰੇ ਪੁੱਤ ਦੀ ਦੇਹ ਰੁਲ ਜੂ।" ਪ੍ਰਦੀਪ ਨੇ ਨਾਂਹ ਵਿਚ ਸਿਰ ਮਾਰਿਆ ਸੀ।

"ਬੇਟਾ, ਜੇ ਇਹਦਾ ਸਸਕਾਰ ਨਾ ਹੋਇਆ। ਇਹਦੀ ਆਤਮਾ ਭਟਕਦੀ ਫਿਰੇਗੀ। ਇਹ ਪ੍ਰੇਤ ਬਣ ਕੇ ਸਾਨੂੰ ਤੰਗ ਕਰੇਗਾ।" ਅੰਜਲਾ ਡਰੀ ਬੈਠੀ ਸੀ।

"ਮੰਮ, ਇਹ ਛੱਡ ਦਿਓ ਪੁਰਾਣੀਆਂ ਗੱਲਾਂ। ਅਜਿਹਾ ਕੁਝ ਨਹੀਂ ਹੁੰਦਾ। ਉਹ ਸਗੋਂ ਮਰ ਕੇ ਵੀ ਜਿਊਂਦਾ ਰਹੇਗਾ। ਤੁਸੀਂ ਉਸ ਦੇ ਅੰਗ ਦੂਜਿਆਂ ਨੂੰ ਦਾਨ ਕਰਕੇ ਉਸ ਨੂੰ ਆਪਣੇ ਨੇੜੇ ਮਹਿਸੂਸ ਕਰੋਗੇ।" ਬਰੈਂਡਾ ਉਨ੍ਹਾਂ ਦੀ ਝਿਜਕ ਦੂਰ ਕਰਨ ਲੱਗੀ।

"ਡੈਡ, ਇਸ ਦਾ ਦਿਲ ਧੜਕ ਰਿਹਾ। ਕਿਉਂ ਨਾ ਆਪਾਂ ਕਿਸੇ ਲੋੜਵੰਦ ਨੂੰ ਦਾਨ ਕਰ ਦੇਈਏ?"

"ਓ.ਕੇ., ਬਰੈਂਡਾ।" ਪ੍ਰਦੀਪ ਨੇ ਸਹਿਮਤੀ ਦਿੱਤੀ ਸੀ।

ਉਸ ਦੀ ਪਤਨੀ ਅੰਜਲਾ ਵੀ ਮੰਨ ਗਈ ਸੀ। ਉਹ ਆਪਣੇ ਸਰੀਰ ਤੋਂ ਪਾਰ ਇਕ ਹੋਰ ਸਰੀਰ ਵਿਚ ਜਿਊਣ ਜਾ ਰਿਹਾ ਸੀ। ਦਿਲਕਬੀਰ ਦਾ ਦਿਲ ਇਕ ਲੜਕੀ ਨੂੰ ਦਾਨ ਕਰ ਦਿੱਤਾ ਗਿਆ। ਇਸ ਕਾਰਜ ਨੂੰ ਅੰਜ਼ਾਮ ਦੇਣ ਲਈ ਡਾਕਟਰਾਂ ਨੂੰ ਲਗਾਤਾਰ ਅਠਤਾਲੀ ਘੰਟੇ ਮਿਹਨਤ ਕਰਨੀ ਪਈ। ਇਸ ਤੋਂ ਪਿੱਛੋਂ ਉਸ ਦੀ ਮੌਤ ਹੋ ਗਈ।

ਬਰੈਂਡਾ ਨਵੇਂ ਦੋਸਤ ਨਾਲ ਰਹਿਣ ਲੱਗ ਪਈ। ਉਹ ਦਿਲਕਬੀਰ ਨੂੰ ਭੁਲਾਉਣ ਦੀ ਕੋਸ਼ਿਸ਼ ਕਰਨ ਲੱਗੀ ਪਰ ਉਸ ਦੇ ਮੰਮੀ-ਡੈਡੀ ਉਸ ਨੂੰ ਹਰ ਰੋਜ਼ ਯਾਦ ਕਰਦੇ। ਮੰਮੀ, ਬੇਟੇ ਦੀ ਫੋਟੋ ਵੀ ਨਿੱਤ ਸਾਫ਼ ਕਰਦੀ। ਉਸ ਦੇ ਸਾਮਾਨ ਨੂੰ ਸਾਂਭ-ਸਾਂਭ ਰੱਖਦੀ। ਟੀ.ਵੀ. 'ਤੇ ਛੋਟੇ-ਬੱਚਿਆਂ ਦੀਆਂ ਫੋਟੋਆਂ ਨੂੰ ਦੇਖ ਕੇ ਕਹਿੰਦੀ-

"ਜੇ ਅੱਜ ਦਿਲਕਬੀਰ ਜਿਉਂਦਾ ਹੁੰਦਾ, ਸਾਡੇ ਵੀ ਪੋਤਾ ਜਾਂ ਪੋਤੀ ਹੁੰਦੇ। ਮੈਂ ਉਹਨਾਂ ਨੂੰ ਖਿਡਾਉਂਦੀ।" ਉਸਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ।

"ਮੇਰਾ ਬੇਟਾ ਜੀਨੀਅਸ ਸੀ। ਉਸਨੇ ਤਾਂ ਕੋਈ ਵੱਡੀ ਖੋਜ ਕਰਨੀ ਸੀ। ਦੁਨੀਆਂ ਨੂੰ ਕੋਈ ਵੱਡਾ ਤੋਹਫ਼ਾ ਦੇਣਾ ਸੀ। ਜਿਵੇਂ ਐਡੀਸਨ ਨੇ ਬਲਬ ਦੀ ਖੋਜ ਕਰਕੇ ਸੰਸਾਰ ਵਿਚ ਚਾਨਣ ਹੀ ਚਾਨਣ ਕਰ ਦਿੱਤਾ ਸੀ।"

ਬੱਚਿਓ, ਤੁਹਾਡੇ ਮਾਂ-ਬਾਪ ਵਾਂਗ ਪ੍ਰਦੀਪ ਆਪਣੇ ਬੇਟੇ ਦੇ ਖੋਜੀ ਸੁਭਾਅ ਤੋਂ ਜਾਣੂ ਸੀ। ਉਸਨੂੰ ਆਸ ਸੀ ਕਿ ਉਹ ਕੰਪਿਊਟਰ ਦੇ ਖੇਤਰ ਵਿਚ ਕੁਝ ਖੋਜੇਗਾ ਪਰ ਉਸ ਦੀ ਮੌਤ ਨੇ ਸਭ ਕੁਝ ਢਹਿ-ਢੇਰੀ ਕਰ ਦਿੱਤਾ ਸੀ। ਜਦੋਂ ਵਿਗਿਆਨ ਦੀ ਕਿਸੇ ਨਵੀਂ ਲੱਭਤ ਬਾਰੇ ਟੀ.ਵੀ. ਖਬਰ ਪ੍ਰਸਾਰਤ ਕਰਦਾ, ਉਸ ਨੂੰ ਆਪਣਾ ਬੇਟਾ ਚੇਤੇ ਆ ਜਾਂਦਾ।

"ਸ਼ਾਇਦ ਇਹ ਖੋਜ ਦਿਲਕਬੀਰ ਕਰ ਲੈਂਦਾ।"

ਉਸ ਦੀ ਦੂਜੀ ਬਰਸੀ 'ਤੇ ਉਹਨਾਂ ਉਸ ਨੂੰ ਬਹੁਤ ਮਿਸ ਕੀਤਾ। ਉਸ ਦੀ ਮਾਂ ਨੇ ਤਾਂ ਰੋ-ਰੋ ਕੇ ਬੁਰਾ ਹਾਲ ਕਰ ਲਿਆ। ਨਾ ਉਹ ਨਹਾਤੀ। ਵਾਲ ਖਿਲਰੇ ਹੋਏ। ਅੱਖਾਂ ਲਾਲ ਹੋਈਆਂ ਪਈਆਂ ਸਨ।... ਉਸ ਨੂੰ ਉਹ ਕੁੜੀ ਯਾਦ ਆਈ, ਜਿਸ ਨੂੰ ਦਿਲਕਬੀਰ ਦਾ ਦਿਲ ਦਾਨ ਕੀਤਾ ਸੀ। ਹਸਪਤਾਲ ਵਾਲਿਆਂ ਨੇ ਕੁੜੀ ਨੂੰ ਉਨ੍ਹਾਂ ਨਾਲ ਮਿਲਾਇਆ ਨਹੀਂ ਸੀ। ਨਾ ਉਸ ਦਾ ਨਾਂ ਅਤੇ ਅਤਾ-ਪਤਾ ਦੱਸਿਆ ਸੀ। ਹਸਪਤਾਲ ਵਾਲੇ ਦੋਨਾਂ ਪਾਰਟੀਆਂ ਦਾ ਬਾਇਓਡਾਟਾ ਇਕ-ਦੂਜੇ ਤੋਂ ਗੁਪਤ ਰੱਖਦੇ ਹਨ। ਉਨ੍ਹਾਂ ਦੀ ਸ਼ਰਤ ਸੀ ਕਿ ਦਾਨ ਲੈਣ ਵਾਲੇ ਦਾ ਉਹ ਨਾਂ ਤੱਕ ਵੀ ਨਸ਼ਰ ਨਹੀਂ ਕਰਦੇ ਸਨ। ਦਾਨੀ ਦਾ ਨਾਂ ਜ਼ਰੂਰ ਦੱਸਦੇ ਸਨ। ਪ੍ਰਦੀਪ ਸਾਰਾ ਦਿਨ ਸੋਚਦਾ ਰਿਹਾ ਸੀ ਕਿ ਉਸ ਕੁੜੀ ਨੂੰ ਕਿਵੇਂ ਲੱਭਿਆ ਜਾਵੇ?

ਜਿਹੜੀ ਸੋਚ ਦੀ ਲੋੜ ਸੀ ਸਾਨੂੰ, ਉਹਦਾ ਕਾਲ ਏ ਚਾਚਾ।
ਤਾਂ ਤੇ ਸਾਡਾ ਡੰਗਰਾਂ ਤੋਂ ਵੀ, ਭੈੜਾ ਹਾਲ ਏ ਚਾਚਾ। -ਇਰਸ਼ਾਦ ਸੰਧੂ

ਉਹ ਅਗਲੇ ਦਿਨ ਰੋਂਦੀ ਕੁਰਲਾਉਂਦੀ ਪਤਨੀ ਨੂੰ ਲੈ ਕੇ ਹਸਪਤਾਲ ਗਿਆ ਸੀ। ਉਸ ਨੇ ਦਿਲ ਦਾਨ ਲੈਣ ਵਾਲੀ ਕੁੜੀ ਦਾ ਐਡਰੈੱਸ ਪੁੱਛਿਆ। ਹਸਪਤਾਲ ਵਾਲਿਆਂ ਨਾਂਹ ਕਰ ਦਿੱਤੀ। ਉਹਨਾਂ ਸ਼ਰਤਾਂ ਵਾਲਾ ਉਹ ਐਗਰੀਮੈਂਟ ਮੂਹਰੇ ਕਰ ਦਿੱਤਾ, ਜਿਸ ਉਪਰ ਉਨ੍ਹਾਂ ਦਸਤਖ਼ਤ ਕੀਤੇ ਸਨ। ਅੰਜਲਾ ਇਕ ਮਾਂ ਦੀ ਮਮਤਾ ਦਾ ਵਾਸਤਾ ਪਾਉਂਦੀ ਰਹੀ ਪਰ ਉਹ ਮੰਨੇ ਨਾ।

''ਇਹ ਇਕ ਵਾਰ ਹਾਰਟ ਬੀਟ ਸੁਣਨਾ ਚਾਹੁੰਦੀ ਏ। ਮੁੜਕੇ ਕਦੇ ਵੀ ਉਸ ਨੂੰ ਮਿਲੇਗੀ ਨਹੀਂ।'' ਪ੍ਰਦੀਪ ਨੇ ਹਸਪਤਾਲ ਦੇ ਮੈਨੇਜਰ ਨਾਲ ਵਾਅਦਾ ਕੀਤਾ।

ਵਿਦਿਆਰਥੀਓ, ਪ੍ਰਦੀਪ ਤੇ ਅੰਜਲਾ ਦੀ ਹਾਲਤ ਦੇਖੀ ਨਹੀਂ ਜਾ ਰਹੀ ਸੀ। ਉਹ ਉਨ੍ਹਾਂ ਅੱਗੇ ਲੇਲ੍ਹੜੀਆਂ ਕੱਢ ਰਹੇ ਸਨ। ਹਸਪਤਾਲ ਦੀ ਡਾਟਾ-ਫੀਡ ਕਰਨ ਵਾਲੀ ਇਕ ਗੋਰੀ ਮੁਲਾਜ਼ਮ ਪਸੀਜ ਗਈ।

''ਸੌਰੀ ਸਰ, ਸਾਡੇ ਹਸਪਤਾਲ ਦਾ ਰਿਕਾਰਡ ਗੁਪਤ ਰਹਿੰਦਾ ਹੈ। ਨਸ਼ਰ ਨ੍ਹੀਂ ਕੀਤਾ ਜਾ ਸਕਦਾ। ਤੁਸੀਂ ਇੰਟਰਨੈੱਟ 'ਤੇ ਸਰਚ ਕਰ ਲਵੋ। ਅੰਗ ਦਾਨ ਕਰਨ ਵਾਲੀਆਂ ਵੈੱਬਸਾਈਟ ਚੈੱਕ ਕਰੋ। ਜਿਨ੍ਹਾਂ ਨੂੰ ਅੰਗਾਂ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਓਥੇ ਆਪਣੀ ਡਿਮਾਂਡ ਤੇ ਬਾਇਓਡਾਟਾ ਪਾਇਆ ਹੁੰਦਾ। ਉਹ ਪੰਜ ਸਾਲ ਤੱਕ ਸੇਵ ਰਹਿੰਦਾ ਏ।'' ਗੋਰੀ ਨੇ ਉਨ੍ਹਾਂ ਨੂੰ ਕਲਿਊ ਦਿੱਤਾ ਸੀ।

ਘਰ ਪੁੱਜ ਕੇ ਪ੍ਰਦੀਪ ਨੇ ਲੈਪਟੋਪ ਆਨ ਕਰ ਲਿਆ ਸੀ। ਉਹ ਤੇ ਅੰਜਲਾ ਲੜਕੀ ਦੀ ਸਰਚ ਕਰਨ ਲੱਗੇ। ਵੱਖ-ਵੱਖ ਅੰਗਾਂ ਦੀ ਡਿਮਾਂਡ ਕਰਨ ਵਾਲਿਆਂ ਦੀ ਗਿਣਤੀ ਪੰਦਰਾਂ ਲੱਖ ਸੀ। ਉਹਨਾਂ ਵਿਚੋਂ ਦਿਲ ਦੀ ਮੰਗ ਕਰਨ ਵਾਲੇ ਡੇਢ ਲੱਖ ਮਰਦ ਸਨ, ਪੈਂਤੀ ਹਜ਼ਾਰ ਔਰਤਾਂ ਅਤੇ ਲੜਕੀਆਂ ਸਨ। ਜਿਨ੍ਹਾਂ ਲੜਕੀਆਂ ਦੇ ਹਾਰਟ ਸ਼ਰਿੰਕ ਹੋ ਗਏ ਸਨ, ਉਹ ਪੰਜ ਹਜ਼ਾਰ ਮਰੀਜ਼ ਸਨ। ਬਾਰ੍ਹਾਂ ਸੌ ਮਰੀਜ਼ ਉਹ ਸਨ, ਜਿਨ੍ਹਾਂ ਨੇ ਫੇਸਬੁੱਕ ਰਾਹੀਂ ਹਸਪਤਾਲਾਂ ਨਾਲ ਸਬੰਧ ਜੋੜੇ ਹੋਏ ਸਨ। ਉਨ੍ਹਾਂ ਦੀ ਲਗਾਤਾਰ ਗੱਲ ਹੁੰਦੀ ਰਹਿੰਦੀ ਹੈ। ਪ੍ਰਦੀਪ ਨੇ ਇਨ੍ਹਾਂ ਬਾਰਾਂ ਸੌ ਮਰੀਜ਼ਾਂ ਦੇ ਫੇਸਬੁੱਕ ਦੇ ਅਕਾਊਂਟ ਚੈੱਕ ਕੀਤੇ। ਫੇਸਬੁੱਕ 'ਤੇ 'ਯੂਨੀਵਰਸਿਟੀ ਆਫ਼ ਵਿਕਟੋਰੀਆ' ਨੇ 'ਪਿਛਲੇ ਦਸ ਸਾਲ ਦਾ ਨਾਇਕ' ਬਾਰੇ ਸਵਾਲ ਪਾਇਆ ਸੀ। ਯੂਨੀਵਰਸਿਟੀ ਆਪਣੇ ਪੇਜ਼ ਰਾਹੀਂ ਸੰਸਾਰ ਪੱਧਰ ਦੀਆਂ ਨਾਮੀ ਸ਼ਖ਼ਸੀਅਤਾਂ ਦਾ ਸਰਵੇਖਣ ਕਰਵਾ ਰਹੀ ਸੀ। ਟੇਨਾ ਨਾਂ ਦੀ ਲੜਕੀ ਨੇ ਇਸ ਪੇਜ਼ ਨੂੰ ਲਾਈਕ ਕੀਤਾ ਹੋਇਆ ਸੀ। ਉਸ ਨੇ ਨਾਇਕ ਦੇ ਖ਼ਾਨੇ ਵਿਚ ਦਿਲਕਬੀਰ ਲਿਖਿਆ ਹੋਇਆ ਸੀ। ਦਿਲਕਬੀਰ ਬਾਰੇ ਪੰਦਰਾਂ ਪੰਨਿਆਂ ਦੀ ਅਟੈਚਮੈਂਟ ਲੱਗੀ ਹੋਈ ਸੀ। ਜਿਸ ਨੂੰ ਪੜ੍ਹ ਕੇ ਬੰਦੇ ਦਾ ਹੱਥ ਸਲੂਟ ਮਾਰਨ ਲਈ ਉੱਪਰ ਉੱਠ ਪੈਂਦਾ ਹੈ। ਉਸੇ ਵੇਲੇ ਪ੍ਰਦੀਪ ਨੇ ਟੇਨਾ ਨੂੰ ਫ਼ੋਨ ਲਾਇਆ ਸੀ।

''ਅਸੀਂ ਦਿਲਕਬੀਰ ਦੇ ਮਾਪੇ ਹਾਂ।''

ਉਹ ਤੇ ਅੰਜਲਾ ਉਸ ਨਾਲ ਕਿੰਨਾ ਚਿਰ ਦਿਲਕਬੀਰ ਦੀਆਂ ਗੱਲਾਂ ਕਰਦੇ ਰਹੇ। ਉਸ ਦੇ ਸਰੀਰ ਅੰਦਰ ਧੜਕ ਰਹੇ ਦਿਲ ਬਾਬਤ ਪੁੱਛਦੇ ਰਹੇ।

''ਅਸੀਂ ਤੈਨੂੰ ਮਿਲਣਾ ਚਾਹੁੰਦੇ ਆਂ। ਆਪਣੇ ਗ੍ਰੇਟ-ਸਨ ਦੀ ਆਵਾਜ਼ ਸੁਣਨ ਲਈ।'' ਅੰਜਲਾ ਨੇ ਬੇਨਤੀ ਕੀਤੀ।

ਟੇਨਾ ਨੇ ਨਾਂਹ ਕਰ ਦਿੱਤੀ। ਪ੍ਰਦੀਪ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕਰਨ ਲੱਗਾ।

''ਬੇਟੀ, ਸਿਰਫ਼ ਇਕ ਵਾਰ।''

ਉਹ ਗੋਰੀ 'ਬੇਟੀ' ਸ਼ਬਦ ਸੁਣ ਕੇ ਪਿਘਲ ਗਈ। ਅੰਜਲਾ ਨੇ ਉਹਨੂੰ ਰੋ-ਰੋ ਕੇ ਆਪਣਾ ਹਾਲ ਸੁਣਾਇਆ। ਦੋਨੋਂ ਜੀਅ ਉਸ ਨੂੰ ਮਿਲਣ ਦੀ ਆਪਣੇ ਜੀਵਨ ਦੀ ਆਖ਼ਰੀ ਇੱਛਾ ਦੱਸਦੇ ਹਨ। ਆਖ਼ਿਰ ਵਿਚ ਉਹ ਮੰਨ ਗਈ। ਉਹ ਹਵਾਈ ਜਹਾਜ਼ ਰਾਹੀਂ ਸਾਢੇ ਤਿੰਨ ਸੌ ਕਿਲੋਮੀਟਰ ਦੂਰ ਟੇਨਾ ਦੇ ਘਰ ਜਾਂਦੇ ਹਨ। ਉਸ ਲਈ ਤੋਹਫ਼ੇ ਲੈ ਕੇ ਉਸ ਦੇ ਘਰ ਪੁੱਜਦੇ ਹਨ। ਉਥੇ ਉਹ ਸਵੇਰ ਤੋਂ ਲੈ ਕੇ ਸ਼ਾਮ ਤੱਕ ਰਹੇ।

ਉਨ੍ਹਾਂ ਉਸ ਨੂੰ ਆਪਣੇ ਵਿਚਕਾਰ ਬਿਠਾ ਲਿਆ ਸੀ। ਉਸ ਨੂੰ ਆਪ ਲੰਚ ਕਰਵਾਇਆ। ਉਨ੍ਹਾਂ ਕਈ ਵਾਰ ਸਟੈਥੋਸਕੋਪ ਨਾਲ ਹਾਰਟ ਬੀਟ ਸੁਣੀ। ਉਹ ਗਦਗਦ ਹੋ ਉੱਠੇ। ਉਨ੍ਹਾਂ ਦੇ ਚਿਹਰਿਆਂ 'ਤੇ ਲਾਲੀ ਆ ਗਈ। ਉਹ ਕਦੇ ਟੇਨਾ ਨੂੰ ਜੂਸ ਪਿਲਾਉਂਦੇ ਰਹੇ, ਕਦੇ ਵਿਸਕੀ ਤੇ ਕਦੇ ਪੀਜ਼ਾ ਖੁਆਉਂਦੇ ਰਹੇ। ਵਾਪਸੀ 'ਤੇ ਇਕ ਵਾਰ ਫੇਰ ਹਾਰਟ ਬੀਟ ਸੁਣੀ। ਉਹ ਖ਼ੁਸ਼ੀ-ਖ਼ੁਸ਼ੀ ਵਾਪਸ ਆਪਣੇ ਘਰ ਆ ਗਏ।

ਕਹਾਣੀ- ਦੂਜੀ

ਪਿਆਰੇ ਵਿਦਿਆਰਥੀਓ, ਕਹਾਣੀਆਂ ਮਨੁੱਖੀ ਜੀਵਨ ਦਾ ਅਕਸ ਹੁੰਦੀਆਂ ਹਨ। ਇਨ੍ਹਾਂ ਵਿਚ ਸਵਾਲ ਉਠਾਏ ਵੀ ਜਾ ਸਕਦੇ ਆ ਤੇ ਸਵਾਲਾਂ ਦੇ ਜਵਾਬ ਵੀ ਮਿਲ ਜਾਂਦੇ ਆ। ਕਹਾਣੀ ਇਕ ਵਿਚੋਂ ਵੀ ਤੁਹਾਨੂੰ ਕੁਝ ਸਵਾਲਾਂ ਦੇ ਜਵਾਬ ਮਿਲ ਗਏ ਹੋਣਗੇ। ਜਿਹੜੇ ਰਹਿ ਗਏ, ਮੈਂ ਇਕ ਹੋਰ ਕਹਾਣੀ ਸੁਣਾਉਂਦਾ ਆਂ। ਉਸ ਤੋਂ ਮਿਲ ਜਾਣਗੇ।

ਅਦਾਲਤ ਨੇ ਇਕ ਬਿਰਜੂ ਨਾਂ ਦੇ ਨੌਜਵਾਨ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ। ਇਹ ਸ਼ਖ਼ਸ ਰੱਜੇ-ਪੁੱਜੇ ਪਰਿਵਾਰ ਦਾ ਜੰਮਪਲ ਏ। ਇਸ ਦਾ ਪਰਿਵਾਰ ਸੱਤਾਧਾਰੀ ਪਾਰਟੀ ਦੇ ਬਹੁਤ ਨੇੜੇ ਆ। ਪਰਿਵਾਰ ਦੇ ਕੁਝ ਮੈਂਬਰ ਸਰਕਾਰੀ ਉੱਚ ਅਹੁਦਿਆਂ 'ਤੇ ਹਨ। ਉਸਨੇ ਦਿੱਲੀ ਦੀ ਇਕ ਯੂਨੀਵਰਸਿਟੀ ਵਿਚ ਇੰਡੀਅਨ ਹਿਸਟਰੀ ਦੀ ਮਾਸਟਰ ਡਿਗਰੀ ਕਰਨ ਲਈ ਦਾਖ਼ਲ ਲਿਆ। ਪਾਰਟੀ ਨੇ ਉਸ ਨੂੰ ਸਟੂਡੈਂਟ ਵਿੰਗ ਦੀ ਕਮਾਂਡ ਸੰਭਾਲ ਦਿੱਤੀ। ਪਹਿਲੇ ਸਾਲ ਵਿਚ ਹੀ ਉਸ ਦੇ ਨਾਂ ਦੀ ਤੂਤੀ ਬੋਲਣ ਲੱਗ ਪਈ ਪਰ ਇਕ ਲੜਕੀ ਦੇ ਕਤਲ ਦੇ ਦੋਸ਼ ਵਿਚ ਟੰਗਿਆ ਗਿਆ। ਜਦੋਂ ਉਹ ਜੇਲ੍ਹ ਅੰਦਰ ਪੁੱਜਾ, ਉਸ ਨੇ ਕੈਦੀਆਂ ਨਾਲ ਆਪਣੀ ਜਾਣ-ਪਛਾਣ ਇਉਂ ਕਰਵਾਈ: ''ਮੈਂ ਉਸ ਸਟੂਡੈਂਟ ਯੂਨੀਅਨ ਦਾ ਲੀਡਰ ਹਾਂ, ਜਿਹੜੀ ਰਾਸ਼ਟਰ ਪ੍ਰੇਮੀ ਹੈ।... ਤੇ ਦੇਸ਼ ਧ੍ਰੋਹੀਆਂ ਖ਼ਾਸਕਰ ਪਾਕਿਸਤਾਨੀ ਹਮਾਇਤੀਆਂ ਖ਼ਿਲਾਫ਼ ਮੁਹਿੰਮ ਚਲਾ ਰਹੀ ਏ। ਮੇਰੇ ਹੱਥੋਂ ਦੇਸ ਦੇ ਚਾਰ ਦੁਸ਼ਮਣਾਂ ਦਾ ਸਫਾਇਆ ਹੋ ਗਿਆ।... ਤੇ ਯਾਰਾਂ ਨੂੰ ਫ਼ਾਂਸੀ ਦੀ ਸਜ਼ਾ ਹੋ ਗਈ।''

ਬਿਰਜੂ ਨੇ ਬੜੇ ਮਾਣ ਨਾਲ ਅਤੇ ਹਿੱਕ ਠੋਕ ਕੇ ਇਹ ਗੱਲ ਕਹੀ। 'ਦੁਸ਼ਮਣਾਂ ਦੇ ਸਫ਼ਾਏ' ਵਾਲੀ ਗੱਲ 'ਤੇ ਜ਼ਰਾ ਜ਼ੋਰ ਦਿੱਤਾ। ਉਸ ਦੇ ਖੂੰਖਾਰ ਚਿਹਰੇ ਨੂੰ ਦੇਖ ਕੇ ਕੈਦੀਆਂ ਦੇ ਮਨਾਂ ਵਿਚ ਦਹਿਸ਼ਤ ਬੈਠ ਗਈ। ਉਹ ਉਸ ਦੀ ਮੁੱਠੀ-ਚਾਪੀ ਕਰਨ ਲੱਗ ਪਏ। ਜੇਲ੍ਹ ਪ੍ਰਸ਼ਾਸਨ ਵਲੋਂ ਵੀ ਉਸ ਦੀ ਸੇਵਾ ਤੇ ਖ਼ਾਸ ਤਵੱਜੋ ਦਿੱਤੀ ਜਾ ਰਹੀ ਸੀ।

ਕੁਝ ਮਹੀਨਿਆਂ ਬਾਅਦ ਉਸੇ ਯੂਨੀਵਰਸਿਟੀ ਦਾ ਇਕ

ਹੱਸਿਆ ਕਰ, ਤੂੰ ਗਾਇਆ ਕਰ। ਆਪਣਾ ਮਨ ਪਰਚਾਇਆ ਕਰ।
ਦੱਸਿਆ ਕਰ, ਜਦ ਪੁੱਛਾਂ ਮੈਂ, ਪੱਥਰ ਨਾ ਬਣ ਜਾਇਆ ਕਰ। -ਹਰਜੀਤ ਦੁਸਾਂਝ

ਹੋਰ ਵਿਦਿਆਰਥੀ ਨੇਤਾ ਮੋਹਿਤ ਸਰਕਾਰ ਵੱਲੋਂ ਜੇਲ੍ਹ ਭੇਜ ਦਿੱਤਾ ਗਿਆ। ਉਸ ਉੱਤੇ ਦੇਸ਼ ਧ੍ਰੋਹ, ਸਰਕਾਰ ਖ਼ਿਲਾਫ਼ ਬਗ਼ਾਵਤ ਕਰਨ ਅਤੇ ਸਰਕਾਰੀ ਤੇ ਪ੍ਰਾਈਵੇਟ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਕੇਸ ਮੜ੍ਹੇ ਗਏ ਸਨ। ਉਹ ਜੇਲ੍ਹ ਅੰਦਰ ਬਿਰਜੂ ਬਾਰੇ ਪ੍ਰਚੱਲਤ ਦੰਦ-ਕਥਾਵਾਂ ਸੁਣ ਕੇ ਮੁਸਕਰਾ ਪਿਆ। ਉਸ ਨੇ ਕੈਦੀਆਂ ਨੂੰ ਬਿਰਜੂ ਬਾਰੇ ਪਤਾ ਕੀ ਦੱਸਿਆ?

"ਸਰ, ਕੀ ਦੱਸਿਆ?" ਸਾਰੇ ਵਿਦਿਆਰਥੀ ਇਕੋ ਸਾਹੇ ਬੋਲੇ।

"ਅੱਜ ਦੀ ਤਰੀਕ ਵਿਚ ਹਕੂਮਤ ਆਪਣੀ ਜਨਤਾ ਨੂੰ ਵਿਦਿਆ, ਰੁਜ਼ਗਾਰ, ਸਿਹਤ-ਸਹੂਲਤਾਂ, ਖ਼ੁਰਾਕ ਤੇ ਜਿਉਣਯੋਗ ਵਾਤਾਵਰਣ ਦੇ ਨਹੀਂ ਪਾ ਰਹੀ। ਇਸ ਕਾਰਨ ਨਪੀੜੀ ਹੋਈ ਭਾਰਤ ਦੀ ਜਨਤਾ ਸੰਘਰਸ਼ਾਂ ਦੇ ਰਾਹ ਪਈ ਹੋਈ ਹੈ। ਸਾਡੀ ਕ੍ਰਾਂਤੀਕਾਰੀ ਸਟੂਡੈਂਟ ਯੂਨੀਅਨ ਵੀ ਮੁਫ਼ਤ ਵਿਦਿਆ ਅਤੇ ਸਭਨਾਂ ਨੂੰ ਰੁਜ਼ਗਾਰ ਲਈ ਲੜ ਰਹੀ ਹੈ। ਹਕੂਮਤ ਨੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ ਜਾਤ, ਧਰਮ, ਭਾਸ਼ਾ ਤੇ ਭਾਰਤ-ਪਾਕਿਸਤਾਨ ਦੇ ਮੁੱਦੇ ਲੋਕਾਂ ਵਿਚ ਉਭਾਰੇ। ਜਨਤਾ ਨੂੰ ਹਿੰਦੂ ਮੁਸਲਮਾਨਾਂ ਵਿਚ ਵੰਡ ਦਿੱਤਾ ਪਰ ਸਾਡੀ ਯੂਨੀਅਨ ਚਾਨਣ ਫੈਲਾਉਣ ਵਾਲੀ ਵਿਦਿਆ ਅਤੇ ਢਿੱਡ ਭਰਨ ਲਈ ਰੁਜ਼ਗਾਰ ਦੀ ਲੜਾਈ ਨੂੰ ਦਿੱਲੀ ਦੀਆਂ ਸੜਕਾਂ 'ਤੇ ਲੈ ਆਈ।"

ਬੱਚਿਓ, ਮੋਹਿਤ ਇਵੇਂ ਬੋਲ ਰਿਹਾ ਸੀ, ਜਿਵੇਂ ਕਿਸੇ ਵੱਡੀ ਰੈਲੀ ਨੂੰ ਸੰਬੋਧਨ ਕਰ ਰਿਹਾ ਹੋਵੇ-

"ਹਕੂਮਤ ਨੇ ਬਿਰਜੂ ਹੁਰਾਂ ਦੀ ਯੂਨੀਅਨ ਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਿਆ। ਰਾਤ ਦੇ ਸਮੇਂ ਹੋਸਟਲਾਂ ਵਿਚ ਰਹਿ ਰਹੇ ਵਿਦਿਆਰਥੀਆਂ 'ਤੇ ਹੱਲਾ ਬੋਲ ਦਿੱਤਾ। ਇਨ੍ਹਾਂ ਦੇ ਨਕਾਬਪੋਸ਼ਾਂ ਨੇ ਲੋਹੇ ਦੀਆਂ ਰਾਡਾਂ ਨਾਲ ਨਿਹੱਥੇ ਵਿਦਿਆਰਥੀਆਂ ਦੇ ਸਿਰ ਪਾੜ ਦਿੱਤੇ। ਲਹੂ ਦੀਆਂ ਤਤੀਰੀਆਂ ਨਾਲ ਫਰਸ਼ ਲਾਲੋ ਲਾਲ ਹੋ ਗਏ। ਦੇਸ਼ ਦੀਆਂ ਧੀਆਂ ਭੈਣਾਂ ਦੇ ਗੁਪਤ ਅੰਗਾਂ 'ਤੇ ਸੱਟਾਂ ਮਾਰੀਆਂ। ਸਰਕਾਰ, ਮੀਡੀਆ ਤੇ ਪ੍ਰਸ਼ਾਸਨ ਸਭ ਹਮਲਾਵਰਾਂ ਦੇ ਹੱਕ ਵਿਚ ਭੁਗਤੇ।"

ਮੋਹਿਤ ਨੇ ਰੋਸ ਜਤਾਉਂਦਿਆਂ ਅੱਗੇ ਦੱਸਿਆ- "ਇਸ ਪਿੱਛੋਂ ਇਨ੍ਹਾਂ ਦੀ ਚੜ੍ਹ ਮਚ ਗਈ। ਕੈਂਪਸ ਅੰਦਰ ਲੜਕੀਆਂ ਤੇ ਲੜਕਿਆਂ ਨੂੰ ਇਕੱਠੇ ਬੈਠਣ 'ਤੇ ਕੁਟਾਪਾ ਚਾੜ੍ਹਨ ਲੱਗ ਪਏ। ਵੈਲੇਨਟਾਈਨ-ਡੇ 'ਤੇ ਪ੍ਰੇਮੀ-ਜੋੜਿਆਂ ਦੇ ਮੂੰਹ ਕਾਲੇ ਕਰ ਦਿੱਤੇ। ਇਹ ਲੋਕ ਲੜਕੀਆਂ ਨੂੰ ਜੀਨਜ਼, ਸ਼ਰਟਸ, ਟੌਪ... ਆਦਿ ਨਾ ਪਾਉਣ ਦਿੰਦੇ। ਬਹੁਤੀਆਂ ਲੜਕੀਆਂ ਇਨ੍ਹਾਂ ਦੇ ਕਹਿਣ 'ਤੇ ਸਾੜ੍ਹੀ ਲਾ ਕੇ ਆਉਣ ਲੱਗ ਪਈਆਂ।"

ਮੋਹਿਤ ਨੇ ਕੈਦੀਆਂ ਨੂੰ ਇਕ ਲੜਕੀ ਦੀ ਅਖ਼ਬਾਰੀ ਫੋਟੋ ਦਿਖਾਈ, ਜੋ ਉਂਗਲੀ ਖੜ੍ਹੀ ਕਰਕੇ ਲਾਠੀਚਾਰਜ ਕਰ ਰਹੇ ਪੁਲਸੀਏ ਨੂੰ ਵੰਗਾਰ ਰਹੀ ਸੀ।

"ਇਹ ਸਾਡੇ ਵਾਲੀ ਕ੍ਰਾਂਤੀਕਾਰੀ ਸਟੂਡੈਂਟ ਯੂਨੀਅਨ ਦੀ ਆਗੂ ਮਾਹਨੂਰ ਆ। ਇਸ ਨੇ ਇਹ ਕਹਿ ਕੇ ਇਨ੍ਹਾਂ ਦਾ ਕੋਡ ਆਫ਼ ਕੰਡਕਟ ਲਾਗੂ ਨਾ ਕੀਤਾ ਕਿ ਇਹ ਔਰਤ ਨੂੰ ਮੁੜ ਗੁਲਾਮੀ ਵੱਲ ਧੱਕਣ ਦੀ ਰਾਜਨੀਤਕ ਸਾਜਿਸ਼ ਹੈ।... ਭਾਰਤੀ ਔਰਤ ਨੇ ਕੀ ਖਾਣਾ, ਕੀ ਪੀਣਾ, ਕੀ ਪਹਿਨਣਾ, ਕੀ ਬੋਲਣਾ ਆ ਅਤੇ ਕੀਹਨੂੰ ਮੰਨਣਾ ਆ ਜਾਂ ਨਹੀਂ ਵੀ ਮੰਨਣਾ, ਇਹ ਉਸ ਦੀ ਮਰਜ਼ੀ ਆ। ਏਹੀ ਭਾਰਤੀ ਔਰਤ ਦੀ ਸ਼ਕਤੀ ਏ।"

"ਫੇਰ?" ਕੈਦੀ ਅਖ਼ਬਾਰ ਵਿਚ ਮਾੜਕੂ ਜਿਹੀ ਦਿਖਦੀ ਲੜਕੀ ਦੀ ਜੁਅਰੱਤ ਤੋਂ ਹੈਰਾਨ ਹੋਏ ਬੋਲੇ।

"ਫੇਰ ਕੀ? ਯੂਨੀਵਰਸਿਟੀ ਦੀਆਂ ਬਹੁਤੀਆਂ ਲੜਕੀਆਂ ਮਾਹਨੂਰ ਨਾਲ ਸਟੈਂਡ ਕਰ ਗਈਆਂ। ਨਵੇਂ ਬਣੇ ਰਾਜੇ-ਮਹਾਰਾਜੇ ਤਲਵਾਰ ਨਾਲੋਂ ਵੀ ਤਿੱਖੀਆਂ ਇਨ੍ਹਾਂ ਕੁੜੀਆਂ ਤੋਂ ਭੈਅ ਖਾਣ ਲੱਗੇ। ਇਸ ਬਿਰਜੂ ਐਂਡ ਕੰਪਨੀ ਨੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ, ਕੁੜੀਆਂ ਦੀ ਜ਼ੁਬਾਨਬੰਦੀ ਕਰਨ ਲਈ, ਉਹਨਾਂ 'ਤੇ ਦਹਿਸ਼ਤ ਪਾਉਣ ਲਈ ਅਤੇ ਮਾਹਨੂਰ ਨੂੰ ਸਬਕ ਸਿਖਾਉਣ ਲਈ ਉਸ ਨਾਲ ਗੈਂਗਰੇਪ ਕੀਤਾ।... ਦਰਿੰਦਿਆਂ ਨੇ ਉਸ ਦੇ ਸਰੀਰ ਨੂੰ ਨੋਚ-ਨੋਚ ਕੇ ਖਾਧਾ। ਉਸ ਦੇ ਗੁਪਤ ਅੰਗਾਂ ਵਿਚ ਮਿਰਚਾਂ ਪਾ ਦਿੱਤੀਆਂ। ਉਹ ਤੜਫਦੀ ਰਹੀ। ਅੰਤ ਜਿਊਂਦੀ 'ਤੇ ਤੇਲ ਪਾ ਕੇ ਉਸ ਨੂੰ ਸਾੜ ਦਿੱਤਾ ਗਿਆ।"

ਮੋਹਿਤ ਦੇ ਇਹ ਸ਼ਬਦ ਸੁਣ ਕੇ ਕੈਦੀ ਵੀ ਬਲ਼ ਉੱਠੇ। ਉਹਨਾਂ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਡਿੱਗਣ ਲੱਗ ਪਏ। ਮਸੋਸੇ ਹੋਏ ਮੋਹਿਤ ਨੇ ਇਹ ਬੀਰ ਕਥਾ ਅਗਾਂਹ ਤੋਰੀ-

"ਸਾਡੀ ਇਹ ਵੀਰਾਂਗਣਾ ਇਕ ਕਿਲੋਮੀਟਰ ਤੱਕ ਆਪਣੇ ਆਪ ਨੂੰ ਬਚਾਉਣ ਲਈ ਅੱਗ ਦੀਆਂ ਲਪਟਾਂ ਵਿਚ ਘਿਰੀ ਭੱਜਦੀ ਰਹੀ। ਉਹ ਆਪਣੇ ਲਈ... ਲੋਕਾਂ ਲਈ ਜਿਉਣਾ ਚਾਹੁੰਦੀ ਸੀ... ਪਰ ਉਸ ਸ਼ੇਰਨੀ ਨੂੰ ਅੱਗ ਨੇ ਭਸਮ ਕਰ ਦਿੱਤਾ। ਇਹ ਸਭ ਕੁਝ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। ਦੇਸ਼ ਦੇ 'ਬਿਰਜੂ' ਨੰਗੇ ਹੋ ਗਏ। ਮਾਹਨੂਰ ਲੋਕ ਮਨਾਂ ਵਿਚ ਵਸ ਗਈ। ਅੱਗ ਦੀਆਂ ਲਪਟਾਂ ਵਿਚ ਸੜ ਰਹੀ ਮਾਹਨੂਰ ਨੂੰ ਦੇਖ ਕੇ, ਜ਼ਮੀਰ ਵਾਲੀ ਕੋਈ ਅੱਖ ਨਾ ਬਚੀ, ਜਿਹੜੀ ਨਮ ਨਾ ਹੋਈ ਹੋਵੇ। ਲੋਕਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਪੂਰੀ ਦੁਨੀਆਂ ਵਿਚ ਹਕੂਮਤ ਦੀ ਤੋਏ-ਤੋਏ ਹੋਣ ਲੱਗੀ।"

ਇਹ ਸੁਣ ਕੇ ਕੈਦੀ ਵੀ ਗੁੱਸੇ ਨਾਲ ਕੰਬਣ ਲੱਗੇ। ਮੋਹਿਤ ਨੇ ਲੜੀ ਗਈ ਲੰਬੀ ਲੜਾਈ ਦੀ ਸੰਖੇਪ ਜਿਹੀ ਗੱਲ ਇਉਂ ਕੀਤੀ- "ਮਾਹਨੂਰ ਦੇ ਘਿਨੌਣੇ ਕਤਲ ਦੇ ਵਿਰੋਧ ਵਿਚ ਭਾਰਤ ਦੀ ਜਵਾਨੀ ਸੜਕਾਂ 'ਤੇ ਨਿਕਲ ਆਈ। ਆਮ ਲੋਕ ਵੀ ਲੜਾਈ ਦੇ ਮੈਦਾਨ ਵਿਚ ਆ ਗਏ। ਕਾਲਜਾਂ, ਯੂਨੀਵਰਸਿਟੀਆਂ ਦੀਆਂ ਵਿਦਿਆਰਥਣਾਂ ਸੰਘਰਸ਼ ਦੀ ਅਗਵਾਈ ਕਰਨ ਲੱਗੀਆਂ। ਲੋਕ-ਸ਼ਕਤੀ ਨੇ ਹਿੰਦੁਸਤਾਨ ਜਾਮ ਕਰਕੇ ਰੱਖ ਦਿੱਤਾ। ਦੇਸ਼ ਵਿਚ ਬਹੁਤ ਵੱਡੀ ਮੂਵਮੈਂਟ ਖੜ੍ਹੀ ਹੋ ਗਈ।... ਲੋਕ-ਰੋਹ ਅੱਗੇ ਹਕੂਮਤ ਨੇ ਗੋਡੇ ਟੇਕ ਦਿੱਤੇ। ਅਦਾਲਤੀ ਕਾਰਵਾਈ ਜਲਦੀ ਨਾਲ ਹੋਈ। ਬਾਕੀ ਮੁਜ਼ਰਮ ਤਾਂ ਬਚ ਗਏ ਪਰ ਬਿਰਜੂ ਨੂੰ ਫ਼ਾਸੀ ਦੀ ਸਜ਼ਾ ਹੋ ਗਈ।"

ਕੈਦੀ ਬਿਰਜੂ ਨੂੰ ਫ਼ਾਂਸੀ ਦੀ ਸਜ਼ਾ ਸੁਣ ਕੇ ਹੌਂਸਲੇ ਵਿਚ ਆ ਗਏ। ਫੇਰ ਮੋਹਿਤ ਨੇ ਆਪਣੀ ਅਤੇ ਆਪਣੇ ਵਰਗੇ ਜੰਗਜੂਆਂ ਦੀ ਵਾਰਤਾ ਸੁਣਾਉਣੀ ਸ਼ੁਰੂ ਕੀਤੀ- "ਮੇਰੇ ਵਰਗੇ ਹਜ਼ਾਰਾਂ ਨੌਜਵਾਨਾਂ 'ਤੇ ਝੂਠੇ ਤੇ ਸੰਗੀਨ ਦੋਸ਼ ਲਾ ਕੇ ਵੱਖ-ਵੱਖ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ, ਕਿਉਂਕਿ ਅਸੀਂ ਹਕੂਮਤ ਦੇ ਜ਼ਬਰ ਦਾ ਵਿਰੋਧ ਕਰ ਰਹੇ ਸੀ। ਦੇਸ਼ ਦੀਆਂ ਧੀਆਂ-ਭੈਣਾਂ ਦੇ ਬਲਾਤਕਾਰੀਆਂ ਨੂੰ ਸਜ਼ਾ ਦਿਵਾਉਣ ਲਈ ਲੜ ਰਹੇ ਸੀ। ਮੁਲਕ ਵਿਚ ਰਾਜਨੀਤਕ, ਸਮਾਜਕ, ਆਰਥਿਕ ਤੇ ਸਭਿਆਚਾਰਕ ਤਬਦੀਲੀ ਲਿਆਉਣਾ ਚਾਹੁੰਦੇ ਸੀ।"

ਪੀੜ ਜਦੋਂ ਦਿਲ ਦੀ ਕੁਰਲਾਈ। ਮਰਹਮ ਰਾਸ ਨਾ ਕੋਈ ਆਈ।
ਹੰਝੂ ਤੇ ਗ਼ਮ ਪਾਇਆ ਪੱਲੇ, ਕਿਉਂ ਦਰਦਾਂ ਸੰਗ ਪ੍ਰੀਤ ਲਗਾਈ। -ਕੁਲਦੀਪ ਕਿੱਟੀ ਬੱਲ

ਵਿਦਿਆਰਥੀਓ, ਆਪਾਂ ਮੋਹਿਤ ਤੋਂ ਮਾਫ਼ੀ ਮੰਗਦੇ ਆਂ। ਇਹਨਾਂ ਯੋਧਿਆਂ ਨਾਲ ਕੀ ਬੀਤੀ? ਇਨ੍ਹਾਂ ਗੱਲਾਂ ਨੂੰ ਵਿਰਾਮ ਦਿੰਦੇ ਹਾਂ। ਮੁੜ ਬਿਰਜੂ 'ਤੇ ਆਉਂਦੇ ਹਾਂ।

ਆਖਿਰ ਬਿਰਜੂ ਨੂੰ ਫ਼ਾਂਸੀ ਹੋਣ ਦੀ ਮਿਤੀ ਤੈਅ ਹੋ ਗਈ। ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਅਰਜ਼ੀ ਦਿਤੀ ਕਿ ਉਹ ਮਰਨ ਉਪਰੰਤ ਅੱਖਾਂ ਦਾਨ ਕਰਨੀਆਂ ਚਾਹੁੰਦਾ ਹੈ। ਉਸ ਨੂੰ ਅੱਖਾਂ ਦਾਨ ਕਰਨ ਦੀ ਆਗਿਆ ਮਿਲ ਗਈ। ਫੇਰ ਉਸ ਨੇ ਗੁਰਦੇ, ਦਿਲ... ਸਰੀਰ ਦੇ ਬਾਕੀ ਅੰਗ ਵੀ ਦਾਨ ਕਰਨ ਦਾ ਐਲਾਨ ਕਰ ਦਿੱਤਾ। ਜੇਲ੍ਹ ਅਧਿਕਾਰੀਆਂ ਨੇ ਉਸ ਦੀ ਇਹ ਮੰਗ ਵੀ ਮੰਨ ਲਈ। ਇਕ ਮਨੁੱਖੀ ਅਧਿਕਾਰ ਸੰਗਠਨ ਨੇ ਅਦਾਲਤ ਵਿਚ ਬਿਰਜੂ ਦੇ ਅੰਗ ਦਾਨ ਕਰਨ ਖ਼ਿਲਾਫ਼ ਅਰਜ਼ੀ ਦਿੱਤੀ। ਉਨ੍ਹਾਂ ਦੇ ਵਕੀਲ ਨੇ ਦਲੀਲ ਦਿੱਤੀ- "ਮੀ ਲੌਰਡ, ਬਿਰਜੂ ਦੇ ਮਰਨ ਉਪਰੰਤ ਅੰਗ ਦਾਨ ਕਰਨ ਉੱਤੇ ਪਾਬੰਦੀ ਲਾਈ ਜਾਵੇ। ਇਹ ਇਸ ਬੰਦੇ ਦੀ ਮਰਨ ਤੋਂ ਬਾਅਦ ਜਿਉਂਦੇ ਰਹਿਣ ਦੀ ਜੁਗਤ ਆ। ਇਹ ਮਰ ਕੇ ਲੋਕ ਮਨਾਂ ਵਿਚ ਵਸਣਾ ਚਾਹੁੰਦੈ। ਇਸ ਦੇ ਅੰਗ ਭਸਮ ਹੀ ਹੋਣ ਦਿੱਤੇ ਜਾਣ। ਭਾਵੇਂ ਇਹਦੇ ਅੰਗ ਜਿਉਂਦੇ ਮਨੁੱਖਾਂ ਦੇ ਲਾਉਣ ਨਾਲ, ਬਹੁਤ ਵੱਡੀ ਕ੍ਰਾਂਤੀ ਨਹੀਂ ਹੋ ਜਾਣੀ। ਨਾ ਹੀ ਇਹਨੇ ਦੇਸ਼ ਦਾ ਮਸੀਹਾ ਬਣ ਜਾਣੈ ਪਰ ਇਹਦੇ ਜੀਵਨ ਵਿਚ ਇਕ ਚੰਗਿਆਈ ਜੁੜ ਜਾਣੀ ਆ। ਇਹੋ ਜਿਹੇ ਕ੍ਰਿਮੀਨਲ ਬੰਦਿਆਂ ਦਾ, ਹੈਵਾਨਾਂ ਦਾ, ਦਰਿੰਦਿਆਂ ਦਾ ਦੁਨੀਆਂ ਵਿਚ ਨਾਂ ਤਾਂ ਰਹੇ ਪਰ ਰਹੇ ਖਲਨਾਇਕਾਂ ਵਿਚ।"

*****

ਵਿਦਿਆਰਥੀਆਂ ਦੀਆਂ ਅੱਖਾਂ ਅੱਗੇ ਅੱਗ ਦੀਆਂ ਲਪਟਾਂ ਵਿਚ ਮੱਚ ਰਹੀ ਮਾਹਨੂਰ ਏ। ਉਹ ਸੁੰਨ ਹੋਏ ਬੈਠੇ ਹਨ। ਕਿਵੇਂ ਉਸ ਨੇ ਪ੍ਰਾਣ ਤਿਆਗੇ ਹੋਣਗੇ? ਉਹ ਏਹੀ ਸੋਚੀ ਜਾਂਦੇ ਸਨ। ਦੇਸ਼ ਦੀ ਗੰਧਲੀ ਸਿਆਸਤ ਨੇ ਵਿਦਿਆਰਥੀਆਂ ਨੂੰ ਹਿਲਾ ਕੇ ਰੱਖ ਦਿੱਤਾ ਏ।... ਰਜਨੀਸ਼ ਖ਼ਰੇ ਨੇ ਉਨ੍ਹਾਂ ਨੂੰ ਮਸਾਂ ਸਹਿਜ ਕੀਤਾ ਏ। ਉਨ੍ਹਾਂ ਨੇ ਹੌਲੀ-ਹੌਲੀ ਰਜਨੀਸ਼ ਖ਼ਰੇ ਦੇ ਸਵਾਲਾਂ ਦੇ ਜਵਾਬ ਦੇਣੇ ਸ਼ੁਰੂ ਕੀਤੇ ਹਨ। ਇਕ ਵਿਦਿਆਰਥੀ ਸਵਾਲ ਦੇ ਕੇ ਬੈਠਦਾ, ਦੂਜਾ ਬੋਲ ਪੈਂਦਾ ਹੈ। ਉਹ ਉਨ੍ਹਾਂ ਦੇ ਜਵਾਬ ਸੁਣ ਕੇ ਸੰਤੁਸ਼ਟ ਹੋ ਗਿਆ। ਉਸ ਨੇ ਲਾਸ਼ 'ਤੇ ਅਧਿਐਨ ਕਰਨ ਲਈ ਹਰੀ ਝੰਡੀ ਦਿੱਤੀ ਐ। ਸੋਗ ਵਿਚ ਡੁੱਬੇ ਹੋਏ ਵਿਦਿਆਰਥੀ ਪ੍ਰਯੋਗਸ਼ਾਲਾ ਵੱਲ ਤੁਰ ਪਏ ਹਨ।

ਕਹਾਣੀ

# ਵਿਆਗਰਾ-50

**-ਅਨੇਮਨ ਸਿੰਘ**



ਅਨੇਮਨ ਸਿੰਘ

ਅਨੇਮਨ ਸਿੰਘ ਦੇ ਹੁਣ ਤੱਕ ਪ੍ਰਕਾਸ਼ਿਤ ਹੋਏ ਤਿੰਨ ਕਹਾਣੀ ਸੰਗ੍ਰਹਿ 'ਗਲੀ ਨੰਬਰ ਕੋਈ ਨਹੀਂ' 'ਨੂਰੀ' ਅਤੇ 'ਆਈ ਲਾਚਾ' ਪੰਜਾਬੀ ਕਹਾਣੀ ਦੇ ਵਿਸ਼ਿਆ ਦੀ ਨਵੀਨਤਾ ਅਤੇ ਅਨੁਭਵ ਦੀ ਮੌਲਿਕਤਾ ਬਾਰੇ ਨਵੀਂ ਚਰਚਾ ਛੇੜਣ ਵਾਲੇ ਸਾਬਿਤ ਹੋਏ ਹਨ। ਉਸਦੀਆਂ ਕਹਾਣੀਆਂ ਦੇ ਵਿਸ਼ੇ ਨਾਂ ਤਾਂ ਆਪਸ ਵਿੱਚ ਮੇਲ ਖਾਂਦੇ ਹਨ ਅਤੇ ਨਾ ਹੀ ਸਮਕਾਲੀ ਕਹਾਣੀਕਾਰਾਂ ਦੀਆਂ ਕਹਾਣੀਆਂ ਨਾਲ। ਉਸਦੀਆਂ ਕਹਾਣੀਆਂ ਦੇ ਪਾਤਰ ਸਮਾਜਿਕ ਰਿਸ਼ਤਿਆਂ ਦੇ ਜਟਿਲ ਤਾਣੇ-ਬਾਣੇ ਨੂੰ ਰੂਪਮਾਨ ਕਰਦੇ ਹੋਏ, ਅੱਜ ਦੇ ਮਨੁੱਖ ਦੀਆਂ ਅਜਿਹੀਆਂ ਮਨੋ-ਸਮਾਜਿਕ ਸਮੱਸਿਆਵਾਂ ਦਾ ਬਿਰਤਾਂਤ ਸਿਰਜਦੇ ਹਨ, ਜੋ ਪਾਠਕਾਂ ਨੂੰ ਨਵੀਆਂ ਵੀ ਲੱਗਦੀਆਂ ਹਨ ਤੇ ਯਥਾਰਥਕ ਵੀ। -ਨਿਰੰਜਣ ਬੋਹਾ

ਪੁਲੀਸ ਮੇਰੇ ਤੱਕ ਕਦੇ ਵੀ ਪਹੁੰਚ ਸਕਦੀ।

ਇਹੋ ਪ੍ਰੇਸ਼ਾਨੀ ਮੈਨੂੰ ਸਤਾਈ ਜਾ ਰਹੀ ਹੈ। ਅੰਦਰੋਂ ਹੀ ਅੰਦਰੋਂ ਖੁਰਦੀ ਜਾ ਰਹੀ ਹਾਂ। ਪਿਛਲੇ ਤਿੰਨ ਦਿਨ ਇਸੇ ਪ੍ਰੇਸ਼ਾਨੀ ਦੇ ਲੇਖੇ ਲੱਗੇ ਹੋਏ ਹਨ। ਜਦੋਂ ਦਾ ਹੋਟਲ ਦੇ ਮੈਨੇਜਰ ਦਾ ਫੋਨ ਆਇਆ ਹੈ। ਉਦੋਂ ਤੋਂ ਹੀ ਨਾ ਮੇਰਾ ਘਰ 'ਚ ਜੀਅ ਲੱਗਦਾ ਹੈ ਤੇ ਨਾ ਹੀ ਕੰਮ 'ਚ। ਕਿਸੇ ਵੀ ਪਾਸੇ ਧਿਆਨ ਹੀ ਨਹੀਂ ਲੱਗਦਾ। ਕੁਝ ਵੀ ਕਰਨ ਦੀ ਕੋਸ਼ਿਸ਼ ਕਰਨ ਲੱਗਦੀ ਹਾਂ ਤਾਂ ਇੱਕ ਡਰ ਜਿਹਾ ਮਨ 'ਚ ਭਾਰੂ ਹੋ ਜਾਂਦਾ ਹੈ। ਇਸੇ ਡਰ ਨੇ ਮੇਰੇ ਅੰਦਰ ਟਿਕਾਣਾ ਬਣਾ ਲਿਆ ਹੋਵੇ ਜਿਵੇਂ ਕਈ ਦਿਨਾਂ ਤੋਂ।

ਪਹਿਲਾਂ ਇਹ ਡਰ ਹੋਰ ਤਰ੍ਹਾਂ ਦਾ ਹੁੰਦਾ ਸੀ, ਮੇਰੇ ਮਨ 'ਤੇ। ਪਰ ਹੁਣ ਇਸਨੇ ਆਪਣਾ ਰੂਪ ਵਟਾ ਲਿਆ ਹੈ। ਇਹੋ ਬਦਲੇ ਰੂਪ ਕਾਰਨ ਉਲਝਦੀ ਜਾ ਰਹੀ ਹਾਂ ਮੈਂ ਨਵੀਆਂ ਘੁੰਮਣਘੇਰੀਆਂ 'ਚ। ਆਪਣੇ-ਆਪ ਨੂੰ ਇਨ੍ਹਾਂ ਘੁੰਮਣਘੇਰੀਆਂ 'ਚੋਂ ਕੱਢਣ ਦਾ ਯਤਨ ਕਰਦਿਆਂ ਬੇਤਹਾਸ਼ਾ ਸੋਚਣ ਲੱਗਦੀ ਹਾਂ ਤਾਂ ਕਿ ਸ਼ਾਇਦ ਕੋਈ ਹੱਲ ਮਿਲ ਸਕੇ। ਪਰ ਕਾਫ਼ੀ ਸੋਚ ਕੇ ਵੀ ਕੁਝ ਹਾਸਲ ਨਹੀਂ ਹੁੰਦਾ। ਕੋਈ ਰਸਤਾ ਵੀ ਨਹੀਂ ਲੱਭਦਾ ਇਨ੍ਹਾਂ ਘੁੰਮਣਘੇਰੀਆਂ 'ਚੋਂ ਨਿਕਲਣ ਲਈ। ਜੇ ਰਸਤਾ ਮਿਲ ਜਾਏ ਤਾਂ ਸ਼ਾਇਦ ਮੈਂ ਆਪਣੇ-ਆਪ ਨੂੰ ਇਸ ਦਲਦਲ 'ਚੋਂ ਕੱਢਣ ਲਈ ਹੱਥ-ਪੈਰ ਮਾਰਦੀ। ਪਰ ਨਹੀਂ ਇਹੋ ਜਿਹਾ ਮਾਰਗ ਕੋਈ ਨਹੀਂ ਸਾਹਮਣੇ ਆ ਰਿਹਾ। ਲੱਗਦੇ ਹੈ ਮੈਂ ਕਿਸੇ ਭੁੱਲ-ਭੁਲੱਈਆ 'ਚ ਗੁਆਚਦੀ ਜਾ ਰਹੀ ਹੋਵਾਂ। ਜੀਣ ਦੀ ਸ਼ਕਤੀ ਜਿਵੇਂ ਖ਼ਤਮ ਹੁੰਦੀ ਜਾ ਰਹੀ ਹੋਵੇ ਮੇਰੀ। ਜਿਵੇਂ ਮੇਰਾ ਅੰਤ ਨੇੜੇ ਆ ਗਿਆ ਹੈ ਇਸ ਤਰ੍ਹਾਂ ਲੱਗਣ ਲੱਗਦਾ।

ਪੁਲੀਸ ਨੂੰ ਮੇਰੀ ਇਸ ਤਰ੍ਹਾਂ ਦੀ ਹੋਈ ਹਾਲਤ ਨਾਲ ਕੋਈ ਫ਼ਰਕ ਨਹੀਂ ਪੈਣਾ, ਉਸਨੇ ਮੇਰੀ ਕੋਈ ਨਹੀਂ ਸੁਣਨੀ। ਉਹ ਤਾਂ ਆਪਣਿਆਂ ਦਾ ਹੀ ਪੱਖ ਪੂਰੇਗੀ ਜਾਂ ਫਿਰ ਉੱਪਰ ਤੱਕ ਪਹੁੰਚ ਦੇਖੇਗੀ। ਤੇ ਮੇਰੀ ਤਾਂ ਉਂਝ ਵੀ ਕੋਈ ਉੱਪਰ ਤੱਕ ਪਹੁੰਚ ਨਹੀਂ ਹੈ। ਜੇ ਇਸ ਤਰ੍ਹਾਂ ਹੁੰਦਾ ਤਾਂ ਸ਼ਾਇਦ ਮੇਰੀ ਹਾਲਤ ਅੱਜ ਇੱਦਾਂ ਦੀ ਦੁਬਿਧਾ ਵਾਲੀ ਨਾ ਹੁੰਦੀ।

ਮੈਨੂੰ ਤਾਂ ਪੁਲੀਸ ਦਾ ਨਾਂਅ ਹੀ ਚੰਗਾ ਨਹੀਂ ਲੱਗਦਾ ਸੀ ਪਹਿਲੇ ਦਿਨ ਤੋਂ। ਤੇ ਫਿਰ ਇਸ ਤੱਕ ਪਹੁੰਚ ਕਿਵੇਂ ਕਰ ਸਕਦੀ ਸਾਂ। ਇੱਕ ਉਹ ਹੀ ਸੀ ਜਿਸ ਤੱਕ ਮੇਰੀ ਪਹੁੰਚ ਹੋ ਸਕਦੀ ਸੀ। ਪਹੁੰਚ ਵੀ ਕਿੱਥੇ। ਮਜ਼ਬੂਰੀ ਹੀ ਸਮਝ ਲਓ। ਪਹੁੰਚ ਤਾਂ ਆਪਣਿਆਂ ਨਾਲ ਹੁੰਦੀ ਹੈ। ਜੋ ਤੁਹਾਨੂੰ ਆਪਣਾ ਸਮਝਦਾ ਹੋਵੇ। ਜਿਸ ਅੰਦਰ ਸਿਰਫ਼ ਆਪਣਾਪਨ ਹੋਵੇ। ਬਿਨਾਂ ਕਿਸੇ ਲੋਭ ਦੇ, ਲਾਲਚ ਦੇ।

ਆ ਗਏ ਹਾਂ ਮੌਨ ਦੀ ਦਹਿਲੀਜ਼ ਤੋਂ ਕੁਝ ਪਲ ਅਗਾਂਹ,
ਹਾਉਕਿਆਂ ਤੋਂ ਚੀਸ ਤੱਕ ਪੀੜਾਂ ਦੇ ਤਰਲੇ ਕਰਦਿਆਂ -(ਅਗਲੇ ਸਫ਼ੇ 'ਤੇ)

ਉਹ ਮੇਰੀ ਪਹੁੰਚ ਨਹੀਂ ਸੀ। ਹਾਂ, ਮੇਰੀ ਮਜਬੂਰੀ ਜ਼ਰੂਰ ਸੀ ਉਹ। ਪਰ ਹੁਣ ਤਾਂ ਉਹ ਵੀ ਛਲੇਡਾ ਬਣ ਅਲੋਪ ਹੋ ਗਿਆ, ਮੇਰੇ ਵੇਖਦਿਆਂ-ਵੇਖਦਿਆਂ। ਕਿੰਨਾ ਚਿਰ ਉਸਦੇ ਪੱਥਰ ਹੋਏ ਠੰਢੇ ਜਿਸਮ ਕੋਲ ਪਾਗਲਾਂ ਵਾਂਗ ਬੈਠੀ ਰਹੀ ਸਾਂ ਮੈਂ... ਸਭ ਕੁਝ ਭੁੱਲ-ਭੁਲਾ। ਦਿਮਾਗ਼ ਨੇ ਜਿਵੇਂ ਕੰਮ ਕਰਨਾ ਹੀ ਬੰਦ ਕਰ ਦਿੱਤਾ ਸੀ... ਉਸੇ ਪੱਥਰ ਬਣੇ ਜਿਸਮ ਵਾਂਗ ਮੇਰੇ ਅੰਦਰਲੇ ਵੇਗ ਵੀ ਜਿਵੇਂ ਬਰਫ਼ 'ਚ ਲੱਗ ਗਏ ਹੋਣ। ਤੇ ਫਿਰ ਤਾਂ ਮਿੰਟਾਂ-ਸਕਿੰਟਾਂ 'ਚ ਵੇਟਰ ਤੋਂ ਲੈ ਕੇ ਮੈਨੇਜ਼ਰ... ਤੇ ਫਿਰ ਮਾਲਕ। ਸਾਰਿਆਂ ਨੂੰ ਜਿਵੇਂ ਭਾਜੜ ਮੱਚ ਗਈ ਸੀ।

ਹੋਟਲ ਦਾ ਉਹ ਹੌਲ਼ਨਾਕ ਸੀਨ ਯਾਦ ਆਉਣ 'ਤੇ ਮੇਰੇ ਅੰਦਰ ਖਲਬਲੀ ਜਿਹੀ ਮੱਚ ਉੱਠੀਹੈ।... ਕਿੰਨਾ ਕੁਝ ਵਾਪਰ ਗਿਆ ਸੀ ਪਲਾਂ 'ਚ।... ਬੰਦੇ ਦੀ ਜ਼ਿੰਦਗੀ ਵੀ ਉਧਾਰੀ ਲਈ ਚੀਜ਼ ਵਾਂਗ ਹੀ ਤਾ ਹੁੰਦੀ ਹੈ... ਪਰ ਫਿਰ ਵੀ ਸਮਝਦਾ ਨਹੀਂ ਆਦਮੀ... ਕਿੰਨੇ-ਕਿੰਨੇ ਪਾਪੜ ਵੇਲਦਾ ਰਹਿੰਦਾ... ਪਤਾ ਹੈ ਇੱਕ ਨਾ ਇੱਕ ਦਿਨ ਚਲੇ ਜਾਣਾ... ਪਰ ਫਿਰ ਵੀ ਆਪਣੀ 'ਮੈਂ' ਨੂੰ ਨਹੀਂ ਮਾਰ ਸਕਦਾ।... ਪੈਸਾ... ਪੈਸਾ... ਪੈਸਾ... ਚੋਰੀ-

ਚਕਾਰੀ... ਠੱਗੀ... ਦੂਜੇ ਨੂੰ ਠਿੱਬੀ... ਆਪਣੀ ਹਉਮੈਂ... ਆਪਣੀ ਪੈਂਠ।... ਬੱਸ ਕੀ ਇਹੋ ਜ਼ਿੰਦਗੀ ਹੈ?... ਇਹ ਤਾਂ ਬਣਾਉਟੀ ਜਿਹਾ ਹੀ ਹੈ ਸਾਰਾ ਕੁਝ।... ਰਿਸ਼ਤੇ ਨਾਤੇ... ਜੋ ਸੁੱਖ-ਦੁੱਖ ਵੇਲੇ ਕੰਮ ਆ ਜਾਂਦੇ ਨੇ ਅਕਸਰ... ਉਨ੍ਹਾਂ ਨਾਲ ਵੀ ਛਲ ਕਰਨ ਤੋਂ ਨਹੀਂ ਹੱਟਦਾ।... ਪਰ ਅੰਤ ਕੁਝ ਨਾਲ ਨਹੀਂ ਜਾਂਦਾ... ਜੇ ਜਾਂਦਾ ਹੁੰਦਾ ਤਾਂ ਇਸ ਤਰ੍ਹਾਂ ਨਿੱਸਲ ਤੇ ਇਕੱਲਾ ਨਾ ਪਿਆ ਹੁੰਦਾ ਉਹ। ਜੜ੍ਹ ਹੋਇਆ।

ਮੈਨੂੰ ਖਿਆਲ ਆਇਆ ਸਾਰੇ ਬੰਦੇ ਇਸ ਤਰ੍ਹਾਂ ਦੇ ਨਹੀਂ ਹੁੰਦੇ... ਪਰ ਉਹ ਤਾਂ ਇਸ ਤੋਂ ਵੀ ਵੱਧ ਭੈੜਾ ਤੇ ਕਾਇਰ ਸੀ।... ਰਾਖਸ਼ਸ਼ ਸੀ ਸਿਰੇ ਦਾ... ਚਲਾਕ... ਬੇਈਮਾਨ... ਛੜਯੰਤਰਕਾਰੀ... ਵਹਿਸ਼ੀ... ਤੇ ਹੋਰ ਪਤਾ ਨਹੀਂ ਕੀ... ਕੀ...! ਜਿੰਨੇ ਵੀ ਖ਼ਤਰਨਾਕ ਵਿਰੋਧਾਭਾਸ ਵਾਲੇ ਤੇ ਕਮੀਨਗੀ ਵਾਲੇ ਸ਼ਬਦ ਹਨ... ਇਹ ਸਾਰੇ ਉਸ ਦੀ ਕਰੂਪ ਦਿੱਖ ਨੂੰ ਵੇਖ ਸਹੀ ਭਿੜਦੇ ਹਨ।

ਬਾਹਰੀ ਤੌਰ 'ਤੇ ਉਹਨੇ ਖ਼ੁਦ ਨੂੰ ਪੂਰਾ ਜਤੀ-ਸਤੀ ਬਣਾ ਕੇ ਰੱਖਿਆ ਹੋਇਆ ਸੀ। ਆਪਣੇ ਮਹਿਕਮੇ ਦਾ ਵਧੀਆ ਅਫ਼ਸਰ। ਜੀ ਹਜ਼ੂਰੀ ਕਰਨ ਵਾਲਾ ਵੱਡੇ ਅਫ਼ਸਰਾਂ ਦੀ। ਉਨ੍ਹਾਂ ਦੀ ਸੇਵਾ ਕਰਨ ਵਾਲਾ। ਉਨ੍ਹਾਂ ਲਈ ਹਰ ਇੱਕ ਕਮੀਨੇ ਤੋਂ ਕਮੀਨਾ ਕੰਮ ਕਰਨ ਵਾਲਾ। ਤੇ ਹੋਰ ਵੀ ਪਤਾ ਨਹੀਂ ਕੀ-ਕੀ ਸੀ ਉਹ। ਸਭ ਕੁਝ ਡੋਰ-ਟੂ-ਡੋਰ ਪਹੁੰਚਾ ਦਿੰਦਾ ਸੀ ਉਹ ਆਪਣੇ ਸੀਨੀਅਰ ਅਫ਼ਸਰਾਂ ਕੋਲ।

ਬਾਹਰੋਂ ਡੋਰ ਬੈੱਲ ਦੀ ਆਵਾਜ਼ ਆਈ ਹੈ। ਮੇਰੀ ਸੁਰਤ ਬੀਤੇ 'ਚੋਂ ਨਿਕਲ ਕੇ ਵਰਤਮਾਨ 'ਚ ਆ ਟਿਕੀ ਹੈ। ਕੁਝ ਦੇਰ ਪਹਿਲੇ ਦਾ ਸ਼ਾਂਤ ਹੋ ਚੁੱਕਿਆ ਜਵਾਰਭਾਟਾ ਫਿਰ ਸਪੀਡ ਫੜਨ ਲੱਗਾ ਹੈ। ਥੋੜ੍ਹੀ ਨਾਰਮਲ ਹੋ ਮੈਂ ਲਾਕ ਖੋਲ੍ਹ ਲਿਆ ਹੈ। ਇੱਕ ਉੱਨ੍ਹੀ-ਵੀਹ ਸਾਲਾਂ ਦੀ ਕੁੜੀ ਜੀਨ, ਟੀ-ਸ਼ਰਟ ਪਾਈ ਮੇਰੇ ਸਾਹਮਣੇ ਖੜ੍ਹੀ ਹੈ। ਹੱਥ 'ਚ ਕੁਝ ਫੜੀ ਨੇ ਮੈਨੂੰ ਨਮਸਤੇ ਬੁਲਾਈ।

''ਮੈਮ...ਪਲੀਜ ਦੋ ਮਿੰਟ ਲੈਣੇ ਹਨ ਮੈਂ ਤੁਹਾਡੇ ਮੈਂ ਪਾਰਸ ਡੇ ਕੰਪਨੀ ਵੱਲੋਂ ਆਈ ਹਾਂ... ਮੈਮ ਇਹ ਕੰਪਨੀ ਨੇ ਨਵਾਂ ਪ੍ਰੋਡੈਕਟ ਤਿਆਰ ਕੀਤਾ ਫ਼ੇਸ਼ੀਅਲ ਕਿੱਟ... ਮੈਮ ਬਹੁਤ ਹੀ ਵਧੀਆ ਰਿਜਲਟ ਹੈ... ਤੁਸੀਂ ਆਪਣੇ ਫੇਸ 'ਤੇ ਇਸ ਨੂੰ ਵਰਤ ਕੇ ਦੇਖੋ... ਮੈਮ ਕੀਮਤ ਵੀ ਵਾਜਿਬ ਹੈ... ਕੇਵਲ ਸਾਰੀ ਕਿੱਟ ਦੇ ਚਾਰ ਸੌ ਚਾਲੀ... ਤੇ ਉੱਪਰੋਂ ਕੰਪਨੀ ਵੱਲੋਂ ਵੀਹ ਪ੍ਰਤੀਸ਼ਤ ਡਿਸਕਾਊਂਟ, ਤੇ ਇੱਕ ਗਿਫ਼ਟ ਤੁਹਾਡੇ ਲਈ ਬਿਲਕੁਲ ਫ਼ਰੀ।''

ਉਹ ਬਿਨਾਂ ਰੁਕੇ ਬੋਲੀ ਜਾ ਰਹੀ ਸੀ, ਪਰ ਮੈਂ ਤਾਂ ਹੋਰ ਹੀ ਪਾਸੇ ਤੁਰੀ ਫਿਰਦੀ ਸਾਂ।

''ਨਹੀਂ ਅੱਜ ਨਹੀਂ, ਸੌਰੀ... ਕਦੇ ਫਿਰ ਆਉਣਾ... ਅੱਜ ਮੇਰਾ ਮੂਡ ਠੀਕ ਨਹੀਂ।'' ਆਖ ਮੈਂ ਸ਼ੀਸ਼ੇ ਦਾ ਲਾਕ ਲਾ ਲਿਆ ਸੀ। ਉਹ ਮਸੋਸੀ ਜਿਹੀ ਹੋਈ ਕੁਝ ਦੇਰ ਰੁਕੀ ਰਹੀ। ਤੇ ਫਿਰ ਅਗਲੀ ਦੁਕਾਨ ਵੱਲ ਚਲੀ ਗਈ ਹੈ। ਮੈਨੂੰ ਥੋੜ੍ਹਾ ਤਰਸ ਵੀ ਆਇਆ ਹੈ। ਉਸ ਨੂੰ ਇਸ ਤਰ੍ਹਾਂ ਖਾਲੀ ਮੋੜ ਕੇ। ਪਰ ਕਰਦੀ ਵੀ ਤਾਂ ਕੀ ਕਰਦੀ। ਮੇਰਾ ਮੂਡ ਤਾਂ ਪਿਛਲੇ ਤਿੰਨ ਦਿਨ ਤੋਂ ਹੀ ਉੱਧਰ ਉਲਝਿਆ ਹੋਇਆ ਹੈ।

ਅੱਗੇ ਮੈਂ ਅਜਿਹੀਆਂ ਕੰਪਨੀਆਂ ਵਾਲੀਆਂ ਕੁੜੀਆਂ ਤੋਂ ਕੁਝ ਨਾ ਕੁਝ ਸਾਮਾਨ ਲੈ ਹੀ ਲੈਂਦੀ ਸਾਂ। ਪਤਾ ਨਹੀਂ ਕੀ ਸੋਚ ਕੇ। ਸ਼ਾਇਦ ਉਨ੍ਹਾਂ 'ਚ ਮੈਨੂੰ ਆਪਣਾ ਅਕਸ ਦਿੱਸਦਾ ਸੀ। ਆਪਣੀ ਬੀਤੀ ਜ਼ਿੰਦਗੀ ਦੇ ਦਿਨ ਸਾਕਾਰ ਹੋ ਜਾਂਦੇ ਸਨ। ਮੈਂ ਵੀ ਬਿਊਟੀਪਾਰਲਰ ਦਾ ਡਿਪਲੋਮਾ ਕਰਨ ਤੋਂ ਬਾਅਦ ਕਿੰਨਾ ਚਿਰ ਬੇਰੁਜ਼ਗਾਰੀ 'ਚ ਫਿਰਦਿਆਂ ਅਜਿਹੇ ਕੰਮ ਕੀਤੇ ਸਨ। ਮੈਨੂੰ ਪਤਾ ਸੀ ਇਨ੍ਹਾਂ ਦੀ ਲਾਈਫ਼ ਕਿੰਨੀ ਬੁਰੀ ਹੁੰਦੀ ਹੈ। ਸਾਰਾ ਦਿਨ ਡੋਰ-ਟੂ-ਡੋਰ, ਇੱਕ ਦੁਕਾਨ ਤੋਂ ਦੂਜੀ ਦੁਕਾਨ। ਨਿਰੀ ਕੁੱਤੇ ਭਕਾਈ। ਮਸਾਂ ਅਗਲੇ ਦੇ ਤਰਲੇ-ਮਿੰਨ੍ਹਤਾਂ ਕੱਢ ਕੋਈ ਪ੍ਰੋਡੈਕਟ ਵਿੱਕਦਾ ਤਾਂ ਸਾਹ ਆਉਂਦਾ। ਬੰਦਿਆਂ ਦੀਆਂ ਨਜ਼ਰਾਂ ਪ੍ਰੋਡੈਕਟਾਂ ਦੀ ਜਗ੍ਹਾ ਸਾਰੇ ਬਦਨ 'ਤੇ ਊਰੀ ਵਾਂਗ ਘੁੰਮਦੀਆਂ। ਜਿਵੇਂ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਨਿਗਲ ਜਾਣ ਵੇਲੇ ਕਰਦਾ ਹੈ।

ਪਰ ਅਜਿਹੇ ਤੋਰੇ-ਫੇਰੇ ਵਾਲੀ ਜ਼ਿੰਦਗੀ 'ਚ ਇੱਕ ਚੰਗਾ ਕੰਮ ਇਹ ਹੋਇਆ ਸੀ ਕਿ ਮੇਰੀ ਮੁਲਾਕਾਤ ਰਿਸ਼ਵ ਨਾਲ ਹੋ ਗਈ ਸੀ। ਉਹ ਵੀ ਮੇਰੇ ਨਾਲ ਇੱਕ ਕੰਪਨੀ 'ਚ ਕੰਮ ਕਰ ਰਿਹਾ ਸੀ ਉਦੋਂ। ਗੱਲਾਂ-ਗੱਲਾਂ 'ਚ ਅਸੀਂ ਪਹਿਲਾਂ ਗੂੜੇ ਦੋਸਤ ਬਣ ਗਏ। ਤੇ ਫਿਰ ਇਹੋ ਦੋਸਤੀ ਜੀਵਨ ਭਰ ਦੇ ਸਾਥੀ ਬਣਨ 'ਚ ਬਦਲ ਗਈ ਸੀ।

ਰਿਸ਼ਵ ਨੇ ਮਾਰਕਟਿੰਗ ਦਾ ਡਿਪਲੋਮਾ ਕੀਤਾ ਹੋਇਆ ਸੀ, ਤੇ ਫਿਰ ਉਸ ਨੂੰ ਇੱਕ ਕੰਪਨੀ ਨੇ ਆਫ਼ਰ ਵੀ ਦੇ ਦਿੱਤਾ। ਤੇ ਸਾਡੇ ਦਿਨ ਬਦਲ ਗਏ। ਘਰ 'ਚ ਏਂਜਲਜ਼ ਨੇ ਜਨਮ ਲਿਆ ਤਾਂ ਸਾਨੂੰ ਹੋਰ ਵੀ ਖ਼ੁਸ਼ੀ ਹੋਈ। ਹੌਲ਼ੀ-ਹੌਲੀ ਇਨ੍ਹਾਂ ਦੀ ਪ੍ਰਮੋਸ਼ਨ ਹੋਈ ਤਾਂ ਇੰਕਰੀਮੈਂਟ 'ਚੋ ਮਿਲੇ ਪੈਸਿਆਂ ਨਾਲ ਮੈਂ ਵੀ ਲੇਡੀਜ਼ ਸੈਲੂਨ ਖੋਲ ਲਿਆ ਸੀ।

ਪਰ ਮੇਰੀ ਪਰਿਵਾਰਕ ਜ਼ਿੰਦਗੀ 'ਤੇ ਉਦੋਂ ਦੁੱਖਾਂ ਦਾ ਪਹਾੜ ਡਿੱਗ ਗਿਆ ਜਦੋਂ ਮੈਨੂੰ ਰਿਸ਼ਵ ਦੇ ਅਚਾਨਕ ਐਕਸੀਡੈਂਟ ਹੋਣ ਦੀ ਖ਼ਬਰ ਮਿਲੀ ਸੀ, ਉਹ ਦਫ਼ਤਰੋਂ ਛੁੱਟੀ ਕਰ ਕੇ ਵਾਪਸ ਘਰ ਬਾਈਕ 'ਤੇ ਆ ਰਿਹਾ ਸੀ ਜਦੋਂ ਸਾਹਮਣਿਓਂ ਇੱਕ ਟਰੱਕ ਨੇ ਆ ਉਸਦੀ ਬਾਈਕ ਨੂੰ ਟੱਕਰ ਮਾਰ ਦਿੱਤੀ ਸੀ, ਉਹ ਸੜਕ 'ਤੇ ਹੀ ਲਹੂ-ਲੁਹਾਣ ਪਿਆ ਰਿਹਾ। ਜਦੋਂ ਐਂਬੂਲੈਂਸ ਰਾਹੀਂ ਉਸ ਨੂੰ ਗੰਭੀਰ ਹਾਲਤ 'ਚ ਹਸਪਤਾਲ ਲੈ ਜਾਇਆ ਜਾ ਰਿਹਾ ਸੀ ਤਾਂ ਰਸਤੇ 'ਚ ਉਸ ਦੀ ਮੌਤ ਹੋ ਗਈ ਸੀ।

ਭਰ ਲਏ ਬੁੱਕਲ ਦੇ ਵਿਚ ਪੀੜਾਂ ਦੇ ਕਿੰਨੇ ਜ਼ਲਜ਼ਲੇ,
ਜ਼ਿੰਦਗੀ ਨੂੰ ਹੋਰ ਬਿਹਤਰ, ਹੋਰ ਬਿਹਤਰ ਕਰਦਿਆਂ। -ਨੱਕਾਸ਼ ਚਿੱਤੇਵਣੀ

ਰਿਸ਼ਵ ਦੀ ਮੌਤ ਨੇ ਤਾਂ ਜਿਵੇਂ ਮੈਨੂੰ ਸੁੰਨ ਹੀ ਕਰ ਦਿੱਤਾ। ਮੇਰੀ ਜ਼ਿੰਦਗੀ ਹੀ ਕੀ ਬਾਕੀ ਰਹਿ ਗਈ ਸੀ ਰਿਸ਼ਵ ਬਿਨਾਂ। ਰਿਸ਼ਵ ਦੀਆਂ ਯਾਦਾਂ ਨੂੰ ਦਿਮਾਗ਼ ਦੇ ਕਿਸੇ ਕੋਨੇ 'ਚ ਦਫ਼ਨਾ ਮੈਂ ਏਂਜਲਜ਼ ਦੇ ਭਵਿੱਖ ਬਾਰੇ ਸੋਚ ਦੁਬਾਰਾ ਬਿਖਰੀ ਜ਼ਿੰਦਗੀ ਨੂੰ ਇਕੱਠਾ ਕਰ ਜਿਊਣ ਦੀ ਕੋਸ਼ਿਸ਼ ਕਰਨ ਲੱਗੀ ਸਾਂ। ਖੁਦ ਨੂੰ ਸੰਭਾਲ ਕੇ ਆਪਣੇ ਕੰਮ 'ਚ ਹੀ ਮਗਨ ਹੋਈ ਸਾਂ ਅਜੇ ਕਿ ਜਦੋਂ ਇਕ ਭਾਣਾ ਹੋਰ ਵਾਪਰ ਗਿਆ ਸੀ।

ਮੈਨੂੰ ਜ਼ਿਆਦਾ ਪਤਾ ਨਹੀਂ ਸੀ ਰਸ਼ਮੀ ਬਾਰੇ ਕਿ ਉਹ ਕੌਣ ਸੀ। ਮੇਰੇ ਸੈਲੂਨ 'ਚ ਕਈ ਵਾਰ ਬਲੀਚਿੰਗ ਤੇ ਮਸਾਜ ਵਗ਼ੈਰਾ ਕਰਾਉਣ ਲਈ ਆਉਣ ਲੱਗੀ ਸੀ। ਗੱਲਾਂ-ਗੱਲਾਂ 'ਚ ਉਹਨੇ ਸੈਲੂਨ 'ਚ ਕੰਮ ਕਰਦੀ ਕੁੜੀ ਨਿਸ਼ੀ ਨੂੰ ਆਪਣੀਆਂ ਗੱਲਾਂ 'ਚ ਭਰਮਾ ਕੇ ਉਸ ਨੂੰ ਦੋਸਤ ਬਣਾ ਲਿਆ। ਰਸ਼ਮੀ ਅਕਸਰ ਵੀਕਲੀ 'ਤੇ ਉਸ ਕੋਲ ਜਾਣ ਲੱਗ ਪਈ ਸੀ। ਉਹਦਾ ਸੈਲੂਨ ਦੇ ਕੰਮ 'ਚ ਵੀ ਮਨ ਉਖੜਿਆ-ਉਖੜਿਆ ਰਹਿਣ ਲੱਗਾ ਸੀ। ਜਦੋਂ ਰਸ਼ਮੀ ਸੈਲੂਨ 'ਚ ਆਉਂਦੀ ਤਾਂ ਉਹ ਉਸ ਨੂੰ ਵੇਖ ਕੇ ਖੁਸ਼ ਹੋ ਜਾਂਦੀ...। ਰਸ਼ਮੀ ਨੇ ਆਪਣੇ ਨਾਲ ਰਲਾ ਕੇ ਨਿਸ਼ੀ ਨੂੰ ਹੋਰ ਹੀ ਚੱਕਰਾਂ 'ਚ ਫਸਾ ਲਿਆ। ਇਹ ਤਾਂ ਮੈਨੂੰ ਉਦੋਂ ਪਤਾ ਲੱਗਾ ਜਦੋਂ ਪੁਲੀਸ ਅਚਾਨਕ ਮੇਰੇ ਸੈਲੂਨ 'ਚ ਆ ਪੁੱਜੀ ਸੀ। ਉਹ ਬਿਨਾਂ ਕੁਝ ਦੱਸੇ ਨਿਸ਼ੀ ਨੂੰ ਆਪਣੇ ਨਾਲ ਲੈ ਗਈ ਸੀ। ਮੈਂ ਬਥੇਰਾ ਪੁੱਛਣਾ ਚਾਹਿਆ ਪਰ ਉਨ੍ਹਾਂ ਕੋਈ ਗੱਲ ਨਹੀਂ ਕੀਤੀ ਸੀ।

ਬਾਅਦ 'ਚ ਪੁਲੀਸ ਕੋਲੋਂ ਹੀ ਪਤਾ ਲੱਗਾ ਸੀ ਕਿ ਨਿਸ਼ੀ ਨੇ ਰਸ਼ਮੀ ਨਾਲ ਮਿਲ ਕੇ ਸ਼ਹਿਰ ਦੇ ਇੱਕ ਨਾਮੀ ਵਪਾਰੀ ਦੀ ਬਲਿਊ ਵੀਡੀਓ ਬਣਾ ਕੇ ਉਸ ਕੋਲੋਂ ਲੱਖਾਂ ਰੁਪਏ ਹੜੱਪ ਲਏ। ...ਤੇ ਹੁਣ ਉਹ ਹੋਰ ਵੀ ਰੁਪਏ ਉਸ ਵਪਾਰੀ ਕੋਲੋਂ ਮੰਗ ਰਹੀਆਂ ਸਨ। ਤੰਗ ਆਏ ਵਪਾਰੀ ਨੇ ਇਹ ਸਾਰਾ ਕੁਝ ਪੁਲਿਸ ਨੂੰ ਦੱਸ ਦਿੱਤਾ। ਪੁਲੀਸ ਤਫਤੀਸ਼ ਕਰਦੇ-ਕਰਦੇ ਮੇਰੇ ਸੈਲੂਨ ਤੱਕ ਆ ਪਹੁੰਚੀ ਸੀ। ਮੇਰੇ ਤਾਂ ਹੱਥਾਂ ਦੇ ਤੋਤੇ ਹੀ ਉੱਡ ਗਏ ਸਨ। ਮੈਂ ਇਨਕੁਆਰੀ ਲਈ ਆਏ ਇੰਸਪੈਕਟਰ ਨੂੰ ਕਾਫ਼ੀ ਸਮਝਾਇਆ, ਵਾਸਤੇ ਪਾਏ ਕਿ ਮੇਰਾ ਇਸ ਗੱਲ ਦੇ ਨਾਲ ਕੋਈ ਵਾਸਤਾ ਨਹੀਂ ਹੈ। ਇੱਕ ਵਾਰ ਤਾਂ ਉਹ ਵੀ ਚਲਿਆ ਗਿਆ।

ਫਿਰ ਦਸ-ਪੰਦਰਾਂ ਦਿਨਾਂ ਬਾਅਦ ਇੱਕ ਨਵੇਂ ਨੰਬਰ ਤੋਂ ਮੇਰੇ ਮੋਬਾਈਲ 'ਤੇ ਕਾਲ ਆਈ ਸੀ। ਅਖੇ- ਮੈਡਮ ਮੈਂ ਤੁਹਾਨੂੰ ਮਿਲ ਕੇ ਗੱਲ ਕਰਨੀ ਚਾਹੁੰਦਾ ਹਾਂ ਨਿਸ਼ੀ ਵਾਲੇ ਕੇਸ ਦੇ ਸੰਬੰਧ 'ਚ। ਮੈਂ ਦੱਸੇ ਪਤੇ ਅਨੁਸਾਰ ਉੱਥੇ ਚਲੀ ਗਈ ਸਾਂ। ਇੰਸਪੈਕਟਰ ਮੈਨੂੰ ਆਪਣੇ ਜਾਲ 'ਚ ਫਸਾਉਣ ਲਈ ਕਾਫ਼ੀ ਸਕੀਮਾਂ ਘੜ ਚੁੱਕਾ ਸੀ। ਤੇ ਉਸਨੇ ਨਿਸ਼ੀ ਕੋਲੋਂ ਵੀ ਮੇਰੇ ਬਾਰੇ ਇਹ ਬਿਆਨ ਲਿਖਵਾ ਲਏ ਸਨ ਕਿ ਮੈਂ ਉਸ ਤੋਂ ਗਲਤ ਧੰਦਾ ਕਰਵਾਉਂਦੀ ਸਾਂ। ਮੈਂ ਕਾਫ਼ੀ ਦੌੜ-ਭੱਜ ਕਰੀ, ਪਰ ਕਿਤੋਂ ਕੋਈ ਹੱਲ ਨਾ ਹੋਇਆ। ਅਦਾਲਤੀ ਕਾਰਵਾਈ ਕਰਨ ਲਈ ਵਕੀਲ ਦੀ ਸਲਾਹ ਲਈ, ਉਸਨੇ ਵੀ ਇਹ ਕਿਹਾ ਸੀ ਕਿ ਜੇ ਨਿਸ਼ੀ ਆਪਣੇ ਬਿਆਨ ਬਦਲ ਜਾਏ ਤਾਂ ਕੁਝ ਹੋ ਸਕਦਾ ਹੈ। ਮੈਂ ਹਤਾਸ਼ ਜਿਹੀ ਸਾਂ। ਕੋਈ ਚਾਰਾ ਨਹੀਂ ਸੀ ਦਿੱਸ ਰਿਹਾ। ਮੇਰਾ ਮਨ ਸੈਲੂਨ 'ਚ ਵੀ ਉਖੜਿਆ-ਉਖੜਿਆ ਰਹਿਣ ਲੱਗਾ ਸੀ। ਫਿਰ ਜਦੋਂ ਉਸਦਾ ਦੁਬਾਰਾ ਫ਼ੋਨ ਆਇਆ ਤਾਂ ਮੈਂ ਉਸ ਨੂੰ ਜਿੱਥੇ ਉਹ ਕਹਿ ਰਿਹਾ ਸੀ, ਮਿਲਣ ਦੀ ਹਾਮੀ ਭਰ ਦਿੱਤੀ।

ਉਸ ਨਾਲ ਪਹਿਲੀ ਮੁਲਾਕਾਤ ਨੇ ਹੀ ਜਿਵੇਂ ਮੇਰੀ ਆਤਮਾ ਨੂੰ ਛਲਣੀ-ਛਲਣੀ ਕਰ ਦਿੱਤਾ ਸੀ। ਉਸ ਅੰਦਰ ਕੋਈ ਮਰਦ ਦੀ ਬਜਾਏ ਕੋਈਂ ਹੈਵਾਨ ਸੀ, ਤੇ ਉਸਨੇ ਇਸ ਹੈਵਾਨੀਅਤ ਨੂੰ ਮੇਰੇ ਉੱਤੇ ਪੂਰੇ ਜ਼ਬਰ ਨਾਲ ਅਜ਼ਮਾਇਆ ਸੀ। ਕੀਚਰੇ-ਕੀਚਰੇ ਹੋ ਗਈ ਸਾਂ ਮੈਂ। ਉਸ ਕੋਲੋਂ ਵਾਪਸ ਪਰਤ ਮੈਂ ਸੋਚਿਆ ਸੀ ਕਿ ਹੁਣ ਦੁਬਾਰਾ ਕਦੇ ਇਸ ਪਾਸੇ ਮੂੰਹ ਨਹੀਂ ਕਰਾਂਗੀ ਪਰ ਇਸ ਮੁਲਾਕਾਤ ਤੋਂ ਬਾਅਦ ਮੈਨੂੰ ਉਹ ਆਪਣੇ ਚੁੰਗਲ 'ਚ ਹੀ ਅਜਿਹਾ ਫਸਾ ਲਏਗਾ, ਇਹ ਕਦੋਂ ਸੋਚਿਆ ਸੀ ਮੈਂ।

ਮੈਂ ਤਾਂ ਕੁਝ ਹੋਰ ਹੀ ਸੋਚਿਆ ਸੀ ਪਰ ਹੋ ਕੁਝ ਹੋਰ ਗਿਆ। ਫਿਰ ਉਹ ਮੈਨੂੰ ਬਲੈਕਮੇਲ ਕਰਨ ਲੱਗਾ। ਮੇਰੀ ਵੀਡੀਓ ਪਤਾ ਨਹੀਂ ਉਹਨੇ ਕਿਵੇਂ ਬਣਾ ਲਈ ਸੀ। ਤੇ ਫਿਰ ਤਾਂ ਉਹ ਜਦੋਂ ਮਨ ਕਰਦਾ ਮੈਨੂੰ ਫੋਨ ਕਰ ਬੁਲਾ ਲੈਂਦਾ। ਉਸ ਵੱਲੋਂ ਮਿਲਦੇ ਤਸੀਹੇ ਮੈਨੂੰ ਟੋਟੇ-ਟੋਟੇ ਕਰ ਦਿੰਦੇ। ਮੈਂ ਵੀ ਕਿੰਨੀ ਅੰਦਰੋਂ ਟੁੱਟ ਗਈ ਸਾਂ। ਗਿਲਾਨੀ ਜਿਹੀ ਆਉਣ ਲੱਗ ਪਈ ਸੀ ਆਪਣੇ-ਆਪ ਕੋਲੋਂ। ਲੱਗਦਾ ਸੀ ਕੋਈ ਗੁਨਾਹ ਕਰ ਰਹੀ ਹੋਵਾਂ ਆਪਣੇ-ਆਪ ਨਾਲ। ਰਿਸ਼ਵ ਦੀ ਆਤਮਾ ਕੀ ਸੋਚਦੀ ਹੋਵੇਗੀ। ਕਦੇ ਖੁਦ ਆਤਮ-ਹੱਤਿਆ ਕਰਨ ਬਾਰੇ ਸੋਚਦੀ ਪਰ ਏਂਜਲਸ ਦੇ ਭਵਿੱਖ ਨੂੰ ਦੇਖ ਫਿਰ ਮਨ ਪੰਘਰ ਜਾਂਦਾ। ਜਦੋਂ ਕਦੇ ਇਕੱਲੀ ਹੁੰਦੀ ਤਾਂ ਅਪਰਾਧਬੋਧ ਦਾ ਸ਼ਿਕਾਰ ਹੋ ਜਾਂਦੀ ਸਾਂ। ਪਰ ਇਹੋ ਅਪਰਾਧ ਇੱਕ ਨਵੇਂ ਢੰਗ ਨਾਲ ਇਸ ਤਰ੍ਹਾਂ ਮੇਰੇ ਅੱਗੇ ਅਚਾਨਕ ਆ ਧਮਕੇਗਾ ਇਹ ਤਾਂ ਪਹਿਲਾਂ ਮੈਂ ਕਦੇ ਸੋਚਿਆ ਹੀ ਨਹੀਂ ਸੀ।

ਜੇ ਸੋਚਿਆ ਵੀ ਹੁੰਦਾ ਤਾਂ ਫਿਰ ਕਿਹੜਾ ਇੰਝ ਨਹੀਂ ਵਾਪਰਣਾ ਸੀ। ਜਿੰਨਾ ਚਿਰ ਉਸ ਦੇ ਚੁੰਗਲ 'ਚ ਸਾਂ ਕੁਝ ਵੀ ਮੁਮਕਿਨ ਸੀ। ਪਰ ਕਲਮੂੰਹੇਂ ਦਾ ਹਸ਼ਰ ਇਸ ਤਰ੍ਹਾਂ ਦਾ ਵੀ ਹੋ ਸਕਦਾ ਹੈ? ਇਹ ਮੈਨੂੰ ਅਜੇ ਵੀ ਸੁਪਨੇ ਜਿਹਾ ਲੱਗਦਾ ਹੈ। ਯਕੀਨ ਜਿਹਾ ਨਹੀਂ ਆ ਰਿਹਾ। ਲੱਗਦਾ ਹੈ ਜਿਵੇਂ ਮੈਂ ਕੋਈ ਕਾਗਜ਼ੀ ਸੁਪਨਾ ਹੀ ਦੇਖ ਰਹੀ ਹੋਵਾਂ। ਕਿਉਂਕਿ ਇਸ ਤਰ੍ਹਾਂ ਦੇ ਸੁਪਨੇ ਤਾਂ ਮੈਂ ਪਿਛਲੇ ਕਈ ਮਹੀਨਿਆਂ ਤੋਂ ਵੇਖਦੀ ਆ ਰਹੀ ਸਾਂ। ਪਰ ਪਹਿਲਾਂ ਆਏ ਸੁਪਨਿਆਂ 'ਚ ਇਸ ਤਰ੍ਹਾਂ ਦਾ ਉਸਦਾ ਮਰਨਾ ਕਦੇ ਨਹੀਂ ਆਇਆ ਸੀ। ਮੈਂ ਹੀ ਉਸ ਨੂੰ ਮਾਰਨ ਦਾ ਯਤਨ ਤੇ ਸਕੀਮਾਂ ਬਣਾਉਂਦੀ ਰਹੀ ਸਾਂ ਸੁਪਨਿਆਂ 'ਚ। ਪਰ ਇਹ ਤਾਂ ਸੁਪਨੇ ਹੀ ਸਨ ਹਕੀਕਤ 'ਚ ਮੈਂ ਨਾ ਇਨ੍ਹਾਂ ਨੂੰ ਸਾਕਾਰ ਹੁੰਦੇ ਵੇਖਿਆ ਸੀ ਤਾਂ ਨਾ ਕਦੇ ਉਸ ਦੀ ਮੌਤ ਅਚਾਨਕ ਇਸ ਤਰ੍ਹਾਂ ਹੋਣ ਦੀ ਕਲਪਨਾ ਕੀਤੀ ਸੀ।

ਹਾਂ, ਇਹ ਜ਼ਰੂਰ ਮੇਰੇ ਮਨ 'ਤੇ ਕਈ ਵਾਰ ਆਇਆ ਸੀ ਕਿ ਮੈਂ ਉਸ ਨੂੰ ਕਿਵੇਂ ਨਾ ਕਿਵੇਂ ਖਤਮ ਕਰ ਦੇਵਾਂ। ਕਦੇ ਖਿਆਲ ਪਨਪਦਾ ਮੈਂ ਉਸਦਾ ਕਤਲ ਕਰ ਦੇਵਾਂ। ਜਾਂ ਉਸ ਦੇ ਖਾਣ-ਪੀਣ ਵਾਲੀ ਕਿਸੇ ਚੀਜ਼ 'ਚ ਹੀ ਕੁਝ ਮਿਲਾ ਕੇ ਕੰਮ ਤਮਾਮ ਕਰ ਦੇਵਾਂ। ਜਾਂ ਸ਼ਰਾਬੀ ਹੋਏ ਨੂੰ ਘੁੰਮਣ ਦਾ ਬਹਾਨਾ ਬਣਾ ਬਾਹਰ ਕਿਸੇ ਨਹਿਰ ਦੇ ਕਿਨਾਰੇ ਲੈ ਜਾਵਾਂ 'ਤੇ ਫਿਰ ਕਿਸੇ ਦੀ ਹੋਂਦ ਨਾ ਦੇਖ ਫ਼ੁਰਤੀ ਨਾਲ ਧੱਕਾ ਦੇ ਦੇਵਾਂ। ਉਸਨੂੰ ਨਹਿਰ 'ਚ ਸ਼ਰਾਬੀ ਹਾਲਤ 'ਚ ਡੁੱਬਦਿਆਂ 'ਬ...ਚਾ...ਓ....ਬ....ਚਾ...ਓ..'. ਦੀ ਆਵਾਜ਼ 'ਚ ਥੁਥਲਾਉਂਦਿਆਂ, ਜਿਉਣ ਲਈ ਤਰਲੇ ਕੱਢਦੇ ਨੂੰ ਦੇਖ ਆਪਣੇ ਖਿੜੇ ਚਿਹਰੇ ਵਾਲੀ ਰੂਹ ਨੂੰ ਕਲਪਿਤ ਕਰ-ਕਰ ਮੈਨੂੰ ਸਕੂਨ ਜਿਹਾ ਮਿਲ ਜਾਂਦਾ ਸੀ। ਉਹਨੇ ਵੀ ਤਾਂ ਪਤਾ ਨਹੀਂ ਕਿੰਨਿਆਂ ਨਾਲ ਇਸ ਤਰ੍ਹਾਂ ਦਾ ਵਿਹਾਰ ਕੀਤਾ ਹੋਵੇਗਾ। ਉਸਦੀ ਹੋਣੀ ਇਸ ਤਰ੍ਹਾਂ ਦੀ ਹੀ ਤਾਂ ਹੋਣੀ ਚਾਹੀਦੀ ਸੀ। ਜੋ ਬੰਦਾ ਕੇਵਲ ਆਪਣੇ ਬਾਰੇ ਤੇ

ਮਿੱਠੇ ਬੋਲ ਤੇ ਨਿੱਘੀਆਂ ਯਾਦਾਂ, ਰੱਬ ਵਰਗਾ ਧਰਵਾਸ ਹੈ ਪੱਲੇ।
ਸੁਪਨੇ ਵਿਚ ਹੀ ਮਿਲ ਜਾਏ ਕਿਧਰੇ, ਓਹਦੀ ਦੀਦ ਦੀ ਪਿਆਸ ਹੈ ਪੱਲੇ। -ਸੁਰਿੰਦਰਪਾਲ ਕਾਵੈਂਟਰੀ

ਕੇਵਲ ਆਪਣੇ ਅੰਦਰ ਵੱਸਾਈ ਆਪਣੀ ਹੈਵਾਨੀਅਤ ਨੂੰ ਪਿਆਰ ਕਰਦਾ ਹੋਵੇ, ਉਸ ਨਾਲ ਇਸੇ ਤਰ੍ਹਾਂ ਹੀ ਤਾਂ ਹੋਣਾ ਚਾਹੀਦਾ'।

ਤੇ ਇਸ ਤਰ੍ਹਾਂ ਚਾਹੇ ਮੈਂ ਕਰਾਂ ਜਾਂ ਉਸਦਾ ਸਤਾਇਆ ਕੋਈ ਹੋਰ ਹੀ ਕਰੇ। ਸਜ਼ਾ ਤਾਂ ਉਸਨੂੰ ਹੀ ਮਿਲ਼ਣੀ ਚਾਹੀਦੀ ਹੈ। ਆਖ਼ਰ ਕੀ ਨਹੀਂ ਹੋ ਸਕਦਾ ਦੁਨੀਆਂ 'ਤੇ। ਪਰ ਮੇਰਾ ਮਨ ਏਂਜਲਸ ਬਾਰੇ ਜਦ ਸੋਚਦਾ ਤਾਂ ਇਸ ਤਰ੍ਹਾਂ ਕਰਨ ਤੋਂ ਮੁਨਕਰ ਹੋ ਜਾਂਦਾ। ਉਂਝ ਵੀ ਮੈਂ ਇੰਨੀ ਨਿੱਡਰ ਤੇ ਬਹਾਦਰ ਨਹੀਂ ਸਾਂ। ਜੋ ਇਸ ਤਰ੍ਹਾਂ ਦਾ ਕਾਰਾ ਕਰ ਸਕਦੀ। ਜੇ ਇਸ ਤਰ੍ਹਾਂ ਦੀ ਹੁੰਦੀ ਤਾਂ ਇੱਥੋਂ ਤੱਕ ਨੌਬਤ ਹੀ ਕਿਉਂ ਆਉਂਦੀ। ਮੈਂ ਤਾਂ ਅੱਜ ਤੱਕ ਕਦੇ ਮੱਛਰ/ਕੀੜੀ ਆਦਿ ਵੀ ਨਹੀਂ ਮਾਰੀ ਸੀ। ਘਰ ਕਿਰਲੀ ਨੂੰ ਜੇ ਕਦੇ ਕਿਸੇ ਕੰਧ 'ਤੇ ਵੇਖ ਲੈਂਦੀ ਚਿਪਕੀ ਨੂੰ, ਤਾਂ ਕਿੰਨਾ ਚਿਰ ਘਬਰਾਹਟ ਛਿੜ ਜਾਂਦੀ ਸੀ ਮੈਨੂੰ। ਫਿਰ ਇਹ ਤਾਂ ਪੰਜ ਫੁੱਟ 9 ਇੰਚ ਦੀ ਮਜ਼ਬੂਤ ਤੇ ਸੁਡੌਲ ਦੇਹ ਸੀ। ਜਿਸ ਦੇ ਪਰਛਾਵੇਂ ਨੂੰ ਹੀ ਮਹਿਸੂਸ ਕਰ ਮੈਂ ਕੰਬਣ ਲੱਗ ਜਾਂਦੀ ਸਾਂ।

ਪਰ ਉਸਨੂੰ ਦੇਖ ਕੇ ਕੰਬਣੀ ਛਿੜਨੀ ਹੋਰ ਗੱਲ ਸੀ, ਹੁਣ ਉਸ ਦੀ ਮੌਤ ਤੋਂ ਬਾਅਦ ਛਿੜੀ ਕੰਬਣੀ ਸੱਚਮੁੱਚ ਮੇਰੇ ਲਈ ਕਾਫ਼ੀ ਤਕਲੀਫ਼ਦੇਹ ਹੈ। ਭਾਵੇਂ ਮੈਂ ਉਸ ਦੀ ਮੌਤ ਬਾਰੇ ਹਰ ਪਲ ਸੋਚਦੀ ਰਹਿੰਦੀ ਸਾਂ ਪਰ ਇਸ ਤਰ੍ਹਾਂ ਦੀ ਹੋਈ ਮੌਤ ਬਾਰੇ ਮੇਰੇ ਕੋਲੋਂ ਹੀ ਜਵਾਬਦੇਹੀ ਹੋਵੇਗੀ, ਇਹ ਕਦੋਂ ਸੋਚਿਆ ਸੀ ਮੈਂ। ਮੈਂ ਤਾਂ ਚਾਹੁੰਦੀ ਸਾਂ, ਉਸਦੀ ਮੌਤ ਸੁਭਾਵਿਕ ਲੱਗੇ। ਕਿਸੇ ਨੂੰ ਕੁਝ ਪਤਾ ਨਾ ਚੱਲ ਸਕੇ। ਉਂਝ ਵੀ ਅਜਿਹੇ ਬੰਦੇ ਦੇ ਮਰ ਜਾਣ ਨਾਲ ਕਿਸੇ ਨੂੰ ਕੋਈ ਫ਼ਰਕ ਵੀ ਨਹੀਂ ਸੀ ਪੈਣਾ। ਕੋਈ ਨਹੀਂ ਸੀ ਉਸਦੇ ਮਹਿਕਮੇ ਤੋਂ ਬਿਨਾਂ ਉਸ ਦੀ ਮੌਤ ਦੀ ਪੜਤਾਲ ਕਰਨ ਵਾਲਾ। ਰੋਣ ਵਾਲਾ ਤਾਂ ਦੂਰ ਦੀ ਗੱਲ ਹੀ ਸੀ। ਰਿਸ਼ਤੇ-ਨਾਤ੍ਰੇ ਤਾਂ ਉਸ ਫ਼ਰੇਬੀ ਨੇ ਪਹਿਲਾਂ ਹੀ ਮੁਕਾ ਦਿੱਤੇ ਸਨ।

ਮੈਨੂੰ ਅੱਜ ਵੀ ਉਸ ਵੱਲੋਂ ਆਪਣੇ ਪਰਿਵਾਰ ਬਾਰੇ ਸੁਣਾਈ ਕਹਾਣੀ ਯਾਦ ਹੈ। ਪਿਆਰ-ਵਿਆਹ ਕਰਵਾਇਆ ਸੀ ਚੰਦਰੇ ਨੇ ਹਿੰਦੂ ਕੁੜੀ ਨਾਲ, ਪਰ ਵਿਆਹ ਤੋਂ ਕੁਝ ਸਾਲ ਬਾਅਦ ਘਰ ਵਾਲੀ ਦੇ ਕਰੈਕਟਰ 'ਤੇ ਸ਼ੱਕ ਕਰਨ ਲੱਗ ਪਿਆ। ਅਖੇ ਤੂੰ ਆਪਣੇ ਮਾਮੇ ਦੇ ਮੁੰਡੇ ਨਾਲ ਗ਼ਲਤ ਹੈ। ਉਹ ਕਿਤੇ ਕਿਸੇ ਕੰਮ ਕਾਰਨ ਇਸ ਕੋਲ ਆ ਕੇ ਕੁਝ ਦਿਨ ਰਹਿ ਗਿਆ ਸੀ। ਬਸ, ਉਦੋਂ ਤੋਂ ਸ਼ੱਕ ਕਰਨ ਲੱਗ ਪਿਆ। ਆਪਣੀ ਛੇ-ਸੱਤ ਸਾਲਾਂ ਦੀ ਧੀ ਸਾਹਮਣੇ ਵੀ ਲੜਾਈ ਕਰਨੋਂ ਬਾਜ ਨਾ ਆਉਂਦਾ। ਸ਼ਰਾਬ ਪੀਤੀ 'ਚ ਗਾਲ੍ਹਾਂ ਤੇ ਉਸਦੀ ਕੁੱਟਮਾਰ ਕਰਦਾ ਰਹਿੰਦਾ। ਫੇਰ ਪਤਾ ਨਹੀਂ ਗਣੇਸ਼ ਚਤੁਰਥੀ ਵਾਲੇ ਦਿਨ ਪਾਪੀ ਨੇ ਆਪਣੀ ਘਰਵਾਲੀ ਤੇ ਧੀ ਨੂੰ ਭਾਖੜਾ 'ਚ ਸੁੱਟ ਡੁਬੋ ਕੇ ਮਾਰ ਦਿੱਤਾ ਸੀ। ਕਿਸੇ ਨੂੰ ਭਿਣਕ ਵੀ ਨਹੀਂ ਲੱਗੀ ਸੀ। ਅਖੇ ਗਣੇਸ਼ ਵਿਸਰਜਨ ਕਰਨ ਲਈ ਗਏ ਹੋਏ ਸਨ। ਨਹਿਰ ਦੀ ਪਟੜੀ 'ਤੋਂ ਪੈਰ ਫਿਸਲ ਗਿਆ ਬੇਟੀ ਦਾ, ਉਹ ਤਿਲਕ ਕੇ ਪਾਣੀ 'ਚ ਡਿੱਗੀ ਤੇ ਧੀ ਨੂੰ ਡੁੱਬਦਾ ਵੇਖ ਉਸਦੀ ਮਾਂ ਨੇ ਵੀ ਬਿਨਾਂ ਕੁਝ ਸੋਚੇ-ਸਮਝੇ ਉਸ ਨੂੰ ਬਚਾਉਣ ਲਈ ਨਹਿਰ 'ਚ ਛਾਲ ਮਾਰ ਦਿੱਤੀ। ਤਰਨਾ ਦੋਵਾਂ ਨੂੰ ਹੀ ਨਹੀਂ ਆਉਂਦਾ ਸੀ। ਨਤੀਜਾ ਪਾਣੀ ਦੇ ਵਹਾਅ 'ਚ ਦੋਵੇਂ ਹੀ ਰੁੜ ਗਈਆਂ ਸਨ। ਤੇ ਫਿਰ ਮਾਮਲਾ ਰਫ਼ਾ-ਦਫ਼ਾ ਹੋ ਗਿਆ।

''ਸਾਲੀ ਠੰਢੀ ਤੀਵੀਂ ਸੀ। ਕੁੜੀ ਹੋਣ ਤੋਂ ਬਾਅਦ ਤਾਂ ਜਿਵੇਂ ਉਸ 'ਚ ਸਾਰੇ ਰਸ ਹੀ ਖ਼ਤਮ ਹੋ ਗਏ ਹੋਣ। ਸਾਰਾ ਦਿਨ ਬਿਮਾਰਾਂ ਵਾਂਗ ਢਿੱਲੀ ਜਿਹੀ ਤੁਰੀ-ਫਿਰਦੀ ਰਹਿੰਦੀ। ਜਦੋਂ ਉਹਦੇ ਮਾਮੇ ਦਾ ਪੁੱਤ ਆਇਆ ਤਾਂ ਸਾਲੀ ਸਾਰਾ ਦਿਨ ਘੋੜੀ ਵਾਂਗ ਟੁਣਕਦੀ ਫਿਰਦੀ ਰਿਹਾ ਕਰੇ। ਪਰ ਜਦੋਂ ਮੈਂ ਜਾਂਦਾ ਘਰ ਤਾਂ ਲੱਗ ਪੈਂਦੀ ਨਖ਼ਰੇ ਜਿਹੇ ਕਰਨ। ਬੰਦਾ ਸਾਰੇ ਦਿਨ ਦਾ ਥੱਕਿਆ-ਟੁੱਟਿਆ ਘਰ ਪਰਤਦਾ ਹੈ। ਕੀ ਕਰਨ? ਤੇ ਉੱਤੋਂ ਤੀਵੀਂ ਵੀ ਇਹੋ ਜਿਹੀ। ਫਾਹਾ ਹੀ ਵੱਢਤਾ ਇਸ ਰੋਜ਼-ਰੋਜ਼ ਦੇ ਖਲਜਗਣ ਤੋਂ।''

ਸ਼ਰਾਬੀ ਹਾਲਤ 'ਚ ਉਹ ਕੁੱਤੇ ਵਾਂਗ ਭੌਂਕਦਾ ਹੋਇਆ ਇਹ ਸਾਰਾ ਕੁਝ ਮੈਨੂੰ ਦੱਸੀ ਜਾ ਰਿਹਾ ਸੀ। ਤੇ ਮੇਰੇ ਅੰਦਰੋਂ ਜਿਵੇਂ ਗੁੱਸੇ ਦੇ ਜਵਾਲਾਮੁਖੀ ਉੱਬਲ ਰਹੇ ਹੋਣ। ਮੈਨੂੰ ਉਸ ਤੋਂ ਬਾਅਦ ਹੋਰ ਵੀ ਨਫ਼ਰਤ ਹੋ ਗਈ ਸੀ ਉਸ ਨਾਲ।

ਆਪਣੀ ਵਰਦੀ ਦਾ ਨਾਜਾਇਜ਼ ਫਾਇਦਾ ਹੀ ਤਾਂ ਉਠਾ ਰਿਹਾ ਸੀ ਉਹ। ਕੀ ਨਾਮ ਸੀ ਕੁੱਤੇ ਦਾ ਦੁਰਯੋਧ ਸਿੰਘ। ਨਾਮ ਵੀ ਸ਼ੈਤਾਨਾਂ ਵਰਗਾ ਤੇ ਕੰਮ ਵੀ ਸ਼ੈਤਾਨਾਂ ਵਰਗੇ। ਪਤਾ ਨਹੀਂ ਕਿੰਨੇ ਲੋਕਾਂ 'ਤੇ ਅੱਤਿਆਚਾਰ ਕੀਤਾ ਹੋਵੇਗਾ, ਉਸ ਨੇ। ਲੋਕਾਂ ਦੀਆਂ ਬਦ-ਦੁਆਵਾਂ ਇੱਕ ਨਾ ਇੱਕ ਦਿਨ ਜ਼ਰੂਰ ਲੱਗ ਹੀ ਜਾਂਦੀਆਂ। ਇਹੋ ਤਾਂ ਮੈਂ ਆਪਣੇ ਅੱਖੀ ਵੇਖਿਆ। ਪਰ ਮੈਨੂੰ ਉਸ ਦੇ ਮਰਨ ਦਾ ਅਜੇ ਵੀ ਯਕੀਨ ਨਹੀਂ ਸੀ ਆ ਰਿਹਾ। ਮੈਨੂੰ ਤਾਂ ਇੰਝ ਸੀ ਕਿ ਉਹ ਕੀੜੇ ਪੈ-ਪੈ ਕੇ ਮਰੇਗਾ। ਉਸਦੀ ਲਾਸ਼ ਨੂੰ ਕੁੱਤੇ ਵੀ ਮੂੰਹ ਨਹੀਂ ਲਾਉਣਗੇ।

ਪਰ ਜੋ ਅਸੀਂ ਸੋਚਦੇ ਹਾਂ ਅਕਸਰ ਉਸ ਤਰ੍ਹਾਂ ਦਾ ਹੁੰਦਾ ਨਹੀਂ। ਤੇ ਉਸ ਨਾਲ ਵੀ ਜਿਵੇਂ ਮੈਂ ਸੋਚਿਆ ਸੀ ਉਵੇਂ ਨਹੀਂ ਹੋਇਆ। ਮੈਨੂੰ ਤਾਂ ਲੱਗਦਾ ਸੀ ਉਸਦੀ ਪਤਨੀ ਦਾ, ਉਸਦੀ ਬੇਟੀ ਦਾ, ਤੇ ਪਤਾ ਨਹੀਂ ਹੋਰ ਮੇਰੇ ਵਰਗੇ ਕਿੰਨਿਆਂ ਦਾ ਸਰਾਪ ਲੱਗੇਗਾ ਉਸ ਨੂੰ। ਤੇ ਉਹ ਤੜ੍ਹਫਦਾ ਹੋਇਆ ਆਪਣੀ ਮੌਤ ਲਈ ਤਰਲੇ, ਲੇਲ੍ਹੜੀਆਂ ਕੱਢੇਗਾ... ਪਰ...!

ਇਹ ਤਾਂ ਸਿਰਫ਼ ਅਨੁਮਾਨ ਹੀ ਸੀ। ਅਜਿਹੇ ਅੰਦਾਜ਼ੇ ਪਤਾ ਨਹੀਂ ਕਿੰਨਿਆਂ ਕੁ ਨੇ ਲਾਏ ਹੋਏ ਸਨ ਪਰ ਸਾਰੇ ਅੰਦਾਜ਼ੇ ਧਰੇ-ਧਰਾਏ ਰਹਿ ਗਏ ਸਨ। ਉਸ ਦੀ ਇਸ ਤਰ੍ਹਾਂ ਹੋਈ ਮੌਤ ਕਾਰਨ...। ਜਿਵੇਂ ਮੈਂ ਤੜ੍ਹਫਦੀ ਰਹਿ ਗਈ ਸਾਂ। ਉਵੇਂ ਸ਼ਾਇਦ ਕਈ ਹੋਰ ਰੂਹਾਂ ਵੀ ਤੜਫਦੀਆਂ ਰਹਿ ਗਈਆਂ ਹਨ।

ਤੇ ਮੇਰੀ ਹਾਲਤ ਵੀ ਉਸ ਮੱਛੀ ਵਰਗੀ ਹੀ ਸੀ... ਜਿਸਨੂੰ ਹੱਸਦੀ, ਖੇਡਦੀ, ਨੀਲੇ ਪਾਣੀਆਂ 'ਚ ਤਾਰੀਆਂ ਲਾਉਂਦੀ ਨੂੰ ਅਚਾਣਕ ਆ ਇੱਕ ਜ਼ਾਲਮ ਮਛੇਰੇ ਨੇ ਆਪਣੇ ਜਾਲ 'ਚ ਫਸਾ ਬਾਹਰ ਕੱਢ... ਘਰ ਆਪਣੇ ਕੈਪਸੂਲ ਵਰਗੇ ਚੁੰਗਲ 'ਚ ਨਪੀੜ ਲਿਆ ਸੀ। ਜਦੋਂ ਜੀਅ ਕਰਦਾ ਚੋਗਾ ਸੁੱਟ ਦਿੰਦਾ ਤੇ ਮੈਨੂੰ ਲੀਰੋ-ਲੀਰ ਕਰ ਦਿੰਦਾ।

ਬਸ ਮੈਂ ਹੀ ਰਹਿ ਗਈ ਸਾਂ ਉਸ ਦੇ ਜਾਲ 'ਚ ਫਸੀ ਹੋਈ ਮੱਛੀ। ਉਸਦਾ ਜੀ ਕਰਦਾ ਸੀ ਮੈਨੂੰ ਪਾਣੀ 'ਚ ਸੁੱਟ ਦਿੰਦਾ, ਤੇ ਮਨ ਕਰਦਾ ਤਾਂ ਪਾਣੀ ਤੋਂ ਬਾਹਰ ਕੱਢ ਮਾਰਦਾ, ਤੜਫਾਉਣ ਲਈ। ਉਸ ਨੂੰ ਮੇਰਾ ਤੜਫਣਾ ਚੰਗਾ ਲੱਗਦਾ ਸੀ। ਸ਼ਾਇਦ ਇਸੇ ਲਈ ਇਸ ਤਰ੍ਹਾਂ ਦਾ ਵਿਹਾਰ ਕਰਦਾ ਸੀ ਮੇਰੇ ਨਾਲ। ਮੈਂ ਵੀ ਲਾਚਾਰ ਜਿਹੀ ਹੋਈ, ਉਸ ਨੂੰ ਅਜਿਹਾ ਕਰਦੇ ਦੇਖਦੀ ਰਹਿ ਜਾਂਦੀ ਸਾਂ। ਉਸ ਦਾ ਹਰ ਜ਼ੁਲਮ ਸਹਿ ਜਾਂਦੀ ਸਾਂ। ਉਹ ਮੇਰੇ ਜਿਸਮ ਗਿਰਝਾਂ ਵਾਂਗ ਚੂੰਢਦਾ। ਕੁੱਤਿਆਂ ਵਾਂਗ ਬੋਟੀ-ਬੋਟੀ ਚੂਸਦਾ। ਤੇ ਮੈਂ ਤੜਫ਼ ਕੇ ਰਹਿ ਜਾਂਦੀ ਸਾਂ ਚੀਸ ਵੀ ਨਿਕਲਣੋਂ ਬੰਦ ਹੋ ਗਈ ਸੀ ਮੇਰੀ।

ਬਥੇਰਾ ਚੀਕੀ ਸਾਂ। ਪਰ ਚੀਕਣ ਦਾ ਮੈਨੂੰ ਪਤਾ ਲੱਗ ਗਿਆ

ਸ਼ਹਿਰਾਂ ਦੇ ਵਿਚ ਵੱਸਦੇ ਲੋਕੀਂ, ਪਰ ਲੋਕਾਂ ਵਿਚ ਵੱਸੇ ਜੰਗਲ।
ਮੇਰੇ ਵੀ ਧੁਰ ਅੰਦਰ ਕਿਧਰੇ, ਚੁੱਪ-ਚਪੀਤੇ ਹੱਸੇ ਜੰਗਲ। -ਹਰਭਜਨ ਮਾਂਗਟ

ਸੀ ਕਿ ਕੋਈ ਫਾਇਦਾ ਨਹੀਂ ਹੈ। ਮੇਰੀ ਚੀਕ ਉਸਦੇ ਬਣਾਉਟੀ ਬੈੱਡਰੂਮ ਦੀਆਂ ਦੀਵਾਰਾਂ 'ਚ ਹੀ ਕਿਤੇ ਚਿਣ ਕੇ ਰਹਿ ਜਾਂਦੀ ਸੀ। ਕਿਸੇ ਨੂੰ ਸੁਣਨੀ ਤਾਂ ਦੂਰ ਦੀ ਗੱਲ ਸੀ। ਫਿਰ ਮੈਨੂੰ ਵੀ ਲੱਗਿਆ ਜਿਵੇਂ ਮੇਰੇ ਇਸ ਤਰ੍ਹਾਂ ਚੀਕਣ, ਕਰਾਹੁਣ ਦਾ, ਕੋਈ ਲਾਭ ਨਹੀਂ ਹੈ। ਮੈਂ ਉਸ ਦੀ ਹੋਂਦ ਤੋਂ ਹੀ ਮੁਨਕਰ ਹੋਣਾ ਸ਼ੁਰੂ ਹੋ ਗਈ ਸਾਂ। ਉਹ ਜਿੱਥੇ ਚਾਹੁੰਦਾ ਮੈਨੂੰ ਬੁਲਾ ਲੈਂਦਾ। ਮੈਂ ਚਲੀ ਜਾਂਦੀ। ਮੇਰੀ ਨਾਂਹ ਉਸ ਅੱਗੇ ਕੋਈ ਅਹਿਮੀਅਤ ਨਹੀਂ ਰੱਖਦੀ ਸੀ। ਉਸਦਾ ਵਿਹਾਰ ਹੀ ਇਸ ਤਰ੍ਹਾਂ ਦਾ ਸੀ। ਮੈਨੂੰ ਨਾ ਚਾਹੁੰਦੇ ਹੋਏ ਵੀ ਉਸ ਕੋਲ ਜਾਣਾ ਪੈਂਦਾ। ਉਸ ਦਾ ਅੱਤਿਆਚਾਰ ਨਾ ਚਾਹੁੰਦੇ ਹੋਏ ਵੀ ਸਹਿਣਾ ਪੈਂਦਾ। ਫਿਰ ਜਿਵੇਂ ਮੈਂ ਹੀ ਪੱਥਰ ਹੋ ਗਈ ਸਾਂ। ਉਹ ਕਿਸੇ ਬੁੱਤ ਨਾਲ ਹੀ ਮੌਜ ਮਸਤੀ ਕਰ ਰਿਹਾ ਹੋਵੇ। ਮੈਂ ਆਪਣੇ ਆਪ ਨੂੰ ਇਵੇਂ ਢਾਲ ਲਿਆ। ਆਪਣੀ ਸੀ ਤੱਕ ਵੀ ਨਿਕਲਣੀ ਬੰਦ ਕਰ ਲਈ।

ਮੈਨੂੰ ਲੱਗਦਾ ਸੀ ਉਹ ਹੁਣ ਮੈਨੂੰ ਛੱਡ ਦੇਵੇਗਾ। ਹੁਣ ਉਹਨੂੰ ਮੇਰੇ 'ਚੋਂ ਉਹੋ ਜਿਹਾ ਆਨੰਦ ਨਹੀਂ ਆਉਂਦਾ ਹੋਵੇਗਾ ਜਿਸ ਲਈ ਉਹ ਇੰਨਾ ਹਿੰਸਕ ਰੂਪ ਅਖ਼ਤਿਆਰ ਕਰ ਲੈਂਦਾ ਹੈ ਪਰ ਨਹੀਂ ਮੇਰੀ ਇਹ ਸੋਚਣੀ ਮਨਘੜਤ ਹੀ ਸਾਬਿਤ ਹੋਈ। ਉਹ ਮੇਰੇ ਕੋਲ ਆਉਂਦਾ। ਸ਼ਰਾਬ ਪੀਤੀ ਹੁੰਦੀ। ਇੱਕ ਬੋਤਲ ਉਹਦੇ ਹੱਥ 'ਚ ਹੁੰਦੀ। ਤੇ ਫਿਰ ਹੋਟਲ ਦੇ ਉਸ ਅਰਧ ਚਾਨਣੇ ਕਮਰੇ 'ਚ ਦੋ ਪਰਛਾਵੇਂ ਰਹਿ ਜਾਂਦੇ। ਮੈਂ ਭੁੱਖੀ ਭਾਣੀ ਹਾਂ ਜਾਂ ਨਹੀਂ। ਇਸਦਾ ਕੋਈ ਫ਼ਿਕਰ ਨਹੀਂ ਸੀ। ਉਹ ਮੇਰੇ ਅੰਗ-ਅੰਗ ਨਾਲ ਖੇਡਦਾ, ਨੋਚਦਾ ਤੇ ਮੇਰੇ ਬਦਨ ਨੂੰ ਛੱਲਣੀ ਕਰਦਾ। ਜਾਨਵਰਾਂ ਵਰਗਾ ਵਿਹਾਰ ਕਰਦਾ। ਮੈਂ ਹੱਫਦੀ ਹੋਈ ਇੱਕ ਲਾਸ਼ ਬਣ ਜਾਂਦੀ ਸਾਂ ਜਿਵੇਂ। ਪਰ ਉਸ ਨੂੰ ਕੋਈ ਫ਼ਰਕ ਨਹੀਂ ਸੀ। ਕਿੰਨੀ-ਕਿੰਨੀ ਦੇਰ ਉਹ ਨਸ਼ੇ ਦੀ ਹਾਲਤ 'ਚ ਮੈਨੂੰ ਨਿੰਬੂ ਵਾਂਗ ਨਿਚੋੜਦਾ ਰਹਿੰਦਾ। ਫਿਰ ਸੁਵੱਖਤੇ ਜਦੋਂ ਹੋਸ਼ ਆਉਂਦੀ ਤਾਂ ਉਹ ਗਾਇਬ ਹੁੰਦਾ ਤੇ ਮੈਂ ਅੱਧਮਰੀ ਹਾਲਤ 'ਚ ਉੱਥੇ ਕਿੰਨੀ ਦੇਰ ਪਈ ਰਹਿੰਦੀ ਸਾਂ ਜਿੰਨੀ ਦੇਰ ਹੋਟਲ ਦਾ ਵੇਟਰ ਡੋਰ ਬੈਲ ਵਜਾਉਂਦਾ-ਵਜਾਉਂਦਾ ਥੱਕ ਨਾ ਜਾਂਦਾ। ਹੜਬੜੀ 'ਚ ਮੈਂ ਉੱਠ ਕੇ ਆਪਣੇ-ਆਪ ਨੂੰ ਸੰਭਾਲਣ ਦਾ ਯਤਨ ਕਰਦੀ। ਸਹਿਜ ਹੋਣ ਦੀ ਕੋਸ਼ਿਸ਼ ਕਰਦੀ। ਪਰ ਫਿਰ ਕੁਝ-ਕੁਝ ਜਿਵੇਂ ਹੋਟਲ ਦੇ ਸਟਾਫ਼ ਦੀਆਂ ਨਜ਼ਰਾਂ ਤੋਂ ਵੀ ਬਚਿਆ ਨਾ ਰਹਿ ਜਾਂਦਾ।

ਉਸ ਦਿਨ ਵੀ ਹੋਟਲ ਦੇ ਸਾਰੇ ਸਟਾਫ਼ ਨੇ ਮੇਰੀ ਸਹਾਇਤਾ ਕੀਤੀ ਸੀ। ਉਨ੍ਹਾਂ ਮੈਨੂੰ ਹੌਂਸਲਾ ਦੇ ਕੇ ਉਥੋਂ ਭਜਾ ਦਿੱਤਾ ਸੀ। ਹੋਟਲ ਦਾ ਮਾਲਕ ਬੋਲਿਆ ਸੀ, ''ਮੈਮ, ਤੁਸੀਂ ਇੱਥੋਂ ਚਲੇ ਜਾਓ... ਜੇ ਜ਼ਿਆਦਾ ਕੋਈ ਪੁੱਛ-ਪੜਤਾਲ ਹੋਈ ਤਾਂ ਤੁਹਾਨੂੰ ਫੋਨ ਕਰ ਬੁਲਾ ਲਵਾਂਗੇ। ਉਹ ਮੇਰੇ ਵੱਲ ਵੇਖਦੇ ਤਾਂ ਮੈਂ ਨੀਵੀਂ ਪਾਈ ਬੇਸ਼ਰਮੀ 'ਚ ਆਪਣਾ ਪਰਸ ਚੱਕ ਉੱਥੋਂ ਬਾਹਰ ਨਿਕਲ ਆਈ ਸਾਂ ਕਿਸੇ ਮੁਜ਼ਰਿਮ ਵਾਂਗ। ਭਾਵੇਂ ਉਨ੍ਹਾਂ ਦੇ ਵਿਹਾਰ ਨਾਲ ਮੈਨੂੰ ਕਾਫ਼ੀ ਬਲ ਮਿਲਿਆ ਸੀ ਸੰਭਲਨ ਨੂੰ ਪਰ ਜਦੋਂ ਦਾ ਤਿੰਨ ਦਿਨ ਪਹਿਲਾਂ ਦਾ ਮੈਨੇਜ਼ਰ ਦਾ ਫ਼ੋਨ ਆਇਆ ਮੇਰੇ ਅੰਦਰਲਾ ਸ਼ਾਂਤ ਹੋਇਆ ਧੁੜਕੂ ਫਿਰ ਡਰ ਨਾਲ ਧੜਕਣ ਲੱਗਾ'।

ਚਾਰ ਦਿਨ ਪਹਿਲਾਂ ਜਦੋਂ ਉਸ ਦਾ ਫ਼ੋਨ ਆਇਆ ਤਾ ਉਹਨੇ ਆਖ਼ਰੀ ਵਾਰ ਮਿਲਣ ਦੀ ਗੱਲ ਕਹੀ ਸੀ। ਅਖੇ-''ਮੇਰੀ ਬਦਲੀ ਹੋ ਗਈ ਹੈ। ਮੈਂ ਕੱਲ੍ਹ ਚਲਾ ਜਾਣੈ ਇੱਥੋਂ। ਬਸ ਆਖ਼ਰੀ ਵਾਰ ਮਿਲਣੈ... ਯਕੀਨ ਕਰ ਮੇਰਾ।"

ਉਹ ਫੋਨ 'ਤੇ ਤਰਲੇ ਜਿਹੇ ਕੱਢਣ ਲੱਗਾ। ਉਂਝ ਮੈਨੂੰ ਪਤਾ ਸੀ ਕਿ ਉਸਦੇ ਤਰਲੇ ਤਾਂ ਐਵੇਂ ਦਿਖਾਵਾ ਹਨ। ਜੇ ਮੈਂ ਨਾਂਹ ਵੀ ਕਰ ਦਿੰਦੀ ਤਾਂ ਉਸ ਨਾਲ ਦੀ ਨਾਲ ਗਾਲ੍ਹਾਂ ਕੱਢ ਆਪਣੇ ਅੰਦਰਲੇ ਜਾਨਵਰ ਨੂੰ ਜੀਭ 'ਤੇ ਲੈ ਆਉਣਾ ਸੀ। ਫਿਰ ਸ਼ੁਰੂ ਹੋ ਜਾਣੀ ਸੀ ਉਹੋ ਉਸਦੀ ਬਕ-ਬਕ। ''ਮੈਂ ਐਂ ਕਰ ਦੂੰ... ਮੈਂ ਉਹ ਕਰ ਦੂੰ... ਭੈਣ...ਚੋ... ਸਾਲੀ... ਤੂੰ ਮੈਨੂੰ ਸਮਝਦੀ ਕੀ ਐਂ... ਮੈਂ ਤੇਰੇ ਵਰਗੀਆਂ ਕਈ ਦੇਖੀਐਂ... ਵਗੈਰਾ... ਵਗੈਰਾ।''

ਇਸ ਤੋਂ ਪਹਿਲਾਂ ਕਿ ਉਹ ਅਜਿਹੀ ਬਕਵਾਸ ਕਰੇ, ਮੈਂ ਪਹਿਲਾਂ ਹੀ ਹਾਮੀ ਭਰ ਦਿੱਤੀ, ਇਹ ਸੋਚ ਕਿ ਚਲੋ ਜਿੱਥੇ ਇੰਨੇ ਵਾਰ ਛੱਲਣੀ ਹੋ ਗਈ ਹਾਂ ਇੱਕ ਵਾਰ ਹੋਰ ਸਹੀ।

ਸੋਚਿਆ ਸੀ ਕਿ ਇਸ ਤੋਂ ਬਾਅਦ ਦੁਬਾਰਾ ਕਦੇ ਅਜਿਹੇ ਪਾਸੇ ਨਹੀਂ ਪਵਾਂਗੀ, ਆਪਣਾ ਕਾਰੋਬਾਰ ਕਰਾਂਗੀ ਸ਼ੁਰੂ, ਦੁਬਾਰਾ ਨਵੇਂ ਸਿਰੇ ਤੋਂ। ਏਂਜਲਸ ਦੀ ਪੜ੍ਹਾਈ ਵੱਲ ਧਿਆਨ ਦੇਵਾਂਗੀ। ਉਸ ਦੀ ਸੰਭਾਲ ਕਰਾਂਗੀ ਮੈਂ ਵੀ ਤਾਂ ਅਜਿਹਾ ਸੋਚ ਕੇ ਉਸ ਨੂੰ ਮਿ.ਲ ਲੈਣ ਦਾ ਫੈਸਲਾ ਕੀਤਾ ਸੀ। ਅਗਲੀ ਦੇਰ ਸ਼ਾਮ ਉਹ ਮੈਨੂੰ ਕਾਰ ਲੈ ਆ ਗਿਆ ਲੈਣ। ਤੇ ਰਾਤ ਦੇ 11 ਵਜੇ ਦੇ ਕਰੀਬ ਪੰਚਕੂਲੇ ਦੇ ਪ੍ਰਤਾਪ ਹੋਟਲ ਦੇ ਕਮਰਾ ਨੰਬਰ 101 ਦੇ ਬੈਡਰੂਮ 'ਚ ਉਸਦੇ ਚੁੰਗਲ 'ਚ ਕੈਦ ਸਾਂ। ਉਹਨੇ ਸ਼ਰਾਬ ਤਾਂ ਪਹਿਲਾਂ ਹੀ ਪੀਤੀ ਹੋਈ ਸੀ, ਉਥੇ ਜਾ ਵੇਟਰ ਕੋਲੋਂ ਹੋਰ ਮੰਗਵਾ ਲਈ। ਫਿਰ ਪਤਾ ਨਹੀਂ ਆਪਣੇ ਪਰਸ 'ਚੋਂ ਕੀ ਕੱਢਿਆ ਤੇ ਮੂੰਹ ਖੋਲ੍ਹ ਅੰਦਰ ਨਿਗਲ ਗਿਆ। ਦੋ-ਤਿੰਨ ਪੈਗ ਉਹਨੇ ਤੇਜ਼ੀ ਨਾਲ ਅੰਦਰ ਸੁੱਟ ਲਏ। ਤੇ ਫਿਰ ਲੱਗ ਗਿਆ ਮੈਨੂੰ ਨੋਚਣ।

ਦੋ-ਢਾਈ ਵਜੇ ਦਾ ਸਮਾਂ ਹੋਵੇਗਾ, ਜਦੋਂ ਅਚਾਨਕ ਉਹ ਮੇਰੇ ਉੱਤੇ ਪਿਆ ਕੰਬਣ ਜਿਹਾ ਲੱਗ ਪਿਆ, ਜਿਵੇਂ ਅਧਰੰਗ ਦੇ ਮਰੀਜ਼ ਕਰਦੇ ਹਨ, ਉਵੇਂ। ਤੇਜ਼ ਤੇਜ਼ ਹੁਲਾਰੇ ਜਿਹੇ ਖਾਣ ਲੱਗਾ, ਫਿਰ ਉਹਨੇ ਆਪਣਾ ਸੱਜੇ ਹੱਥ ਨਾਲ ਛਾਤੀ ਦੇ ਖੱਬੇ ਪਾਸੇ ਨੂੰ ਤੇਜ਼ੀ ਨਾਲ ਨੱਪਿਆ। ਮੈਂ ਤਾਂ ਉਹਦੇ ਹੇਠਾਂ ਦਰੜੀ ਪਈ ਸਾਂ ਪਰ ਫਿਰ ਜ਼ੋਰ ਦੀ ਝਟਕੇ ਨਾਲ ਉਹ ਉੱਛਲ ਕੇ ਬੈੱਡ ਦੇ ਹੇਠਾਂ ਆ ਪਿਆ। ਮੈਂ ਤਾਂ ਡੌਰ-ਭੌਰ ਹੋਈ ਉਸਨੂੰ ਦੇਖਦੀ ਰਹਿ ਗਈ। ਫਿਰ ਸੰਭਲ ਉਸ ਨੂੰ ਕਾਫ਼ੀ ਹਿਲਾਇਆ-ਡੁਲਾਇਆ ਪਰ ਉਸਦੇ ਸਰੀਰ ਨੇ ਕੋਈ ਹਰਕਤ ਨਹੀਂ ਕੀਤੀ ਸੀ। ਸਾਢੇ ਕੁ ਚਾਰ ਵਜੇ ਉਹਦੇ ਮੋਬਾਈਲ ਫੋਨ ਤੇ ਵੱਜੀ ਅਲਾਰਮ ਰਿੰਗ ਨੇ ਮੇਰੀ ਬੇਹੋਸ਼ੀ ਨੂੰ ਤੋੜਿਆ ਸੀ। ਇੱਕ ਟੱਕ ਅੱਖਾਂ ਦੀਆਂ ਪੁਤਲੀਆਂ ਘੁਮਾ ਇੱਧਰ-ਉੱਧਰ ਦੇਖਿਆ ਸੀ। ਮੈਂ ਫ਼ਰਸ਼ 'ਤੇ ਨਗਨ ਬੈਠੀ ਸਾਂ ਤੇ ਉਹ ਮੇਰੇ ਕੋਲ ਪਿਆ ਨਗਨ ਹਾਲਤ 'ਚ।... ਸ਼ਾਂਤੀ ਨਾਲ।... ਬੇਫ਼ਿਕਰ...। ਵਾਰ-ਵਾਰ ਵੱਜਦੀ ਅਲਾਰਮ ਧੁਨ ਨੂੰ, ਮੈਂ ਖੁਦ ਨੂੰ ਸੰਭਾਲ ਕਿਵੇਂ ਨਾ ਕਿਵੇਂ ਬੰਦ ਕਰ ਦਿੱਤਾ। ਇੰਨੇ ਨੂੰ ਕਮਰੇ ਦੀ ਡੋਰ ਬੈੱਲ ਦੀ ਆਵਾਜ਼ ਮੇਰੇ ਕੰਨੀ ਪਈ। ਤਾਂ ਮੈਂ ਡਰ ਜਿਹੀ ਗਈ। ਘਬਰਾਹਟ 'ਚ ਪਸੀਨੋ-ਪਸੀਨੀ ਹੋਈ ਨੇ ਮੈਂ ਕੱਪੜੇ ਪਾ ਕੇ ਦਰਵਾਜ਼ਾ ਖੋਲ੍ਹਿਆ ਸੀ। ਫਿਰ ਤਾਂ ਮਿੰਟਾਂ-ਸਕਿੰਟਾਂ 'ਚ ਹੋਟਲ ਦਾ ਸਾਰਾ ਸਟਾਫ਼ ਤੇ ਅਮਲਾ ਉੱਥੇ ਆ ਗਿਆ। ਮੈਂ ਤਾਂ ਜਿਵੇਂ ਪੱਥਰ ਹੀ ਬਣ ਗਈ ਸਾਂ। ਹੋਟਲ ਦੇ ਮੈਨੇਜ਼ਰ ਦੇ ਪੁੱਛਣ 'ਤੇ ਮੈਂ ਸਾਰਾ ਕੁਝ ਸਾਫ਼ ਸਾਫ਼ ਦੱਸ ਦਿੱਤਾ ਕਿ ਉਸਨੇ ਸ਼ਰਾਬ ਬਹੁਤ ਜ਼ਿਆਦਾ ਪੀਤੀ ਸੀ ਅਤੇ ਫਿਰ ਉਹਨੇ ਆਪਣੇ ਪਰਸ 'ਚੋਂ ਇਹ ਗੋਲੀਆਂ ਮੈਂ ਡਸਟਬਿਨ 'ਚ ਪਿਆ ਇੱਕ ਪੱਤਾ ਚੁੱਕ ਉਨ੍ਹਾਂ ਨੂੰ ਦਿਖਾਉਂਦਿਆ, ਕੱਢ ਕੇ ਇਕੱਠੀਆਂ ਆਪਣੇ ਮੂੰਹ 'ਚ ਸੁੱਟ ਲਈਆਂ। ਤੇ ਫਿਰ ਉਹ ਮੈਨੂੰ ਆਪਣੀ ਹਵਸ ਦਾ ਸ਼ਿਕਾਰ

ਗੱਲ ਜੇ ਹੋਵੇ ਪਰਦ ਦੀ, ਲੁਕ ਛਿਪ ਕੇ ਕਰਨੀ ਪੈਂਦੀ ਹੈ।
ਦੁਨੀਆ ਸਭ ਏਹੋ ਕਹਿੰਦੀ ਹੈ, ਲੱਗ ਗੇ ਨੇ ਕੰਨ ਦੀਵਾਰਾਂ ਨੂੰ। -ਸਰਦੂਲ ਸਿੰਘ ਦਰਦ

ਬਣਾ ਰਿਹਾ ਸੀ ਕਿ ਅਚਾਨਕ ਇਹ ਸਭ ਕੁਝ ਹੋ ਗਿਆ। ਉਹਨੇ ਸਾਰਾ ਕੁਝ ਪੁੱਛਣ ਤੋਂ ਬਾਅਦ ਮੈਨੂੰ ਲੋੜ ਪੈਣ ਤੇ ਬੁਲਾ ਲੈਣ ਦਾ ਕਹਿ ਉਥੋਂ ਭੇਜ ਦਿੱਤਾ।

ਪਰ ਅਗਲੇ ਦਿਨ ਹੀ ਮੈਨੇਜ਼ਰ ਨੇ ਫੋਨ ਕਰਕੇ ਮੈਨੂੰ ਦੱਸਿਆ ਕਿ ਪੁਲੀਸ ਤਫ਼ਤੀਸ਼ ਲਈ ਆਈ ਸੀ, ਤੇ ਉਹਨੇ ਸਾਰੇ ਸਟਾਫ਼ ਕੋਲੋਂ ਵੀ ਕਾਫ਼ੀ ਪੁੱਛ ਪੜਤਾਲ ਕੀਤੀ ਹੈ। ਤੁਹਾਨੂੰ ਹੋ ਸਕਦਾ ਹੈ ਬੁਲਾ ਲੈਣ, ਤੁਸੀਂ ਆ ਜਾਣਾ।

ਉਦੋਂ ਦੀ ਇਹੋ ਬਿਪਤਾ ਖਾਈ ਜਾ ਰਹੀ ਹੈ। ਚਾਹੇ ਫੋਨ ਤਾਂ ਅਜੇ ਤੱਕ ਨਹੀਂ ਆਇਆ। ਕਿਥੇ ਐ ਮੇਰਾ ਫੋਨ...? ਫੋਨ ਦੀ ਯਾਦ ਆਉਂਦੇ ਮੈਂ ਇੱਧਰ-ਉੱਧਰ ਉਸ ਨੂੰ ਲੱਭਣ ਲੱਗ ਪਈ ਹਾਂ। ਪਰ ਕਿਤੇ ਵੀ ਨਹੀਂ ਮਿਲਦਾ। ਫਿਰ ਯਾਦ ਆਉਂਦਾ ਏ ਫੋਨ ਤਾਂ ਮੇਰੇ ਪਰਸ 'ਚ ਪਿਆ ਹੈ। ਪਰਸ ਚੁੱਕ ਉਸ 'ਚੋਂ ਮੋਬਾਈਲ ਕੱਢਣ ਲੱਗ ਪਈ ਹਾਂ, ਮੋਬਾਈਲ ਦੇ ਨਾਲ ਹੀ ਗੋਲੀਆਂ ਦਾ ਉਹ ਖਾਲੀ ਪੱਤਾ ਮੇਰੇ ਹੱਥ 'ਚ ਆ ਗਿਆ ਹੈ। ਜਿਸਨੂੰ ਮੈਂ ਹੋਟਲ ਦੇ ਡਸਟਬਿਨ 'ਚੋਂ ਕੱਢ ਕੇ ਆਪਣੇ ਪਰਸ 'ਚ ਪਾ ਲਿਆ ਸੀ। ਦੇਖਦੀ ਹਾਂ ਉਸ ਉੱਤੇ 'ਵਿਆਗਰਾ-50' ਲਿਖਿਆ ਹੋਇਆ ਹੈ। ਦੁਬਾਰਾ ਖਾਲੀ ਪੱਤੇ ਨੂੰ ਪਰਸ 'ਚ ਰੱਖ, ਮੈਂ ਮੋਬਾਈਲ ਦੇਖਿਆ। ਚਾਰਜ ਨਾ ਹੋਣ ਕਾਰਨ ਉਹ ਬੰਦ ਪਿਆ ਹੈ। ਮੈਂ ਦਬਾਦਬ ਚਾਰਜ਼ਰ ਲਾ ਆਨ ਕਰ ਦੇਖਿਆ ਤਾਂ ਇੱਕ ਨਵੇਂ ਨੰਬਰ ਤੋਂ ਕਿੰਨੀਆਂ ਮਿਸ ਕਾਲਾਂ ਆਈਆਂ ਹੋਈਆਂ ਸਨ। ਅਜੇ ਫੋਨ ਮਿਲਾਉਣ ਹੀ ਲੱਗੀ ਸਾਂ ਕਿ ਰਿੰਗ ਵੱਜੀ। ਰਸੀਵ ਕਰਦਿਆਂ ਆਵਾਜ਼ ਸੁਣਾਈ ਦਿੱਤੀ, ''ਲੋ, ਮੈਮ ਤੁਸੀਂ ਹਰਨੀਤ ਬੋਲ ਰਹੇ ਹੋ ਨਾ, ਮੈਂ ਪੰਚਕੂਲਾ ਥਾਣੇ 'ਚੋਂ ਬੋਲ ਰਿਹਾਂ... ਇੰਸਪੈਕਟਰ ਦੁਰਯੋਧ ਵਾਲੇ ਕੇਸ ਦੀ ਫਾਈਲ ਬੰਦ ਕਰਵਾ ਦਿੱਤੀ ਹੈ... ਸਾਨੂੰ ਸਾਰਾ ਕੁਝ ਸਾਫ਼-ਸਾਫ਼ ਹੋਟਲ ਵਾਲਿਆਂ ਨੇ ਦੱਸ ਦਿੱਤਾ ਹੈ... ਭਾਵੇਂ ਡੈਡ ਬਾਡੀ ਕੋਲੋਂ ਕੋਈ ਗੋਲੀ ਵਗੈਰਾ ਨਹੀਂ ਮਿਲੀ ਪਰ ਪੋਸਟਮਾਰਟਮ 'ਚ ਸਿਲਡੇਨੇਫਿਲ ਅਸਾਲਟ ਜ਼ਿਆਦਾ ਮਾਤਰਾ 'ਚ ਸ਼ਰਾਬ ਨਾਲ ਲਏ ਜਾਣ ਦੀ ਪੁਸ਼ਟੀ ਹੋਈ ਹੈ। ਡਾਕਟਰਾਂ ਮੁਤਾਬਕ ਖੂਨ ਦਾ ਦਬਾਅ ਅਚਾਨਕ ਜ਼ਿਆਦਾ ਵੱਧ ਜਾਣ ਕਾਰਨ ਹਾਰਟ ਅਟੈਕ ਹੋਇਐ। ਗੱਲ ਨੂੰ ਜ਼ਿਆਦਾ ਉਛਾਲਣ 'ਚ ਸਾਡੇ ਮਹਿਕਮੇ ਦੀ ਵੀ ਬਦਨਾਮੀ ਐ। ਅਸੀਂ ਡੀ. ਐਸ. ਪੀ. ਹੁਰਾਂ ਦੀ ਸਲਾਹ ਕਰ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਹੈ... ਤੁਸੀਂ ਘਬਰਾਓ ਨਾ, ਮੈਨੂੰ ਪਤੈ... ਤੁਹਾਡਾ ਕੋਈ ਕਸੂਰ ਨਹੀਂ।..ਉਂਝ ਇੱਕ ਵਾਰ ਤੁਹਾਨੂੰ ਮਿਲਣ ਦੀ ਤਮੰਨਾ ਜਿਹੀ ਪੈਦਾ ਹੋ ਗਈ ਹੈ ਮਨ 'ਚ, ਜੇ ਤੁਹਾਡੇ ਇਕ ਵਾਰ ਦਰਸ਼ਨ ਹੋ ਜਾਂਦੇ ਤਾਂ। ...ਤੁਸੀਂ ਕੱਲ੍ਹ ਕੀ ਕਰ ਰਹੇ ਹੋ?... ਮੈਂ ਤੁਹਾਨੂੰ ਪਿਕ ਕਰਨ ਆ ਜਾਵਾਂਗਾ... ਮੈਮ ਤੁਸੀਂ ਸੁਣ ਰਹੇ ਹੋ ਨਾ....'ਲੋ....'ਲੋ....!''

ਉਹ ਬੋਲੀ ਜਾ ਰਿਹਾ ਸੀ ਪਰ ਮੇਰੀ ਜਿਵੇਂ ਕਿਸੇ ਨੇ ਜ਼ੁਬਾਨ ਹੀ ਸੀ ਦਿੱਤੀ ਹੋਵੇ।

ਕਹਾਣੀ

# ਬੰਦ ਦਰਵਾਜ਼ਾ

–ਆਗ਼ਾਜ਼ਬੀਰ



ਆਗ਼ਾਜ਼ਬੀਰ

ਅਗ਼ਾਜ਼ਬੀਰ: ਅਗ਼ਾਜ਼ਬੀਰ ਨੇ ਪਹਿਲੋਂ ਪੰਜਾਬੀ ਦੇ ਨਾਮਵਰ ਪਰਚਿਆਂ ਵਿੱਚ ਆਪਣੀਆਂ ਕਹਾਣੀਆਂ ਛਪਵਾ ਕੇ ਪਾਠਕੀ ਸਵਕ੍ਰਿਤੀ ਹਾਸਿਲ ਕੀਤੀ ਹੈ ਤੇ ਫਿਰ ਆਪਣਾ ਪਲੇਠਾ ਕਹਾਣੀ ਸੰਗ੍ਰਹਿ 'ਕੁਇਨਜ਼ ਲੈਂਡ' ਛਪਵਾਇਆ ਹੈ। ਇਸ ਲਈ ਅੱਜ ਕੱਲ ਉਸਦਾ ਇਹ ਪਲੇਠਾ ਕਹਾਣੀ ਸੰਗ੍ਰਹਿ ਪਾਠਕਾਂ ਦੀ ਨਜ਼ਰ ਵਿਚ ਚੜ੍ਹ ਕੇ ਖੂਬ ਚਰਚਾ ਬਟੋਰ ਰਿਹਾ ਹੈ। ਉਸਦੀਆਂ ਕਹਾਣੀਆਂ ਇਸ ਗੱਲ ਦੀ ਪੁਖ਼ਤਾ ਗੁਆਹੀ ਭਰਦੀਆਂ ਹਨ ਕਿ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਉਣ ਵਾਲੇ ਨਵੇਂ ਕਹਾਣੀਕਾਰ, ਆਪਣੇ ਅਨੁਭਵ ਦੀ ਨਵੀਨਤਾ ਤੇ ਮੌਲਿਕਤਾ ਕਾਰਨ ਪੰਜਾਬੀ ਕਹਾਣੀ ਦੀ ਅਭਿਵਿਅਕਤੀਗਤ ਸਮਰੱਥਾ ਵਿਚ ਹੋਰ ਨਵਾਂ ਵਾਧਾ ਕਰ ਰਹੇ ਹਨ। ਇਸ ਅੰਕ ਵਿੱਚ ਸ਼ਾਮਿਲ ਉਸਦੀ ਕਹਾਣੀ 'ਬੰਦ ਦਰਵਾਜ਼ਾ' ਉਹਨਾਂ ਬੰਦ ਦਰਵਾਜ਼ਿਆਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦੀ ਹੈ, ਜੋ ਕਿਸੇ ਜੁਆਨ ਔਰਤ ਦੇ ਪਤੀ ਦੀ ਮੌਤ ਤੋਂ ਬਾਅਦ ਅਕਸਰ ਬੰਦ ਹੋ ਜਾਂਦੇ ਹਨ।-ਨਿਰੰਜਣ ਬੋਹਾ

******

ਆਗਾਜ਼ਬੀਰ: ਸਮਕਾਲੀ ਕਹਾਣੀ ਦਾ ਨਵਾਂ ਚਰਚਿਤ ਸਿਤਾਰਾ ਹਨ।, ਮਨੁੱਖੀ ਜੀਵਨ ਦੇ ਮਨੋਵਿਗਿਆਨ ਨੂੰ ਚਿਤਰਕੇ ਨਵੀਨ ਵਿਸ਼ਿਆਂ 'ਤੇ ਕਹਾਣੀ ਲਿਖਣ ਵਾਲੇ ਨੌਜਵਾਨ ਕਹਾਣੀਕਾਰਾਂ ਵਿੱਚ ਉਸਦਾ ਨਾਂ ਸਹਿਜੇ ਹੀ ਆਉਂਦੈ, ਉਸਦੀਆਂ ਕਹਾਣੀਆਂ ਦੀ ਖੂਬਸੂਰਤ ਸ਼ੈਲੀ ਅਤੇ ਗੁੰਦਵਾਂ ਬਿਰਤਾਂਤ ਪਾਠਕ ਨੂੰ ਪ੍ਰਭਾਵਿਤ ਕਰਦੈ। ਇਹਨੀਂ ਦਿਨੀਂ ਉਸਦੇ ਕਹਾਣੀ ਸੰਗ੍ਰਹਿ 'ਕੁਈਨਜ਼ ਲੈਂਡ' ਦੀ ਸਾਹਿਤਕ ਹਲਕਿਆਂ ਵਿੱਚ ਚਰਚਾ ਹੈ।-ਦਰਸ਼ਨ ਜੋਗਾ

ਜ਼ਨਾਨੀਆਂ ਤਾਂ ਤਿੰਨ ਪੱਪਿਆਂ ਨੇ ਮਾਰ ਰੱਖੀਆਂ ਨੇ।

ਤਿੰਨ ਪੱਪੇ: ਪਿਓ, ਪਤੀ ਤੇ ਪੁੱਤ।

ਮੈਂ ਇਹਨਾਂ ਤਿੰਨ ਪੱਪਿਆਂ ਤੋਂ ਖੁਸ਼ ਸਾਂ। ਮੈਨੂੰ ਤਾਂ ਚੌਥਾ ਪੱਪਾ ਪਾਰੇ ਵਾਂਗ ਟਿਕ ਕੇ ਬੈਠਣ ਨਹੀਂ ਦਿੰਦਾ। ਚਾਰੇ ਪਹਿਰ ਬਿੱਛੂ ਵਾਂਗ ਡੰਗ ਮਾਰੀ ਰੱਖਦਾ ਹੈ।

ਚੌਥਾ ਪੱਪਾ ਹੈ ਪੰਚਾਇਤ। ਇਹ ਹਰ ਰੋਜ਼ ਮੇਰੇ ਘਰ ਅਹਿਮਦ ਸ਼ਾਹ ਅਬਦਾਲੀ ਦੀ ਫੌਜ਼ ਵਾਂਗਰਾਂ ਹਮਲੇ ਕਰਦੀ ਹੈ। ਪੱਕੀ ਫ਼ਸਲ ਜਿਵੇਂ ਗੜ੍ਹਿਆਂ ਨੇ ਝੰਬੀ ਹੋਵੇ ਇਹ ਇੰਝ ਮੇਰਾ ਨੁਕਸਾਨ ਕਰ ਜਾਂਦੀ ਹੈ। ਤਾਹਨੇ-ਮਿਹਣੇ, ਸ਼ਿਕਵੇਂ-ਸ਼ਿਕਾਇਤਾਂ। ਸਭ ਸੁਣਨਾ ਪੈਂਦਾ ਹੈ ਪੰਚਾਇਤ ਤੋਂ। ਫ਼ੋਕੀਆਂ ਧਰਵਾਸਾਂ ਵੀ ਦਿੰਦੇ ਨੇ ਕੁੱਝ ਕੁ।

ਕਈ ਸਿਆਣੇ ਬਣਦੇ ਨੇ ਮਹਾਰਾਜਾ ਰਣਜੀਤ ਸਿੰਘ ਵਾਂਗ।

ਜਦ ਬੋਲਦੀ ਹੈ ਤਾਂ ਪੰਚਾਇਤ ਬੋਲਦੀ ਹੈ। ਮੈਂ ਤਾਂ ਸਿਰਫ਼ ਸੁਣਦੀ ਰਹਿੰਦੀ ਹਾਂ, ਉਹਨਾਂ ਦੀ ਗੱਲ। ਗਹੁ ਨਾਲ। ਟਿਕਟਿਕੀ ਲਾ ਕੇ।

ਮੈਨੂੰ ਸਭ ਪਤਾ ਲੱਗਦਾ ਹੈ, ਕੌਣ ਮੇਰੇ ਪੱਖ ਵਿਚ ਹੈ?

ਖੋਖਲੀਆਂ ਕੰਧਾਂ 'ਤੇ ਨਿਤ ਤਸਵੀਰਾਂ ਵਾਂਗੂੰ ਲਟਕਦਿਆ।
ਸ਼ਹਿਰ ਮੇਰੇ ਦੀਆਂ ਗਲੀਆਂ ਵਿਚ ਮੈਂ ਉਮਰ ਗੁਜ਼ਾਰੀ ਭਟਕਦਿਆਂ। (ਅਗਲੇ ਸਫ਼ੇ 'ਤੇ)

ਕਿਹੜਾ ਸੁਭਾਇਕੀ ਨਾਲ ਆਇਆ ਹੈ?

ਪਰ ਅੱਜ ਨਿਰੰਜਣ ਕੁੱਬਿਆਂ ਦਾ ਬਾਹਾਂ ਉਲਾਰ ਕੇ ਕਹਿ ਗਿਆ ਸੀ। ਉਦੋਂ ਤੋਂ ਘੁੰਮਣ ਘੇਰੀਆਂ ਵਿਚ ਫਸ ਗਈ ਸਾਂ। ਉਸ ਨੇ ਲੰਮੀ ਰਾਹਲ ਬਗਲ ਲਈ, "ਹੁਣ ਤਾਂ ਭਾਈ, ਤੈਨੂੰ ਬਚਾਉਣ ਵਾਲਾ ਵੀ ਨਹੀਂ ਰਿਹਾ। ਕੱਲੀ ਜ਼ਨਾਨੀ ਤਾਂ ਰੋਹੀ ਦਾ ਰੁੱਖ ਹੁੰਦੀ ਹੈ। ਕੋਈ ਮਰਜ਼ੀ ਛਾਂਗ ਕੇ ਤੁਰਦਾ ਬਣੇ। ਸਮਝਦੀ ਏ ਨਾਂ ਮੇਰੀ ਸਾਰੀ ਗੱਲ ਕਿਰਨਾਂ।" ਉਹ ਕਨੱਖੀ ਅੱਖ ਨਾਲ ਝਾਕਦਾ ਹੋਇਆ ਆਪਣੀ ਗੱਲ ਜ਼ਾਰੀ ਰੱਖਦਾ ਹੈ, "ਅਸੀਂ ਤਾਂ ਬੀਬੀ ਤੈਨੂੰ ਸਮਝਾਉਣ ਵਾਲੇ ਹੋਏ, ਅੱਗੇ ਮੰਨਣਾ ਜਾਂ ਨਾ ਮੰਨਣਾ, ਉਹ ਤੇਰੀ ਮਰਜ਼ੀ ਐ।" ਨਿਰੰਜਣ ਕਦੇ ਮੈਨੂੰ ਭਾਈ, ਕਦੇ ਬੀਬੀ ਤੇ ਕਦੇ ਨਾਂ ਨਾਲ ਮੁਖਾਤਿਬ ਹੁੰਦਾ ਰਿਹਾ।

ਪਰ ਮੈਂ ਅਹਿੱਲ ਤੇ ਸਥਿਰ ਬਣੀ ਨੇ ਸਾਰੀ ਗੱਲ ਸੁਣ ਲਈ ਸੀ।

ਸੁਣੀ ਤਾਂ ਮੈਂ ਪਰਗਟ ਮੈਂਬਰ ਦੀ ਜੋ ਆਪਣੇ ਆਪ ਨੂੰ ਪਿੰਡ ਦਾ ਸਿਰਕੱਢ ਆਗੂ ਸਮਝਦਾ ਹੈ। ਉਸ ਨੂੰ ਇੰਝ ਲੱਗਦਾ ਹੈ ਕਿ ਮੇਰੇ ਵਰਗਾ ਸਿਆਣਾ ਤੇ ਸੁਘੜ ਹੋਰ ਕੋਈ ਨਹੀਂ ਹੈ ਪਿੰਡ ਵਿਚ। ਉਹ ਵੀ ਅੱਜ ਪੰਚਾਇਤ ਨਾਲ ਆਇਆ ਸੀ। ਉਸ ਦਾ ਵਿਚਾਰ ਸੀ, "ਤੂੰ ਸਾਡੀ ਧੀ ਐਂ, ਜੇਕਰ ਅਸੀਂ ਨਹੀਂ ਤੇਰਾ ਸੋਚਾਂਗੇ? ਤਾਂ ਹੋਰ ਕੌਣ ਸੋਚੋ ਤੇਰਾ?" ਉਸਦਾ ਮੱਤ ਸੀ ਕਿ ਤੇਰਾ ਘਰ ਵੱਸਦਾ ਹੋ ਜੇ ਤੇ ਇਜ਼ਤ ਵੀ ਰਹਿ ਜੇ।"

ਉਸਦੇ ਬੋਲ ਸੱਪ ਦੇ ਜ਼ਹਿਰ ਵਾਂਗ ਸਨ। ਜ਼ਹਿਰਲੇ। ਸੁਣ ਮੈਨੂੰ ਸੱਤੀ ਕੱਪੜੀ ਅੱਗ ਲੱਗ ਗਈ। ਪਰ ਮੈਂ ਗੁੱਸੇ 'ਤੇ ਕਾਬੂ ਰੱਖ ਚੁੱਪ ਵਿਚ ਹੀ ਭਲਾਈ ਸਮਝਦੀ ਹਾਂ। ਚੜ੍ਹਿਆ ਗੁੱਸਾ ਡੀਕ ਲਾ ਕੇ ਪੀ ਜਾਂਦੀ ਹਾਂ। ਪਰ ਕਦੇ ਕਦਾਈਂ ਪਰਗਟ ਮੈਂਬਰ ਦੇ ਬੋਲ 'ਇਜ਼ਤ ਰਹਿ ਜੇ' ਮੇਰੀ ਕੰਪਣ ਗਤੀ ਨੂੰ ਹੋਰ ਤੇਜ਼ ਕਰ ਦਿੰਦੇ ਹਨ।

ਮੇਰੀਆਂ ਇਜ਼ਤਾਂ ਪਰਖਣ ਵਾਲਾ ਪਰਗਟ ਮੈਂਬਰ ਆਵਦੀ ਇਜ਼ਤ ਤਾਂ ਛੇ ਕੁ ਮਹੀਨੇ ਪਹਿਲਾਂ ਹੀ ਗਵਾ ਚੁੱਕਾ ਹੈ।

ਮੈਂ ਸਭ ਤੋਂ ਸੁਣਿਐ ਕਿ ਇਸਦੀ ਆਵਦੀ ਭਤੀਜੀ ਆਈਲੈਟਸ ਕਰਦੀ ਸੀ। ਪਟਿਆਲੇ। ਉਸਨੇ ਸ਼ਰੇਆਮ ਦਿਨ-ਦਿਹਾੜੇ ਮਜ਼ਬੀਆਂ ਦੇ ਮੁੰਡੇ ਨਾਲ ਕੋਰਟ ਜਾ ਕੇ ਪਿਆਰ ਵਿਆਹ ਕਰਵਾ ਲਿਆ। ਮੈਨੂੰ ਮੱਤਾਂ ਦੇਣ ਵਾਲਾ ਵੱਡਾ ਨਾਢੂ ਖਾਂ ਮੈਂਬਰ ਕੁੱਝ ਨਹੀਂ ਸੀ ਕਰ ਸਕਿਆ ਉਸ ਸਮੇਂ। ਲੱਖ-ਲਾਹਨਤਾਂ ਨੇ ਅਜਿਹੇ ਬੰਦਿਆਂ ਤੇ। ਨਹੀਂ ਮੈਂਬਰਾਂ ਤੇ।

ਇਹ ਸਾਰੇ ਮੈਂਬਰ, ਸਰਪੰਚ ਤੇ ਖੜਪੈਂਚ ਕਿਸੇ ਦੂਸਰੇ ਘਰ ਸੂਈ ਡਿੱਗਣ ਦੇ ਹੋਏ ਖੜ੍ਹਾਕ ਦੀ ਬਿੜਕ ਰੱਖਦੇ ਹਨ,ਪਰ ਇਹਨਾਂ ਨੂੰ ਆਵਦੇ ਘਰ ਢੋਲ ਵੱਜਦੇ ਨਹੀਂ ਸੁਣਦੇ। ਮੈਂ ਇਹ ਤੱਤ ਕੱਢਿਆ ਕਿ ਲੁੱਚੇ-ਲਫੰਗੇ ਮੈਂਬਰ ਤੇ ਲੁੱਚਿਆਂ ਦੇ ਸਰਦਾਰ ਬਣਦੇ ਨੇ ਸਰਪੰਚ। ਅਕਸਰ ਕਬੀਲਦਾਰ ਤੇ ਸਿਆਣਾ ਬੰਦਾ ਦੂਰ ਹੀ ਰਹਿੰਦੇ ਨੇ ਮੈਂਬਰੀ ਅਤੇ ਸਰਪੰਚੀ ਤੋਂ। ਇਹਨਾਂ ਨੂੰ ਕਿਸੇ ਨੂੰ ਵੀ ਬੋਲਣਾ ਨਹੀਂ ਆਉਂਦਾ। ਸਭ ਅੱਖਾਂ ਤੱਤੀਆਂ ਕਰਨ ਦੇ ਮਾਰੇ ਆਉਂਦੇ ਨੇ। ਇਕੱਠ ਵਿਚ “ਭੈਣ ਜੀ, ਭੈਣ ਜੀ” ਕਹੀ ਜਾਣਗੇ। ਅਤੇ ਬਾਅਦ ਵਿਚ ਭੈਣ ਤੋਂ ਰੰਨ ਜਾਂ ਭਾਬੀ ਵਿਚ ਬਦਲਣ ਲੱਗਿਆ ਇਹੀ ਬੰਦੇ ਸਮਾਂ ਨਹੀਂ ਲਗਾਉਂਦੇ।

ਪੁਲਿਸ ਵਾਂਗ ਛਾਪੇ ਮਾਰਦੇ ਨੇ ਸਾਡੇ ਪਿੰਡ ਵਾਲੇ।

ਇਹਨਾਂ ਸਾਹਮਣੇ ਮੈਨੂੰ ਸਭ ਕੁੱਝ ਸਹਿਣਾ ਪੈਂਦਾ ਹੈ।

ਬਹੁਤ ਕੁੱਝ। ਜਿਹਨਾਂ ਦੀਆਂ ਸ਼ਕਲਾਂ ਰਾਵਣ ਨਾਲੋਂ ਵੀ ਭੈੜੀਆਂ ਹਨ ਤੇ ਮੈਂ ਵੇਖਣਾ ਤੇ ਬੁਲਾਉਣਾ ਪਸੰਦ ਵੀ ਨਹੀਂ ਕਰਦੀ ਇਹਨਾਂ ਨੂੰ। ਪਰ ਹੁਣ ਜਣਾ-ਖਣਾ ਘਰ ਆ ਧਮਕਦਾ ਹੈ। ਮੋਹਤਬਰ ਬੰਦੇ ਇਕੱਠੇ ਹੋ ਕੇ ਛੁਰਲੀਆਂ ਛੱਡਦੇ ਹਨ।

ਇਹਨਾਂ ਸਾਰੇ ਮੋਹਤਬਰਾਂ ਬੰਦਿਆਂ ਨੂੰ ਭੇਜਦਾ ਮੇਰਾ ਤਾਇਆ ਸਹੁਰਾ ਵੇਦਾ ਹੀ ਸੀ।

ਵੇਦਨਾਥ ਵੇਦਾ। ਹਰ ਵੇਲੇ ਬੇਈਮਾਨੀ ਤੇ ਚੋਰੀ ਦੀ ਖੱਟੀ ਖਾਣ ਵਾਲਾ। ਸਕੀਮਾਂ ਤੇ ਘੁਣਤਰਾਂ ਵਿਚ ਮਾਹਰ। ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਦਲ ਕੇ ਰੱਖ ਦਿੰਦਾ ਹੈ। ਅਜਿਹੇ ਬੰਦਿਆਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਸ ਦੇ ਇਕ ਨਹੀਂ ਚਾਰ ਹਲ਼ ਚਲਦੇ ਨੇ।

ਭਾਵੇਂ ਹੈ ਤਾਂ ਵੇਦਾ ਨੰਗ ਤੇ ਪਰ ਬਣਦਾ ਹੈ ਚਲਾਕ। ਪੰਚਾਇਤ ਉਹਦੀ ਹਾਂ ਵਿਚ ਹਾਂ ਮਿਲਾਉਂਦੀ ਨਹੀਂ ਥੱਕਦੀ। ਵੇਦਾ ਚਾਰ ਪੁੱਤ ਦਾ ਪਿਓ ਹੈ। ਚਾਰੇ ਪੁੱਤ ਨਹੀਂ ਸਗੋਂ ਅਮਰੀਕੀ ਢੱਠੇ ਹਨ। ਮੈਂ ਵਿਆਹ ਤੋਂ ਬਾਅਦ ਸਭ ਦੇਖਦੀ ਆਈ ਹਾਂ। ਮੈਨੂੰ ਇਹਨਾਂ ਦੀ ਰਗ-ਰਗ ਬਾਰੇ ਪਤਾ ਹੈ। ਇਹਦਾ ਵੱਡਾ ਮੁੰਡਾ ਟਰੱਕ ਡਰਾਈਵਰ ਸੀ। ਜਦੋਂ ਮਰਿਆ ਏਡਜ਼ ਦੀ ਮੌਤ। ਉਹ ਵੀ ਕੁਆਰਾ। ਦੂਜਾ ਇਹਦਾ ਪੁੱਤ ਕਿੰਦੀ ਬਦਮਾਸ਼ੀਆਂ ਅਤੇ ਚੋਰੀਆਂ ਕਰਦਾ। ਘੱਟ ਵੱਧ ਹੀ ਘਰੇ ਆਉਂਦਾ। ਪੁਲਿਸ ਉਸ ਨੂੰ ਫੜਨ ਲਈ ਸਦਾ ਮੁਸ਼ਤੈਦ ਰਹਿੰਦੀ। ਹੁਣ ਕਈ ਮਹੀਨਿਆਂ ਤੋਂ ਘਰ ਨਹੀਂ ਆਇਆ। ਸੁਣਨ ਵਿਚ ਆਇਆ ਸੀ ਕਿ ਪਾਕਿਸਤਾਨ ਜ਼ੇਲ ਵਿਚ ਹੈ। ਸਰਹੱਦ ਟੱਪ ਹਥਿਆਰ ਲੈਣ ਚੱਲਿਆ ਸੀ। ਤੀਜਾ ਮੁੰਡਾ ਕਾਲੀ ਐਕਸੀਡੈਂਟ ਵਿਚ ਲੱਤਾਂ ਤੁੜਵਾਂ ਕੇ ਘਰ ਮੰਜੇ ਤੇ ਪਿਆ। ਆਹਰੀ ਹੋਇਆ। ਇਕ ਗੇਜਾ ਹੀ ਹੈ ਜਿਸ ਦੇ ਸਿਰ ਤੇ ਘਰ ਚਲਦਾ ਹੈ। ਉਹ ਵੀ ਲੋਕਾਂ ਦੇ ਜਾ ਕੇ ਦਿਹਾੜੀਆਂ ਕਰਦਾ। ਵੇਦੇ ਦੀ ਇਹ ਸਕੀਮ ਸੀ ਕਿ ਕਿਰਨਾਂ ਗੇਜੇ ਦੇ ਬਹਿ ਜੇ ਅਤੇ ਇਸ ਨੂੰ ਆਉਂਦੀ ਪੰਜ ਕਿੱਲੇ ਉਹਨਾਂ ਨੂੰ ਮਿਲ ਜਾਣ। ਇਸ ਕਰਕੇ ਪੰਚਾਇਤ ਵਹੀਰਾਂ ਘੱਤ ਕੇ ਆਉਂਦੀ। ਵੇਦਾ ਜ਼ਮੀਨ ਹਥਿਆਉਣ ਲਈ ਹਰ ਪੈਂਤੜਾ ਵਰਤ ਰਿਹਾ ਸੀ।

"ਰਜ਼ਾ ਮਾਲਕ ਦੀ ਵਿਚ ਰਹੀਏ।" ਮੈਂ ਸਬਰ ਕਰਦੀ ਆਈ ਸਾਂ। ਹੁਣ ਤੱਕ ਸੁਲੇਮਾਨੀ ਬਾਰਡਰ ਨਹੀਂ ਟੱਪਿਆਂ ਸੀ। ਆਪਣੀਆਂ ਪਰੰਪਰਾਵਾਂ ਦਾ ਪਾਲਣ ਕੀਤਾ। ਮੇਰਾ ਇਮਤਿਹਾਨ ਪੰਚਾਇਤ ਦੇ ਨਾਲ-ਨਾਲ ਪਿੰਡ ਦੀਆਂ ਜ਼ਨਾਨੀਆਂ ਨੇ ਵੀ ਲੈਣ ਦੀ ਅਥਾਹ ਕੋਸ਼ਿਸ਼ ਕੀਤੀ ਸੀ।

ਮੈਨੂੰ ਜ਼ਨਾਨੀਆਂ ਬਥੇਰੀਆਂ ਆਈਆਂ ਮੱਤਾਂ ਦੇਣ, ਚੜ੍ਹਦੀ ਤੋਂ ਚੜ੍ਹਦੀ। ਇਹਨਾਂ ਦੇ ਆਵਦੇ ਘਰ ਦੋਵੇਂ ਡੰਗ ਡੈਡਕੇ ਪੈਂਦੇ ਹੋਣ, ਪਰ ਦੂਸਰੇ ਘਰ ਜਾਂਦੀਆਂ। ਪਟਰਾਣੀ ਬਣ ਸਲਾਹਾਂ ਦਿੰਦੀਆਂ। ਸਾਡੇ ਸਕਿਆਂ ਵਿਚੋਂ ਲੱਗਦੀ ਮੇਰੀ ਚਾਚੀ ਅਮਰੋ ਕਈ ਵਾਰ ਮੇਰੇ ਕੋਲ ਆ ਚੁੱਕੀ ਸੀ। ਆਨੇ-ਬਹਾਨੇ ਉਹ ਰੰਡੀ ਹੋਣ ਦੇ ਦੁੱਖਾਂ ਬਾਰੇ ਆਪਣਾ ਕੱਚਾ ਚਿੱਠਾ ਖੋਲ੍ਹ ਲੈਂਦੀ। ਫੇਰ ਹਟਦੀ ਹੀ ਨਾ। ਅੱਗੇ-ਪਿੱਛੇ ਹੋਈਆਂ ਘਟਨਾਵਾਂ ਨੂੰ ਵਧਾ-ਚੜ੍ਹਾ ਕੇ ਦੱਸਣਾ ਉਸਦੀ ਫ਼ਿਤਰਤ ਸੀ। ਉਹ ਸੁਣਾਉਣ ਲੱਗਦੀ। ਰੰਡੀ ਤੇ ਗੱਲਾਂ। ਆਪਣੇ ਪ੍ਰੇਮ ਸਬੰਧਾਂ ਬਾਰੇ। ਲੰਬੜਾਂ ਦੇ ਮੁੰਡੇ ਗੈਰੀ ਦੇ ਜੋਸ਼ ਬਾਰੇ। ਪਿੰਡ ਵਿਚ ਉਡਦੀਆਂ ਅਫਵਾਹਾਂ ਬਾਰੇ।

ਮੈਂ ਉਸਦੀਆਂ ਗੱਲਾਂ ਨੂੰ ਇਕ ਕੰਨ ਪਾਉਂਦੀ ਤੇ ਦੂਜੇ ਕੰਨ

ਕੁੰਦਨ ਕਾਇਆ ਖੇਹ ਕੀਤੀ, ਹੜ੍ਹ ਠੱਲਿਆ ਨਾ ਅਸਮਾਨਾਂ ਦਾ,
ਨਕਸ਼ ਅਸਾਥੋਂ ਫੜ ਨਾ ਹੋਏ, ਨੈਣ ਗੁਆਏ ਮਟਕਦਿਆਂ। -ਕ੍ਰਿਪਾਲ ਪੂਨੀ

ਕੱਢ ਛੱਡਦੀ। ਚਾਚੀ ਅਮਰੋ ਦਾ ਇਕੋ ਮਕਸਦ ਸੀ ਕਿ ਕਿਰਨਾਂ ਗੇਜੇ ਦੀ ਵਹੁਟੀ ਬਣ ਜਾਵੇ। ਮੈਂ ਉਸ ਦਾ ਮਕਸਦ ਪਹਿਲਾਂ ਹੀ ਭਾਂਪ ਜਾਂਦੀ ਤੇ ਕਹਿ ਦਿੰਦੀ ਸੀ, "ਚੰਗਾ ਚਾਚੀ... ਹੁਣ ਮੱਝਾਂ ਨੂੰ ਪੱਠੇ ਪਾ ਦੇਈਏ। ਇਹਨਾਂ ਕਿਹੜਾ ਬੋਲ ਕੇ ਦੱਸਣਾ।" ਉਹ ਮਸਾਂ ਜਾ ਕੇ ਸਾਡੇ ਘਰੋਂ ਨਿਕਲਦੀ।

ਇਕ ਦਿਨ ਸੀਤੋ ਮੈਂਬਰਨੀ ਵੀ ਮੈਨੂੰ ਗੇਜੇ ਅਤੇ ਵੇਦੇ ਦੇ ਬਾਰੇ ਗੁਣਗਾਣ ਕਰਨੋਂ ਹਟੀ ਹੀ ਨਾ। ਜਦੋਂ ਉਸਨੇ ਕਿਹਾ, "ਭੈਣੇ... ਬੰਦਾ ਮੰਗੇ ਆਟਾ, ਉਹਨੂੰ ਆਟਿਓਂ ਵੀ ਘਾਟਾ। ਜ਼ਨਾਨੀ ਮੰਗੇ ਪੇੜੇ, ਉਹਨੂੰ ਦੇਣ ਵਾਲੇ ਵੀ ਬਥੇਰੇ।" ਉਹ ਕਹਿ ਕੇ ਹਟੀ ਤਾਂ ਮੇਰੀਆਂ ਕੌੜ ਅੱਖਾਂ ਅਤੇ ਮੱਥੇ ਤੇ ਪਈਆਂ ਤਿਉੜੀਆਂ ਵੇਖ ਉਹ ਬਹੁ-ਬੀਟ ਗਈ। ਉਸ ਨੇ ਸੋਚਿਆ ਹੋਣੈ ਕਿ ਕਿੱਥੇ ਖੱਖਰ ਨੂੰ ਹੱਥ ਪਾ ਬੈਠੀ।

ਕਦੇ ਕਦਾਈਂ ਮੱਥਾ-ਪੱਚੀ ਕਰਨ ਤੋਂ ਬਾਅਦ ਸੋਚਦੀ ਹਾਂ ਕਿ ਪੰਚਾਇਤ ਕਹਿੰਦੀ ਤਾਂ ਠੀਕ ਹੀ ਹੈ। ਇਹਨਾਂ ਲੋਕਾਂ ਨੇ ਉਮਰ ਹੰਢਾਈ ਹੈ। ਬਹੁਤ ਕੌੜੇ-ਮਿੱਠੇ ਤਜ਼ਰਬੇ ਨੇ ਇਹਨਾਂ ਕੋਲ। ਮੇਰਾ ਐਨਾ ਕਠੋਰ ਬਣ ਗੁਜ਼ਾਰਾ ਨਹੀਂ ਹੋਣਾ। ਝੁਕਣਾ ਤਾਂ ਆਖ਼ਰ ਪੱਥਰਾਂ ਨੂੰ ਵੀ ਪਿਆ। ਔਰਤਾਂ ਤਾਂ ਘਰ ਦਾ ਚੁੱਲ੍ਹਾ-ਚੌਕੇ ਤਕ ਮਹਿਦੂਦ ਹਨ। ਮੇਰਾ ਤਾਂ ਘਰ ਹੈ ਹੀ ਵੱਡਾ। ਦਸ ਵਿਸਵਿਆਂ ਵਿਚ। ਰਾਤ ਨੂੰ ਉੱਲੂ ਬੋਲਦੇ ਨੇ। ਡਰ ਲੱਗਦਾ ਹੈ, ਕਾਲੀਆਂ ਰਾਤਾਂ ਤੋਂ।

ਇਹ ਡਰ ਤੇ ਕਠੋਰਪਣ ਪਹਿਲਾਂ ਮੇਰੇ ਵਿਚ ਨਹੀਂ ਸੀ। ਮੈਂ ਪਿਛਲੇ ਦੋ ਸਾਲਾਂ ਵਿਚ ਬਹੁਤ ਟੁੱਟ ਚੁੱਕੀ ਹਾਂ। ਫੁੱਲਾਂ ਵਰਗੀ ਜ਼ਿੰਦਗੀ ਮਾਣਨ ਵਾਲੀ ਔਰਤ ਨੂੰ ਇਕਦਮ ਆਏ ਤੂਫ਼ਾਨ ਨੇ ਸਭ ਖੇਰੂੰ-ਖੇਰੂੰ ਕਰ ਦਿੱਤਾ। ਹਾਸਾ ਖੰਭ ਲਾ ਕੇ ਉੱਡ ਗਿਆ।

ਅਤੀਤ ਦੇ ਪੰਨੇ ਚੋਂ ਦੇਖਦੀ ਹਾਂ ਤਾਂ ਯਾਦ ਆਉਂਦਾ ਹੈ ਅੱਸੂ ਦਾ ਮਹੀਨਾ। ਲਵੀ ਦਾ ਪਾਪਾ ਬਾਸਮਤੀ ਜ਼ੀਰੀ ਲੈ ਕੇ ਬੁਢਲਾਡੇ ਮੰਡੀ ਚੱਲਿਆ ਸੀ। ਪਰ ਸਾਰੇ ਜੱਟ ਕਹਿੰਦੇ ਰਤੀਏ ਭਾਅ ਚੰਗਾ ਬੁਢਲਾਡੇ ਨਾਲੋਂ। ਉਹ ਰਤੀਏ ਜਾਣ ਨੂੰ ਤਿਆਰ ਹੋ ਗਿਆ। ਸਾਨੂੰ ਆੜ੍ਹਤੀਏ ਦੀ ਝੇਂਪ ਨਹੀਂ ਸੀ। ਆਥਣੇ ਛੇਤੀ ਮੁੜਨ ਦਾ ਵਾਅਦਾ ਕਰ ਗਿਆ। ਮੈਂ 'ਹਾਂ' ਵਿਚ ਉੱਤਰ ਦਿੱਤਾ ਸੀ। ਜਦੋਂ ਰਾਤ ਬਹੁਤ ਲੰਘ ਗਈ ਤਾਂ ਫ਼ਿਕਰ ਹੋਣ ਲੱਗਾ। ਮੈਨੂੰ ਅਜੀਬ ਕਿਸਮ ਦੀ ਅਣਹੋਣੀਆਂ ਦਿਖਾਈ ਦੇਣ ਲੱਗੀਆਂ। ਆਖ਼ਰ ਉਹੀ ਹੋਇਆ, ਜੋ ਪਰਮਾਤਮਾ ਨੂੰ ਮਨਜ਼ੂਰ ਸੀ। ਜਿੰਦਰ ਦੀ ਲਹੂ-ਲੁਹਾਨ ਲਾਸ਼ ਘਰ ਆਈ। ਸਿਰਫ ਐਨਾ ਹੀ ਪਤਾ ਲੱਗਾ ਕਿ ਟਰੱਕ ਨਾਲ ਟੱਕਰ ਹੋਈ ਹੈ। ਰਤੀਏ ਨੇ ਸਭ ਕੁੱਝ ਰੇਤ ਕਰ ਦਿੱਤਾ। ਚੀਕ-ਚਿਹਾੜਾ, ਰੋਣਾ-ਧੋਣਾ ਸਭ ਚੱਲਿਆ। ਆਪਣਿਆਂ ਕੋਲੋਂ ਝੂਠੇ ਧਰਵਾਸੇ ਮਿਲੇ। ਸੱਤ-ਅੱਠ ਦਿਨਾਂ ਵਿਚ ਹੀ ਸਭ ਅੰਗੀ-ਸਾਥੀ ਮੁੜ ਗਏ। ਪੇਕਿਆਂ ਵਲੋਂ ਆਏ ਭਰਾ ਨੇ ਵੀ ਖਾਨਾਪੂਰਤੀ ਕੀਤੀ। ਤੇ ਸਮਾਂ ਵੇਖਕੇ ਤੁਰਦਾ ਬਣਿਆ। ਮੈਨੂੰ ਆਪਣਾ ਸਿਰ ਆਪ ਹੀ ਗੁੰਦਣਾਂ ਪੈਣਾ ਸੀ। ਲਵੀ ਸੰਗ ਜ਼ਿੰਦਗੀ ਲੰਘਾਉਣ ਦਾ ਯਤਨ ਕਰ ਬੈਠੀ। ਜੋ ਹੁਣ ਤੱਕ ਮੋਢੇ ਨਾਲ ਮੋਢਾ ਜੋੜੀ ਖੜ੍ਹਾ ਸੀ, ਉਹ ਜਿੰਦਰ ਦਾ ਦੋਸਤ ਪਾਲੀ। ਉਸ ਨੇ ਹਰ ਕੰਮ ਕੀਤੇ ਜਿਹੜੇ ਉਸਦੀ ਸਮਰੱਥਾ ਅਨੁਸਾਰ ਸੀ। ਉਸ ਨੇ ਇਹ ਵੀ ਪਤਾ ਕਰ ਲਿਆ ਸੀ ਕਿ ਜਿੰਦਰ ਨੂੰ ਟੱਕਰ ਮਾਰਨ ਪਿੱਛੇ ਕਿਹਨਾਂ ਲੋਕਾਂ ਦਾ ਹੱਥ ਹੈ?

ਮਸਾਂ-ਮਸਾਂ ਭੁੱਲਦੀ ਹਾਂ ਕੌੜੀਆਂ ਯਾਦਾਂ ਨੂੰ। ਪਰ ਇਹ ਯਾਦਾਂ ਆਉਂਦੀਆਂ ਨੇ ਤੇ ਤੰਗ ਕਰਦੀਆਂ ਨੇ ਗੁਰਦੇ ਵਿਚ ਹੋਈ ਪੱਥਰੀ ਵਾਂਗ।

ਇਕ ਯਾਦ ਮੈਨੂੰ ਜਿੰਦਰ ਦੀ ਵੀ ਆਉਂਦੀ ਹੈ ਅਕਸਰ। ਮੈਂ ਫਰੇਮ ਕੀਤੀ ਫੋਟੋ ਜਦ ਕਾਨਸ ਤੇ ਪਈ ਵੇਖਦੀ ਹਾਂ। ਗਹੁ ਨਾਲ। ਉਹ ਸਰੋਂ ਦੇ ਫੁੱਲਾਂ ਵਿਚ ਖੜ੍ਹਾ ਹੱਸੀ ਜਾਂਦਾ ਹੈ। ਤੇ ਮੈਂ ਪਲ-ਪਲ ਟੁੱਟ ਰਹੀ ਹਾਂ। ਜਿੰਦਰ ਦੀ ਮੌਤ ਤੋਂ ਬਾਅਦ ਕਿੰਨੇ ਵਾਰ ਆਤਮ-ਹੱਤਿਆ ਦਾ ਸੋਚ ਚੁੱਕੀ ਹਾਂ। ਪਰ ਲਵੀ ਰੁਲ ਜਾਊ। ਇਹ ਸੋਚ ਮਨ ਨੂੰ ਸਮਝਾ ਕੇ ਤੁਰੀ ਫਿਰਦੀ ਹਾਂ।

"ਸਾਸਰੀ ਕਾਲ ਭੈਣ ਜੀ।" ਸਰਪੰਚ ਮਹਿੰਦਰ ਸਿੰਘ ਤੇ ਚਾਰ-ਪੰਜ ਬੰਦੇ ਦਹੇਲਿਉਂ ਅੰਦਰ ਲੰਘਦੇ ਹੋਏ ਬੋਲਦੇ ਹਨ। ਮੈਂ ਫੋਟੋ ਕਾਨਸ ਤੇ ਰੱਖ ਉਹਨਾਂ ਕੋਲ ਆ ਖੜ੍ਹਦੀ ਹਾਂ। ਅੱਜ ਫੇਰ ਇਹ ਪੰਚਾਇਤ ਵੇਦੇ ਨੇ ਭੇਜੀ ਹੈ। ਉਹ ਤਾਂ ਜਿੰਦਰ ਨੂੰ ਆਪਣਾ ਦੁਸ਼ਮਣ ਸਮਝਦਾ ਸੀ। ਜਿੰਦਰ ਦੀ ਮੌਤ ਤੋਂ ਬਾਅਦ ਉਸਦੀਆਂ ਦਸੇ ਉਂਗਲਾਂ ਘਿਓ ਵਿਚ ਹਨ। ਉਸ ਦੇ ਮਰੇ ਸਰੀਰ ਵਿਚ ਦੁਬਾਰਾ ਜਾਨ ਆ ਗਈ। ਰਿਸ਼ਤੇਦਾਰਾਂ ਤੇ ਮੇਰੇ ਪੇਕਿਆਂ ਅੱਗੇ ਇੱਕੋ ਰਟਨ ਲਗਾਈ ਰੱਖੀ, "ਮੈਂ ਤਾਂ ਵੇਖਲੋ... ਕਿਰਨਾਂ ਨੂੰ ਪੂਰੀ ਸਕਿਉਰਿਟੀ ਦੇਣ ਨੂੰ ਤਿਆਰ ਆ। ਤੁਸੀਂ ਹਾਮੀ ਭਰੋ ਬਸ।" ਪੰਚਾਇਤ ਇਹਦੀ ਹਾਂ ਵਿਚ ਹਾਂ ਮਿਲਾਈ ਜਾਵੇ। ਮੇਰਾ ਭਰਾ ਵੀ ਤਿਆਰ ਸੀ। ਉਹ ਅਣਭੋਲ ਵੇਦੇ ਦੀਆਂ ਚਲਾਕੀਆਂ ਨਹੀਂ ਜਾਣਦਾ ਸੀ। ਮੈਨੂੰ ਕੋਈ ਜ਼ਿਆਦਾ ਸੁਰਤ ਨਹੀਂ ਸੀ ਉਸ ਸਮੇਂ। ਪਰ ਜਦੋਂ ਘਰ ਨੂੰ ਅੱਗ ਆਣ ਪਵੇ ਤਾਂ ਜਾਗਣਾ ਤਾਂ ਪੈਂਦਾ ਹੀ ਹੈ। ਭਾਵੇਂ ਮੇਰੀ ਜਾਨ ਸੱਪ ਦੇ ਮੂੰਹ ਕੋਹੜ ਕਿਰਲੀ ਸਮਾਨ ਸੀ। ਮੈਂ ਬੁੜੀਆਂ ਵਿਚੋਂ ਉੱਠੀ। ਸਿੱਧਾ ਇਕ ਟੁੱਕ ਵਿਚ ਜਵਾਬ ਦਿੱਤਾ, "ਮੈਂ ਆਪਣਾ ਆਪ ਸਾਂਭਣ ਜੋਗੀ ਅਜੇ ਹੈਗੀ ਹਾਂ। ਲੋੜ ਨੀ ਮੈਨੂੰ ਤੁਹਾਡੀ ਹਮੈਤ ਦੀ।"

ਵੇਦਾ ਸੱਪ ਵਾਂਗ ਫੁੰਕਾਰੇ ਮਾਰਦਾ ਦੌੜ ਗਿਆ। ਤੇ ਪੰਚਾਇਤ ਵੀ।

ਹਰ ਕਿਸੇ ਨੇ ਜੋ ਮੂੰਹ ਵਿਚ ਆਇਆ, ਉਹੀ ਕਿਹਾ। ਇਹ ਤਾਂ ਬਾਹਲੀ ਬੈਤਲ-ਤੀਵੀਂ ਐ। ਇਸਦਾ ਮੂੰਹ ਜ਼ਿਆਦਾ ਹੀ ਖੁਲ੍ਹਿਆ ਹੋਇਆ। ਬਹੁਤ ਕੁੱਝ ਤਨ-ਮਨ ਤੇ ਸਿਹਾ। ਇਹਨਾਂ ਦਾ ਸਾਹਮਣਾ ਫੇਰ ਵੀ ਕਰਨਾ ਪੈਣਾ ਸੀ। ਮੈਂ ਸੋਚਿਆ ਜੇਕਰ ਲਵੀ ਵੀ ਜਿਉਂਦਾ ਰਹਿੰਦਾ ਤਾਂ ਆਹ ਨੌਬਤ ਹੀ ਨਾ ਆਉਂਦੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਮੈਂ ਨਹਾ-ਧੋ ਕੇ ਵਿਹਲੀ ਹੋਈ ਸੀ ਤਾਂ ਲਵੀ ਦੇ ਸਕੂਲੋਂ ਫ਼ੋਨ ਆ ਗਿਆ ਕਿ ਲਵੀ ਪੌੜੀਆਂ ਵਿਚੋਂ ਡਿੱਗ ਪਿਆ। ਫ਼ੋਨ ਰੱਖ ਸਕੂਲ ਤੇ ਫੇਰ ਹਸਪਤਾਲ ਵੱਲ ਭੱਜੀ। ਸਭ ਵਿਅਰਥ। ਲਵੀ ਮੇਰੇ ਹੱਥਾਂ ਵਿਚ ਹੀ ਦਮ ਤੋੜ ਗਿਆ।

ਮਰਿਆ ਲਵੀ ਨਹੀਂ ਸਗੋਂ ਮਾਰ ਤਾਂ ਮੈਨੂੰ ਗਿਆ।

ਮੇਰੇ ਤੇ ਦੁੱਖਾਂ ਦਾ ਪਹਾੜ ਟੁੱਟ ਗਿਆ। ਇਧਰ ਵੇਦੇ ਵਿਚ ਦੁਬਾਰਾ ਸਾਹ ਪੈ ਗਏ। ਉਹ ਪੂਰਾ ਆਸਵੰਦ ਸੀ ਕਿ ਇਸ ਵਾਰੀ ਉਸਦਾ ਕੀਤਾ ਹੋਇਆ ਵਾਰ ਖਾ਼ਲੀ ਨਹੀਂ ਜਾਵੇਗਾ। ਉਹ ਧਾੜਵੀ ਬਣ ਫੇਰ ਆਇਆ। ਮੈਂ ਹੈਰਾਨ ਪਰੇਸ਼ਾਨ ਸਾਂ।

"ਬੀਬਾ ਤੇਰੇ ਨਾਲ ਇਕ ਰਾਇ ਕਰਨੀ ਸੀ।" ਸਰਪੰਚ ਹਲੀਮੀ ਨਾਲ ਬੋਲਦਾ ਹੈ।

"ਹਾਂ ਜੀ... ਤਾਇਆ ਜੀ।" ਮੈਂ ਅਦਬ ਨਾਲ ਜਵਾਬ ਦਿੱਤਾ।

"ਦੇਖ ਬੀਬਾ... ਅਸੀਂ ਬਹੁਤ ਗੇੜੇ ਮਾਰ ਲਏ ਨੇ। ਲਵੀ ਜਿਉਂਦਾ ਸੀ... ਉਦੋਂ ਗੱਲ ਹੋਰ ਸੀ। ਹੁਣ ਅਸੀਂ ਦੁਬਾਰਾ ਤੇਰੇ ਨਾਲ ਵਿਚਾਰ-ਵਟਾਂਦਰਾ ਕਰਕੇ ਜਵਾਂਗੇ। ਤੂੰ ਕਿਵੇਂ ਮਰਜ਼ੀ ਕਰੀਂ? ਜਿਵੇਂ

ਨ੍ਹੇਰੇ ਤੋਂ ਜੇ ਕਣ ਕਣ ਹੀ ਪ੍ਰਭਾਵਿਤ ਹੈ,
ਚਾਨਣ ਦਾ ਹੁਣ ਸਨਮੁੱਖ ਆਉਣਾ ਬਣਦਾ ਹੈ। (ਅਗਲੇ ਸਫ਼ੇ 'ਤੇ)

ਤੈਨੂੰ ਲੋਟ ਲੱਗੇ। ਸਾਡਾ ਫ਼ਰਜ਼ ਸੀ ਤੈਨੂੰ ਦੱਸਣਾ। "ਉਹ ਵਰਜਣਾਵਾਂ ਤੇ ਨਸੀਹਤਾਂ ਦਿੰਦਾ ਰਿਹਾ। ਮੈਂ ਸੁਣਦੀ ਰਹੀ।

"ਅਸੀਂ ਤੈਨੂੰ ਦੋ ਦਿਨ ਦਿੱਤੇ ਐ। ਤੂੰ ਆਪਣਾ ਮਨ ਬਣਾਲੈ। ਨਹੀਂ ਫੇਰ...।" ਉਸਨੇ ਆਪਣਾ ਬ੍ਰਹਮ ਅਸ਼ਤਰ ਚਲਾਇਆ। ਸੋਚ ਤਾਂ ਮੈਂ ਵੀ ਲਿਆ ਸੀ ਕਿ ਹੁਣ ਮੈਂ ਕਿੱਧਰ ਜਾਣਾ ਹੈ! ਮੈਂ ਸਹਿਜਤਾ ਨਾਲ ਉੱਤਰ ਦਿੱਤਾ, "ਠੀਕ ਹੈ ਜੀ... ਮੈਂ ਥੋਨੂੰ ਦੱਸ ਦੇਵਾਂਗੀ।"

ਮੈਂ ਉਹਨਾਂ ਦੀਆਂ ਜਾਂਦੀਆਂ ਪਿੱਠਾਂ ਨੂੰ ਤੱਕਦੀ ਰਹੀ। ਮੈਂ ਦੋ ਦਿਨਾਂ ਵਿਚ ਬਹੁਤ ਵੱਡਾ ਨਿਰਣਾ ਕਰਨਾ ਹੈ। ਮੈਂ ਗੇਜੇ ਨਾਲ ਘਰ ਵਸਾਵਾਂ ਜਾਂ ਕਿਸੇ ਹੋਰ ਨਾਲ...।

ਹੋਰ...ਹੋਰ।

ਦਿਮਾਗ਼ ਪਾਲੀ ਤੇ ਆਣ ਖੜ੍ਹਦਾ ਹੈ। ਉਸ ਕੋਲ ਸਭ ਕੁੱਝ ਹੈ। ਸਰੀਫ਼ ਤੇ ਸਾਊ ਵੀ। ਵੈ.ਲ-ਐਬ ਕੋਈ ਨਹੀਂ। ਗ਼ਰੀਬ ਹੈ ਪਰ ਦਿਲ ਦਾ ਅਮੀਰ। ਜਦ ਵੀ ਆਵਾਜ਼ ਮਾਰੀ ਹੈ ਤਾਂ ਝੱਟ ਹਾਜ਼ਰ ਹੋਣ ਵਾਲਾ। ਮੈਨੂੰ ਉਸ ਵਿਚ ਜਿੰਦਰ ਦਾ ਅਕਸ ਦਿਸਦਾ ਹੈ। ਗੇਜੇ ਨਾਲੋਂ ਤਾਂ ਪਾਲੀ ਨੂੰ ਚੁਣਨਾ ਬਿਹਤਰ ਲੱਗਿਆ ਮੈਨੂੰ।

ਰਾਤ ਬੈੱਡ ਤੇ ਘੂਕ ਸੁੱਤੀ ਪਈ ਸਾਂ। ਅੱਧੀ ਰਾਤ ਦਾ ਸਮਾਂ ਹੋਵੇਗਾ। ਕੁੱਤੇ ਲਗਾਤਾਰ ਭੌਂਕਦੇ ਰਹੇ। ਗਲੀ ਵਿਚ ਕਿਸੇ ਦੇ ਪੈੜਚਾਲ ਦੀ ਆਵਾਜ਼ ਸੀ। ਖੜਾਕ ਨਾਲ ਅੱਖ ਖੁੱਲ੍ਹਦੀ ਹੈ। ਮੈਂ ਬੂਹਾ ਖੋਲ੍ਹ ਬਾਹਰ ਵੱਲ ਤੱਕਿਆ। ਚਾਰ ਪੰਜ ਬੰਦੇ ਦਗੜ-ਦਗੜ ਕਰਦੇ ਮੇਰੇ ਦੁਆਲੇ ਹੋ ਜਾਂਦੇ ਨੇ। ਇਸ ਤੋਂ ਪਹਿਲਾਂ ਕੀ ਮੈਂ ਕੁਝ ਕਰਦੀ ਜਾਂ ਬੋਲਦੀ। ਉਹ ਫਟਾਫਟ ਮੈਨੂੰ ਧੱਕ ਕੇ ਬੈੱਡ ਤੇ ਲੈਂ ਜਾਂਦੇ ਹਨ। ਉਹਨਾਂ ਵਿਚੋਂ ਕੁੱਝ ਕੁ ਨੇ ਮੇਰੀਆਂ ਬਾਹਵਾਂ ਤੇ ਲੱਤਾਂ ਜ਼ੋਰ ਦੀਆਂ ਪਕੜ ਲਈਆ। ਇਕ ਬੰਦਾ ਸਿਰਹਾਣਾ ਮੇਰੇ ਮੂੰਹ ਤੇ ਰੱਖ ਮਾਰਨ ਦਾ ਯਤਨ ਕਰਦਾ ਹੈ। ਮੈਂ ਪਾਲੀ ਨੂੰ ਆਵਾਜ਼ ਮਾਰਨ ਲਈ ਹੱਥ-ਪੈਰ ਮਾਰਦੀ ਹਾਂ। ਝਕਦਮ ਲਾਏ ਜ਼ੋਰ ਕਾਰਨ ਸਿਰਹਾਣਾ ਮੂੰਹ ਤੋਂ ਹਟਦਾ ਹੈ। ਤੇ ਸਿਰਹਾਣੇ ਵਾਲੇ ਵਿਅਕਤੀ ਦਾ ਮੂੰਹ ਤੇ ਬੰਨਿਆ ਕੱਪੜਾ ਖੁੱਲ ਜਾਂਦਾ ਹੈ। ਉਹ ਉੱਚੀ ਉੱਚੀ ਹੱਸਦਾ ਹੈ। ਮੇਰਾ ਗ਼ਲਾ ਘੁੱਟਣ ਆਇਆ ਵੇਦਾ ਤੇ ਪੰਚਾਇਤ ਮੈਂਬਰ ਹੀ ਸਨ। ਉਹ ਦੁਬਾਰਾ ਗਲਾ ਘੁੱਟਣ ਲਈ ਹੱਥ ਵਧਾਉਂਦੇ ਹਨ। ਮੈਂ 'ਛੱਡ ਦੇ - ਛੱਡ ਦੇ' ਕਹਿ ਤਰਲੇ ਮਿੰਨਤਾਂ ਕਰਦੀ ਹਾਂ। ਤੇ ਬੁੜ੍ਹਕ ਕੇ ਉੱਠਦੀ ਹਾਂ। ਸਰੀਰ ਪਸੀਨੋਂ-ਪਸੀਨੀ ਹੋਇਆ ਪਿਆ ਸੀ। ਸਾਹਾਂ ਦੀ ਗਤੀ ਤੇਜ਼ ਸੀ।

ਜੇ ਅਜਿਹੇ ਸੁਪਨੇ ਸੱਚ ਹੋਏ। ਫੇਰ। ਧੁੜਧੁੜੀ ਆਈ।

ਪੰਚਾਇਤ ਜਾ ਚੁੱਕੀ ਸੀ। ਦਿਨ ਚੜ੍ਹ ਗਿਆ ਤੇ ਛਿਪ ਗਿਆ। ਹੁਣ ਮੈਂ ਮੁਸੀਬਤ ਵਿਚ ਹਾਂ। ਫ਼ੈਸਲਾ ਮੇਰੇ ਹੱਥ ਵਿਚ ਹੈ। ਮੈਂ ਘੁਸਮੁਸੇ ਜਿਹੇ ਵਿਚ ਹੀ ਪੀੜ੍ਹੀ ਡਾਹ ਕੇ ਬੈਠ ਗਈ ਹਾਂ। ਚਾਰੇ ਪਾਸੇ ਬੰਦ ਦਰਵਾਜ਼ੇ ਹੀ ਨਜ਼ਰ ਆਉਂਦੇ ਹਨ। ਮੈਂ ਰਾਹ ਲੱਭਣਾ ਚਾਹੁੰਦੀ ਹਾਂ ਜਿਸ ਨਾਲ ਸੱਪ ਵੀ ਮਰ ਜਾਵੇ ਤੇ ਸੋਟਾ ਵੀ ਨਾ ਟੁੱਟੇ।

ਮੈਂ ਹਰ ਸੁਲੇਮਾਨੀ ਬਾਰਡਰ ਟੱਪਣ ਦਾ ਮਨ ਬਣਾਉਣ ਲੱਗੀ ਹਾਂ।

ਹੱਲ ਲੱਭ ਰਹੀ ਹਾਂ ਮੈਂ।

ਭੂਆ ਜੋ ਲਵੀ ਦੀ ਮੌਤ ਤੋਂ ਬਾਅਦ ਮੇਰੇ ਕੋਲ ਰਹਿੰਦੀ ਆ ਰਹੀ ਸੀ। ਮੈਨੂੰ ਹਲੂਣਦੀ ਹੈ, "ਕਿਰਨਾਂ ਇਹ ਬੰਦੇ ਕਿਵੇਂ ਆਏ ਸੀ?"

ਮੈਂ ਭੂਆ ਨੂੰ ਸਾਰੀ ਰਾਮ ਕਹਾਣੀ ਦੱਸ ਦਿੱਤੀ।

"ਕਿਰਨਾਂ... ਜ਼ਿਦ ਛੱਡ ਤੇ ਧਿਆਨ ਨਾਲ ਸੁਣ। ਇਹਨਾਂ ਗਿਰਝਾਂ ਨੇ ਤਾਂ ਹੁਣ ਰੋਜ਼ ਹੀ ਆਇਆ ਕਰਨਾ। ਜਾਂ ਤਾਂ ਕਿਸੇ ਦੇ ਲੜ ਲੱਗਜਾ। ਜਾਂ ਫੇਰ ਪਿੰਡ ਛੱਡ ਕੇ ਸ਼ਹਿਰ ਵਗ ਜਾ। ਨਾ ਕਿਸੇ ਦੀ ਹੈਅ-ਹੈਅ, ਨਾ ਕਿਸੇ ਦੀ ਖੈਅ-ਖੈਅ। ਆਵਦੀਆਂ ਦੋ ਥੱਪੀ ਤੇ ਖਾਈਂ। ਪਿੰਡ ਵਾਲਿਆਂ ਨੇ ਤੇਰਾ ਜਿਉਣਾ ਦੁੱਭਰ ਕਰ ਦੇਣਾ। ਹੁਣ ਸਭ ਦੀ ਅੱਖ ਤੇਰੇ ਤੇ ਐ।" ਭੂਆ ਨੇ ਨਿਚੋੜ ਕੱਢਿਆ।

ਭੂਆ ਦੀ ਦੋ ਧਾਰੀ ਤਿੱਖੀ ਤਲਵਾਰ ਨੇ ਮੈਨੂੰ ਛਲਣੀ ਕਰ ਦਿੱਤਾ।

ਮੇਰੇ ਲਈ ਹੁਣ ਔਖ ਦੀ ਘੜੀ ਹੈ। ਹਾਰਨਾ ਮੈਂ ਸਿੱਖਿਆ ਨਹੀਂ ਸੀ ਜਾਂ ਆਦਤ ਹੀ ਨਹੀਂ ਪਾਈ ਸੀ।ਸਲਾਹ ਤਾਂ ਭੂਆ ਦੀ ਵੀ ਠੀਕ ਹੈ।

ਮੈਂ ਅਨੇਕਾਂ ਜ਼ਨਾਨੀਆਂ ਦੇਖੀਆਂ ਹਨ, ਜਿਹੜੀਆਂ ਆਪਣੇ ਦੁਹਾਜੂ ਪਤੀ ਨਾਲ ਨਰਕ ਵਰਗੀ ਜ਼ਿੰਦਗੀ ਭੋਗਦੀਆਂ ਹਨ। ਇਸ ਕਰਕੇ ਮੈਂ ਦੂਜੇ ਵਿਆਹ ਤੋਂ ਕੰਨੀ ਕਤਰਾਉਂਦੀ ਹਾਂ। ਸਮਝੌਤਾ ਤਾਂ ਆਖ਼ਰ ਕਰਨਾ ਹੀ ਪੈਣਾ ਸੀ ਵਿਆਹ ਤੋਂ ਬਚਣ ਲਈ।

ਸੋਚਦੀ ਸੋਚਦੀ ਇਕ ਲਕੀਰ ਪਾਲੀ ਦੀ ਬਣਦੀ ਹੈ। ਪਾਲੀ ਅਤੇ ਪਾਲੀ ਦਾ ਸਾਰਾ ਪਰਿਵਾਰ ਵੀ ਸਹਿਮਤ ਹੋਵੇਗਾ। ਮੈਂ ਇਹ ਸਮਝੌਤਾ ਪਾਲੀ ਨਾਲ ਕਰਨਾ ਪਸੰਦ ਕਰਾਂਗੀ।

ਭੂਆ ਹਫੋ-ਦਫੀ ਹੋਈ ਬਾਹਰੋਂ ਆਉਂਦੀ ਹੈ ਤੇ ਕਹਿੰਦੀ ਹੈਂ, "ਕਿਰਨਾਂ... ਨੀ ਕਿਰਨਾਂ! ਵੇਦੇ ਤੇ ਗੇਜੇ ਨੂੰ ਤਰਨਤਾਰਨ ਵਾਲੀ ਪੁਲਿਸ ਨੇ ਆ ਚੁੱਕਿਆ ਹੈ। ਸੁਣਿਐ... ਵਾਹਲਾ ਨਜ਼ੈਜ ਮਾਲ ਫੜਿਆ। ਚੱਲ ਦੇਖ ਲੈ ਭਾਵੇਂ ਬਾਹਰ ਜਾ ਕੇ। ਅੱਧਾ ਪਿੰਡ 'ਕੱਠਾ ਹੋਇਆ ਪਿਐ।"

ਮੈਂ ਪੀੜ੍ਹੀ ਤੋਂ ਉੱਠਦੀ ਹਾਂ ਤੇ ਮਾਂ ਦੇ ਕਹੇ ਬੋਲ ਯਾਦ ਕਰਦੀ ਹਾਂ, "ਕਿਰਨਾਂ... ਦੀਵਾ ਜਦੋਂ ਬੁੱਝਣ ਤੇ ਆਇਆ ਹੋਵੇ... ਤਾਂ ਆਖ਼ਰੀ ਵਾਰ ਲੋਅ ਜ਼ਰੂਰ ਉੱਚੀ ਕਰਦਾ ਹੈ।"

ਹੋਰ ਪੱਪੇ ਨੂੰ ਲੱਭਣ ਦੀ ਇੱਛਾ ਨਾਲ ਪੁਲਾਂਘ ਭਰਦੀ ਹਾਂ।

(ਇਸ ਅੰਕ 'ਚ ਸਮੂਹ ਛੱਪਣ ਵਾਲੇ ਕਹਾਣੀਕਾਰਾਂ ਦੇ ਨਾਂ: ਮਿੱਤਰੋ- ਮੈਂ ਆਪਜੀ ਦੇ ਬੈਂਕ ਅਕਾਂਊਂਟ ਮੰਗੇ ਨੇ ਕਿਉਂਕਿ ਅਸੀਂ ਫੈਸਲਾ ਕੀਤਾ ਹੈ ਕਿ ਹਰ ਛੱਪਣ ਵਾਲੇ ਨੂੰ ਤਿਲ-ਫੁੱਲ ਲੈ ਕੇ ਹਾਜ਼ਰ ਹੋਈਏ। ਸੋ ਅਸੀਂ ਆਪਣੇ ਵਿੱਤ ਮੁਜ਼ਬ ਪਹੁੰਚ ਰਹੇ ਹਾਂ। ਇਹ ਨਾਗੁਣਾ ਜਿਹਾ ਰਾਸ਼ੀਫਲ ਕਿੰਨਾ ਹੋਵੇਗਾ- ਇਸਦਾ ਫੈਸਲਾ ਸਾਡੇ ਪੰਜਾਬ ਵਿਚਲੇ ਸਹਿਯੋਗੀ ਕਰਨਗੇ। ਰਹੀ ਗੱਲ 'ਕੋਈ ਗੱਲ ਨਹੀਂ ਜੀ'ਦੀ- ਜੋ ਤੁਹਾਡੇ ਵਿਚੋਂ ਬਹੁਤਿਆਂ ਨੇ ਕਹਿ ਭੇਜਿਆ ਹੈ। ਸਿਰ-ਮੱਥੇ। ਅਸੀਂ ਸੁਰਖ਼ਰੂ ਹੋਣਾ ਚਾਹੁੰਦੇ ਹਾਂ। - ਹਾਂ! ਜੇ ਕਿਸੇ ਬਾਈ ਦੇ ਖ਼ੀਸੇ ਦੀ ਲੰਬਾਈ ਬਹੁਤੀ ਲੰਬੀ ਹੈ ਤਾਂ ਸਾਡੇ ਵਲੋਂ ਭੇਜੇ ਮਾਣ-ਤਾਣ ਵਿਚ ਆਪਣੇ ਵਲੋਂ ਆਪਣੀ ਪੁਜਤ ਰਲਾ ਕੇ ਮੈਗਜ਼ੀਨ ਦਾ ਸਲਾਨਾ ਚੰਦਾ ਭੇਜ ਦੇਣਾ। ਨਾਲੇ 'ਸ਼ਹੀਦਾਂ' ਵਿਚ ਨਾਂ ਹੋ ਜਾਊ ਕਿ 'ਕਿਸੇ ਪੰਜਾਬੀ ਮੈਗਜ਼ੀਨ' ਨੂੰ ਚੰਦਾ ਭੇਜਿਆ ਹੈ?!'- ਰਹਿੰਦੇ ਮਿੱਤਰ ਆਪਣਾ ਬੈਂਕ ਅਕਾਊਂਟ ਜ਼ਰੂਰ ਭੇਜਣ। ਉਡੀਕ ਵਿਚ। ਸ਼ੁਕਰੀਆ।-ਸੰਪਾਦਕ)

ਪੁੱਤ ਦੀ ਲਾਸ਼ 'ਤੇ ਮਾਂ ਜਦ ਵੀ ਵਿਰਲਾਪ ਕਰੇ
ਧਰਮਾਂ ਦਾ ਕੁਝ ਤਾਂ ਕੁਰਲਾਉਣਾ ਬਣਦਾ ਹੈ। -ਰਾਜ ਲਾਲੀ ਬਟਾਲਾ

ਕਹਾਣੀ

# ਧੋਬੀਪਟਕਾ

-ਅਮਰਜੀਤ ਸਿੰਘ ਮਾਨ



ਅਮਰਜੀਤ ਸਿੰਘ ਮਾਨ

ਅਮਰਜੀਤ ਮਾਨ: ਦਾ ਸ਼ੁਮਾਰ ਉਨ੍ਹਾਂ ਕਹਾਣੀ ਲੇਖਕਾਂ ਵਿਚ ਹੈ ਜੋ ਮਿਆਰੀ ਪਰਚਿਆਂ ਵਿਚ ਛਪ ਕੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ ਛਪਣ ਤੋਂ ਪਹਿਲਾਂ ਹੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣਾ ਚੰਗਾ ਨਾਂ-ਥਾਂ ਬਣਾ ਚੁੱਕੇ ਹਨ। ਸੰਨ 2014 ਵਿਚ ਉਸ ਵੱਲੋ ਲਿਖੀ ਪਹਿਲੀ ਕਹਾਣੀ 'ਪੰਜਾਬੀ ਟ੍ਰਿਬਿਊਨ' ਵਿੱਚ ਛਪੀ ਤੇ ਫਿਰ ਉਸ ਪਿੱਛੇ ਮੁੜ ਕੇ ਨਹੀਂ ਵੇਖਿਆ। ਹੁਣ ਤਕ ਉਹ ਦੋ ਦਰਜਨ ਦੇ ਕਰੀਬ ਕਹਾਣੀਆਂ ਲਿਖ ਚੁੱਕਾ ਹੈ ਤੇ ਹੁਣ ਉਸਦਾ ਕਹਾਣੀ ਸੰਗ੍ਰਹਿ ਵੀ ਛਪਣ ਲਈ ਤਿਆਰ ਹੈ। ਖੇਤੀਬਾੜੀ ਕਿੱਤੇ ਨਾਲ ਸਬੰਧਤ ਹੋਣ ਕਾਰਨ ਉਸਦੀਆਂ ਕਹਾਣੀਆਂ ਕਿਸਾਨੀ ਸਮੱਸਿਆਵਾਂ ਬਾਰੇ ਨੇੜਲੀ ਮਨੋਵਿਗਿਆਨਕ ਜਾਣਕਾਰੀ ਰੱਖਦੀਆਂ ਹਨ ਤੇ ਇਨ੍ਹਾਂ ਸਮੱਸਿਆਵਾਂ ਦੀਆਂ ਅੰਤਿਮ ਤੈਹਾਂ ਤੱਕ ਵੀ ਜਾਂਦੀਆਂ ਹਨ।
– ਨਰਿੰਜਨ ਬੋਹਾ

ਬੰਸੀ ਕੁਝ ਲੇਟ ਚੌਂਕ ਵਿਚ ਆਇਆ ਸੀ। ਉਸਦੇ ਆਉਣ ਤੱਕ ਚੰਗੇ-ਚੰਗੇ ਬੰਦੇ ਤਾਂ ਕੰਮਾਂ 'ਤੇ ਚਲੇ ਗਏ ਤੇ ਪਿੱਛੇ ਬੁੱਢੇ ਅਤੇ ਕਮਜ਼ੋਰ ਦਿਖਾਈ ਦਿੰਦੇ ਅੱਠ-ਦਸ ਮਜ਼ਦੂਰ ਖੜ੍ਹੇ ਸਨ - ਕਿਸੇ ਮਾਲਕ, ਮਿਸਤਰੀ ਜਾਂ ਠੇਕੇਦਾਰ ਨੂੰ ਉਡੀਕਦੀਆਂ, ਤ੍ਰਿਹਾਈਆਂ ਅੱਖਾਂ ਨਾਲ। ਸ਼ਾਇਦ ਕੋਈ ਨਾ ਕੋਈ ਆ ਜਾਵੇ ਤੇ ਉਹਨਾਂ ਦੀ ਆਥਣ ਦੀ ਰੋਟੀ ਪੱਕਣ ਦਾ ਹੀਲਾ ਬਣ ਸਕੇ-

ਕੁਝ ਸਮੇਂ ਬਾਦ ਇੱਕ ਗੋਭਲੇ ਜਿਹੇ, ਸੇਠ ਦਿਖਾਈ ਦਿੰਦੇ ਬੰਦੇ ਨੇ ਉਹਨਾਂ ਕੋਲ ਆ ਕੇ ਮੋਟਰ-ਸਾਈਕਲ ਦੀ ਬਰੇਕ ਮਾਰੀ। ਬੰਸੀ ਸਮੇਤ ਸਾਰੇ ਮਜ਼ਦੂਰਾਂ ਦੀਆਂ ਅੱਖਾਂ ਵਿਚ ਚਮਕ ਆ ਗਈ। ਉਹ ਬੰਦਾ ਸਾਰੇ ਮਜ਼ਦੂਰਾਂ ਨੂੰ ਅੱਖਾਂ ਨਾਲ ਤੋਲਣ ਲੱਗਿਆ। ਇੱਕ ਦੋ ਨੇ ਤਾਂ ਉਸਦਾ ਧਿਆਨ ਖਿੱਚਣ ਲਈ ਨੇੜੇ ਹੋ ਕੇ ਨਮਸਕਾਰ ਵੀ ਕਹਿ ਦਿੱਤੀ। ਪਰ ਉਸਦੀ ਨਿਗ੍ਹਾ ਕੁਝ ਜੁਆਨ ਦਿਖਾਈ ਦਿੰਦੇ ਬੰਸੀ 'ਤੇ ਅਟਕ ਗਈ।

ਬੰਸੀ ਨੂੰ ਉਹ ਬੰਦਾ ਪਹਿਲੀ ਨਜ਼ਰੇ ਆਵਦੇ ਆੜ੍ਹਤੀਏ ਸ਼ੋਕੀ ਵਰਗਾ ਲੱਗਿਆ ਸੀ।

ਸ਼ੋਕੀ ਆਪਣੇ ਦਰਮਿਆਨੇ ਕੱਦ, ਸਾਂਵਲੇ ਰੰਗ, ਦਾੜ੍ਹੀ ਸ਼ੇਵ ਕਰਕੇ ਰੱਖੀਆਂ ਮੋਟੀਆਂ ਮੁੱਛਾਂ ਕਾਰਨ ਸਧਾਰਨ ਦਿੱਖ ਵਾਲਾ ਹੀ ਸੀ ਪਰ ਪੈਂਟ 'ਤੇ ਲੱਗੀ ਬੈਲਟ ਤੋਂ ਹੇਠਾਂ ਡਿਗਦੀ ਗੋਗੜ ਅਤੇ ਹੇਠਾਂ ਪਤਲੀਆਂ ਲੱਤਾਂ ਪਹਿਲੀ ਵਾਰ ਸੁਭਾਇਕੀ ਦੇਖਣ ਵਾਲੇ ਨੂੰ ਦੁਬਾਰਾ ਦੇਖਣ ਦੇ ਲਈ ਮਜ਼ਬੂਰ ਕਰ ਦਿੰਦੀਆਂ। ਜਦੋਂ ਉਹ ਭਾਰ ਘਟਾਉਣ ਲਈ ਸਾਈਕਲ ਚਲਾਉਂਦਾ ਤਾਂ ਵਧਿਆ ਹੋਇਆ ਢਿੱਡ ਸਾਈਕਲ ਦੇ ਡੰਡੇ 'ਤੇ ਟਿਕ ਜਾਂਦਾ।

ਬੰਸੀ ਨੂੰ ਸ਼ੋਕੀ ਨਾਲ ਇਕ ਵਾਰ ਹੋਈ ਸਰਸਰੀ ਵਾਰਤਾਲਾਪ ਯਾਦ ਆ ਗਈ। ਜਦੋਂ ਉਹ ਆਪਣੇ ਨਰਮੇ ਦੀ ਛੋਟੀ ਜਿਹੀ ਢੇਰੀ ਕੋਲ ਮੰਜੇ 'ਤੇ ਬੈਠਾ ਸੀ। ਨਰਮੇ ਦੀ ਬੋਲੀ ਅਜੇ ਦੂਰ ਦੀਆਂ ਦੁਕਾਨਾਂ 'ਤੇ ਲੱਗ ਰਹੀ ਸੀ। ਸ਼ੋਕੀ ਮੰਜੇ ਦੇ ਸਿਰਹਾਣੇ ਵਾਲੇ ਪਾਸੇ ਆ ਕੇ ਘੁਸੜ ਕੇ ਬੈਠ ਗਿਆ। ਉਸਦੇ ਬੈਠਣ ਨਾਲ ਮੰਜੇ 'ਤੇ ਜਗ੍ਹਾ ਤੰਗ ਹੋ ਗਈ ਤੇ ਬੰਸੀ ਨੂੰ ਦੌਣ ਵਾਲੇ ਪਾਸੇ ਸਰਕਣਾ ਪੈ ਗਿਆ ਸੀ। ਉਹਨਾਂ ਦਰਮਿਆਨ ਛੋਟੀਆਂ-ਛੋਟੀਆਂ ਗੱਲਾਂ ਚੱਲ ਪਈਆਂ।

"ਸ਼ਾਹ ਜੀ ਤੁਸੀਂ ਦਸਵੀਂ ਕਿਹੜੇ ਸਾਲ 'ਚ ਪਾਸ ਕੀਤੀ ਸੀ ਭਲਾਂ?" ਚਲਦੀਆਂ ਗੱਲਾਂ ਵਿਚ ਬੰਸੀ ਨੇ ਸ਼ੋਕੀ ਦੇ ਚਿਹਰੇ ਨੂੰ ਕਿਸੇ ਨਾਲ ਮਿਲਾਉਣ ਦੀ ਕੋਸ਼ਿਸ਼ ਵਜੋਂ ਸਵਾਲ ਕੀਤਾ ਸੀ।

"ਕੀ ਨਾਂ... ਦਸਮੀ-ਦੁਸਮੀ ਤਾਂ ਆਪਾਂ ਕਿਹੜੀ ਕੀਤੀ ਆ! ਵੈਸੇ ਜਿਹੜੇ ਸਾਲ ਇਲੈਕਸ਼ਨਾਂ ਕੈਂਸਲ ਹੋਈਆਂ ਉਦੋਂ ਮੈਂ ਦਸਮੀ 'ਚ ਹੁੰਦਾ ਸੀ...!" ਗੱਲ ਕਰਦਿਆਂ ਸੇਠ ਦਾ ਅਕਾਰਨ ਹੀ ਹਾਸਾ ਨਿੱਕਲ ਗਿਆ।

"ਕਿਹੜੇ ਸਕੂਲ 'ਚ ...? "

"ਸਕੂਲ ਤਾਂ ਸਾਲ 'ਚ ਤਿੰਨ ਬਦਲ ਗਏ ਸੀ। ਕੀ ਨਾਂ... ਹਰਬੰਸ ਸਿਆਂ।"

ਹਰਬੰਸ ਨੂੰ ਆਪਣੇ ਖਿਆਲਾਂ ਵਾਲਾ ਚਿਹਰਾ ਮਿਲਦਾ ਜਾਪਿਆ। ਉਹ ਬੋਲਿਆ, "ਦਸਵੀਂ ਮੈਂ ਵੀ ਓਸੇ ਸਾਲ ਕੀਤੀ ਆ। ਓਦੋਂ ਇੱਕ ਵਾਰ ਇੱਕ ਸੇਠ ਆਵਦੇ ਗੋਲ-ਮਟੋਲ ਜਿਹੇ ਮੁੰਡੇ ਨੂੰ ਸਾਡੀ ਜਮਾਤ ਵਿਚ ਛੱਡਣ ਆਇਆ ਸੀ। ਉਹ ਮੁੰਡਾ ਦੋ ਕੁ ਦਿਨ ਹੀ ਸਕੂਲ ਆਇਆ। ਹੁਣ ਜਦੋਂ ਦਾ ਮੈਂ ਥੋੜੀ ਦੁਕਾਨ 'ਤੇ ਆਉਣ ਲੱਗਿਆਂ ਤੇ ਪਹਿਲੀ ਵਾਰੀ ਸੋਨੂੰ ਦੇਖਿਆ, ਮੈਨੂੰ ਐਂ ਲਗਦੈ ਜਿਵੇਂ ਉਹ ਤੁਸੀਂ ਹੀ ਸੀ!"

"ਹਾਂ ਮੈਂ ਦੋ-ਤਿੰਨ ਦਿਨ ਓਸ ਸਕੂਲ 'ਚ ਜਾਂਦਾ ਰਿਹਾ ਸੀ। ਉਸ ਮਗਰੋਂ ਤਾਂ ਮੈਂ ਪੜ੍ਹਨੋਂ ਈ ਹਟ ਗਿਆ ਸੀ। ਕੀ ਨਾਂ... ਦਸਮੀ ਤਾਂ ਵਿਚਾਲੇ ਈ ਛੱਡ 'ਤੀ ਸੀ।"

"ਅੱਛਿਆ ਜੀ..!" ਬੰਸੀ ਨੂੰ ਹੈਰਾਨੀ ਹੋਈ," ...ਪਰ ਓਸੇ ਸਾਲ ਮੈਂ ਸਕੂਲ ਚੋਂ ਫਸਟ ਆਇਆ ਸੀ।" ਕਹਿੰਦਿਆਂ ਉਸ ਨੇ ਆਪਣੀ ਗੱਲ ਦਾ ਤੋੜਾ ਝਾੜ ਦਿੱਤਾ।

ਸ਼ੋਕੀ ਨੂੰ ਆਵਦੇ ਉਹ ਦਿਨ ਚੇਤੇ ਆ ਗਏ।

"ਮੇਰੇ ਬਾਰੇ ਤਾਂ ਅੰਕਲ ਸਾਡੇ ਲਾਲੇ ਨੂੰ ਕਹਿੰਦਾ... ਕੀ ਨਾਂ ਵਥੇਰਾ ਕਾਰੋਬਾਰ ਆ। 'ਕੇਰਾਂ ਗੱਦੀ 'ਤੇ ਬੈਠਣ ਲਾ ਲਓ... ਆਪੇ ਤਜ਼ਰਬੇ ਨਾਲ ਨਾਲ ਸਿੱਖੀ ਜਾਊ। ਹੁਣ ਦੇਖਲਾ... ਕੀ ਨਾਂ ਜਿਹੜੀ ਤਕਸੀਮ-ਜ਼ਰਬ ਦਸਵੀਂ ਤਕ ਕੁੱਟ ਪਵਾਈ ਗਈ... ਸਕੂਲੋਂ, ਨਾਲੇ ਘਰੋਂ.. .ਆਪੇ ਸਿੱਖ ਗਏ। ਹੁਣ ਤਾਂ ਸਧਾਰਨ ਵਿਆਜ, ਮਿਸ਼ਰਤ ਵਿਆਜ ਉਂਗਲਾਂ 'ਤੇ ਜੋੜ ਲਈਦਾ... ਕੀ ਨਾਂ ਕੈਲਕੁਲੇਟਰ ਭਾਵੇਂ ਨਾ ਵੀ ਹੋਵੇ।" ਸ਼ੋਕੀ ਨੂੰ ਦਸਵੀਂ ਅੱਧੀ ਰਹਿ ਜਾਣ ਦਾ ਕੋਈ ਝੋਰਾ ਪਛਤਾਵਾ ਨਹੀਂ ਸੀ।

ਝੋਰਾ ਤਾਂ ਬੰਸੀ ਨੂੰ ਲੱਗਿਆ ਸੀ। ਜਦੋਂ ਕਮਜ਼ੋਰ ਆਰਥਿਕਤਾ ਕਾਰਨ ਬਾਪੂ ਨੇ ਦਸਵੀਂ ਬਾਅਦ ਅਗਲੀ ਜਮਾਤ ਲਈ ਦਾਖ਼ਲਾ ਨਹੀਂ ਭਰਿਆ ਸੀ; ਅਖੇ ' ਜੱਟਾਂ ਦੇ ਮੁੰਡਿਆਂ ਨੂੰ ਕੀ ਨੌਕਰੀਆਂ ਧਰੀਆਂ ਪਈਆਂ। ਵਾਹਲਾ ਪੜ੍ਹਕੇ ਤਾਂ ਸਗੋਂ ਖ਼ਰਾਬ ਈ ਹੋਣਾ। ਨਾ ਵਾਹੀ ਜੋਗਰਾ ਰਹਿਣਾ ਨਾ ਕਿਸੇ ਹੋਰ ਪਾਸੇ ਦਾ।"

ਰਾਹਾਂ ਵਿਚ ਭਟਕਾਉਣੇ ਵਾਲੇ ਰਹਿਬਰ ਲੱਭੇ ਸਾਨੂੰ,
ਸਾਨੂੰ ਬੇੜੀ ਡੋਬਣ ਵਾਲੇ ਹੀ ਪਤਵਾਰ ਮਿਲੇ। -ਸੰਤੋਖ ਭੁਲਰ

ਬੰਸੀ ਨੂੰ ਸ਼ੌਕੀ ਨਾਲ ਈਰਖਾ ਹੋਈ ਸੀ। ਸਿਰਫ਼ ਆਪਣੇ ਘਰਾਂ ਦੀ ਆਰਥਿਕਤਾ ਦੇ ਕਾਰਨ ਅੱਜ ਦਸਵੀਂ ਫੇਲ੍ਹ, ਦਸਵੀਂ ਫਸਟ ਵਾਲੇ ਦਾ 'ਸ਼ਾਹ ਜੀ' ਬਣਿਆ ਬੈਠਾ ਸੀ।

"ਹਾਂ ਬਈ, ਚੱਲੀਏ...!" ਮੋਟਰ ਸਾਈਕਲ ਵਾਲੇ ਦੀ ਉਚੀ ਅਵਾਜ਼ ਨਾਲ ਬੰਸੀ ਦੀ ਸੋਚ ਸ਼ੌਕੀ ਦੀ ਆੜ੍ਹਤ ਤੋਂ ਮਜ਼ਦੂਰ ਚੌਂਕ 'ਚ ਮੁੜ ਆਈ। ਉਹ ਦਿਹਾੜੀ ਅਤੇ ਕੰਮ ਦੀ ਗੱਲ ਖੋਲ੍ਹ ਕੇ ਮੋਟਰਸਾਈਕਲ ਮਗਰ ਬੈਠ ਗਿਆ।

"ਨਾਂ ਕੀ ਆ ਤੇਰਾ?" ਸੇਠ ਨੇ ਮੋਟਰਸਾਈਕਲ ਤੋਰਦਿਆਂ ਹੀ ਗੱਲਾਂ ਛੇੜ ਲਈਆਂ।

"ਨਾਂ... ਨਾਂ ਤਾਂ ਜੀ ਹਰਬੰਸ ਸਿੰਘ ਬੋਲਦਾ ਕਾਗਜ਼ਾਂ 'ਤੇ। ਊਂ 'ਬੰਸੀ ਬੰਸੀ' ਹੀ ਕਹਿੰਦੇ ਨੇ ਸਾਰੇ।"

"ਮੈਂ ਬਲਵੰਤ ਸਿੰਘ... ਹੌਲਦਾਰ ਆਂ ਪੁਲਿਸ 'ਚ। ਬਾਪੂ ਫੌਜ਼ 'ਚ ਰਿਹਾ ਪਹਿਲਾਂ।" ਥੋੜ੍ਹਾ ਸਾਹ ਭਰਕੇ ਹੌਲਦਾਰ ਨੇ ਅਗਲੇ ਸਵਾਲ ਦੀ ਗੋਲੀ ਚਲਾ ਦਿੱਤੀ, "ਤੇ ਪਿੰਡ ਕਿਹੜਾ?"

"ਵੱਡੀ ਖਾਰੀ ਆ ਜੀ।"

"ਅੱਛਾ ...ਅੱਛਾ। ਗੁਆਂਢੀ ਆਂ ਫੇਰ ਤਾਂ, ਮੇਰਾ ਛੋਟੀ ਖਾਰੀ ਆ। ਨਾਲੇ ਮੇਰਾ ਸਾਲਾ ਵਿਆਹਿਆ ਹੋਇਆ ਥੋਡੇ ਪਿੰਡ, ਭਗਤਾਂ ਦੇ ਲਾਣੇ 'ਚ।" ਕਾਹਲੀ ਕਾਹਲੀ ਬੋਲਦਾ ਹੌਲਦਾਰ 'ਭਗਤਾਂ ਦੇ ਲਾਣੇ' ਕਹਿ ਤਾਂ ਗਿਆ, ਪਰ ਫਿਰ ਇੱਕ ਦਮ ਚੁੱਪ ਕਰ ਗਿਆ ਜਿਵੇਂ ਕਿਸੇ ਭੇਦ ਤੋਂ ਪਰਦਾ ਚੁੱਕੇ ਜਾਣ ਦਾ ਖਿਆਲ ਆ ਗਿਆ ਹੋਵੇ।

'ਭਗਤਾਂ ਦੇ ਲਾਣੇ' ਦਾ ਨਾਮ ਆਉਂਦਿਆਂ ਹਰਬੰਸ ਸਿੰਘ ਨੂੰ ਕੁਝ ਵੀ ਸੁਣਾਈ ਦੇਣਾ ਬੰਦ ਹੋ ਗਿਆ, ਜਿਵੇਂ ਕਿਸੇ ਨੇ ਪਾਰਾ ਪਿਘਲਾਅ ਕੇ ਕੰਨਾਂ 'ਚ ਪਾ ਦਿੱਤਾ ਹੋਵੇ।

ਬਲਵੰਤ ਸਿੰਘ ਛੋਟੀ ਖਾਰੀ ਤੋਂ ਫੌਜੀ ਬਾਪੂ ਦਾ ਇਕਲੌਤਾ ਪੁੱਤ ਸੀ। ਉਸਦੇ ਦਾਦੇ-ਪੜਦਾਦੇ ਭਾਵੇਂ ਖੇਤ ਮਜ਼ਦੂਰ ਹੀ ਸਨ ਪਰ ਉਸਦਾ ਬਾਪੂ ਫੌਜ਼ ਵਿਚ ਭਰਤੀ ਹੋ ਗਿਆ ਸੀ। ਕਹਿੰਦੇ ਨੇ ਪੰਦਰਾਂ-ਵੀਹ ਸਾਲ ਘਰ-ਪਰਿਵਾਰ ਨਾਲੋਂ ਦੂਰ ਰਹਿ ਕੇ ਫੌਜੀ ਬਨਵਾਸ ਭੋਗਦਾ ਹੈ। ਪਰ ਉਸਦੇ ਬੱਚੇ-ਔਲਾਦ ਉਸੇ ਬਨਵਾਸ ਕਾਰਨ ਮਗਰੋਂ ਸਹੂਲਤਾਂ ਮਾਣਦੇ ਹਨ। ਇਕ ਫੌਜੀ ਦਾ ਆਸ਼ਰਿਤ ਹੋਣ ਦੇ ਕੋਟੇ ਕਾਰਨ ਘੱਟ ਨੰਬਰਾਂ ਦੇ ਬਾਵਜੂਦ ਵੀ ਬਲਵੰਤ ਪੁਲਿਸ ਵਿਭਾਗ ਵਿਚ ਨੌਕਰੀ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ ਸੀ। ਅਤੇ ਹੁਣ ਉਸਨੂੰ ਪਿੰਡ ਵਿਹੜੇ ਵਿਚਲੇ ਆਪਣੇ ਸਕੇ ਸੰਬੰਧੀ ਚੰਗੇ ਲੱਗਣੋਂ ਹਟ ਗਏ ਸੀ। ਇਸੇ ਲਈ ਉਸਨੇ ਮੰਡੀ ਵਿਚ ਇਕ ਪਲਾਟ ਖਰੀਦ ਕੇ ਉਥੇ ਰਹਿਣ ਯੋਗ ਮਕਾਨ ਬਣਾ ਲਿਆ ਸੀ। ਇਥੇ ਉਸਦੇ ਬੱਚੇ ਵੀ ਕਾਨਵੈਂਟ ਸਕੂਲ ਵਿੱਚ ਪੜ੍ਹਦੇ ਸਨ। ਅੱਜ ਇਕ ਨਵੇਂ ਬਣਾਏ ਕਮਰੇ ਵਿਚ ਫਰਸ਼ ਲਾਉਣ ਤੋਂ ਪਹਿਲਾਂ ਮਿੱਟੀ ਕੁੱਟਣ ਲਈ ਬੰਸੀ ਨੂੰ ਦਿਹਾੜੀ 'ਤੇ ਲੈ ਕੇ ਆਇਆ ਸੀ।

'ਬੰਦਾ ਭਗਤਾਂ ਦਾ ਰਿਸ਼ਤੇਦਾਰ ਐ... ਪਰ ਲਗਦਾ ਸੇਠਾਂ ਵਰਗਾ!' ਹਰਬੰਸ ਸਿੰਘ ਨੂੰ ਬੰਦਾ ਪਛਾਨਣ ਦੀ ਆਪਣੀ ਅਕਲ 'ਤੇ ਯਕੀਨ ਨਹੀਂ ਆ ਰਿਹਾ ਸੀ।

'ਬਈ ਜਦੋਂ ਬੰਦਾ ਪੈਸੇ ਕਨੀਓਂ ਸੌਖਾ ਹੋਵੇ, ਉਹਦੀ ਜਾਤ-ਬਰਾਦਰੀ ਦਿਖਾਈ ਦੇਣੋਂ ਹਟ ਜਾਂਦੀ ਆ।' ਉਸ ਨੂੰ ਸੱਥ ਵਿੱਚ ਸੁਣੀ ਇਹ ਗੱਲ ਸੱਚੀ ਲੱਗੀ ਸੀ, ਜਿਸ ਨਾਲ ਉਹ ਪਹਿਲਾਂ ਸਹਿਮਤ ਨਹੀਂ ਹੰਦਾ ਸੀ।

ਬਲਵੰਤ ਨੇ ਆਪਣੇ ਮਕਾਨ ਅੱਗੇ ਜਾ ਕੇ ਮੋਟਰਸਾਈਕਲ ਰੋਕ ਲਿਆ। "ਲੈ ਬੰਸੀ ਇਹ ਕਮਰਾ... ਭਰਤ ਹੁਣੇ ਪਈ ਆ। ਤੂੰ ਦੁਰਮਟ ਲਾਉਣਾ ਇਹਦੇ 'ਚ। ਆਹ ਪਿਆ ਦੁਰਮਟ ਤੇ ਬੱਸ ਸ਼ੁਰੂ ਹੋ ਜਾ। ਮੈਂ ਲਿਆਉਣਾ ਚਾਹ ਤੇਰੇ ਵਾਸਤੇ...।"

"ਠੀਕ ਆ।" ਹਰਬੰਸ ਤੋਂ 'ਜੀ' ਨਾ ਬੋਲਿਆ ਗਿਆ।

"ਹਾਂ ਸੱਚ, ਜੇ ਕੋਈ ਨਸ਼ਾ-ਪੱਤਾ ਲੈਣਾ... ਹੈਗਾ ਆਪਣੇ ਕੋਲ ਸਭ ਕੁਸ਼... ਵਾਧੂ ਮਿਲ ਜਾਂਦਾ ਆਪਾਂ ਨੂੰ।" ਜਾਂਦਾ-ਜਾਂਦਾ ਹੌਲਦਾਰ ਫੇਰ ਮੁੜ ਆਇਆ ਜਿਵੇਂ ਕੋਈ ਬਹੁਤਾ ਜ਼ਰੂਰੀ ਕੰਮ ਤਾਂ ਭੁੱਲ ਹੀ ਗਿਆ ਹੋਵੇ।

"ਨਾਂ ਬੱਸ ...ਬਚੇ ਹੋਏ ਆਂ ਅਜੇ ਤੱਕ ਤਾਂ।"

'ਅੱਜ ਤਾਂ ਮੁਫ਼ਤ ਦਾ ਖਾ ਲਵਾਂਗੇ ਫੇਰ ਕੱਲ-ਪਰਸੋਂ ਨੂੰ ਕੌਣ ਦੇਊ' ਸੋਚਦਿਆਂ ਬੰਸੀ ਨੇ ਜਵਾਬ ਦੇ ਦਿੱਤਾ।

ਬੰਸੀ ਅੱਜ ਕੋਈ ਪਹਿਲੀ ਵਾਰ ਦਿਹਾੜੀ 'ਤੇ ਨਹੀਂ ਆਇਆ ਸੀ। ਕਬੀਲਦਾਰੀ ਦਾ ਗੱਡਾ ਰੁੜ੍ਹਦਾ ਰੱਖਣ ਲਈ ਉਹ ਪਿਛਲੇ ਕਾਫ਼ੀ ਸਮੇਂ ਤੋਂ ਦਿਹਾੜੀ ਕਰਨ ਲੱਗ ਗਿਆ ਸੀ। ਹੋਰ ਕੋਈ ਚਾਰਾ ਹੈ ਵੀ ਨਹੀਂ ਸੀ। ਘਰ ਦੇ ਦੋ-ਢਾਈ ਕਿੱਲੇ ਖੇਤ ਵਿਚੋਂ ਗੁਜ਼ਾਰੇ ਜੋਗੀ ਕਣਕ-ਤੂੜੀ ਤਾਂ ਘਰ ਦੀ ਹੋ ਜਾਂਦੀ ਸੀ। ਪਰ ਰੋਜ਼ਾਨਾ ਦੇ ਨਿੱਕ-ਸੁੱਕ ਖਰਚਿਆਂ ਅਤੇ ਮੁੰਡੇ ਦੀ ਪੜ੍ਹਾਈ ਦੀ ਫੀਸ ਵਾਸਤੇ ਉਸਨੂੰ ਇਹ ਅੱਕ ਚੱਬਣਾ ਪਿਆ ਸੀ।

"ਸਾਲ ਦੋ ਸਾਲ ਔਖਿਆਈ ਆ, ਦਸਵੀਂ ਮਗਰੋਂ ਤਾਂ ਦੀਪ ਕੋਈ ਭਰਤੀ ਭੁਰਤੀ ਦੇਖਦਾ ਹੋਊ। ਨਾਲੇ ਆਪਾਂ ਕਿਹੜਾ ਰੱਬ ਦੇ ਮਾਂਹ ਮਾਰੇ ਆ... ਬੀ ਸਾਰੀ ਉਮਰ ਐਂ ਈ ਨਿਕਲੂ।" ਇੱਕ ਦਿਨ ਚਲਦੀਆਂ ਗੱਲਾਂ 'ਚ ਬੰਸੀ ਦੀ ਘਰਵਾਲੀ ਉਹਨੂੰ ਹੌਂਸਲਾ ਦੇ ਰਹੀ ਸੀ।

ਤੇ ਕੋਲ ਦੀ ਲੰਘਦੇ ਦੀਪ ਦੀ ਡੀਲ-ਡੌਲ ਦੇਖ ਕੇ ਬੰਸੀ ਨੂੰ ਆਪਣੇ ਪੁੱਤ 'ਤੇ ਰਸ਼ਕ ਆਇਆ ਸੀ।

ਬੰਸੀ ਨੇ ਦੁਰਮਟ ਫੜ੍ਹ ਲਿਆ। ਹੌਲੀ-ਹੌਲੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕੰਮ ਕਰਦਿਆਂ ਉਸਨੂੰ ਘੁਟਣ ਮਹਿਸੂਸ ਹੋ ਰਹੀ ਸੀ ਤੇ ਕੰਮ ਕਰਨ ਵਿਚ ਉਸਦਾ ਮਨ ਲੱਗ ਨਹੀਂ ਰਿਹਾ ਸੀ। ਅੰਦਰਲਾ ਜੱਟ 'ਹਰਬੰਸ ਸਿੰਘ' ਡੰਡ ਬੈਠਕਾਂ ਮਾਰਦਾ ਉਸ ਨਾਲ ਦਸਤਪੰਜਾ ਲੈਣ ਲੱਗ ਪਿਆ; 'ਜੱਟ ਵਿਹੜੇ ਵਾਲਿਆਂ ਦੇ ਦਿਹਾੜੀ ਕਿਵੇਂ ਕਰ ਸਕਦੈ...' ਚਲਦਾ ਦੁਰਮਟ ਪਹਿਲਾਂ ਨਾਲੋਂ ਵੀ ਹੌਲੀ ਹੋ ਗਿਆ, '...ਭਗਤ ਤਾਂ ਸਾਡੇ ਵੱਡੇ ਵਡੇਰਿਆਂ ਨਾਲ ਸੀਰੀ ਰਲਦੇ ਰਹੇ ਨੇ। ਇਹ ਓਹਨਾਂ ਦਾ ਰਿਸ਼ਤੇਦਾਰ ਆ... ਜਾਤ ਵੀ ਓਹੀ ਹੋਊ... ਇਹ ਕਿਵੇਂ ਹੋ ਸਕਦਾ ਅੱਜ ਤੂੰ ਇਹਨਾਂ ਦੇ ਅਧੀਨ ਕੰਮ ਕਰੇਂ? ਨਾ ਨਾ ਇਹ ਨੀਂ ਹੋ ਸਕਦਾ।' ਹਰਬੰਸ ਸਿੰਘ ਨੇ ਬੰਸੀ ਦੀ ਲੱਤ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ।

ਹੌਲਦਾਰ ਚਾਹ ਲੈ ਆਇਆ। ਥਰਮੋਸ ਨੂੰ ਗਲਾਸ ਵਿੱਚ ਟੇਢੀ ਕਰਦਾ ਬੋਲਿਆ, "ਕਿੰਨੀ ਕੁ ਪਾ ਦਿਆਂ?"

ਬੰਸੀ ਬਿਨਾਂ ਕੁਝ ਬੋਲਿਆਂ ਉਸ ਵੱਲ ਇੱਕ-ਟੱਕ ਝਾਕੀ ਗਿਆ। 'ਦੀਪ ਵੀ ਜਦੋਂ ਭਰਤੀ ਹੋ ਗਿਆ ਏਨਾ ਈ ਕੱਦ ਕਾਠ ਕੱਢ ਜੂ।" ਉਸ ਨੇ ਆਪਣੇ ਆਪ ਨੂੰ ਕਿਹਾ।

ਹੌਲਦਾਰ ਗਲਾਸ ਨੂੰ ਕਿਨਾਰਿਆਂ ਤੱਕ ਭਰਕੇ ਚਲਾ ਗਿਆ।

ਬੰਸੀ ਨੂੰ ਲੱਗਿਆ ਕਿ ਉਹ ਦੁਰਮਟ ਰੱਖ ਦੇਵੇ ਤੇ ਬਿਨਾਂ

ਮੈਂ ਬੁਰਾ ਸੀ ਨ੍ਹਾ ਕੇ ਚੰਗਾ ਹੋ ਗਿਆ।
ਅੱਜ ਕਿਸੇ ਦਾ ਜਿਸਮ 'ਗੰਗਾ' ਹੋ ਗਿਆ। -ਚਮਨਦੀਪ ਦਿਓਲ

ਚਾਹ ਪੀਤਿਆਂ ਇਥੋਂ ਚਲਾ ਜਾਵੇ। ਪਰ ਫੇਰ ਉਸਦੀ ਸੋਚ ਘਰ ਵੱਲ ਮੋੜਾ ਖਾ ਗਈ।

'ਘਰੇ ਲੂਣ-ਤੇਲ ਮੁਕਿਆ ਪਿਆ... ਦੋ ਡੰਗਾਂ ਦਾ ਪੱਤੀ-ਮਿੱਠਾ ਵੀ ਹੈ ਨੀਂ। ਦਿਹਾੜੀ ਮਿਲੇ ਚਾਹੇ ਨਾ ਪਰ ਇਹਨਾਂ ਚੀਜਾਂ ਬਿਨਾਂ ਨੀਂ ਸਰਨਾ ਆਥਣੇ। ਸੌ ਆਏ-ਗਏ ਦਾ ਘਰ ਆ।' ਸਵੇਰੇ ਘਰੋਂ ਤਰਨ ਲੱਗਿਆਂ ਪਿਛੋਂ ਆਈ ਪਤਨੀ ਦੀ ਅਵਾਜ਼ - ਜਿਵੇਂ ਉਸਨੂੰ ਦੁਬਾਰਾ ਸੁਣਾਈ ਦਿੱਤੀ ਸੀ। ਬੰਸੀ ਨੇ ਲੱਤ ਵੱਲ ਆਉਂਦਾ ਹਰਬੰਸ ਸਿੰਘ ਦਾ ਹੱਥ ਝਟਕ ਦਿੱਤਾ। "ਗੁਆਂਢ ਤਾਂ ਨੀਂ ਮਰਿਆ... ਦੋ ਡੰਗਾਂ ਦਾ 'ਧਾਰਾ ਲੈ ਲਵਾਂਗੇ।" ਹਰਬੰਸ ਸਿੰਘ ਹਾਲੇ ਅੜਿਆ ਹੋਇਆ ਸੀ।

" 'ਧਾਰਾਂ ਤਾਂ ਪਹਿਲਾਂ ਵਾਲੀਆਂ ਈ ਮੋੜ ਲੈ...ਓਹੀ ਬਹੁਤ ਆ। ਨਾਲੇ ਜੇ ਅੱਜ ਦਿਹਾੜੀ ਛੱਡ 'ਤੀ... ਕੀ ਪਤਾ ਕੱਲ੍ਹ ਨੂੰ ਕੰਮ ਮਿਲੇ ਨਾ ਮਿਲੇ। ਕਿੰਨਾ ਮੰਦਾ ਚਲਦਾ... ਅੱਜ ਵੀ ਚਾਰ ਦਿਨਾਂ ਬਾਦ ਦਿਨ ਮਿਲਿਆ।" ਬੰਸੀ ਨੇ ਹਰਬੰਸ ਸਿੰਘ ਨੂੰ ਸੁੱਟਣ ਦਾ ਦਾਅ ਖੇਡਿਆ।

ਹਰਬੰਸ ਸਿੰਘ ਕੁਝ ਥਿੜਕਿਆ ਪਰ ਉਹ ਹਾਰਨ ਵਾਲਾ ਨਹੀਂ ਸੀ, "ਇਹਨਾਂ ਥੱਲੇ ਕੰਮ ਕਰਨ ਨਾਲੋਂ ਤਾਂ ਭੁੱਖੇ ਮਰਨਾ ਚੰਗੈ...!"

"ਤੇ ਫੇਰ ਮਰੀ ਤਾਂ ਜੱਟ ਜਾਂਦੇ ਈ ਆ... ਵਿੱਚੇ ਤੂੰ ਸਹੀ। ਪਰ ਅਸਲ ਗੱਲ ਤਾਂ ਜਿਉਣ ਦੀ ਆ, ਹਰਬੰਸ ਸਿਆਂ।"

ਇਸ ਦਾਅ ਨਾਲ ਇਕ ਵਾਰ ਤਾਂ ਹਰਬੰਸ ਸਿੰਘ ਹਿੱਲ ਗਿਆ ਪਰ ਉਸਨੇ ਓਹੀ ਦਾਅ ਦੁਬਾਰਾ ਖੇਡਿਆ, "ਨਾ ਜੱਟ ਕਿਤੇ ਧੋਤਿਆਂ ਲਹਿਣ ਵਾਲੀ ਗੱਲ ਤਾਂ ਨੀਂ... ਹਾਂ ਤਾਂ ਜੱਟ ਈ। ਜ਼ਰੂਰੀ ਤਾਂ ਨੀਂ ਏਥੇ ਈ ਕੰਮ ਕਰੇਂ!... ਕਿਤੇ ਹੋਰ ਮਿਲਜੂ।"

ਲਗਾਤਾਰ ਦੂਜੀ ਵਾਰ ਪਏ ਦਾਅ ਨਾਲ ਬੰਸੀ ਢਿੱਲਾ ਪੈ ਗਿਆ। ਉਹ ਦੁਰਮਟ ਨੂੰ ਕੰਧ ਨਾਲ ਖੜ੍ਹਾਉਣ ਜਾਂ ਕੰਮ ਜਾਰੀ ਰੱਖਣ ਬਾਰੇ ਦੁਚਿੱਤੀ ਵਿੱਚ ਪੈ ਗਿਆ।

ਗਲਾਸ ਵਿਚ ਪਈ ਚਾਹ ਠੰਡੀ ਹੋ ਰਹੀ ਸੀ।

ਦੁਚਿੱਤੀ ਵਿੱਚ ਪਿਆਂ ਉਸਦੀ ਹਾਲਤ ਸੱਪ ਦੇ ਮੂੰਹ 'ਚ ਕੋਹੜ-ਕਿਰਲੀ ਵਾਲੀ ਹੋ ਗਈ- ਖਾਏ ਤਾਂ ਕੋਹੜੀ ਛੱਡੇ ਤਾਂ ਕਲੰਕੀ!

'ਦੁਚਿੱਤੀ 'ਚ ਪਿਆ ਬੰਦਾ ਕਿਸੇ ਪਾਸੇ ਦਾ ਨੀਂ ਰਹਿੰਦਾ, ਜੋ ਵੀ ਹੋਵੇ ਫੈਸਲਾ ਤਾਂ ਛੇਤੀ ਕਰ ਲਈਏ।' ਸੱਥ 'ਚ ਸੁਣੀ ਗੱਲ ਬੰਸੀ ਦੇ ਅੱਗੇ ਆ ਗਈ।

'ਭਾਪਾ ਜੇ ਸਕੂਲ ਦੀ ਫ਼ੀਸ ਨਾ ਭਰੀ ਤਾਂ ਇੰਚਾਰਜ਼ ਕਹਿੰਦਾ, 'ਦੋ ਦਿਨਾਂ ਬਾਦ ਨਾਂ ਕੱਟਿਆ ਜਾਊ।' ਕੱਲ ਸਵੇਰੇ ਸਕੂਲ ਵੱਲ ਜਾਂਦੇ ਮੁੰਡੇ ਦੇ ਕਹੇ ਬੋਲ ਚੇਤੇ ਆਉਂਦਿਆਂ ਹੀ ਬੰਸੀ ਨੇ ਹਰਬੰਸ ਸਿੰਘ ਨੂੰ ਧੋਬੀਪਟਕਾ ਮਾਰਿਆ... ਤੇ ਢਿੱਲੇ ਪੈ ਰਹੇ ਹੱਥ ਕਰੜੇ ਕਰਕੇ ਦੁਰਮਟ ਨੂੰ ਦੁਬਾਰਾ ਸਾਂਭ ਲਿਆ।

"ਬੰਸੀ, ਮੈਂ ਜ਼ਰਾ ਬਜ਼ਾਰ ਜਾ ਕੇ ਆਉਣਾਂ। ਸੱਟ ਕਰੜੇ ਹੱਥਾਂ ਨਾਲ ਲਾਈਂ... ਕਿਤੇ ਮਗਰੋਂ ਫਰਸ਼ ਬੈਠੀ ਈ ਨਾ ਜਾਵੇ।" ਹੌਲਦਾਰ ਬਲਵੰਤ ਸਿੰਘ ਉਂਗਲ 'ਤੇ ਮੋਟਰਸਾਈਕਲ ਦੀ ਚਾਬੀ ਘੁਮਾਉਂਦਾ ਉਸਦੇ ਕੋਲ ਦੀ ਲੰਘ ਗਿਆ।

ਹਰਬੰਸ ਸਿੰਘ ਨੂੰ ਸੁੱਟੀ ਬੈਠਾ ਬੰਸੀ ਜੋਸ਼ ਨਾਲ ਬੋਲਿਆ, " ਕੋਈ ਨੀਂ ਜੀ, ਤੁਸੀ ਵੀ ਯਾਦ ਰੱਖੋਂਗੇ ਕਿ ਦੁਰਮਟ ਕਿਸੇ... ਨੇ ਲਾਇਆ ਸੀ।" ਤੇ ਉਸਨੇ ਠੰਡੀ ਹੋ ਚੁੱਕੀ ਚਾਹ ਦਾ ਗਲਾਸ ਚੱਕ ਕੇ ਮੂੰਹ ਨੂੰ ਲਾ ਲਿਆ।ਵ

ਕਹਾਣੀ

# ਭੰਬੀਰੀ

## ਡਾਕਟਰ ਅਜੀਤ ਸਿੰਘ ਕੋਟਕਪੂਰਾ



ਡਾ.ਅਜੀਤ ਸਿੰਘ ਕੋਟਕਪੂਰਾ

ਕੀਤੂ ਇਸ ਘਰ ਦਾ ਪੁਰਾਣਾ ਸੀਰੀ ਸੀ। ਪਹਿਲਾਂ ਇਸ ਦਾ ਪਿਓ ਮੋਹਣਾ, ਕਰਮ ਸਿੰਘ ਦਾ ਸੀਰੀ ਹੁੰਦਾ ਸੀ। ਕਰਮ ਸਿੰਘ, ਜਿਹੜਾ ਸ਼ਹਿਤੂਤ ਥੱਲੇ ਅਲਾਣੀ ਮੰਜੀ ਤੇ ਬੈਠਾ ਸੀ, ਨੇ ਕੀਤੂ ਨੂੰ ਆਵਾਜ਼ ਮਾਰ ਕੇ ਆਖਿਆ ਕਿ ਤੂੜੀ ਵਾਲੇ ਕੋਠੇ 'ਚੋਂ ਘਰ ਦੀ ਕੱਢੀ ਦਾਰੂ ਦੀ ਬੋਤਲ, ਗਿਲਾਸ ਤੇ ਜੱਗ ਪਾਣੀ ਦਾ ਲੈ ਕੇ ਆ। ਹੁਕਮ ਦੀ ਤਾਮੀਲ ਕਰਦਾ ਹੋਇਆ ਕੀਤੂ ਝੱਟ ਆ ਹਾਜ਼ਰ ਹੋਇਆ। ਕੀਤੂ ਕੰਮ ਦਾ ਛੋਹਲਾ ਸੀ। ਕੋਈ ਕੰਮ ਆਖੋ ਝੱਟ ਕਰ ਦਿਆ ਕਰਦਾ ਸੀ। ਕੀਤੂ ਵਿਚ ਜਾਨ ਸੀ ਤੇ ਕਦੇ ਉਸ ਨੇ ਕੰਮ ਪਿਛੇ ਹੱਟ-ਕੁਤਿਆ ਵੀ ਨਹੀਂ ਅਖਵਾਈ ਸੀ। ਉਧਰ ਅੱਜ ਕਰਮ ਸਿੰਘ ਬਹੁਤ ਹੀ ਖੁਸ਼ ਸੀ ਕਿਓਂ ਜੋ ਲਗਭਗ 10 ਸਾਲ ਪਿੱਛੋਂ ਰੱਬ ਨੇ ਸੁਣੀ ਸੀ। ਵਾਹਿਗੁਰੂ ਨੇ ਉਸ ਦੇ ਘਰ ਪੋਤਰੇ ਦੀ ਦਾਤ ਬਖਸ਼ੀ ਸੀ। ਉਹ ਅੱਜ ਪੂਰਾ ਹੀ ਖੁਸ਼ ਪੈਗ ਤੇ ਪੈਗ ਚੜਾ ਰਿਹਾ ਸੀ। ਉਸ ਨੇ ਕੀਤੂ ਨੂੰ ਵੀ ਦੋ ਪੈਗ ਉਸ ਦੇ ਵੱਖਰੇ ਗਿਲਾਸ ਵਿਚ ਲਵਾ ਦਿਤੇ ਸਨ। ਉਹ ਇਨੇ ਨਾਲ ਹੀ ਭੰਬੀਰੀ ਬਣ ਗਿਆ ਸੀ ਤੇ ਰਸੋਈ ਵਿਚੋਂ ਮੀਟ ਦਾ ਕੌਲਾ ਭਰ ਲਿਆਇਆ ਸੀ ਤੇ ਸਰਦਾਰ ਅੱਗੇ ਰੱਖ ਦਿੱਤਾ ਸੀ ਨਾਲ ਹੀ ਉਹ ਆਪਣੇ ਲਈ ਇਕ ਖਾਲੀ ਕੌਲ ਲੈ ਆਇਆ ਸੀ। ਕਰਮ ਸਿੰਘ ਨੇ ਉਸ ਨੂੰ ਕੁਝ ਸੰਖੀਆਂ ਤੇ ਤਰੀ ਪਾ ਦਿਤੀ ਸੀ। ਦੋਵੇਂ ਖੁਸ਼ੀ ਮੰਨਾ ਰਹੇ ਸੀ ਕਿ ਉਧਰੋਂ ਉਸ ਦਾ ਨਾਮਾ ਪੁੱਤ ਖੇਤੋਂ ਮੁੜ ਆਇਆ ਸੀ। ਨਾਮੇ ਦਾ ਪੂਰਾ ਨਾਂ ਗੁਰਨਾਮ ਸੀ। ਉਹ ਤਾਂ ਪੂਰਾ ਭਗਤ ਬੰਦਾ ਸੀ ਸਵੇਰੇ ਸਾਂਝਰੇ ਹੀ ਖੇਤ ਚਲਾ ਜਾਂਦਾ ਸੀ। ਕੰਮ ਵਿਚ ਜੁਟ ਜਾਇਆ ਕਰਦਾ ਸੀ ਅਤੇ ਸ਼ਾਮ ਨੂੰ ਘਰ ਮੁੜਿਆ ਕਰਦਾ ਸੀ। ਨਾਮਾ ਤਾਂ ਸੱਚੀ-ਮੁੱਚੀ ਰੱਬ ਦਾ ਭਗਤ ਸੀ। ਕਿਸੇ ਨਾਲ ਵੀ ਵੱਧਵੀਂ-ਘੱਟਵੀਂ ਗੱਲ ਨਹੀਂ ਕਰਦਾ ਸੀ। ਉਸ ਵਿਚ ਤੇ ਕਰਮ ਸਿੰਘ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਕਰਮ ਸਿੰਘ ਉਤਰ ਸੀ ਤਾਂ ਨਾਮਾ ਦੱਖਣ ਸੀ। ਲੋਕਾਂ ਵਿਚ ਤਾਂ ਇਹ ਵੀ ਚਰਚਾ ਸੀ ਕਿ ਕਰਮ ਸਿੰਘ ਛੁਟ ਭਲਾਈਓਂ ਸਾਰੇ ਕੰਮ ਹੀ ਕਰਦਾ ਸੀ। ਕਰਮ ਸਿੰਘ ਨੇ ਨਾਮੇ ਨੂੰ ਆਵਾਜ਼ ਦਿਤੀ ਕਿ ਆ ਜਾ ਤੂੰ ਵੀ ਮੂੰਹ ਝੂਠਾ ਕਰ ਲੈ। ਭਾਵੇਂ ਉਸ ਨੂੰ ਪਤਾ ਸੀ ਕਿ ਨਾਮਾ ਦਾਰੂ ਨੂੰ ਹੱਥ ਨਹੀਂ ਲਾਉਂਦਾ ਫਿਰ ਵੀ ਉਸ ਨੇ ਸੁਲਾਹ ਮਾਰ ਦਿਤੀ ਸੀ ਕਿ ਉਹ ਵੀ ਖੁਸ਼ੀ ਮੰਨਾ ਲਵੇ। ਉਸ ਨੂੰ ਦੂਰੋਂ ਹੀ ਨਾਂਹ ਕਰ ਦਿਤੀ ਅਤੇ ਬੇਬੇ ਕੋਲ ਰੋਟੀ ਖਾਣ ਬੈਠ ਗਿਆ। ਰੋਟੀ ਖਾ ਉਹ ਚੁਬਾਰੇ ਜਾ ਕੇ ਸੌਂ ਗਿਆ। ਉਧਰ ਕਰਮ

ਕੁਝ ਬੇਵਫ਼ਾ ਸਨ ਸਖ਼ਸ਼ ਕਰਦੇ ਮਿਹਰਬਾਨੀਆਂ।
ਤਾਂ ਹੀ ਅਸੀਂ ਵੀ ਕਰ ਗਏ ਸਾਂ ਕੁਝ ਨਾਦਾਨੀਆ। (ਅਗਲੇ ਸਫ਼ੇ 'ਤੇ)

ਸਿੰਘ ਪੂਰਾ ਨਸ਼ੇ ਵਿਚ ਟਲੀ ਹੋ ਛੱਤ ਤੇ ਚੜ ਲਲਕਾਰੇ ਮਾਰਨ ਲੱਗ ਪਿਆ ਅਤੇ ਦੋ ਫਾਇਰ ਵੀ ਕਰ ਦਿਤੇ। ਜਦੋਂ ਉਹ ਲਲਕਾਰੇ ਮਾਰਨ ਤੋਂ ਨਾ ਹੀ ਹਟਿਆ ਤਾਂ ਉਸਦੇ ਘਰੋਂ ਨਿਮੋਂ, ਪੂਰਾ ਨਾਂ ਤਾਂ ਉਸ ਦਾ ਨਿਰਮਲ ਕੌਰ ਸੀ, ਬੋਲੀ ਜਾਵੇ ਕੀਤੂਆ ਉਹਨੂੰ ਲਾਹ ਕੇ ਲੈ ਲਿਆ ਵੇ, ਕਿਵੇਂ ਪਿੰਡ ਨੂੰ ਸਿਰ ਤੇ ਚੁੱਕਿਆ ਹੋਇਆ। ਕੀਤੂ ਉਸ ਨੂੰ ਥੱਲੇ ਲੈ ਆਇਆ ਅਤੇ ਮੰਜੇ ਤੇ ਪਾ ਦਿਤਾ। ਮੰਜੇ ਤੇ ਡਿਗਦੇ ਸਾਰ ਹੀ ਉਹ ਸੌਂ ਗਿਆ।

ਅਗਲੇ ਦਿਨ ਗੁਰਦਵਾਰੇ ਜਾ ਕੇ ਆਏ ਹੁਕਮਨਾਮੇ ਵਿਚ ਆਏ 'ਸ' (ਸਸੇ ) ਅੱਖਰ ਤੋਂ ਬਚੇ ਦਾ ਨਾਮ ਸੁਰਜੀਤ ਸਿੰਘ ਰੱਖ ਲਿਆ ਗਿਆ। ਹੌਲੀ ਹੌਲੀ ਸੁਰਜੀਤ ਵੱਡਾ ਹੋਣ ਲੱਗਾ ਅਤੇ ਵੇਹੜੇ ਅੰਦਰ ਖੇਡਣ ਲੱਗ ਪਿਆ। ਸਾਰਾ ਦਿਨ ਉਹ ਕੀਤੂ ਦੇ ਮੁੰਡੇ ਦੇ ਅਗੜ-ਪਿੱਛੜ ਹੀ ਰਹਿੰਦਾ ਤੇ ਉਸ ਦਾ ਮੋਹ ਕਰਨ ਲੱਗਾ। ਕੀਤੂ ਦੇ ਮੁੰਡੇ ਦਾ ਨਾਂ ਭਾਵੇਂ ਹਰਪਾਲ ਸੀ ਪਰੰਤੂ ਉਸ ਨੂੰ ਸਾਰੇ ਪਾਲਾ ਹੀ ਆਖਦੇ ਸਨ। ਸੁਰਜੀਤ ਜਿਸ ਨੂੰ ਅਕਸਰ ਪਿਆਰ ਨਾਲ ਸੀਤਾ ਆਖਦੇ ਸਨ। ਪਾਲੇ ਦੀ ਉਮਰ ਸੁਰਜੀਤ ਨਾਲੋਂ ਲਗਭਗ ਛੇ ਸਾਲ ਵਧੇਰੇ ਵੀ ਸੀ। ਕਰਮ ਸਿੰਘ ਨੂੰ ਇਹ ਗੱਲ ਬਿਲਕੁਲ ਹੀ ਚੰਗੀ ਨਹੀਂ ਲਗਦੀ ਜਦੋਂ ਉਹ ਸੀਤੇ ਨੂੰ ਪਾਲੇ ਦੇ ਨਾਲ ਖੇਡਦਿਆਂ ਦੇਖਦਾ ਸੀ। ਪਰੰਤੂ ਸੀਤੇ ਨੂੰ ਤਾਂ ਰਾਤ ਨੂੰ ਵੀ ਆਪਣੇ ਘਰ ਨਹੀਂ ਜਾਣ ਦਿੰਦਾ ਸੀ। ਕਰਮ ਸਿੰਘ ਨੇ ਕੀਤੂ ਦੇ ਘਰ ਵਾਲੀ ਨੂੰ ਆਖਿਆ ਸੀ ਕਿ ਤੂੰ ਪਾਲੇ ਨੂੰ ਘਰ ਛੱਡ ਆਇਆ ਕਰ, ਪਰ ਉਹ ਕਹਿੰਦੀ ਇਸ ਨੂੰ ਮੈਂ ਕਿਸ ਕੋਲ ਛੱਡ ਕੇ ਆਵਾਂ ਮੈਂ ਅਤੇ ਕੀਤੂ ਸਾਰਾ ਦਿਨ ਇਥੇ ਹੀ ਰਹਿੰਦੇ ਹਾਂ। ਇਹ ਸੁਣ ਕਰਮ ਸਿੰਘ ਮੂੰਹ ਅੰਦਰ ਕੁਝ ਨਾ ਕੁਝ ਬੁੜਬੁੜਾਉਂਦਾ ਰਹਿੰਦਾ। 'ਕੰਮੀਆਂ ਦਾ ਮੁੰਡਾ ਕਿਵੇਂ ਸਰਦਾਰਾਂ ਦੇ ਮੁੰਡੇ ਨਾਲ ਖੇਡਣ ਲੱਗਿਆ।' ਪਾਲੇ ਦੀ ਮਾਂ ਨੂੰ ਕੀਤੂ, ਉਸ ਦੇ ਘਰ ਵਾਲੇ ਦੇ ਦੁਰਘਟਨਾ ਵਿਚ ਮਰ ਜਾਣ ਕਾਰਨ, ਆਪਣੇ ਘਰ ਲੈ ਆਇਆ ਸੀ। ਇਸ ਗੱਲ ਦਾ ਕਿਸੇ ਨੂੰ ਵੀ ਇਲਮ ਨਹੀਂ ਸੀ ਕਿ ਕੀਤੂ ਉਸ ਨੂੰ ਕੱਢ ਕੇ ਲਿਆਇਆ ਸੀ ਜਾਂ ਖਰੀਦ ਕੇ ਲਿਆਇਆ ਸੀ। ਪਰ ਹੁਣ ਉਹ ਕੀਤੂ ਦੀ ਪਤਨੀ ਬਣ ਕੇ ਰਹਿ ਰਹੀ ਸੀ। ਦੋਵੇਂ ਖੇਡਦੇ ਖੇਡਦੇ ਵੱਡੇ ਹੋ ਰਹੇ ਸੀ। ਕਰਮ ਸਿੰਘ ਹੁਣ ਸੀਤੇ ਨੂੰ ਸਕੂਲ ਵਿਚ ਭਰਤੀ ਕਰਵਾਉਣ ਦੀ ਇੱਛਾ ਰੱਖਦਾ ਸੀ। ਪਰ ਸੀਤਾ ਸਕੂਲ ਵਲ ਮੂੰਹ ਨਹੀਂ ਕਰਦਾ ਸੀ। ਇੱਕ ਦਿਨ ਮਲੋ-ਮਲੀ ਸਕੂਲ ਛੱਡ ਆਇਆ, ਪਰ ਉਸ ਨੇ ਲਿਟ-ਲਿਟ ਕੇ ਬੁਰਾ ਹਾਲ ਕਰ ਲਿਆ ਤਾਂ ਅਧਿਆਪਕ ਨੇ ਉਸ ਨੂੰ ਘਰੇ ਭੇਜ ਦਿਤਾ ਸੀ। ਸਕੂਲ ਜਾਣ ਵੇਲੇ ਰਿਹਾੜ ਕਰਨੀ ਉਸ ਦਾ ਰੋਜ਼ ਦਾ ਕੰਮ ਹੋ ਗਿਆ ਸੀ। ਪਰੰਤੂ ਕਰਮ ਸਿੰਘ ਨੂੰ ਇਸ ਦਾ ਬਹੁਤ ਫ਼ਿਕਰ ਸੀ ਕਿ ਲੋਕ ਕੀ ਕਹਿਣਗੇ। ਉਹ ਇਨ੍ਹਾਂ ਸੋਚਾਂ ਵਿਚ ਸੀ ਕਿ ਕਿਵੇਂ ਇਸ ਨੂੰ ਸਕੂਲ ਭੇਜਿਆ ਜਾਵੇ। ਉਸ ਨੇ ਨਾਮੇ ਦੀ ਬੀਬੀ ਨਿਰਮਲ ਨੂੰ ਪੁੱਛਿਆ ਕਿ ਕੀ ਕੀਤਾ ਜਾਵੇ? ਜੋ ਸੀਤਾ ਸਕੂਲ ਜਾਣ ਲੱਗ ਜਾਵੇ ਤੇ ਚਾਰ-ਅੱਖਰ ਇਸ ਦੇ ਢਿੱਡ ਵਿਚ ਪੈ ਜਾਣ। ਉਹ ਤਾਂ ਕੁਝ ਨਾ ਬੋਲੀ ਪਰ ਸੀਤੇ ਦੀ ਮਾਂ ਬੋਲੀ ਪਿਤਾ ਜੀ ਮੈਂ ਕੁਝ ਆਖਾਂ। ਕਰਮ ਸਿੰਘ ਬੋਲਿਆ, "ਤੂੰ ਵੀ ਦਸ ਲੈ। ਮੈਂ ਤਾਂ ਹਾਰ ਮੰਨ ਰਿਹਾ ਹਾਂ।" ਉਹ ਆਪਣਾ ਘੁੰਡ ਥੋੜ੍ਹਾ ਨੀਵਾਂ ਕਰ ਕੇ ਬੋਲੀ,

"ਪਾਲੇ ਨੂੰ ਵੀ ਸਕੂਲ ਭੇਜ ਦਿਓ, ਸੀਤਾ ਵੀ ਚਲਾ ਜਾਵੇਗਾ।" ਗੱਲ ਕਰਮ ਸਿੰਘ ਨੂੰ ਜੱਚ ਗਈ। ਅਗਲੇ ਦਿਨ ਉਹ ਦੋਵਾਂ ਨੂੰ ਸਕੂਲ ਲੈ ਗਿਆ। ਸੀਤਾ ਖੁਸ਼ ਸੀ। ਕਰਮ ਸਿੰਘ ਦੋਵਾਂ ਨੂੰ ਦਾਖਲ ਕਰਵਾ ਆਇਆ। ਹੁਣ ਦੋਵੇਂ ਚਾਈਂ-ਚਾਈਂ ਸਕੂਲ ਜਾਂਦੇ ਘਰ ਆ ਕੇ ਇਕੱਠੇ ਖੇਡਦੇ। ਖੁਸ਼ ਰਹਿੰਦੇ। ਪਾਲੇ ਨੂੰ ਉਮਰ ਦੇ ਹਿਸਾਬ ਨਾਲ ਤੀਸਰੀ ਜਮਾਤ ਵਿਚ ਅਤੇ ਸੀਤੇ ਨੂੰ ਪਹਿਲੀ ਵਿਚ ਭਰਤੀ ਕਰ ਲਿਆ ਗਿਆ ਸੀ। ਸੀਤਾ ਪੜ੍ਹਾਈ ਵਿਚ ਦਿਲ ਲਾਉਣ ਲੱਗ ਪਿਆ ਸੀ ਅਤੇ ਪੜ੍ਹਾਈ ਵਿਚ ਹੁਸ਼ਿਆਰ ਹੋ ਗਿਆ। ਹੌਲੀ ਅਗਲੀਆਂ ਜਮਾਤਾਂ ਵਿਚ ਚੜ ਰਹੇ ਸੀ। ਸੀਤਾ ਇਤਨਾ ਹੁਸ਼ਿਆਰ ਹੋ ਗਿਆ ਕਿ ਉਹ ਪਾਲੇ ਦੇ ਬਰਾਬਰ ਰਲ ਗਿਆ। ਦੋਹਾਂ ਨੇ ਇਕੱਠੇ ਹੀ ਦਸਵੀਂ ਦਾ ਇਮਿਤਹਾਨ ਪਾਸ ਕਰ ਲਿਆ। ਸੀਤੇ ਨੂੰ ਕਾਲਿਜ ਭੇਜਣ ਲਈ ਸੋਚਿਆ ਜਾਣ ਲੱਗਿਆ। ਪਾਲੇ ਨੂੰ ਵੀ ਨਾਲ ਭੇਜਣ ਲਈ ਕਰਮ ਸਿੰਘ ਤਿਆਰ ਨਹੀਂ ਸੀ। ਕੀਤੂ ਵੀ ਉਸ ਨੂੰ ਕੰਮ ਤੇ ਲਾਉਣਾ ਚਾਹੁੰਦਾ ਸੀ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਇੱਕ ਦਿਨ ਨਾਮਾ ਤੇ ਕੀਤੂ ਖੇਤੋਂ ਵਾਪਿਸ ਆ ਰਹੇ ਸੀ ਕੇ ਟੋਏ ਵਿਚੋਂ ਟਰਾਲੀ ਉੱਛਲ ਪਈ ਤੇ ਕੀਤੂ ਥੱਲੇ ਡਿਗ ਪਿਆ ਉਸ ਦੇ ਸਿਰ 'ਤੇ ਸੱਟ ਵੱਜ ਗਈ। ਉਹ ਸੜਕ 'ਤੇ ਹੀ ਪਿਆ ਰਹਿ ਗਿਆ, ਭਾਵੇਂ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਨਾਂਹ ਵਿਚ ਸਿਰ ਫੇਰ ਦਿੱਤਾ। ਹੁਣ ਪਾਲਾ ਤੇ ਮਾਂ ਇਕੱਲੇ ਰਹਿ ਗਏ। ਪਾਲਾ ਆਪਣੀ ਮਾਂ ਨੂੰ ਲੈ ਕੇ ਪਟਨੇ ਚਲਾ ਗਿਆ ਜਿਥੇ ਉਸ ਦੇ ਚਾਚੇ ਦਾ ਮੁੰਡਾ ਟਰੱਕ ਚਲਾਉਂਦਾ ਸੀ। ਉਸ ਨੇ ਪਾਲੇ ਨੂੰ ਡਰਾਈਵਰ ਲਾ ਦਿੱਤਾ। ਇਸ ਸਾਰੀ ਘਟਨਾ ਕਰਮ 'ਤੇ ਸੁਰਜੀਤ ਨੂੰ ਬਹੁਤ ਦੁੱਖ ਹੋਇਆ। ਉਹ ਆਪਣੇ ਇੱਕ ਦੋਸਤ ਤੋਂ ਵਾਂਝਾ ਹੋ ਗਿਆ ਸੀ। ਕਰਮ ਸਿੰਘ ਇਸ ਗਲੋਂ ਖੁਸ਼ ਸੀ ਕਿ ਇੱਕ ਕੰਮੀ-ਕਮੀਣ ਤੋਂ ਸੁਰਜੀਤ ਦਾ ਖਹਿੜਾ ਛੁਟ ਗਿਆ। ਪਰੰਤੂ ਸੁਰਜੀਤ ਬੁਝਿਆ-ਬੁਝਿਆ ਰਹਿੰਦਾ ਸੀ। ਸਮਾਂ ਆਪਣੀ ਚਾਲ ਚਲਦਾ ਗਿਆ। ਸੁਰਜੀਤ ਕਾਲਿਜ ਦੀ ਪੜ੍ਹਾਈ ਖਤਮ ਕਰ ਮੁਕਾਬਲੇ ਦੇ ਇਮਿਤਹਾਨ ਦੀ ਤਿਆਰੀ ਵਿਚ ਰੁਝ ਗਿਆ। ਉਸਨੇ ਪੂਰੀ ਮੇਹਨਤ ਕੀਤੀ- ਪਹਿਲੀ ਵਾਰ ਹੀ ਬੈਂਕ ਦਾ ਇਮਿਤਹਾਨ ਪਾਸ ਕਰ ਲਿਆ। ਉਸ ਦੀ ਪਹਿਲੀ ਨੌਕਰੀ ਪਟਨੇ ਵਿਚ ਲੱਗ ਗਈ। ਮਨ ਹੀ ਮਨ ਉਸ ਨੂੰ ਤਸੱਲੀ ਸੀ ਕਿ ਹੁਣ ਉਹ ਆਪਣੇ ਦੋਸਤ ਪਾਲੇ ਨੂੰ ਮਿਲਿਆ ਕਰੇਗਾ। ਉਧਰ ਪਾਲੇ ਨੇ ਆਪਣੇ ਕਾਰੋਬਾਰ ਨੂੰ ਵਧਾ ਲਿਆ। ਉਸ ਨੇ ਆਪਣੀ ਟਰੱਕਿੰਗ ਕੰਪਨੀ ਬਣਾ ਲਈ ਸੀ। ਜਦੋਂ ਸੁਰਜੀਤ ਨੇ ਸਮਾਂ ਮਿਲਣ 'ਤੇ ਪਾਲੇ ਦੀ ਭਾਲ ਕੀਤੀ ਤਾਂ ਉਸਨੂੰ ਜਿਆਦਾ ਮੁਸ਼ਕਿਲ ਨਹੀਂ ਆਈ। ਉਸਨੇ ਖਾਤੇ ਪੜਤਾਲ ਕੀਤੇ ਤਾਂ ਉਸਨੂੰ ਹਰਪਾਲ ਸਿੰਘ ਦੇ ਨਾਂ 'ਤੇ ਖਾਤਾ ਲੱਭ ਪਿਆ। ਉਸਦੇ ਫ਼ੋਨ 'ਤੇ ਗੱਲ ਕੀਤੀ ਤੇ ਜਾਣ-ਪਛਾਣ ਕੀਤੀ ਤਾਂ ਉਹ ਉਸ ਦਾ ਪਾਲਾ ਹੀ ਨਿਕਲਿਆ। ਉਸਨੂੰ ਬੈਂਕ ਵਿਚ ਬੁਲਾ ਲਿਆ। ਦੋਵੇਂ ਮਿਲ ਕੇ ਬਹੁਤ ਹੀ ਖੁਸ਼ ਹੋਏ। ਪਾਲਾ ਆਪ ਆ ਕੇ ਸੁਰਜੀਤ ਨੂੰ ਆਪਣੇ ਘਰ ਲੈ ਗਿਆ। ਆਪਣੀ ਪਤਨੀ ਨਾਲ ਮਿਲਵਾਇਆ। ਜਦੋਂ ਉਸ ਦੀ ਬੀਬੀ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਕੁਝ ਸਮਾਂ ਬਿਮਾਰ ਰਹਿਣ ਪਿੱਛੋਂ ਚਲ ਬੱਸੀ ਸੀ। ਸੁਰਜੀਤ ਨੇ ਦੁੱਖ ਜਤਾਇਆ। ਸੁਰਜੀਤ ਦੇ ਰਹਿਣ ਦੀ ਸਮੱਸਿਆ ਹਰਪਾਲ ਨੇ ਸੁਲਝਾਉਣ ਦਾ ਯਤਨ ਕੀਤਾ। ਪਰ ਉਸ ਨੂੰ ਆਪਣਾ ਨੀਵੀਂ-ਜਾਤ ਦਾ ਹੋਣਾ ਉਸ ਵਿਚ ਅੜਿੱਕਾ ਲੱਗਾ। ਉਸ ਨੂੰ ਯਾਦ ਸੀ ਕਿਵੇਂ ਉਸਦੇ ਘਰ ਵਾਲੇ ਸਾਨੂੰ ਨੀਵੀਂ-ਜਾਤ ਦਾ ਸਮਝ ਕੇ ਸਾਡੇ ਨਾਲ ਵਰਤਾਵ ਕਰਦੇ ਸਨ। ਉਸ ਨੂੰ ਪਤਾ ਸੀ ਕਿ ਸੁਰਜੀਤ ਉਸ ਦੇ ਘਰ ਰਹਿਣਾ ਮਨਜ਼ੂਰ ਨਹੀਂ ਕਰੇਗਾ। ਜਾਤ-ਪਾਤ ਦੀ ਦੀਵਾਰ ਨੂੰ

ਹਾਰਾਂ ਲਈ ਤੋੜੇ ਕਿਸੇ, ਜਦ ਫੁੱਲ ਬਾਗ਼ 'ਚੋਂ।
ਐਥੇ ਸ਼ੁਰੂ ਫਿਰ ਹੋਣੀਆਂ ਯਾਰੋ, ਵਿਰਾਨੀਆ। -ਮਨਜੀਤ ਸਿੰਘ ਜੀਤ

ਮਿਟਾਉਣਾ ਬਹੁਤ ਔਖਾ ਲੱਗ ਰਿਹਾ ਸੀ। ਜਦੋਂ ਸੁਰਜੀਤ ਨੇ ਆਖਿਆ, ''ਪਾਲੇ ਤੇਰਾ ਘਰ ਕਾਫੀ ਵੱਡਾ ਹੈ, ਜੇ ਤੈਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਮੈਂ ਇਥੇ ਹੀ ਰਹਿ ਲਵਾਂਗਾ, ਬਣਦਾ ਕਿਰਾਇਆ ਦੇ ਦਿਆ ਕਰਾਂਗਾ। ਇਹ ਸੁਣ ਪਾਲੇ ਨੇ ਗੁਸਾ ਕੀਤਾ ਅਤੇ ਕਿਹਾ, ''ਜੇ ਕਿਰਾਇਆ ਦੇਣਾ ਹੈ ਤਾਂ ਤੇਰੀ-ਮੇਰੀ ਕੋਈ ਲਿਹਾਜ਼ ਨਹੀਂ।'' ਸੁਰਜੀਤ ਨੇ ਮਾਹੌਲ ਨੂੰ ਸੁਖਾਵਾਂ ਕਰਨ ਲਈ ਆਖਿਆ, ''ਚਲ ਠੀਕ! ਮੈਂ ਰੋਟੀ ਵੀ ਭਾਬੀ ਦੀ ਪੱਕੀ ਹੀ ਖਾਇਆ ਕਰਾਂਗਾ।'' ਇਹ ਗੱਲ ਜਦੋਂ ਪਾਲੇ ਦੀ ਵਹੁਟੀ ਨੂੰ ਪਤਾ ਲੱਗੀ ਤਾਂ ਉਹ ਬਹੁਤ ਖੁਸ਼ ਹੋਈ। ਹਰਪਾਲ ਨੂੰ ਜਾਤ-ਪਾਤ ਵਾਲੀ ਕੰਧ ਪੇਤਲੀ ਪੈਂਦੀ ਜਾਪੀ।

ਸੁਰਜੀਤ ਨੂੰ ਹਾਲੇ ਤਕ ਯਾਦ ਸੀ ਜਦੋਂ ਵੀ ਪਾਲਾ ਓਹਦੇ ਨਾਲ ਘਰੇ ਜਾਂਦਾ ਸੀ ਤਾਂ ਚਾਹ ਪੀਣ ਲਈ ਉਸ ਨੂੰ ਗਿਲਾਸ ਘਰੋਂ ਹੀ ਲੈ ਕੇ ਜਾਣਾ ਪੈਂਦਾ ਸੀ, ਕਿਓਂ ਜੋ ਸਾਡੇ ਗੁਰੂ ਸਾਹਿਬਾਨ ਦੁਆਰਾ ਸੰਗਤ-ਪੰਗਤ ਦੇ ਉਪਰਾਲੇ ਨਾਲ ਜਾਤ-ਪਾਤ ਦੀ ਜੜ੍ਹ ਖਤਮ ਨਹੀਂ ਹੋਈ ਸੀ, ਪੰਜਾਬ ਵਿਚੋਂ। ਇਹ ਪਲੇਗ ਦੀ ਬਿਮਾਰੀ ਵਾਂਗ ਸਗੋਂ ਦਿਨੋਂ-ਦਿਨ ਵਧਦੀ ਹੀ ਜਾ ਰਹੀ ਸੀ। 'ਜੇ ਕਦੇ ਸੁਰਜੀਤ ਆਪਣੇ ਘਰ ਦੇ ਗਿਲਾਸ ਵਿਚ ਪਾਲੇ ਨੂੰ ਚਾਹ ਜਾਂ ਪਾਣੀ ਦੇ ਦਿਆ ਕਰਦਾ ਸੀ ਤਾਂ ਉਸ ਦੀ ਦਾਦੀ ਉਸ ਗਿਲਾਸ ਨੂੰ ਚੁੰਨੀ ਨਾਲ ਫੜ ਕੇ ਚੁੱਲ੍ਹੇ ਦੀ ਸਵਾਹ ਵਿਚ ਚਲਾਵਾਂ ਹੀ ਸੁੱਟ ਦਿਆ ਕਰਦੀ ਸੀ।' ਦਾਦੀ ਦਾ ਇਹ ਵਤੀਰਾ ਸੁਰਜੀਤ ਨੂੰ ਬਿਲਕੁਲ ਚੰਗਾ ਨਹੀਂ ਲੱਗਦਾ ਸੀ, ਪਰ ਉਹ ਕੁਝ ਬੋਲਦਾ ਨਹੀਂ ਸੀ। ਇਸ ਕਾਰਨ ਹੀ ਉਸ ਨੇ ਪਾਲੇ ਦੇ ਘਰ ਵਿਚ ਰਹਿ ਉਨ੍ਹਾਂ ਦੇ ਘਰ ਹੀ ਆਪਣੇ ਰੋਟੀ ਲਈ ਹਾਂ ਕੀਤੀ ਸੀ। ਉਸਦੇ ਵਿਚਾਰ ਅਨੁਸਾਰ ਕੰਮੀ ਅਤੇ ਸਰਦਾਰ ਵਿਚਲੀ ਵਿਥ ਨੂੰ ਉਹ ਮੇਟਣਾ ਚਾਹੁੰਦਾ ਸੀ। ਉਸਨੂੰ ਇਹ ਵੀ ਇਲਮ ਸੀ ਕਿ ਉਸ ਦੇ ਘਰ ਵਾਲੇ ਉਸ ਦੇ ਇਸ ਫੈਸਲੇ ਨੂੰ ਨਕਾਰਨਗੇ। ਬਦਲਵੇਂ ਪ੍ਰਬੰਧ ਕਰਨ ਲਈ ਆਖਣਗੇ। ਉਸ ਨੇ ਮਨ ਹੀ ਮਨ ਉਨ੍ਹਾਂ ਦੀ ਇਸ ਸਬੰਧ ਵਿਚ ਦਿੱਤੀ ਕਿਸੇ ਵੀ ਸਲਾਹ ਨੂੰ ਨਕਾਰਨ ਦਾ ਫੈਸਲਾ ਕਰ ਲਿਆ ਸੀ।

ਸੁਰਜੀਤ ਨੂੰ ਨੌਕਰੀ 'ਤੇ ਆਏ ਨੂੰ ਦੋ ਮਹੀਨੇ ਹੋ ਗਏ ਸਨ। ਉਹ ਚਾਹੁੰਦਾ ਹੋਇਆ ਵੀ ਆਪਣੇ ਘਰ ਨਹੀਂ ਜਾ ਸਕਿਆ ਸੀ। ਉਹ ਹਰਪਾਲ ਦੇ ਪਰਿਵਾਰ ਵਿਚ ਹੀ ਰਹਿ ਰਿਹਾ ਸੀ। ਦੋਵੇਂ ਦੋਸਤ ਦਿਨ ਭਰ ਕੰਮਾਂ 'ਤੇ ਰਹਿੰਦੇ, ਸ਼ਾਮ ਨੂੰ ਮਿਲ ਕੇ ਗੱਲਾਂ ਕਰਦੇ, ਕਦੇ ਪੁਰਾਣੀਆਂ ਸਕੂਲ ਦੀਆਂ ਗੱਲਾਂ ਛੋਹ ਬਹਿੰਦੇ। ਕਦੇ ਪਿੰਡ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਭਾਵੇਂ ਹਰਪਾਲ ਟਰੱਕ ਡਰਾਈਵਰ ਰਿਹਾ ਸੀ ਉਸ ਨੇ ਆਪਣੇ-ਆਪ ਨੂੰ ਨਸ਼ੇ ਤੋਂ ਦੂਰ ਹੀ ਰੱਖਿਆ ਸੀ। ਸੁਰਜੀਤ ਵੀ ਜੱਟਾਂ ਦਾ ਮੁੰਡਾ ਸੀ ਉਹ ਵੀ ਕੋਈ ਨਸ਼ਾ ਨਹੀਂ ਕਰਦਾ ਸੀ। ਘਰ ਦਾ ਮਾਹੌਲ ਬੜਾ ਸੁਖਾਵਾਂ ਬਣਿਆ ਹੋਇਆ ਸੀ। ਹਰਪਾਲ ਦੀ ਘਰ ਵਾਲੀ ਗੁਰਪ੍ਰੀਤ ਜਿਸ ਨੂੰ ਹਰਪਾਲ ਪਿਆਰ ਨਾਲ ਗੁਰੋ ਆਖਦਾ ਸੀ, ਧਾਰਮਿਕ ਵਿਚਾਰਾਂ ਦੀ ਸੀ। ਸੁਰਜੀਤ ਦਾ ਜੀਅ ਪਰਿਵਾਰ ਵਿਚ ਲੱਗਾ ਹੋਇਆ ਸੀ।

ਸੁਰਜੀਤ ਦੇ ਬੈਂਕ ਵਿਚ ਤਿੰਨ ਛੁਟੀਆਂ ਇਕੱਠੀਆਂ ਆ ਗਈਆਂ ਤਾਂ ਉਸਨੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਘਰ ਪੁੱਜ ਕੇ ਆਪਣੇ ਪਰਿਵਾਰ ਵਿਚ ਸਾਰੀਆਂ ਨੂੰ ਮਿਲਿਆ। ਜਦੋਂ ਘਰੇ ਰੋਟੀ-ਪਾਣੀ ਖਾ ਕੇ ਗੱਲਾਂ ਕਰ ਰਹੇ ਸੀ ਤਾਂ ਉਸ ਨੇ ਕੰਮ ਲਈ ਰੱਖੀ ਔਰਤ ਵਲ ਨਿਗਾਹ ਮਾਰੀ ਤਾਂ ਉਸ ਦੇਖਿਆ ਕਿ ਉਸ ਔਰਤ ਨਾਲ ਇਕ ਜਵਾਨ ਲੜਕੀ ਵੀ ਸੀ ਜੋ ਕਿ ਪੜ੍ਹੀ ਲਿਖੀ ਲੱਗਦੀ ਸੀ। ਉਸ ਨੇ ਆਪਣੀ ਮਾਂ ਨੂੰ ਉਨ੍ਹਾਂ ਬਾਰੇ ਪੁੱਛਿਆ ਤਾਂ ਮਾਂ ਨੇ ਦੱਸਿਆ ਕਿ ਲੜਕੀ ਦੇ ਪਿਤਾ ਸਿਰ ਜ਼ਿਆਦਾ ਕਰਜ਼ਾ ਹੋ ਜਾਣ ਕਾਰਨ ਖੂਹ ਵਿਚ ਛਾਲ ਮਾਰ ਖੁਦਕਸ਼ੀ ਕਰ ਗਿਐ। ਇਹਨਾਂ ਵਿਚਾਰੀਆਂ ਦੀ ਹਾਲਤ ਦੇਖ ਕੇ ਅਸੀਂ ਇਹਨਾਂ ਨੂੰ ਕੰਮ ਕਰਨ ਲਈ ਰੱਖ ਲਿਆ ਸੀ। ਪੜ੍ਹਦੀ ਲੜਕੀ ਨੂੰ, ਪੜ੍ਹਣੋਂ ਹਟਣਾ ਪਿਆ। ਉਹ ਵੀ ਮਾਂ ਨਾਲ ਹੀ ਕੰਮ ਕਰਵਾਉਂਦੀ ਹੈ। ਸੁਰਜੀਤ ਸੁਣਕੇ ਚੁੱਪ ਕਰ ਗਿਆ। ਉਸਨੇ ਮਨ ਵਿਚ ਸੋਚਿਆ, 'ਇਸ ਲੜਕੀ ਨੂੰ ਪੜ੍ਹਨੋ ਨਹੀਂ ਹਟਾਉਣਾ ਚਾਹੀਦਾ ਸੀ, ਜੇ ਚਾਰ-ਅੱਖਰ ਪੜ੍ਹ ਜਾਂਦੀ ਤਾਂ ਘਰ ਦੀ ਹਾਲਤ ਸੁਧਰ ਸਕਦੀ ਸੀ। ਉਸ ਨੇ ਮਾਂ ਨੂੰ ਆਖਿਆ, ''ਤੁਸੀਂ ਇਸ ਦੀ ਮਾਂ ਨੂੰ ਪੁੱਛ ਲਵੋ ਜੇ ਉਹ ਸਹਿਮਤ ਹੈ ਤਾਂ ਲੜਕੀ ਨੂੰ ਫੇਰ ਤੋਂ ਪੜ੍ਹਨ ਲਾ ਦਿਤਾ ਜਾਵੇ, ਉਸ ਦਾ ਖਰਚ ਮੈਂ ਦੇ ਸਕਦਾ ਹਾਂ।'' ਲੜਕੀ ਅਤੇ ਉਸ ਦੀ ਮਾਂ ਨਾਲ ਗੱਲ ਕੀਤੀ ਪਹਿਲਾਂ ਤਾਂ ਉਸ ਨੇ ਹਾਮੀ ਨਾ ਭਰੀ ਫੇਰ ਸੁਰਜੀਤ ਦੇ ਜ਼ੋਰ ਦੇਣ 'ਤੇ ਅਤੇ ਲੜਕੀ ਦੀ ਪੜ੍ਹਨ ਦੀ ਇੱਛਾ ਦੇਖਕੇ 'ਹਾਂ' ਕਰ ਦਿਤੀ। ਸੁਰਜੀਤ ਨੂੰ ਯਕੀਨ ਸੀ ਉਹ ਇਸ ਲੜਕੀ ਨੂੰ ਵਿਦਿਆ ਦਾ ਗਹਿਣਾ ਦੇਣ ਵਿਚ ਸਫ਼ਲ ਹੋਵੇਗਾ। ਸਕੂਲ ਵਿਚ ਲੜਕੀ ਨੂੰ ਪੜ੍ਹਨ ਲਾ ਦਿੱਤਾ ਗਿਆ। ਲੜਕੀ ਪੜ੍ਹਾਈ ਵਿਚ ਹੁਸ਼ਿਆਰ ਸੀ। ਸਮੇਂ ਦੀ ਚਾਲ ਨਾਲ ਲੜਕੀ ਨੇ ਦਸਵੀਂ ਕਰ ਲਈ। ਸੁਰਜੀਤ ਸਮੇਂ-ਸਮੇਂ ਫ਼ੋਨ ਕਰਕੇ ਉਸਦੀ ਪੜ੍ਹਾਈ ਸਬੰਧੀ ਪੁੱਛਦਾ ਰਹਿੰਦਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਲੜਕੀ ਨੇ ਚੰਗੇ ਨੰਬਰਾਂ ਨਾਲ ਦਸਵੀਂ ਕਰ ਲਈ ਹੈ ਤਾਂ ਮਨ ਹੀ ਮਨ ਬਹੁਤ ਖੁਸ਼ ਹੋਇਆ। ਉਸ ਨੇ ਲੜਕੀ ਨੂੰ ਮੁਕਾਬਲੇ ਦਾ ਇਮਿਤਹਾਨ ਦੇਣ ਦੀ ਸਲਾਹ ਦਿਤੀ। ਸੁਰਜੀਤ ਦੀ ਸਲਾਹ ਕਾਰਨ ਲੜਕੀ ਨੇ ਪੂਰੀ ਮੇਹਨਤ ਕਰਕੇ ਮੁਕਾਬਲੇ ਦਾ ਇਮਿਤਿਹਾਨ ਪਾਸ ਕਰ ਲਿਆ। ਉਸ ਨੂੰ ਵੀ ਬੈਂਕ ਵਿਚ ਕਲਰਕ ਦੀ ਨੌਕਰੀ ਮਿਲ ਗਈ। ਉਸਨੂੰ ਸਿਖਲਾਈ ਲਈ ਭੇਜ ਦਿਤਾ ਗਿਆ। ਸਿਖਲਾਈ ਉਪਰੰਤ ਉਸ ਨੂੰ ਪਿੰਡ ਦੇ ਨੇੜੇ ਦੀ ਬੈਂਕ ਵਿਚ ਲਾ ਦਿਤਾ ਗਿਆ। ਉਸ ਦੀ ਮਾਂ ਬਹੁਤ ਹੀ ਖੁਸ਼ ਹੋਈ। ਉਹ ਤਾਂ ਸੁਰਜੀਤ ਦੇ ਗੁਣ ਗਾਉਂਦੀ ਨਹੀਂ ਥੱਕਦੀ ਸੀ। ਲੜਕੀ ਦੀ ਮਾਂ ਨੇ ਸੁਰਜੀਤ ਦੇ ਜ਼ਿਮੇਂ ਇਹ ਕੰਮ ਲਾ ਦਿਤਾ ਕਿ ਕੋਈ ਚੰਗਾ ਮੁੰਡਾ ਵੇਖ ਹੁਣ ਇਸ ਦੇ ਵਿਆਹ ਦਾ ਵੀ ਪੁੰਨ ਖੱਟ ਲਵੇ। ਸੁਰਜੀਤ ਦੇ ਬੈਂਕ ਵਿਚ ਹੀ ਇੱਕ ਮੁੰਡਾ ਕਲਰਕ ਸੀ ਜੋ ਬਹੁਤ ਹੀ ਵਧੀਆ ਸੁਭਾਅ ਦਾ ਸੀ, ਨਾਲ ਗੱਲ ਕੀਤੀ ਅਤੇ ਉਹ ਕੁੜੀ ਨਾਲ ਗੱਲ ਕਰਨੀ ਚਾਹੁੰਦਾ ਸੀ। ਮਾਪਿਆਂ ਨੂੰ ਵੀ ਲੜਕੀ ਵਿਖਾਉਣੀ ਚਾਹੁੰਦਾ ਸੀ। ਇਸ ਦਾ ਪ੍ਰਬੰਧ ਵੀ ਕਰ ਲਿਆ ਗਿਆ। ਦੋਵੇਂ ਧਿਰਾਂ ਦੀ ਸਹਿਮਤੀ ਹੋਈ ਤਾਂ ਛੇਤੀ ਹੀ ਵਿਆਹ ਕਰ ਦਿਤਾ ਗਿਆ। ਹਰਪਾਲ ਦਾ ਪਰਿਵਾਰ ਵੀ ਇਸ ਵਿਆਹ ਵਿਚ ਸ਼ਾਮਿਲ ਹੋਇਆ। ਹਰਪਾਲ ਨੂੰ ਦੇਖ ਸੁਰਜੀਤ ਦੇ ਘਰ ਵਾਲੇ ਖੁਸ਼ ਹੋਏ। ਹਰਪਾਲ ਨੇ ਗੱਲਾਂ ਵਿਚ ਦੱਸ ਦਿਤਾ ਕਿ ਸੁਰਜੀਤ ਵੀ ਸਾਡੇ ਨਾਲ ਹੀ ਰਹਿ ਰਿਹਾ ਹੈ। ਉਸ ਵਕਤ ਤਾਂ ਸੁਰਜੀਤ ਦੇ ਘਰ ਵਾਲੇ ਚੁੱਪ ਰਹੇ, ਪਰ ਉਨ੍ਹਾਂ ਨੇ ਘਰ ਵਿਚ ਵਿਚਾਰ ਕੀਤੀ ਤਾਂ ਸੁਰਜੀਤ ਦੇ ਦਾਦਾ-ਦਾਦੀ ਭੜਕ ਪਏ, 'ਬੈਂਕ ਵਿਚ ਅਫ਼ਸਰ ਲੱਗ ਇਹ ਵੱਡਾ ਹੋ ਗਿਆ ਹੈ ਸਾਡੇ ਨਾਲ ਕੋਈ ਵਿਚਾਰ ਨਹੀਂ ਕੀਤੀ। ਸਾਨੂੰ ਤਾਂ ਇਹ ਦੱਸਿਆ ਸੀ ਕਿ ਬੈਂਕ ਨੇ ਵਧੀਆ ਰਿਹਾਇਸ਼ ਦਿਤੀ ਹੋਈ ਹੈ।'

ਦਾਦੇ ਨੇ ਫ਼ੋਨ 'ਤੇ ਹੀ ਸੁਰਜੀਤ ਨੂੰ ਪੁੱਛਿਆ, ''ਤੂੰ ਤਾਂ ਕਹਿੰਦਾ ਸੈਂ, ਮੈਂ ਬੈਂਕ ਦੀ ਰਿਹਾਇਸ਼ ਵਿਚ ਹਾਂ?

ਬਹੁਤ ਹੀ ਅਥਰੂ ਬਚਾ ਕੇ ਰੱਖੇ ਮੈਂ,
ਏਸ ਪੱਥਰ ਵਿਚ ਬਹੁਤ ਨੇ ਆਬਸ਼ਾਰ। (ਅਗਲੇ ਸਫ਼ੇ 'ਤੇ)

ਸੁਰਜੀਤ ਨੇ ਜੁਆਬ ਵਿਚ ਕਿਹਾ, "ਬੈਂਕ ਨੇ ਰਿਹਾਇਸ਼ ਦਿਤੀ ਸੀ ਮੇਰਾ ਉਸ ਵਿਚ ਇੱਕਲੇ ਦਾ ਜੀਅ ਨਹੀਂ ਲਗਦਾ ਸੀ। ਮੈਂ ਹਰਪਾਲ ਕੋਲ ਆ ਗਿਆ। ਹੁਣ ਇਨ੍ਹਾਂ ਕੋਲ ਹੀ ਹਾਂ।"

ਦਾਦੇ ਨੇ ਮੋੜਵਾਂ ਕਿਹਾ, "ਤੂੰ ਇਕ ਨੀਵੀਂ-ਜਾਤ ਨਾਲ ਰਹਿ ਕੇ ਸਾਡੀ ਨੱਕ ਵੱਢਾ ਦਿੱਤੀ ਐ।"

ਸੁਰਜੀਤ ਨੇ ਫ਼ੋਨ 'ਤੇ ਬਹਿਸ ਨਾ ਕੀਤੀ ਅਤੇ ਫ਼ੋਨ ਇਹ ਕਹਿ ਕੇ ਕੱਟ ਦਿਤਾ, "ਮੈਂ ਦਫਤਰ ਤੋਂ ਲੇਟ ਹੋ ਰਿਹਾ ਹਾਂ ਫੇਰ ਗੱਲ ਕਰਾਂਗਾ।"

ਸਾਰਾ ਦਿਨ ਬੈਂਕ ਦੇ ਕੰਮ ਵਿਚ ਰੁਝਿਆ ਰਿਹਾ। ਸ਼ਾਮ ਨੂੰ ਥੱਕਿਆ-ਟੁਟਿਆ ਘਰ ਆਇਆ। ਥੋੜੀ ਦੇਰ ਅਰਾਮ ਕੀਤਾ ਉਸ ਨੂੰ ਗੁਰਪ੍ਰੀਤ ਨੇ ਚਾਹ ਬਣਾ ਕੇ ਦਿੱਤੀ ਤੇ ਆਪ ਵੀ ਉਹਦੇ ਕੋਲ ਚਾਹ ਪੀਣ ਬੈਠ ਗਈ।

ਹਰਪਾਲ ਨੇ ਪੁੱਛਿਆ, "ਸੁਰਜੀਤ ਕੀ ਗੱਲ ਹੈ ਅੱਜ ਤਬੀਅਤ ਠੀਕ ਨਹੀਂ ਲਗਦੀ?

ਸੁਰਜੀਤ ਨੇ ਕਿਹਾ, "ਘਰ ਦਿਆਂ ਨੂੰ ਪਤਾ ਲੱਗ ਗਿਐ ਕਿ ਮੈਂ ਤੁਹਾਡੇ ਨਾਲ ਰਹਿ ਰਿਹਾ ਹਾਂ। ਉਹ ਹੁਣ ਗੁੱਸੇ ਹੋ ਰਹੇ ਹਨ।"

ਹਰਪਾਲ ਨੇ ਦੱਸਿਆ, "ਇਹ ਤਾਂ ਮੈਂ ਹੀ ਦੱਸਿਆ ਸੀ!"

"ਤਾਂ ਇਹ ਤੇਰੀ ਹੀ ਸ਼ਰਾਰਤ ਹੈ" -ਸੁਰਜੀਤ ਬੋਲਿਆ।

"ਨਹੀਂ ਮੈਂ ਤਾਂ ਸੁਭਾਵਿਕ ਹੀ ਗੱਲ ਕੀਤੀ ਸੀ, ਮੈਨੂੰ ਕਿ ਪਤਾ ਸੀ ਰਾਈ ਦਾ ਪਹਾੜ ਬਣ ਜਾਵੇਗਾੱ। ਕੋਈ ਨਹੀਂ ਸੋਚਦੇ ਹਾਂ ਇਸ ਦਾ ਹੱਲ ਵੀ  ਹੁਣ ਤਾਂ ਅਰਾਮ ਕੀਤਾ ਜਾਵੇ।"- ਇਹ ਆਖ ਹਰਪਾਲ ਤੇ ਗੁਰਪ੍ਰੀਤ ਸੌਣ ਲਈ ਚਲੇ ਗਏ। ਸੁਰਜੀਤ ਵੀ ਥੱਕਿਆ ਹੋਇਆ ਸੀ ਉਸ ਨੂੰ ਵੀ ਨੀਂਦ ਆ ਗਈ।

ਅਗਲੇ ਦਿਨ ਸੁਰਜੀਤ ਅਤੇ ਹਰਪਾਲ ਆਪਣੇ-ਆਪਣੇ ਕੰਮਾਂ ਤੇ ਚਲੇ ਗਏ। ਜਦੋਂ ਸਮਾਂ ਮਿਲਿਆ ਉਸਨੇ ਆਪਣੇ ਘਰ ਫ਼ੋਨ ਮਿਲਾ ਲਿਆ ਤਾਂ ਆਪਣੀ ਮਾਂ ਨੂੰ ਦੱਸ ਦਿਤਾ ਕਿ ਮੈਂ ਹਰਪਾਲ ਦੇ ਨਾਲ ਹੀ ਰਹਾਂਗਾ। ਉਹ ਸਿਆਣਾ ਹੈ, ਸਾਡਾ ਸੁਭਾਅ ਮਿਲਦੈ। ਮੈਨੂੰ ਉਸ ਨਾਲ ਰਹਿਣ ਵਿਚ ਕੋਈ ਤਕਲੀਫ ਨਹੀਂ। ਤੁਸੀਂ ਦਾਦਾ-ਦਾਦੀ ਨੂੰ ਦੱਸ ਦੇਣਾ। ਜੇ ਉਹ ਅਜੇ ਵੀ ਗੁੱਸੇ ਹਨ ਤਾਂ ਉਨ੍ਹਾਂ ਦੀ ਮਰਜ਼ੀ ਹੈ।

ਹੋਰ ਹਾਲ ਇਹ ਹੈ ਕਿ ਮੇਰੇ ਨਾਲ ਦੇ ਸ਼ਹਿਰ ਵਿਚ ਇਕ ਲੜਕੀ ਅਫ਼ਸਰ ਲੱਗੀ ਹੋਈ ਹੈ, ਮੈਂ ਉਸ ਨੂੰ ਪਸੰਦ ਕਰਦਾ ਹਾਂ। ਉਸਦੇ ਮਾਪਿਆਂ ਨੇ ਸਾਡੇ ਵਿਆਹ ਲਈ ਹਾਂ ਕਰ ਦਿਤੀ ਹੈ। ਜੇਕਰ ਤੁਹਾਨੂੰ ਮਨਜ਼ੂਰ ਹੋਵੇ ਤਾਂ ਮੈਂ ਗੱਲ ਨੂੰ ਅੱਗੇ ਵਧਾ ਸਕਦਾ ਹਾਂ। ਸਲਾਹ ਕਰਕੇ ਦੱਸ ਦੇਣਾ। ਸ਼ਾਮ ਨੂੰ ਜਦੋਂ ਗੁਰਨਾਮ ਘਰੇ ਆਇਆ ਤਾਂ ਸੁਰਜੀਤ ਦੀ ਮਾਂ ਨੇ, ਸੁਰਜੀਤ ਨਾਲ ਹੋਈ ਸਾਰੀ ਗੱਲ ਦੱਸ ਦਿਤੀ। ਮਾਤਾ ਜੀ ਤੇ ਪਿਤਾ ਜੀ ਨਾਲ ਸਲਾਹ ਕਰਨ ਲਈ ਆਖਿਆ। ਪਹਿਲਾਂ ਤਾਂ ਓਹਨਾਂ ਨੇ ਨਰਾਜ਼ਗੀ ਦਿਖਾਈ, ਫੇਰ ਗੁਰਨਾਮ ਨੂੰ ਕਹਿਣ ਲੱਗੇ ਤੂੰ ਆਪਦੀ ਘਰ ਵਾਲੀ ਨਾਲ ਸਲਾਹ ਕਰ ਲੈ। ਸਲਾਹ ਕਰ ਲੈਣ ਪਿੱਛੋਂ ਗੁਰਨਾਮ ਨੇ ਕਿਹਾ, "ਉਸ ਨੂੰ ਠੀਕ ਲਗਦਾ ਹੈ ਤਾਂ ਸਾਨੂੰ ਤਾਂ ਕੋਈ ਇਤਰਾਜ਼ ਨਹੀਂ। ਕਰਮ ਸਿੰਘ ਅਤੇ ਨਿਰਮਲ ਨੇ ਨਰਾਜ਼ਗੀ ਦੂਰ ਕਰਦਿਆਂ ਆਖਿਆ, "ਚਲ ਵੇਲ ਵਧੇਗੀ, ਉਸ ਨੂੰ ਸਾਥੀ ਮਿਲ ਜਾਵੇਗਾ ਤਾਂ ਉਹ ਵੀ ਹਰਪਾਲ ਤੋਂ ਦੂਰ ਹੋ ਜਾਵੇਗਾ। ਸੁਰਜੀਤ ਨੂੰ ਕਹਿ ਦੇ ਕਿ ਵਿਆਹ ਤਾਂ ਧੂਮ-ਧਾਮ ਨਾਲ ਕਰਾਂਗੇ।" ਸ਼ਾਮ ਵੇਲੇ ਸੁਰਜੀਤ ਨੂੰ ਫ਼ੋਨ 'ਤੇ ਰਜ਼ਾਮੰਦੀ ਦੇ ਦਿਤੀ ਗਈ।

ਸੁਰਜੀਤ ਦਾ ਵਿਆਹ ਗੁਰਜੀਤ ਨਾਲ ਧੁਮ-ਧਾਮ ਨਾਲ ਕਰ ਦਿਤਾ ਗਿਆ।

ਜਦੋਂ ਕਰਮ ਸਿੰਘ ਨੂੰ ਗੁਰਜੀਤ ਦੀ ਜਾਤ ਦਾ ਪਤਾ ਲੱਗਿਆ ਕਿ ਉਹ ਤਾਂ ਨੀਵੀਂ-ਜਾਤ ਦੀ ਹੈ ਤਾਂ ਉਹ ਉਸਦੇ ਹੱਥੋਂ ਪਾਣੀ ਫੜਨ ਤੋਂ ਵੀ ਇਨਕਾਰੀ ਹੋ ਗਿਆ। ਸੁਰਜੀਤ ਨਾਲ ਉਹ ਨਰਾਜ਼ ਹੋ ਗਿਆ। ਸੁਰਜੀਤ ਨੇ ਆਪਣੇ ਦਾਦੇ ਨੂੰ ਸਮਝਾਇਆ ਕਿ ਬਾਪੂ ਭਾਵੇਂ ਜਾਤ ਤੇਰੇ ਹਿਸਾਬ ਨਾਲ ਨੀਵੀਂ ਹੈ, ਪ੍ਰੰਤੂ ਸਾਫ਼-ਸਫਾਈ ਵਿਚ ਸਾਡੇ ਤੋਂ ਦੋ ਰੱਤੀਆਂ ਅੱਗੇ ਹਨ। ਸਾਰਾ ਪਰਿਵਾਰ ਪੜ੍ਹਿਆ ਹੋਇਆ ਹੈ। ਤੁਸੀਂ ਉਸ ਨੂੰ ਆਪਣੀ ਨੂੰਹ ਸਮਝੋ ਤੇ ਪਿਆਰ ਦਿਆ ਕਰੋ। ਦਾਦੇ ਨੇ ਹਾਮੀ ਭਰੀ ਕਿ ਸੁਰਜੀਤ ਤੂੰ ਸਾਡੀਆਂ ਅੱਖਾਂ ਤੋਂ ਪਰਦਾ ਹਟਾ ਦਿੱਤਾ ਹੈ। ਮੈਂ ਤੇਰੀ ਦਾਦੀ ਨੂੰ ਸਮਝਾਵਾਂਗਾ ਕਿ ਇਹ ਜਾਤਾਂ ਦਾ ਵਹਿਮ ਛੱਡ ਦੇਵੇ ਕਿਓਂ ਸਾਰਿਆਂ ਦੇ ਅੰਦਰ ਇੱਕੋ ਜਿਹਾ ਹੀ ਖ਼ੂਨ ਦੌੜਦਾ ਹੈ। ਤੁਸੀਂ ਆਪਣੇ ਆਪਣੇ ਕੰਮਾਂ ਤੇ ਜਾਓ। ਹਮੇਸ਼ਾ ਖ਼ੁਸ਼ ਰਹੋ। ਲੰਮੀਆਂ ਉਮਰਾਂ ਮਾਣੋ। ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ।

ਸੁਰਜੀਤ ਅਤੇ ਹਰਪਾਲ ਖੁਸ਼ ਸਨ ਕਿ ਉਨ੍ਹਾਂ ਨੇ ਜਾਤ-ਪਾਤ ਦੀ ਦੀਵਾਰ ਵਿਚ ਮਘੋਰਾ ਕਰ ਦਿਤਾ ਸੀ ਅਤੇ ਇਸ ਮਿਸ਼ਨ ਨੂੰ ਅਗੇ ਹੋਰ ਅੱਗੇ ਤੋਰਨ ਦਾ ਯਤਨ ਕਰਦੇ ਰਹਿਣਗੇ।

ਕਹਾਣੀ

# ਕੱਟਰੂ

## ਇਕਬਾਲ ਸਿੰਘ ਹਮਜ਼ਾਪੁਰ



ਇਕਬਾਲ ਸਿੰਘ ਹਮਜ਼ਾਪੁਰ

ਜੀਤੋ, ਦੀਪੇ ਨੂੰ ਲੈਕੇ ਕਿੰਨੀ ਦੇਰ ਤੋਂ ਮਾਸਟਰ ਦੀ ਮੇਜ਼ ਸਾਹਮਣੇ ਖੜੀ ਸੀ। ਮਾਸਟਰ ਨੇ ਅਜੇ ਤਕ ਉਸ ਵੱਲ ਧਿਆਨ ਨਹੀਂ ਦਿੱਤਾ ਸੀ। ਜੀਤੋ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਦੀਪੇ ਦੀ ਥਾਂ ਉਹ ਆਪ ਸਕੂਲ ਪੜ੍ਹਦੀ ਹੋਵੇ ਤੇ ਮਾਸਟਰ ਨੇ ਉਸਨੂੰ ਖੜ੍ਹੇ ਰਹਿਣ ਦੀ ਸਜ਼ਾ ਦੇ ਦਿੱਤੀ ਹੋਵੇ।

ਮਾਸਟਰ, ਜੀਤੋ ਦੇ ਕੁਝ ਦੱਸਣ ਤੋਂ ਬਿਨਾਂ ਹੀ ਸਮਝ ਗਿਆ ਸੀ ਕਿ ਉਹ ਦੀਪੇ ਨੂੰ ਸਕੂਲ ਛੱਡਣ ਆਈ ਹੈ। ਜੀਤੋ ਨੇ ਆਉਣ ਸਾਰ ਮਾਸਟਰ ਨੂੰ 'ਸਤ ਸ੍ਰੀ ਅਕਾਲ' ਬੁਲਾ ਦਿੱਤੀ ਸੀ। ਮਾਸਟਰ ਨੇ ਸਿਰ ਹਿਲਾ ਕੇ ਜੀਤੋ ਦੀ 'ਸਤ ਸ੍ਰੀ ਅਕਾਲ' ਦਾ ਜਵਾਬ ਤਾਂ ਦੇ ਦਿੱਤਾ ਸੀ। ਪਰ ਉਸਨੇ ਰਜਿਸਟਰ ਤੋਂ ਧਿਆਨ ਉੱਪਰ ਨਹੀਂ ਕੀਤਾ ਸੀ। ਉਹ ਰਜਿਸਟਰ ਉੱਪਰ ਕੁਝ ਲਿਖ ਰਿਹਾ ਸੀ।

ਜੀਤੋ ਸਮਝ ਗਈ ਸੀ ਕਿ ਮਾਸਟਰ ਉਸਨੂੰ ਦੋਸ਼ੀ ਸਮਝ ਰਿਹਾ ਹੈ। ਮਾਸਟਰ ਦੀ ਨਜ਼ਰ ਵਿਚ ਉਸੇ ਨੇ ਹੀ ਦੀਪੇ ਨੂੰ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਨਹੀਂ ਆਉਣ ਦਿੱਤਾ। ਦੀਪੇ ਨਾਲ ਪੜ੍ਹਨ ਵਾਲੇ ਹੋਰ ਜੁਆਕਾਂ ਨੇ ਮਾਸਟਰ ਨੂੰ ਦੱਸ

ਸੋਚਦਾ ਆਲੇ 'ਚ ਬਲਦਾ ਦੀਪ ਵੇਖ,
ਇਕ ਰੌਸ਼ਨ ਦਿਲ ਵੀ ਰੱਖਦੀ ਹੈ ਦੀਵਾਰ। -ਕਮਲਨੇਤਰ

ਦਿੱਤਾ ਸੀ ਕਿ ਦੀਪਾ, ਸਰਦਾਰ ਅਰਜਨ ਸਿੰਘ ਦੀ ਢਾਣੀ 'ਤੇ ਕੰਮ ਕਰਨ ਲੱਗ ਪਿਆ ਹੈ।

"ਦਸ ਮਿੰਟ ਬਾਹਰ ਬਹਿ ਕੇ ਉਡੀਕ ਕਰੋ। ਫਿਰ ਗੱਲ ਕਰਦੇ ਹਾਂ।" ਕਿੰਨੀ ਦੇਰ ਬਾਅਦ ਮਾਸਟਰ ਨੇ ਬਾਹਰ ਡੱਠੇ ਬੈਂਚ ਵੱਲ ਇਸ਼ਾਰਾ ਕਰਦਿਆਂ ਜੀਤੋ ਨੂੰ ਆਖਿਆ। ਆਪ ਉਹ ਫਿਰ ਰਜਿਸਟਰ ਉੱਪਰ ਝਰੀਟਾਂ ਜਿਹੀਆਂ ਮਾਰਨ ਲੱਗ ਪਿਆ।

"ਦੀਪੇ ਨੂੰ ਸਕੂਲ ਨਾ ਆਉਣ ਦੇਣ ਵਿਚ ਮੇਰਾ ਭਲਾ ਕੀ ਕਸੂਰ ਹੋਇਆ!" ਬੈਂਚ ਉੱਪਰ ਬਹਿ ਕੇ ਜੀਤੋ ਸੋਚਣ ਲੱਗੀ। ਉਸਦਾ ਇਕ ਵਾਰ ਤੇ ਦਿਲ ਕੀਤਾ ਕਿ ਉਠ ਕੇ ਮਾਸਟਰ ਕੋਲ ਦੁਬਾਰਾ ਜਾਵੇ ਅਤੇ ਮਾਸਟਰ ਨੂੰ ਸਮਝਾਵੇ ਕਿ ਉਹ ਕਸੂਰਵਾਰ ਨਹੀਂ ਹੈ। ਪਰ ਦੁਬਾਰਾ ਮਾਸਟਰ ਕੋਲ ਜਾਣ ਦੀ ਤੇ ਕੁਝ ਕਹਿਣ ਦੀ ਉਸਦੀ ਹਿੰਮਤ ਨਾ ਪਈ।

ਜੀਤੋ ਰੋਜ਼ਾਨਾ ਅਰਜਨ ਸਿੰਘ ਦੀ ਢਾਣੀ ਗੋਹਾ ਸੁੱਟਣ ਜਾਂਦੀ ਹੁੰਦੀ ਸੀ। ਪਿੱਛੋਂ ਦੀਪਾ ਸਾਰਾ ਦਿਨ ਗਲੀਆਂ ਵਿਚ ਫਿਰਦਾ ਰਹਿੰਦਾ ਸੀ। ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਉਹ ਸਕੂਲ ਨਹੀਂ ਜਾਂਦਾ ਸੀ। 'ਜੁਆਕ ਕਿਧਰੇ ਵਿਗੜ ਹੀ ਨਾ ਜਾਵੇ। ਇਹ ਕਿਧਰੇ ਕੋਈ ਉਲਾਂਭਾ ਹੀ ਨਾ ਦਵਾ ਦੇਵੇ।' ਇਹ ਸੋਚ ਕੇ ਜੀਤੋ, ਦੀਪੇ ਨੂੰ ਵੀ ਨਾਲ ਹੀ ਅਰਜਨ ਸਿੰਘ ਦੀ ਢਾਣੀ ਲਿਜਾਣ ਲੱਗ ਪਈ ਸੀ।

"ਜੀਤੋ ਦਸ ਕੁ ਦਿਨ ਇਹਨੂੰ ਇਥੇ ਛੱਡ ਜਾਇਆ ਕਰ। ਨੂੰਹ ਦਸ ਕੁ ਦਿਨਾਂ ਵਾਸਤੇ ਪੇਕੇ ਗਈ ਹੋਈ ਆ। ਨਿਆਣੇ ਛੁੱਟੀਆਂ ਹੋਣ ਕਰਕੇ ਨਾਨਕੇ ਜਾਣ ਦੀ ਜ਼ਿਦ ਕਰ ਰਹੇ ਸੀ। ਪਿੱਛੋਂ ਸਾਰਾ ਦਿਨ ਮੇਰੀ ਇਕੱਲੀ ਦੀ ਭੰਬੀਰੀ ਬਣ ਜਾਂਦੀ ਆ।" ਇਕ ਦਿਨ ਗੋਹੇ ਦਾ ਕੰਮ ਨਿਬੇੜ ਕੇ ਤੁਰਨ ਲੱਗੀ ਜੀਤੋ ਨੂੰ ਅਰਜਨ ਸਿੰਘ ਦੀ ਘਰਵਾਲੀ ਬਸੰਤ ਕੌਰ ਨੇ ਆਖਿਆ ਸੀ। ਉਸਨੇ, ਜੀਤੋ ਨੂੰ ਚਾਹ ਪੀਣ ਦੇ ਬਹਾਨੇ ਬਿਠਾ ਲਿਆ ਸੀ। ਉਦੋਂ ਜੀਤੋ ਨਾਂਹ ਨਹੀਂ ਕਰ ਸਕੀ ਸੀ। ਉਸਨੂੰ ਬੁੱਢੇ ਹੱਡਾਂ 'ਤੇ ਤਰਸ ਜਿਹਾ ਆ ਗਿਆ ਸੀ।

"ਪਿੰਡ ਵਿਚ ਬੈਠੇ ਹਾਂ। ਵੇਲੇ-ਕੁਵੇਲੇ ਲੋੜ ਪੈ ਜਾਂਦੀ ਆਂ। ਹਫ਼ਤਾ ਝੱਟ ਲੰਘ ਜਾਣਾ। ਉਂਝ ਵੀ ਅਜੇ ਵੀਹ ਦਿਨ ਹੋਰ ਛੁੱਟੀਆਂ। ਇਸ ਬਹਾਨੇ ਗਲੀਆਂ ਵਿਚ ਫਿਰਨੋਂ ਵੀ ਹੱਟ ਜਾਉ।" ਇਹ ਕੁਝ ਸੋਚ ਕੇ ਜੀਤੋ ਨੇ 'ਹਾਂ' ਕਰ ਦਿੱਤੀ ਸੀ।

ਹਫ਼ਤਾ ਲੰਘ ਗਿਆ ਸੀ। ਬਸੰਤ ਕੌਰ ਦੀ ਨੂੰਹ ਗੁਰਮੀਤ ਪੇਕਿਓਂ ਮੁੜ ਆਈ ਸੀ। ਪਰ ਦੀਪਾ ਬਾਅਦ ਵਿਚ ਵੀ ਬਸੰਤ ਕੌਰ ਦੇ ਘਰ ਕੰਮ ਕਰਨ ਆਉਂਦਾ ਰਿਹਾ ਸੀ। ਨਾ ਜੀਤੋ ਨੇ ਦੀਪੇ ਨੂੰ ਜਾਣੋਂ ਰੋਕਿਆ ਸੀ ਤੇ ਨਾ ਬਸੰਤ ਕੌਰ ਨੇ ਦੀਪੇ ਨੂੰ ਨਾ ਆਉਣ ਲਈ ਕਿਹਾ ਸੀ।

"ਨੂੰਹ ਆਖੂਗੀ, ਮਾਂ ਨੇ ਆਪਣੇ ਲਈ ਤੇ ਨੌਕਰ ਰੱਖਿਆ ਸੀ। ਮੈਂ ਆਈ ਤੇ ਹਟਾ ਦਿੱਤਾ।" ਬਸੰਤ ਕੌਰ ਨੂੰ ਖਿਆਲ ਆਇਆ ਸੀ। ਪਰ ਗੁਰਮੀਤ ਨੇ ਆਪਣੀ ਸੱਸ ਦੀ ਇਸ ਸੋਚ ਦੇ ਹੋਰ ਅਰਥ ਕੱਢ ਲਏ ਸਨ। ਘਰ ਵਿਚ ਦੀਪੇ ਨੂੰ ਵੇਖਕੇ ਗੁਰਮੀਤ ਦਾ ਪਾਰਾ ਸੱਤਵੇਂ ਅਸਮਾਨ ਚੜ੍ਹ ਗਿਆ ਸੀ।

"ਘਰ ਵਿਚ ਅੱਗੇ ਥੋੜ੍ਹਾ ਚੌਣਾ। ਹੋਰ ਇਕ ਨੂੰ ਸੇਪ ਲਿਆ। ਇਕ ਸੀਰੀ ਥੋੜ੍ਹਾ ਸੀ। ਸਾਰਾ ਦਿਨ ਕਿਹਨੇ ਪਕਾ-ਪਕਾ ਖਵਾਉਣੀਆਂ ਇਨ੍ਹਾਂ ਨੂੰ। ਜਿਵੇਂ ਘਰ ਵਿਚ ਕੋਈ ਲਾਂਗਰੀ ਰੱਖਿਆ ਹੁੰਦਾ। ਆਪ ਤੇ ਮਾਂ ਨੇ ਪਟਰਾਣੀ ਬਣ ਕੇ ਬਹਿ ਰਹਿਣਾ।"

"ਰਾਖੀ ਲਈ ਦੋ ਸ਼ੇਰਾਂ ਵਰਗੇ ਕੁੱਤੇ ਹੋਰ ਰੱਖੇ ਆ। ਜਿਵੇਂ ਘਰ ਵਿਚ ਪਤਾ ਨਹੀਂ ਕਿੰਨੀਆਂ ਕੁ ਮੋਹਰਾਂ ਪਈਆਂ ਹੁੰਦੀਆਂ। ਵੇਲਾ ਸਾਰਨ ਲਈ ਸੋਨਾ ਮੇਰੇ ਪਿਉ ਦੇ ਘਰ ਦਾ ਵੀ ਵੇਚ ਛੱਡਿਆ।" ਗੁਰਮੀਤ ਕਈ ਦਿਨ ਬੁੜ-ਬੁੜ ਕਰਦੀ ਰਹੀ ਸੀ।

ਬਾਰ੍ਹਾਂ ਪਾਸ ਗੁਰਮੀਤ ਨੇ ਆਪਣੀ ਸੱਸ ਬਸੰਤ ਕੌਰ ਨੂੰ ਦੀਪੇ ਨੂੰ ਕੰਮ ਤੋਂ ਹਟਾ ਦੇਣ ਦਾ ਵਾਸਤਾ ਪਾਇਆ ਸੀ।

"ਮਾਂ ਆਪਾਂ ਨੂੰ ਕਿਤੇ ਸਜ਼ਾ ਹੀ ਨਾ ਹੋ ਜਾਵੇ। ਚੌਦਾਂ ਸਾਲ ਤੋਂ ਘੱਟ ਉਮਰ ਦੇ ਜੁਆਕਾਂ ਤੋਂ ਆਪਾਂ ਮਜ਼ਦੂਰੀ ਨਹੀਂ ਕਰਵਾ ਸਕਦੇ। ਇਹ ਅਜੇ ਬਾਰ੍ਹਾਂ ਕੁ ਸਾਲ ਦਾ ਹੀ ਹੈ।" ਗੁਰਮੀਤ ਨੇ ਡਰਾਵਾ ਜਿਹਾ ਵੀ ਦਿੱਤਾ ਸੀ।

"ਲੈ ਇਥੇ ਸਾਡੀ ਢਾਣੀ ਵਿਚ ਕੌਣ ਵੇਹੰਦਾ, ਇਹਨੂੰ ਕੰਮ ਕਰਦੇ ਨੂੰ। ਲੋਕ ਤੇ ਬੰਦੇ ਮਾਰ ਕੇ ਤੁਰੇ ਫਿਰਦੇ ਆ। ਸਾਨੂੰ ਕਿਸੇ ਦੇ ਮੂੰਹ ਵਿਚ ਬੁਰਕੀ ਪਾਉਣ ਬਦਲੇ ਸਜ਼ਾ ਹੋ ਜਾਉ...। ਉਂਜ ਵੀ ਮੈਂ ਕਿਹੜਾ ਇਹਦੀ ਮਾਂ ਨਾਲ ਕੋਈ ਤਨਖ਼ਾਹ ਟੁੱਕੀ ਆ।" ਬਸੰਤ ਕੌਰ ਨੇ ਆਪਣਾ ਭਾਸ਼ਣ ਛੇੜ ਲਿਆ ਸੀ। ਉਸਨੇ ਗੁਰਮੀਤ ਦੀ ਇਕ ਨਹੀਂ ਸੁਣੀ ਸੀ।

"ਬੁੜ੍ਹੀ ਨੂੰ ਪਿੰਨੀਆਂ ਨੂੰ ਮਾਲਸ਼ ਕਰਵਾਉਣ ਦਾ ਭੁਸ ਪੈ ਗਿਆ ਜਾਪਦੈ। ਇਸੇ ਕਰਕੇ ਵਿਚਾਰੇ ਜੁਆਕ ਦਾ ਖਹਿੜਾ ਨਹੀਂ ਛੱਡਦੀ।" ਗੁਰਮੀਤ ਸੋਚਦੀ।

"ਮਾਂ! ਦੀਪੇ ਦੀ ਪੜ੍ਹਨ ਦੀ ਉਮਰ ਆ। ਆਪਾਂ ਇਸਨੂੰ ਪੜ੍ਹਨ ਦਈਏ। ਪੜ੍ਹ ਲਿਖ ਕੇ ਕੁਝ ਬਣ ਜਾਉਗਾ, ਇਹ ਵਿਚਾਰਾ।" ਗੁਰਮੀਤ ਨੇ ਇਕ ਦਿਨ ਫੇਰ ਆਖਿਆ ਸੀ।

"ਮੈਂ ਜਾਣਦੀ ਹਾਂ, ਜਿਹੜੀ ਪੜ੍ਹਾਈ ਇਹਨੇ ਕਰਨੀ ਆ। ਤੇਰੇ ਬੰਦੇ ਨੂੰ ਵੀ ਇਹੀ ਮਾਸਟਰ ਪੜਾਉਂਦਾ ਹੁੰਦਾ ਸੀ। ਅਠਵੀਂ 'ਚ ਤਿੰਨ ਵਰ੍ਹੇ ਗੋਡੇ ਰਗੜਦਾ ਰਿਹਾ ਸੀ। ਅਠਵੀਂ 'ਚੋਂ ਨਹੀਂ ਸੀ ਲੰਘਿਆ ਤੇਰਾ ਬੰਦਾ।" ਮਾਂ ਦੀਆਂ ਗੱਲਾਂ ਸੁਣ ਕੇ ਗੁਰਮੀਤ ਹੱਕੀ-ਬੱਕੀ ਜਿਹੀ ਰਹਿ ਗਈ ਸੀ।

"ਜਦੋਂ ਮੇਰਾ ਰਿਸ਼ਤਾ ਹੋਇਆ ਸੀ, ਉਦੋਂ ਤੇ ਕਹਿੰਦੇ ਸੀ-ਮੁੰਡਾ ਦਸ ਪੜ੍ਹਿਆ।" ਗੁਰਮੀਤ ਸੋਚੀਂ ਪੈ ਗਈ ਸੀ। ਪਰ ਹੁਣ ਕੀ ਹੋ ਸਕਦਾ ਸੀ। ਹੁਣ ਤੇ ਉਹ ਦੋ ਜੁਆਕਾਂ ਦੀ ਮਾਂ ਸੀ।

"ਜੇਕਰ ਦਸ ਪੜ੍ਹਿਆ ਵੀ ਹੁੰਦਾ, ਫੇਰ ਕਿਹੜਾ ਇਹਨੂੰ ਕਿਧਰੇ ਮਾਸਟਰ ਵਾਲੀ ਕੁਰਸੀ ਮਿਲ ਜਾਣੀ ਸੀ।" ਗੁਰਮੀਤ ਨੇ ਆਪਣੇ ਮਨ ਨੂੰ ਸਮਝਾ ਲਿਆ ਸੀ।

ਦੀਪਾ ਭਾਵੇਂ ਅਜੇ ਸਿਖਾਂਦਰੂ ਸੀ, ਪਰ ਹੱਥ ਦਾ ਛੋਹਲ਼ਾ ਸੀ। ਉਹ ਕੰਮ ਵੀ ਖੇਤ ਘੱਟ ਤੇ ਘਰ ਜ਼ਿਆਦਾ ਕਰਦਾ ਸੀ। ਦੀਪੇ ਦੇ ਕੰਮ ਨੇ ਦਿਨਾਂ ਵਿਚ ਹੀ ਗੁਰਮੀਤ ਨੂੰ ਰੋਟੀ ਦਾ ਭਾਰ ਭੁਲਾ ਦਿੱਤਾ ਸੀ। ਉਹ ਇਕ ਦਾਲ਼-ਸਬਜ਼ੀ ਨਹੀਂ ਬਣਾਉਂਦਾ ਸੀ ਤੇ ਰੋਟੀ ਨਹੀਂ ਪਕਾਉਂਦਾ ਸੀ। ਹੋਰ ਸਾਰੇ ਘਰ ਦੇ ਕੰਮ ਕਰਦਾ ਸੀ। ਦੀਪਾ ਰਾਤ ਨੂੰ ਵੀ ਥੋੜ੍ਹੇ ਹੀ ਦਿਨ ਆਪਣੇ ਘਰ ਗਿਆ ਸੀ। ਫਿਰ ਇਥੇ ਹੀ ਅਰਜਨ ਸਿੰਘ ਦੀ ਢਾਣੀ ਵਿਚ ਰਹਿਣ ਲੱਗ ਪਿਆ ਸੀ।

"ਮੁੰਡਾ ਰਾਤ ਨੂੰ ਲੱਤਾਂ ਤੋੜਦਾ ਡੂਢ ਮੀਲ ਜਾਂਦਾ। ਸਵੇਰੇ ਫਿਰ ਏਨਾ ਹੀ ਪੰਧ ਮਾਰਦਾ। ਉਂਜ ਵੀ ਹਨੇਰੇ-ਸਵੇਰੇ ਇੱਕਲੇ ਨਿਆਣੇ ਦੇ ਤੁਰਨ ਦਾ ਟੈਮ ਨਹੀਂ ਰਿਹਾ। ਇਹਨੂੰ ਇਥੇ ਹੀ ਰਹਿਣ ਦਿਆ ਕਰ। ਮੰਜਾ-ਬਿਸਤਰਾ ਮੈਂ ਦੇ ਦਿਆਂਗੀ।" ਇਕ ਦਿਨ ਜੀਤੋ ਨੂੰ ਗੋਹਾ ਸੁੱਟਣ ਆਈ ਨੂੰ ਬਸੰਤ ਕੌਰ ਨੇ ਆਖਿਆ ਸੀ। ਉਸਨੂੰ

ਬਾਜ਼ ਵਰਗੇ ਬਣ ਗਏ, ਇਨਸਾਨ ਕਿਥੇ ਹੈ?
ਘੁੱਗੀਆਂ, ਚਿੜੀਆਂ ਲਈ, ਅਸਮਾਨ ਕਿਥੇ ਹੈ? -ਅਮਨਦੀਪ ਸਿੰਘ ਅਮਨ

ਦੀਪੇ 'ਤੇ ਤਰਸ ਜਿਹਾ ਆ ਗਿਆ ਸੀ। ਉਸ ਦਿਨ ਤੋਂ ਬਾਅਦ ਦੀਪਾ ਰਾਤ ਨੂੰ ਵੀ ਘਰ ਜਾਣੋ ਹਟ ਗਿਆ ਸੀ।

ਬਸੰਤ ਕੌਰ ਸਵੇਰੇ ਉਠਣ ਸਾਰ ਡੰਗਰਾਂ ਵਾਲੇ ਵਾੜੇ ਵਿਚ ਜਾਂਦੀ ਤੇ ਵਾੜੇ ਵਿਚ ਸੁੱਤੇ ਪਏ ਦੀਪੇ ਨੂੰ ਹਲੂਣ-ਹਲਾਣ ਕੇ ਉਠਾਲ ਲੈਂਦੀ ਸੀ।

"ਉਠ ਮੇਰਾ ਪੁੱਤ! ਤੜਕੇ ਉਠਣ ਵਾਲਿਆਂ ਦੀ ਦੇਹ ਨਰੋਈ ਰਹਿੰਦੀ ਆ।" ਬਸੰਤ ਕੌਰ, ਦੀਪੇ ਨੂੰ ਹਲੂਣਦੀ ਹੋਈ ਆਖਦੀ। ਉਸਨੂੰ ਕਦੇ ਇਹ ਖਿਆਲ ਨਹੀਂ ਆਇਆ ਸੀ ਕਿ ਉਸਦੇ ਆਪਣੇ ਪੋਤਰੇ-ਪੋਤਰੀ ਨੂੰ ਵੀ ਨਰੋਈ ਸਿਹਤ ਦੀ ਜ਼ਰੂਰਤ ਹੈ। ਬਸੰਤ ਕੌਰ ਦੇ ਪੋਤਰਾ-ਪੋਤਰੀ ਸਵੇਰੇ ਅੱਠ ਵਜੇ ਤਕ ਸੁੱਤੇ ਰਹਿੰਦੇ ਸਨ। ਬਸੰਤ ਕੌਰ ਆਪਣੀ ਵਿੱਤ ਤੋਂ ਵੱਧ ਖ਼ਰਚ ਕਰਕੇ ਪੋਤਰੇ-ਪੋਤਰੀ ਨੂੰ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਰਹੀ ਸੀ। ਉਨ੍ਹਾਂ ਨੂੰ ਰੋਜ਼ਾਨਾ ਸਕੂਲ ਵੈਨ ਲੈਣ ਤੇ ਛੱਡਣ ਆਉਂਦੀ ਸੀ। ਉਹ ਮਸ੍ਹਾਂ ਸਕੂਲ ਵਾਲੀ ਵੈਨ ਦੇ ਟਾਇਮ ਤੋਂ ਅੱਧਾ ਘੰਟਾ ਪਹਿਲਾਂ ਉਠਦੇ ਸਨ।

ਮੱਝਾਂ ਦੀ ਧਾਰ ਕੱਢਣ ਵੇਲੇ ਕੱਟਰੂਆਂ ਨੂੰ ਦੀਪਾ ਹੀ ਛੱਡਦਾ ਬੰਨਦਾ ਸੀ। ਕੱਟਰੂ ਉਸਨੂੰ ਵੇਖਕੇ ਰੱਸੇ ਤੁੜਾਉਣ ਲੱਗ ਪੈਂਦੇ ਸਨ। ਮੱਝਾਂ ਵੀ ਕਿੱਲਿਆਂ ਦੁਆਲੇ ਘੁੰਮਣ ਲੱਗ ਪੈਂਦੀਆਂ ਸਨ। ਦੀਪਾ ਕਟਰੂਆਂ ਨੂੰ ਮਸਾਂ ਛੱਡਦਾ ਬੰਨਦਾ। ਕਟਰੂ ਵਾਰ ਵਾਰ ਉਸਦੇ ਪੈਰ ਮਿਧ ਦਿੰਦੇ ਸਨ। ਮੱਝਾਂ ਵੱਲ ਭੱਜ-ਭੱਜ ਜਾਂਦੇ ਕੱਟਰੂ ਦੀਪੇ ਨੂੰ ਧੂਹ ਕੇ ਲੈ ਜਾਂਦੇ ਸਨ। ਦੀਪੇ ਨੂੰ ਕੱਟਰੂਆਂ ਉੱਪਰ ਗੁੱਸੇ ਦੀ ਥਾਂ ਸਗੋਂ ਤਰਸ ਆਉਂਦਾ। ਉਹ ਇਨ੍ਹਾਂ ਕਟਰੂਆਂ ਨਾਲ ਆਪਣੇ ਆਪ ਨੂੰ ਮੇਚਦਾ। ਦੀਪੇ ਨੂੰ ਇੰਝ ਲਗਦਾ ਜਿਵੇਂ ਉਸਨੂੰ ਵੀ ਕਟਰੂਆਂ ਵਾਂਗ ਗਲ਼ ਰੱਸਾ ਪਾਕੇ ਇਥੇ ਕਿੱਲੇ ਨਾਲ ਬੰਨ੍ਹ ਦਿੱਤਾ ਹੋਵੇ।

ਘਰ ਦੇ ਕੰਮ ਤੋਂ ਬਿਨਾਂ ਦੀਪਾ ਰੋਜ਼ਾਨਾ ਖੇਤ ਅਰਜਨ ਸਿੰਘ ਤੇ ਘੂਕਰ ਦੀ ਰੋਟੀ ਫੜਾਉਣ ਜਾਂਦਾ ਸੀ। ਰੋਟੀ ਫੜਾਉਣ ਆਏ ਦੀਪੇ ਨੂੰ ਅਰਜਨ ਸਿੰਘ ਤੇ ਘੂਕਰ ਵੀ ਕੰਮ ਲਾ ਲੇਂਦੇ ਸਨ।

"ਲੈ ਪੁੱਤ, ਕਸੀਆ ਫੜ੍ਹ। ਝੱਟ ਲਾ। ਏਨੇ ਨਾਲ ਤੇਰੇ ਵੀ ਹੱਥ ਸਿਧੇ ਹੋ ਜਾਣਗੇ। ਕੰਮ ਦਾ ਵੱਲ ਸਿੱਖ ਜਾਵੇਂਗਾ।" ਅਰਜਨ ਸਿੰਘ ਦੀਪੇ ਨੂੰ ਆਖਦਾ ਤੇ ਆਪ ਉਹ ਵੱਟ ਨਾਲ ਨਿੱਸਲ ਹੋ ਜਾਂਦਾ ਸੀ।

ਅਰਜਨ ਸਿੰਘ ਜਦੋਂ ਵੀ ਦੀਪੇ ਨੂੰ ਕੰਮ ਲਾਕੇ ਵੱਟ ਨਾਲ ਨਿੱਸਲ ਹੁੰਦਾ, ਉਸਦਾ ਧਿਆਨ ਆਪਣੇ ਮੁੰਡੇ ਦਰਸ਼ਨ ਵੱਲ ਚਲਾ ਜਾਂਦਾ।

"ਮੈਥੋਂ, ਦਰਸ਼ਨ ਨੂੰ ਤੇ ਕਿਸੇ ਕੰਮ ਦਾ ਵੱਲ ਸਿਖਾਇਆ ਨਹੀਂ ਗਿਆ। ਇਸ ਬਿਗਾਨੇ ਪੁੱਤ ਨੂੰ ਮੈਂ ਕੀ ਵੱਲ ਸਿਖਾਂਵਾਂਗਾ। ਦਰਸ਼ਨ ਤਾਂ ਡੱਕਾ ਭੰਨ੍ਹ ਕੇ ਦੂਹਰਾ ਨਹੀਂ ਕਰਦਾ। ਸਾਰਾ ਦਿਨ ਹੱਥ ਵਿਚ ਮੋਬਾਇਲ ਲੈਕੇ ਤੇ ਕੰਨਾਂ ਵਿਚ ਟੂਟੀਆਂ ਜਿਹੀਆਂ ਲਾਕੇ ਅੱਡੇ 'ਤੇ ਬੈਠਾ ਰਹਿੰਦਾ।"

"ਦੀਪਿਆ ਮੇਰੀ ਮੰਨ, ਤੂੰ ਪੜ੍ਹ ਲਾ। ਨਹੀਂ ਤਾਂ ਮੇਰੇ ਵਾਂਗ ਸਾਰੀ ਉਮਰ ਜਿੰਮੀਦਾਰਾਂ ਦੀਆਂ ਖੁਰਲੀਆਂ ਵਿਚ ਹੀ ਰੁਲੇਂਗਾ।" ਘੂਕਰ ਨੇ ਇਕ ਦਿਨ ਖੇਤ ਰੋਟੀ ਲੈਕੇ ਆਏ ਦੀਪੇ ਨੂੰ ਆਖਿਆ ਸੀ।

"ਪੜ੍ਹਨ ਨੂੰ ਕੀ ਆ। ਸਰਦਾਰ ਨੂੰ ਸਕੂਲ ਭੇਜ ਦੇਵੀਂ। ਮਾਸਟਰ ਨੂੰ ਕਹਿ ਦਊਗਾ, ਮਾਸਟਰ ਇਹਦਾ ਨਾਂ ਨਾ ਕੱਟੂਗਾ। ਇਹ ਕੰਮ ਵੀ ਕਰੀਂ ਜਾਉਂਗਾ ਤੇ ਕਾਗਜ਼ਾਂ ਵਿਚ ਪੜ੍ਹੀ ਵੀ ਜਾਊਗਾ। ਬਾਹਰਲੇ ਮੁਲਕਾਂ ਵਿਚ ਜਾਕੇ ਲੋਕ ਇੰਜ ਹੀ ਕਰਦੇ ਆ।" ਘੂਕਰ ਦੀ ਗੱਲ ਸੁਣਕੇ ਦੂਸਰੀ ਵੱਟ 'ਤੇ ਘਾਹ ਖੋਤ ਰਹੇ ਅਰਜਨ ਨੇ 'ਹੀਅ-ਹੀਅ' ਕਰਕੇ ਹੱਸਦੇ ਹੋਏ ਆਖਿਆ ਸੀ।

*****

ਮਾਸਟਰ ਨੇ ਦਸ ਮਿੰਟਾਂ ਦਾ ਕਿਹਾ ਸੀ। ਪਰ ਅੱਧਾ ਘੰਟਾ ਲੰਘ ਗਿਆ ਸੀ। ਮਾਸਟਰ ਨੇ ਅਜੇ ਤਕ ਜੀਤੋ ਨੂੰ ਅਵਾਜ਼ ਨਹੀਂ ਮਾਰੀ ਸੀ। ਮਾਸਟਰ ਸ਼ਾਇਦ ਭੁੱਲ ਗਿਆ ਸੀ ਕਿ ਬਾਹਰ ਬਹਿ ਕੇ ਕੋਈ ਉਸਨੂੰ ਉਡੀਕ ਵੀ ਰਿਹਾ ਹੈ।

ਦੀਪੇ ਦੀਆਂ ਛੁੱਟੀਆਂ ਮੁੱਕ ਗਈਆਂ ਸਨ। ਛੁੱਟੀਆਂ ਮੁੱਕਣ 'ਤੇ ਉਹ ਸਕੂਲ ਨਹੀਂ ਗਿਆ ਸੀ।

ਫਿਰ ਇਕ ਦਿਨ ਘੂਕਰ, ਦੀਪੇ ਦੀ ਮਾਂ ਜੀਤੋ ਨੂੰ ਗਲੀ ਵਿਚ ਟੱਕਰ ਗਿਆ ਸੀ। ਜੀਤੋ ਨੂੰ ਸਾਹਮਣੇ ਵੇਖਕੇ ਉਸਨੂੰ ਦੀਪੇ ਦਾ ਧਿਆਨ ਆ ਗਿਆ ਸੀ।

"ਭਾਬੀ ਦੀਪੇ ਨੂੰ ਪੜ੍ਹਨ ਦੇਣਾ ਸੀ।" ਘੂਕਰ ਨੇ ਜੀਤੋ ਨੂੰ ਸਲਾਹ ਦਿੱਤੀ ਸੀ। ਪਰ ਜਵਾਬ ਵਿਚ ਜੀਤੋ ਕੁਝ ਨਹੀਂ ਬੋਲੀ ਸੀ।

"ਭਾਬੀ! ਜਿੰਮੀਂਦਾਰੇ ਕੰਮ ਵਿਚ ਤੇ ਮੁੰਡੇ ਨੂੰ ਜਦੋਂ ਮਰਜ਼ੀ ਲਾ ਲਵੀਂ। ਦੋ-ਚਾਰ ਸਾਲ ਹੋਰ ਸਕੂਲ ਭੇਜ ਕੇ ਵੇਖ ਲਾ। ਕੀ ਪਤਾ ਸਰਸਵਤੀ ਮੁੰਡੇ 'ਤੇ ਮਿਹਰਬਾਨ ਹੋ ਹੀ ਜਾਵੇ। ਹਮਾਤੜ ਤੇ ਰਹਿ ਗਏ ਕੋਰੇ ਕਾਗਦ। ਹੁਣ ਆਪਣੀ ਓਲਾਦ ਤੇ ਤਰ ਜਾਵੇ। ਆਪਣੇ ਸਕੂਲ ਦਾ ਮਾਸਟਰ ਵੇਖਿਆ ਈ, ਸਾਰਾ ਸਾਰਾ ਦਿਨ ਲੱਤ 'ਤੇ ਲੱਤ ਰੱਖ ਕੇ ਬੈਠਾ ਰਹਿੰਦਾ। ਮੀਂਹ ਜਾਵੇ, 'ਨੇਰੀ ਆਵੇ, ਉਹਦੇ ਤੇ ਮਹੀਨੇ ਬਾਅਦ ਖਰੇ ਆ।" ਘੂਕਰ ਨੇ ਫਿਰ ਆਖਿਆ ਸੀ। ਉਸਨੇ ਜੀਤੋ ਨੂੰ ਪੜ੍ਹ-ਲਿਖ ਕੇ ਸ਼ਹਿਰ ਕੰਮ ਕਰਨ ਜਾ ਲੱਗੇ ਹੋਰਾਂ ਕਈਆਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਸਨ।

"ਆਪਣੇ ਪਿੰਡ ਆਲੇ ਪਟਵਾਰੀ ਨੂੰ ਵੇਖ ਲਾ। ਉਹਦੇ ਨਾ-ਨਾ ਕਰਨ 'ਤੇ ਵੀ ਲੋਕ ਨੋਟ ਜੇਬਾਂ ਵਿਚ ਤੁੰਨ ਦਿੰਦੇ ਆ।"

"ਜਿੰਮੀਦਾਰਾਂ ਦੇ ਵਿਚਾਰਿਆਂ ਦਾ ਆਪਣਾ ਗੁਜ਼ਾਰਾ ਨਹੀਂ ਚੱਲਦਾ। ਕਰਜ਼ਾਈ ਹੋਏ ਪਏ ਆ। ਸਾਨੂੰ ਹਮਾਤੜਾਂ ਨੂੰ ਉਹਨਾਂ ਕੀ ਦੇਣਾ।"

"ਮੇਰੇ ਸਹੁਰਿਆਂ ਦੇ ਪਿੰਡ ਜਿੰਮੀਦਾਰ ਫਾਹਾਂ ਲੈਣ ਨੂੰ ਫਿਰਦਾ ਸੀ। ਇਹ ਤੇ ਢੋਅ ਲੱਗ ਗਿਆ। ਮੁੰਡਾ ਬਿਜਲੀ ਬੋਰਡ 'ਚ ਅੜ ਗਿਆ। ਉਹੀ ਜਿੰਮੀਦਾਰ ਢਾਈ ਮੰਜ਼ਲੀ ਕੋਠੀ ਉਸਾਰਨ ਲੱਗ ਪਿਆ।"

"ਇਸ ਕੰਮ ਵਿਚ ਤੇ ਕਹਿੰਦੇ-ਕਹਾਉਂਦੇ ਕਾਮੇ ਕੁਝ ਹੀ ਸਾਲਾਂ ਵਿਚ ਢੱਗਿਆਂ ਵਾਂਗ ਨਕਾਰਾ ਹੋ ਕੇ ਬਹਿ ਜਾਂਦੇ ਆ।" ਘੂਕਰ ਇਹ ਆਖ਼ਰੀ ਗੱਲ ਕਹਿ ਕੇ ਤੁਰ ਗਿਆ ਸੀ। ਜੀਤੋ, ਘੂਕਰ ਦੀਆਂ ਗੱਲਾਂ ਚੁੱਪ ਕਰਕੇ ਸੁਣਦੀ ਰਹੀ ਸੀ।

ਘਰ ਆਕੇ ਜੀਤੋ ਨੇ ਦੀਪੇ ਦੇ ਪਿਉ ਨੂੰ ਯਾਦ ਕਰਕੇ ਅੱਖਾਂ ਭਰ ਲਈਆਂ ਸਨ। 'ਦੀਪੇ ਦਾ ਪਿਓ ਅਜੇ ਜਾਣ ਵਾਲਾ ਥੋੜ੍ਹਾ ਸੀ। ਬਸ ਕੰਮ ਨੇ ਖਾ ਲਿਆ।' ਉਹ ਕਿੰਨੀ ਦੇਰ ਡੁਸਕਦੀ ਰਹੀ ਸੀ। ਉਸਦਾ ਜੀਅ ਕੀਤਾ ਕਿ ਹੁਣੇ ਦੀਪੇ ਨੂੰ ਸਕੂਲ ਬਿਠਾ ਆਵੇ। ਪਰ ਦੀਪਾ ਇਥੇ ਬਸੰਤ ਕੌਰ ਦੀ ਢਾਣੀ ਵਿਚ ਨਹੀਂ ਸੀ। ਦੀਪਾ ਛੁੱਟੀਆ ਮੁੱਕਣ ਤੋਂ ਦੋ ਦਿਨ ਪਹਿਲਾਂ ਹੀ ਛੱਜਲਵਿੰਡੀ ਬਸੰਤ ਕੌਰ ਦੀ ਧੀ ਘਰ ਚਲਾ ਗਿਆ ਸੀ। ਬਸੰਤ ਕੌਰ ਦੀ ਧੀ ਬਲਜੀਤ ਦਾ ਸਹੁਰਾ

ਕਿਉਂ ਖ਼ੁਦਕਸ਼ੀ ਨਾ ਕਰਦੇ, ਇਹ ਰੌਸ਼ਨੀ ਦੇ ਆਸ਼ਕ,
ਤੀਲ੍ਹਾਂ ਸਲਾਬੀਆਂ ਸਨ, ਸਕੀਆਂ ਨਾ ਬਾਲ ਦੀਵੇ। -ਰਾਜਿੰਦਰ ਪਰਦੇਸੀ

ਆਪ ਆਕੇ ਦੀਪੇ ਨੂੰ ਲੈ ਗਿਆ ਸੀ।

"ਬਲਜੀਤ ਦਾ ਹੱਥ ਪੱਕਾ ਹੋਇਆ। ਹੱਥ ਰਾਜ਼ੀ ਹੋਣ ਦਾ ਨਾਂ ਨਹੀਂ ਲੈ ਰਿਹਾ। ਹੱਥ ਵੀ ਕੀ ਕਰੇ। ਮਾੜਾ ਜਿਹਾ ਰਾਜ਼ੀ ਹੁੰਦਾ। ਕੰਮ ਕਰਦਿਆਂ ਭਿੱਜ ਜਾਂਦਾ ਤੇ ਫਿਰ ਭਰ ਜਾਦਾ।" ਬਲਜੀਤ ਦੇ ਸਹੁਰੇ ਨੇ ਬਸੰਤ ਕੌਰ ਨੂੰ ਦੱਸਿਆ ਸੀ। ਬਸੰਤ ਕੌਰ ਨੇ ਉਸੇ ਵੇਲੇ ਦੀਪੇ ਨੂੰ ਕੰਮ ਵਿਚ ਹੱਥ ਵਟਾਉਣ ਲਈ ਬਲਜੀਤ ਦੇ ਸਹੁਰੇ ਨਾਲ ਤੋਰ ਦਿੱਤਾ ਸੀ।

"ਜੀਤੋ ਨੂੰ ਮੈਂ ਆਪੇ ਸਮਝਾ ਦਊਗੀ। ਕਿਧਰੇ ਨੀ ਦੀਪਾ ਦਸ ਵੀਹ ਦਿਨਾਂ ਵਿਚ ਐਮ.ਏ. ਪਾਸ ਕਰ ਚੱਲਿਆ।" ਦੀਪੇ ਨੂੰ ਧੀ ਦੇ ਘਰ ਕੰਮ ਕਰਨ ਲਈ ਭੇਜਦਿਆਂ ਬਸੰਤ ਕੌਰ ਨੇ ਜਿਵੇਂ ਆਪਣੇ ਆਪ ਨੂੰ ਆਖਿਆ ਸੀ।

"ਮੈਂ ਭੋਲ਼ੀ ਸਾਂ। ਮੈਨੂੰ ਨਹੀਂ ਸੀ ਪਤਾ ਕਿ ਜੁਆਕ ਨੂੰ ਕਿਉਂ ਫ਼ਟਾਫ਼ਟ ਸਾਰੇ ਕੰਮ ਸਿਖਾਏ ਜਾ ਰਹੇ ਹਨ। ਲੋਕ ਦਾਜ ਵਿਚ ਟੀ.ਵੀ. ਫਰਿਜ਼ਾਂ ਤੇ ਦਿੰਦੇ ਸੁਣੇ ਸੀ। ਦਾਜ ਵਿਚ ਨੌਕਰ ਪਹਿਲੀ ਵਾਰ ਸੁਣਿਆ।" ਦੀਪੇ ਦੇ ਜਾਣ ਤੋਂ ਬਾਅਦ ਗੁਰਮੀਤ ਕਈ ਦਿਨ ਘਰ ਵਿਚ ਤੁਰੀ ਫਿਰਦੀ ਬੁੜ-ਬੁੜ ਕਰਦੀ ਰਹੀ ਸੀ।

"ਦੀਪਾ ਕਿਤੇ ਬਗਾਨੀ ਥਾਂ ਨਹੀਂ ਗਿਆ। ਆਪਣੇ ਹੀ ਘਰ ਗਿਆ। ਉਹ ਕਾਹਦਾ ਭੈਣ-ਭਰਾ ਹੋਇਆ, ਜਿਹੜਾ ਔਖੇ ਵੇਲੇ ਕੰਮ ਨਾ ਆਇਆ।"

"ਜੇ ਧੀ ਦੇ ਘਰ ਕੰਮ ਕਰੂਗਾ ਤੇ ਉਹ ਕਿਹੜਾ ਇਹਦਾ ਹੱਕ ਰੱਖਣ ਲੱਗੀ ਆਂ। ਕੁਝ ਨਾ ਕੁਝ ਦੇਕੇ ਤੋਰੂਗੀ। ਹੋਰ ਨਹੀਂ ਤੇ ਗਲ਼ ਪਾਉਣ ਲਈ ਕੋਈ ਲੀਰ ਤੇ ਦਊਗੀ।" ਗੁਰਮੀਤ ਨੂੰ ਬੁੜ-ਬੁੜ ਕਰਦੀ ਨੂੰ ਵੇਖਕੇ ਬਸੰਤ ਕੌਰ ਨੇ ਆਖਿਆ ਸੀ। ਆਪ ਉਸਨੇ ਦੋ ਵੇਲੇ ਦੀ ਰੋਟੀ ਤੋਂ ਬਿਨਾਂ ਦੀਪੇ ਨੂੰ ਅਜੇ ਤਕ ਹੋਰ ਕੁਝ ਨਹੀਂ ਦਿੱਤਾ ਸੀ। ਉਹ ਇਕ ਵਾਰ ਦੀਪੇ ਨੂੰ ਆਪਣੇ ਪੋਤਰੇ ਦਾ ਲੱਥਾ ਹੋਇਆ ਝੱਗਾ ਦੇਣ ਲੱਗੀ ਸੀ, ਪਰ ਗੁਰਮੀਤ ਨੇ ਰੋਕ ਦਿੱਤਾ ਸੀ।

"ਮਾਂ! ਮੁੰਡੇ ਦਾ ਕਪੜਾ ਨਾ ਕਿਸੇ ਨੂੰ ਦੇਵੀਂ। ਅੱਜਕਲ ਲੋਕ ਸੌ ਤਰ੍ਹਾਂ ਦੇ ਟੂਣੇ-ਟਾਮਣ ਕਰਦੇ ਆ।" ਗੁਰਮੀਤ ਨੇ ਆਖਿਆ ਸੀ।

ਦੀਪਾ, ਬਲਜੀਤ ਦੇ ਘਰ ਮਹੀਨਾ ਕੁ ਰਿਹਾ ਸੀ। ਮਹੀਨੇ ਵਿਚ ਹੀ ਉਹ ਅੱਧਾ ਰਹਿ ਗਿਆ ਸੀ। ਕੰਮ ਤਾਂ ਉਹ ਇਥੇ ਵੀ ਪਹਿਲਾਂ ਵਾਲੇ ਹੀ ਕਰਦਾ ਸੀ। ਉਹ ਕੰਮ ਨਾਲ ਨਹੀਂ, ਉਦਰੇਵੇਂ ਨਾਲ ਮਾੜਾ ਹੋ ਗਿਆ ਸੀ। ਉਸਦਾ ਧਿਆਨ ਹਰ ਵੇਲੇ ਪਿੱਛੇ ਰਹਿੰਦਾ ਸੀ। ਉਸਨੂੰ ਆਪਣੀ ਮਾਂ ਦੀ ਬਹੁਤ ਯਾਦ ਆਉਂਦੀ ਸੀ। ਉਹ ਮਾਂ ਨੂੰ ਮਿਲਣ ਲਈ ਤਰਸ ਗਿਆ ਸੀ। ਉਥੇ ਤੇ ਮਾਂ ਗੋਹਾ ਸੁੱਟਣ ਆਉਂਦੀ ਹੋਈ ਮਿਲ ਜਾਂਦੀ ਸੀ।

"ਕੋਈ ਨਾ ਕੋਈ ਨਾ। ਚਿੰਤਾ ਨਾ ਕਰ। ਤੂੰ ਹੁਣੇ ਪਹੁੰਚ ਜਾਵੇਂਗਾ, ਆਪਣੀ ਮਾਂ ਕੋਲ।" ਇਹ ਗੱਲ ਦੀਪਾ ਆਖਦਾ ਤਾਂ ਕੱਟਰੂਆਂ ਨੂੰ ਸੀ ਪਰ ਧਰਵਾਸਾ ਉਹ ਆਪਣੇ ਆਪ ਨੂੰ ਦਿੰਦਾ ਸੀ। ਉਸਦਾ ਘਰ ਜਾਣ ਨੂੰ ਤੇ ਮਾਂ ਦੀ ਗੋਦ ਵਿਚ ਬਹਿਣ ਨੂੰ ਬੇਹੱਦ ਦਿਲ ਕਰਦਾ ਸੀ।

ਮਾਂ ਜੀਤੋ ਭਾਵੇਂ ਉਸਨੂੰ ਦਿਨ ਵਿਚ ਕਈ-ਕਈ ਵਾਰ ਥਾਪੜਦੀ ਹੁੰਦੀ ਸੀ, ਫਿਰ ਵੀ ਉਹ ਦਿਨ ਵਿਚ ਇਕ ਵਾਰ ਜ਼ਰੂਰ ਮਾਂ ਦੀ ਗੋਦ ਵਿਚ ਬਹਿੰਦਾ ਸੀ ਤੇ ਮਾਂ ਦੀਆਂ ਮੌਰਾਂ ਨਾਲ ਲਮਕਦਾ ਹੁੰਦਾ ਸੀ।

ਬਲਜੀਤ ਦਾ ਹੱਥ ਅਜੇ ਰਾਜ਼ੀ ਨਹੀਂ ਸੀ ਹੋਇਆ। ਇਕ ਦਿਨ ਦੀਪੇ ਨੇ ਆਪਣਾ ਹੱਥ ਟੋਕੇ ਵਿਚ ਦੇ ਲਿਆ। ਉਹ ਟੋਕੇ 'ਤੇ ਰੁਗ ਲਾ ਰਿਹਾ ਸੀ। ਧਿਆਨ ਉਸਦਾ ਟੋਕੇ ਵੱਲ ਨਹੀਂ, ਪਿੱਛੇ ਮਾਂ ਵੱਲ ਸੀ। ਉਸਨੂੰ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਗਰਾਰੀ ਨੇ ਹੱਥ ਖਿੱਚ ਲਿਆ। ਦੀਪੇ ਦੀ ਇੱਕੋ ਵਾਰ ਡਾਡ ਨਿਕਲ ਗਈ ਸੀ। ਘੂਕਰ ਹੱਥੀ ਘੁਮਾਅ ਰਿਹਾ ਸੀ। ਘੂਕਰ ਨੇ ਉਸੇ ਵੇਲੇ ਟੋਕਾ ਰੋਕ ਦਿੱਤਾ ਸੀ। ਜੇ ਕਿਧਰੇ ਟੋਕਾ ਇੰਜਣ ਵਾਲਾ ਹੁੰਦਾ ਤੇ ਸ਼ਾਇਦ ਏਨੀ ਛੇਤੀ ਨਾ ਰੁੱਕਦਾ। ਦੀਪੇ ਦੀਆਂ ਡਾਡਾਂ ਸੁਣ ਕੇ ਆਂਢ-ਗੁਆਂਢ ਇਕੱਠਾ ਹੋ ਗਿਆ ਸੀ।

"ਬਚਾਅ ਹੋ ਗਿਆ। ਬਚਾਅ ਹੋ ਗਿਆ।" ਉਦੋਂ ਦੀਪੇ ਦਾ ਹੱਥ ਵੇਖਕੇ ਸਭ ਨੇ ਆਖਿਆ ਸੀ ਤੇ ਦੀਪੇ ਨੂੰ ਫਟਾਫਟ ਹਸਪਤਾਲ ਪਹੁੰਚਾ ਦਿੱਤਾ ਸੀ।

ਦੀਪਾ ਕਈ ਦਿਨ ਹਸਪਤਾਲ ਪਿਆ ਰਿਹਾ। ਉਹ ਵਾਰ-ਵਾਰ ਮਾਂ ਨੂੰ ਮਿਲਣ ਲਈ ਆਖਦਾ ਪਰ ਬਲਜੀਤ ਟਾਲਮਟੋਲ ਕਰੀ ਜਾਂਦੀ। ਬਲਜੀਤ, ਦੀਪੇ ਦੇ ਹੱਥ ਦੇ ਰਾਜ਼ੀ ਹੋਣ ਦੀ ਉਡੀਕ ਕਰ ਰਹੀ ਸੀ। ਆਪਣੇ ਹੱਥ ਤੋਂ ਵੱਧ ਉਸਨੂੰ ਦੀਪੇ ਦੇ ਹੱਥ ਦਾ ਫ਼ਿਕਰ ਪੈ ਗਿਆ ਸੀ। "ਪਿੱਛੇ ਪਿੰਡ ਕਿਹੜਾ ਮੂੰਹ ਲੈਕੇ ਜਾਵਾਂਗੀ।" ਬਲਜੀਤ ਨੂੰ ਵਾਰ ਵਾਰ ਖਿਆਲ ਆਉਂਦਾ।

ਦੀਪਾ ਕਈ ਦਿਨਾਂ ਬਾਅਦ ਹਸਪਤਾਲੋਂ ਘਰ ਆਇਆ। ਉਸਦਾ ਹੱਥ ਕੁਝ ਠੀਕ ਹੋ ਗਿਆ ਸੀ ਪਰ ਅਜੇ ਉਹ ਕੋਈ ਕੰਮ ਨਹੀਂ ਕਰ ਸਕਦਾ ਸੀ। ਦਿਨ ਵੇਲੇ ਤੇ ਹੱਥ 'ਤੇ ਪੱਟੀ ਬੰਨ੍ਹ ਕੇ ਉਹ ਤੁਰਿਆ ਫਿਰਦਾ ਸੀ। ਪਰ ਰਾਤ ਨੂੰ ਹੱਥ ਬੇਹੱਦ ਦਰਦ ਕਰਦਾ ਸੀ। ਬਲਜੀਤ ਰੋਜ਼ਾਨਾ ਦੀਪੇ ਨੂੰ ਦਰਦ ਘੱਟਣ ਦੀ ਗੋਲ਼ੀ ਦਿੰਦੀ ਸੀ। ਦੀਪਾ ਗੋਲ਼ੀ ਖਾ ਕੇ ਸੌਂ ਤਾਂ ਜਾਦਾ ਪਰ ਗੋਲ਼ੀ ਦਾ ਮਾੜਾ ਜਿਹਾ ਵੀ ਨਸ਼ਾ ਘੱਟਣ 'ਤੇ ਉਹ ਫਿਰ ਚੀਕਣ ਲੱਗ ਜਾਂਦਾ।

ਫਿਰ ਇਕ ਦਿਨ ਬਲਜੀਤ ਦਾ ਸਹੁਰਾ, ਦੀਪੇ ਨੂੰ ਵਾਪਸ ਛੱਡਣ ਤੁਰ ਪਿਆ। 'ਰਵਾਏ ਦਾ ਨਾਂ ਹੋ ਜਾਂਦਾ, ਖਿਡਾਏ ਦਾ ਨਹੀਂ ਹੁੰਦਾ।' ਇਹ ਆਖਦਿਆਂ ਬਲਜੀਤ ਨੇ ਆਪਣੇ ਸਹੁਰੇ ਨਾਲ ਦੀਪੇ ਨੂੰ ਵਾਪਸ ਤੋਰ ਦਿੱਤਾ ਸੀ।

"ਇਹਨੂੰ ਕੁਝ ਪੈਸੇ ਦੇ ਦਈਏ।" ਤੁਰਨ ਲੱਗੇ ਬਲਜੀਤ ਦੇ ਸਹੁਰੇ ਨੇ ਜੇਬ ਵਿਚ ਹੱਥ ਪਾਉਂਦਿਆਂ ਪੁੱਛਿਆ ਸੀ। ਪਰ ਬਲਜੀਤ ਨੇ ਰੋਕ ਦਿੱਤਾ ਸੀ।

"ਭਾਪਾ! ਤੁਸੀਂ ਰਹਿਣ ਦੇਵੋ। ਮੇਰੇ ਮਾਂ-ਪਿਓ ਆਪੇ ਜੋ ਦੇਣਾ ਹੋਇਆ ਦੇ ਦੇਣਗੇ। ਉਂਜ ਵੀ ਉਨ੍ਹਾਂ ਆਪਣੇ ਕੋਲੋਂ ਥੋੜ੍ਹਾ ਕੁਝ ਲੈਣਾ।"

"ਸਾਡਾ ਵੀ ਕੀ ਕਸੂਰ ਆ! ਅਸੀਂ ਇਲਾਜ ਕਰਵਾ ਦਿੱਤਾ। ਹੱਥ ਹੁਣ ਅੱਜ ਨਹੀਂ ਕਲ੍ਹ ਰਾਜ਼ੀ ਹੋ ਹੀ ਜਾਣਾ।" ਬਲਜੀਤ ਨੇ ਆਖਿਆ ਸੀ।

ਜੀਤੋ, ਦੀਪੇ ਦਾ ਹੱਥ ਵੇਖਕੇ ਇਕ ਵਾਰ ਤੇ ਘਬਰਾ ਗਈ ਸੀ। ਪਰ ਜਦੋਂ ਦੀਪੇ ਨੇ ਦੱਸਿਆ ਕਿ ਹੱਥ ਪਹਿਲਾਂ ਨਾਲੋਂ ਰਾਜ਼ੀ ਹੈ ਤਾ ਜੀਤੋ ਹੌਸਲੇ ਵਿਚ ਹੋ ਗਈ ਸੀ। ਉਹ ਕਈ ਦਿਨ ਦੀਪੇ ਨੂੰ ਪਿੰਡ ਵਾਲੇ ਡਾਕਟਰ ਤੋਂ ਤਾਕਤ ਦੇ ਸੂਏ ਲਵਾਉਂਦੀ ਰਹੀ। ਜਦੋਂ ਕੁਝ ਦਿਨਾਂ ਬਾਅਦ ਦੀਪੇ ਦੇ ਹੱਥ 'ਤੇ ਦੁਬਾਰਾ ਪੱਟੀ ਕਰਨ ਲਈ ਡਾਕਟਰ ਨੇ ਪਹਿਲੀ ਪੱਟੀ ਖੋਲ੍ਹੀ ਤਾਂ ਜੀਤੋ ਦੇ ਹੋਸ਼ ਉਡ ਗਏ। ਦੀਪੇ ਦੀਆਂ ਦੋ ਉਂਗਲਾਂ ਅੱਧੀਆਂ ਅੱਧੀਆਂ ਨਹੀਂ ਸਨ।

ਐਨੀ ਉਮਰ ਹੰਢਾ ਕੇ ਸੋਚੀਂ, ਕੀ ਖੱਟਿਆ, ਕੀ ਪਾਇਆ ਹੋਣਾਂ।
ਓੜਕ ਤੇਰੇ ਮਨ ਨੇ ਵੀ ਇਹ, ਲੇਖਾ ਜੋਖਾ ਲਾਇਆ ਹੋਣਾਂ। (ਅਗਲੇ ਸਫ਼ੇ 'ਤੇ)

ਇਨ੍ਹਾਂ ਦਿਨਾਂ ਵਿਚ ਮਾਸਟਰ ਨੇ ਦੀਪੇ ਨੂੰ ਸੱਦਣ ਲਈ ਹੋਰ ਦੋ ਮੁੰਡੇ ਵੀ ਭੇਜੇ ਸਨ। ਸਰਕਾਰ ਵੱਲੋਂ ਚਿੱਠੀ ਆ ਗਈ ਸੀ। ਸਰਕਾਰ ਨੇ 14 ਸਾਲ ਤੋਂ ਘੱਟ ਉਮਰ ਦੇ ਸਕੂਲ ਨਾ ਆਉਣ ਵਾਲੇ ਬੱਚਿਆਂ ਦੀ ਸੂਚਨਾ ਮੰਗ ਲਈ ਸੀ। ਸਰਕਾਰ ਨੇ ਚਿੱਠੀ ਵਿਚ ਇਨ੍ਹਾਂ ਬੱਚਿਆਂ ਨੂੰ ਹਰ ਹਾਲ ਸਕੂਲ ਲਿਆਉਣ ਦੀ ਤਕੀਦ ਕੀਤੀ ਸੀ।

"ਦੀਪੇ ਦੇ ਹੱਥ 'ਤੇ ਸੱਟ ਜਿਹੀ ਵੱਜ ਗਈ ਹੈ। ਥੋੜ੍ਹੇ ਦਿਨਾਂ ਵਿਚ ਰਾਜ਼ੀ ਹੋ ਜਾਊਗਾ। ਫਿਰ ਆਊਗਾ ਸਕੂਲ। ਆਪਣੇ ਮਾਸਟਰ ਜੀ ਨੂੰ ਆਖ ਦਿਓ। ਇਹਦਾ ਨਾਂ ਨਾ ਕੱਟੂਗਾ।" ਜੀਤੋ ਨੇ ਇਹ ਆਖ ਕੇ ਬੱਚਿਆਂ ਨੂੰ ਵਾਪਸ ਤੋਰ ਦਿੱਤਾ ਸੀ। ਆਪ ਉਹ ਫਿਰ ਚਿੰਤਾ ਵਿਚ ਡੁਬ ਗਈ ਸੀ।

"ਹੁਣ ਪੜ੍ਹਨਾ ਇਹਨੇ ਕੀ ਹੈ! ਜਿਹੜੀਆਂ ਉਂਗਲਾਂ ਨਾਲ ਲਿਖਣਾ, ਉਹੀ ਵੱਢੀਆਂ ਗਈਆਂ।" ਜੀਤੋ ਸੋਚਣ ਲੱਗੀ ਸੀ। ਇਸ ਸੋਚ-ਵਿਚਾਰ ਵਿਚ ਜੀਤੋ ਨੇ ਮਹੀਨਾ ਹੋਰ ਲੰਘਾ ਦਿੱਤਾ ਸੀ। ਹੁਣ ਦੀਪੇ ਦੇ ਹੱਥ 'ਤੇ ਪੱਟੀ ਬੰਨਣ ਦੀ ਲੋੜ ਨਹੀਂ ਰਹੀ ਸੀ।

"ਨਾ ਲਿਖੂਗਾ, ਕਿਤਾਬ ਤੇ ਪੜ੍ਹ ਹੀ ਲਊਗਾ।" ਇਹ ਸੋਚ ਕੇ ਜੀਤੋ, ਦੀਪੇ ਨੂੰ ਦੁਬਾਰਾ ਸਕੂਲ ਬਿਠਾਉਣ ਆ ਗਈ ਸੀ।

ਜੀਤੋ ਬਾਹਰ ਬੈਂਚ ਤੇ ਬੈਠੀ ਬੈਠੀ ਅੱਕ ਗਈ ਸੀ। ਪਰ ਮਾਸਟਰ ਨੇ ਅਵਾਜ਼ ਨਹੀਂ ਮਾਰੀ ਸੀ। ਮਾਸਟਰ ਆਪਣੇ ਰਜਿਸਟਰ ਦਾ ਕੰਮ ਨਬੇੜ ਕੇ ਕਿਸੇ ਹੋਰ ਮਾਸਟਰ ਨਾਲ ਗੱਲੀਂ ਰੁਝ ਗਿਆ ਸੀ। ਉਡੀਕ-ਉਡੀਕ ਕੇ ਜੀਤੋ ਆਪ ਹੀ ਦੁਬਾਰਾ ਮਾਸਟਰ ਦੀ ਮੇਜ਼ ਕੋਲ ਪਹੁੰਚ ਗਈ।

"ਮਾਸਟਰ ਜੀ ਜੁਆਕ ਨੂੰ ਦੁਬਾਰਾ ਸਕੂਲ ਬਿਠਾਉਣਾ ਸੀ।" ਜੀਤੋ ਨੇ ਆਖਿਆ।

"ਹੁਣ ਕੀ ਲੋੜ ਪੈ ਗਈ ਸਕੂਲ ਦੀ?"

"ਜੁਆਕਾਂ ਨੂੰ ਪੜ੍ਹਨ ਤੁਸੀ ਨਹੀਂ ਦਿੰਦੇ ਤੇ ਫੇਰ ਕਹਿੰਦੇ ਹੋ, ਮਾਸਟਰਾਂ ਨੇ ਪੜ੍ਹਾਇਆ ਨਹੀਂ।" ਮਾਸਟਰ ਨੇ ਖਰ੍ਹਵੇ ਜਿਹੇ ਰਵੀਏ ਨਾਲ ਆਖਿਆ।

ਜੀਤੋ ਦਾ ਇਕ ਵਾਰ ਤੇ ਮਾਸਟਰ ਨੂੰ ਪੁੱਛਣ ਨੂੰ ਦਿਲ ਕੀਤਾ ਕਿ ਇਹਨੂੰ ਸਕੂਲ ਆਉਂਦੇ ਨੂੰ ਪੰਜ ਸਾਲ ਹੋ ਗਏ ਹਨ। ਇਹਨੂੰ 'ਇੱਲ ਦਾ ਨਾਂ ਕੋਕੋ ਨਹੀਂ ਆਉਂਦਾ।' ਇਨ੍ਹਾਂ ਤਿੰਨ ਮਹੀਨਿਆਂ ਵਿਚ ਇਹਨੇ ਕਿਹੜਾ ਜੱਜ ਬਣ ਜਾਣਾ ਸੀ।' ਪਰ ਮਾਸਟਰ ਅੱਗੇ ਬੋਲਣ ਦੀ ਉਹ ਹਿੰਮਤ ਕਿੱਥੋਂ ਲਿਆਉਂਦੀ। ਉਹ ਚੁੱਪ ਹੀ ਰਹੀ।

ਦੀਪਾ ਤਿੰਨ ਮਹੀਨੇ ਸਕੂਲ ਨਹੀਂ ਆਇਆ ਸੀ। ਮਾਸਟਰ ਨੇ ਅਜੇ ਤਕ ਉਸਦਾ ਨਾਂ ਨਹੀਂ ਕੱਟਿਆ ਸੀ। ਫਿਰ ਵੀ ਮਾਸਟਰ ਨੇ ਦੀਪੇ ਨੂੰ ਦੁਬਾਰਾ ਨਾਂ ਲਿਖਵਾਉਣ ਵਾਸਤੇ ਅਰਜ਼ੀ ਲਿਖਣ ਲਈ ਆਖ ਦਿੱਤਾ ਸੀ। ਉਸਨੇ ਅਰਜ਼ੀ ਵਿਚ ਦੀਪੇ ਨੂੰ ਪਿਛਲੇ ਤਿੰਨ ਮਹੀਨੇ ਸਕੂਲ ਨਾ ਵੜਨ ਦਾ ਕਾਰਣ ਲਿਖ ਕੇ ਲਿਆਉਣ ਵਾਸਤੇ ਹਿਦਾਇਤ ਕਰ ਦਿੱਤੀ ਸੀ। ਮਾਸਟਰ ਨੇ ਇਕ ਕੋਰਾ ਕਾਗਜ਼ ਦੀਪੇ ਦੇ ਹੱਥ ਫੜਾ ਦਿੱਤਾ ਸੀ।

"ਮਾਸਟਰ ਜੀ! ਅਰਜ਼ੀ ਇਸ ਤੋਂ ਨਹੀਂ ਲਿਖ ਹੋਣੀ। ਤੁਸੀਂ ਕਿਸੇ ਹੋਰ ਜੁਆਕ ਤੋਂ ਲਿਖਵਾ ਲਵੋ।"

"ਵੇਖ ਲੈ! ਇਹ ਨਿੱਕੀ ਜਿਹੀ ਅਰਜ਼ੀ ਲਿਖਣੀ ਵੀ ਭੁੱਲ ਗਿਆ। ਕਸੂਰ ਤੁਸੀਂ ਸਾਡਾ ਕੱਢਣਾ।" ਮਾਸਟਰ ਨੇ ਮਿਹਣਾ ਜਿਹਾ ਮਾਰਿਆ।

"ਨਹੀਂ! ਮਾਸਟਰ ਜੀ ਇਹ ਅਰਜ਼ੀ ਤੇ ਲਿਖ ਲੈਂਦਾ। ਜਿਨ੍ਹਾਂ ਉਂਗਲਾਂ ਨਾਲ ਲਿਖਣਾ, ਉਹ ਟੋਕੇ ਵਿਚ ਆ ਗਈਆਂ ਤੇ ਵੱਢੀਆਂ ਗਈਆਂ।" ਜੀਤੋ ਨੇ ਦੀਪੇ ਦੇ ਹੱਥ ਵੱਲ ਇਸ਼ਾਰਾ ਕਰਦਿਆਂ ਦੱਸਿਆ। ਉਸਨੇ ਸੱਚ-ਝੂਠ ਰਲਾ ਦਿੱਤਾ ਸੀ। ਜੇ ਦੀਪੇ ਦੀਆਂ ਉਂਗਲਾਂ ਹੁੰਦੀਆਂ, ਅਰਜ਼ੀ ਉਸ ਕੋਲੋਂ ਫਿਰ ਵੀ ਨਹੀਂ ਲਿਖੀ ਜਾਣੀ ਸੀ। ਉਸਨੂੰ ਅਜੇ ਤਕ ਇਕ ਅੱਖਰ ਵੀ ਨਹੀਂ ਪਾਉਣਾ ਆਉਂਦਾ ਸੀ।

"ਉਹੋ! ਫੇਰ ਤੇ ਸਰਸਵਤੀ ਰੁੱਸ ਗਈ ਸਮਝ। ਹੁਣ ਇਹਦਾ ਚੱਲਣਾ ਮੁਸ਼ਕਲ ਹੀ ਹੈ।"

"ਹੁਣ ਪਹਿਲਾਂ ਇਹਨੂੰ ਖੱਬੇ ਹੱਥ ਨਾਲ ਅੱਖਰ ਪਾਉਣੇ ਸਿਖਾਉਣੇ ਪੈਣਗੇ।" ਇਹ ਆਖਦਿਆਂ ਮਾਸਟਰ ਨੇ ਦੀਪੇ ਨੂੰ ਪੰਜਵੀਂ ਦੀ ਥਾਂ ਤੀਜੀ ਜਮਾਤ ਵਿਚ ਬਿਠਾ ਦਿੱਤਾ ਸੀ।

"ਅੱਖਰ ਤਾਂ ਅਜੇ ਤਕ ਇਸ ਨੂੰ ਸੱਜੇ ਹੱਥ ਨਾਲ ਵੀ ਪਾਉਣੇ ਨਹੀਂ ਆਏ। ਖੱਬੇ ਹੱਥ ਨਾਲ ਪਾਉਣੇ ਕਿੱਥੋਂ ਆਉਣ ਲੱਗੇ ਆ।" ਜੀਤੋ ਖੜ੍ਹੀ-ਖੜ੍ਹੀ ਸੋਚਣ ਲੱਗੀ। ਫਿਰ ਵੀ ਦੀਪੇ ਨੂੰ ਜਮਾਤ ਵਿਚ ਬਿਠਾ ਕੇ ਘਰ ਨੂੰ ਤੁਰਨ ਲੱਗਿਆਂ ਉਸਨੇ ਮਾਸਟਰ ਨੂੰ ਤਾਕੀਦ ਕਰ ਦਿੱਤੀ ਸੀ।


"ਮਾਸਟਰ ਜੀ ਚੱਜ ਨਾਲ ਪੜਾਇਓ। ਸਰਸਵਤੀ ਸ਼ਾਇਦ ਮਿਹਰਬਾਨ ਹੋ ਹੀ ਜਾਵੇ।"

ਅਤੇ ਦੀਪਾ, ਤੱਪੜ 'ਤੇ ਕਿਲੇ ਬੱਧੇ 'ਕੱਟਰੂ' ਵਾਂਗ ਮਾਂ ਵੱਲ ਧੁਰਲੀਆਂ ਮਾਰ-ਮਾਰ ਝਾਕ ਰਿਹਾ ਸੀ।

ਕਹਾਣੀ

# ਪੂਰਨ ਅਪੂਰਨ

ਸੁਰਿੰਦਰ ਰਾਮਪੁਰੀ



ਸੁਰਿੰਦਰ ਰਾਮਪੁਰੀ

"ਪੁੱਤ ਆਪਣੇ ਮਾਮੇ ਦੀ ਖ਼ਬਰ ਲੈ ਆਈਂ", ਐਤਕੀਂ ਘਰੋਂ ਤੁਰਨ ਵੇਲੇ ਮਾਂ ਨੇ ਕਿਹਾ ਸੀ।

"ਹਾਂ ਬੀਬੀ ਜ਼ਰੂਰ ਜਾਊਂਗਾ, ਮੇਰਾ ਵੀ ਪੂਰਨ ਮਾਮੇ ਨੂੰ ਮਿਲਣ ਨੂੰ ਬਹੁਤ ਚਿੱਤ ਕਰਦੈ।"

"ਉਹ ਤਾਂ ਪੁੱਤ ਜਾਣੀਂ ਬਹੁਤਾ ਈ ਓਦਰਿਆ ਪਿਐ। ਪਿਛਲੇ ਮਹੀਨੇ ਮੈਂ ਗਈ ਸੀ, ਕਹਿੰਦਾ ਮੁਹਿੰਦਰ ਕੁਰੇ ਤੇਰਾ ਪੁੱਤ ਤਾਂ ਬਹੁਤਾ ਈ ਨਿਰਮੋਹਾ ਨਿਕਲਿਆ। ਫਿਰ ਆਪੇ ਹੀ ਕਹਿਣ ਲੱਗਿਆ, "ਨਿਆਣਿਆਂ ਨੂੰ ਕੰਮਾਂ-ਕਾਰਾਂ ਤੋਂ ਵਿਹਲ ਵੀ ਕਿੱਥੇ ਮਿਲਦੀ ਐ। ਫਿਰ ਖਿੜਖਿੜਾ ਕੇ ਹੱਸਦਿਆਂ ਪਤਾ ਕੀ ਕਿਹਾ, "ਮੁਹਿੰਦਰ ਕੁਰੇ ਵਿਹਲ ਤਾਂ ਮੈਨੂੰ 'ਨੀਂ ਮਿਲਦੀ, ਜਿਹੜਾ ਜਮਾਂ ਈ ਵਿਹਲਾਂ। ਉਹ ਤਾਂ ਸੁੱਖ ਨਾਲ ਅਫ਼ਸਰ ਲੱਗਿਆ

ਮਾਂ ਦੀਆਂ ਗੱਲਾਂ ਸੁਣ ਮੈਂ ਧੁਰ ਅੰਦਰੋਂ ਹਿੱਲ ਗਿਆ। ਮੇਰਾ ਜੀਅ ਕੀਤਾ, 'ਉੱਡ ਕੇ ਮਾਮੇ ਨੂੰ ਜਾ ਮਿਲਾਂ'। ਚਾਲੀ ਕੁ ਮੀਲ ਦੀ ਤਾਂ

ਕਈਆਂ ਕੋਲੋਂ ਧੋਖੇ ਖਾਧੇ, ਕਈਆਂ ਨੇ ਹਮਦਰਦੀ ਕੀਤੀ,
ਬਚਪਨ ਦੇ ਕੁਝ ਯਾਰਾਂ ਵਿਚੋਂ, 'ਸੋਖਾ' ਚੇਤੇ ਆਇਆ ਹੋਣਾਂ। -ਸੰਤੋਖ ਹੇਅਰ

ਵਿੱਥ ਹੈ ਗੱਡੀ ਉਧਰੋਂ ਘੁਮਾ ਲਿਜਾਵਾਂਗੇ।'

ਮੈਂ ਆਪਣੀ ਪਤਨੀ ਜਸਵਿੰਦਰ ਨੂੰ ਕਿਹਾ, "ਕਿਉਂ ਨਾ ਆਪਾਂ ਮਾਮੇ ਨੂੰ ਮਿਲ ਚੱਲੀਏ।"

"ਨਾ ਜੀ ਨਾ, ਪਹਿਲਾਂ ਉਧਰ ਨੂੰ ਜਾਵਾਂਗੇ, ਫਿਰ ਮੁੜਾਂਗੇ। ਸੌ ਕਿਲੋਮੀਟਰ ਦਾ ਵਾਧੂ ਗੇੜ ਪੈ ਜਾਵੇਗਾ। ਨਾਲੇ ਟਾਈਮ ਤਾਂ ਦੇਖੋ ਕੀ ਹੋਇਆ ਪਿਐ। ਕਦੇ ਫੇਰ ਆ ਜਾਣਾ।"

ਸਾਡੀ ਗੱਲ ਸੁਣ ਪ੍ਰੀਤੀ ਅਤੇ ਸਿੰਮੀ ਵੀ ਬੋਲ ਪਏ "ਪਾਪਾ ਪਲੀਜ਼! ਜਲਦੀ ਮੁੜਨੈ।"

ਮੈਂ ਗੱਡੀ ਸਟਾਰਟ ਕੀਤੀ। ਉਹ ਮਾਵਾਂ-ਧੀਆਂ ਪਿਛਲੀ ਸੀਟ 'ਤੇ ਬੈਠ ਗਈਆਂ। ਸਿੰਮੀ ਹਮੇਸ਼ਾ ਵਾਂਗ, ਮੇਰੇ ਨਾਲ ਮੂਹਰਲੀ ਸੀਟ 'ਤੇ ਬੈਠ ਗਿਆ। ਸਿੰਮੀ ਦੀ ਆਦਤ ਹੈ ਜਾਂ ਤਾਂ ਉਹ ਗੱਡੀ ਚਲਾਉਣ ਨੂੰ ਕਹੇਗਾ ਜਾਂ ਮੂਹਰਲੀ ਸੀਟ ਤੇ ਬੈਠੈਗਾ। ਅਜੇ ਦਸਵਾਂ ਵਰ੍ਹਾ ਤਾਂ ਲੱਗਿਆ ਹੈ ਸਿੰਮੀ ਨੂੰ। ਇਸ ਲਈ ਮੈਂ, ਉਸਨੂੰ ਸਟੇਅਰਿੰਗ ਨਹੀਂ ਫੜਨ ਦਿੰਦਾ। ਪ੍ਰੀਤੀ ਉਸ ਤੋਂ ਚਾਰ ਸਾਲ ਵੱਡੀ ਹੈ। ਮੈਂ ਤਾਂ ਪ੍ਰੀਤੀ ਦੇ ਜਨਮ 'ਤੇ ਹੀ ਜਸਵਿੰਦਰ ਨੂੰ ਆਖ ਦਿੱਤਾ ਸੀ- 'ਬਈ ਹੁਣ ਬੱਸ, ਪਰ ਉਹ ਤਾਂ ਇਕ ਜੀਅ ਹੋਰ ਚਾਹੁੰਦੀ ਸੀ, ਸ਼ਾਇਦ ਉਸ ਦੇ ਮਨ ਵਿਚ ਪੁੱਤ ਦੀ ਭੁੱਖ ਪਈ ਸੀ।'

ਮੈਂ ਅਜੇ ਸਟੇਅਰਿੰਗ ਫੜ ਸਿੱਧਾ ਹੀ ਹੋਇਆ ਸੀ ਕਿ ਮੈਨੂੰ ਪਿੱਛਿਓਂ ਫੁਸਫੁਸਾਹਟ ਜਿਹੀ ਸੁਣੀ- 'ਮੈਂ ਪੇਕੇ ਜਾਣ ਨੂੰ ਕਹਾਂ, ਇਹਨਾਂ ਕੋਲ ਟਾਈਮ 'ਨੀਂ ਹੁੰਦਾ। ਹੁਣ ਬੁੜ੍ਹੀ ਨੇ ਆਪਣੇ ਪੇਕੇ ਜਾਣ ਨੂੰ ਕਿਹਾ, ਤੁਰੰਤ ਤਿਆਰ ਹੋ ਗਏ।'

ਮੈਂ ਉਸਦੀ ਚੋਭ ਅੰਦਰੇ ਅੰਦਰ ਪੀ ਗਿਆ।

"ਮੰਮੀ, ਇਸ ਵਾਰ ਆਪਾਂ ਵੀ ਨਾਨਕੇ ਚੱਲਾਂਗੇ।" ਇਹ ਪ੍ਰੀਤੀ ਦੀ ਆਵਾਜ਼ ਸੀ।

"ਇਹਨਾਂ ਨੂੰ ਵਿਹਲ ਹੀ ਕਿੱਥੇ, ਮੇਰੇ ਪੇਕਿਆਂ ਦੇ ਜਾਣ ਦੀ। ਉਹ ਤਾਂ ਜਿਵੇਂ ਚੁੱਭਦੇ ਨੇ ਇਹਨਾਂ ਨੂੰ।"

"ਵਿਹਲ ਕਿਉਂ 'ਨੀਂ ਮਿਲਦੀ। ਦਸੰਬਰ ਦੀਆਂ ਛੁੱਟੀਆਂ 'ਚ ਮੈਂ ਕਿੰਨੀ ਵਾਰ ਕਿਹੈ ਸੀ, ਨਿਆਣਿਆਂ ਦੇ ਨਾਨਕੀ ਚੱਲਦੇ ਆਂ। ਤੂੰ ਹੀ ਜ਼ੋਰ ਪਾਉਂਦੀ ਰਹੀ ਮਕਲੋਡ-ਗੰਜ ਜਾਣੈ, ਮਕਲੋਡ-ਗੰਜ ਜਾਣੈ।" ਇਸ ਵਾਰ ਮੈਥੋਂ ਚੁੱਪ ਨਾ ਰਿਹਾ ਗਿਆ।

"ਮੈਂ ਭੁੱਲੀ ਨੀਂ ਹੋਈ। ਤੁਸੀਂ ਤਾਂ ਗੋਂਗਲੂਆਂ ਤੋਂ ਮਿੱਟੀ ਝਾੜਦੇ ਸੀ। ਬਈ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਏ। ਨਾਲੇ ਖਰਚਾ ਬਚ ਜਾਊ, ਨਾਲੇ ਨਿਆਣੇ ਖੁਸ਼ ਹੋ ਜਾਣਗੇ।"

"ਮੰਮੀ, ਲੜਨਾ ਘਰ ਜਾ ਕੇ। ਪਾਪਾ ਚੁੱਪ ਕਰਕੇ ਗੱਡੀ ਚਲਾਓ।" ਸਿੰਮੀ ਦੀ ਗੱਲ ਸੁਣ ਅਸੀਂ ਦੋਵੇਂ ਚੁੱਪ ਹੋ ਗਏ।

ਮਾਮੇ ਦਾ ਮੇਰੇ ਬਾਰੇ ਕਿਹਾ ਸ਼ਬਦ 'ਨਿਰਮੋਹਾ' ਮੇਰੇ ਸੀਨੇ ਵਿਚ ਕੰਡੇ ਵਾਂਗ ਖੁੱਭ ਗਿਆ ਸੀ। ਮੈਂ ਤਾਂ ਮਾਮੇ ਲਈ "ਨਿਰਮੋਹਾ' ਹੋਣਾ ਕਿਆਸ ਵੀ ਨਹੀਂ ਸੀ ਸਕਦਾ।

ਮਾਮਾ ਪੂਰਨ, ਮੇਰੀ ਮਾਂ ਦਾ ਵੱਡਾ ਭਰਾ ਹੈ। ਦੋ ਭਰਾਵਾਂ ਅਤੇ ਇਕ ਭੈਣ ਦਾ ਵੱਡਾ ਭਰਾ। ਮੇਰੀ ਮਾਂ ਤਾਂ ਅਜੇ ਵੀ ਮਾਮੇ ਪੂਰਨ ਦੀ "ਲਾਡਲੀ-ਧੀ' ਹੈ।

ਮੇਰਾ ਨਾਨਾ, ਮੇਰੀ ਮਾਂ ਦੇ ਜਨਮ ਤੋਂ ਦੋ ਕੁ ਸਾਲ ਬਾਅਦ ਹੀ ਪਰਲੋਕ ਸਿਧਾਰ ਗਿਆ ਸੀ। ਮੇਰੀ ਮਾਂ ਨੇ, ਮਾਮੇ ਪੂਰਨ ਤੋਂ ਹੀ ਪਿਓ ਦਾ ਲਾਡ ਪਿਆਰ ਲਿਆ ਹੈ। ਮਾਮੇ ਪੂਰਨ ਤੋਂ ਛੋਟੇ ਦੋਵੇਂ ਭਰਾ ਵੀ ਮੇਰੀ ਮਾਂ ਦਾ ਮਾਣ ਸਤਿਕਾਰ ਤਾਂ ਬਹੁਤ ਕਰਦੇ ਹਨ, ਪਰ ਪਿਓ ਦੇ ਪਿਆਰ ਦੀ ਗੱਲ ਹੀ ਹੋਰ ਹੁੰਦੀ ਹੈ। ਮਾਂ ਨੇ ਖੁਸ਼ੀ ਵੇਲੇ ਉਸ ਦੀ ਗੋਦੀ ਵਿਚ ਖੁਸ਼ੀ ਮਨਾਈ ਹੈ ਅਤੇ ਦੁੱਖ ਵੇਲੇ ਉਸ ਦੀ ਬੁੱਕਲ ਵਿਚ ਅੱਥਰੂ ਕੇਰੇ ਹਨ। ਨਾਨਾ ਜੀ ਦੀ ਮੌਤ ਸਮੇਂ ਮਾਮੇ ਪੂਰਨ ਦੀ ਉਮਰ ਵੀਹ ਸਾਲ ਦੀ ਸੀ। ਸਾਰੇ ਟੱਬਰ ਦਾ ਭਾਰ ਉਹਦੇ ਮੋਢਿਆਂ 'ਤੇ ਆ ਪਿਆ ਸੀ। ਨਾਨੀ ਹਰ ਵਕਤ ਚਿੰਤਾ ਵਿਚ ਡੁੱਬੀ ਰਹਿੰਦੀ। ਜ਼ਮੀਨ ਥੋੜ੍ਹੀ, ਕਬੀਲਦਾਰੀ ਵੱਡੀ। ਉਹ ਅੰਦਰੋ-ਅੰਦਰ ਝੂਰਦੀ ਰਹਿੰਦੀ। ਕਬੀਲਦਾਰੀ ਦਾ ਫ਼ਿਕਰ ਕਰਦੀ। ਨਿਆਣਿਆਂ ਬਾਰੇ ਸੋਚਦੀ ਰਹਿੰਦੀ। ਕਦੇ ਉਸ ਦੇ ਮਨ 'ਚ ਆਉਂਦਾ, ਪਿਓ ਬਿਨਾਂ ਨਿਆਣੇ ਵਿਗੜ ਹੀ ਨਾ ਜਾਣ। ਵੱਡੇ ਮੁੰਡੇ ਬਾਰੇ ਸੋਚਦੀ ਦੇ ਮਨ 'ਚ ਆਉਂਦਾ, ਕਿਤੇ ਉਹ ਹੀ ਗੱਲ ਨਾ ਹੋਵੇ, ਅਖੇ 'ਸਿਰ 'ਤੇ ਨਹੀਂ ਕੁੰਡਾ ਹਾਥੀ ਫਿਰੇ ਲੁੰਡਾ।' ਫਿਰ ਆਪੇ ਹੀ ਮਨ ਨੂੰ ਲਾਹਨਤ ਪਾਉਂਦੀ, ਮੇਰੇ ਨਿਆਣੇ ਤਾਂ ਕਹਿਣੇ 'ਚ ਨੇ। ਭੋਰਾ ਭਰ ਨਹੀਂ ਮੈਥੋਂ ਬਾਹਰ। ਫਿਰ ਆਪੇ ਹੀ ਆਖਦੀ, 'ਦੁੱਧ 'ਤੇ ਬੁੱਧ ਦਾ ਕੀ ਪਤਾ ਕਦੋਂ ਫਿੱਟ ਜਾਣ।'

ਪਿਛਲੀ ਵਾਰ ਜਦੋਂ ਮੈਂ ਨਾਨਕੀ ਗਿਆ ਤਾਂ ਗੱਲਾਂ ਕਰਦਿਆਂ ਕਰਦਿਆਂ ਮੇਰੀ ਨਾਨੀ ਦਾ ਜ਼ਿਕਰ ਆ ਗਿਆ। ਮਾਮਾ ਪੂਰਨ ਕਹਿਣ ਲੱਗਿਆ, "ਮੇਰੀ ਮਾਂ ਬਹੁਤ ਸਿਆਣੀ ਸੀਂ। ਦਾਨੀ ਤੀਵੀਂ। ਸਾਡੇ ਘਰ ਨੂੰ ਸਾਂਭ ਕੇ ਰੱਖਿਆ ਸੀ ਉਹਨੇ।"

"ਪਾਪਾ ਜੇ ਗੱਡੀ ਨਹੀਂ ਸਾਂਭ ਹੁੰਦੀ ਤਾਂ ਨਾ ਚਲਾਓ।" ਮੈਂ ਆਪੇ 'ਚ ਆਇਆ, ਜੇ ਜਿੰਮੀ ਸਟੇਅਰਿੰਗ ਨੂੰ ਖੱਬੇ ਹੱਥ ਨਾ ਘੁਮਾਉਂਦਾ ਤਾਂ ਸਾਡੀ ਕਾਰ ਸਿੱਧੀ ਟਰੱਕ 'ਚ ਜਾ ਲੱਗਣੀ ਸੀ।

"ਪਤਾ ਨਹੀਂ ਕਿੱਥੇ ਖੋਏ ਰਹਿੰਦੇ ਨੇ", ਜਸਵਿੰਦਰ ਬੁੜਬੁੜਾਈ।

ਮੇਰੇ ਬੁੱਲ੍ਹ ਜਿਵੇਂ ਸਿਊਤੇ ਗਏ ਹੋਣ। ਸੰਘ ਖੁਸ਼ਕ ਹੋ ਗਿਆ ਸੀ। ਮੈਂ ਗੱਡੀ ਰੋਕੀ। ਪਾਣੀ ਦੀ ਬੋਤਲ ਮੂੰਹ ਨੂੰ ਲਾਈ, ਦੋ ਘੁੱਟ ਪਾਣੀ ਪੀਤਾ ਅਤੇ ਫੇਰ ਗੱਡੀ ਤੋਰ ਲਈ।

"ਪਾਪਾ ਮੈਂ ਚਲਾਵਾਂ?" ਪ੍ਰੀਤੀ ਬੋਲੀ।

"ਨਹੀਂ ਬੇਟੇ, ਹੁਣ ਮੈਂ 'ਨਾਰਮਲ' ਹਾਂ।"

ਮਾਮਾ ਪੂਰਨ ਸ਼ਾਂਤ ਸੁਭਾਅ ਦਾ ਬੰਦਾ ਹੈ। ਮੈਂ ਉਸ ਨੂੰ ਕਦੇ ਗੁੱਸੇ ਵਿਚ ਨਹੀਂ ਦੇਖਿਆ। ਮੈਂ ਉਸ ਦੇ ਮੋਢਿਆਂ 'ਤੇ ਬੈਠ ਖੇਤਾਂ ਨੂੰ ਗਿਆ ਹਾਂ। ਉਸਦੇ ਮੋਢਿਆਂ 'ਤੇ ਬਹਿ ਹੀ ਪਿੰਡ ਵਿਚ ਲੱਗਦਾ ਮੇਲਾ ਦੇਖਿਆ ਹੈ। ਮੈਨੂੰ ਸਦਾ ਹੀ ਉਹ ਸ਼ਾਂਤ-ਸਮੁੰਦਰ ਲੱਗਦਾ ਹੈ। ਸ਼ੂਕਦਾ-ਦਰਿਆ ਨਹੀਂ। ਹੁਣ ਜਦੋਂ ਮੈਂ ਮਨੋ-ਵਿਗਿਆਨ ਸਮਝਣ ਜੋਗਾ ਹੋਇਆ ਹਾਂ, ਹੁਣ ਜਦੋਂ ਵਿਗਿਆਨ ਨੇ ਸ਼ਾਂਤ-ਸਮੁੰਦਰ ਅੰਦਰ ਪੈਂਦੇ ਖੌਰੂ ਨੂੰ ਸਕਰੀਨ 'ਤੇ ਦਿਖਾ ਦਿੱਤਾ ਹੈ। ਉਹ ਮੈਨੂੰ ਸ਼ਾਂਤ-ਸਮੁੰਦਰ ਹੀ ਲੱਗਦਾ ਹੈ, ਜਿਸਨੇ ਆਪਣੇ ਅੰਦਰ ਪਤਾ ਨਹੀਂ ਕਿੰਨਾ ਕੁ ਦੁਨਿਆਵੀ ਖੌਰੂ ਸਾਂਭਿਆ ਹੋਇਆ ਹੈ। ਪਤਾ ਨਹੀਂ ਘਰ-ਪਰਿਵਾਰ ਦੇ ਕਿੰਨੇ ਦੁੱਖ, ਕਿੰਨੇ ਮਸਲੇ ਆਪਣੇ ਅੰਦਰ ਸਮੋਏ ਹੋਏ ਨੇ। ਮੈਂ ਉਸ ਦੇ ਸੁਭਾਅ ਤੋਂ, ਉਸਦੀਆ ਗੱਲਾਂ-ਬਾਤਾਂ ਤੋਂ ਬਹੁਤ ਕੁਝ ਸਿੱਖਿਆ ਹੈ। ਇਹ ਵਿਵਹਾਰ ਮੇਰੇ ਬਹੁਤ ਕੰਮ ਆਇਆ ਹੈ। ਪਰਿਵਾਰਕ ਝਮੇਲਿਆਂ ਨੂੰ ਨਿਬੇੜਣ, ਦਫ਼ਤਰੀ ਮਸਲਿਆਂ ਨੂੰ ਸੁਲਝਾਉਣ ਸਮੇਂ ਇਸੇ ਵਿਵਹਾਰ ਨੇ ਮੈਨੂੰ ਸੇਧ ਦਿੱਤੀ ਹੈ। ਉਂਝ ਬੰਦਾ ਮੁੱਢੋਂ ਹੀ ਸ਼ਾਂਤ ਸਮੁੰਦਰ ਨਹੀਂ ਹੁੰਦਾ। ਕਦੇ ਨਾਲਿਆਂ ਦੇ ਰੂਪ ਵਿਚ ਠੇਡੇ ਖਾਵੇਗਾ, ਠੋਹਕਰਾਂ ਖਾਵੇਗਾ। ਕਦੇ ਸ਼ੂਕਦਾ -ਦਰਿਆ ਬਣੇਗਾ। ਆਖ਼ਰ ਨੂੰ ਸਮੁੰਦਰ ਬਣ ਜਾਵੇਗਾ।

ਯਾਦ ਕਦੇ ਵੀ ਉਸਨੂੰ ਹੁਣ ਇਹ ਕਰਦਾ ਨਈਂ,
'ਬਾਦਲ' ਪਿਆਰਾ ਦੋਹਤਾ ਸੀ ਜਿਸ ਨਾਨੇ ਦਾ। -ਗੁਰਦਰਸ਼ਨ 'ਬਾਦਲ'

ਸਮੁੰਦਰ ਬਣ ਵੀ ਕਦੇ ਕਦੇ ਇੰਨਾ ਗੁੱਸੇ-ਖ਼ੋਰਾ ਹੋਵੇਗਾ ਕਿ ਤਬਾਹੀ ਮਚਾ ਦੇਵੇਗਾ। ਮਾਮਾ ਪੂਰਨ ਤਾਂ ਵੀਹ-ਬਾਈ ਸਾਲ ਦੀ ਉਮਰ ਵਿਚ ਹੀ ਸ਼ਾਤ-ਸਮੁੰਦਰ ਬਣ ਗਿਆ ਸੀ, ਜਿਹੜੀ ਉਮਰ ਉਸਦੇ ਸੂਕਦਾ-ਦਰਿਆ ਬਣਨ ਦੀ ਸੀ।

"ਪਾਪਾ ਮੈਕਡੋਨਲਡ ਲੰਘ ਚੱਲਿਆ," ਪ੍ਰੀਤੀ ਤਿੱਖੀ ਆਵਾਜ਼ ਵਿਚ ਬੋਲੀ। ਕਠਪੁਤਲੀ ਵਾਂਗ ਮੇਰੇ ਪੈਰ ਬਰੇਕਾਂ 'ਤੇ ਗਏ। ਗੱਡੀ ਰੁਕ ਗਈ। ਮੈਂ ਕਹਿਣਾ ਤਾਂ ਚਾਹਿਆ ਸੀ, ਹੁਣੇ ਤਾਂ ਘਰੋਂ ਖਾ ਪੀ ਕੈ ਚੱਲੇ ਆਂ। ਹੁਣੇ ਭੋਖੜਾ ਲੱਗ ਗਿਆ। ਪਰ ਚੁੱਪ ਹੀ ਰਿਹਾ ਜਿਵੇਂ ਮੂੰਹ ਵਿਚ ਜ਼ਬਾਨ ਹੀ ਨਾ ਹੋਵੇ।

ਸਿੰਮੀ ਚਾਬੜਾਂ ਪਾਉਣ ਲੱਗ ਗਿਆ। ਇਕ ਪਾਸੇ ਕਾਰਾਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ, ਦੂਜੇ ਪਾਸੇ ਸਕੂਟਰ ਹੀ ਸਕੂਟਰ ਖੜ੍ਹੇ ਸਨ। ਵਿਹੜੇ ਨਾਲ ਉੱਚੀ ਜਗ੍ਹਾ 'ਤੇ ਦਸ-ਬਾਰਾਂ ਦੁਕਾਨਾਂ ਸਨ। ਨਾਲ ਹੀ ਪੈਟਰੋਲ ਪੰਪ। ਹਾਲ ਵਿਚ ਗਏ, ਮੇਲੇ ਵਰਗੀ ਰੌਣਕ ਸੀ। ਇਹ ਮੇਲਾ ਨਹੀਂ ਸੀ। ਆਧੁਨਿਕ ਪਿਕਨਿਕ ਸਪਾਟ ਸੀ। ਮੇਲਿਆਂ ਵਿਚ ਅਪਣੱਤ ਹੁੰਦੀ ਹੈ, ਆਪਣਾ ਸਭਿਆਚਾਰ ਹੁੰਦਾ ਹੈ, ਸਮਾਜਿਕ ਸਰੋਕਾਰ ਹੁੰਦੇ ਹਨ। ਮੇਲਿਆਂ ਵਿਚ ਆਪਸੀ ਸਾਂਝ ਹੁੰਦੀ ਹੈ, ਗਿਲੇ ਸ਼ਿਕਵੇ ਹੁੰਦੇ ਹਨ। ਮਨਾਂ ਵਿਚ ਪਈਆਂ ਹੋਈਆਂ ਗੰਢਾਂ ਖੁੱਲਦੀਆਂ ਜਾਂਦੀਆ ਹਨ। ਇਥੇ ਤਾਂ ਹਰ ਕੋਈ ਆਪਣੀ ਮੇਜ਼ 'ਤੇ ਸਿਮਟਿਆ ਬੈਠਾ ਸੀ। ਆਵਾਜ਼ਾਂ ਆ ਰਹੀਆਂ ਸਨ, ਹਾਸੇ ਛਣਕ ਰਹੇ ਸਨ, ਪਰ ਹਰ ਮੇਜ਼ ਦੀ ਆਪਣੀ ਹੀ ਦੁਨੀਆ ਸੀ। ਕਿਸੇ ਦੀ ਕੋਈ ਪ੍ਰਵਾਹ ਨਹੀਂ। ਕਿਸੇ ਨਾਲ ਕੋਈ ਸਰੋਕਾਰ ਨਹੀਂ। ਲੱਗਦਾ ਸੀ ਜਿਵੇਂ ਮਨੁੱਖ ਦੀ ਦੁਨੀਆਂ ਆਪਣੇ ਤੱਕ ਹੀ ਸੀਮਤ ਹੋ ਗਈ ਹੋਵੇ।

ਪ੍ਰੀਤੀ ਅਤੇ ਸਿੰਮੀ ਸਾਨੂੰ ਆਈਸ-ਕਰੀਮ ਫੜਾ ਗਏ ਅਤੇ ਆਪ ਬਰਗਰ ਖਾਂਦੇ ਘੁੰਮਣ ਲੱਗੇ। ਜਸਵਿੰਦਰ ਨੇ ਆਈਸ ਕਰੀਮ ਖਾਂਦਿਆਂ ਮੇਰਾ ਹੱਥ ਘੁੱਟਿਆ ਅਤੇ ਹੌਲੀ ਜਿਹੀ ਬੋਲੀ, 'ਰਿਲੈਕਸ ਪਲੀਜ਼'।

ਜਸਵਿੰਦਰ ਮੈਨੂੰ ਗੁੱਸੇ ਵੀ ਕਰ ਲੈਂਦੀ ਹੈ ਅਤੇ ਮੇਰਾ ਗੁੱਸਾ ਠੰਡਾ ਕਰਨਾ ਵੀ ਜਾਣਦੀ ਹੈ। ਉਸਦੀਆਂ ਨੱਚਦੀਆਂ ਅੱਖਾਂ ਨੂੰ ਦੇਖ, ਮੇਰੀ ਸਾਰੀ ਕੁੜੱਤਣ ਜਿਵੇਂ ਖ਼ਤਮ ਹੋ ਗਈ ਹੋਵੈ। ਮੈਂ ਵੀ ਜਿਵੇਂ ਆਪਣੇ ਵਿਚ ਹੀ ਸਿਮਟ ਕੇ ਰਹਿ ਗਿਆ ਹੋਵਾਂ। ਅਸੀ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ, ਹਾਸੇ ਦੀਆਂ ਫੁੱਲਝੜੀਆਂ ਚਲਾਉਂਦੇ ਰਹੇ। ਬਾਹਰ ਆ ਜਸਵਿੰਦਰ ਨੇ ਕਿਹਾ, "ਪ੍ਰੀਤੀ ਬੇਟੇ ਗੱਡੀ ਤੂੰ ਚਲਾ।" ਅਸੀਂ ਦੋਵੇਂ ਪਿਛਲੀ ਸੀਟ ਤੇ ਬੈਠੇ ਇਧਰ ਉਧਰ ਦੀਆਂ ਮਾਰਦੇ ਰਹੇ। ਪਤਾ ਹੀ ਨਹੀਂ ਲੱਗਿਆ, ਕਦੋਂ ਘਰ ਆ ਗਏ।

*****

ਪਿੰਡੋਂ ਫ਼ੋਨ ਆਇਆ। ਸੁੱਖ-ਸਾਂਦ ਤੋਂ ਬਾਅਦ ਮਾਂ ਬੋਲੀ, "ਤੇਰਾ ਪਿੰਡ ਆਉਣ ਨੂੰ ਜੀਅ ਹੀ ਨਹੀ ਕਰਦਾ। ਤਿੰਨ ਮਹੀਨੇ ਹੋ ਗਏ ਤੈਨੂੰ ਪਿੰਡ ਆਏ ਨੂੰ, ਨਾਲੇ ਮੈਂ ਤੈਨੂੰ ਕਿਹਾ ਸੀ, ਤੇਰਾ ਮਾਮਾ ਢਿੱਲੈ, ਉਹਨੂੰ ਮਿਲ ਆਈਂ।" ਮੈਥੋਂ ਏਨਾ ਹੀ ਕਹਿ ਹੋਇਆ, "ਇਸ ਐਤਵਾਰ ਜ਼ਰੂਰ ਆਉਂਗਾ।"

ਮੇਰੇ ਮਨ ਵਿਚ ਫਿਰ ਮਾਮੇ ਪੂਰਨ ਦੀਆਂ ਯਾਦਾਂ ਨੇ ਘੇਰਾ ਪਾ ਲਿਆ। ਮਾਮੇ ਪੂਰਨ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। ਇਕ ਵਾਰ ਮੈਂ ਪੁੱਛਿਆ, "ਮਾਮਾ ਤੇਰਾ ਵਿਆਹ ਕਰਵਾਉਣ ਨੂੰ ਚਿੱਤ ਹੀ ਨਹੀਂ ਕੀਤਾ?" ਉਹ ਹਉਕਾ ਲੈਂਦਿਆਂ ਬੋਲਿਆ, "ਵਿਆਹ ਕਰਵਾਉਣ ਨੂੰ ਕੀਹਦਾ ਚਿੱਤ ਨੀਂ ਕਰਦਾ। ਜਿਹੜੇ ਵੀ ਅੰਨ ਦਾ ਦਾਣਾ ਖਾਂਦੈ, ਉਹਦਾ ਵਿਆਹ ਕਰਵਾਉਣ ਨੂੰ ਚਿੱਤ ਤਾਂ ਕਰਦਾ ਈ ਐ। ਬੱਸ ਸਬੱਬ ਈ ਅਜਿਹਾ ਬਣਦਾ ਰਿਹਾ।" ਫਿਰ ਉਹਨੇ ਦੱਸਿਆ, "ਪਹਿਲੀ ਵਾਰ ਜਦੋਂ ਮੈਨੂੰ ਦੇਖਣ ਆਏ ਤਾਂ ਮੇਰੀ ਮਾਂ ਨੇ ਹਾਮੀ ਭਰ ਦਿੱਤੀ, ਪਰ ਜਦੋਂ ਉਹ ਦੂਜੀ ਵਾਰ ਆਏ, ਮਾਂ ਨੇ ਸਾਫ਼ ਕਹਿ ਦਿੱਤਾ, ਅਸੀਂ ਜੋਤਸ਼ੀ ਨੂੰ ਪੁੱਛਿਆ ਸੀ, ਉਹਨੇ ਦੱਸਿਆ, ਜੇ ਇਹਦਾ ਵਿਆਹ ਤੀਹ ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਤਾਂ ਇਹਨੇ ਬਚਣਾ ਨਹੀਂ। ਅਸੀਂ ਤਾਂ ਭਾਈ ਇਹਦਾ ਵਿਆਹ ਤੀਹ ਸਾਲ ਦੀ ਉਮਰ ਤੋਂ ਬਾਅਦ ਹੀ ਕਰਾਂਗੇ।"

ਮਾਮੇ ਪੂਰਨ ਨੇ ਸਿਰ ਸੁੱਟ ਕੇ ਕੰਮ ਕੀਤਾ। ਦੋਵਾਂ ਛੋਟੇ ਭਰਾਵਾਂ ਨੂੰ ਪੜ੍ਹਾਇਆ। ਉਸਤੋਂ ਛੋਟੇ ਹਰਜਿੰਦਰ ਨੂੰ ਸਾਕ ਆਇਆ। ਨਾਨੀ ਨੇ ਝੱਟ ਹਾਮੀ ਭਰ ਦਿੱਤੀ। ਕੁੜੀ ਕੈਨੇਡਾ ਤੋਂ ਆਈ ਹੋਈ ਸੀ। ਵਿਆਹ ਤੋਂ ਬਾਅਦ ਉਹ ਕੈਨੇਡਾ ਚਲਿਆ ਗਿਆ। ਘਰ ਨੂੰ ਭਾਗ ਲੱਗ ਗਏ।

ਮਾਮੇ ਪੂਰਨ ਨੂੰ ਫਿਰ ਦੇਖਣ ਵਾਲੇ ਆਏ, ਮਾਂ ਨੇ ਛੋਟੇ ਪੁੱਤ-ਧੀ ਵੱਲ ਵੇਖਦਿਆਂ ਹਉਕਾ ਭਰਦਿਆਂ ਆਖਿਆ, "ਭਾਈ ਤੀਹਾਂ ਤੋਂ ਪਹਿਲਾਂ ਜੇ ਇਹਦਾ ਵਿਆਹ ਹੋ ਗਿਆ, ਇਹਨੇ ਬਚਣਾ ਨਹੀਂ।"

ਹਰਜਿੰਦਰ ਮਾਮੇ ਨੇ, ਆਪਣੇ ਛੋਟੇ ਭਰਾ ਮੁਹਿੰਦਰ ਨੂੰ ਪਿੰਡ ਵਿਚ ਹੀ ਆਟਾ ਚੱਕੀ ਲਗਵਾ ਦਿੱਤੀ। ਖਾਦ ਅਤੇ ਫੀਡ ਦਾ ਸਟੋਰ ਖੁਲਵਾ ਦਿੱਤਾ। ਮੁਹਿੰਦਰ ਦੇ ਵਿਆਹ ਪਿੱਛੋਂ ਕਦੇ ਵੀ ਪੂਰਨ ਮਾਮੇ ਨੂੰ ਸਾਕ ਨਾ ਆਇਆ। ਅਗਲੇ ਕਹਿੰਦੇ ਵੱਡੇ ਛੱਡ ਕੇ ਛੋਟੇ ਵਿਆਹ ਲਏ, ਕੋਈ ਗੱਲ ਤਾਂ ਹੋਣੀ ਐ। ਕੋਈ ਐਬ ਤਾਂ ਹੋਣੈਂ। ਕੋਈ ਕਜ ਹੋਣੌਂ। ਕੋਈ ਤਾਂ ਚੱਕਰ ਹੋਣਾ ਈ ਐ। ਨਹੀਂ ਤਾਂ ਵੱਡੇ ਨੂੰ ਛੱਡ ਕੇ ਕੋਈ ਛੋਟੇ ਵਿਆਹੁੰਦੈ ਕਦੇ।

*****

ਪਿੰਡੋਂ ਬੀਬੀ ਨੂੰ ਲੈ ਮੈਂ, ਮਾਮੇ ਨੂੰ ਮਿਲਣ ਚਲਿਆ ਗਿਆ। ਮਾਮਾ ਸੋਟੀ ਫੜੀ, ਸਾਨੂੰ ਮੋੜ 'ਤੇ ਹੀ ਮਿਲ ਗਿਆ। ਮੈਂ ਪੈਰੀਂ ਹੱਥ ਲਾਇਆ, ਉਹਨੇ ਘੁੱਟ ਕੇ ਜੱਫੀ 'ਚ ਲੈ ਲਿਆ। ਬੀਬੀ ਦਾ ਸਿਰ ਪਲੋਸਿਆ। ਅਸੀਂ ਬੈਠਕ ਵਿਚ ਬੈਠ ਗਏ। ਮੈਂ ਉੱਠ ਕੇ ਛੋਟੀ ਮਾਮੀ ਨੂੰ ਮਿਲ ਆਇਆ, ਉਹਦੀ ਪੋਤੀ ਨੂੰ ਪਿਆਰ ਦੇ ਆਇਆ। ਬੀਬੀ, ਛੋਟੀ ਮਾਮੀ ਨਾਲ, ਉਸਦੀ ਨੂੰਹ ਨਾਲ ਦੁੱਖ-ਸੁੱਖ ਕਰਨ ਲੱਗ ਗਈ।

"ਦੋਹਤਮਾਨਾ, ਤੇਰਾ ਜੀਅ ਕਰ ਹੀ ਆਇਆ ਮਿਲਣ ਨੂੰ।" ਮਾਮੇ ਨੇ ਫਿਰ ਮੈਨੂੰ ਗਲਵੱਕੜੀ 'ਚ ਲੈ ਲਿਆ।

"ਮਾਮਾ ਚਿੱਤ ਤਾਂ ਹਮੇਸ਼ਾ ਤੇਰੇ ਕੋਲ ਹੀ ਰਹਿੰਦੈ। ਤੇਰੇ ਵਰਗਾ ਬੰਦਾ ਭਲਾ ਭੁੱਲਦੈ ਕਿਸੇ ਨੂੰ।"

ਬੀਬੀ ਚਾਹ ਲਿਆ ਸਾਡੇ ਕੋਲ ਆ ਬੈਠੀ। "ਹੋਰ ਸਿਹਤਾਂ ਕਿਵੇ ਨੇ?" ਚਾਹ ਦੀ ਘੁੱਟ ਭਰਦਿਆਂ ਮੈਂ ਸਹਿਜ-ਸੁਭਾਅ ਹੀ ਕਿਹਾ।

"ਸ਼ੁਕਰ ਐ ਦਾਤੇ ਦਾ, ਜਿਹੜਾ ਵੇਲਾ ਲੰਘ ਜੇ।" ਰਤਾ ਕੁ ਚੁੱਪ ਹੋ ਕੇ ਉਹ ਫਿਰ ਬੋਲਿਆ, "ਮੁਹਿੰਦਰ ਕੁਰੇ, ਸਕੂਲ ਪੜ੍ਹਦਿਆਂ ਇਹ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਏਥੇ ਹੀ ਕੱਟਦਾ ਸੀ, ਹੁਣ ਸਭ ਕੁੱਝ ਵਿਸਾਰ ਈ ਦਿੱਤੈ। ਆਹੋ ਭਾਈ, ਆਪਣੀ ਕਬੀਲਦਾਰੀ 'ਚ ਰੁੱਝੇ ਬੰਦੇ ਨੂੰ ਹੋਰ ਕੁਝ ਨਹੀਂ ਦੀਂਹਦਾ

ਇਸ਼ਕ ਮੇਰਾ ਇਮਾਨ ਹੈ ਪਿਆਰੇ। ਹਰ ਕਦਮ ਇਮਤਿਹਾਨ ਹੈ ਪਿਆਰੇ।
ਵਲਵਲੇ ਹੁਣ ਛੁਪਾ ਨਹੀਂ ਰੱਖਣੇ, ਚੇਤਨਾ ਹੀ ਅਜ਼ਾਨ ਹੈ ਪਿਆਰੇ। -ਮੇਜਰ ਸਿੰਘ

ਹੁੰਦਾ।" ਮਾਮੇ ਨੇ ਹਉਕੇ ਵਰਗੀ ਆਵਾਜ਼ ਵਿਚ ਕਿਹਾ। ਫਿਰ ਕਹਿਣ ਲੱਗਿਆ, "ਮੁਹਿੰਦਰ ਕੁਰ ਨੂੰ ਕੋਈ ਤਕਲੀਫ਼ ਨਾ ਹੋਣ ਦੇਈਂ," ਉਹ ਮੇਰੇ ਮੋਢੇ 'ਤੇ ਹੱਥ ਫੇਰਨ ਲੱਗਿਆ।

ਮੇਰੀ ਮਾਂ ਬੋਲੀ, "ਮੇਰਾ ਵਿਆਹ ਪੂਰਨ ਵੀਰ ਨੇ ਬਹੁਤ ਰੀਝ ਨਾਲ ਕੀਤਾ ਸੀ। ਕਿਸੇ ਚੀਜ਼ ਦੀ ਰੜਕ ਨਹੀਂ ਸੀ ਰਹਿਣ ਦਿੱਤੀ। ਜੰਞ ਦੀ ਸੇਵਾ ਵੱਧ ਤੋਂ ਵੱਧ ਕੀਤੀ। ਮੈਨੂੰ ਗਹਿਣਿਆਂ ਨਾਲ ਲੱਦ ਦਿੱਤਾ। ਲੀੜੇ-ਲੱਤੇ ਦੀ ਕਸਰ ਨਹੀਂ ਸੀ ਰਹਿਣ ਦਿੱਤੀ। ਦਾਜ ਦੇਖ ਗੁਆਂਢਣਾਂ ਮੂੰਹ ਵਿਚ ਉਂਗਲਾਂ ਪਾਉਂਦੀਆਂ ਸਨ। ਤੇਰੇ ਪਿਓ ਦੀ ਭੂਆ ਤਾਂ ਵਾਰ ਵਾਰ ਕਹੀ ਜਾਵੇ, ਅੱਗੋਂ 'ਕਨੇਡਾ' ਵਾਲੇ ਨੇ ਭਾਈ।"

"ਭੂਆ ਠੀਕ ਹੀ ਕਹਿੰਦੀ ਸੀ," ਮੈਂ ਹੁੰਗਾਰਾ ਭਰਿਆ।

"ਕਾਹਨੂੰ ਭਾਈ, ਕੈਨੇਡਾ ਵਾਲਾ ਤਾਂ ਵਿਆਹ 'ਚ ਆਇਆ ਹੀ ਨਹੀਂ ਸੀ, ਫਿਰ ਵੀ ਮੈਨੂੰ ਕਾਹਦੀ ਘਾਟ ਸੀ। ਮੈਂ ਪੂਰਨ ਵੀਰ ਦੀ ਧੀ ਹਾਂ। ਪਿਓ ਦੀ ਤਾਂ ਮੈਨੂੰ ਸੁਰਤ ਹੀ ਨਹੀਂ। ਮੇਰਾ ਤਾਂ ਇਹ ਹੀ ਪਿਓ ਹੈ। ਮੇਰੀ ਤਾਂ ਹਰ ਸੱਧਰ ਇਹਨੇ ਹੀ ਪੂਰੀ ਕੀਤੀ ਹੈ।" ਮੈਂ ਦੇਖਿਆ ਬੀਬੀ ਦੀਆਂ ਪਲਕਾਂ ਗਿੱਲੀਆਂ ਹੋ ਗਈਆਂ ਸਨ। ਉਹ ਫਿਰ ਬੋਲੀ, "ਹਰਜਿੰਦਰ ਵੀਰ ਦੇ ਨਾ ਆਉਣ ਦਾ ਬੇਬੇ ਨੂੰ ਦੁੱਖ ਤਾਂ ਬਹੁਤ ਸੀ, ਪਰ ਜਦੋਂ ਉਹ ਪੂਰਨ ਵੀਰ ਦੇ ਮੂੰਹ ਵੱਲ ਵੇਖਦੀ ਤਾਂ ਉਹਦੀ ਹਰ ਚਿੰਤਾ ਕਾਫ਼ੂਰ ਵਾਂਗ ਉੱਡ ਜਾਂਦੀ। ਇਸ ਦੇ ਮੂੰਹ ਵੱਲ ਵੇਖਦਿਆਂ ਜਿਵੇਂ ਉਸ ਨੂੰ ਕਿਸੇ ਜਿੱਤ ਦਾ ਅਹਿਸਾਸ ਹੋ ਜਾਂਦਾ। ਉਸਦੀ ਖ਼ੁਸ਼ੀ ਨਾਲ ਦੁੱਗਣੀ ਹੋ ਜਾਂਦੀ।"

"ਤੇਰੀ ਮਾਂ ਬਹੁਤ ਭੋਲ਼ੀ ਐ ਪੁੱਤਰਾ। ਬਹੁਤ ਹੀ ਭੋਲ਼ੀ।" ਮਾਮਾ ਕੁਝ ਚਿਰ ਚੁੱਪ ਰਹਿ, ਫਿਰ ਬੋਲਿਆ, "ਜਦੋਂ ਅਸੀਂ ਤਿੰਨਾਂ ਭਰਾਵਾਂ ਨੇ ਜ਼ਮੀਨ ਆਪਣੇ ਨਾਂਅ ਕਰਵਾਈ, ਤਹਿਸੀਲਦਾਰ ਨੇ ਇਹਨੂੰ ਪੁੱਛਿਆ ਮੁਹਿੰਦਰ ਕੁਰੇ ਤੂੰ ਹਿੱਸਾ ਲੈਣਾ, ਪਤੈ ਇਹ ਕੀ ਬੋਲੀ ਸੀ, ਅਖੇ ਹਿੱਸਾ ਤਾਂ ਮੈਂ ਆਪਣੇ ਪਿਓ ਮਰੇ ਤੋਂ ਨਾ ਲਵਾਂ। ਅਜੇ ਤਾਂ ਮੇਰਾ ਪਿਓ ਜਿਉਂਦੈ। ਇਹ ਮੇਰੇ ਮੋਢੇ ਲੱਗ ਫੁੱਟ-ਫੁੱਟ ਰੋ ਪਈ ਸੀ।"

ਚਾਹ ਪਾਣੀ ਪੀ ਉਹ ਸੋਟੀ ਫੜ ਹੌਲੀ ਹੌਲੀ ਤੁਰਦਾ, ਮੈਨੂੰ ਨਿਆਈਂ ਦੇ ਖੇਤ ਵਿਚ ਲੈ ਆਇਆ। "ਦੇਖ ਦਾਤੇ ਨੇ ਰੰਗ-ਭਾਗ ਲਾਏ ਪਏ ਨੇ," ਉਹ ਬੋਲਿਆ ਤਾਂ ਮੈਨੂੰ ਲੱਗਿਆ ਜਿਵੇਂ ਉਸ ਨੇ ਹਉਕਾ ਲਿਆ ਹੋਵੇ।

"ਮਾਮਾ, ਚਿੱਤ ਠੀਕ 'ਨੀਂ ਅੱਜ?"

"ਚਿੱਤ ਨੂੰ ਕਈ ਹੋਇਐ! ਠੀਕ ਐ। ਪੂਰਾ ਠੀਕ ਐ। ਅੱਠੋ-ਅੱਠ ਹੈ। ਤੈਨੂੰ ਦੇਖਕੇ ਚਿੱਤ ਕਿਵੇਂ 'ਨੀਂ ਠੀਕ ਰਹੂਗਾ। ਦੋਵੇਂ ਭਾਈ ਮੌਜ਼ਾਂ ਕਰਦੇ ਨੇ, ਰੰਗੀ ਵੱਸਦੇ ਨੇ। ਮੁਹਿੰਦਰ ਕੌਰ ਆਪਣੇ ਘਰ ਰਾਜ਼ੀ ਐ। ਮੈਨੂੰ ਕਾਹਦੀ ਤੋਟ ਆ।" ਮੈਨੂੰ ਲੱਗਿਆ ਜਿਵੇਂ ਸਮੁੰਦਰ ਅੰਦਰੋਂ ਖੌਲ ਰਿਹਾ ਹੋਵੇ।

"ਅੱਜ ਬੇਬੇ ਜਿਉਂਦੀ ਹੁੰਦੀ, ਫੁੱਲੀ ਨਾ ਸਮਾਉਂਦੀ। ਉਸ ਦੀ ਆਸ ਨੂੰ ਫਲ ਲੱਗ ਗਏ ਨੇ। ਉਸ ਦੀ ਜੁਗਤ ਸਫ਼ਲ ਰਹੀ।" ਮੈਂ ਮਾਮੇ ਵੱਲ ਦੇਖਿਆ, ਉਸਦੀਆਂ ਗੱਲਾਂ 'ਚੋਂ ਉਦਾਸੀ ਝਲਕਦੀ ਸੀ ਪਰ ਚਿਹਰਾ ਸ਼ਾਂਤ ਦਿਸਦਾ ਸੀ।

ਘਰ ਆ ਜਦੋਂ ਮੈਂ ਸੁਭਾਵਕ ਹੀ ਆਪਣੇ ਸਿਹਤ ਦਿ ਖ਼ਿਆਲ ਰੱਖਣ ਲਈ ਕਿਹਾ ਤਾਂ ਉਹ ਗਿਣੇ-ਮਿਣੇ ਸ਼ਬਦਾਂ 'ਚ ਬੋਲਿਆ, "ਰੱਤੀ ਵਧੇ ਨਾ ਤਿਲ ਘਟੇ ਜੋ ਲਿਖਿਆ ਕਰਤਾਰ।"

"ਮਾਮਾ, ਜੇ ਇਹ ਹੀ ਗੱਲ ਐ ਤਾਂ ਫਿਰ ਤੀਹਾਂ ਤੋਂ ਪਹਿਲਾਂ ਵਿਆਹ ਕਰਵਾ ਕੇ ਤੂੰ ਕਿਵੇਂ ਮਰ ਜਾਂਦਾ।" ਮੇਰੇ ਮੂੰਹ ਨਿਕਲਿਆ।

"ਤੂੰ ਵੀ ਮਾਂ ਵਰਗਾ ਭੋਲ਼ਾ ਈ ਐਂ। ਵਿਆਹ ਕਰਵਾ ਮੈਂ, ਆਪਣੀ ਟੱਬਰੀ 'ਚ ਉਲਝ ਜਾਂਦਾ। ਇਹਨਾਂ ਲਈ ਤਾਂ ਮੈ ਮਰ ਹੀ ਜਾਣਾ ਸੀ। ਬੇਬੇ ਦੂਰ ਅੰਦੇਸ਼ ਸੀ।"

ਮੈਂ ਬੀਬੀ ਨੂੰ ਚੱਲਣ ਲਈ ਕਿਹਾ ਤਾਂ ਉਹ ਬੋਲੀ, "ਤੂੰ ਜਾਹ। ਮੈਂ ਤਾਂ ਸਵੇਰੇ ਆਊਂਗੀ। ਤੂੰ ਚਲਾ ਜਾਹ। ਮੈਂ ਬੱਸ ਆ ਜਾਊਂਗੀ।"

*****

ਮੈਂ ਟੂਰ 'ਤੇ ਗਿਆ ਹੋਇਆ ਸੀ ਜਦੋਂ ਜਸਵਿੰਦਰ ਨੇ ਪੂਰਨ ਮਾਮੇ ਦੇ ਪੂਰਾ ਹੋਣ ਦੀ ਖ਼ਬਰ ਦਿੱਤੀ। ਮੈਂ ਉਸ ਨੂੰ ਕਿਹਾ ਤੂੰ ਸਸਕਾਰ 'ਤੇ ਚਲੀ ਜਾਹ।"

"ਤੁਹਾਨੂੰ ਪਤਾ ਹੀ ਐ ਬੈਂਕ 'ਚ ਕੰਮ ਕਿੰਨੈ। ਕਲੋਜ਼ਿੰਗ ਦੇ ਦਿਨ ਨੇ। ਭੋਗ 'ਤੇ ਜਾ ਆਵਾਂਗੇ।"

"ਕਹਿਣਾ ਮੰਨ ਲੈ, ਜਾਇਆ।"

"ਤੁਸੀਂ ਕਿੰਨਾ ਕੁ ਕਹਿਣਾ ਮੰਨਦੇ ਹੁੰਨੇ ਓ।" ਮੈਨੂੰ ਲੱਗਿਆ, ਉਹ ਹੋਰ ਵੀ ਪੁੱਠਾ ਸਿੱਧਾ ਬੋਲ ਸਕਦੀ ਹੈ। ਮਨ ਤਾਂ ਪਹਿਲਾਂ ਹੀ ਦੁਖੀ ਸੀ। ਮੈਂ ਫ਼ੋਨ ਰੱਖ ਦਿੱਤਾ।

ਭੋਗ ਵਾਲੇ ਦਿਨ ਅਸੀਂ ਵਕਤ ਸਿਰ ਚਲੇ ਗਏ। ਭੋਗ ਤੋਂ ਮਗਰੋਂ ਪਿੰਡ ਦੇ ਸਰਪੰਚ ਨੇ ਸ਼ਰਧਾਂਜਲੀ ਸ਼ਬਦ ਕਹੇ। ਉਹ ਪੂਰਨ ਮਾਮੇ ਬਾਰੇ ਕੁਝ ਨਾ ਬੋਲਿਆ, ਕੈਨੇਡਾ ਵਾਲੇ ਮਾਮੇ ਹਰਜਿੰਦਰ ਦੀਆਂ ਸਿਫਤਾਂ ਕਰੀ ਜਾਵੇ ਅਤੇ ਮਾਮੇ ਮੁਹਿੰਦਰ ਦੀ ਪ੍ਰਸੰਸਾ ਦੇ ਪੁਲ ਬੰਨੇ। ਅੰਤ ਵਿਚ ਮੇਰਾ ਨਾਂਅ ਲੈਂਦਿਆਂ, ਆਈ ਸੰਗਤ ਦਾ ਧੰਨਵਾਦ ਕਰਨ ਲਈ ਕਿਹਾ। ਮੈਨੂੰ ਸਮਝ ਨਹੀਂ ਸੀ ਆ ਰਹੀ ਕੀ ਕਹਾਂ। ਮੈਥੋਂ ਏਨਾ ਹੀ ਕਹਿ ਹੋਇਆ ਕਿ "ਸਾਡੇ ਦੁੱਖ ਵਿਚ ਸ਼ਰੀਕ ਹੋਈ ਸਾਰੀ ਸੰਗਤ ਦਾ ਮੈਂ ਸਾਰੇ ਪਰਿਵਾਰ ਵੱਲੋਂ ਧੰਨਵਾਦ ਕਰਦਾਂ। ਜਿਵੇਂ ਲੋਕ-ਨਾਇਕ ਸਰਵਣ ਆਪਣੇ ਮਾਂ-ਪਿਓ ਦੀ ਵਹਿੰਗੀ ਚੁੱਕੀ ਕੁਰਬਾਨ ਹੋ ਗਿਆ ਸੀ, ਉਵੇਂ ਹੀ ਮਾਮਾ ਪੂਰਨ ਸਾਡੇ ਪਰਿਵਾਰ ਲਈ ਕੁਰਬਾਨ ਹੋ ਗਿਆ।"

ਰਿਸ਼ਤੇਦਾਰਾਂ ਨੂੰ ਮਿਲਣ ਉਪਰੰਤ ਜਦੋਂ ਮੈਂ ਤੁਰਨ ਲਈ ਬੀਬੀ ਤੋਂ ਵਿਦਾ ਲੈਣ ਲੱਗਿਆ, ਮਾਮਾ ਮੁਹਿੰਦਰ ਬੀਬੀ ਨਾਲ ਗੱਲਾਂ ਕਰ ਰਿਹਾ ਸੀ। ਮੈਂ ਜ਼ੇਬ ਵਿੱਚੋਂ ਕਾਰ ਦੀ ਚਾਬੀ ਕੱਢੀ ਅਤੇ ਜਸਵਿੰਦਰ ਨੂੰ ਤੁਰਨ ਦਾ ਇਸ਼ਾਰਾ ਕੀਤਾ। ਮਾਮਾ ਮੁਹਿੰਦਰ ਬੋਲਿਆ, "ਭਾਣਜਿਆ, ਮਹਾਰਾਜ ਦੀ ਹਜ਼ੂਰੀ ਵਿਚ ਝੂਠ ਨਹੀਂ ਬੋਲੀਦਾ। ਸਾਨੂੰ ਵੀ ਦੱਸ ਜਾ, ਬਾਈ ਨੇ ਕੀ ਕੁਰਬਾਨੀ ਕੀਤੀ ਸੀ?"

ਮੈਂ ਉਸ ਦੀ ਗੱਲ ਸੁਣ ਸੁੰਨ ਹੋ ਗਿਆ। ਪੈਰ ਥਾਏਂ ਜੰਮ ਗਏ।" ਮਾਮਾ ਤੂੰ ਤਾਂ ਏਨਾ ਭੋਲ਼ਾ ਨਹੀ! ਤੈਨੂੰ ਵੀ ਨਹੀਂ ਪਤਾ, ਜਦੋਂ ਨਾਨੀ ਨੇ ਮਾਮੇ ਦੀ ਕੁਰਬਾਨੀ ਲਈ ਸੀ, ਉਹਨੂੰ ਵੀ ਪਤਾ ਨਹੀਂ ਸੀ ਲੱਗਣ ਦਿੱਤਾ। ਜਦੋਂ ਉਹਨੂੰ ਸਮਝ ਆਈ, ਉਦੋਂ ਬਹੁਤ ਦੇਰ ਹੋ ਗਈ ਸੀ। ਨਾਨੇ ਨੇ ਉਹਦਾ ਨਾਂਅ ਸੰਪੂਰਨ ਸਿੰਘ ਰੱਖਿਆ ਸੀ। ਨਾਨੀ ਉਹਨੂੰ ਪੂਰਨ ਕਹਿੰਦੀ ਰਹੀ। ਸੱਚ ਦੱਸਾਂ, ਉਹ ਪੂਰਨ ਵੀ ਸੀ, ਅਪੂਰਨ ਵੀ।" ਮੇਰੀਆਂ ਅੱਖਾਂ ਭਰ ਆਈਆਂ।

ਜਸਵਿੰਦਰ ਨੇ ਮੇਰੇ ਵੱਲ ਦੇਖਦਿਆਂ ਨੀਵੀਂ ਪਾ ਲਈ ਅਤੇ ਮੇਰੇ ਹੱਥੋਂ ਕਾਰ ਦੀ ਚਾਬੀ ਫੜ ਮੇਰੇ ਅੱਗੇ ਅੱਗੇ ਤੁਰ ਪਈ।

"ਪੁਤ, ਮੈਂ ਥੋੜੇ ਨਾਲ ਹੀ ਜਾਣੈਂ। ਮੈਨੂੰ ਪਿੰਡ ਛੱਡ ਕੇ ਜਾਇਓ।" ਬੀਬੀ ਸਾਡੇ ਨਾਲੋਂ ਵੀ ਕਾਹਲੀ ਸੀ।

ਦਿਲ ਦੇ ਵਿਹੜੇ ਕਮਰਾ ਇਕ ਬਣਾਇਆ ਹੈ।
ਉਸਨੂੰ ਹਉਕੇ, ਹਾਵਾਂ ਨਾਲ ਸਜਾਇਆ ਹੈ। (ਅਗਲੇ ਸਫ਼ੇ 'ਤੇ)

ਕਹਾਣੀ

# ਲਾਂਬੂ

## ਸਰਘੀ



ਸਰਘੀ

ਸਰਘੀ: ਦੀਆਂ ਕਹਾਣੀਆਂ ਔਰਤ ਮਨ ਦੀਆਂ ਅੰਦਰਲੀਆਂ ਪਰਤਾਂ ਨੂੰ ਫਰੋਲਦੀਆਂ ਨੇ, ਜਿੰਨਾਂ ਨੂੰ ਔਰਤ ਅਕਸਰ ਆਪਣੇ ਹਾਸਿਆਂ ਹੌਕਿਆਂ ਅਤੇ ਸਮਝੌਤਿਆਂ ਹੇਠ ਦਬਾਈਂ ਰੱਖਦੀ ਐ। ਉਸਦੀਆਂ ਕਹਾਣੀਆਂ 'ਚ ਅਜੋਕੀ ਔਰਤ ਇਸ ਜਿੱਲਣ ਚੋਂ ਨਿਕਲਕੇ ਮਰਦ ਦੇ ਬਰਾਬਰ ਆਪਣੇ ਹੱਕਾਂ ਲੈਣ, ਜੀਊਣ ਲਈ ਜੂਝਦੀ ਐ, ਹਮੇਸ਼ਾ ਸੱਚ ਦੇ ਪਿੱਛੇ ਲੁਕੇ ਸੱਚ ਨੂੰ ਕੁਰੇਦਣ ਦੇ ਆਹਰ ਵਿੱਚ ਰਹਿੰਦੀ ਐ। ਸਰਘੀ, ਜੀਵਨ ਦੇ ਮਨੋਵਿਗਿਆਨ ਨੂੰ ਚਿਤਰਦੀ ਬੜੇ ਬੋਲਡ ਲਹਿਜੇ ਵਿੱਚ ਹਰ ਮਸਲੇ 'ਤੇ ਸ਼ਿੱਦਤ ਤੇ ਸੰਵੇਦਨਸ਼ੀਲਤਾ ਨਾਲ ਗੱਲ ਕਰਦੀ ਹੋਈ ਦੇ ਹਮੇਸ਼ਾ ਸਮਾਜਿਕ ਨਾ ਬਰਾਬਰੀ ਦੀ ਚੀਸ ਧੁਰ ਅੰਦਰ ਕਿਤੇ ਉਸਦੇ ਵਜਦੀ ਰਹਿੰਦੀ ਐ। ਕੁਝ ਇਸੇ ਤਰ੍ਹਾਂ ਦੀ ਗੱਲ ਉਸਦੀ 'ਲਾਂਬੂ' ਕਹਾਣੀ ਵਿਚ ਕੀਤੀ ਐ, ਪਿੰਡ ਦੇ ਵਾਤਾਵਰਨ, ਸੱਭਿਆਚਾਰ ਦੀਆਂ ਬੜੀ ਗਹਿਰਾਈ ਨਾਲ ਪਰਤਾਂ ਫਰੋਲਦੀ ਇਹ ਕਹਾਣੀ ਇਸੇ ਵਿਸ਼ੇਸ਼ ਕਹਾਣੀ ਅੰਕ ਵਿੱਚ ਪਾਠਕਾਂ ਦੀ ਨਜ਼ਰ ਹੈ।-ਦਰਸ਼ਨ ਜੋਗਾ

ਮੈਂ ਬਹੁਤ ਥੱਕਿਆ ਹੋਇਆ ਸੀ ਤੇ ਪਤਾ ਨਹੀਂ ਕਿਹੜੇ ਵੇਲੇ ਅੱਖ ਲੱਗ ਗਈ। ਮੀਟੀਆਂ ਅੱਖਾਂ ਨੂੰ ਅੱਗ ਦੇ 'ਲਾਂਬੂ' ਦਿਸਣ ਲੱਗੇ। ਹਰ ਮੁਰਦੇ ਨੂੰ ਉਹਦੇ ਵਾਰਿਸ ਹਫ਼ੜਾ-ਦਫ਼ੜੀ 'ਚ 'ਲਾਂਬੂ' ਲਾ ਰਹੇ ਸਨ। ਪਰ ਮੇਰੇ ਕੋਲੋਂ ਆਪਣੇ ਬਾਪੂ ਨੂੰ 'ਲਾਂਬੂ' ਨਹੀਂ ਲਾ ਹੋਇਆ। ਕੋਸ਼ਿਸ਼ ਕੀਤੀ ਸੀ, ਪਰ ਨੇਜ਼ਿਆਂ, ਛੁਰੀਆਂ ਤੇ ਤਲਵਾਰਾਂ ਦੇ ਹਜ਼ੂਮ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਫਿਰ ਹਥਿਆਰਾਂ ਦਾ ਹਜ਼ੂਮ ਕਿਧਰੇ ਦੂਰ ਰਹਿ ਜਾਂਦਾ ਹੈ। ਆਪਣੀ ਜਾਨ ਬਚਾ ਲੈਂਦਾ ਹਾਂ... ਪਰ ਗੱਡੇ 'ਤੇ ਪਈ ਲਾਸ਼ ਦੀਆਂ ਅੱਖਾਂ ਤੋਂ ਬਚਿਆ ਨਹੀਂ ਜਾਂਦਾ। ਉਹ ਤਾਂ ਅਜੇ ਵੀ ਮੇਰਾ ਪਿੱਛਾ ਕਰ ਰਹੀਆਂ ਹਨ। ਮੈਂ ਬੌਂਦਲਿਆ ਜਿਹਾ ਉੱਠਦਾ ਹਾਂ... ਪਰ ਮੈਂ ਤਾਂ ਆਪਣੇ ਬਾਪ ਦਾ ਸਸਕਾਰ ਆਪਣੇ ਹੱਥੀਂ ਕੀਤਾ ਸੀ। ਸਾਹਮਣੇ ਕੰਧ 'ਤੇ ਲੱਗੀ ਫੋਟੋ ਵਿਚਲਾ ਬਾਪੂ ਮੁਸਕਰਾਉਂਦਾ ਹੈ। ਮੈਂ ਬੀਤੇ ਨੂੰ ਹੰਘਾਲਦਾ ਹਾਂ ਤੇ ਫਿਰ ਬਾਪੂ ਬੋਲਣ ਲੱਗ ਪਿਆ ਸੀ- "ਪੁੱਤਰਾ, ਜਦ ਕਦੇ ਜ਼ਮੀਨ-ਜੈਦਾਦ ਵੇਖ ਬਹੁਤਾ ਹੰਕਾਰ ਆ ਜਾਵੇ ਤਾਂ ਚੇਤੇ ਕਰ ਲਿਆ ਕਰੀਂ, ਸੰਤਾਲੀ ਵੇਲੇ 'ਭੋਇੰ-ਨਈ' ਦੇ ਮਾਲਕ ਤੇਰੇ ਦਾਦੇ ਨੂੰ ਖੱਫਣ ਵੀ ਨਹੀਂ ਸੀ ਜੁੜਿਆ ਤੇ ਨਾ ਹੀ ਉਹਦੀ ਚਿਖਾ ਨੂੰ ਪੁੱਤ ਦੇ ਹੱਥੋਂ 'ਲਾਂਬੂ' ਲਾ ਹੋਇਆ ਸੀ।

ਸਵੇਰੇ-ਸਵੇਰ ਆਇਆ ਇਹ ਸੁਪਨਾ ਮੈਨੂੰ ਬੇਚੈਨੀ ਦੇ ਗਿਆ ਸੀ। ਬਈਏ ਨੂੰ ਨਾਲ ਲੈ ਮੈਂ 'ਚੜ੍ਹਦੀ ਪੱਤੀ' ਦੀਆਂ ਮੜ੍ਹੀਆਂ ਵੱਲ ਲੱਗੇ ਬੂਟਿਆਂ ਨੂੰ ਪਾਣੀ ਦੇਣ ਤੁਰ ਪੈਂਦਾ ਹਾਂ। ਉਂਜ ਤਾਂ 'ਲਹਿੰਦੀ ਪੱਤੀ' ਦੀਆਂ ਮੜ੍ਹੀਆਂ 'ਚ ਵੀ ਫੁੱਲ-ਬੂਟੇ ਮੈਂ ਹੀ ਲਗਵਾਏ ਸੀ, ਪਰ ਪਤਾ ਨਹੀਂ ਕਿਉਂ ਮੈਂ ਉਨ੍ਹਾਂ ਬੂਟਿਆਂ ਨੂੰ ਆਪ ਪਾਣੀ ਦੇਣ ਕਦੇ ਨਹੀਂ ਗਿਆ ਸੀ। ਆਪਣੇ ਹੀ ਪਿੰਡ ਦੀਆਂ ਗਲੀਆਂ ਮੈਨੂੰ ਪੂਰੀਆਂ ਜਿਹੀਆਂ ਲੱਗੀਆਂ। ਕੰਮ-ਧ ੰਦਿਆਂ ਦੇ ਦਿਨ ਸੀ। ਕਹਿੰਦੇ ਹੁੰਦੇਆ... ਇੰਨ੍ਹਾਂ ਦਿਨਾਂ 'ਚ ਤਾਂ ਜ਼ਿਮੀਂਦਾਰ ਆਪਣੀ ਮਰੀ ਮਾਂ 'ਭੜੋਲੇ' ਪਾ ਛੱਡਦੇ... ਪਰ ਹੁਣ ਤਾਂ ਉਹ ਜਿਉਂਦੇ ਜੀਅ ਆਪ ਹੀ 'ਭੜੋਲੇ' 'ਚ ਪੈ ਗਏ ਸੀ।

ਮੌਸਮ ਬਹਾਰ ਦਾ ਸੀ... ਕਣਕ ਨਿੱਸਰ ਆਈ ਸੀ... ਕੋਇਲ ਦੀ ਕੂ-ਕੂ ਦੂਰ ਤਕ ਸੁਣ ਰਹੀ ਸੀ। ਪਸ਼ੂ, ਪੰਛੀ, ਪਰਿੰਦਿਆਂ 'ਤੇ 'ਚੰਦਰੇ ਵਾਇਰਸ' ਦਾ ਕੋਈ ਅਸਰ ਨਹੀਂ ਸੀ। ਪਰ ਬੰਦੇ ਨੂੰ ਇਸ 'ਕਰੋਨਾ ਵਾਇਰਸ' ਨੇ ਕਾਸੇ ਜੋਗਾ ਨਹੀਂ ਰਹਿਣ ਦਿੱਤਾ ਸੀ। ਗਲੀ ਦੀ 'ਸੁੰਨ-ਮਸਾਣ ਵੇਖ ਮੇਰੇ ਅੰਦਰੋਂ ਪੀਉ ਬੋਲਣ ਲ ੱਗ ਪਿਆ... "ਗਲੀਆਂ ਹੋ ਜਾਣ ਸੁੰਨੀਆਂ... ਵਿੱਚ ਮਿਰਜ਼ਾ ਯਾਰ ਫਿਰੇ...।" ਤੇ ਇਸ ਵੇਲੇ ਮੈਨੂੰ ਆਪਣਾ ਆਪ ਮਿਰਜ਼ੇ ਤੋਂ ਘੱਟ ਨਹੀਂ ਲੱਗ ਰਿਹਾ ਸੀ।

ਤਿੰਨ ਮਹੀਨੇ ਪਹਿਲਾਂ ਚੀਨ *ਚ ਨਵੇਂ ਵਾਇਰਸ ਦੀ ਗੱਲ ਸੁਣੀ ਸੀ। ਉਦੋਂ ਮੈਂ ਮਾੜਾ-ਮੋਟਾ ਅਖ਼ਬਾਰ 'ਚੋਂ ਇਹਦੇ ਬਾਰੇ ਪੜ੍ਹਿਆ ਸੀ। ਪਰ ਬਹੁਤੇ ਪਿੰਡ ਵਾਲੇ ਇਸ ਤੋਂ ਅਣਜਾਣ ਹੀ ਸਨ। ਰੋਜ਼ ਦੀ ਤਰ੍ਹਾਂ ਮੈਂ ਆਪਣੇ ਪੋਤਿਆਂ ਨੂੰ 'ਕਪਾਲ ਭਾਤੀ' ਕਰਵਾ ਰਿਹਾ ਸੀ। ਅਸੀਂ ਸ਼ਾਂਤ-ਚਤ ਬੈਠੇ ਕਿਰਿਆਵਾਂ ਕਰ ਰਹੇ ਸੀ। ਅੰਦਰੋਂ ਮੇਰਾ ਮੁੰਡਾ ਆਇਆ ਤਾਂ ਮੇਰੇ ਗਲ ਹੀ ਪੈ ਗਿਆ। ਹਲਕਿਆਂ ਵਾਂਗ ਉੱਚੀ ਸਾਰੀ ਬੋਲਦਾ ਕਹਿਣ ਲ ੱਗਾ- "ਦੁਨੀਆ 'ਚ ਮਹਾਂਮਾਰੀ ਫੈਲੀ ਹੋਈ ਆ ਤੇ ਤੁਸੀਂ ਇੱਕ'ਦੂਜੇ ਦੇ ਸਾਹਮਣੇ ਬਹਿ ਕੇ ਇੱਕ'ਦੂਜੇ ਦੇ ਸਾਹਾਂ 'ਚ ਸਾਹ ਕੱਢ-ਪਾ ਰਹੇ ਹੋ। ਡੈਡ ਥੋੜ੍ਹੀ ਅਕਲ ਕਰ ਲਿਆ ਕਰ... ਤੂੰ ਪੜ੍ਹਿਆ-ਲਿਖਿਆ ਬੰਦਾ... ਦੀਨ ਦੁਨੀਆ ਦੀ ਸੋਝੀ ਰੱਖਣ ਵਾਲਾ...।"

ਉਸ ਦਿਨ ਪੁੱਤ ਦੀਆਂ ਕਹੀਆਂ-ਸੁ ਣੀਆਂ ਨੇ ਮੇਰੇ ਧੁਰ ਅੰਦਰ ਤੱਕ ਲਾਂਬੂ ਲਾ ਦਿੱਤਾ ਸੀ। ਮੈਂ 'ਬਲਵੰਤ ਸਿੰਘ ਚੰਦੀ' ਪਿੰਡ ਦਾ ਸਰਪੰਚ, ਜ਼ਮੀਨ ਜਾਇਦਾਦ ਵਾਲਾ ਬੰਦਾ... ਆਲੇ ਦੁਆਲੇ ਦੇ ਲੋਕ ਮੇਰੇ ਤੋਂ ਸਲਾਹਾਂ ਲੈ ਕੇ ਆਪਣੇ ਕੰਮ ਕਰਦੇ, ਪਰ ਮੈਂ ਆਪਣੇ ਹੀ ਘਰ ਅੰਦਰ ਬੇਅਕਲਾ ਹੋ ਗਿਆ ਸਾਂ। ਉਸ ਵੇਲੇ ਜੀਅ 'ਚ ਆਈ ਆਖਾਂ- 'ਕੰਜਰਾ... ਮੈਨੂੰ ਅਕਲ ਬਥੇਰੀ ਸੀ, ਪਰ ਤੇਰੇ ਵਰਗੇ ਧੀਆਂ-ਪੁੱਤ ਕਮਲਾ ਕਰ ਦੇਂਦੇ... ਪਰ ਕਹਿ ਨਾ ਹੋਇਆ... ਸੋਚਿਆ ਛੁੱਟੀ ਕੱਟਣ ਆਇਆ... ਫਿਰ ਇਹਨੇ ਚਲੇ ਹੀ ਜਾਣਾ ਸ਼ਹਿਰ ਵਾਲੇ ਘਰ... ਕਈ ਵਾਰ ਸੋਚੂ ਇਹੋ ਜਿਹੇ ਆਉਣ ਖੁਣੋਂ ਕੀ ਥੁੜਿਆ। ਜੇ ਰੱਬ ਨੇ ਸਾਥ ਖੋਹ 'ਕੱਲਾ ਕਰ ਦਿੱਤਾ ਸੀ ਤੇ ਫਿਰ ਮੈਂ ਆਪਣੇ ਘਰ 'ਕੱਲਾ ਹੀ ਚੰਗਾ। ਮਾਂ ਵਾਂਗੂੰ ਵਹਿਮੀ ਬੜਾ... ਪਤਾ ਨਹੀਂ ਕਿੰਨੀ ਵਾਰ ਕਮਲਿਆਂ ਵਾਂਗ ਹੱਥ ਈ ਧੋਈ ਜਾਂਦੈ...।'

ਇਸ ਬਿਮਾਰੀ ਤੋਂ ਮੈਂ ਕਿਹੜਾ ਅਣਜਾਣ ਸੀ। ਪਰ ਹਾਲੇ ਸਾਡੇ ਦੇਸ਼ 'ਚ ਇਹਦਾ ਕੋਈ 'ਨਾਂ-ਨਿਸ਼ਾਨ' ਨਹੀਂ ਸੀ। ਪਰ ਇਹ ਨਵਾਂ ਕੋੜਮਾ ਸਾਰੀ ਦਿਹਾੜੀ ਲੈਪ-ਟੌਪ ਅੱਗੇ ਬੈਠਾ ਰਹਿੰਦਾ। ਇੰਨ੍ਹਾਂ ਨੂੰ ਸਭ ਪਤਾ ਹੁੰਦਾ। ਤਦ ਤਾਂ ਉਸ ਦਿਨ ਦੀਪ ਇਵੇਂ ਮੱਚ ਉੱਠਿਆ ਸੀ ਜਿਵੇਂ ਸਹੁਰੀ ਦਾ ਕਰੋਨਾ ਬਾਹਰ ਹੀ ਖਲੋਤਾ ਹੋਵੇ। ਫਿਰ ਬਹੁਤ ਦਿਨ ਕਰੋਨਾ ਬਾਹਰ ਖਲੋਤਾ ਨਹੀਂ ਰਿਹਾ ਸੀ। ਸਾਡੇ

ਕਰਦਾ ਭੇਤ ਉਜਾਗਰ, ਚਿਹਰਾ ਮੁਰਝਾਇਆ,
ਮੈਂ ਨੈਣਾਂ ਵਿੱਚ ਪੀੜਾਂ ਨੂੰ ਦਫ਼ਨਾਇਆ ਹੈ -ਜੋਬਨਰੂਪ ਛਨਿਾ

ਦੇਸ਼ ਵੀ ਆਣ ਪਹੁੰਚਿਆ ਸੀ। ਪਾੜ੍ਹਿਆਂ ਨੇ ਤਾਂ ਕਦ ਦਾ ਇਸ ਬਿਮਾਰੀ ਦਾ ਕੱਪੜਛਾਣ ਕਰ ਲਿਆ ਸੀ ਤੇ ਹੁਣ ਦੇਸਾਂ-ਪਰਦੇਸਾਂ 'ਚ ਬੈਠੇ ਸਾਰੇ ਧੀਆਂ-ਪੁੱਤ ਫ਼ੋਨ 'ਤੇ ਮਾਂ-ਪਿਉ ਨੂੰ ਨਸੀਹਤਾਂ ਦੇ ਪਹਾੜੇ ਪੜ੍ਹਾਉਣ ਲੱਗ ਪਏ ਸੀ। ਪਰ ਇਨ੍ਹਾਂ ਧੀਆਂ-ਪੁੱਤਾਂ ਨੇ ਸਮਝਾਇਆ ਥੋੜ੍ਹਾ ਤੇ ਡਰਾਇਆ ਬਹੁਤਾ ਸੀ।

◆ ◆ ◆

ਮੜ੍ਹੀਆਂ ਤੋਂ ਵਾਪਸ ਆਉਂਦਿਆਂ ਮੈਨੂੰ ਫਿਰ ਆਪਣਾ ਬਾਪੂ ਯਾਦ ਆਉਣ ਲੱਗ ਪਿਆ ਸੀ। ਬਾਪੂ ਹਰ 'ਮਰਨੇ-ਪਰਨੇ' 'ਤੇ ਖੱਫਣ ਦੇ ਆਉਂਦਾ ਸੀ। ਲਾਂਬੂ ਲਾਉਣ ਲਈ ਲੱਕੜਾਂ ਵੀ ਸੁਟਵਾ ਦੇਂਦਾ ਸੀ। ਜਦ 'ਚੜ੍ਹਦੀ ਪੱਤੀ' ਦੇ ਸਰਦੇ-ਪੁੱਜਦੇ ਘਰ ਉਸਦੀ ਇਸ ਗ ੱਲ 'ਤੇ ਨੱਕ-ਮੂੰਹ ਵੱਟਣ ਲੱਗੇ ਤਾਂ ਫਿਰ ਉਹਨੇ ਆਪਣੀਆਂ ਮੁਹਾਰਾਂ 'ਲਹਿੰਦੀ ਪੱਤੀ' ਵੱਲ ਮੋੜ ਲਈਆਂ ਸੀ। ਲਾਗੇ-ਬੰਨੇ ਦੀ ਕਿਸੇ ਵੀ ਲਵਾਰਿਸ ਲਾਸ਼ ਨੂੰ ਲਾਂਬੂ ਲਾ ਕੇ ਬਾਪੂ ਸ਼ਾਇਦ ਆਪਣੇ ਹੀ ਅੰਦਰ ਮੱਚਦੇ 'ਲਾਂਬੂ' ਨੂੰ ਠੰਡ ਪਾ ਰਿਹਾ ਹੁੰਦਾ। ਬਾਪੂ ਅਕਸਰ ਕਹਿੰਦਾ ਹੁੰਦਾ ਸੀ, "ਪੁੱਤਰਾ, ਕਿਸੇ ਦੇ ਦੁੱਖ ਵੰਡਾਅ... ਬੰਦਾ ਆਪਣੇ-ਆਪ ਨੂੰ ਹੀ ਹੋਲਾ ਕਰ ਰਿਹਾ ਹੁੰਦਾ।" ਬਾਪੂ ਜਹਾਨੋਂ ਤੁਰ ਗਿਆ ਸੀ... ਤੇ ਲੋਕਾਂ ਦੇ 'ਦੁੱਖ-ਦਰਦ' ਵੰਡਾਉਣ ਦਾ ਜ਼ਿੰਮਾ 'ਚੁੱਪ-ਚੁਪੀਤੇ' ਮੈਂ ਲੈ ਲਿਆ ਸੀ ਤੇ ਬਾਪੂ ਦੇ ਅੰਦਰ ਮੱਚਦਾ 'ਲਾਂਬੂ' ਕਦ ਮੇਰੇ ਅੰਦਰ ਧੁੱਖਣ ਲੱਗਾ, ਮੈਨੂੰ ਪਤਾ ਹੀ ਨਾ ਲੱਗਿਆ।

ਪਰ ਮੇਰੇ ਆਪਣੇ ਪੁੱਤ ਦੇ ਅੜ੍ਹਬ ਜਿਹੇ ਬੋਲ ਮੈਨੂੰ ਧੁਰ ਅੰਦਰ ਤਕ ਦੁੱਖ ਦੇਂਦੇ ਸਨ... ਪਰ ਇਸ ਦੁੱਖ ਨੂੰ ਵੰਡਾਉਣ ਵਾਲਾ ਮੇਰੇ ਕੋਲ ਕੋਈ ਨਹੀਂ ਸੀ... ਪਰ ਹੋਰਨਾਂ ਦਾਦਿਆਂ ਵਾਂਗ ਮੈਨੂੰ ਵੀ 'ਮੂਲ ਨਾਲੋਂ ਵਿਆਜ' ਪਿਆਰਾ ਸੀ... ਸ਼ਾਇਦ ਇਸੇ ਲਈ ਪੁੱਤ ਦੀਆਂ ਕਹੀਆਂ-ਸੁਣੀਆਂ ਨੂੰ ਲਾਂਭੇ ਕਰ ਇਕ ਦਿਨ ਸ਼ਹਿਰ ਵਾਲੇ ਘਰ ਤੁਰ ਪਿਆ ਸੀ। ਘਰ ਦੀ ਬੈੱਲ ਮਾਰ-ਮਾਰ ਹੰਭ ਗਿਆ ਸੀ, ਪਰ ਦਰਵਾਜ਼ਾ ਨਹੀਂ ਖੁੱਲ੍ਹਿਆ ਸੀ। ਥੱਕ-ਹਾਰ ਕੇ ਮੁੰਡੇ ਨੂੰ ਫ਼ੋਨ ਕੀਤਾ ਤਾਂ ਉਸ ਕਿਹੜੀ 'ਸਤਿ-ਕੁਸਤਿ' ਬੁਲਾਈ ਸੀ, ਭਬਕ ਕੇ ਪੈ ਗਿਆ ਸੀ, "ਕਰੋਨਾ ਬੁਰੀ ਤਰ੍ਹਾਂ ਫੈਲ ਰਿਹਾ ਹੈ ਤੇ ਤੁਹਾਨੂੰ ਮਿਲਣੇ ਸੁੱਝਣ ਡਏ ਆ...। ਜੇ ਕੱਲ੍ਹ ਨੂੰ ਕੁਝ ਹੋ ਗਿਆ ਤਾਂ ਮੇਰੇ ਤੋਂ ਕੋਈ ਆਸ ਨਾ ਰੱਖਿਉ।"

"ਤੇਰੇ ਵਰਗੀ ਔਲਾਦ ਤੋਂ ਮੈਨੂੰ ਕੀ ਆਸ ਹੋ ਸਕਦੀ ਭਲਾ।" ਮੇਰੀ ਗੱਲ ਸੁਣ ਉਸ ਫੋਨ ਕੱਟ ਦਿੱਤਾ ਸੀ ਤੇ ਮੈਂ ਆਪਣੇ ਅੰਦਰ ਧੁੱਖਦੇ ਲਾਂਬੂ ਸਮੇਤ ਪਿੰਡ ਵਾਪਸ ਆ ਗਿਆ ਸੀ।

◆ ◆ ◆

ਉਸ ਦਿਨ ਨੂੰ ਯਾਦ ਕਰ ਅੱਜ ਵੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਆ...। ਮੈਂ ਪਿੱਛੇ ਭਉਂ ਕੇ ਵੇਖਿਆ ਤਾਂ ਬਈਆ ਵਾਹਵਾ ਪਿੱਛੇ ਰਹਿ ਗਿਆ ਸੀ।

"ਉਹ ਛੇਤੀ ਪੈਰ ਪੁੱਟ ਹੁਣ... ਤੂੰ ਤਾਂ, ਮਸੀਂ ਤੁਰ ਰਿਹਾ।"

"ਸਰਦਾਰ ਜੀ ਪੀਛੇ ਨਾ ਰਹੀ ਹੂੰ ਮੈਂ... ਜਾਣ ਕੇ ਪੀਛੇ ਰਹੀ... 'ਸੋ ਸ਼ਲ ਡੈਸਟਿੰਗ' ਕਰ ਰਹਾਂ ਹੂੰ... ਛੋਟਾ ਸਰਦਾਰ ਬੋਲ ਕਰ ਗਈ ਥੀ ਮੁਝੇ।"

"ਸਹੁਰੀ ਦਿਆ...ਅਬ ਸੇ ਛੋਟਾ ਸਰਦਾਰ ਜੋ ਕਹੇ.. .ਉਸਸੇ ਉਲਟ ਕੀਆ ਕਰ।" ਮੜ੍ਹੀਆਂ ਤੋਂ ਵਾਪਸ ਆਉਂਦਿਆਂ ਵੀ ਟਿਕਾਅ ਨਹੀਂ ਸੀ। 'ਲਹਿੰਦੀ' ਤੇ 'ਚੜ੍ਹਦੀ' ਪੱਤੀ ਦੇ ਐਨ ਵਿਚਕਾਰ ਕੁਵੇਲੇ ਤੁਰ ਗਏ ਮੇਰੇ ਜਿਗਰੀਯਾਰ 'ਇੰਦਰ ਨਰ' ਦਾ ਘਰ ਸੀ। ਉਹਦਾ ਪੁੱਤ ਅਮਰੀਕਾ 'ਚ ਸੈਟ ਸੀ। ਮੈਨੂੰ ਇਹ ਵੀ ਪਤਾ ਸੀ, ਹੁਣ ਇਸ ਘਰ ਕੋਈ ਨਹੀਂ ਸੀ, ਪਰ ਫਿਰ ਵੀ ਮੈਂ ਆਪਣੇ ਯਾਰ ਦੇ ਘਰ ਦੀਆਂ ਬਰੂਹਾਂ ਟੱਪ ਗਿਆ ਸੀ। 'ਇੰਦਰ ਨਰ' ਦੇ ਪੁਰਖਿਆਂ ਕੋਲ ਥੋੜ੍ਹੀ-ਬਹੁਤ ਜ਼ਮੀਨ ਸੀ। ਪਰ ਜਦ ਉਹ ਤਸੀਲਦਾਰ ਬਣਿਆ ਤਾਂ ਥੋੜ੍ਹੇ ਜਿਹੇ ਸਮੇਂ 'ਚ ਹੀ ਪਿੰਡ ਦਾ ਸਭ ਤੋਂ ਵੱਡਾ ਜ਼ਿਮੀਦਾਰ ਵੀ ਬਣ ਗਿਆ।

ਵਾਕਿਆ ਹੀ ਉਹ 'ਨਰ ਬੰਦਾ' ਸੀ। ਮੇਰੇ ਨਾਲ ਗਲਾਸੀ ਟਕਰਾ ਕੇ ਆਖਦਾ, "ਤੂੰ ਕਰਮ ਤੋਂ ਨਰ... ਮੈਂ ਜਨਮ ਤੋਂ ਨਰ।" ਉਹਦੀ ਗੱਲ ਦਾ ਹੁੰਗਾਰਾ ਭਰ ਦਿਆ, ਮੈਂ ਵੀ ਕਹਿ ਦੇਂਦਾ, "ਆਪਾਂ ਦੋਵੇਂ ਨਰ... ਤੇਰੇ-ਮੇਰੇ ਵਰਗਾ ਹੋਰ ਕੋਈ ਪਿੰਡ 'ਚ ਨਹੀਉਂ।" "ਉਇ ਨਹੀਂ, ਤੇਰੇ ਵਰਗਾ ਤਾਂ ਫਿਰ ਵੀ ਕੋਈ ਪਿੰਡ 'ਚ ਹੋ ਸਕਦਾ ਪਰ ਮੇਰੇ ਵਰਗਾ ਤਾਂ ਉੱਕਾ ਨਹੀਉਂ।" ਉਹਦਾ ਜਵਾਬ ਸੁਣ ਮੈਂ ਬਸ ਹੱਸ ਛੱਡਦਾ। ਗੱਲ ਭਾਵੇਂ ਕਿਸੇ ਤਰ੍ਹਾਂ ਦੀ ਵੀ ਹੁੰਦੀ ਉਹ 'ਅੰਬੇਦਕਰ' ਦੇ ਸੋਹਿਲੇ ਗਾਉਣੇ ਨਾ ਭੁੱਲਦਾ... ਇਹੋ ਜਿਹੇ ਵੇਲੇ ਮੈਂ ਵੀ 'ਊਧਮ ਸਿੰਘ' ਨੂੰ ਵਡਿਆਉਂਦਿਆਂ ਉਹਨੂੰ 'ਕੰਬੋਅ' ਸਿੱਧ ਕਰਨ 'ਤੇ ਤੁੱਲ ਜਾਂਦਾ... ਜਿਹੜਾ ਸਾਰੀ ਉਮਰੇ ਆਪਣੇ ਆਪ ਨੂੰ 'ਰਾਮ ਮੁਹੰਮਦ ਸਿੰਘ ਆਜ਼ਾਦ' ਲਿਖਦਾ ਰਿਹਾ ਸੀ। ਜਦ ਮੈਂ ਉਹਦੇ ਘਰੋਂ ਤੁਰਣ ਲੱਗਿਆ ਤਾਂ ਮੇਰਾ ਹੱਥ ਫੜ ਕਹਿਣ ਲੱਗਾ, "ਐਵੇਂ ਭੁਲੇਖੇ ਨੇ ਜ਼ਿਮੀਦਾਰਾਂ ਦੇ ਮੁੰਡੇ ਮਾੜੇ ਨਹੀਂ ਚਮਾਰਾਂ ਦੇ...।"

ਵਾਕਿਆ ਹੀ ਉਹ ਮੇਰਾ ਜਿਗਰੀ ਯਾਰ ਸੀ। ਉਸ ਕਦੇ ਮੈਨੂੰ ਪਿੱਠ ਨਹੀਂ ਵਿਖਾਈ ਸੀ। ਜਾਤ-ਬਰਾਦਰੀ ਦੀ ਕਦੇ ਮੈਂ ਪਰਵਾਹ ਨਹੀਂ ਕੀਤੀ ਸੀ...। ਪਰ ਜਦ ਕਦੇ ਉਹ ਅਮਰੀਕਾ 'ਚ ਆਪਣੇ ਪੁੱਤ ਦੇ 'ਵੱਡੇ ਕਾਰੋਬਾਰ' ਤੇ 'ਵੱਡੇ ਘਰ' ਦੀਆਂ ਗੱਲਾਂ ਕਰਦਾ ਤਾਂ ਮੇਰੇ ਅੰਦਰ ਬੈਠੇ 'ਜ਼ਿਮੀਦਾਰ' ਨੂੰ ਕੁਝ ਹੋਣ ਲੱਗਦਾ।

ਆਪਣੇ ਅਖ਼ੀਰਲੇ ਦਿਨਾਂ 'ਚ ਜਦ ਵੀ ਉਸ ਘੁੱਟ ਪੀਤੀ ਹੁੰਦੀ ਤਾਂ ਮੈਨੂੰ ਅਕਸਰ ਕਹਿੰਦਾ ਹੁੰਦਾ ਸੀ, "ਤੇਰੇ ਯਾਰ ਕੋਲ ਰੜ੍ਹਕ ਆ, ਮੜ੍ਹਕ ਆ, ਪਰ ਬੜ੍ਹਕ ਹੈ ਨੀ... ਚੱਲ ਆਪਣੇ ਯਾਰ ਨੂੰ ਬੜ੍ਹਕ ਮਾਰਨੀ ਸਿਖਾ।"

ਸ਼ਾਇਦ ਇਹ ਮੇਰੀ ਹੀ ਬਦਨੀਤੀ ਸੀ ਜਾਂ ਉਹਦੀ... ਨਾ ਮੇਰੇ ਕੋਲੋਂ ਬੜ੍ਹਕ ਮਾਰਨੀ ਸਿਖਾਈ ਗਈ ਸੀ ਤੇ ਨਾ ਹੀ ਉਹਦੇ ਕੋਲੋਂ ਸਿੱਖੀ ਗਈ ਸੀ।

ਇਕ ਰਾਤ 'ਕੱਠੇ ਬੈਠੇ ਸੀ... ਆਪਣੇ ਚੌੜੇ ਸੀਨੇ 'ਤੇ ਹੱਥ ਧਰ ਗੜਕਵੀਂ ਆਵਾਜ਼ 'ਚ ਉਸ ਕਿਹਾ ਸੀ, "ਮੈਂ ਚਮਾਰ, ਮੈਂ ਤਸੀਲਦਾਰ, ਮੈਂ ਪਿੰਡ ਦਾ ਸਭ ਤੋਂ ਵੱਡਾ ਜ਼ਿੰਮੀਦਾਰ... ਪਰ ਮੇਰੇ ਕੋਲੋਂ ਬੜ੍ਹਕ ਨਹੀਂ ਵੱਜਦੀ ਉਇ।"

ਮੈਂ ਉਹਦੇ ਬੋਲਾਂ 'ਚੋਂ ਬੜ੍ਹਕ ਪਹਿਚਾਣ ਲਈ ਸੀ... ਪਰ ਉਹਦੇ ਕੋਲੋਂ ਆਪਣੀ ਹੀ 'ਬੜ੍ਹਕ' ਬੋਚੀ ਨਹੀਂ ਗਈ ਸੀ। ਉਹਦੀ ਉੱਚੀ ਆਵਾਜ਼ ਸੁਣ ਵੱਟ ਜਿਹਾ ਵੀ ਚੜ੍ਹਿਆ ਸੀ... ਪਰ ਫਿਰ ਵੀ ਉਹਨੂੰ ਸਮਝਾਉਂਦਿਆਂ ਕਿਹਾ ਸੀ, "ਮਿੱਤਰਾ, ਸਾਨੂੰ ਗੁੜ੍ਹਤੀ ਦੇਣ ਵੇਲੇ ਸਿਰਫ਼ ਸ਼ਹਿਦ ਹੀ ਨਹੀਂ ਚਟਾਇਆ ਜਾਂਦਾ... ਸਾਡੇ ਕੰਨਾਂ ਲਾਗੇ ਬੜ੍ਹਕ ਵੀ ਮਾਰੀ ਜਾਂਦੀ ਆ...।"

ਉਸ ਵੇਲੇ ਬੜਾ ਉਦਾਸ ਜਿਹਾ ਹੋ ਉਸ ਜਵਾਬ ਦਿੱਤਾ ਸੀ, "ਇਹਨਾਂ 'ਮੱਥੇ' 'ਚੋਂ ਨਿਕਲਿਆਂ ਨੇ ਸਾਡੀ ਬੜ੍ਹਕ ਖੋਹ ਲਈ ਤੇ ਤੁਸੀਂ ਪਤਾ ਨਹੀਂ ਕਿੱਥੋਂ ਨਿਕਲੇ... ਸਾਡੇ ਕੋਲੋਂ ਤਾਂ ਤੁਹਾਡੇ

ਵਿਛੌਣਾ ਧਰਤ ਦਾ ਕਰਕੇ ਤੇ ਅੰਬਰ ਤਾਣਦਾ ਹੋਵੇ।
ਜੋ ਮੇਰੀ ਚੁੱਪ ਨੂੰ ਸਮਝੇ, ਨਜ਼ਰ ਨੂੰ ਮਾਣਦਾ ਹੋਵੇ। -(ਅਗਲੇ ਸਫ਼ੇ 'ਤੇ)

ਸਾਹਮਣੇ ਵੀ ਬੜ੍ਹਕ ਨਹੀਂ ਵੱਜਦੀ...।'' ਉਹਦੀ ਇਸ ਗੱਲ ਦਾ ਜਵਾਬ ਮੇਰੇ ਕੋਲ ਵੀ ਨਹੀਂ ਦੇ ਹੋਇਆ ਸੀ।

ਇੰਦਰ ਕਈ ਵਾਰ ਮੈਨੂੰ ਕਹਿੰਦਾ ਹੁੰਦਾ ਸੀ, ''ਇਕ ਮੈਂ ਹੀ ਤੇਰਾ 'ਜਿਗਰੀਯਾਰ' ਬਾਕੀ ਸਾਰੇ ਤੇਰੇ 'ਖਾਊ-ਯਾਰ'', ਇੰਦਰ ਦੀ ਚੇਤੇ ਆਈ ਇਹ ਗੱਲ ਮੈਨੂੰ ਹੋਰ 'ਕੱਲਾ ਕਰ ਗਈ ਸੀ... ਤੇ ਮੈਂ ਆਪਣੀ 'ਕੱਲ' ਤੋਂ ਘਬਰਾ ਕੇ ਲਾਗੇ-ਬੰਨੇ ਦੇ 'ਖਾਊ-ਯਾਰਾਂ' ਨੂੰ ਆਪਣੇ ਘਰ ਬੁਲਾ ਲਿਆ ਸੀ। ਅਸੀਂ ਸ਼ਤਰੰਜ ਦੀ ਬਾਜ਼ੀ ਲਾਉਣ ਲੱਗ ਪਏ ਸੀ। ਚਿੱਤ ਵੀ ਮੇਰਾ ਪਟ ਵੀ ਮੇਰਾ ਸੀ... ਪਰ ਫਿਰ ਵੀ ਕਹਿ ਹੋ ਗਿਆ ਸੀ, ''ਚਾਲ ਨਹੀਂ ਚੱਲੀ ਜਾਂਦੀ ਹੁਣ।''

''ਬੰਦਾ 'ਕੱਲਾ ਹੀ ਹੁੰਦਾ ਬਲਵੰਤ ਸਿਆਂ... ਮੇਰੇ ਕੰਨੀਂ ਝਾਕ... ਦੋ ਪੁੱਤ ਸੀ... ਦੋਵੇਂ ਪਰਦੇਸੀ ਹੋ ਗਏ... ਜਦ ਛੋਟਾ ਘਰੋਂ ਤੁਰਿਆ ਸੀ ਤਾਂ ਮੈਂ ਕਹਿ ਬੈਠਾ... ਤੂੰ ਵੀ ਤੁਰ ਚੱਲਿਉਂ ਪਰਦੇਸ... ਕੋਈ ਤਾਂ ਫੂਕਣ ਵਾਲਾ ਰਹਿ ਜਾਂਦਾ... ਅੱਗੋਂ ਮੈਨੂੰ ਬਣਾ-ਸਵਾਰ ਕੇ ਕਹਿਣ ਲੱਗਾ... ਬਾਪੂ ਅਟਕ ਕੇ ਮਰੀਂ... ਐਡੀ ਛੇਤੀ ਲਾਂਬੂ ਲਾਉਣ ਨੀ ਮੁੜਿਆ ਜਾਣਾ। ਗੱਲ ਭਾਵੇਂ ਉਸ ਹਾਸੇ 'ਚ ਕਹੀ ਸੀ ਪਰ ਇਹ ਗੱਲ ਮੇਰੇ ਸੀਨੇ 'ਤੇ ਆਰ ਫੇਰ ਗਈ ਸੀ। ਉਂਞ ਹੁਣ ਮੋਹ ਬਥੇਰਾ ਕਰਦਾ ਮੇਰੇ ਨਾਲ...।''

''ਚੁੱਪ ਈ ਭਲੀ ਆ ਕਰਮ ਸਿਆਂ... ਝੱਗਾ ਚੁੱਕੋ ਤਾਂ ਆਪਣਾ ਹੀ ਢਿੱਡ ਨੰਗਾ ਹੁੰਦੈ।''

ਗੁਲਜ਼ਾਰੀ ਸਭ ਕੁਝ ਸੁਣ ਰਿਹਾ ਸੀ ਤੇ ਉਸ ਨਿਹੋਰੇ ਜਿਹੇ ਨਾਲ ਮੈਨੂੰ ਕਿਹਾ, ''ਤੇਰੇ ਮੁੰਡੇ ਨੇ ਸ਼ਹਿਰ ਜਾ ਕੇ ਇਤਲਾਹ ਦਿੱਤੀ ਹੈ ਕਿ ਇਸ ਪਿੰਡ 'ਚ 'ਸੋਸ਼ਲ ਡੈਸਟਿੰਗ' ਨਹੀਂ ਹੁੰਦੀ।''

ਉਹਦੀ ਗੱਲ ਨੂੰ ਟੋਕਦਿਆਂ ਮੈਂ ਕਿਹਾ, ''ਉਹ ਅੰਨਪੜ੍ਹਾ 'ਸੋਸ਼ਲ ਡੈਸਟਿੰਗ' ਨਹੀਂ, 'ਸੋਸ਼ਲ ਡਿਸਟਿੰਸਿੰਗ' ਹੁੰਦੀ ਹੈ।'' ਉਹ ਥੋੜ੍ਹਾ ਝੇਪ ਗਿਆ ਤੇ ਫਿਰ ਪੁੱਛਣ ਲੱਗਾ, ''ਪੰਜਾਬੀ 'ਚ ਇਹਨੂੰ ਕੀ ਕਹਿੰਦੇ...।''

''ਪੰਜਾਬੀ 'ਚ ਇਹਨੂੰ ਕਹਿੰਦੇ ਆ 'ਪਰ੍ਹੇ-ਪਰ੍ਹੇ ਮਰੇ ਰਹੋ... ਇਕ-ਦੂਜੇ 'ਤੇ ਨਾ ਚੜ੍ਹੋ ਰਹੋ।''

ਖਚਰਾ ਜਿਹਾ ਹਾਸਾ ਹੱਸਦਿਆਂ ਗੁਲਜ਼ਾਰੀ ਬੋਲਿਆ, ''ਉਹ ਹੁਣ ਕਿੱਥੇ ਚੜ੍ਹਨ ਜੋਗੇ, ਪਰ੍ਹੇ ਹੀ ਮਰੇ ਰਹੀਦਾ... ਇਸ ਉਮਰੇ ਸੰਦੂਕ ਖ਼ਾਲੀ ਆ।'' ਉਹਦੀ ਗੱਲ ਸੁਣ ਸਾਨੂੰ ਢਿੱਡੀਂ ਪੀੜਾਂ ਪੈ ਗਈਆਂ ਸੀ। ਹੱਸਦਿਆਂ-ਹੱਸਦਿਆਂ ਹੀ ਕਰਮ ਸਿਹੁੰ ਨੇ ਕਿਹਾ, ''ਦੁਨੀਆਂ ਨੂੰ ਕਰੋਨਾ ਨੇ ਵਖ਼ਤ ਪਾਇਆ ਤੇ ਤੂੰ ਆਪਣੀ 'ਲੀਲਾ' ਦੱਸਣ ਬਹਿ ਜਾ।''

''ਤੇ ਲੀਲਾ ਵੀ ਉਹ ਜਿਹਦੇ 'ਚ ਕੋਈ ਰਾਸ ਨਹੀਂ।'' ਟਿੱਚਰ-ਮਖ਼ੌਲ ਕਰ ਹੀ ਰਹੇ ਸੀ ਕਿ ਬੌਂਦਲਿਆ ਜਿਹਾ ਬਈਆ ਅੰਦਰ ਆ ਧਮਕਿਆ, ''ਸਰਦਾਰ ਜੀ ਖੇਤ ਮੇਂ ਕਰੋਨਾ ਦੇਖੀ ਮੈਨੇ...।''

''ਉਹ ਸਹੁਰੀ ਦਿਆ... ਕਰੋਨਾ ਕੋਈ ਗਾਜਰ ਮੂਲੀ ਆ... ਜੋ ਖੇਤਾਂ 'ਚ ਉੱਗਦੈ।''

''ਨਾ ਸਰਦਾਰ ਜੀ... ਮੇਰੇ ਸਾਥ ਆਉ... ਜੈਸਾ ਟੀ. ਵੀ. ਮੇਂ ਦਿਖਤੀ ਕਰੋਨਾ... ਵੈਸਾ ਹੀ ਦੇਖੀ ਮੈਨੇ...।'' ਬਈਏ ਦੇ ਕਹਿਣ 'ਤੇ ਅਸੀਂ ਸਾਰੇ ਖੇਤਾਂ ਵੱਲ ਨੂੰ ਹੋ ਤੁਰੇ...। ਵਾਕਿਆ ਹੀ ਬਿਲਕੁਲ ਕਰੋਨਾ ਹੀ ਤਾਂ ਸੀ। ਕਰਮ ਸਿੰਘ ਜੋ ਹਮੇਸ਼ਾ ਡੱਬ 'ਚ ਪਿਸਤੌਲ ਰੱਖਦਾ ਸੀ, ਗੁੱਸੇ 'ਚ ਬੋਲਿਆ... ''ਲੈ ਸਾਲੇ ਦਾ ਅੱਜ ਹੀ ਘੋਗਾ ਚਿੱਤ ਕਰ ਦੇਂਦੇ ਆ... ਵਖ਼ਤ ਪਾਇਆ ਇਹਨੇ ਸਭ ਨੂੰ...।''

''ਉਹ...ਖੜ੍ਹ ਜਾ...ਖੜ੍ਹ ਜਾ...ਐਵੇਂ ਗੱਲ-ਗੱਲ 'ਤੇ ਪਿਸਤੌਲ ਕੱਢ ਕੇ ਬਹਿ ਜਾਂਦਾ... ਕਰੋਨਾ ਤਾਂ ਬੰਦੇ ਦੇ ਅੰਦਰ ਹੁੰਦਾ... ਖੇਤਾਂ 'ਚ ਨਹੀਂ।'' ਸਿਆਣਾ ਜਿਹਾ ਬਣ ਮੈਂ ਫਿਰ ਸਮਝਾਇਆ।

ਕਰਮ ਸਿੰਘ ਨੂੰ ਪਤਾ ਨਹੀਂ... ਕਿਹੜੀ ਖਿਝ ਸੀ... ਉਸ ਫਾਇਰ ਕਰ ਦਿੱਤੇ।

ਥਰਮੋਕੋਲ ਦੇ ਫੰਭੇ ਹਵਾ 'ਚ ਉੱਡੇ... ਦੂਰ ਖਲੋਤੇ ਬੱਚੇ ਜੋ ਸਭ ਕਾਸੇ ਨੂੰ ਵੇਖ ਰਹੇ ਸੀ, 'ਅਪ੍ਰੈਲ-ਫੂਲ' ਕਹਿ ਕੇ ਸ਼ੂਟਾਂ ਵੱਟ ਕੇ ਦੌੜ ਗਏ...। ਕਰਮ ਸਿੰਘ ਨੇ ਦੂਰੋਂ ਹੀ ਉਨ੍ਹਾਂ ਨੂੰ ਦਬਕਾਇਆ ਤੇ ਫਿਰ ਬੋਲੀ ਪਾ ਬਾਘੀਆਂ ਪਾਉਣ ਲੱਗ ਪਿਆ—

'ਝੋਨਾ ਝੋਨਾ ਝੋਨਾ
ਤਲਾਵੇ ਵਾਲੇ ਕਰਮ ਸਿਹੁੰ ਨੇ
ਭੁੰਨ ਸੁੱਟਿਆ ਈ ਅੱਜ ਕਰੋਨਾ।'

ਕਿੰਨੇ ਦਿਨਾਂ ਬਾਅਦ ਖੁੱਲ੍ਹਕੇ ਹੱਸੇ ਸੀ। ਖੇਤਾਂ ਤੋਂ ਘਰ ਮੁੜ ਆਏ ਸੀ ਤਾਂ ਕ੍ਰਿਸ਼ਨਾ ਪੁੱਛਣ ਲੱਗਾ, ''ਸਰਦਾਰ ਜੀ, ਖਾਣੇ ਕੇ ਸਾਥ ਕੌਣ ਸੀ ਸਬਜ਼ੀ ਬਣਾਉਂ।''

''ਯੇ ਸਾਲਾ ਕਰੋਨਾ ਹੀ ਬਣਾ ਲੇ ਔਰ ਮੁਝੇ ਖਿਲਾ ਦੇ... ਸਾਰਾ ਸਿਆਪਾ ਹੀ ਮੁੱਕ ਜੇ।''

''ਸਰਦਾਰ ਜੀ, ਤੁਮ ਤੋ ਗੁੱਸਾ ਹੋਗੀ।''

''ਕਮਲਿਆ ਤੇਰੇ ਨਾਲ ਗੁੱਸਾ ਨਹੀਂ ਹੋਣਾ... ਤੂੰ ਹੀ ਤਾਂ ਮੈਨੂੰ ਆਪਣਾ ਲੱਗੇ।''

''ਸਰਦਾਰ ਜੀ, ਤੂੰ ਜੀਅ ਛੋਟਾ ਨਾ ਕਰੀਂ... ਮੈਂ ਹੂੰ ਨਾ ਯਹਾਂ...।''

''ਗੱਲ ਸੁਣ... ਛੋਟੇ ਸਰਦਾਰ ਨੂੰ ਨਹੀਂ ਦੱਸਣਾ... ਏਥੇ ਕੌਣ-ਕੌਣ ਆਤਾ।''

''ਮੈਂ ਕਮਲਾ ਨਹੀਂ... ਛੋਟੇ ਸਰਦਾਰ ਕਾ ਫ਼ੋਨ ਆਈ ਥੀ... ਮੈਂ ਝੂਠ ਬੋਲੀ ਉਸ ਸੇ... ਕਿ ਬੜਾ ਸਰਦਾਰ ਕਹੀਂ ਨਹੀਂ ਜਾਤਾ... ਔਰ ਨਾ ਹੀ ਕਿਸੀ ਕੋ ਘਰ ਮੇਂ ਬੁਲਾਤਾ।''

''ਕ੍ਰਿਸ਼ਨਾ ਦੋ ਬਾਤ ਯਾਦ ਰੱਖੀਂ... ਇਕ ਛੋਟੇ ਸਰਦਾਰ ਕੋ ਸੱਚ ਨਹੀਂ ਬਤਾਨਾ...।'' ਦੂਜੀ ਗੱਲ ਅਜੇ ਮੇਰੇ ਮੂੰਹ 'ਚ ਹੀ ਸੀ ਕਿ ਕ੍ਰਿਸ਼ਨਾ ਬੋਲਿਆ, ''ਜੋ ਭੀ ਛੋਟਾ ਸਰਦਾਰ ਬਾਤ ਕਹੇ... ਉਸਸੇ ਉਲਟ ਕਾਮ ਕਰਨਾ।'' ਉਸਦੀ ਇਸ ਗੱਲ 'ਤੇ ਮੈਂ ਖਿੜਖਿੜਾ ਕੇ ਹੱਸ ਪਿਆ...।

⬩⬩⬩

ਦਿਨ ਲੰਘੀ ਜਾ ਰਹੇ ਸੀ। ਪਰ ਕਰੋਨਾ ਦੀ ਦਹਿਸ਼ਤ ਉਸੇ ਤਰ੍ਹਾਂ ਬਰਕਰਾਰ ਸੀ। ਮਹੀਨੇ ਕੁ ਤਕ ਝੋਨੇ ਦੀ ਲਵਾਈ ਸ਼ੁਰੂ ਹੋ ਗਈ ਸੀ ਪਰ ਦਿਹਾੜੀਏ ਤਾਂ ਭਾਲਿਆਂ ਨਹੀਂ ਲੱਭਦੇ ਸੀ। 'ਲਹਿੰਦੀ ਪੱਤੀ' ਵਾਲਿਆਂ ਦੇ ਅੱਧਿਉਂ ਜ਼ਿਆਦਾ ਘਰ ਨਰੇਗਾ 'ਤੇ ਲੱਗੇ ਸੀ। ਬਈਏ ਵੀ ਕਰੋਨਾ ਤੋਂ ਡਰਦੇ ਆਪਣੇ ਦੇਸ਼ ਨੂੰ ਹੋ ਤੁਰੇ ਸੀ। ਦਿਹਾੜੀਦਾਰਾਂ ਦਾ ਕਾਲ ਪੈ ਗਿਆ ਸੀ। ਇਕ ਦਿਨ ਕ੍ਰਿਸ਼ਨਾ ਨੂੰ ਮੈਂ ਸੁਭਾਇਕੀ ਪੁੱਛ ਬੈਠਾ, ''ਕ੍ਰਿਸ਼ਨਾ, ਆਪਣੇ ਗਾਂਵ ਨਹੀਂ ਜਾਣਾ...।''

''ਸਰਦਾਰ ਜੀ ਮਨ ਤੋ ਹੈ... ਪਰ ਤੂੰ 'ਕੱਲਾ ਹੋ

ਨਾ ਹੋਵੇ ਤੋਰ, ਹਾਸੇ, ਅੱਖ ਲਹਿਜੇ ਦਾ ਵੀ ਸ਼ੌਦਾਈ,
ਜੋ ਮੇਰੀ ਗ਼ਜ਼ਲ ਦੇ ਸ਼ੇਅਰਾਂ ਤੋਂ ਮੈਨੂੰ ਜਾਣਦਾ ਹੋਵੇ। -ਸਿਮਰਨ ਅਕਸ

ਜਾਣੀ...।''

ਉਸ ਦਿਨ ਕ੍ਰਿਸ਼ਨਾ 'ਤੇ ਬੜਾ ਮੋਹ ਆਇਆ ਸੀ ਤੇ ਮੈਂ ਕ੍ਰਿਸ਼ਨਾ ਨੂੰ ਨਾਲ ਲੈ ਕੇ ਪਿੰਡ ਦਾ ਗੇੜਾ ਮਾਰਨ ਤੁਰ ਪਿਆ।

'ਲਹਿੰਦੀ ਪੱਤੀ' ਦੇ ਘਰਾਂ ਵੱਲ ਵੇਖ ਮਨ ਨੂੰ ਤਸੱਲੀ ਹੁੰਦੀ ਆ। ਇੰਦਰ ਦੀ 'ਸਰਕਾਰੇ ਦਰਬਾਰੇ' ਪਹੁੰਚ ਸੀ। ਮੇਰਾ ਵੀ ਅਸਰ-ਰਸੂਖ ਚੰਗਾ ਸੀ। ਅਸੀਂ ਦੋਵਾਂ ਨੇ ਮਿਲ ਕੇ ਕਈ ਟੱਬਰਾਂ ਨੂੰ ਘਰ ਛੱਤਣ ਲਈ ਥਾਂ ਅਲਾਟ ਕਰਵਾਏ ਸੀ। ਸਰਪੰਚ ਬਣਨ 'ਤੇ ਮੈਂ ਹੀ 'ਲਹਿੰਦੀ ਪੱਤੀ' ਦੀਆਂ ਸਭ ਗਲੀਆਂ ਤੇ ਨਾਲੀਆਂ ਪੱਕੀਆਂ ਕਰਵਾਈਆਂ ਸੀ। ਮੇਰੇ ਕੰਮਾਂ ਨੂੰ ਵੇਖ ਇੰਦਰ ਹਮੇਸ਼ ਮੇਰਾ ਮੋਢਾ ਥਾਪੜਦਾ ਤੇ ਇੰਦਰ ਕਰਕੇ ਹੀ 'ਲਹਿੰਦੀ ਪੱਤੀ' ਵਾਲਿਆਂ ਦੀਆਂ ਸਾਰੀਆਂ ਵੋਟਾਂ ਮੇਰੀਆਂ ਸੀ। ਜਦ ਵਿਹੜੇ ਵਾਲਿਆਂ ਦੀਆਂ ਨੂੰਹਾਂ-ਧੀਆਂ ਮੇਰੇ ਪੈਰੀਂ ਹੱਥ ਲਾਉਂਦੀਆਂ ਤਾਂ ਮੈਂ ਮਾਨ ਨਾਲ ਭਰ ਜਾਂਦਾ। ਜਦ ਦੀ ਸਰਪੰਚੀ ਮਿਲੀ ਸੀ, ਸਹੁਰਿਉਂ ਆਈਆਂ ਕੁੜੀਆਂ ਨੂੰ ਮੈਂ ਸ਼ਗਨ ਦੇਣਾ ਨਾ ਭੁੱਲਦਾ। ਜਦ ਕੋਈ ਬਜ਼ੁਰਗ ਕਹਿੰਦਾ, ''ਤੂੰ ਤਾਂ ਭਾਈ ਸਾਡੀ 'ਉੜਾਂ-ਥੁੜਾਂ' 'ਚ ਬਾਂਹ ਫੜਨ ਵਾਲਾ...'' ਇਹੋ ਜਿਹੇ ਵੇਲੇ ਮੈਂ ਆਪਣੇ-ਆਪ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਘੱਟ ਨਾ ਸਮਝਦਾ ਤੇ ਜਦ ਵੀ ਮੈਂ 'ਲਹਿੰਦੀ ਪੱਤੀ' ਵੱਲ ਜਾਂਦਾ... ਪ੍ਰਸਿੰਨੀ ਚਾਚੀ ਦੇ ਘਰ ਜਾਣਾ ਨਾ ਭੁੱਲਦਾ। ਸਾਰੀ ਉਮਰ ਉਸ ਸਾਡੇ ਘਰ ਦੇ ਲੇਖੇ ਲਾ ਦਿੱਤੀ ਸੀ। ਮੇਰੀ ਮਾਂ ਦਾ ਰੋਗ ਅਸਾਧ ਸੀ ਤੇ ਮੈਂ ਉਹਦੇ ਹੀ ਹੱਥਾਂ 'ਚ ਜੰਮ ਪਲ ਕੇ ਜਵਾਨ ਹੋਇਆ ਸੀ। ਉਹਦੇ ਵਿਹੜੇ ਪੈਰ ਪਾਉਂਦਿਆਂ ਹੀ ਮੈਂ ਪੁੱਛਿਆ... ''ਤਗੜੀ ਆਂ ਚਾਚੀ।''

''ਆਹੋ ਪੁੱਤ, ਚੰਗੀ ਭਲੀ ਆਂ... ਪੁੱਤ ਤੂੰ ਵੀ ਗਰਦੌਰੀ ਥੋੜ੍ਹੀ ਘੱਟ ਕਰਿਆ ਕਰ...ਇਹੋ ਜਿਹੇ ਵੇਲੇ...ਐਵੇਂ ਲੋਕਾਂ ਦੇ ਭਲੇ ਕਰਦਾ ਆਪਣਾ ਨੁਕਸਾਨ ਨਾ ਕਰਵਾ ਲਵੀਂ।''

ਚਾਚੀ ਹਮੇਸ਼ਾ ਮੇਰਾ ਇੰਜ ਹੀ ਫ਼ਿਕਰ ਕਰਦੀ ਸੀ। ਉਹ ਮਾਂ ਨਹੀਂ ਸੀ... ਪਰ ਮਾਂ ਤੋਂ ਘੱਟ ਵੀ ਨਹੀਂ ਸੀ।

''ਲੈ ਚਾਚੀ ਵਰਤ-ਖਰਚ ਲਈਂ...।''

''ਪੁੱਤ ਵੱਡੀਆਂ-ਵੱਡੀਆਂ ਉਮਰਾਂ ਹੋਵਣ... ਪਤਾ ਨਹੀਂ ਕਿਹੜੇ ਜਨਮਾਂ ਦਾ 'ਲੇਖਾ-ਸਾਬ' ਆ ਤੇਰਾ ਤੇ ਮੇਰਾ...।''

''ਚਾਚੀ ਪੁੱਤਾਂ ਨਾਲ ਵੀ ਕੋਈ 'ਲੇਖੇ-ਸਾਬ' ਹੁੰਦੇ। ਮਾਰੀਂ ਕਦੇ ਘਰ ਵੱਲ ਗੇੜਾ।''

''ਆਉਂਗੀ ਪੁੱਤ... ਆ ਚੰਦਰੀ ਬਿਮਾਰੀ ਨੇ ਜਾਨ ਲੈਣੀ ਕੀਤੀ ਊ।''

ਵਾਕਿਆ ਈ ਇਸ ਚੰਦਰੀ ਬਿਮਾਰੀ ਨੇ ਸਭ ਨੂੰ ਡਰਾ ਛੱਡਿਆ ਸੀ। ਝੋਨੇ ਦੀ ਲੁਆਈ ਸਿਰ 'ਤੇ ਸੀ ਤੇ ਬਈਏ ਆਪਣੇ ਦੇਸ ਵੱਲ ਨੂੰ ਹੋ ਤੁਰੇ ਸੀ। 'ਚੜ੍ਹਦੀ ਪੱਤੀ' ਵਾਲਿਆਂ ਨੇ 'ਲਹਿੰਦੀ ਪੱਤੀ' ਵੱਲ ਨੂੰ ਰੁਖ ਕੀਤਾ। 'ਲਹਿੰਦੀ ਪੱਤੀ' ਦੇ ਮੋਹਤਬਰਾਂ ਨੇ ਆਪਣੇ ਬੰਦਿਆਂ ਦੀ ਦਿਹਾੜੀ ਦੱਸ ਦਿੱਤੀ ਸੀ। ਪਹਿਲਾਂ ਦੇ ਮੁਕਾਬਲੇ ਦਿਹਾੜੀ ਬਹੁਤ ਜ਼ਿਆਦਾ ਸੀ। ਪਰ੍ਹ-ਪੰਚਾਇਤਾਂ 'ਚ ਬੈਠ ਕੇ ਮਸਲੇ ਨੂੰ ਸੁਲਝਾਉਣਾ ਚਾਹਿਆ ਸੀ ਪਰ ਦੋਵੇਂ ਧਿਰਾਂ ਟੱਸ ਤੋਂ ਮੱਸ ਨਾ ਹੋਈਆਂ। ਤੇ ਮੈਂ 'ਲਹਿੰਦੀ ਪੱਤੀ' ਦੇ ਮੋਹਤਬਰਾਂ ਨੂੰ ਬਸ ਏਨਾ ਹੀ ਕਿਹਾ ਸੀ, ''ਗੱਲ ਸੁਣੋ ਭਰਾਵੋ, ਨਗਰ-ਖੇੜੇ 'ਤੇ ਪਈ ਬਿਪਤਾ ਨੂੰ ਮਿਲ-ਜੁਲ ਕੇ ਨਜਿੱਠ ਲਈਏ।''

''ਉਹ ਆਪਾਂ ਕਿਹੜਾ ਤੁਹਾਡੇ ਤੋਂ ਭੱਜੇ ਆਂ... ਸਰਪੰਚ ਸਾਹਿਬ, ਤੁਸੀਂ ਸਾਡੀ ਮੰਨ ਲਉ... ਅਸੀਂ ਤੁਹਾਡੀ ਮੰਨ ਲੈਂਦੇ ਹਾਂ...।''

ਉਸ ਦਿਨ ਪਹਿਲੀ ਵਾਰ ਆਪਣੇ ਹੀ ਪਿੰਡ ਦੇ ਲੋਕ, ਮੈਨੂੰ ਓਪਰੇ ਜਿਹੇ ਲੱਗੇ ਤੇ ਮੈਂ ਨਿੰਮੋਝੂਣਾ ਜਿਹਾ ਹੋ ਘਰ ਆ ਗਿਆ।

◆ ◆ ◆

''ਸਰਦਾਰ ਜੀ, ਚੁੱਪ-ਚੁੱਪ ਕਿਉਂ ਬੈਠੀ।''

''ਚੁੱਪ ਨੂੰ ਸਾਲਿਆ ਹੋਰ ਮੈਂ ਭੰਗੜੇ ਪਾਵਾਂ... ਝੋਨੇ ਦੀ ਲੁਆਈ ਸਿਰ 'ਤੇ ਆ... ਬੰਦਾ ਕੋਈ ਮਿਲ ਨਹੀਂ ਰਿਹਾ... ਤੁਮ ਭੀ ਆਸੇ-ਪਾਸੇ ਦੀ ਬਿੜਕ ਰੱਖਾ ਕਰ...ਜੇ ਕਿਸੇ ਪਾਸਿਉਂ ਬਈਉ ਕਾ ਇੰਤਜ਼ਾਮ ਹੋ ਜੇ...।'' ਖੇਤਾਂ 'ਚ ਜਾ ਅਜੇ ਮੈਂ ਚਾਰ ਸਿਆੜ ਹੀ ਕੱਢੇ ਸੀ ਤੇ ਮੈਨੂੰ ਸਾਹ ਚੜ੍ਹਨ ਲੱਗ ਪਿਆ ਸੀ।

''ਸਰਦਾਰ ਜੀ ਬੰਦਾ ਕੋਈ ਨੀ ਹੈਗੀ... ਕੰਮ ਬਹੁਤ ਪੈਂਦੀ... ਤੂੰ ਮੈਨੂੰ ਗੁੱਸੇ ਹੁੰਦੀ ਰਹਿੰਦੀ...।'' ਫਿਰ ਦੂਰ ਦਲੀਪੇ ਹੁਰਾਂ ਦੇ ਖੇਤਾਂ ਵੱਲ ਵੇਖ ਕੇ ਕਹਿਣ ਲੱਗਾ, ''ਸਰਦਾਰ ਜੀ 'ਭੋਲੇ ਔਰ ਮਧੂ' ਕੋ ਲੈ ਆਉਂ।''

''ਇਹ ਵੀ ਕੋਈ ਪੁੱਛਣੇ ਵਾਲੀ ਗੱਲ ਹੈ... ਜਲਦੀ ਜਾ ਤੇ ਲੈ ਕੇ ਆ।'' ਮੈਂ ਉਸ ਵੇਲੇ ਉਹਨੂੰ ਭੇਜ ਕੇ ਧਰਤੀ ਮਾਂ ਨੂੰ ਮੱਥਾ ਟੇਕਿਆ ਤੇ ਸ਼ੁਕਰ ਮਨਾਇਆ ਕਿ ਕਾਮੇ ਆ ਗਏ...।

ਕ੍ਰਿਸ਼ਨਾ ਭੱਜ ਕੇ ਬੰਬੀ ਵਾਲੇ ਕਮਰੇ 'ਚ ਗਿਆ ਤੇ ਉਥੋਂ ਈ ਵਾਪਸ ਆ ਗਿਆ। ਮੈਂ ਉੱਚੀ ਆਵਾਜ਼ ਦੇ ਕੇ ਕਿਹਾ, ''ਹੁਣ... ਉਨ੍ਹਾਂ ਕੁਝ ਲੱਗਦਿਆਂ ਨੂੰ ਲੈ ਆ... ਰਾਹ ਵਿਚੋਂ ਹੀ ਮੁੜ ਆਇਆ...।'' ਕ੍ਰਿਸ਼ਨਾ ਦੂਰੋਂ ਹੀ ਸੈਨਤਾਂ ਜਿਹੀਆਂ ਮਾਰੀ ਜਾਵੇ... ਜਿਹੜੀਆਂ ਮੇਰੇ ਪੱਲੇ ਨਾ ਪਈਆਂ। ਮੇਰੇ ਕੋਲ ਆ ਕੇ ਲਫਾਫੀਆਂ ਜਿਹੀਆਂ ਖੋਲ੍ਹ ਕੇ ਕਹਿਣ ਲੱਗਾ, ''ਸਰਦਾਰ ਜੀ... ਯੇਹ ਖਾ ਲੋ... ਜੋ ਹਰ ਦਸ-ਮਿੰਟ ਬਾਅਦ ਵੱਟ ਪੇ ਬੈਠ ਕਰ ਹੋਂਅ-ਹੋਂਅ ਕਰਨ ਲੱਗ ਜਾਏ... ਇਸ ਕੋ ਖਾਣੇ ਸੇ ਬੰਦ ਹੋ ਜਾਏ।''

''ਉਹ ਤੇਰੀ ਭਲੀ ਹੋ ਜੇ... ਮੈਂ ਕੁਝ ਹੋਰ ਸਮਝ ਬੈਠਾ ਤੇ ਤੂੰ ਆਹ 'ਗੰਦ-ਪਿਲ' ਮੇਰੇ ਅੱਗੇ ਲਿਆ ਧਰਿਆ।''

''ਸਰਦਾਰ ਜੀ 'ਗੰਦ-ਪਿਲ* ਮਤ ਬੋਲੋ...'ਮਧੂ ਔਰ ਭੋਲੇ' ਕੋ... ਬੜੀ ਮਸਤ ਚੀਜ਼ ਹੈ... ਅੰਦਰ ਜਾਤੇ ਹੀ ਸਭ ਕੁਝ ਮਸਤ ਕਰ ਦੇਤੀ...।''

ਪਰ ਮੇਰੇ ਕੋਲੋਂ ਮਸਤ ਨਾ ਹੋਇਆ ਗਿਆ। ਪੁੱਤ ਦੀ ਬੇਰੁਖੀ ਮੈਨੂੰ ਉਦਾਸ ਕਰ ਗਈ ਸੀ ਤੇ ਪਿੰਡ ਵਾਲਿਆਂ ਦੀ ਖਿੱਚੋਤਾਣ ਮੈਨੂੰ ਪ੍ਰੇਸ਼ਾਨ ਕਰ ਗਈ ਸੀ। ਅਗਲੇ ਦਿਨ ਫਿਰ ਪੰਚਾਇਤ ਬੈਠੀ ਸੀ... ਦੋਹਾਂ ਧਿਰਾਂ ਦੀ ਕਾਵਾਂਰੌਲੀ ਨੇ ਗੱਲ ਕਿਸੇ ਤਣ-ਪਤਣ ਨਹੀਂ ਲੱਗਣ ਦਿੱਤੀ ਸੀ। ਲਹਿੰਦੀ ਪੱਤੀ ਵਾਲਿਆਂ ਫਿਰ ਗੱਲ ਦੁਹਰਾਈ ਸੀ, ''ਆਪਾਂ ਕਿਹੜਾ ਤੁਹਾਡੇ ਤੋਂ ਭੱਜੇ ਆਂ, ਪਰ ਦਿਹਾੜੀ ਸਾਡੀ ਮਰਜ਼ੀ ਦੀ ਹੋਊ... ਇਸ ਵਾਰ।'' ਏਨਾ ਆਖ ਉਹ ਉੱਠ ਤੁਰੇ ਸੀ ਤੇ ਪਿੱਛੇ ਰਹਿ ਗਏ 'ਚੜ੍ਹਦੀ ਪੱਤੀ' ਵਾਲੇ ਆਪਣਾ ਗੁੱਭ-ਗੁਲਾਟ ਕੱਢਣ ਬਹਿ ਗਏ।

''ਨਰੇਗਾ ਦੀ ਦਿਹਾੜੀ ਜੂ ਪਾਉਂਦੇ ਹੋਏ... ਵੇਖ ਕਿਵੇਂ ਗੱਲਾਂ ਆਉਂਦੀਆਂ... ਬਰੋਬਰ ਬਹਿ ਕੇ।'' ਇਕ ਨੇ ਕਿਹਾ।

''ਆਟਾ... ਦਾਲ ਸਕੀਮ ਨੇ ਚੌੜ ਕਰ ਦਿੱਤਾ ਸਭ ਨੂੰ... ਸ਼ੁਕਰ ਕਰੋ ਭਰਾਵੋ ਸਾਰੇ ਨੀ ਨਰੇਗਾ ਤੇ... ਉਂ ਇਹ ਜਾਤ ਭੁੱਖੀ ਮਰਦੀ ਹੀ ਚੰਗੀ।'' ਦੂਜੇ ਨੇ ਹਾਮੀ ਭਰੀ।

''ਚਾਰ ਅੱਖਰ ਪੜ੍ਹ ਕੀ ਗਏ... ਅਣਖ ਦੀਆਂ ਗੱਲਾਂ ਕਰਨ

ਮੂਰਤੀ ਸੀ ਜਾਂ ਸੀ ਸੂਰਤ, ਜੋ ਵੀ ਸੀ ਇਸਨੂੰ ਅਸੀਂ,
ਤੱਕਿਆ ਇਕ ਵਾਰ ਤੇ ਤੱਕਦੇ ਹੀ ਰਹਿ ਗਏ। -ਸਰਬਜੀਤ ਸਿੰਘ ਸੰਧੂ

ਲ`ਗ ਪਈ ਮੁੰਡੀਰ... 'ਮਰੀਕਾ ਵਾਲੇ ਦੇ ਡਾਲਰਾਂ ਨੇ ਮਛਰਾ ਦਿੱਤੇ ਬਹੁਤਾ... ਜਦ ਘਰ ਭੰਗ

ਭੁੱਜੀ... ਫਿਰ ਪਤਾ ਲੱਗੂ...।'' ਤੀਜੇ ਨੇ ਵੀ ਤੀਲ੍ਹੀ ਲਾਈ।

''ਨਿਆਣੇ ਸਾਰਿਆਂ ਦੇ ਬਾਹਰ ਬੈਠੇ ਆ... ਇਨ੍ਹਾਂ ਬਿਨਾਂ ਆਪਾ ਕਾਸੇ ਜੋਗੇ ਨਈਂ... ਥੋੜ੍ਹੀ ਬਹੁਤ ਦਿਹਾੜੀ ਵਧਾ ਦੇਂਦੇ ਆਂ...। ਐਵੇਂ ਨਿੱਤ ਦਾ ਕਲੇਸ਼ ਚੰਗਾ ਨਹੀਂ ਹੁੰਦਾ...।'' ਸਿਆਣੇ ਬੰਦੇ ਨੇ ਸਿਆਣੀ ਸਲਾਹ ਦਿੱਤੀ।

''ਜਾਹ ਚਾਚਾ ਬਹੁਤੀਆਂ ਸਿਆਣਪਾਂ ਨਾ ਘੋਟ... ਫਿਰ ਕੀ ਆ... ਜੇ ਨਿਆਣੇ ਬਾਹਰ ਬੈਠੇ... ਆਪਾਂ ਸਾਰੇ ਰਲ-ਮਿਲ ਕੇ ਲਾ ਲਵਾਂਗੇ ਝੋਨਾ...।'' ਕਿਸੇ ਅੱਧਖੜ ਨੇ ਸਿਆਣੇ ਬੰਦੇ ਦੀ ਗ`ਲ ਰਫ਼ਾ-ਦਫ਼ਾ ਕਰ ਦਿੱਤੀ।

''ਨਾ ਗੱਲ ਸ_ਣ ਮੇਰੀ...ਆਹ ਜਿਹੜੀ ਕਵਿੰਟਲ ਦੀ ਗੋਗੜ ਕੱਢੀ ਫਿਰਦਾਂ... ਝੋਨਾ ਲਾਉਣਾ ਤਾਂ ਦੂਰ ਦੀ ਗੱਲ...ਤੇਰੇ ਕੋਲੋਂ ਪਾਣੀ ਦਾ ਨੱਕਾ ਵੀ ਮੋੜ ਨਹੀਂ ਹੋਣਾ...।'' ਸਿਆਣੇ ਬੰਦੇ ਦੀ ਸਿਆਣੀ ਗੱਲ ਸਭ ਨੂੰ ਚੁੱਪ ਕਰਾ ਗਈ ਸੀ। ਪਰ ਉਨ੍ਹਾਂ ਦੀ ਅੜੀ ਨੂੰ ਕਿਸੇ ਪਾਸੇ ਨਾ ਲਾ ਸਕੀ। ਫਿਰ ਮੈਨੂੰ ਆਪਣੇ ਯਾਰ ਦਾ ਅਮਰੀਕਾ ਬੈਠਾ ਪੁੱਤ ਯਾਦ ਆਇਆ ਸੀ। ਇਨ੍ਹਾਂ ਸਭ ਦੀ ਮੱਤ ਨੂੰ ਉਹ ਹੀ ਟਿਕਾਣੇ ਲਿਆ ਸਕਦਾ।'' ''ਪਰ ਕੁਝ ਸਿਰਫਿਰਿਆਂ ਦੀ ਮੱਤ ਨੇ ਚੜ੍ਹਦੀ ਪੱਤੀ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਕਰਾ ਦਿੱਤੀ ਸੀ- ''ਸਾਡੇ ਲੱਖ ਬੁਲਾਉਣ 'ਤੇ ਵੀ ਤੁਸੀਂ ਨਹੀਂ ਆਏ। ਅੱਗੇ ਤੋਂ ਤੁਹਾਡਾ ਸਾਡੇ ਖੇਤਾਂ ਵਿਚ ਆਉਣਾ ਬੰਦ... ਤੇ ਨਾ ਹੀ ਸਾਡੇ ਖੇਤਾਂ ਨੂੰ ਆਪਣੇ ਜ਼ਰੂਰੀ ਕੰਮਾਂ ਲਈ ਵਰਤੋਗੇ।''

ਉਸੇ ਸ਼ਾਮ ਲਹਿੰਦੀ ਪੱਤੀ ਵਾਲਿਆਂ ਵੀ ਆਪਣੇ ਗੁਰਦੁਆਰੇ ਤੋਂ ਮੋੜਵਾਂ ਜਵਾਬ ਦਿੱਤਾ, ''ਦਿਹਾੜੀ ਕਰਦੇ ਆਂ... ਅਸੀਂ ਕੋਈ ਭੀਖ ਨਹੀਂ ਮੰਗਦੇ... ਜੇ ਤੁਹਾਡੇ ਖੇਤ ਸਾਨੂੰ ਨਹੀਂ ਝੱਲਦੇ ਤਾਂ ਬਾਕੀ ਪਿੰਡਾਂ ਦੇ ਖੇਤ ਸਹੀ। ਜੇ ਤੁਹਾਨੂੰ ਕੋਈ ਲਿਹਾਜ਼ ਨਹੀਂ ਤਾਂ ਸਾਨੂੰ ਵੀ ਤੁਹਾਡਾ ਹੇਜ਼ ਨਹੀਂ।''

ਅਨਾਊਂਸਮੈਂਟ ਸੁਣ ਮੇਰੇ ਅੰਦਰੋਂ ਕੁਝ ਕੜੱਕ ਕਰਕੇ ਟੁੱਟਾ ਸੀ। ਗੁੱਸਾ ਵੀ ਆਇਆ ਸੀ 'ਲਹਿੰਦੀ ਪੱਤੀ' ਵਾਲਿਆਂ 'ਤੇ। ਪਰ ਅਗਲੇਰੀ ਸਰਪੰਚੀ ਸਿਰ 'ਤੇ ਸੀ... ਤੇ ਮੈਂ ਆਪਣੇ ਗੁੱਸੇ ਨੂੰ ਜ਼ੀਰਦਿਆਂ 'ਲਹਿੰਦੀ ਪੱਤੀ' ਵਾਲਿਆਂ ਦੇ ਘਰ ਰਾਸ਼ਣ ਭਿਜਵਾ ਦਿੱਤਾ ਸੀ। ਪਰ 'ਲਹਿੰਦੀ ਪੱਤੀ' ਵਾਲਿਆਂ ਦੇ ਕੁਝ ਪਾੜ੍ਹਿਆਂ ਦੀ 'ਈਗੋ' ਨੂੰ ਸੱਟ ਪਹੁੰਚੀ ਸੀ... ਤੇ ਉਨ੍ਹਾਂ ਰਾਸ਼ਣ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਤਾਈ ਪ੍ਰਸਿੰਨੀ ਨੇ ਉਹਨੂੰ ਬਾਂਹੋਂ ਫੜ ਲਿਆ, ''ਪਾੜ੍ਹਿਆ ਆਹ ਜਿਹੜੀ 'ਇਗੋ-ਇਗੋ' ਕਰਦਾ ਰਹਿੰਦਾ... ਇਹਦੇ ਨਾਲ ਮੱਥਾ ਤਾਂ ਡੰਮਿਆ ਜਾਊ... ਪਰ ਇਹਦੇ ਨਾਲ ਢਿੱਡ ਨਹੀਉਂ ਡੰਮਿਆ ਜਾਣਾ...।''

''ਲੈ ਤਾਈ... ਤੈਨੂੰ ਕੀ ਪਤਾ... ਸਾਡੀ ਵੀ ਅਣਖ ਦਾ ਸਵਾਲ ਆ...।''

''ਜੈ ਵੱਢੀਦਿਆ... ਅਣਖ ਨੂੰ ਟੰਮਣੇ ਚਾੜ੍ਹ ਛੱਡ... ਟੱਬਰ ਭਾਵੇਂ ਘਰ ਭੁੱਖਾ ਮਰ ਜੇ।''

''ਕਿਤੇ ਨੀ ਭੁੱਖੇ ਮਰਦੇ ਤਾਈ... ਲੌਕਡਾਊਨ 'ਚ ਬਥੇਰੇ ਪਾਸਿਉਂ ਦਾਣੇ ਆਏ... ਸਰਪੰਚ ਸਾਹਿਬ... ਹੁਣ ਹਰ ਕੋਠੀ ਦਾਣੇ ਤੇ ਸਾਡੇ ਵਰਗੇ ਮਾਤੜ ਵੀ ਸਿਆਣੇ...।''

ਉਹਦੀ ਗੱਲ ਬੋਚਦਿਆਂ ਮੈਂ ਕਿਹਾ, ''ਬਿਲਕੁਲ ਪੁੱਤ... ਸਾਰੀਆਂ ਸਿਆਣਪਾਂ ਤਾਂ 'ਨਵੇਂ ਪੋਚ' ਕੋਲ ਆ ਗਈਆਂ... ਮਾਤੜ ਤਾਂ ਅਸੀਂ ਬੁੱਢੇ-ਠੇਰੇ ਬਣ ਗਏ... ਨਗਰ ਖੇੜੇ 'ਤੇ ਪਈ ਬਿਪਤਾ ਨੂੰ ਸਿਆਣਪ ਨਾਲ ਰਲ-ਮਿਲ ਨਜਿੱਠ ਲਈਏ। ਇਕ ਦੂਜੇ ਬਿਨ ਆਪਾਂ ਕਾਹਦੇ ਜੋਗੇ...।'' ਉਹ ਸਭ ਚੁੱਪ ਕਰ ਗਏ ਸੀ ਤੇ ਮੈਂ ਭਰਿਆ-ਪੀਤਾ ਉਥੋਂ ਤੁਰ ਆਇਆ ਸੀ...। ਆਪਣੇ ਗੁੱਸੇ 'ਤੇ ਜ਼ਾਬਤਾ ਰੱਖ ਮੈਂ 'ਚੜ੍ਹਦੀ ਪੱਤੀ' ਦੇ ਮੋਹਤਬਰ ਬੰਦਿਆਂ ਨੂੰ ਆਪਣੇ ਘਰ ਸੱਦ ਲਿਆ ਸੀ। ਬੜੀ ਹਲੀਮੀ ਨਾਲ ਮੈਂ ਗੱਲ ਸ਼ੁਰੂ ਕੀਤੀ ਸੀ, ''ਆਪਣੇ ਪਿੰਡ ਦਾ ਮਸਲਾ... ਘਰ ਦੀ ਗੱਲ... ਘਰ 'ਚ ਹੀ ਨਿਬੇੜ ਲਈਏ।'' ਮੈਂ ਬਸ ਏਨਾ ਹੀ ਕਿਹਾ ਸੀ ਤੇ ਉਹ ਸਭ ਝੂਠੀਆਂ-ਸ`ਚੀਆਂ ਤੁਹਮਤਾਂ ਮੇਰੇ ਮੱਥੇ ਮੜਣ ਲੱਗੇ...।

''ਗੱਲ ਸੁਣ ਲਾ ਬਲਵੰਤ ਸਿਆਂ... ਜ਼ਮੀਨ ਜੈਦਾਦਾਂ ਵਾਲੇ ਹੋ ਕੇ ਅਸੀਂ 'ਮੱਛਰੀ ਮੁੰਡੀਰ' ਦੇ ਤਲਵੇ ਨਹੀਂ ਚੱਟਣੇ... ਕੱਲ੍ਹ ਦੇ ਛੋਕਰੇ ਅਨਾਊਂਸਮੈਂਟ ਕਰਨ ਬਹਿਗੇ...। ਅਸੀਂ ਤਾਂ ਆਰ-ਪਾਰ ਦੀ ਲੜਾਈ ਲੜਣੀ ਹੁਣ...।''

''ਬਲਵੰਤ ਸਿਆਂ... ਤੂੰ ਚੰਗੀ ਨਹੀਉਂ ਕੀਤੀ... 'ਲਹਿੰਦੀ ਪੱਤੀ' ਵਾਲਿਆਂ ਨੂੰ ਰਾਸ਼ਣ ਪਾਣੀ ਵੰਡ ਕੇ...। ਤੂੰ ਸਰਪੰਚੀ 'ਚ ਵੋਟਾਂ ਬਟੋਰਨ ਕਰਕੇ ਸਾਡੀ ਪਿੱਠ ਲੁਆ ਦਿੱਤੀ।''

''ਭਰਾਵੋ... ਤੁਸੀਂ ਜੋ ਮਰਜ਼ੀ ਸਮਝ ਲਵੋ... ਪਰ ਮੈਂ ਆਪਣੇ ਪੁਰਖੇ ਦੀ ਪਿਰਤ ਨੂੰ ਤੋੜ ਨਹੀਂ ਸਕਦਾ। ਬਾਕੀ ਰਹੀ ਗੱਲ ਸਰਪੰਚੀ ਦੀ... ਇਸ ਵਾਰ ਦੀ ਸਰਪੰਚੀ ਗੁਲਜ਼ਾਰ ਸਿਆਂ ਤੇਰੀ।''

ਉਹ ਜਿਹੜਾ ਘੜੀ ਕੁ ਪਹਿਲਾਂ ਉੱਚੀ-ਉੱਚੀ ਫੁੰਕਾਰੇ ਛੱਡ ਰਿਹਾ ਸੀ ਤੇ ਦੂਜਿਆਂ ਨੂੰ ਵੀ ਭੜਕਾ ਰਿਹਾ ਸੀ, ਬੜਾ ਸ਼ਾਂਤ ਜਿਹਾ ਹੋ ਕੇ ਕਹਿਣ ਲੱਗਾ...''ਗੱਲ ਤਾਂ ਤੇਰੀ ਠੀਕ ਆ ਭਾਊ.. .ਘਰ ਦੀ ਘਰ 'ਚ ਹੀ ਨਿਬੇੜ ਲਈਏ ਤਾਂ ਚੰਗੈ...।''

ਮੈਂ ਆਪਣੀ ਚਾਲ ਚੱਲ ਗਿਆ ਸੀ ਤੇ ਉਸ ਵੇਲੇ ਸਰਪੰਚੀ ਦੇ ਤਜਰਬੇ ਨੇ ਮੈਨੂੰ ਦੱਸਿਆ ਸੀ... ਕਿ ਹੁਣ ਕਿਹੜੇ ਮੋਹਰੇ ਨਾਲ ਬਾਜ਼ੀ ਜਿੱਤੀ ਜਾ ਸਕਦੀ ਹੈ... ਤੇ ਮੈਂ 'ਇੰਦਰ ਨਰ' ਦੇ ਅਮਰੀਕਾ ਬੈਠੇ ਪੁੱਤ ਅਜੈ ਨਰ ਨੂੰ ਫ਼ੋਨ ਲਾ ਦਿੱਤਾ ਸੀ।

''ਚਾਚਾ ਕਿਵੇਂ ਯਾਦ ਆ ਗਈ.. .ਅੱਜ ਭਤੀਜ ਦੀ।''

''ਤੈਨੂੰ ਪਤਾ ਈ ਆ... ਸਭ।''

''ਆਹੋ ਪਤਾ ਸਭ ਮੈਨੂੰ...'ਗੁਰੂ ਘਰ' 'ਚੋਂ ਕਿਹੜੀਆਂ-ਕਿਹੜੀਆਂ ਅਨਾਊਂਸਮੈਂਟਾਂ ਹੋ ਰਹੀਆਂ...।''

''ਪੁੱਤਰਾ... ਚੜੋਖਤੀ ਦੋਵਾਂ ਧਿਰਾਂ ਵੱਲੋਂ ਹੋਈ।''

''ਪਰ ਪਹਿਲ 'ਤੇਰੇ ਬੰਦਿਆਂ' ਨੇ ਕੀਤੀ... ਹੁਣ ਉਹ ਵੇਲੇ ਨਹੀਂ ਰਹੇ ਚਾਚਾ... 'ਆਪਣੇ ਬੰਦਿਆਂ' ਨੂੰ ਇਹ ਗੱਲ ਸਮਝਾ ਛੱਡ...।''

''ਮੈਨੂੰ ਵੀ ਪਤਾ ਹੁਣ ਉਹ ਵੇਲੇ ਨਹੀਂ ਰਹੇ... ਪਰ ਹੁਣ ਇਸ ਵੇਲੇ ਨੂੰ ਰਲ-ਮਿਲ ਸਾਂਭ ਲਈਏ... ਪੁੱਤਰਾ, ਤੇਰੀਆਂ ਰਗਾਂ 'ਚ ਮੇਰੇ ਯਾਰ ਦਾ ਖ਼ੂਨ ਆ... ਮੈਨੂੰ ਪਿੱਠ ਨਾ ਦੇਵੀਂ ਹੁਣ...।''

''ਚਾਚਾ ਜੀਅ ਤਾਂ ਕਰਦਾ, ਮੈਂ ਤੈਨੂੰ ਪਿੱਠ ਵਿਖਾ ਈ ਦੇਵਾਂ... ਇਸ ਵਾਰ, ਤੈਨੂੰ ਵੀ ਪਤਾ ਲੱਗੇ, ਕਿਸ ਭਾਅ ਵਿਕਦੀ ਆ।''

''ਪੁੱਤਰਾ, ਮੈਨੂੰ ਤੇਰੇ ਤੋਂ ਇਹ ਆਸ ਨਹੀਂ ਸੀ।'' ਨਿਸੱਤੀ ਜਿਹੀ ਆਵਾਜ਼ 'ਚ ਮੇਰੇ ਤੋਂ ਬਸ ਇਹੋ ਆਖ ਹੋਇਆ ਸੀ।

ਜ਼ਿਆਦਾ ਕਰ ਲਿਆ ਵਿਸਤਾਰ ਖ਼ਾਹਿਸ਼ ਦਾ ਉਨ੍ਹੇ, ਵਰਨਾ
ਮੁਹੱਬਤ ਕਰਨ ਵਾਲਾ ਇਸ ਕਦਰ ਬਰਬਾਦ ਨ੍ਹੀਂ ਹੁੰਦਾ। -ਰਮਨ ਸੰਧ

"ਬੜੀ ਛੇਤੀ ਘਬਰਾ ਗਿਆ, ਚਾਚਾ... ਤੂੰ ਮੈਨੂੰ ਪਿਉ ਬਰੋਬਰ ਆ... ਨਾ ਪਿੱਠ ਮੈਂ ਤੇਰੀ ਲੱਗਣ ਦੇਣੀ, ਨਾ ਆਪਣੇ ਬੰਦਿਆਂ ਦੀ।"

"ਮੇਰੇ ਮਨੋ... ਤੂੰ ਭਾਰ ਲਾਹ ਦਿੱਤਾ, ਪੁੱਤਰਾ...।"

"ਪੁੱਤ-ਭਤੀਜੇ ਹੋਰ ਕਾਹਦੇ ਲਈ ਹੁੰਦੇ ਚਾਚਾ... ਗਲਾਸੀ ਲਾ ਤੇ ਪੂਰੇ ਪਿੰਡ 'ਚ ਬੜਕ ਮਾਰ ਕੇ ਦੱਸ ਦੇ ਸਭ ਨੂੰ... ਤੇਰੀ ਪਿੱਠ 'ਤੇ ਅਮਰੀਕਾ ਖਲੋਤਾ ਅਮਰੀਕਾ।"

◆◆◆

ਦਿਨ ਚੜ੍ਹੇ ਹੀ 'ਲਹਿੰਦੀ ਪੱਤੀ' ਵਾਲੇ ਮੇਰੇ ਘਰ ਦੀਆਂ ਬਰੂਹਾਂ 'ਤੇ ਆ ਖਲੋਤੇ ਸੀ... ਅੰਦਰੋਂ ਮੈਂ ਖ਼ੁਸ਼ ਸੀ... ਪਰ ਫਿਰ ਵੀ 'ਆਪਣੇ ਬੰਦਿਆਂ' ਸਾਹਮਣੇ ਰੋਹਬ ਜਿਹੇ ਨਾਲ ਕਿਹਾ, "ਹਾਂ, ਕਿੰਨ੍ਹੀ ਦਿਹਾੜੀ ਪਾਉਣੀ ਫਿਰ... ਕਰ ਲੈਣੇ ਸੀ 'ਸਾਬ-ਕਿਤਾਬ'...।" ਉਹ ਸਾਰੇ ਚੁੱਪ ਸਨ। ਪਰ ਉਨ੍ਹਾਂ ਵਿਚੋਂ ਬੀ.ਏ. ਪਾਸ ਉਨ੍ਹਾਂ ਦਾ ਲੀਡਰ ਬੋਲਿਆ, "ਸਰਪੰਚ ਸਾਬ, ਤੁਸੀਂ ਧਰਤ ਦੇ ਮਾਲਕ, ਅਸੀਂ ਧਰਤੀ ਦੇ ਪੁੱਤ... 'ਹਿਸਾਬ-ਕਿਤਾਬ' ਮਾਲਕਾਂ ਦਾ ਹੁੰਦਾ ਹੋਊ... 'ਮਾਂ-ਪੁੱਤਾਂ ਦੇ ਕਾਹਦੇ ਹਿਸਾਬ ਕਿਤਾਬ'...। ਉਹਦੀ ਗੱਲ ਸੁਣ ਮੈਂ ਝੇਪ ਜਿਹਾ ਗਿਆ ਸੀ।

ਕੋਲ ਖਲੋਤੇ ਗੁਲਜ਼ਾਰੀ ਨੇ ਟਿੱਚਰ ਜਿਹੀ 'ਚ ਆਖਿਆ, "ਫਿਰ ਵੀ ਵਾਧੇ-ਘਾਟੇ ਸੋਚ ਲੈਣੇ ਸੀ ਆਪਣੇ...।"

"ਸਰਪੰਚ ਸਾਹਿਬ... 'ਆਪਣੇ ਬੰਦਿਆਂ' ਨੂੰ ਸਮਝਾ ਲਵੋ... ਅਸੀਂ ਵਾਧੂ-ਘਾਟੂ ਗੱਲਾਂ ਸੁਣਨ ਨਹੀਂ ਆਏ... 'ਆਪਣੇ ਬੰਦੇ' ਦੇ ਕਹਿਣ 'ਤੇ ਮੈਂ ਇਨ੍ਹਾਂ ਨੂੰ ਛੱਡਣ ਆ ਗਿਆ...। ਵਾਪਸ ਚਲੇ ਜਾਂਦੇ ਆ... ਫਿਰ ਵੇਖ ਲਿਉ 'ਵਾਧੇ-ਘਾਟੇ' ਕਿੰਨਾਂ ਨੂੰ ਪੈਂਦੇ ਆ...।"

ਇਕ ਪਲ ਮੈਨੂੰ ਲੱਗਾ ਬਣੀ-ਬਣਾਈ ਗੱਲ ਹੱਥੋਂ ਖਿਸਕ ਚੱਲੀ ਆ। ਨਾ ਚਾਹੁੰਦਿਆਂ ਹੋਇਆਂ ਵੀ ਉਸ ਨਵੇਂ-ਨਵੇਂ ਬਣੇ ਮੋਹਤਬਰ ਨੂੰ ਆਪਣੇ ਕਲਾਵੇ 'ਚ ਲੈ ਲਿਆ। ਮੈਂ ਕੁਝ ਕਹਿਣ ਹੀ ਵਾਲਾ ਸੀ ਕਿ ਭੀੜ 'ਚੋਂ ਬਚਨਾ ਅਮਲੀ ਬੋਲ ਪਿਆ, "ਗੁਲਜ਼ਾਰ ਸਿਆਂ... ਸਰਪੰਚ ਦੀ ਪਿੱਠ 'ਤੇ ਵੀ 'ਮਰੀਕਾ' ਤੇ ਸਾਡੀ ਪਿੱਠ 'ਤੇ ਵੀ 'ਮਰੀਕਾ'... ਸਾਡਾ ਦੋਵਾਂ ਦਾ ਇਕੋ ਤਰੀਕਾ ਤੇ ਫਿਰ ਰੌਲਾ ਕਾਹਦਾ...।"

ਵਾਕਿਆ ਹੀ ਫਿਰ ਕੋਈ ਰੌਲਾ ਨਹੀਂ ਰਿਹਾ ਸੀ। ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਮੇਰੇ ਸਿਰ ਤੋਂ ਮਣਾਂ-ਮੂੰਹੀਂ ਭਾਰ ਲੱਥ ਗਿਆ ਸੀ। 'ਅਜੈ ਨਰ' ਨੂੰ ਫੋਨ ਕਰ ਕਹਿੰਦਾ ਹਾਂ, "ਪੁੱਤਰਾ... ਪਿਉ ਤੇਰਾ ਜਨਮ ਤੋਂ 'ਨਰ' ਸੀ, ਮੈਂ ਕਰਮ ਤੋਂ 'ਨਰ'... ਪਰ ਤੂੰ ਜਨਮ ਤੋਂ ਵੀ ਨਰ ਤੇ ਕਰਮ ਤੋਂ ਵੀ ਨਰ।"

"ਚਾਚਾ ਤੂੰ ਮੈਨੂੰ ਪਿਉ ਬਰੋਬਰ ਆਂ... ਬਸ ਹੁਕਮ ਕਰਿਆ ਕਰ।" ਉਹਦੇ ਇਹ ਬੋਲ ਮੈਨੂੰ ਧਰਵਾਸਾ ਦੇ ਗਏ ਸੀ ਤੇ ਇਸ ਧਰਵਾਸੇ 'ਚ ਹੀ ਮੈਂ ਆਪਣੇ

ਪੁੱਤ ਨੂੰ ਫੋਨ ਕਰ ਦਿੱਤਾ ਸੀ... ਪਰ ਮਾੜੀ-ਮੋਟੀ ਸਤਿ-ਕੁਸਤਿ ਕਰ, ਉਸ ਫ਼ੋਨ ਨਿਆਣਿਆਂ ਦੇ ਕੰਨਾਂ ਨੂੰ ਲਾ ਦਿੱਤਾ ਸੀ। ਦਿਨ ਚੜ੍ਹੇ ਹੀ ਉਹਦੀ ਇਹ ਹਰਕਤ ਮੇਰੇ ਧੁਰ ਅੰਦਰ ਤਕ ਲਾਂਬੂ ਲਾ ਗਈ ਸੀ।

ਪੁੱਤ ਦੇ ਲੱਛਣਾਂ ਨੇ ਮੈਨੂੰ ਲੂਅ ਕੇ ਰੱਖ ਦਿੱਤਾ ਸੀ ਤੇ ਮੈਂ ਸੋਚ ਰਿਹਾ ਸੀ ਇਹ ਕਰੋਨਾ ਤਾਂ ਕਿਸੇ ਦਿਨ ਖ਼ਤਮ ਹੋ ਜੂ, ਪਰ ਬੰਦੇ ਅੰਦਰ ਪਿਆ ਕਰੋਨਾ ਬਹੁਤ ਜ਼ਹਿਰੀਲਾ... ਇਸ ਪਤੰਦਰ ਕੋਲ ਇਹੋ ਜਿਹੀਆਂ ਕਲਾਬਾਜ਼ੀਆਂ... ਇਹ ਮਰਨ ਵੀ ਨਹੀਂ ਦੇਂਦੀਆਂ... ਪਰ ਜੀਣ ਜੋਗਾ ਵੀ ਨਹੀਂ ਛੱਡਦੀਆਂ...।

ਮਨ ਨੂੰ ਆਹਰੇ ਲਾਉਣ ਲਈ ਟੀ.ਵੀ. ਲਾ ਲੈਂਦਾ ਹਾਂ। ਟੀ.ਵੀ. 'ਤੇ ਚੀਕ ਚਿਹਾੜਾ ਪੈ ਰਿਹਾ ਹੈ- ਘਰ 'ਚ ਰਹਿੰਦੇ ਬਜ਼ੁਰਗ ਜੋੜੇ ਦੀ ਮੌਤ... ਧੀਆਂ-ਪੁੱਤਾਂ ਨੇ ਲਾਸ਼ਾਂ ਲੈਣ ਤੋਂ ਕੀਤਾ ਇਨਕਾਰ। ਮੇਰੀ ਸ਼ੂਗਰ ਘੱਟ ਹੋ ਜਾਂਦੀ ਹੈ... ਹੱਥ-ਪੈਰ ਕੰਬਣ ਲੱਗਦੇ ਆ... ਸਰੀਰ ਠੰਡਾ ਯਖ... ਅੱਖਾਂ ਮਿਚਣ ਲੱਗਦੀਆਂ ਹਨ... ਰੂਹ ਉੱਡ ਜਾਂਦੀ ਹੈ... ਕ੍ਰਿਸ਼ਨਾ ਦਰਵਾਜ਼ਾ ਖੋਲ੍ਹ ਰਿਹਾ ਹੈ... ਗਲੀ-ਗੁਆਂਢ ਨੂੰ ਵਾਜਾਂ ਮਾਰ ਰਿਹਾ... ਕੋਈ ਨਹੀਂ ਬਹੁੜਦਾ... ਨੂੰਹ-ਪੁੱਤ ਵੀ ਫ਼ੋਨ ਨਹੀਂ ਚੁੱਕ ਰਹੇ...।

ਗੁਰਦੁਆਰੇ 'ਚ ਅਨਾਊਂਸਮੈਂਟ ਹੋ ਰਹੀ ਹੈ, "ਗੁਰੂ ਘਰ ਦੀ ਸਾਜੀ-ਨਿਵਾਜੀ ਸਾਧ ਸੰਗਤ... ਸਾਡੇ ਸਭ ਦੇ ਹਰਦਿਲ ਅਜੀਜ਼ ਬਲਵੰਤ ਸਿੰਘ ਜੀ ਸਵਰਗ ਸਿਧਾਰ ਗਏ ਹਨ... ਮਹਾਂਮਾਰੀ ਦੇ ਚਲਦਿਆਂ... ਅੰਤਮ ਰਸਮਾਂ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਨੇ ਲਈ ਹੈ। ਪਿੰਡੋਂ ਹਟਵੀਆਂ ਹੋਣ ਕਰਕੇ ਉਨ੍ਹਾਂ ਦਾ ਸਸਕਾਰ 'ਲਹਿੰਦੀ ਪੱਤੀ' ਵਾਲੇ ਸ਼ਮਸ਼ਾਨਘਾਟ 'ਚ ਕੀਤਾ ਜਾਵੇਗਾ। ਸਾਧ ਸੰਗਤ ਨੂੰ ਬੇਨਤੀ ਹੈ ਕਿ ਸਸਕਾਰ ਵੇਲੇ ਬਹੁਤਾ 'ਕੱਠ ਨਾ ਕੀਤਾ ਜਾਵੇ ਜੀ...।"

'ਚੜ੍ਹਦੀ ਪੱਤੀ' 'ਚੋਂ ਕੋਈ ਜੀਅ-ਪਰਿੰਦਾ ਨਹੀਂ ਹਿੱਲਦਾ। 'ਲਹਿੰਦੀ ਪੱਤੀ' ਦੇ ਵਿਹੜੇ 'ਚ ਚਾਚੀ ਪ੍ਰਸਿੰਨੀ ਖਲੋ ਗਈ ਹੈ... ਉਹਦੇ ਦੁਆਲੇ ਚਿੱਟੀਆਂ ਚੁੰਨੀਆਂ ਦਾ ਝੁਰਮੱਟ ਹੈ। 'ਦੇਹ' ਨੂੰ ਵੇਖ ਦੂਰੋਂ ਵੈਣ ਪੈਣ ਲੱਗਦੇ ਹਨ- ਵੇ ਸਾਡੇ ਲਈ... ਤੂੰ ਰਣਜੀਤ ਸਿਹੁੰ ਮਾਰਾਜ ਵੇ ਉੱਠ ਕੇ ਸਾਡੇ ਕੰਨੀ ਝਾਕ ਵੇ ਆਏ ਤੇਰੇ ਉੜਾਂ-ਥੁੜਾਂ ਦੇ ਸਾਕ ਕੋਈ ਅਣਪਛਾਣਿਆ ਚਿਹਰਾ 'ਦੇਹ' ਨੂੰ 'ਲਾਂਬੂ' ਲਾਉਣ ਲੱਗਾ ਹੈ। ਚਾਚੀ ਪ੍ਰਸਿੰਨੀ ਮੇਰੇ ਪੁੱਤ ਨੂੰ 'ਵਾਜਾਂ ਮਾਰਦੀ ਹੈ... ਪਰ ਉਹ ਨਹੀਂ ਬਹੁੜਦਾ ਤੇ ਫਿਰ ਚਾਚੀ ਪ੍ਰਸਿੰਨੀ 'ਚੜ੍ਹਦੀ ਪੱਤੀ' ਵੱਲ ਵੇਖਦਿਆਂ ਲੇਰ ਮਾਰਦੀ ਹੈ।

"ਕੋਈ ਲਾਂਬੂ ਵੀ ਲਾਉਣ ਨਾ ਆਇਆ
ਵੇ ਬਹੁਤਿਆਂ ਜੈਦਾਦਾਂ ਵਾਲਿਆ।"

ਮੈਂ ਉੱਠ ਖਲੋਇਆ ਸੀ, ਘਬਰਾਇਆ ਹੋਇਆ ਸੀ... ਅੱਭੜਵਾਹੇ ਮੈਂ ਆਪਣੇ ਸਰੀਰ ਨੂੰ ਟੋਂਹਦਾ ਹਾਂ... ਆਪਣੇ ਦਿਲ 'ਤੇ ਹੱਥ ਧਰਦਾ ਹਾਂ... ਇਹ ਤਾਂ ਅਜੇ ਵੀ ਧੜਕ ਰਿਹਾ ਸੀ। ਬਾਹਰ ਆਉਂਦਾ ਹਾਂ... ਪਰ ਅੱਜ ਮੈਂ ਕ੍ਰਿਸ਼ਨਾ ਨੂੰ ਆਵਾਜ਼ ਨਹੀਂ ਮਾਰਦਾ। ਤੇ ਅਗਲੇ ਹੀ ਪਲ ਮੈਂ 'ਕੱਲਾ ਹੀ 'ਲਹਿੰਦੀ ਪੱਤੀ' ਦੀਆਂ ਮੜ੍ਹੀਆਂ ਦੇ ਰਾਹੇ ਪੈ ਜਾਂਦਾ ਹਾਂ... ਮੜ੍ਹੀਆਂ 'ਚ ਲੱਗੇ ਬੂਟਿਆਂ ਨੂੰ ਪਾਣੀ ਦੇਂਦਾ ਹਾਂ... ਗਰਮੀ ਨਾਲ 'ਧੁੱਖੇ ਫੁੱਲਾਂ' 'ਤੇ ਪਾਣੀ ਦਾ ਛਿੜਕਾਅ ਕਰਦਿਆਂ ਆਪਣੇ ਧੁਖਦੇ ਸਰੀਰ ਨੂੰ ਵੀ ਪਾਣੀ ਥੱਲੇ ਕਰ ਦੇਂਦਾ ਹਾਂ... ਮੇਰੇ ਅੰਦਰ ਚਿਰਾਂ ਤੋਂ ਮੱਚ ਰਿਹਾ ਲਾਂਬੂ ਹੌਲੀ-ਹੌਲੀ ਮੱਠਾ ਪੈਣ ਲੱਗਦਾ ਹੈ।

ਮਹਿਲ ਵਿਚ ਜਿਹੜਾ ਫੁਹਾਰਾ ਚਲਦੈ,
ਏਸ ਵਿਚ ਰੱਤ ਹੈ ਕਿਸੇ ਮਜ਼ਦੂਰ ਦੀ। -ਜਸਵੰਤ ਵਾਗਲਾ

ਕਹਾਣੀ

# ਜਾਨ ਦਾ ਖੌਅ

## ਸਰਬਜੀਤ ਕੌਰ ਸੋਹਲ


ਸਰਬਜੀਤ ਕੌਰ ਸੋਹਲ

ਸਰਬਜੀਤ ਕੌਰ ਸੋਹਲ: ਪੰਜਾਬੀ ਕਵਿਤਾ, ਅਲੋਚਨਾ ਅਤੇ ਅਨੁਵਾਦ ਦੇ ਖੇਤਰ ਵਿਚ ਉਘੜਵੀਂ ਪਛਾਣ ਰੱਖਦੇ ਹਨ। ਡਾ. ਸਰਬਜੀਤ ਕੌਰ ਸੋਹਲ ਨੇ ਆਪਣੇ ਕਹਾਣੀ ਸੰਗ੍ਰਹਿ 'ਇੰਟਰਵੇਲ ਤੋਂ ਬਾਅਦ' ਰਾਹੀਂ ਆਪਣੇ ਸਮਰੱਥ ਕਹਾਣੀਕਾਰ ਹੋਣ ਦਾ ਦਾਅਵਾ ਵੀ ਪੇਸ਼ ਕੀਤਾ ਹੈ। ਉਸਦੀਆਂ ਕਹਾਣੀਆਂ ਦੇ ਪਾਤਰ ਆਰਥਿਕ, ਸਮਾਜਿਕ ਤੇ ਸਭਿਆਚਾਰਕ ਦਬਾਵਾਂ ਕਾਰਨ ਆਪਣੇ ਹਿੱਸੇ ਆਈ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਨਾ ਜਿਉਂ ਸਕਣ ਦੀ ਮਜ਼ਬੂਰੀ ਵਿੱਚੋਂ ਲੰਘਦਿਆਂ, ਮਾਨਸਿਕ ਤੌਰ 'ਤੇ ਬਹੁਤ ਬੇ-ਚੈਨ ਅਤੇ ਅਸ਼ਾਂਤ ਵਿਖਾਈ ਦਿੰਦੇ ਹਨ। ਉਨ੍ਹਾਂ (ਪਾਤਰਾਂ) ਦੇ ਅੰਦਰਲੀ ਇਹ ਅਸ਼ਾਂਤੀ ਹੀ ਉਨ੍ਹਾਂ ਨੂੰ ਆਪਣੇ ਕਾਰਜ ਖੇਤਰ ਵਿਚ ਨਿਰੰਤਰ ਸਰਗਰਮ ਰੱਖਦੀ ਹੈ। ਉਸਦੀ ਇਹ ਕਹਾਣੀ 'ਜਾਨ ਦਾ ਖੌਅ' ਅਨੇਕਾਂ ਤਰ੍ਹਾਂ ਦੀਆਂ ਮਨੋ-ਸਮਾਜਿਕ ਸੱਮਸਿਆਵਾਂ ਨਾਲ ਜੂਝ ਰਹੇ ਮਨੁੱਖ ਦੀ ਤਰਜ਼ਮਾਨੀ ਕਰਦੀ ਸਫਲ ਕਹਾਣੀ ਹੈ।
-ਨਿਰੰਜਣ ਬੋਹਾ

ਕੱਚ ਦੇ ਸੁਪਨਿਆਂ ਨੂੰ ਬਚਾਉਣ ਜਿੰਨੀ ਘਾਲਣਾ ਸੀ, ਇਸ ਗ੍ਰਹਿਸਤੀ ਨੂੰ ਸੰਭਾਲਣਾ... ਕਿਰਚਾਂ ਚੁਭਣ ਦਾ ਡਰ, ਸੁਪਨੇ ਤਿੜਕਣ ਦਾ ਖ਼ਦਸ਼ਾ, ਸ਼ਾਹ ਰਗ ਨੂੰ ਨਪੀੜੀ ਰੱਖਦਾ...। ਬੇਵਕਤ ਬੇਵਜ੍ਹਾ ਦੀਆਂ ਤਿਕੜਮਬਾਜ਼ੀਆਂ ਪੱਬਾਂ ਭਾਰ ਹੀ ਤੋਰੀ ਰੱਖਦੀਆਂ।

ਖ਼ਾਸ ਕਰ ਜਦੋਂ ਦਾ ਇਹ ਚੰਦਰਾ ਲਾਕ-ਡਾਊਨ ਲੱਗਿਆ, ਮੇਰੇ ਭਾਅ ਦੀ ਤਾਂ ਮੁਸੀਬਤ ਹੀ ਬਣੀ ਹੋਈ ਸੀ। ਕੰਮ ਸੀ ਕਿ ਇੰਨਾ ਵੱਧ ਗਿਆ...। ਬਗਾਨਿਆਂ ਤੋਂ ਤਾਂ ਡਰ ਲੱਗਣਾ ਹੀ ਸੀ ਆਪਣੇ ਹੱਥ ਵੀ ਪਰਾਏ ਲੱਗਣ ਲਗ ਪਏ। ਹੱਥ ਹੀ ਜਿਵੇਂ ਅਛੂਤ ਹੋ ਗਏ ਹੋਣ, ਆਪਣੀ ਗੋਦੀ ਵਿੱਚ ਰੱਖਣ ਤੋਂ ਆਪਣੇ ਮੂੰਹ ਨੂੰ ਛੂੰਹਣ ਤੋਂ, ਵਾਲਾਂ ਦੀ ਬਿਖਰੀ ਲਿਟ ਨੂੰ ਯਥਾ ਸਥਾਨ ਟਿਕਾਉਣ ਤੋਂ ਵੀ, ਡਰ ਈ ਲਗਦਾ।

ਜਿਵੇਂ ਕਿਤੇ ਦੁਆਲਾ ਹੀ ਭ੍ਰਿਸ਼ਟ ਗਿਆ ਹੋਵੇ। ਦੁਆਲੇ ਦੀ ਹਵਾ ਮਾਸਕ ਥਾਣੀਂ ਲੰਘਦੀ ਵੀ ਜ਼ਰਾਸੀਮ ਯੁਕਤ ਲਗਦੀ... ਹਰ ਥਾਂ ਕਰੋਨਾ ਹੀ ਕਰੋਨਾ...। ਸਬਜ਼ੀਆਂ, ਦੁੱਧ, ਆਲੂ-ਪਿਆਜ ਸਭ ਧੋ-ਧੋ ਹੱਥ ਕਮਲੇ ਹੋ ਜਾਂਦੇ...। ਹਜੇ ਤਾਂ ਮੈਂ ਕਈ ਇੰਤਜ਼ਾਮ ਕਰ ਲਏ ਹੋਏ ਨੇ, ਬਾਹਰੋਂ ਲਿਆਂਦੀ ਚੀਜ਼ ਪਹਿਲਾਂ ਬਾਹਰ ਮੇਜ਼ ਤੇ ਧੁੱਪੇ ਰੱਖਣਾ ਤੇ ਫਿਰ ਉਸ ਤੋਂ ਬਾਅਦ ਸੈਨੇਟਾਈਜ਼ ਕਰਕੇ ਹੀ ਰਸੋਈ ਤੱਕ ਲਿਆਉਣਾ।

ਕੰਮ ਵੀ ਕਿੰਨੇ ਵੱਧ ਗਏ ਨੇ। ਕੱਲੀ ਜਾਨ, ਬਿਮਾਰ ਸੱਸ... ਜੋ ਪਿਛਲੇ ਦੋ ਸਾਲਾਂ ਤੋਂ ਮੰਜੇ ਨਾਲ ਈ ਜੁੜੀ ਹੋਈ ਏ... 'ਤੇ ਇਹ, ਇਹਨਾਂ ਦੀ ਕੀ ਗੱਲ ਦੱਸਾਂ... ਇਸ ਚੰਦਰੇ ਲਾਕ-ਡਾਊਨ ਨੇ ਤਾਂ ਮੇਰੇ ਲਈ ਆਫ਼ਤ ਈ ਲੈ ਆਂਦੀ ਐ...।

ਇਹ ਮੇਰੇ ਮਾਲਕ 'ਤੇ ਮੈਂ ਇਹਨਾਂ ਦੀ ਗੁਲਾਮ, ਹਰ ਵੇਲੇ ਦੀਆਂ ਫਰਮਾਇਸ਼ਾਂ, ਅਜ਼ਮਾਇਸ਼ਾਂ ਲਈ ਤਿਆਰ-ਬਰ-ਤਿਆਰ...।

ਕਮਾਲ ਦਾ ਰਿਸ਼ਤਾ ਬਣਾਇਆ ਰੱਬ ਨੇ ਵੀ ਪਤੀ-ਪਤਨੀ, ਪਿਆਰ-ਨਫ਼ਰਤ, ਰਾਜਾ-ਰਿਆਇਆ...। ਕਰੋਨਾ ਕੀ ਆਇਆ, ਸਭ ਘਰਾਂ ਵਿੱਚ ਬੰਦ ਤੇ ਵੱਧ ਗਏ ਔਰਤਾਂ ਦੇ ਕੰਮ...। 'ਕਮਲ, ਚਾਹ ਬਣੀ ਨਹੀਂ ਅਜੇ... ਕੀ ਕਰਦੀ ਰਹਿੰਦੀ ਤੂੰ ਸਾਰਾ ਦਿਨ... ਕੋਈ ਕੰਮ ਸਮੇਂ ਸਿਰ ਨਹੀਂ ਹੁੰਦਾ...ਐ ਆਹ ਕਿੰਨਾ ਖਲਾਰਾ ਪਾ ਰੱਖਿਆ ਤੂੰ... ਸਫ਼ਾਈ ਵੀ ਨਹੀਂ ਹੁੰਦੀ...ਐ ਬੀਜੀ, ਕਦੋਂ ਦੀ ਅਵਾਜਾਂ ਮਾਰਦੀ ਪਈ ਏ... ਕੰਨਾਂ 'ਚ ਰੂੰ ਪਾਇਆ ਐ ਸੁਣਦਾ ਨਹੀਂ ਤੈਨੂੰ...ਐ' ਵਗੈਰਾ, ਵਗੈਰਾ, ਵਗੈਰਾ ਸਾਰਾ ਦਿਨ ਇਹੋ ਜਿਹੀਆਂ ਸਲਵਾਤਾਂ ਸੁਣਨਾ ਮੇਰੀ ਦਿਨਚਰਯਾ ਈ ਬਣ ਗਈ ਹੋਈ ਐ।

ਚਲੋ ਕਿੰਨੇ ਕੁ ਦਿਨ... ਕਦੀ ਤੇ ਲਾਕ-ਡਾਊਨ ਖੁੱਲ੍ਹੇਗਾ ਨਾ...। ਮੇਰਾ ਸੰਤਾਪ ਵੀ ਮੁੱਕ ਹੀ ਜਾਊਗਾ...। ਕੀ ਕਹਿੰਦੇ ਹੋ.... ਤੁਹਾਨੂੰ ਕਹਿ ਰਹੀ ਹਾਂ, ਤੁਸੀਂ ਜੋ ਮੇਰੀ ਕਹਾਣੀ ਸੁਣ ਰਹੇ ਹੋ...।

ਹੁਣ ਮੈਂ ਨਿੱਤ ਪ੍ਰਾਰਥਨਾ ਕਰਦੀ, ਹੇ ਭਗਵਾਨ ਜੀ, ਇਹ ਕਰੋਨਾ ਭਜਾ ਦਿਓ, ਇਹ ਸੰਤਾਪ ਹੋਰ ਨਹੀਂ ਝੱਲ ਹੁੰਦਾ।

ਅਸੀਂ ਤਾਂ ਭਾਈ ਪ੍ਰਧਾਨ ਮੰਤਰੀ ਦੇ ਆਖੇ ਥਾਲੀਆਂ ਪੀਪੇ ਵੀ ਖੜਕਾ ਦਿੱਤੇ, ਮੋਮਬੱਤੀਆਂ ਵੀ ਜਗਾ ਲਈਆਂ ਪਰ ਕਰੋਨਾ ਹੈ ਕਿ ਮਰਨ-ਮੁਕਣ ਦਾ ਨਾਮ ਹੀ ਨਹੀਂ ਲੈਂਦਾ।

...'ਤੇ ਉੱਤੋਂ ਇਹਨਾਂ ਚੂਹਿਆਂ ਨੇ ਜਾਨ ਖਾਧੀ ਹੋਈ ਹੈ। ਜਦੋਂ ਦਾ ਸੜਕੋਂ ਪਾਰ ਸੀਵਰੇਜ ਪੈਣ ਦਾ ਕੰਮ ਸ਼ੁਰੂ ਹੋਇਆ, ਸਾਰੇ ਦੇ ਸਾਰੇ ਚੂਹੇ ਘਰਾਂ ਵੱਲ ਤੁਰ ਪਏ...। ਬੜੀ ਅਲਕਤ ਆਉਂਦੀ ਜੇ ਚੂਹਿਆਂ ਤੋਂ... ਕੁਚਰ ਕੁਚਰ ਕਰਦੇ ਤੁਰੇ ਫਿਰਦੇ ਨੇ...। ਘਰ ਦੇ ਸਾਰੇ ਬੂਹਿਆਂ ਹੇਠ ਰਬੜ ਦੀਆਂ ਪਾਇਪਾਂ ਵੀ ਲਵਾਈਆਂ, ਬੂਹੇ ਵੀ ਬੰਦ ਰੱਖੀਦੇ ਪਰ ਨਹੀਂ, ਚੂਹੇ ਤਾਂ ਪਤਾ ਨਹੀਂ ਕਿੱਥੋਂ ਆ ਵੜਦੇ...। ਕੜਿਕੀ ਲਾਉਣਾ ਨਹੀਂ ਭੁੱਲਦੀ ਮੈਂ, ਚੂਹੇ ਮਾਰਨ ਵਾਲੀ ਚੁੰਬਕ ਜਿਹੀ ਵੀ ਲਾਈ ਰੱਖਦੀ ਆਂ...। ਚੂਹਾ ਫਸ ਜਾਂਦਾ ਤੇ ਫੇਰ ਉਸ ਨੂੰ ਪਾਰ ਬੁਲਾਉਣ ਦਾ ਜਿੰਮਾ ਵੀ ਮੇਰਾ... ਮੈਂ ਵੀ ਫਿਰ ਕੜਿਕੀ ਸਮੇਤ ਪਾਣੀ ਵਾਲੀ ਬਾਲਟੀ 'ਚ ਡੁਬੋ ਦਿੰਦੀ ਆਂ... ਮਰ ਜਾਂਦਾ, ਫਿਰ ਚੂਹਾ...। ਫਿਰ ਵੀ ਪਤਾ ਨਹੀਂ ਹੋਰ ਕਿੱਥੋਂ ਤੁਰੇ ਆਉਂਦੇ ਨੇ, ਹੇੜ ਦੀ ਹੇੜ...।

"ਕਮਲ, ਰੋਟੀ ਬਣੀ ਨਹੀਂ ਅਜੇ' ਬੇਜੀ ਕਦੋਂ ਦੇ ਭੁੱਖੇ ਨੇ..." ਰਵੀ ਗੁੱਸੇ ਨਾਲ ਤਮਤਮਾਉਂਦਾ ਬੋਲਿਆ ਸੀ।

"ਬਸ, ਤਿਆਰ ਐ, ਮੈਂ ਲੈਕੇ ਹੀ ਆ ਰਹੀ ਸੀ।" ਮੈਂ ਸਹਿਜ ਭਾਵ ਨਾਲ ਕਿਹਾ।

ਮੈਨੂੰ ਪਤਾ ਕਿ ਬੋਲਣ ਦਾ ਕੋਈ ਫਾਇਦਾ ਨਹੀਂ, ਐਵੇਂ ਮੂਡ ਦੀ ਕਿਰਕਿਰੀ ਹੋਣੀ ਐ..., ਇਸ ਬੰਦੇ ਨਾਲ ਬਹਿਸ ਕਰਨ ਦਾ ਵੀ ਕੋਈ ਫਾਇਦਾ ਨਹੀਂ। ਮੈਂ ਤਾਂ ਹੁਣ ਢੀਠ ਈ ਹੋ ਗਈ ਆਂ... ਓਨਾਂ ਕੁ ਅਸਰ ਲਿਆ ਤੇ ਬਸ...'ਤੁਹਾਡੀ ਆਖੀ ਸਿਰ ਮੱਥੇ ਤੇ

ਬਹੁ-ਰੂਪੀਏ, ਤਾੜੀਮਾਰਾਂ, ਭੰਡਾਂ ਅਤੇ ਨਚਾਰਾਂ ਨੇ,
ਸਭਿਆਚਾਰ 'ਤੇ ਕਬਜ਼ਾ ਕਰ ਲਿਆ ਇਹਨਾਂ ਤਿੰਨਾਂ ਚਾਰਾਂ ਨੇ। -(ਅਗਲੇ ਸਫ਼ੇ 'ਤੇ)

ਪਰਨਾਲਾ ਉਥੇ ਦਾ ਉਥੇ...।'

ਤੁਸੀਂ ਸੋਚਦੇ ਹੋਵੋਗੇ ਕਿਹੋ ਜਿਹੀ ਜਨਾਨੀ ਐ... ਭੋਰਾ ਝਿਜਕ ਨਹੀਂ... ਸੱਸ ਦੀ ਤਾਂ ਪ੍ਰਵਾਹ ਹੀ ਨਹੀਂ ਕਰਦੀ...।

ਪਰ ਨਹੀਂ, ਮੈਂ ਇਹੋ ਜਿਹੀ ਕਦੀ ਵੀ ਨਹੀਂ ਸਾਂ... 'ਕਮਲ', ਕਮਲ ਦੇ ਫੁੱਲ ਵਰਗੀ ਈ ਸੀ, ਜਦੋਂ ਪੜ੍ਹਦੀ ਸੀ। ਖਿੜੀ-ਖਿੜੀ, ਨਰਮ, ਮਾਸੂਮ-ਮਲੂਕ...। ਵਿਆਹੀ ਗਈ ਤਾਂ ਬੱਸ ਕੰਮੋ ਗਈ...। ਤੁਸੀਂ, ਕਿਸੇ ਵੀ ਔਰਤ ਨੂੰ ਪੁੱਛ ਵੇਖੋ, ਕੇ ਉਹ ਵਿਆਹ ਤੋਂ ਪਹਿਲਾਂ ਸੁਖੀ ਸੀ ਕਿ ਵਿਆਹ ਤੋਂ ਮਗਰੋਂ...ਐ ਸਾਰੀਆਂ ਔਰਤਾਂ ਕੰਮਾਂ ਦੀਆਂ ਮਾਰੀਆਂ, ਟੱਬਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀਆਂ... ਸਤਾਈਆਂ ਜਿਹੀਆਂ ਹੀ ਹੋਣਗੀਆਂ, ਅਕਸਰ...।

ਬੀਜੀ, ਫੱਫੇ ਕੁੱਟਣੀ ਜਿਹੀ, ਬਥੇਰਾ ਸਤਾਇਆ ਇਸ ਨੇ ਵੀ ਮੈਨੂੰ... 'ਅਖੇ ਪੋਤਾ ਚਾਹੀਦਾ... ਪੋਤਾ ਹੀ ਹੋਵੇ।' 'ਤੇ ਹੁਣ ਬੁੜੀ ਪਈ ਮੰਜੇ 'ਤੇ, ਅਧਰੰਗ ਜੂ ਹੋਇਆ, ਮੈਂ ਤਾਂ ਫਿਰ ਵੀ ਦਵਾਈਆਂ ਦਿੰਦੀ ਰੋਟੀ ਪਾਣੀ ਖਵਾਉਂਦੀ, ਨਵਾਉਂਦੀ-ਧੁਵਾਉਂਦੀ, ਸਾਰਾ ਦਿਨ ਊਰੀ ਵਾਂਗ ਘੁੰਮਦੀ ਰਹਿੰਦੀ।

ਆਪਣਾ ਆਪ ਤਾਂ ਬੱਸ ਉਦੋਂ ਹੀ ਮਹਿਸੂਸ ਹੁੰਦਾ, ਜਦੋਂ ਰਵੀ ਦਫ਼ਤਰ ਚਲਾ ਜਾਂਦਾ। ਰਵੀ ਅਤੇ ਹਾਲਾਤਾਂ ਨਾਲ ਸਮਝੌਤਾ ਕਰਦਿਆਂ ਹੁਣ ਮੈਂ ਵੀ ਜੀਣਾ ਸਿੱਖ ਲਿਆ ਹੋਇਆ ਸੀ...।

ਰਵੀ ਨੂੰ ਦਫ਼ਤਰ ਤੋਰਨ ਤੋਂ ਬਾਅਦ ਮੈਂ ਆਪਣੇ ਲਈ ਵਧੀਆ ਜਿਹਾ ਸੈਂਡਵਿਚ ਬਣਾਉਂਦੀ ਵੱਡਾ ਸਾਰਾ ਕੌਫੀ ਦਾ ਮੱਘ ਲੈ, ਪੁਰਾਣੇ ਹਿੰਦੀ ਗੀਤ ਲਾ ਦਿੰਦੀ... ਮਜ਼ੇ ਨਾਲ ਬਰੇਕਫਾਸਟ ਕਰਦੀ। ਕੌਫ਼ੀ ਪੀਣ ਤੋਂ ਪਹਿਲਾਂ ਕੌਫ਼ੀ ਦੀ ਮਹਿਕ ਨੂੰ ਮੈਂ ਡੂੰਘੇ ਸਾਹ ਨਾਲ ਅੰਦਰ ਹੀ ਜਜ਼ਬ ਕਰ ਲੈਣਾ ਚਾਹੁੰਦੀ।

ਅੱਗੇ ਤਾਂ ਕੰਮ ਵਾਲੀ ਆਉਂਦੀ ਤੇ ਸਫ਼ਾਈਆਂ, ਬਰਤਨ ਕਰ ਜਾਂਦੀ, ਪਰ ਇਸ ਲਾਕ-ਡਾਊਨ ਵਿੱਚ ਕੰਮ ਵਾਲੀਆਂ ਨੂੰ ਘਰੇ ਬੁਲਾਉਣਾ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। ਬੀਜੀ ਕਰਕੇ ਉਂਝ ਵੀ ਰਵੀ ਨੌਕਰਾਣੀ ਦਾ ਨਾਮ ਵੀ ਨਾ ਲੈਣ ਦਿੰਦਾ...।

ਚਲੋ, ਓ ਜਾਣੇ' ਸਭ ਹੋਈ ਜਾ ਰਿਹਾ ਸੀ। ਉਂਝ ਪ੍ਰਾਹੁਣਿਆਂ ਦਾ ਕੰਮ ਵੀ ਘਟਿਆ ਹੋਇਆ ਸੀ। ਆਂਢ-ਗੁਆਂਢ ਤੋਂ ਵੀ ਕੋਈ ਇਕ ਦੂਜੇ ਦੇ ਘਰ ਆਉਂਦਾ-ਜਾਂਦਾ ਨਹੀਂ ਸੀ। ਆਪਣਾ ਘਰ, ਆਪਣੀ ਦੁਨੀਆਂ ਅਤੇ ਆਪਣੇ ਹੀ ਝੰਝਟ।

ਵੈਸੇ ਰਵੀ ਦੇ ਘਰ ਹੁੰਦਿਆਂ ਮੇਰੀ ਕੀ ਮਜ਼ਾਲ ਸੀ ਕਿ ਮੈਂ ਟੀ.ਵੀ. ਤੇ ਕੋਈ ਸੀਰੀਅਲ ਜਾਂ ਫ਼ਿਲਮ ਵੇਖ ਸਕਾਂ...। ਉਸ ਦੇ ਘਰੋਂ ਜਾਣ ਤੋਂ ਬਾਅਦ ਹੀ ਮੇਰਾ ਟਾਈਮ ਸ਼ੁਰੂ ਹੁੰਦਾ ਸੀ। ...'ਤੇ ਹੁਣ ਆਹ, ਲਾਕ-ਡਾਊਨ।

ਤੁਹਾਨੂੰ ਪਤਾ ਰਵੀ ਖਿੱਝਿਆ ਖਿੱਝਿਆ ਕਿਉਂ ਰਹਿੰਦਾ... ਦਰਅਸਲ ਇਹਦਾ ਘਰੇ ਜੀਅ ਹੀ ਨਹੀਂ ਲਗਦਾ...। ਦਫ਼ਤਰ ਹੁੰਦਾ ਤਾਂ ਆਪਣੀ ਕੁਝ ਲੱਗਦੀ ਨੂੰ, ਮਿਲਦਾ ਗਿਲਦਾ ਰਹਿੰਦਾ...।

ਉਹ ਖਸਮਾਂ ਨੂੰ ਖਾਣੀ ਇਹਦੇ ਦਫ਼ਤਰ ਵਿੱਚ ਈ ਕੰਮ ਕਰਦੀ ਐ...। ਜਦੋਂ ਕਦੀ ਉਹਦਾ ਘਰਵਾਲਾ ਆਸੇ-ਪਾਸੇ ਗਿਆ ਹੁੰਦਾ ਇਹ ਦੋਵੇਂ ਮਿਲਦੇ ਆ... ਮੈਨੂੰ ਪਤਾ ਏ, ਮੈਂ ਕਈ ਵਾਰੀ ਇਹਨਾਂ ਦੀਆਂ ਗੱਲਾਂ ਸੁਣੀਆਂ ਨੇ... ਫ਼ੋਨ ਤੇ ਹੁੰਦੀ ਘੁਸਰ-ਮੁਸਰ ਵੀ ਪਰ ਮੈਨੂੰ ਵੇਖ ਕੇ ਰਵੀ ਨੇ ਗੱਲ ਹੋਰ ਪਾਸੇ ਪਾ ਲੈਣੀ, ਸਭ ਪਤਾ ਏ ਮੈਨੂੰ, ਕਿਹੜੀਆਂ ਤੱਤੀਆਂ ਸੇਕਦਾ ਏ, ਇਹ...।

ਪਰ ਮੈਂ ਵੀ ਘੇਸਲ ਮਾਰ ਛੱਡਦੀ ਆਂ, ਜਿਵੇਂ ਮੈਨੂੰ ਕੋਈ ਪਤਾ ਈ ਨਾ ਹੋਵੇ। ਅਣਜਾਣ ਜਿਹੀ ਬਣ, ਮੈਂ ਕੰਮ ਵਿੱਚ ਮਸਤ ਹੋਣ ਦਾ ਵਿਖਾਵਾ ਕਰਦੀ ਰਹਿੰਦੀ ਆਂ।

ਆਹ, ਜਦੋਂ ਦਾ ਲਾਕ-ਡਾਊਨ ਲੱਗਿਆ ਦੋਵੇਂ ਤੜਫਦੇ ਰਹਿੰਦੇ।... ਇਕ ਦੂਜੇ ਨੂੰ ਮਿਲ ਜੂ ਨਹੀਂ ਨਾ ਸਕਦੇ। ਹੱਡਾਂ ਦਾ ਸੇਕ ਸਿਰ ਨੂੰ ਚੜ੍ਹਨ ਲੱਗ ਜਾਂਦਾ... ਤਾਂ ਹੀ ਤਾਂ ਘਰ ਵਿੱਚ ਹੁੰਦਿਆਂ ਇਹ ਸਾਰਾ ਦਿਨ ਸੜਿਆ ਬਲਿਆ ਈ ਰਹਿੰਦਾ। ਖਸਮਾਂ ਨੂੰ ਖਾਵੇ, ਮੈਨੂੰ ਕੀ... ਮੈਂ ਤਾਂ ਮਸਤ ਰਹਿਣਾ ਸਿੱਖ ਲਿਆ ਹੋਇਆ। ਭਿੱਜੀ ਕੰਬਲੀ ਲਾਹ ਦਿੱਤੀ ਏ, ਵਿੱਚ ਦਰਿਆ ਦੇ ਪਾ ਦਿੱਤੀ ਏ...।

ਮੈਂ ਤਾਂ ਆਪਣਾ ਵੱਖਰਾ ਈ ਸੰਸਾਰ ਸਿਰਜ ਲਿਆ ਹੋਇਆ। ਘਰ ਦੀ ਛੱਤ 'ਤੇ ਪਏ ਗਮਲਿਆਂ ਨੂੰ ਪਾਣੀ ਲਾਉਂਦੀ, ਕੱਪੜੇ ਧੁੱਪੇ ਪਾਉਂਦੀ ਮੈਂ ਗੀਤ ਗੁਣਗੁਣਾ ਲਿਆ ਕਰਦੀ ਆਂ। ਜਿਊਂਦੇ ਰਹਿਣ ਲਈ ਆਡਾ ਲਾਉਣ ਨਾਲੋਂ ਆਪਣੇ ਆਪ ਨੂੰ ਬਦਲ ਲੈਣਾ ਹੀ ਚੰਗਾ ਹੁੰਦਾ। ਦਰਿਆ ਦੇ ਵਹਾਅ ਦੇ ਉਲੱਟ ਵਹਿਣ ਨਾਲ ਤਕਲੀਫ਼ ਵਿੱਚ ਵਾਧਾ ਈ ਹੁੰਦੇ। ਇਸ ਲਈ ਆਪਣੇ ਆਪ ਨੂੰ ਲਹਿਰਾਂ ਦੇ ਹਵਾਲੇ ਕਰ ਸਹਿਜ ਭਾਅ ਵਹਿਣ ਨਾਲ ਜਿਊਣਾ ਕੁਝ ਸੌਖਾ ਹੋ ਜਾਂਦੈ। 'ਤੇ ਮੈਂ ਇੰਝ ਹੀ ਵਿਚਰਨਾ ਸਿੱਖ ਲਿਆ ਸੀ।

ਥੋੜ੍ਹੇ ਕੀਤਿਆਂ ਮੈਂ ਰਵੀ ਮੂਹਰੇ ਆਪਣਾ ਇਹ ਰੂਪ ਕਦੀ ਪ੍ਰਗਟ ਨਾ ਹੋਣ ਦਿੰਦੀ। ਓਹਦੇ ਸਾਹਮਣੇ ਤਾਂ ਮੈਂ ਬੀਜੀ ਦਾ ਵੀ ਬਹੁਤ ਧਿਆਨ ਰੱਖਦੀ... ਪਰ ਉਂਝ ਮੈਂ ਵੀ ਕਿਹੜਾ ਘੱਟ ਸਾਂ, ਦਵਾਈ ਦੇਣ ਲੱਗਿਆਂ ਮੈਂ ਉਹਨਾਂ ਨੂੰ ਨੀਂਦ ਦੀ ਗੋਲੀ ਵੀ ਖਵਾ ਦਿੰਦੀ। ਬੁੜ੍ਹੀ ਸੁੱਤੀ ਰਹਿੰਦੀ ਚੁੱਪ-ਚਾਪ... ਨਹੀਂ ਤਾਂ ਹਾਕਾਂ ਈ ਮਾਰੀ ਜਾਂਦੀ...।

ਪਰ ਹੁਣ ਹਾਲਾਤ ਕੁਝ ਹੋਰ ਸਨ। ਹੁਣ ਰਵੀ ਸਾਰਾ ਦਿਨ ਘਰ ਈ ਰਹਿੰਦਾ ਸੀ। ਮੈਥੋਂ ਮੇਰੀ ਸਪੇਸ ਵੀ ਖੋਹੀ ਜਾ ਰਹੀ ਸੀ। ਚੁੱਪ-ਚਾਪ ਬਰਦਾਸ਼ਤ ਕਰਨ ਤੋਂ ਇਲਾਵਾ ਮੇਰੇ ਕੋਲ ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ। ਚਲੋ, ਕੁਝ ਦਿਨਾਂ ਦੀ ਗੱਲ ਐ, ਕਰੋਨਾ ਨੇ ਕਿਹੜਾ ਸਾਰੀ ਉਮਰ ਬੈਠੇ ਰਹਿਣਾ।

ਵਿਚਾਰੇ ਰਵੀ ਦੀ ਹਾਲਤ ਵੇਖਣ ਵਾਲੀ ਸੀ। ਮੈਨੂੰ ਹਾਸਾ ਵੀ ਬੜਾ ਆਉਂਦਾ ਜਦੋਂ ਉਹ ਲੁੱਕ ਛਿੱਪ ਕੇ ਇਕ ਦੂਜੇ ਨੂੰ ਫੋਨ ਕਰਦੇ... ਉਹਦਾ ਘਰਵਾਲਾ ਵੀ ਤਾਂ ਹੁਣ ਘਰ ਹੀ ਹੁੰਦਾ ਹੋਣਾ... ਵਿਚਾਰੇ ਲੈਲਾ-ਮਜਨੂੰ ਹੋਰ ਲਓ ਸਵਾਦ, ਮੈਂ ਮਨ ਹੀ ਮਨ ਖੁਸ਼ ਹੋ ਰਹੀ ਹੁੰਦੀ।

ਕੀ ਤੁਸੀਂ ਕਦੀ ਹਵਾ ਨਾਲ ਗੱਲਾਂ ਕੀਤੀਆਂ ਨੇ, ਐ ਜਦੋਂ ਉਹ ਸਰਸਾਉਂਦੀ ਹੋਈ ਤੁਹਾਡੇ ਕੰਨ ਵਿੱਚ ਕੁਝ ਕਹਿ ਰਹੀ ਹੁੰਦੀ... ਤੁਹਾਨੂੰ ਕਦੀ ਸੂਰਜ ਵਿਚਲੇ ਸੇਕ ਦਾ ਪਿਆਰ ਮਹਿਸੂਸ ਹੋਇਆ, ਪੌਦਿਆਂ ਨੂੰ ਪਾਣੀ ਪਾਉਣ ਵੇਲੇ ਉਹਨਾਂ ਦੀ ਖੁਸ਼ੀ ਦਾ ਇਜ਼ਹਾਰ... ਐ ਮੇਰੇ ਕੋਲ ਤਾਂ ਅਜਿਹਾ ਖ਼ਜਾਨਾ ਹੈ, ਰਸੋਈ ਦੀ ਬਾਹਰਲੀ ਗੈਲਰੀ ਵਿੱਚ ਬੈਠ ਮੈਂ ਇਸੇ ਅਹਿਸਾਸ ਤੋਂ ਆਕਸੀਜਨ ਲੈਂਦੀ ਰਹੀ ਆਂ।

ਘਰ 'ਚ ਚੂਹੇ ਬੜੇ ਵੱਧ ਗਏ ਨੇ... ਹਰਲ ਹਰਲ ਕਰਦੇ ਫਿਰਦੇ... ਰਸੋਈ, ਕਮਰੇ ਹਰ ਪਾਸੇ... ਕਦੀ ਕਦੀ ਤਾਂ ਮੈਨੂੰ ਸੁੱਤੀ ਪਈ ਨੂੰ ਇਉਂ ਲੱਗਦਾ ਜਿਵੇਂ ਚੂਹਾ ਜਾਲੀ ਵਾਲਾ ਦਰਵਾਜ਼ਾ ਕੁਤਰ ਕੇ ਅੰਦਰ ਆ ਜਾਵੇਗਾ। ਲਗਦਾ ਕੋਈ ਚੂਹੀ ਸੂਈ ਹੋਣੀ ਐ... ਇਹਨਾਂ ਚੂਹਿਆਂ ਦਾ ਸ਼ੋਰ, ਭੱਜ-ਦੌੜ, ਖ਼ਰਮਸਤੀ ਮੈਨੂੰ ਉੱਕਾ ਹੀ

ਕਾਂ ਹੰਸਾਂ ਦੀ ਤੋਰ ਤੁਰਨਗੇ ਮੂਜੀ ਤਾੜੀ ਮਾਰਨਗੇ,
ਰਲ ਮਿਲ ਕੇ ਹੈ ਬੇੜਾ ਬਹਾਉਣਾ ਇਹਨਾਂ ਠੇਕੇਦਾਰਾਂ ਨੇ। -ਕੁਲਵੰਤ ਜੀਰਾ

ਚੰਗੀ ਨਹੀਂ ਲਗਦੀ।

ਜਦੋਂ ਕਿਤੇ ਮੈਂ ਰਵੀ ਨੂੰ ਸ਼ਿਕਾਇਤ ਕਰਦੀ ਕਿ ਚੂਹੇ ਬਹੁਤ ਵੱਧ ਗਏ ਹਨ, ਤਾਂ ਪਤਾ ਅੱਗੋਂ ਕੀ ਕਹਿੰਦਾ, "ਚੂਹੇ ਤੇਰੇ ਘਟੀਆ ਖਾਣੇ ਨੂੰ ਪਸੰਦ ਕਰਦੇ...।" ਉਸ ਨੇ ਮੇਰਾ ਕਿਹਾ ਤਾਂ ਕੁਝ ਸੁਣਨਾ ਹੀ ਨਹੀਂ ਹੁੰਦਾ ਨਾ।

ਕਾਸ਼! ਕਿਤੇ ਇੰਝ ਹੁੰਦਾ ਕਿ ਬੰਦੇ ਨੂੰ ਦਿਮਾਗ ਤੇ ਦਿਲ ਤਾਂ ਲੱਗਿਆ ਹੁੰਦਾ ਪਰ... ਹੇਠਾਂ ਕੋਈ ਸਮਾਨ ਨਾ ਹੁੰਦਾ। ਇਉਂ ਫੇਰ ਉਹ ਕਦੀ ਉਲਾਹਮਾ ਨਾ ਦਿੰਦਾ ਜਿਵੇਂ ਰਵੀ ਕਹਿੰਦਾ ਰਹਿੰਦਾ... ਤੂੰ ਤਾਂ ਸੁੱਕ ਹੀ ਗਈ ਐਂ। ਉਹਨੂੰ ਕੀ ਪਤਾ ਕਿ ਔਰਤ ਨੂੰ ਗਿੱਲੀ ਹੋਣ ਨੂੰ ਸਿਰਫ਼ ਦੋ ਹੀ ਮਿੰਟ ਲਗਦੇ...।

ਕਦੀ ਕਦੀ ਮੇਰਾ ਜੀਅ ਕਰਦਾ, ਇਹਨੂੰ ਛੱਡ ਕੇ ਤੁਰ ਜਾਵਾਂ ਕਿਤੇ... ਪਰ ਨਹੀਂ, ਇਹ ਵੀ ਮੇਰੇ ਕੋਲੋਂ ਨਹੀਂ ਹੋਣਾ।

ਇਸੇ ਰਵੱਈਏ ਤੋਂ ਉਕਤਾ ਮੈਂ ਆਪਣੇ ਲਈ ਵੱਖਰਾ ਸੰਸਾਰ ਸਿਰਜ ਲਿਐ...। ਤੁਸੀਂ ਵੇਖਣਾ... ਐ ਚਲੋ ਵਿਖਾਵਾਂ... ਨਾ ਸੱਚ ਤੁਸੀਂ ਮਹਿਸੂਸ ਕਰੋ...।

ਸੇਬ ਨੂੰ ਕੱਟਣ ਤੋਂ ਪਹਿਲਾਂ ਉਹਨੂੰ ਸੁੰਘ ਕੇ ਵੇਖੋ ਆ-ਹਾ-ਹਾ, ਕੂੱਕਰ ਵਿਸਲ ਮਾਰੇ ਤਾਂ ਬਣ ਰਹੀ ਸਬਜ਼ੀ ਦੀ ਮਹਿਕ, ਸਿਕ ਰਹੇ ਪਰੌਂਠਿਆਂ ਦੀ ਮਹਿਕ... 'ਮੂੰਹ 'ਚ ਪਾਣੀ ਆ ਗਿਆ ਨਾ...' ਲੋਹੇ ਦੀ ਕਰਦ ਨਾਲ ਸਬਜ਼ੀ ਕੱਟਣ ਵੇਲੇ ਦੀ ਟਿੱਕ-ਟਿੱਕ..., ਸੂਰਜ ਉੱਗਣ ਨਾਲ ਪੌਦਿਆਂ ਨੂੰ ਮਹਿਸੂਸ ਹੁੰਦੀ ਨਿੱਘ ਵਾਲੀ ਅਵੱਸਥਾ,ਉੱਡ ਰਹੇ ਬੱਦਲਾਂ ਵਿਚਾਲੇ ਕਿਤੇ ਉੱਡਣ ਦੀ ਲਾਲਸਾ... ਪੋਚੇ ਲਾਉਣ ਵੇਲੇ ਫਿਨਾਇਲ ਦੀ ਮਹਿਕ...। ਜਦੋਂ ਰਵੀ ਆਪਣੀ ਚਿਚੜੀ ਨੂੰ ਨਾ ਮਿਲ ਸਕੇ ਤਾਂ ਉਹਦੇ ਰਵੱਈਏ ਤੋਂ ਕੁਝ ਮੱਚਣ ਦੀ ਸੜਾਂਦ...।

ਮੱਛੀ ਧੋਣ ਵੇਲੇ ਉਸ ਤੋਂ ਆ ਰਹੀ ਹੁੰਮਕ... ਐ... ਐ... ਤੇ ਬੀਜੀ ਦੇ ਰੌਲੇ-ਰੱਪੇ ਨਾਲ ਨਿੱਕਲੇ ਥੁੱਕ ਦੀ ਅਲਕਤ... ਕਿੰਨਾ ਕੁਝ ਏ, ਮੇਰੇ ਇਸ ਸੰਸਾਰ ਵਿੱਚ ਆਟਾ ਪਰਾਤ 'ਚ ਪਾਉਣ ਤੋਂ ਪਹਿਲਾਂ ਸਹਿਜ ਸੁਭਾਵਕ ਹੀ ਪਰਿਵਾਰ ਦੀ ਸੁੱਖ ਮੰਗਣ ਦੀ ਆਦਤ, ਗੁੰਨੇ ਪਏ ਆਟੇ ਦੀ ਤੌਣ ਦੀ ਮਿੰਨੀ ਜਿਹੀ ਮਹਿਕ...। ਤਵੇ ਤੇ ਪਈ ਰੋਟੀ ਦੇ ਸੜਨ ਵਾਂਗ ਹੀ ਔਰਤ ਦੀ ਜ਼ਿੰਦਗੀ, ਕਿੰਨਾ ਮਰਜ਼ੀ ਧਿਆਨ ਨਾਲ ਲੰਘਾਓ ਕਿਤਿਓਂ ਨਾ ਕਿਤਿਓਂ ਵੱਧ ਸੇਕ ਲੱਗਦਾ ਹੀ ਹੈ। ਤੁਸੀਂ ਸੋਚਦੇ ਹੋਵੋਗੇ ਇਹ ਕਮਲੀ ਐ। ਨਹੀਂ ਮੈਂ ਕਮਲੀ ਨਹੀਂ, ਪਰ ਰਵੀ ਨੇ ਮੈਨੂੰ ਕਮਲੀ ਦੱਸਕੇ ਹੀ ਦੂਸਰੀ ਔਰਤ ਤੋਂ ਹਮਦਰਦੀ ਲਈ ਹੋਵੇਗੀ। ਤਾਂ ਹੀ ਤਾਂ ਉਸ ਨੂੰ ਚਿਚੜੀ ਨਾਲ ਇਸ਼ਕ ਲੜਾਉਣ ਦਾ ਮੌਕਾ ਮਿਲਿਆ ਹੋਇਆ। ਸਿਮਪਥੀ ਗਰਾਊਂਡ... ਤੁਸੀਂ ਸਮਝ ਹੀ ਗਏ ਹੋਵੋਗੇ।

ਮੈਨੂੰ ਵੀ ਹੁਣ ਕੋਈ ਫ਼ਰਕ ਨਹੀਂ ਪੈਂਦਾ। ਇਵੇਂ ਨਹੀਂ ਕਿ ਮੈਨੂੰ ਸ਼ੁਰੂ ਤੋਂ ਹੀ ਰੌਲਾ ਪਸੰਦ ਨਹੀਂ ਸੀ, ਪਸੰਦ ਸੀ... ਬਹੁਤ ਪਸੰਦ... ਪਰ ਜਦੋਂ ਦੇ ਦੋ ਮਿਸਕੈਰਜ਼ ਹੋਏ ਮੈਨੂੰ ਸ਼ੋਰ ਤੋਂ ਅਲਕਤ ਆਉਣ ਲੱਗ ਪਈ ਏ। ਮਿਸਕੈਰਜ਼ ਵੇਲੇ ਖ਼ੂਨ ਦੀ ਛੱਪੜੀ ਵਿੱਚੋਂ ਆ ਰਹੀ ਮੇਰੇ ਅਣਜੰਮੇ ਬੱਚੇ ਦੀ ਮਹਿਕ... ਬੜਾ ਦੁਖਦਾਈ ਸੀ ਸਭ...। ਕਦੀ ਕਦੀ ਮੈਨੂੰ ਆਪਣਾ ਆਪ ਦੋਸ਼ੀ ਵੀ ਲਗਦਾ... ਤਾਂ ਹੀ ਮੈਂ ਰਵੀ ਨੂੰ ਕੁਝ ਕਹਿਣਾ ਮੁਨਾਸਿਬ ਨਹੀਂ ਸਮਝਦੀ, ਜੇ ਉਹ ਆਪਣੀ ਚਿੱਚੜੀ ਨਾਲ ਖ਼ੁਸ਼ ਹੈ ਤਾਂ ਵੀ ਠੀਕ ਹੈ...।

ਕਦੀ ਕਦੀ ਮੈਂ ਸਾਰੀਆਂ ਰੋਟੀਆਂ ਵੱਖੋ-ਵੱਖਰੀ ਸ਼ੇਪ ਦੀਆਂ ਬਣਾ ਲੈਂਦੀ ਆਂ... ਆਪਣੇ ਹੀ ਖਿਆਲਾਂ ਵਿੱਚ ਗੁਆਚੀ ਮੈਂ ਲੋਰੀ ਗਾਉਣ ਲੱਗਦੀ ਆਂ ਤੇ ਨਾਲੇ ਆਟੇ ਦੀਆਂ ਚਿੜੀਆਂ ਬਣਾ ਬਣਾ ਤਵੇ ਤੇ ਸੇਕਣ ਲਗ ਪੈਂਦੀ ਆ। ਫਿਰ ਪਤਾ ਨਹੀਂ ਕਿਉਂ ਮੈਂ ਉਹ ਚਿੜੀਆਂ, ਪੰਛੀਆਂ ਨੂੰ ਦਾਣਾ ਪਾਉਣ ਵਾਲੇ ਕਸੋਰੇ ਵਿੱਚ ਪਾ ਆਉਂਦੀ ਆਂ...।

ਵਿਚਾਰਾ ਰਵੀ, ਅੱਜ ਆਪਣੀ ਚਿੱਚੜੀ ਨਾਲ ਵੀਡੀਓ ਕਾਲ ਤੇ ਲੱਗਾ ਹੋਇਆ... ਚਿੱਚੜੀ ਵੀ ਉਹਨੂੰ ਸਡਿਊਸ ਕਰਨ ਲਈ ਨਾਈਟੀ ਪਾਈ ਫਿਰਦੀ ਐ... ਮੈਨੂੰ ਕਿਵੇਂ ਪਤਾਐ, ਮੈਂ ਚੋਰੀ ਚੋਰੀ ਵੇਖਿਆ ਸੀ, ਨਾਲੇ ਉਹਨਾਂ ਲਵ ਬਰਡਜ਼ ਦੀਆਂ ਗੱਲਾਂ ਵੀ ਸੁਣੀਆਂ, ਜਿਵੇਂ ਕੋਈ ਹਿੰਦੀ ਸੀਰੀਅਲ ਚੱਲ ਰਿਹਾ ਹੋਵੇ।

ਅੱਜ ਡਾਕਟਰ ਬੀਜੀ ਨੂੰ ਵੇਖਣ ਆਇਆ ਏ। ਉਹਨਾਂ ਦੀ ਪਿੱਠ ਉੱਤੇ ਬੈੱਡ ਸੋਰ ਹੋ ਗਏ ਨੇ। ਬਲੱਡ ਪ੍ਰੈਸ਼ਰ ਵੀ ਹਾਈ ਏ, ਡਾਕਟਰ ਨੇ ਬਲੱਡ ਥਿਨਰ ਵਾਲੀ ਗੋਲੀ ਦੇਣ ਦੀ ਹਦਾਇਤ ਕੀਤੀ ਏ।

ਮਾਂ-ਪੁੱਤ ਦਾ ਪਿਆਰ ਵੀ ਅਜੀਬ ਹੁੰਦਾ ਗੱਲੀਂ-ਬਾਤੀਂ ਵਾਲਾ; ਸੇਵਾ, ਸਾਫ਼-ਸਫ਼ਾਈ ਤਾਂ ਨੂੰਹ ਦਾ ਹੀ ਫਰਜ਼ ਐ...। ਬੀਜੀ ਦੇ ਕਮਰੇ ਵਿੱਚੋਂ ਵੀ ਅਜੀਬ ਹੁਮਕ ਆਉਂਦੀ ਏ, ਦਵਾਈਆਂ ਦੀ, ਬੈੱਡ ਸੋਰ ਦੀ ਚਿਪਚਿਪੀ, ਬਦਬੂਦਾਰ, ਘਿਣਾਉਣੀ ਜਿਹੀ...।

ਓਧਰ ਘਰ ਵਿੱਚ ਚੂਹੇ ਵੀ ਦਗੜ-ਦਗੜ ਕਰਦੇ ਫਿਰੀ ਜਾਂਦੇ ਨੇ...। ਰਵੀ ਤੋਂ ਰੋਜ਼ ਡਾਂਟ ਪੈਂਦੀ। ਡਾਂਟ ਤੋਂ ਅਗਲਾ ਸਟੈਪ ਥੱਪੜ ਤੇ ਥੱਪੜ ਤੋਂ ਅੱਗੇ ਵਾਲਾਂ ਤੋਂ ਘੜੀਸਣਾ, ਧੌਲੇ ਧੱਫੇ ਤੇ ਹੋਰ ਕਿੰਨਾ ਕੁਝ...। ਤੇ ਪਤਾ ਤੁਹਾਨੂੰ ਉਹ ਬਿਸਤਰੇ ਤੇ ਵੀ ਮੈਨੂੰ ਇਉਂ ਮਧੋਲਦਾ ਜਿਵੇਂ ਦੁਸ਼ਮਣ ਤੋਂ ਬਦਲਾ ਲੈ ਰਿਹਾ ਹੋਵੇ।

ਇਸ ਸਭ ਕਾਸੇ ਦਾ ਸ਼ੋਰ ਮੇਰੇ ਅੰਦਰ ਉੱਬਲਦਾ ਰਹਿੰਦਾ...। ਮੈਂ ਵੀ ਫਿਰ ਘੱਟ ਨਹੀਂ ਕਰਦੀ... ਜਾਣ ਬੁੱਝ ਕੇ ਉਹਦੀ ਦਾਲ ਵਿੱਚ ਕੋਰੜੂ ਪਾ ਦਿੰਦੀ ਆਂ। ਜੂਸ ਦੇ ਗਲਾਸ ਵਿੱਚ, ਐਵੇਂ ਹੀ ਬੀਜ ਪਾ ਦਿੰਦੀ, ਪਾਈ ਜਾ ਰੌਲਾ, ਜਿੰਨਾ ਪਾਉਣਾ।

ਅੱਜ ਤਾਂ ਹੱਦ ਹੀ ਹੋ ਗਈ। ਸਵੇਰ ਦੇ ਕੰਮਕਾਰ ਤੋਂ ਵਿਹਲੀ ਹੋ ਮੈਂ ਘਰ ਦੇ ਸਾਰੇ ਪੱਖੇ ਚਲਾ ਦਿੱਤੇ, ਪੱਖਿਆਂ ਨਾਲ ਉੱਡਦੇ ਪਰਦੇ ਮੈਨੂੰ ਬੜੇ ਚੰਗੇ ਲਗਦੇ, ਇਉਂ ਲਗਦਾ, ਜਿਵੇਂ ਮੇਰੇ ਵੀ ਪਰ ਨਿੱਕਲ ਆਏ ਹੋਣ ਤੇ ਮੈਂ ਵੀ ਪਰਦਿਆਂ ਨਾਲ ਉੱਡਦੀ ਫਿਰਦੀ ਹੋਵਾਂ। ਨਾਲੇ ਘਰ ਦੀ ਫਿਜ਼ਾ ਵੀ ਕੁਝ ਤਾਜ਼ੀ ਤਾਜ਼ੀ ਮਹਿਸੂਸ ਹੁੰਦੀ ਹੈ, ਹੈ ਨਾ...?

ਟੀ.ਵੀ. 'ਤੇ ਉੱਚੀ ਆਵਾਜ਼ ਵਿੱਚ ਮਿਊਜ਼ਿਕ ਲਾਕੇ, ਅਜੇ ਮੈਂ ਕੌਫ਼ੀ ਦਾ ਪਹਿਲਾ ਘੁੱਟ ਹੀ ਭਰਿਆ ਸੀ ਕਿ ਬੀਜੀ ਦੇ ਕਮਰੇ ਵਿੱਚੋਂ ਧੜੰਮ ਦੀ ਆਵਾਜ਼ ਆਈ...। ਕੌਫ਼ੀ ਮੁਕਾ ਕੇ ਜਦੋਂ ਮੈਂ ਬੀਜੀ ਦੇ ਕਮਰੇ ਵੱਲ ਗਈ ਤਾਂ ਬੀਜੀ ਬੈਡ ਤੋਂ ਹੇਠਾਂ ਫਰਸ਼ ਤੇ ਡਿੱਗੇ ਪਏ ਸਨ। ਉਹਨਾਂ ਦੇ ਸਿਰ ਵਿੱਚੋਂ ਖ਼ੂਨ ਵਹਿ ਰਿਹਾ ਸੀ... ਮੈਂ ਵੀ ਕੀ ਕਰਦੀ, ਬਸ ਰਵੀ ਦੇ ਆਉਣ ਤੱਕ ਤਾਂ ਕਹਾਣੀ ਖਤਮ ਹੋ ਚੁੱਕੀ ਹੋਈ ਸੀ। ਕੀ ਫਰਕ ਪੈਂਦਾ, ਵਿਚਾਰੀ ਦੀ ਜੂਨ ਛੁੱਟੀ, ਖਲਾਸੀ ਹੋ ਗਈ। ਮੈਂ ਤਾਂ ਕੁਝ ਵੀ ਨਹੀਂ ਕੀਤਾ, ਨਾ ਹੀ ਮੈਂ ਦੋਸ਼ੀ ਸਾਂ। ਮੈਨੂੰ ਕੀ ਪਤਾ ਸੀ ਕਿ ਬਲੱਡ ਥਿਨਰ ਵਾਲੀ ਗੋਲੀ ਦਿਨ ਵਿੱਚ ਇਕ ਵਾਰੀ ਦੇਣੀ ਸੀ, ਮੈਥੋਂ ਗਲਤੀ ਨਾਲ ਦਿਨ ਵਿੱਚ ਦੋ ਵਾਰ ਦਿੱਤੀ ਗਈ, ਭੁਲੇਖਾ ਤਾਂ ਕਿਸੇ ਨੂੰ ਵੀ ਪੈ ਸਕਦੈ? ਬੀਜੀ ਦਾ ਖ਼ੂਨ ਜ਼ਿਆਦਾ ਪਤਲਾ ਹੋਣ ਕਾਰਨ, ਵਗਣੋਂ ਰੁੱਕ ਹੀ ਨਹੀਂ ਸੀ ਰਿਹਾ। ਖ਼ੂਨ ਦੇ

ਅਪਣੇ ਹਰ ਬੱਚੇ ਵਿਚ ਧੜਕ ਰਿਹਾ ਹੁੰਦੈ,
ਇਹ ਕਿੱਦਾਂ ਦਾ ਦਿਲ ਹੁੰਦਾ ਹੈ ਮਾਵਾਂ ਵਿਚ। -ਗੁਰਦਿਆਲ ਰੌਸ਼ਨ

ਜ਼ਿਆਦਾ ਵਹਿਣ ਕਾਰਨ, ਘੋਗਾ ਚਿੱਤ...।

ਪਰ ਫਿਰ ਮੇਰੀ ਹਾਲਤ, ਓ-ਹੋ-ਹੋ ਰਵੀ ਦੀ ਕੁੱਟ... ਤੇ ਮੇਰਾ ਸੁੱਜਿਆ ਪਿਆ ਸਾਰਾ ਸਰੀਰ...। ਕਈ ਦਿਨ ਲੱਗੇ ਮੈਨੂੰ ਠੀਕ ਹੋਣ ਲਈ।

ਪਰ ਉਹ ਖ਼ੂਨ ਦਾ ਛੱਪੜ ਜਿਸ ਵਿੱਚ ਬੀਜੀ ਪਏ ਸਨ ਅਤੇ ਉਹ ਖ਼ੂਨ ਜੋ ਮੇਰੇ ਮਿਸ ਕੈਰੇਜ ਵੇਲੇ ਵਗਿਆ ਸੀ; ਉਸ ਦੀ ਤਾਸੀਰ, ਕੀ ਫ਼ਰਕ ਸੀ ਦੋਵਾਂ ਵਿੱਚ...? ਪਤਾ ਨਹੀਂ, ਮੈਨੂੰ ਤਾਂ ਹੁਣ ਯਾਦ ਨਹੀਂ ਏ, ਤੁਸੀਂ ਦੱਸ ਸਕਦੇ ਓ...? ... ਤਾਂ ਦੱਸ ਦਿਓ...?

ਅੱਜ ਟੈਰੇਸ ਤੇ ਪੌਦਿਆਂ ਨੂੰ ਪਾਣੀ ਪਾਉਣ ਗਈ ਤਾਂ ਉਹਨਾਂ ਦੀ ਨਰਮ ਮੁਲਾਇਮ ਛੋਹ ਨਾਲ ਉਹ ਅਣਜੰਮੇ ਬੱਚੇ ਫਿਰ ਯਾਦ ਆ ਗਏ...। ਉਹਨਾਂ ਦੇ ਕੂਲੇ ਕੂਲੇ ਹੱਥਾਂ ਦੀ ਛੋਹ ਵੀ ਇੰਨੀ ਹੀ ਮੁਲਾਇਮ ਹੋਣੀ ਸੀ। ਘਰ ਵਿੱਚ ਬੱਚੇ ਦੀ ਹੋਂਦ ਬੇਬੀ ਸੋਪ, ਬੇਬੀ ਓਇਲ, ਕਿੰਨੀ ਰਸ ਭਿੰਨੀ ਹੁੰਦੀ ਐ, ਮਦਹੋਸ਼ ਕਰਨ ਵਾਲੀ, ਇਸ ਅਣਹੋਂਦ ਕਾਰਨ ਹੀ ਸ਼ਾਇਦ ਮੈਥੋਂ ਰੌਲਾ ਬਰਦਾਸ਼ਤ ਨਹੀਂ ਹੁੰਦਾ।

ਪਰ ਇਹ ਚੂਹੇ... ਕੁਤਰ-ਕੁਤਰ-ਕੁਤਰ... ਕੀ ਚਾਹੀਦਾ ਇਹਨਾਂ ਨੂੰ...? ਮੇਰਾ ਘਰ ਇਹ ਛੱਡ ਕਿਉਂ ਨਹੀਂ ਜਾਂਦੇ...? ਖਸਮਾਂ ਨੂੰ ਖਾਣੇ, ਜੀਣਾ ਹਰਾਮ ਕਰ ਰੱਖਿਆ। ਕਿੰਨੀ ਵਾਰ ਆਟੇ ਦੀਆਂ ਗੋਲੀਆਂ ਵਿੱਚ ਚੂਹੇ ਮਾਰਨ ਵਾਲੀ ਦਵਾਈ ਮਿਲਾ ਕੇ ਪਾ ਚੁੱਕੀ ਆਂ। ਇੱਕ ਅੱਧਾ ਮਰਦਾ, ਪਰ ਫਿਰ ਵੀ ਕੋਈ ਨਾ ਕੋਈ ਚੂਹਾ ਦਿਸ ਹੀ ਜਾਂਦਾ। ਕਦੀ ਕਦੀ ਤਾਂ ਮੈਨੂੰ ਲਗਦਾ ਕਿ ਇਹ ਨਿਰਾ ਮੇਰਾ ਵਹਿਮ ਆ...। ਪਰ ਦੂਜੇ ਪਲ ਹੀ ਇਹ ਵਹਿਮ ਨਿਰਮੂਲ ਹੋ ਜਾਂਦਾ।

"ਐਧਰ ਆਓ ਚੂਹਿਓ ਅੱਜ ਤੁਹਾਡੇ ਲਈ ਪੱਕਾ ਮੈਦਾ ਬਣਾਉਂਦੀ ਆਂ, ਕੱਚਾ ਮੈਦਾ ਤੁਹਾਨੂੰ ਪਸੰਦ ਨਹੀਂ ਨਾ... ਉਂਝ ਵੀ ਤੁਸੀਂ ਕੁਤਰ-ਕੁਤਰ ਲਾ ਛੱਡਣੀ ਐ... ਕਦੀ ਕੱਪੜੇ, ਕਦੀ ਕਾਗਜ਼, ਕਦੀ ਲੱਕੜੀ...। ਉਫ਼! ਮੇਰੀ ਤੌਬਾ, ਪ੍ਰੇਸ਼ਾਨ ਹੋ ਗਈ ਆਂ ਮੈਂ ਤੁਹਾਡੇ ਤੋਂ... ਚਲੋ ਫਿਰ ਅੱਜ ਤੁਹਾਡੇ ਲਈ ਪੈਨਕੇਕਸ ਤੇ ਮਫ਼ਿਨਜ਼ ਦੀ ਟਰੀਟ ਕਰਦੀ ਆਂ। ਚੂਹੇ ਮਾਰ ਦਵਾਈ ਵਾਲੇ ਪੈਨ ਕੇਕਸ ਤੇ ਨਾਲ ਮਫ਼ਿਨਜ਼...। ਆਓ, ਆਓ, ਹੁਣ... ਲੁਕੇ ਕਿਉਂ ਬੈਠੇ ਓ...।" ਆਪਣੀ ਹੀ ਧੁੰਨ ਵਿੱਚ ਮੈਂ ਚੂਹਿਆਂ ਨਾਲ ਗੱਲਾਂ ਕਰਨ ਲੱਗ ਪੈਂਦੀ ਆਂ।

ਰਵੀ ਲਈ ਵੀ ਅੱਜ ਵਿਸ਼ੇਸ਼ ਚਿਕਨ ਮਸਾਲਾ ਬਣਾਇਆ ਏ...। ਹੁਣੇ ਰੌਲਾ ਪਾ ਦਊ, ਡਿਨਰ ਨੀ ਬਣਿਆ ਅਜੇ...। ਛੇਤੀ ਛੇਤੀ ਟਰੇਅ ਵਿੱਚ ਸੈਲਡ ਅਤੇ ਚਿਕਨ ਸਜਾ ਕੇ, ਉਸ ਨੂੰ ਆਵਾਜ਼ ਮਾਰਦੀ ਆਂ, 'ਰਵੀ, ਡਿਨਰ ਰੈਡੀ ਆ।' ਦਰਅਸਲ ਰਵੀ ਨੂੰ ਉਚੇਚ ਨਾਲ ਪਰੋਸਿਆ ਖਾਣਾ ਹੀ ਚੰਗਾ ਲਗਦੈ।

ਡਿਨਰ ਤੇ ਪੈਨ ਕੇਕਸ ਦੀ ਭੱਜ-ਦੌੜ ਵਿੱਚ ਮੈਂ ਧੋਤੇ ਕੱਪੜੇ, ਛੱਤ ਤੋਂ ਉਤਾਰਨੇ ਹੀ ਭੁੱਲ ਗਈ। ਨਾ ਜਾਣੇ, ਰਾਤ ਨੂੰ ਕੋਈ ਮੀਂਹ ਕਣੀ ਹੀ ਆ ਜਾਵੇ। ਮਾਈਕਰੋਵੇਵ ਵਿੱਚੋਂ ਮਫਿਨਸ ਦੇ ਪੱਕਣ ਦੀ ਖੁਸ਼ਬੂ ਜਿਹੀ ਆ ਰਹੀ ਏ, ਕਿਉਂ ਨਾ ਕੱਪੜੇ ਲਾਹੁਣ ਤੋਂ ਪਹਿਲਾਂ ਇਹਨਾਂ ਨੂੰ ਬਾਹਰ ਕੱਢ ਦਿਆਂ, ਨਹੀਂ ਤਾਂ ਜ਼ਿਆਦਾ ਪੱਕ ਜਾਣਗੇ, ਫਿਰ ਸ਼ਾਇਦ ਚੂਹਿਆਂ ਨੂੰ ਸਵਾਦ ਨਾ ਲੱਗਣ। ਠੰਡੇ ਹੋਣ ਤੇ ਚੂਹਿਆਂ ਦੀਆਂ ਲੁਕਣ ਵਾਲੀਆਂ ਥਾਵਾਂ ਤੇ ਰੱਖ ਦਿਆਂਗੀ। 'ਹੁਣ ਦੱਸੋ ਬੱਚੂ, ਭੱਜਕੇ ਕਿੱਥੇ ਜਾਓਗੇ?'

ਆਪਣੀ ਇਸ ਸਕੀਮ ਤੇ ਖੁਸ਼ ਹੁੰਦਿਆਂ ਰਵੀ ਨੂੰ ਡਿਨਰ ਵਾਲੀ ਟਰੇਅ ਚੁੱਕ ਕੇ ਲੈਜਾਣ ਲਈ ਕਹਿੰਦੀ ਆਂ। ਪੌੜੀਆਂ ਦੇ ਅੱਧ ਵਿਚਾਲੇ ਜਾ ਕੇ ਯਾਦ ਆਉਂਦਾ ਕਿ ਮਫਿਨਸ ਵੀ ਓਥੇ ਹੀ ਸ਼ੈਲਫ ਤੇ ਪਏ ਨੇ...। ਕਾਹਲੀ ਕਾਹਲੀ ਰਵੀ ਨੂੰ ਆਵਾਜ਼ ਦਿੰਦੀ ਆਂ ਟਰੇਅ ਲੈ ਜਾਓ, ਮਫਿਨ ਨਾ ਖਾਣਾ ਪਲੀਜ਼।

ਛੱਤ ਤੇ ਸਿੱਲੀ-ਸਿੱਲੀ ਹਵਾ ਵੱਗ ਰਹੀ ਸੀ। ਕਿਤੇ ਕਿਤੇ ਕੋਈ ਬੱਦਲੀ ਹਵਾ ਨਾਲ ਇੱਧਰ ਓਧਰ ਵੀ ਜਾ ਰਹੀ ਸੀ। ਤਾਰ ਤੇ ਲੱਗੀਆਂ ਚੂੰਡੀਆਂ ਹਵਾ ਦੀ ਤਾਲ ਤੇ ਨੱਚ ਰਹੀਆਂ ਹੋਣ ਜਿਵੇਂ ਕੱਪੜਿਆਂ ਵਿਚਲੀ ਮਹਿਕ ਮਾਣਦਿਆਂ ਮੈਂ ਛੇਤੀ ਛੇਤੀ ਕੱਪੜੇ ਲਾਹੁਣੇ ਸ਼ੁਰੂ ਕਰ ਦਿੱਤੇ। ਭੁੱਖ ਤਾਂ ਮੈਨੂੰ ਵੀ ਲੱਗੀ ਹੋਈ ਸੀ।

ਹੇਠਾਂ ਜ਼ੋਰ ਦੀ ਕਿਸੇ ਚੀਜ਼ ਦੇ ਡਿੱਗਣ ਦੀ ਆਵਾਜ਼ ਨੇ ਮੇਰੀ ਤੰਦਰਾਂ ਭੰਗ ਕਰ ਦਿੱਤੀ। ਮੈਂ ਛੇਤੀ ਛੇਤੀ ਪੌੜੀਆਂ ਉੱਤਰ ਆਉਂਦੀ ਆਂ...। ਰਵੀ ਚੌਫਾਲ ਫਰਸ਼ ਤੇ ਪਿਆ ਸੀ। ਟਰੇਅ ਵੀ ਫਰਸ਼ ਡਿੱਗ ਕੇ ਟੁੱਟ ਚੁੱਕੀ ਸੀ, ਸਾਰੇ ਦਾ ਸਾਰਾ ਖਾਣਾ ਫਰਸ਼ 'ਤੇ ਡੁੱਲਾ ਪਿਆ ਸੀ।

ਰਵੀ, ਰਵੀ ਮੈਂ ਆਵਾਜ਼ਾਂ ਦਿੱਤੀਆਂ, ਹਿਲਾਇਆ ਜੁਲਾਇਆ ਪਰ ਰਵੀ ਨਾਂ ਦਾ ਭੌਰ ਸ਼ਾਇਦ ਪਿੰਜਰੇ ਵਿੱਚੋਂ ਉੱਡ ਗਿਆ ਹੋਇਆ ਸੀ। ਹੁਣ ਸੋਚਦੀ ਆਂ ਆਖ਼ਰ ਹੋਇਆ ਕੀ ਹੋਣਾ, ਚੰਗਾ ਭਲਾ ਛੱਡ ਕੇ ਗਈ ਸਾਂ ਹੋਵੇ ਨਾ ਹੋਵੇ, ਉਸ ਨੇ ਆਦਤ ਮੁਜ਼ਬ ਓਹੀ ਕੀਤਾ ਹੋਣਾ ਜਿਸ ਤੋਂ ਮੈਂ ਉਸ ਨੂੰ ਹਟਕਿਆ ਸੀ। ਕਦੀ ਕਦਾਰ ਆਦਤਾਂ ਵੀ ਜਾਨ ਦਾ ਖੌਅ ਬਣ ਜਾਂਦੀਆਂ...।

ਚੂਹੇ ਵੀ ਪਤਾ ਨਹੀਂ ਕਿੱਥੇ ਚਲੇ ਗਏ ਨੇ ਹੁਣ ਮੈਨੂੰ ਉਹਨਾਂ ਦੀ ਕੁਤਰ-ਕੁਤਰ ਮਹਿਸੂਸ ਨਹੀਂ ਹੁੰਦੀ।



ਸੁਖਮਿੰਦਰ ਸੇਖੋਂ

ਕਹਾਣੀ

# ਤਾਨਾਸ਼ਾਹ

ਸੁਖਮਿੰਦਰ ਸੇਖੋਂ

ਸੁਖਮਿੰਦਰ ਸੇਖੋਂ: ਭਾਵੇਂ ਪੰਜਾਬੀ ਸਾਹਿਤ ਦਾ ਬਹੁ-ਵਿਧਾਈ ਲੇਖਕ ਹੈ। ਪਰ ਉਸਦੀ ਵਧੇਰੇ ਉਘੜਵੀ ਪਛਾਣ ਇਕ ਗਲਪਕਾਰ ਵਜੋਂ ਹੀ ਹੈ। ਉਸਦੇ ਹੁਣ ਤੱਕ 7 ਕਹਾਣੀ-ਸੰਗ੍ਰਿਹ: 'ਕਹਾਣੀ ਬਦਲ ਗਈ' 'ਗੌਤਮ ਉਦਾਸ ਹੈ' 'ਪਿੰਡ ਪਲੇਟਫਾਰਮ ਤੇ ਮਹਾਂਨਗਰ' 'ਖਿਸਕਦੀ ਹੋਈ ਖੁਸ਼ੀ' 'ਕੁਰਸੀਆਂ ਤੇ ਆਮ ਆਦਮੀ' 'ਪੈੜਾਂ ਦੀ ਸ਼ਨਾਖਤ' ਤੇ ਚਾਰ ਨਾਵਲ 'ਦੇਖ ਇੰਡੀਆ ਮੇਰੀ ਜਾਨ' 'ਸੁਪਨਿਆਂ ਦਾ ਮੰਚਣ' ਤੇ 'ਅਸੀਂ ਬੰਦੂਕਾਂ ਨਹੀਂ ਬੀਜਦੇ' ਛਪ ਚੁੱਕੇ ਹਨ। ਇਸ ਤੋਂ ਇਲਾਵਾ ਉਸ ਦੀਆਂ ਮਿੰਨੀ-ਕਹਾਣੀ ਦੀਆਂ ਤਿੰਨ ਪੁਸਤਕਾਂ ਤੇ ਇਕ ਹਾਸ-ਵਿਅੰਗ ਸੰਗ੍ਰਹਿ

ਰੌਣਕ ਹੁੰਦੀ ਉਸ ਵਿਹੜੇ ਵਿਚ ਉਸ ਘਰ ਸੁੱਖ ਦਾ ਵਾਸਾ ਹੁੰਦੈ,
ਜਿਸ ਘਰ ਨੂੰਹ ਤੇ ਧੀ ਦੇ ਮੂੰਹ 'ਤੇ ਇਕੋ ਜਿੰਨਾ ਹਾਸਾ ਹੁੰਦੈ। -ਬਲਜੀਤ ਕੌਰ ਸੈਣੀ

ਵੀ ਛਪਿਆ ਹੈ। ਉਸਦੀਆਂ ਕਹਾਣੀਆਂ ਦੇ ਵਿਸ਼ੇ ਸਮਾਜਿਕ ਸਰੋਕਾਰਾਂ ਨਾਲ ਸਬੰਧਤ ਹੁੰਦੇ ਹਨ। ਨਾਜ਼ੁਕ ਰਿਸ਼ਤਿਆਂ ਦੀ ਬਿਆਨੀ ਤੋਂ ਇਲਾਵਾ ਰਾਜਨੀਤਕ ਜਾਗਰੂਕਤਾ ਦਾ ਹਾਸਲ ਵੀ ਬਣਦੇ ਹਨ। ਉਸਦੀਆਂ 80% ਕਹਾਣੀਆਂ ਨਿਮਨ ਤੇ ਮੱਧ-ਵਰਗ ਨਾਲ ਸਬੰਧ ਰੱਖਦੀਆਂ ਹਨ। ਉਸਦੀਆਂ ਵਧੇਰੇ ਕਹਾਣੀਆਂ ਬਿਰਤਾਂਤ ਸ਼ੈਲੀ ਵਿਚ ਹਨ ਪਰ ਕੁਝ ਚਿੰਨ੍ਹਾਤਮਕ, ਸਿੰਬੋਲਿਕ ਐਬਸਰਡ ਸਟਾਇਲ ਵਿੱਚ ਵੀ ਸਿਰਜੀਆਂ ਗਈਆਂ ਹਨ।-ਨਰਿੰਜਨ ਬੋਹਾ

ਅੱਜ ਉਹ ਵਾਪਸ ਪਰਤ ਰਿਹਾ ਸੀ, ਜ਼ਿੰਦਗੀ ਦੀ ਸੱਚਾਈ ਦੇ ਅੰਗ-ਸੰਗ ਤੁਰਦਿਆਂ-ਤੁਰਦਿਆਂ। ਸੋਚ ਰਿਹਾ ਸੀ ਕਿ ਆਦਮੀ ਸੋਚਦਾ ਕੁਝ ਹੈ ਤੇ ਹੋ/ਬਣ ਕੁਝ ਜਾਂਦਾ ਏ। ਸੋਚ ਰਿਹਾ ਸੀ ਕਿ ਕਈ ਵਾਰੀ ਆਦਮੀ ਕਿਸੇ ਨਾਲ ਡੂੰਘਾ ਪਿਆਰ ਕਰਦਿਆਂ ਵੀ ਆਪਣੇ ਪਿਆਰ ਦਾ ਇਜ਼ਹਾਰ ਨਹੀਂ ਕਰ ਸਕਦਾ। ਫੇਰ ਕਈ ਸ਼ੰਕੇ, ਵਹਿਮ ਉਪਜਦੇ ਨੇ ਤੇ ਨੌਬਤ ਏਥੋ ਤੱਕ ਵੀ ਆ ਜਾਂਦੀ ਏ ਕਿ...

ਹੈ ਉਦੋਂ ਦੀ ਗੱਲ ਜਦੋਂ ਉਹ ਬਿਲਕੁਲ ਬੱਚਾ ਸੀ। ਚੌਹਾਂ ਪੰਜਾਂ ਵਰ੍ਹਿਆਂ ਦਾ ਹੋਵੇਗਾ। ਇਸ ਉਮਰੇ ਕੋਈ ਵੀ ਗੱਲ ਜੇਕਰ ਦਿਮਾਗ਼ ਅੰਦਰ ਘਰ ਕਰ ਜਾਵੇ ਤਾਂ ਉਸਤੋਂ ਦੇਰ ਤੀਕ ਪਿੱਛਾ ਨਹੀਂ ਛੁਟਦਾ। ਕਿਸੇ ਡਰ ਜਾਂ ਸਹਿਮ ਦਾ ਅੰਦਰੋਂ ਨਿਕਲਣਾ ਜੇਕਰ ਔਖਾ ਨਹੀਂ ਤਾਂ ਮੁਸ਼ਕਿਲ ਤਾਂ ਜ਼ਰੂਰ ਬਣ ਜਾਂਦਾ ਏ।

ਉਦੋਂ ਦਾ ਯਾਦ ਏ ਉਸਨੂੰ ਜਦੋਂ ਉਸਦੀ ਮਾਂ ਉਸਦੇ ਮੂੰਹ ਵਿੱਚ ਬਹੁਤ ਹੀ ਪਿਆਰ ਨਾਲ ਰੋਟੀ ਦੀ ਗਰਾਹੀ ਪਾ ਰਹੀ ਸੀ ਤਾਂ ਬਾਪੂ ਆਣ ਧਮਕਿਆ ਸੀ... "ਤੂੰ ਐਥੇ ਬੈਠੇ ਨੂੰ ਚੂਰੀਆਂ ਖਵਾ ਰਹੀ ਐਂ... ਇਹਨੂੰ ਪੁੱਛ ਕਿ ਇਨ੍ਹੇ ਕਤਾਬ ਨੂੰ ਹੱਥ ਬੀ ਲਾਇਆ ਕਿ ਨੀਂ..."

ਸੁੱਖੀ ਦੀ ਮਾਂ ਦੀਆਂ ਗੱਲ੍ਹਾਂ 'ਤੇ ਨਾਲ ਹੁੰਦਿਆਂ ਇੱਕ ਹਥੌੜੇ ਵਰਗਾ ਹੱਥ ਪਿਆ ਸੀ। ਜਿਸਦੇ ਖੜਾਕ ਨਾਲ ਉਸਦਾ ਕਲੇਜਾ ਧੱਕ... ਧੱਕ... ਧੱਕ ਕਰਨ ਲੱਗਾ ਸੀ। ਸ਼ੁਕਰ ਹੈ ਕਿ ਉਸਦੀਆਂ ਗੱਲ੍ਹਾਂ 'ਤੇ ਚਪੇੜ ਨਹੀਂ ਸੀ ਪਈ ਨਹੀਂ ਤਾਂ...। ਪਰ... "ਪੈਲ੍ਹਾਂ ਚੱਕ ਕਤਾਬ ਜਾਕੇ, ਫੇਰ ਝੁਲਸੀਂ ਮੰਨੀਆਂ..."

ਬਾਪੂ ਹਰਦੇਵ ਸਿੰਘ ਦੇ ਕੜਕਵੇਂ ਬੋਲ ਸੁਣਕੇ ਸੁੱਖੀ ਤੋਂ ਅੱਧੀ ਬੁਰਕੀ ਵੀ ਅੰਦਰ ਨਹੀਂ ਸੀ ਲੰਘਾਈ ਗਈ। ਦਿਲ ਕੱਚਾ-ਕੱਚਾ ਹੋਣ ਲੱਗ ਪਿਆ ਸੀ, ਜਾਪਦਾ ਸੀ ਜਿਵੇਂ ਉਲਟੀ ਹੀ ਆ ਜਾਵੇਗੀ। ਬਲਬੀਰ ਕੌਰ ਨੇ ਆਪਣੇ ਪੁੱਤ ਦੇ ਮੂੰਹ ਨੂੰ ਪਾਣੀ ਦਾ ਗਿਲਾਸ ਲਾ ਦਿੱਤਾ ਸੀ।

...ਇਹ ਕੋਈ ਇੱਕ ਦਿਨ ਦੀ ਗੱਲ ਹੁੰਦੀ ਤਾਂ ਸੀ, ਰੋਜ਼ ਦਾ ਹੀ ਸਿਲਸਿਲਾ ਬਣ ਗਿਆ ਸੀ। ਬਾਪੂ ਕਿਸੇ ਨਾ ਕਿਸੇ ਬਹਾਨੇ ਉਸਦੀ ਝਾੜ-ਝੰਬ ਜ਼ਰੂਰ ਕਰਦਾ, ਬਲਬੀਰ ਕੌਰ ਦਾ ਵੀ ਉਸ ਜਿਉਣਾ ਹਰਾਮ ਕਰ ਛੱਡਿਆ ਸੀ। ਮੰਦੇ ਬੋਲ ਹੀ ਨਹੀਂ ਸੀ ਬੋਲਦਾ, ਕਈ ਵਾਰ ਤਾਂ ਗਾਲ੍ਹਾਂ 'ਤੇ ਵੀ ਉਤਰ ਆਉਂਦਾ, ਵਾਹ ਚਲਦਿਆਂ ਚਪੇੜਾਂ ਵੀ ਰਸੀਦ ਕਰ ਦਿੰਦਾ। ਹੱਥਾਂ ਤੋਂ ਹੀ ਨਹੀਂ, ਕਈ ਵਾਰ ਤਾਂ ਠੇਡਿਆਂ ਤੋਂ ਵੀ ਕੰਮ ਲੈਂਦਾ। ਇਹ ਨਹੀਂ ਕਿ ਉਹ ਦਾਰੂ ਪੀਕੇ ਹੀ ਇਹ ਖੇਹ ਉਡਾਉਂਦਾ, ਬਲਕਿ ਸੋਫ਼ੀ ਵੀ ਉਸਦਾ ਕ੍ਰੋਧ ਨੱਕ ਨੂੰ ਚੜ੍ਹਿਆ ਹੀ ਰਹਿੰਦਾ। ਪਰ ਮਾਂ ਇਸਦੇ ਬਿਲਕੁਲ ਉਲਟ ਸੁਭਾਵ ਦੀ ਸੀ, ਸਹਿਜ ਤੇ ਸ਼ਾਂਤ।

ਹਰਦੇਵ ਸਿੰਘ ਆਖਦਾ... "ਕੁੱਤੀਏ! ਤੂੰ ਇਨ੍ਹਾਂ ਸਾਰੇ ਝਰੀਟਾਂ ਨੂੰ ਸਿਰ ਚੜ੍ਹਾ ਰੱਖਿਐ, ਵਰਨਾ ਕੀਹਦੀ ਮਜ਼ਾਲ ਐ ਕਿ ਕੋਈ ਮੇਰਾ ਹੁਕਮ ਨਾ ਮੰਨੇ..." ਹਰਦੇਵ ਸਿੰਘ ਦਾ ਹੁਕਮ ਹੁੰਦਾ ਸੁੱਖੀ ਦੀ ਮਾਂ ਲਈ, ਉਸ ਲਈ ਤੇ ਉਸਦੀ ਛੋਟੀ ਭੈਣ ਲਈ... ਚੱਲ ਕੁੜੀਏ... ਅੱਜ ਤੈਨੂੰ ਬੀ ਸਬਕ ਸਿਖਾ ਈ ਦਿਆਂ... ਘੰਟੇ ਤੋਂ ਖੌਰੂ ਪਾ ਰੱਖਿਐ।

...ਤੇ ਬਾਪੂ ਹਰਦੇਵ ਸਿੰਘ ਨੇ ਅੱਠਾਂ ਕੁ ਵਰ੍ਹਿਆਂ ਦੀ ਰਾਣੀ ਨੂੰ ਆਪਣੀਆਂ ਮਜ਼ਬੂਤ ਬਾਹਵਾਂ ਵਿੱਚ ਉਠਾ ਲਿਆ ਸੀ ਤੇ ਜੂਨ ਦੇ ਤੱਪਦੇ ਮਹੀਨੇ ਨੰਗੇ ਪੈਰੀਂ ਕਮਰੇ ਤੋਂ ਬਾਹਰ ਖੜ੍ਹੀ ਕਰ ਦਿੱਤਾ ਸੀ। ਜਦੋਂ ਰਾਣੀ ਦੇ ਪੈਰ ਮੱਚਣ ਲੱਗੇ ਤੇ ਮੁੜਕੇ ਨਾਲ ਉਹ ਪਾਣੀਓ-ਪਾਣੀ ਹੋ ਗਈ ਤਾਂ ਉਹ ਡੁਸਕ ਡੁਸਕ ਕੇ ਰੋਣ ਲੱਗੀ ਸੀ। ਉਸਦੇ ਔਖੇ ਔਖੇ ਸਾਹ ਦੇਖਕੇ ਇੱਕ ਮਾਂ ਦਾ ਕਲੇਜਾ ਨਪੀੜਿਆ ਗਿਆ ਸੀ ਅਤੇ ਸੁੱਖੀ ਤਾਂ ਰੋਣ ਹੀ ਲੱਗ ਪਿਆ ਸੀ। ਪਰ ਬਾਪੂ ਦਾ ਹਦਾਇਤਨਾਮਾ... "ਜਾਦ੍ਹਾ ਨਾ ਬੂਕ ਕੁੜੀਏ, ਚੁੱਪ ਕਰਕੇ ਖੜ੍ਹੀ ਰਹੁ... ਜੇ ਬੌਤੀ ਚੀਕ-ਚਹਾੜ ਕੀਤੀ ਤਾਂ ਬਾਹਵਾਂ ਵੀ ਤਹਾਂ ਖੜ੍ਹੀ ਕਰਾਦੂੰਗਾ...।

ਮਾਂ ਨੇ ਰੋ ਰੋ ਕੇ ਅੱਖਾਂ ਪਕਾ ਲਈਆਂ ਸਨ। ਸੁੱਖੀ ਦੀ ਵੱਡੀ ਭੈਣ ਵੀ ਬਾਪੂ ਦੇ ਹਾੜ੍ਹੇ ਕੱਢਕੇ ਥੱਕ-ਹਾਰ ਗਈ ਸੀ। ਸਾਰਿਆਂ ਤੋਂ ਵੱਡਾ ਭਰਾ ਅੰਦਰੋ-ਅੰਦਰੀ ਅੱਗ ਉਗਲਦਾ ਰਿਹਾ ਸੀ, ਪਰ ਉਸਦੀ ਜੁਅੱਰਤ ਨਹੀਂ ਸੀ ਪੈ ਰਹੀ ਕਿ ਉਹ ਬਾਪੂ ਦਾ ਵਿਰੋਧ ਕਰੇ... ਤੂੰ ਏਡਾ ਜ਼ਾਲਿਮ ਹੋ ਗਿਐਂ ਬਾਪੂ...।

ਤੇ ਸੁੱਖੀ... ਉਹ ਨੰਨ੍ਹੀ ਜਾਨ ਤਾਂ ਬੋਲਣ ਦੇ ਸਮਰੱਥ ਹੀ ਨਹੀਂ ਸੀ। ਅਜਿਹੇ ਮੌਕੇ ਉਹ ਹੱਦੋਂ ਵੱਧ ਡਰ ਤੇ ਘਬਰਾ ਜਾਂਦਾ ਸੀ। ਸਹਿਮ ਕੇ ਆਪਣੀ ਮਾਂ ਨਾਲ ਜਾ ਚੰਬੜਦਾ। ਪਰ ਬਾਪੂ ਹਮੇਸ਼ਾ ਆਪਣੀ ਜਿੱਤ ਦੀ ਖੁਸ਼ੀ ਦੇ ਜਸ਼ਨ ਮਨਾਉਂਦਾ। ਰਾਤ ਨੂੰ ਹੀ ਨਹੀਂ ਦਿਨੇ ਹੀ ਚੜ੍ਹਾ ਲੈਂਦਾ।

ਅੰਤ ਰਾਣੀ ਵੀ ਕਦੋਂ ਤੱਕ ਧੁੱਪ ਦੀ ਮਾਰ ਸਹਿੰਦੀ। ਬੇਹੋਸ਼ ਹੋਕੇ ਡਿੱਗ ਪਈ ਸੀ। ਸਾਰੇ ਪਰਿਵਾਰ ਦੇ ਜੀਅ ਉਸ ਵੱਲ ਦੌੜੇ ਗਏ ਸਨ। ਪਰ ਹਰਦੇਵ ਸਿੰਘ ਦੀ ਸਿਹਤ 'ਤੇ ਕੋਈ ਅਸਰ ਨਹੀਂ ਸੀ ਹੋਇਆ, ਬਲਕਿ ਉਲਟਾ ਉਹ ਬੋਲਿਆ ਸੀ... "ਕੋਈ ਨੀਂ ਕੋਈ ਨੀਂ ਕੁਛ ਨੀਂ ਹੁੰਦਾ, ਸਾਰੇ ਆਪੋ-ਆਪਣੇ ਕੰਮ ਕਰੋ, ਮੈਂ ਆਪੇ ਦੇਖਲੂੰਗਾ...।"

ਪਤਾ ਨਹੀਂ ਹਰਦੇਵ ਸਿੰਘ ਕਿਸ ਮਿੱਟੀ ਦਾ ਬਣਿਆ ਸੀ। ਪਿੰਡ ਦੇ ਲੋਕ ਵੀ ਘਰਦਿਆਂ ਵਾਂਗ ਉਸਨੂੰ 'ਬਾਪੂ' ਜਾਂ 'ਬਾਪੂ ਜੀ' ਕਹਿਕੇ ਸੰਬੋਧਨ ਹੁੰਦੇ। ਹਾਲਾਂਕਿ ਬਾਪ ਜਾਂ ਪਿਤਾ ਵਾਲੀ ਉਸ ਵਿੱਚ ਅਜਿਹੀ ਕਿਹੜੀ ਗੱਲ ਸੀ, ਗੁਣ ਜਾਂ ਉੱਚ ਚਰਿੱਤਰ...।

ਪਰ ਇਸ ਦੇ ਬਾਵਜੂਦ ਉਹ ਬਾਪੂ ਸੀ, ਘਰ ਪਰਿਵਾਰ ਤੇ ਪੂਰੇ ਪਿੰਡ ਦਾ ਬਾਪੂ। ਘਰ ਤੇ ਪਿੰਡ ਦੇ ਫੈਸਲੇ ਲੈਣ ਵਾਲਾ... ਚੌਧਰੀ। ਉਸਦਾ ਹਰ ਹੁਕਮ ਇਲਾਹੀ ਹੁੰਦਾ। ਉਹ ਦਿਨ ਨੂੰ ਰਾਤ ਤੇ ਰਾਤ ਨੂੰ ਦਿਨ ਬਣਾਉਣ ਜਾਣਦਾ ਸੀ। ਸ਼ਾਇਦ ਉਸਦੇ ਰੋਅਬ ਤੋਂ ਡਰੇ ਜਾਂ ਉਸਨੂੰ ਵੱਡਾ ਸਿਆਣਾ ਜਾਣਦੇ ਉਸਦੇ ਹਰ ਫੈਸਲੇ 'ਤੇ ਪਰਿਵਾਰ ਤੇ ਪਿੰਡ ਨੂੰ ਫੁੱਲ ਚੜ੍ਹਾਉਣੇ ਪੈਂਦੇ ਸਨ।

ਨੰਨ੍ਹੀ ਰਾਣੀ ਨੂੰ ਉਸ ਦਿਨ ਪੂਰੇ ਦੋ ਘੰਟੇ ਬਾਅਦ ਹੋਸ਼ ਵਿੱਚ ਲਿਆਂਦਾ ਗਿਆ ਸੀ। ਇੱਕ ਮਾਂ ਦੀਆਂ ਰੋ ਰੋ ਕੇ ਅੱਖਾਂ ਸੁੱਜ ਗਈਆਂ ਸਨ। ਵੱਡਾ ਭਰਾ ਅੰਦਰੋ-ਅੰਦਰੀ ਧੂਣੀ ਵਾਂਗ ਧੁਖਦਾ

ਦਰਦ ਆਪਣੇ ਦਬਾਈ ਫਿਰਦੇ ਹਾਂ।
ਜ਼ਖ਼ਮ ਆਪਣੇ ਲੁਕਾਈ ਫਿਰਦੇ ਹਾਂ। -(ਅਗਲੇ ਸਫ਼ੇ 'ਤੇ)

ਰਿਹਾ ਸੀ। ਵੱਡੀ ਭੈਣ ਵੀ ਬੋਲਣ ਦਾ ਹੌਸਲਾ ਨਹੀਂ ਸੀ ਕਰ ਸਕੀ। ਸੁੱਖੀ ਤਾਂ ਰਾਣੀ ਤੋਂ ਵੀ ਛੋਟਾ ਸੀ, ਨਿੱਕਾ ਨਿਆਣਾ... ਉਹ ਤਾਂ ਖ਼ੁਦ ਡਰ ਤੇ ਸਹਿਮ ਗਿਆ ਸੀ। ਰਾਣੀ ਦੇ ਨਾਜ਼ੁਕ ਪੈਰ ਛਾਲੇ ਛਾਲੇ ਹੋ ਗਏ ਸਨ। ਕਿੰਨੇ ਹੀ ਦਿਨ ਉਹ ਸਕੂਲੇ ਨਹੀਂ ਸੀ ਜਾ ਸਕੀ। ਹਮੇਸ਼ਾ ਦੇ ਉਲਟ ਚੰਗੇ ਨੰਬਰ ਲੈਣ ਵਾਲੀ, ਆਪਣੀ ਹੀ ਕਲਾਸ ਵਿੱਚੋਂ ਪਹਿਲਾ ਨੰਬਰ ਹਾਸਲ ਕਰਨ ਵਾਲੀ, ਚੌਥੇ ਨੰਬਰ 'ਤੇ ਆਈ ਸੀ।

ਬਾਪੂ ਹਰਦੇਵ ਤੋਂ ਸਾਰੇ ਤੰਗ ਪਰੇਸ਼ਾਨ ਸਨ। ਪਰ ਕਦੀ ਵੀ ਕੋਈ ਉਸਦੇ ਅੱਗੇ ਆਵਾਜ਼ ਬੁਲੰਦ ਨਹੀਂ ਸੀ ਕਰ ਸਕਿਆ।

ਇੱਕ ਦਿਨ ਬਾਪੂ ਨੇ ਆਪਣੀ ਵੱਡੀ ਧੀ ਲਈ ਇੱਕ ਰਿਸ਼ਤਾ ਦੇਖਿਆ ਤੇ ਪਹਿਲੀ ਵਾਰ ਦੇਖੇ ਰਿਸ਼ਤੇ ਨੂੰ ਪਹਿਲੀ ਨਜ਼ਰ ਹੀ ਮਨਜ਼ੂਰੀ ਦੇ ਦਿੱਤੀ। ਜਦੋਂ ਬਲਬੀਰ ਤੇ ਸੁੱਖੀ ਦੇ ਵੱਡੇ ਭਰਾ ਰਣਜੀਤ ਨੇ ਬਾਪੂ ਨੂੰ ਨਿਮਰਤਾ ਸਹਿਤ ਸਮਝਾਉਣ ਦਾ ਯਤਨ ਕੀਤਾ ਤਾਂ ਉਹ ਇਕਦਮ ਭੜਕ ਉਠਿਆ... ਹੁਣ ਮੈਨੂੰ ਵੀ ਨਸੀਹਤਾਂ ਦੇਣ ਆਲੇ ਇਸ ਘਰ 'ਚ ਜੰਮ ਪੇ, ਉਏ ਲੋਕੋ...।

ਬਾਪੂ ਹਰਦੇਵ ਸਿੰਘ ਖੌਰੇ ਕਿਸ ਪੱਥਰ ਦਾ ਬਣਿਆ ਸੀ ਕਿ ਪੱਥਰ 'ਤੇ ਬੂੰਦ ਪਈ ਨਾ ਪਈ ਇੱਕ ਬਰੋਬਰ ਸੀ। ਦਲਜੀਤ ਨੂੰ ਇੱਕ ਵਡੇਰੀ ਉਮਰ ਦੇ ਨਸ਼ੇਬਾਜ਼ ਨਾਲ ਨਰੜ ਦਿੱਤਾ ਗਿਆ।

ਬਾਪੂ ਦੀ ਇਸ ਦੇ ਸਨਮੁੱਖ ਦਲੀਲ ਸੀ... ਸਾਡੇ ਤੋਂ ਬੱਡੇ ਜ਼ਿੰਮੀਦਾਰ ਨੇ, ਘਾਟੈ ਮਾਰਕੇ ਉਨ੍ਹਾਂ ਨੂੰ ਕੋਈ... ਸਾਰੇ ਪਿੰਡ 'ਤੇ ਰਾਜ ਚਲਦੈ ਉਨ੍ਹਾਂ ਦਾ...। ਪਰ ਹਾਲੇ ਕੁਝ ਸਮਾਂ ਹੀ ਬੀਤਿਆ ਸੀ ਕਿ ਇਕ ਰੋਜ਼ ਦਲਜੀਤ ਰੋਂਦੀ ਰੋਂਦੀ ਘਰ ਆ ਪਹੁੰਚੀ। ਪੁੱਛਣ 'ਤੇ ਕੁਝ ਨਾ ਦੱਸੇ, ਬੱਸ ਰੋਈ ਜਾਵੇ। ਜਦੋਂ ਬਲਬੀਰ ਨੇ ਆਪਣੀ ਧੀ ਨੂੰ ਜ਼ੋਰ ਦੇਕੇ ਪੁੱਛਿਆ ਤਾਂ ਉਹ ਡੁਸਕਦਿਆਂ ਕਹਿਣ ਲੱਗੀ— "ਬੀਬੀ, ਚਾਹੇ ਹੁਣ ਕੁਛ ਬੀ ਹੋ ਜੇ ਮੈਂ ਨਹੀਂ ਉਨ੍ਹਾਂ ਕੰਜਰਾਂ ਦੇ ਜਾਣਾ...।"

"...ਜਾਣ ਪੁੱਤ ਤੇਰੇ ਦੁਸ਼ਮਣ..." ਬਲਬੀਰ ਹੀ ਨਹੀਂ ਪਰਿਵਾਰ ਦੇ ਦੂਸਰੇ ਮੈਂਬਰਾਂ ਅੱਗੇ ਵੀ ਸਾਰੀ ਕਹਾਣੀ ਚਿੱਟੇ ਦੁੱਧ ਵਾਂਗ ਨਿੱਤਰ ਕੇ ਸਾਹਮਣੇ ਆ ਗਈ ਸੀ... ਬਾਪੂ ਹਰਦੇਵ ਸਿੰਘ ਤੋਂ ਵੀ ਵੱਧਕੇ ਉਨ੍ਹਾਂ ਦੇ ਜਵਾਈ ਤੇ ਕੁੜਮ-ਕੁੜਮਣੀ ਦੀ ਹੈਂਕੜਬਾਜ਼ੀ...। ਨਿੱਤ ਦੇ ਮਿਹਣੇ ਤੇ ਕੁੱਟ ਮਾਰ...। ਮੁੰਡਾ ਤੇ ਪਿਓ ਦੋਨੋਂ ਹੀ ਸਿਰੇ ਦੇ ਪਿਆਕੜ ਹੀ ਨਹੀਂ, ਪੁੱਤ ਦੇ ਹੀ ਨਹੀਂ ਬਾਪ ਦੇ ਵੀ ਨਜਾਇਜ਼ ਸਬੰਧ।

ਜਦੋਂ ਸਾਰੇ ਪਰਿਵਾਰ ਦੇ ਮੈਂਬਰਾਂ ਨੇ ਆਪਣਾ ਫੈਸਲਾ ਸੁਣਾਇਆ ਤਾਂ ਬਾਪੂ ਭੜਕ ਉਠਿਆ... "ਕਿਉਂ ਨੀਂ ਜਾਊਗੀ ਆਵਦੇ ਸਹੁਰੇ... ਹੁਣ ਏਦ੍ਹਾ ਐਥੇ ਕੀ ਧਰਿਐ... ਪਹਿਲੀ ਮਾਰ ਤੋਂ ਈ ਡਰਗੀ... ਆਵਦੀ ਮਾਂ ਨੂੰ ਪੁੱਛ ਮੈਂ ਤਾਂ ਪਹਿਲੀ ਰਾਤ ਈ ਦਾਰੂ ਦੇ ਰੱਜੇ ਹੋਏ ਨੇ ਇਦ੍ਹੇ ਖਿੱਚ ਕੇ ਪੰਜ ਛੇ ਰੈਬਟੇ ਦੇ ਮਾਰੇ ਸੀ... ਪੁੱਛ ਕਿਉਂ... ਬਈ ਇਹ ਹਮੇਸ਼ਾ ਮੇਰੇ ਥੱਲੇ ਲੱਗ ਕੇ ਰਹੇ... ਮੰਨਦੇਂ ਹਰਦੇਵ ਸਿਉਂ ਜੈਲਦਾਰ ਨੂੰ...।" ਬਾਪੂ ਦੀ ਹੈਂਕੜ ਦੇ ਸਾਹਮਣੇ ਕਿਸੇ ਦੀ ਪੇਸ਼ ਨਾ ਚੱਲੀ। ਦਲਜੀਤ ਨੂੰ ਉਹ ਖ਼ੁਦ ਆਪਣੀ ਜੀਪ ਵਿੱਚ ਉਸਦੇ ਸਹੁਰੇ ਛੱਡਕੇ ਆਇਆ।

ਉਦੋਂ ਕੋਈ ਮੋਬਾਇਲ ਤਾਂ ਕੀ ਲੈਂਡ-ਲਾਈਨ ਵੀ ਕਿਸੇ ਵਿਰਲੇ ਟਾਵੇਂ ਦੇ ਘਰ ਹੀ ਹੁੰਦਾ ਸੀ। ਬੱਸ ਚਿੱਠੀ ਪੱਤਰੀ ਚੱਲਦੀ ਜਾਂ ਕੋਈ ਆਉਂਦੇ ਜਾਂਦੇ ਹੱਥ ਸੁੱਖ ਸੁਨੇਹਾ...।

ਦਲਜੀਤ ਦੇ ਸਹੁਰਿਓਂ ਵੀ ਆਖ਼ਰ ਸੁਨੇਹਾ ਆ ਹੀ ਗਿਆ... 'ਆਵਦੀ ਸਿਰ ਫਿਰੀ ਔਲਾਦ ਨੂੰ ਲੈ ਜਾਵੋ...'

ਰਣਜੀਤ ਆਪਣੀ ਭੈਣ ਨੂੰ ਲੈ ਤਾਂ ਆਇਆ, ਪਰ ਉਸਦੀ ਹਾਲਤ ਕਿਸੇ ਤੋਂ ਦੇਖੀ ਨਹੀਂ ਸੀ ਜਾ ਰਹੀ। ਗੁੰਦਵਾਂ ਸਰੀਰ ਕੁਮਲਾ ਗਿਆ ਸੀ। ਅੱਖਾਂ ਹੇਠ ਕਾਲਖ ਸੀ ਤੇ ਗੋਰਾ ਰੰਗ ਪੀਲਾ ਪੈ ਗਿਆ ਸੀ। ਆਪਣੀ ਉਮਰ ਤੋਂ ਕਿਤੇ ਵਡੇਰੀ ਜਾਪ ਰਹੀ ਸੀ। ਉਸਦੇ ਕਈ ਥਾਈਂ ਜ਼ਖਮਾਂ ਦੇ ਨਿਸ਼ਾਨ ਵੀ ਸਨ।

ਬਲਬੀਰ ਆਪਣੀ ਧੀ ਦਾ ਇਹ ਹਾਲ ਦੇਖਕੇ ਲਗਭਗ ਚੀਕ ਹੀ ਪਈ ਸੀ। ਦਲਜੀਤ ਕੇਵਲ ਸਰੀਰਕ ਹੀ ਨਹੀ ਮਾਨਸਿਕ ਤੌਰ 'ਤੇ ਵੀ ਟੁੱਟ ਹਾਰ ਗਈ ਸੀ। ਸਾਰਾ-ਸਾਰਾ ਦਿਨ ਮੰਜੇ 'ਤੇ ਪਈ ਖਾਲੀ ਖਾਲੀ ਅੱਖਾਂ ਨਾਲ ਛੱਤ ਤੇ ਕੰਧਾਂ ਨੂੰ ਨਿਹਾਰਦੀ ਰਹਿੰਦੀ। ਪਰ ਇਸ ਦੇ ਬਾਵਜੂਦ ਹਰਦੇਵ ਸਿੰਘ ਉਸਨੂੰ ਦੁਬਾਰਾ ਉਸਦੇ ਸਹੁਰੇ ਭੇਜਣ ਲਈ ਹੁਕਮ ਚਾੜ੍ਹ ਚੁੱਕਾ ਸੀ। ਇੱਕ ਦੋ ਬਾਰ ਤਾਂ ਉਸ ਧੱਕਾ ਕਰਨ ਦੀ ਕੋਸ਼ਿਸ਼ ਵੀ ਕੀਤੀ

ਪਰ ਰਣਜੀਤ ਉਸ ਸਾਹਮਣੇ ਚੱਟਾਨ ਵਾਂਗ ਆ ਖੜ੍ਹਾ ਹੋਇਆ ਸੀ।

...ਹੁਣ ਸੁੱਖੀ ਵੀ ਵੱਡਾ ਹੋਣ ਲੱਗਾ ਸੀ। ਉਸਨੂੰ ਆਪਣੇ ਪਰਿਵਾਰ ਹੀ ਨਹੀਂ ਪਿੰਡ ਤੋਂ ਬਾਹਰ ਦੀ ਵੀ ਸਮਝ ਆਉਣ ਲੱਗੀ ਸੀ। ਵੱਡਾ ਭਰਾ ਉਨ੍ਹਾਂ ਨੂੰ ਛੱਡ ਕੇ ਚਲਾ ਗਿਆ ਸੀ ਚੂੰਕਿ ਉਸਨੇ ਆਪਣੀ ਪਸੰਦ ਦੀ ਕਿਸੇ ਸਾਧਾਰਣ ਪਰਿਵਾਰ ਦੀ ਪੜ੍ਹੀ-ਲਿਖੀ ਕੁੜੀ ਨਾਲ ਵਿਆਹ ਰਚਾ ਲਿਆ ਸੀ। ਦਰਅਸਲ ਉਹ ਘਰ ਵਿੱਚ ਕਲੇਸ਼ ਨਹੀਂ ਸੀ ਪਾਉਣਾ ਚਾਹੁੰਦਾ। ਬਾਪੂ ਦੇ ਵਿਰੋਧ ਕਰਕੇ ਉਸਨੂੰ ਘਰ ਦਾ ਤਿਆਗ਼ ਕਰਨਾ ਪਿਆ। ਮਾਂ ਨੇ ਰੋਕਿਆ, ਰਾਣੀ ਨੇ ਰਿਹਾੜ ਕੀਤੀ, ਪਰ ਉਸਦਾ ਇੱਕੋ ਤੇ ਅੰਤਿਮ ਨਿਰਣੈ... "ਬੀਬੀ... ਮੈਂ ਥੋਨੂੰ ਸਾਰਿਆਂ ਨੂੰ ਈ ਹੌਲੀ ਹੌਲੀ ਸ਼ੈਹਰ ਲੈ ਜਾਣੈ... ਬੱਸ ਮੈਨੂੰ ਇੱਕ ਵਾਰ ਸੈਟਲ ਹੋ ਜਾਣ ਦਿਓ।"

...ਰਣਜੀਤ ਨੂੰ ਨੌਕਰੀ ਮਿਲ ਗਈ ਸੀ। ਰਾਣੀ ਤੇ ਸੁੱਖੀ ਵੀ ਸੁੱਖ ਨਾਲ ਕਾਲਜ ਤੋਂ ਬਾਅਦ ਯੂਨੀਵਰਸਿਟੀ ਪੜ੍ਹਦੇ ਸਨ। ਦੋਨੋ ਹੀ ਚੰਗੇ ਨੰਬਰਾਂ ਵਿੱਚੋਂ ਪਾਸ ਹੁੰਦੇ, ਬਲਕਿ ਨਾਲ ਹੁੰਦਿਆਂ ਦੂਸਰੀਆਂ ਸਰਗਰਮੀਆਂ ਵਿੱਚ ਵੀ ਭਾਗ ਲੈਂਦੇ। ਸੁੱਖੀ ਜਿੱਥੇ ਇੱਕ ਚੰਗਾ ਬੁਲਾਰਾ ਸੀ ਉਥੇ ਰਾਣੀ ਵੀ ਗਿੱਧਿਆਂ ਦੀ ਰਾਣੀ ਬਣਕੇ ਯੂਨੀਵਰਸਿਟੀ ਦਾ ਨਾਉਂ ਰੌਸ਼ਨ ਕਰ ਰਹੀ ਸੀ।

"...ਬਲਬੀਰ ਕੁਰੇ! ਦੇਖ ਲਿਆ ਆਵਦੀ ਗੰਦੀ ਅਲਾਦ ਨੂੰ... ਸ਼ੈਹਰ ਜਾਕੇ ਡੇਰੇ ਲਾ ਲਏ... ਕੰਜਰਾਂ ਨੂੰ ਸ਼ਰਮ ਨਾ ਆਈ ਬੀ... ਚੰਗਾ ਕੀਤਾ ਜੋ ਚਲੇ ਗਏ..." ਹੁਣ ਬਲਬੀਰ ਕੌਰ ਵੀ ਕਦੇ ਕਦੇ ਆਪਣੇ ਪਤੀ ਮੂਹਰੇ ਆਪਣੀ ਜ਼ੁਬਾਨ ਖੋਲ੍ਹ ਲੈਂਦੀ ਸੀ... "ਮੈਥੋਂ ਤਾਂ ਦਲਜੀਤ ਦਾ ਦੁੱਖ ਨੀਂ ਦੇਖਿਆ ਜਾਂਦਾ...।"

"...ਦਲਜੀਤ... ਮੈਂ ਕੀ ਕਰ ਸਕਦੈਂ ਹੁਣ... ਬਥੇਰਾ ਕਿਹਾ ਸੀ ਕਿ ਸਹੁਰੇ ਚਲੀ ਜਾ... ਹੁਣ ਦੇਖ ਰਹੀ ਐਂ ਨਾ ਨਤੀਜਾ... ਕੁੜੀਆਂ ਆਵਦੇ ਸਹੁਰੀਂ ਈ ਸੁਖੀ ਵਸਦੀਆਂ ਹੁੰਦੀਆਂ ਨੇ... ਸੁੱਖੀ ਦੀ ਮਾਂ...।"

ਬਲਬੀਰ ਕੌਰ ਬਹੁਤ ਕੁਝ ਬੋਲਣਾ ਚਾਹਕੇ ਵੀ ਚੁੱਪ ਕਰ ਰਹਿੰਦੀ। ਹਰ ਵੇਲੇ ਆਪਣੀ ਬੀਮਾਰ ਧੀ ਦੀ ਸੇਵਾ ਵਿਚ ਜੁਟੀ ਰਹਿੰਦੀ। ਹੁਣ ਤਾਂ ਉਸਨੂੰ ਵੀ ਸਾਹ ਚੜ੍ਹਨ ਲੱਗਾ ਸੀ, ਖੰਘ ਵੀ ਪਿੱਛਾ ਨਹੀ ਸੀ ਛੱਡ ਰਹੀ।

ਰਾਣੀ ਨੇ ਵੀ ਆਪਣੇ ਵੱਡੇ ਤੇ ਛੋਟੇ ਭਰਾ ਦੀ ਸਹਿਮਤੀ

ਗਲ ਪਏ ਢੋਲ ਵਾਂਗ ਲਗਦੇ ਹਨ,
ਰਿਸ਼ਤੇ ਫਿਰ ਭੀ ਨਿਭਾਈ ਫਿਰਦੇ ਹਾਂ। -ਪਿਆਸਾ ਅੰਜੁਮ

ਨਾਲ ਆਪਣੇ ਕਾਲਜ ਵੇਲੇ ਦੇ ਹੀ ਇੱਕ ਸਾਥੀ ਨਾਲ ਅੰਤਰਜਾਤੀ ਵਿਆਹ ਕਰਵਾ ਲਿਆ ਸੀ, ਆਪਣੇ ਬਾਪੂ ਤੋਂ ਚੋਰੀ। ਸਿਰਫ਼ ਬਲਬੀਰ ਕੌਰ ਹੀ ਅਸ਼ੀਰਵਾਦ ਦੇਣ ਪਹੁੰਚੀ ਸੀ। ਜਦੋਂ ਹਰਦੇਵ ਸਿੰਘ ਨੂੰ ਭਿਣਕ ਪਈ ਤਾਂ ਉਸਦਾ ਪਾਰਾ ਸੱਤਵੇਂ ਅਸਮਾਨ ਨੂੰ ਜਾ ਪਹੁੰਚਾ ਸੀ। ਇੱਕ ਦਿਨ ਉਹ ਗੁੱਸਾ ਦੇ ਭਰਿਆ ਪੀਤਾ ਘਰੋਂ ਨਿੱਕਲਿਆ ਸੀ ਤੇ ਸਿੱਧਾ ਸ਼ਹਿਰ ਪਹੁੰਚਕੇ ਜਦੋਂ ਆਪਣੀ ਰਾਣੀ ਦੀ ਪਸੰਦ ਦੇ ਗੋਲੀ ਮਾਰਨ ਲੱਗਾ ਤਾਂ ਰਾਣੀ ਇਕਦਮ ਮੂਹਰੇ ਆ ਗਈ ਸੀ। ਉਸਦੇ ਮੋਢੇ 'ਤੇ ਗੋਲੀ ਲੱਗੀ। ਪੁਲਿਸ ਨੇ ਕੇਸ ਦਰਜ਼ ਕਰ ਲਿਆ। ਮੁਕੱਦਮਾ ਚੱਲਿਆ ਤੇ ਹਰਦੇਵ ਸਿੰਘ ਨੂੰ ਜੇਲ੍ਹ ਹੋ ਗਈ। ਬੇਸ਼ਕ ਉਸਨੇ ਉਪਰਲੀ ਅਦਾਲਤ ਵਿੱਚ ਜ਼ਮਾਨਤ ਲਈ ਅਪੀਲ ਕੀਤੀ ਸੀ ਪਰ ਜੋ ਨਾਮਨਜ਼ੂਰ ਹੋ ਗਈ।

...ਅੱਜ ਸੁੱਖੀ ਆਪਣੇ ਪਿੰਡ ਜਾ ਰਿਹਾ ਸੀ। ਹਵੇਲੀ ਵਿੱਚ ਪ੍ਰਵੇਸ਼ ਪਾਉਣ 'ਤੇ ਬਲਬੀਰ ਆਪਣੇ ਪੁੱਤ ਨੂੰ ਧਾਹ ਗਲਵੱਕੜੀ ਪਾਕੇ ਮਿਲੀ। ਉਸਦੀ ਵੱਡੀ ਭੈਣ ਵੀ ਬਾਹਰ ਵਿਹੜੇ ਵਿੱਚ ਬੈਠੀ ਕੋਈ ਕਿਤਾਬ ਪੜ੍ਹ ਰਹੀ ਸੀ। ਉਹ ਦੇਖਕੇ ਹੈਰਾਨ ਰਹਿ ਗਿਆ ਕਿ ਦਲਜੀਤ ਅੱਗੇ ਨਾਲੋਂ ਤੰਦਰੁਸਤ ਲੱਗ ਰਹੀ ਸੀ। ਉਸਦੇ ਚਿਹਰੇ 'ਤੇ ਵੀ ਜਿਵੇਂ ਰੰਗਤ ਪਰਤ ਆਈ ਸੀ।

"...ਮੈਂ ਤੁਹਾਨੂੰ ਦੋਹਾਂ ਨੂੰ ਲੈਣ ਆਇਐਂ, ਹਮੇਸ਼ਾ ਹਮੇਸ਼ਾ ਲਈ...।" ਸੁੱਖੀ ਨੇ ਲਗਭਗ ਆਪਣਾ ਫੈਸਲਾ ਹੀ ਸੁਣਾ ਦਿੱਤਾ।

"...ਪਰ ਕਿੱਥੇ...?" ਬਲਬੀਰ ਤੇ ਦਲਜੀਤ ਵੀ ਇਕੱਠਿਆਂ ਹੀ ਬੋਲ ਉਠੀਆਂ।

"...ਬਾਪੂ ਦੀ ਇਸ ਜੇਲ੍ਹ... ਇਸ ਕੈਦ ਤੋਂ ਸਦਾ ਸਦਾ ਲਈ ਰਿਹਾਈ ਦਿਵਾਉਣ ਲਈ ਆਇਐਂ ਤਾਂ ਕਿ ਤੁਸੀਂ ਵੀ ਆਜ਼ਾਦੀ ਦਾ ਸੁੱਖ ਮਾਣ ਸਕੋ।"

ਕਹਾਣੀ

# ਰਿਸਦੇ ਜ਼ਖ਼ਮ

ਡਾ. ਸਿਮਰਜੀਤ ਕੌਰ ਬਰਾੜ 'ਸਿੰਮੀ', ਬਾਦਲ



ਡਾ. ਸਿਮਰਜੀਤ ਕੌਰ ਬਰਾੜ

ਸਿਮਰਜੀਤ: ਦੀਆਂ ਕਹਾਣੀਆਂ ਦੇ ਪਾਤਰਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਵੱਡੇ ਫੈਸਲੇ ਲੈਣ ਦੇ ਸਮਰੱਥ ਹਨ। ਉਸਦੇ ਪਾਤਰ ਜਦੋਂ ਕਦੇ ਵੀ ਸਮੱਸਿਆਵਾਂ ਦੀ ਪੇਚੀਦਗੀ ਵਿਚ ਫੱਸਦੇ ਹਨ ਤਾਂ ਇਸ ਸਬੰਧੀ ਮੰਥਨ ਕਰਨ ਉਪਰੰਤ ਛੇਤੀ ਹੀ ਉਹ ਕਿਸੇ ਵੱਡੇ ਫੈਸਲੇ ਤੱਕ ਪਹੁੰਚ ਜਾਂਦੇ ਹਨ। ਇਹ ਵੱਡਾ ਫੈਸਲਾ ਹੀ ਉਹਨ੍ਹਾਂ ਨੂੰ ਸਮੱਸਿਆ ਦੀ ਦਲਦਲ ਵਿਚੋਂ ਬਾਹਰ ਖਿੱਚ ਲਿਆਉਂਦਾ ਹੈ। ਸਿਮਰਜੀਤ ਦੀ ਹਰ ਕਹਾਣੀ, ਉਸਦੀ ਕਹਾਣੀ ਕਲਾ ਸਬੰਧੀ ਮੁਹਾਰਤ ਦਾ ਪ੍ਰਮਾਣ ਹੋ ਨਿਬੜਦੀ ਹੈ ਅਤੇ ਵਧੇਰੇ ਸੰਭਾਵਨਾਵਾਂ ਦੀ ਕਨਸੋਅ ਦਿੰਦੀ ਹੈ। ਇਹਨਾਂ ਸੰਭਾਵਨਾਵਾਂ ਆਧਾਰਤ ਹੀ ਉਮੀਦ ਰੱਖਦੇ ਹਾਂ ਕਿ ਪੰਜਾਬੀ ਕਹਾਣੀ-ਜਗਤ ਵਿਚ ਨਵਾਂ ਰੰਗ ਬਿਖਰੇਗਾ।-ਦੀਪਕ ਮਨਮੋਹਨ ਸਿੰਘ

ਬਾਹਰ ਮੌਸਮ ਬਹੁਤ ਖਰਾਬ ਹੋਇਆ ਪਿਆ ਸੀ। ਜੋਰਾਂ ਦਾ ਮੀਂਹ ਪੈ ਰਿਹਾ ਸੀ। ਬੱਦਲਾਂ ਦੀ ਗਰਜਣ ਤੇ ਬਿਜਲੀ ਦੀ ਲਿਸ਼ਕ ਰਾਤ ਨੂੰ ਹੋਰ ਵੀ ਡਰਾਉਣਾ ਬਣਾ ਰਹੀ ਸੀ। ਪਰ ਸੰਦੀਪ ਤਾਂ ਕਿਤੇ ਹੋਰ ਹੀ ਸੋਚਾਂ ਦੇ ਤਾਣੇ-ਬਾਣੇ ਵਿੱਚ ਉਲਝੀ ਹੋਈ ਸੀ। ਉਹ ਸੋਚ ਰਹੀ ਸੀ ਕਿ ਦਿਨ ਚੜ੍ਹਦੈ, ਛਿਪ ਜਾਂਦੈ, ਵਕਤ ਕਿਸੇ ਦੀ ਉਡੀਕ ਨਹੀਂ ਕਰਦਾ, ਆਪਣੀ ਚਾਲੇ ਚਲਦਾ ਹੀ ਰਹਿੰਦਾ ਏ। ਪਰ ਮੇਰੇ ਜ਼ਿਹਨ ਵਿੱਚ ਕਿਤੇ ਨਾ ਕਿਤੇ ਸਮੇਂ ਦੀਆਂ ਘੜੀਆਂ ਜਿਵੇਂ ਇੱਕ ਜਗ੍ਹਾ ਤੇ ਆ ਕੇ ਰੁਕ ਗਈਆਂ ਨੇ। ਚਾਹ ਕਿ ਵੀ ਮੇਰੇ ਤੋਂ ਉਹ ਮੰਜ਼ਰ ਭੁਲਾਇਆ ਨਹੀਂ ਜਾਂਦਾ। ਉਹ ਸਮਾਂ ਪਤਾ ਨਹੀਂ ਮੈਂ ਕਿਵੇਂ ਆਪਣੇ ਤੇ ਜ਼ਰ ਗਈ। ਇੰਝ ਲਗਦੈ ਸਮੇਂ ਦੀਆਂ ਸੂਈਆਂ ਦੀ ਟਿਕ-ਟਿਕ ਮੇਰੇ ਜ਼ਿਹਨ ਵਿੱਚ ਜਿਵੇਂ ਕੋਈ ਵਿਸਫੋਟ ਕਰ ਰਹੀ ਹੋਵੇ। ਮੇਰਾ ਸਿਰ ਚਕਰਾਉਣ ਲੱਗ ਜਾਂਦੈ। ਲਗਦਾ ਏ ਜਿਵੇਂ ਮੇਰੇ ਦਿਮਾਗ ਦੀਆਂ ਨਸਾਂ ਫਟ ਜਾਣਗੀਆਂ। ਪਤਾ ਨਹੀਂ ਇਹ ਕਿਹੋ ਜਿਹੀ ਸਜ਼ਾ ਹੈ, ਜੋ ਮੈਨੂੰ ਮਿਲੀ ਹੈ, ਜੋ ਪੂਰੀ ਹੀ ਨਹੀਂ ਹੋ ਰਹੀ। ਮੈਂ ਸਭ ਕੁੱਝ ਭੁੱਲ ਕਿਉਂ ਨਹੀਂ ਜਾਂਦੀ। ਕਿਉਂ ਵਾਰ-ਵਾਰ ਮੇਰੇ ਅਤੀਤ ਦੇ ਸਾਏ ਪਰਛਾਵੇਂ ਬਣ-ਬਣ ਮੇਰਾ ਪਿੱਛਾ ਕਰਦੇ ਨੇ। ਰਾਤਾਂ ਨੂੰ ਸੁਪਨਿਆਂ ਵਿੱਚ ਆ ਕੇ ਮੈਨੂੰ ਡਰਾਉਂਦੇ ਨੇ। ਕੀ ਮੈਂ ਵੀ ਕਦੀ ਇੱਕ ਨਾਰਮਲ ਜ਼ਿੰਦਗੀ ਜੀਅ ਪਾਵਾਂਗੀ, ਕੀ ਮੈਂ...? ਇਸੇ ਉਧੇੜ ਬੁਣ ਵਿੱਚ ਉਲਝੀ ਦੇ ਉਸਦੇ ਕਦਮ ਆਪਣੇ ਕਮਰੇ ਵੱਲ ਵਧ ਗਏ। ਪ੍ਰਤੀਕ ਦੀ ਆਵਾਜ਼ ਸੁਣ ਕੇ ਉਹ ਕਮਰੇ ਦੇ ਬੂਹੇ ਅੱਗੇ ਹੀ ਰੁਕ ਗਈ। ਉਸ ਦਾ ਪਤੀ ਪ੍ਰਤੀਕ ਆਪਣੀ ਦਸ ਸਾਲਾਂ ਦੀ ਧੀ ਮੰਨਤ ਨਾਲ ਗੱਲਾਂ ਕਰ ਰਿਹਾ ਸੀ। ਉਹ ਚੁੱਪ-ਚਾਪ ਖੜ੍ਹ ਕੇ ਉਹਨਾਂ ਦੀਆਂ ਗੱਲਾਂ ਸੁਣਨ ਲੱਗੀ। ਪ੍ਰਤੀਕ ਮੰਨਤ ਨੂੰ ਕਹਿ ਰਿਹਾ ਸੀ ਕਿ

"ਮੇਰਾ ਬੱਚਾ ਵੱਡਾ ਹੋ ਕੇ ਆਈ.ਪੀ.ਐੱਸ। ਆਫੀਸਰ ਬਣੇਗਾ।"

"ਪਰ ਪਾਪਾ ਆਈ.ਪੀ.ਐੱਸ. ਆਫੀਸਰ ਹੀ ਕਿਉਂ?"

"ਆਈ.ਪੀ.ਐੱਸ.ਅਫਸਰ ਇਸ ਲਈ ਬੱਚੇ ਕਿ ਆਪਣੇ ਸਮਾਜ ਵਿੱਚ ਬਹੁਤ ਗੰਦਗੀ ਫੈਲੀ ਹੋਈ ਹੈ। ਉਸ ਗੰਦਗੀ ਨੂੰ ਸਾਫ਼ ਕਰਨ ਲਈ ਤੇਰੇ ਵਰਗੀਆਂ ਧੀਆਂ ਦੀ ਲੋੜ ਹੈ, ਜੋ ਲੋਕਾਂ ਦੇ ਜ਼ਿਹਨ ਵਿੱਚ ਪਈ ਗੰਦਗੀ ਨੂੰ ਵੀ ਸਾਫ਼ ਕਰ ਸਕਣ ਅਤੇ ਮੇਰਾ ਯਕੀਨ ਹੈ ਕਿ ਮੇਰਾ ਬੱਚਾ ਇਹ ਕੰਮ ਜਰੂਰ ਕਰ ਸਕਦਾ ਹੈ, ਕਰੇਗਾ ਨਾ ਮੇਰੇ ਬੱਚੇ।"

"ਹਾਂ ਪਾਪਾ! ਜੇ ਇਹ ਤੁਹਾਡਾ ਸੁਪਨਾ ਹੈ ਤਾਂ ਮੈਂ ਤੁਹਾਡਾ ਸੁਪਨਾ ਜ਼ਰੂਰ ਪੂਰਾ ਕਰਾਂਗੀ।"

"ਚਲ ਹੁਣ ਸੌਂ ਜਾ, ਸਵੇਰੇ ਸਕੂਲ ਵੀ ਤਾਂ ਜਾਣਾ ਹੈ।"

ਸੰਦੀਪ ਓਹਨੀਂ ਪੈਰੀਂ ਪਿੱਛੇ ਮੁੜ ਗਈ। ਉਸ ਦੀਆਂ ਅੱਖਾਂ ਵਿੱਚ ਹੰਝੂਆਂ ਦੀ ਬਰਸਾਤ ਉਮੜ ਆਈ ਸੀ। ਇੰਝ ਲਗਦਾ ਸੀ ਜਿਵੇਂ ਉਸ ਨੂੰ ਕਿਸੇ ਗੱਲ ਦਾ ਬਹੁਤ ਪਛਤਾਵਾ ਸੀ, ਉਸਨੂੰ

ਅਰਸ਼ੋ ਉਤਰੀ ਹੂਰ ਏਂ ਤੂੰ। ਚੰਦਰਮਾ ਦਾ ਨੂਰ ਏਂ ਤੂੰ।
ਸਹਿਮ ਕਿਉਂ ਤੇਰੇ ਚਿਹਰੇ 'ਤੇ, ਕਿਸ ਕੋਲੋਂ ਮਜ਼ਬੂਰ ਏਂ ਤੂੰ। -ਤਾਰਾ ਸਿੰਘ ਚੇੜਾ

ਆਤਮ-ਗਿਲਾਨੀ ਦਾ ਅਹਿਸਾਸ ਹੋ ਰਿਹਾ ਸੀ। ਏਨੇ ਨੂੰ ਪ੍ਰਤੀਕ ਉਸ ਦੇ ਪਿੱਛੇ ਆ ਕੇ ਖੜ੍ਹਾ ਹੋ ਗਿਆ। ਉਸ ਦੇ ਚਿਹਰੇ 'ਤੇ ਘਬਰਾਹਟ ਅਤੇ ਹੈਰਾਨੀ ਦੇ ਮਿਲੇ-ਜੁਲੇ ਭਾਵ ਸਨ। ਉਹ ਸਵਾਲ ਕਰ ਰਿਹਾ ਸੀ ਕਿ "ਕੀ ਹੋ ਗਿਆ? ਤੂੰ ਰੋ ਕਿਉਂ ਰਹੀ ਏਂ, ਸੰਦੀਪ ਕੀ ਗੱਲ ਹੋ ਗਈ?"

"ਮੈਨੂੰ ਮਾਫ਼ ਕਰ ਦਿਓ ਪ੍ਰਤੀ ਮੈਨੂੰ ਮਾਫ਼ ਕਰ ਦਿਓ"

"ਪਰ... ਪਰ... ਕਿਸ ਲਈ?"

"ਪਤੈ ਪ੍ਰਤੀਕ ਤੁਸੀਂ ਮੇਰੀ ਸਾਰੀ ਜ਼ਿੰਦਗੀ ਦੀ ਅਰਾਧਨਾ, ਪੂਜਾ, ਅਰਚਨਾ ਦਾ ਪ੍ਰਾਪਤ ਹੋਇਆ ਉਹ ਮਿੱਠਾ ਫਲ ਹੋ ਜਿਸ ਦੀ ਮਿਠਾਸ ਸਾਰੀ ਜ਼ਿੰਦਗੀ ਘੱਟ ਨਹੀਂ ਹੋਣੀ। ਮੈਨੂੰ ਮਾਫ਼ ਕਰ ਦਿਓ, ਪਲੀਜ਼।" ਸੰਦੀਪ ਨਜ਼ਰਾਂ ਝੁਕਾਈ ਹੱਥ ਜੋੜ ਕੇ ਪ੍ਰਤੀਕ ਦੇ ਅੱਗੇ ਖੜ੍ਹੀ ਖ਼ਿਮਾ ਜਾਚਨਾ ਕਰ ਰਹੀ ਸੀ। ਉਹਦੇ ਨੈਣਾਂ ਵਿੱਚੋਂ ਛਲਕਦੇ ਹੰਝੂ ਉਸਦੇ ਦਿਲ ਦੀ ਸਾਰੀ ਹਾਲਤ ਬਿਆਨ ਕਰ ਰਹੇ ਸਨ।

"ਸੰਦੀਪ ਮੈਨੂੰ ਲਗਦਾ ਏ ਅੱਜ ਮੇਰੀ ਸਜ਼ਾ ਪੂਰੀ ਹੋ ਗਈ। ਮੈਂ ਤਾਂ ਉਸ ਗੁਨਾਹ ਦੀ ਉਮਰ ਕੈਦ ਭੁਗਤ ਰਿਹਾ ਸੀ, ਜੋ ਗੁਨਾਹ ਮੈਂ ਕਦੀ ਕੀਤਾ ਹੀ ਨਹੀਂ ਸੀ। ਮੈਨੂੰ ਖੁਸ਼ੀ ਹੈ ਕਿ ਮੇਰੀ ਸਜ਼ਾ ਦਸ ਸਾਲਾਂ ਵਿੱਚ ਹੀ ਪੂਰੀ ਹੋ ਗਈ।" ਪ੍ਰਤੀਕ ਉਸ ਦੇ ਦਿਲ ਦੀ ਹਾਲਤ ਸਮਝ ਗਿਆ ਸੀ।

"ਹਾਂ ਪ੍ਰਤੀਕ ਮੈਂ ਜਾਣੇ-ਅਨਜਾਣੇ ਤੁਹਾਨੂੰ ਉਸ ਗੁਨਾਹ ਦੀ ਸਜ਼ਾ ਦਿੰਦੀ ਰਹੀ, ਜੋ ਗੁਨਾਹ ਤੁਸੀ ਕੀਤਾ ਹੀ ਨਹੀਂ। ਮੈਂ ਰਿਸ਼ਤਿਆਂ ਦੀ ਉਧੇੜ ਬੁਣ ਵਿੱਚ ਉਲਝੀ ਆਪਣਿਆਂ ਅਤੇ ਪਰਾਇਆਂ ਵਿੱਚ ਹੀ ਫਰਕ ਨਹੀਂ ਕਰ ਸਕੀ। ਮੈਂ ਅਤੀਤ ਵਿੱਚ ਹੀ ਜਿਉਂਦੀ ਰਹੀ।"

"ਮੈਂ ਜਾਣਦਾ ਹਾਂ ਸੰਦੀਪ ਕਿ ਅਤੀਤ ਵਿੱਚ ਤੇਰੇ ਆਪਣਿਆਂ ਨੇ ਤੈਨੂੰ ਏਨੇ ਜ਼ਖਮ ਦਿੱਤੇ ਹਨ ਕਿ ਤੇਰੀ ਰੂਹ ਤੱਕ ਜ਼ਖਮੀ ਹੋ ਗਈ। ਰੂਹ ਦੇ ਜ਼ਖਮ ਭਰਨ 'ਤੇ ਬਹੁਤ ਸਮਾਂ ਲਗਦੈ। ਕਦੇ-ਕਦੇ ਤਾਂ ਸਾਰੀ ਜ਼ਿੰਦਗੀ ਵੀ ਲੰਘ ਜਾਂਦੀ ਐ, ਪਰ ਜ਼ਖਮ ਨਹੀਂ ਭਰਦੇ।"

"ਮੈਂ ਇੱਕ ਖੰਡਿਤ ਮੂਰਤੀ ਦੀ ਤਰ੍ਹਾਂ ਤੁਹਾਡੇ ਕੋਲ ਆਈ ਸੀ। ਪਰ ਤੁਸੀਂ ਇੱਕ ਚੰਗੇ ਕਲਾਕਾਰ ਦੀ ਤਰ੍ਹਾਂ ਉਸ ਖੰਡਿਤ ਮੂਰਤੀ ਨੂੰ ਆਪਣੀਆਂ ਭਾਵਨਾਵਾਂ ਤੇ ਮੋਹ, ਮੁਹੱਬਤ ਦੀ ਛੋਹ ਨਾਲ ਏਨਾ ਸਵਾਰਿਆ ਕਿ ਰੂਹ ਦੇ ਜ਼ਖਮਾਂ ਦੀਆਂ ਦਰਾਰਾਂ ਤੱਕ ਮਿਟਾ ਦਿੱਤੀਆਂ। ਹੁਣ ਦੇਖ ਕੇ ਕੋਈ ਕਹਿ ਨਹੀਂ ਸਕਦਾ ਕਿ ਇਹ ਮੂਰਤੀ ਕਦੀ ਖੰਡਿਤ ਵੀ ਸੀ। ਤੁਸੀਂ ਮੇਰੀ ਰੂਹ ਦੇ ਜ਼ਖਮਾਂ 'ਤੇ ਮਰਹਮ ਬਣ ਕੇ ਲੱਗੇ ਹੋ। ਪਰ ਮੈਂ...ਮੈਂ... ਮੈਂ ਹੀ ਤੁਹਾਡੀ ਕੋਈ ਕਦਰ ਨਹੀਂ ਕਰ ਸਕੀ।"

"ਮੈਂ ਜਾਣਦਾ ਸੰਦੀਪ ਤੇਰਾ ਮੈਨੂੰ ਤੇ ਮੰਨਤ ਨੂੰ ਲੁਕ-ਲੁਕ ਦੇਖਣਾ ਮੈਨੂੰ ਬਹੁਤ ਆਹਤ ਕਰਦਾ ਸੀ। ਪਰ ਮੈਨੂੰ ਇਸਦਾ ਅਹਿਸਾਸ ਸੀ ਕਿ ਜਿੰਨ੍ਹਾਂ ਦਰਦਾਂ ਵਿੱਚੋਂ ਤੂੰ ਗੁਜ਼ਰੀ ਏਂ, ਜਿੰਨ੍ਹਾਂ ਪੀੜ੍ਹਾਂ ਨੂੰ ਤੂੰ ਆਪਣੇ ਪਿੰਡੇ ਤੇ ਹੰਢਾਇਆ ਏ, ਅਜਿਹੀ ਸਥਿਤੀ ਵਿੱਚ ਤਾਂ ਕੋਈ ਵੀ ਟੁੱਟ ਕੇ ਬਿਖ਼ਰ ਜਾਵੇ, ਪਰ ਤੂੰ ਬਹੁਤ ਸਟਰੌਂਗ ਹੈ ਦੀਪ, ਤੂੰ ਬਿਖ਼ਰੀ ਨਹੀਂ, ਬਲਕਿ ਬਦਲਦੇ ਹਾਲਾਤਾਂ ਦੇ ਅੱਗੇ ਇੱਕ ਚਟਾਨ ਵਾਂਗ ਅਡੋਲ ਖੜ੍ਹੀ ਰਹੀ।"

"ਤੁਸੀਂ ਹੀ ਮੈਨੂੰ ਬਿਖ਼ਰਨ ਨਹੀਂ ਦਿੱਤਾ। ਨਹੀਂ ਤਾਂ ਮੈਂ ਤਾਂ ਤੀਲਿਆਂ ਦੇ ਆਲ੍ਹਣੇ ਦੀ ਤਰ੍ਹਾਂ ਜ਼ਿੰਦਗੀ ਦੀਆਂ ਹਨੇਰੀਆਂ ਵਿੱਚ ਬਿਖ਼ਰ ਕੇ ਤੀਲਾ-ਤੀਲਾ ਹੋ ਜਾਣਾ ਸੀ। ਤੁਸੀਂ ਹੀ ਮੈਨੂੰ ਸਮੇਟਿਆ, ਇਕੱਠਾ ਕੀਤਾ ਤੇ ਮੁੜ ਤੋਂ ਨਵੀਂ ਮੂਰਤੀ ਬਣਾਈ, ਉਸ ਵਿੱਚ ਜਾਨ ਪਾਈ। ਮੈਂ ਤਾਂ ਇੱਕ ਜ਼ਿੰਦਾ ਲਾਸ਼ ਬਣ ਗਈ ਸੀ। ਇਸ ਵਿੱਚ ਜ਼ਿੰਦਗੀ ਦੀ ਰੂਹ ਫੂਕਣ ਵਾਲੇ ਤੁਸੀਂ ਹੀ ਹੋ। ਮੈਂ ਤੁਹਾਡੀ ਹੀ ਕਦਰ ਨਹੀਂ ਕੀਤੀ।

"ਨਹੀਂ ਸੰਦੀਪ ਅਜਿਹਾ..."

"ਨਹੀਂ ਪ੍ਰਤੀਕ! ਮੈਨੂੰ ਅੱਜ ਬੋਲ ਲੈਣ ਦਿਓ। ਅੱਜ ਬੜੀ ਮੁਸ਼ਕਲ ਨਾਲ ਹਿੰਮਤ ਜੁਟਾਈ ਹੈ। ਅੱਜ ਮੈਂ ਜ਼ਿੰਦਗੀ ਦੇ ਇਸ ਸੱਚ ਦਾ ਸਾਹਮਣਾ ਕਰਨ ਦਾ ਹੌਂਸਲਾ ਕੀਤਾ ਹੈ। ਸੰਦੀਪ ਅੱਜ ਆਪਣੇ ਦਿਲ ਦੀ ਹਰ ਗੰਢ ਪ੍ਰਤੀਕ ਦੇ ਨਾਲ ਖੋਲਣਾ ਚਾਹੁੰਦੀ ਸੀ। ਪਤੈ ਮੈਂ ਹਮੇਸ਼ਾਂ ਤੁਹਾਡੇ ਪਿਆਰ 'ਤੇ ਸ਼ੱਕ ਕੀਤਾ। ਮੈਂ ਤੁਹਾਨੂੰ ਵੀ ਉਹਨਾਂ ਸਾਰੇ ਮਰਦਾਂ ਵਿੱਚੋਂ ਇੱਕ ਸਮਝਦੀ ਰਹੀ ਜੋ ਔਰਤ ਨੂੰ ਸਿਰਫ਼ ਇੱਕ ਜਿਸਮ ਸਮਝਦੇ ਹਨ। ਜਿੰਨ੍ਹਾਂ ਨੂੰ ਔਰਤ ਵਿੱਚੋਂ ਮਾਂ, ਭੈਣ, ਧੀ, ਪਤਨੀ ਦੇ ਰਿਸ਼ਤੇ ਨਜ਼ਰ ਨਹੀਂ ਆਉਂਦੇ, ਦਿਸਦਾ ਹੈ ਤਾਂ ਬੱਸ ਇੱਕ ਜਿਸਮ। ਜਿਸਮਾਂ ਦੀ ਖੇਡ ਵਿੱਚ ਉਹ ਸਾਰੇ ਰਿਸ਼ਤੇ ਨਾਤੇ ਭੁੱਲ ਜਾਂਦੇ ਹਨ। ਮੈਂ ਇਹੀ ਦੇਖਦੀ ਰਹੀ ਕਿ ਤੁਹਾਨੂੰ ਮੰਨਤ ਵਿੱਚ ਆਪਣੀ ਧੀ ਨਜ਼ਰ ਆਉਂਦੀ ਏ ਜਾਂ ਸਿਰਫ ਇੱਕ ਜਿਸਮ ਦਿਸਦਾ ਏ।"

'ਸੰਦੀਪ...'

"ਪਲੀਜ਼ ਮੈਨੂੰ ਕਹਿ ਲੈਣ ਦਿਓ। ਅੱਜ ਜੋ ਦਰਦ ਮੇਰੇ ਜ਼ਿਹਨ ਵਿੱਚ ਬਰਫ਼ ਬਣ ਕੇ ਜੰਮ ਗਿਆ ਸੀ, ਅੱਜ ਉਹ ਪਿਘਲ ਰਿਹਾ ਏ, ਪਲੀਜ਼ ਉਸਨੂੰ ਪਿਘਲ ਲੈਣ ਦਿਓ।

ਮੈਂ ਸੋਚਦੀ ਸੀ ਕਿ ਤੁਹਾਨੂੰ ਵੀ ਮੇਰੇ ਪਾਪਾ ਵਾਂਗ ਮੰਨਤ ਇੱਕ ਮਿੱਟੀ ਦੀ ਗੁਡੀਆ ਤਾਂ ਨਹੀਂ ਨਜ਼ਰ ਆਉਂਦੀ।

ਮੈਂ...ਅ...ਮੈਂ ਲੁਕ-ਲੁਕ ਕੇ ਤੁਹਾਨੂੰ ਦੇਖਦੀ ਰਹਿੰਦੀ। ਅਸਲ ਵਿੱਚ ਮੈਂ ਕਦੀ ਵੀ ਰਿਸ਼ਤਿਆਂ ਤੇ ਵਿਸ਼ਵਾਸ ਹੀ ਨਹੀਂ ਕਰ ਸਕੀ। ਦਰਅਸਲ ਮੈਂ ਸਮੁੱਚੀ ਮਰਦ ਜਾਤੀ ਨੂੰ ਹੀ ਇੱਕੋ ਤੱਕੜੀ ਵਿੱਚ ਤੋਲਣ ਲੱਗ ਪਈ ਸੀ। ਬੀ.ਐਡ ਵਿੱਚ ਸਾਡੇ ਸਾਈਕਾਲੋਜੀ ਵਾਲੇ ਸਿਮਰਨ ਮੈਡਮ ਕਹਿੰਦੇ ਹੁੰਦੇ ਸੀ ਕਿ ਕਦੀ-ਕਦੀ ਅਸੀ ਚੀਜ਼ਾਂ ਨੂੰ ਜੈਨੇਲਾਈਜ ਕਰਨ ਲੱਗ ਜਾਂਦੇ ਹਾਂ। ਜੇ ਜ਼ਿੰਦਗੀ ਵਿੱਚ ਇੱਕ ਮਾੜਾ ਅਨੁਭਵ ਹੋਇਆ ਤਾਂ ਅਸੀਂ ਸਾਰਿਆਂ ਨੂੰ ਹੀ ਉਸੇ ਨਾਲ ਜੋੜ ਕੇ ਦੇਖਣ ਲੱਗ ਜਾਂਦੇ ਹਾਂ। ਜੇ ਇੱਕ ਰਿਸ਼ਤੇ ਨੇ ਜ਼ਿੰਦਗੀ ਵਿੱਚ ਧੋਖਾ ਦਿੱਤਾ ਤਾਂ ਅਸੀਂ ਹਰ ਰਿਸ਼ਤੇ ਨੂੰ ਹੀ ਉਸੇ ਨਜ਼ਰੀਏ ਨਾਲ ਦੇਖਣ ਲੱਗ ਜਾਂਦੇ ਹਾਂ। ਮਨ ਵਿੱਚ ਇਹ ਧਾਰਨਾ ਬਣਾ ਲੈਂਦੇ ਹਾਂ ਕਿ ਹਰ ਰਿਸ਼ਤਾ ਸਾਨੂੰ ਧੋਖਾ ਹੀ ਦੇਵੇਗਾ। ਮੈਂ ਵੀ ਆਪਣੇ ਆਸ-ਪਾਸ ਇਹ ਇੱਕ ਅਜਿਹਾ ਹੀ ਖੋਲ ਬਣਾ ਲਿਆ ਸੀ। ਉਸ ਖੋਲ 'ਚੋਂ ਬਾਹਰ ਵੀ ਕੋਈ ਦੁਨੀਆਂ ਹੈ, ਮੈਂ ਇਹ ਭੁੱਲ ਹੀ ਬੈਠੀ ਸੀ। ਮੈਨੂੰ ਲਗਦਾ ਸੀ ਕਿ ਮਰਦ ਨਾਲ ਜੁੜਿਆ ਹਰ ਰਿਸ਼ਤਾ ਹੀ ਧੋਖੇ ਅਤੇ ਫਰੇਬ 'ਤੇ ਹੀ ਖਤਮ ਹੁੰਦਾ ਹੈ। ਫਿਰ ਉਹ ਭਾਵੇਂ ਪਿਓ ਹੋਵੇ, ਭਾਵੇਂ ਪਤੀ। ਮੈ ਹਰ ਰਿਸ਼ਤੇ ਨੂੰ ਇੱਕੋ ਹੀ ਨਜ਼ਰੀਏ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ।

ਕਦੇ-ਕਦੇ ਮੈਨੂੰ ਲਗਦਾ ਹੈ ਕਿ ਮੈਂ ਰਿਸ਼ਤਿਆਂ ਦੇ ਸੱਚ ਤੋਂ ਡਰਨ ਲੱਗ ਗਈ ਸੀ। ਰਿਸ਼ਤਿਆਂ ਦੇ ਪ੍ਰਤੀ ਮੇਰੇ ਮਨ ਵਿੱਚ ਇੱਕ ਫੋਬੀਆ ਬਣ ਗਿਆ ਸੀ। ਮੈਂ ਇੱਕ ਡਰ ਅਤੇ ਸਹਿਮ ਦੇ ਸਾਏ ਹੇਠ ਜਿਉਂ ਰਹੀ ਸੀ। ਇਸੇ ਡਰ ਦੇ ਸਾਏ ਹੇਠ ਮੈਂ ਆਪਣੀ ਜ਼ਿੰਦਗੀ ਦੇ ਬਹੁਤ ਖ਼ੂਬਸੂਰਤ ਪਲ ਗੁਆ ਦਿੱਤੇ, ਜੋ ਹੁਣ ਕਦੀ ਵਾਪਸ ਨਹੀਂ

ਤੂੰ ਮੈਲ਼ੇ ਕਰ ਰਿਹੈਂ ਪਾਣੀ, ਤੂੰ ਜ਼ਖ਼ਮੀ ਕਰ ਰਿਹੈ ਜੰਗਲ,
ਵਿਸ਼ੈਲੀ ਨਾ ਹਵਾ ਨੂੰ ਕਰ, ਸਮੇਂ ਨੇ ਰੋਲ਼ ਦੇਣਾ ਈਂ। -(ਅਗਲੇ ਸਫ਼ੇ 'ਤੇ)

ਆ ਸਕਦੇ।'' ਸੰਦੀਪ ਪਛਤਾਵੇ ਦੀ ਅੱਗ ਵਿੱਚ ਝੁਲਸ ਰਹੀ ਸੀ ਤੇ ਉਸਨੇ ਰੋ-ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ। ਪ੍ਰਤੀਕ ਉਸਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਵਾਰ-ਵਾਰ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ

''ਜੋ ਹੋਇਆ ਉਸ ਵਿੱਚ ਤੇਰਾ ਕੋਈ ਕਸੂਰ ਨਹੀਂ ਸੀ। ਤੇਰੀ ਥਾਂ ਤੇ ਕੋਈ ਹੋਰ ਵੀ ਹੁੰਦਾ ਤਾਂ ਉਹ ਵੀ ਇਹੀ ਕਰਦਾ। ਜੇ ਮੈਂ ਹੁੰਦਾ ਤਾਂ ਸ਼ਾਇਦ ਮੇਰਾ ਵੀ ਰੀਐਕਸ਼ਨ ਇਹੀ ਹੋਣਾ ਸੀ ਸੰਦੀਪ। ਜੋ ਬੀਤ ਗਿਆ ਉਸਨੂੰ ਬੁਰਾ ਖ਼ੁਆਬ ਸਮਝ ਕੇ ਭੁੱਲ ਜਾ।''

ਪਰ ਸੰਦੀਪ ਤਾਂ ਜਿਵੇਂ ਆਤਮ-ਗਿਲਾਨੀ ਦੇ ਨਾਲ ਮਰਦੀ ਜਾ ਰਹੀ ਸੀ ਤੇ ਆਪਣੇ ਆਪ ਨੂੰ ਲਾਹਨਤਾਂ ਪਾ ਰਹੀ ਸੀ।

''ਪ੍ਰਤੀਕ ਸੱਚ ਦੱਸਾਂ ਤਾਂ ਅੱਜ ਜਿੱਥੇ ਮੈਨੂੰ ਰਿਸ਼ਤਿਆਂ 'ਤੇ ਵਿਸ਼ਵਾਸ ਕਰਨ ਦੀ ਵਜ੍ਹਹ ਮਿਲੀ। ਉੱਥੇ ਮੈਨੂੰ ਇਹ ਖ਼ੁਸ਼ੀ ਵੀ ਹੋਈ ਕਿ ਤੁਸੀਂ ਉਹਨਾਂ ਮਰਦਾਂ ਵਿੱਚੋਂ ਨਹੀਂ ਹੋ, ਜੋ ਔਰਤ ਨੂੰ ਸਿਰਫ਼ ਇੱਕ ਜਿਸਮ ਸਮਝਦੇ ਨੇ, ਉੱਥੇ ਮੈਨੂੰ ਆਪਣੀ ਧੀ ਨਾਲ ਥੋੜ੍ਹੀ ਜਲਨ ਵੀ ਹੋਈ ਕਿ ਮੇਰੇ ਪਾਪਾ ਉਸਦੇ ਪਾਪਾ ਜਿਹੇ ਕਿਉਂ ਨਹੀਂ। ਤੁਸੀਂ ਜਿਸ ਤਰ੍ਹਾਂ ਮੰਨਤ ਦੇ ਭਵਿੱਖ ਨੂੰ ਲੈ ਕੇ ਸੁਨਹਿਰੇ ਸੁਪਨੇ ਬੁਣ ਰਹੇ ਸੀ। ਮੇਰੇ ਪਾਪਾ ਨੇ ਤਾਂ ਕਦੀ ਇਸ ਤਰ੍ਹਾਂ ਮੈਨੂੰ ਸੁਪਨੇ ਵੇਖਣਾ ਹੀ ਨਹੀਂ ਸਿਖਾਇਆ ਸੀ। ਮੈਨੂੰ ਤਾਂ ਹਰ ਪਿਤਾ ਦੇ ਅੰਦਰ ਛੁਪ ਕੇ ਬੈਠਾ ਹੋਇਆ ਇੱਕ ਖ਼ੌਫਨਾਕ ਦਰਿੰਦਾ ਹੀ ਨਜ਼ਰ ਆਉਂਦਾ ਸੀ।

ਜਦ ਮੈਨੂੰ ਰਿਸ਼ਤਿਆਂ ਦੇ ਅਰਥ ਤੱਕ ਨਹੀਂ ਪਤਾ ਸੀ, ਉਦੋਂ ਤੋਂ ਹੀ ਮੇਰੀ ਜ਼ਿੰਦਗੀ ਵਿੱਚ ਰਿਸ਼ਤਿਆਂ ਦੇ ਮਾਇਨੇ ਬਦਲ ਗਏ ਸੀ। ਮੈਂ ਖਾਲੀ ਕੈਨਵਸ ਵਾਂਗ ਸੀ, ਪਰ ਵਕਤ ਨੇ ਮੇਰੇ ਤੇ ਏਨੇ ਡਰਾਉਣੇ ਚਿੱਤਰ ਉਲੀਕੇ ਕਿ ਅੱਜ ਵੀ ਜਦ ਉਹ ਅਤੀਤ ਦੇ ਘਿਨਾਉਣੇ ਚਿੱਤਰ ਮੇਰੀਆਂ ਅੱਖਾਂ ਅੱਗੇ ਉਭਰਦੇ ਹਨ ਤਾਂ ਮੈਂ ਡਰ ਜਾਂਦੀ ਹਾਂ।''

''ਤੂੰ ਸਭ ਭੁੱਲ ਜਾ ਦੀਪ। ਆਪਣੇ-ਆਪ ਨੂੰ ਦੁਖੀ ਨਾ ਕਰ। ਤੇਰੀ ਤਬੀਅਤ ਖਰਾਬ ਹੋ ਜਾਵੇਗੀ।''

''ਮੈਂ ਕੀ ਕਰਾਂ, ਇਹ ਦਰਦ ਸਾਰੀ ਜ਼ਿੰਦਗੀ ਮੇਰੇ ਨਾਲ ਰਹੇਗਾ। ਮੈਂ ਤਾਂ ਹਾਲੇ ਬਚਪਨ ਦੀ ਦਹਿਲੀਜ਼ ਨੂੰ ਵੀ ਪਾਰ ਨਹੀਂ ਕੀਤਾ ਸੀ। ਹਾਲੇ ਤਾਂ ਮੈਂ ਸਹੀ ਗਲਤ ਦੇ ਫ਼ਰਕ ਤੋਂ ਵੀ ਨਾਵਾਕਫ਼ ਸੀ, ਜਦ ਮੇਰੇ ਬਾਪ ਨੇ ਮੈਨੂੰ ਆਪਣੀ ਮਰਦਾਨਗੀ ਦੇ ਅਰਥ ਸਮਝਾਏ। 12 ਸਾਲ ਦੀ ਬਾਲੜੀ ਉਮਰ ਸੀ ਮੇਰੀ, ਜਦ ਮੇਰੇ ਬਾਪ ਨੇ ਮੇਰੀ ਮਾਸੂਮੀਅਤ ਨੂੰ ਕੁਚਲ ਦਿੱਤਾ।''

''ਮੈਂ ਸਭ ਜਾਣਦਾ ਹਾਂ ਸੰਦੀਪ। ਤੂੰ ਇਹ ਸਭ ਯਾਦ ਕਰਕੇ ਹੁਣ ਆਪਣੇ-ਆਪ ਨੂੰ ਹੋਰ ਤਕਲੀਫ਼ ਨਾ ਦੇ। ਪਲੀਜ਼ ਸੰਦੀਪ ਭੁੱਲ ਜਾ ਸਭ।''

''ਨਹੀਂ ਭੁੱਲਿਆ ਜਾਂਦਾ... ਨਹੀਂ ਭੁੱਲਿਆ ਜਾਂਦਾ। ਉਹ ਭਿਆਨਕ ਰਾਤਾਂ ਦੇ ਡਰਾਵਣੇ ਸਾਏ ਮੈਨੂੰ ਜਿਉਣ ਨਹੀਂ ਦਿੰਦੇ।''

''ਤੇਰੇ ਭੂਆ ਜੀ ਨੇ ਮੈਨੂੰ ਸਭ ਕੁੱਝ ਦੱਸਿਆ ਸੀ ਦੀਪ। ਮੈਂ ਤੈਨੂੰ ਕਦੇ ਇਸ ਬਾਰੇ ਕੋਈ ਸਵਾਲ ਨਹੀਂ ਕੀਤਾ, ਕਿਉਂਕਿ ਮੈਂ ਤੇਰੇ ਜ਼ਖਮਾਂ ਨੂੰ ਫਿਰ ਤੋਂ ਉਚੇੜਨਾ ਨਹੀਂ ਚਾਹੁੰਦਾ ਸੀ। ਮੈਂ ਤਾਂ ਤੇਰੇ ਜ਼ਖਮਾਂ ਦੇ ਲਈ ਮਰਹਮ ਬਣਨਾ ਚਾਹੁੰਦਾ ਸੀ।''

''ਤੇ ਮੈਨੂੰ ਉਸ ਮਰਹਮ ਤੋਂ ਹੀ ਦਰਦ ਮਹਿਸੂਸ ਹੁੰਦਾ ਰਿਹਾ। ਮੈਂ ਅੱਜ ਤੁਹਾਨੂੰ ਸਭ ਕੁੱਝ ਦੱਸਾਂਗੀ ਪ੍ਰਤੀਕ। ਸਭ ਕੁੱਝ ਜਾਣਨਾ ਤੁਹਾਡਾ ਹੱਕ ਵੀ ਏ। ਮੇਰੇ ਲਈ ਇਹ ਮੁਸ਼ਕਲ ਜਰੂਰ ਏ, ਮੈਨੂੰ ਫਿਰ ਤੋਂ ਉਸ ਦਰਦ ਵਿੱਚੋਂ ਦੀ ਗੁਜਰਨਾ ਪਵੇਗਾ, ਪਰ ਫਿਰ ਵੀ ਮੈਂ ਤੁਹਾਨੂੰ ਸਭ ਕੁੱਝ ਦੱਸਾਗਾਂ।''

ਬਾਹਰ ਤੇਜ ਬਾਰਿਸ਼ ਰੁਕਣ ਦਾ ਨਾਂ ਹੀ ਨਹੀਂ ਲੈ ਰਹੀ। ਉਧਰ ਸੰਦੀਪ ਦੇ ਨੈਣਾਂ ਵਿੱਚ ਉਮੜੀਆਂ ਬਾਰਿਸ਼ ਦੀਆਂ ਬੂੰਦਾਂ ਵੀ ਪਲਕਾਂ ਦੀ ਹੱਦ ਤੋੜ ਕੇ ਤ੍ਰੇਲ ਦੇ ਸੁੱਚੇ ਮੋਤੀਆਂ ਵਾਂਗ ਚਿਹਰੇ ਤੇ ਠਹਿਰ ਗਈਆਂ ਸਨ। ਉਹ ਰੋ-ਰੋ ਕੇ ਆਪਣੀ ਸਾਰੀ ਵਿਥਿਆ ਬਿਆਨ ਕਰ ਰਹੀ ਸੀ।

ਪਾਪਾ ਪੁਲਿਸ ਵਿਭਾਗ ਵਿੱਚ ਐਸ.ਐਚ.ਓ. ਸਨ। ਛੇ ਫੁੱਟ ਲੰਮਾ ਕੱਦ, ਸਡੌਲ ਭਰਵਾਂ ਜੁੱਸਾ, ਚਿਹਰੇ 'ਤੇ ਭਰਵੀਂ ਦਾੜੀ, ਕੁੰਢੀਆਂ ਮੁੱਛਾਂ ਉਹਨਾਂ ਦੀ ਸ਼ਖਸੀਅਤ ਨੂੰ ਹੋਰ ਵੀ ਰੋਹਬਦਾਰ ਬਣਾ ਦਿੰਦੀਆਂ ਸਨ। ਵੱਡੇ-ਵੱਡੇ ਅਫ਼ਸਰਾਂ ਨਾਲ ਉਹਨਾਂ ਦੀ ਉਠਣੀ-ਬਹਿਣੀ ਸੀ। ਚੰਗੀ ਜ਼ਮੀਨ-ਜਾਇਦਾਦ ਦੇ ਮਾਲਕ ਸੀ। ਦੋ ਮੰਜ਼ਿਲੀ ਕੋਠੀ ਪਾਈ ਹੋਈ ਸੀ। ਪੂਰੇ ਇਲਾਕੇ ਵਿੱਚ ਉਹਨਾਂ ਦੀ ਧਾਕ ਸੀ। ਉਹਨਾਂ ਦੀ ਰੋਹਬਦਾਰ ਸ਼ਖਸੀਅਤ ਜਿਵੇਂ ਮੁਜ਼ਰਮਾਂ ਦੇ ਦਿਲਾਂ ਵਿੱਚ ਦਹਿਸ਼ਤ ਭਰ ਦਿੰਦੀ ਸੀ, ਉਵੇਂ ਹੀ ਜਦ ਉਹ ਘਰ ਅੰਦਰ ਦਾਖ਼ਲ ਹੁੰਦੇ ਤਾਂ ਪਰਿਵਾਰ ਦੇ ਸਾਰੇ ਜੀਆਂ ਦੇ ਮਨਾਂ ਵਿੱਚ ਡਰ ਤੇ ਦਹਿਸ਼ਤ ਭਰ ਜਾਂਦੀ। ਮੈਂ ਤੇ ਮੇਰਾ ਭਰਾ ਘਰ ਦੇ ਕੋਨਿਆਂ ਵਿੱਚ ਦੁਬਕ ਕੇ ਬੈਠ ਜਾਂਦੇ। ਜਦ ਉਹ ਘਰ ਤੋਂ ਬਾਹਰ ਹੁੰਦੇ ਤਾਂ ਸਾਰਾ ਘਰ ਚਹਿਕ ਰਿਹਾ ਹੁੰਦਾ, ਪਰ ਜਦ ਉਹ ਘਰ ਆ ਜਾਂਦੇ ਤਾਂ ਜਿਵੇਂ ਬੱਦਲਾਂ ਦੀ ਕਾਲੀ ਘਟਾ ਛਾ ਜਾਂਦੀ। ਪਾਪਾ ਤੋਂ ਸਾਰੇ ਡਰਦੇ ਸੀ। ਘਰ ਵਿੱਚ ਮੰਮੀ, ਦਾਦੀ ਜੀ, ਵੀਰਾ ਤਾਂ ਛੋਟਾ ਸੀ। ਪਰ ਕਿਸੇ ਦੀ ਹਿੰਮਤ ਨਹੀਂ ਪੈਂਦੀ ਸੀ ਕਿ ਉਹਨਾਂ ਸਾਹਮਣੇ ਕੋਈ ਖੁੱਲ ਕੇ ਸਾਹ ਵੀ ਲੈ ਲਵੇ। ਮੈਂ ਤਾਂ ਪਿਤਾ ਦੇ ਇਸੇ ਰਿਸ਼ਤੇ ਤੋਂ ਵਾਕਫ਼ ਸੀ। ਉਹ ਘਰ ਆਉਂਦੇ ਤੇ ਆ ਕੇ ਸ਼ਰਾਬ ਪੀਣ ਲੱਗ ਜਾਂਦੇ, ਮੰਮੀ ਦੇਰ ਤੱਕ ਉਹਨਾਂ ਦੇ ਖਾਣਾ-ਖਾਣ ਦੀ ਉਡੀਕ ਕਰਦੀ ਰਹਿੰਦੀ। ਜਦ ਵੀ ਮੈਂ ਆਪਣੀਆਂ ਸਹੇਲੀਆਂ ਦੇ ਪਾਪਾ ਨੂੰ ਵੇਖਦੀ ਕਿ ਉਹ ਉਹਨਾਂ ਨੂੰ ਕਿੰਨਾ ਪਿਆਰ ਕਰਦੇ ਹਨ, ਉਹਨਾਂ ਦੇ ਨਾਲ ਕਿੰਨੇ ਫਰੈਂਡਲੀ ਹਨ ਤਾਂ ਮੈਂ ਮਨ ਵਿੱਚ ਸੋਚਦੀ ਰਹਿੰਦੀ ਕਿ ਮੇਰੇ ਪਾਪਾ ਇਸ ਤਰ੍ਹਾਂ ਦੇ ਕਿਉਂ ਨਹੀਂ ਹਨ। ਮੇਰੇ ਪਾਪਾ ਨੇ ਤਾਂ ਜਦ ਵੀ ਸਾਡੇ ਨਾਲ ਗੱਲ ਕਰਨੀ ਤਾਂ ਬੱਸ ਇਹੀ ਕਹਿਣਾ ਕਿ ਚੁੱਪ ਕਰਕੇ ਪੜ੍ਹ ਲਓ, ਜੇ ਫੇਲ ਹੋ ਗਏ ਤਾਂ ਮੈਂ ਸਕੂਲੋਂ ਹਟਾ ਲਊਂਗਾ। ਮੈਨੂੰ ਤੁਹਾਡੇ ਸਕੂਲ ਵਿੱਚੋਂ ਕੋਈ ਵੀ ਕੰਪਲੇਂਟ ਨਹੀਂ ਆਉਣੀ ਚਾਹੀਦੀ।

''ਉਂਝ ਤਾਂ ਉਹਨਾਂ ਦੇ ਅੱਗੇ ਕਿਸੇ ਦੀ ਬੋਲਣ ਦੀ ਹਿੰਮਤ ਹੀ ਨਾ ਪੈਂਦੀ, ਪਰ ਜੇ ਕਦੇ ਮੰਮੀ ਕੁੱਝ ਬੋਲਣ ਦੀ ਹਿੰਮਤ ਜੁਟਾਉਂਦੇ ਤਾਂ ਘਰ ਵਿੱਚ ਕਲੇਸ਼ ਪੈ ਜਾਂਦਾ। ਉਹ ਛੋਟੀ ਜਿਹੀ ਗੱਲ ਤੇ ਰਿਵਾਲਵਰ ਕੱਢ ਕੇ ਫਾਇਰ ਕਰ ਦਿੰਦੇ। ਸਾਰੇ ਡਰ ਜਾਂਦੇ। ਮੈਂ ਹਿਸਟਰੀ ਦੀ ਕਿਤਾਬ ਵਿੱਚ ਜਦ ਵੀ ਹਿਟਲਰ ਦੇ ਬਾਰੇ ਪੜ੍ਹਿਆ ਸੀ ਕਿ ਉਹ ਬਹੁਤ ਹੀ ਤਾਨਾਸ਼ਾਹ ਸ਼ਾਸ਼ਕ ਸੀ, ਤਾਂ ਮੈਨੂੰ ਪਾਪਾ ਦੇ ਵਿੱਚ ਉਹ ਹਿਟਲਰ ਹੀ ਦਿਖਾਈ ਦਿੰਦਾ। ਮੈਨੂੰ ਹਿਟਲਰ ਤੇ ਪਾਪਾ ਦੀ ਸ਼ਖਸੀਅਤ ਰਲਗੱਡ ਹੁੰਦੀ ਦਿਖਾਈ ਦਿੰਦੀ। ਲਗਦਾ ਜਿਵੇਂ ਇੱਕੋ ਦੇ ਦੋਨੋਂ ਰੂਪ ਹੋਣ। ਇਸੇ ਕਰਕੇ ਪਾਪਾ ਨਾਲ ਪਿਆਰ ਦਾ ਰਿਸ਼ਤਾ ਤਾਂ ਕਦੀ ਬਣਿਆ ਹੀ ਨਹੀਂ ਸੀ। ਘਰ ਵਿੱਚ ਆਜਾਦੀ ਦੇ ਪਲ ਉਹੀ ਹੁੰਦੇ ਸੀ ਜਦ ਪਾਪਾ ਘਰ ਤੋਂ ਬਾਹਰ ਹੁੰਦੇ।'' ਪ੍ਰਤੀਕ ਸਾਹ ਰੋਕ ਕੇ ਸੰਦੀਪ ਦੀਆਂ ਸਾਰੀਆਂ ਗੱਲਾਂ ਖ਼ਾਮੋਸ਼ੀ ਨਾਲ ਸੁਣ

ਕਿ ਜਿਸ ਦਾ ਧਰਮ ਭਟਕਾਉਣਾ, ਕਿ ਜਿਸਨੇ ਕਾਫ਼ਲੇ ਲੁਟਣੇ,
ਤੂੰ ਐਸੀ ਰਹਿਬਰੀ ਨਾ ਕਰ, ਸਮੇਂ ਨੇ ਰੋਲ਼ ਦੇਣਾ ਈਂ। -ਸੁਲੱਖਣ ਸਰਹੱਦੀ

ਰਿਹਾ ਸੀ।

"ਜਿਵੇਂ-ਜਿਵੇਂ ਮੈਂ ਵੱਡੀ ਹੋ ਰਹੀ ਸੀ, ਪਾਪਾ ਦਾ ਵਤੀਰਾ ਮੇਰੇ ਨਾਲ ਨਰਮ ਹੁੰਦਾ ਜਾ ਰਿਹਾ ਸੀ। ਮੈਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਅਜਿਹਾ ਕਿਉਂ ਹੋ ਰਿਹਾ ਹੈ। ਰਾਤ ਨੂੰ ਵੀ ਹੁਣ ਕਈ ਵਾਰ ਪਾਪਾ ਮੇਰੇ ਨਾਲ ਮੇਰੇ ਮੰਜੇ ਤੇ ਆ ਕੇ ਸੌਂ ਜਾਂਦੇ। ਪਰ ਮੈਨੂੰ ਇਹ ਚੰਗਾ ਨਾ ਲਗਦਾ, ਕਿਉਂਕਿ ਉਹਨਾਂ ਨੇ ਬਹੁਤ ਸ਼ਰਾਬ ਪੀ ਰੱਖੀ ਹੁੰਦੀ ਸੀ, ਉਹਨਾਂ ਦੇ ਸਾਹਾਂ 'ਚੋਂ ਮਾਰਦੀ ਸ਼ਰਾਬ ਦੀ ਹਵਾੜ ਮੇਰੇ ਸਿਰ ਨੂੰ ਚੜ੍ਹ ਜਾਂਦੀ। ਇਹ ਹਫ਼ਤੇ ਵਿੱਚ ਕਈ ਵਾਰ ਹੋ ਜਾਂਦਾ, ਜਦ ਪਾਪਾ ਅੱਧੀ ਰਾਤ ਨੂੰ ਮੇਰੇ ਮੰਜੇ ਤੇ ਆ ਜਾਂਦੇ। ਮੈਨੂੰ ਚੰਗਾ ਨਾ ਲਗਦਾ। ਪਰ ਮੈਂ ਕਿਸੇ ਨੂੰ ਕੁੱਝ ਨਾ ਕਹਿ ਸਕੀ। ਪਾਪਾ ਜਿਸ ਤਰ੍ਹਾਂ ਮੈਨੂੰ ਛੂਹਦੇ ਸੀ, ਮੈਨੂੰ ਉਹ ਛੋਹ ਚੰਗੀ ਨਹੀਂ ਲਗਦੀ ਸੀ, ਪਤਾ ਨਹੀਂ ਕਿਉਂ।

ਫਿਰ ਹੌਲੀ-ਹੌਲੀ ਉਹਨਾਂ ਦਾ ਹੌਸਲਾ ਹੋਰ ਅੱਗੇ ਵਧਣ ਲੱਗਾ। ਇੱਕ ਦਿਨ ਉਹ ਸ਼ਰਾਬ ਦੇ ਨਸ਼ੇ ਵਿੱਚ ਚੂਰ ਹੋ ਕੇ ਘਰ ਆਏ, ਆ ਕੇ ਬਿਨਾਂ ਰੋਟੀ ਖਾਧੇ ਸੌਂ ਗਏ। ਅਸੀਂ ਵੀ ਸਾਰੇ ਸੌਂ ਗਏ, ਪਰ ਅੱਧੀ ਰਾਤ ਨੂੰ ਮੈਨੂੰ ਮਹਿਸੂਸ ਹੋਇਆ ਜਿਵੇਂ ਕੋਈ ਮੈਨੂੰ ਛੂਹ ਰਿਹਾ ਹੈ। ਮੈਂ ਜਦ ਘਬਰਾ ਕੇ ਨੀਂਦ 'ਚੋ ਜਾਗੀ ਤਾਂ ਮੈਂ ਹਨੇਰੇ ਦੇ ਵਿੱਚ ਪਹਿਚਾਣਨ ਦੀ ਕੋਸਿਸ਼ ਕੀਤੀ ਕਿ ਕੌਣ ਹੈ। ਜਦ ਮੈਂ ਦੇਖਿਆ ਤਾਂ ਹੈਰਾਨ ਹੋ ਗਈ ਕਿ ਪਾਪਾ ਮੇਰੇ ਨਾਲ ਪਏ ਹੋਏ ਸੀ ਤੇ ਉਹਨਾਂ ਦੇ ਤਨ ਤੇ ਕੋਈ ਵੀ ਕੱਪੜਾ ਨਹੀਂ ਸੀ। ਉਹ ਮੈਨੂੰ ਆਪਣੇ ਕਲਾਵੇ ਵਿੱਚ ਲੈ ਰਹੇ ਸੀ। ਮੈਂ ਘਬਰਾ ਕੇ ਉਹਨਾਂ ਦਾ ਹੱਥ ਝਟਕ ਦਿੱਤਾ ਤੇ ਤੇਜ਼ੀ ਨਾਲ ਉਠ ਕੇ ਕਮਰੇ ਵਿੱਚ ਆ ਕੇ ਦਰਵਾਜ਼ੇ ਦੀ ਕੁੰਡੀ ਬੰਦ ਕਰ ਲਈ। ਮੈਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਮੇਰੇ ਨਾਲ ਹੋ ਕੀ ਰਿਹਾ ਹੈ। ਮੈਂ ਕਿੰਨਾ ਚਿਰ ਬਦਹਵਾਸੀ ਦੀ ਹਾਲਤ ਵਿੱਚ ਦਰਵਾਜ਼ੇ ਦੇ ਨਾਲ ਹੀ ਟੇਕ ਲਾ ਕੇ ਖੜ੍ਹੀ ਰਹੀ। ਇੱਕ 12 ਸਾਲ ਦੀ ਬੱਚੀ ਨੂੰ ਇਹੀ ਸਮਝ ਆਈ ਕਿ ਇਸ ਵਿੱਚ ਕੁੱਝ ਗਲਤ ਹੈ। ਪਾਪਾ ਦਾ ਇਹ ਵਿਵਹਾਰ ਨਾਰਮਲ ਨਹੀਂ ਹੈ। ਮੈਂ ਸੋਚਿਆ ਕਿ ਸਵੇਰੇ ਮੰਮੀ ਨੂੰ ਸਭ ਦੱਸ ਦੇਵਾਂਗੀ।

ਮੈਂ ਜਦ ਸਵੇਰੇ ਮੰਮੀ ਨੂੰ ਦੱਸਿਆ ਕਿ ਪਾਪਾ ਇਸ ਤਰ੍ਹਾਂ ਕਿਉਂ ਕਰਦੇ ਨੇ। ਮੈਨੂੰ ਚੰਗਾ ਨਹੀਂ ਲਗਦਾ। ਮੰਮੀ ਤਾਂ ਮੇਰੀ ਗੱਲ ਸੁਣ ਕੇ ਜਿਵੇਂ ਜੜ੍ਹ ਹੀ ਹੋ ਗਈ। ਉਹਨਾਂ ਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਕੋਈ ਪਿਤਾ ਏਨਾ ਵੀ ਗਿਰ ਸਕਦਾ ਹੈ। ਉਹਨਾਂ ਦਾ ਚਿਹਰਾ ਗੁੱਸੇ ਤੇ ਨਫਰਤ ਦੀ ਅੱਗ ਵਿੱਚ ਭੱਖ ਕੇ ਲਾਲ ਹੋ ਗਿਆ ਸੀ। ਗੁੱਸੇ ਵਿੱਚ ਉਹਨਾਂ ਦੀਆਂ ਮੁੱਠੀਆਂ-ਮੀਚੀਆਂ ਗਈਆਂ। ਉਹਨਾਂ ਦੀ ਇਹ ਹਾਲਤ ਵੇਖ ਕੇ ਮੈਂ ਬਹੁਤ ਡਰ ਗਈ ਸੀ, ਮੈਨੂੰ ਲੱਗਿਆ ਕਿ ਮੈਂ ਗਲਤੀ ਕਰ ਦਿੱਤੀ। ਮੰਮੀ ਨੂੰ ਕੁੱਝ ਨਹੀਂ ਦੱਸਣਾ ਚਾਹੀਦਾ ਸੀ। ਮੈਂ ਉਹਨਾਂ ਨੂੰ ਸਮਝਾਇਆ ਕਿ ਤੁਸੀਂ ਪਾਪਾ ਨਾਲ ਨਾ ਲੜਿਓ। ਉਹ ਤੁਹਾਨੂੰ ਮਾਰਨਗੇ।

ਪਰ ਮੰਮੀ ਦੇ ਤਾਂ ਜਿਵੇਂ ਕਿਸੇ ਨੇ ਦੁਖਦੇ ਤੇ ਹੱਥ ਰੱਖ ਦਿੱਤਾ ਸੀ। ਉਹ ਗੁੱਸੇ ਵਿੱਚ ਉੱਚੀ-ਉੱਚੀ ਬੋਲੀ ਜਾ ਰਹੇ ਸਨ, "ਮੈਂ ਇਸ ਬੰਦੇ ਦੀਆਂ ਸਾਰੀ ਉਮਰ ਜ਼ਿਆਦਤੀਆਂ ਬਰਦਾਸ਼ਤ ਕੀਤੀਆਂ ਕਿ ਇਹ ਮੇਰੇ ਬੱਚਿਆਂ ਦਾ ਪਿਤਾ ਹੈ। ਕੁੱਝ ਵੀ ਹੋਵੇ ਇਹ ਉਹਨਾਂ ਦਾ ਭਵਿੱਖ ਸਵਾਰੇਗਾ। ਪਰ ਅੱਜ ਇਹ ਨਾਗਣ ਵਾਂਗੂੰ ਮੇਰੀ ਬੱਚੀ ਨੂੰ ਹੀ ਨਿਗਲ ਜਾਣਾ ਚਾਹੁੰਦਾ ਹੈ। ਹੁਣ ਮੈਂ ਇਸ ਨੂੰ ਨਹੀਂ ਛੱਡਾਂਗੀ। ਹੁਣ ਪਾਣੀ ਸਿਰ ਤੋਂ ਲੰਘ ਗਿਆ ਹੈ।" ਪਾਪਾ ਤੋਂ ਹਮੇਸ਼ਾਂ ਡਰ ਕੇ ਜਿਉਣ ਵਾਲੀ ਮੇਰੀ ਮੰਮੀ ਵਿੱਚ ਉਸ ਦਿਨ ਪਤਾ ਨਹੀਂ ਕਿਵੇ ਏਨੀ ਹਿੰਮਤ ਆ ਗਈ ਸੀ। ਉਹ ਤੇਜ਼ੀ ਨਾਲ ਉਪਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਈ। ਮੈਂ ਉਹਨਾਂ ਦਾ ਇਹ ਰੂਪ ਪਹਿਲੀ ਵਾਰ ਵੇਖਿਆ ਸੀ। ਪਾਪਾ ਉੱਪਰ ਚੁਬਾਰੇ ਵਿੱਚ ਪਏ ਸਨ, ਰਾਤ ਨੂੰ ਸ਼ਾਇਦ ਉਹ ਉਪਰ ਹੀ ਸੌਂ ਗਏ ਸਨ। ਮੈਂ ਥੱਲੇ ਡਰੀ ਸਹਿਮੀ ਹੋਈ ਸਾਰੀ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਏਨੇ ਨੂੰ ਮੰਮੀ ਤੇ ਪਾਪਾ ਵਿੱਚ ਬਹੁਤ ਬਹਿਸ ਹੋਈ। ਉਹਨਾਂ ਦੀ ਲੜਾਈ ਦੀਆਂ ਆਵਾਜ਼ਾਂ ਥੱਲੇ ਤੱਕ ਸੁਣਾਈ ਦੇ ਰਹੀਆਂ ਸਨ। ਉਹ ਬਹਿਸ ਕਰਦੇ-ਕਰਦੇ ਚੁਬਾਰੇ ਤੋਂ ਬਾਹਰ ਵਿਹੜੇ ਵਿੱਚ ਆ ਗਏ। ਉਹਨਾਂ ਵਿੱਚ ਹੱਥੋ-ਪਾਈ ਹੋ ਰਹੀ ਸੀ। ਪਾਪਾ ਬਹੁਤ ਗਾਲੀ-ਗਲੋਚ ਕਰ ਰਹੇ ਸਨ। ਮੰਮੀ ਵੀ ਬਹੁਤ ਗੁੱਸੇ ਵਿੱਚ ਸੀ। ਮੇਰੇ ਦਾਦੀ ਜੀ ਤਾਂ ਹਮੇਸ਼ਾਂ ਲਈ ਮੰਜੇ 'ਤੇ ਹੀ ਸਨ, ਉਹਨਾਂ ਨੂੰ ਗਠੀਆ ਵਾਅ ਸੀ। ਉਹ ਚਲ-ਫਿਰ ਨਹੀਂ ਸਕਦੇ ਸਨ। ਮੇਰਾ ਭਰਾ ਬਹੁਤ ਛੋਟਾ ਸੀ। ਉਹ ਤਾਂ ਉਝ ਹੀ ਹਿੰਮਤ ਨਹੀਂ ਜੁਟਾ ਸਕਦਾ ਸੀ ਕਿ ਮੰਮੀ ਅਤੇ ਪਾਪਾ ਦੇ ਝਗੜੇ ਵਿੱਚ ਆ ਸਕੇ। ਘਰ ਵਿੱਚ ਅਜਿਹਾ ਕੋਈ ਨਹੀਂ ਸੀ, ਜਿਹੜਾ ਵਿੱਚ ਪੈ ਕੇ ਉਹਨਾਂ ਦਾ ਝਗੜਾ ਮਿਟਾ ਸਕਦਾ। ਮੈਨੂੰ ਬਹੁਤ ਡਰ ਲੱਗ ਰਿਹਾ ਸੀ ਕਿ ਕੋਈ ਅਨਹੋਣੀ ਨਾ ਵਾਪਰ ਜਾਵੇ। ਫਿਰ ਉਹੀ ਹੋਇਆ ਜਿਸਦਾ ਮੈਨੂੰ ਡਰ ਸੀ, ਹੱਥੋ-ਪਾਈ ਦੇ ਵਿੱਚ ਪਾਪਾ ਨੇ ਮੰਮੀ ਨੂੰ ਜ਼ੋਰ ਦੀ ਧੱਕਾ ਮਾਰਿਆ। ਦੇਖਦੇ ਹੀ ਦੇਖਦੇ ਮੰਮੀ ਬਨੇਰੇ ਦੀ ਜਾਲੀ ਤੋੜ ਕੇ ਥੱਲੇ ਵਿਹੜੇ ਵਿੱਚ ਆ ਡਿੱਗੇ ਤੇ ਡਿਗਦੇ ਹੀ ਉਹਨਾਂ ਨੇ ਦਮ ਤੋੜ ਦਿੱਤਾ। ਖ਼ੂਨ ਨਾਲ ਲੱਥ-ਪੱਥ ਮੰਮੀ ਦੀ ਲਾਸ਼ ਵਿਹੜੇ ਵਿੱਚ ਪਈ ਸੀ। ਮੈਂ ਤਾਂ ਇਹ ਮੰਜ਼ਰ ਵੇਖ ਸੁਧ-ਬੁਧ ਹੀ ਗਵਾ ਬੈਠੀ ਸੀ। ਮੈਂ ਤਾਂ ਜਿਵੇਂ ਪੱਥਰ ਹੀ ਹੋ ਗਈ ਸੀ। ਮੈਨੂੰ ਕਿਤੇ ਨਾ ਕਿਤੇ ਇਹ ਲੱਗ ਰਿਹਾ ਸੀ ਕਿ ਮੰਮੀ ਦੀ ਜਾਨ ਮੇਰੇ ਕਰਕੇ ਗਈ ਹੈ। ਮੈਨੂੰ ਆਪਣੀ ਕੋਈ ਹੋਸ਼ ਹੀ ਨਹੀਂ ਸੀ।

ਪਾਪਾ ਨੇ ਆਪਣੇ ਰਸੂਖ਼ ਨਾਲ ਇਸ ਸਭ ਨੂੰ ਹਾਦਸੇ ਦਾ ਨਾਮ ਦੇ ਕੇ ਕੇਸ ਰਫ਼ਾ-ਦਫ਼ਾ ਕਰਵਾ ਦਿੱਤਾ ਸੀ। ਸਭ ਨੂੰ ਇਹੀ ਦੱਸਿਆ ਗਿਆ ਕਿ ਜਾਲੀ ਕਮਜ਼ੋਰ ਸੀ, ਮੁਰੰਮਤ ਕਰਵਾਉਣ ਵਾਲੀ ਸੀ। ਬਾਏ-ਚਾਂਸ ਹੀ ਮੰਮੀ ਡਿੱਗ ਪਏ। ਪਰ ਉਸ ਦਿਨ ਕੀ ਹੋਇਆ ਸੀ ਅਤੇ ਕਿਉਂ ਹੋਇਆ, ਇਹ ਸਿਰਫ਼ ਮੈਨੂੰ ਹੀ ਪਤਾ ਸੀ ਜਾਂ ਪਾਪਾ ਨੂੰ। ਲੋਕ ਆਉਂਦੇ, ਅਫ਼ਸੋਸ ਕਰਕੇ ਚਲੇ ਜਾਂਦੇ। ਘਰ ਵਿੱਚ ਰਿਸ਼ਤੇਦਾਰਾਂ ਦਾ ਮੇਲਾ ਲੱਗਿਆ ਹੋਇਆ ਸੀ। ਸਾਰੇ ਦੁੱਖ ਵੰਡਾਉਣ ਆਏ ਸੀ। ਦਸਵੇਂ ਦਿਨ ਮੰਮੀ ਦਾ ਭੋਗ ਵੀ ਪੈ ਗਿਆ। ਭੋਗ ਤੋਂ ਬਾਅਦ ਸਾਰੇ ਰਿਸ਼ਤੇਦਾਰ ਵਾਪਸ ਚਲੇ ਗਏ, ਪਰ ਮੇਰੇ ਕਮਲ ਭੂਆ ਜੀ ਮੇਰੀ ਹਾਲਤ ਵੇਖ ਕੇ ਮੇਰੇ ਲਈ ਕੁੱਝ ਦਿਨ ਹੋਰ ਰੁਕ ਗਏ ਸਨ। ਭੂਆ ਜੀ ਨੇ ਮੈਨੂੰ ਬਹੁਤ ਸਮਝਾਇਆ ਕਿ ਮੈਂ ਸਭ ਕੁੱਝ ਭੁੱਲ ਕੇ ਜ਼ਿੰਦਗੀ ਵਿੱਚ ਅੱਗੇ ਵਧਾਂ। ਉਸ ਹਾਦਸੇ ਨੂੰ ਭੁੱਲ ਜਾਵਾਂ। ਪਰ ਇਹ ਕਹਿਣਾ ਜਿੰਨਾ ਆਸਾਨ ਹੁੰਦਾ ਹੈ, ਕਰਨਾ ਓਨਾ ਹੀ ਮੁਸ਼ਕਲ ਹੁੰਦਾ ਹੈ। ਮੈਂ ਵਿੱਚੋ-ਵਿੱਚ ਹੀ ਘੁਟ ਰਹੀ ਸੀ। ਨਾ ਕਿਸੇ ਨੂੰ ਕੁੱਝ ਦੱਸ ਸਕਦੀ ਸੀ। ਜ਼ਿੰਦਗੀ ਦਾ ਉਹ ਸੁੰਨਾਪਣ ਮੈਂ ਅੱਜ ਵੀ ਆਪਣੇ ਅੰਦਰ ਮਹਿਸੂਸ ਕਰਦੀ ਹਾਂ।"

"ਪਰ ਅੱਜ ਤੋਂ ਬਾਅਦ ਨਹੀਂ ਕਰੇਂਗੀ। ਸੰਦੀਪ ਮੈਂ ਤੈਨੂੰ ਦੁਨੀਆਂ ਦੀ ਹਰ ਖ਼ੁਸ਼ੀ ਦੇਣ ਦੀ ਕੋਸ਼ਿਸ਼ ਕਰਾਂਗਾ। ਇਹ ਕਹਿੰਦੇ ਹੋਏ ਪ੍ਰਤੀਕ ਨੇ ਸੰਦੀਪ ਦਾ ਹੱਥ ਫੜ ਕੇ ਉਸਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੂੰ ਗੱਲਾਂ ਕਰਦੇ-ਕਰਦੇ ਰਾਤ ਦੇ ਦਸ ਵੱਜ

ਖੋਰੇ ਲੋਕੀਂ ਕਿੰਝ ਸੰਭਾਲਣ, ਸੁਪਨੇ ਲੱਖ ਹਜ਼ਾਰ।
ਸਾਡੀ ਅੱਖ ਤੋਂ ਸਹਿ ਨਾ ਹੋਵੇ, ਇਕ ਹੰਝੂ ਦਾ ਭਾਰ। -(ਅਗਲੇ ਸਫ਼ੇ 'ਤੇ)

ਚੁੱਕੇ ਸਨ।" ਪਰ ਗੱਲਾਂ ਦਾ ਸਿਲਸਿਲਾ ਹਾਲੇ ਵੀ ਜਾਰੀ ਸੀ। ਸੰਦੀਪ ਅੱਜ ਆਪਣੇ ਦਿਲ ਦੀਆਂ ਸਾਰੀਆਂ ਪਰਤਾਂ ਖੋਲਣਾ ਚਾਹੁੰਦੀ ਸੀ।

ਸੰਦੀਪ ਨੇ ਆਪਣੀ ਗੱਲ ਅੱਗੇ ਤੋਰੀ। ਇਸ ਹਾਦਸੇ ਤੋਂ ਬਾਅਦ ਘਰ ਵਿੱਚ ਪਾਪਾ ਦੀ ਦਹਿਸ਼ਤ ਹੋਰ ਵਧ ਗਈ ਸੀ। ਇੱਕ ਭੂਆ ਜੀ ਦਾ ਹੀ ਸਹਾਰਾ ਸੀ। ਭੂਆ ਜੀ ਕਾਲਜ ਵਿੱਚ ਪ੍ਰੋਫੈਸਰ ਸਨ। ਇੱਕ ਉਹੀ ਸਨ, ਜੋ ਪਾਪਾ ਨੂੰ ਆਪਣੀ ਗੱਲ ਕਹਿਣ ਦੀ ਹਿੰਮਤ ਰੱਖਦੇ ਸਨ, ਘਰ ਵਿੱਚ ਬਾਕੀ ਤਾਂ ਸਭ ਡਰਦੇ ਸਨ। ਪਰ ਉਹ ਵੀ ਕਿੰਨਾ ਕੁ ਦਿਨ ਰੁਕਦੇ। ਆਖ਼ਰ ਉਹਨਾਂ ਦੇ ਜਾਣ ਦਾ ਦਿਨ ਵੀ ਆ ਗਿਆ। ਭੂਆ ਜੀ ਵੀ ਆਪਣੇ ਘਰ ਚਲੇ ਗਏ। ਪਿੱਛੇ ਰਹਿ ਗਈ ਤਾਂ ਮੈਂਤੇ ਮੇਰਾ ਇਕੱਲਾਪਣ, ਤੇ ਮੇਰਾ ਅਪਰਾਧਬੋਧ ਮੈਨੂੰ ਚੈਨ ਨਾਲ ਜਿਉਣ ਨਹੀਂ ਦੇ ਰਿਹਾ ਸੀ। ਅਪਰਾਧਬੋਧ ਤੇ ਖ਼ੌਫ ਦੇ ਸਾਏ ਵਿੱਚ ਜ਼ਿੰਦਗੀ ਬੀਤ ਰਹੀ ਸੀ। ਮੈਨੂੰ ਹਰ ਸਮੇਂ ਇੱਕ ਅਜੀਬ ਜਿਹਾ ਡਰ ਲੱਗਿਆ ਰਹਿੰਦਾ। ਇਸ ਤਰ੍ਹਾਂ ਲਗਦਾ, ਜਿਵੇਂ ਸਭ ਦੇ ਹੁੰਦੇ ਵੀ ਮੈਂ ਘਰ ਵਿੱਚ ਇਕੱਲੀ ਹਾਂ। ਆਪਣੇ ਘਰ ਦੀ ਚਾਰ-ਦੀਵਾਰੀ ਵਿੱਚ ਹੀ ਮੇਰਾ ਦਮ ਘੁੱਟਦਾ ਸੀ। ਸਮਝ ਨਹੀਂ ਆਉਂਦੀ ਸੀ ਕਿ ਮੈਂ ਕਿਸ ਨੂੰ ਆਪਣੇ ਦੁੱਖਾਂ ਦਾ ਸਾਂਝੀ ਬਣਾਵਾਂ, ਕਿਸ ਨਾਲ ਆਪਣਾ ਦਰਦ ਸਾਂਝਾ ਕਰਾਂ।

ਇੱਕ ਦਿਨ ਰਾਤ ਨੂੰ ਮੈਂ ਕਮਰੇ ਵਿੱਚ ਇਕੱਲੀ ਗੁੰਮਸੁੰਮ ਬੈਠੀ ਖ਼ਿਆਲਾਂ ਵਿੱਚ ਗੁਆਚੀ ਹੋਈ ਸੀ। ਉਸ ਦਿਨ ਵੀ ਅੱਜ ਵਾਂਗ ਬਾਹਰ ਮੂਸਲਧਾਰ ਮੀਂਹ ਪੈ ਰਿਹਾ ਸੀ। ਇਸੇ ਕਰਕੇ ਸਾਰੇ ਪਿੰਡ ਦੀ ਬੱਤੀ ਵੀ ਗੁੱਲ ਹੋ ਗਈ ਸੀ। ਚਾਰੇ ਪਾਸੇ ਹਨੇਰਾ ਹੀ ਹਨੇਰਾ ਪਸਰ ਗਿਆ ਸੀ। ਰਾਤ ਦੇ ਸਨਾਟੇ ਵਿੱਚ ਬੱਦਲਾਂ ਦੀ ਗਰਜਣ ਅਤੇ ਬਿਜਲੀ ਦੀ ਕੜਕਵੀਂ ਆਵਾਜ਼ ਰਾਤ ਨੂੰ ਹੋਰ ਵੀ ਡਰਾਉਣਾ ਬਣਾ ਰਹੀ ਸੀ। ਅਚਾਨਕ ਮੈਨੂੰ ਲੱਗਿਆ ਕਿ ਮੇਰੇ ਕਮਰੇ ਦਾ ਦਰਵਾਜ਼ਾ ਥੋੜ੍ਹਾ ਜਿਹਾ ਖੁੱਲ੍ਹਿਆ ਤੇ ਰਤਾ ਕੁ ਚਾਣਨ ਕਮਰੇ ਵਿੱਚ ਫੈਲਿਆ, ਉਸ ਦੇ ਨਾਲ ਹੀ ਇੱਕ ਸਾਏ ਨੇ ਕਮਰੇ ਵਿੱਚ ਪ੍ਰਵੇਸ਼ ਕੀਤਾ। ਸ਼ਰਾਬ ਦੀ ਹਵਾੜ ਮੇਰੇ ਨੱਕ ਨੂੰ ਚੜ੍ਹ ਗਈ ਤੇ ਮੈਨੂੰ ਉਲਟੀ ਆਉਣ ਵਾਲੀ ਹੋ ਗਈ। ਉਸ ਨੇ ਮੇਰੇ ਮੂੰਹ ਤੇ ਹੱਥ ਰੱਖ ਦਿੱਤਾ, ਜਿਸ ਕਾਰਨ ਮੇਰੀ ਚੀਖ਼ ਮੂੰਹ ਵਿੱਚ ਹੀ ਦਬ ਕੇ ਰਹਿ ਗਈ। ਘਬਰਾਹਟ ਨਾਲ ਮੇਰੇ ਚਿਹਰੇ ਦਾ ਰੰਗ ਪੀਲਾ ਪੈ ਗਿਆ, ਇੰਝ ਲੱਗਿਆ ਜਿਵੇਂ ਮੇਰਾ ਸਾਹ-ਸਤ ਹੀ ਸੂਤਿਆ ਗਿਆ ਹੋਵੇ। ਮੇਰਾ ਸਾਰਾ ਖ਼ੂਨ ਜਿਵੇਂ ਸਿਰ ਨੂੰ ਚੜ੍ਹ ਗਿਆ। ਮੈਨੂੰ ਇੱਕ ਤ੍ਰੇਲੀ ਜਿਹੀ ਆ ਗਈ, ਜਦ ਦੋ ਹੱਥਾਂ ਨੇ ਡੌਲਿਆਂ ਤੋਂ ਫੜ ਮੈਨੂੰ ਆਪਣੀ ਮਜਬੂਤ ਪਕੜ ਵਿੱਚ ਜਕੜ ਲਿਆ। ਮੈਂ ਬਹੁਤ ਛਟਪਟਾਈ, ਉਸ ਤੋਂ ਛੁੱਟਣ ਦੀ ਕੋਸ਼ਿਸ਼ ਕੀਤੀ, ਪਰ ਮੇਰੀਆਂ ਸਭ ਕੋਸ਼ਿਸ਼ਾਂ ਵਿਅਰਥ ਹੋ ਗਈਆਂ, ਕਿਉਂਕਿ ਉਸਦੀ ਪਕੜ ਏਨੀ ਜਿਆਦਾ ਮਜਬੂਤ ਸੀ ਕਿ ਮੈਂ ਹਿੱਲ ਵੀ ਨਾ ਸਕੀ। ਇੰਝ ਲਗਦਾ ਸੀ ਜਿਵੇਂ ਕਿਸੇ ਨੇ ਮੈਨੂੰ ਸੰਗਲਾਂ ਨਾਲ ਨੂੜ ਦਿੱਤਾ ਹੋਵੇ। ਮੈਂ ਛਟਪਟਾਉਂਦੀ ਰਹੀ, ਨਸ਼ੇ ਵਿੱਚ ਧੁਤ ਉਹ ਵਹਿਸ਼ੀ ਦਰਿੰਦਾ ਮੇਰੇ ਤਨ ਦੀ ਬੋਟੀ-ਬੋਟੀ ਨੋਚਦਾ ਰਿਹਾ, ਜਦ ਤੱਕ ਕਿ ਮੈਂ ਬੇਹੋਸ਼ ਨਾ ਹੋ ਗਈ। ਹੁਣ ਮੀਂਹ ਵੀ ਥੰਮ ਗਿਆ ਸੀ।ਲਗਦਾ ਸੀ ਜਿਵੇਂ ਮੇਰੀ ਮਾੜੀ ਕਿਸਮਤ ਤੇ ਰੱਬ ਵੀ ਰੋ ਰਿਹਾ ਸੀ।ਉਹ ਰਾਤ ਮੇਰੇ ਲਈ ਕਿਆਮਤ ਦੀ ਰਾਤ ਬਣ ਗੁਜਰੀ। ਉਸ ਰਾਤ ਦੀ ਕੁੱਖ ਵਿੱਚੋਂ ਜੋ ਸਵੇਰ ਜਨਮੀ, ਉਹ ਮੈਨੂੰ ਮੈਲੀ-ਮੈਲੀ ਲੱਗੀ। ਮੈਨੂੰ ਆਪਣੇ-ਆਪ ਤੋਂ ਨਫਰਤ ਹੋ ਰਹੀ ਸੀ। ਜੀਅ ਕਰਦਾ ਸੀ, ਆਪਣੇ-ਆਪ ਨੂੰ ਖਤਮ ਕਰ ਲਵਾਂ। ਮੇਰਾ ਰੋਮ-ਰੋਮ ਵਿੰਨਿਆ ਪਿਆ ਸੀ। ਇੰਝ ਲਗਦਾ ਸੀ ਕਿਸੇ ਨੇ ਮੇਰੇ ਵਜੂਦ ਦੇ ਟੁੱਕੜੇ-ਟੁੱਕੜੇ ਕਰ ਦਿੱਤੇ ਹੋਣ। ਮੈਂ ਵਾਰ-ਵਾਰ ਆਪਣੇ ਤਨ ਨੂੰ ਪਾਣੀ ਨਾਲ ਸਾਫ ਕਰਨ ਦੀ ਅਣਥੱਕ ਕੋਸ਼ਿਸ਼ ਕੀਤੀ, ਪਰ ਮੇਰੇ ਪੂਰੇ ਜਿਸਮ ਤੋਂ ਮੈਨੂੰ ਸੜਾਂਦ ਮਾਰਦੀ ਹੋਈ ਪ੍ਰਤੀਤ ਹੋ ਰਹੀ ਸੀ। ਉਸ ਵਹਿਸ਼ੀ ਜਾਨਵਰ ਨੇ ਉਸ ਦਿਨ ਮੇਰੇ ਤਨ ਨੂੰ ਹੀ ਨਹੀਂ ਮੇਰੀ ਰੂਹ ਤੱਕ ਨੂੰ ਜਖਮੀ ਕਰ ਦਿੱਤਾ ਸੀ।" ਸਾਰੀ ਘਟਨਾ ਸੁਣ ਕੇ ਪ੍ਰਤੀਕ ਦੇ ਵੀ ਰੌਂਗਟੇ ਖੜ੍ਹੇ ਹੋ ਗਏ। ਬਾਹਰ ਬਾਰਿਸ਼ ਹੋ ਰਹੀ ਸੀ। ਇਧਰ ਸੰਦੀਪ ਤੇ ਪ੍ਰਤੀਕ ਦੋਨਾਂ ਦੀਆਂ ਅੱਖਾਂ ਭਰ-ਭਰ ਕੇ ਛਲਕੀ ਜਾ ਰਹੀਆਂ ਸਨ। ਸੰਦੀਪ ਦਾ ਦਰਦ ਉਸਦੀਆਂ ਨਮ ਅੱਖਾਂ ਵਿੱਚ ਵੀ ਨਜ਼ਰ ਆ ਰਿਹਾ ਸੀ।

ਸੰਦੀਪ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ, "ਮੈਂ ਆਪਣਾ-ਆਪ ਸਮੇਟਦੀ ਇਸੇ ਕਸ਼ਮਕਸ਼ ਵਿੱਚ ਉਲਝੀ ਹੋਈ ਸੀ ਕਿ ਉਹ ਕੌਣ ਸੀ। ਸਭ-ਕੁੱਝ ਧੁੰਦਲਾ-ਧੁੰਦਲਾ ਦਿਖਾਈ ਦੇ ਰਿਹਾ ਸੀ। ਜੇ ਕੁੱਝ ਸਾਫ ਸੀ ਤਾਂ ਉਹ ਸੀ, ਇੱਕ ਬਟਨ ਜੋ ਖਿੱਚੋਤਾਣ ਵਿੱਚ ਟੁੱਟ ਕੇ ਮੇਰੇ ਹੱਥ ਵਿੱਚ ਰਹਿ ਗਿਆ ਸੀ। ਮੇਰਾ ਪਹਿਲਾ ਸ਼ੱਕ ਤਾਂ ਪਾਪਾ ਤੇ ਹੀ ਸੀ। ਮੈਂ ਪਾਪਾ ਦੀ ਕੱਪੜਿਆਂ ਵਾਲੀ ਅਲ਼ਮਾਰੀ ਵਿੱਚੋਂ ਉਹਨਾਂ ਦੇ ਕੱਪੜੇ ਚੈੱਕ ਕੀਤੇ ਤਾਂ ਮੈਨੂੰ ਉਹ ਸ਼ਰਟ ਮਿਲ ਗਈ, ਜਿਸਦੇ ਹੂ-ਬ-ਹੂ ਉਹ-ਜਿਹੇ ਹੀ ਬਟਨ ਲੱਗੇ ਸਨ ਜੋ ਬਟਨ ਮੇਰੇ ਕੋਲ ਸੀ, ਉਸ ਸ਼ਰਟ ਦਾ ਉਪਰਲਾ ਬਟਨ ਵੀ ਟੁੱਟਿਆ ਹੋਇਆ ਸੀ, ਮੈਨੂੰ ਇਹ ਸਮਝਣ ਵਿੱਚ ਦੇਰ ਨਾ ਲੱਗੀ ਕਿ ਉਹ ਵਹਿਸ਼ੀ ਦਰਿੰਦਾ ਕੌਣ ਸੀ। ਮੈਂ ਹਾਲੇ ਇਸ ਸਭ ਬਾਰੇ ਸੋਚ ਹੀ ਰਹੀ ਸੀ ਕਿ ਮੇਰੇ ਹੱਥ ਵਿੱਚ ਉਹ ਸ਼ਰਟ ਵੇਖ ਕੇ ਪਾਪਾ ਬਹੁਤ ਹੀ ਬੇਸ਼ਰਮੀ ਨਾਲ ਕਹਿੰਦੇ "ਚੰਗਾ ਹੋ ਗਿਆ ਤੈਨੂੰ ਆਪੇ ਪਤਾ, ਲੱਗ ਗਿਆ। ਹੁਣ ਅਗਾਂਹ ਨੂੰ ਮੇਰੇ ਲਈ ਵੀ ਸਭ ਆਸਾਨ ਹੋ ਜਾਵੇਗਾ।"

ਮੈਂ ਹੈਰਾਨ ਪਰੇਸ਼ਾਨ ਖੜ੍ਹੀ ਪੱਥਰ ਹੀ ਹੋ ਗਈ ਕਿ 'ਕੋਈ ਪਿਤਾ ਏਨਾ ਵੀ ਗਿਰ ਸਕਦਾ ਏ ਕਿ ਆਪਣੀ ਹੀ ਧੀ ਨਾਲ...'

ਗੁੱਸੇ ਤੇ ਘ੍ਰਿਣਾ ਨਾਲ ਮੇਰਾ ਪੂਰਾ ਸਰੀਰ ਕੰਬ ਰਿਹਾ ਸੀ।ਮੇਰਾ ਜੀਅ ਕਰਦਾ ਸੀ ਕਿ ਮੈਂ ਉਸ ਆਦਮੀ ਦਾ ਖ਼ੂਨ ਕਰ ਦੇਵਾਂ ਤੇ ਫਿਰ ਆਪਣੇ-ਆਪ ਨੂੰ ਖਤਮ ਕਰ ਲਵਾਂ। ਮੈਂ ਰੋਂਦੇ ਹੋਏ ਪਾਪਾ ਦੇ ਮੂੰਹ 'ਤੇ ਥੁੱਕਦੇ ਹੋਏ ਤੇਜ਼ੀ ਨਾਲ ਕਮਰੇ ਵਿੱਚੋਂ ਬਾਹਰ ਹੋ ਗਈ। ਮੈਨੂੰ ਆਪਣੀ ਕੋਈ ਹੋਸ਼ ਹੀ ਨਹੀਂ ਸੀ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਕੀਹਦੇ ਕੋਲ ਜਾਵਾਂ, ਕਿਸਦੀ ਸਹਾਇਤਾ ਲਵਾਂ, ਜੋ ਮੈਨੂੰ ਇਸ ਦਰਿੰਦੇ ਤੋਂ ਬਚਾ ਸਕੇ। ਸ਼ਾਇਦ ਉਸ ਦਿਨ ਕਿਸਮਤ ਮੇਰੇ ਤੇ ਮਿਹਰਵਾਨ ਹੋ ਗਈ, ਜਾਂ ਸ਼ਾਇਦ ਰੱਬ ਨੂੰ ਹੀ ਮੇਰੇ ਤੇ ਤਰਸ ਆ ਗਿਆ ਤੇ ਉਹਨਾਂ ਨੇ ਮੇਰੇ ਕਮਲ ਭੂਆ ਜੀ ਨੂੰ ਮੇਰੇ ਕੋਲ ਭੇਜ ਦਿੱਤਾ। ਮੈਂ ਭੂਆ ਜੀ ਦੇ ਗਲੇ ਲੱਗ ਕੇ ਬਹੁਤ ਰੋਈ। ਭੂਆ ਜੀ ਮੈਨੂੰ ਚੁੱਪ ਕਰਾਉਂਦੇ ਰਹੇ। ਪਰ ਮੇਰੇ ਨੈਣਾਂ ਦੇ ਹੰਝੂ ਸਨ ਕਿ ਸੁੱਕਣ ਦਾ ਨਾਂ ਹੀ ਨਹੀਂ ਲੈ ਰਹੇ ਸਨ। ਭੂਆ ਜੀ ਨੂੰ ਇਹ ਲੱਗ ਰਿਹਾ ਸੀ ਕਿ "ਮੰਮੀ ਦੇ ਚਲੇ ਜਾਣ ਦਾ ਦੁੱਖ ਅਜੇ ਸੱਜਰਾ ਹੈ, ਮੈਂ ਇਸੇ ਲਈ ਰੋ ਰਹੀ ਹਾਂ।" ਉਹ ਤਾਂ ਇਸ ਸਭ ਤੋਂ ਬੇਖਬਰ ਸਨ ਕਿ ਮੇਰੇ 'ਤੇ ਕੀ ਬੀਤ ਰਹੀ ਹੈ। ਮੈਂ ਸੋਚਿਆ ਕਿ ਮੈਂ ਭੂਆ ਜੀ ਨੂੰ ਸਾਰਾ ਸੱਚ ਦੱਸ ਦੇਵਾਂਗੀ। ਫਿਰ ਡਰ ਜਾਂਦੀ ਕਿ ਮੰਮੀ ਨੂੰ ਸੱਚ ਹੀ ਤਾਂ ਦੱਸਿਆ ਸੀ, ਉਸਦਾ ਕੀ ਹਸ਼ਰ ਹੋਇਆ, ਜੇ ਭੂਆ ਜੀ ਨੂੰ ਵੀ ਕੁੱਝ ਹੋ ਗਿਆ ਤਾਂ ਮੈਂ ਕੀ ਕਰਾਂਗੀ।

ਓਹੀ ਹਉਕੇ, ਹਾਵੇ, ਓਹੀ ਸੋਚਾਂ ਦਾ ਵਿਸਥਾਰ।
ਹੁਣ ਤਾਂ ਆਪਣਾ ਆਪਾ ਲਗਦੈ ਬਸ ਬੇਹਾ ਅਖ਼ਬਾਰ। -ਸਿਮਰਜੋਤ ਮਾਨ

ਇਸੇ ਦਵੰਦ ਵਿੱਚ ਮੈਂ ਸਾਰੀ ਰਾਤ ਅੱਖਾਂ ਵਿੱਚ ਕੱਢ ਦਿੱਤੀ। ਸਾਰੀ ਰਾਤ ਭੂਆ ਜੀ ਮੇਰੇ ਨਾਲ ਮੰਮੀ ਦੀਆਂ, ਮੇਰੇ ਬਚਪਨ ਦੀਆਂ ਗੱਲਾਂ ਕਰਦੇ ਰਹੇ। ਮੈਨੂੰ ਹੌਂਸਲਾ ਦਿੰਦੇ ਰਹੇ, ਹਾਲਾਤਾਂ ਨਾਲ ਲੜਣ ਦੀ ਸਿੱਖਿਆ ਦਿੰਦੇ ਰਹੇ। ਜਦ ਉਹ ਵਾਰ-ਵਾਰ ਇਸੇ ਗੱਲ ਤੇ ਜੋਰ ਦੇਈ ਜਾ ਰਹੇ ਸਨ ਕਿ 'ਜ਼ਮਾਨਾ ਬਹੁਤ ਖਰਾਬ ਹੈ। ਜਦ ਇਕੱਲੀ ਹੋਵੇਂ ਤਾਂ ਘਰ ਦਾ ਦਰਵਾਜ਼ਾ ਬੰਦ ਕਰਕੇ ਰੱਖਿਆ ਕਰ।' ਤਾਂ ਮੇਰਾ ਸਬਰ ਦਾ ਬੰਨ ਟੁੱਟ ਗਿਆ। ਮੈਂ ਗੁੱਸੇ ਵਿੱਚ ਕਿਹਾ, "ਕਿਸ ਤੋਂ ਦਰਵਾਜਾ ਬੰਦ ਕਰ ਕੇ ਰੱਖਿਆ ਕਰ, ਤੁਸੀਂ ਬਾਹਰਲੇ ਦਰਿੰਦਿਆਂ ਤੋਂ ਤਾਂ ਬਚਣਾ ਸਿਖਾ ਦਿੱਤਾ। ਪਰ ਘਰ ਦੇ ਅੰਦਰ ਦੇ ਦਰਿੰਦਿਆਂ ਤੋਂ ਬਚਣਾ ਤਾਂ ਤੁਸੀ ਸਿਖਾਇਆ ਹੀ ਨਹੀਂ।" ਭੂਆ ਜੀ ਮੇਰੀ ਗੱਲ ਸੁਣ ਕੇ ਸੁੰਨ ਹੋ ਗਏ। ਮੈਂ ਉਹਨਾਂ ਨੂੰ ਸਾਰੀ ਗੱਲ ਦੱਸੀ ਕਿ ਕਿਸ ਤਰ੍ਹਾਂ ਪਾਪਾ ਨੇ ਮੰਮੀ ਨੂੰ ਮਾਰਿਆ। ਮੇਰੇ ਨਾਲ ਜੋ ਦਰਿੰਦਗੀ ਵਾਲਾ ਸਲੂਕ ਕੀਤਾ। ਭੂਆ ਜੀ ਦੇ ਰੌਂਗਟੇ ਖੜ੍ਹੇ ਹੋ ਗਏ। ਉਸ ਦਿਨ ਉਹ ਮੇਰੇ ਗਲ ਲੱਗ ਕੇ ਬਹੁਤ ਰੋਏ। ਉਹਨਾਂ ਨੇ ਮੈਨੂੰ ਦਿਲਾਸਾ ਦਿੱਤਾ ਕਿ ਉਹ ਮੈਨੂੰ ਆਪਣੇ ਨਾਲ ਲੈ ਜਾਣਗੇ। ਭੂਆ ਜੀ ਬੇਸੁਰਤੀ ਜਿਹੀ ਵਿੱਚ ਬੋਲੀ ਜਾ ਰਹੇ ਸਨ। "ਹੁਣ ਹੋਰ ਨਹੀਂ ਰਹਿਣ ਦਿਆਂਗੀ ਮੈਂ ਤੈਨੂੰ ਇਸ ਨਰਕ ਵਿੱਚ। ਮੈਂ ਲੈ ਜਾਵਾਂਗੀ ਤੈਨੂੰ... ਹਾਂ... ਹਾਂ... ਹਾਂ... ਮੈਂ ਲੈ ਜਾਵਾਂਗੀ।"

ਅਗਲੀ ਸਵੇਰ ਮੇਰੇ ਲਈ ਆਸ਼ਾ ਦੀ ਨਵੀਂ ਕਿਰਨ ਲੈ ਕੇ ਆਈ ਸੀ। ਭੂਆ ਜੀ ਨੇ ਮੇਰਾ ਸਾਰਾ ਸਮਾਨ ਪੈਕ ਕਰ ਲਿਆ। ਉਹਨਾਂ ਨੇ ਦਾਦੀ ਜੀ ਨੂੰ ਦੱਸ ਦਿੱਤਾ ਕਿ ਉਹ ਮੈਨੂੰ ਆਪਣੇ ਨਾਲ ਲੈ ਕੇ ਜਾਣਗੇ। ਪਰ ਸਾਰੇ ਡਰ ਰਹੇ ਸਨ ਕਿ ਪਾਪਾ ਪਤਾ ਨਹੀਂ ਕੀ ਰੀਐਕਟ ਕਰਨਗੇ। ਦਾਦੀ ਜੀ ਕਹਿ ਰਹੇ ਸਨ ਕਿ "ਦਵਿੰਦਰ ਕਦੀ ਨਹੀਂ ਜਾਣ ਦੇਵੇਗਾ ਆਪਣੀ ਧੀ ਨੂੰ, ਤੂੰ ਗੱਲ ਕਰਕੇ ਵੇਖ ਲੈ।"

ਸਵੇਰ ਨਾਸ਼ਤਾ ਕਰਨ ਤੋਂ ਬਾਅਦ ਜਦ ਪਾਪਾ ਆਫ਼ਿਸ ਜਾਣ ਲੱਗੇ ਤਾਂ ਭੂਆ ਜੀ ਨੇ ਹਿੰਮਤ ਜੁਟਾ ਕੇ ਪਾਪਾ ਨੂੰ ਕਿਹਾ ਕਿ ਮੈਂ ਸੰਦੀਪ ਨੂੰ ਆਪਣੇ ਨਾਲ ਲੈ ਕੇ ਜਾ ਰਹੀ ਹਾਂ। ਇੱਥੇ ਇਹ ਸਾਰਾ ਦਿਨ ਰੋਂਦੀ ਰਹਿੰਦੀ ਹੈ। ਜਗਾਹ ਬਦਲੇਗੀ ਤਾਂ ਇਹ ਆਪਣਾ ਦੁੱਖ ਵੀ ਭੁੱਲ ਜਾਵੇਗੀ। ਪਾਪਾ ਨੇ ਬਹੁਤ ਜੋਰ ਲਾਇਆ ਕਿ ਇਸ ਦੇ ਬਿਨਾਂ ਸਾਡਾ ਘਰ ਸਰਨਾ ਨਹੀਂ। ਖਾਣਾ ਕੌਣ ਬਣਾਵੇਗਾ, ਸਾਰਾ ਘਰ ਕੌਣ ਸੰਭਾਲੇਗਾ। ਪਰ ਭੂਆ ਜੀ ਨੇ ਉਹਨਾਂ ਦੀ ਇੱਕ ਨਾ ਚੱਲਣ ਦਿੱਤੀ ਤੇ ਮੇਰਾ ਬੈਗ ਪੈਕ ਕਰਕੇ ਮੈਨੂੰ ਆਪਣੇ ਨਾਲ ਆਪਣੇ ਘਰ ਲੈ ਗਏ। ਭੂਆ ਜੀ ਦੇ ਘਰ ਜਾ ਕੇ ਮੈਨੂੰ ਤਾਂ ਜਿਵੇਂ ਨਵੀਂ ਜ਼ਿੰਦਗੀ ਮਿਲ ਗਈ ਸੀ। ਏਨੀ ਖੁੱਲੀ ਹਵਾ ਵਿੱਚ ਮੈਂ ਪਹਿਲੀ ਵਾਰ ਸਾਹ ਲਿਆ ਸੀ। ਪਹਿਲਾਂ ਤਾਂ ਸਭ ਕੁੱਝ ਬਹੁਤ ਓਪਰਾ ਲੱਗ ਰਿਹਾ ਸੀ। ਮੈਨੂੰ ਏਨੀ ਆਜ਼ਾਦੀ ਦੀ ਆਦਤ ਜੋ ਨਹੀਂ ਸੀ ਪਾਪਾ ਬਹੁਤ ਵਾਰ ਮੈਨੂੰ ਵਾਪਸ ਲੈਣ ਆਏ, ਪਰ ਭੂਆ ਜੀ ਮੇਰੇ ਸਾਹਮਣੇ ਢਾਲ ਬਣ ਕੇ ਖੜ੍ਹ ਹੋ ਜਾਂਦੇ ਤੇ ਪਾਪਾ ਬੇਵੱਸ ਹੋ ਕੇ ਵਾਪਸ ਚਲੇ ਜਾਂਦੇ। ਭੂਆ ਜੀ ਨੇ ਮੈਨੂੰ ਉੱਥੇ ਆਪਣੇ ਕੋਲ ਹੀ ਸਕੂਲ ਪੜ੍ਹਣ ਲਾ ਦਿੱਤਾ। ਭੂਆ ਜੀ ਦੇ ਰੂਪ ਵਿੱਚ ਮੈਨੂੰ ਆਪਣੀ ਮਾਂ ਵਾਪਸ ਮਿਲ ਗਈ ਸੀ। ਉਹਨਾਂ ਦੇ ਪਿਆਰ ਨਾਲ ਮੈਂ ਆਪਣੇ ਅਤੀਤ ਦੇ ਦੁੱਖ ਭੁੱਲਣ ਲੱਗ ਗਈ ਸੀ। ਫੁੱਫੜ ਜੀ ਵੀ ਬਹੁਤ ਚੰਗੇ ਸਨ, ਪਿਤਾ ਦਾ ਜੋ ਪਿਆਰ ਮੈਨੂੰ ਪਾਪਾ ਤੋਂ ਨਾ ਮਿਲਿਆ, ਫੁੱਫੜ ਜੀ ਨੇ ਉਹ ਪਿਆਰ ਬਹੁਤ ਲੁਟਾਇਆ ਮੇਰੇ 'ਤੇ। ਉਹਨਾਂ ਦੇ ਆਪਣੇ ਵੀ ਦੋ ਬੱਚੇ ਸਨ, ਪਰ ਮੇਰੇ ਪ੍ਰਤੀ ਉਹਨਾਂ ਦੇ ਪਿਆਰ ਵਿੱਚ ਕੋਈ ਕਮੀ ਨਾ ਆਈ। ਭੂਆ ਤੇ ਫੁੱਫੜ ਜੀ ਤੋਂ ਮਾਂ-ਪਿਓ ਵਰਗਾ ਪਿਆਰ ਪਾ ਕੇ ਮੇਰੀ ਜ਼ਿੰਦਗੀ ਸੰਵਰਨ ਲੱਗੀ ਸੀ। ਭੂਆ ਜੀ ਨੇ ਬਾਰਵੀਂ ਪਾਸ ਕਰਨ ਤੋਂ ਬਾਅਦ ਆਪਣੇ ਹੀ ਕਾਲਜ ਵਿੱਚ ਮੇਰਾ ਦਾਖਲਾ ਕਰਵਾ ਦਿੱਤਾ। ਮੈਨੂੰ ਅਜੀਤ ਵੀਰੇ ਦੀ ਅਤੇ ਦਾਦੀ ਜੀ ਦੀ ਯਾਦ ਤਾਂ ਆਉਂਦੀ ਸੀ, ਪਰ ਮੈਂ ਪਿੱਛੇ ਮੁੜ ਕੇ ਵੇਖਣਾ ਨਹੀਂ ਚਾਹੁੰਦੀ ਸੀ। ਮੈਂ ਉਹਨਾਂ ਰਿਸ਼ਤਿਆਂ ਨੂੰ ਬਹੁਤ ਪਿੱਛੇ ਛੱਡ ਆਈ ਸੀ, ਹੁਣ ਉਸ ਨਰਕ ਵਿੱਚ ਵਾਪਸ ਨਹੀਂ ਜਾਣਾ ਚਾਹੁੰਦੀ ਸੀ। ਹੁਣ ਮੈਂ ਨਵੇਂ ਰਿਸ਼ਤਿਆਂ ਵਿੱਚ ਹੀ ਜ਼ਿੰਦਗੀ ਲੱਭਣ ਲੱਗੀ ਸੀ। ਜ਼ਿੰਦਗੀ ਕਿਸ ਨੂੰ ਕਹਿੰਦੇ ਨੇ, ਇਹ ਕਿਵੇਂ ਜਿਉਂਈ ਜਾਂਦੀ ਹੈ, ਇਸ ਦੀ ਜਾਂਚ ਮੈਨੂੰ ਭੂਆ ਜੀ ਨੇ ਹੀ ਸਿਖਾਈ।

ਮੇਰੀ ਗਰੈਜੂਏਸ਼ਨ ਦੀ ਪੜ੍ਹਾਈ ਪੂਰੀ ਹੋ ਗਈ ਤਾਂ ਭੂਆ ਜੀ ਨੇ ਮੇਰਾ ਬੀ.ਐੱਡ ਵਿੱਚ ਦਾਖਲਾ ਕਰਵਾ ਦਿੱਤਾ। ਬੀਤੇ ਦੀਆਂ ਭਿਆਨਕ ਯਾਦਾਂ ਹਾਲੇ ਮੇਰੇ ਜ਼ਿਹਨ 'ਚੋਂ ਧੁੰਦਲੀਆਂ ਵੀ ਨਹੀਂ ਹੋਈਆਂ ਸਨ ਕਿ ਪਾਪਾ ਨੇ ਭੂਆ ਜੀ ਨੂੰ ਆ ਕੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ, ਉਹ ਰੋਜ਼ ਵਾਂਗੂੰ ਘਰ ਆਉਂਦੇ ਤੇ ਭੂਆ ਜੀ ਨੂੰ ਕਾਨੂੰਨ ਦੀਆਂ ਧਮਕੀਆਂ ਦਿੰਦੇ ਕਿ "ਤੂੰ ਜਬਰਦਸਤੀ ਮੇਰੀ ਧੀ ਨੂੰ ਇਸ ਤਰ੍ਹਾਂ ਆਪਣੇ ਕੋਲ ਨਹੀਂ ਰੱਖ ਸਕਦੀ। ਮੈਂ ਇਸ ਨੂੰ ਹਰ ਹਾਲਤ ਵਿੱਚ ਇੱਥੋਂ ਲੈ ਕੇ ਜਾਵਾਂਗਾ। ਤੂੰ ਮੈਨੂੰ ਰੋਕ ਨਹੀਂ ਸਕਦੀ।"

"ਮੇਰੀਆਂ ਖੁਸ਼ੀਆਂ 'ਤੇ ਫਿਰ ਦੁੱਖ ਦੇ ਬੱਦਲ ਮੰਡਰਾਉਣ ਲੱਗੇ ਸਨ। ਭੂਆ ਜੀ ਵੀ ਪਰੇਸ਼ਾਨ ਰਹਿੰਦੇ ਸਨ। ਭੂਆ ਜੀ ਨੇ ਮੈਨੂੰ ਜੋ ਸੁਪਨੇ ਵੇਖਣ ਸਿਖਾਇਆ ਸੀ, ਉਹ ਸੁਪਨੇ ਹੁਣ ਮੈਨੂੰ ਟੁੱਟਦੇ ਨਜ਼ਰ ਆ ਰਹੇ ਸਨ। ਮੈਂ ਫਿਰ ਤੋਂ ਉਸੇ ਨਰਕ ਵਿੱਚ ਨਹੀਂ ਜਾਣਾ ਚਾਹੁੰਦੀ ਸੀ। ਭੂਆ ਜੀ ਭਾਵੇਂ ਮੈਨੂੰ ਬਹੁਤ ਸਮਝਾਉਂਦੇ ਸਨ ਕਿ ਮੈਂ ਤੈਨੂੰ ਕਿਤੇ ਨਹੀਂ ਜਾਣ ਦੇਣਾ, ਮੇਰੇ ਤੇ ਭਰੋਸਾ ਰੱਖ। ਪਰ ਉਹਨਾਂ ਦੀ ਆਵਾਜ਼ ਦੀ ਕੰਪਣ ਇਸ ਗੱਲ ਦਾ ਅੰਦੇਸ਼ਾ ਜ਼ਰੂਰ ਕਰਵਾਉਂਦੀ ਸੀ ਕਿ ਅੰਦਰੋਂ ਉਹ ਵੀ ਡਰੇ ਹੋਏ ਸਨ। ਇੱਕ ਦਿਨ ਮੈਂ ਫੁੱਫੜ ਜੀ ਅਤੇ ਭੂਆ ਜੀ ਨੂੰ ਗੱਲਾਂ ਕਰਦੇ ਸੁਣਿਆ। ਉਹ ਕਹਿ ਰਹੇ ਸਨ ਕਿ "ਕਾਨੂੰਨੀ ਤੌਰ ਤੇ ਆਪਣੇ ਕੋਲ ਕੋਈ ਅਧਿਕਾਰ ਨਹੀਂ ਹੈ ਕਿ ਆਪਾਂ ਸੰਦੀਪ ਨੂੰ ਆਪਣੇ ਕੋਲ ਰੱਖ ਸਕੀਏ। ਜੇ ਪਿਤਾ ਚਾਹੇ ਤਾਂ ਆਪਣੀ ਧੀ ਨੂੰ ਵਾਪਸ ਲਿਜਾ ਸਕਦਾ ਹੈ।"

ਭੂਆ ਜੀ ਘਬਰਾ ਕੇ ਪੁੱਛ ਰਹੇ ਸਨ ਕਿ "ਕੋਈ ਤਾਂ ਹੱਲ ਹੋਵੇਗਾ। ਮੈਂ ਆਪਣੀ ਧੀ ਨੂੰ ਹੁਣ ਉਸ ਨਰਕ ਵਿੱਚ ਨਹੀਂ ਜਾਣ ਦੇਣਾ।"

"ਇੱਕੋ ਹੱਲ ਹੈ, ਸੰਦੀਪ ਹੁਣ ਬਾਲਗ ਹੋ ਗਈ ਹੈ, ਉਹ ਆਪਣੇ ਫੈਸਲੇ ਆਪ ਲੈ ਸਕਦੀ ਹੈ। ਜੇ ਉਹ ਕਹਿ ਦੇਵੇ ਕਿ ਉਹ ਆਪਣੇ ਪਿਤਾ ਨਾਲ ਨਹੀਂ ਜਾਣਾ ਚਾਹੁੰਦੀ ਤਾਂ ਕੁੱਝ ਹੋ ਸਕਦਾ ਹੈ। ਪਰ ਇਸ ਲਈ ਉਸਨੂੰ ਕਾਰਨ ਦੱਸਣਾ ਪਵੇਗਾ।" ਫੁੱਫੜ ਜੀ ਨੇ ਚਿੰਤਾਤੁਰ ਹੋ ਕੇ ਕਿਹਾ।

"ਨਹੀਂ..ਨ..ਨਹੀਂ ਇਹ ਨਹੀਂ ਹੋ ਸਕਦਾ। ਘਰ ਦੀ ਗੱਲ ਚੌਂਕ ਚੌਰਾਹੇ ਵਿੱਚ ਨਹੀਂ ਜਾਣੀ ਚਾਹੀਦੀ ਜੀ। ਲੋਕ ਸੰਦੀਪ ਨੂੰ ਵੀ ਲਿਆ ਕੇ ਸਵਾਲਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦੇਣਗੇ। ਜਿੰਨੇ ਮੂੰਹ ਓਨੀਆਂ ਗੱਲਾਂ ਹੋਣਗੀਆਂ। ਸਾਰੇ ਖਾਨਦਾਨ ਦੀ ਬਦਨਾਮੀ ਹੋ ਜਾਊਗੀ ਜੀ। ਅਤੇ ਮੈਂ ਇਹ ਵੀ ਨਹੀਂ ਚਾਹੁੰਦੀ ਕਿ ਸੰਦੀਪ ਨੂੰ ਫਿਰ ਤੋਂ ਉਸੇ ਦਰਦ ਵਿੱਚੋਂ ਦੀ ਗੁਜ਼ਰਨਾ ਪਵੇ। ਪਹਿਲਾਂ ਹੀ ਉਸ ਬੱਚੀ ਨੇ

ਦੋਸਤਾਂ ਨੇ ਕਲ੍ਹ ਪਿਲਾਇਆ ਸੀ ਜੋ ਤੇਰੇ ਨਾਮ ਦਾ।
ਉਤਰਿਆ ਹੁਣ ਤਕ ਨਹੀਂ ਮੈਨੂੰ ਨਸ਼ਾ ਉਸ ਜ਼ਾਮ ਦਾ। -ਜਗਦੀਸ਼ ਰਾਣਾ

ਬਹੁਤ ਸਿਹਾ ਹੈ, ਹੁਣ ਹੋਰ ਨਹੀਂ। ਇਹ ਅਜੀਤ ਦੀ ਜ਼ਿੰਦਗੀ ਦਾ ਵੀ ਸਵਾਲ ਹੈ। ਆਪਾਂ ਇੱਕ ਬੱਚੇ ਦੀ ਜ਼ਿੰਦਗੀ ਬਚਾਉਣ ਲਈ ਦੂਜੇ ਬੱਚੇ ਦਾ ਭਵਿੱਖ ਦਾਅ ਤੇ ਨਹੀਂ ਲਗਾ ਸਕਦੇ। ਤੁਹਾਨੂੰ ਇਸਦਾ ਕੋਈ ਹੋਰ ਹੀ ਹੱਲ ਲੱਭਣਾ ਪਊ।''

ਇਹ ਗੱਲਾਂ ਸੁਣ ਕੇ ਫਿਰ ਮੈਨੂੰ ਆਤਮਗਿਲਾਨੀ ਦਾ ਅਹਿਸਾਸ ਹੋਇਆ ਕਿ ਮੈਂ ਇਹਨਾਂ ਨੂੰ ਵੀ ਕਿੰਨਾ ਪਰੇਸ਼ਾਨ ਕਰ ਦਿੱਤਾ ਸੀ। ਮੈਨੂੰ ਲਗਦਾ ਸੀ ਮੈਂ ਸਾਰਿਆਂ ਦੇ ਦੁੱਖ ਦਾ ਕਾਰਨ ਬਣਦੀ ਜਾ ਰਹੀ ਹਾਂ। ਜੀਅ ਕਰਦਾ ਆਪਣੇ-ਆਪ ਨੂੰ ਖਤਮ ਕਰ ਲਵਾਂ। ਫਿਰ ਸੋਚਦੀ ਕਿ ਹਾਲਾਤਾਂ ਤੋਂ ਭੱਜਣਾ ਤਾਂ ਕਾਇਰਤਾ ਹੁੰਦੀ ਏ ਤੇ ਮੈਨੂੰ ਤਾਂ ਭੂਆ ਜੀ ਨੇ ਹਾਲਾਤਾਂ ਨਾਲ ਲੜਣਾ ਸਿਖਾਇਆ ਏ। ਮੈਂ ਇਸ ਤਰ੍ਹਾਂ ਨਹੀਂ ਹਾਰ ਮੰਨ ਸਕਦੀ। ਹਾਲਾਤਾਂ ਅੱਗੇ ਇਸ ਤਰ੍ਹਾਂ ਘੁਟਨੇ ਨਹੀਂ ਟੇਕ ਸਕਦੀ। ਮੈਂ ਆਪਣੇ-ਆਪ ਨੂੰ ਹੀ ਹੌਂਸਲਾ ਦੇਣ ਦੀ ਕੋਸ਼ਿਸ਼ ਕਰਦੀ। ਕਾਲਜ ਵੀ ਮੈਂ ਜਿਵੇਂ ਉੱਥੇ ਹੋ ਕੇ ਵੀ ਉੱਥੇ ਨਹੀਂ ਹੁੰਦੀ ਸੀ। ਕਦੇ-ਕਦੇ ਲਗਦਾ ਜਿਵੇਂ ਮੇਰਾ ਸਾਰਾ ਜਿਸਮ ਮਿੱਟੀ ਬਣ ਖੁਰ ਗਿਆ ਹੋਵੇ, ਮੈਂ ਇਸ ਬ੍ਰਹਿਮੰਡ ਵਿੱਚ ਵਿਲੀਨ ਹੋ ਗਈ ਹੋਵਾਂ। ਕਦੇ-ਕਦੇ ਇੰਝ ਲਗਦਾ ਜਿਵੇਂ ਮੈਂ ਦੁਨੀਆਂ ਵਿੱਚ ਹੈ ਹੀ ਨਹੀਂ ਹਾਂ। ਮੈਂ ਸਾਰਿਆਂ ਨੂੰ ਦੇਖ ਸਕਦੀ ਹਾਂ, ਪਰ ਮੈਨੂੰ ਕੋਈ ਨਹੀਂ ਦੇਖ ਸਕਦਾ। ਜਿਸ ਤਰ੍ਹਾਂ ਇਸ ਧਰਤੀ ਤੋਂ ਮੇਰੀ ਹੋਂਦ ਹੀ ਖਤਮ ਹੋ ਗਈ ਹੋਵੇ, ਪਰ ਜਦੋਂ ਕੋਈ ਮੈਨੂੰ ਮੇਰੇ ਨਾਂ ਤੋਂ ਬੁਲਾਉਂਦਾ ਤਾਂ ਲਗਦਾ ਜਿਵੇਂ ਮੈਂ ਸਮੁੰਦਰ ਦੇ ਡੂੰਘੇ ਪਾਣੀਆਂ ਵਿੱਚ ਡੁੱਬ ਗਈ ਸੀ, ਕਿਸੇ ਨੇ ਆ ਕੇ ਮੈਨੂੰ ਪਾਣੀ 'ਚੋਂ ਬਾਹਰ ਖਿੱਚ ਲਿਆ ਹੋਵੇ। ਕਦੇ-ਕਦੇ ਦਿਲ ਕਰਦਾ ਮੈਂ ਦੂਰ ਕਿਤੇ ਅਜਿਹੀ ਥਾਂ ਤੇ ਚਲੀ ਜਾਵਾਂ, ਜਿੱਥੇ ਕੋਈ ਮੈਨੂੰ ਨਾ ਜਾਣਦਾ ਹੋਵੇ। ਮੈਂ ਇੱਕ ਅਜਿਹੇ ਸਫ਼ਰ ਦੀ ਰਾਹੀ ਬਣ ਜਾਵਾਂ, ਜਿਸ ਦੀ ਕੋਈ ਮੰਜ਼ਿਲ ਨਾ ਹੋਵੇ, ਮੈਂ ਅੱਗੇ ਹੀ ਅੱਗੇ ਵਧਦੀ ਜਾਵਾਂ, ਇਹ ਸਫ਼ਰ ਕਦੇ ਖਤਮ ਨਾ ਹੋਵੇ। ਇੱਕ ਦਿਨ ਜੋਤੀ ਮੈਡਮ ਪਰਸਨਲ ਗਾਈਡੈਂਸ ਤੇ ਕਾਊਂਸਲਿੰਗ ਦੇ ਬਾਰੇ ਪੜ੍ਹਾ ਰਹੇ ਸਨ। ਪੜ੍ਹਾਉਂਦੇ-ਪੜ੍ਹਾਉਂਦੇ ਉਹਨਾਂ ਨੇ ਦੱਸਿਆ ਕਿ ਕੋਈ ਵੀ ਬੱਚਾ ਆਪਣੀ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਸਮੱਸਿਆ ਵੀ ਮੇਰੇ ਨਾਲ ਸਾਂਝੀ ਕਰ ਸਕਦਾ ਹੈ। ਕਲਾਸ ਤੋਂ ਬਾਅਦ ਗਾਈਡੈਂਸ ਸੈੱਲ ਦੇ ਵਿੱਚ ਤੁਸੀਂ ਮੈਨੂੰ ਮਿਲ ਸਕਦੇ ਹੋ। ਮੈਂ ਤੁਹਾਡੀ ਸਮੱਸਿਆ ਦਾ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੀ। ਮੈਨੂੰ ਹਨੇਰੇ ਵਿੱਚ ਭਟਕਦੀ ਨੂੰ ਜਿਵੇਂ ਇੱਕ ਆਸ ਦੀ ਕਿਰਨ ਨਜ਼ਰ ਆਈ। ਸੋਚਿਆ ਕਿ ਕੀ ਪਤਾ ਮੈਡਮ ਹੀ ਮੇਰੀ ਮੁਸ਼ਕਲ ਆਸਾਨ ਕਰ ਦੇਣ। ਜੇ ਉਹ ਹੋਸਟਲ ਵਿੱਚ ਮੇਰੇ ਰਹਿਣ ਦਾ ਪ੍ਰਬੰਧ ਕਰਵਾ ਦੇਣ ਤਾਂ ਮੈਨੂੰ ਇੱਕ ਛੱਤ ਮਿਲ ਜਾਵੇ।

ਪਰ ਕਿਤੇ ਨਾ ਕਿਤੇ ਮਨ ਵਿੱਚ ਇਹ ਡਰ ਵੀ ਸੀ ਕਿ ਕਿਤੇ ਮੈਡਮ ਸਾਰੇ ਸਟਾਫ਼ ਮੈਂਬਰਾਂ ਨਾਲ ਨਾ ਮੇਰੀ ਗੱਲ ਸਾਂਝੀ ਕਰ ਲੈਣ। ਫਿਰ ਸਾਰੇ ਅਧਿਆਪਕ ਪਤਾ ਨਹੀਂ ਮੈਨੂੰ ਕਿਸ ਨਜ਼ਰ ਨਾਲ ਵੇਖਣਗੇ। ਇਸੇ ਕਸ਼ਮਕਸ਼ ਵਿੱਚ ਮੈਂ ਮੈਡਮ ਦੇ ਕਮਰੇ ਵਿੱਚ ਪਹੁੰਚ ਗਈ। ਮੈਡਮ ਨੇ ਮੈਨੂੰ ਬਹੁਤ ਪਿਆਰ ਨਾਲ ਬਿਠਾਇਆ। ਪੁੱਛਿਆ, "ਕੀ ਗੱਲ ਹੈ?" ਮੈਂ ਹਿੰਮਤ ਜਿਹੀ ਜੁਟਾ ਕੇ ਉਹਨਾਂ ਨੂੰ ਦੱਸਿਆ "ਮੈਡਮ ਮੈਂ ਆਪਣੀ ਭੂਆ ਜੀ ਕੋਲ ਰਹਿ ਰਹੀ ਹਾਂ, ਪਰ ਹੁਣ ਮੇਰੇ ਪਾਪਾ ਮੈਨੂੰ ਆਪਣੇ ਘਰ ਲੈ ਕੇ ਜਾਣਾ ਚਾਹੁੰਦੇ ਹਨ, ਮੈਂ ਉੱਥੇ ਜਾਣਾ ਨਹੀਂ ਚਾਹੁੰਦੀ, ਕਿਉਂਕਿ ਮੈਡਮ ਮੈਂ ਸਾਡੇ ਉਸ ਘਰ ਦੀ ਚਾਰਦੀਵਾਰੀ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰਦੀ।

ਮੈਡਮ ਨੇ ਮੈਨੂੰ ਪਾਣੀ ਪਿਲਾਇਆ, ਸ਼ਾਂਤ ਕੀਤਾ ਤੇ ਮੈਨੂੰ ਪੂਰੀ ਗੱਲ ਦੱਸਣ ਲਈ ਕਿਹਾ। ਮੈਂ ਬਹੁਤ ਮੁਸ਼ਕਲ ਨਾਲ ਉਹਨਾਂ ਅੱਗੇ ਆਪਣੇ ਅਤੀਤ ਦੀਆਂ ਪਰਤਾਂ ਨੂੰ ਖੋਲਿਆ। ਮੈਡਮ ਵੀ ਸਾਰੀ ਗੱਲ ਸੁਣ ਕੇ ਸੁੰਨ ਹੋ ਗਏ। ਉਹਨਾਂ ਨੂੰ ਵੀ ਯਕੀਨ ਨਹੀਂ ਆ ਰਿਹਾ ਸੀ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਆਪਣੇ ਪਾਪਾ ਦੇ ਘਰ ਉਹਨਾਂ ਦੇ ਨਾਲ ਨਹੀਂ ਜਾਣਾ ਚਾਹੁੰਦੀ। ਪਰ ਉਹ ਹੁਣ ਮੈਨੂੰ ਮੇਰੇ ਭੂਆ ਜੀ ਦੇ ਘਰ ਨਹੀਂ ਰਹਿਣ ਦੇਣਗੇ। ਪਲੀਜ਼ ਮੈਡਮ ਮੇਰੀ ਸਹਾਇਤਾ ਕਰੋ।''

"ਉਹ ਤਾਂ ਠੀਕ ਹਾਂ ਰਾਜੇ, ਪਰ ਮੈਨੂੰ ਦੱਸੋ ਕਿ ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦੀ ਹਾਂ। ਦੱਸੋ ਮੈਂ ਕੀ ਕਰਾਂ ਤੁਹਾਡੇ ਲਈ।'' ਮੈਡਮ ਨੇ ਚਿੰਤਾਤੁਰ ਹੋ ਕੇ ਕਿਹਾ।

"ਮੈਨੂੰ ਇੱਕ ਛੱਤ ਚਾਹੀਦੀ ਏ ਜੀ। ਪਲੀਜ਼ ਤੁਸੀਂ ਮੈਨੂੰ ਹੋਸਟਲ ਵਿੱਚ ਰੱਖ ਲਓ। ਮੈਂ ਇੱਥੇ ਰਹਾਂਗੀ ਤਾਂ ਪਾਪਾ ਇੱਥੋਂ ਮੈਨੂੰ ਲੈ ਕੇ ਜਾਣ ਦੀ ਹਿੰਮਤ ਨਹੀਂ ਕਰਨਗੇ। ਮੇਰੇ ਭੂਆ ਜੀ ਵੀ ਸੌਖੇ ਹੋ ਜਾਣਗੇ।''

"ਪਰ ਅਸੀਂ ਤੇਰੇ ਪਾਪਾ ਨੂੰ ਨਹੀਂ ਰੋਕ ਸਕਾਂਗੇ, ਜੇ ਉਹ ਇੱਥੇ ਤੈਨੂੰ ਲੈਣ ਆ ਗਏ ਤਾਂ ਲੀਗਲੀ ਸਾਨੂੰ ਤੈਨੂੰ ਉਹਨਾਂ ਨਾਲ ਭੇਜਣਾ ਹੀ ਪਵੇਗਾ।''

"ਤੁਸੀਂ ਮੈਨੂੰ ਛੁੱਟੀ ਨਾ ਦਿਓ, ਬੱਸ ਏਨਾ ਹੀ ਕਰ ਦਿਓ ਮੇਰੇ ਲਈ।''

"ਠੀਕ ਹੈ ਮੈਂ ਪ੍ਰਿੰਸੀਪਲ ਸਰ ਨਾਲ ਗੱਲ ਕਰਕੇ ਤੁਹਾਨੂੰ ਦੱਸਾਂਗੀ।''

"ਮੈਡਮ ਪਲੀਜ਼ ਤੁਸੀ ਇਹ ਗੱਲ ਕਿਸੇ ਹੋਰ ਸਟਾਫ਼ ਮੈਂਬਰ ਨਾਲ ਸਾਂਝੀ ਨਾ ਕਰਿਓ, ਆਪਣੇ ਤੱਕ ਹੀ ਰੱਖਿਓ।''

"ਡੌਂਟ ਵਰੀ ਬੱਚੇ, ਮੈਂ ਸਭ ਜਾਣਦੀ ਹਾਂ, ਤੁਸੀ ਬੇਫ਼ਿਕਰ ਹੋ ਜਾਓ।''

"ਥੋੜੀ ਦੇਰ ਬਾਅਦ ਉਹਨਾਂ ਨੇ ਪ੍ਰਿੰਸੀਪਲ ਸਰ ਨਾਲ ਗੱਲ ਕਰਕੇ ਮੈਨੂੰ ਹੋਸਟਲ ਰੁਕਣ ਦੀ ਇਜਾਜ਼ਤ ਦੇ ਦਿੱਤੀ। ਮੈਂ ਘਰ ਜਾ ਕੇ ਭੂਆ ਜੀ ਨਾਲ ਗੱਲ ਕੀਤੀ। ਪਹਿਲਾਂ ਤਾਂ ਭੂਆ ਜੀ ਰਾਜ਼ੀ ਨਾ ਹੋਏ ਕਿ ਮੇਰੇ ਹੁੰਦੇ ਹੋਏ ਤੂੰ ਹੋਸਟਲ ਕਿਉਂ ਰੁਕੇਂਗੀ। ਫਿਰ ਮੈਂ ਜਦ ਉਹਨਾਂ ਨੂੰ ਸਮਝਾਇਆ ਤਾਂ ਉਹ ਮੰਨ ਗਏ। ਮੈਂ ਹੋਸਟਲ ਵਿੱਚ ਆ ਕੇ ਆਪਣੇ-ਆਪ ਨੂੰ ਬਹੁਤ ਮਹਿਫੂਜ਼ ਮਹਿਸੂਸ ਕਰ ਰਹੀ ਸੀ। ਉਸ ਤੋਂ ਬਾਅਦ ਬੀ.ਐੱਡ ਕਰਨ ਤੋਂ ਤੁਰੰਤ ਬਾਅਦ ਭੂਆ ਜੀ ਨੇ ਮੇਰਾ ਤੁਹਾਡੇ ਨਾਲ ਰਿਸ਼ਤਾ ਤੈਅ ਕਰ ਦਿੱਤਾ। ਸਭ ਕੁੱਝ ਏਨੀ ਜਲਦੀ ਹੋਇਆ ਮੈਨੂੰ ਤਾਂ ਕੁੱਝ ਸਮਝ ਹੀ ਨਹੀਂ ਆ ਰਹੀ ਸੀ।

ਮੇਰੇ ਨਾਂ ਦੇ ਸ਼ਾਬਦਿਕ ਅਰਥ ਖੁਸ਼ਨਸੀਬ ਹਨ, ਪਰ ਮੇਰੀ ਜ਼ਿੰਦਗੀ ਵਿੱਚ ਮੇਰੇ ਨਾਂ ਦੇ ਅਰਥਾਂ ਦੇ ਮਾਇਨੇ ਕਦੇ ਮੈਨੂੰ ਨਜ਼ਰ ਹੀ ਨਹੀਂ ਆਏ। ਅਤੀਤ ਨੇ ਮੇਰੇ ਦਿਲ 'ਤੇ ਜੋ ਗਹਿਰੇ ਜ਼ਖ਼ਮ ਦਿੱਤੇ, ਉਹ ਨਾਸੂਰ ਬਣਕੇ ਅੱਜ ਵੀ ਰਿਸਦੇ ਨੇ।''

"ਅੱਜ ਤੋਂ ਬਾਅਦ ਤੂੰ ਆਪਣੇ ਅਤੀਤ ਨੂੰ ਭੈੜਾ ਖ਼ੁਆਬ ਸਮਝ ਕੇ ਭੁੱਲ ਜਾ। ਜੋ ਵੀ ਹੋਇਆ ਇਸ ਵਿੱਚ ਤੇਰਾ ਕੋਈ ਕਸੂਰ ਨਹੀਂ ਸੀ, ਤੂੰ ਆਪਣੇ ਆਪ ਨੂੰ ਇਸ ਅਪਰਾਧਬੋਧ ਤੋਂ ਮੁਕਤ ਕਰ ਅਤੇ ਜ਼ਿੰਦਗੀ ਵੱਲ ਅੱਗੇ ਵਧ। ਇੱਕ ਖ਼ੂਬਸੂਰਤ ਸਵੇਰ ਤੇਰੀ ਉਡੀਕ ਕਰ ਰਹੀ ਹੈ ਪੁਰਾਣੀਆਂ ਯਾਦਾਂ ਨੂੰ ਮਿਟਾ ਆਪਾਂ ਨਵੀਆਂ ਖ਼ੂਬਸੂਰਤ ਯਾਦਾਂ ਬਣਾਵਾਂਗੇ, ਜਿਸ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਹੋਣਗੀਆਂ।'' ਪ੍ਰਤੀਕ ਨੇ ਭਾਵੁਕ ਹੋ ਕੇ ਕਿਹਾ।

ਮੈਂ ਤਾਂ ਘਰ ਨੂੰ ਸੁਹਜ ਸੁਹੱਪਣ, ਬਰਕਤ, ਖ਼ੁਸ਼ੀਆਂ ਖੇੜੇ ਦੇਵਾਂ,
ਉਹ ਤਾਂ ਇਕ ਮਹੀਨੇ ਮਗਰੋਂ ਬਸ ਅਪਣੀ ਤਨਖ਼ਾਹ ਦਿੰਦਾ ਹੈ। -ਨੀਲੂ ਜਰਮਨੀ

ਬਾਹਰ ਪੈ ਰਿਹਾ ਮੀਂਹ ਵੀ ਹੁਣ ਹਟ ਗਿਆ ਸੀ ਤੇ ਅਸਮਾਨ ਸਾਫ ਹੋ ਗਿਆ ਸੀ। ਸੰਦੀਪ ਦੇ ਦਿਲ ਦੇ ਵਿਹੜੇ ਦਾ ਮੌਸਮ ਵੀ ਹੁਣ ਸਾਫ਼ ਹੋ ਗਿਆ ਸੀ, ਉਸਦੇ ਨੈਣਾਂ ਦੀ ਝੜੀ ਖੁਸ਼ੀ ਦੇ ਹੰਝੂਆਂ ਵਿੱਚ ਬਦਲ ਚੁੱਕੀ ਸੀ।

ਕਹਾਣੀ

# ਬੇਬੇ, ਬਾਈ ਤੇ ਉਹ

## ਸੁਖਰਾਜ ਧਾਲੀਵਾਲ



ਸੁਖਰਾਜ ਧਾਲੀਵਾਲ

ਬਾਈ ਤਾਰੀ ਲਾਂਮ ਪਿੰਡੀ ਗਿਆ ਅਜੇ ਤੱਕ ਨਹੀਂ ਸੀ ਮੁੜਿਆ। ਤੜਕੇ ਜਾਣ ਤੋਂ ਪਹਿਲਾਂ ਬੇਬੇ ਨੂੰ ਅੱਸੀ ਰੁਪਈਏ ਫੜਾ ਗਿਆ ਸੀ ਦਵਾਈ ਲਈ। ਬਾਈ ਤਾਰੀ ਨੂੰ ਪਤਾ ਸੀ ਵੈਦ ਬੁੱਧਾ ਰਾਮ ਨੇ ਉਧਾਰ ਨ੍ਹੀਂ ਕਰਨਾ। ਉਧਾਰ ਦਵਾਈ ਲੈਣ ਵਾਲਿਆਂ ਨੂੰ 'ਫੱਕਰਾ! ਹੋਰ ਘਰ ਵੇਖ' ਆਖ ਕੇ ਡੇਰੇ ਤੋਂ ਮੋੜ ਦਿੰਦਾ। ਸੁਭਾਅ ਦਾ ਹੱਦ ਦਰਜੇ ਦਾ ਰੁੱਖਾ, ਕਲੱਕੜ ਪਰ ਦਵਾਈ ਖਰੀ ਦਿੰਦਾ ਸੀ। ਬਾਰ੍ਹਾਂ ਕੋਹਾਂ ਤੋਂ ਲੋਕ ਇਲਾਜ ਕਰਾਉਣ ਆਉਂਦੇ। ਸੱਪ ਲੜੇ, ਪੀਲੀਏ ਤੇ ਟਾਈਫ਼ਾਈਡ ਦੀ ਦਵਾਈ ਤਾਂ ਸ਼ਰਤੀਆ ਸੀ। ਬਸ ਇਕ ਵਾਰੀ ਵਗਦੇ ਸਾਹੀਂ ਬੰਦਾ ਬੁੱਧਾ ਰਾਮ ਕੋਲ ਪਹੁੰਚ ਜੇ ਫਿਰ ਉਹ ਮਰਨ ਨ੍ਹੀਂ ਸੀ ਦਿੰਦਾ।

ਬਾਈ ਤਾਰੀ ਰਾਤ ਅੱਸੀ ਰੁਪਈਏ ਲਿਆਇਆ ਸੀ। ਵਿਹੜੇ ਵਾਲਾ ਖੇਬਾ, ਜੁਗਿੰਦਰ ਤੇ ਮੋਲੂ ਉਹਦੇ ਪੱਕੇ ਗਾਹਕ ਐ, ਪਰ ਪੈਸੇ ਮਸਾਂ ਦਿੰਦੇ ਐ। ਬਾਈ ਰਾਤ ਪੀਤੀ ਵਿਚ ਸਾਰੇ ਪਿੰਡ ਨੂੰ ਗਾਲ੍ਹਾਂ ਦੇਈ ਗਿਆ ਸੀ, 'ਸਾਲੇ, ਭੈਣ ਦੇ ਯਾਰ, ਮਤਰੇਈ ਪੀ ਜਾਂਦੇ ਐ, ਪੈਸੇ ਦੇਣ ਵਾਰੀ ਸੱਪ ਲੜਦੈ, ਆ ਕੇ ਮਿੰਨਤਾਂ ਕਰਨਗੇ, ਤਾਰੀ ਸਿਆਂ ਪ੍ਰਾਹੌਣਾ ਆਇਆ ਦਈਂ ਇਕ ਬੋਤਲ, ਲੰਡਿਆਂ ਦਿਓ ਸਾਲਿਓ ਮੈਂ ਈ ਥਿਆਇਆ ਮੁਫ਼ਤ ਦੀ ਲੱਕਣ ਨੂੰ, ਭੈਣ ਦੇ... ਸਾਲੇ... ਗੁੜ ਥੋੜਾ ਭਣੌਈਆ ਕਿਵੇਂ ਲਿਔਂਦਾ, ਕਦੇ ਪੁੱਛਿਆ, ਭੈਣ ਦੇ।' ਉਹਦੀ ਆਦਤ ਐ ਉਹ ਗੱਲਾਂ ਕਰਦਾ ਵੀ 'ਭੈਣ ਦੇ' ਕਹਿੰਦਾ ਰਹਿੰਦਾ। ਮੈਂ ਤੇ ਬੇਬੇ ਚੁੱਪ ਕਰਕੇ ਪਏ ਰਹੇ ਸੀ। ਸਾਰੀ ਰਾਤ ਮੱਛਰ ਵੱਢ-ਵੱਢ ਖਾਈ ਗਿਆ। ਜਿਸ ਦਿਨ ਦਾ ਟਾਈਫ਼ਾਈਡ ਹੋਇਆ ਮੇਰੇ ਵਿਚ ਤਾਂ ਮੰਜੇ ਤੋਂ ਉੱਠ ਕੇ ਪਾਣੀ ਪੀਣ ਦੀ ਵੀ ਹਿੰਮਤ ਨਹੀਂ ਰਹੀ। ਬੇਬੇ ਨੇ ਰਾਤ ਨੂੰ ਦੋ ਵਾਰੀ ਤੌੜੇ 'ਚੋਂ ਗੜਵੀ ਭਰ ਕੇ ਫੜਾਈ।

ਦਿਨ ਚੜ੍ਹੇ ਬਾਈ ਨ੍ਹਾ ਕੇ ਪਿੰਡ ਵਿਚ ਗੇੜਾ ਕੱਢਣ ਤੁਰ ਪਿਆ ਸੀ। ਇਹ ਉਹਦਾ ਨਿੱਤ ਦਾ ਰੂਟੀਨ ਸੀ। ਮੂੰਹ ਹਨੇਰੇ ਹੀ ਆਵਦਾ 'ਸਰੀਰ ਬਣਾ ਕੇ' ਤੱਤੇ ਪਾਣੀ ਨਾਲ ਨਹਾਉਂਦਾ ਤੇ ਤੇਜ਼ ਪੱਤੀ ਵਾਲੀ ਚਾਹ ਪੀ ਕੇ ਪਿੰਡ ਵਿਚ ਗੇੜਾ ਕੱਢਣ ਤੁਰ ਜਾਂਦਾ। ਅੱਧੇ ਘੰਟੇ ਮਗਰੋਂ ਆ ਕੇ ਉਹਨੇ ਬੇਬੇ ਨੂੰ ਪੈਸੇ ਫੜਾਏ ਤੇ ਅੱਖਾਂ ਭਰ ਕੇ ਬੋਲਿਆ।"ਮੈਥੋਂ ਇਹ ਬਿਮਾਰ ਨ੍ਹੀ ਦੇਖਿਆ ਜਾਂਦਾ, ਏਹਦੀ ਦਵਾਈ ਲੈ ਆਈਂ ਅੱਜ।"

"ਹੇ ਖਾਂ- ਵੱਡਾ ਸੂਰਮਾ, ਮੁੰਡੇ ਨੂੰ ਦੋ ਦਿਨ ਬੁਖ਼ਾਰ ਕੀ ਚੜ੍ਹ ਗਿਆ ਜਨਾਨੀਆਂ ਵਾਂਗੂ...।"

ਮਿੱਠੀ ਫਟਕਾਰ ਪਾਉਂਦੀ ਬੇਬੇ ਨੇ ਪੈਸੇ ਫੜ ਕੇ ਗੀਝੇ ਵਿਚ ਪਾ ਲਏ। ਬਾਈ ਤਾਰੀ ਚਾਦਰ ਦੇ ਲੜ ਨਾਲ ਅੱਖਾਂ ਪੂੰਝਦਾ ਪਸ਼ੂਆਂ ਵਾਲੀ ਸਵਾਤ ਵਿਚੋਂ ਸਾਈਕਲ ਚੁੱਕ ਕੇ ਮੂੰਹ ਵਿਚ ਬੁੜ-ਬੁੜ ਕਰਦਾ ਬਾਹਰ ਨੂੰ ਤੁਰ ਪਿਆ। ਇਹ ਉਹਦੀ ਪੁਰਾਣੀ ਆਦਤ ਸੀ। ਉਹ ਮੂੰਹ ਵਿਚ ਸਾਰਾ ਦਿਨ ਬੁੜ-ਬੁੜ ਕਰਦਾ ਰਹਿੰਦਾ। ਕਈ ਆਖਦੇ ਇਹ ਭੱਜ ਗਈ ਘਰਵਾਲੀ ਨੂੰ ਗਾਲ੍ਹਾਂ ਕੱਢਦਾ ਰਹਿੰਦਾ, ਕਈ ਆਖਦੇ ਇਹ ਪਿੰਡ ਦੇ ਮੁਫ਼ਤ ਪੀਣ ਵਾਲਿਆਂ ਨੂੰ ਗਾਲ੍ਹਾਂ ਤੇ ਦੂਰ ਅਸੀਸਾਂ ਦਿੰਦਾ, ਜਿਹੜੇ ਸ਼ਰਾਬ ਪੀ ਕੇ ਇਹਦੇ ਪੈਸੇ ਨੱਪ ਜਾਂਦੇ ਐ। ਨੇੜੇ-ਤੇੜੇ ਦੇ ਸਾਰੇ ਪਿੰਡਾਂ ਵਿਚ ਬਾਈ ਤਾਰੀ ਪਸ਼ੂਆਂ ਦੇ ਸੌਦੇ ਕਰਾਉਂਦਾ ਰਹਿੰਦਾ।

ਮੱਸਿਆ ਵਾਲੇ ਦਿਨ ਸ਼ਹਿਰ ਪਸ਼ੂਆਂ ਦੀ ਮੰਡੀ 'ਤੇ ਜਾਂਦਾ, ਰਾਤ ਨੂੰ ਉਹ ਡੂੰਘੇ ਹਨੇਰੇ ਹੋਏ ਤੋਂ ਘਰ ਆਉਂਦਾ, ਸਾਈਕਲ ਦੇ ਹੈਂਡਲ 'ਤੇ ਟੰਗੇ ਝੋਲੇ ਵਿਚ ਅੰਗਰੇਜ਼ੀ ਸ਼ਰਾਬ ਦੀ ਬੋਤਲ, ਉਬਲੇ ਆਂਡੇ, ਹਰੀ ਸਬਜ਼ੀ, ਜਲੇਬੀਆਂ ਤੇ ਕਿੰਨਾ ਹੀ ਹੋਰ ਖਾਣ-ਪੀਣ ਦਾ ਸਾਮਾਨ ਹੁੰਦਾ। ਮੱਸਿਆ ਦੀ ਰਾਤ ਨੂੰ ਮੈਂ ਤੇ ਬੇਬੇ ਬਾਈ ਤਾਰੀ ਨੂੰ ਉਡੀਕਦੇ ਰਹਿੰਦੇ। ਇਹ ਰਾਤ ਸਾਡੇ ਲਈ ਦਿਵਾਲੀ ਦੀ ਰਾਤ ਵਰਗੀ ਹੁੰਦੀ। ਬੇਬੇ ਰਾਤ ਨੂੰ ਤਾਜ਼ੀਆਂ ਰੋਟੀਆਂ ਲਾਹ ਕੇ ਦਿੰਦੀ। ਬਾਈ ਤਾਰੀ ਰੋਟੀ ਖਾਂਦਾ ਸ਼ਰਾਬ ਦੇ ਨਸ਼ੇ ਵਿਚ ਸਾਰੇ ਪਿੰਡ ਨੂੰ ਗਾਲ੍ਹਾਂ ਦਿੰਦਾ ਰਹਿੰਦਾ। ਕਦੇ-ਕਦੇ ਉਹ ਭੱਜ ਗਈ ਭਾਬੀ ਨੂੰ ਗਾਲ੍ਹਾਂ ਦੇਣ ਲੱਗਦਾ ਤਾਂ ਬੇਬੇ ਉਹਨੂੰ ਰੋਕ ਦਿੰਦੀ।

"ਬੁੜੀ ਨੂੰਹ ਨੂੰ ਨ੍ਹੀ ਮਾੜਾ ਆਖਣ ਦਿੰਦੀ" ਬਾਈ ਹੱਸ ਕੇ ਆਖਦਾ ਤਾਂ ਅਸੀਂ ਤਿੰਨੇ ਪਾਗਲਾਂ ਵਾਂਗ ਅੱਧੀ ਰਾਤ ਨੂੰ ਹੱਸਣ ਲੱਗ ਪੈਂਦੇ।

ਸੱਤਵੇਂ ਦੇ ਸੱਤਵੇਂ ਬਾਈ ਤਾਰੀ ਦੋ ਤੌੜਿਆਂ ਵਿਚ ਗੁੜ, ਕਿੱਕਰ ਦਾ ਸੱਕ ਤੇ ਨਸ਼ਾਦਰ ਪਾ ਦਿੰਦਾ ਸੀ, ਨੱਪਦਾ ਉਹ ਤੂੜੀ ਵਾਲੀ ਸਵਾਤ ਦੇ ਨਾਲ ਸੀ। ਭੱਠੀ ਰਾਤ ਨੂੰ ਗਿਆਰਾਂ ਵਜੇ ਤੋਂ ਮਗਰੋਂ ਚਾੜ੍ਹਦਾ ਸੀ। ਬਾਪੂ ਵੀ ਭੱਠੀ ਰਾਤ ਨੂੰ ਚਾੜ੍ਹਦਾ ਹੁੰਦਾ ਸੀ, ਪਰ ਉਸ ਦਿਨ ਪਤਾ ਈ ਨਾ ਲੱਗਿਆ ਕਦੋਂ ਪੁਲਿਸ ਆ ਗਈ। ਬਾਈ ਤਾਰੀ ਤਾਂ ਕੰਧ ਟੱਪ ਕੇ ਭੱਜ ਗਿਆ ਪਰ ਬਾਪੂ ਨਹੀਂ ਭੱਜਿਆ। ਨੰਬਰਦਾਰ ਬੀਰ ਸਿਉਂ, ਚੌਕੀਦਾਰ ਗੁਰਦਿਆਲ ਰਾਮ ਤੇ ਸਰਪੰਚ ਬੰਤ ਸਿਉਂ ਪੁਲਿਸ ਦੇ ਨਾਲ ਸੀ। ਥਾਣੇਦਾਰ ਨੇ ਆਉਣ ਸਾਰ ਬਾਪੂ 'ਤੇ ਡਾਂਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਬਾਪੂ ਹੱਥ ਜੋੜਦਾ ਡਾਂਗਾਂ ਖਾਈ ਜਾ ਰਿਹਾ ਸੀ, ਮੈਂ ਰੋਣਾ ਸ਼ੁਰੂ ਕਰ ਦਿੱਤਾ, ਸਾਰੇ ਤਮਾਸ਼ਬੀਨ ਬਣੇ ਖੜੇ ਸੀ, ਥਾਣੇਦਾਰ ਮੂੰਹ ਵਿਚੋਂ ਗਾਲ੍ਹ 'ਤੇ ਗਾਲ੍ਹ ਦੇ ਰਿਹਾ ਸੀ, ਬਾਪੂ ਪਿੱਛੇ ਨੂੰ ਹਟਦਾ "ਬੱਚਿਆਂ ਆਲਿਓ, ਬਖ਼ਸ਼ੋ!" ਕਹਿੰਦਾ ਪੁੱਠਾ ਡਿੱਗ ਪਿਆ ਸੀ, ਬੇਬੇ ਨੇ ਹਿੰਮਤ ਕੀਤੀ ਉਹ ਥਾਣੇਦਾਰ ਨੂੰ ਟੁੱਟ ਕੇ ਪੈ ਗਈ, "ਆਹ ਕੰਜਰ, ਚੌਰੇ, ਧੀ ਦੇ ਖ਼ਸਮ ਕਿਹੜਾ ਕੱਢਦੇ ਨੀਂ, ਇਨ੍ਹਾਂ ਨੂੰ ਬਰਾਬਰ ਫੜ੍ਹ।" ਬੇਬੇ ਨੇ ਨੰਬਰਦਾਰ ਤੇ ਸਰਪੰਚ ਵੱਲ

ਜੋ ਦਮ ਗ਼ਾਫ਼ਲ ਸੋ ਦਮ ਕਾਫ਼ਰ,
ਗ਼ਫ਼ਲਤ ਨਾਲ ਨਾ ਇਕ ਪਲ ਸਮ। -(ਅਗਲੇ ਸਫ਼ੇ 'ਤੇ)

ਹੱਥ ਕਰਦਿਆ ਪੱਟਾਂ 'ਤੇ ਦੁਹੱਥੜ ਮਾਰਿਆ ਤੇ ਥਾਣੇਦਾਰ ਤੇ ਡਿੱਗੇ ਪਏ ਬਾਪੂ ਦੇ ਵਿਚਕਾਰ ਦੋ ਇੱਟੀ ਪੱਕੀ ਕੰਧ ਵਾਂਗ ਤਣ ਕੇ ਖੜ੍ਹ ਗਈ। ਬੇਬੇ ਦੀਆਂ ਗਾਲ੍ਹਾਂ ਸੁਣ ਕੇ ਨੰਬਰਦਾਰ ਤੇ ਸਰਪੰਚ ਗਲੀ ਵੰਨੀ ਖਿਸਕ ਗਏ।

"ਪਰ੍ਹੇ ਹੋਟ ਬੁੜੀਏ, ਨਹੀਂ ਫੜ ਕੇ ਥਾਣੇ ਡੱਕ ਦੂੰ।" ਥਾਣੇਦਾਰ ਨੇ ਡਾਂਗ ਉਲਾਰਦਿਆਂ ਲਲਕਾਰਾ ਮਾਰਿਆ।

"ਤੇਰੀ ਕੁੜੀ... ਮੈਂ ਵੱਡੇ ਅਫ਼ਸਰ ਦੇ ਭੁਗਤੂ, ਜੇ ਹੱਡ ਖਾਣਾ ਤਾਂ ਆਹ ਲੈ।" ਬੇਬੇ ਦੀ ਆਵਾਜ਼ ਕੰਬਣ ਲੱਗ ਪਈ ਸੀ, ਉਹਨੇ ਗੀਝੇ ਵਿਚੋਂ ਪੰਜ ਨੀਲੇ ਨੋਟ ਕੱਢ ਤੇ ਥਾਣੇਦਾਰ ਦੀ ਮੁੱਠੀ ਵਿਚ ਦੇ ਦਿੱਤੇ। ਥਾਣੇਦਾਰ ਦਾ ਡਾਂਗ ਵਾਲਾ ਹੱਥ ਨੀਵਾਂ ਹੋ ਗਿਆ।

"ਮਾਈ ਕਾਨੂੰਨ ਹੱਥ ਵਿਚ ਨਹੀਂ ਲਈਦੈ, ਚਲੋ ਬਈ ਭਾਂਡੇ ਤੇ ਮੁਜਰਮ ਥਾਣੇ ਲੈ ਚੱਲੋ," ਕਹਿੰਦਾ ਉਹ ਬੂਹੇ ਵਿਚ ਭਿੱਜੀ ਬਿੱਲੀ ਵਾਂਗੂ ਖੜੇ ਨੰਬਰਦਾਰ ਤੇ ਸਰਪੰਚ ਕੋਲੇ ਜਾ ਕੇ ਖੜ੍ਹ ਗਿਆ।

ਪੰਜਾਂ ਮਿੰਟਾਂ ਵਿਚ ਚੌਕੀਦਾਰ ਤੇ ਸਿਪਾਹੀਆਂ ਨੇ ਭੱਠੀ ਦਾ ਸਾਰਾ ਸਾਮਾਨ ਜੀਪ ਵਿਚ ਸਿੱਟ ਲਿਆ। ਬਾਪੂ ਦੀਆਂ ਬਾਹਾਂ ਪਿੱਛੇ ਬੰਨ੍ਹ ਕੇ ਜੀਪ ਦੇ ਪਿਛਲੇ ਪਾਸੇ ਬਿਠਾ ਲਿਆ। ਪੁਲਿਸ ਦੀ ਜੀਪ ਤੁਰ ਜਾਣ ਤੋਂ ਬਾਅਦ ਬੇਬੇ ਨੇ ਸਰਪੰਚ ਤੇ ਨੰਬਰਦਾਰ ਦੀ ਧੀ-ਭੈਣ ਇੱਕ ਕਰ ਦਿੱਤੀ। ਨੰਬਰਦਾਰ ਦੀ ਵੱਡੀ ਨੂੰਹ ਦੇ ਪਿੰਡ ਵਿਚ 'ਚੱਲਦੇ ਕਿੱਸਿਆਂ' ਦੇ ਮਿਹਣੇ ਬੇਬੇ ਤੜਕੇ ਭਾਈ ਜੀ ਦੇ ਬੋਲਣ ਤੱਕ ਦੇਈ ਗਈ।

ਦਿਨ ਚੜ੍ਹੇ ਬਾਈ ਤਾਰੀ ਘਰੇ ਆਇਆ ਤਾਂ ਉਹਨੇ ਬੇਬੇ ਨੂੰ ਝਿੜਕ ਕੇ ਚੁੱਪ ਕਰਵਾਇਆ। ਉਹ ਮੈਨੂੰ ਵੀ ਲੜਿਆ ਕਿ ਮੈਂ ਬੁੜ੍ਹੀ ਨੂੰ ਚੁੱਪ ਕਿਉਂ ਨ੍ਹੀ ਕਰਵਾਇਆ। ਪਰ ਬੇਬੇ ਮੇਰੇ ਆਖੇ ਤੋਂ ਕਿਵੇਂ ਚੁੱਪ ਕਰਦੀ, ਮੈਂ ਤਾਂ ਉਸ ਸਮੇਂ ਮਸਾਂ ਬਾਰ੍ਹਾਂ ਸਾਲਾਂ ਦਾ ਸੀ।

ਬਾਈ ਨੇ ਘਰਾਂ ਦੇ ਪੰਜ-ਸੱਤ ਬੰਦੇ ਤਿਆਰ ਕੀਤੇ ਤੇ ਤਾਏ ਮੁਖਤਿਆਰ ਸਿਉਂ ਮੈਂਬਰ ਨੂੰ ਨਾਲ ਲੈ ਕੇ ਸਰਪੰਚ ਦੇ ਘਰੇ ਜਾ ਵੜਿਆ। ਬਾਈ ਨੇ ਹੱਥ ਜੋੜੇ, ਪੈਰੀਂ ਪੱਗ ਵੀ ਰੱਖਣੀ ਚਾਹੀ, ਪਰ ਸਰਪੰਚ ਨੇ ਬੇਇੱਜ਼ਤੀ ਕਰਕੇ ਘਰੋਂ ਕੱਢ ਦਿਤਾ ਸਗੋਂ ਸਾਰਿਆਂ ਨੂੰ ਕਰੜੇ ਮੂੰਹ ਆਹਦਾ, "ਮੈਂ ਕੁੱਤੇ ਕੰਮ ਕਰਨ ਆਲਿਆਂ ਦਾ ਠੇਕਾ ਲਿਆ, ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ।" ਸਾਰੇ ਵਾਪਿਸ ਮੁੜ ਆਏ, ਬਾਈ ਤਾਰੀ ਇਕੱਲਾ ਹੀ ਨੰਬਰਦਾਰ ਕੋਲੇ ਗਿਆ, ਉਹਨੇ ਵੀ ਬਾਈ ਨੂੰ ਕੋਈ ਰਾਹ ਨਾ ਦਿੱਤਾ। ਬਾਈ ਤਾਰੀ ਬੜੀ ਭੱਜ-ਨੱਠ ਕਰਦਾ ਰਿਹਾ, ਪੰਜ ਦਿਨ ਬਾਪੂ ਦੀ ਕੋਈ ਉਗ-ਸੁਗ ਨਾ ਨਿਕਲੀ, ਪੰਜਵੇਂ ਦਿਨ ਬਾਈ ਤਾਰੀ ਨੇ ਸੱਜਰ ਸੂਈ ਝੋਟੀ ਅੱਧੇ ਮੁੱਲ ਵਿਚ ਈ ਵੇਚ ਦਿੱਤੀ, ਬੇਬੇ ਨੇ ਕਿਸ਼ਨੇ ਸੁਮ ਕੋਲੇ ਵਾਲੀਆਂ ਗਹਿਣੇ ਰੱਖ ਦਿੱਤੀਆਂ, ਇਸ ਤਰ੍ਹਾਂ ਚਾਰ ਹਜ਼ਾਰ ਰੁਪਈਏ ਇਕੱਠੇ ਕਰਕੇ ਬਾਈ ਤਾਰੀ ਆਪਣੇ ਪਾਗੀ ਗੁਆਂਢੀ ਪਿੰਡ ਦੇ ਬਖਤੌਰੇ ਵੈਲੀ ਨੂੰ ਨਾਲ ਲੈ ਕੇ ਥਾਣੇਦਾਰ ਦੇ 'ਲੈਣ-ਦੇਣ' ਕਰਨ ਵਾਲੇ ਬੰਦੇ ਨੂੰ ਜਾ ਮਿਲਿਆ। ਪੰਜਾਂ ਦਿਨਾਂ ਵਿਚ ਪੁਲਿਸ ਨੇ ਕੁੱਟ-ਕੁੱਟ ਕੇ ਬਾਪੂ ਨੂੰ ਪਿੰਜਰ ਬਣਾ ਦਿੱਤਾ ਸੀ। ਬਾਈ ਤਾਰੀ ਹੁਰਾਂ ਨੂੰ ਵੇਖ ਕੇ ਉਹ ਧਾਹਾਂ ਮਾਰਨ ਲੱਗ ਪਿਆ ਸੀ, "ਮੈਨੂੰ ਜ਼ਹਿਰ ਦੇ ਦਿਓ, ਇਨ੍ਹਾਂ ਜਮਦੂਤਾਂ ਦੇ ਤਸੀਹੇ ਨਹੀਂ ਝੱਲੇ ਜਾਂਦੇ।" ਬਾਈ ਬਖਤੌਰੇ ਨੇ ਉਹਨੂੰ ਚਾਹ ਵਿਚ ਦੋ ਗੋਲੀਆਂ ਨਸ਼ੇ ਦੀਆਂ ਘੋਲ ਕੇ ਪਿਲਾ ਦਿੱਤੀਆਂ, ਤਾਂ ਜਾ ਕੇ ਉਹਨੇ ਮਾੜਾ ਜਾ ਦਿਲ ਧਰਿਆ।

ਬਾਪੂ 'ਤੇ ਅਫ਼ੀਮ, ਸ਼ਰਾਬ ਤੇ ਨਜਾਇਜ਼ ਪਿਸਤੌਲ ਦਾ ਕੇਸ ਪੈ ਗਿਆ। ਕੇਸ ਚਲਿਆ ਉਹਦੇ ਕੇਸ *ਤੇ ਚਾਰਾਂ ਵਿਚੋਂ ਇਕ ਕਿੱਲਾ ਜ਼ਮੀਨ ਦਾ ਹੋਰ ਵਿਕ ਗਿਆ, ਫਿਰ ਵੀ ਬਾਪੂ ਨੂੰ ਨੌਂ ਸਾਲ ਤੇ ਤਿੰਨ ਮਹੀਨਿਆਂ ਦੀ ਕੈਦ ਹੋ ਗਈ। ਸਾਰੀ ਕਬੀਲਦਾਰੀ ਬਾਈ ਤਾਰੀ ਦੇ ਸਿਰ ਆ ਪਈ, ਉਹ ਬਾਕੀ 'ਸਾਰੇ ਕੰਮ' ਛੱਡ ਕੇ ਵਾਹੀ ਕਰਨ ਲੱਗ ਪਿਆ। ਦੂਜੇ ਸਾਲ ਬਖਤੌਰੇ ਨੇ ਬਾਈ ਤਾਰੀ ਨੂੰ ਸਾਕ ਵੀ ਕਰਵਾ ਦਿੱਤਾ। ਘਰੇ ਭਾਬੀ ਆ ਗਈ, ਰੌਣਕ ਵੱਧ ਗਈ, ਪਰ ਮੇਰਾ ਬਾਪੂ ਬਗ਼ੈਰ ਦਿਲ ਨਾ ਲੱਗਦਾ। ਮੈਨੂੰ ਰਾਤ ਨੂੰ ਵੀ ਬਾਪੂ ਦੇ ਹੀ ਸੁਪਨੇ ਆਉਂਦੇ, ਕਿਤੇ ਉਹ ਚੀਕਾਂ ਮਾਰਦਾ, ਨੰਗ-ਧੜੰਗਾ ਕਮਲਿਆਂ ਵਾਂਗੂ ਭੱਜਿਆ ਫਿਰਦਾ ਦਿਖਾਈ ਦਿੰਦਾ, ਇਕ ਸੁਪਨਾ ਜਿਹੜਾ ਮੈਨੂੰ ਕਦੇ ਨਹੀਂ ਭੁੱਲਦਾ, ਉਸ ਵਿਚ ਬਾਪੂ ਸਰਪੰਚ ਤੇ ਨੰਬਰਦਾਰ ਅੱਗੇ ਮੱਥਾ ਟੇਕ ਕੇ ਲੰਮਾ ਪੈ ਗਿਆ ਸੀ, ਉਹ ਮੈਨੂੰ ਤੇ ਤਾਰੀ ਨੂੰ ਵੀ ਆਖੀ ਗਿਆ ਇਨ੍ਹਾਂ ਅੱਗੇ ਲੰਮੇ ਪਏ ਈ ਗੱਡੀ ਚੱਲੂ ਹੁਣ ਤਾਂ ਏਹੀ ਚਾਰਾ ਮੈਂ ਏਹੋ ਜੇ ਸੁਪਨੇ ਕਿਸੇ ਨੂੰ ਦੱਸ ਵੀ ਨਾ ਸਕਦਾ। ਮੈਨੂੰ ਸਰਪੰਚ, ਨੰਬਰਦਾਰ ਤੇ ਥਾਣੇਦਾਰ 'ਤੇ ਬੜਾ ਗੁੱਸਾ ਆਉਂਦਾ, ਦਿਲ ਕਰਦਾ ਕਿਤੋਂ ਬੰਬ ਲੈ ਕੇ ਇਨ੍ਹਾਂ ਦੇ ਸਿਰਾਂ ਵਿਚ ਮਾਰਾਂ, ਪਰ ਇਹ ਕੁਝ ਮੇਰੇ ਵੱਸੋਂ ਬਾਹਰ ਸੀ। ਮੈਂ ਦਿਲ ਵਿਚ ਰੱਬ ਨੂੰ ਅਰਦਾਸਾਂ ਕਰਦਾ ਕਿ ਸਰਪੰਚ, ਨੰਬਰਦਾਰ ਤੇ ਸਾਰੇ ਪੁਲਿਸ ਵਾਲਿਆਂ ਨੂੰ ਕੁੰਭੀ ਨਰਕ ਵਿਚ ਪਾਈਂ।

ਭਾਬੀ ਸੁਭਾਅ ਦੀ ਚੰਗੀ ਸੀ, ਪਰ ਉਹ ਬੋਲਦੀ ਬਹੁਤ ਘੱਟ ਸੀ। ਬੇਬੇ ਉਹਨੂੰ ਕੋਈ ਕੰਮ ਵੀ ਨਾ ਕਰਨ ਦਿੰਦੀ ਸਗੋਂ ਆਪ ਸਾਰਾ ਦਿਨ ਉਰੀ ਵਾਂਗੂ ਘੂਕਦੀ ਰਹਿੰਦੀ। ਪੱਤੀ ਦੀਆਂ ਕਈ ਬੁੜ੍ਹੀਆਂ ਬੇਬੇ ਨੂੰ ਗੱਲੀਂ-ਗੱਲੀਂ ਆਖਦੀਆਂ ਵੀ, "ਗੁਰਦੇਵ ਕੁਰੇ ਨੂੰਹ ਕੂਲੀ ਨਾ ਰੱਖੀਏ।" ਬੇਬੇ ਹੱਸ ਕੇ ਟਾਲ ਦਿੰਦੀ," 'ਸਾਰੀ ਉਮਰ ਈ ਪਈ ਐ ਕੰਮ ਕਰਨ ਨੂੰ" ਪਰ ਪੱਤੀ ਦੀਆਂ ਬੁੜ੍ਹੀਆਂ ਨੂੰ ਬੇਬੇ ਦੀ ਇਹ ਗੱਲ ਹਜ਼ਮ ਨਾ ਹੁੰਦੀ। ਉਹ ਪਿੱਠ ਪਿੱਛੇ ਤਰ੍ਹਾਂ-ਤਰ੍ਹਾਂ ਦੀਆਂ 'ਗੁੱਝੀਆਂ' ਗੱਲਾਂ ਕਰਦੀਆਂ, ਜਿਹੜੀਆਂ ਬੇਬੇ ਨੂੰ ਕੋਈ ਨਾ ਕੋਈ ਘਰਾਂ ਦੀ ਬੁੜ੍ਹੀ ਆ ਕੇ ਦੱਸ ਜਾਂਦੀ, 'ਮਲਵੈਣਾਂ ਚੁਗਲਖੋਰਾਂ' ਕਹਿੰਦੀ ਹੋਈ ਬੇਬੇ ਤਾੜੀ ਮਾਰ ਕੇ ਹੱਸ ਪੈਂਦੀ। ਬੇਬੇ ਨੂੰ ਆਪ ਮਾਝੇ ਦੀ ਜੱਟੀ ਹੋਣ ਦਾ ਗੁਮਾਨ ਸੀ। ਉਹ ਆਪਣੇ ਆਪ ਨੂੰ 'ਮਾਝੇ ਦੀ ਜੱਟੀ' ਅਖਵਾ ਕੇ ਖ਼ੁਸ਼ ਵੀ ਸੀ।

ਘਰ ਦੀ ਹਾਲਤ ਦਿਨੋਂ-ਦਿਨ ਨਿਘਰਦੀ ਗਈ। ਬਾਈ ਤਾਰੀ ਜਾਨ ਤੋੜ ਕੇ ਕੰਮ ਕਰਦਾ ਪਰ ਪੱਲੇ ਕੁਝ ਨਾ ਪੈਂਦਾ। ਮੀਹਾਂ ਵਿਚ ਘਰ ਢਹਿ ਗਿਆ ਤੇ ਰਹਿੰਦੀ ਕਸਰ ਨੂੰ ਮੀਨਾ ਬਲਦ ਮਰ ਗਿਆ। ਜੇਲ੍ਹ ਵਿਚੋਂ ਬਾਪੂ ਦੀ ਚਿੱਠੀ ਆਈ। ਉਹ ਬਿਮਾਰ ਸੀ, ਚਿੱਠੀ ਉਹਨੇ ਕਿਸੇ ਨਾਲ ਦੇ ਕੈਦੀ ਤੋਂ ਮਸਾਂ ਲਿਖਵਾ ਕੇ ਭੇਜੀ ਸੀ। ਜੇਲ੍ਹ ਵਿਚ ਉਹ ਮਰਨ ਕਿਨਾਰੇ ਪਿਆ ਮੌਤ ਮੰਗ ਰਿਹਾ ਸੀ। ਬਾਈ ਤਾਰੀ ਨੇ ਦੂਜਾ ਬਲਦ ਵੇਚ ਕੇ ਬਖਤੌਰੇ ਨੂੰ ਨਾਲ ਲੈ ਕੇ ਕਿਸੇ ਅਫ਼ਸਰ ਰਾਹੀਂ ਬਾਪੂ ਨੂੰ ਬਾਹਰੋਂ ਦਵਾਈ ਭੇਜੀ। ਮੇਰੀ ਪੜ੍ਹਾਈ ਛੁੱਟ ਗਈ। ਮੈਂ ਵੀ ਖੇਤੀ ਵਿਚ ਬਾਈ ਦਾ ਹੱਥ ਵਟਾਉਣ ਲੱਗਿਆ। ਮੀਂਹ ਦਾ ਪਾਣੀ ਖੇਤ ਵਿਚੋਂ ਸੁੱਕਿਆ ਤਾਂ ਅਸੀਂ ਬਖਤੌਰੇ ਦੇ ਬਲਦਾਂ ਨਾਲ ਵਾਹ ਕੇ ਮੱਕੀ ਬੀਜ ਦਿੱਤੀ। ਇਸ ਵਾਰੀ ਆੜ੍ਹਤੀਆਂ ਦਾ ਪੈਸਾ ਨਾ ਮੁੜਿਆ, ਉਹ ਹਰ ਐਤਵਾਰ ਕਾਰ ਲੈ ਕੇ ਸਾਡੇ ਬਾਰ ਵਿਚ ਆ ਖੜ੍ਹਦਾ ਤੇ ਲੋਕਾਂ ਨੂੰ ਸੁਣਾ-ਸੁਣਾ ਕੇ ਸਾਡੇ ਨਾਲ ਕੁਪੱਤ ਕਰਦਾ। ਬਾਈ ਤਾਰੀ ਉਹਨੂੰ ਤਾਂ ਕੁਝ ਨਾ ਆਖਦਾ ਪਰ ਰਾਤ ਨੂੰ ਸ਼ਰਾਬ ਪੀ ਕੇ ਸਰਪੰਚ ਤੇ ਨੰਬਰਦਾਰ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ।

ਬਾਝ ਪਿਆਰੇ ਮਾਰਾਂ ਨਾਹਰੇ,
ਚਸ਼ਮਾਂ ਮੇਰੀਆਂ ਛਮ ਛਮ ਛਮ। -ਕਿਸ਼ਨ ਸਿੰਘ ਆਰਿਫ਼

ਬਾਈ ਤਾਰੀ ਦਾ ਸ਼ੱਕ ਸੀ ਕਿ ਨੰਬਰਦਾਰ ਤੇ ਸਰਪੰਚ ਦੀ ਸ਼ਹਿ *ਤੇ ਆੜ੍ਹਤੀਆ ਜਾਣ ਕੇ ਤੰਗ ਕਰਦਾ, ਸਭ ਨੂੰ ਪਤਾ ਫਸਲਾਂ ਮਰ ਗਈਆਂ। ਉਨ੍ਹਾਂ ਦੀ ਅੱਖ ਸਾਡੀ ਰਹਿੰਦੀ ਜ਼ਮੀਨ 'ਤੇ ਸੀ।

ਆਖ਼ਰ ਇਕ ਦਿਨ ਆੜ੍ਹਤੀਆ ਪੁਲਿਸ ਲੈ ਕੇ ਆ ਗਿਆ। ਪੁਲਿਸ ਨੇ ਬਾਈ ਤਾਰੀ ਨੂੰ ਆ ਦਬੋਚਿਆ। ਮੈਂ ਮੱਕੀ ਦੀ ਰਾਖੀ ਗਿਆ ਹੋਇਆ ਸੀ। ਮੈਨੂੰ ਖੇਤ ਜਾ ਕੇ ਚਾਚੇ ਬੂੜੇ ਨੇ ਦੱਸ ਦਿੱਤਾ ਕਿ ਅੱਜ ਦਿਨ ਢਲੇ ਤੋਂ ਘਰੇ ਜਾਵਾਂ, ਪੁਲਸ ਦਾ ਕੋਈ ਵਸਾਹ ਨਹੀਂ ਸੀ। ਥਾਣੇਦਾਰ ਜਾਂਦਾ ਕਹਿ ਵੀ ਗਿਆ ਸੀ ਕਿ "ਪੰਜਾਂ ਦਿਨਾਂ ਵਿਚ ਜਾਂ ਤਾਂ ਪੈਸੇ ਦੇ ਦੇਵੋਂ ਜਾਂ ਜ਼ਮੀਨ ਤੇ ਘਰ ਕੁਰਕ।" ਉਹਨੇ ਤਾਰੀ ਦੇ ਥੱਪੜ ਵੀ ਮਾਰੇ ਤੇ ਗਾਲ੍ਹਾਂ ਵੀ ਕੱਢੀਆਂ ਸੀ। ਸਿਪਾਹੀਆਂ ਨੂੰ ਤਾਰੀ ਨੂੰ ਨੂੜ ਕੇ ਜੀਪ ਦੇ ਪਿਛਲੇ ਪਾਸੇ ਸਿੱਟਣ ਦਾ ਆਖਿਆ ਸੀ। ਬਾਈ ਤਾਰੀ ਦੀ ਪੱਗ ਨਾਲ ਨੂੜ ਕੇ ਉਹਨੂੰ ਜੀਪ ਵਿਚ ਸੁੱਟ ਲਿਆ ਸੀ ਜਿਵੇਂ ਕਸਾਈ ਬੱਕਰਾ ਖ਼ਰੀਦ ਕੇ ਮਾਰਨ ਲਈ ਸਾਈਕਲ ਦੀ ਪਿਛਲੀ ਕਾਠੀ 'ਤੇ ਬੰਨ੍ਹੇ ਟੋਕਰੇ ਵਿਚ ਨੂੜ ਕੇ ਸਿੱਟ ਲੈਂਦਾ ਹੈ। ਸੁਣ ਕੇ ਮੇਰੇ ਸਿਰ ਤੋਂ ਪੈਰ੍ਹਾਂ ਤੱਕ ਸੇਕ ਨਿਕਲ ਗਿਆ। ਸਾਰਾ ਕੁਝ ਘੁੰਮਦਾ ਦਿਸਣ ਲੱਗਿਆ, ਮੇਰਾ ਮਰਨ ਨੂੰ ਦਿਲ ਕੀਤਾ। ਦਿਨ ਚੜ੍ਹੇ ਤੋਂ ਮੈਂ ਤੇ ਚਾਚਾ ਬੂੜਾ, ਬਾਈ ਬਖਤੌਰੇ ਕੋਲ ਗਏ, ਉਹਨੂੰ ਨਾਲ ਲੈ ਕੇ ਸ਼ਹਿਰ ਥਾਣੇ ਗਏ ਤਾਂ ਸਾਡੇ ਤੋਂ ਪਹਿਲਾਂ ਹੀ ਸਰਪੰਚ ਤੇ ਨੰਬਰਦਾਰ ਮੋਟਰਸਾਈਕਲ 'ਤੇ ਥਾਣੇ ਪਹੁੰਚੇ ਖੜ੍ਹੇ ਸੀ। ਉਨ੍ਹਾਂ ਨੇ ਬਾਈ ਤਾਰੀ ਨੂੰ ਛੁਡਾ ਲਿਆ ਸੀ। ਆੜ੍ਹਤੀਏ ਨੂੰ ਅੱਧੇ ਪੈਸੇ ਨੰਬਰਦਾਰ ਨੇ ਦੇਣੇ ਸੀ, ਬਾਕੀ ਅਗਲੀ ਫ਼ਸਲ 'ਤੇ ਅਸੀਂ ਦੇਣੇ ਸੀ। ਨੰਬਰਦਾਰ ਨਾਲ ਪੈਸਿਆਂ ਦੇ ਬਦਲੇ ਮੈਂ ਤੇ ਬਾਈ ਨੇ ਉਨ੍ਹਾਂ ਨਾਲ ਖੇਤੀ ਦਾ ਮਾੜਾ ਮੋਟਾ ਕੰਮ ਇਕ ਸਾਲ ਕਰਵਾਉਣਾ ਸੀ।

ਉਸ ਦਿਨ ਤੋਂ ਬਾਅਦ ਸਰਪੰਚ ਤੇ ਨੰਬਰਦਾਰ ਦੇ ਘਰੇ ਬਾਈ ਤਾਰੀ ਦੀ ਆਉਣੀ ਜਾਣੀ ਵੱਧ ਗਈ। ਮੈਨੂੰ ਉਹ ਉਨ੍ਹਾਂ ਦੇ ਕੰਮ 'ਤੇ ਨਹੀਂ ਸੀ ਜਾਣ ਦਿੰਦਾ। ਬਾਈ ਤਾਰੀ ਸਰਪੰਚਾਂ ਦੇ ਟਰੈਕਟਰ ਨਾਲ ਘਰ ਦੀ ਜ਼ਮੀਨ ਵੀ ਵਾਹ-ਬੀਜ ਲੈਂਦਾ ਸੀ। ਬੇਬੇ, ਬਾਈ ਦੀ ਉਨ੍ਹਾਂ ਨਾਲ ਨੇੜਤਾ ਤੋਂ ਖ਼ੁਸ਼ ਨਹੀਂ ਸੀ। ਉਹ ਬਾਈ ਨੂੰ ਟੋਕਦੀ ਰਹਿੰਦੀ ਪਰ ਉਹ ਬੇਬੇ ਦੀ ਗੱਲ ਨੂੰ ਨਾ ਗੌਲਦਾ। ਜਦੋਂ ਬੇਬੇ ਉਹਨੂੰ ਜ਼ਿਆਦਾ ਵਰਜਦੀ ਤਾਂ ਉਹ ਘਰੋਂ ਬਾਹਰ ਕਈ ਰਾਤਾਂ ਲਾ ਆਉਂਦਾ, ਜਦੋਂ ਘਰੇ ਮੁੜਦਾ ਤਾਂ ਬੇਬੇ ਨੂੰ ਮੱਥਾ ਟੇਕਦਾ ਨੋਟਾਂ ਦੀ ਥਈ ਫੜਾਉਂਦਾ ਕਹਿੰਦਾ, "ਬੇਬੇ ਸਮਝ ਲੈ ਚਰਾਸੀ ਕੱਟੀ ਗਈ।"

"ਪੁੱਤ ਸੱਪ ਕਦੇ ਮਿੱਤ ਨ੍ਹੀ ਹੁੰਦੇ।" ਕਹਿੰਦਿਆਂ ਬੇਬੇ ਅਣਮੰਨੇ ਮਨ ਨਾਲ ਨੋਟ ਫੜਦੀ ਚੌਂਕੇ ਵੱਲ ਤੁਰ ਪੈਂਦੀ।

"ਬੇਬੇ ਆਪਾਂ ਵੀ ਬਖਤੌਰੇ ਨਾਥ ਦੇ ਚੇਲੇ ਐਂ, ਸੋਲਾਂ ਪੱਤਣਾਂ ਦੇ ਤਾਰੂ, ਪੂਰੇ ਗਾਰੜੂ।" ਕਹਿ ਕੇ ਬਾਈ ਮੰਜੇ 'ਤੇ ਇਸ ਤਰ੍ਹਾਂ ਪੈ ਜਾਂਦਾ ਜਿਵੇਂ ਪੰਜਾਹ ਕੋਹ ਤੁਰ ਕੇ ਆਇਆ ਹੋਵੇ। ਦੋ-ਤਿੰਨ ਦਿਨ ਉਹ ਘਰੇ ਰਹਿੰਦਾ, ਖੇਤ ਫ਼ਸਲ ਦੇਖਦਾ, ਮੇਰੇ ਨਾਲ ਕੰਮ ਕਰਵਾਉਂਦਾ ਤੇ ਫੇਰ ਕਿਸੇ ਪਾਸੇ ਨਿਕਲ ਜਾਂਦਾ। ਇਕ ਸਾਲ ਬਾਈ ਏਸ ਤਰ੍ਹਾਂ ਕਈ-ਕਈ ਰਾਤਾਂ ਬਾਹਰ ਕੱਟਦਾ ਰਿਹਾ। ਇਕ ਦਿਨ ਪੋਹ ਦੀ ਚਾਨਣੀ ਰਾਤ ਵਿਚ ਗਿਆ ਉਹ ਮਾਘ ਮਹੀਨੇ ਤੱਕ ਵਾਪਸ ਨਾ ਆਇਆ ਤਾਂ ਮੈਨੂੰ ਤੇ ਬੇਬੇ ਨੂੰ ਫ਼ਿਕਰ ਪੈ ਗਿਆ। ਬੇਬੇ ਨੇ ਬਾਈ ਦਾ ਪਤਾ ਕਰਨ ਲਈ ਮੈਨੂੰ ਸਰਪੰਚ ਦੇ ਘਰੇ ਭੇਜ ਦਿੱਤਾ। ਸਰਪੰਚ ਮੈਨੂੰ ਸੂਈ ਕੁੱਤੀ ਵਾਂਗੂ ਭੱਜ ਕੇ ਪਿਆ, "ਮੈਂ ਤੇਰੇ ਬਾਈ ਦਾ ਠੇਕਾ ਲਿਆ, ਪਿੰਡ ਵਿਚ ਸੌ ਲੁੱਚੇ ਲੈਂਡੇ ਐ, ਮੈਂ ਉਨ੍ਹਾਂ ਦੀਆਂ ਪੈੜਾਂ ਕੱਢਦਾ ਰਿਹਾ ਕਰਾਂ, ਕਾਹਨੂੰ ਮੈਨੂੰ ਕੋਈ ਹੋਰ ਕੰਮ ਐ।"

"ਜੀ ਉਹ ਥੋਡੇ ਘਰੇ...।" ਮੈਂ ਮਸਾਂ ਹੀ ਬੋਲਿਆ ਸੀ ਕਿ ਉਹ ਮੇਰੀ ਗੱਲ ਪੂਰੀ ਕਰਨ ਤੋਂ ਪਹਿਲਾਂ ਈ ਹਰਖ ਕੇ ਬੋਲਿਆ। "ਕਿਉਂ ਮੇਰੇ ਨਾਲ ਓਹਦੀ ਪੱਗ ਵਟਾਈ ਸੀ, ਮੇਰੇ ਘਰੇ ਉਹ ਬੂੰ...ਮ... ਆਉਂਦਾ ਸੀ, ਜਿਹੋ ਜਾ ਪਿਉ ਬਲੈਕੀਆ ਸੀ ਉਹੋ ਜਾ ਪੁੱਤ ਐ... ਦਫ਼ਾ ਹੋ ਜਾ ਮੇਰੇ ਘਰੋਂ, ਨਹੀਂ ਪੁਲਿਸ ਰਿਪੋਰਟ ਕਰ ਦੂੰ ਤੇਰੀ ਵੀ... ਸਾਲੇ... ਲੰਡਰ... ਮਲੰਗ ਜੱਟ ... ਜੂਠ ... ਭੈਣ... ਦੇ ... ਛੋ... ਲੇ।" ਸਰਪੰਚ ਦੇ ਮੂੰਹ ਵਿਚੋਂ ਅੱਗ ਵਰ੍ਹ ਰਹੀ ਸੀ। ਜੇ ਮੈਂ ਉਹਦੇ ਅੱਗੇ ਕੁਝ ਬੋਲਦਾ ਤਾਂ ਉਸ ਨੇ ਜ਼ਰੂਰ ਮੇਰੇ 'ਤੇ ਹੱਥ ਚੁੱਕ ਲੈਣਾ ਸੀ। ਮੈਨੂੰ ਠੰਢ ਦੇ ਮਹੀਨੇ ਵਿਚ ਵੀ ਮੁੜਕਾ ਆ ਗਿਆ। ਸਾਰੇ ਸਰੀਰ ਦੀ ਸੱਤਿਆ ਨਿਕਲ ਗਈ। ਘਰੇ ਮੈਂ ਠੇਡੇ ਖਾਂਦਾ-ਖਾਂਦਾ ਮਸਾਂ ਅਪੜਿਆ। ਘਰੇ ਵੜਦੇ ਸਾਰ ਮੇਰਾ ਰੋਣ ਨਿਕਲ ਗਿਆ, ਸਰਪੰਚ ਦੀਆਂ ਦਿੱਤੀਆਂ ਗਾਲ੍ਹਾਂ ਮੇਰੇ ਅੰਦਰ ਅੱਗ ਲਾ ਰਹੀਆਂ ਸਨ ਤੇ ਪੁਲਿਸ ਦਾ ਡਰ ਸਰੀਰ ਦੇ ਲੂੰ ਕੰਡੇ ਖੜ੍ਹੇ ਕਰ ਰਿਹਾ ਸੀ। ਮੇਰਾ ਅੱਜ ਫਿਰ ਮਰਨ ਨੂੰ ਦਿਲ ਕੀਤਾ। ਬੇਬੇ ਮੇਰੇ ਮੋਢੇ 'ਤੇ ਥਾਪੜਾ ਮਾਰ ਕੇ ਹੱਸਣ ਲੱਗ ਪਈ, "ਵੇਖ ਖਾਂ' ਕਮਲਾ ਨਾ ਹੋਵੇ ਤਾਂ, ਜੱਟਾਂ ਦੇ ਪੁੱਤ ਤੇਰੇ ਅਰਗੇ ਹੁੰਦੇ ਐ... ਜਵਾਕਾਂ ਵਾਂਗੂ ਡੁਸਕਣ ਡਹਿ ਪਿਐਂ।" ਬੇਬੇ ਨੂੰ ਮੇਰਾ ਰੋਣਾ ਜਵਾਕਾਂ ਵਾਲੀ ਗੱਲ ਲੱਗ ਰਹੀ ਸੀ।

"ਜੇ ਪੁਲਿਸ ਰਿਪੋਰਟ ਹੋ ਗਈ।" ਮੈਂ ਦਿਲ ਦਾ ਡਰ ਦੱਸਿਆ। "ਪੁਲਿਸ ਰਿਪੋਰਟ ਬੰਦਿਆਂ 'ਤੇ ਈ ਹੁੰਦੀਆਂ, ਨਾਲੇ ਤੂੰ ਕਿਹੜਾ ਸਰਪੰਚ ਦੀ ਕੁੜੀ ਕੱਢ ਲਿਆਇਆਂ।" ਬੇਬੇ ਪੂਰੇ ਤਾਅ ਵਿਚ ਆ ਗਈ ਸੀ। ਮੈਨੂੰ ਹੌਸਲਾ ਹੋ ਗਿਆ, ਗੱਲ ਵੀ ਬੇਬੇ ਦੀ ਠੀਕ ਸੀ, ਸਰਪੰਚ ਨੇ ਮੈਨੂੰ ਭਜਾਉਣ ਲਈ ਦਬਕਾ ਮਾਰਿਆ ਸੀ। ਬੇਬੇ ਕਿਸੇ ਵੀ ਗੱਲ ਤੋਂ ਡਰਦੀ ਨਹੀਂ ਸੀ, ਉਸ ਨੇ ਬੜੇ ਉੱਚੇ ਨੀਵੇਂ ਦਿਨ ਦੇਖੇ ਸੀ। ਜੇ ਬਾਪੂ ਕਿਸੇ ਗੱਲ ਤੋਂ ਬੇਬੇ ਨੂੰ ਗਾਲ੍ਹਾਂ ਦਿੰਦਾ ਤਾਂ ਉਹ ਬੜੇ ਰੋਅਬ ਨਾਲ ਆਖਦੀ, "ਮੈਂ ਮਾਝੇ ਆਲਿਆਂ ਦੀ ਧੀ ਆਂ, ਫੋਕੇ ਦਬਕੜਿਆਂ ਤੋਂ ਨ੍ਹੀਂ ਡਰਦੀ।" ਬਾਪੂ ਉਸ ਨੂੰ ਚਿੜਾਉਣ ਲਈ 'ਚੋਰਾਂ ਦੀ ਧੀ' ਆਖਦਾ। ਬੇਬੇ ਤਾੜੀ ਮਾਰ ਕੇ ਹੱਸਣ ਲੱਗ ਪੈਂਦੀ।

ਬੇਬੇ ਦਾ ਚਾਚਾ ਰੌਲੇ ਤੋਂ ਪਹਿਲਾਂ ਮੱਝਾਂ ਦੀ ਚੋਰੀ ਦੇ ਕੇਸ ਵਿਚ ਕੈਦ ਹੋਇਆ ਸੀ। ਬੇਬੇ ਆਵਦੇ ਚਾਚੇ ਦੇ ਮੱਝਾਂ ਚੋਰੀ ਕਰਨ ਦੇ ਗੁਰ ਬੜੇ ਮਾਣ ਨਾਲ ਦੱਸਦੀ। ਬੇਬੇ ਨੂੰ ਤਾਂ ਇਸ ਗੱਲ 'ਤੇ ਵੀ ਬੜਾ ਮਾਣ ਸੀ ਕਿ ਵਿਆਹ ਤੋਂ ਪਹਿਲਾਂ ਉਹਨੇ ਖੇਤ ਪਾਣੀ ਦੀ ਲੜਾਈ 'ਤੇ ਇਕ ਬੰਦੇ ਦੀ ਬਾਂਹ ਗੰਡਾਸਾ ਮਾਰ ਕੇ ਵੱਢ ਦਿੱਤੀ ਸੀ। ਮੇਰਾ ਬਾਪੂ ਆਪਣੇ ਵਿਆਹ ਤੋਂ ਦੋ ਸਾਲ ਬਾਅਦ ਹੀ ਮੇਰੇ ਨਾਨਕੇ ਜਾਣੋਂ ਹਟ ਗਿਆ ਸੀ। ਹੌਲੀ-ਹੌਲੀ ਮੇਰੇ ਮਾਮੇ ਵੀ ਸਾਡੇ ਕੋਲੇ ਆਉਣੋਂ ਹਟ ਗਏ ਸਨ। ਬੇਬੇ ਨੇ ਵੀ ਮੇਰੇ ਨਾਨੇ ਦੇ ਮਰਨ ਤੋਂ ਬਾਅਦ ਪੇਕੇ ਜਾਣਾ ਬੰਦ ਕਰ ਦਿੱਤਾ ਸੀ।

ਬਾਰ੍ਹਵੇਂ ਦਿਨ ਪਤਾ ਲੱਗਿਆ ਬਾਈ ਤਾਰੀ ਰਾਜਸਥਾਨ ਤੋਂ ਅਫ਼ੀਮ ਲਈ ਆਉਂਦਾ ਪੁਲਿਸ ਨੇ ਫੜ ਲਿਆ ਸੀ। ਸਾਰੇ ਪਿੰਡ ਵਿਚ ਗੱਲ ਫੈਲ ਗਈ, ਤਾਰੀ ਫ਼ੀਮ ਦੀ ਬਲੈਕ ਕਰਦਾ। ਤਾਰੀ ਨੂੰ ਪੁਲਿਸ ਨੇ ਕੁੱਟਿਆ ਵੀ ਬਹੁਤ ਸੀ, ਉਹਨੇ ਸਰਪੰਚ ਤੇ ਨੰਬਰਦਾਰ ਦਾ ਨਾਂ ਲੈ ਦਿੱਤਾ ਸੀ ਕਿ ਇਨ੍ਹਾਂ ਦਾ ਹਿੱਸਾ-ਪੱਤੀ ਐ, ਪੱਕੇ ਗਾਹਕਾਂ ਤੱਕ ਸਪਲਾਈ ਇਨ੍ਹਾਂ ਦੋਹਾਂ ਰਾਹੀਂ ਹੁੰਦੀ ਸੀ। ਪੁਲਿਸ ਪਿੰਡ ਆ ਗਈ, ਸਰਪੰਚ ਤੇ ਨੰਬਰਦਾਰ ਦੇ ਘਰੇ ਪੁਲਿਸ ਪਹਿਲਾਂ ਗਈ।

ਸ਼ੀਸ਼ਮਹਿਲ ਲਈ ਇੱਕੋ ਪੱਥਰ ਕਾਫ਼ੀ ਏ,
ਝੁੱਗੀ ਵਾਲਿਓ ਐਵੇਂ ਹਿੰਮਤ ਹਾਰੋ ਨਾ। -ਜਮਾਲ ਹੁਸ਼ਿਆਰਪੁਰੀ

ਉਨ੍ਹਾਂ ਨੂੰ ਨਾਲ ਲੈ ਕੇ ਸਾਡੇ ਘਰੇ ਆ ਗਏ। ਮੈਂ ਪਹਿਲਾਂ ਹੀ ਚਾਚੇ ਬੂੜੇ ਅਮਲੀ ਦੇ ਘਰੇ ਜਾ ਲੁਕਿਆ ਸੀ, ਬੇਬੇ ਨੂੰ ਮੁਖਤਿਆਰੋਂ ਮਰਾਸਣ ਪੁਲਿਸ ਆਉਣ ਦਾ ਮੁਸ਼ਕ ਦੇ ਗਈ ਸੀ, ਬੇਬੇ ਨੇ ਪੈਸੇ ਤੇ ਤਾਰੀ ਦਾ ਬਚਿਆ ਮਾਲ ਕੰਧ ਵਿਚ ਬਣਾਈ ਖੜੋ ਵਿਚ ਸਿੱਟ ਕੇ ਅੱਗੇ ਇੱਟ ਲਾ ਦਿੱਤੀ ਸੀ ਤੇ ਮੈਨੂੰ ਭੱਜ ਜਾਣ ਨੂੰ ਕਹਿ ਦਿੱਤਾ ਸੀ।

ਚਾਚੀ ਸੀਤੋ ਨੇ ਮੈਨੂੰ ਸੰਦੂਕਾਂ ਵਾਲੀ ਸਵਾਤ ਵਿਚ ਬਿਠਾ ਕੇ ਅੱਗੇ ਬੂਹਾ ਬੰਦ ਕਰ ਦਿੱਤਾ। ਦੋ ਵਾਰੀ ਉਹ ਮੈਨੂੰ ਚਾਹ ਕਰਕੇ ਦੇ ਗਈ ਸੀ ਤੇ ਹੁਣ ਰੋਟੀ ਬਣਾ ਲਿਆਈ ਸੀ।

''ਪੁਲਿਸ ਜਾਂਦੀ ਰਹੀ, ਪੁਲਿਸ ਤੇ ਕੁੱਤੇ ਦਾ ਕੀ ਵਿਸਾਹ, ਨਹੀਂ ਤੂੰ ਅੱਜ ਏਥੇ ਈ ਰਹਿ।''

''ਬੱਸ ਭੁੱਖ ਨ੍ਹੀਂ।'' ਮੈਂ ਥਾਲੀ ਪਿੱਛੇ ਧਕਦਿਆਂ ਕਿਹਾ। ''ਖਾ ਲੈ ਕਿਉਂ ਝੋਰਾ ਕਰਦੈਂ, ਤੈਨੂੰ ਕੁਝ ਨੀ ਹੁੰਦੈ।'' ਕਹਿੰਦਿਆਂ ਚਾਚੀ ਹੱਸਣ ਲੱਗ ਪਈ ਤੇ ਧੱਕੇ ਨਾਲ ਈ ਥਾਲੀ ਮੇਰੇ ਹੱਥ ਵਿਚ ਫੜਾ ਦਿੱਤੀ। ਮੈਨੂੰ ਉਸਦੀ ਹਾਸੀ ਬੜੀ ਓਪਰੀ ਤੇ ਭੈੜੀ ਲੱਗੀ।

ਚਾਚੀ ਦੀ ਹੱਸਣ ਦੀ ਆਦਤ ਤੋਂ ਪਿੰਡ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਤੁਰੀਆਂ ਹੋਈਆਂ ਸੀ। ਲੋਕਾਂ ਨੇ ਉਹਦਾ ਨਾਂ 'ਮੋਮੋਠੱਗਣੀ' ਵੀ ਰੱਖਿਆ ਹੋਇਆ ਸੀ, ਪਰ ਉਹ ਚਾਚੇ ਬੂੜੇ ਨਾਲ ਨਹੀਂ ਸੀ ਹੱਸਦੀ। ਦੋਹਾਂ ਦੀ ਉਮਰ ਵਿਚ ਬਹੁਤ ਫ਼ਰਕ ਸੀ। ਚਾਚਾ ਬੂੜਾ ਚਾਚੀ ਤੋਂ ਵੀਹ ਸਾਲ ਵੱਡਾ ਸੀ। ਛੋਟੀ ਉਮਰ ਵਿਚ ਮਾਂ-ਪਿਓ ਮਰ ਗਏ, ਵੱਡੇ ਭਰਾਵਾਂ ਨੇ ਜ਼ਮੀਨ ਘੱਟ ਦਿੱਤੀ, ਚਾਚਾ ਟਰੱਕਾਂ ਵਾਲਿਆਂ ਨਾਲ ਤੁਰਿਆ ਫਿਰਿਆ। ਇਸ ਕੰਮ ਵਿਚ ਉਹਨੂੰ ਬਣਿਆ ਤਾਂ ਕੁਝ ਨਹੀਂ, ਸਗੋਂ ਫ਼ੀਮ ਖਾਣ ਦਾ ਰੋਗ ਵੱਖਰਾ ਲੱਗ ਗਿਆ। ਵਿਆਹ ਦੀ ਉਮਰ ਨਿਕਲ ਗਈ। ਚਾਚੇ ਨੇ ਪਿਛਲੀ ਉਮਰੇ ਆਪਣੇ ਇਕ ਅਮਲੀ ਯਾਰ ਦੇ ਸਹੁਰਿਆਂ ਤੋਂ ਨਾਈਆਂ ਦੀ ਕੁੜੀ ਮੁੱਲ ਲੈ ਆਂਦੀ। ਪਿੰਡ ਵਿਚ ਬਹੁਤ ਗੱਲਾਂ ਫੈਲੀਆਂ, ਕੋਈ ਕਹਿੰਦਾ ਕੁਵਾਰੀ ਦੇ ਜਵਾਕ ਹੋ ਗਿਆ ਸੀ, ਕਿਸੇ ਨਾਲ ਨਿਕਲ ਗਈ ਸੀ, ਤਲਾਕ ਹੋ ਗਿਆ ਸੀ, ਵਿਧਵਾ, ਛੁੱਟੜ ਐ, ਜਿੰਨੇ ਮੂੰਹ ਓਨੀਆਂ ਗੱਲਾਂ। ਚਾਚਾ ਫ਼ੀਮ ਦੀ ਲੋਰ ਵਿਚ ਆਪਣਾ ਟੋਟਕਾ ਛੱਡ ਕੇ ਸਭ ਦਾ ਮੂੰਹ ਬੰਦ ਕਰ ਦਿੰਦਾ, "ਦੋ ਹਜ਼ਾਰ 'ਚ ਤਾਂ ਝੋਟੀ ਨੀ ਆਉਂਦੀ, ਤੀਵੀਂ ਮਿਲਗੀ ਦੁੱਧ ਅਰਗੀ, ਰੋਟੀ ਪੱਕੀ ਜਾਊ, ਪਹਿਲਾਂ ਕੀ ਕਰਦੀ ਸੀ, ਕਿਹਦੀ ਹੈਗੀ ਐ ਆਪਾਂ ਕੀ ਲੈਣਾ।" ਲੋਕੀ ਹੱਸ ਕੇ ਚੁੱਪ ਕਰ ਜਾਂਦੇ।

ਉਸ ਰਾਤ ਮੈਂ ਚਾਚੇ ਬੂੜੇ ਕੇ ਘਰ ਹੀ ਰਿਹਾ, ਦਿਨ ਦੇ ਛਿਪਾਅ ਨਾਲ ਬੇਬੇ ਰੋਟੀ ਦੇਣ ਆ ਗਈ। ਚਾਚੀ ਬੇਬੇ ਦੇ ਹੱਥ ਵਿਚ ਥਾਲੀ ਵੇਖ ਕੇ ਨਾਰਾਜ਼ ਹੁੰਦੀ ਬੋਲੀ, ''ਬੇਬੇ ਜੀ ਮੇਰਾ ਵੀ ਇਹ ਕੁਛ ਲੱਗਦੈ, ਮੈਂ ਪਕਾ ਲੀ ਰੋਟੀ, ਬਸ ਥਾਲੀ ਇਉਂ ਈ ਮੋੜ ਕੇ ਲੈ ਜਾ।'' ਚਾਚੀ ਤੇ ਘਰਾਂ ਦੀਆਂ ਹੋਰ ਬੁੜ੍ਹੀਆਂ ਨੂੰ ਪਤਾ ਸੀ ਬੇਬੇ ਸਾਂਝੇ ਕੰਮ 'ਤੇ ਦੁੱਖ-ਸੁੱਖ 'ਤੇ ਰੋਟੀ-ਪਾਣੀ ਵੰਨੀਓਂ ਪਿੱਛੇ ਨਹੀਂ ਸੀ ਹੱਟਦੀ, ਅੱਜ ਤਾਂ ਉਹਨੂੰ ਮੇਰਾ 'ਖ਼ਾਸ' ਖ਼ਿਆਲ ਸੀ। ਬੇਬੇ ਆਪ ਭੁੱਖੀ ਰਹਿ ਕੇ ਵੀ ਸਾਡਾ ਢਿੱਡ ਭਰਦੀ ਰਹੀ ਸੀ। ਲੋਕੀਂ ਉਹਨੂੰ ਸਾਡਾ 'ਬਿਨਾਂ ਪੱਗ ਤੋਂ ਪਿਓ' ਆਖਦੇ ਸਨ। ''ਤੇਰਾ ਸਭ ਕੁਝ ਲੱਗਦੈ। ਬੇਬੇ ਨੇ ਪਤਾ ਨਹੀਂ ਕਿਹੜੇ ਮਾਣ ਵਿਚ ਕਹਿ ਦਿੱਤਾ ਤੇ ਹੱਥ ਵਾਲੀ ਥਾਲੀ ਹੱਥ ਵਿਚ ਹੀ ਰੱਖੀ। ਮੰਜੇ ਉੱਪਰ ਬੈਠਦੇ ਸਾਰ ਬੇਬੇ ਪੁਲਿਸ ਦੀਆਂ ਧਮਕੀਆਂ ਦੱਸਣ ਲੱਗ ਪਈ, ''ਥਾਣੇਦਾਰ ਚਾਰ ਲਗੌੜਾਂ ਨਾਲ ਘਰੇ ਆਇਆ ਸੀ, ਤਾਰੀ ਤੇ ਬਖਤੌਰੇ ਬਾਰੇ ਪੁੱਛਦੈ ਰਿਹਾ, ਮੈਂ ਅੱਗੇ ਲਾਹੌਰੀ ਪੱਤੇ ਖੇਡਦੀ ਰਹੀ।'' ਕਹਿ ਕੇ ਬੇਬੇ ਚਾਚੀ ਦੇ ਮੋਢੇ 'ਤੇ ਹੱਥ ਮਾਰ ਕੇ ਹੱਸਣ ਲੱਗ ਪਈ। ਚਾਚੀ ਵੀ ਉੱਚੀ-ਉੱਚੀ ਤਾੜੀ ਮਾਰ ਕੇ ਹੱਸਣ ਲੱਗ ਗਈ। ਮੈਨੂੰ ਉਨ੍ਹਾਂ ਦੀ ਹਾਸੀ ਕਮਲਿਆਂ ਵਾਲੀ ਗੱਲ ਲੱਗੀ। ਮੈਂ ਮੰਜੇ 'ਤੇ ਬੈਠ ਕੇ 'ਕੁਝ' ਸੋਚਣ ਲੱਗ ਪਿਆ। ਬੇਬੇ ਤੇ ਚਾਚੀ ਕਿੰਨਾ ਚਿਰ ਹੀ ਗੱਲਾਂ ਕਰਦੀਆਂ ਰਹੀਆਂ। ਫੇਰ ਬੇਬੇ ਚਲੀ ਗਈ।

...ਚਾਚਾ ਬੂੜਾ ਤਾਰੇ ਨਿਕਲਿਆਂ ਤੋਂ ਘਰੇ ਆਇਆ, ਉਸ ਨੇ ਆ ਕੇ ਦੱਸਿਆ ਸਾਰਾ ਪਿੰਡ ਸਰਪੰਚ ਤੇ ਨੰਬਰਦਾਰ ਨੂੰ ਲਾਣ੍ਹਤਾਂ ਪਾਈ ਜਾਂਦਾ। ਚਾਚਾ ਆਪ ਵੀ ਉਨ੍ਹਾਂ ਨੂੰ ਗਾਲਾਂ ਕੱਢਣ ਲੱਗ ਪਿਆ।

''ਆ ਅੰਦਰ ਬੈਠਦੇ ਆਂ, ਬਾਹਰ ਤਾਂ ਫੇਰੇ ਦੇਣ ਦੀ ਠੰਢ ਈ ਬਲਾਂ ਲੱਗੀ ਜਾਂਦੀ ਐ।'' ਕਹਿੰਦਾ ਚਾਚਾ ਸੰਦੂਕਾਂ ਵਾਲੀ ਸਵਾਤ ਦੇ ਨਾਲ ਵਾਲੀ ਵੱਡੀ ਸਵਾਤ ਵਿਚ ਵੜ ਗਿਆ। ਮੈਂ ਵੀ ਉਹਦੇ ਪਿੱਛੇ ਜਾਂਦਾ ਰਿਹਾ। ਸਵਾਤ ਵਿਚ ਦੋ ਮੰਜੇ ਡਾਹੇ ਪਏ ਸੀ ਜਿਨ੍ਹਾਂ *ਤੇ ਬਿਸਤਰੇ ਇਕੱਠੇ ਕੀਤੇ ਪਏ ਸੀ। ਹਨੇਰਾ ਕਰਕੇ ਸਵਾਤ ਵਿਚ ਹੋਰ ਕੁਝ ਦਿਖਾਈ ਨਹੀਂ ਸੀ ਦਿੰਦਾ। ਚਾਚੇ ਨੇ ਬੱਤੀ ਜਗਾਈ ਤਾਂ ਸਾਰੀ ਸਵਾਤ ਚਾਨਣ ਨਾਲ ਭਰ ਗਈ। ਸੱਜੀ ਕੰਧ ਨਾਲ ਖੜ੍ਹੇ ਦੋ ਮੰਜਿਆਂ ਦੇ ਨਾਲ ਕਣਕ ਦੇ ਗੱਟੇ ਪਏ ਸੀ ਜਿਨ੍ਹਾਂ 'ਤੇ ਪੱਲੀ ਦਿੱਤੀ ਪਈ ਸੀ। ਖੱਬੇ ਪਾਸੇ ਵਾਲੀ ਕੰਧ ਨਾਲ ਚਰਖਾ ਖੜ੍ਹਾ ਕੀਤਾ ਪਿਆ ਸੀ, ਜਿਸ ਦੇ ਨਾਲ ਕਹੀ, ਦਾਤੀਆਂ, ਪੁਰਾਣੇ ਰੱਸੇ, ਟੁੱਟੀ ਮਧਾਣੀ ਤੇ ਚੱਕਮਾ ਚੁੱਲ੍ਹਾ ਪਿਆ ਸੀ।

''ਲੈ ਕਰ ਲੈ ਬਿਸਤਰਾ ਸਿੱਧਾ ਤੇ ਮੈਂ ਆਇਆ।'' ਕਹਿੰਦਾ ਚਾਚਾ ਦੇਹਲੀਓਂ ਬਾਹਰ ਹੋ ਗਿਆ। ਇਕ ਮੰਜੇ 'ਅੰਦਰ' ਆ ਗਿਆ। ਚਾਚੀ ਪਾਣੀ ਦੀ ਗੜਵੀ ਤੇ ਅੰਬ ਦੇ ਚਾਰ ਦੀ ਕੌਲੀ ਫੜਾ ਗਈ। ਮੇਰੇ ਮੰਜੇ ਦੀ ਪੈਂਦੀ ਬਹਿ ਕੇ ਚਾਚੇ ਨੇ ਦੋਵੇਂ ਗਲਾਸਾਂ ਵਿਚ ਸ਼ਰਾਬ ਪਾ ਕੇ ਪਾਣੀ ਪਾ ਲਿਆ।

''ਲੈ ਕਰ ਦੇਵੀ-ਦੇਵਤੇ ਯਾਦ ਤੇ ਬਣ ਜਾ ਸ਼ਿਵਾ ਦਾ ਬੇਫ਼ਿਕਰਾ ਭਗਤ।'' ਚਾਚੇ ਨੇ ਇਕ ਗਲਾਸ ਮੇਰੇ ਵੱਲ ਵਧਾਉਂਦਿਆਂ ਕਿਹਾ।

''ਨਾ, ਕਦੰਤ ਨ੍ਹੀ, ਚਾਚਾ ਸਿਆਂ ਤੈਨੂੰ ਪਤਾ ਈ ਐ।" ਮੈਂ ਸਿਰ ਮਾਰ ਦਿੱਤਾ।

''ਪੀ ਲੈ ਕਿਉਂ ਕੁੜੀਆਂ ਆਂਗੂ ਸੰਗੀ ਜਾਨੈਂ।'' ਚਾਚੀ ਪਤਾ ਨਹੀਂ ਕਦੋਂ ਅੰਦਰ ਆ ਗਈ ਸੀ। ਚਾਚੀ ਨੇ ਗਲਾਸ ਚਾਚੇ ਤੋਂ ਫੜ ਕੇ ਮੇਰੇ ਮੂੰਹ ਨੂੰ ਲਾ ਦਿੱਤਾ। ਮੇਰਾ ਦਿਲ ਸ਼ਰਾਬ ਪੀਣ ਨੂੰ ਨਹੀਂ ਸੀ ਮੰਨਦਾ, ਮੈਂ ਚਾਚੀ ਤੋਂ ਗਲਾਸ ਫੜ ਲਿਆ। ਚਾਚੇ ਨੇ ਆਵਦੇ ਵਾਲੇ ਗਲਾਸ ਵਿਚ ਖੱਬੇ ਹੱਥ ਦੀਆਂ ਉਂਗਲਾਂ ਭਿਉਂ ਕੇ ਧਰਤੀ 'ਤੇ ਛਿੱਟੇ ਮਾਰੇ ਤੇ ਗਲਾਸ ਮੂੰਹ ਨੂੰ ਲਾ ਕੇ ਅੱਖਾਂ ਮੀਚ ਕੇ ਇੱਕੋ ਸਾਹ ਵਿਚ ਖ਼ਾਲੀ ਕਰਕੇ ਚਾਦਰ ਦੇ ਲੜ ਨਾਲ ਮੁੱਛਾਂ ਪੂੰਝਣ ਲੱਗ ਪਿਆ।

''ਖਿਚ ਵੀ ਯਾਰ।'' ਕਹਿੰਦਿਆਂ ਚਾਚੇ ਨੇ ਦੂਜੀ ਵਾਰੀ ਆਵਦਾ ਗਲਾਸ ਫਿਰ ਭਰ ਲਿਆ। ਮੈਂ ਕੰਬਦੇ ਹੱਥਾਂ ਨਾਲ ਗਲਾਸ ਮੂੰਹ ਨੂੰ ਲਾ ਲਿਆ। ਪਹਿਲੀ ਘੁੱਟ ਨਾਲ ਮੂੰਹ ਕੌੜਾ ਹੋ ਗਿਆ, ਸੰਘ ਤੋਂ ਥੱਲੇ ਜਿਵੇਂ ਅੱਗ ਦੀ ਚੰਗਿਆੜੀ ਰਗੜਦੀ ਅੰਦਰ ਗਈ ਤੇ ਢਿੱਡ ਵਿਚ ਜਾ ਕੇ ਭਾਂਬੜ ਬਾਲ ਦਿੱਤਾ। ਮੇਰੀਆਂ ਅੱਖਾਂ ਆਪਣੇ-ਆਪ ਮਿਚ ਗਈਆਂ, ਜਦੋਂ ਖੋਲ੍ਹੀਆਂ ਤਾਂ ਪਾਣੀ ਨਾਲ ਗਿਲੀਆਂ ਸਨ। ਚਾਚੀ ਤਾੜੀ ਮਾਰ ਕੇ ਹੱਸ ਪਈ। ਚਾਚਾ ਵੀ ਹੱਸ ਪਿਆ। ਮੈਨੂੰ ਹਾਸਾ ਨਹੀਂ ਆਇਆ।

ਆਪੇ ਨੂੰ ਤੂੰ ਆਪ ਬੁਲਾ ਲੈ। ਦੂਰ ਨਹੀਂ ਉਹ ਗਲ਼ੇ ਲਗਾ ਲੈ।
ਮਨ ਦੇ ਅੰਦਰ ਸ਼ੀਸ਼ਾ ਹੁੰਦੈ, ਬਸ, ਤੂੰ ਉਸ ਤੋਂ ਧੂੜ ਹਟਾ ਲੈ। -ਬਿੰਦੂ ਮਠਾਰੂ

"ਮੈਂ ਥੋੜੇ ਵਾਸਤੇ ਖੇਸ ਲੈ ਆਵਾਂ, ਠੰਢ ਵੱਧ ਗਈ।" ਕਹਿ ਕੇ ਹੱਸਦੀ-ਹੱਸਦੀ ਚਾਚੀ ਇਕਦਮ ਸੱਜੇ ਪੈਰ 'ਤੇ ਘੁੰਮ ਗਈ। ਮੇਰੀ ਨਿਗ੍ਹਾ ਉਸਦੀ ਪਿੱਠ 'ਤੇ ਪਈ, ਮੈਂ ਬੜੇ ਗਹੁ ਨਾਲ ਉਸਨੂੰ ਪਿੱਛੋਂ ਦੇਖਿਆ। ਮੇਰੇ ਸਰੀਰ ਦਾ ਲੂੰ ਕੰਡਾ ਖੜ੍ਹਾ ਹੋ ਗਿਆ। ਚਾਚੀ ਸਾਡੇ ਕੋਲ ਦੋ ਖੇਸ ਰੱਖ ਗਈ, ਮੈਂ ਉਸ ਨੂੰ ਆਉਂਦੀ ਨੂੰ ਦੇਖ ਕੇ ਨੀਵੀਂ ਪਾ ਲਈ, ਜਾਂਦੀ ਨੂੰ ਮੈਂ ਪਿਛੋਂ ਫਿਰ ਬੜੇ ਧਿਆਨ ਨਾਲ ਵੇਖਿਆ। ਚਾਚਾ ਚੌਥੀ ਵਾਰੀ ਗਲਾਸ ਖ਼ਾਲੀ ਕਰਕੇ ਪੰਜਵੀਂ ਵਾਰੀ ਭਰਨ ਲੱਗ ਪਿਆ ਸੀ। ਉਹ ਮੈਨੂੰ ਵੀ ਜਲਦੀ ਗਲਾਸ ਖਾਲੀ ਕਰਨ ਲਈ ਜ਼ੋਰ ਪਾਉਣ ਲੱਗ ਪਿਆ ਸੀ। ਮੈਂ ਹੌਲੀ-ਹੌਲੀ ਕਰਕੇ ਗਲਾਸ ਮਸਾਂ ਮੁਕਾਇਆ। ਏਨੇ ਨੂੰ ਚਾਚੀ ਰੋਟੀ ਲੈ ਆਈ। ਚਾਚਾ ਸ਼ਰਾਬੀਆਂ ਵਾਲੇ ਬੋੜ ਪਿਆ ਮੈਨੂੰ ਹੋਰ ਪਿਆਉਣ ਦੀ ਜਿੱਦ 'ਤੇ ਅੜਿਆ ਖੜ੍ਹਾ ਸੀ। ਉਹ ਖੱਬੇ ਹੱਥ ਨਾਲ ਮੇਰੀ ਸੱਜੀ ਬਾਂਹ ਫੜ ਕੇ ਆਵਦੇ ਦੂਜੇ ਹੱਥ ਨਾਲ ਬੋਤਲ ਵਾਰੀ-ਵਾਰੀ ਮੇਰੇ ਗਲਾਸ ਨੂੰ ਲਾ ਰਿਹਾ ਸੀ। ਮੈਂ ਗਲਾਸ ਵਾਲਾ ਹੱਥ ਪਿੱਛੇ ਖਿੱਚੀ ਜਾ ਰਿਹਾ ਸਾਂ। ਉਹ ਬੋੜ ਪਿਆ ਪਤਾ ਨਹੀਂ ਕੀ ਕੀ ਬੋਲੀ ਜਾਂਦਾ ਸੀ,

"ਦਾਰੂ... ਸਾਲਾ ਸਰਪੰਚ ... ਫੇਰ... ਦੇ... ਣੇ ਭੈਣ... ਦੇ... ਲ...ੜੇ... ਸਾਲੇ ... ਨੀਲੀਆਂ ਬੰਨ੍ਹ ਲੈਣ... ਗੇ ... ਪੰ... ਜਾਂ ... ਸਾ... ਲਾਂ... ਚਿੱਟੀਆਂ.... ਤੂੰ ... ਪੀ... ਸ਼ੇ... ਰਾ।"

ਚਾਚੀ ਨੇ ਕੌੜੀ ਆਵਾਜ਼ ਵਿਚ ਚਾਚੇ ਨੂੰ ਵਰਜ਼ ਦਿਤਾ, "ਨਾ ਭੈੜਿਆ ਮੁੰਡੇ ਨੇ ਪਹਿਲੀ ਵਾਰੀ ਪੀਤੀ ਐ, ਤੂੰ ਭਾਵੇਂ ਹੋਰ ਡੱਫ ਲੈ।" ਚਾਚੀ ਦੀ ਨਸੀਹਤ ਸੁਣ ਕੇ ਚਾਚੇ ਦਾ ਮੇਰੀ ਬਾਂਹ ਨੂੰ ਪਾਇਆ ਹੱਥ ਛੁੱਟ ਗਿਆ। ਉਹ ਮੂੰਹ ਵਿਚ ਗੁਣ-ਗੁਣ ਕਰਦਾ ਬੋਤਲ ਵਿਚ ਰਹਿੰਦੀ ਸ਼ਰਾਬ ਆਵਦੇ ਗਲਾਸ ਵਿਚ ਪਾ ਕੇ ਇਕੋ ਵਾਰੀ ਖਿੱਚ ਗਿਆ। ਖ਼ਾਲੀ ਬੋਤਲ ਉਹਨੇ ਮੰਜੇ ਥੱਲੇ ਰੋੜ੍ਹ ਦਿੱਤੀ।

ਮੇਰੇ ਪੇਟ ਵਿਚ ਜਲਣ ਵਧਣ ਲੱਗ ਪਈ। ਮੈਂ ਮਸਾਂ ਅੱਧੀ ਰੋਟੀ ਹੀ ਖਾਧੀ ਸੀ ਕਿ ਉਲਟੀ ਆਉਣ ਵਾਂਗ ਦਿਲ ਘਾਊਂ-ਮਾਊਂ ਹੋਣ ਲੱਗ ਪਿਆ। ਸਿਰ ਨੂੰ ਧੁੰਦ ਚੜ੍ਹਦੀ ਲੱਗੀ। ਸਾਰਾ ਆਲਾ-ਦੁਆਲਾ ਘੁੰਮਦਾ ਮਹਿਸੂਸ ਹੋ ਰਿਹਾ ਸੀ। ਮੈਂ ਰੋਟੀ ਵਾਲਾ ਥਾਲ ਥੱਲੇ ਰੱਖ ਦਿੱਤਾ। ਚਾਚਾ ਰੋਟੀ ਖਾਂਦਾ-ਖਾਂਦਾ ਮੰਜੇ ਦੀ ਪੈਂਦ 'ਤੇ ਹੀ ਟੇਢਾ ਹੋ ਗਿਆ।

"ਵੇਖ ਖਾਂ" ਚਾਚੀ ਨੇ ਅੰਦਰ ਆਉਂਦਿਆਂ ਚਾਚੇ ਵੱਲ ਵੇਖ ਕੇ ਕਿਹਾ, ਪਰ ਚਾਚਾ ਕੁਝ ਨਾ ਬੋਲਿਆ।

"ਤੂੰ ਏਡੀ ਛੇਤੀ ਬਸ ਕਰ ਗਿਆ, ਲੈ ਤੱਤੀ-ਤੱਤੀ।" ਚਾਚੀ ਨੇ ਪਲੇਟ ਵਿਚ ਰੱਖੀ ਰੋਟੀ ਮੇਰੇ ਵੱਲ ਕਰਦਿਆਂ ਕਿਹਾ।

"ਬਸ ਚਾਚੀ ਛਾਲੀ ਆਉਂਦੀ ਐ।" ਮੈਂ ਮਸਾਂ ਹੀ ਬੋਲਿਆ ਸੀ।

"ਪਹਿਲੀ ਵਾਰੀ ਪੀਤੀ ਐ ਨਾ, ਚੰਗਾ ਦੁੱਧ ਪੀ ਲਈ ਥੋੜ੍ਹੇ ਚਿਰ ਨੂੰ, ਇਹ ਕੁੰਭਕਰਣ ਨੀ ਹੁਣ ਤੜਕੇ ਤੱਕ ਹਿਲਦਾ।"

ਮੈਨੂੰ ਕਹਿੰਦਿਆਂ ਚਾਚੀ ਭਾਂਡੇ ਚੁੱਕ ਕੇ ਚਲੀ ਗਈ। ਮੈਂ ਉਸ ਨੂੰ ਪਿਛੋਂ ਧਿਆਨ ਨਾਲ ਦੇਖੀ ਗਿਆ। ਮੈਂ ਇਕ ਮੰਜੇ 'ਤੇ ਬਿਸਤਰਾ ਸਿੱਧਾ ਕੀਤਾ ਤੇ ਰਜਾਈ ਵਿਚ ਵੜ ਕੇ ਪੈ ਗਿਆ। ਮੇਰਾ ਸਾਰਾ ਸਰੀਰ ਸੁੰਨ ਹੁੰਦਾ ਜਾਂਦਾ ਸੀ ਜਿਵੇਂ ਚਮੜੀ 'ਤੇ ਕਿਸੇ ਨੇ ਗਾਰੇ ਦਾ ਲੇਪ ਕਰ ਦਿੱਤਾ ਹੋਵੇ। ਕੁਝ ਚਿਰ ਮਗਰੋਂ ਚਾਚੀ ਦੁੱਧ ਲੈ ਕੇ ਆ ਗਈ।

"ਸੌਂ ਗਿਆ?" ਚਾਚੀ ਨੇ ਪਤਾ ਨਹੀਂ ਮੈਨੂੰ ਜਾਂ ਚਾਚੇ ਨੂੰ ਆਖਿਆ।

"ਹਾਂ... ਨਹੀਂ... ਸੱਚ... ਜਾਗਦਾਂ।"ਮੈਂ ਉਬੜਵਾਹਿਆਂ ਵਾਂਗ ਬੋਲਿਆ।

"ਲੈ ਦੁੱਧ ਪੀ, ਤੇ ਫਿਰ ਇਹਨੂੰ ਕਿਸੇ ਸਿਰ ਵਿਗ ਕਰਦੇ ਐਂ।" ਉਹਨੇ ਮੈਨੂੰ ਦੁੱਧ ਵਾਲਾ ਕੌਲਾ ਫੜਾ ਦਿੱਤਾ। ਇਕੋ ਡੀਕ ਵਿਚ ਹੀ ਮੈਂ ਨਿੱਘਾ-ਨਿੱਘਾ ਦੁੱਧ ਅੰਦਰ ਸਿੱਟ ਲਿਆ ਤੇ ਖ਼ਾਲੀ ਕੌਲਾ ਮੰਜੇ ਥੱਲੇ ਰੱਖ ਦਿੱਤਾ।

"ਲੈ ਜ਼ਰਾ ਕਰ ਹਿੰਮਤ।" ਚਾਚੀ ਨੇ ਚਾਚੇ ਨੂੰ ਬਾਹੋਂ ਫੜ ਕੇ ਮੰਜੇ ਦੇ ਸਿਰਹਾਣੇ ਵੰਨੀ ਖਿੱਚਦਿਆਂ ਮੈਨੂੰ ਕਿਹਾ। ਮੈਂ ਉਹਦੇ ਮੰਜੇ ਤੋਂ ਬਿਸਤਰਾ ਚੱਕ ਲਿਆ। ਚਾਚੀ ਨੇ ਬਾਂਹ ਤੋਂ ਫੜ ਕੇ ਦੂਜੇ ਹੱਥ ਨੂੰ ਚਾਚੇ ਦੇ ਸਿਰ ਨਾਲ ਲਾ ਕੇ ਉਹਨੂੰ ਬੈਠਾ ਕਰ ਲਿਆ। ਮੈਂ ਬਿਸਤਰਾ ਸਿੱਧਾ ਕਰ ਦਿੱਤਾ। ਚਾਚੀ ਨੇ ਗੁਦੈਲਾ ਦੋਵਾਂ ਹੱਥਾਂ ਨਾਲ ਫੜ ਕੇ ਚਾਚੇ ਦੇ ਥੱਲੇ ਖਿੱਚ ਦਿੱਤਾ। ਫਿਰ ਉਹਨੇ ਚਾਚੇ ਦੇ ਲੱਤਾਂ ਥੱਲੇ ਹੌਲੀ-ਹੌਲੀ ਗੁਦੈਲਾ ਠੀਕ ਕਰਕੇ ਪੈਂਦ ਤੱਕ ਖਿੱਚ ਦਿੱਤਾ ਤੇ ਰਜਾਈ ਚਾਚੇ ਦੇ ਉਤੇ ਦੇ ਦਿੱਤੀ। ਚਾਚੇ ਦੇ ਘਰਾੜੇ ਮੋਲੂ ਚੱਕੀ ਵਾਲੇ ਦੇ ਇੰਜਣ ਵਾਂਗੂ ਲਗਾਤਾਰ ਚੱਲੀ ਜਾਂਦੇ ਸੀ। ਸਾਡੇ ਪੈਰਾਂ ਵਾਲੇ ਪਾਸੇ ਬਾਰ ਵੰਨੀ ਚਾਚੀ ਨੇ ਆਵਦਾ ਮੰਜਾ ਵਿਛਾ ਲਿਆ। ਮੈਂ ਲੜਖੜਾਉਂਦੇ ਪੈਰਾਂ ਨਾਲ ਬਾਹਰ ਪਿਸ਼ਾਬ ਕਰਨ ਚਲਾ ਗਿਆ। ਅਸਮਾਨ ਵਿਚ ਤਾਰੇ ਟਹਿਕ ਰਹੇ ਸਨ, ਕਾਲੀ ਰਾਤ ਵਿਚ ਕਿੰਨੇ ਸੋਹਣੇ ਲੱਗਦੇ ਹਨ। ਇਨ੍ਹਾਂ ਨੂੰ ਪੁਲਿਸ ਦਾ ਕੋਈ ਡਰ ਨਹੀਂ, ਨਾ ਤਰੀਕਾਂ ਭੁਗਤਣ ਦਾ। ਮੈਨੂੰ ਬੇਬੇ ਦੀ ਉਹ ਬਾਤ ਯਾਦ ਆਈ ਜਿਹੜੀ ਉਹ ਮੈਨੂੰ ਛੋਟੇ ਹੁੰਦੇ ਨੂੰ ਸੁਣਾਉਂਦੀ ਹੁੰਦੀ ਸੀ, "ਤਾਰੇ ਰੱਬ ਦੇ ਖ਼ਜ਼ਾਨਿਆਂ ਤੇ ਬਾਗ਼ਾਂ ਦੇ ਪਹਿਰੇਦਾਰ ਹੁੰਦੇ ਐ," ਮੈਂ ਪਸ਼ੂਆਂ ਵਾਲੀ ਸਵਾਤ ਦੀ ਕੰਧ ਨਾਲ ਪਿਸ਼ਾਬ ਕਰਕੇ ਵਾਪਸ ਆ ਗਿਆ। ਤੁਰਦੇ ਦੇ ਮੇਰੇ ਪੈਰ ਥਿੜਕ ਗਏ ਸਨ, ਧੱਕੇ ਨਾਲ ਹੀ ਅੱਗੇ ਨੂੰ ਡਿੱਗ ਰਿਹਾ ਸਾਂ। ਮੰਜੇ ਉਤੇ ਮੈਂ ਇਸ ਤਰ੍ਹਾਂ ਢਹਿ ਪਿਆ ਜਿਵੇਂ ਕਿਸੇ ਨੇ ਧੱਕਾ ਦਿੱਤਾ ਹੋਵੇ।

"ਨਸ਼ਾ ਤਾਂ ਨ੍ਹੀ ਬਾਹਲਾ?" ਮੇਰੇ ਮੰਜੇ ਦੀ ਪੈਂਦ 'ਤੇ ਬੈਠਦਿਆਂ ਚਾਚੀ ਉਬੜਵਾਇਆਂ ਵਾਂਗੂ ਬੋਲੀ।

"ਨਾ ਮਖਾਂ ਕਾਹਨੂੰ, ਬੱਸ ਉਈ...।" ਮੈਂ ਇਕਦਮ ਬੈਠਦਿਆਂ ਕਿਹਾ।

"ਠਹਿਰੀਂ ਮੈਂ ਆਈ," ਕਹਿੰਦੀ ਹੋਈ ਉਹ ਉਠ ਕੇ ਬਾਹਰ ਨੂੰ ਚਲੀ ਗਈ। ਮੈਂ ਚੋਰ ਅੱਖੀਂ ਉਹਨੂੰ ਪਿੱਛੋਂ ਦੇਖੀ ਗਿਆ। ਉਹ ਕੰਧੋਲੀਆਂ ਉਤਰ ਕੇ ਵਿਹੜੇ ਵਿਚ ਚਲੀ ਗਈ। ਮੈਂ ਫਿਰ ਮੰਜੇ ਵਿਚ ਪੈ ਗਿਆ। ਕੁਝ ਸਮਾਂ ਮਗਰੋਂ ਆਉਣ ਸਾਰ ਚਾਚੀ ਨੇ ਬੱਤੀ ਬੰਦ ਕਰ ਦਿੱਤੀ ਤੇ ਮੇਰੇ ਮੰਜੇ ਦੀ ਬਾਂਹੀ 'ਤੇ ਆ ਬੈਠੀ। ਹਨੇਰੇ ਵਿਚ ਮੈਨੂੰ ਉਹਦਾ ਮੂੰਹ ਤਾਂ ਚੰਗੀ ਤਰ੍ਹਾਂ ਨਹੀਂ ਸੀ ਦਿਸਦਾ ਪਰ ਉਹ ਦੇਖ ਮੇਰੇ ਵੰਨੀ ਹੀ ਰਹੀ ਸੀ।

"ਮੈਂ ਤੇ ਫ਼ੱਤੋ ਅੱਜ ਸਰਪੰਚ ਕੋਲ ਗਈਆਂ ਸੀ, ਸਾਰੀ ਗੱਲ ਹੋ ਗਈ। ਸਰਪੰਚ ਆਂਹਦਾ ਤਾਰੀ 'ਤੇ ਤਾਂ ਕੇਸ ਪੈ ਗਿਆ, ਪਰ ਛੋਟੇ ਦੀ ਕੋਈ ਹਵਾ ਵੱਲ ਨ੍ਹੀ ਵੇਖ ਸਕਦੈ... ਆਉਂਦੀਆਂ ਜਾਂਦੀਆਂ ਰਿਹਾ ਕਰੋ।" ਗੱਲ ਪੂਰੀ ਕਰਕੇ ਉਹ ਹੱਸਣ ਲੱਗ ਪਈ। ਬਾਈ ਤਾਰੀ 'ਤੇ ਕੇਸ ਪੈਣ ਦਾ ਸੁਣ ਕੇ ਮੇਰਾ ਸੀਤ ਨਿਕਲ ਗਿਆ, ਚਾਚੀ ਤੇ ਤਾਈ ਫੱਤੋ ਦੀ ਮਿਹਰ ਨਾਲ ਮੈਂ ਬਚ ਗਿਆ ਸੀ। ਤਾਈ ਫੱਤੋ ਦੀ ਸਰਪੰਚ ਮੰਨਦਾ ਬਹੁਤ ਸੀ। ਥਾਣੇ ਵਿਚ ਵੀ ਤਾਈ ਦੀ ਪੂਰੀ ਪੈਂਠ

ਜਿਹੜੇ ਲੋਕੀਂ ਲੇਖਾਂ ਦੇ ਸੰਗ ਲੜਦੇ ਘੁਲਦੇ ਰਹਿੰਦੇ ਨੇ।
ਰੁੱਖ ਤੋਂ ਟੁੱਟੇ ਪੱਤਰਾਂ ਵਾਂਗੂੰ ਰੁਲਦੇ-ਖੁਲਦੇ ਰਹਿੰਦੇ ਨੇ। -(ਅਗਲੇ ਸਫ਼ੇ 'ਤੇ)

ਸੀ। ਤੀਜੀ ਵਾਰੀ ਪੰਚਾਇਤ ਮੈਂਬਰ ਬਣੀ ਸੀ।

"ਫਿਕਰ ਨ੍ਹੀਂ ਕਰੀਦੈ... ਬਾਕੀ ਸਭ ... ਮੈਂ ਤੇਰੀ ਵਿਚੋਲਣ ਬਣਨੈ... ਵੇਖੀ ਤੇਰੇ ਵਿਆਹ ਨੂੰ ਧਮਾਲਾਂ ਪੌਂਦੀ।" ਕਹਿ ਕੇ ਚਾਚੀ ਨੇ ਸੱਜੇ ਹੱਥ ਨਾਲ ਚੁਟਕੀ ਮਾਰੀ। ਮੈਨੂੰ ਉਹਦੀ ਗੱਲ ਕੋਈ ਖ਼ਾਸ ਚੰਗੀ ਨਾ ਲੱਗੀ। ਮੈਂ ਪਾਸਾ ਵੱਟ ਕੇ ਦੂਸਰੀ ਬਾਂਹੀ ਵਲ ਟੇਢਾ ਹੋ ਕੇ ਕੰਧ ਵੱਲ ਦੇਖਣਾ ਸ਼ੁਰੂ ਕਰ ਦਿੱਤਾ। ਉਹ ਕੁਝ ਚਿਰ ਮੇਰੇ ਮੰਜੇ 'ਤੇ ਬੈਠੀ ਰਹੀ, ਫਿਰ ਮੈਨੂੰ ਬਿਨਾਂ ਬੁਲਾਇਆਂ ਉਠ ਕੇ ਆਪਣੇ ਮੰਜੇ 'ਤੇ ਚਲੀ ਗਈ।

ਤੜਕੇ ਬੇਬੇ ਭਾਈ ਜੀ ਬੋਲਣ ਤੋਂ ਪਹਿਲਾਂ ਹੀ ਆ ਗਈ। ਚਾਹ ਪੀ ਕੇ ਮੈਂ ਤੇ ਬੇਬੇ ਘਰ ਆ ਗਏ। ਬੇਬੇ ਬੇਫ਼ਿਕਰ ਲੱਗਦੀ ਸੀ ਜਿਵੇਂ ਕੱਲ੍ਹ ਵਾਲੀ ਗੱਲ ਦਾ ਉਸ 'ਤੇ ਕੋਈ ਅਸਰ ਹੀ ਨਾ ਹੋਵੇ। ਰੋਟੀ ਵੇਲੇ ਨੂੰ ਬਾਈ ਬਖਤੌਰਾ ਵੀ ਆ ਗਿਆ। ਉਹਨੇ ਦੱਸਿਆ ਬਾਈ ਤਾਰੀ ਫ਼ੀਮ ਦੇ ਕੇਸ ਵਿਚ ਫੜਿਆ ਗਿਆ। ਉਸਨੇ ਸਾਰਾ ਪਤਾ ਲਾ ਲਿਆ ਸੀ ਤੇ 'ਬੰਦੋਬਸਤ' ਵੀ ਕਰ ਦਿੱਤਾ ਸੀ। ਬਖਤੌਰੇ ਦੇ ਬੈਠੇ ਤੋਂ ਚਾਚੀ ਵੀ ਦੋ ਗੇੜੇ ਮਾਰ ਗਈ ਸੀ। ਉਹ ਕਨੱਖੀ ਅੱਖ ਨਾਲ ਚਾਚੀ ਨੂੰ ਆਉਂਦੀ ਜਾਂਦੀ ਨੂੰ ਦੇਖਦਾ ਰਿਹਾ। ਉਸਦੀ ਕੁੱਤੇ ਝਾਕਣੀ ਮੈਨੂੰ ਬੜੀ ਬੁਰੀ ਲੱਗੀ। ਚਾਚੀ ਕੁਝ ਪੈਸੇ ਬੇਬੇ ਨੂੰ ਫੜਾ ਕੇ "ਜੇ ਹੋਰ ਲੋੜ ਹੋਈ ਤਾਂ ਭੈਣ ਜੀ ਦੱਸ ਦੀਂ" ਆਖ ਕੇ ਚਲੀ ਗਈ।

ਤਾਰੀ ਦੀ ਰੋਟੀ ਲੈ ਕੇ ਅਸੀਂ ਸ਼ਹਿਰ ਨੂੰ ਚੱਲ ਪਏ। ਥਾਣੇ ਦੇ ਦਰਵਾਜ਼ੇ ਅੱਗੇ ਕਾਲੇ ਧੂਤ, ਵਧੇ ਢਿੱਡ, ਖੜ੍ਹੀਆਂ ਮੁੱਛਾਂ ਵਾਲੇ ਮੋਟੇ ਹੌਲਦਾਰ ਨੂੰ ਵੇਖ ਕੇ ਮੇਰੀਆਂ ਲੱਤਾਂ ਕੰਬਣ ਲੱਗ ਪਈਆਂ। ਬਾਈ ਬਖਤੌਰੇ ਨੇ ਉਹਨੂੰ ਫਤਹਿ ਬੁਲਾਈ ਤਾਂ ਉਹ ਅੱਗੋਂ ਖੱਚਰੀ ਹਾਸੀ ਹੱਸਦਾ ਖਰ੍ਹਵੀ ਆਵਾਜ਼ ਵਿਚ ਬੋਲਿਆ, "ਤੇਰੇ ਦਰਸ਼ਨ ਈ ਬੜੇ ਮਹਿੰਗੇ ਹੋ ਗਏ, ਬੜੇ ਮਹਿੰਗੇ ਹੋ ਗਏ, ਬਖਤੌਰਿਆ।"

"ਬਸ ਜੀ, ਜੂਨ ਗੁਜ਼ਾਰਾ ਚੱਲਦੈ ਹੁਣ ਤਾਂ ਸੋਡੀ ਪਾਤਸ਼ਾਹੀ 'ਚ।" ਕਹਿੰਦਿਆਂ ਬਾਈ ਬਖਤੌਰੇ ਨੇ ਮੁੱਠੀ ਵਿਚ ਪਹਿਲਾਂ ਹੀ ਰੱਖਿਆ ਸੌ ਦਾ ਨੋਟ ਹੱਥ ਮਿਲਾਉਂਦੇ ਵੇਲੇ ਉਸਨੂੰ ਫੜਾ ਦਿੱਤਾ। ਉਹ ਦੰਦ ਕੱਢਦਾ ਸਾਡੇ ਅੱਗੇ ਤੁਰ ਪਿਆ। ਅਸੀਂ ਮਗਰੇ ਮਗਰ ਤੁਰ ਪਏ। ਮੇਰੀਆਂ ਲੱਤਾਂ ਦੀ ਸੱਤਿਆ ਨਿਕਲਦੀ ਜਾਂਦੀ ਸੀ। ਵੱਡੇ ਕਮਰੇ ਦਾ ਬੂਹਾ ਟੱਪ ਕੇ, ਅਸੀਂ ਅੱਗੇ ਖੁੱਲ੍ਹੇ ਕਮਰੇ ਵਿਚ ਦੀ ਹੁੰਦੇ ਛੋਟੇ ਬੂਹੇ ਰਾਹੀਂ ਲੰਘ ਕੇ, ਨਿੱਕੀ ਜੇਹੀ ਕੋਠੜੀ ਵਿਚ ਚਲੇ ਗਏ। ਕੋਠੜੀ ਦੀ ਇਕ ਢੁੱਕ ਵਿਚ ਬਾਈ ਤਾਰੀ ਕਈ ਮਹੀਨਿਆਂ ਦੇ ਗਲੇ ਸੜੇ ਕੰਬਲ ਉਤੇ ਮੁਰਦਿਆਂ ਵਾਂਗ ਹਿੱਕ ਵਿਚ ਗੋਡੇ ਦੇਈ ਪਿਆ ਸੀ। ਸਾਨੂੰ ਵੇਖ ਕੇ ਉਹਦੇ ਚਿਹਰੇ ਦਾ ਰੰਗ ਖਿੜ ਆਇਆ। ਉਹ ਪੀੜ ਵਿਚ ਕਚੀਚੀ ਵੱਟਦਾ ਤੇ ਹਾਏ-ਹਾਏ ਕਰਦਾ ਦੋਵੇਂ ਹੱਥ ਲੱਤਾਂ 'ਤੇ ਰੱਖ ਕੇ ਮਸਾਂ ਹੀ ਬੈਠਾ ਹੋਇਆ। ਕਿੰਨਾ ਚਿਰ ਉਹ ਕੁਝ ਨਾ ਬੋਲਿਆ। ਮੈਂ ਤੇ ਬਾਈ ਬਖਤੌਰਾ ਭੁੰਜੇ ਹੀ ਪੈਰਾਂ ਭਾਰ ਉਹਦੇ ਕੋਲ ਬੈਠ ਗਏ।

"ਬੇਬੇ ਦਾ ਕੀ ਹਾਲ ਐ?" ਸਿਰ ਦਾ ਸਾਫ਼ਾ ਠੀਕ ਕਰਦਾ ਉਹ ਬੋਲਿਆ।

"ਸਾਰਾ ਨਗਰ ਚੜ੍ਹਦੀ ਕਲਾ 'ਚ ਐ। ਤੂੰ ਸੁਣਾ ਪਾਪੀਆਂ ਕਿਵੇਂ ਮਾਰ ਖਾ ਗਿਐਂ।" ਮੇਰੇ ਤੋਂ ਪਹਿਲਾਂ ਹੀ ਬਾਈ ਬਖਤੌਰਾ ਬੋਲ ਪਿਆ।

"ਐਤਕੀਂ ਸਰਪੰਚ ਨੇ ਕੁੜੀ ਦਾ ਸਾਕ ਕਰ ਦਿੱਤਾ। ਭੈਣ ਦੇ ਯਾਰ ਬੈਰੀਅਰ ਵਾਲੇ ਪੁਲਸੀਏ ਵੀ ਦਗਾਬਾਜ਼ ਨਿਕਲੇ। ਅੱਧਾ ਕਿਲੋ ਮਾਲ ਫੜਿਆ ਗਿਐ।" ਤਾਰੀ ਨੇ ਮੱਥੇ 'ਤੇ ਹੱਥ ਮਾਰਦਿਆਂ ਕਿਹਾ।

"ਕੇਸ 'ਚ ਕਿੰਨੀ ਪਾਈ ਐ?" ਬਖਤੌਰਾ ਉਹਦੇ ਨੇੜੇ ਹੁੰਦਾ ਹੌਲੀ ਆਵਾਜ਼ ਵਿਚ ਬੋਲਿਆ।

"ਦੋ ਸੌ ਗ੍ਰਾਮ, ਸਾਲੇ ਤਿੰਨ ਦਿਨ ਕੁੱਟਦੇ ਰਹੇ। ਕਈ ਵਾਰੀ ਮੰਜਾ ਲਾਇਆ। ਘੋਟੇ ਲਾਈ ਗਏ। ਪੁਰਾਣੇ ਸਰਪੰਚ ਦੇ ਛੋਟੇ ਮੁੰਡੇ ਦਾ ਨਾਂ ਲੈਣ ਨੂੰ ਆਂਹਦੇ ਰਹੇ ... ਭੈਣ ਦੇਣਿਆਂ ਨੇ ਲਾਲ ਮਿਰਚਾਂ ਤਿੰਨ ਚਾਰ ਵਾਰੀ ਪਾਈਆਂ... ਭੈਣ ਦੇ ਯਾਰ ਮੂੰਹ ਵਿਚ ਕੁੱਤੇ ਦੀ ਗੰਦਗੀ ਬੰਨ੍ਹਣ ਨੂੰ ਵੀ ਆਂਹਦੇ ਸੀ, ਫੇਰ ਬਿਜਲੀ ਲਾਉਂਦੇ ਰਹੇ... ਮੈਂ ਇਨ੍ਹਾਂ ਚੌਰਿਆਂ ਦਾ ਨਾਂ ਬਕੀ ਗਿਆ... ਫੇਰ ਆਪੇ ਭੈਣ ਦੀ *ਚ ਲੈ ਕੇ ਚੌਥੇ ਦਿਨ ਕੇਸ ਪਾ ਦਿੱਤੈ।"

ਸਾਰੀ ਗੱਲ ਸੁਣਾ ਕੇ ਬਾਈ ਤਾਰੀ ਨੇ ਲੰਮਾ ਸਾਹ ਲਿਆ। ਸੁਣ ਕੇ ਮੇਰਾ ਸੀਤ ਨਿਕਲ ਗਿਆ, ਦਿਲ ਭਰ ਆਇਆ। ਬਾਈ ਤਾਰੀ ਨੂੰ ਬੱਕਰੇ ਵਾਂਗੂ ਕੋਹਿਆ ਸੀ। ਪਰ ਵਿਸ਼ਵਾਸ ਵੀ ਨਾ ਆਇਆ ਕਿ ਬਾਈ ਤਾਰੀ ਬਲੈਕ ਕਰਦਾ, ਮੈਨੂੰ ਉਹ ਵੱਡਾ ਭਰਾ ਨਾ ਹੋ ਕੇ, ਹੋਰ ਕਿਸਮ ਦਾ ਬੰਦਾ ਲੱਗ ਰਿਹਾ ਸੀ।

"ਤੁਸੀਂ ਗੱਲਾਂ ਮਾਰੋ, ਮੈਂ ਬਾਹਰੋਂ ਚਾਹ ਲੈ ਆਵਾਂ, ਰੋਟੀ ਘੰਟਾ ਠਹਿਰ ਕੇ ਖਾਈਂ।" ਆਖਦਾ ਬਾਈ ਬਖਤੌਰਾ ਉਠ ਕੇ ਬਾਹਰ ਨੂੰ ਤੁਰ ਗਿਆ।

ਮੈਂ ਪੋਣੇ ਵਿਚ ਬੰਨ੍ਹੀਆਂ ਰੋਟੀਆਂ ਬਾਈ ਤਾਰੀ ਅੱਗੇ ਰੱਖ ਦਿੱਤੀਆਂ। ਉਹਨੇ ਰੋਟੀਆਂ ਵੰਨੀ ਕੋਈ ਧਿਆਨ ਨਾ ਦਿੱਤਾ।

"ਬਾਪੂ ਕੋਲ ਨ੍ਹੀਂ ਗਿਆ ਕੋਈ?" ਬਾਈ ਨੇ ਮੈਨੂੰ ਚੁੱਪ ਤੇ ਡਰਿਆ ਵੇਖ ਕੇ ਗੱਲ ਤੋਰੀ। ਉਸਨੇ ਮੇਰੀਆਂ ਭਰੀਆਂ ਅੱਖਾਂ ਵੇਖ ਲਈਆਂ ਸੀ।

"ਜਾ... ਈ... ਨਹੀਂ ਹੋਇਆ।" ਮੈਂ ਮਸਾਂ ਹੀ ਬੋਲਿਆ, ਪਰ ਮੈਂ ਬਾਪੂ ਦੀ ਮੁਲਾਕਾਤ ਕਰਨ ਜਾਣ ਤੋਂ ਵੀ ਡਰਦਾ ਸਾਂ। ਬੇਬੇ ਹੀ ਜਾਂਦੀ ਸੀ। ਇਸ ਗੱਲ ਦਾ ਬਾਈ ਤਾਰੀ ਨੂੰ ਵੀ ਪਤਾ ਸੀ।

"ਬੁੜ੍ਹਾ ਢੋਲੇ ਦੀਆਂ ਲੌਂਦਾ ਹੋਊ।" ਕਹਿੰਦਾ ਬਾਈ ਤਾਰੀ ਕਰੇੜਾ ਬੱਧੇ ਦੰਦ ਕੱਢ ਕੇ ਹੱਸਣ ਲੱਗ ਪਿਆ। ਏਨੇ ਨੂੰ ਬਾਈ ਬਖਤੌਰਾ ਗੜਵੀ ਚਾਹ ਦੀ ਤੇ ਤਿੰਨ ਕੱਚ ਦੇ ਗਲਾਸ ਲੈ ਆਇਆ ਸੀ।

"ਲੈ ਤੂੰ ਚਾਹ ਪਾ ਅਸੀਂ ਕੋਈ ਕੰਮ ਕਰ ਲਈਏ।" ਕਹਿ ਕੇ ਬਖਤੌਰਾ ਤੇੜ ਬੱਧੇ ਚਾਦਰੇ ਦੇ ਲੜ ਵਿਚੋਂ ਕੁਝ ਕੱਢਣ ਲੱਗ ਪਿਆ। ਮੈਂ ਤਿੰਨਾਂ ਗਲਾਸਾਂ ਵਿਚ ਚਾਹ ਪਾ ਦਿੱਤੀ। ਉਨ੍ਹਾਂ ਦੋਹਾਂ ਨੇ ਮੋਮਜਾਮੇ ਦੇ ਲਫ਼ਾਫ਼ੇ ਵਿਚ ਵਲੇਟੀ 'ਕਾਲੀ ਮਾਈ' ਚਾਹ ਨਾਲ ਅੰਦਰ ਲੰਘਾ ਲਈ। ਚਾਹ ਪੀ ਕੇ ਉਨ੍ਹਾਂ ਨੇ ਮੈਨੂੰ ਬੂਹੇ ਵੱਲ ਭੇਜ ਦਿੱਤਾ। ਇਕ ਮਿੰਟ ਉਨ੍ਹਾਂ ਨੇ ਆਪਸ ਵਿਚ ਕੁਝ ਘੁਸਰ-ਮੁਸਰ ਕੀਤੀ ਤੇ ਹੱਥ ਮਿਲਾ ਬਾਈ ਬਖਤੌਰਾ ਤੁਰ ਪਿਆ।

"ਮੁੰਡੇ ਦਾ ਖ਼ਿਆਲ ਰੱਖੀ ਤੇ ਅੱਗੇ ਤੋਂ ਇਹਨੂੰ ਨਾਨਕੇ ਨਾ ਲਿਆਈਂ।" ਸਾਡੇ ਤੁਰਿਆਂ ਮਗਰੋਂ ਬਾਈ ਤਾਰੀ ਨੇ ਹੌਲੀ ਆਵਾਜ਼ ਵਿਚ ਕਿਹਾ ਤਾਂ ਬਖਤੌਰਾ ਉਂਚੀ-ਉਂਚੀ ਹੱਸ ਪਿਆ।

ਘਰੇ ਆ ਕੇ ਮੈਂ ਕਈ ਰਾਤਾਂ ਚੰਗੀ ਤਰ੍ਹਾਂ ਸੌਂ ਨਾ ਸਕਿਆ। ਸੁਪਨੇ ਵਿਚ ਪੁਲਿਸ ਦੀਆਂ ਜੀਪਾਂ ਭੱਜੀਆਂ ਫਿਰਦੀਆਂ ਦਿਸਦੀਆਂ। ਬਾਈ ਤਾਰੀ 'ਤੇ ਕੇਸ ਚਲਿਆ। ਬਾਈ ਬਖਤੌਰੇ ਨੇ ਵਕੀਲ ਦਾ ਬੰਦੋਬਸਤ ਕਰ ਦਿੱਤਾ। ਕੇਸ ਸਾਲ ਭਰ ਚਲਦਾ ਰਿਹਾ।

ਮੈਥੋਂ ਜਿਹੜੀ ਗ਼ਲਤੀ ਹੋਵੇ ਮੈਂ ਉਹ ਹੱਸ ਕੇ ਮੰਨਣਾਂ ਵਾਂ,
ਕਿਉਂ ਜੇ ਮੈਂ ਵੀ ਬੰਦਾ ਹਾਂ ਤੇ ਬੰਦੇ ਭੁੱਲਦੇ ਰਹਿੰਦੇ ਨੇ। -ਆਦਿਲ ਸਿੱਦੀਕੀ

ਮੈਂ ਤੇ ਬਾਈ ਬਖਤੌਰਾ ਹਰੇਕ ਤਰੀਕ ’ਤੇ ਜਾਂਦੇ, ਫ਼ੈਸਲੇ ਦੀ ਤਰੀਕ ’ਤੇ ਬੇਬੇ ਵੀ ਨਾਲ ਗਈ। ਉਹਨੇ ਕਿਸੇ ਸਿਆਣੇ ਤੋਂ ਤਵੀਤ ਵੀ ਲਿਆਂਦਾ ਸੀ, ਜਿਹੜਾ ਤਾਰੀ ਨੂੰ ਬਖਤੌਰੇ ਨੇ ਫੜਾ ਦਿੱਤਾ ਸੀ।

ਵਕੀਲਾਂ ਨੇ ਬੜੀ ਬਹਿਸ ਕੀਤੀ, ਅੱਧੀਆਂ ਗੱਲਾਂ ਦਾ ਸਾਨੂੰ ਪਤਾ ਈ ਨਹੀਂ ਸੀ ਲੱਗਦਾ ਕਿ ਵਕੀਲ ਕੀ ਬੋਲਦੇ ਹਨ। ਸਿਰ ਦੇ ਚਿੱਟੇ ਵਾਲਾਂ ਤੇ ਮੋਟੀ ਐਨਕ ਵਾਲਾ ਜੱਜ ਵਕੀਲਾਂ ਵੰਨੀਂ ਦੇਖ ਕੇ ਪਿੰਨ ਨਾਲ ਕਾਗ਼ਜ਼ ’ਤੇ ਕੁਝ ਲਿਖ ਲੈਂਦਾ। ਫੇਰ ਤਾਰੀ ਵੰਨੀਂ ਵੇਖ ਕੇ ਖੱਬੇ ਹੱਥ ਜਲਦੀ ਬੱਤੀ ਵੰਨੀਂ ਵੇਖਣ ਲੱਗ ਪੈਂਦਾ। ਫ਼ੈਸਲੇ ਵਿਚ ਪੰਜ ਸਾਲਾਂ ਦੀ ਕੈਦ ਤੇ ਦੋ ਹਜ਼ਾਰ ਰੁਪਏ ਜੁਰਮਾਨਾ ਹੋ ਗਿਆ। ਫ਼ੈਸਲੇ ਤੋਂ ਮਗਰੋਂ ਅਦਾਲਤ ਵਿਚੋਂ ਬਾਹਰ ਆਏ ਤਾਂ ਬਾਈ ਤਾਰੀ ਦੇ ਪੁਲਿਸ ਵਾਲਿਆਂ ਨੇ ਹੱਥਕੜੀ ਲਾਈ ਹੋਈ ਸੀ। ਮੇਰੇ ਤੋਂ ਉਸਦੇ ਮੂੰਹ ਵੰਨੀਂ ਨਹੀਂ ਦੇਖਿਆ ਗਿਆ। ਬੇਬੇ ਨੇ ਤਾਰੀ ਦੇ ਸੱਜੇ ਮੋਢੇ ’ਤੇ ਥਾਪੀ ਦਿੱਤੀ ਤਾਂ ਬਾਈ ਤਾਰੀ, ਬਖਤੌਰਾ ਤੇ ਬੇਬੇ ਹੱਸ ਪਏ, “ਸਾਲ ਤਾਂ ਬਹਿੰਦੇ ਗਏ ਪੁੱਤ, ਪਰਵਾਹ ਨਾ ਮੰਨੀ। ਬੰਦਿਆਂ ’ਤੇ ਪੈਂਦੀਆਂ ਆਈਆਂ, ਦਾਤਾ ਈ ਐ ਮੁਸੀਬਤਾਂ ਕੱਟਣ ਵਾਲਾ।” ਬੇਬੇ ਨੇ ਚੁਟਕੀ ਵਜਾ ਇਹ ਗੱਲ ਆਖੀ।

“ਮਖਿਐ... ਉੱਕਾ ਈ ਦੁੱਖ ਨੀ, ਬਸ।” ਕਹਿੰਦਾ ਬਾਈ ਤਾਰੀ ਮੇਰੇ ਵੱਲ ਦੇਖਣ ਲੱਗ ਪਿਆ।

“ਪਰਵਾਹ ਨਾ ਕਰ ਇਹ ਮੇਰੀ ਜ਼ਿੰਮੇਵਾਰੀ... ਤਾਰੀ ਸਿਆਂ ਤੇਰੇ ਨਾਲ ਪੱਗ ਐ... ਯਾਰੀ ਐ, ਸਾਲਾ ਛੋਲਿਆਂ ਦਾ ਵੱਢ ਨ੍ਹੀ, ਜਿੰਨਾ ਚਿਰ ਦਮ ਆ... ਬਸ।”

ਬਾਈ ਬਖਤੌਰੇ ਨੇ ਸੱਜਾ ਹੱਥ ਛਾਤੀ ’ਤੇ ਇੰਜ ਮਾਰਿਆ ਜਿਵੇਂ ਬਾਈ ਤਾਰੀ ਨੂੰ ਪੱਕਾ ਯਕੀਨ ਦਿਵਾਉਂਦਾ ਹੋਵੇ।

“ਚੰਗਾ ਬਾਈ ਫਿਰ ਗੁਰੂ ਫਤਿਹ।” ਕਹਿ ਕੇ ਬਾਈ ਤਾਰੀ ਨੇ ਸੱਜਾ ਹੱਥਕੜੀ ਵਾਲਾ ਹੱਥ ਉਪਰ ਚੁੱਕ ਦਿੱਤਾ। ਬੇਬੇ ਤੇ ਬਖਤੌਰਾ ‘ਫਤਿਹ’ ਕਹਿ ਕੇ ਹੱਸ ਪਏ। ਤਾਰੀ ਨੂੰ ਕੈਂਟਰ ਵਿਚ ਬਿਠਾ ਕੇ ਪੁਲਿਸ ਵਾਲੇ ਲੈ ਗਏ ਤਾਂ ਅਸੀਂ ਪਿੰਡ ਵਾਲੀ ਬੱਸ ਚੜ੍ਹਨ ਲਈ ਪਿੱਪਲ ਵਾਲੇ ਅੱਡੇ ਵੰਨੀਂ ਮੁੜ ਪਏ। ਮੈਨੂੰ ਬੇਬੇ ਤੇ ਬਾਈ ਬਖਤੌਰੇ ਦਾ ਹੱਸਣਾ ਬਹੁਤ ਬੁਰਾ ਲੱਗਿਆ ਸੀ, ਉਨ੍ਹਾਂ ਨੂੰ ਜਿਵੇਂ ‘ਇਹ ਗੱਲ’ ਬੜੀ ਛੋਟੀ ਲੱਗਦੀ ਸੀ।

...ਦੋ ਸਾਲ ਮੈਂ ਤੇ ਬੇਬੇ ਨੇ ਮਿੱਟੀ ਨਾਲ ਮਿੱਟੀ ਹੋ ਕੇ ਵਾਹੀ ਕੀਤੀ। ਬਾਈ ਬਖਤੌਰਾ ਸਾਡੀ ਹਰੇਕ ਤਰ੍ਹਾਂ ਦੀ ਮੱਦਦ ਕਰ ਜਾਂਦਾ ਸੀ। ਉਹਨੇ ਬੇਬੇ ਨੂੰ ਆਖ ਵੀ ਦਿੱਤਾ ਸੀ, “ਸਾਡੀ ਮਾਂ ਹੋ ਕੇ ਕਦੇ ਮਨ ਨਾ ਭੈੜਾ ਕਰੀਂ।” ਉਹਦੀ ਗੱਲ ਸੁਣ ਕੇ ਸਗੋਂ ਬੇਬੇ ਹੌਸਲੇ ਵਿਚ ਜਵਾਬ ਦਿੱਤਾ, “ਬੰਦੀ ਸੁਖ ਚਾਹੀਦੀ ਐ... ਪੁੱਤਾਂ ਦੇ ਹੁੰਦੇ ਮਾਂਵਾਂ ਨੂੰ ਕੀ ਚਿੰਤਾ।”

ਮੈਨੂੰ ਬੇਬੇ ਦੀਆਂ ਕਈ ਗੱਲਾਂ ਸਮਝ ਨਹੀਂ ਸੀ ਆਉਂਦੀਆਂ। ਉਹ ਫ਼ਿਕਰ ਕਿਉਂ ਨਹੀਂ ਸੀ ਕਰਦੀ? ਬਾਈ ਤੇ ਬਾਪੂ ਦੀ ਮੁਲਾਕਾਤ ਲਈ ਵੀ ਉਹ ਇਕੱਲੀ ਜਾਂਦੀ ਸੀ। ਬਾਈ ਛੋਟੀ ਜੇਲ੍ਹ ਵਿਚ ਸੀ ਤੇ ਬਾਪੂ ਵੱਡੀ ਵਿਚ। ਇਨ੍ਹਾਂ ਦਿਨਾਂ ਵਿਚ ਹੀ ਕੋਈ ‘ਬਾਬਿਆਂ’ ਦਾ ਦਿਨ-ਦੁਨ ਆਇਆ ਸਰਕਾਰ ਨੇ ਕੈਦੀਆਂ ਨੂੰ ਦੋ ਸਾਲਾਂ ਦੀ ਕੈਦ ਮੁਆਫ਼ ਕਰ ਦਿੱਤੀ। ਬਾਪੂ ਰਿਹਾਅ ਹੋ ਕੇ ਘਰ ਆ ਗਿਆ।

ਬਾਪੂ ‘ਪਹਿਲਾਂ ਵਾਲਾ ਬੰਦਾ’ ਨਹੀਂ ਸੀ ਰਹਿ ਗਿਆ। ਅੱਖਾਂ ਅੰਦਰ ਨੂੰ ਧੱਸੀਆਂ ਹੋਈਆਂ, ਮੱਥੇ ’ਤੇ ਝੁਰੜੀਆਂ, ਬਾਹਾਂ ਅਤੇ ਲੱਤਾਂ ਦਾ ਮਾਸ ਲਮਕਣ ਲੱਗ ਪਿਆ। ਸਾਰਾ ਮੂੰਹ ਸਿਰ ਬੱਗਾ ਹੋ ਗਿਆ ਸੀ। ਡਿਕਡੋਲੇ ਖਾ ਕੇ ਮਸਾਂ ਹੀ ਤੁਰਦਾ। ਅੱਧੀ ਰਾਤ ਨੂੰ ਉਠਕੇ ਵਿਹੜੇ ਵਿਚ ਗੇੜੇ ਕੱਢਣ ਲੱਗ ਪੈਂਦਾ। ਬੋਲਦਾ ਬਹੁਤ ਹੀ ਘੱਟ ਜੇ ਕਿਸੇ ਨਾਲ ਬੋਲਦਾ ਤਾਂ ਪੂਰੀ ਉੱਚੀ ਆਵਾਜ਼ ਵਿਚ, ਉਸਦੀਆਂ ਗੱਲਾਂ ਦਾ ਕੋਈ ਸਿਰ ਪੈਰ ਨਾ ਹੁੰਦਾ।

ਮੈਨੂੰ ਖੇਤ ਰੋਟੀ ਫੜਾਉਣ ਆਉਂਦਾ ਤਾਂ ਰੋਟੀ ਵੱਟ ’ਤੇ ਰੱਖ ਕੇ ਆਪ ਖੇਤ ਦੇ ਆਸੇ-ਪਾਸੇ ਗੇੜੇ ਕੱਢਣ ਲੱਗ ਪੈਂਦਾ। ਜਦੋਂ ਮੈਂ ਰੋਟੀ ਖਾ ਲੈਂਦਾ ਤਾਂ ਮੇਰੇ ਕੋਲ ਆ ਕੇ ਖੜ੍ਹ ਜਾਂਦਾ। ਮੈਂ ਰੋਟੀ ਵਾਲੇ ਭਾਂਡੇ ਪੋਣੇ ਵਿਚ ਬੰਨ੍ਹ ਕੇ ਰੱਖ ਦਿੰਦਾ ਤਾਂ ਭਾਂਡਿਆਂ ਵੱਲ ਦੇਖਦਾ ਉੱਚੀ ਆਵਾਜ਼ ਵਿਚ ਬੋਲਦਾ, “ਜੂਠ ਨਾ ਛੱਡੀਂ ਪੁੱਤਰਾ, ਘਰ ਨੂੰ ਜੂਠ ਮਾਰੇ ਜਾਂ ਝੂਠ, ਹਨੂੰਮਾਨ ਨੇ ਇਹ ਗੱਲ ਰਾਮ ਨੂੰ ਆਖੀ ਸੀ।”

ਉਹ ਹਰੇਕ ਗੱਲ ਵਿਚ ਹਨੂੰਮਾਨ ਦਾ ਨਾਂ ਜ਼ਰੂਰ ਲੈਂਦਾ। ਰਾਤ ਨੂੰ ਬੇਬੇ ਨੂੰ ਹਨੂੰਮਾਨ ਦੀ ਸੰਜੀਵਨੀ ਬੂਟੀ ਲੈ ਕੇ ਆਉਣ ਵਾਲੀ ਕਥਾ ਸੁਣਾਉਂਦਾ ਰਹਿੰਦਾ। ਬੇਬੇ ਹਮੇਸ਼ਾ ਅਣਸੁਣੀ ਕਰਕੇ ਹੱਸਣ ਲੱਗ ਪੈਂਦੀ ਤੇ ਬਾਪੂ ਨੂੰ ‘ਰਾਧੇ ਆਲਾ ਬਾਵਾ’ ਆਖ ਕੇ ਦੰਦ ਕੱਢਣ ਲੱਗ ਪੈਂਦੀ। ਉਹਨੂੰ ਹੱਸਦੀ ਵੇਖ ਕੇ ਬਾਪੂ ਵੀ ਤਾੜੀ ਮਾਰ ਕੇ ਹੱਸ ਪੈਂਦਾ।

ਚੜ੍ਹਦੇ ਸਿਆਲ ਹੀ ਬਾਪੂ ਬੁਖਾਰ ਨਾਲ ਮੰਜੇ ’ਤੇ ਪੈ ਗਿਆ। ਪਿੰਡੋਂ ਬਾਬੂ ਰਾਮ ਡਾਕਟਰ ਤੋਂ ਸੂਏ ਲਵਾਏ, ਬੋਤਲਾਂ ਵੀ ਲਵਾਈਆਂ, ਪਰ ਉਹਦਾ ਬੁਖਾਰ ਨਾ ਟੁੱਟਿਆ, ਕਮਜ਼ੋਰੀ ਵਧਦੀ ਗਈ। ਲੋਕੀ ਸਾਨੂੰ ਮੰਡੀ ਲੈ ਕੇ ਜਾਣ ਨੂੰ ਆਖਦੇ। ਮੈਂ ਤੇ ਬੇਬੇ ਨੇ ਮੰਡੀ ਡਾਕਟਰ ਦੇ ਲੈ ਕੇ ਜਾਣ ਦਾ ਮਨ ਬਣਾ ਵੀ ਲਿਆ, ਪਰ ਬਾਪੂ ਨੇ ਇਸ਼ਾਰੇ ਨਾਲ ਸਾਨੂੰ ਕੋਲ ਸੱਦ ਕੇ ਦੋਵੇਂ ਹੱਥ ਜੋੜ ਲਏ ਤੇ ਫੇਰ ਉਹ ਬਾਹਾਂ ਖੜ੍ਹੀਆਂ ਕਰਕੇ ਰੋਣ ਲੱਗ ਪਿਆ। ਮੈਥੋਂ ਉਹਦਾ ਰੋਣਾ ਨਾ ਝੱਲਿਆ ਗਿਆ। ਮੇਰੀਆਂ ਧਾਹਾਂ ਨਿਕਲ ਗਈਆਂ। ਮੈਨੂੰ ਰੋਂਦਾ ਵੇਖ ਕੇ ਬੇਬੇ ਸਾਨੂੰ ਖਿੱਝ ਕੇ ਬੋਲ ਪਈ,

“ਹੱਦ ਹੋ ਗਈ, ਜਨਾਨੀਆਂ ਤੋਂ ਮਾੜੇਓ... ਬੰਦੇਓ.. ਬਸ ਸਰ ਗਿਆ ਥੋਡਾ ਪਿਉ ਪੁੱਤਾਂ ਦਾ।”

ਬੇਬੇ ਦੀ ਝਿੜਕ ਸ਼ਾਇਦ ਬਾਪੂ ਨੂੰ ਹੌਸਲਾ ਦੇ ਗਈ। ਉਹ ਆਪ ਹੀ ਸਿਰ ਵਾਲੇ ਸਾਫ਼ੇ ਦੇ ਲੜ ਨਾਲ ਅੱਖਾਂ ਪੂੰਝਣ ਲੱਗ ਪਿਆ। ਕੁਝ ਸਮਾਂ ਉਹ ਬਿਲਕੁਲ ਚੁੱਪ ਰਿਹਾ। ਫਿਰ ਮੈਨੂੰ ਇਸ਼ਾਰੇ ਨਾਲ ਕੋਲੇ ਸੱਦ ਲਿਆ। ਮੈਂ ਉਹਦੇ ਮੰਜੇ ਦੀ ਬਾਹੀ ’ਤੇ ਬਹਿ ਗਿਆ, ਮੇਰੇ ਮੋਢੇ ’ਤੇ ਹੱਥ ਰੱਖ ਕੇ ਟੁੱਟਦੀ ਆਵਾਜ਼ ਵਿਚ ਬੋਲਿਆ, “ਪੁੱ ... ਤ... ਬੰਦੇ ... ਨੇ .....ਮ...ਰ...ਨ... ਹੈ... ਕੋ... ਈ... ਗੱਲ... ਨ... ਈ ... ਹ... ਨੂੰ... ਮਾਨ... ਦੀ... ਪੂ... ਜਾ... ਕਰੀਂ।”

ਉਸ ਨੇ ਪਤਾ ਨਹੀਂ ਕੀ ਆਖਿਆ ਮੈਂ ਚੰਗੀ ਤਰ੍ਹਾਂ ਸਮਝ ਨਹੀਂ ਸਕਿਆ, ਪਰ ਹਨੂੰਮਾਨ ਦੀ ਪੂਜਾ ਕਰਨ ਦਾ ਮੈਂ ਅੰਦਾਜ਼ਾ ਲਾ ਲਿਆ। ਮੈਂ ਦੋਵੇਂ ਹੱਥਾਂ ਵਿਚ ਉਸਦਾ ਸੱਜਾ ਹੱਥ ਘੁੱਟ ਲਿਆ। ਮੈਨੂੰ ਉਹਦਾ ਮੂੰਹ ਹੱਸਦਾ ਲੱਗ ਰਿਹਾ ਸੀ। ਕੁਝ ਸਮਾਂ ਬੇਬੇ ਚੁੱਪ ਕਰਕੇ ਬੈਠੀ ਰਹੀ, ਫਿਰ ਉਠ ਕੇ ਉਹਨੇ ਬਾਪੂ ਦੀਆਂ ਅੱਖਾਂ ਬੰਦ ਕਰ ਦਿੱਤੀਆਂ ਤੇ ਭੁੰਜੇ ਬੈਠ ਕੇ ਮੂੰਹ ’ਤੇ ਚੁੰਨੀ ਲੈ ਕੇ, ‘ਮੇਰੇ ਰਾਜੇ ਸੌਹਰੇ ਦੇ ਜਾਇਆ’, ‘ਮੈਨੂੰ ਰੱਖਣ ਵਾਲਿਆ’ ਵੈਣ ਪਾਉਣ ਲੱਗ ਪਈ। ਬਾਪੂ ਸਾਡਾ ਸਾਥ ਛੱਡ ਗਿਆ ਸੀ।

ਬਾਪੂ ਦੇ ਭੋਗ ਪੈਣ ਤੱਕ ਤਾਂ ਮੇਰਾ ਘਰੇ ਦਿਲ ਲੱਗਦਾ ਰਿਹਾ ਪਰ ਬਾਅਦ ਵਿਚ ਘਰ ਖਾਣ ਨੂੰ ਆਉਂਦਾ। ਇਹ ਸਾਲ ਮੈਂ ਮਸਾਂ

ਸਾਰੇ ਦਿਨ ਨੇ ਮਾਂ ਦੇ ਕਰਕੇ ਮਾਂ ਦਾ ਦਿਨ ਨਾ ਕੋਈ।
ਹਰ ਵੇਲੇ ਛਾਂ ਬਣਕੇ ਰਹਿੰਦੀ ਮਾਂ ਜਿਉਂਦੀ ਮਾਂ ਮੋਈ। -ਆਦੇਸ਼ ਅੰਕੁਸ਼

ਰੋਂਦੇ ਪਿੱਟਦੇ ਨੇ ਪੂਰਾ ਕੀਤਾ। ਬੇਬੇ ਘਰ ਦਾ ਕੰਮ ਤਾਂ ਕਰਦੀ ਹੀ ਸੀ, ਖੇਤ ਪਾਣੀ ਦੀ ਵਾਰੀ ਨੂੰ ਮੇਰੇ ਨਾਲ ਜਾਂਦੀ। ਮੇਰਾ ਨਾ ਘਰੇ ਮਨ ਲੱਗਦਾ, ਨਾ ਖੇਤ, ਪੱਤੀ ਵਿਚ ਮੈਂ ਕਿਸੇ ਕੋਲ ਖੜ੍ਹਦਾ ਈ ਨਹੀਂ ਸੀ। ਜੇ ਕਿਸੇ ਨੂੰ ਰਾਹ ਬੰਨੇ ਮਿਲੀਦਾ ਤਾਂ ਅਗਲਾ ਤਾਰੀ ਦੀ ਬਲੈਕ ਕਰਨ ਦੀ ਗੱਲ ਛੇੜ ਲੈਂਦਾ, ਮੈਨੂੰ ਧਰਤੀ ਵਿਹਲ ਨਾ ਦਿੰਦੀ, ਮੈਂ 'ਹਾਂ-ਹੂੰ' ਕਰਕੇ ਅੱਗੇ ਤੁਰ ਪੈਂਦਾ। ਚਾਚੀ ਤੋਂ ਬਗ਼ੈਰ ਸਾਡੇ ਘਰੇ ਕੋਈ ਨਾ ਆਉਂਦਾ। ਤੀਜੇ ਸਾਲ ਜਦੋਂ ਬਾਈ ਤਾਰੀ ਛੁੱਟ ਕੇ ਆ ਗਿਆ ਤਾਂ ਚਾਚੀ ਦਾ ਆਉਣਾ ਵੀ ਬੰਦ ਹੋ ਗਿਆ।

ਬਾਈ ਤਾਰੀ ਹੁਣ ਪਹਿਲਾਂ ਵਾਲਾ 'ਬੰਦਾ' ਨਹੀਂ ਸੀ ਰਿਹਾ। ਜੇਲ੍ਹ ਵਿਚੋਂ ਉਹ ਫ਼ੀਮ ਖਾਣ ਦੀ ਅਲਾਮਤ ਨਾਲ ਲੈ ਆਇਆ ਸੀ, ਪਰ ਉਹਨੇ ਆਉਣ ਸਾਰ ਹੀ ਪਸ਼ੂਆਂ ਦਾ ਵਪਾਰ, ਮੁੰਡੇ-ਕੁੜੀਆਂ ਦੇ ਸਾਕ ਕਰਾਉਣੇ ਤੇ ਕਈ 'ਹੋਰ' ਕੰਮ ਸ਼ੁਰੂ ਕਰ ਦਿੱਤੇ ਸੀ। ਰਾਤ ਨੂੰ ਸ਼ਰਾਬ ਪੀ ਕੇ ਸ਼ਹਿਰ ਕੋਠੀ ਪਾਉਣ ਤੇ ਡੇਅਰੀ ਫਾਰਮ ਬਣਾਉਣ ਦੀਆਂ ਗੱਲਾਂ ਕਰਦਾ। ਮੈਨੂੰ ਉਹਦੀਆਂ ਗੱਲਾਂ ਕਿਸੇ ਫ਼ਿਲਮ ਦੀ ਕਹਾਣੀ ਲੱਗਦੀਆਂ। ਉਹਨੇ ਚਾਚੀ ਨੂੰ ਵੀ ਘਰੇ ਆਉਣੋਂ ਵਰਜ਼ ਦਿੱਤਾ ਸੀ, ਬੇਬੇ ਨੂੰ ਰੁੱਖਾ ਹੋ ਕੇ ਕਹਿ ਦਿੱਤਾ, "ਨਾਇਣ ਨੂੰ ਘਰੇ ਪੈਰ ਨਾ ਪੌਣ ਦੇਈਂ।"

...ਬੇਬੇ ਰੋਟੀ ਟੁੱਕ ਦਾ ਕੰਮ ਨਿਬੇੜ ਕੇ ਦਵਾਈ ਲੈਣ ਜਾਂਦੀ ਰਹੀ। ਮੇਰੀਆਂ ਲੱਤਾਂ ਤੇ ਬਾਹਾਂ ਵਿਚ ਚੀਸਾਂ ਪਈ ਜਾਂਦੀਆਂ ਸੀ। ਸਾਰੀ ਰਾਤ ਬੁਖਾਰ ਨੇ ਬੌਂਦਲਾਈ ਰੱਖਿਆ ਸੀ। ਉੱਸਲਵੱਟੇ ਲੈਂਦਿਆਂ ਰਾਤ ਪੂਰੀ ਕੀਤੀ ਸੀ, ਤੜਕੇ ਜੇ ਜਾ ਕੇ ਅੱਖ ਲੱਗੀ ਤਾਂ ਸੁਪਨੇ ਵਿਚ ਬਾਪੂ ਦਿੱਸਿਆ, ਲੱਕ ਦੇ ਪਰਨੇ ਤੋਂ ਬਗ਼ੈਰ ਉਹਦਾ ਸਾਰਾ ਸਰੀਰ ਨੰਗਾ, ਸਿਰ ਦੇ ਵਾਲ ਖੁੱਲ੍ਹੇ, ਮੂੰਹ 'ਤੇ ਸਵਾਹ ਮਲੀ ਹੋਈ, ਮੈਨੂੰ ਉੱਚੀ ਆਵਾਜ਼ ਵਿਚ ਬੋਲਿਆ, "ਮੈਂ ਭੇਖ ਧਾਰਨ ਕਰ ਲਿਆ" ਫਿਰ ਮੈਨੂੰ ਸ਼ਿਵਜੀ ਭਗਵਾਨ ਦੀ ਕਥਾ ਸੁਣਾਉਣ ਲੱਗ ਪਿਆ, "ਸ਼ਿਵਜੀ ਤੇ ਪਾਰਬਤੀ ਇਕ ਵਾਰੀ ਕੱਚੇ ਰਾਹ ਤੁਰੇ ਜਾਂਦੇ ਸੀ। ਰਾਹ ਵਿਚ ਉਨ੍ਹਾਂ ਨੂੰ ਇਕ ਬੰਦਾ ਮਿਲਿਆ। ਮੋਢੇ 'ਤੇ ਕਹੀ, ਮੂੰਹ 'ਤੇ ਮੰਡਾਸਾ ਮਾਰਿਆ ਤੇ ਪਾਰਬਤੀ ਵੇਖ ਕੇ ਡਰ ਗਈ। ਸ਼ਿਵ ਜੀ ਆਂਹਦਾ ਡਰ ਨਾ ਏਹਨੂੰ ਹੁਣ ਖੇਤ ਤੋਂ ਬਗ਼ੈਰ ਕੁਝ ਨ੍ਹੀ ਸੁਝਦਾ।"

...ਬਾਪੂ ਕਮਲਿਆਂ ਵਾਂਗੂ ਹੱਸਣ ਲੱਗ ਪਿਆ। ਹੱਸਦਾ-ਹੱਸਦਾ ਉਹ ਚੜ੍ਹਦੇ ਵੱਲ ਭੱਜ ਗਿਆ। ਮੈਂ ਉਹਨੂੰ ਆਵਾਜ਼ਾਂ ਮਾਰਦਾ ਪਿਛੇ-ਪਿਛੇ ਭੱਜਿਆ, ਪਰ ਬਾਪੂ ਰੁਕਿਆ ਨਾ 'ਤੁਸੀਂ ਦੋਵੇਂ ਭਰਾ ਘਰ ਸੰਭਾਲੋ' ਕਹਿੰਦਾ ਬਾਪੂ ਟਿੱਬਿਆਂ ਉਤੋਂ ਦੀ ਭੱਜਦਾ ਪਤਾ ਨੀ ਕਿਧਰ ਛਿਪਣ ਹੋ ਗਿਆ। ਮੈਂ ਪਿੱਛੋਂ 'ਬਾਪੂ-ਬਾਪੂ' ਕਹਿ ਕੇ ਆਵਾਜ਼ਾਂ ਮਾਰਦਾ ਰਿਹਾ।

ਬੇਬੇ ਨੇ ਮੈਨੂੰ ਹਲੂਣ ਕੇ ਜਗਾ ਦਿੱਤਾ। ਮੇਰਾ ਸਾਰਾ ਸਰੀਰ ਮੁੜ੍ਹਕੇ ਨਾਲ ਭਿੱਜਿਆ ਪਿਆ ਸੀ।

"ਦਬਾਅ ਆ ਗਿਆ ਕੋੜ੍ਹਿਆ, ਹਿੱਕ 'ਤੇ ਹੱਥ ਰੱਖ ਕੇ ਨਾ ਸੌਂਇਆ ਕਰ, ਉਠ ਮੈਂ ਚਾਹ ਲਿਆਮਾਂ।" ਪਾਣੀ ਦੀ ਗੜਵੀ ਮੈਨੂੰ ਫੜਾ ਕੇ ਬੇਬੇ ਚਾਹ ਲੈਣ ਜਾਂਦੀ ਰਹੀ। ਮੈਂ ਆਸੇ-ਪਾਸੇ ਦੇਖਿਆ। ਦਿਨ ਚੜ੍ਹ ਆਇਆ ਸੀ। ਸੁਪਨੇ ਵਿਚ ਵੇਖੀਂ ਬਾਪੂ ਦੀ ਹਾਲਤ 'ਤੇ ਬੜਾ ਤਰਸ ਆਇਆ। ਪਤਾ ਹੀ ਨਾ ਲੱਗਿਆ ਕਦੋਂ ਅੱਖਾਂ ਵਿਚੋਂ ਪਾਣੀ ਵਹਿ ਕੇ ਗੱਲ੍ਹਾਂ 'ਤੇ ਆ ਗਿਆ ਸੀ।

"ਵੇਖਾਂ ਭੋਰਾ ਤਾਪੜਾ ਕੀ ਚੜ੍ਹ ਗਿਐ, ਖੇਖਣ ਕਰਦੈ ਵਿਆਹ ਮੰਗਦੀਆਂ ਕੁੜੀਆਂ ਵਾਂਗੂ... ਲਾਹਣਤ ਐ ਮਰਦ ਹੋਣ... ਦੇ।" ਬੇਬੇ ਨੇ ਜਾਣ ਕੇ ਗੱਲ ਹਾਸੇ ਪਾਉਣ ਦੇ ਰੌਂ ਨਾਲ ਮੈਨੂੰ ਛੇੜਿਆ।

"ਬੁਖਾਰ ਦੀ ਗੱਲ ਨੀਂ ਬੇਬੇ, ਮੈਨੂੰ ਸੁਪਨੇ ... 'ਚ... ਬਾ... ਪੂ।" ਮੇਰੀ ਧਾਹ ਨਿਕਲ ਗਈ। ਸੁਣਦੇ ਸਾਰ ਬੇਬੇ ਲੋਹੀ'ਲਾਖੀ ਹੋ ਗਈ,

"ਮਰਿਆਂ ਨੂੰ ਯਾਦ ਨਾ ਕਰਿਐ ਕਰ ਸੁਪਨੇ ਤਾਂ ਗਲਣੇ... ਰੱਬ ਦਾ ਨਾਓਂ... ਲੈ ... ਮਰ ਗਿਐ... ਨੂੰ ... ਯਾਦ ... ਕਰੀ ... ਜਾਣੈ ... ਹੋਰ ... ਕਾ ... ਹ. ਨੂੰ .. ਕੰਮ... ਐ... ਕੋਈ..।" ਬੇਬੇ ਨੱਕ 'ਚੋਂ ਨੂੰਹੇ ਸਿੱਟਦੀ ਪਸ਼ੂਆਂ ਵੰਨੀਂ ਤੁਰ ਗਈ। ਮੈਂ ਉਹਨੂੰ ਪਹਿਲੀ ਵਾਰੀ ਏਨੇ ਗੁੱਸੇ ਵਿਚ ਵੇਖਿਆ ਸੀ।

...ਕੁਝ ਸਮੇਂ ਮਗਰੋਂ ਵੱਡਾ ਬਾਰ ਖੜਕਿਆ। ਮੈਂ ਮੰਜੇ 'ਤੇ ਬੈਠਾ ਹੋ ਗਿਆ। ਸੋਚਿਆ ਸ਼ਾਇਦ ਬੇਬੇ ਆ ਗਈ, ਪਰ ਨਹੀਂ ਚਾਚੀ ਆਈ ਐ। ਉਹਦੇ ਹਰੇ ਰੰਗ ਦਾ ਸੂਟ ਪਾਇਆ, ਮੱਥੇ 'ਤੇ ਬਿੰਦੀ ਲੱਗੀ ਤੇ ਚੁੰਨੀ ਸਿਰ ਤੇ ਨਹੀਂ ਸਗੋਂ ਗਲ 'ਚ ਪਾਈ ਐ।

"ਮਾਂ ਜੀ ਕਿੱਥੇ ਐ?" ਉਹ ਚੌਂਕੇ ਵੱਲ ਝਾਕਦੀ ਮੈਨੂੰ ਪੁੱਛਦੀ ਐ। "ਬੁੱਧਾ ਰਾਮ ਤੋਂ ਦਵਾਈ...।"

ਮੈਂ ਗੱਲ ਵੀ ਪੂਰੀ ਨਾ ਕੀਤੀ ਉਹ ਖੜ੍ਹੇ ਪੈਰ ਮੁੜਦੀ ਬੋਲੀ, "ਉਹਨੂੰ ਆਖੀਂ ਮੈਂ ਆਈ ਸੀ।"

ਮੇਰਾ ਦਿਲ ਕਰਦਾ ਸੀ ਚਾਚੀ ਕੁਝ ਸਮਾਂ ਰੁਕ ਜੇ। ਉਹਨੇ ਤਾਂ ਦੂਜੀ ਗੱਲ ਵੀ ਨਹੀਂ ਸੀ ਕੀਤੀ। ਮੈਂ ਉਸਨੂੰ ਪਿਛੋਂ ਬੜੇ ਗਹੁ ਨਾਲ ਵੇਖਿਆ। ਵੱਡੇ ਬਾਰ ਤੱਕ ਮੈਂ ਉਸਨੂੰ ਪਿਛੋਂ ਦੇਖਦਾ ਰਿਹਾ।

ਦੋ ਘੰਟੇ ਮੈਂ ਉਸਲਵੱਟੇ ਲੈਂਦਿਆਂ ਟਪਾਏ, ਬੇਬੇ ਆਈ ਤਾਂ ਮੈਂ ਚਾਚੀ ਆਈ ਦਾ ਦੱਸਿਆ। ਉਹਨੇ ਮੇਰੀ ਗੱਲ ਅਣਸੁਣੀ ਕਰ ਦਿੱਤੀ। ਬੇਬੇ ਨੇ ਦਵਾਈ ਦੇ ਅਧੀਏ ਵਿਚੋਂ ਕੱਚ ਦਾ ਅੱਧਾ ਗਲਾਸ ਭਰ ਦਿੱਤਾ। ਕੌੜੀ ਹੋਣ ਕਰਕੇ ਮੈਂ ਦਵਾਈ ਮਸਾਂ ਪੀਤੀ। ਆਥਣ ਤੱਕ ਮੈਨੂੰ ਸਰੀਰ ਕੁਝ ਠੀਕ ਲੱਗਿਆ। ਰਾਤ ਨੂੰ ਅੱਧਾ ਗਲਾਸ ਦਵਾਈ ਦਾ ਹੋਰ ਪੀ ਕੇ ਮੈਂ ਚੌਲਾਂ-ਮੂੰਗੀ ਦੀ ਖਿੱਚੜੀ ਖਾ ਕੇ ਸੌਂ ਗਿਆ।

ਮੇਰੀ ਜਾਗ ਉਦੋਂ ਖੁੱਲ੍ਹੀ ਜਦੋਂ ਤੜਕੇ ਮੂੰਹ ਹਨੇਰੇ ਬਾਹਰ ਗਲੀ ਵਿਚ ਹੱਲਾ-ਗੱਲਾ ਮਚਿਆ ਹੋਇਆ ਸੀ। ਮੈਂ ਉੱਠ ਕੇ ਵੇਖਿਆ। ਬੇਬੇ ਘਰੇ ਨਹੀਂ ਸੀ। ਚਾਚੇ ਬੂੜੇ ਦੇ ਬਾਰ ਸਾਹਮਣੇ ਸਾਰਾ ਪਿੰਡ ਇਕੱਠਾ ਹੋਇਆ ਖੜ੍ਹਾ ਸੀ। ਚਾਚੇ ਬੂੜੇ ਦੇ ਸਿਰੋਂ ਪੱਗ ਲੱਥੀ, ਵਾਲ ਖਿਲਰੇ, ਸੱਜੀ ਅੱਖ ਥੱਲਿਓਂ ਮੂੰਹ ਸੁਜਿਆ ਹੋਇਆ, ਦੋਵੇਂ ਅੱਖਾਂ ਵਿਚੋਂ ਪਰਲ-ਪਰਲ ਪਾਣੀ ਵਗੀ ਜਾਵੇ।

"ਥਾਨੇ ਚਲੋ ਭਾਈ ਥਾਨੇ," ਪੈਂਦੇ ਰੌਲੇ ਵਿਚੋਂ ਕਈ ਆਵਾਜ਼ਾਂ ਆਈਆਂ।

"ਥਾਨੇ ਆਲੇ ਕਿਹੜਾ ਧਰਮਰਾਜ ਦੇ ਪੁੱਤ ਐ, ਆਪੇ ਭਾਲ ਲੋ।" ਚਾਚਾ ਬੀਰਾ ਕਮਲਿਆਂ ਵਾਂਗੂ ਹੱਸਦਾ ਬੋਲਿਆ। ਉਹਨੂੰ ਚੜ੍ਹੀ ਲੱਥੀ ਦੀ ਕੋਈ ਨਹੀਂ ਸੀ, ਕੋਈ ਗੱਲ ਹੋ ਜਾਂਦੀ ਉਹ ਕਮਲਿਆਂ ਵਾਂਗੂ ਦੰਦ ਕੱਢ ਕੇ ਤਾੜੀ ਮਾਰ ਦਿੰਦਾ ਸੀ। ਉਹਨੇ ਅੱਜ ਤੱਕ ਕਿਸੇ ਦੀ ਨਾ ਸ਼ਰਮ ਮੰਨੀ ਸੀ, ਨਾ ਕੋਈ ਗੱਲ ਮੰਨੀ ਸੀ। ਸਾਰੀ ਦੁਨੀਆਂ ਨੂੰ ਟਿੱਚ ਕਰਕੇ ਜਾਣਦਾ ਸੀ।

"ਪਤਾ ਤਾਂ ਲੱਗੇ ਗਈ ਕਿੱਥੇ ਐ? ਕੌਣ-ਕੌਣ ਨਾਲ ਸੀ? ਇਹਦਾ ਤਾਂ ਹੁਲੀਆ ਵਿਗਾੜ ਤੈ।" ਚਾਚੇ ਛੋਟੇ ਨੇ ਬੂੜੇ ਦੇ ਮੋਢੇ 'ਤੇ

ਜਦੋਂ ਵੀ ਬੇਵਸੀ ਦੇ ਨਾਲ ਸੀ ਇਹ ਠਹਿਰਿਆ ਪਾਣੀ।
ਤਾਂ ਵਗਦੇ ਪਾਣੀਆਂ ਪੁਛਿਆ ਕਿ ਤੂੰ ਵੀ ਹੈਂ ਕੇਹਾ ਪਾਣੀ। -(ਅਗਲੇ ਸਫ਼ੇ 'ਤੇ)

ਹੱਥ ਰੱਖਦਿਆਂ ਹਮਦਰਦੀ ਨਾਲ ਕਿਹਾ।

''ਬਸ ਆਖ਼ਰੀ ਗੱਲ ਐ, ਜੇ ਜਨਾਨੀ ਆਪ ਦੀ ਆਪ ਵੱਸ ਜੇ ਤਾਂ ਠੀਕ ਐ, ਨਹੀਂ ਤਾਂ ਰੱਬ ਦੇ ਨ੍ਹੀਂ ਵੱਸਦੀ, ਬਾਕੀ ਜਿੰਨੇ ਦੀ ਚੀਜ਼ ਸੀ ਓਨੇ ਦਿਨ ਕੱਟ ਗਈ... ਬਸ... ਬਸ... ਐ।'' ਛੋਟੂ ਅਮਲੀ ਨੇ ਆਖ਼ਰੀ ਗੱਲ ਸੁਣਾ ਦਿੱਤੀ ਸੀ। ਉਹ ਗੱਲਾਂ ਕਰਦਾ 'ਆਖ਼ਰੀ ਗੱਲ ਐ' ਜ਼ਰੂਰ ਬੋਲਦਾ।

''ਰੱਬ ਦਾ ਭਾਣਾ ਮੰਨ ... ਉਹੀ ਸਭ ਦੈ, ਜੇ ਆਉਣਾ ਤਾਂ ਆ ਜੂ... ਆ... ਚਾਹ ਪੀ ਪਹਿਲਾਂ।'' ਬੇਬੇ ਨੇ ਚਾਚੇ ਬੂੜੇ ਦੀ ਸੱਜੀ ਬਾਂਹ ਫੜ ਕੇ ਸਾਡੇ ਘਰ ਵੰਨੀਂ ਤੋਰਦਿਆਂ ਕਿਹਾ।

ਚਾਚਾ ਸਾਡੇ ਘਰੇ ਆ ਕੇ ਰੋਈ ਗਿਆ। ਬੇਬੇ ਗੱਲਾਂ-ਗੱਲਾਂ ਵਿਚ ਹੌਸਲਾ ਦੇਈ ਗਈ। ਦੋ ਦਿਨ ਉਹ ਸਾਡੇ ਘਰੇ ਈ ਰਿਹਾ। ਮੰਜੇ 'ਤੇ ਮਰਿਆਂ ਵਾਂਗੂ ਪਿਆ ਰਹਿੰਦਾ। ਤੀਜੇ ਦਿਨ ਉਹ ਸਾਨੂੰ ਦੱਸੇ ਬਗ਼ੈਰ ਪਤਾ ਨਹੀਂ ਕਿੱਧਰ ਤੁਰ ਗਿਆ।

...ਸੱਤਵੇਂ ਦਿਨ ਬਾਈ ਤਾਰੀ ਘਰੇ ਮੁੜਿਆ ਤਾਂ ਬੇਬੇ ਨੇ ਉਹਨੂੰ ਚਾਚੀ ਦੇ ਭੱਜ ਜਾਣ ਦੀ ਸਾਰੀ ਗੱਲ ਸੁਣਾਈ। ਚਾਚੀ ਜਾਂਦੀ ਹੋਈ ਚਾਚੇ ਬੂੜੇ ਦੇ ਧੌਲ ਧੱਫਾ ਵੀ ਕਰ ਗਈ ਸੀ ਤੇ ਘਰ ਦਾ ਸਾਰਾ ਟੂੰਮ-ਛੱਲਾ ਲੈ ਕੇ ਕਿਸੇ ਨਾਲ ਤਿੱਤਰ ਹੋ ਗਈ ਸੀ। ਬੇਬੇ ਨੂੰ ਬੂੜੇ ਦੇ ਗਵਾਚ ਜਾਣ ਦਾ ਵੀ ਦੁੱਖ ਸੀ। ਬੇਬੇ ਨੇ ਤਾਰੀ ਨੂੰ ਜ਼ੋਰ ਨਾਲ ਆਖਿਆ ਕਿ ਦੋਹਾਂ ਦਾ ਪਤਾ ਟਿਕਾਣਾ ਭਾਲੇ।

''ਮੈਂ ਲੋਕਾਂ ਦਾ ਠੇਕਾ ਲਿਆ, ਲੋਕ ਤਾਂ ਸਾਲੇ ਦੂਜਿਆਂ ਦੇ ਕੰਮਾਂ 'ਚ ਲੱਤਾਂ ਅੜਾਈ ਰੱਖਦੇ ਐ ... ਆਵਦੀ ਤਾਂ ਲਿਬੜੀ ਨ੍ਹੀਂ ਪੂੰਝੀਦੀ... ਭੈਣ ਦੀ ਮਰਾਵੇ ਸਿਆਪਾ।''

ਬਾਈ ਤਾਰੀ ਤੇਲ ਦੇ ਤੜਕੇ ਵਾਂਗੂ ਉਠਦਿਆਂ ਬੋਲਿਆ। ਬੇਬੇ ਚੁੱਪ ਕਰ ਗਈ। ਉਹਨੂੰ ਤਾਰੀ ਦੇ ਤਹਿਤ ਦਾ ਪਤਾ ਸੀ। ਦੋ ਦਿਨ ਮੇਰੇ ਨਾਲ ਖੇਤ ਦਾ ਮਾੜਾ ਮੋਟਾ ਕੰਮ ਕਰਵਾ ਕੇ ਉਹ ਫੇਰ ਜਾਂਦਾ ਰਿਹਾ। ਉਹ ਕਈ ਮਹੀਨੇ ਹੀ ਨਾ ਮੁੜਿਆ, ਗਰਮੀਆਂ ਵਿਚ ਇਕ ਰਾਤ ਨੂੰ ਆਇਆ ਤਾਂ ਸਾਰੇ ਪਿੰਡ ਨੂੰ ਗਾਲ੍ਹਾਂ ਦੇਈ ਗਿਆ। ਮੂੰਹ ਹਨੇਰੇ ਹੀ ਉਠ ਕੇ ਜਾਂਦਾ ਰਿਹਾ। ਦੂਜਾ ਸਾਲ ਵੀ ਟੱਪ ਗਿਆ। ਉਹ ਨਾ ਆਇਆ। ਮੈਂ ਬੇਬੇ ਨੂੰ ਪੁੱਛਦਾ ਤਾਂ ਉਹ ਟਾਲ ਦਿੰਦੀ ਤੇ ਉਂਗਲਾਂ ਦੇ ਪੋਟਿਆਂ 'ਤੇ ਕੁਝ ਗਿਣਨ ਲੱਗ ਜਾਂਦੀ। ਇਕ ਦਿਨ ਜਦੋਂ ਮੈਂ ਤਾਰੀ ਨੂੰ ਭਾਲਣ ਦੀ ਜ਼ਿੱਦ ਕੀਤੀ ਤਾਂ ਬੇਬੇ ਨੇ ਉਂਗਲਾਂ 'ਤੇ ਕੁਝ ਗਿਣ ਕੇ ਦੱਸਿਆ ਕਿ ਤਾਰੀ ਅੱਸੂ ਦੀ ਸੰਗਰਾਂਦ ਤੋਂ ਤਿੰਨ ਦਿਨ ਪਿੱਛੋਂ ਆਜੂ। ਸੰਗਰਾਂਦ ਟੱਪਣ ਤੋਂ ਦੋ ਦਿਨ ਪਿਛੋਂ ਬੇਬੇ ਦੀ ਗੱਲ ਸੱਚ ਹੋ ਗਈ। ਦਿਨ ਦੇ ਚੜ੍ਹਾਅ ਨਾਲ ਹੀ ਬੂਹਾ ਖੜਕਿਆ। ਮੈਂ ਉਠ ਕੇ ਬਾਰ ਖੋਲ੍ਹਿਆ। ਤਾਰੀ ਸਾਈਕਲ ਲਈ ਖੜ੍ਹਾ ਸੀ। ਉਹਦੇ ਮਗਰ ਲਾਲ ਸੂਟ ਵਿਚ ਘੁੰਡ ਕੱਢੀ ਗਰਭਵਤੀ ਜਨਾਨੀ ਖੜ੍ਹੀ ਸੀ। ਮੈਨੂੰ ਚਾਅ ਚੜ੍ਹ ਗਿਆ। ਬਾਈ ਨੂੰ ਭਾਬੀ ਥਿਆ ਗਈ ਸੀ। ਮੈਂ ਬੇਬੇ ਨੂੰ ਉੱਚੀ ਹਾਕ ਮਾਰੀ। ਬੇਬੇ ਸਰ੍ਹੋਂ ਦੇ ਤੇਲ ਵਾਲੀ ਕੌਲੀ ਲੈ ਆਈ। ਉਹਨੇ ਬਾਰ ਦੇ ਦੋਵੇਂ ਕੌਲਿਆਂ 'ਤੇ ਤੇਲ ਚਿਓਂ ਕੇ ਤਾਰੀ ਦਾ ਮੋਢਾ ਪਲੂਸਿਆ, ਭਾਬੀ ਨੂੰ ਬੇਬੇ ਨੇ ਨੀਵੀਂ ਨ੍ਹੀਂ ਹੋਣ ਦਿੱਤਾ, ਘੁੰਡ ਚੁੱਕ ਕੇ ਹਿੱਕ ਨਾਲ ਲਾ ਲਿਆ।


''ਲੈ ਤੂੰ ਵੀ ਆਵਦੀ ਭਾਬੀ ਦਾ ਮੂੰਹ ਵੇਖ ਲੈ।'' ਬੇਬੇ ਨੇ ਭਾਬੀ ਦੀ ਚੁੰਨੀ ਦੋਹਾਂ ਹੱਥਾਂ ਨਾਲ ਚੁੱਕ ਕੇ ਮੂੰਹ ਮੇਰੇ ਵੱਲ ਫੇਰ ਦਿੱਤਾ।

''ਹੈਂਅ'... ਚ... ਭ ... ਚ... ਭ... ਬੇ... ਬੇ।'' ਆਵਾਜ਼ ਮੇਰੇ ਗਲ਼ੇ ਵਿਚ ਅਟਕ ਗਈ। ਮੈਨੂੰ ਸਾਰਾ ਕੁਝ ਘੁੰਮਦਾ ਦਿੱਸਿਆ। ਬਾਈ ਤਾਰੀ ਨੇ ਚੌਂਤਰੇ ਤੇ ਜਾ ਕੇ ਸਾਈਕਲ ਦਾ ਸਟੈਂਡ ਲਾ ਦਿੱਤਾ ਸੀ। ਬੇਬੇ ਤੇ 'ਉਹ' ਹੱਸਦੀਆਂ ਚੌਂਤਰੇ ਵੰਨੀਂ ਤੁਰ ਪਈਆਂ। ਮੈਂ ਬਾਰ ਵਿਚ ਖੜ੍ਹਾ ਤੁਰੀ ਜਾਂਦੀ 'ਉਹਨੂੰ' ਪਿਛੋਂ ਦੇਖਦਾ ਰਿਹਾ।

ਕਹਾਣੀ

# ਹਟਕੋਰੇ

**ਡਾ. ਸਾਧੂ ਰਾਮ ਲੰਗੇਆਣਾ**



ਡਾ. ਸਾਧੂ ਰਾਮ

'ਗੰਡਾ ਸਿਹੁੰ' ਦੇ ਵਿਆਹ ਹੋਏ ਨੂੰ 10-12 ਸਾਲ ਹੀ ਹੋਏ ਸਨ। ਕਿ ਉਸਦੀ ਪਤਨੀ 'ਮੇਲੋ' ਅਚਾਨਕ ਬੇਵਕਤੀ ਸਦੀਵੀ ਵਿਛੋੜਾ ਦੇ ਗਈ। ਪਤਨੀ ਦੇ ਸਦੀਵੀਂ ਵਿਛੋੜਾ ਦੇ ਜਾਣ 'ਤੇ ਅੰਗੀ-ਸਾਕੀ, ਰਿਸ਼ਤੇਦਾਰਾਂ, ਮਿੱਤਰ ਪਿਆਰਿਆਂ ਨੇ ਗੰਡਾ ਸਿਹੁੰ ਨੂੰ ਦੂਸਰਾ ਵਿਆਹ ਕਰਵਾਉਣ ਬਾਰੇ ਬਥੇਰਾ ਜ਼ੋਰ ਲਗਾਇਆ, ਪ੍ਰੰਤੂ ਗੰਡਾ ਸਿੰਹੁ ਨੇ ਕਿਸੇ ਦਾ ਕੋਈ ਵੀ ਹੁੰਗਾਰਾ ਨਾ ਭਰਿਆ, ਸਗੋਂ ਅੱਗੋਂ ਇਹ ਜਵਾਬ ਹੁੰਦਾ ਸੀ ਕਿ ਦਾਤੇ ਨੇ ਪਿਛਲੇ ਜਨਮ ਦੇ ਪਾਪਾਂ ਦਾ ਵੈਰ ਮੇਰੇ ਕੋਲੋਂ ਤਾਂ ਪਤਨੀ ਅਤੇ ਮਾਸੂਮ ਬੱਚਿਆਂ ਕੋਲੋਂ ਮਾਂ ਦਾ ਪਿਆਰ ਖੋਹ ਕੇ ਤਾਂ ਕੱਢਿਆ ਹੀ ਹੈ। ਪਰ ਮੈਂ ਫਿਰ ਵੀ ਅਕਾਲ ਪੁਰਖ ਦਾ ਭਾਣਾ ਮੰਨਦਾ ਹੋਇਆ ਉਸਦਾ ਸ਼ੁਕਰ ਗੁਜ਼ਾਰ ਹਾਂ ਕਿ ਦਾਤੇ ਨੇ ਮੈਨੂੰ ਮੇਰੀ ਕੁਲ ਨੂੰ ਜਿਉਂਦਾ ਰੱਖਣ ਲਈ ਦੋ ਲਾਲ ਤਾਂ ਦਿੱਤੇ ਹੀ ਹਨ। ਪ੍ਰਮਾਤਮਾ ਉਨ੍ਹਾਂ ਦੀ ਲੰਬੇਰੀ ਉਮਰ ਬਖਸ਼ੇ, ਦੂਸਰਾ ਵਿਆਹ ਕਰਵਾਉਣ ਤੇ ਜੇ ਕੋਈ ਗੰਦੇ ਰਵ੍ਹੇ ਦੀ ਜ਼ਨਾਨੀ ਮੇਰੇ ਪੇਸ਼ ਪੈ ਗਈ ਤਾਂ ਮੇਰੇ ਪੁੱਤਰਾਂ ਦੇ ਮੂੰਹ 'ਚ ਟੁੱਕ ਦੀ ਬੁਰਕੀ ਦੀ ਬਿਜਾਏ ਤਿੱਖੀਆਂ ਸੂਲਾਂ ਹੀ ਪੈਣਗੀਆਂ।

ਮੇਲੋ ਦੀ ਕੁੱਖੋਂ ਜਨਮੇ ਦੋ ਪੁੱਤਰਾਂ ਨਿੰਦੀ ਤੇ ਸ਼ਿੰਦੀ ਨੂੰ ਗੰਡਾ ਸਿਹੁੰ ਨੇ ਬੱਕਰੀ ਦਾ ਦੁੱਧ ਪਿਲਾ-ਪਿਲਾ ਕੇ ਜਵਾਨ ਕਰ ਲਿਆ ਸੀ। ਘਰ ਵਿੱਚ ਗਰੀਬੀ ਹੋਣ ਕਾਰਨ ਉਸਦਾ ਵੱਡਾ ਪੁੱਤਰ ਨਿੰਦੀ ਤਾਂ ਆਂਢ-ਗਵਾਂਢ ਦੇ ਸਹਿਯੋਗ ਨਾਲ ਬਾਰਾਂ ਜਮਾਤਾਂ ਪੜ੍ਹ ਗਿਆ ਸੀ। ਅਤੇ ਅੱਗੇ ਕਾਲਜ ਵਿੱਚ ਸਿਵਲ ਇੰਜੀਨੀਅਰਿੰਗ ਮਕੈਨੀਕਲ ਦੀ ਡਿਗਰੀ ਕਰਨ ਲੱਗ ਪਿਆ। ਛੋਟਾ ਪੁੱਤਰ ਦੋਵੇਂ ਲੱਤਾਂ ਤੋਂ ਪੋਲੀਓ ਦੀ ਬਿਮਾਰੀ ਨਾਲ ਪੀੜਤ ਹੋਣ ਕਾਰਨ ਇੱਕ ਤਾਂ ਸਰੀਰਕ ਪੱਖੋਂ ਕਮਜ਼ੋਰ ਸੀ। ਦੂਜਾ ਉਸਨੇ ਪੜ੍ਹਾਈ ਵੱਲ ਵੀ ਕੋਈ ਖਾਸ ਧਿਆਨ ਨਾ ਦਿੱਤਾ।

ਗੰਡਾ ਸਿੰਹੁ ਨੇ ਲੰਬੀਆਂ ਸੋਚਾਂ-ਸੋਚਦਿਆਂ ਆਪਣੀ ਇੱਕ

ਕਿਤੇ ਅਥਰੂ, ਕਿਤੇ ਬਾਰਸ਼, ਕਿਤੇ ਦਰਿਆ, ਕਿਤੇ ਨਦੀਆਂ,
ਕਿਤੇ ਚਸ਼ਮੇ, ਕਿਤੇ ਸਾਗਰ, ਬੜਾ ਰੋਂਦਾ ਰਿਹਾ ਪਾਣੀ। -ਬੀਬਾ ਬਲਵੰਤ

ਏਕੜ ਜ਼ਮੀਨ ਵੱਡੇ ਪੁੱਤ ਨਿੰਦੀ ਦੀ ਕਾਲਜ ਡਿਗਰੀ ਦੇ ਇਵਜ਼ 'ਚ ਪਿੰਡ ਦੇ ਨੰਬਰਦਾਰ ਹਜ਼ੂਰਾ ਸਿੰਘ ਕੋਲ ਗਿਰਵੀ ਰੱਖ ਦਿੱਤੀ। ਅਤੇ ਪੜ੍ਹਾਈ ਕਰਕੇ ਪੁੱਤ ਦੇ ਵੱਡਾ ਅਫ਼ਸਰ ਲੱਗ ਜਾਣ ਦੇ ਸੁਪਨਿਆਂ 'ਚ ਗਵਾਚ ਗਿਆ।

ਹੁਣ ਉਸਦਾ ਨਿੰਦੀ ਪੁੱਤ ਪੜ੍ਹਾਈ ਕਰਕੇ ਇੰਜੀਨੀਅਰ ਬਣ ਗਿਆ ਤੇ ਉਸਨੂੰ ਪੰਜਾਬੋਂ ਬਾਹਰੀ ਸਟੇਟ ਬੰਗਲੌਰ ਵਿਖੇ ਇੱਕ ਪ੍ਰਾਈਵੇਟ ਕੰਪਨੀ 'ਚ ਨੌਕਰੀ ਮਿਲ ਗਈ। ਅਜੇ ਨੌਕਰੀ ਕਰਦਿਆਂ ਉਸਨੂੰ ਅਜੇ ਕੁਝ ਮਹੀਨੇ ਹੀ ਹੋਏ ਸਨ ਕਿ ਉਸੇ ਕੰਪਨੀ 'ਚ ਹੀ ਨਿੰਦੀ ਆਪਣੇ ਬਰਾਬਰ ਦੀ ਯੋਗਤਾ ਵਾਲੀ ਇੱਕ ਕੁੜੀ ਦੇ ਸੰਪਰਕ ਵਿੱਚ ਐਸਾ ਆਇਆ ਕਿ ਉਨ੍ਹਾਂ ਨੇ ਉੱਥੇ ਚੰਦ ਦਿਨਾਂ 'ਚ ਹੀ ਕੋਰਟ-ਮੈਰਿਜ ਕਰਵਾ ਲਈ ਤੇ ਆਪਣੀ ਨਵੀਂ ਜ਼ਿੰਦਗੀ ਜਿਉਣ ਲੱਗ ਪਏ।

ਉਧਰ ਗੰਡਾ ਸਿੰਹੁ ਦੀਆਂ ਆਸਾਂ ਤੇ ਉਸ ਸਮੇਂ ਪਾਣੀ ਫਿਰਨਾ ਸ਼ੁਰੂ ਹੋ ਗਿਆ। ਜਦੋਂ ਨਿੰਦੀ ਨੇ ਬਾਪੂ ਦੇ ਟੈਲੀਫ਼ੋਨ ਦੀ ਪ੍ਰਵਾਹ ਨਾ ਕਰਦਿਆਂ ਉਸਦੀ ਕੋਈ ਕਾਲ ਰਿਸੀਵ ਨਾ ਕੀਤੀ, ਗੰਡਾ ਸਿੰਹੁ ਨੇ ਫ਼ੋਨਾਂ ਤੋਂ ਇਲਾਵਾ ਕੁਝ ਚਿੱਠੀ ਪੱਤਰ ਵੀ ਪਾਏ। ਪ੍ਰੰਤੂ ਕੋਈ ਜਵਾਬ ਨਾ ਆਇਆ।

ਪੁੱਤਰ ਨੂੰ ਮਿਲਣ ਦੀ ਚਾਹਤ ਮੱਦੇਨਜ਼ਰ ਰੱਖਦਿਆਂ ਫ਼ਿਕਰਾਂ 'ਚ ਗੁੰਮ ਹੋਇਆ ਗੰਡਾ ਸਿੰਹੁ ਉਦਾਸ ਮਨ ਨਾਲ ਇੱਕ ਦਿਨ ਟਰੇਨ ਰਾਹੀਂ ਬੰਗਲੌਰ ਜਾ ਪੁੱਜਾ, ਕੰਪਨੀ 'ਚ ਗੇਟ-ਕੀਪਰ ਨੇ ਉਸਨੂੰ ਚਾਹ-ਪਾਣੀ ਪਿਲਾਇਆ ਤੇ ਨਿੰਦੀ ਨੂੰ ਬੁਲਾ ਕੇ ਮਿਲਾਉਣ ਦਾ ਵਿਸਵਾਸ਼ ਜਿਤਾਇਆ।

ਗੇਟ-ਕੀਪਰ ਵੱਲੋਂ ਆਪਣੇ ਸਾਹਿਬ ਇੰਜੀਨੀਅਰ ਨਰਿੰਦਰ ਸਿੰਘ ਉਰਫ਼ ਨਿੰਦੀ ਨੂੰ ਫ਼ੋਨ ਤੇ ਜਦੋਂ ਚਾਵਾਂ ਨਾਲ ਉਸਦੇ ਆਏ ਹੋਏ ਬਾਪੂ ਬਾਰੇ ਦੱਸਿਆ ਗਿਆ, ਤਾਂ ਨਿੰਦੀ ਨੇ ਗੇਟ-ਕੀਪਰ ਨਾਲ ਖੁਸ਼ੀ ਦੀ ਬਿਜਾਏ ਗਰਮ ਤੇ ਰੁੱਖੇ-ਵਤੀਰੇ ਨਾਲ ਪੇਸ਼ ਆਇਆ ਤੇ ਬਾਪੂ ਨੂੰ ਬੇਰੰਗ ਵਾਪਸ ਭੇਜਣ ਬਾਰੇ ਫ਼ੁਰਮਾਨ ਜਾਰੀ ਕਰ ਦਿੱਤਾ।

ਗੇਟ-ਕੀਪਰ ਵਿਅਕਤੀ ਵੀ ਚੰਗੇ ਵਿਚਾਰਾਂ ਵਾਲਾ ਇਨਸਾਨ ਸੀ। ਉਸਨੇ ਨਿੰਦੀ ਵੱਲੋਂ ਵਰਤੇ ਗਏ ਰੁੱਖੇਪਨ ਸ਼ਬਦ ਅਤੇ ਨਾਲ ਹੀ ਜਦੋਂ ਨਿੰਦੀ ਦੀ ਕੋਰਟ-ਮੈਰਿਜ ਬਾਰੇ ਗੰਡਾ ਸਿੰਹੁ ਦੇ ਬੋਲ ਕੰਨੀਂ ਪਾਏ, ਤਾਂ ਗੰਡਾ ਸਿੰਹੁ ਦੇ ਸੁਪਨਿਆਂ ਦੇ ਤੋਤੇ ਹੀ ਉੱਡ ਗਏ ਤੇ ਪਿੰਡ ਵਾਪਸ ਆਉਣ ਸਾਰ ਗੰਡਾ ਸਿੰਹੁ ਨੇ ਨਿੰਦੀ ਨੂੰ ਘਰੋਂ ਬੇਦਖ਼ਲ ਕਰ ਦਿੱਤਾ। ਬੇਦਖ਼ਲੀ ਦੀ ਭਿਣਕ ਨਿੰਦੀ ਨੂੰ ਵੀ ਲੱਗ ਗਈ ਸੀ। ਸਮਾਂ ਬੀਤਦਾ ਗਿਆ ਨਾ ਕਦੇ ਨਿੰਦੀ ਨੇ ਪਿਤਾ ਨੂੰ ਕੋਈ ਫ਼ੋਨ ਅਤੇ ਨਾ ਹੀ ਕਦੇ ਪਿਤਾ ਨੇ ਨਿੰਦੀ ਨਾਲ ਕੋਈ ਰਾਬਤਾ ਕਾਇਮ ਕੀਤਾ।

ਗੰਡਾ ਸਿੰਹੁ ਦੀ ਜ਼ਮੀਨ ਗਹਿਣੇ ਹੋਣ ਕਾਰਨ ਉਸਦੇ ਘਰ ਦੀ ਹਾਲਤ ਪਤਲੀ ਪੈਣ ਲੱਗ ਪਈ। ਕਰਮਾਂ ਦਾ ਮਾਰਿਆ ਘਰ ਦੀ ਕਬੀਲਦਾਰੀ ਚਲਾਉਣ ਲਈ ਰਾਜ-ਮਿਸਤਰੀ ਨਾਲ ਦਿਹਾੜੀਆਂ ਕਰਕੇ ਆਪਣਾ ਤੇ ਆਪਣੇ ਅੰਗਹੀਣ ਪੁੱਤ ਦਾ ਪੇਟ ਪਾਲਦਾ ਹੋਇਆ ਸੋਚਾਂ 'ਚ ਡੁੱਬਿਆ ਉਹ ਮਾਨਸਿਕ ਪ੍ਰੇਸ਼ਾਨੀਆਂ ਨਾਲ ਦਿਮਾਗੀ ਬਿਮਾਰੀ ਨਾਲ ਪੀੜਤ ਹੋ ਗਿਆ। ਜਿਸ ਦੇ ਇਲਾਜ ਲਈ ਦਵਾਈ-ਬੂਟੀ ਲੈਣੀ ਵੀ ਹੁਣ ਉਸਦੇ ਵੱਸ ਦੀ ਗੱਲ ਨਹੀਂ ਸੀ ਰਹੀ।

ਇੱਕ ਦਿਨ ਗੰਡਾ ਸਿੰਹੁ ਉਪਰ ਅਜਿਹਾ ਪਹਾੜ ਡਿੱਗਿਆ ਕਿ ਜਦੋਂ ਸ਼ਾਮ ਦੇ ਸਮੇਂ ਪਿੰਡ 'ਚੋਂ ਇੱਕ ਨੌਜਵਾਨ ਨੇ ਉਸਨੂੰ ਘਰ ਆ ਕੇ ਦੱਸਿਆ ਕਿ ਤੇਰਾ ਸ਼ਿੰਦੀ ਪੁੱਤਰ ਸ਼ਰਾਬ ਨਾਲ ਡੱਕਿਆ ਹੋਇਆ ਸੱਥ 'ਚ ਮੂਧੇ ਮੂੰਹ ਡਿੱਗਿਆ ਪਿਆ ਹੈ।

ਗੰਡਾ ਸਿੰਹੁ ਨੇ ਜਿਉਂ ਹੀ ਸ਼ਿੰਦੀ ਨੂੰ ਗਵਾਂਢੀਆਂ ਦੀ ਮੱਦਦ ਨਾਲ ਘਰ ਚੁੱਕ ਕੇ ਲਿਆਉਣ ਉਪਰੰਤ ਉਸਦੇ ਕੱਪੜਿਆਂ ਦੀ ਤਲਾਸ਼ੀ ਲਈ ਤਾਂ ਉਸਦੇ ਖੀਸੇ 'ਚ ਇਕੱਲੀ ਸ਼ਰਾਬ ਹੀ ਨਹੀਂ, ਬਲਕਿ ਸਮੈਕ, ਭੁੱਕੀ-ਡੋਡੇ ਤੇ ਨਸ਼ਿਆਂ ਵਾਲੇ ਕੈਪਸੂਲ-ਗੋਲੀਆਂ ਵੀ ਮੌਜੂਦ ਸਨ। ਇਨ੍ਹਾਂ ਨੂੰ ਦੇਖਦਿਆਂ ਹੀ ਗੰਡਾ ਸਿੰਹੁ ਦੀਆਂ ਦਿਲ 'ਚੋਂ ਨਿਕਲੀਆਂ ਧੂਹ ਪਾਉਂਦੀਆਂ ਧਾਹਾਂ ਅੰਬਰਾਂ ਤੱਕ ਪਹੁੰਚ ਗਈਆਂ।

ਹੁਣ ਗੰਡਾ ਸਿੰਹੁ ਦੋਵਾਂ ਪੁੱਤਰਾਂ ਹੱਥੋਂ ਬੁਰੀ ਤਰ੍ਹਾਂ ਪੀੜਤ ਹੋਣ ਕਾਰਨ ਆਪਣਾ ਮਾਨਸਿਕ ਸੰਤੁਲਨ ਬੁਰੀ ਤਰ੍ਹਾਂ ਗਵਾ ਬੈਠਾ ਸੀ। ਘਰ ਵਿੱਚ ਭੰਗ ਭੁੱਜਣ ਲੱਗ ਪਈ, ਛੋਟਾ ਪੁੱਤ ਸ਼ਿੰਦੀ ਦੇ ਘਰ 'ਚੋਂ ਜੋ ਵੀ ਚੀਜ਼ ਹੱਥ ਲੱਗਦੀ, ਸਭ ਨਸ਼ੇ ਦੀ ਭੇਟ ਚੜ੍ਹਾ ਦਿੰਦਾ।

ਇੱਕ ਦਿਨ ਗੰਡਾ ਸਿੰਹੁ ਨੂੰ ਅਜਿਹਾ ਦੌਰਾ ਪਿਆ ਕਿ ਉਹ ਅਧਰੰਗ ਦੀ ਬਿਮਾਰੀ ਨਾਲ ਜਕੜਿਆ ਗਿਆ ਤੇ ਉਸਦੇ ਦਿਮਾਗ ਦੀਆਂ ਨਾੜੀਆਂ ਬੰਦ ਹੋ ਗਈਆਂ। ਆਂਢ-ਗੁਆਂਢ ਵੱਲੋਂ ਸ਼ਹਿਰ ਡਾਕਟਰੀ ਸੇਵਾਵਾਂ ਲਈ ਜਦੋਂ ਉਸਨੂੰ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਬਿਮਾਰੀ ਦੇ ਜ਼ਿਆਦਾ ਵਧ ਜਾਣ ਅਤੇ ਲਾਇਲਾਜ ਬਿਮਾਰੀ ਹੋਣ ਕਾਰਨ ਉਸਨੂੰ ਆਖ਼ਰੀ ਸੇਵਾ ਕਰਨ ਲਈ ਘਰ ਵਾਪਸ ਭੇਜ ਦਿੱਤਾ। ਹੁਣ ਗੰਡਾ ਸਿੰਹੁ ਦੀ ਹਾਲਤ ਇੰਨੀ ਨਾਜ਼ੁਕ ਹੋ ਗਈ ਸੀ। ਕਿ ਉਸਦੇ ਅੰਦਰ ਪਾਣੀ ਦੀ ਘੁੱਟ ਲੰਘਣੀ ਵੀ ਮੁਸ਼ਕਲ ਹੋ ਗਈ ਸੀ।

ਕਿਸੇ ਰਿਸ਼ਤੇਦਾਰ ਨੇ ਗੰਡਾ ਸਿੰਹੁ ਦੀ ਨਾਜ਼ੁਕ ਹਾਲਤ ਬਾਰੇ ਜਦੋਂ ਨਿੰਦੀ ਨੂੰ ਫ਼ੋਨ ਰਾਹੀਂ ਸਾਰੀ ਘਟਨਾ ਦਾ ਅਤੇ ਘਰ ਦੇ ਮਾੜੇ ਹਾਲਾਤਾਂ, ਸ਼ਿੰਦੀ ਦੇ ਪੁੱਠੇ ਕਾਰਨਾਮਿਆਂ ਬਾਰੇ ਦੱਸਿਆ, ਤਾਂ ਪਤਨੀ ਮੂਹਰੇ ਬੇਵੱਸ ਨਿੰਦੀ ਦੇ ਅੰਦਰ ਟੁੱਕ ਦੀ ਬੁਰਕੀ ਨਾ ਲੰਘੀ।

ਮੈਂ 'ਖਿਆ ਪਤੀ ਜੀ, ਅੱਜ ਐਨੇ ਉਦਾਸ ਕਿਉਂ ਲੱਗਦੇ ਓ... 6 ਸਾਲ ਹੋ ਗਏ ਥੋਡੇ ਨਾਲ ਜ਼ਿੰਦਗੀ ਬਿਤਾਉਂਦੀ ਨੂੰ, ਤੁਹਾਡੇ ਚਿਹਰੇ ਤੇ ਉਦਾਸੀ ਦਾ ਛਾਇਆ ਆਲਮ ਅੱਜ ਮੈਨੂੰ ਪਹਿਲੀ ਵਾਰ ਦੇਖਣ ਨੂੰ ਮਿਲ ਰਿਹਾ ਹੈ।

ਡ... ਡ... ਡ... ਡਾਰਲਿੰਗ, ਅੱਜ ਮੈਂ ਥੋਨੂੰ ਕੁਝ ਦੱਸਣ ਤੋਂ ਅਸਮਰੱਥ ਹਾਂ... ਨਿੰਦੀ ਨੇ ਜਿਉਂ ਹੀ ਹਟਕੋਰਾ ਜਿਹਾ ਲੈਂਦਿਆਂ ਪਤਨੀ ਮੂਹਰੇ ਬੁੱਲ੍ਹ ਫੁਰਕਾਏ ਸਨ। ਤਾਂ ਨਾਲੋ-ਨਾਲ ਹੀ ਉਸਦੇ ਗਲੇ 'ਚ ਵੈਰਾਗ ਦੇ ਗਲੇਡੂ ਭਰ ਆਏ ਤੇ ਅੱਖਾਂ ਚੋਂ ਟਪਕੇ ਹੰਝੂ ਗੱਲ੍ਹਾਂ ਉਪਰ ਦੀ ਸਾਉਣ ਦੀ ਝੜੀ ਵਾਂਗ ਤਰਿੱਪ-ਤਰਿੱਪ ਕਰਕੇ ਵਗ ਰਹੇ ਸਨ।

ਪਤੀ ਜੀ... ਆਖ਼ਰ ਗੱਲ ਕੀ ਐ...?

"ਡਾਰਲਿੰਗ ਜੀ, ਗੱਲ ਇਹ ਐ, ਕਿ ਮੱਖਣ ਫੁੱਫੜ ਜੀ ਦਾ ਪਿੰਡੋਂ ਫ਼ੋਨ ਆਇਆ ਏ, ਕਿ ਬਾਪੂ ਜੀ ਆਖਰੀ ਦਮਾਂ ਤੇ ਹਨ, ਘਰ ਵਿੱਚ ਭੰਗ ਭੁੱਜ ਰਹੀ ਐ, ਸ਼ਿੰਦੀ ਨਸ਼ੇੜੀ ਬਣ ਗਿਆ ਏ, ਜ਼ਮੀਨ ਨੰਬਰਦਾਰਾਂ ਕੋਲ ਅਜੇ ਗਿਰਵੀ ਪਈ ਐ...।"

ਪਰ ਪਤੀ ਜੀ...? ਛੇ ਸਾਲ ਬੀਤ ਜਾਣ ਦੇ ਬਾਵਜੂਦ ਅੱਜ ਤੈਨੂੰ ਤੇਰੇ ਪਿਓ ਦੇ ਬਿਮਾਰ ਬਾਰੇ ਕਿਵੇਂ ਫ਼ੋਨ ਆ ਗਿਆ, ਨਾਲੇ

ਤੌਬਾ ਕਰਕੇ ਕਤਲ ਕਰੇਂਦਾ ਮੁੱਲਾਂ, ਤੂੰ ਅਰਮਾਨਾਂ ਦੇ।
ਕਰਦਾ ਰਹਿੰਦਾ ਵਿਚ ਮਦਰੱਸੇ ਬਹਿ ਤਫ਼ਸੀਰ ਕੁਰਾਨਾਂ ਦੇ। -(ਅਗਲੇ ਸਫ਼ੇ 'ਤੇ)

ਆਪਣਾ ਨਵਾਂ ਫ਼ੋਨ ਨੰਬਰ ਤੇਰੇ ਰਿਸ਼ਤੇਦਾਰਾਂ ਨੂੰ ਕਿਵੇਂ ਮਿਲ ਗਿਆ।

ਡਾਰਲਿੰਗ, ਫ਼ੋਨ ਨੰਬਰ ਤਾਂ ਫੁੱਫੜ ਜੀ ਨੂੰ ਜੋ ਉਹਨਾਂ ਦੇ ਪਿੰਡ ਵਾਲਾ ਮੁੰਡਾ ਮੇਰੇ ਪ੍ਰੋਡਕਸ਼ਨ 'ਚ ਕੰਮ ਕਰਦਾ ਹੈ ਉਸ ਕੋਲੋਂ ਮਿਲਿਐ।

"ਪਰ ਪਤੀ ਜੀ, ਹੁਣ ਉਦਾਸ ਹੋਇਆਂ ਤਾਂ ਟਾਇਮ ਨਹੀਂ ਪਾਸ ਹੋਣਾ, ਜੇ ਤੂੰ ਖਾਣਾ ਨਹੀਂ ਖਾਵੇਂਗਾ, ਤਾਂ ਆਹ ਤੇਰੇ ਬਾਲੜੇ ਤੇਰੇ ਬਿਨ ਕਿਵੇਂ ਜਿਉਣਗੇ, ਵੇਖ ਵਿਚਾਰੇ ਮਾਸੂਮ ਕਿਵੇਂ ਤੇਰੇ ਵੱਲ ਵੇਖ-ਵੇਖ ਕੇ ਹਟਕੋਰੇ ਲਈ ਜਾਂਦੇ ਨੇ, ਚੱਲ ਰੋਟੀ ਖਾਹ ਤੇ ਅੱਗੇ ਦੱਸ ਤੇਰੀ ਸਕੀਮ ਕੀ ਐ…?

"ਦੇਖੋ, ਡਾਰਲਿੰਗ ਜੀ ਤੁਹਾਡੇ ਰੁੱਖੇ ਸੁਭਾਅ ਨੇ ਮੈਨੂੰ ਮੇਰੇ ਪਿਤਾ-ਭਰਾ ਦੇ ਪਿਆਰ ਨਾਲੋਂ ਬੁਰੀ ਤਰ੍ਹਾਂ ਤੋੜ-ਮਰੋੜ ਕੇ ਰੱਖ ਦਿੱਤਾ, ਛੋਟੇ ਹੁੰਦਿਆਂ ਰੱਬ ਨੇ ਮੈਨੂੰ ਮੇਰੀ ਮਾਂ ਨਾਲੋਂ ਤੋੜ ਕੇ ਰੱਖ ਦਿੱਤਾ ਸੀ।"

"ਪਤੀ ਜੀ, ਹੁਣ ਸਮਾਂ ਕੋਈ ਜੁਦਾਈ ਦਾ ਨਹੀਂ ਹੈ। ਅੱਗੇ ਦੱਸੋ ਕੀ ਚਾਹੁੰਦੇ ਹੋ…?"

"ਡਾਰਲਿੰਗ ਮੇਰੀ ਇੱਛਾ ਹੈ। ਕਿ ਮੈਂ ਪਿਤਾ ਜੀ ਦੇ ਆਖ਼ਰੀ ਦਰਸ਼ਨ ਕਰ ਲਵਾਂ, ਭਾਵੇਂ ਉਸਨੇ ਮੈਨੂੰ ਘਰੋਂ ਬੇਦਖ਼ਲ ਕੀਤਾ ਹੋਇਆ ਐ, ਪਰ ਉਸ ਮਸਲੇ ਦੇ ਅਸੀਂ ਖੁਦ ਕਸੂਰਵਾਰ ਹਾਂ, ਹੁਣ ਮੈਂ ਚਾਹੁੰਦਾਂ ਹਾਂ ਕਿ ਪਿੰਡ ਜਾਵਾਂ, ਪਿਤਾ ਦੇ ਮੂੰਹ 'ਚ ਦੋ ਚਮਚ ਪਾਣੀ ਪਾਵਾਂ, ਤੇ 10-20 ਹਜ਼ਾਰ ਰੁਪਾਈਏ ਦੇ ਆਵਾਂ, ਜੇ ਬਾਪੂ ਦੀ ਜ਼ਿਆਦਾ ਹਾਲਤ ਨਾਜ਼ੁਕ ਹੋਈ, ਤਾਂ ਪਿੰਡ ਕੁਝ ਦਿਨ ਰਹਿ ਪਵਾਂਗਾ, ਨਹੀਂ ਤਾਂ ਵਾਪਸ ਆ ਜਾਵਾਂਗਾ।"

"ਦੇਖੋ ਸੁਣੋ ਜੀ ਮੇਰੀ ਵੀ ਇੱਕ ਸਕੀਮ ਇਹ ਐ ਕਿ ਜੇ ਹੁਣ ਤੂੰ ਬਾਪੂ ਦੇ ਜਿਉਂਦੇ ਜੀਅ ਚਾਰ ਛਿੱਲਣ ਭਰਾ ਨੂੰ ਫੜਾ ਕੇ ਆਵੇਂਗਾ, ਤਾਂ ਤੇਰਾ ਕੋਈ ਲੋਕਾਂ ਵਿਚ ਜ਼ਿਕਰ ਨਹੀਂ ਹੋਣਾਂ ਕਿ ਵੱਡੇ ਪੁੱਤ ਨੇ ਮੱਦਦ ਕੀਤੀ ਐ, ਤੁਸੀਂ ਇਉਂ ਕਰੋ ਕਿ ਬਈ ਜੇ ਹੁਣ ਬਾਪੂ ਵਿਚਾਰਾ ਆਖ਼ਰੀ ਦਮ ਤੇ ਐ, ਤਾਂ ਫਿਰ ਪੈਸਾ ਖਰਚਣ ਦੀ ਕੋਈ ਲੋੜ ਨਹੀਂ, ਸਾਨੂੰ ਸਭ ਨੂੰ ਪਤੈ, ਕਿ ਮਾਪੇ ਸਾਰੀ ਉਮਰ ਨਾਲ ਨਹੀਂ ਨਿਭਦੇ, ਬਾਪੂ ਹੋਰ 5-4 ਦਿਨਾਂ 'ਚ ਜਦੋਂ ਸਵਰਗ ਸੁਧਾਰ ਗਿਆ ਤਾਂ ਭੋਗ ਦੇ ਸਮੇਂ ਪਤੀ ਜੀ ਆਪਾਂ ਆਪਣੇ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ, ਖੁੱਲ੍ਹਾ ਲੰਗਰ ਪਾਣੀ ਤੇ ਲੱਡੂ-ਜਲੇਬੀਆਂ ਦਾ ਭੰਡਾਰਾ ਲਾ ਦੇਵਾਂਗੇ…।""

"ਆਹ… ਡਾਰਲਿੰਗ , ਅੱਜ ਤਾਂ ਤੂੰ ਕਮਾਲ ਹੀ ਕਰਕੇ ਰੱਖ ਦਿੱਤੀ ਐ, ਇਹ ਗੱਲ ਤੇਰੇ ਨਾਲ ਸਾਂਝੀ ਕਰਨ ਤੋਂ ਮੈਂ ਤਾਂ ਝਿਜਕਦਾ ਸਾਂ, ਪਰ ਤੂੰ ਤਾਂ ਮੇਰੀ ਉਮੀਦ ਤੋਂ ਵੱਧ ਕਿਵੇਂ ਸਕੀਮ ਸੋਚੀ ਬੈਠੀ ਏਂ…।"

"ਮੇਰੇ ਪਤੀ ਪਰਮੇਸ਼ਵਰ ਜੀ ਇਨਸਾਨ ਨੂੰ ਹਮੇਸ਼ਾ ਲੰਬੀ ਸੋਚ ਹੀ ਸੋਚ ਕੇ ਅਗਾਂਹ ਕਦਮ ਪੁੱਟਣਾ ਚਾਹੀਦੈ।"

"ਨਾਲੇ ਅਗਾਂਹ ਵੀ ਸੁਣੋ ਜੀ, ਜੇ ਹੁਣ ਬਾਪੂ ਦੇ ਭੋਗ ਵਾਲਾ ਆਪਾਂ ਮੌਕਾ ਸਾਂਭ ਲਵਾਂਗੇ, ਤਾਂ ਆਪਣੀ ਬੱਲੇ-ਬੱਲੇ ਹੋਊ, ਲੋਕੀਂ ਕਹਿਣਗੇ ਬੰਗਲੌਰ ਵਾਲੇ ਮੁੰਡੇ ਨੇ ਹੀ ਸਭ ਕੁਝ ਕੀਤੈ… ਭਾਵੇਂ ਤੁਸੀਂ ਇੱਕ ਮਹੀਨੇ ਦੀ ਮੇਰੇ ਵਾਲੀ ਵੀ ਤਨਖ਼ਾਹ ਭੋਗ ਤੇ ਲਗਾ ਦਿਓ, ਕੁਝ ਬਾਪੂ ਦੇ ਨਾਂਅ ਤੇ ਰਕਮ ਦਾਨ ਕਰ ਦੇਵਾਂਗੇ।"

ਪਰ ਭਲੀਏ ਮਾਣਸੇ… ਮੇਰੇ ਬਾਪੂ ਨੇ ਮੈਨੂੰ ਤਾਂ ਘਰੋਂ ਬੇਦਖ਼ਲ ਕੀਤਾ ਹੋਇਆ ਐ, ਜੋ ਘਰ-ਬਾਰ ਜ਼ਮੀਨ ਐ, ਉਹ ਤਾਂ ਸ਼ਿੰਦੀ ਨੂੰ ਮਿਲ ਜਾਣੀ ਐ…। ਆਪਾਂ ਖਰਚ ਕੁਝ ਸੰਭਲ ਕੇ ਹੀ ਕਰਾਂਗੇ।

"ਨਹੀਂ, ਨਹੀਂ ਪਤੀ ਜੀ…, ਇਹੀ ਤਾਂ ਮੌਕਾ ਸਾਂਭਣ ਦਾ ਸਮਾਂ ਏ, ਦੇਖੋ… ਸੁਣੋਂ, ਬਾਪੂ ਦੀ ਮੌਤ ਤੋਂ ਬਾਅਦ ਘਰ ਜ਼ਮੀਨ ਦਾ ਮਾਲਕ ਹੋਣ ਵਾਲਾ ਤੇਰੇ ਭਰਾ ਸ਼ਿੰਦੀ ਐ, ਮੇਰੀ ਸਕੀਮ ਇਹ ਐ… ਕਿ ਬਾਪੂ ਦੀ ਮੌਤ ਉਪਰੰਤ ਆਪਾਂ ਕੁਝ ਸਮੇਂ ਲਈ ਸ਼ਿੰਦੀ ਨੂੰ ਆਪਣੇ ਕੋਲ ਲਿਆਵਾਂਗੇ, ਉਸਨੂੰ ਰੱਜਵਾਂ ਨਸ਼ਾ-ਪੱਤਾ ਦੇ ਕੇ ਟਹਿਲ ਸੇਵਾ ਕਰਾਂਗੇ, ਲੰਬੜਾਂ ਕੋਲੋਂ ਗਿਰਵੀ ਜ਼ਮੀਨ ਛੁਡਾ ਦਵਾਂਗੇ।"

"ਹੈਅ ਕਮਲੀ, ਇਹ ਕੀ…?"

"ਦੇਖੋ, ਸੁਣੋ ਪਤੀ ਜੀ, ਸ਼ਿੰਦੀ ਦੀ ਟਹਿਲ ਸੇਵਾ ਕਰਨ ਲਈ ਸਾਨੂੰ ਸਿਰਫ਼ ਮਹੀਨੇ ਕੁ ਦਾ ਸਮਾਂ ਹੀ ਬਹੁਤ ਐ…!"

"ਅੱਗੇ ਗੱਲ ਇਹ ਐ, ਪਤੀ ਜੀ, ਕਿ ਅੱਜ ਕੱਲ੍ਹ ਜ਼ਮੀਨ ਦਾ ਪ੍ਰਤੀ ਏਕੜ ਰੇਟ 20-25 ਲੱਖ ਦੇ ਕਰੀਬ ਹੋਇਆ ਪਿਐ। ਸ਼ਿੰਦੀ ਨੂੰ ਸਮਝਾਂਵਾਂਗੇ ਕਿ ਜਿਹੜੀ ਆਪਣੀ ਇੱਕ ਏਕੜ ਜ਼ਮੀਨ ਐ, ਉਸਦੇ ਅਸੀਂ ਵੀ ਅੱਧ ਦੇ ਮਾਲਕ ਆਂ, ਅਸੀਂ ਜੇਕਰ ਗਿਰਵੀ ਪਈ ਜ਼ਮੀਨ ਨੂੰ ਛੁਡਵਾ ਲਈਏ, ਤਾਂ ਤੂੰ ਅੱਧੇ ਪੈਸੇ ਕੱਢ, ਚਾਰ ਲੱਖ ਤੇ ਵਿਆਜ ਲਗਾ ਕੇ ਲੰਬੜਾਂ ਨੇ 6-7 ਲੱਖ ਬਣਾ ਲਿਆ ਹੋਊਗਾ।"

"ਨਾਲੇ ਪਤੀ ਜੀ ਥੋਨੂੰ ਪਤੈ ਕਿ ਸ਼ਿੰਦੀ ਕੋਲ ਤਾਂ ਘਰੇ ਭੰਗ ਭੁੱਜਦੀ ਐ, ਫੇਰ ਅਸੀਂ ਸ਼ਿੰਦੀ ਤੋਂ ਮੁਖਤਿਆਰਨਾਮਾ ਲੈ ਕੇ ਲੰਬੜਾਂ ਕੋਲੋਂ ਜ਼ਮੀਨ ਛੁਡਾ ਕੇ, ਲੱਖਾਂ ਦੇ ਹਿਸਾਬ ਨਾਲ ਪੈਸੇ ਵੱਟ ਕੇ ਜੇਕਰ ਬੈਂਕ ਜਾਂ ਆੜ੍ਹਤੀਏ ਕੋਲ ਰੱਖ ਦੇਵਾਂਗਾ। ਤਾਂ ਸਾਨੂੰ ਘੱਟੋ-ਘੱਟ 25 ਤੋਂ 30 ਹਜ਼ਾਰ ਦੇ ਦਰਮਿਆਨ ਪ੍ਰਤੀ ਮਹੀਨਾ ਵਿਆਜ ਆਵੇਗਾ। ਤੀਹ ਲੱਖ ਵੱਟਿਆ ਗਿਆ ਤਾਂ ਉਸ 'ਚੋਂ ਸ਼ਿੰਦੀ ਦੇ ਹਿੱਸੇ 15 ਲੱਖ ਆਵੇਗਾ। 15 ਲੱਖ ਦਾ ਵਿਆਜ ਵੀ 13-14 ਹਜ਼ਾਰ ਦੇ ਦਰਮਿਆਨ ਹੋਵੇਗਾ। ਮਤਲਬ ਹਰ ਰੋਜ਼ ਦਾ 500 ਰੁਪੈ, ਤੇ ਜੇਕਰ ਸ਼ਿੰਦੀ ਸਾਡੇ ਕੋਲੋਂ ਰੋਜ਼ 100 ਰੁਪੈ ਦਾ ਨਸ਼ਾ ਤੇ 100 ਦਾ ਰੋਟੀ-ਪਾਣੀ ਗਿਣੀਏ, ਤਾਂ ਉਸ 'ਚੋਂ ਵੀ ਢਾਈ-ਤਿੰਨ ਸੌ ਬਚਦੇ ਨੇ। ਬਾਕੀ ਗੱਲ ਰਹੀ ਅਗਾਂਹ ਵਾਲੀ ਕਿ ਸ਼ਿੰਦੀ ਪੱਕਾ ਨਸ਼ੇੜੀ ਹੈ। ਤੁਹਾਨੂੰ ਵੀ ਪਤਾ ਆਪਾਂ ਰੋਜ਼ ਸੁਣਦੇ-ਦੇਖਦੇ ਆ ਰਹੇ ਹਾਂ ਕਿ ਸਮੈਕ, ਚਿੱਟੇ ਨਾਲ ਗ਼ਲਤਾਨ ਵਿਅੱਕਤੀ ਤਾਂ ਜੱਗ ਤੇ ਬੱਸ ਥੋੜ੍ਹੇ ਜੇਹੇ ਸਮੇਂ ਦਾ ਹੀ ਮਹਿਮਾਨ ਹੁੰਦਾ ਏ। ਉਸ ਦੇ ਸਵਰਗ ਸੁਧਾਰ ਜਾਣ ਤੋਂ ਬਾਅਦ ਜੋ ਉਹਦੇ ਹਿੱਸੇ ਦਾ ਘਰ-ਬਾਰ, ਪੈਸਾ ਧੇਲਾ ਹੋਵੇਗਾ, ਉਸ ਦੇ ਮਾਲਕ ਵੀ ਅਸੀਂ…।"

ਬਾਪੂ ਦੀ ਯਾਦ 'ਚ ਲੰਬੇ ਹਟਕੋਰੇ ਲੈ ਰਹੇ ਨਿੰਦੀ ਨੂੰ ਸ੍ਰੀਮਤੀ ਜੀ ਦੀਆਂ ਦਲੀਲਾਂ ਨੇ ਐਨਾਂ ਖੁਸ਼ਹਾਲ ਕਰ ਦਿੱਤਾ, ਕਿ ਉਹ ਖ਼ੂਨ ਦੇ ਰਿਸ਼ਤਿਆਂ ਨੂੰ ਭੁੱਲ ਅਮੀਰੀ, ਦੌਲਤ ਦੇ ਸੁਪਨਿਆਂ ਦੇ ਸਮੁੰਦਰਾਂ 'ਚ ਗੁੰਮ ਗਿਆ।


ਉਧਰੋਂ ਪਿੰਡੋਂ ਦੁਬਾਰਾ ਟੈਲੀਫ਼ੋਨ ਫਿਰ ਖੜਕਿਆ, ਕਿ ਹੁਣੇਂ-ਹੁਣੇਂ ਬਾਪੂ ਜੀ ਨੇ ਦੋ ਲੰਬੇ ਹਟਕੋਰੇ ਲਏ, ਜਿੰਨ੍ਹਾਂ 'ਚੋਂ ਸ਼ਾਇਦ ਇੱਕ ਨਿੰਦੀ ਤੇ ਇੱਕ ਸ਼ਿੰਦੀ ਦੇ ਨਾਂਅ ਵਾਲੇ ਸਨ ਅਤੇ ਇਸ ਫਾਨੀ ਸੰਸਾਰ ਤੋਂ ਸਦਾ-ਸਦਾ ਲਈ ਕੂਚ ਕਰ ਗਏ।

ਤੈਥੋਂ ਮਿਲੀ ਨਸੀਹਤ ਸਾਨੂੰ ਕੌਡੀ ਦੇ ਭਾਅ ਲਗਦੀ ਹੈ,
ਸਾਡੀ ਠੋਕਰ ਉੱਤੇ ਰਹਿੰਦੇ ਨੇ ਰੁਤਬੇ ਸੁਲਤਾਨਾਂ ਦੇ। -ਰਿਤੂ ਵਾਸੂਦੇਵ

ਕਹਾਣੀ

# ਟੁੰਡਾ

## ਸੰਮੀਪ੍ਰੀਤ ਕੌਰ



ਸੰਮੀਪ੍ਰੀਤ ਕੌਰ

"ਜ਼ਿੰਦਗੀ ਪਿਆਰੀ ਕਿਹਨੂੰ ਨੀਂ ਹੁੰਦੀ? ਬੇਵਸੀ ਦਾ ਆਲਮ ਈ ਹੁੰਦਾ ਜੋ ਲੈ ਤੁਰਦੈ ਆਖਰੀ ਸਫ਼ਰ ਵੱਲ। ਸੁੱਖ ਦੇ ਹੁੰਦਿਆਂ ਕੌਣ ਭੱਜਦਾ ਜ਼ਿੰਦਗੀ ਤੋਂ? ਮਰਨ ਨਾਲ ਮੁਸ਼ਕਿਲਾਂ ਹੱਲ ਵੀ ਨੀਂ ਹੁੰਦੀਆਂ।" ਇਹੀ ਸੋਚ ਕੇ ਮੈਂ ਜ਼ਿੰਦਗੀ ਦੀ ਲੀਹ 'ਤੇ ਮੁੜ ਤੁਰ ਪੈਂਦਾ। ਆਪਣਾ ਦੁੱਖ ਸਾਂਝਾ ਆਪੇ ਨਾਲ ਈ ਕਰਦਾ। ਪਰ ਕਿਉਂ? ਕਿਉਂ ਨੀਂ ਮੈਂ ਆਪਣੇ ਭਰੇ ਮਨ ਨੂੰ ਘਰਦਿਆਂ ਸਾਹਮਣੇ ਜ਼ਾਹਰ ਕਰਦਾ? ਬੇਬੇ ਕਿੰਨਾ ਕੋਲ ਬਠਾਕੇ ਗੋਦੀ 'ਚ ਲੈ ਲੈ ਪੁੱਛਦੀ। ਛਿੰਦੋ ਵੀ ਬੁੱਝ ਲੈਂਦੀ ਏ ਮੇਰੇ ਚਿਹਰੇ 'ਤੇ ਉਦਾਸੀ। ਫਿਰ ਮੈਂ ਚੁੱਪ ਕਿਉਂ ਹੋ ਜਾਂਦਾ ਹਾਂ? ਸ਼ਾਇਦ ਮੇਰੇ ਮਨ ਦਾ ਬੋਝ ਉੱਤਰ ਜਾਏ। ਪਤਾ ਨੀਂ ਕੀ ਆਉਂਦੀ ਮੇਰੇ ਮਨ 'ਚ? ਕੋਈ ਚੜ੍ਹਦੀ ਉਤਰਦੀ…?

ਦੁਬਿਧਾ ਵਿਚ ਪਿਆ ਮੈਂ ਖੇਤ ਦੀਆਂ ਵੱਟਾਂ 'ਤੇ ਤੁਰਿਆ ਜਾ ਰਿਹਾ ਸਾਂ। ਕਦੀ ਮੇਰੇ ਪੈਰ ਕਾਹਲੀ ਹੋ ਜਾਂਦੇ ਤੇ ਕਦੀ ਵੱਟ ਪਤਲੀ ਆਉਣ ਨਾਲ ਮੈਂ ਹੌਲੀ ਪੈ ਜਾਂਦਾ। ਮੇਰੀ ਦੁਬਿਧਾ ਵੀ ਵੱਟ ਵਰਗੀ ਹੋ ਗਈ ਲੱਗਦੀ ਸੀ। ਕਦੀ ਜ਼ਿੰਦਗੀ ਲਈ ਕਾਹਲੀ ਤੇ ਕਦੀ ਮੌਤ ਲਈ। ਕਿੰਨੀ ਵਾਰ ਨਿਰਾਸ਼ ਹੋ ਕੇ ਮੌਤ ਨੂੰ 'ਵਾਜਾਂ ਮਾਰਦਾ ਰਿਹਾਂ। ਮੌਤ ਨੇੜੇ ਵੇਖ ਕੇ ਡਰਨ ਤਾਂ ਨੀਂ ਲੱਗਿਆ ਕਿਤੇ ਮੈਂ? ਆਪਣੇ ਅੰਦਰ ਨੂੰ ਫਰੋਲਣ ਦਾ ਯਤਨ ਕਰਨ ਲੱਗਦਾਂ।

ਨਿੱਕੇ ਹੁੰਦੇ ਦੇ ਦਿਨ ਯਾਦ ਆਏ। ਇਹਨਾਂ ਵੱਟਾਂ 'ਤੇ ਦੜੰਗੇ ਲਾਉਂਦੇ ਹੁੰਦੇ ਸੀ ਤੇ ਖਾਲ਼ ਵਿਚ ਤਾਰੀਆਂ ਮੈਂ ਤੇ ਅਵਤਾਰ। ਜਿਵੇਂ ਜਿਵੇਂ ਵੱਡੇ ਹੁੰਦੇ ਗਏ ਜ਼ਮੀਨ ਸਾਡੇ ਹੱਥਾਂ 'ਚੋਂ ਰੇਤ ਵਾਂਗਰਾਂ ਖੁਸਦੀ ਗਈ। ਇਸੇ ਵੱਟਾਂ 'ਤੇ ਲੰਘਣ ਲੱਗਿਆ ਕੋਈ ਤਾਹਨਾ ਮਾਰ ਦਿੰਦਾ। ਹਿੱਕ 'ਚ ਗੋਲੀ ਵਾਂਗ ਜਾ ਲੱਗਦਾ। ਖੇਤ ਵੜਨਾ ਤਾਂ ਦੂਰ ਇਸ ਵੱਲ ਝਾਕਣ ਤੋਂ ਵੀ ਮਨ ਮਰ ਗਿਆ। ਕਿਸੇ ਨੂੰ ਅੰਦਰਲੀ ਪਾਟੀ ਹਿੱਕ ਦਾ ਨਿਸ਼ਾਨ ਜਾਂ ਦਰਦ ਨਾ ਦਿਸਦਾ। ਬੰਦਾ ਕਿਹੜਿਆਂ-ਕਿਹੜਿਆਂ ਹਲਾਤਾਂ 'ਚੋਂ ਨਿਕਲਦਾ ਕੋਈ ਨੀਂ ਜਾਣਦਾ? ਦੁਨੀਆਂ ਨੇ ਤਾਂ ਤਾਹਨਿਆਂ ਵਾਲਾ ਕੋਈ ਪਾਸਾ ਖਾਲੀ ਨੀਂ ਸੀ ਛੱਡਿਆ। ਵਕਤ ਈ ਸੀ ਜਿਹਦੇ ਨਾਲ ਖਹਿੰਦੇ ਆ ਰਹੇ ਸਾਂ।

ਇਕ ਉਹ ਦਿਨ ਸੀ ਜਦੋਂ ਮੈਂ ਆਪਣੀ ਮੌਤ ਦੀਆਂ ਸਕੀਮਾਂ ਘੜਦਾ ਫਿਰਦਾ ਸੀ। ਕਿੰਨੇ ਹਥਿਆਰ ਸੀ ਮੇਰੇ ਕੋਲ। ਪਰ ਉਦੋਂ ਮੇਰੇ ਲਈ ਕਦੀ ਨਹਿਰ ਦਾ ਪਾਣੀ ਮੁਕਿਆ ਹੁੰਦਾ। ਬਿਜਲੀ ਨੂੰ ਜੱਫਾ ਪਾਉਣ ਦੀ ਸੋਚਦਾ ਤਾਂ ਲੈਟ ਨਾ ਹੁੰਦੀ। ਪਰ ਕਈ ਜ਼ਿੰਮੇਵਾਰੀਆਂ ਮੇਰੇ ਪੈਰਾਂ 'ਚ ਬੇੜੀ ਪਾ ਦਿੰਦੀਆਂ। ਅੱਜ ਮੈਨੂੰ ਮੌਤ ਕੋਲ ਬੁਲਾ ਰਹੀ ਸੀ ਉਹ ਆਪ ਚੱਲ ਕੇ ਆਈ ਸੀ।… ਤੇ ਹੁਣ ਮੈਂ ਮੌਤੋਂ ਭੱਜ ਰਿਹਾਂ ਸਾਂ?

ਨਹੀਂ ਤਾਂ? ਮੇਰੇ ਮੂਹਰੇ ਬਾਪੂ ਦਾ ਝੁਰੜੀਆਂ ਭਰਿਆ ਚਿਹਰਾ ਆ ਜਾਂਦਾ। ਕਦੀ ਛਿੰਦੋ…? ਜਿਹਦੇ ਲਈ ਮੈਂ ਤਿਣਕੇ ਦਾ ਸਹਾਰਾ। ਨਿੱਕੇ ਜਵਾਕਾਂ ਦੇ ਮੂੰਹ…? ਪਰ ਮਨਜੀਤ…? ਉਹ ਕਿੱਥੇ…? ਸ਼ਾਇਦ ਮੇਰੇ ਸੁਪਨਿਆਂ 'ਚੋਂ ਉਹਲੇ ਸੀ। ਉਹ ਮੇਰੇ ਲਈ ਬਣੀ ਈ ਨੀਂ ਸੀ। ਮੇਰੇ ਲੜ ਲੱਗ ਉਹਦੇ ਸੁਪਨੇ ਮਰ 'ਗੇ। ਮੇਰਾ ਵੀ ਕੀ ਕਸੂਰ ਸੀ? ਪਰ ਮੈਂ ਉਹਨੂੰ ਆਜ਼ਾਦੀ ਦੇ ਦਿੱਤੀ। ਮੇਰੇ ਪਿੰਜਰੇ 'ਚ ਪੈ ਕੇ ਉਹ ਉੱਡ ਸਕਦੀ ਸੀ। ਦੂਰ ਤੀਕ ਉਡਾਰੀ ਮਾਰ ਸਕਦੀ ਸੀ ਜਦੋਂ ਉਹਦਾ ਜੀਅ ਕਰਦਾ। ਸ਼ਾਇਦ ਮੈਂ ਐਨਾ ਖੁੱਲਦਿਲਾ ਕਦੀ ਨਾ ਬਣਦਾ ਜੇ ਸਮੇਂ ਨੇ ਕੋਈ ਚਾਲ ਨਾ ਖੇਡੀ ਹੁੰਦੀ ਮੇਰੇ ਨਾਲ। ਮੈਂ ਆਪਣੀ ਰਾਣੀ ਨੂੰ ਬਚਾਉਣ ਲਈ ਸ਼ਤਰੰਜ਼ ਦੀਆਂ ਸਾਰੀਆਂ ਗੁੰਝਲ਼ਾਂ ਸਮਝ ਲੈਂਦਾ। ਪਰ ਰਾਣੀ ਦੇ ਦਿਲ 'ਚ ਥਾਂ…? ਇਸੇ ਲਈ ਉਹ ਮੇਰੀ ਛੱਤਰੀ ਤੋਂ ਉਡਾਰੀ…। ਨਾਰੇਗਾ 'ਚ ਮਨਜੀਤ ਦੇ ਨਾਲ ਕੰਮ ਕਰਨ ਵਾਲਾ ਦੀਸ਼ਾ ਸ਼ਰੀਕੇ 'ਚ ਭਤੀਜਾ ਲੱਗਦਾ ਮੇਰਾ। ਉਹਨੂੰ ਕੀ ਆਖਾਂ? ਚਾਚੀ 'ਤੇ ਮਾੜੀ ਅੱਖ…।

"ਉਏ ਬਚ ਕੇ… ਟੁੰਡਿਆ।" ਬਿਲਕੁਲ ਪਤਲੀ ਵੱਟ ਤੋਂ ਮੇਰਾ ਪੈਰ ਤਿਲਕ ਗਿਆ। ਮੇਰੇ ਸੋਚਾਂ ਦੀ ਲੜੀ ਟੁੱਟ ਗਈ। ਪਰ੍ਹੇ ਟਾਹਲੀ ਹੇਠ ਬੈਠੇ ਗਮਦੂਰੇ ਨੇ ਵੇਖ ਲਿਆ ਸੀ। ਟੁੰਡਿਆ ਭਾਵੇਂ ਉਹਨੇ ਹੌਲੀ ਜਿਹੇ ਕਿਹਾ ਸੀ ਪਰ ਮੈਂ ਸੁਣ ਲਿਆ ਸੀ। ਮੈਨੂੰ ਜਾਪਿਆ ਅੱਜ ਮੁੜ ਕਿਸੇ ਨੇ ਮੇਰੇ ਮੂੰਹ ਤੇ ਚਪੇੜ ਮਾਰੀ। "ਹੁਣ ਤਾਂ ਟੁੰਡਾ ਵੀ ਨੀਂ ਰਿਹਾ" ਲੱਗਦਾ ਹੁਣ ਇਹੀ ਆਖਣਗੇ। ਮੈਨੂੰ ਉਹਨਾਂ ਦੀ ਅੰਦਰਲੀ ਮੈਲ ਦੀ ਸੜਾਂਦ ਆਈ ਸੀ।

"ਸਾਲਿਓ! ਇਹ ਥੋਡੀਆਂ ਈ ਬੇੜੀਆਂ 'ਚ ਵੱਟੇ ਪਏ ਨੇ। ਭੋਰਾ ਵੱਟ ਨਾਲੋਂ ਵੀ ਕਹੀ ਨਾਲ ਮਿੱਟੀ ਖੁਰਚਣੋਂ ਨੀਂ ਹੱਟਦੇ। ਵੱਟ ਪੈਰ ਧਰਨ ਜੋਗੀ ਵੀ ਨੀਂ ਛੱਡਦੇ। ਰਾਤ-ਬਰਾਤੇ ਕੋਈ ਕਿਵੇਂ ਲੰਘ ਸਕਦਾ? ਪਤਾ ਨੀਂ ਭੋਰਾ ਭੋਰਾ ਖੁਰਚੀ ਥਾਂ ਤੋਂ ਕਿਹੜੇ ਬੋਹਲ 'ਕੱਠੇ ਕਰ ਲੈਣਗੇ?" ਮੈਂ ਅੰਦਰੇ ਬੁੜਬੁੜਾਇਆ। ਸਾਡੀ ਜ਼ਮੀਨ ਦੀ ਵੱਟ…? ਕੋਈ ਨੀਂ ਆ ਫ਼ਸਲ ਪੱਕਣ ਤੱਕ ਐ। ਚਾਰ ਦਿਨਾਂ ਬਾਅਦ ਸਾਡੀ ਜ਼ਮੀਨ ਸਾਡੇ ਕੋਲ ਆ ਜਾਣੀ ਆ। ਸਾਡੇ ਕੋਲ ਹੁੰਦਿਆਂ ਤਾਂ ਐਨੀਆਂ ਵੱਟਾਂ ਪਤਲੀਆਂ ਨੀਂ ਸੀ। ਲਾਲੇ ਕੰਜ਼ਰ ਨੇ ਸਾਡੀ ਗਹਿਣੇ ਲਈ ਜ਼ਮੀਨ ਗਮਦੂਰੇ ਹੋਰਾਂ ਕੋਲ ਠੇਕੇ 'ਤੇ ਚੜ੍ਹਾ ਰੱਖੀ ਸੀ। ਤਾਹੀਂ ਮੱਛਰੇ ਹੋਏ ਮਖੌਲਾਂ ਕਰਦੇ ਆ। ਚਾਰ ਦਿਨਾਂ ਨੂੰ ਵੱਢਿਆ ਜਾਊ ਝੋਨਾ ਤੇ ਲਹਿਰਾਊਗੀ ਸਾਡੀ ਕਣਕ ਆਉਂਦੀ ਵਸਾਖੀ ਨੂੰ। ਮੇਰਾ ਅੰਦਰ ਕਿੱਡੇ ਵੱਡੇ ਚਾਅ ਨਾਲ ਭਰ ਗਿਆ। ਬੇਸ਼ੱਕ ਉਸ ਅੰਨ 'ਤੇ ਮੇਰਾ ਨਾਂ ਨੀਂ ਹੋਣਾ। ਪਰ ਮੇਰੇ…?

"ਪਾਲਿਆ! ਮੈਂ ਸੁਣਿਆ ਜ਼ਮੀਨ ਛੁਡਾ ਲੀ ਤੂੰ? ਭਲਾ ਲੋਕੀਂ ਐਵੇਂ ਗੱਲਾਂ ਕਰਦੇ ਆ ਕਿ…।" ਮੈਂ ਉਹਨਾਂ ਦੇ ਕੋਲ ਆ ਗਿਆ ਸੀ। ਗਮਦੂਰੇ ਨੇ ਮੈਨੂੰ ਥੋੜ੍ਹਾ ਚੁਭਵੇਂ ਜਿਹੇ ਲਹਿਜ਼ੇ ਨਾਲ ਪੁੱਛਿਆ ਸੀ। "ਹਾਂ ਬਾਈ, ਮਸਾਂ ਛੁਡਾ ਹੋਈ ਆ। ਦੱਸਿਆ ਨੀਂ ਲਾਲੇ ਨੇ ਥੋਨੂੰ।" ਇਹ ਆਖਦਾ ਹੋਇਆ ਮੈਂ ਉਥੋਂ ਤੁਰ ਪਿਆ। ਮੈਨੂੰ ਤੁਰੇ ਜਾਂਦੇ ਨੂੰ ਫਿਰ ਬੋਲ ਸੁਣਿਆ," ਟੁੰਡੇ ਦੀ ਆਕੜ ਦੇਖ ਲੈ। ਜ਼ਮੀਨ ਕੰਜ਼ਰਦੇ ਨੇ ਕਿਵੇਂ…। ਪਤਾ ਨੀਂ ਕਿਹੜੀ ਬੈਂਕ ਲੁੱਟੀ ਕੇ ਡਾਕਾ ਮਾਰਿਆ?

"ਉਏ ਡਾਕਾ ਕਿੱਥੋਂ ਮਾਰ ਲੂ? ਹੁਣ ਤਾਂ ਸਾਲਾ ਟੁੰਡਾ ਵੀ ਨੀਂ ਰਿਹਾ…। ਦੂਜੀ ਬਾਂਹ ਵੀ ਲਮਕਾਈ ਫਿਰਦੈ," ਛਾਨੇ ਦੇ ਬੋਲ ਮੇਰੇ ਸੀਨੇ ਗੋਲੀ ਵਾਂਗ ਵੱਜੇ।

ਸੁਖਪਾਲ ਤੋਂ ਟੁੰਡਾ ਬਣ ਕੇ ਰਹਿ ਗਿਆਂ ਸਾਂ। ਪਾਲਾ ਤਾਂ ਬਸ

ਜ਼ਮਾਨਾ ਅਪਣੀ ਥਾਂ ਤੋਂ ਹਿੱਲਿਆ ਫਿਰਦਾ ਹੈ, ਤਾਂ ਕੀ ਹੈ?
ਜ਼ਮਾਨਾ ਘੁੰਮ ਕੇ ਆਉਂਦਾ ਹੈ ਆਖ਼ਿਰਕਾਰ ਅਪਣੀ ਥਾਂ। (ਅਗਲੇ ਸਫ਼ੇ 'ਤੇ)

ਘਰ 'ਚ ਬੇਬੇ ਬਾਪੂ ਤੇ ਛਿੰਦੋ ਈ ਕਹਿੰਦੀਆਂ। ਬਾਕੀ ਤਾਂ ਭਾਵੇਂ ਮੇਰੇ ਮੂੰਹ 'ਤੇ ਪਾਲਾ ਤਾਂ ਕਹਿ ਦਿੰਦੇ ਪਰ ਅੰਦਰੋਂ-ਅੰਦਰੀ ਟੁੰਡਾ ਈ ਕਹਿ ਰਹੇ ਹੁੰਦੇ।

ਜਦੋਂ ਕੋਈ ਟੁੰਡਾ ਆਖਦਾ ਲੱਗਦੈ ਕਿਸੇ ਨੇ ਮੇਰੇ 'ਤੇ ਮੂੰਹ ਚਪੇੜ ਮਾਰੀ ਹੋਵੇ। ਤੇ ਵੱਜੀ ਚਪੇੜ...।

"ਟੁੰਡਿਆ ਦੀਂਹਦਾ ਨੀਂ ਤੈਨੂੰ। ਕੰਜਰ ਨੇ ਸਾਰੀ ਪੈਂਟ ਗਿੱਲੀ ਕਰ 'ਤੀ। ਸਾਰਾ ਵਿਆਹ ਪਿਆ ਅਜੇ ਵੇਖਣ ਆਲਾ।" ਨਾਲ ਈ ਪਟਾਕ ਕਰਦੀ ਚਪੇੜ ਮੇਰੇ ਮੂੰਹ 'ਤੇ ਆ ਵੱਜੀ ਸੀ। ਮੈਂ ਕੀ ਬੋਲਦਾ? ਵਿਆਹ ਚੱਲ ਰਿਹਾ ਸੀ। ਮੈਂ ਜੂਠੇ ਖਾਲੀ ਗਲਾਸ 'ਕੱਠੇ ਕਰਨ ਦੀ ਦਿਹਾੜੀ 'ਤੇ ਸੀ। ਪਾਣੀ ਵਾਲਾ ਗਲਾਸ ਵਿਆਹ ਦੇਖਣ ਆਏ ਦੇ ਉੱਤੇ ਪੈ ਗਿਆ ਸੀ। ਇਕ ਹੱਥ ਨਾਲ ਗਲਾਸ 'ਕੱਠੇ ਕਰ ਰਿਹਾ ਸੀ। ਮਾਲਕ ਤਾਂ ਮੈਨੂੰ ਕੰਮ ਦਿੰਦਾ ਨੀਂ ਸੀ। ਬੜੀ ਮੁਸ਼ਕਿਲ ਨਾਲ ਤਾਂ ਮੈਨੂੰ ਕੰਮ ਮਿਲਿਆ ਸੀ। "ਜਿੱਥੇ ਹੁੰਦੀ ਐ ਪਾਬੰਦੀ ਹਥਿਆਰ ਦੀ ਉਥੇ ਜੱਟ ਫੈਰ ਕਰਦਾ" ਡੀ.ਜੇ. ਉੱਤੇ ਗਾਣਾ ਚੱਲ ਰਿਹਾ ਸੀ। ਵਾਹ ਨੀਂ ਤਕਦੀਰੇ! ਆਹ ਵੇਖ ਲੋ ਜੱਟ ਦਾ ਪੁੱਤ ਖਾਲੀ ਗਲਾਸ ਚੁੱਕ ਰਿਹਾ ਸੀ। ਗੀਤਾਂ ਆਲਾ ਪਤਾ ਨੀਂ ਕਿਹੜਾ ਜੱਟ ਐ? ਸਾਥੋਂ ਤਾਂ ਦੋ ਵਕਤ ਦੀ ਰੋਟੀ...। ਜੀਤਾ ਈ ਸੀ ਜਿਗਰੀ ਯਾਰ। ਨਿੱਕੀ ਮੋਟੀ ਦਿਹਾੜੀ ਦਵਾ ਦਿੰਦਾ। ਚਾਰ ਪੈਸੇ 'ਕੱਠੇ ਕਰ ਕੇ ਪਿੰਡ ਭੇਜ ਦਿੰਦਾ। ਆਵਦੀ ਰੋਟੀ ਤਾਂ ਪੈਲਸਾਂ ਵਿਆਹਾਂ 'ਚ ਪੂਰੀ ਕਰ ਲੈਂਦਾ। ਜੀਤੇ ਦੇ ਕਮਰੇ 'ਚ ਦੋ ਘੜੀਆਂ ਆਰਾਮ ਕਰ ਲੈਂਦਾ। ਹੋਰ ਕੋਈ ਖਰਚਾ ਹੈ ਨੀਂ ਸੀ ਮੇਰੇ 'ਕੱਲੇ-ਕਾਰੇ ਦਾ। ਜੀਤਾ ਮੇਰਾ ਸਹਾਰਾ ਬਣ ਬਹੁੜਿਆ ਸੀ।

"ਦੇਖ ਪਾਲਿਆ, ਜਦੋਂ ਬੰਦੇ ਨੇ ਮਿਹਨਤ ਕਰ ਕੇ ਖਾਣੀ ਆ। ਫਿਰ ਕੰਮ ਛੋਟਾ ਹੋਵੇ ਜਾਂ ਵੱਡਾ। ਸੋਚਣਾ ਈ ਕਿਉਂ? ਆਪਾਂ ਸੇਠ ਦੇ ਘਰ ਡਰੈਵਰੀ ਦੇ ਨਾਲ ਘਰ ਦੇ ਕਈ ਕੰਮਾਂ 'ਚ ਵੀ ਹੱਥ ਪਵਾ ਛੱਡੀਦਾ। ਵਧੀਆ ਜਗਾੜ ਚੱਲ ਰਿਹਾ। ਆਪਣੇ ਕੋਲ ਛੋਟਾ ਜੇਹਾ ਘਰ ਹੈਗਾ। ਸੇਠ ਦਾ ਪੁਰਾਣਾ ਘਰ,"ਆਖ ਕੇ ਜੀਤਾ ਮੈਨੂੰ ਆਪਣੇ ਨਾਲ ਲੈ ਗਿਆ ਸੀ।

*****

ਟੁੰਡਾ ਬਣਨ ਦਾ ਮੈਨੂੰ ਕਿਹੜਾ ਚਾਅ ਚੜਿਆ ਸੀ। ਉਹ ਤਾਂ ਸੋਚਿਆ, ਮਨਾ ਚਾਰ ਪੈਸੇ ਵਧ ਜਾਣ। ਘਰ ਦੇ ਖਰਚੇ ਕਿਹੜਾ ਥੋੜ੍ਹੇ ਸੀ? ਰਾਤ ਨੂੰ ਹੜੰਬੇ 'ਚ ਰੁੱਗ ਭਰ-ਭਰ ਲਾਉਂਦੇ ਦੀ ਕਦੋਂ ਮੇਰੀ ਚੀਕ ਨਿਕਲੀ। ਤੇ ਤੜਕੇ ਮੈਂ ਹਸਪਤਾਲ ਦੇ ਕਮਰੇ 'ਚ ਸੱਜੇ ਹੱਥ ਤੇ ਅੱਧੀ ਬਾਂਹ ਨਾਲ ਪੱਟੀਆਂ ਲਪੇਟੀ ਪਿਆ ਸੀ। ਪੀੜ ਭੁੱਲ ਕੇ ਮੈਂ ਇਸ ਅਣਹੋਣੀ ਤੇ ਹੰਝੂ ਕੇਰੇ ਸੀ।

ਸਾਰਾ ਟੱਬਰ ਮੈਨੂੰ ਖੁਸ਼ ਰੱਖਣ ਦਾ ਹਰ ਹੀਲਾ ਕਰਦਾ। ਊਰੀ ਵਾਂਗ ਘੁੰਮਦੇ। ਮੈਥੋਂ ਇਹ ਵੀ ਨੀਂ ਜ਼ਰ ਹੁੰਦਾ। ਸੱਤਰਾਂ ਨੂੰ ਪਹੁੰਚਿਆ ਬਾਪੂ ਜਦੋਂ ਸਵੇਰੇ ਸਾਇਕਲ ਚੁੱਕਦਾ ਘਰੋਂ ਦਿਹਾੜੀ ਜਾਣ ਲਈ ਤਾਂ ਮੇਰੀ ਧਾਹ ਨਿਕਲਦੀ। ਐਸ ਉਮਰੇ ਬਾਪੂ ਨੇ ਬਹਿ ਕੇ ਖਾਣੀ ਸੀ ਤੇ...। ਬਹਿ ਕੇ ਨਾ ਸਈਂ ਘੱਟੋ-ਘੱਟ ਇਦੂੰ ਸਾਇਕਲ ਚੁੱਕ ਦਿਹਾੜੀਆਂ ਕਰਨ ਤਾਂ ਨਾ ਜਾਂਦਾ। ਘਰ ਦਾ ਗੁਜ਼ਾਰਾ ਦਿਨੋ-ਦਿਨ ਔਖਾ ਹੁੰਦਾ ਜਾ ਰਿਹਾ ਸੀ। ਘਰਵਾਲੀ ਨੇ ਨਰੇਗਾ 'ਚ ਨਾਂ ਲਿਖਾ ਲਿਆ। "ਮਨਜੀਤ ਹੁਣ ਤੂੰ ਵੀ...ਦਿਹਾੜੀ," ਬਸ ਮੈਂ ਐਨਾ ਈ ਬੋਲ ਸਕਿਆ। ਹੋਰ ਕੋਈ ਹੀਲਾ ਵੀ ਤਾਂ ਨੀਂ ਬਚਿਆ ਸੀ।

ਮੇਰੀਆਂ ਅੱਖਾਂ ਚੋਂ ਡਿੱਗਦੇ ਅੱਥਰੂ ਬੋਚਦੀ ਮਾਂ ਆਖਦੀ, "ਲੈ ਦੇਖਾਂ! ਮੇਰਾ ਸ਼ੇਰ ਪੁੱਤ ਰੋਂਦਾ ਸੋਹਣਾ ਲੱਗਦਾ ਭਲਾ? ਝੋਰਾ ਕਿਉਂ ਕਰਦੈਂ? ਮੇਰਾ ਛਿੰਦਾ ਪੁੱਤ। ਤੂੰ ਸਾਡੀਆਂ ਅੱਖਾਂ ਸਾਹਮਣੇ ਹੈਗਾ। ਐਨਾ ਥੋੜ੍ਹਾ। ਰੱਬ ਦਾ ਸ਼ੁਕਰ ਕਰੀਦਾ। ਪਤਾ ਨੀਂ ਉਹ ਕਿਹੜਿਆਂ ਰੰਗਾਂ 'ਚ ਰਾਜ਼ੀ? ਚਿੱਤ ਨਾ ਢਿੱਲਾ ਕਰਿਆ ਕਰ। ਵਾਖਰੂ ਭਲੀ ਕਰੂ। ਉਹ ਦਿਨ ਨੀਂ ਰਹੇ ਆਹ ਵੀ ਨੀਂ ਰਹਿਣਗੇ।" ਬਿਮਾਰ ਮਾਂ ਵੀ ਸਲਾਈਆਂ ਬੁਣਨੋਂ ਨਾ ਹੱਟਦੀ। ਸੌ ਦੋ ਸੌਂ ਦੀ ਖਾਤਰ ਤਰਲੇ ਮਾਰਦੀ ਰਹਿੰਦੀ। ਸਾਰਾ ਟੱਬਰ ਆਪਣੇ ਵੱਲੋਂ ਦੋ ਪੈਸਿਆਂ ਖ਼ਾਤਰ ਹੀਲਾ ਕਰਨ ਲੱਗਿਆ। ਮੈਂ ਮੰਜੇ ਤੇ ਬੈਠਾ ਦੇਖਦਾ ਰਹਿੰਦਾ।

ਐਹੋ ਜੇ ਹਾਲਾਤ ਬਣ ਜਾਣਗੇ ਇਹਦਾ ਤਾਂ ਕਦੇ ਸੁਪਨਾ ਵੀ ਨਾ ਲਿਆ। ਸੁਪਨਾ ਮਾੜੇ ਹੋਣ ਦਾ ਕਦੋਂ ਲੋਚਿਆ ਸੀ?

ਵੱਡੇ ਭਾਈ ਅਵਤਾਰ ਉੱਤੇ ਮੈਨੂੰ 'ਕੱਲੇ ਨੂੰ ਨੀਂ ਸਾਰੇ ਟੱਬਰ ਨੂੰ ਮਾਣ ਸੀ। ਮੈਂ ਖੇਤੀ ਨਾਲ ਤੇ ਉਹ ਕਿਤਾਬਾਂ ਨਾਲ ਮੱਥਾ ਮਾਰਦਾ। ਮਾਣ ਸੀ ਪੜ੍ਹ ਲਿਖ ਕੇ ਨੌਕਰੀ ਲੱਗ ਜੂ। ਆਪਣੇ ਜਵਾਕ ਨਾਲ ਮੇਰੇ ਜਵਾਕਾਂ ਦਾ ਵੀ ਖਿਆਲ ਰੱਖੂ। ਕਿੰਨੇ ਈ ਸੁਪਨੇ ਅੱਧਮੋਏ ਹੋਏ ਸਾਡੀ ਹਿੱਕ 'ਤੇ ਸੱਪ ਬਣ ਲੇਟਦੇ ਸੀ। ਇਹੀ ਸੋਚਾਂ ਕਦੀ-ਕਦੀ ਰਾਤ ਭਰ ਮੇਰੀ ਨੀਂਦ ਉੱਡਾ ਕੇ ਲੈ ਜਾਂਦੀਆਂ। ਬੀ.ਐੱਡ. ਕਰਵਾ ਕੇ ਅਵਤਾਰ ਦੀ ਨੌਕਰੀ 'ਡੀਕਣ ਲੱਗੇ। ਠੇਕੇ ਦੀ ਭਰਤੀ 'ਚ ਨੰਬਰ ਵੀ ਆ ਗਿਆ। ਪਰ ਕਿਸਮਤ ਨੂੰ ਰੱਦ ਹੋ ਗਈਆਂ। ਇਕ ਖਾਲੀ ਹੋਈ ਸੀਟ ਲਈ ਪੂਰੇ ਹੱਥਕੰਢੇ ਅਪਣਾਏ। ਸਾਰੀ ਕਾਗਜ਼ੀ ਕਾਰਵਾਈ ਪੂਰੀ। ਆਖ਼ਰੀ ਦਸਖ਼ਤ ਨਾਲ ਫੈਲ ਅੱਗੇ ਭੇਜਣੀ ਸੀ। ਮੁਖੀਆ ਅੜ ਗਿਆ। "ਹਮੇਂ ਤੋਂ ਮੰਤਰੀ ਜੀ ਕਾ ਫ਼ੋਨ ਆਇਆ ਹੈ ਵੋ ਅਪਨੀ ਬਰਾਦਰੀ ਕਾ ਬੰਦਾ ਰਖੇਂਗੇ।" ਬਥੇਰੇ ਹਾੜੇ ਪਾਏ। ਆਪਣੀ ਗਰੀਬੀ ਦੇ ਰੋਣੇ ਰੋਏ। ਪਰ ਉਹ ਟੱਸ ਤੋਂ ਮੱਸ ਨਾ ਹੋਇਆ। "ਆਪ ਮੰਤਰੀ ਜੀ ਸੇ ਮੇਰੀ ਬਾਤ ਕਰਵਾ ਦੋ। ਮੈਂ ਸਾਈਨ ਕਰ ਕੇ ਫ਼ਾਈਲ ਆਗੇ ਭੇਜ ਦੂੰਗਾ।" ਮੰਤਰੀ ਬੈਠਾ ਪਾਰਲੀਮੈਂਟ 'ਚ। ਫ਼ੋਨ ਚੁੱਕੇ ਨਾ। ਖੱਜਲ-ਖੁਆਰੀਆਂ ਤੋਂ ਬਾਅਦ ਹੱਥ ਇਹੀ ਆਇਆ ਕਿ ਮੰਤਰੀ ਜੀ ਨੇ ਆਪਣੀ ਜਾਣ-ਪਛਾਣ ਦੇ ਚੰਗੇ ਘਰ ਨੂੰ ਨੌਕਰੀ...। ਦੂਜੀ ਵੇਰ ਫੇਰ ਇਹੀ ਸਭ ਵਾਪਰਿਆ। ਅਵਤਾਰ ਅੰਦਰੋਂ ਟੁੱਟ ਗਿਆ ਸੀ। ਇਕ ਪ੍ਰਾਈਵੇਟ ਸਕੂਲ 'ਚ ਪੰਜ ਹਜ਼ਾਰ ਤੇ ਲੱਗ ਗਿਆ। ਪਰ ਸਕੂਲ ਵਾਲੇ ਲਹੂ ਪੀ ਲੈਂਦੇ। ਮਹੀਨੇ ਬਾਅਦ ਪੰਜ ਹਜ਼ਾਰ ਦੀ ਨੌਕਰੀ 'ਚੋਂ ਕੱਟ-ਕਟਾ ਕੇ ਪੈਂਤੀ ਸੌ ਲੈ ਕੇ ਘਰੇ ਮੁੜਿਆ ਅਵਤਾਰ ਜਵਾਂ ਈ ਟੁੱਟ ਗਿਆ।

ਏਜੰਟਾਂ ਦੀ ਚੁੱਕ 'ਚ ਆ ਗਿਆ। ਨਵਾਂ ਫੈਸਲਾ ਘਰ ਆ ਸੁਣਾਇਆ। ਬਥੇਰਾ ਸਮਝਾਇਆ। "ਇਉਂ ਢੇਰੀ ਨਾ ਢਾਹ। ਅੱਜ ਨੀਂ ਤਾਂ ਕੱਲ੍ਹ ਨੂੰ ਨੌਕਰੀ ਮਿਲ ਜੂ। ਆਪਾਂ ਇਥੇ ਹੋਰ ਮਿਹਨਤ ਕਰਾਂਗੇ।"

"ਬਾਪੂ, ਕੀ ਕਰੀਏ ਹੁਣ ਆਪਾਂ। ਜ਼ਮੀਨ ਵੀ ਗਹਿਣੇ ਧਰ ਲੀ। ਬੈਕਾਂ ਤੋਂ ਲੈ-ਲੈ ਖਾ ਲਿਆ। ਕਿੱਥੋਂ ਖਾਵਾਂਗੇ? ਮੈਨੂੰ ਜਾਣ ਦਿਓ ਬਾਹਰ ਕੇਰਾਂ। ਮੈਂ ਆਪੇ ਸਾਰੀਆਂ ਕਸਰਾਂ ਪੂਰੀਆਂ ਕਰਦੂੰ।" ਤੇ ਵੀਰਾ ਅਟੈਚੀ ਚੁੱਕ ਐਸਾ ਘਰੋਂ ਗਿਆ ਕਿ ਅਸੀਂ ਸਾਰਾ ਟੱਬਰ ਅੱਜ ਤਾਈਂ ਉਹਦੀਆਂ ਪੈੜਾਂ ਤੱਕੀ...। ਜਹਾਜ ਡੁੱਬ ਗਿਆ। ਡਿੱਗ ਪਿਆ। ਪਰਾਏ ਮੁਲਕ ਨੇ ਕੈਦੀ ਬਣਾ ਲਿਆ। ਤਰ੍ਹਾਂ ਤਰ੍ਹਾਂ ਦੀਆਂ ਖਬਰਾਂ ਨੇ ਅੰਦਰ ਵਲੂੰਧਰਿਆ। ਮੰਤਰੀ ਕੋਲ ਜਾ-ਜਾ ਜੁੱਤੀਆਂ

ਜ਼ਮਾਨਾ ਲੱਖ ਬਖ਼ਸ਼ਿਸ਼ ਚਾਪਲੂਸਾਂ ਨੂੰ ਕਰੇ 'ਦੀਪਕ'!
ਮਗਰ ਫਿਰ ਵੀ ਨਹੀਂ ਛਡਦੇ ਕਦੀ ਖ਼ੁਦਦਾਰ ਆਪਣੀ ਥਾਂ। -ਦੀਪਕ ਜੈਤੋਈ

ਘਸਾ 'ਲੀਆਂ। ਉਹਦੀਆਂ ਵੀ ਠੰਡੀਆਂ-ਤੱਤੀਆਂ ਸੁਣ ਘਰੇ ਬਹਿਗੇ ਆਖ਼ਰ। ਕੁਰਸੀ ਤੇ ਬੈਠਾ ਨਹੀਂ ਜਾਂਦਾ ਸੀ ਨਾ ਕੁਝ। ਮਾਪਿਆਂ ਨੇ ਪੁੱਤ ਗਵਾਇਆ। ਭਾਬੀ ਨੇ ਸੁਹਾਗ। ਤੇ ਜਵਾਕਾਂ ਨੇ ਪਿਓ।

ਹਾਦਸਾ ਸੀ ਜੋ ਅਸੀਂ ਆਪਣੇ ਅੰਦਰ ਲੈ ਕੇ ਬੈਠ 'ਗੇ। ਬ੍ਰੈਕਾਂ ਵੱਲੋਂ ਆਉਂਦੀਆਂ ਚਿੱਠੀਆਂ 'ਚੋਂ ਸਾਨੂੰ ਭਾਈ ਦੀ ਕਿਸੇ ਚਿੱਠੀ ਦੀ ਮਹਿਕ ਆਉਂਦੀ। ਪਤਾ ਨੀਂ ਉਹ ਤਾਂ ਕਿਹੜੇ ਮੁਲਕਾਂ ਦਾ ਵਾਸੀ ਬਣ ਗਿਆ ਸੀ ਜਿਹੜਾ ਕਿਤੋਂ ਬੋਲਦਾ ਈ ਨੀਂ ਸੀ।

ਘਰ 'ਚ ਪੈਸੇ ਦੇ ਵਸੀਲੇ ਘੱਟ ਪਰ ਖ਼ਰਚੇ ਬਥੇਰੇ। ਬੰਦਾ ਕਿੱਥੋ ਕਿੱਥੋਂ ਹੱਥ ਘੁੱਟੇ? ਭੂਆ ਦੇ ਚਾਰ ਜਵਾਕਾਂ ਦੇ ਵਿਆਹਾਂ ਦੀ ਨਾਨਕੀ-ਛੱਕ ਐਨੀ ਮਹਿੰਗੀ ਪੈਂਦੀ ਕਿ ਮੁੰਦੀ ਛੱਲੇ ਤੋਂ ਹੇਠਾਂ ਉਹ ਗੱਲ ਨਾ ਕਰਦੀ। ਅਖੇ, "ਸ਼ਰੀਕੇ 'ਚ ਮੇਰੀ ਨੱਕ ਵਡਾਉਣੀ ਆ। ਨੰਗਾਂ ਨੇ ਉਂਗਲ ਖੱਟੀ ਵੀ ਨਾ ਕੀਤੀ। ਲੀੜਾ-ਕੱਪੜਾ ਵੀ ਚੱਜ ਦਾ ਹੋਵੇ।" ਭੂਆ ਦੀ ਨੱਕ ਰੱਖਣ ਵਾਸਤੇ ਸਾਨੂੰ ਹੱਥ ਈ ਵੱਢਣੇ ਪੈਂਦੇ। ਉੱਤੋਂ ਭੈਣ ਦੇ ਦੋ ਜਵਾਕਾਂ ਵੇਲੇ ਉਹਦੀ ਝੋਲੀ ਮੋਟਰ ਸਾਇਕਲ ਪਾਉਣਾ ਪਿਆ। ਪਤਾ ਨੀਂ ਕਿਹੜੇ ਕਿਹੜੇ ਚੰਦਰੇ ਰਿਵਾਜ਼...। ਸਾਡੇ ਘਰੇ ਵੀ ਦੋ ਆਈਆਂ ਸੀ ਪਰ ਢੋਆ-ਢੋਆਈ ਨੀਂ ਸੀ ਆਈ।

ਬਾਂਹ ਦਾ ਜ਼ਖ਼ਮ ਥੋੜ੍ਹਾ ਠੀਕ ਹੁੰਦਿਆਂ ਖੱਬੇ ਹੱਥ ਨਾਲ ਕੰਮ ਕਰਨ ਦੀ ਆਦਤ ਪਾਉਣ ਲੱਗਿਆ। ਕੁਝ ਦਿਨਾਂ ਮਗਰੋਂ ਮੈਂ ਦਿਹਾੜੀ ਜਾਣ ਲੱਗਿਆ। ਖੱਬੇ ਹੱਥ ਨਾਲ ਕੰਮ ਕਰਨ 'ਚ ਬਹੁਤ ਮੁਸ਼ਕਿਲ ਆਉਂਦੀ। ਕਦੀ ਇੱਟਾਂ ਚੁੱਕਦਾ। ਸਿਰ 'ਤੇ ਭਰੇ ਬੱਠਲ ਸੀਮਿੰਟ ਦੇ। ਰੇਤੇ ਦੇ। ਬੱਜਰੀ ਦੇ। ਔਖਾ ਤਾਂ ਬਹੁਤ ਹੁੰਦਾ ਪਰ ਮਰਦਾ ਬੰਦਾ ਕੀ ਨੀਂ ਕਰਦਾ? ਕਦੀ ਕਦੀ ਖੇਚਲ ਨਾਲ ਬੁਖ਼ਾਰ ਚੜ੍ਹ ਜਾਂਦਾ। ਫਿਰ ਦੋ ਦਿਨ ਘਰ ਜੋਗਾ ਰਹਿ ਜਾਂਦਾ। ਮਾਂ ਵੀ ਬਿਮਾਰ ਰਹਿਣ ਲੱਗੀ। ਪਿੰਡੋਂ ਈ ਡਾਕਟਰਾਂ ਤੋਂ ਦਵਾਈ ਲੈ ਛੱਡਦੇ। ਸ਼ਹਿਰ ਵਾਸਤੇ ਪੈਸੇ ਚਾਹੀਦੇ ਸੀ। ਇਕ ਰਾਤ ਬੇਬੇ ਜ਼ਿਆਦਾ ਢਿੱਲੀ ਹੋ 'ਗੀ। ਤੜਕੇ ਸ਼ਹਿਰ ਲੈ ਕੇ ਜਾਣਾ ਪਿਆ। ਬੇਬੇ ਨੂੰ ਦਾਖ਼ਲ ਕਰ ਲਿਆ। ਵੱਡੇ ਹਸਪਤਾਲ 'ਚ ਭੇਜਣ ਦਾ ਹੁਕਮ ਦੇ ਸੁਣਾਇਆ ਡਾਕਟਰਾਂ ਨੇ। ਵੱਡਾ ਸ਼ਹਿਰ ਵੱਡੇ ਹਸਪਤਾਲ ਵੱਡੀਆਂ ਬਿਮਾਰੀਆਂ ਤੇ ਵੱਡੇ ਨੋਟ...? ਨੋਟਾਂ 'ਤੇ ਆ ਕੇ ਸੰਘੀ ਘੁੱਟੀ ਗਈ ਸਾਡੀ। ਬਾਪੂ ਨੇ ਲਾਲੇ ਦੀ ਬਹੀ 'ਤੇ ਇਕ ਹੋਰ 'ਗੂੰਠਾ ਲਾਇਆ ਤੇ ਪੈਸੇ ਲੈ ਆਇਆ। ਮੈਂ ਬੇਬੇ ਨਾਲ ਆ ਗਿਆ ਵੱਡੇ ਹਸਪਤਾਲ। ਕੋਲ ਰਹਿਣ ਦੀ ਜ਼ਿੰਮੇਵਾਰੀ ਮੇਰੀ। ਤਰ੍ਹਾਂ-ਤਰ੍ਹਾਂ ਦੇ ਦੁਖੀ ਲੋਕ ਹਸਪਤਾਲ ਆਉਂਦੇ। ਸਾਰਾ ਦਿਨ ਮੈਂ ਵੇਖਦਾ ਅਪਰੇਸ਼ਨਾਂ ਆਲੇ ਕਮਰੇ 'ਚੋਂ ਇਕ ਮਰੀਜ਼ ਨਿਕਲ ਰਿਹਾ ਹੁੰਦਾ ਦੂਜਾ ਅੰਦਰ ਲਿਜਾਇਆ ਜਾ ਰਿਹਾ ਹੁੰਦਾ।

ਸਾਡੇ ਆਲੇ ਵਾਰਡ 'ਚ ਦੋ ਭਰਾ ਆਪਣੇ ਮਾਂ-ਪਿਉ ਨਾਲ ਆ ਕੇ ਦਾਖ਼ਲ ਹੋਏ ਸਨ। ਵੱਡੇ ਭਰਾ ਦੀ ਕਿਡਨੀ ਖ਼ਰਾਬ ਸੀ ਤੇ ਛੋਟਾ ਆਪਣੀ ਕਿਡਨੀ ਦੇ ਰਿਹਾ ਸੀ। ਭਾਈ ਦੇ ਮੋਹ 'ਤੇ ਮੈਂ ਅਸ਼ਕੇ ਜਾ ਰਿਹਾ ਸਾਂ। ਮੈਨੂੰ ਅਵਤਾਰ ਦੀਆਂ ਯਾਦਾਂ ਨੇ ਘੇਰ ਲਿਆ। ਕਿੰਨਾ ਮੋਹ ਕਰਦਾ ਸੀ ਮੇਰਾ। ਖੇਤ ਕੰਮ ਕਰਦਿਆਂ ਕਦੀ ਮੇਰੇ ਪੈਰ 'ਤੇ ਕਹੀ ਵੱਜ ਜਾਣੀ ਜਾਂ ਦਾਤੀ ਹੱਥ 'ਤੇ ਲੱਗ ਜਾਣੀ। ਮੈਂ ਤਾਂ ਉਥੇ ਈ ਰੇਤਾ ਪਾ ਲੈਂਦਾ। ਘਰੇ ਆਇਆਂ ਨੂੰ ਉਹ ਮੇਰੇ ਜ਼ਖ਼ਮ ਨੂੰ ਪਾਣੀ ਨਾਲ ਧੋਂਦਾ ਤੇ ਫਿਰ ਸਰੋਂ ਦੇ ਤੇਲ 'ਚ ਹਲਦੀ ਗਰਮ ਕਰ ਕੇ ਪੱਟੀ ਬੰਨ੍ਹਦਾ। ਸੋਚਦਾਂ, ਮੇਰੀ ਬਾਂਹ ਵੱਢੀ ਤਾਂ ਨੀਂ ਉਹਦੇ ਤੋਂ ਵੇਖੀ ਜਾਣੀ ਸੀ। ਤਾਹੀਂ ਪਹਿਲਾਂ ਤੁਰ ਗਿਆ। ਭਾਈਆਂ ਬਾਝ ਤਾਂ ਕੱਲਾ ਮਿਰਜ਼ਾ ਮਾਰਿਆ ਗਿਆ ਸੀ। ਅੱਜ ਮੈਨੂੰ ਕੱਲੇ ਹੋਣ ਦਾ ਅਹਿਸਾਸ ਜ਼ਿਆਦਾ ਹੋ ਰਿਹਾ ਸੀ। "ਰੱਬਾ ਤੂੰ ਅਵਤਾਰ ਦੀ ਵੀ ਕਿਡਨੀ ਖਰਾਬ ਕਰ ਲੈਂਦਾ ਮੈਂ ਆਪਣੀ ਦੇ ਕੇ ਬਚਾ ਲੈਣਾ ਸੀ। ਸਾਥੋਂ ਤੂੰ ਇਉਂ ਖੋਹਦਾ ਤਾਂ ਨਾ। ਵੈਸੇ ਚੰਗਾ ਨੀਂ ਕੀਤਾ ਰੱਬਾ ਤੂੰ ਸਾਡੇ ਨਾਲ।" ਪਤਾ ਨੀਂ ਲੱਗਿਆ ਕਦੋਂ ਮੇਰੀਆਂ ਅੱਖਾਂ ਗਿੱਲੀਆਂ ਹੋ ਚੱਲੀਆਂ ਸੀ। ਹਫ਼ਤੇ ਬਾਅਦ ਬੇਬੇ ਨੂੰ ਛੁੱਟੀ ਦਿੰਦਿਆਂ ਡਾਕਟਰ ਨੇ ਨਾ-ਮੁਰਾਦ ਬਿਮਾਰੀ ਦਾ ਫ਼ਤਵਾ ਆਖ ਸੁਣਾਇਆ। ਇਲਾਜ ਹੋ ਸਕਦਾ ਸੀ ਪਰ ਪੈਸਿਆਂ ਦਾ ਝੋਲਾ ਭਰਿਆ ਵੀ ਥੋੜ੍ਹਾ...।

ਮੈਂ ਬੇਬੇ ਨੂੰ ਘਰ ਲੈ ਕੇ ਜਾਣ ਵਾਸਤੇ ਬਾਹਰੋਂ ਐਬੂਲਸ ਦਾ ਪਤਾ ਕਰਨ ਆਇਆ। "ਉਏ ਪਾਲਿਆ ਤੂੰ?" ਕਿਸੇ ਨੇ ਮੇਰੀ ਖੱਬੀ ਬਾਂਹ ਨੂੰ ਫੜ੍ਹਦਿਆਂ ਕਿਹਾ। ਮੇਰੇ ਸਾਹਮਣੇ ਜੀਤਾ ਖੜ੍ਹਾ ਸੀ। ਘੁੱਟ ਕੇ ਗਲੇ ਲੱਗੇ ਦੋਨੋਂ।

"ਆ ਕੀ ਕਰੀ ਫਿਰਦੈ ਬਾਂਹ ਨੂੰ। ਤੂੰ ਦੱਸਿਆ ਨੀਂ ਯਾਰ। ਤੇਰੇ ਨਾਲ ਐਡਾ ਵੱਡਾ ਹਾਦਸਾ।"

"ਤੂੰ ਤਾਂ ਚੰਗਾ ਪਿੰਡ ਛੱਡ ਕੇ ਗਿਐ ਮੁੜ ਕੇ ਵੇਖਿਆ ਵੀ ਨਾ। ਪਤਾ ਨੀਂ ਕਿਹੜੀਆਂ ਕਿਹੜੀਆਂ ਹਵਾਵਾਂ 'ਚੋਂ ਲੰਘੇ? ਅਵਤਾਰ ਤੁਰ ਗਿਆ। ਬੇ-ਜ਼ਮੀਨੇ ਹੋ 'ਗੇ। ਅੱਜ ਬੇਬੇ ਨੂੰ ਵੀ ਵੱਡਾ ਰੋਗ...।" ਮੇਰੀਆਂ ਅੱਖਾਂ ਭਰ ਆਈਆਂ।

ਜੀਤੇ ਨੇ ਕਈ ਦੁੱਖ-ਸੁੱਖ ਸਾਂਝੇ ਕੀਤੇ। "ਅੱਜ ਤਾਂ ਮੈਂ ਸੇਠ ਨਾਲ ਉਹਦੀ ਬਿਮਾਰ ਕੁੜੀ ਨੂੰ ਵਿਖਾਉਣ ਵਾਸਤੇ ਆਇਆਂ। ਕੱਲ੍ਹ ਨੂੰ ਮੈਂ ਪਿੰਡ ਆਊਂਗਾ ਤੇਰੇ ਕੋਲ। ਸੇਠ 'ਡੀਕਦਾ ਹੋਊ ਮੈਨੂੰ ਅੰਦਰ। ਮੈਂ ਤਾਂ ਕਾਰ 'ਚੋਂ ਕੁੜੀ ਦੀਆਂ ਰਿਪੋਰਟਾਂ ਚੁੱਕਣ ਆਇਆ ਸੀ।"

ਅੱਠ ਸਾਲ ਹੋ 'ਗੇ ਸੀ ਜੀਤ ਨੂੰ ਪਿੰਡ ਛੱਡਿਆਂ। ਇਕੋ-ਇਕ ਜਿਗਰੀ ਯਾਰ ਸੀ। ਰਾਤਾਂ ਨੂੰ ਪਾਣੀ ਦੀਆਂ ਵਾਰੀਆਂ ਵੇਲੇ ਇਕ-ਦੂਜੇ ਦੇ ਨਾਲ ਹੁੰਦੇ। ਵੱਡੇ ਭਾਈ ਨੇ ਦਗ਼ਾ ਕਮਾਇਆ ਉਹਦੇ ਨਾਲ। ਪਤਾ ਨੀਂ ਆਵਦਾ ਖ਼ੂਨ ਈ ਚਿੱਟਾ ਕਿਉਂ ਪੈ ਜਾਂਦਾ ਦੋ-ਗਿੱਠ ਜ਼ਮੀਨ ਖਾਤਰ? ਘਰਵਾਲੀ ਛੱਡ ਕੇ ਤੁਰ ਗਈ। ਪੰਜ ਸਾਲਾਂ ਦਾ ਮੁੰਡਾ ਲੈ ਕੇ ਉਹ ਐਸਾ ਸ਼ਹਿਰ ਨੂੰ ਗਿਆ ਮੁੜਕੇ ਪਿੰਡ ਨੀਂ ਵੜਿਆ ਸੀ। ਅਗਲੇ ਦਿਨ ਜੀਤਾ ਮੇਰੇ ਦੁੱਖਾਂ ਦੀ ਮੱਲ੍ਹਮ ਲੈ ਕੇ ਬਹੁੜਿਆ ਸੀ। ਬੇਬੇ ਦੇ ਮਹਿੰਗੇ 'ਲਾਜ ਨੂੰ ਪੈਸਿਆਂ ਦੀ ਲੋੜ ਸੀ।

"ਯਾਰ ਜੀਤਿਆ ਬਈ ਇਉਂ ਦਸ ਜੇ ਬੰਦੇ ਨੇ ਆਪਣੀ ਕਿਡਨੀ-ਕੁਡਨੀ ਵੇਚਣੀ ਹੋਵੇ ਤਾਂ ਕਿੰਨੇ ਕੁ ਪੈਸੇ ਮਿਲ ਜਾਂਦੇ ਆ। ਤੈਨੂੰ ਤਾਂ ਸ਼ਹਿਰ ਰਹਿੰਦੇ ਨੂੰ ਵਾਹਵਾ ਟੈਮ ਹੋ ਗਿਆ। ਪਤਾ ਹੋਊ ਤੈਨੂੰ ਤਾਂ ਭਲਾ ਇਹਦਾ। ਮੈਂ ਸੁਣਿਆ ਪੈਸੇ ਮਿਲਦੇ ਆ ਵੇਚਣ ਦੇ, "ਮੈਂ ਜੀਤੇ ਨੂੰ ਪੁੱਛਿਆ।

"ਤੂੰ ਕੀ ਲੈਣਾ ਪਤਾ ਕਰਾ ਕੇ? ਮੈਨੂੰ ਤਾਂ ਆਪ ਨੀਂ ਪਤਾ।" ਜੀਤਾ ਬੋਲਿਆ।

"ਯਾਰ ਆਪਾਂ ਤਾਂ ਹੁਣ ਬੋਝ ਈ ਆਂ ਧਰਤੀ 'ਤੇ। ਮਾਪਿਆਂ 'ਤੇ। ਜੀਣ ਨੂੰ ਜੀਅ ਨੀਂ ਕਰਦਾ ਮੇਰਾ ਹੁਣ। ਮੈਂ ਸੁਣਿਆ ਵਾਹਵਾ ਪੈਸਾ ਮਿਲ ਜਾਂਦੇ ਆ ਕਿਡਨੀਆਂ ਵੇਚਣ ਦੇ। ਜਾਂਦੇ-ਜਾਂਦੇ ਬਾਪੂ ਨੂੰ ਹੌਲਾ ਕਰ ਦੇਈਏ ਭੋਰਾ।" ਮੈਂ ਘੋਰ ਮਾਯੂਸੀ ਵਿਚ ਸਾਂ।

ਜੀਤ ਗੁੱਸੇ ਵਿਚ ਆ ਗਿਆ, "ਉਏ ਕਮਲਿਆ, ਤੇਰਾ ਦਿਮਾਗ ਠੀਕ ਆ। ਕੀ ਹੌਲਾ ਕਰ ਲਏਂਗਾ ਬੁੜੇ ਨੂੰ? ਸਵਾਹ ਸੱਤਾਂ

ਤੱਤੀ 'ਵਾ ਨਾ ਲੱਗਣ ਦਿੰਦੇ ਬਾਲਾਂ ਨੂੰ,
ਮਾਪੇ ਠੰਢੀਆਂ ਛਾਵਾਂ ਵਰਗੇ ਹੁੰਦੇ ਨੇ। -(ਅਗਲੇ ਸਫ਼ੇ 'ਤੇ)

ਚੁੱਲ੍ਹਿਆਂ ਦੀ। ਚੱਜ ਦੀ ਗੱਲ ਕਰ ਕੋਈ। ਇਕ ਪੁੱਤ ਦਾ ਅੱਗੇ ਉਹਨਾਂ ਨੇ ਜਾਂਦੀ ਵੇਰ ਦਾ ਮੂੰਹ ਨੀਂ ਵੇਖਿਆ ਤੇ ਹੁਣ ਦੂਜਾ...। ਮਾਪੇ ਦਸੌਂਧ ਕੱਟ ਲੈਣਗੇ ਪਰ ਇਉਂ ਨੀਂ ਪੁੱਤ ਤੁਰਦਾ ਜ਼ਰ ਸਕਦੇ।" ਜੀਤਾ ਥੋੜ੍ਹਾ ਗੁੱਸੇ 'ਚ ਮੈਨੂੰ ਘੂਰ ਰਿਹਾ ਸੀ। ਮੇਰੀ ਗੱਲ ਉਸਨੂੰ ਚੰਗੀ ਨਹੀਂ ਲੱਗੀ ਸੀ।

"ਆ ਮਹੀਨਾ ਪਹਿਲਾਂ ਕਰਨੈਲ ਸਿਓਂ ਫਾਹਿਆ ਲੈ ਕੇ ਮਰਿਆ। ਸਿਰ ਕਰਜ਼ੇ ਦੀ ਪੰਡ ਸੀ। ਮਹਿੰਦਰ ਕਾ ਦੀਪਾ, ਸਪਰੇਅ ਪੀ ਕੇ ਮਰੇ ਨੂੰ ਛੀ ਮੀਨ੍ਹੇ ਨੀਂ ਹੋਏ। ਅਖ਼ਬਾਰ ਫਰੋਲ ਕੇ ਦੇਖ ਲੈ। ਨਿੱਤ ਦੋ ਤਿੰਨ ਕਰਜ਼ੇ ਦੇ ਸਤੇ ਸਤਾਏ ਗਲ਼ ਰੱਸਾ ਪਾ ਲੈਂਦੇ ਆ ਜਾਂ ਫਿਰ ਸਪਰੇਅ। ਆਪ ਤਾਂ ਮਰ ਜਾਂਦੇ ਆ ਮਗਰਲਿਆਂ ਨੂੰ ਦੇ ਕੇ ਕੀ ਜਾਂਦੇ ਆ? ਹੋਰ ਔਖੇ ਈ ਕਰਦੇ ਆ। ਮੈਂ ਮਰਨ ਤੋਂ ਪਹਿਲਾਂ ਚਾਰ ਛਿੱਲੜ ਦੇਣ ਦੀ ਸੋਚਦਾਂ। ਬਈ, ਮਰਨਾ ਤਾਂ ਹੈਗਾ ਕਿਉਂ ਨਾ ਮਗਰਲਿਆਂ ਦਾ ਥੋੜ੍ਹਾ ਬੋਝ ਲਾਹ ਜਾਈਏ।" ਮੈਂ ਆਪਣੀ ਦਲੀਲ ਰੱਖੀ।

"ਤੂੰ ਮੇਰੇ ਨਾਲ ਸ਼ਹਿਰ ਚੱਲ। ਮੈਂ ਆਪੇ ਤੈਨੂੰ ਚੰਗੇ ਕੰਮ 'ਤੇ ਲਵਾ ਦੂੰ। ਇਹ ਕਰਜ਼ੇ-ਕੁਰਜ਼ੇ ਚੱਲਦੇ ਰਹਿੰਦੇ ਹੁੰਦੇ ਆ। ਆਪੇ ਲਹਿੰਦਾ ਰਹੂ। ਮਾਹੌਲ ਬਦਲਣ ਨਾਲ ਤੇਰਾ ਮਨ ਵੀ ਹੋਰ ਹੋ ਜੂ।" ਜੀਤੇ ਨੇ ਮੇਰੀ ਗੱਲ ਆਈ ਗਈ ਕਰਨੀ ਚਾਹੀ।

ਘਰਦਿਆਂ ਨੂੰ ਮਨਾ ਕੇ ਜੀਤਾ ਮੈਨੂੰ ਆਪਣੇ ਨਾਲ ਸ਼ਹਿਰ ਲੈ ਗਿਆ। ਚੰਗੀ ਦਿਹਾੜੀ 'ਤੇ ਮੈਨੂੰ ਕੰਮ ਦਵਾ ਦਿੰਦਾ। ਪਿੰਡ ਆਲੇ ਕੰਮ ਨਾਲੋਂ ਥੋੜ੍ਹਾ ਕਰਨ ਵਿਚ ਵੀ ਸੌਖ ਰਹਿੰਦੀ। ਆਪਣੇ ਸੇਠ ਤੋਂ ਪੈਸੇ ਉਧਾਰ ਫੜ ਕੇ ਮੈਨੂੰ ਦੇ ਦਿੱਤੇ। ਬੇਬੇ ਦੀ ਦਵਾਈ ਚੱਲਦੀ ਹੋ 'ਗੀ ਇਹਦੇ ਨਾਲ।

ਦਿਹਾੜੀ ਕਰ ਰਿਹਾ ਸਾਂ ਉਸ ਦਿਨ ਵੀ। ਪੈਲੇਸ 'ਚ ਖਾਲੀ ਗਲਾਸ ਚੁੱਕਣ ਦੀ। ਸਟੇਜ 'ਤੇ ਨੱਚਦੀ ਕੁੜੀ ਦੀ ਸ਼ਰਾਬੀ ਨੇ ਬਾਂਹ ਫੜ ਲਈ। ਰੌਲਾ-ਰੱਪਾ ਵੱਧ ਗਿਆ। ਜਗਦੀਆਂ ਬੁਝਦੀਆਂ ਲਾਈਟਾਂ ਵਾਲਾ ਜਗਾੜਮੈਂਟ ਮੇਰੇ ਉੱਤੇ ਆ ਡਿੱਗਿਆ। ਆਹੀ ਕਸਰ ਬਾਕੀ ਰਹਿੰਦੀ ਸੀ। ਨਵਾਂ ਪਹਾੜ ਡਿੱਗ ਪਿਆ ਮੇਰੇ 'ਤੇ। ਹਸਪਤਾਲ 'ਚ ਲਿਆਂਦਾ ਗਿਆ। ਖੱਬੀ ਬਾਂਹ ਵੀ ਡਾਕਟਰਾਂ ਵਲੇਟ ਦਿੱਤੀ ਪਲਸਤਰ ਨਾਲ। ਜੀਤਾ ਆਖਦਾ ਰਿਹਾ ਸੀ ਪ੍ਰਾਈਵੇਟ ਹਸਪਤਾਲ 'ਚ ਜਾਣ ਨੂੰ। ਬਸ ਮੈਂ ਈ ਚਾਰ ਛਿੱਲੜ ਬਚਾਉਣ ਦੀ ਖਾਤਰ...। ਮੈਨੂੰ ਕੀ ਪਤਾ ਸੀ ਸਰਕਾਰੀ ਹਸਪਤਾਲ 'ਚ...। ਜੀਤਾ ਮੇਰੀ ਦੇਖਭਾਲ ਕਰਦਾ ਰਿਹਾ। ਪਿੰਡ ਘਰੇ ਦੱਸਣ ਤੋਂ ਮੈਂ ਜੀਤੇ ਨੂੰ ਰੋਕ ਦਿੱਤਾ। ਐਵੇਂ ਦੁਖੀਆਂ ਨੂੰ ਹੋਰ ਕੀ ਦੁਖੀ ਕਰਨਾ? ਹੁਣ ਘਰੇ ਦੱਸਦਾ ਵੀ ਕੀ? ਕੀ ਬਚਿਆ ਸੀ ਕੋਲ ਮੇਰੇ? ਆਪਣੇ ਮੂੰਹ 'ਚ ਮਨਮਰਜ਼ੀ ਦੀ ਚੀਜ਼ ਪਾਉਣੋਂ ਵੀ ਊਣਾ ਹੋ ਗਿਆ ਸੀ। ਪਿੰਡ ਕੀ ਸੁਨੇਹਾ ਭੇਜਦਾ? ਉਹ ਤਾਂ ਮਿਲ ਜਾਣ ਦਾ ਆਖ ਰਹੇ ਸੀ। ਪਰ ਮੈਂ ਸੀਜ਼ਨ ਦਾ ਬਹਾਨਾ ਲਾ ਕੇ ਟਾਲ-ਮਟੋਲ ਕਰਦਾ ਆ ਰਿਹਾ ਸੀ। ਮੈਨੂੰ ਬਾਂਹ 'ਚ ਕੋਈ ਹਿੱਲ-ਜੁੱ ਲ ਮਹਿਸੂਸ ਨੀਂ ਹੁੰਦੀ ਸੀ। ਮੈਂ ਡਾਕਟਰਾਂ ਨੂੰ ਬਥੇਰਾ ਰੌਲਾ ਪਾਉਂਦਾ ਰਿਹਾ। ਉਹਨਾਂ ਬੇਦਰਦਾਂ ਨੇ ਮੇਰੀ ਇੱਕ ਨਾ ਸੁਣੀ। ਸਰਕਾਰੀ ਤਨਖਾਹ 'ਤੇ ਪਲਣ ਵਾਲਿਆਂ ਵਾਸਤੇ ਮੇਰੀ ਪੀੜ ਦਾ ਕੋਈ ਅਸਰ ਨੀਂ ਹੁੰਦਾ ਸੀ। ਡਾਕਟਰਾਂ ਦੀ ਲਾਪਰਵਾਹੀ ਨੇ ਮੇਰੀ ਬਾਂਹ ਨਕਾਰਾ ਕਰ ਦਿੱਤੀ। ਬਸ ਵੇਖਣ ਨੂੰ ਨਾਲ ਲੱਗਦੀ ਸੀ।

ਰੋਟੀ ਮੂੰਹ 'ਚ ਪਾਉਣ ਤੋਂ ਮੁਥਾਜ ਨੂੰ ਜੀਤਾ ਆਪਣੇ ਨਾਲ ਸੇਠ ਦੀ ਕੋਠੀ ਲੈ ਆਇਆ ਮੈਨੂੰ। ਸੇਠ ਦੀ ਕੁੜੀ ਹਸਪਤਾਲ 'ਚ ਸੀ। ਸੇਠ ਦੀ ਮਾਂ 'ਕੱਲੀ ਘਰ 'ਚ। ਉਹ ਸਾਰੀ ਜ਼ਿੰਮੇਵਾਰੀ ਜੀਤੇ 'ਤੇ ਸੁੱਟ ਗਿਆ। ਪੂਰਾ ਭਰੋਸਾ ਕਰਦਾ ਸੀ ਉਹ ਜੀਤੇ 'ਤੇ।

ਆੜ੍ਹਤੀਏ ਪ੍ਰਕਾਸ਼ ਰਾਮ ਦੀ ਵੱਡੀ ਸਾਰੀ ਕੋਠੀ। ਅਣਗਿਣਤ ਕਮਰੇ। ਰਹਿਣ ਵਾਲੇ ਚਾਰ ਜੀਅ। ਇਕਲੌਤੀ ਧੀ ਤੇਰ੍ਹਾਂ ਕੁ ਵਰ੍ਹਿਆਂ ਦੀ। ਉਹ ਵੀ ਬਹੁਤਾ ਹਸਪਤਾਲ 'ਚ ਰਹਿੰਦੀ। ਕਹਿੰਦੇ ਦਿਨਾਂ ਦੀ ਮਹਿਮਾਨ ਏ ਉਹ ਵੀ। ਪਿੱਛੇ ਜੇਹੇ ਬਣੇ ਇਕ ਕਮਰੇ 'ਚ ਵਹੀਆਂ ਦਾ ਢੇਰ ਲੱਗਿਆ ਪਿਆ ਸੀ। ਮੈਂ ਅੰਦਰ ਵੜ ਗਿਆ। ਬਾਰੀ 'ਚੋਂ ਆਏ ਹਵਾ ਦੇ ਇੱਕ ਬੁੱਲ੍ਹੇ ਨਾਲ ਅੱਧਖੁੱਲ੍ਹੀ ਵਹੀ ਦੇ ਵਰਕਿਆਂ 'ਚ ਹਿਲਜੁੱਲ ਹੋਈ। ਅਣਗਿਣਤ ਅਗੂੰਠਿਆਂ ਦੇ ਨਿਸ਼ਾਨ ਦਿਸੇ ਮੈਨੂੰ। ਇਹਨਾਂ ਵਿਚ ਈ ਮੈਨੂੰ ਬਾਪੂ ਦੇ ਲੱਗੇ ਕੁਝ। ਬਹੀ 'ਚੋਂ ਮੈਨੂੰ ਬਾਪੂ ਦਾ ਚਿਹਰਾ ਦਿਸਣ ਲੱਗਿਆ। ਸਾਰੇ ਅੰਗੂਠੇ ਬਾਪੂ ਦੇ ਜਾਪਣ ਲੱਗੇ।

"ਕਰੋੜਾਂ ਰੁਪਈਆ ਹੈਗਾ ਸੇਠ ਕੋਲ। ਸਾਲਾ ਅੱਗ ਲਾਇਆਂ ਨੀਂ ਮੁੱਕਣਾ। ਜ਼ਮੀਨ-ਜੈਦਾਦ ਖੁਣੋਂ ਕੋਈ ਘਾਟਾ ਨੀਂ। ਔਲਾਦ ਖੁਣੋਂ ਊਣਾ।" ਜੀਤਾ ਦੱਸਣ ਲੱਗਿਆ। "ਕਹਿੰਦੇ ਕੁੜੀ ਦਾ ਦਿਲ ਖ਼ਰਾਬ ਐ। ਸੇਠ ਪੈਸੇ ਚੱਕੀ ਭੱਜਿਆ ਫਿਰਦੈ। ਕੋਈ ਦਿਲ ਦੇ ਦੇਵੇ। ਇਉਂ ਜਾਨ ਦੇਣੀ ਕੋਈ ਸੌਖੀ ਗੱਲ ਆ? ਕਿਹੜਾ ਵਾਰ ਵਾਰ ਆਉਣਾ ਧਰਤੀ 'ਤੇ। ਸਾਲਾ! ਚੁਰਾਸੀ ਲੱਖ ਜੂਨਾਂ ਭੁਗਤ ਕੇ ਆਉਂਦੈ ਬੰਦਾ ਧਰਤੀ 'ਤੇ। ਹੁਣ ਕੌਣ ਆਵਦੀ ਜਾਨ ਗਵਾਵੇ?"

"ਊ ਭਲਾ, ਕਿੰਨੇ ਕ ਪੈਸੇ ਦੇ ਦੂ," ਮੈਂ ਝਿਜਕਦੇ ਜੇਹੇ ਨੇ ਪੁੱਛਿਆ।

"ਪੈਸਿਆਂ ਦਾ ਤਾਂ ਢੇਰ ਲਾ ਦੂ। ਐਨਾ ਪੈਸਾ ਰੱਖੀਂ ਬੈਠਾ। ਕਾਲਾ ਨਾਗ ਐ ਨਿਰਾ। ਬੈਂਕਾਂ ਕਾਲੀਆਂ ਕੀਤੀਆਂ ਪਈਆਂ ਸਾਲੇ ਕੰਜ਼ਰ ਦੀਆਂ। ਗਰੀਬਾਂ ਨੂੰ ਵੱਢਦਾ ਥੋੜ੍ਹੈ। 'ਗੂੰਠੇ ਲਵਾ ਲਵਾ ਦੇਖ ਤਾਂ ਸਈ ਕਿਵੇਂ ਵਹੀਆਂ ਨੀਲੀਆਂ ਕੀਤੀਆਂ। ਸੱਚ ਜਾਣੀ ਪਾਲਿਆ! ਊ ਐਹੋ ਜਾ ਪੈਸਾ ਕਿਸੇ ਅਰਥ ਲੇਖੇ ਨੀਂ ਆਉਂਦਾ। ਰੱਬ ਆਪੇ ਨਿਆਂ ਕਰਦਾ। ਬਥੇਰਾ ਘਰ ਫੂਕ ਲਿਆ। ਪਹਿਲਾਂ ਜਨਾਨੀ 'ਤੇ ਦੂਜਾ ਜਵਾਕ ਲੈਣ ਨੂੰ। ਆਹ ਕੀ ਹੁੰਦੇ ਆ? ਟਿਊਬਾਂ ਆਲੇ ਜਵਾਕ। ਬਈ, ਚੱਲ ਇਉਂ ਕੋਈ ਜਵਾਕ ਲੈ ਹੋਜੂ। ਸਾਲੀ ਗੱਲ ਨੀਂ ਬਣੀ। ਹੁਣ ਕੁੜੀ 'ਤੇ ਅੰਨ੍ਹਾ ਪੈਸਾ ਲਾ ਲਿਆ। ਬਚਦੀ ਮੈਨੂੰ ਉਹ ਵੀ ਨੀਂ ਦੀਂਹਦੀ। ਸਾਲਾ ਦੂਜਿਆਂ ਦੇ ਜਵਾਕਾਂ ਦੇ ਮੂੰਹਾਂ 'ਚੋਂ ਟੁੱਕ ਖੋਹ ਕੇ ਕਿਹੜਾ ਸੁੱਖ ਪਾ ਲੂ ਭਲਾ।" ਜੀਤਾ ਸੇਠ ਦੀਆਂ ਕਰਤੂਤਾਂ ਦਾ ਪਰਦਾਫਾਸ਼ ਕਰ ਰਿਹਾ ਸੀ। "ਪਾਲਿਆ! ਤੇਰੇ ਮੂਹਰੇ ਖੋਲ੍ਹੇ ਆ ਉਹਦੇ ਪੱਤਰੇ। ਆਪਾਂ ਕੀ ਲੈਣਾ? ਕੋਈ ਜਿਵੇਂ ਦਾ ਕਰੂਗਾ ਆਪੇ ਇਥੇ ਈ ਭਰੂ। ਹੋਰ ਨਰਕ ਕੀਹਨੂੰ ਆਖਦੇ ਆ। ਆਹੀ ਹੁੰਦਾ ਪਾਲਿਆ।"

ਜੀਤੇ ਦੀਆਂ ਗੱਲਾਂ ਸੁਣ ਮੈਨੂੰ ਆਪਣੇ ਦਿਨ ਸੁੱਕਿਆਂ ਤੋਂ ਹਰੇ ਹੁੰਦੇ ਜਾਪੇ। ਜੀਤੇ ਨੂੰ ਚੁੱਪ ਕਰਾ ਮੈਂ ਬੋਲਿਆ, "ਜੀਤਿਆ ਚੁੱਪ ਕਰ ਹੁਣ ਤੂੰ। ਮੇਰੀ ਗੱਲ ਸੁਣ। ਆਪਣੇ ਸੇਠ ਨੂੰ ਕਹਿ ਮੈਂ ਆਪਣਾ ਦਿਲ ਦੇਣ ਨੂੰ ਤਿਆਰ ਆਂ। ਮੈਨੂੰ ਦਵਾ ਪੈਸਾ। ਕਿੰਨਾ ਦਵਾਏਂਗਾ? ਮੇਰੇ ਘਰ ਦੀ ਔੜ ਤਾਂ ਕਢਾ। ਵੈਸੇ ਵੀ ਮੈਂ ਜਦੋਂ ਕੁਝ ਕਰਨ ਜੋਗਾ ਈ ਨੀਂ ਕੁਛ। ਮਰਨੋਂ ਪਹਿਲਾਂ ਘਰ ਦੇ ਸੁਖੀ ਕਰ 'ਜਾਂ।"

"ਤੂੰ ਕੰਵਲਾ ਹੋ ਗਿਐ ਲੱਗਦਾ ਮੈਨੂੰ। ਵੱਡਾ ਆਇਆ ਦਿਲ ਦੇਣ ਵਾਲਾ। ਘਰ ਦੇ ਅੱਡ ਹੋਰ ਦੁਖੀ ਹੋਣਗੇ। ਵਹਿਮ ਐ ਤੈਨੂੰ ਬਈ

ਬਿਰਧ ਘਰਾਂ ਵਿਚ ਛੱਡ ਆਉਂਦੇ ਹੋ ਜਿਹਨਾਂ ਨੂੰ,
ਕਿੱਲੇ ਬੱਝੀਆਂ ਗਾਵਾਂ ਵਰਗੇ ਹੁੰਦੇ ਨੇ। -ਰਾਜਵਿੰਦਰ ਕੌਰ ਜਟਾਣਾ

ਉਹ ਸੌਖੇ ਹੋ ਜਾਣਗੇ। ਇਉਂ ਪੁੱਤ ਤੋਰਨੇ ਸੌਖੇ ਪਏ ਆ ਕਿਤੇ?" ਜੀਤਾ ਮੇਰੀ ਗੱਲ ਵਿਚੋਂ ਕੱਟ ਗਿਆ।

"ਤੂੰ ਮੇਰੀ ਮੌਤ ਕਿਉਂ ਦੱਸੇਂਗਾ?" ਉਹਨਾਂ ਤੀਕ ਨੀਂ ਖ਼ਬਰ ਪਹੁੰਚਣ ਦਿੰਦੇ। ਬਸ ਲਾ 'ਲੀ ਮੈਂ ਸਕੀਮ।"

ਕੁਝ ਦਿਨ ਮਿਲੇ ਮੈਨੂੰ। ਮੰਗਵੇਂ ਲਏ ਮੈਂ। ਮਰਨ ਤੋਂ ਪਹਿਲਾਂ ਘਰ ਜਾਣਾ ਚਾਹੁੰਦਾ ਸਾਂ। ਜ਼ਮੀਨ ਛੁਡਾਉਣੀ ਸੀ ਲਾਲੇ ਕੋਲੋਂ। ਬੈਂਕਾਂ ਦੇ ਦੇਣ-ਲੈਣ। ਤੇ ਬੇਬੇ ਬਾਪੂ ਨੂੰ ਜਾਂਦੀ ਵੇਰ ਵੇਖਣਾ ਚਾਹੁੰਦਾ ਸਾਂ। ਖੇਤ ਗੇੜਾ ਮਾਰਨ ਨੂੰ ਜੀਅ ਕਰਦਾ ਸੀ। ਭਾਬੀ ਛਿੰਦੋ ਨੂੰ ਮੈਂ ਸੱਚ ਦੱਸ ਦਿੱਤਾ। ਉਹੀ ਇਹ ਗੱਲ ਹਜ਼ਮ ਕਰਨ ਦਾ ਜਿਗਰਾ ਰੱਖਦੀ ਜਾਪੀ ਮੈਨੂੰ। ਪੈਸਾ ਕਿੱਥੋਂ ਮਿਲਿਆ ਮੈਨੂੰ।

"ਛਿੰਦੋ! ਮੈਂ ਧਰਤੀ ਤੇ ਬੋਝ ਈ ਆ। ਤੁਹਾਡੇ ਸਾਰਿਆਂ 'ਤੇ। ਜੀਂਦੇ-ਜੀਅ ਮੈਂ ਕੁਛ ਨੀਂ ਕਰ ਸਕਣਾ। ਸਗੋਂ ਨਿੱਕੇ-ਨਿੱਕੇ ਕੰਮ ਵਾਸਤੇ ਥੋਡੇ ਵੰਨੀਂ ਮੂੰਹ ਚੱਕੂ। ਨਹੀਂ ਜਿਉਂ ਹੁੰਦਾ ਮੈਥੋਂ ਮਰ ਮਰ ਕੇ। ਬਾਪੂ ਅੱਡ ਸਾਇਕਲਾਂ ਤੇ ਲੱਤਾਂ ਮਾਰਦਾ-ਮਾਰਦਾ ਮੰਜੀਂ ਫੜ੍ਹੀ ਪਿਆ। ਛਿੰਦੋ ਤੂੰ ਸੱਚ ਨੂੰ ਸਾਹਮਣੇ ਨਾ ਆਉਣ ਦੇਈਂ। ਬਸ ਘਰ ਨੂੰ ਸੰਭਾਲ...। ਬਾਕੀ ਪੈਸਾ ਜੀਤਾ ਪਵਾ ਦੂ ਖਾਤੇ 'ਚ। ਸੰਭਾਲ ਕੇ ਵਰਤ 'ਲੀ।" ਕਿੰਨਾ ਕੁਛ ਮੈਂ ਛਿੰਦੋ ਨੂੰ ਸਮਝਾਉਂਦਾ ਰਿਹਾ। ਤਿਪ-ਤਿਪ ਕਰਦੇ ਉਹਦੇ ਗਰਮ ਹੰਝੂ ਮੇਰੀਆਂ ਗੱਲ੍ਹਾਂ 'ਤੇ ਆ ਪਏ। ਉਹਦੀ ਬੁੱਕਲ 'ਚ ਮਾਂ ਵਰਗਾ ਨਿੱਘ ਸੀ। ਹੰਝੂਆਂ 'ਚ ਪਿਆਸ ਸੀ। ਜੋ ਤਾ-ਉਮਰ ਦਾ ਰੋਗ ਬਣ ਜਾਣੀ ਸੀ। ਉਹਦੇ ਹੌਕਿਆਂ 'ਚ ਵਿਛੋੜੇ ਦੀ ਪੀੜ ਸੀ। "ਦੇਖ ਛਿੰਦੋ! ਮੈਂ ਤੇਰੇ ਹੰਝੂ ਵੀ ਨੀਂ ਪੂੰਝ ਸਕਦਾ।" ਚਾਰ ਸਾਲਾਂ ਨੂੰ ਆਪਣਾ ਪੁੱਤ ਗੱਭਰੂ ਹੋਇਆ ਲੈ। ਜ਼ਮੀਨ ਜੱਟ ਦੀ ਮਾਂ ਹੁੰਦੀ ਏ। ਟਰੈਕਟਰ ਲੈ ਦੇਈਂ ਉਹਨੂੰ। ਜ਼ਮੀਨ ਸਾਂਭੂ। ਜਿਨ੍ਹਾਂ ਪੜ੍ਹੇ, ਪੜ੍ਹਾ ਦੇਈਂ। ਜਾਂਦਾ-ਜਾਂਦਾ ਬਥੇਰੇ ਪੈਸੇ ਦੇ ਚੱਲਿਆਂ ਥੋਨੂੰ।"

"ਚੰਦਰਿਆ, ਜੋ ਪੀੜ ਤੂੰ ਹਰਨੀ ਐ ਉਹ ਪੈਸਾ ਨੀਂ ਭਰ ਸਕਦਾ। ਮੇਰੇ ਤੋਂ ਪੁੱਛ ਕੇ ਵੇਖ? ਸਾਡੇ ਦਿਲਾਂ ਦੀ ਰਮਜ਼। ਜਿਹੜੀ ਲੋੜ ਤੂੰ ਪੂਰੀ ਕਰਦੈ ਉਹ ਪੈਸਾ ਭਰ ਦੇਊ? ਇਹਦਾ ਜਵਾਬ ਦੇਅ ਤੂੰ ਮੈਨੂੰ। ਫੇਰ ਤੂੰ ਜੁੱਗ-ਜੁੱਗ ਜਾ ਲੰਮਿਆ ਰਾਹਾਂ 'ਤੇ।"

ਅਵਤਾਰ ਤੋਂ ਬਾਅਦ ਮੈਂ ਭਾਬੀ ਛਿੰਦੋ ਦੇ ਜ਼ਖ਼ਮਾਂ 'ਤੇ ਮੱਲ੍ਹਮ ਨਾ ਧਰਦਾ ਤਾਂ...। ਅਪਾਹਜ ਹੋਣ ਦੇ ਬਾਵਜੂਦ ਜੋ ਖੁਸ਼ੀ ਮਨਜੀਤ ਨੇ ਮੇਰੇ 'ਚੋਂ ਲੱਭਣੀ ਸੀ ਉਹ ਛਿੰਦੋ ਭਾਬੀ ਨੇ ਲੱਭ ਰੱਖੀ ਸੀ। ਅਵਤਾਰ ਦੀ ਕੋਈ ਉੱਗ-ਸੁੱਗ ਨਾ ਮਿਲਣ ਮਗਰੋਂ ਛਿੰਦੋ ਦੇ ਮਾਪੇ ਹੋਰ ਥਾਂ ਤੋਰਨ ਲਈ ਕਾਹਲੇ ਪੈਣ ਲੱਗੇ ਸੀ। ਛਿੰਦੋ ਨੇ ਨੇਰ੍ਹਿਆਂ 'ਚ ਮੂੰਹ ਲੁਕਾ ਕੇ ਮੇਰੇ ਮੋਢੇ 'ਤੇ ਸਿਰ ਰੱਖ ਦੁਖੜਾ ਆਖ ਸੁਣਾਇਆ ਸੀ। ਭਾਬੀ ਜਵਾਕ ਛੱਡ ਕੇ ਦੂਜੇ ਥਾਂ 'ਤੇ ਵਸੇਬਾ ਬਣਾਉਣ ਦੇ ਹੱਕ ਵਿਚ ਨਹੀਂ ਸੀ।

ਸੱਚੀਂ ਮੈਨੂੰ ਨੀਂ ਐਨਾ ਪਤਾ ਸੀ ਛਿੰਦੋ ਦੀ ਮੇਰੀ ਐਨੀ ਡੂੰਘੀ ਸਾਂਝ ਹੋਊਗੀ। ਮੈਨੂੰ ਆਪਣਾ ਫੈਸਲਾ ਗਲਤ ਜਾਪਣ ਲੱਗਿਆ ਸੀ। ਮੈਂ ਕਿਤੇ ਕੋਈ ਗ਼ਲਤੀ...? ਮੈਂ ਆਪਣੇ ਆਪ ਨੂੰ ਸੰਭਾਲਿਆ। ਮਕਸਦ ਵੱਲ ਧਿਆਨ ਕੀਤਾ। ਬਾਪੂ ਦਾ ਪੀਲਾ ਪੈਂਦਾ ਜਾ ਰਿਹਾ ਚਿਹਰਾ ਅੱਖਾਂ ਮੂਹਰੇ ਲਿਆਂਦਾ। ਕੈਂਸਰ ਪੀੜਤ ਮਾਂ ਦੀ ਬਿਮਾਰੀ। ਜਵਾਕਾਂ ਦੇ ਨਿੱਕੇ ਨਿੱਕੇ ਸੁਪਨੇ। ਪਿਉ ਦਾ ਸਾਇਆ? ਇਸ ਨਾਲ ਮੈਂ ਫੇਰ ਢਿੱਲਾ ਪੈਣ ਲੱਗਾ ਸੀ। ਕਾਬੂ ਕਰਦਾ ਹੋਇਆ ਮੈਂ ਆਪਾ ਸਮੇਟਣ ਲੱਗਿਆ।

ਇਹ ਮੇਰੀ ਆਖ਼ਰੀ ਰਾਤ ਸੀ ਇਸ ਘਰ 'ਚ। ਮੇਰੇ ਆਪਣੇ ਘਰ। ਮਰਨ ਤੋਂ ਬਾਅਦ ਮੇਰਾ ਕਦੋਂ ਰਹਿ ਜਾਣਾ? ਦੁਨੀਆਂ 'ਤੇ ਆਖਰੀ ਰਾਤ। ਕੱਲ੍ਹ ਦਾ ਦਾਣਾ-ਪਾਣੀ ਹੈਨੀ ਮੇਰੇ ਕਰਮਾਂ 'ਚ। ਮੁੱਕ ਚੱਲਿਆ ਸੀ ਮੇਰੇ ਹਿੱਸੇ ਦਾ। ਖੱਬੀ ਬਾਂਹ ਸਲਾਮਤ ਰਹਿ ਜਾਂਦੀ ਤਾਂ ਐਡਾ ਵੱਡਾ ਫੈਸਲਾ ਕਿਉਂ ਲੈਂਦਾ ਮੈਂ? ਮੌਤ ਨੂੰ ਗਲੇ ਨਾ ਲਗਾਉਂਦਾ ਤਾਂ ਕੀ ਕਰਦਾ?

ਪੈਸੇ ਫੜ੍ਹ ਕੇ ਮੈਂ ਕਰਜ਼ੇ ਲਾਹ ਚੁੱਕਿਆ ਸਾਂ। ਆੜ੍ਹਤੀਏ ਦੇ ਮੱਥੇ ਮਾਰਿਆ ਸੀ ਪੈਸਾ। ਨਿੱਤ ਆ ਕੇ ਬੋਲਦਾ ਸੀ। ਭਲਾ ਤੂੰ ਆਵਦਾ ਵਿਆਜ ਤੇ ਵਿਆਜ ਜੋੜੀ ਜਾਨੈ ਫਿਰ ਤੂੰ ਪੈਸਿਆਂ ਤੋਂ ਕੀ ਲੈਣਾ? ਅੰਦਰਲੀ ਖੋਟ ਤਾਂ ਇਹੀ ਸੀ ਜਿਹੜਾ ਭੋਰਾ ਟੋਟਾ ਬਚਿਆ ਉਹ ਵੀ ਉਹਦੀ ਝੋਲੀ ਪਾ ਦੇਈਏ। ਦੰਦਲਾਂ ਪੈਣ ਆਲੀਆਂ ਹੋ ਗੀਆਂ ਸੀ ਉਹਦੇ, ਜਦੋਂ ਪੈਸੇ ਮੂਹਰੇ ਧਰੇ ਸੀ। ਬੇਬੇ ਬਾਪੂ ਦੀ ਹਾਲਤ ਦਿਨੋ-ਦਿਨ ਵਿਗੜਦੀ ਜਾ ਰਹੀ ਸੀ। ਇਲਾਜ ਦੀ ਲੋੜ ਸੀ। ਬੇਸ਼ੱਕ ਬੇਬੇ ਤਾਂ ਨਾ-ਮੁਰਾਦ ਬਿਮਾਰੀ ਦੀ ਸ਼ਿਕਾਰ ਸੀ ਪਰ ਇਉਂ ਤਿੱਲ-ਤਿੱਲ ਮਰਨ ਲਈ ਵੀ ਕਿਵੇਂ ਛੱਡ ਦਿੰਦੇ? ਤੇ ਬਾਪੂ...। ਇਲਾਜ ਨਾਲ ਜੇ ਦਿਲ ਬਦਲੇ ਜਾ ਸਕਦੇ ਸੀ ਤਾਂ ਬਾਪੂ ਦਾ ਇਲਾਜ ਕਿਵੇਂ ਨੀਂ ਸੀ ਹੋ ਸਕਦਾ? ਅਜੇ ਤੀਕ ਸੱਜੀ ਬਾਂਹ ਦੇ ਨਿਕਾਰੇ ਹੋਣ ਦੀ ਸੂਹ ਤੱਕ ਨੀਂ ਪੈਣ ਦਿੱਤੀ ਸੀ। ਪੱਟੀਆਂ ਬੰਨਵਾ ਕੇ ਆਇਆ ਸੀ। "ਬਸ ਥੋੜ੍ਹੀ ਜੇਹੀ ਦਾਬ ਆਈ, ਡਾਕਟਰ ਨੇ ਹਿਲਾਉਣਾ ਤੋਂ ਰੋਕਿਆ," ਆਖ ਮੈਂ ਬਾਕੀ ਜੀਆਂ ਨੂੰ ਟਾਲ ਦਿੱਤਾ। ਐਨਾ ਕਾਫੀ ਸੀ ਘਰੇ ਗੱਲ ਛੁਪਾਉਣ ਨੂੰ।

ਸੁੱਖ ਨਾਲ ਹੁਣ ਤਾਂ ਅਵਤਾਰ ਦਾ ਮੁੰਡਾ ਗੱਭਰੂ ਹੋ ਚੱਲਿਆ ਸੀ। ਚੌਦਵੇਂ ਸਾਲ 'ਚ। ਹੂ-ਬਹੂ ਅਵਤਾਰ ਦਾ ਭੁਲੇਖਾ ਪਾਉਂਦਾ। ਪਿਉ ਵਾਂਗੂ ਪੜ੍ਹਨ ਦਾ ਸ਼ੌਕੀਨ। "ਪੜ੍ਹ ਕੇ ਵੀ ਕੀ ਕਰੇਂਗਾ ਪੁੱਤਰਾ ਅੱਗੇ ਤੇਰਾ ਪਿਉ ਲਿਲਕੜੀਆਂ ਲੈਂਦਾ ਮਰ ਗਿਆ, ਪਰ ਕੁਰਸੀ 'ਤੇ ਬੈਠੀਆਂ ਸਰਕਾਰਾਂ ਨੂੰ ਨੀਂ ਦੀਂਹਦਾ ਸਾਰਾ ਕੁਛ,"ਆਖਦਾ ਬਾਪੂ ਗੁਰਜੋਤ ਨੂੰ ਸਕੂਲੋਂ ਆਉਣ ਮਗਰੋਂ ਤਾਰੇ ਮਿਸਤਰੀ ਕੋਲ ਛੱਡ ਆਉਂਦਾ ਮੋਟਰ-ਸਾਇਕਲ ਤੇ ਸਕੂਟਰ ਵਗੈਰਾ ਠੀਕ ਕਰਨ ਦੀ ਜਾਂਚ ਸਿੱਖਣ ਲਈ। ਕੁੜੀ ਤਾਂ ਅਵਤਾਰ ਦੇ ਜਾਣ ਮਗਰੋਂ ਹੋਈ ਸੀ। ਮੇਰੇ ਦੋ ਜੁੜਵਾਂ ਮੁੰਡੇ। ਅੱਠ-ਅੱਠ ਸਾਲਾਂ ਦੇ।

"ਦੇਖ ਛਿੰਦੋ, ਜਵਾਕਾਂ ਨੂੰ ਪੂਰਾ ਪੜ੍ਹਾ 'ਲੀ। ਕੁੜੀ ਨੂੰ ਤਾਂ ਬਹੁਤ ਸਾਰਾ। ਐਨਾ ਕੇ ਉਹਨੂੰ ਮਾਸ਼ਟਰਨੀ ਲਵਾ ਦਈ। ਉਹਦਾ ਪਿਉ ਤਾਂ ਇਹ ਹਉਕਾ ਲੈਂਦਾ ਤੁਰ ਗਿਆ, "ਆਖਦੇ ਹੋਏ ਦੀਆਂ ਅੱਖਾਂ ਭਰ ਆਈਆਂ ਸੀ। ਛਿੰਦੋ ਅੱਖਾਂ ਪੂੰਝਦੀ ਚੁੱਲ੍ਹੇ-ਚੌਂਕੇ ਵੱਲ ਹੋ 'ਗੀ।

*****

ਮੈਂ ਆਖਰੀ ਵੇਰ ਖੇਤ 'ਚ ਦੋ ਘੜੀਆਂ ਕੱਟਣ ਲਈ ਤੁਰ ਪਿਆ। ਮੈਨੂੰ ਮਣਾਂਮੂੰਹੀ ਚਾਅ ਵੀ ਸੀ। ਮੇਰੇ ਖੇਤ ਜੋ ਹੁਣ ਸਾਡੇ ਹੋ 'ਗੇ ਸੀ। ਬਾਪੂ ਆਖਦਾ ਸੀ, "ਜ਼ਮੀਨ ਤਾਂ ਜੱਟ ਦੀ ਮਾਂ ਹੁੰਦੀ ਏ, ਮਾਂ ਨੂੰ ਨੀਂ ਵੇਚੀਦਾ।" ਵਿਚਕਾਰ ਲੱਗੀ ਬੰਬੀ ਦੇ ਸੱਜੇ ਪਾਸੇ ਦੀ ਜ਼ਮੀਨ ਵੱਲ ਮੈਂ ਵੱਟੋ-ਵੱਟ ਹੋ ਤੁਰਿਆ। ਅਵਤਾਰ ਦੀ ਪੜ੍ਹਾਈ ਤੇ ਬਾਹਰ ਜਾਣ ਵੇਲੇ ਇਹ ਹੱਥੋਂ ਛੁੱਟੀ ਸੀ। ਨਾ-ਨਾ ਕਰਦਾ ਮੈਂ ਵੱਟ 'ਤੇ ਬਹਿ ਗਿਆ। ਅਵਤਾਰ ਦੀਆਂ ਯਾਦਾਂ ਨੇ ਘੇਰਾ ਪਾ ਲਿਆ।

"ਛੋਟੇ ਵੀਰ ਤੂੰ ਫ਼ਿਕਰ ਨਾ ਕਰੀਂ। ਛੇਤੀ ਬਾਹਰ ਸੈੱਟ ਹੋਣ ਦੀ ਕੋਸ਼ਿਸ਼ ਕਰੂ। ਡਾਲਰ ਕਮਾ ਕੇ ਜ਼ਮੀਨ ਤਾਂ ਆਪਾਂ ਛੁਡਾ ਈ

ਕਿਉਂ ਹਵਾ ਖ਼ਾਮੋਸ਼ ਹੈ, ਕਿਸ ਨੂੰ ਬੁਲਾ ਬੈਠਾ ਹਾਂ ਮੈਂ।
ਫਿਰ ਹੁੰਗਾਰੇ ਤੋਂ ਬਿਨਾ ਇਕ ਬਾਤ ਪਾ ਬੈਠਾ ਹਾਂ ਮੈਂ। -(ਅਗਲੇ ਸਫ਼ੇ 'ਤੇ)

ਲੈਣੀ ਆ। ਤੂੰ ਔਸ ਪਰ੍ਹਾਂ ਆਲੇ ਕਿੱਲੇ 'ਤੇ ਅੱਖ ਰੱਖ। ਉਹ ਖਰੀਦਣੀ ਆ ਆਪਾਂ ਹੋਰ ਨਾਲ।" ਜਾਂਦੇ ਹੋਏ ਅਵਤਾਰ ਦੇ ਬੋਲ ਮੇਰੇ ਕੰਨਾਂ 'ਚ ਗੂੰਜਣ ਲੱਗੇ। ਮੇਰੀਆਂ ਛਲਕਦੀਆਂ ਅੱਖਾਂ ਪੂੰਝਣ ਵਾਲਾ ਕੋਲ ਕੋਈ ਨੀਂ ਸੀ।

"ਦੇਖ ਉਏ! ਉੱਤੇ ਬੈਠਾ ਦੇਖੀ ਜਾਨੈਂ ਸਾਰਾ ਕੁਛ। ਬੇ-ਫ਼ਿਕਰਾ ਹੋ ਕੇ ਬਹਿ ਗਿਐਂ ਉੱਤੇ ਜਾ ਕੇ। ਨਾ ਤੂੰ ਬਾਪੂ ਦਾ ਸਹਾਰਾ ਬਣਿਆ ਤੇ ਨਾ ਮੈਥੋਂ ਬਣ ਹੋਇਆ। ਉੱਤਰ ਥੱਲੇ। ਸ਼ਰਮ ਨੀਂ ਆਉਂਦੀ ਤੈਨੂੰ। ਤੇਰੇ ਵੀਰ ਦੀਆਂ ਅੱਖਾਂ ਕੌਣ ਪੂੰਝੇ ਹੁਣ? ਉਏ ਕੰਜਰਾ! ਠਹਿਰ ਜ਼ਰਾ! ਤੂੰ ਇਉਂ ਨੀਂ ਲੋਟ ਆਉਣਾ। ਮੈਂ ਈ ਆਉਨਾਂ ਤੇਰੇ ਕੋਲ। ਫਿਰ ਤੈਨੂੰ ਪੁੱਛੂ ਕਿ ਕਿਵੇਂ ਸਾਰਿਆਂ ਨੂੰ ਰੋਲ ਕੇ...।" ਕਿੰਨੇ ਚਿਰ ਮਗਰੋਂ ਮੈਂ ਆਪਣੇ ਆਪ ਨੂੰ ਹੌਸਲਾ ਦੇ ਕੇ ਉਥੋਂ ਉਠਿਆ ਤੇ ਬੰਬੀ ਦੇ ਦੂਜੇ ਪਾਸੇ ਆ ਗਿਆ। ਕਿਵੇਂ ਭੂਆ ਤੇ ਭੈਣ ਦੇ ਵਿਆਹਾਂ 'ਤੇ ਹੱਥੋਂ ਗਈ ਜ਼ਮੀਨ। ਮਾਂ ਦੀ ਬਿਮਾਰੀ ਨੇ ਜ਼ਮੀਨ ਤਾਂ ਕੀ ਘਰ ਵੀ ਰੋੜ੍ਹ ਦਿੱਤਾ।

"ਉਏ ਪਾਲਿਆ!" ਕਿਸੇ ਨੇ ਮੈਨੂੰ ਆਵਾਜ਼ ਮਾਰੀ ਸੀ। ਪਿੱਛੇ ਮੁੜ ਕੇ ਵੇਖਿਆ ਚਾਚਾ ਬਿਸ਼ਨਾ ਸੀ। "ਕਿਵੇਂ ਸ਼ੇਰਾ? ਖੇਤਾਂ ਦੀਆਂ ਵੱਟਾਂ ਗਾਹੀ ਜਾਨੈਂ? ਚੰਗਾ ਕੀਤਾ ਜ਼ਮੀਨ ਛਡਾ 'ਲੀ। ਰੂਹ ਖੁਸ਼ ਹੋ 'ਗੀ। ਮੇਰਾ ਬੱਗਾ ਸ਼ੇਰ ਹੌਸਲਾ ਨਾ ਢਾਹੀਂ। ਦੁੱਖ-ਸੁੱਖ ਬੰਦੇ 'ਤੇ ਈ ਆਉਂਦੇ ਨੇ।" ਐਨੀ ਆਖਦਾ ਵਧਾਈਆਂ ਦਿੰਦਾ ਚਾਚਾ ਅੱਗੇ ਲੰਘ ਗਿਆ। ਮੈਨੂੰ ਪਤਾ ਸੀ ਚਾਚਾ ਮੇਰੇ ਕੋਲ ਖੜ੍ਹ ਨੀਂ ਸਕਦਾ ਸੀ। ਬਾਹਰ ਹੌਸਲੇ ਦੇਣ ਵਾਲਾ ਅੰਦਰੋਂ ਕਿੰਨਾ ਟੁੱਟਿਆ ਹੋਇਆ ਏ? ਤੁਰੇ ਜਾਂਦੇ ਚਾਚੇ ਦੀ ਪਿੱਠ ਨੂੰ ਮੈਂ ਗਹੁ ਨਾਲ ਤੱਕਣ ਲੱਗਿਆ। ਵਾਕਿਆ, ਚਾਚਾ ਹੌਸਲਾ ਨੀਂ ਹਾਰਿਆ ਸੀ। ਇਕੋ-ਇਕ ਜਵਾਨ ਪੁੱਤ ਜੱਗੋਂ ਤੋਰਿਆ ਉਹ ਵੀ ਭਰ ਜਵਾਨੀ। ਸ਼ਰਾਬ ਸਾਰੀ ਦੁਨੀਆਂ ਪੀਂਦਾ। ਉਹਨੂੰ ਪਤਾ ਨੀਂ ਕਿਵੇਂ ਜ਼ਹਿਰ ਵਾਂਗਰਾਂ ਚੜ੍ਹੀ ਤੇ ਮੁੜਕੇ ਉਤਰੀ ਈ ਨਾ। ਚਾਚਾ ਉਹਨੂੰ ਪਿੱਠ 'ਤੇ ਬਿਠਾ ਕੇ ਲਈ ਫਿਰਦਾ ਰਿਹਾ। ਆਖ਼ਰ ਚਾਚੇ ਨੂੰ ਮੋਢਾ ਦੇਣਾ ਪਿਆ। ਚਾਚਾ-ਚਾਚੀ ਰਹਿ 'ਗੇ ਕੱਲੇਕਾਰੇ। ਮੈਂ ਫਿਰ ਵੀ ਪਿੱਛੋਂ 'ਵਾਜ਼ ਮਾਰ ਲੀ।

"ਠਹਿਰ ਜਾਹ ਚਾਚਾ। ਮਿਲ ਤਾਂ ਲੈ ਗਲੇ। ਫੇਰ ਪਤਾ ਨੀਂ...।" ਅੰਦਰੋਂ ਮੈਂ ਬੋਲ ਰਿਹਾ ਸਾਂ "ਮਿਲ ਲੈ ਚਾਚਾ ਜਾਂਦੀ ਵੇਰ।" ਕਿੰਨਾ ਅਜੀਬ ਲੱਗ ਰਿਹਾ ਸੀ ਜ਼ਿੰਦਗੀ ਦਾ ਆਖਰੀ ਦਿਨ। ਮੌਤ ਤਾਂ ਅਚਾਨਕ ਈ ਆਉਂਦੀ ਏ। ਜੇ ਬੰਦੇ ਨੂੰ ਪਤਾ ਹੋਵੇ। ਫੇਰ...। ਕੁਝ ਵੱਖਰਾ ਤਾਂ ਨੀਂ। ਐਵੇਂ ਅਲੂਲ-ਜਲੂਲ ਦੀਆਂ ਗੱਲਾਂ ਕਰਦਾ ਮੈਂ ਅਮਰੂਦਾਂ ਦੇ ਬਾਗ ਵਿਚ ਆ ਕੇ ਬੈਠ ਗਿਆ। ਦਿਨ ਚੇਤੇ ਆਉਣ ਲੱਗੇ। ਚੋਰੀ-ਚੋਰੀ ਅਮਰੂਦ ਤੋੜ ਕੇ ਖਾਣੇ। ਠੇਕੇਦਾਰ ਤੋਂ ਚੋਰੀ। ਚੋਰੀ ਚੀਜ਼ਾਂ ਖਾਣ ਦਾ ਵੀ ਆਪਣਾ ਈ ਸਵਾਦ ਹੁੰਦਾ ਏ। ਕਿੱਡੀ ਵੱਡੀ ਚੋਰੀ ਮੈਂ ਘਰਦਿਆਂ ਤੋਂ ਕਰ ਰਿਹਾ ਸਾਂ। ਭਾਬੀ ਛਿੰਦੋ ਤੋਂ ਬਿਨਾਂ ਕੋਈ ਨੀਂ ਸੀ ਜਾਣਦਾ। ਘਰਦਿਆਂ ਤੋਂ ਚੋਰੀ ਦਾ ਕਿੱਡਾ ਵੱਡਾ ਉਹਲਾ ਰੱਖ ਰਿਹਾ ਸਾਂ। ਇਸ ਚੋਰੀ 'ਚ ਸਵਾਦ ਨੀਂ ਸੀ ਅਮਰੂਦਾਂ ਵਰਗਾ। ਬੱਸ ਦੁੱਖ ਸੀ। ਪੀੜਾ ਸੀ। ਮਜ਼ਬੂਰੀ ਸੀ। ਇਕ ਨੂੰ ਅਜੇ ਤੀਕ 'ਡੀਕੀ ਜਾਂਦੇ ਨੇ। ਭਾਵੇਂ ਲੱਖ ਪਤਾ ਉਹਨੇ ਹੁਣ ਕਦੇ ਮੁੜ ਕੇ ਨੀਂ ਆਉਣਾ। ਆਉਣਾ ਤਾਂ ਮੈਂ ਵੀ ਨੀਂ ਸੀ।

ਜੀਤੇ ਦੀ ਭੇਜੀ ਕਾਰ ਆ ਗਈ ਸੀ ਮੈਨੂੰ ਲੈ ਕੇ ਜਾਣ ਨੂੰ। ਸਾਮਾਨ ਧਰਾ ਕੇ ਕਾਰ 'ਚ ਮੈਂ ਬੇਬੇ ਵੱਲ ਮੁੜਿਆ। ਮੰਜੀ ਤੋਂ ਵੀ ਉਠਣ ਜੋਗੀ ਨੀਂ ਰਹੀ।

"ਲੈ ਮਿਲ ਲੈ ਬੇਬੇ ਪੁੱਤ ਨੂੰ ਆਖਰੀ ਵੇਰ।" ਮੈਂ ਆਪੇ ਨੂੰ ਆਖ ਸੁਣਾਇਆ। "ਚੰਗਾ ਬੇਬੇ ਮੈਂ ਚੱਲਦਾਂ ਹੁਣ। ਖਿਆਲ਼ ਰੱਖੀਂ ਆਵਦਾ।"

"ਮੈਨੂੰ ਨਾਲ ਲੈ ਚੱਲ ਪਾਲਿਆ।" ਐਨਾ ਮਸਾਂ ਆਖ ਹੋਇਆ ਸੀ ਬੇਬੇ ਤੋਂ। "ਅਗਲੇ ਗੇੜੇ ਲੈ ਚੱਲੂ।" ਲਾਰਾ ਲਾਉਂਦਾ ਮੈਂ ਉਥੋਂ ਤੁਰ ਪਿਆ। ਸਬਾਤ ਵਿਚ ਗਿਆ ਜਿੱਥੇ ਬਾਪੂ ਬੇਸੁਰਤ ਪਿਆ ਸੀ। ਝੁਰੜੀਆਂ ਭਰੇ ਚਿਹਰੇ 'ਤੇ ਅੰਤਾਂ ਦੇ ਗਿਲੇ-ਸ਼ਿਕਵੇ ਦਿਸੇ ਮੈਨੂੰ। ਉਦਾਸੀਆਂ ਦਾ ਆਲਮ ਉਹਦੀਆਂ ਬੰਦ ਅੱਖਾਂ 'ਤੇ ਮੰਡਰਾ ਰਿਹਾ ਸੀ। ਐਨਾ ਉਦਾਸ ਨੀਂ ਹੋ ਸਕਦਾ ਸੀ ਬਾਪੂ। ਮਹੀਨਾ ਹੋ ਚੱਲਿਆ ਸੀ ਬਾਪੂ ਨੂੰ ਮੰਜੇ ਨਾਲ ਮੰਜਾ ਹੋਇਆਂ। ਨਾ ਕੁਝ ਬੋਲਦਾ। ਨਾ ਕੁਝ ਦੱਸਦਾ। ਤਿੰਨ ਦਿਨਾਂ ਦਾ ਆਇਆ ਮੈਂ ਬਥੇਰਾ ਕੋਲ ਜਾ-ਜਾ ਬੈਠਾ। ਘਰ ਦੇ ਹਲਾਤ ਦੇਖ ਕੇ ਮੈਨੂੰ ਆਪਣੇ ਫੈਸਲੇ ਦੀ ਚੋਣ ਸਹੀ ਜਾਪੀ।

"ਬਾਪੂ ਕੁਝ ਤਾਂ ਬੋਲ। ਮੇਰਾ ਨਾਂ ਤੇ ਆਪਣੇ ਮੂੰਹੋਂ ਲੈ ਦੇ। ਐਨੀ ਉਦਾਸੀ? ਐਨਾ ਦੁਖੀ ਤਾਂ ਬਾਪੂ ਤੂੰ ਕਦੀ ਐਡੇ ਮਾੜੇ ਵਕਤਾਂ 'ਚ ਵੀ ਨੀਂ ਹੋਇਆ ਸੀ। ਤੇਰੇ ਹੌਸਲੇ 'ਤੇ ਮੈਂ ਉੱਡਿਆ ਫਿਰਦਾ ਸੀ।" ਗੱਚ ਭਰ ਆਇਆ ਮੇਰਾ। "ਤੂੰ ਚੱਲ ਪੁੱਤਰਾ! ਮੈਂ ਤੇਰੇ ਪਿੱਛੇ ਆਉਨਾਂ।" ਜਿਵੇਂ ਬਾਪੂ ਮੈਨੂੰ ਆਖ ਰਿਹਾ ਹੋਵੇ।

ਮੇਰਾ ਅੰਦਰ ਪਤਲਾ ਨਾ ਪੈ ਜਾਵੇ ਕਿਤੇ। ਮੈਂ ਕਾਹਲੀ ਨਾਲ ਕਾਰ ਵੱਲ ਵਧਿਆ। ਡਰਾਇਵਰ ਨੇ ਬਾਰੀ ਖੋਲ੍ਹ ਮੈਨੂੰ ਅੰਦਰ ਬਿਠਾਇਆ ਤੇ ਬਾਰੀ ਬੰਦ ਕਰ ਦਿੱਤੀ। ਕਾਰ ਤੁਰ ਪਈ। ਮੈਂ ਸ਼ੀਸ਼ੇ ਵਿਚੋਂ ਦੀ ਆਖ਼ਰੀ ਵੇਰ ਘਰ ਵੱਲ ਨਿਗ੍ਹਾ ਮਾਰੀ।

ਅਪ੍ਰੇਸ਼ਨ ਕਿਸੇ ਹੋਰ ਵੱਡੇ ਸ਼ਹਿਰ 'ਚ ਹੋਣਾ ਸੀ। ਇਸ ਤੋਂ ਪਹਿਲਾਂ ਮੇਰੇ ਸਿਰ 'ਚ ਸੱਟ ਮਾਰ ਕੇ ਮੈਨੂੰ ਮਰਨ ਕਿਨਾਰੇ ਹੋਣ ਦਾ ਨਾਟਕ ਕਰਨਾ ਸੀ। ਕਾਰ ਸੇਠ ਦੀ ਕੋਠੀ ਕੋਲ ਜਾ ਰੁਕੀ। ਸੇਠ ਤੇ ਜੀਤਾ ਮੈਨੂੰ 'ਡੀਕੀ ਜਾਂਦੇ ਸਨ। ਸੇਠ ਦੇ ਚਿਹਰੇ 'ਤੇ ਘੋਰ ਉਦਾਸੀ ਦਾ ਆਲਮ ਸੀ। ਅੱਖਾਂ ਬੰਦ ਕਰੀ ਸੋਫੇ 'ਤੇ ਸਿਰ ਸੁੱਟੀ ਪਿਆ ਸੀ। ਦੋ ਕੁ ਮਿੰਟਾਂ ਮਗਰੋਂ ਸੇਠ ਉੱਠ ਕੇ ਅੰਦਰ ਚਲਾ ਗਿਆ। ਜਾਂਦੇ ਹੋਏ ਦੇ ਮੈਂ ਉਹਦੀਆਂ ਅੱਖਾਂ ਦੇ ਭਰੇ ਹੋਏ ਕੋਏ ਵੇਖੇ। ਮੈਂ ਆਪਣੇ ਵੱਲੋਂ ਤਿਆਰ ਸਾਂ ਮੌਤ ਦੇ ਮੂੰਹ 'ਚ ਜਾਣ ਵਾਸਤੇ। ਮੈਂ ਕੁਝ ਪੁੱਛਣ ਵਾਲਾ ਸੀ ਜੀਤੇ ਤੋਂ। ਉਹ ਆਪ ਈ ਬੋਲਿਆ।

"ਯਾਰ! ਪਾਲਿਆ!! ਸੇਠ ਤਾਂ ਤੈਨੂੰ ਲੈਣ ਵਾਸਤੇ ਆਇਆ ਸੀ। ਡਾਕਟਰ ਜਵਾਬ ਦੇਈ ਜਾਂਦੇ ਆ। ਕੁੜੀ ਦੀ ਹਾਲਤ ਬਾਹਲੀ...। ਹੁਣੇ ਫ਼ੋਨ ਆਇਆ ਹਸਪਤਾਲੋਂ। ਸੇਠ ਦੀ ਘਰਵਾਲੀ ਬਾਹਲਾ ਰੋਈ ਜਾਂਦੀ ਸੀ। ਕਿਸੇ ਵੱਡੇ ਬਾਹਰਲੇ ਡਾਕਟਰ ਨਾਲ ਗੱਲ ਕਰੀਂ ਜਾਂਦੇ ਆ। ਪਤਾ ਨੀਂ ਉਹ ਕੀ ਆਖਦਾ? ਸੇਠ ਟੁੱਟਿਆ ਪਿਆ ਜਵਾਂ, ਪਾਲਿਆ। ਮੈਥੋਂ ਦੇਖਿਆ ਨੀਂ ਜਾਂਦਾ। ਰੱਬ ਸੁਣ ਲਵੇ ਜਾਨ ਬਚ ਜੇ ਕੁੜੀ ਦੀ। ਚੰਦਰਿਆ ਮੈਂ ਤਾਂ ਤੇਰੀ ਜ਼ਿੰਦਗੀ ਵੀ ਦਾਅ 'ਤੇ ਲਵਾ 'ਤੀ। ਤੇ...। ਹੁਣ...।

ਅਗਲੇ ਪਲ ਮੈਂ ਤੇ ਜੀਤਾ ਪ੍ਰਾਸ ਨੀਂ ਕਿਸ ਦੀ ਜ਼ਿੰਦਗੀ ਦੀ ਦੁਆ ਕਰ ਰਹੇ ਸਾਂ...?

ਮੁਸਕਰਾਟਾਂ ਨੇ, ਅਦਾਵਾਂ ਨੇ ਤੇ ਨਿੱਘੇ ਬੋਲ ਨੇ,
ਕੋਈ ਵੀ ਪਹਿਚਾਣ ਨਾ ਕਿਸ ਥਾਂ 'ਤੇ ਆ ਬੈਠਾ ਹਾਂ ਮੈਂ। -ਹਰਭਜਨ ਹਲਵਾਰਵੀ

ਕਹਾਣੀ

# ਜ਼ਖ਼ਮਾਂ ਦੇ ਦਾਗ਼

## ਸਤਵਿੰਦਰ ਸਿੰਘ ਮੜੌਲਵੀ



ਸਤਵਿੰਦਰ ਸਿੰਘ ਮੜੌਲਵੀ

ਗਰਮੀਆਂ ਦੀਆਂ ਛੁੱਟੀਆਂ ਲੰਘਦੀਆਂ ਜਾ ਰਹੀਆਂ ਸਨ ਤੇ ਬੀਬੀ ਵਾਰ ਵਾਰ ਕਹਿ ਰਹੀ ਸੀ ਕਿ ਮੈਂ ਉਸਨੂੰ ਉਸਦੀ ਬੁੱਢੀ ਭੂਆ ਗਿੰਦਰ ਨੂੰ ਮਿਲਾ ਕੇ ਲਿਆਵਾਂ, ਕਿਉਂਕਿ ਉਸਨੂੰ ਮਿਲਿਆਂ ਸਾਲ ਹੋ ਗਿਆ ਸੀ।

ਬੀਬੀ ਦੀ ਭੂਆ ਗਿੰਦਰ ਇੱਕ ਸਦੀ ਦੀ ਉਮਰ ਹੰਢਾਉਣ ਦੇ ਨੇੜੇ ਤੇੜੇ ਢੁਕੀ ਹੋਈ ਸੀ ਪਰ ਅਜੇ ਚਲਦੀ-ਫਿਰਦੀ ਤੰਦਰੁਸਤ ਸੀ ਬਿਨਾਂ ਐਨਕ ਤੋਂ ਵੇਖ ਲੈਂਦੀ ਅਤੇ ਸੁਣਦੀ ਵੀ ਐਨ ਠੀਕ ਸੀ।

ਸਭ ਤੋਂ ਵੱਡੀ ਗੱਲ ਇਹ ਕਿ ਉਸਦੀ ਯਾਦ ਸ਼ਕਤੀ ਕਮਾਲ ਦੀ ਸੀ। ਜਿਹੜੀ ਗੱਲ ਸਾਨੂੰ ਵੀ ਭੁਲੀ ਹੁੰਦੀ ਸੀ ਉਹ ਉਸਨੂੰ ਯਾਦ ਹੁੰਦੀ।

ਬਿਰਧ ਉਮਰ ਵਿੱਚ ਵੀ ਉਹ ਰਿਸ਼ਤੇਰੀਆਂ 'ਚ ਬੜੇ ਚਾਅ ਨਾਲ ਤੁਰੀ ਫਿਰਦੀ। ਫੁੱਲ ਵਰਗਾ ਹੌਲ਼ਾ ਸਰੀਰ ਤੇ ਛੋਟਾ ਜਿਹਾ ਕੱਦ ਜਿਵੇਂ ਥਕੇਵਾਂ ਮਹਿਸੂਸ ਹੀ ਨਹੀਂ ਸੀ ਕਰਦਾ। ਸਕੂਟਰ 'ਤੇ ਵੀ ਉਹ ਮੁਟਿਆਰਾਂ ਕੁੜੀਆਂ ਵਾਂਗ ਬੈਠ ਜਾਂਦੀ ਸੀ। ਉਹ ਸਭ ਦਾ ਮੋਹ ਕਰਦੀ ਤੇ ਸਾਰੇ ਉਸਦਾ।

ਮੂੰਹ 'ਚੋਂ ਕਿਸੇ ਨੂੰ ਕੌੜੀ ਗੱਲ ਕੱਢਣੀ, ਕਿਸੇ ਦੀ ਨਿੰਦਾ ਕਰਨੀ ਜਾਂ ਕਦੇ ਗੁੱਸੇ 'ਚ ਕਿਸੇ ਨੂੰ ਕੋਈ ਲਫਜ਼ ਮਾੜਾ ਕੱਢਣਾ ਤਾਂ ਜਿਵੇਂ ਉਸਦੇ ਸੁਭਾਅ ਦਾ ਹਿੱਸਾ ਹੀ ਨਹੀਂ ਸੀ । ਮੇਰੀ ਬੀਬੀ ਉਸਨੂੰ ਮਿਲਣ ਨੂੰ ਤਾਂਘਦੀ ਤੇ ਉਹ ਮੇਰੀ ਬੀਬੀ ਨੂੰ। ਪਿਆਰ ਨਾਲ ਅਸੀਂ ਵੀ ਸਾਰੇ ਉਸਨੂੰ ਭੂਆ ਹੀ ਕਹਿੰਦੇ ਸਾਂ।

...ਤੇ ਮੈਂ ਮਾਂ ਨੂੰ ਕਿਹਾ ਕਿ ਉਹ ਤਿਆਰ ਹੋ ਜਾਵੇ, ਆਪਾਂ ਭੂਆ ਕੋਲ ਚੱਲਣੈ। ਦੁਪਹਿਰ ਤੋਂ ਪਹਿਲਾਂ ਪਹਿਲਾਂ ਅਸੀਂ ਸਕੂਟਰ 'ਤੇ ਭੂਆ ਦੇ ਪਿੰਡ ਜਾ ਅੱਪੜੇ ।

ਭੂਆ ਛੋਟੇ ਜਿਹੇ ਵਿਹੜੇ ਦੇ ਇੱਕ ਖੂੰਜੇ 'ਚ ਬਣੀ ਫਰਸ਼ ਦੀ ਚੌਂਕੜੀ 'ਤੇ ਬੈਠੀ ਆਪਣਾ ਝੋਨਾ ਧੋ ਰਹੀ ਸੀ। ਲੋਹੇ ਦੇ ਨਿੱਕੇ ਦਰਵਾਜ਼ੇ ਦੇ ਖੜਾਕ ਨਾਲ ਉਹ ਚੁਕੰਨੀ ਹੋ ਗਈ ਤੇ ਸਾਨੂੰ ਅੰਦਰ ਵੜਦਿਆਂ ਵੇਖ ਕੇ ਥੋੜ੍ਹੀ ਝੁਕਦੀ-ਝੁਕਦੀ ਸਾਡੇ ਵੱਲ ਨੂੰ ਆ ਗਈ।

ਬੀਬੀ ਨੂੰ ਮਿਲਦਿਆਂ ਉਸ ਮੋਹ ਨਾਲ ਕਿਹਾ "ਲੈ ਧੀਏ, ਤਾਂਹੀ ਕਾਂਉ ਬੋਲਦਾ ਸੀ ਅੱਜ ਸਵੇਰ ਦਾ, ਮੈਂ ਸੋਚਿਆ, ਕੋਈ ਆਊਗਾ ਅੱਜ। ਲੈ ਤੁਸੀਂ ਆ ਗਏ ਪੁੱਤ। ਆਜੋ ਅੰਦਰ।" ਭੂਆ ਨੂੰ ਜਿਵੇਂ ਚਾਅ ਚੜ੍ਹ ਗਿਆ ਸੀ।

ਮੰਜੇ 'ਤੇ ਆਮੋ-ਸਾਹਮਣੇ ਬੈਠੀ ਉਹ ਪੂਰੀ ਰੀਝ ਨਾਲ ਗੱਲਬਾਤ ਕਰ ਰਹੀ ਸੀ।

ਆਪਣੀ ਨੂੰਹ ਤੋਂ ਉਸਨੇ ਕਹਿ ਕੇ ਸਾਡੇ ਲਈ ਸੂਜੀ ਦਾ ਕੜਾਹ ਬਣਾਇਆ। ਦੁਪਹਿਰ ਢਲਦੀ ਜਾ ਰਹੀ ਸੀ ਪਰ ਬਾਹਰ ਧੁੱਪ ਅਜੇ ਬਹੁਤ ਕੈੜੀ ਸੀ।

ਭੂਆ ਬੋਲੀ, "ਅਜੇ ਨਾ ਜਾਇਓ ਪੁੱਤ, ਰੁਕ ਕੇ ਜਾਇਓ, ਠੰਢੇ ਜਿਹੇ ਹੋਏ, ਧੁੱਪ ਬਹੁਤ ਹੈ ਅਜੇ। ਹੋਰ ਗੱਲਾਂ ਕਰਦੇ ਆਂ ਬਹਿ ਕੇ। ਜਦ ਨੂੰ ਤੀਏ ਪਹਿਰ ਦੀ ਚਾਹ ਵੀ ਬਣਜੂ।"

ਮੈਨੂੰ ਪਤਾ ਸੀ ਕਿ ਭੂਆ ਨੇ ਸੰਨ ਸੰਤਾਲੀ 'ਚ ਪਏ ਹੱਲਿਆਂ ਨੂੰ ਅੱਖੀਂ ਵੇਖਿਆ ਹੋਇਐ।

ਮੈਂ ਗੱਲ ਛੇੜੀ, "ਭੂਆ ਜੀ, ਜਦ ਹੱਲੇ ਪਏ ਸੀ, ਉਦੋਂ ਤਾਂ ਤੁਹਾਨੂੰ ਸੋਝੀ ਹੋਣੀ ਐ?"

"ਲੈ ਹੋਰ ਪੁੱਤ, ਮੁਟਿਆਰ ਜੁਆਨ ਸੀ ਮੈਂ ਉਦੋਂ। ਸਾਲ ਬਾਅਦ ਮੇਰਾ ਏਧਰ ਆ ਕੇ ਵਿਆਹ ਹੋ ਗਿਆ। ਪੂਰਾ ਪਤੈ ਮੈਨੂੰ ਹਰ ਗੱਲ ਦਾ।" ਭੂਆ ਕਹਿ ਰਹੀ ਸੀ।

"ਮੈਂ ਜਦ ਢਾਈ ਸਾਲ ਦੀ ਸੀ, ਜਦੋਂ ਹੱਲੇ ਪਏ, ਫੇਰ ਭੂਆ ਤਾਂ ਮੈਥੋਂ ਕਿੰਨੀ ਬੜੀ ਐ।" ਬੀਬੀ ਵੀ ਸੰਨ-ਸੰਤਾਲੀ ਦੇ ਸੰਤਾਪ ਨੂੰ ਯਾਦ ਕਰ ਰਹੀ ਸੀ।

ਭੂਆ ਬੋਲ ਰਹੀ ਸੀ, "ਹਾਂ ਪੁੱਤ, ਅਸੀਂ ਵੀ ਬਾਰ ਤੋਂ ਆਏ ਸੀ ਏਧਰ। ਬਹੁਤ ਬੁਰਾ ਵਕਤ ਸੀ। ਰੱਬ ਨਾ ਕਰੇ ਅਜਿਹੀ ਕਦੇ, ਜਿਹੜੀ ਉਸ ਵਕਤ ਸਾਡੇ ਨਾਲ ਹੋਈ।" ਗੱਲਾਂ ਕਰਦੀ ਕਰਦੀ ਭੂਆ ਦਾ ਜਿਵੇਂ ਗਲ਼ ਜਿਹਾ ਭਰ ਗਿਆ। ਮੈਨੂੰ ਇੰਝ ਲੱਗੇ ਜਿਵੇਂ ਮੈਂ ਉਸਦੀ ਦੁਖਦੀ ਰਗ 'ਤੇ ਹੱਥ ਧਰ ਬੈਠਾਂ ਹੋਵਾਂ.. ਭੂਆ ਬੋਲ ਰਹੀ ਸੀ।

"ਬਸ ਪੁੱਤ, ਪਤਾ ਹੀ ਨਹੀਂ ਲੱਗਿਆ ਕਿ ਲੋਕਾਂ ਨੂੰ ਇਕੋਲਖ਼ਤ ਕੀ ਹੋ ਗਿਆ। ਸਾਰੇ ਜਣੇ ਬੜੇ ਸੋਹਣੇ ਤੇ ਪਿਆਰ ਨਾਲ ਰਹਿੰਦੇ ਸੀ। ਬਸ ਐਸੀ ਨਫ਼ਰਤ ਵਧੀ ਆਪਸ ਵਿੱਚ ਕਿ ਹਿੰਦੂ, ਮੁਸਲਿਮ ਧਰਮ ਦੇ ਨਾਂ 'ਤੇ ਭੜਕ ਗਏ।

ਜਿਹੜੇ ਕਦੇ ਆਪਸ 'ਚ ਭਾਈਆਂ ਵਾਂਗ ਰਹਿੰਦੇ ਸੀ ਉਹ ਇੱਕ ਦੂਜੇ ਦੇ ਵੈਰੀ ਬਣ ਗਏ। ਫੈਲਦੀ ਫੈਲਦੀ ਕੁੜੱਤਣ ਵੱਢ-ਟੁੱਕ ਤੱਕ ਆ ਗਈ। ਬਸ ਦੋਸ਼ੀ-ਨਿਰਦੋਸ਼ੀ ਸਭ ਮਾਰ-ਧਾੜ ਦਾ ਸ਼ਿਕਾਰ ਹੋ ਗਏ। ਫ਼ਸਾਦੀਆਂ ਦੀਆਂ ਟੋਲੀਆਂ ਕ੍ਰੋਧ ਦੀ ਅੱਗ 'ਚ ਬਲ਼ ਰਹੀਆਂ ਸਨ।

ਬੱਚਾ, ਬੁੱਢਾ ਜੋ ਵੀ ਆਪਣੇ ਧਰਮ ਤੋਂ ਉਲਟ ਦਿਸਦਾ ਉਸਨੂੰ ਮਾਰ ਮੁਕਾਉਂਦੇ। ਲੋਕਾਂ 'ਚ ਡਰ ਵਧ ਗਏ। ਉਨ੍ਹਾਂ ਨੇ ਆਪਣੇ ਟਿਕਾਣੇ ਛੱਡਣ ਦਾ ਫੈਸਲਾ ਕਰ ਲਿਆ। ਮਰਨ ਨਾਲੋਂ ਤਾਂ ਚੰਗਾ ਸੀ ਪੁੱਤ ਕਿ ਹੋਰ ਥਾਂ ਚਲੇ ਜਾਵੋ।" ਭੂਆ ਇੱਕ ਸਾਹੇ ਬੋਲੀ ਜਾ ਰਹੀ ਸੀ।

"ਤਾਂ ਫਿਰ ਤੁਸੀਂ ਵੀ ਤਾਂਹੀ ਇੱਧਰ ਆ ਗਏ ਸਭ ਕੁੱਝ ਛੱਡ ਕੇ।" ਮੈਂ ਜਿਵੇਂ ਗੱਲ ਨੂੰ ਹੰਗਾਰੇ ਵਾਂਗ ਤੋਰਿਆ।

"ਆਹੋ ਪੁੱਤ, ਹੋਰ ਕੋਈ ਹੀਲਾ ਹੀ ਨਹੀਂ ਸੀ, ਬਸ ਜਾਨ ਬਚਾਉਣ ਦਾ ਫਿਕਰ ਸੀ। ਕੀ ਕਰਦੇ ਅਸੀਂ। ਉਜੜਨ ਨੂੰ ਤਾਂ ਕੀਹਦਾ ਜੀਅ ਕਰਦਾ ਸੀ, ਆਪਣੇ ਚੰਗੇ ਭਲੇ ਘਰਾਂ ਤੋਂ, ਪਰ ਬੇਵੱਸੀ ਹੋ ਗਈ। ਅਸੀਂ ਵੀ ਆਪਣਾ ਰੋਂਦਿਆ-ਕੁਰਲਾਉਂਦਿਆਂ ਸਮਾਨ ਬੰਨ੍ਹਿਆਂ ਤੇ ਤੁਰ ਪਏ ਉੱਥੋਂ...।" ਭੂਆ ਜਿਵੇਂ ਹੌਕਾ ਜਿਹਾ ਲੈ ਕੇ ਬੋਲ ਰਹੀ ਸੀ।

"ਪਰ ਭੂਆ ਸਾਰੇ ਬੰਦੇ ਹੀ ਇੱਕ ਦੂਜੇ ਨੂੰ ਮਾਰੀ ਜਾ ਰਹੇ ਸੀ ਕਿ ਕੋਈ ਇੱਕ ਦੂਜੇ ਦਾ ਹਮਦਰਦੀ ਵੀ ਸੀ?" ਮੈਂ ਜਿਵੇਂ

ਪਾਰ-ਬ੍ਰਹਮ ਪ੍ਰਮੇਸ਼ਵਰ ਕੋਲੋਂ, ਮੈਂ ਫਿਰ ਸ਼ਕਤੀ ਮੰਗੀ।
ਸੀਗੇ ਕਲਮ ਪ੍ਰੋਣੇ ਔਖੇ, ਦਰਦ ਭਿਆਨਕ ਜੰਗੀ। -(ਅਗਲੇ ਸਫ਼ੇ 'ਤੇ)

ਅਗਲਾ ਸਵਾਲ ਕੀਤਾ।

"ਨਹੀਂ ਪੁੱਤ, ਐਂ ਤਾਂ ਇਸ ਮੱਚਦੀ ਅੱਗ ਵਿੱਚ ਵੀ ਕਈ ਆਪਣਾ ਇਨਸਾਨੀ ਫਰਜ਼ ਨਿਭਾਉਂਦੇ ਸੀ।... ਲੈ ਜਦੋਂ ਅਸੀਂ ਉਜੜੇ ਤਾਂ ਸਾਡੇ ਘਰ ਦੇ ਖੱਬੇ-ਸੱਜੇ ਦੋਵੇਂ ਮੁਸਲਮਾਨਾਂ ਦੇ ਹੀ ਘਰ ਸਨ। ਬਥੇਰਾ ਅਸੀਂ ਆਪਸ 'ਚ ਪਿਆਰ ਨਾਲ ਰਹਿੰਦੇ ਸੀ। ਚਾਚਾ ਨੂਰ ਤਾਂ ਬਾਪੂ ਦੇ ਗਲ਼ ਲੱਗ ਕੇ ਧਾਹਾਂ ਮਾਰ ਕੇ ਰੋਇਆ। ਪਰ ਉਹ ਵਿਚਾਰਾ ਮਜ਼ਬੂਰ ਸੀ, ਕਰ ਕੁੱਝ ਨਹੀਂ ਸੀ ਸਕਦਾ। ਚਾਚੀ ਸਾਨੂੰ ਘੁੱਟ ਘੁੱਟ ਆਪਣੇ ਗਲ਼ ਨਾਲ ਲਾ ਰਹੀ ਸੀ। ਸਾਡੇ ਹਾਣ ਦੇ ਨਿਆਣੇ, ਜਿਨ੍ਹਾਂ ਨਾਲ ਅਸੀਂ ਸਾਰਾ-ਸਾਰਾ ਦਿਨ ਖੇਡਦੇ ਰਹਿੰਦੇ ਸੀ, ਸਾਨੂੰ ਬਾਹਾਂ ਤੋਂ ਫੜ-ਫੜ ਕੇ ਆਪਣੇ ਵੱਲ ਖਿੱਚ ਰਹੇ ਸਨ...।" ਗੱਲਾਂ ਕਰਦੀ ਕਰਦੀ ਭੂਆ ਦੀਆਂ ਛੋਟੀਆਂ ਛੋਟੀਆਂ ਅੱਖਾਂ 'ਚ ਪਾਣੀ ਭਰ ਆਇਆ ਤੇ ਉਸ ਫਿੱਕੇ ਜਿਹੇ ਕਾਸ਼ਣੀ ਪਰਨੇ ਨਾਲ ਆਪਣੀਆਂ ਅੱਖਾਂ ਦੇ ਨੀਰ ਨੂੰ ਪੂੰਝ ਲਿਆ।

"ਪਰ ਭੂਆ ਬਾਬਾ ਤਾਂ ਉੱਥੇ ਹੀ ਰਹਿ ਗਿਆ ਸੀ ਨਾ?" ਬੀਬੀ ਨੇ ਵੀ ਇਸ ਦਰਦ ਕਹਾਣੀ ਨੂੰ ਕੁੱਝ ਅਗਾਂਹ ਤੋਰਿਆ।

"ਹਾਂ ਧੀਏ, ਉਹ ਵਿਚਾਰਾ ਤਾਂ ਅੰਨ੍ਹਾ ਸੀ ਤੇ ਬਿਰਧ ਵੀ ਬਹੁਤ।" ਕਹਿੰਦਾ,"ਤੁਸੀਂ ਜਾਓ, ਮੈਂ ਤਾਂ ਮਰਨ ਕੰਢੇ ਪਿਐਂ... ਊਂ ਵੀ, ਮੈਨੂੰ ਕਿੱਥੇ ਤੁਸੀਂ ਸਾਂਭਦੇ ਫਿਰੂੰਗੇ।... ਰਸਤੇ 'ਚ ਮੈਨੂੰ ਕੁਝ ਹੋ ਗਿਆ ਤਾਂ ਹੋਰ ਵੀ ਵਕਤ ਛਿੜਜੂ ਤੁਹਾਨੂੰ। ਛੱਡ ਦਿਓ ਮੈਨੂੰ ਐਥੇ ਹੀ।"

ਦੂਜੇ ਪਾਸੇ ਵਾਲਾ ਤਾਇਆ ਅਹਿਮਦ ਵੀ ਇਸ ਮੌਕੇ ਹਾਮੀ ਭਰ ਗਿਆ, ਕਹਿੰਦਾ, "ਤੁਸੀਂ ਘਬਰਾਓ ਨਾ, ਬਾਈ ਜੀ ਨੂੰ ਛੱਡ ਦਿਓ ਏਥੇ ਹੀ, ਅਸੀਂ ਸਾਂਭ ਲਵਾਂਗੇ ਆਪੇ, ਕਾਹਨੂੰ ਸਿਆਣੇ-ਬਿਆਣੇ ਨੂੰ ਤੰਗ ਕਰਨੈ... ਖ਼ਬਰੇ ਤੁਸੀਂ ਕਦੋਂ ਤੇ ਕਿੱਧਰ ਪੱਜਣੈ। ਸਾਡੇ ਤਾਂ ਵਿਚਾਰਾ ਬਾਪ ਵਰਗੈ... ਰਹਿਣ ਦਿਓ। ਅਸੀਂ ਕਰਾਂਗੇ ਸੇਵਾ, ਜਿੰਨੇ ਜੋਗੇ ਹੈਗੇ ਆਂ...।" ਪਰਨੇ ਨਾਲ ਅੱਖਾਂ ਪੂੰਝਦਾ ਉਹ ਸਾਨੂੰ ਐਂ ਲਗਦਾ ਸੀ ਜਿਵੇਂ ਕੋਈ ਸਾਡਾ ਆਪਣਾ ਹੀ ਸਾਡੇ ਦਰਦ ਦੀ ਪੈੜ 'ਚ ਪੈੜ ਧਰ ਰਿਹਾ ਹੋਵੇ। ਲੱਗ ਰਿਹਾ ਸੀ ਜਿਵੇਂ ਇਸ ਉਜਾੜੇ ਦਾ ਦਰਦ ਸਾਡੇ ਸਾਰਿਆਂ 'ਚ ਬਰਾਬਰ ਫੈਲਿਆ ਹੋਇਆ ਸੀ।"

"ਫੇਰ ਭੂਆ ਜੀ, ਤੁਸੀਂ ਐਥੇ ਕਿਵੇਂ ਪਹੁੰਚੇ?" ਮੇਰੀ ਇਸ ਦਰਦ ਭਰੀ ਦਾਸਤਾਨ ਨੂੰ ਸੁਣਨ ਦੀ ਇੱਛਾ ਉਤਾਂਹ ਉੱਠ ਰਹੀ ਸੀ। ਭੂਆ ਅੱਗੇ ਦੱਸ ਰਹੀ ਸੀ...

"ਬਸ ਪੁੱਤ। ਰੋਂਦਿਆਂ-ਡੁਸਕਦਿਆਂ ਅਸੀਂ ਸਮਾਨ ਗੱਡੇ 'ਤੇ ਲੱਦ ਲਿਆ, ਡੰਗਰ ਵੀ ਨਾਲੇ ਹੱਕ ਲਏ। ਬਸ ਤੁਰ ਪਏ ਅਣਕਿਆਸੇ ਕੱਚੇ ਰਸਤਿਆਂ 'ਤੇ... ਮੁੜ ਮੁੜ ਕੇ ਆਪਣੇ ਪਿੰਡ ਨੂੰ ਵੇਖ ਰਹੇ ਸੀ। ਹੋਰ ਵੀ ਬਹੁਤ ਸਨ ਸਾਡੇ ਵਰਗੇ। ਸਾਡੇ ਨਾਲ ਜੋ ਅੱਜ ਉਜੜ ਕੇ ਆ ਰਹੇ ਸਨ।"

"ਗਊ ਦੇ ਜਾਏ ਬੋਲਦ ਵਿਚਾਰੇ ਆਪਣੀਆਂ ਧੌਣਾਂ ਲਿਫ਼ਾਈ ਤੁਰੇ ਜਾ ਰਹੇ ਸਨ। ਕਦੇ ਅਸੀਂ ਗੱਡੇ ਰੋਕ ਲੈਂਦੇ ਫੇਰ ਚੱਲ ਪੈਂਦੇ। ਮਨ 'ਚ ਡਰ... ਕਿਤੇ ਕੋਈ ਹੁਣ ਨਾ ਹਮਲਾ ਕਰ ਦੇਵੇ, ਹੁਣ ਨਾ ਹਮਲਾ ਕਰ ਦੇਵੇ। ਹੌਲ਼ੀ ਹੌਲ਼ੀ ਚਲਦੇ ਰਹੇ ਕਈ ਦਿਨ। ਆਹ, ਤੇਰੀ ਬੀਬੀ ਵੀ ਛੋਟੀ ਜਿਹੀ ਨਾਲ ਹੀ ਸੀ। ਇਹਨੂੰ ਤਾਂ ਸੋਝੀ ਨਹੀਂ, ਕਦੇ ਮੈਂ ਇਹਨੂੰ ਗੋਦੀ ਚੁੱਕ ਲੈਂਦੀ, ਕਦੇ ਭਾਬੀ। ਬਸ ਐਂ ਕਰਕੇ ਆਈ ਗਏ।"

"ਬਹੁਤ ਦੁੱਖ ਝੱਲਣੇ ਪਏ" ਭੂਆ ਜੀ ਫੇਰ ਤਾਂ ਤੁਹਾਨੂੰ, ਸੁਣਕੇ ਹੀ ਮਨ ਭਰਦੈ... ਫੇਰ ਤੁਸੀਂ ਤਾਂ ਉਹ ਵਕਤ ਅੱਖੀਂ ਵੇਖਿਐ...।" ਮੈਂ ਜਿਵੇਂ ਆਪਣੇ ਮਨ ਦੀ ਗੱਲ ਕਰ ਰਿਹਾ ਸੀ।

"ਹਾਂ ਪੁੱਤ, ਬਸ ਸਮਾਂ ਹੀ ਅਜਿਹਾ ਸੀ। ਮਾਰ-ਧਾੜ ਤਾਂ ਜੋ ਹੋਈ ਉਸਦਾ ਤਾਂ ਕਹਿਣਾ ਹੀ ਕੀ ਹੈ। ਜੋ ਸੰਤਾਪ ਅਸੀਂ ਉਜਾੜੇ ਦਾ ਭੋਗਿਆ, ਉਹ ਤਾਂ ਕਹਿਣ ਤੋਂ ਹੀ ਬਾਹਰ ਹੈ। ਐਨੇ ਦੁੱਖਾਂ 'ਚ ਆਪਣਾ ਘਰ ਬਾਰ, ਇਲਾਕਾ ਛੱਡਣਾ ਕਿਹੜੇ ਸੌਖਾ ਸੀ? ਬੱਸ ਦੁੱਖਾਂ ਦਾ ਪਹਾੜ ਸੀ, ਜੋ ਸਾਡੇ ਸਭ ਦੇ ਸਿਰ 'ਤੇ ਆ ਡਿੱਗਿਆ ਸੀ... ਲੈ ਹੋਰ ਸੁਣ... ਇੱਕ ਥਾਂ ਮੈਨੂੰ ਬਹੁਤ ਥਿਆ ਲੱਗੀ। ਸਾਡਾ ਕਾਫ਼ਲਾ ਰੁਕਿਆ ਹੋਇਆ ਸੀ ਪਰੇ ਥੋੜ੍ਹੀਆਂ ਜਿਹੀਆਂ ਕਿੱਕਰਾਂ ਖੜ੍ਹੀਆਂ ਸਨ, ਮੈਂ ਪਾਣੀ ਪੀਣ ਏਥੇ ਇੱਕ ਟੋਭੇ 'ਤੇ ਚਲੇ ਗਈ। ਅਜੇ ਪਾਣੀ ਪੀਣ ਹੀ ਲੱਗੀ ਸੀ ਕਿ ਵੇਖਿਆ ਕਿ ਟੋਭੇ ਵਿੱਚ ਤਾਂ ਇੱਕ ਲਾਸ਼ ਤੈਰ ਰਹੀ ਸੀ। ਮੈਂ ਡਰ ਗਈ ਤੇ ਐਵੇਂ ਹੀ ਪਿੱਛੇ ਮੁੜ ਆਈ।" ਭੂਆ ਜਿਵੇਂ ਉਜਾੜੇ ਤੇ ਵੰਡ ਦੀ ਇਸ ਦਾਸਤਾਨ ਦਾ ਬਹੁਤ ਗਹਿਰਾ ਦੁੱਖ ਆਪਣੇ ਮਨ 'ਚ ਅਜੇ ਵੀ ਸੰਭਾਲੀ ਬੈਠੀ ਸੀ।

"ਫੇਰ ਭੂਆ ਇੱਥੇ ਤਾਂ ਸੁਖ-ਸਾਂਦੀ ਪਹੁੰਚ ਗਏ ਸੀ ਤੁਸੀਂ... ਕੋਈ ਰਸਤੇ ਵਿੱਚ ਤਾਂ ਨੁਕਸਾਨ ਨਹੀਂ ਹੋਇਆ?" ਮੈਂ ਗੱਲ ਨੂੰ ਅਗਲਾ ਮੋੜ ਦੇ ਰਿਹਾ ਸੀ।

"ਹਾਂ ਪੁੱਤ, ਐਥੇ ਤਾਂ ਫੇਰ ਸਾਨੂੰ ਸੰਭਾਲ਼ ਲਿਆ ਸਰਕਾਰ ਨੇ। ਕੋਈ ਕਿਸੇ ਪਿੰਡ ਵਸ ਗਿਆ, ਕੋਈ ਕਿਸੇ ਪਿੰਡ। ਬਸ ਆਹ ਦਿਨ ਆ ਗਏ ਹੁਣ ਤਾਂ ਏਥੇ ਹੀ। ਭਾਵੇਂ ਹੁਣ ਤਾਂ ਸਾਰੀ ਜ਼ਿੰਦਗੀ ਏਥੇ ਹੀ ਗੁਜ਼ਰ ਚਲੀ ਐ, ਪਰ ਉਹ ਵਕਤ ਕਾਹਨੂੰ ਭੁਲਦੈ। ਕੋਈ ਗੱਲ ਛੇੜੇ ਤਾਂ ਸਭ ਕੁਝ ਅੱਖਾਂ ਮੂਹਰੇ, ਕਿਸੇ ਫ਼ਿਲਮ ਵਾਂਗ ਘੁੰਮ ਜਾਂਦੈ।"

"ਲੈ ਆਹ ਵੇਖ, ਜਦ ਅਸੀਂ ਏਥੇ ਆ ਕੇ ਉੱਤਰੇ ਸੀ ਨਾ... ਜਾਣੀ ਪਿੰਡ 'ਚ ਵਸੇ ਸੀ, ਜਦੋਂ ਮੈਂ ਗੱਡੇ ਤੋਂ ਥੱਲੇ, ਆਪਣੇ ਬੇਬੇ ਬਾਪੂ ਨਾਲ ਸਮਾਨ ਲੁਹਾ ਰਹੀ ਸੀ ਤਾਂ ਲੋਹੇ ਦਾ ਇੱਕ ਛੋਟਾ ਜਿਹਾ ਟਰੰਕ ਮੇਰੇ ਹੱਥੋਂ ਛੁੱਟ ਕੇ ਮੇਰੀ ਲੱਤ 'ਤੇ ਵੱਜਾ।... ਖ਼ਾਸਾ ਜ਼ਖਮ ਹੋ ਗਿਆ ਸੀ ਉਦੋਂ, ਚਲੋ ਫੇਰ ਹੌਲ਼ੀ ਹੌਲ਼ੀ ਭਰ ਗਿਆ ਪਰ ਦਾਗ਼ ਦੇਖ ਹੁਣ ਵੀ ਹੈਗਾ ਏ।"... ਭੂਆ ਆਪਣੀ ਸੱਜੀ ਲੱਤ ਦੇ ਗਿੱਟੇ ਤੋਂ ਪੰਜ ਕੁ ਇੰਚ ਉਚੇ ਨਿਸ਼ਾਨ ਨੂੰ ਵਿਖਾ ਰਹੀ ਸੀ ਜਿਵੇਂ ਹੱਲਿਆਂ ਦੀ ਕੋਈ ਦਰਦਨਾਕ ਨਿਸ਼ਾਨੀ ਵਿਖਾ ਰਹੀ ਹੋਵੇ।


ਮੈਂ ਸੋਚ ਰਿਹਾ ਸੀ 'ਇਨ੍ਹਾਂ ਦੇਸ਼ ਦੀ ਵੰਡ ਦੇ ਉਜਾੜੇ ਦੇ ਝੰਬੇ ਲੋਕਾਂ ਦੇ ਮਨਾਂ 'ਤੇ ਪਏ ਜ਼ਖਮ ਵੀ ਕੁਝ ਇਸੇ ਪ੍ਰਕਾਰ ਦੇ ਹਨ ਜੋ ਸਮੇਂ ਨਾਲ ਭਰ ਤਾਂ ਗਏ ਪਰ ਉਨ੍ਹਾਂ ਦੇ ਦਾਗ਼ ਅਜੇ ਵੀ ਕਿਤੇ ਨਾ ਕਿਤੇ ਦਿਸਦੇ ਰਹਿੰਦੇ ਨੇ...।

ਇਹ ਦੋਪਾਸੀ ਕਾਟ ਹੈ ਕਰਦੀ, ਜਗਤ ਛੁਰੀ ਬਹੁਰੰਗੀ।
ਫਿਰ ਵੀ 'ਫੱਕਰ' ਕਰਨ ਤੁਰ ਪਿਆ, ਅਸਲ ਸਚਾਈ ਨੰਗੀ। -ਫ਼ਰਤੂਲ ਚੰਦ ਫੱਕਰ

ਕਹਾਣੀ

# ਕੀ ਰੱਖਾਂ ਇਸ ਰਿਸ਼ਤੇ ਦਾ ਨਾਂ?

## ਹਰਪਾਲ ਸਿੰਘ ਲੱਖੀਆਂ


ਹਰਪਾਲ ਸਿੰਘ ਲੱਖੀਆਂ

ਅੰਮ੍ਰਿਤਸਰ, 3 ਸਤੰਬਰ, 1957:

ਤੋਸ਼ੀ ਮੇਰੀ ਭੈਣ ਦੀ ਸਹੇਲੀ ਹੈ।

ਤੋਸ਼ੀ ਦੀਆਂ ਗੱਲਾਂ ਤਾਂ ਭੈਣ ਅਗੇ ਵੀ ਕਰਦੀ ਹੁੰਦੀ ਸੀ ਪਰ ਉਹਨੂੰ ਅੱਜ ਮੈਂ ਪਹਿਲੀ ਵਾਰ ਹੀ ਮਿਲਿਆ ਹਾਂ।

ਉਹ ਆਪਣੇ ਆਪ ਨੂੰ ਸੰਤੋਸ਼ ਵਰਮਾ ਲਿਖਦੀ ਹੈ, ਪਰ ਭੈਣ ਉਸਨੂੰ 'ਤੋਸ਼ੀ' ਆਖ ਕੇ ਹੀ ਬੁਲਾਉਂਦੀ ਹੈ।

ਭੈਣ ਏਥੇ (ਅੰਮ੍ਰਿਤਸਰ) ਪਹਿਲੇ ਸਾਲ ਹੀ ਪੜ੍ਹਨ ਲੱਗੀ ਹੈ। ਮੈਂ ਅੱਜ ਉਸਨੂੰ ਮਿਲਨ ਆਇਆ ਹਾਂ ਤਾਂ ਸਬੱਬ ਨਾਲ ਤੋਸ਼ੀ ਵੀ ਏਥੇ ਆਈ ਹੋਈ ਹੈ।

ਮੇਰਾ ਤਾਂ ਅੱਜ ਹੀ ਮੁੜਨ ਦਾ ਇਰਾਦਾ ਸੀ, ਪਰ ਭੈਣ ਨੇ ਮੈਨੂੰ ਦੋ-ਦਿਨਾਂ ਲਈ ਰੋਕ ਲਿਆ ਹੈ, "ਤੋਸ਼ੀ ਵੀ ਆਈ ਹੈ ਤੂੰ ਵੀ ਰਹਿ ਪੈ, ਦੋ-ਦਿਨ ਘੁੰਮ ਫਿਰ ਲਵਾਂਗੇ।" ਭੈਣ ਨੇ ਆਖਿਆ ਸੀ।

ਤੋਸ਼ੀ ਮੇਰੀ ਭੈਣ ਦੀ ਸਹੇਲੀ ਹੈ।

ਅੰਮ੍ਰਿਤਸਰ, 4 ਸਤੰਬਰ, 1957:

ਮੈਂ ਪਹਿਲਾਂ ਤੋਂ ਹੀ ਸੰਗਾਲੂ ਜਿਹਾ ਹਾਂ।

ਤੋਸ਼ੀ ਸਤਾਰਾਂ-ਅਠਾਰਾਂ ਸਾਲਾਂ ਦੀ ਹੋਵੇਗੀ।

ਮੈਂ ਉਹਨਾਂ ਕੋਲ ਹੋਸਟਲ 'ਚ ਤਾਂ ਰਹਿ ਨਹੀਂ ਸਾਂ ਸਕਦਾ। ਮੈਂ ਬਾਹਰ ਰਹਿ ਪਿਆ ਸਾਂ। ਅਸੀਂ ਸੁਵੱਖਤੇ ਹੀ ਮਿਲ ਪਏ, ਸਾਰਾ ਦਿਨ ਘੁੰਮਦੇ ਰਹੇ ਸਾਂ। ਅੰਮ੍ਰਿਤਸਰ ਵਿਚ ਕਿੰਨੀਆਂ ਹੀ ਥਾਂਵਾਂ ਵੇਖਣਯੋਗ ਹਨ।

ਅੱਜ ਮੈਂ ਤੇ ਭੈਣ ਜਦੋਂ ਤੋਸ਼ੀ ਤੋਂ ਕੁਝ ਅਗੇ ਪਿਛੇ ਹੋਏ ਸਾਂ ਤਾਂ ਮੈਂ ਭੈਣ ਨੂੰ ਪੁੱਛਿਆ ਸੀ ਕਿ ਮੈਂ ਤੋਸ਼ੀ ਨੂੰ ਕੀ ਆਖ ਕੇ ਬੁਲਾਵਾਂ?

"ਭੈਣ ਹੀ ਆਖ ਦਿਆ ਕਰ।" ਭੈਣ ਨੇ ਆਖਿਆ ਸੀ।

ਪਰ ਤੋਸ਼ੀ ਨੇ ਸੁਣ ਲਿਆ ਸੀ ਤੇ ਉਸਨੇ ਆਖਿਆ ਸੀ, "ਨਹੀਂ, ਮੈਨੂੰ ਨਹੀਂ ਇਹ ਚੰਗਾ ਲਗਦਾ। ਮੈਨੂੰ ਤਾਂ ਮੇਰਾ ਨਾਂ ਲੈ ਕੇ ਹੀ ਬੁਲਾ ਲਿਆ ਕਰੇ। ਭਰਾ ਤੇਰਾ ਹੈ ਮੇਰਾ ਨਹੀਂ।" ਉਹ ਖੁਲ੍ਹ ਕੇ ਹੱਸੀ ਸੀ।

ਮੈਂ ਸ਼ਰਮਾ ਜਿਹਾ ਗਿਆ ਸਾਂ, ਪਰ ਪਤਾ ਨਹੀਂ ਕਿਉਂ ਮੈਨੂੰ ਉਹਦੀ ਇਹ ਗੱਲ ਬੜੀ ਚੰਗੀ-ਚੰਗੀ ਲੱਗੀ ਸੀ।

ਉਸਤੋਂ ਪਿਛੋਂ ਸਗੋਂ ਉਹ ਹੋਰ ਖੁਲ੍ਹ ਗਈ ਸੀ। ਗੱਲ ਗੱਲ ਤੇ ਖੁਲ੍ਹ ਕੇ ਹੱਸਦੀ ਸੀ। ਕਈ ਵਾਰ ਮੈਨੂੰ ਮਖੌਲ ਕਰਦੀ। ਮੈਂ ਚੁੱਪ ਜਿਹੇ ਕਰ ਜਾਂਦਾ।

ਉਹ ਮੇਰੀ ਉਮੀਦ ਤੋਂ ਕਿਤੇ ਜਿਆਦਾ ਖੁਲ੍ਹੀਆਂ ਗੱਲਾਂ ਕਰਦੀ।

ਕਈ ਵਾਰ ਮੇਰੇ ਮੋਢੇ ਤੇ ਹੱਥ ਮਾਰਦੀ। ਕਈ ਵਾਰ ਮੇਰਾ ਹੱਥ ਫੜ ਲੈਂਦੀ। ਇੰਜ ਮੇਰੀ ਸੰਗ ਕੁਝ ਘਟ ਗਈ ਸੀ ਪਰ ਮੈਂ ਖੁਲ੍ਹ ਕੇ, ਉਸ ਵੱਲ, ਇਕ ਵਾਰ ਵੀ ਵੇਖ ਨਹੀਂ ਸਾਂ ਸਕਿਆ।

ਮੈਂ ਪਹਿਲਾਂ ਤੋਂ ਹੀ ਸੰਗਾਲੂ ਜਿਹਾ ਹਾਂ।

ਅੰਮ੍ਰਿਤਸਰ, 5 ਸਤੰਬਰ, 1957:

ਇਹ ਦੋ ਦਿਨ ਬੜੇ ਵਧੀਆ ਲੰਘੇ ਹਨ।

ਕਲ੍ਹ ਮੈਂ ਵਾਪਸ ਚਲੇ ਜਾਣਾ ਹੈ। ਭਾਵੇਂ ਸੰਗਦਾ ਰਿਹਾ ਹਾਂ ਪਰ ਮੇਰਾ ਦਿਲ ਚਾਹੁੰਦਾ ਹੈ ਕਿ ਮੈਂ ਇਕ-ਦੋ ਦਿਨ ਹੋਰ ਉਹਨਾਂ ਨਾਲ ਰਹਿੰਦਾ ਅਤੇ ਅਸੀਂ ਇਕੱਠੇ ਹੋਰ ਘੁੰਮਦੇ ਫਿਰਦੇ।

ਅੱਜ ਸ਼ਾਮ ਵੇਲੇ ਜਦੋਂ ਅਸੀਂ ਚਾਹ ਪੀ ਰਹੇ ਸਾਂ ਤਾਂ ਤੋਸ਼ੀ ਨੇ ਭੈਣ ਨੂੰ ਆਖਿਆ ਸੀ, "ਮੇਰਾ ਇਹ ਚੱਕਰ ਤਾਂ ਬੜਾ ਸਫ਼ਲ ਰਿਹਾ ਹੈ।"

"ਕਿਵੇਂ?"

"ਮੈਨੂੰ ਇਹ ਮਿਲ ਪਿਆ।" ਉਹਦਾ ਇਸ਼ਾਰਾ ਮੇਰੇ ਵੱਲ ਸੀ। ਪਰ ਏਸ ਵਾਰ ਉਹ ਹੱਸੀ ਨਹੀਂ ਸੀ। "ਜ਼ਿੰਦਗੀ 'ਚ ਸਬੱਬ ਨਾਲ ਹੀ ਇਹੋ ਜਿਹਾ ਮੇਲ ਹੁੰਦਾ ਹੈ।"

ਮੈਂ ਹੈਰਾਨ ਹੋਇਆ ਸਾਂ, ਬੜਾ ਹੈਰਾਨ।

"ਬੜੀ ਖੁਸ਼ੀ ਦੀ ਗੱਲ ਹੈ।" ਭੈਣ ਨੇ ਮੇਰੇ ਵੱਲ ਵੇਖਿਆ ਸੀ ਤੇ ਹੱਸ ਪਈ ਸੀ।

ਇਹ ਦੋ-ਦਿਨ ਬੜੇ ਵਧੀਆ ਲੰਘੇ ਹਨ।

ਲੱਖੀਆਂ, 12 ਜੂਨ, 1958:

ਉਸਤੋਂ ਪਿਛੋਂ ਮੇਰਾ ਤੋਸ਼ੀ ਨਾਲ ਕੋਈ ਮਿਲ ਸੰਪਰਕ ਨਹੀਂ ਬਣਿਆ।

ਭੈਣ ਕਲ੍ਹ ਦੀ ਛੁਟੀਆਂ ਹੋਣ ਕਾਰਨ, ਪਿੰਡ ਆਈ ਹੋਈ ਹੈ। ਅੱਜ ਭੈਣ ਨੇ ਮੈਨੂੰ ਮਖੌਲ ਕੀਤਾ ਸੀ ਕਿ ਮੈਂ ਤੋਸ਼ੀ ਨੂੰ ਕੀ ਕਰ ਦਿੱਤਾ ਹੈ?

ਭੈਣ ਨੇ ਦੱਸਿਆ ਸੀ ਕਿ ਉਹ ਜਦੋਂ ਵੀ ਭੈਣ ਨੂੰ ਚਿੱਠੀ ਲਿਖਦੀ ਹੈ ਮੇਰਾ ਜਿਕਰ ਜ਼ਰੂਰ ਕਰਦੀ ਹੈ। ਉਹ ਮੇਰੀ ਬਾਬਤ ਪੁਛਦੀ ਹੀ ਰਹਿੰਦੀ ਹੈ।

ਪਿਛਲੇ ਸਮੇਂ 'ਚ ਮੇਰਾ ਵੀ ਦਿਲ ਕਰਦਾ ਰਿਹਾ ਹੈ ਕਿ ਮੈਂ ਤੋਸ਼ੀ ਨੂੰ ਚਿੱਠੀ ਲਿਖਾਂ ਪਰ ਕਦੀ ਲਿਖ ਨਹੀਂ ਸਕਿਆ। ਇਕ ਝਿਜਕ ਜਿਹੀ ਹੈ ਜਿਹੜੀ ਕਦੇ ਟੁੱਟੀ ਨਹੀਂ।

ਸੋ ਉਸਤੋਂ ਪਿਛੋਂ ਮੇਰਾ ਤੋਸ਼ੀ ਨਾਲ ਕੋਈ ਸਿੱਧਾ ਸੰਪਰਕ ਨਹੀਂ ਬਣਿਆ।

ਲੱਖੀਆਂ, 9 ਅਗਸਤ, 1958:

ਅੱਜ ਭੈਣ ਦੀ ਚਿੱਠੀ ਆਈ ਹੈ।

ਕਈ ਵਾਰ ਭੈਣ ਨੂੰ ਮੈਂ ਲੰਮੀ ਚਿਠੀ ਲਿਖਦਾ ਹਾਂ। ਹੁਣ ਜਿਸ ਦਿਨ ਮੇਰੀ ਚਿੱਠੀ ਗਈ ਸੀ ਤਾਂ ਤੋਸ਼ੀ ਭੈਣ ਕੋਲ ਸੀ। ਉਸਨੇ, ਭੈਣ ਤੋਂ ਖੋਹ ਕੇ ਮੇਰੀ ਚਿਠੀ ਪੜ੍ਹੀ ਸੀ। ਭੈਣ ਨੇ ਲਿਖਿਆ ਸੀ, ਚਿਠੀ ਪੜ੍ਹਕੇ ਉਹ ਕੁਝ ਦੇਰ ਚੁੱਪ ਕਰਕੇ ਬੈਠੀ ਰਹੀ ਸੀ। ਚਿੱਠੀ ਫੇਰ ਪੜ੍ਹੀ ਸੀ ਤੇ ਭੈਣ ਨੂੰ ਪੁੱਛਿਆ ਸੀ, "ਹਰਪਾਲ ਮੈਨੂੰ ਚਿੱਠੀ ਕਿਉਂ ਨਹੀਂ ਲਿਖਦਾ, ਉਹਨੂੰ ਮੇਰਾ ਪਤਾ ਦੇ ਦੇਈਂ ਤੇ ਆਖੀਂ ਮੈਨੂੰ ਵੀ ਚਿੱਠੀ ਲਿਖਿਆ ਕਰੇ।"

ਮੈਂ ਕਈ ਵਾਰ ਤੋਸ਼ੀ ਨੂੰ ਚਿੱਠੀ ਲਿਖਣ ਬਾਬਤ ਸੋਚਦਾ ਰਿਹਾ ਹਾਂ ਪਰ ਇਕ ਝਿਜਕ ਜਿਹੀ ਹੈ ਜਿਹੜੀ ਅਜੇ ਤੱਕ ਟੁੱਟੀ ਨਹੀਂ।

ਮੈਂ ਤੋਸ਼ੀ ਨੂੰ ਚਿੱਠੀ ਜ਼ਰੂਰ ਲਿਖਾਂ ਅੱਜ ਭੈਣ ਦੀ ਚਿੱਠੀ

ਜ਼ਮੀਂ ਵਾਂਗੂੰ ਜ਼ਮੀਰਾਂ ਦੇ ਵੀ ਸੌਦੇ ਹੋਣ ਲੱਗੇ ਨੇ।
ਤੇ ਲੋਕੀਂ ਰਿਸ਼ਤਿਆਂ ਨੂੰ ਬੋਝ ਵਾਂਗ ਢੋਣ ਲੱਗੇ ਨੇ। -(ਅਗਲੇ ਸਫ਼ੇ 'ਤੇ)

ਆਈ ਹੈ।

ਮੁਕਤਸਰ, 16 ਅਕਤੂਬਰ, 1959:

ਮੇਰੀ ਭੈਣ ਮੈਨੂੰ ਇਕ ਦੋਸਤ ਵਾਂਗੂੰ ਹੀ ਲਗਦੀ ਹੈ।

ਕਲ੍ਹ ਮੈਂ ਭੈਣ ਕੋਲ ਗਿਆ ਸਾਂ ਤੇ ਅੱਜ ਵਾਪਸ ਆਇਆ ਹਾਂ। ਭੈਣ ਨੇ ਮੈਨੂੰ ਇਕ ਸਵੈਟਰ ਦਿੱਤਾ ਸੀ ਤੇ ਆਖਿਆ ਸੀ ਇੱਕ ਮੈਂ ਜਾਂਦਾ ਤੋਸ਼ੀ ਨੂੰ ਦਿੰਦਾ ਜਾਵਾਂ। ਤੋਸ਼ੀ ਮੋਗੇ ਪੜ੍ਹਦੀ ਹੈ। (ਉਦੋਂ ਅੰਮ੍ਰਿਤਸਰ ਤੋਂ ਮੁਕਤਸਰ ਜਾਣ ਲਈ ਮੋਗੇ ਹੋ ਕੇ ਹੀ ਜਾਣਾ ਪੈਂਦਾ ਸੀ।)

ਅੰਦਰੋਂ ਮੈਂ ਖੁਸ਼ ਸਾਂ। ਭੈਣ ਤੋਂ ਤੋਸ਼ੀ ਦਾ ਪਤਾ ਲੈ ਲਿਆ ਸੀ। ਤੋਸ਼ੀ ਹੋਸਟਲ ਵਿਚ ਹੀ ਰਹਿੰਦੀ ਹੈ।

ਤੋਸ਼ੀ ਵੱਲ ਜਾਂਦਿਆਂ ਮੈਂ ਸੋਚ ਵਿਚ ਸਾਂ ਉਸਨੂੰ ਪਹਿਚਾਣ ਵੀ ਸਕਾਂਗਾ ਕਿ ਨਹੀਂ?

ਤੋਸ਼ੀ ਬਹੁਤ ਖੁਸ਼ ਹੋਈ ਸੀ ਦੂਰੋਂ ਹੀ ਖਿੜੀ ਆਈ ਸੀ। ਉਹਨੂੰ ਜਿਵੇਂ ਵਿਸ਼ਵਾਸ ਨਹੀਂ ਸੀ ਆ ਰਿਹਾ। ਮੈਂ ਕਿਵੇਂ ਆ ਗਿਆ ਹਾਂ? ਉਹ ਪੁਛਦੀ ਰਹੀ ਸੀ।

ਉਹ ਚਾਹ ਮੰਗਵਾਈ ਸੀ ਅਤੇ ਨਾਲ ਖਾਣ ਲਈ ਕਿੰਨਾ ਕੁਝ। ਉਹ ਗੱਲਾਂ ਕਰਦੀ ਜਾਂਦੀ ਸੀ ਤੇ ਹੱਸਦੀ ਜਾਂਦੀ ਸੀ। ਹੱਸਦੀ ਜਾਂਦੀ ਸੀ ਤੇ ਗੱਲਾਂ ਕਰਦੀ ਜਾਂਦੀ ਸੀ। ਮੈਂ ਘੰਟੇ, ਪੌਣੇ ਘੰਟੇ ਪਿੱਛੋਂ ਉਠਿਆ ਸਾਂ ਤਾਂ ਉਸਨੇ ਮੈਨੂੰ ਕੁਝ ਚਿਰ ਹੋਰ ਬੈਠਣ ਲਈ ਆਖ ਦਿੱਤਾ ਸੀ। ਮੈਨੂੰ ਵੀ ਕੋਈ ਕਾਹਲ ਨਹੀਂ ਸੀ। ਮੈਂ ਤਾਂ ਆਪ ਹੋਰ ਬੈਠਣਾ ਚਾਹੁੰਦਾ ਸਾਂ।

ਅੱਜ ਮੇਰਾ ਦਿਨ ਦਾ ਬਹੁਤ ਹਿੱਸਾ ਤੋਸ਼ੀ ਨਾਲ ਹੀ ਬੀਤਿਆ ਹੈ। ਮੈਂ ਉਠਦਾ ਉਹ ਮੈਨੂੰ ਬਾਂਹ ਤੋਂ ਫੜਕੇ ਬਿਠਾ ਲੈਂਦੀ। "ਤੈਥੋਂ ਬੈਠੀਦਾ ਨਹੀਂ?" ਉਹ ਹੱਸਦੀ ਹੋਈ ਆਖਦੀ ਜਿਵੇਂ ਕਿਤੇ ਉਸ ਲਈ ਮੈਂ ਬੜਾ ਆਪਣਾ ਸਾਂ ਅਤੇ ਮੇਰੇ 'ਤੇ ਉਸਦਾ ਹੱਕ ਸੀ। ਅੱਜ ਪੜ੍ਹਾਈ ਤਾਂ ਜਿਵੇਂ ਉਸਨੂੰ ਉੱਕਾ ਹੀ ਵਿਸਰ ਗਈ ਸੀ।

ਉਹਦੀਆਂ ਗੱਲਾਂ ਮੈਨੂੰ ਚੰਗੀਆਂ-ਚੰਗੀਆਂ ਲਗਦੀਆਂ।

ਉਹ ਥੋੜ੍ਹੇ ਚਿਰ ਪਿਛੋਂ ਹੀ ਚਾਹ ਮੰਗਵਾ ਲੈਂਦੀ ਸੀ।

ਜਦੋਂ ਮੈਂ, ਉਸ ਕੋਲੋਂ, ਤੁਰਨ ਲੱਗਿਆ ਸਾਂ ਤਾਂ ਉਸਨੇ ਆਪਣਾ ਸੱਜਾ ਹੱਥ ਮੇਰੇ ਵੱਲ ਵਧਾਇਆ ਸੀ, "ਅੱਜ ਤੋਂ ਆਪਾਂ ਦੋਸਤ ਹੋਏ!"

ਮੈਂ ਉਸਦਾ ਹੱਥ ਆਪਣੇ ਸੱਜੇ ਹੱਥ ਵਿਚ ਘੁੱਟ ਲਿਆ ਸੀ, "ਪੱਕੇ।" ਮੈਂ ਆਖਿਆ ਸੀ। ਪਤਾ ਨਹੀਂ ਕਿਵੇਂ ਉਸ ਵੇਲੇ ਮੇਰੀ ਸੰਗ ਕਿਧਰੇ ਉੱਡ-ਪੁੱਡ ਗਈ ਸੀ।

ਸ਼ਾਇਤ ਤੋਸ਼ੀ ਵੀ ਨਾ ਦੱਸੇ ਪਰ ਮੈਂ ਤਾਂ ਇਹ ਗੱਲ ਭੈਣ ਨੂੰ ਨਹੀਂ ਦਸਾਂਗਾ। ਭਾਵੇਂ ਮੇਰੀ ਭੈਣ ਮੈਨੂੰ ਇਕ ਦੋਸਤ ਵਾਂਗੂ ਹੀ ਲਗਦੀ ਹੈ।

ਲੱਖੀਆਂ, 7 ਨਵੰਬਰ, 1961:

ਮੋਗੇ ਮਿਲਨ ਤੋਂ ਪਿੱਛੋਂ, ਤੋਸ਼ੀ ਨੂੰ ਮਿਲਨ ਦਾ ਕਈ ਸਬੱਬ ਨਹੀਂ ਬਣਿਆ।

ਉਹਦੇ ਬਾਰੇ ਭੈਣ ਨਾਲ ਅਕਸਰ ਹੀ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਤੋਸ਼ੀ ਦੇ ਤਾਏ ਦੇ ਕੋਈ ਸੰਤਾਨ ਨਹੀਂ। ਉਸਨੂੰ ਤਾਏ ਨੇ ਗੋਦ ਲਿਆ ਹੋਇਆ ਹੈ। ਤੋਸ਼ੀ ਉਸਨੂੰ ਬਾਪ ਤੋਂ ਵੀ ਵੱਧ ਸਮਝਦੀ ਹੈ ਅਤੇ ਉਸਦਾ ਬੜਾ ਆਦਰ ਕਰਦੀ ਹੈ। ਹੁਣ ਤਾਂ ਉਹ ਹੀ ਉਸਦਾ ਬਾਪ ਹੈ।

ਮੈਂ ਤੋਸ਼ੀ ਨੂੰ ਅਕਸਰ ਹੀ ਯਾਦ ਕਰ ਲੈਂਦਾ ਹਾਂ। ਕਈ ਵਾਰ ਚਿੱਠੀ ਲਿਖਣ ਨੂੰ ਵੀ ਜੀ ਕਰਦਾ ਹੈ। ਕਈ ਵਾਰ ਮਿਲਕੇ ਆਉਣ ਦੀ ਵੀ ਸਲਾਹ ਕਰਦਾ ਹਾਂ। ਭੈਣ ਉਸਦੀਆਂ ਬੜੀਆਂ ਗੱਲਾਂ ਸੁਣਾਉਂਦੀ ਰਹਿੰਦੀ ਹੈ। ਘਰੇ ਮੈਂ ਸੌਖਾ ਹਾਂ ਪਰ ਫੇਰ ਵੀ ਉਹਦੀ ਯਾਦ ਆ ਹੀ ਜਾਂਦੀ ਹੈ।

ਪਰ ਮੋਗੇ ਮਿਲਨ ਤੋਂ ਪਿਛੋਂ, ਤੋਸ਼ੀ ਨੂੰ ਮਿਲਨ ਦਾ ਕਦੀ ਸਬੱਬ ਨਹੀਂ ਬਣਿਆ।

ਲੱਖੀਆਂ, ਸਤੰਬਰ 1964:

ਮੈਨੂੰ ਅੱਜ ਤੋਸ਼ੀ ਦੇ ਵਿਆਹ ਦਾ ਸੱਦਾ-ਪੱਤਰ ਆਇਆ ਹੈ।

ਭੈਣ ਨੇ ਉਹਦੇ ਵਿਆਹ ਬਾਰੇ ਮੈਨੂੰ ਪਹਿਲਾਂ ਹੀ ਲਿਖ ਦਿੱਤਾ ਸੀ। ਕਾਰਡ ਵੇਖ ਕੇ ਮੈਂ ਸੋਚਿਆ ਸੀ ਕਿ ਉਸਨੇ ਆਪਣੇ ਹੱਥ ਨਾਲ ਵੀ ਕੁਝ ਲਿਖਿਆ ਹੋਵੇਗਾ। ਪਰ ਨਹੀਂ, ਛਪਿਆ ਹੋਇਆ ਕਾਰਡ ਹੀ ਸੀ ਜਿਵੇਂ ਆਮ ਲੋਕਾਂ ਨੂੰ ਭੇਜਿਆ ਸੀ ਮੈਨੂੰ ਵੀ ਘੱਲ ਦਿੱਤਾ ਸੀ।

ਭੈਣ ਦੇ ਵਿਆਹ ਵੇਲੇ ਤੋਸ਼ੀ ਨੂੰ ਸਦਾ-ਪੱਤਰ ਭੇਜਿਆ ਸੀ। ਮੈਨੂੰ ਉਹਦੇ ਆਉਣ ਦੀ ਪੂਰੀ ਉਡੀਕ ਸੀ। ਭੈਣ ਦੀ ਉਹ ਇਕੋ-ਇਕ ਤਾਂ ਗੂੜ੍ਹੀ ਸਹੇਲੀ ਹੈ। ਪਰ ਉਹ ਨਹੀਂ ਆ ਸਕੀ ਸੀ। ਚਿਠੀ 'ਚ ਉਸਨੇ ਭੈਣ ਤੋਂ ਖਿਮਾ ਮੰਗੀ ਸੀ। ਉਸ ਚਿੱਠੀ 'ਚ ਉਸਨੇ ਮੇਰਾ ਵੀ ਜ਼ਿਕਰ ਕੀਤਾ ਸੀ ਤੇ ਮੈਨੂੰ ਮਿਲਨ ਦਾ ਮੌਕਾ ਖੁੰਝਣ ਦਾ ਉਸਨੇ ਅਫ਼ਸੋਸ ਮੰਨਿਆ ਸੀ। ਉਦੋਂ ਭੈਣ ਨੇ ਮੈਨੂੰ ਉਹ ਚਿੱਠੀ ਪੜ੍ਹਾਈ ਸੀ।

ਭੈਣ ਦੇ ਬੱਚਾ ਹੋਣ ਵਾਲਾ ਹੈ। ਉਹ ਤੋਸ਼ੀ ਦੇ ਵਿਆਹ ਤੇ ਜਾ ਨਹੀਂ ਸਕੇਗੀ। ਉਸਨੇ ਮੈਨੂੰ ਆਖਿਆ ਹੈ ਕਿ ਮੈਂ ਜਾ ਆਵਾਂ ਪਰ ਮੇਰਾ ਦਿਲ ਨਹੀਂ ਕਰਦਾ ਤੇ ਮੈਂ ਫੈਸਲਾ ਕਰ ਲਿਆ ਹੈ ਕਿ ਮੈਂ ਉਹਦੇ ਵਿਆਹ 'ਤੇ ਨਹੀਂ ਜਾਵਾਂਗਾ।

ਭਾਵੇਂ ਮੈਨੂੰ ਅੱਜ ਤੋਸ਼ੀ ਦੇ ਵਿਆਹ ਦਾ ਸੱਦਾ-ਪੱਤਰ ਆਇਆ ਹੈ।

ਲੱਖੀਆਂ, 21 ਸਤੰਬਰ, 1966:

ਤੋਸ਼ੀ ਮੇਰੇ ਵਿਆਹ ਤੇ ਨਹੀਂ ਆਵੇਗੀ।

ਭਾਵੇਂ ਉਸਨੂੰ ਮਿਲਿਆ ਦੇਰ ਹੋ ਗਈ ਹੈ ਪਰ ਫੇਰ ਵੀ ਉਹ ਮੈਨੂੰ ਯਾਦ ਆਉਂਦੀ ਰਹਿੰਦੀ ਹੈ। ਭੈਣ ਅਕਸਰ ਹੀ ਉਹਦੀਆਂ ਗੱਲਾਂ ਕਰਕੇ ਮੈਨੂੰ ਮਖੌਲ ਕਰਨ ਲੱਗ ਪੈਂਦੀ ਹੈ।

ਉਹਨੂੰ ਮੇਰੇ ਵਿਆਹ ਦਾ ਕਾਰਡ ਘੱਲਿਆ ਸੀ ਤੇ ਨਾਲ ਭੈਣ ਨੇ ਜ਼ਰੂਰ ਆਉਣ ਲਈ ਚਿੱਠੀ ਵੀ ਲਿਖੀ ਸੀ। ਪਰ ਅੱਜ ਉਸਦੀ ਚਿੱਠੀ ਆਈ ਹੈ ਕਿ ਉਹ ਨਹੀਂ ਆ ਸਕੇਗੀ। (ਵਿਆਹ ਵਿਚ ਕੁਝ ਦਿਨ ਰਹਿੰਦੇ ਹਨ।) ਉਸਨੇ ਨਾ ਆ ਸਕਣ ਲਈ ਕੋਈ ਮਜ਼ਬੂਰੀ ਦੱਸੀ ਹੈ।

ਅਸੀਂ ਉਸ ਤੋਂ ਪਹਿਲਾਂ ਹੀ ਦੂਰ ਸਾਂ। ਹੁਣ ਰਾਜਸਥਾਨ 'ਚ ਹੋਣ ਕਰਕੇ ਹੋਰ ਦੂਰ ਹੋ ਗਏ ਹਾਂ। ਸ਼ਾਇਦ ਉਹਦਾ ਖਾਵੰਦ ਨਾ ਮੰਨਿਆ ਹੋਵੇ ਜਾਂ ਮੇਰੇ ਵਾਂਗ ਉਹਦਾ ਵੀ ਦਿਲ ਆਉਣ ਲਈ ਨਾ ਕੀਤਾ ਹੋਵੇ। ਕਾਰਨ ਤਾਂ ਕੋਈ ਵੀ ਹੋ ਸਕਦਾ ਹੈ। ਮੈਂ ਨਿਰਾਸ਼ ਜਿਹਾ ਹੋ ਗਿਆ ਹਾਂ ਕਿ ਤੋਸ਼ੀ ਮੇਰੇ ਵਿਆਹ ਤੇ ਨਹੀਂ ਆਵੇਗੀ।

ਲੱਖੀਆਂ, 8 ਦਸੰਬਰ, 1968:

ਅੱਜ ਧੁਪੇ ਬੈਠੇ ਅਸੀਂ ਪੁਰਾਣੀਆਂ ਗੱਲਾਂ ਯਾਦ ਕਰਦੇ ਰਹੇ ਹਾਂ। ਜ਼ਿੰਦਗੀ ਦੇ ਬੀਤੇ ਨੂੰ ਯਾਦ ਕਰਨ ਵਿਚ ਅਨੋਖਾ ਹੀ ਸੁਆਦ

ਮੇਰੇ ਰੱਬਾ, ਨਦੀ ਸੁੱਕੀ ਨੂੰ ਪਾਣੀ ਬਖ਼ਸ਼ ਦੇ ਹੁਣ ਤਾਂ,
ਮੁਸਾਫ਼ਿਰ ਰੇਤਿਆਂ ਦੇ ਨਾਲ਼ ਚਿਹਰੇ ਧੋਣ ਲੱਗੇ ਨੇ। -ਸੋਮਦੱਤ ਦਿਲਗੀਰ

ਆਉਂਦਾ ਹੈ। ਕਈ ਵਾਰ ਜਦੋਂ ਕੋਈ ਗੱਲਾਂ-ਬਾਤਾਂ ਕਰਨ ਵਾਲਾ ਨਾ ਹੋਵੇ ਤਾਂ ਮੈਂ ਆਪਣੀ ਡਾਇਰੀ ਪੜ੍ਹਨ ਲੱਗ ਪੈਂਦਾ ਹਾਂ ਤੇ ਘੰਟਿਆਂ ਬਧੀ ਪੜ੍ਹਦਾ ਰਹਿੰਦਾ ਹਾਂ।

ਅੱਜ ਤੋਸ਼ੀ ਬਾਰੇ ਵੀ ਗੱਲਾਂ ਹੁੰਦੀਆਂ ਰਹੀਆਂ।

ਭਾਵੇਂ ਭੈਣ ਕੁਝ ਸਾਲ ਪਹਿਲਾਂ ਕੈਨੇਡਾ ਚਲੀ ਗਈ ਸੀ। ਪਰ ਉਸਦਾ ਸੰਪਰਕ ਤੋਸ਼ੀ ਨਾਲ ਬਣਿਆ ਹੀ ਰਿਹਾ ਹੈ। ਉਹ ਦੁਖ-ਸੁਖ ਵੇਲੇ ਇਕ ਦੂਜੇ ਨੂੰ ਜ਼ਰੂਰ ਯਾਦ ਕਰ ਲੈਂਦੀਆਂ ਹਨ। ਭੈਣ ਕੈਨੇਡਾ ਤੋਂ ਆਈ ਹੋਈ ਹੈ।

ਅੱਜ ਭੈਣ ਨੇ ਦੱਸਿਆ ਹੈ ਕਿ ਉਹ ਦੋ ਕੁ ਵਾਰ ਉਹਦੇ ਖਾਵੰਦ ਨੂੰ ਵੀ ਮਿਲੀ ਹੈ। ਭੈਣ ਨੂੰ ਨਾ ਉਹਦਾ ਸੁਭਾਅ ਚੰਗਾ ਲੱਗਿਆ ਹੈ ਤੇ ਨਾ ਹੀ ਉਹਦੀ ਸ਼ਕਲ। "ਮੈਂ ਤਾਂ ਹੈਰਾਨ ਹਾਂ ਤੋਸ਼ੀ ਉਸ ਨਾਲ ਕਿਵੇਂ ਕੱਟ ਰਹੀ ਹੈ?" ਭੈਣ ਨੇ ਆਖਿਆ ਸੀ। ਦੱਸਿਆ ਸੀ ਕਿ ਤੋਸ਼ੀ ਵੀ ਉਸ ਕੋਲ ਕਈ ਵਾਰ ਝੂਰਦੀ ਹੁੰਦੀ ਹੈ, "ਸਹੇਲੀਏ! ਕਿਸਮਤ ਦਾ ਚੱਕਰ ਹੈ। ਸਾਡਾ ਕੋਈ ਮੇਲ ਤਾਂ ਨਹੀਂ, ਪਰ ਜੋ ਕੁਦਰਤ ਨੂੰ ਚੰਗਾ ਲੱਗੇ। ਮੈਂ ਤਾਂ ਡੈਡੀ ਦੀ ਮਰਜ਼ੀ ਅੱਗੇ ਸਿਰ ਝੁਕਾਤਾ।"

ਪਤਾ ਨਹੀਂ ਕਿਉਂ ਮੈਂ ਮਜੂਸ ਜਿਹਾ ਹੋ ਗਿਆ ਹਾਂ।

ਅੱਜ ਧੁਪੇ ਬੈਠੇ ਅਸੀਂ ਪੁਰਾਣੀਆਂ ਗੱਲਾਂ ਯਾਦ ਕਰਦੇ ਰਹੇ ਹਾਂ।

ਲੱਖੀਆਂ, 3 ਜਨਵਰੀ, 1986:

ਭੈਣ ਕੈਨੇਡਾ ਤੋਂ ਆਈ ਹੋਈ ਹੈ।

ਅੱਜ ਅਸੀਂ ਦਿਨੇ ਗੱਲਾਂ ਕਰ ਰਹੇ ਸਾਂ। ਭੈਣ ਕੁਝ ਨਰਾਜ਼ ਜਿਹੀ ਸੀ। ਉਸ ਨੇ ਆਖਿਆ ਸੀ ਕਿ ਏਸ ਵਾਰ ਉਸਦਾ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦਾ ਖਿਆਲ ਸੀ ਪਰ ਏਥੇ ਤਾਂ ਕਿਸੇ ਕੋਲ ਵਕਤ ਹੀ ਨਹੀਂ ਅਤੇ ਇਕੱਲੀ ਉਹ ਜਾ ਨਹੀਂ ਸਕਦੀ। ਉਹ ਮੈਨੂੰ ਨਿਰਾਸ਼ ਜਿਹੀ ਲੱਗੀ ਸੀ ਤਾਂ ਮੈਂ ਆਖਿਆ ਸੀ ਕਿ ਜਿਸ ਦਿਨ ਵੀ ਉਹ ਚਾਹੇਗੀ ਚਲੇ ਚਲਾਂਗੇ। ਮੈਂ ਨਾਲ ਚੱਲਾਂਗਾ।

ਫੇਰ ਅਸੀਂ ਗੱਲਾਂ ਕਰਦਿਆਂ, ਸਲਾਹ ਕੀਤੀ ਸੀ ਕਿ ਵਾਪਸੀ 'ਤੇ ਤੋਸ਼ੀ ਨੂੰ ਵੀ ਮਿਲ ਆਵਾਂਗੇ। ਤੋਸ਼ੀ ਯੂ.ਪੀ. 'ਚ ਰਹਿ ਰਹੀ ਹੈ- ਦਿੱਲੀ ਤੋਂ ਅੱਸੀ ਨੱਬੇ ਕਿੱਲੋਮੀਟਰ ਦੂਰ। ਤੋਸ਼ੀ ਨੂੰ ਮਿਲਿਆ ਬੜਾ ਲੰਮਾ ਸਮਾਂ ਬੀਤ ਗਿਆ ਹੈ। ਉਸਦੀ ਯਾਦ ਅਕਸਰ ਹੀ ਆ ਜਾਂਦੀ ਹੈ। ਮਿਲਨ ਲਈ ਵੀ ਦਿਲ ਕਈ ਵਾਰ ਕੀਤਾ ਹੈ ਪਰ ਸਬੱਬ ਹੀ ਨਹੀਂ ਬਣਿਆ। ਕੁਝ ਵਲ ਵੀ ਪੈ ਜਾਣੇਂ ਆਪਾਂ ਉਸਨੂੰ ਜ਼ਰੂਰ ਮਿਲ ਕੇ ਆਵਾਂਗੇ।

ਭੈਣ ਵੀ ਸਹਿਮਤ ਸੀ। ਤੋਸ਼ੀ ਦਾ ਘਰ ਵਾਲਾ ਗੁਜ਼ਰ ਗਿਆ ਸੀ। ਭੈਣ ਨੂੰ ਕਿਸੇ ਨੇ ਫ਼ੋਨ 'ਤੇ ਸੂਚਨਾ ਦਿੱਤੀ ਸੀ ਤਾਂ ਭੈਣ ਨੇ ਉਸਨੂੰ ਫ਼ੋਨ ਤਾਂ ਕਰ ਲਿਆ ਸੀ ਪਰ ਹੁਣ ਉਹ ਏਧਰ ਆਈ ਸੀ ਤਾਂ ਉਸਦਾ ਜਾਣਾ ਵੀ ਤਾਂ ਬਣਦਾ ਹੀ ਸੀ।

ਭੈਣ ਕੈਨੇਡਾ ਤੋਂ ਆਈ ਹੋਈ ਹੈ।

ਦਿੱਲੀ, 20 ਜਨਵਰੀ, 1986:

ਮੈਂ ਸੋਚ ਰਿਹਾ ਹਾਂ ਕਿ ਇਹ ਤੋਸ਼ੀ ਓਦੋਂ ਵਾਲੀ ਤੋਸ਼ੀ ਤਾਂ ਨਹੀਂ।

ਅੱਜ ਸੁਵੱਖਤੇ ਹੀ ਅਸੀਂ ਤੋਸ਼ੀ ਵੱਲ ਜਾਣ ਵਾਲੀ ਬੱਸ ਫੜ ਲਈ ਸੀ। ਸਾਮਾਨ ਚੁਕਣਾ ਅਸੀਂ ਠੀਕ ਨਹੀਂ ਸੀ ਸਮਝਿਆ। ਰਾਤੀਂ ਏਥੇ ਈ ਵਾਪਸ ਆਉਣ ਦੀ ਸਲਾਹ ਬਣਾ ਲਈ ਸੀ।

ਰਾਹ ਵਿਚ, ਭੈਣ ਨੂੰ ਮੈਂ ਆਖਿਆ ਸੀ ਕਿ ਉਹ ਤੋਸ਼ੀ ਨੂੰ ਮੇਰੀ ਬਾਬਤ ਨਾ ਦੱਸੇ ਵੇਖਾਂਗੇ ਪਛਾਣਦੀ ਹੈ ਕਿ ਨਹੀਂ? ਮੈਂ ਜਾਂਦਿਆਂ ਸੋਚਦਾ ਰਿਹਾ ਸਾਂ ਕਿ ਤੋਸ਼ੀ ਨੂੰ ਆਖਾਂਗਾ ਕੁਝ ਦਿਨਾਂ ਲਈ ਵਕਤ ਕੱਢਕੇ ਪਿੰਡ ਆਵੇ। ਨਾਲ ਬੱਚਿਆਂ ਨੂੰ ਵੀ ਲੈਂਦੀ ਆਵੇ- ਏਸ ਤਰ੍ਹਾਂ ਸਾਂਝ ਜਿਹੀ ਬਣੀ ਰਵ੍ਹੇਗੀ।

ਉਹਦਾ ਘਰ ਸਾਨੂੰ ਸੌਖਾ ਹੀ ਲਭ ਪਿਆ। ਘਰ- ਇਕ ਕਮਰਾ, ਰਸੋਈ, ਨਾਉਣ ਘਰ। ਉਹ ਤੇ ਉਹਦਾ ਇਕ ਲੜਕਾ ਇਸ ਘਰ ਵਿਚ ਰਹਿੰਦੇ ਹਨ। ਉਹਦਾ ਦੂਜਾ ਲੜਕਾ ਹੋਰ ਕਿਤੇ ਪੜ੍ਹਦਾ ਹੈ ਅਤੇ ਹੋਸਟਲ ਵਿਚ ਰਹਿੰਦਾ ਹੈ।

ਤੋਸ਼ੀ ਨੇ ਮੈਨੂੰ ਪਹਿਚਾਣਿਆ ਨਹੀਂ ਸੀ। ਨਾ ਹੀ ਉਸਨੇ ਪੁੱਛਿਆ ਸੀ ਕਿ ਮੈਂ ਕੌਣ ਹਾਂ?

ਭੈਣ ਨੇ ਉਹਦੇ ਖਾਵੰਦ ਦੀ ਗੱਲ ਕੀਤੀ ਸੀ। ਮੈਂ ਵੀ ਵਿੱਚ ਸ਼ਾਮਲ ਹੋ ਗਿਆ ਸਾਂ। ਉਸਨੇ ਇੱਕ ਵਾਰ ਅੱਖਾਂ ਭਰੀਆਂ ਸਨ- ਕੁਝ ਉਦਾਸ ਹੋ ਗਈ ਸੀ ਪਰ ਫੇਰ ਆਮ ਵਾਂਗ ਹੋ ਗਈ ਸੀ।

ਕਾਫੀ ਦੇਰ ਪਿਛੋਂ ਜਦੋਂ ਭੈਣ ਨੇ ਮੇਰੀ ਬਾਬਤ ਦੱਸਿਆ ਸੀ ਤਾਂ ਉਹ ਇਕ ਵਾਰ ਤਾਂ ਮੁਸਕਰਾਈ ਸੀ, ਹੈਰਾਨ ਹੋਈ ਸੀ, "ਅੱਛਾ ਮੈਂ ਤਾਂ ਪਛਾਣਿਆ ਈ ਨਹੀਂ ਸੀ!"

ਅਣਦਾਹੜੀਏ ਦੇ ਦਾਹੜੀ ਆ ਜਾਵੇ ਤਾਂ ਉਸਦੀ ਸ਼ਕਲ ਬੜੀ ਬਦਲ ਜਾਂਦੀ ਹੈ। ਏਥੇ ਤਾਂ ਦਾਹੜੀ ਆ ਕੇ ਸਫੈਦ ਹੋ ਗਈ ਸੀ- ਪਛਾਣਿਆ ਤਾਂ ਜਾ ਹੀ ਨਹੀਂ ਸੀ ਸਕਦਾ, ਅੰਦਾਜ਼ਾ ਹੀ ਲੱਗ ਸਕਦਾ ਸੀ।

ਉਸਤੋਂ ਪਿਛੋਂ ਵੀ ਉਸਨੇ ਮੇਰੇ ਨਾਲ ਕੋਈ ਖਾਸ ਗੱਲ ਨਹੀਂ ਕੀਤੀ ਸੀ। ਅਸੀਂ ਛੇ-ਸੱਤ ਘੰਟੇ ਉਸ ਕੋਲ ਰਹੇ ਸਾਂ। ਦੋ ਵਾਰ ਚਾਹ ਪੀਤੀ ਸੀ, ਰੋਟੀ ਵੀ ਖਾਧੀ ਸੀ ਜਿਹੜੀ ਭੈਣ ਨੇ ਅਤੇ ਉਸਨੇ ਰਲਕੇ ਬਣਾਈ ਸੀ। ਉਹਨਾਂ ਮੇਰੇ ਤੋਂ ਪਾਸੇ ਵੀ, ਘੰਟਾ ਕੁ, ਆਪਣੇ ਦੁਖ-ਸੁਖ ਸਾਂਝੇ ਕੀਤੇ ਸਨ।

ਸਾਡੇ ਜਾਣ 'ਤੇ ਉਸਨੇ ਕੋਈ ਬਹੁਤੀ ਖੁਸ਼ੀ ਜ਼ਾਹਰ ਨਹੀਂ ਸੀ ਕੀਤੀ। ਨਾ ਕਦੀ ਫੇਰ ਆਉਣ ਲਈ ਆਖਿਆ ਸੀ। ਮੇਰਾ ਵੀ ਉਸਨੂੰ ਪਿੰਡ ਆਉਣ ਲਈ ਆਖਣ ਨੂੰ ਦਿਲ ਨਹੀਂ ਸੀ ਕੀਤਾ।

ਭੈਣ ਕੋਈ ਵੀ ਗੱਲ ਕਰਦੀ, ਉਹ ਮੁੜ-ਘੁੜ ਕੇ ਆਪਣੇ ਖਾਵੰਦ ਦੀ ਗੱਲ ਛੇੜ ਲੈਂਦੀ। ਜਿਸ ਬਿਨਾ ਪ੍ਰਵਾਰ ਨੂੰ ਬੜਾ ਘਾਟਾ ਪੈ ਗਿਆ ਸੀ। ਉਸਨੇ ਕਈ ਵਾਰ ਇਹ ਗੱਲ ਕੀਤੀ ਕਿ ਉਸਦੇ ਸੰਪਰਕ ਦਾ ਅਜੇ ਵੀ ਉਹਨਾਂ ਨੂੰ ਬੜਾ ਲਾਭ ਮਿਲ ਰਿਹਾ ਹੈ। ਉਹਦੀ ਜਾਣ-ਪਹਿਚਾਣ ਬਹੁਤ ਸੀ। ਉਹ ਕਿਤੇ ਵੀ ਜਾਂਦੇ ਹਨ ਉਹਦਾ ਨਾਂ ਕੰਮ ਕਰਦਾ ਹੈ। ਓਸੇ ਕਰਕੇ ਵੱਡੇ ਲੜਕੇ ਨੂੰ ਦਾਖ਼ਲਾ ਮਿਲਿਆ ਹੈ।

ਮੁੜਦਿਆਂ ਭੈਣ ਨੇ ਆਖਿਆ ਸੀ, "ਮੈਂ ਹੈਰਾਨ ਹਾਂ ਉਹ ਸਾਰਾ ਦਿਨ ਉਸ ਦੀਆਂ ਹੀ ਸਿਫ਼ਤਾਂ ਕਰਦੀ ਰਹੀ ਹੈ। ਹੋਰ ਕੋਈ ਗੱਲ ਉਸਨੂੰ ਚੰਗੀ ਹੀ ਨਹੀਂ ਸੀ ਲਗਦੀ। ਮੈਂ ਕੋਈ ਵੀ ਗੱਲ ਕਰਦੀ ਉਹ ਘੁਮਾ ਕੇ ਡਾਕਟਰ ਸਾਹਿਬ 'ਤੇ ਲੈ ਆਉਂਦੀ।"

ਭੈਣ ਨੇ ਦੱਸਿਆ ਸੀ, "ਕਿਹੜਾ ਡਾਕਟਰ ਸੀ! ਐਵੇਂ ਤਾਪ ਲਾਹੁਣ ਵਾਲਾ ਆਰ.ਐਮ.ਪੀ. ਸੀ।"

ਉਸਨੇ ਇਕ ਵਾਰ ਹੀ ਐਵੇਂ ਮਾਮੂਲੀ ਜਿਹਾ, ਸਾਨੂੰ ਰਹਿਣ ਲਈ ਆਖਿਆ। ਮੇਰੇ ਨਾਲ ਤਾਂ ਉਸਨੇ ਸਿੱਧੀਆਂ ਇੱਕ-ਦੋ ਗੱਲਾਂ ਹੀ ਕੀਤੀਆਂ। ਬੱਚਿਆਂ ਬਾਰੇ ਪੁਛਿਆ ਤੇ ਬੱਸ।

ਜੇ ਉਹ ਖ਼ਾਬ ਖ਼ਿਆਲ ਨਾ ਆਉਂਦਾ। ਸਾਰੀ ਰਾਤ ਭੁਚਾਲ ਨਾ ਆਉਂਦਾ।
ਤੈਨੂੰ ਸਬਜ਼ ਦਿਖਾਈ ਦਿੰਦੈ, ਰੰਗ ਨਜ਼ਰ ਹੁਣ ਲਾਲ ਨਾ ਆਉਂਦਾ। -ਸੰਤੋਖ ਭੁੱਲਰ

"ਚੰਗਾ, ਹਰਪਾਲ!" ਜਦੋਂ ਤੁਰਨ ਲੱਗੇ ਜਾਂ ਤਾਂ ਉਸਨੇ ਹੱਥ ਜੋੜੇ ਸਨ।

"ਚੰਗਾ।" ਮੈਂ ਵੀ ਅੱਗੋਂ ਹੱਥ ਜੋੜ ਦਿੱਤੇ ਸਨ। ਹੁਣ ਮੈਂ ਸੋਚ ਰਿਹਾ ਹਾਂ ਕਿ ਇਹ ਤੋਸ਼ੀ ਓਦੋਂ ਵਾਲੀ ਤੋਸ਼ੀ ਤਾਂ ਨਹੀਂ।

ਲੱਖੀਆਂ, 7 ਫਰਵਰੀ, 1995:

ਮੈਂ ਇਕ ਸੁਪਨਾ ਵੇਖਿਆ ਸੀ ਤੇ ਬੱਸ।

ਭੈਣ ਦੀ ਵਾਪਸ ਜਾਣ ਦੀ ਤਿਆਰੀ ਹੈ। ਅੱਜ ਦਿਨੇ ਉਸਨੇ ਮੈਨੂੰ ਆਖਿਆ ਸੀ ਕਿ ਮੈਂ ਉਸਨੂੰ ਜਹਾਜ਼ 'ਤੇ ਚੜ੍ਹਾ ਆਵਾਂ। ਨਾਲੇ ਤੋਸ਼ੀ ਨੂੰ ਮਿਲ ਆਵਾਂਗੇ। ਭੈਣ ਨੇ ਹੱਸ ਕੇ ਆਖਿਆ ਸੀ।

ਪਰ ਮੈਂ ਨਾਂਹ ਕਰ ਦਿੱਤੀ ਹੈ।

ਅਸਲ 'ਚ ਤੋਸ਼ੀ ਨੂੰ ਮਿਲ ਆਉਣ ਪਿੱਛੋਂ ਮਿਲਨ ਨੂੰ ਤਾਂ ਕੀ ਦਿਲ ਕਰਨਾ ਸੀ, ਉਸਦੀ ਕਦੀ ਯਾਦ ਵੀ ਨਹੀਂ ਆਈ। ਉਹ ਮੈਨੂੰ ਇੰਜ ਵਿਸਰ ਗਈ ਹੈ ਜਿਵੇਂ ਕਦੀ ਜ਼ਿੰਦਗੀ ਵਿੱਚ ਆਈ ਹੀ ਨਾ ਹੋਵੇ।

ਮੈਂ ਇਕ ਸੁਪਨਾ ਵੇਖਿਆ ਸੀ ਤੇ ਬੱਸ।

ਲੱਖੀਆਂ, 13 ਮਈ, 1999:

ਕਲ੍ਹ ਭੈਣ ਦਾ ਫ਼ੋਨ ਆਇਆ ਸੀ।

ਉਸਦੇ ਫ਼ੋਨ ਨੇ ਮੈਨੂੰ ਅੰਤਾਂ ਦਾ ਉਦਾਸ ਕਰ ਦਿੱਤਾ ਹੈ। ਰਾਤ ਰੋਟੀ ਦੀ ਬੁਰਕੀ ਵੀ ਜੀਭੋਂ ਹੇਠਾਂ ਨਹੀਂ ਗਈ। ਸਾਰੀ ਰਾਤ ਪਾਸੇ ਪਲਟਦਿਆਂ ਹੀ ਲੰਘੀ ਹੈ। ਨੀਂਦਰ ਉੱਕਾ ਹੀ ਨਹੀਂ ਆਈ। ਕਿਸੇ ਨਾਲ ਵੀ ਗੱਲ ਕਰਨ ਨੂੰ ਜੀ ਨਹੀਂ ਕਰਦਾ। ਮੈਂ ਬੜਾ ਹੀ ਬੇਚੈਨ ਹੋ ਗਿਆ ਹਾਂ। ਮੈਨੂੰ ਕੁਝ ਵੀ ਚੰਗਾ ਨਹੀਂ ਲਗਦਾ। ਇਕ ਅਚਵੀ ਜਿਹੀ ਲੱਗੀ ਪਈ ਹੈ। ਮੈਂ ਬੜਾ ਹੀ ਉਖੜਿਆ-ਉਖੜਿਆ ਹਾਂ।

ਇਹ ਮੇਰੀ ਗਲਤ ਫ਼ਹਿਮੀ ਹੀ ਸੀ ਕਿ ਤੋਸ਼ੀ ਮੇਰੇ ਦਿਲ 'ਚੋਂ ਨਿਕਲ ਗਈ ਹੈ। ਉਸਨੇ ਹੁਣ ਵੀ ਮੇਰੇ ਦਿਲ ਦਾ ਕੋਈ ਕੋਨਾ ਜ਼ਰੂਰ ਮੱਲਿਆ ਹੋਇਆ ਹੈ।

ਤੋਸ਼ੀ ਏਸ ਦੁਨੀਆਂ ਵਿਚ ਨਹੀਂ ਰਹੀ- ਕਲ੍ਹ ਭੈਣ ਦਾ ਫੋਨ ਆਇਆ ਸੀ। ਉਸਦੇ ਫ਼ੋਨ ਨੇ ਮੈਨੂੰ ਅੰਤਾਂ ਦਾ ਉਦਾਸ ਕਰ ਦਿੱਤਾ ਹੈ।

ਕਹਾਣੀ

# ਪਰ ਤੂੰ ਪਛਤਾਵੇਂਗਾ

## ਹਰਜਿੰਦਰ ਸਿੰਘ ਸੂਰੇਵਾਲੀਆ



ਹਰਜਿੰਦਰ ਸਿੰਘ

ਹਰਜਿੰਦਰ ਸਿੰਘ ਸੂਰੇਵਾਲੀਆ: ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ ਉਸਦੀਆਂ ਕਹਾਣੀਆਂ ਵਿੱਚ ਪੇਂਡੂ ਜੀਵਨ ਨੂੰ ਖ਼ੂਬਸੂਰਤੀ ਨਾਲ ਚਿਤਰਿਆ ਮਿਲਦਾ ਹੈ। ਮੱਧ ਵਰਗ ਦੇ ਨਾਲ ਮੁਲਾਜ਼ਮ ਤਬਕੇ ਦੀਆਂ ਖਾਹਿਸ਼ਾਂ ਤੇ ਕਮਜ਼ੋਰੀਆਂ ਨੂੰ ਉਸਦੀ ਕਲਮ ਨੇ ਬੇਬਾਕੀ ਨਾਲ ਫੜਿਆ ਹੈ। ਉਸਦੀਆਂ ਕਹਾਣੀ ਦੇ ਪਾਤਰਾਂ ਦੀ ਠੇਠ ਮੁਹਾਵਾਰੇਦਾਰ ਭਾਸ਼ਾ ਦੀ ਰਵਾਨਗੀ ਪਾਠਕ ਨੂੰ ਆਪਣੇ ਨਾਲ ਬੰਨ ਲੈਂਦੀ ਹੈ ਕਹਾਣੀ '...ਪਰ ਤੂੰ ਪਛਤਾਵੇਂਗਾ' ਇਸ ਵਿਸ਼ੇਸ਼ ਕਹਾਣੀ ਅੰਕ ਵਿੱਚ ਸ਼ਾਮਲ ਕਰਨਾ ਸਾਡੇ ਲਈ ਮਾਣ ਹੈ।-ਦਰਸ਼ਨ ਜੋਗਾ

ਕੁਝ ਦਿਨਾਂ ਤੋਂ ਕਰਤਾਰਾ ਮੀਤੋ ਵੱਲ ਖਾਸ ਧਿਆਨ ਰੱਖਣ ਲੱਗ ਪਿਆ ਸੀ। ਉਹ ਜਾਣ ਬੁੱਝ ਕੇ ਰੋਟੀ ਵੇਲੇ ਤੱਕ ਘਰੇ ਹੀ ਫਿਰਦਾ ਰਹਿੰਦਾ। ਸੀਰੀ ਪਹੁ-ਫੁਟਦੀ ਨਾਲ ਹੀ ਖੇਤ ਹਲ ਜੋੜਦਾ ਤੇ ਕਰਤਾਰਾ ਉਸਦੀ ਰੋਟੀ ਲੈ ਜਾਂਦਾ ਸੀ। ਪਹਿਲਾਂ ਤਾਂ ਕਰਤਾਰਾ ਵੀ ਤੜਕੇ ਹੀ ਸੀਰੀ ਨਾਲ ਖੇਤ ਚਲਾ ਜਾਂਦਾ ਸੀ ਤੇ ਰੋਟੀ ਉਸਦੀ ਘਰਵਾਲੀ ਬਚਨੀ ਫੜਾ ਆਉਂਦੀ ਸੀ। ਪਰ ਹੁਣ ਕੁਝ ਦਿਨਾਂ ਤੋਂ ਕਰਤਾਰਾ ਆਪ ਹੀ ਰੋਟੀ ਲੈ ਕੇ ਜਾਂਦਾ ਸੀ।

ਮੀਤੋ ਬਾਲੇ ਮਜ਼੍ਹਬੀ ਦੇ ਘਰਵਾਲੀ ਸੀ। ਪਿਛਲੇ ਮਹੀਨੇ ਤੋਂ ਉਹ ਕਰਤਾਰੇ ਦੇ ਘਰ ਗੋਹਾ-ਕੂੜਾ ਕਰ ਰਹੀ ਸੀ। ਬਾਲਾ ਪੱਕਾ ਅਮਲੀ ਸੀ ਤੇ ਕੱਖ ਭੰਨ ਕੇ ਦੂਹਰਾ ਨਹੀਂ ਸੀ ਕਰਦਾ। ਦੋ ਤਿੰਨ ਜੁਆਕਾਂ ਦਾ ਤੇ ਜੁਆਕਾਂ ਦੇ ਪਿਓ ਦੇ ਰੋਟੀ ਟੁੱਕ ਅਤੇ ਵੈਲ ਆਦਿ ਦਾ ਖਰਚਾ ਮੀਤੋ ਹੀ ਤੋਰਦੀ ਸੀ। ਕਈ ਘਰਾਂ ਦਾ ਉਹ ਗੋਹਾ-ਕੂੜਾ ਕਰ ਰਹੀ ਸੀ। ਸਾਰਾ ਦਿਨ ਗੋਹੇ ਦੀ ਟੋਕਰੀ ਉਸਦੇ ਸਿਰ 'ਤੇ ਰਹਿੰਦੀ। ਉਸਦਾ ਗਿਆਰਾਂ ਕੁ ਸਾਲਾਂ ਦਾ ਵੱਡਾ ਮੁੰਡਾ ਕਰਤਾਰੇ ਨੇ ਆਪਣੇ ਪਸ਼ੂਆਂ 'ਤੇ ਪਾਲੀ ਰੱਖ ਲਿਆ ਸੀ। ਮੁੰਡੇ ਤੋਂ ਛੋਟੀ ਨੌਂ ਕੁ ਸਾਲ ਦੀ ਕੁੜੀ ਸਾਰਾ ਦਿਨ ਮੀਤੋ ਨਾਲ ਗੋਹਾ-ਕੂੜਾ ਕਰਵਾਉਂਦੀ ਸੀ। ਸਾਰਿਆਂ ਤੋਂ ਛੋਟਾ ਮੁੰਡਾ ਚਾਰ ਕੁ ਸਾਲ ਦਾ ਸੀ ਜੋ ਸਾਰਾ ਦਿਨ ਰੀਂ ਰੀਂ ਕਰਦਾ ਮੀਤੋ ਦੇ ਮਗਰ ਮਗਰ ਫਿਰਦਾ ਰਹਿੰਦਾ ਸੀ।

ਮੀਤੋ ਭਾਵੇਂ ਤਿੰਨ ਜੁਆਕਾਂ ਦੀ ਮਾਂ ਸੀ, ਪਰ ਫਿਰ ਵੀ ਉਸਦਾ ਸਰੀਰ ਕੱਸਿਆ ਕੱਸਿਆ ਸੀ। ਰੰਗ ਭਾਵੇਂ ਉਸਦਾ ਬਹੁਤਾ ਗੋਰਾ ਨਹੀਂ ਸੀ, ਪਰ ਚਿਹਰੇ ਦੀ ਬਣਤਰ ਖਿੱਚ ਪਾਉਣ ਵਾਲੀ ਸੀ। ਅੱਜ ਤੱਕ ਕਿਸੇ ਨੇ ਮੀਤੋ ਦੇ ਚਾਲ-ਚੱਲਣ 'ਤੇ ਸ਼ੱਕ ਨਹੀਂ ਕੀਤਾ ਸੀ, ਇਸੇ ਕਰਕੇ ਹੀ ਅੱਠ-ਨੌਂ ਘਰਾਂ ਦੇ ਗੋਹੇ ਕੂੜੇ ਦਾ ਕੰਮ ਉਸਨੂੰ ਮਿਲਿਆ ਹੋਇਆ ਸੀ।

ਜਦੋਂ ਮੀਤੋ ਗੋਹਾ ਕੂੜਾ ਕਰਨ ਲੱਗ ਪੈਂਦੀ ਤਾਂ ਕਰਤਾਰਾ ਐਵੇਂ ਹੀ ਪਸ਼ੂਆਂ ਦੀਆਂ ਖੁਰਲੀਆਂ ਵਿੱਚ ਹੱਥ ਮਾਰਨ ਲੱਗ ਜਾਂਦਾ ਤੇ ਨਾਲ ਹੀ ਚੋਰੀ ਚੋਰੀ ਉਹ ਮੀਤੋ ਵੱਲ ਵੇਖ ਲੈਂਦਾ।

ਮੀਤੋ ਨੂੰ ਵੀ ਕਰਤਾਰੇ ਦੀ ਬਦਲੀ ਹੋਈ ਨੀਅਤ ਦਾ ਪਤਾ ਤਾਂ ਲੱਗ ਗਿਆ ਪਰ ਉਹ ਬੋਲੀ ਕੁਝ ਨਾ। ਆਪਣੇ ਵਕਤ ਅਨੁਸਾਰ ਉਹ ਆਪਣਾ ਕੰਮ ਕਰਕੇ ਚਲੀ ਜਾਂਦੀ। ਕੋਈ ਹੋਰ ਹੁੰਦੀ ਤਾਂ ਕਰਤਾਰੇ ਨੇ ਝੱਟ ਬਾਂਹ ਫੜ ਲੈਣੀ ਸੀ, ਪਰ ਮੀਤੋ ਤੋਂ ਉਹ ਵੀ ਝਿਜਕਦਾ ਸੀ, ਭਾਵੇਂ ਉਸਨੇ ਜਵਾਨੀ ਵਿਚ ਕਾਫ਼ੀ ਰੰਗ ਰਲੀਆਂ ਮਨਾਈਆਂ ਸਨ ਪਰ ਹੁਣ ਤਾਂ ਉਹ ਪਿਛਲੇ ਸੱਤਾਂ ਸਾਲਾਂ ਤੋਂ ਕਮਾਈ ਵਿਚ ਹੀ ਜੁਟਿਆ ਹੋਇਆ ਸੀ। ਵਿਆਹ ਤੋਂ ਬਾਅਦ ਹੀ ਉਸਨੇ ਸਾਰੇ ਵੈਲ ਛੱਡ ਦਿਤੇ ਸਨ। ਘਰਵਾਲੀ ਕਾਫ਼ੀ ਨੇਕ ਅਤੇ ਬਣਦੀ ਤਣਦੀ ਔਰਤ ਸੀ ਤੇ ਕਰਤਾਰੇ ਦਾ ਮਨ ਪੂਰੀ ਤਰ੍ਹਾਂ ਘਰ ਦੀ ਕਬੀਲਦਾਰੀ ਵਿਚ ਖੁੱਭ ਗਿਆ ਸੀ। ਪਹਿਲੇ ਸਾਲ ਹੀ ਉਹਨਾਂ ਦੇ

ਚੁਕ ਲਿਆ ਚਿਹਰੇ ਤੋਂ ਜਦ ਅਪਣਾ ਹਿਜਾਬ ਉਸਨੇ।
'ਵਾਗਲੇ' ਦਾ ਬਸ ਉਦੋਂ ਪੂਰਾ ਕਲਾਮ ਹੋ ਗਿਆ। - ਜਸਵੰਤ ਵਾਗਲਾ

ਮੁੰਡਾ ਹੋ ਗਿਆ ਸੀ, ਫਿਰ ਦੂਸਰਾ ਮੁੰਡਾ ਤੇ ਫਿਰ ਤੀਸਰੇ ਥਾਂ ਹੋਈ ਕੁੜੀ ਤੋਂ ਬਾਅਦ ਉਸਨੇ ਬਚਨੀ ਦਾ ਉਪਰੇਸ਼ਨ ਕਰਵਾ ਦਿੱਤਾ ਸੀ।

ਕਰਤਾਰੇ ਨੂੰ ਹੁਣ ਫਿਰ ਇਸ਼ਕ ਜਾਗ ਉਠਿਆ ਸੀ। ਬਚਨੀ ਤੋਂ ਉਸਦਾ ਮਨ ਭਰ ਚੁੱਕਾ ਸੀ। ਹੁਣ ਤਾਂ ਉਹ ਮੀਤੋ ਨੂੰ ਵੱਸ ਕਰਨਾ ਚਾਹੁੰਦਾ ਸੀ। ਉਹ ਫਿਰਦਾ ਤੁਰਦਾ ਹੁਣ ਮੀਤੋ ਨੂੰ ਟੋਕਰੀ ਵੀ ਚੁਕਾਉਣ ਲੱਗ ਪਿਆ, ਪਰ ਗੱਲ ਅਗਾਂਹ ਨਹੀਂ ਤੁਰ ਰਹੀ ਸੀ।

ਇਕ ਦਿਨ ਮੌਕਾ ਵੇਖਕੇ ਉਸਨੇ ਵੀਹਾਂ ਦਾ ਨੋਟ ਮੀਤੋ ਦੇ ਮੂਹਰੇ ਸੁੱਟ ਦਿੱਤਾ। ਮੀਤੋ ਨੇ ਨੋਟ ਨਾ ਚੁਕਿਆ ਤੇ ਨੋਟ ਉਸ ਤਰਾਂ ਹੀ ਖੁਰਲੀ ਵਿਚ ਪਿਆ ਰਿਹਾ। ਜੱਟ ਨੇ ਲਾਲਚ ਦੇ ਕੇ ਵੀ ਵੇਖ ਲਿਆ ਸੀ ਪਰ ਵਿਅਰਥ। ਹੁਣ ਤਾਂ ਬੱਸ ਇਕ ਜ਼ਬਰਦਸਤੀ ਵਾਲਾ ਢੰਗ ਹੀ ਬਾਕੀ ਰਹਿ ਗਿਆ ਸੀ।

ਮੀਤੋ ਨੂੰ ਵੀ ਪੱਕਾ ਯਕੀਨ ਹੋ ਗਿਆ ਸੀ ਕਿ ਕਰਤਾਰਾ ਇਕ ਨਾ ਇਕ ਦਿਨ ਕਾਰਾ ਕਰਕੇ ਹੀ ਹਟੂ। ਉਹ ਸੋਚਦੀ ਕਿ ਇਹਨਾਂ ਦਾ ਕੰਮ ਕਰਨਾ ਹੀ ਛੱਡ ਦੇਵਾਂ ਤੇ ਛੁਟਕਾਰਾ ਪਾ ਲਵਾਂ, ਪਰ ਕਰਤਾਰੇ ਦੀ ਘਰਵਾਲੀ ਤਾਂ ਭਲੀ ਔਰਤ ਹੈ, ਉਸਨੂੰ ਕੀ ਜਵਾਬ ਦੇਵਾਂਗੀ? ਲੋਕ ਵੱਖ ਪੁੱਛਣਗੇ ਤੇ ਇਸ ਤਰਾਂ ਜੇ ਅਸਲ ਗੱਲਾਂ ਦੱਸਾਂਗੀ ਤਾਂ ਬਦਨਾਮੀ ਦੋਹਾਂ ਧਿਰਾਂ ਦੀ ਹੀ ਹੋਵੇਗੀ। ਕਦੇ ਉਹ ਸੋਚਦੀ ਚਲੋ ਬਚਨੋ ਨੂੰ ਹੀ ਦੱਸ ਦੇਵਾਂ, ਆਪੇ ਆਪਣੇ ਮਰਦ ਨੂੰ ਰੋਕ ਲਵੇਗੀ ਤੇ ਫਿਰ ਉਹ ਸੋਚਦੀ ਕਾਹਨੂੰ ਵੱਸਦੇ ਰੱਸਦੇ ਘਰ ਵਿਚ ਕਲੇਸ਼ ਪਵਾਉਣਾ ਹੈ, ਔਖੀ ਸੌਖੀ ਹੋ ਕੇ ਛੇ ਮਹੀਨੇ ਤਾਂ ਕੰਮ ਕਰਦੀ ਹਾਂ, ਫਿਰ ਉਸ ਤੋਂ ਬਾਅਦ ਜਵਾਬ ਦੇ ਦੇਵਾਂਗੀ। ਤੇ ਕਦੇ ਮੀਤੋ ਦਾ ਆਪਣਾ ਮਨ ਵੀ ਡੋਲਣ ਲੱਗ ਜਾਂਦਾ ਤਾਂ ਫਿਰ ਮੈਨੂੰ ਕਰਤਾਰੇ ਨੂੰ ਹਾਂ ਕਰ ਦੇਣੀ ਚਾਹੀਦੀ ਹੈ?

ਨਹੀਂ, ਇਸ ਤਰ੍ਹਾਂ ਤਾਂ ਮੈਂ ਆਪਣੇ ਮਰਦ ਵੱਲੋਂ ਝੂਠੀ ਪੈ ਜਾਵਾਂਗੀ। ਮੈਂ ਤਾਂ ਸੋਲਾਂ ਆਨੇ ਸੱਚੀ ਆਈ ਸਾਂ ਤੇ ਸੱਚੀ ਰਹੀ ਹਾਂ। ਭਾਵੇਂ ਮੇਰਾ ਪਤੀ ਅਮਲੀ ਹੈ ਪਰ ਇਸਦਾ ਇਹ ਮਤਲਬ ਤਾਂ ਨਹੀਂ ਕਿ ਮੈਂ ਪਾਸੇ ਖੇਹ ਖਾਵਾਂ? ਇਹਨਾਂ ਖਿਆਲਾਂ ਵਿਚ ਹੀ ਮੀਤੋ ਕਈ ਵਾਰ ਦੇਰ ਰਾਤ ਗਈ ਤਕ ਪਾਸੇ ਮਾਰਦੀ ਰਹਿੰਦੀ ਤੇ ਉਸਦਾ ਅਮਲੀ ਪਤੀ ਦੂਸਰੇ ਮੰਜੇ 'ਤੇ ਪਿਆ ਬੀੜੀਆਂ ਫੂਕਦਾ ਰਹਿੰਦਾ।

"ਤੂੰ ਤਾਂ ਅਜੇ ਪੱਪੂ ਦੀ ਸੁੱਖ ਵੀ ਨਹੀਂ ਲਾਹੀ ਹੋਣੀ?"

ਸ਼ਾਮ ਨੂੰ ਰੋਟੀ ਖਾਂਦਿਆਂ ਇਕਦਮ ਯਾਦ ਆਉਣ 'ਤੇ ਕਰਤਾਰੇ ਨੇ ਬਚਨੀ ਨੂੰ ਪੁੱਛਿਆ। ਪਿਛਲੇ ਮਹੀਨੇ ਉਸਦਾ ਛੋਟਾ ਮੁੰਡਾ ਕਾਫ਼ੀ ਬਿਮਾਰ ਹੋ ਗਿਆ ਸੀ ਤੇ ਪੂਰੇ ਦਸ ਦਿਨ ਜੈਤੋ ਡਾਕਟਰ ਕੋਲ ਰਹਿਣਾ ਪਿਆ ਸੀ। ਘਰੋਂ ਤੁਰਦਿਆਂ ਹੀ ਬਚਨੋ ਨੇ ਸੁੱਖ ਸੁੱਖੀ ਸੀ ਕਿ ਪੱਪੂ ਰਾਜ਼ੀ ਹੋ ਕੇ ਘਰ ਪਰਤ ਆਵੇ ਉਹ ਮੱਸਿਆ ਨਹਾਉਣ ਆਈ ਸਵਾ ਪੰਜਾਂ ਦੀ ਗੁਰਦਵਾਰੇ ਦੇਗ ਕਰਵਾਏਗੀ।

"ਮੱਸਿਆ ਤਾਂ ਕੱਲ ਨੂੰ ਹੀ ਹੈ, ਐਤਕੀ ਸੁੱਖ ਜ਼ਰੂਰ ਲਾਹ ਆਈਏ।" ਬਚਨੀ ਨੇ ਛਟੀਆਂ ਚੁੱਲ੍ਹੇ ਵਿੱਚ ਅਗਾਂਹ ਧੱਕਦੇ ਹੋਏ ਆਖਿਆ।

"ਚੰਗਾ ਫਿਰ ਤੂੰ ਕੱਲ ਨੂੰ ਬੇਬੇ ਨੂੰ ਲੈ ਜਾਵੀਂ ਨਾਲ। ਤੜਕੇ ਪਹਿਲੀ ਬੱਸ ਜਾਇਓ ਤੇ ਠੰਡੇ ਠੰਡੇ ਮੁੜ ਆਇਓ।" ਰੋਟੀ ਖਾ ਕੇ ਕਰਤਾਰੇ ਨੇ ਥਾਲੀ ਪਰ੍ਹੇ ਧੱਕਦੇ ਹੋਏ ਆਖਿਆ।

"ਤੁਸੀਂ ਨਾਲ ਚਲਦੇ ਤਾਂ ਚੰਗਾ ਸੀ" ਬਚਨੋ ਨੇ ਤਰਲਾ ਜਿਹਾ ਲੈ ਕੇ ਕਿਹਾ।

"ਮੈਂ ਨਾਲ ਕੀ ਕਰੂੰਗਾ? ਕੰਮ ਦੀ ਰੁੱਤ ਐ।" ਇਹ ਕਹਿਕੇ ਕਰਤਾਰਾ ਨਲਕੇ 'ਤੇ ਹੱਥ ਧੋਣ ਚਲਾ ਗਿਆ।

ਅਗਲੇ ਦਿਨ ਬਚਨੋ ਆਪਣੀ ਸੱਸ ਨੂੰ ਨਾਲ ਲੈ ਕੇ ਮੱਸਿਆ ਨਹਾਉਣ ਚਲੀ ਗਈ। ਛੋਟੀ ਕੁੜੀ ਨੂੰ ਬਚਨੋ ਆਪਣੇ ਨਾਲ ਲੈ ਗਈ ਸੀ। ਦੋਵੇਂ ਮੁੰਡੇ ਬਸਤੇ ਚੁੱਕ ਕੇ ਸਕੂਲ ਤੁਰ ਗਏ ਸਨ, ਘਰ ਦਾ ਹੋਰ ਕੋਈ ਵੀ ਮੈਂਬਰ ਨਹੀਂ ਸੀ। ਸੀਰੀ ਤੇ ਪਾਲੀ ਚਾਹ ਪੀਣ ਸਾਰ ਖੇਤ ਚਲੇ ਗਏ ਸਨ। ਕਰਤਾਰਾ ਹੁਣ ਘਰੇ ਇਕੱਲਾ ਹੀ ਸੀ। ਇਸ ਤੋਂ ਵਧੀਆ ਮੌਕਾ ਹੋਰ ਕਿਹੜਾ ਹੋ ਸਕਦਾ ਸੀ? ਤੇ ਉਹ ਬੇਚੈਨੀ ਨਾਲ ਮੀਤੋ ਦੀ ਉਡੀਕ ਕਰਨ ਲੱਗਾ।

ਮੀਤੋ ਆਈ ਤੇ ਆਪਣਾ ਕੰਮ ਕਰਨ ਲੱਗ ਪਈ। ਉਸਨੂੰ ਪਤਾ ਲੱਗ ਗਿਆ ਸੀ ਕਿ ਅੱਜ ਘਰੇ ਇਕੱਲਾ ਕਰਤਾਰਾ ਹੀ ਹੈ। ਉਹ ਜਲਦੀ ਜਲਦੀ ਕੰਮ ਮੁਕਾਉਣ ਦੀ ਕੋਸ਼ਿਸ਼ ਕਰਨ ਲੱਗੀ। ਉਸਦੀ ਕੁੜੀ ਢਿੱਲੀ ਜਿਹੀ ਹੋਣ ਕਰਕੇ ਅੱਜ ਨਾਲ ਨਹੀਂ ਸੀ ਆਈ। ਕਰਤਾਰਾ ਵੀ ਮੀਤੋ ਦੇ ਨੇੜੇ-ਨੇੜੇ ਫਿਰ ਰਿਹਾ ਸੀ। ਉਸਨੂੰ ਕੋਈ ਗੱਲ ਨਹੀਂ ਔੜ ਰਹੀ ਸੀ। ਅਚਾਨਕ ਹੀ ਕੁੱਝ ਯਾਦ ਆ ਜਾਣ ਤੇ ਉਹ ਸਵਾਤ ਵਿਚ ਜਾ ਵੜਿਆ ਤੇ ਕਾਫ਼ੀ ਚਿਰਾਂ ਦੀ ਰੱਖੀ ਰੂੜੀ ਮਾਰਕਾ ਬੋਤਲ ਉਸਨੇ ਭਾਲ ਲਈ। ਤਕਰੀਬਨ ਪਊਏ ਕੁ ਦਾ ਵਾਰਾ ਸ਼ਰਾਬ ਸੀ ਜਿਹੜੀ ਉਸਨੇ ਇਕੋ ਵੇਰਾਂ ਪਾ ਕੇ ਪੀ ਲਈ।

ਪਸ਼ੂਆਂ ਵਾਲੇ ਕੋਠੇ ਵਿਚੋਂ ਮੀਤੋ ਦੀ ਆਖਰੀ ਟੋਕਰੀ ਸਿੱਟਣ ਵਾਲੀ ਰਹਿ ਗਈ ਸੀ। ਜਦੋਂ ਉਹ ਨੀਵੀਂ ਹੋ ਕੇ ਟੋਕਰੀ ਚੁੱਕਣ ਲੱਗੀ ਤਾਂ ਪਿੱਛੋਂ ਆ ਕੇ ਕਰਤਾਰੇ ਨੇ ਉਸਨੂੰ ਜੱਫਾ ਮਾਰ ਲਿਆ ਤੇ ਅਗਾਂਹ ਪਈ ਪੱਲੀ ਤੇ ਜਾ ਸੁੱਟਿਆ।

ਮੀਤੋ ਬੇਬੱਸ ਸੀ। ਐਡੇ ਵੱਡੇ ਘਰ ਵਿਚੋਂ ਤਾਂ ਚੀਕ ਵੀ ਬਾਹਰ ਨਹੀਂ ਸੀ ਸੁਣ ਸਕਦੀ। ਉਹ ਪੂਰੀ ਤਰ੍ਹਾਂ ਕਰਤਾਰੇ ਦੇ ਹੱਥ ਹੇਠ ਸੀ। ਉਸਨੇ ਹੱਥ-ਪੈਰ ਮਾਰਨ ਦੀ ਵੀ ਕੋਸ਼ਿਸ਼ ਨਾ ਕੀਤੀ।

"ਸਰਦਾਰਾ ਕਰਲੈ ਜੋ ਕੁੱਝ ਕਰਨੈਂ, ਪਰ ਤੂੰ ਪਛਤਾਵੇਂਗਾ?" ਉਸਨੇ ਆਪਣੇ ਮਨ ਵਿਚ ਕੋਈ ਫੈਸਲਾ ਕਰ ਲਿਆ ਸੀ। ਤੇ ਆਪਣਾ ਸਰੀਰ ਢਿੱਲਾ ਛੱਡ ਦਿੱਤਾ।

ਕਰਤਾਰੇ ਨੇ ਮੀਤੋ ਦੀ ਗੱਲ ਅਣਸੁਣੀ ਕਰ ਛੱਡੀ। ਉਸਨੂੰ ਉਮੀਦ ਨਹੀਂ ਸੀ ਕਿ ਮੀਤੋ ਐਨੀ ਜਲਦੀ ਹਥਿਆਰ ਸੁੱਟ ਦੇਵੇਗੀ। ਕਈ ਦਿਨਾਂ ਤੋਂ ਮਨ ਵਿਚ ਉੱਠ ਰਹੀ ਖਾਹਿਸ਼ ਉਸਨੇ ਪੂਰੀ ਕਰ ਲਈ ਸੀ।

ਉਸ ਦਿਨ ਮੀਤੋ ਹੋਰ ਕਿਸੇ ਘਰੇ ਕੰਮ ਕਰਨ ਨਾ ਗਈ। ਕਰਤਾਰੇ ਦੇ ਘਰੋਂ ਆਉਣ ਸਾਰ ਉਹ ਮੰਜੇ 'ਤੇ ਆ ਡਿੱਗੀ। ਉਸਦਾ ਸਰੀਰ ਤੇ ਦਿਮਾਗ ਦੋਵੇਂ ਥੱਕੇ ਥੱਕੇ ਮਹਿਸੂਸ ਕਰ ਰਹੇ ਸਨ। ਉਸਦਾ ਪਤੀ ਪਿੱਛਲੇ ਚਾਰ ਪੰਜ ਦਿਨਾਂ ਤੋਂ ਬੀਮਾਰ ਪਿਆ ਸੀ। ਬੁਖ਼ਾਰ ਕੱਲ ਦਾ ਛੋਟੀ ਕੁੜੀ ਨੂੰ ਵੀ ਹੋਣ ਲੱਗ ਪਿਆ ਸੀ।

"ਕਿਤੇ ਤੈਨੂੰ ਤਾਂ ਨਹੀਂ ਚੜ੍ਹ ਗਿਆ?" ਅਮਲੀ ਨੇ ਹੈਰਾਨੀ ਨਾਲ ਪੁੱਛਿਆ। ਅੱਗੇ ਤਾਂ ਮੀਤੋ ਸਾਰੇ ਘਰਾਂ ਦਾ ਕੰਮ ਮੁਕਾ ਕੇ ਹੀ ਆਉਂਦੀ ਸੀ, ਪਰ ਅੱਜ ਉਹ ਪਹਿਲਾਂ ਹੀ ਆ ਗਈ ਸੀ।

"ਪਤਾ ਨੀ ਕੁਝ ਚਿੱਤ ਜਾ ਢਿੱਲਾ ਈ ਐ।" ਮੀਤੋ ਨੇ ਘਰ ਵਾਲੇ ਨਾਲ ਅੱਖਾਂ ਮਿਲਾਏ ਤੋਂ ਬਿਨਾਂ ਹੀ ਜਵਾਬ ਦਿਤਾ। ਫੇਰ ਕੁਝ ਦੇਰ ਬਾਅਦ ਉਹ ਪਿੰਡ ਦੇ ਆਰ.ਐਮ.ਪੀ. ਡਾਕਟਰ ਨੂੰ ਬੁਲਾ ਲਿਆਈ ਤੇ ਆਪਣੇ ਘਰਵਾਲੇ ਦੇ ਟੀਕਾ ਲਗਵਾ ਦਿੱਤਾ। ਅਮਲੀ ਦੇ ਕਹਿਣ 'ਤੇ ਵੀ ਮੀਤੋ ਨੇ ਆਪਣੇ ਟੀਕਾ ਨਾ ਲਵਾਇਆ।

ਹੁਣ ਮੇਰੇ ਖ਼ਾਬਾਂ 'ਚ ਵੀ, ਨਾ ਰਾਤ ਨੂੰ ਆਇਆ ਕਰੋ।
ਗ਼ੈਰ ਦੇ ਹੋਏ ਹੋ, ਹੁਣ ਬਸ ਗ਼ੈਰ ਦੇ ਜਾਇਆ ਕਰੋ। -(ਅਗਲੇ ਸਫ਼ੇ 'ਤੇ)ਾ

ਅਗਲੇ ਦਿਨ ਜਦੋਂ ਮੀਤੋ ਕੰਮ ਤੇ ਆਈ ਤਾਂ ਕਰਤਾਰਾ ਘਰੋਂ ਬਾਹਰ ਨਿਕਲ ਗਿਆ। ਉਸਨੂੰ ਡਰ ਸੀ ਕਿ ਮੀਤੋ ਉਸਦੀ ਘਰਵਾਲੀ ਨੂੰ ਸਾਰੀ ਗੱਲ ਦੱਸ ਦੇਵੇਗੀ। ਪਰ ਮੀਤੋ ਨੇ ਬਚਨੀ ਕੋਲ ਕੋਈ ਗੱਲ ਨਾ ਕੀਤੀ। ਕਰਾਤਰੇ ਦਾ ਸਾਰਾ ਫ਼ਿਕਰ ਦੂਰ ਹੋ ਗਿਆ। ਹੁਣ ਕਰਤਾਰਾ ਜਦੋਂ ਚਾਹੁੰਦਾ ਮੀਤੋ ਨੂੰ ਆਪਣੇ ਨਿਆਈਂ ਵਾਲੇ ਖੇਤ ਬੁਲਾ ਲੈਂਦਾ ਜਾਂ ਆਪ ਹੀ ਉਹਨਾਂ ਦੇ ਘਰ ਜਾ ਆਉਂਦਾ। ਜਦੋਂ ਅਮਲੀ ਕਿਤੇ ਆਸੇ ਪਾਸੇ ਗਿਆ ਹੁੰਦਾ। ਪਰ ਬਹੁਤਾ ਉਹ ਨਿਆਈਂ ਵਾਲੇ ਖੇਤ ਹੀ ਮਿਲਦੇ। ਇਥੇ ਕਰਤਾਰੇ ਦਾ ਦਸਾਂ ਕਿੱਲਿਆਂ ਦਾ ਟੱਕ ਸੀ ਤੇ ਚਾਰ ਇੰਚੀ ਬੋਰ ਲੱਗਾ ਹੋਇਆ ਸੀ। ਦੋ ਕੋਠੇ ਪੱਕੇ ਪਾਏ ਹੋਏ ਸਨ ਜਿਨ੍ਹਾਂ ਵਿੱਚੋਂ ਇੱਕ ਕੋਠਾ ਇੰਜਨ ਵਾਲਾ ਸੀ।

ਸਾਰਾ ਕੁੱਝ ਠੀਕ-ਠਾਕ ਚੱਲ ਰਿਹਾ ਸੀ।

ਇਕ ਦਿਨ ਗੋਹਾ-ਕੂੜਾ ਕਰਦੇ ਸਮੇਂ ਮੀਤੋ ਉਸਨੂੰ ਦੱਸ ਗਈ ਕਿ ਉਹ ਗਰਭਵਤੀ ਹੈ। ਕਰਤਾਰੇ ਨੇ ਉਸਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਇਹ ਕਿਹੜੀ ਖਾਸ ਗੱਲ ਐ? ਤੇ ਮੀਤੋ ਕਿਹੜਾ ਕੁਆਰੀ ਕੁੜੀ ਐ? ਕਰਤਾਰੇ ਨੇ ਸੋਚਿਆ।

ਅਮਲੀ ਕਿੱਧਰੇ ਬਾਹਰ ਗਿਆ ਹੋਇਆ ਸੀ ਤੇ ਮੌਕਾ ਲੱਗਦੇ ਹੀ ਕਰਤਾਰਾ ਮੀਤੋ ਦੇ ਘਰੇ ਜਾ ਵੜਿਆ। ਮੀਤੋ ਘਰ ਨਹੀਂ ਸੀ। ਉਸਦੀ ਕੁੜੀ ਛੋਟੇ ਮੁੰਡੇ ਨੂੰ ਕੁੱਟ ਰਹੀ ਸੀ। ਨੰਗ-ਧੜੰਗਾ ਮੁੰਡਾ ਰੋਂਦਾ ਹੋਇਆ ਜ਼ਮੀਨ 'ਤੇ ਲਿਟ ਰਿਹਾ ਸੀ। ਉਸਦੇ ਨੱਕ 'ਚੋਂ ਨਲੀ ਦੇ ਬੁਲਬੁਲੇ ਬਣ ਬਣ ਬੁੱਲ੍ਹਾਂ 'ਤੇ ਲੱਗ ਰਹੇ ਸਨ। ਮੁੰਡੇ ਨੂੰ ਵੇਖਕੇ ਕਰਤਾਰੇ ਨੂੰ ਕੱਚਿਆਣ ਜਿਹੀ ਆ ਗਈ ਤੇ ਉਹ ਉਹਨੀ ਪੈਰੀਂ ਵਾਪਸ ਮੁੜ ਪਿਆ।

"ਜੇ ਭਲਾ ਮੀਤੋ ਦੇ ਪੇਟ ਵਿਚ ਉਸਦਾ ਬੱਚਾ ਪਲ ਰਿਹਾ ਹੋਇਆ ਤਾਂ? ਉਸਦੀ ਜ਼ਿੰਦਗੀ ਵੀ ਇਹਨਾਂ ਜੁਆਕਾਂ ਵਰਗੀ ਹੀ ਹੋਵੇਗੀ? ਨੰਗਾ ਧੜੰਗਾ ਫਿਰ ਕੇ ਉਹ ਵੀ ਆਪਣਾ ਬਚਪਨ ਲੰਘਾ ਲਵੇਗਾ ਤੇ ਫਿਰ ਵੱਡਾ ਹੋ ਕੇ ਕਿਸੇ ਦੇ ਸੀਰੀ ਜਾ ਲੱਗੇਗਾ।" ਰਾਹ ਵਿਚ ਉਹ ਇਹ ਸੋਚਾਂ ਸੋਚਦਾ ਘਰ ਮੁੜ ਆਇਆ।

"ਗਾਂ ਅਤੇ ਝੋਟੀ ਵਾਸਤੇ ਅੱਜ ਬਰਸੀਮ ਲੈ ਆਵੀਂ ਖੇਤੋਂ। ਨਾਲੇ ਇਕ ਖ਼ਾਸ ਗੱਲ ਕਰਨੀ ਐ।" ਅਗਲੇ ਦਿਨ ਗੋਹਾ-ਕੂੜਾ ਕਰ ਰਹੀ ਮੀਤੋ ਨੂੰ ਕਰਤਾਰਾ ਤੁਰਦਾ ਫਿਰਦਾ ਕਹਿ ਗਿਆ।

ਤੇ ਫਿਰ ਖੇਤ ਉਹ ਬੇਚੈਨੀ ਨਾਲ ਮੀਤੋ ਦੀ ਉਡੀਕ ਕਰਨ ਲੱਗਾ।

"ਸਰਦਾਰਾ ਅੱਜ ਕਿਵੇਂ ਉਦਾਸ ਜਾ ਐਂ?" ਆਉਣ ਸਾਰ ਹੀ ਮੀਤੋ ਨੇ ਕਰਤਾਰੇ ਨੂੰ ਪੁੱਛਿਆ।

"ਬੱਸ, ਤੇਰੇ ਤੋਂ ਇੱਕ ਗੱਲ ਪੁੱਛਣੀ ਐ।" ਇੰਜਣ ਵਾਲੇ ਕੋਠੇ ਦੀ ਕੰਧ ਨਾਲ ਕਰਤਾਰੇ ਨੇ ਢੋਅ ਲਾਉਂਦੇ ਹੋਏ ਆਖਿਆ।

"ਇੱਕ ਦੀਆਂ ਭਾਵੇਂ ਦਸ ਪੁੱਛ।" ਸ਼ਾਇਦ ਉਹ ਸਮਝ ਗਈ ਸੀ ਕਿ ਕਰਤਾਰਾ ਕਿਹੜੀ ਗੱਲ ਪੁੱਛੇਗਾ।

"ਤੇ ਇਹ ਬੱਚਾ ਕੀਹਦਾ ਐ?" ਕਰਤਾਰੇ ਨੇ ਮੀਤੋ ਦੇ ਪੇਟ ਵੱਲ ਇਸ਼ਾਰਾ ਕਰਕੇ ਪੁੱਛਿਆ।

"ਤੇਰਾ ਈ ਐ, ਹੋਰ ਕੀਹਦਾ ਹੋਣਾ ਸੀ ?" ਮੀਤੋ ਨੇ ਜਵਾਬ ਦਿੱਤਾ।

"ਤੇ ਅਮ... ਲੀ?" ਕਰਤਾਰਾ ਕਹਿਣਾ ਚਾਹੁੰਦਾ ਸੀ ਕਿ ਬੱਚਾ ਤਾਂ ਅਮਲੀ ਦਾ ਵੀ ਹੋ ਸਕਦਾ ਹੈ।

"ਨਹੀਂ ਉਹ ਤਾਂ ਉਦੋਂ ਪੂਰੇ ਵੀਹ ਦਿਨ ਬੀਮਾਰ ਰਿਹਾ ਸੀ। ਨਾਲੇ ਊਂ ਵੀ ਉਹ ਘਟ ਈ...।" ਮਗਰਲੀ ਗੱਲ ਮੀਤੋ ਨੇ ਪੂਰੀ ਕਰਨ ਦੀ ਲੋੜ ਨਾ ਸਮਝੀ।

"ਤੇ ਫਿਰ ਹੁਣ?" ਕਰਤਾਰੇ ਨੇ ਮੀਤੋ ਦੀਆਂ ਅੱਖਾਂ ਵਿਚ ਝਾਕਦਿਆਂ ਪੁੱਛਿਆ।

"ਤੇ ਫਿਰ ਕੀ?" ਮੀਤੋ ਨੇ ਪੁੱਛਿਆ ਜਿਵੇਂ ਉਹ ਕੁੱਝ ਸਮਝੀ ਹੀ ਨਾ ਹੋਵੇ।

"ਮੇਰਾ ਮਤਲਬ ਐ ਜੁਆਕ ਕਢਵਾ ਦੇ। ਸਾਰੇ ਪੈਸੇ ਮੈਂ ਲਾਊਂਗਾ।" ਕਰਤਾਰੇ ਨੇ ਸਪਸ਼ਟ ਕਹਿ ਦਿੱਤਾ।

"ਪਰ ਕਿਉਂ?" ਮੀਤੋ ਨੇ ਨਜ਼ਰਾਂ ਕਰਤਾਰੇ ਦੇ ਚਿਹਰੇ 'ਤੇ ਗੱਡ ਦਿੱਤੀਆਂ।

"ਮੈਂ ਨਹੀਂ ਚਾਹੁੰਦਾ ਮੇਰੇ ਬੱਚੇ ਦੀ ਜ਼ਿੰਦਗੀ ਵੀ ਤੁਹਾਡੇ ਜੁਆਕਾਂ ਵਰਗੀ ਹੋਵੇ।" ਕਰਤਾਰੇ ਨੇ ਬਿਨਾਂ ਸਿਰ ਉਤਾਂਹ ਚੁੱਕਿਆਂ ਜਵਾਬ ਦਿੱਤਾ।

"ਤੇ ਫੇਰ ਤੂੰ ਆਪਣੇ ਘਰੇ ਰੱਖ ਲੀਂ। ਜੇ ਮੁੰਡਾ ਹੋਇਆ ਤਾਂ ਇੱਕੀ ਕਿੱਲਿਆਂ ਚੋਂ ਤੀਜੇ ਹਿੱਸੇ ਦੇ ਸੱਤ ਕਿੱਲੇ ਦੇ ਦੇਵੀਂ। ਜੇ ਕੁੜੀ ਹੋ ਗਈ ਤਾਂ ਚਾਰ ਟੂੰਮਾ ਪਾ ਕੇ ਤੋਰ ਦੇਵੀਂ।" ਇਹ ਜਵਾਬ ਮੀਤੋ ਪਹਿਲਾਂ ਹੀ ਸੋਚ ਆਈ ਸੀ।

"ਇਹ ਕਿਵੇਂ ਹੋ ਸਕਦੈ?" ਕਰਤਾਰਾ ਇਕ ਦਮ ਗੁੱਸੇ ਵਿਚ ਖੜਾ ਹੁੰਦਾ ਬੋਲਿਆ।

"ਤੇ ਇਹ ਕਿਵੇਂ ਹੋ ਸਕਦੈ?" ਉਸੇ ਤਰ੍ਹਾਂ ਹੀ ਗੁੱਸੇ ਨਾਲ ਮੀਤੋ ਨੇ ਕਿਹਾ ਤੇ ਉਹ ਵੀ ਖੜੀ ਹੋ ਗਈ।

"ਤੂੰ ਇਹ ਜੁਆਕ ਕੱਢਵਾ ਦੇ।" ਕਰਤਾਰੇ ਨੇ ਫਿਰ ਹੁਕਮੀ ਲਹਿਜੇ ਵਿਚ ਕਿਹਾ।

"ਪਰ ਮੈਂ ਇਹ ਪਾਪ ਨਹੀਂ ਕਰ ਸਕਦੀ।" ਉਨੀ ਹੀ ਸਖ਼ਤ ਅਵਾਜ਼ ਵਿਚ ਮੀਤੋ ਨੇ ਉੱਤਰ ਦਿੱਤਾ।

ਤੜਾਅਕ ਕਰਦਾ ਲੱਫੜ ਮੀਤੋ ਦੀ ਗੱਲ੍ਹ 'ਤੇ ਆ ਵੱਜਾ।

"ਕੁੱਤੀ ਜਾਤ ਕਿਵੇਂ ਚਾਂਬਲਦੀ ਐ।" ਕਰਤਾਰਾ ਗੁੱਸੇ ਵਿਚ ਲਾਲ ਪੀਲਾ ਹੋ ਗਿਆ।

ਲੱਫੜ ਵੱਜਣ ਨਾਲ ਇਕ ਵੇਰਾਂ ਤਾਂ ਮੀਤੋ ਦੇ ਪੈਰ ਨਿਕਲ ਗਏ। ਪਰ ਫਿਰ ਉਹ ਸੰਭਲ ਕੇ ਦੋ ਕਦਮ ਪਿਛੇ ਹੋ ਕੇ ਖੜੋ ਗਈ।

"ਜੇ ਤੂੰ ਲੱਫੜ ਮਾਰ ਕੇ ਡਰਾਊਨੈਂ ਤਾਂ ਹੋਰ ਮਾਰ ਲੈ। ਮੈਂ ਡਰਨ ਵਾਲੀ ਨਹੀਂ। ਪਰ ਮੈਂ ਇਹ ਜੁਆਕ ਜ਼ਰੂਰ ਜੰਮਾਂਗੀ। ਜੇ ਮੁੰਡਾ ਹੋਇਆ ਤਾਂ ਸੀਰੀ ਵੀ ਜ਼ਰੂਰ ਤੇਰੇ ਹੀ ਲਾਵਾਂਗੀ। ਅੱਗੇ ਛੋਟਾ ਮੁੰਡਾ ਤਾਂ ਲਗਿਆ ਹੀ ਹੈ। ਜੇ ਕੁੜੀ ਹੋ ਗਈ ਤਾਂ ਗੋਹਾ ਕੂੜਾ ਕਰਨ ਮੇਰੇ ਨਾਲ ਆਇਆ ਹੀ ਕਰੂ।"

ਇਹ ਕਹਿ ਕੇ ਭਰੀ-ਪੀਤੀ ਮੀਤੋ ਨੇ ਦਾਤੀ ਪੱਲੀ ਚੁੱਕੀ ਤੇ ਬਿਨਾਂ ਬਰਸੀਮ ਵੱਢੇ ਹੀ ਤੁਰ ਗਈ।

ਕਰਤਾਰਾ ਡੌਰ ਭੌਰ ਹੋਇਆ ਖੜਾ ਸੀ। ਉਸਦੇ ਦਿਮਾਗ ਵਿਚ ਮੀਤੋ ਦੀ ਪਹਿਲੇ ਦਿਨ ਦੀ ਕਹੀ ਗੱਲ ਯਾਦ ਆ ਰਹੀ ਸੀ-

"ਸਰਦਾਰਾ ਕਰਲੈ ਜੋ ਕੁੱਝ ਕਰਨੈ। ਪਰ ਤੂੰ ਪਛਤਾਵੇਂਗਾ।"

ਮੇਰੇ ਗ਼ਮ ਦਾ ਕਿਉਂ ਤੁਸੀਂ ਲਾਉਂਦੇ ਹੋ ਅਪਣੇ ਦਿਲ ਨੂੰ ਗ਼ਮ,<br>
ਗ਼ਮ ਮਿਲੇ ਜੋ ਆਪ ਨੂੰ, ਉਹ ਮੈਨੂੰ ਦੇ ਜਾਇਆ ਕਰੋ। -ਸੁੰਦਰਪਾਲ ਰਾਜਾਸਾਂਸੀ

ਕਹਾਣੀ

# ਪੁੱਤਾਂ ਵਰਗਾ

ਹਰਪਾਲ ਸਿੰਘ ਸੰਧਾਵਾਲੀਆ



ਹਰਪਾਲ ਸਿੰਘ ਸੰਧਾਵਾਲੀਆ

ਬਲਦੇਵ ਢੱਠੇ ਜਿਹੇ ਮਨ ਨਾਲ ਵੋਟਾਂ ਦਾ ਕੰਮ ਨਿਭਾਅ ਰਿਹਾ ਹੈ। ਨਜ਼ਰ ਮੁੜ ਮੁੜ ਸੜਕ ਵੱਲ ਜਾ ਰਹੀ ਹੈ। ਗੁਰਮਿੰਦਰ ਜੋ ਨਹੀਂ ਆਇਆ ਅਜੇ। ਇੱਕ ਵੱਜ ਗਿਐ। ਉਹ ਗੁਰਮਿੰਦਰ ਨੂੰ ਬੇਸਬਰੀ ਨਾਲ ਉਡੀਕ ਰਿਹਾ ਹੈ। ਇਸ ਲਈ ਨਹੀਂ ਕਿ ਆ ਕੇ ਵੋਟਾਂ ਦਾ ਕੰਮ ਭੁਗਤਾਵੇ, ਸਗੋਂ ਇਸ ਲਈ ਕਿ ਉਹਨੇ ਸੁਰਜੀਤ ਕੋਲੋਂ ਆਉਣਾ ਹੈ ਤੇ ਦੇਵ ਦੀ ਗੱਲ ਕਰਨੀ ਹੈ। ਵੋਟਾਂ ਅਜੇ ਵੀ ਆ ਰਹੀਆਂ ਹਨ, ਪਰ ਉਹਦਾ ਧਿਆਨ ਵੋਟਾਂ ਵਿੱਚ ਨਹੀਂ ਦੇਵ ਵਿੱਚ ਹੈ।

ਉਹਦੇ ਧਿਆਨ ਦੀ ਲੜੀ ਬਲਬੀਰ ਦੇ ਬੋਲਾਂ ਨਾਲ ਟੁੱਟਦੀ ਹੈ, 'ਭਾਊ ਨੱਥਾ ਆਉਂਦਾ ਈ।' ਬਲਦੇਵ ਉੱਧਰ ਵੇਖਦਾ ਹੈ। ਉਹਨੂੰ ਨੱਥਾ ਆਪਣੀ ਪਤਨੀ ਤੇ ਵਿਧਵਾ ਨੂੰਹ ਨਾਲ ਆਉਂਦਾ ਦਿਸਦਾ ਹੈ। 'ਨੱਥਾ' ਜਿਹਦੇ ਬਾਰੇ ਅਜੇ ਤੱਕ ਪਤਾ ਨਹੀਂ ਕਿ ਕਿੱਧਰ ਭੁਗਤੂ। ਗਰੀਬ ਪਰ ਵਿਕਾਊ ਨਹੀਂ। ਕਿਸੇ ਧਿਰ ਦੀ ਪੱਕੀ ਵੋਟ ਵੀ ਨਹੀਂ। ਜਿਵੇਂ ਦੋਵੇਂ ਪਾਸੇ ਰੱਖਣਾ ਚਾਹੁੰਦਾ ਹੋਵੇ। ਸੋਚਦਾ ਹੋਵੇ ਕਿ ਗੁਰੀਬ ਦਾ ਧੜਿਆਂ 'ਚ ਬੱਝ ਕੇ ਕਿਥੇ ਗੁਜ਼ਾਰਾ। ਬਲਦੇਵ ਹੋਰੀਂ ਨੱਥੇ ਵੱਲ ਹੋ ਤੁਰਦੇ ਹਨ। ਕੋਲ ਜਾ ਕੇ ਬਲਦੇਵ ਪੁੱਛਦਾ ਹੈ, "ਪਰਚੀਆਂ ਹੈਗੀਆਂ ਨੱਥਾ ਸਿਹਾਂ।" ਨੱਥਾ ਥੋੜ੍ਹਾ ਝਿਜਕਦਾ ਜਿਹਾ ਆਸਾ-ਪਾਸਾ ਵੇਖਦਾ ਹੈ, ਫਿਰ ਹੌਲੀ ਜਿਹੀ ਬੋਲਦਾ ਹੈ, "ਪਰਚੀਆਂ ਤੇ 'ਨੀਂ ਹੈਗੀਆਂ, ਭਾਊ।" ਬਲਦੇਵ ਉਹਦੇ ਮੋਢੇ ਉੱਤੋਂ ਦੀ ਹੱਥ ਵਲ ਲੈਂਦਾ ਹੈ ਤੇ ਆਪਣੇ ਕੈਂਪ ਵੱਲ ਲੈ ਤੁਰਦਾ ਹੈ, "ਚੱਲ ਨੱਥਾ ਸਿਹਾਂ, ਪਹਿਲਾਂ ਪਰਚੀਆਂ ਲੈ ਆ।" ਅਜੇ ਥੋੜ੍ਹਾ ਹੀ ਤੁਰੇ ਹਨ ਕਿ ਅੱਗੋਂ ਗੁਰਮੇਜ ਆਪਣੇ ਸਾਥੀਆਂ ਸਣੇ ਆਉਂਦਾ ਦਿਸਦਾ ਹੈ। ਗੁਰਮੇਜ ਕੌਣ? ਗੁਰਮੇਜ ਜੋ ਕਿ ਬਲਦੇਵ ਦਾ ਸਰਪੰਚੀ ਲਈ ਵਿਰੋਧੀ ਉਮੀਦਵਾਰ ਹੈ। ਬਲਦੇਵ ਦਾ ਹੱਥ ਨੱਥੇ ਦੇ ਮੋਢੇ ਤੇ ਹੋਰ ਕੱਸਿਆ ਜਾਂਦਾ ਹੈ। ਗੁਰਮੇਜ ਹੋਰੀਂ ਉਹਨਾਂ ਵੱਲ ਹੀ ਆ ਰਹੇ ਹਨ। ਬਲਦੇਵ ਨੱਥੇ ਨੂੰ ਜਿਵੇਂ ਆਪਣੀ ਬੁੱਕਲ ਜਿਹੀ ਵਿੱਚ ਲੈ ਲੈਂਦਾ ਹੈ ਤੇ ਆਪਣੀ ਚਾਲ ਵੀ ਤੇਜ਼ ਕਰ ਲੈਂਦਾ ਹੈ। ਪਰ ਗੁਰਮੇਜ ਹੋਰੀਂ ਉਹਨਾਂ ਦੇ ਕੋਲ ਹੀ ਪਹੁੰਚ ਜਾਂਦੇ ਹਨ। ਬਲਦੇਵ ਰੁਕ ਜਾਂਦਾ ਹੈ। ਗੁਰਮੇਜ ਕੁਝ ਪਲ ਚੁੱਪ ਖੜਾ ਰਹਿੰਦਾ ਹੈ। ਫਿਰ ਹੌਲੀ ਜਿਹੀ ਬੋਲਦਾ ਹੈ, "ਦੇਵ ਵੱਲੋਂ ਤਾਂ ਬੜੀ ਮਾੜੀ ਗੱਲ ਹੋਈ, ਭਾਊ ਬਲਦੇਵ ਸਿਹਾਂ।" ਬਲਦੇਵ ਦਾ ਨੱਥੇ ਦੇ ਮੋਢੇ ਤੋਂ ਹੱਥ ਢਿੱਲਾ ਪੈ ਜਾਂਦਾ ਹੈ। ਉਹ ਨੀਵੀਂ ਪਾ ਲੈਂਦਾ ਹੈ ਤੇ ਉਹਦੇ ਅੱਥਰੂ ਵਗਣ ਲੱਗਦੇ ਹਨ। ਗੁਰਮੇਜ ਉਹਦੇ ਮੋਢੇ ਤੇ ਹੱਥ ਰੱਖਦਾ ਹੈ, "ਹੌਸਲਾ ਕਰ ਭਾਊ, ਉਹਦੇ ਅੱਗੇ ਕਿਹਦਾ ਜ਼ੋਰ।" ਬਲਦੇਵ ਦੇ ਅੱਥਰੂ ਹੋਰ ਤੇਜ਼ ਹੋ ਜਾਂਦੇ ਹਨ ਜਿਵੇਂ ਰਾਤ ਦੀ ਬੱਝੀ ਗੰਢ ਕਿਸੇ ਨੇ ਖੋਹਲ ਦਿੱਤੀ ਹੋਵੇ। ਗੁਰਮੇਜ ਹਮਦਰਦੀ ਨਾਲ ਉਹਦਾ ਮੋਢਾ ਥਪਥਪਾਉਂਦਾ ਹੈ ਤੇ ਅੱਗੇ ਤੁਰ ਪੈਂਦਾ ਹੈ। ਬਲਦੇਵ ਦਾ ਦਿਲ ਕਰਦਾ ਹੈ ਕਿ ਉੱਡ ਕੇ ਸੁਰਜੀਤ ਕੋਲ ਪਹੁੰਚ ਜਾਵੇ ਤੇ ਰੱਜ ਕੇ ਰੋਵੇ। ਇਹੋ ਜਿਹੇ ਮੌਕੇ ਵੀ ਉਹ ਸੁਰਜੀਤ ਦੇ ਕੋਲ ਨਹੀਂ ਸੀ।

ਸੁਰਜੀਤ ਜੋ ਉਹਦਾ ਭਰਾ ਤਾਂ ਨਹੀਂ ਪਰ ਘੱਟ ਵੀ ਨਹੀਂ। ਬਚਪਨ ਦੀ ਯਾਰੀ ਹੈ ਦੋਹਾਂ ਦੀ। ਰਿਸ਼ਤੇਦਾਰੀਆਂ ਤੱਕ ਸਾਂਝੀਆਂ ਵਰਗੀਆਂ। ਜਿਹਦੇ ਘਰ ਬੈਠੇ ਉੱਥੇ ਰੋਟੀ ਖਾ ਲਈ। ਇਹ ਸਾਂਝ ਅਗਲੀ ਪੀੜੀ ਵਿੱਚ ਹੋਰ ਮਿੱਠੀ ਹੋ ਗਈ। ਗੁਰਮਿੰਦਰ ਤੇ ਦੇਵ ਭਰਾਵਾਂ ਵਾਂਗੂ ਰਹਿੰਦੇ। ਦੋਹਾਂ ਦੀਆਂ ਮਾਂਵਾਂ ਸਾਂਝੀਆਂ। ਦੇਵ ਦੀ ਦਾਦੀ ਦੋਹਾਂ ਦੀ ਦਾਦੀ ਤੇ ਦੇਵ ਦੀ ਭੈਣ ਦੋਹਾਂ ਦੀ ਭੈਣ। ਭੂਆ, ਮਾਸੀਆਂ ਨੂੰ ਜਾਪਦਾ ਜਿਵੇਂ ਉਹਨਾਂ ਦੇ ਇੱਕ ਨਹੀਂ ਦੋ-ਦੋ ਭਤੀਜੇ ਭਣੇਵੇਂ ਹੋਣ।

ਕੱਲ ਵੀ ਤਾਂ ਦੇਵ ਨੇ ਹੀ ਜ਼ਿਦ ਕੀਤੀ ਸੀ ਕਿ ਹਾਰ ਅੱਜ ਹੀ ਲੈ ਕੇ ਆਉਣੇ ਨੇ, ਫਿਰ ਪੈਰ ਤੇ ਨਹੀਂ ਭੱਜਿਆ ਜਾਣਾ। ਗੁਰਮਿੰਦਰ ਦੀ ਮਾਂ ਹਰਵੰਤ ਨੇ ਰੋਕਿਆ ਵੀ ਸੀ, "ਵੇ ਪਹਿਲਾਂ ਜਿੱਤ ਤਾਂ ਲਉ, ਫਿਰ ਹਾਰ ਵੀ ਲੈ ਆਇਓ।" ਦੇਵ ਨੇ ਝੱਟ ਜਵਾਬ ਦਿੱਤਾ ਸੀ, "ਲੈ ਜਿੱਤਣ ਵਿੱਚ ਕੋਈ ਕਸਰ ਆ ਆਂਟੀ, ਸਾਡੀਆਂ ਉਂਗਲਾਂ ਤੇ ਗਿਣੀਆਂ ਪਈਆਂ ਵੋਟਾਂ।" ਤੇ ਦੋਵੇਂ ਮੋਟਰਸਾਈਕਲ ਤੇ ਸ਼ਹਿਰ ਵੱਲ ਚੱਲ ਪਏ ਸਨ। ਦੋ ਘੰਟੇ ਬਾਅਦ ਕਿਸੇ ਦਾ ਫ਼ੋਨ ਆਇਆ ਸੀ। ਐਕਸੀਡੈਂਟ ਦਾ ਤਾਂ ਕਹਿੰਦੇ ਨਾਂ ਹੀ ਮਾੜਾ। ਦੇਵ ਵਿਚਾਰਾ ਤਾਂ ਮੌਕੇ ਤੇ ਹੀ...। ਗੁਰਮਿੰਦਰ ਦੀ ਸਮਝੋ ਜਿਵੇਂ ਵਧੀ ਸੀ।

ਬਲਦੇਵ ਦਾ ਧਿਆਨ ਤਾਂ ਗੁਰਮਿੰਦਰ ਵਿੱਚ ਹੈ ਪਰ ਬਲਬੀਰ ਆਪਣੇ ਤੌਰ ਪੂਰੀ ਵਾਹ ਲਾ ਰਿਹਾ ਹੈ। ਬਲਦੇਵ ਨਾਲ ਉਹਦੀ ਸੁਰਜੀਤ ਵਰਗੀ ਸਾਂਝ ਤਾਂ ਨਹੀਂ ਪਰ ਹਰ ਸਲਾਹ ਵਿੱਚ ਸ਼ਾਮਲ ਹੁੰਦਾ ਹੈ। ਠਾਣੇ-ਬਠਾਣੇ ਦਾ ਕੰਮ ਹੋਵੇ ਭਾਵੇਂ ਐਮ.ਐਲ.ਏ ਕੋਲ ਜਾਣਾ ਹੋਵੇ ਬਲਬੀਰ ਜ਼ਰੂਰ ਨਾਲ ਹੁੰਦਾ ਹੈ। ਬਲਦੇਵ ਦੇ ਧੜੇ ਦਾ ਪੱਕਾ ਬੰਦਾ ਹੈ ਬਲਬੀਰ। ਉਹਦਾ ਮੰਨਣਾ ਹੈ ਕਿ ਧੜੇ ਤੋਂ ਬਗੈਰ ਤਾਂ ਬੰਦਾ ਪਿੰਡ 'ਚ ਰਹਿ ਹੀ ਨਹੀਂ ਸਕਦਾ। ਧੜੇ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਰਹਿੰਦਾ ਹੈ। ਜਦੋਂ ਪੁਲੀਸ ਨੇ ਸਾਰਿਆਂ ਨੂੰ ਲਾਈਸੈਂਸੀ ਹਥਿਆਰ ਜ਼ਮ੍ਹਾ ਕਰਾਉਣ ਨੂੰ ਕਿਹਾ ਤਾਂ ਉਹਨੇ ਆਪਣੇ ਗੰਨ-ਹਾਊਸ ਵਾਲੇ ਯਾਰ ਨਾਲ ਮਿਲ ਕੇ ਰਸੀਦ ਲੈ ਲਈ ਅਤੇ ਆਪਣਾ ਪਿਸਟਲ ਆਪਣੇ ਕੋਲ ਹੀ ਰੱਖ ਲਿਆ। ਇਹ ਹੁਣ ਵੀ ਉਹਦੀ ਡੱਬ ਵਿੱਚ ਹੈ। ਤਾਂ ਹੀ ਗੁਰਮੇਜ ਨਾਲ ਗੱਲ ਕਰਨ ਵੇਲੇ ਉਹ ਥੋੜ੍ਹਾ ਹਟ ਕੇ ਖਲੋ ਗਿਆ ਸੀ, ਪੋਜੀਸ਼ਨ ਲੈਣ ਵਾਲਿਆਂ ਵਾਂਗ। ਪੈਸੇ ਵੰਡਣ ਦਾ ਸਾਰਾ ਕੰਮ ਵੀ ਉਹਦੇ ਰਾਹੀਂ ਹੀ ਹੋਇਆ ਹੈ। ਸੁਰਜੀਤ ਨੇ ਇੱਕ ਵਾਰ ਕਿਹਾ ਸੀ ਬਲਦੇਵ ਨੂੰ, "ਯਾਰ ਬਲਬੀਰ ਨਾਲ ਕੋਈ ਹਿਸਾਬ ਕਿਤਾਬ ਵੀ ਕਰ ਲਿਆ ਕਰ।" ਪਰ ਬਲਦੇਵ ਨੇ ਅੱਗੋਂ ਕਿਹਾ ਸੀ, "ਨਹੀਂ ਯਾਰ, ਬਲਬੀਰ 'ਤਬਾਰ ਆਲਾ ਬੰਦਾ, ਤੈਨੂੰ ਤੇ ਪਤਾ।" ਅਤੇ ਬਲਬੀਰ ਨੇ ਵੀ ਕਦੇ 'ਤਬਾਰ ਡੋਲਣ ਨਹੀਂ ਸੀ ਦਿੱਤਾ।

ਹੁਣ ਤਿੰਨ ਵੱਜੇ ਹਨ ਜਦੋਂ ਗੁਰਮਿੰਦਰ ਆਇਆ ਹੈ। ਬਲਦੇਵ ਕਾਹਲੀ ਨਾਲ ਉਹਦੇ ਵੱਲ ਹੋ ਤੁਰਿਆ ਹੈ। ਰੋ ਰੋ ਕੇ ਮੁੰਡੇ ਦੀਆਂ ਅੱਖਾਂ ਸੁੱਜੀਆਂ ਪਈਆਂ ਨੇ। ਉਹ ਆਉਂਦਾ ਹੀ ਕੁਰਸੀ ਤੇ ਢਹਿ ਜਾਂਦਾ ਹੈ। ਕਿਸੇ ਨੇ ਉਹਨੂੰ ਪਾਣੀ ਦਾ ਗਿਲਾਸ ਦਿੱਤਾ ਹੈ। ਅੱਧਾ ਕੁ ਪੀ ਕੇ ਬਾਕੀ ਉਹਨੇ ਹੇਠਾਂ ਰੱਖ ਦਿੱਤਾ ਹੈ। ਬਲਬੀਰ ਬੋਲਦਾ ਹੈ, "ਚਾਹ ਲਿਆਵਾਂ ਪੁੱਤ?" ਗੁਰਮਿੰਦਰ ਬਿਨਾ ਉੱਪਰ

ਗੁਨਾਹ ਕਰਕੇ ਬੜਾ ਔਖਾ ਹੈ ਸੱਚ ਦਾ ਸਾਹਮਣਾ ਕਰਨਾ,<br>
ਸੋ ਜਦ ਵੀ ਝੂਠ ਬੋਲਾਂ ਮੈਂ, ਤਾਂ ਸ਼ੀਸ਼ਾ ਤੋੜ ਦਿੰਦਾ ਹਾਂ। -ਰਮਨ ਸੰਧੂ

ਵੇਖੇ, "ਨਹੀਂ ਚਾਚਾ" ਆਖਦਾ ਹੈ। ਬਲਦੇਵ ਉਹਦੇ ਨੇੜੇ ਹੁੰਦਾ ਹੈ ਅਤੇ ਬੜੀ ਮੁਸ਼ਕਲ ਨਾਲ ਮੂੰਹ ਵਿੱਚੋਂ ਸ਼ਬਦ ਕੱਢਦਾ ਹੈ, "ਮੁਲਾਹਜ਼ਾ ਹੋ ਗਿਆ ਪੁੱਤ?" ਗੁਰਮਿੰਦਰ ਉਹਦੇ ਵੱਲ ਵੇਖਦਾ ਹੈ ਤੇ ਹੌਲੀ ਜਿਹੀ ਕਹਿੰਦਾ ਹੈ, "ਹਾਂ ਡੈਡੀ ਲੈ ਆਏ... ਤੁਸੀਂ ਚੱਲਦੇ ਉਧਰ, ਸੁਰਜੀਤ ਅੰਕਲ ਦਾ ਬੁਰਾ ਹਾਲ ਆ।" ਬਲਦੇਵ ਦੇ ਦਿਲ ਵਿੱਚ ਹੌਕਾ ਜਿਹਾ ਉੱਠਦਾ ਹੈ। ਪਿੱਛੋਂ ਬਲਬੀਰ ਬੋਲਦਾ ਹੈ, "ਚੱਲਦੇ ਆਂ ਪੁੱਤ, ਬੱਸ ਆਹ ਵੋਟਾਂ ਦਾ ਕੰਮ ਮੁਕਾ ਲਈਏ।" ਫਿਰ ਚੁੱਪ ਛਾ ਜਾਂਦੀ ਹੈ। ਕੁਝ ਪਲਾਂ ਬਾਅਦ ਬਲਬੀਰ ਗੁਰਮਿੰਦਰ ਨੂੰ ਇੱਕ ਪਰਚੀ ਫੜਾਉਂਦਾ ਕਹਿੰਦਾ ਹੈ, "ਜਾਹ ਵੋਟ ਪਾਇਆ ਪੁੱਤ,ਨਾਲੇ ਮੇਘੇ ਕੇ ਨਹੀਂ ਆਏ ਅਜੇ, ਕਿਸੇ ਨੂੰ ਨਾਲ ਲੈ ਕੇ ਉਹ ਵੋਟਾਂ ਵੀ ਭੁਗਤਾ ਲੈ, ਐਹੋ ਵੇਲਾ ਆ ਬੱਸ।"

ਮੇਘੇ ਕਿਆਂ ਵੱਲ ਬਲਬੀਰ ਦਾ ਸਵੇਰ ਤੋਂ ਹੀ ਧਿਆਨ ਸੀ। ਨਿੱਕੀ ਜਿਹੀ ਗੱਲ ਤੋਂ ਵਿੱਟਰ ਬੈਠੇ ਸੀ। ਅਖੇ, "ਚਾਚਾ ਬਲਦੇਵ ਤਾਂ ਤਾਏ ਰੇਸ਼ਮ ਵੱਲ ਈ ਬਾਹਲਾ ਬਹਿੰਦਾ। ਅਸੀਂ ਤੇ ਬੱਸ ਵੋਟਾਂ ਵੇਲੇ ਚੇਤੇ ਆਉਂਦੇ ਆਂ।" ਮੇਘੇ ਦਾ ਸਕਾ ਤਾਇਆ ਸੀ ਰੇਸ਼ਮ ਸਿਹੁੰ। ਬਲਦੇਵ ਅਤੇ ਸੁਰਜੀਤ ਦਾ ਚੰਗਾ ਬਹਿਣ ਉੱਠਣ ਸੀ ਉਹਦੇ ਨਾਲ।ਭਾਵੇਂ ਕਿ ਪਹਿਲਾਂ ਉਹ ਮੇਘੇ ਦੇ ਬਾਪ ਕੋਲ ਹੀ ਆ ਕੇ ਬਹਿੰਦੇ ਸਨ।ਸਗੋਂ ਇਸ ਟੱਬਰ ਨਾਲ ਬਲਦੇਵ ਦੀ ਸਾਂਝ ਹੀ ਮੇਘੇ ਦੇ ਬਾਪ ਕਰਕੇ ਬਣੀ ਸੀ। ਪਰ ਜਦ ਮੇਘੇ ਦਾ ਬਾਪ ਪੂਰਾ ਹੋ ਗਿਆ ਤਾਂ ਉਹ ਰੇਸ਼ਮ ਕੋਲੇ ਬਹਿਣ ਲੱਗ ਪਏ। ਮੇਘਾ ਭਾਵੇਂ ਨਿਆਣਾ ਨਹੀਂ ਸੀ ਉਦੋਂ, ਤਾਂ ਵੀ ਪਿਉ ਦੇ ਹਾਣੀਆਂ ਨਾਲੋਂ ਤਾਂ ਛੋਟਾ ਹੀ ਸੀ। ਮੇਘੇ ਨੂੰ ਇਹ ਤਬਦੀਲੀ ਚੰਗੀ ਨਾ ਲੱਗੀ। ਬੱਸ ਐਵੇਂ ਸ਼ਰੀਕੇ ਦਾ ਸਾੜਾ ਸਮਝੋ ਲਉ। ਰੁੱਸ ਗਿਆ ਕਿ ਵੋਟਾਂ ਵੀ ਤਾਏ ਕੋਲੋਂ ਹੀ ਪਵਾ ਲਉ। ਬਲਦੇਵ ਹੋਰਾਂ ਬਥੇਰਾ ਮਿੰਨਤ ਤਰਲਾ ਕੀਤਾ ਪਰ ਗੱਲ ਬਣਦੀ ਨਾ ਦਿਸੀ। ਆਖ਼ਰ ਗੁਰਮਿੰਦਰ ਇਕੱਲਾ ਮੇਘੇ ਕੋਲ ਜਾ ਬੈਠਾ, "ਵੇਖ ਭਾਊ ਮੇਘਾ ਸਿਆਂ, ਪਹਿਲੀ ਪੀੜ੍ਹੀ ਦੀ ਨਿਕਲ ਗਈ ਡੈਡੀ ਹੋਰਾਂ ਨਾਲ, ਵੇਖ ਕਿਵੇਂ ਭਰਾਵਾਂ ਵਾਂਗ ਨਿਭਦੇ ਰਹੇ। ਹੁਣ ਆਪਾਂ ਭਰਾਵਾਂ ਨੇ ਅਗਾਂਹ ਇਹ ਸਾਂਝ ਨਿਭਾਉਣੀ ਆ। ਇਹ ਇਲੈਕਸ਼ਨ ਹੁਣ ਆਪਣੀ ਸਾਰਿਆਂ ਦੀ ਸਾਂਝੀ ਆ।ਹੁਣ ਤੂੰ ਮੇਰਾ ਭਰਾ ਆਪ ਅੱਗੇ ਲੱਗ।" ਮੇਘੇ ਨੇ ਹਾਂ ਤਾਂ ਕਰ ਦਿੱਤੀ ਪਰ ਉਹ ਨਾਲ ਨਾ ਤੁਰਿਆ। ਇਸ ਕਰਕੇ ਪੱਕਾ ਯਕੀਨ ਜਿਹਾ ਨਹੀਂ ਸੀ ਬਣ ਰਿਹਾ। ਸਭ ਤੋਂ ਵੱਡਾ ਡਰ ਸੀ ਕਿ ਮੇਘੇ ਦਾ ਸਾਂਢੂ ਦੋ ਗੇੜੇ ਮਾਰ ਗਿਆ ਸੀ। ਗੁਰਮੇਜ ਦੀ ਆਪਣੇ ਸਹੁਰਿਆਂ ਵੱਲੋਂ ਮੇਘੇ ਦੇ ਸਾਂਢੂ ਵੱਲ ਕੋਈ ਸਕੀਰੀ ਨਿਕਲਦੀ ਸੀ। ਇਸ ਗੱਲ ਦਾ ਬਲਦੇਵ ਹੋਰਾਂ ਨੂੰ ਪਤਾ ਸੀ। ਇਸੇ ਲਈ ਸਕੀਮ ਇਹ ਸੀ ਕਿ ਵੋਟਾਂ ਵਾਲੇ ਦਿਨ ਗੁਰਮਿੰਦਰ ਆਪ ਸਵੇਰੇ ਹੀ ਮੇਘੇ ਹੋਰਾਂ ਵੱਲ ਜਾਵੇ ਅਤੇ ਨਾਲ ਲਿਆ ਕੇ ਪਹਿਲੀਆਂ 'ਚ ਹੀ ਵੋਟਾਂ ਭੁਗਤਾ ਲਵੇ। ਪਰ ਹੁਣ ਗੁਰਮਿੰਦਰ ਤਾਂ ਇਥੇ ਹੈ ਹੀ ਨਹੀਂ ਸੀ। ਮੇਘੇ ਕੀਆਂ ਵੋਟਾਂ ਅਜੇ ਕਿਸੇ ਪਾਸੇ ਵੀ ਨਹੀਂ ਸਨ ਭੁਗਤੀਆਂ।

ਗੁਰਮਿੰਦਰ ਪਰਚੀ ਫੜ ਕੇ ਸਕੂਲ ਵੱਲ ਤੁਰ ਪਿਆ ਹੈ। ਚੁੱਪ-ਚਾਪ ਵੋਟ ਪਾ ਕੇ ਬਾਹਰ ਆਉਂਦਾ ਹੈ, ਆਪਣੇ ਕੈਂਪ ਵੱਲ ਵੇਖਣ ਲੱਗਦਾ ਹੈ ਤੇ ਫਿਰ ਦੇਵ ਦੇ ਘਰ ਵੱਲ ਹੋ ਤੁਰਦਾ ਹੈ।

.........

ਪੰਜ ਵੱਜ ਗਏ ਹਨ। ਵੋਟਾਂ ਦਾ ਕੰਮ ਖਤਮ ਹੋ ਗਿਆ ਹੈ। ਗਿਣਤੀ ਦੀਆਂ ਤਿਆਰੀਆਂ ਹੋ ਰਹੀਆਂ ਹਨ। ਦੋਹਾਂ ਧਿਰਾਂ ਦੇ ਬੰਦੇ ਵੱਖ ਵੱਖ ਖੜੇ ਹਨ। ਤਣਾਅ ਅਤੇ ਉਤਸੁਕਤਾ ਹੈ। ਗਣਿਤੀ ਕੇਂਦਰ ਦੇ ਅੰਦਰ ਤਣਾਅ ਹੋਰ ਸੰਘਣਾ ਹੈ। ਬਲਬੀਰ, ਬਲਦੇਵ ਦੇ ਕੋਲ ਪੈੱਨ ਅਤੇ ਕਾਗਜ਼ ਲਈ ਬੈਠਾ ਹੈ। ਵੋਟਾਂ ਦੀ ਗਿਣਤੀ ਸ਼ੁਰੂ ਹੋਈ ਹੈ। ਗਿਣਤੀ ਮੁਲਾਜ਼ਮ ਦੱਸਦਾ ਹੈ, 'ਕੁੱਲ ਤੇਰਾਂ ਸੌ ਨੱਬੇ ਪੋਲ ਹੋਈਆਂ ਹਨ। ਬਲਬੀਰ ਅੱਧ ਕਰਦਾ ਹੈ। ਛੇ ਸੌ ਪਚਾਨਵੇਂ ਬਣਦਾ ਹੈ। ਉਹਦੇ ਦਿਮਾਗ ਵਿੱਚ ਛੇ ਸੌ ਛਿਆਨਵੇਂ ਦਾ ਅੰਕੜਾ ਛਪ ਜਾਂਦਾ ਹੈ। ਵੋਟਾਂ ਚੋਣ ਨਿਸ਼ਾਨ ਮੁਤਾਬਕ ਵੱਖਰੀਆਂ ਕੀਤੀਆਂ ਜਾਂਦੀਆਂ ਹਨ। ਗਿਣਤੀ ਮੁਲਾਜ਼ਮ ਫਿਰ ਦੱਸਦਾ ਹੈ, "ਅੱਠ ਵੋਟਾਂ ਰੱਦ ਹੋਈਆਂ ਹਨ।" ਹੁਣ ਬਲਦੇਵ ਦੇ ਦਿਮਾਗ ਵਿੱਚ ਛੇ ਸੌ ਬਾਨਵੇਂ ਦਾ ਅੰਕੜਾ ਹੈ। ਬਲਦੇਵ ਅਤੇ ਗੁਰਮੇਜ ਦੀਆਂ ਵੋਟਾਂ ਦੇ ਅਲੱਗ ਅਲੱਗ ਬੰਡਲ ਬਣਾਏ ਗਏ ਹਨ। ਵੇਖਣ ਨੂੰ ਦੋਵੇਂ ਬਰਾਬਰ ਲੱਗਦੇ ਹਨ। ਸਾਰਿਆਂ ਦੇ ਦਿਮਾਗ ਅੰਦਰਲਾ ਤਣਾਅ ਸਿਖ਼ਰ ਤੇ ਹੈ। ਸਿਰਫ਼ ਬਲਦੇਵ ਹੀ ਭਾਵਹੀਣ ਜਿਹਾ ਬੈਠਾ ਹੈ। ਪਹਿਲਾਂ ਬਲਦੇਵ ਦੀਆਂ ਵੋਟਾਂ ਦੀ ਗਿਣਤੀ ਹੁੰਦੀ ਹੈ। ਸੌ... ਦੋ ਸੌ... ਤਿੰਨ ਸੌ... ਛੇ ਸੌ...। ਛੇ ਸੌ ਤੇ ਆ ਕੇ ਸਾਰਿਆਂ ਦੇ ਸਾਹ ਰੁਕ ਗਏ ਹਨ। ਬਲਬੀਰ ਦਾ ਧਿਆਨ ਗਿਣਤੀ ਮੁਲਾਜ਼ਮਾਂ ਦੇ ਹੱਥਾਂ ਵਿੱਚਲੀਆਂ ਵੋਟਾਂ ਵੱਲ ਹੈ ਜੋ ਤੇਜ਼ੀ ਨਾਲ ਘੱਟ ਰਹੀਆਂ ਹਨ ਪਰ ਉਹਨੂੰ ਪੂਰੀ ਉਮੀਦ ਹੈ ਕਿ ਬਾਨਵੇਂ ਤੋਂ ਪਹਿਲਾਂ ਨਹੀਂ ਮੁੱਕਦੀਆਂ। ਗਿਣਤੀ ਮੁਲਾਜ਼ਮ ਉੱਚੀ ਬੋਲ ਕੇ ਗਿਣਤੀ ਕਰ ਰਿਹਾ ਹੈ। ਅਠਾਸੀ ਉਨਾਨਵੇਂ...ਨੱਬੇ। ਅਤੇ ਨੱਬੇ ਤੇ ਆ ਕੇ ਬਲਦੇਵ ਦੀਆਂ ਵੋਟਾਂ ਮੁੱਕ ਗਈਆਂ ਹਨ। ਬਲਬੀਰ ਦੇ ਮੂੰਹੋਂ ਹੌਲੀ ਜਿਹੀ ਨਿਕਲਦਾ ਹੈ, "ਭਾਊ ਆਪਾਂ ਹਾਰ ਗਏ।" ਬਲਦੇਵ ਉਹਦੇ ਮੂੰਹ ਵੱਲ ਵੇਖਦਾ ਹੈ ਤੇ ਪਹਿਲਾਂ ਵਾਂਙ ਨੀਵੀਂ ਪਾ ਲੈਂਦਾ ਹੈ। ਫਿਰ ਗੁਰਮੇਜ ਦੀਆਂ ਵੋਟਾਂ ਦੀ ਗਿਣਤੀ ਹੁੰਦੀ ਹੈ। ਤਿੰਨ ਸੌ ਬਾਨਵੇਂ ਨਿਕਲਦੀਆਂ ਹਨ। ਬਲਦੇਵ ਦੋ ਵੋਟਾਂ ਤੇ ਹਾਰ ਚੁੱਕਾ ਹੈ।

ਗੁਰਮੇਜ ਦੇ ਕੈਂਪ ਵਿੱਚ ਲਲਕਾਰੇ ਵੱਜ ਰਹੇ ਹਨ। ਬਲਦੇਵ ਦੇ ਕੈਂਪ ਵਿੱਚ ਨਿਰਾਸ਼ਾ ਹੈ। ਬਲਦੇਵ ਆਪਣੇ ਸਾਥੀਆਂ ਨਾਲ ਘਰ ਨੂੰ ਤੁਰ ਪਿਆ ਹੈ। ਘਰ ਅੱਪੜ ਕੇ ਸਾਥੀ ਬਾਹਰ ਹਵੇਲੀ ਵਿੱਚ ਬੈਠ ਗਏ ਹਨ। ਬਲਦੇਵ ਘਰ ਦੇ ਅੰਦਰ ਚਲਾ ਜਾਂਦਾ ਹੈ। ਅੰਦਰ ਜਾ ਕੇ ਕੁਰਸੀ ਤੇ ਇੱਕ ਤਰਾਂ ਢਹਿ ਜਿਹਾ ਪੈਂਦਾ ਹੈ। ਹਰਵੰਤ ਉਦਾਸ ਅੱਖਾਂ ਨਾਲ ਉਹਦੇ ਵੱਲ ਵੇਖਦੀ ਹੈ। ਪਾਣੀ ਦਾ ਗਲਾਸ ਲਿਆ ਕੇ ਦੇਂਦੀ ਹੈ। ਚੁੱਪ ਤਣਾਅ ਨੂੰ ਹੋਰ ਵਧਾ ਰਹੀ ਹੈ। ਕੁਝ ਪਲਾਂ ਬਾਅਦ ਹਰਵੰਤ ਚੁੱਪ ਤੋੜਦੀ ਹੈ, "ਤੁਸੀ ਦਿਲ 'ਤੇ ਨਾ ਲਾਇਉ, ਵੋਟਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ।" ਬਲਦੇਵ ਉਹਦੇ ਵੱਲ ਵੇਖਦਾ ਹੈ ਤੇ ਫਿਰ ਨੀਵੀਂ ਪਾ ਲੈਂਦਾ ਹੈ। ਚੁੱਪ ਫਿਰ ਛਾ ਜਾਂਦੀ ਹੈ। ਹਰਵੰਤ ਫਿਰ ਬੋਲਦੀ ਹੈ, "ਆਪਾਂ ਸੁਰਜੀਤ ਵੀਰ ਵੱਲ ਜਾਂਦੇ... ਮੈਂ ਮੁੰਡੇ ਦਾ ਮੂੰਹ ਵੇਖਣਾ।" ਨਾਲ ਹੀ ਉਹਦੀ ਭੁੱਬ ਨਿਕਲ ਜਾਂਦੀ ਹੈ। ਬਲਦੇਵ ਦੇ ਵੀ ਅੱਥਰੂ ਵੱਗਣ ਲੱਗਦੇ ਹਨ। ਉਹਦਾ ਦਿਲ ਕਰਦਾ ਹੈ ਉੱਚੀ ਉੱਚੀ ਰੋਵੇ, ਪਰ ਰੋਂਦਾ ਨਹੀਂ। ਲੋਕ ਕਹਿਣਗੇ ਸਰਪੰਚੀ ਹਾਰ ਗਿਆ ਤਾਂ ਰੋਂਦਾ।

ਹਰਵੰਤ ਆਪਣੇ ਆਪ ਨੂੰ ਥੋੜ੍ਹਾ ਸਥਿਰ ਕਰਦੀ ਹੈ। ਉਹ ਕੱਲ੍ਹ ਦੀ ਇੰਜ ਹੀ ਕਰ ਰਹੀ ਸੀ।ਦਿਲ ਡੁੱਬਦਾ ਸੀ ਪਰ ਉਹ ਕਿਸੇ ਤਰਾਂ ਖੁਦ ਨੂੰ ਸਥਿਰ ਕਰ ਰਹੀ ਸੀ। ਦੇਵ ਜਿਹਨੂੰ ਉਹ ਪੁੱਤ ਕਹਿੰਦੀ ਸੀ। ਉਹਦੀ ਮਾਂ ਨਾਲ ਕਦੇ ਕਦੇ ਦਿਲ ਵਿੱਚ ਗਿਲਾ ਵੀ ਕਰਦੀ ਸੀ ਕਿ ਉਹ ਗੁਰਮਿੰਦਰ ਨੂੰ ਪੁੱਤ ਨਹੀਂ ਕਹਿੰਦੀ, ਸਗੋਂ ਗੁਰਮਿੰਦਰ ਕਹਿ ਕੇ ਹੀ ਸੱਦਦੀ ਸੀ। ਕਈ ਵਾਰ ਕਹਿੰਦੀ,

ਹਿਕ ਹਿਕ ਕੇ ਜ਼ਮਾਨਾ ਇਹ, ਅੱਗੇ ਹੀ ਲਾ ਲੈਂਦਾ ਹੈ,
ਅਜ਼ਲਾਂ ਤੋਂ ਜ਼ਮਾਨੇ ਦੇ, ਹੁਕਮਾਂ 'ਤੇ ਤੁਰੀ ਆਵਾਂ। -(ਅਗਲੇ ਸਫ਼ੇ 'ਤੇ)

"ਗੁਰਮਿੰਦਰ ਵੀ ਮੈਨੂੰ ਪੁੱਤਾਂ ਵਰਗਾ ਹੀ ਹੈ।" ਹਰਵੰਤ ਨੂੰ ਬੁਰਾ ਲੱਗਦਾ ਕਿ ਸਿਰਫ਼ ਪੁੱਤਾਂ 'ਵਰਗਾ' ਹੀ ਕਿਉਂ? ਪੁੱਤ ਕਿਉਂ ਨਹੀਂ?

ਹਰਵੰਤ ਮੂੰਹ ਧੋ ਕੇ ਬਲਦੇਵ ਨੂੰ ਚੱਲਣ ਲਈ ਕਹਿੰਦੀ ਹੈ। ਬਲਦੇਵ ਉੱਠ ਕੇ ਬਾਹਰ ਆਉਂਦਾ ਹੈ ਤਾਂ ਅੱਗੇ ਬਲਬੀਰ ਖੜ੍ਹਾ ਹੈ, "ਭਾਊ ਤੈਨੂੰ ਬੰਦੇ ਸੱਦਦੇ, ਹਵੇਲੀ।" ਬਲਦੇਵ ਉਹਦੇ ਨਾਲ ਹਵੇਲੀ ਨੂੰ ਚੱਲ ਪੈਂਦਾ ਹੈ। ਹਵੇਲੀ ਵਿੱਚ ਪੈਂਤੀ ਚਾਲੀ ਲੋਕ ਬੈਠੇ ਹਨ। ਕੁਝ ਮੰਜਿਆਂ ਤੇ ਅਤੇ ਬਾਕੀ ਪਰਾਲੀ ਦੀ ਲੱਗੀ ਦੰਨ ਨਾਲ ਢੋਅ ਲਾ ਕੇ। ਕਾਲੇ ਅਤੇ ਸੇਮੇ ਨੇ ਜੱਗ ਅਤੇ ਗਲਾਸ ਸੰਭਾਲਿਆ ਹੋਇਆ ਹੈ। ਪਰਾਲੀ ਵਾਲੇ ਬੰਦਿਆਂ ਵੱਲੋਂ ਵਰਤਾਉਣੀ ਸ਼ੁਰੂ ਕਰ ਦਿੱਤੀ ਹੈ। ਬਲਦੇਵ ਮੰਜੇ ਤੇ ਨੀਵੀਂ ਪਾ ਕੇ ਬਹਿ ਗਿਆ ਹੈ। ਕੁਝ ਪਲ ਚੁੱਪ ਬਣੀ ਰਹਿੰਦੀ ਹੈ। ਫਿਰ ਕੋਈ ਬੋਲਦਾ ਹੈ, "ਥੋੜ੍ਹੀ ਕਸਰ ਰਹਿ ਗਈ ਭਾਊ ਬਲਦੇਵ ਸਿਹਾਂ।" ਬਲਦੇਵ ਕੋਈ ਹੁੰਗਾਰਾ ਨਹੀਂ ਭਰਦਾ। ਵਿੱਚੋਂ ਕੋਈ ਹੋਰ ਬੋਲਦਾ ਹੈ, "ਗੱਲ ਤੇ ਠੀਕ ਆ, ਪਰ ਜਿੱਤ ਤੇ ਜਿੱਤ ਹੁੰਦੀ ਆ ਭਾਵੇਂ ਇੱਕ ਵੋਟ ਦੀ ਹੋਵੇ। ਪੰਜਾਂ ਸਾਲਾਂ ਦੀ ਸਰਪੰਚੀ, ਸਾਰੇ ਭਰਾਵਾਂ ਦਾ ਮਾਣ। ਪਿਛਲੀ ਵਾਰ ਸੱਤਰਾਂ ਤੇ ਜਿੱਤੇ ਸੀ।" ਕੋਈ ਹੋਰ ਅਵਾਜ਼ ਆਉਂਦੀ ਹੈ, 'ਅਸਲ 'ਚ ਭਾਊ ਹੁਣ ਲੋਕਾਂ ਦਾ ਕੋਈ 'ਤਬਾਰ 'ਨੀ ਰਹਿ ਗਿਆ।" ਹੁਣ ਬਲਬੀਰ ਬੋਲਦਾ ਹੈ, "ਹਾਂ ਭਾਊ ਜਿਹਨਾਂ ਵੱਲ ਪੈਸੇ ਗਏ ਜੇ ਉਹੋ ਪੈ ਜਾਂਦੀਆਂ ਤਾਂ ਘੱਟੋ-ਘੱਟ ਸੌ ਤੇ ਜਿੱਤਦੇ।" ਨਾਲ ਹੀ ਉਹ ਬੀਰੇ ਵੱਲ ਵੇਂਹਦਾ ਹੈ। ਬੀਰੇ ਨੂੰ ਲਗਦਾ ਹੈ ਕਿ ਉਹਨੂੰ ਲਾ ਕੇ ਗੱਲ ਕੀਤੀ ਹੈ ਬਲਬੀਰ ਨੇ. ਉਹ ਥੋੜ੍ਹਾ ਰੰਜ ਜਿਹੀ ਵਿੱਚ ਬੋਲਦਾ ਹੈ, "ਭਾਊ ਬਾਕੀਆਂ ਦਾ ਤੇ ਪਤਾ 'ਨੀਂ ਪਰ ਜਿਹਨਾਂ ਨੂੰ ਮੈਂ ਦਿਵਾਏ, ਉਹ ਇੱਕ-ਇੱਕ ਭੁਗਤੀ ਆਪਾਂ ਨੂੰ, ਭਾਵੇਂ ਸਵੇਰੇ ਮੈਨੂੰ ਗੁਰੂ ਘਰ ਚੜ੍ਹਾ ਲਉ। ਗੱਲ ਹੋਰ ਪਾਸੇ ਜਾਂਦੀ ਵੇਖ ਲਾਗਿਉਂ ਰਾਣਾ ਬੋਲਦਾ ਹੈ, "ਨਹੀਂ ਬੀਰ੍ਹਾ ਸਿਹਾਂ ਤੇਰੀ ਗੱਲ ਨਹੀਂ ਕੀਤੀ ਬਲਬੀਰ ਸੁੰਹ ਨੇ, ਉਹ ਤੇ ਵੈਸੇ ਆਂਹਦਾ ਬਈ ਅੱਜ ਕੱਲ ਲੋਕੀਂ ਪੈਸੇ ਲੈ ਕੇ ਵੀ ਮਰ ਜਾਂਦੇ ਆ, ਗਰੀਬ ਬੰਦੇ ਨੇ ਹਰ ਪਾਸਿਉਂ ਪੈਸੇ ਫੜੀ ਜਾਣੇ, ਫਿਰ ਵੋਟ ਪਤਾ ਨੀਂ ਕਿਥੇ ਪਾ ਦੇਣੀ।"

ਗੁਰਮੁਖ ਸਿੰਘ ਜੋ ਹੁਣ ਤੱਕ ਚੁੱਪ ਕਰਕੇ ਸੁਣ ਰਿਹਾ ਹੈ। ਉਹਨੂੰ ਪਿੰਡ ਦੇ ਲੋਕ 'ਸਿਆਣਾ'ਕਹਿੰਦੇ ਹਨ। ਅੱਧੇ ਉਹਦੀ ਸਿਆਣਪ ਕਰਕੇ ਅਤੇ ਅੱਧੇ ਉਹਦੇ ਨਾਲ ਈਰਖਾ ਕਰਕੇ ਮਖੌਲ ਵਜੋਂ। ਉਹ ਬੋਲਿਆ ਹੈ, "ਭਰਾਉ, ਇਥੇ ਹਰ ਵੋਟ ਵਿਕਾਊ ਹੈ, ਕੋਈ ਨਕਦ ਪੈਸਿਆਂ ਨਾਲ ਵਿਕ ਜਾਂਦੀ, ਕੋਈ ਮੁਆਫ਼ੀਆਂ, ਸਹੂਲਤਾਂ ਨਾਲ, ਕੋਈ ਨੀਤੀਆਂ ਵਿੱਚ ਪੱਖਪਾਤੀਆਂ ਨਾਲ ਤੇ ਕੋਈ ਜਾਤਾਂ, ਧਰਮਾਂ ਨਾਲ। ਜਿਹੜੀ ਵੋਟ ਹੋਰ ਕਿਸੇ ਤਰਾਂ ਨਾ ਵਿਕੇ ਉਹ ਚੌਧਰ ਤੇ ਵਿਕ ਜਾਂਦੀ। ਹਰ ਮੱਥਾ ਪੜ੍ਹ ਕੇ ਵੇਖਿਉ ਐਮ.ਆਰ.ਪੀ. ਲਿਖੀ ਦਿ ਪਊ।

ਰਾਣੇ ਦੇ ਮੂਹੋਂ 'ਮਰ ਜਾਂਦੇ' ਸੁਣ ਕੇ ਬਲਦੇਵ ਨੇ ਹੌਕਾ ਜਿਹਾ ਲਿਆ ਹੈ। ਮੂੰਹ ਉਤਾਂਹ ਕੀਤਾ ਹੈ।ਉੱਠਣ ਹੀ ਲੱਗਾ ਹੈ ਕਿ ਕਿਸੇ ਨੇ ਗਲਾਸ ਮੂੰਹ ਨੂੰ ਲਾਉਂਦਿਆਂ ਫਿਰ ਗੱਲ ਤੋਰ ਲਈ ਹੈ, "ਤੂੰ ਚਿੰਤਾ ਨਾ ਕਰ ਭਾਊ ਬਲਦੇਵ ਸਿਹਾਂ, ਸਾਡੇ ਭਾਅ ਦਾ ਤੂੰ ਈ ਸਰਪੰਚ ਐ, ਆਪਾਂ ਸਾਰੇ ਭਰਾ 'ਕੱਠੇ ਆਂ।" ਬਲਦੇਵ ਨੇ ਫਿਰ ਨੀਵੀਂ ਪਾ ਲਈ ਹੈ। ਉੱਠਦਿਆਂ ਕਰਦਿਆਂ ਨੂੰ ਉਹਨੂੰ ਰਾਤ ਦੇ ਬਾਰਾਂ ਵੱਜ ਜਾਂਦੇ ਹਨ। ਵਾਪਸ ਆਉਣ ਤੇ ਹਰਵੰਤ ਉਹਨੂੰ ਰੋਟੀ ਫੜਾਉਂਦੀ ਹੈ। ਉਹ ਦੋ-ਚਾਰ ਬੁਰਕੀਆਂ ਤੋੜਦਾ ਹੈ। ਹਰਵੰਤ ਕਹਿੰਦੀ ਹੈ, "ਹੁਣ ਤੁਸੀ ਦੋ-ਚਾਰ ਘੜੀਆਂ ਅਰਾਮ ਕਰ ਲਉ, ਸੁਅੱਖਤੇ ਚੱਲਾਂਗੇ, ਹੁਣ ਗਏ ਤਾਂ ਉੱਥੇ ਵੀ ਫਿਰ ਤੋਂ ਵਿਚਾਰੇ ਸਾਰਿਆਂ ਦਾ ਰੋਣ ਧੋਣ ਸ਼ੁਰੂ ਹੋਊ।" ਬਲਦੇਵ ਲੰਮਾ ਪੈ ਜਾਂਦਾ ਹੈ ਪਰ ਸੌਂਦਾ ਨਹੀਂ। ਸਾਰੀ ਰਾਤ ਜਿਵੇਂ ਦੇਵ ਨਾਲ ਗੱਲਾਂ ਕਰਦਾ ਰਹਿੰਦਾ ਹੈ।

ਸੁਅੱਖਤੇ ਹੀ ਗੁਰਮਿੰਦਰ ਆ ਜਾਂਦਾ ਹੈ। ਬਲਦੇਵ ਦੇ ਮੰਜੇ ਤੇ ਬਹਿ ਕੇ ਹੌਲੀ ਜਿਹੀ ਕਹਿੰਦਾ ਹੈ, "ਤੁਸੀਂ ਚੱਲਦੇ ਉੱਧਰ ਡੈਡੀ... ਸੁਰਜੀਤ ਅੰਕਲ ਦਾ ਬੁਰਾ ਹਾਲ ਆ।" ਬਲਦੇਵ ਸਿਰ ਤੇ ਪਰਨਾ ਲਪੇਟ ਕੇ ਬਾਹਰ ਵਿਹੜੇ ਵਿੱਚ ਆਉਂਦਾ ਹੈ ਤਾਂ ਹਰਵੰਤ ਚਾਹ ਬਣਾ ਲਿਆਉਂਦੀ ਹੈ, "ਦੋ-ਦੋ ਘੁੱਟਾਂ ਪੀ ਲਓ, ਫਿਰ ਸਾਰਾ ਦਿਨ ਮੂੰਹ ਵਿੱਚ ਕੁਝ ਨਹੀਂ ਪੈਣਾ।" ਦੋਵੇਂ ਜਣੇ ਵਿਹੜੇ ਵਿੱਚ ਬਹਿ ਕੇ ਚਾਹ ਪੀਣ ਲੱਗਦੇ ਹਨ। ਅਜੇ ਦੋ-ਦੋ ਘੁੱਟਾਂ ਹੀ ਭਰੀਆਂ ਹਨ ਕਿ ਗੁਲਜ਼ਾਰ ਆ ਗਿਆ ਹੈ। ਪਿੰਡੋਂ ਬਾਹਰ ਡਿਊਟੀ ਹੋਣ ਕਾਰਨ ਕੱਲ ਪਿੰਡ ਨਹੀਂ ਸੀ। ਉਹ ਬਲਦੇਵ ਦੇ ਕੋਲ ਬਹਿ ਜਾਂਦਾ ਹੈ, "ਬੜੀ ਮਾੜੀ ਗੱਲ ਹੋਈ ਭਾਅ ਜੀ।" ਬਲਦੇਵ ਨੇ ਨੀਵੀਂ ਪਾਈ ਜਵਾਬ ਦਿੱਤਾ ਹੈ, "ਮਾੜੀ ਵਰਗੀ ਮਾੜੀ ਗੁਲਜ਼ਾਰ ਸਿਹਾਂ, ਵਿਚਾਰੇ ਜੱਟ ਦਾ 'ਕੱਲਾ ਪੁੱਤ ਤੁਰ ਗਿਆ।" ਗੁਲਜ਼ਾਰ ਥੋੜ੍ਹਾ ਛਿੱਥਾ ਜਿਹਾ ਹੋ ਜਾਂਦਾ ਹੈ। ਝਿਜਕ ਜਿਹੀ ਵਿੱਚ ਦੋਬਾਰਾ ਬੋਲਦਾ ਹੈ, "ਉਹ ਤਾਂ ਸੱਚੀਂ ਬੜੀ ਮਾੜੀ ਹੋਈ ਭਾਅ ਜੀ... ਮੈਂ ਵੋਟਾਂ ਦੀ ਗੱਲ ਕਰਦਾ ਸੀ... ਭਰਾਵਾਂ ਨੇ ਤਾਂ ਕੋਈ ਕਸਰ ਨਹੀਂ ਛੱਡੀ।" ਬਲਦੇਵ ਉਹਦੇ ਮੂੰਹ ਵੱਲ ਵੇਖਦਾ ਹੈ। ਫਿਰ ਖੱਬਾ ਹੱਥ ਉੱਪਰ ਅਸਮਾਨ ਵੱਲ ਕਰਕੇ ਕਹਿੰਦਾ ਹੈ, "ਉਹਦੇ ਵੱਸ ਆ ਗੁਲਜ਼ਾਰ ਸਿਹਾਂ, ਜਿਹਨੂੰ ਭੱਲ ਦੇਵੇ।" ਹਰਵੰਤ ਗੁਲਜ਼ਾਰ ਲਈ ਵੀ ਚਾਹ ਲੈ ਆਈ ਹੈ। ਬਲਦੇਵ ਅਤੇ ਗੁਰਮਿੰਦਰ ਨੇ ਚਾਹ ਮੁਕਾ ਲਈ ਹੈ। ਗੁਲਜ਼ਾਰ ਵੀ ਸਮਝ ਗਿਆ ਹੈ, ਹੋਰ ਤੇਜ਼ ਘੁੱਟ ਭਰਨ ਲੱਗਾ ਹੈ। ਕੋਈ ਬੋਲ ਨਹੀਂ ਰਿਹਾ ਬੱਸ ਚੁੱਪ ਛਾਈ ਹੈ।

ਦੂਰੋਂ ਵੱਜਦੇ ਇੱਕ ਢੋਲ ਨੇ ਚੁੱਪ ਵਿੱਚ ਵਿਘਨ ਪਾਇਆ ਹੈ। ਗੁਰਮਿੰਦਰ ਕੰਨ ਲਾ ਕੇ ਸੁਣਦਾ ਹੈ, "ਗੁਰਮੇਜ ਕੇ ਹੋਣਗੇ, ਮੱਥਾ ਟੇਕਣ ਆਏ ਹੋਣੇ ਆ।" ਢੋਲ ਦੀ ਅਵਾਜ਼ ਤੇਜ਼ ਹੋ ਰਹੀ ਹੈ। ਗੁਲਜ਼ਾਰ ਨੇ ਚਾਹ ਮੁਕਾ ਲਈ ਹੈ। ਉਹ ਹੱਥ ਮਿਲਾ ਕੇ ਚਲਾ ਗਿਆ ਹੈ। ਹਰਵੰਤ ਬੋਲਦੀ ਹੈ, "ਉਹਨਾਂ ਨੂੰ ਲੰਘ ਜਾਣ ਦਿਉ, ਸਾਹਮਣੇ ਐਵੇਂ ਚੰਗੇ ਨਹੀਂ ਲੱਗੀਦਾ।"

ਢੋਲ ਦੀ ਅਵਾਜ਼ ਤੇਜ਼ ਹੁੰਦੀ ਹੁੰਦੀ ਐਨ ਦਰਵਾਜ਼ੇ ਦੇ ਨੇੜੇ ਪਹੁੰਚ ਗਈ ਹੈ। ਹਰਵੰਤ ਦੇ ਦਿਲ ਵਿੱਚ ਕੁਝ ਓੱਠਿਆ ਹੈ। ਉਹਦੇ ਪੈਰ ਮੱਲੋ-ਮੱਲੀ ਦਰਵਾਜ਼ੇ ਵੱਲ ਚੱਲ ਪਏ ਹਨ। ਉਹ ਦਰਵਾਜ਼ੇ ਦੀ ਝੀਤ ਵਿੱਚਦੀ ਵੇਖਦੀ ਹੈ। ਅੱਗੇ ਅੱਗੇ ਨੱਚ ਰਹੇ ਮੁੰਡਿਆਂ ਦੇ ਪਿੱਛੇ ਉਹਨੂੰ ਗੁਰਮੇਜ ਦਾ ਚਿਹਰਾ ਦਿੱਸਦਾ ਹੈ। ਹਾਰਾਂ ਵਿੱਚ ਲੁਕਿਆ ਹੋਇਆ, ਅੱਖਾਂ ਵਿੱਚ ਜਿੱਤ ਦੀ ਚਮਕ। ਉਹ ਹੋਰ ਧਿਆਨ ਨਾਲ ਵੇਖਣ ਲੱਗਦੀ ਹੈ। ਜੇਤੂ ਜਲੂਸ ਉਹਦੇ ਸਿਰ ਦੀਆਂ ਨਾੜਾਂ ਨੂੰ ਮਿੱਧਣ ਲੱਗਦਾ ਹੈ। ਓਹਦੇ ਤੋਂ ਹੋਰ ਨਹੀਂ ਵੇਖਿਆ ਜਾਂਦਾ। ਦਰਵਾਜ਼ੇ ਤੋਂ ਪਿੱਛੇ ਹੱਟ ਗਈ ਹੈ। ਕੰਬਦੀਆਂ ਲੱਤਾਂ ਨਾਲ ਪਿੱਛੇ ਮੁੜ ਆਈ ਹੈ ਅਤੇ ਮੰਜੇ ਉੱਤੇ ਡਿੱਗਣ ਵਾਂਙ ਬਹਿ ਗਈ ਹੈ। ਢੋਲ ਅਤੇ ਲਲਕਾਰਿਆਂ ਦੇ ਰੌਲੇ ਵਿੱਚ ਬਲਦੇਵ ਨੇ ਹਰਵੰਤ ਦੀ ਬੈਠੀ ਜਿਹੀ ਅਵਾਜ਼ ਸੁਣੀ ਹੈ, "ਦੇਵ ਵਿਚਾਰਾ ਤਾਂ ਚਲਾ ਹੀ ਗਿਆ ਸੀ, ਜੇ ਸੁਰਜੀਤ ਵੀਰ ਹੋਰੀਂ ਘਰ ਦੀਆਂ ਬਾਕੀ ਤਿੰਨ ਵੋਟਾਂ ਪਾ ਆਉਂਦੇ

ਯਾ ਰੱਬ, ਕੁਝ ਤਾਂ ਸਮਝਣ, ਇਹ ਲੋਕ ਮੇਰੇ ਦਿਲ ਨੂੰ,
ਇਹ ਪਿਆਰ ਹੈ ਰੂਹਾਂ ਦਾ, ਕਿਸ ਕਿਸ ਨੂੰ ਮੈਂ ਸਮਝਾਵਾਂ। -ਮਹਿੰਦਰ ਰਿਸ਼ਮ

ਤਾਂ... "ਸਰਪੰਚੀ ਦਾ ਕੀ ਆ... ਆਪਣਾ ਪੁੱਤਾਂ ਵਰਗਾ ਦੇਵ..." ਸ਼ਾਇਦ ਬਲਦੇਵ ਦੇ ਮੂੰਹੋਂ ਨਿਕਲਿਆ ਹੈ।

ਪੁੱਤਾਂ 'ਵਰਗਾ' ... ਹਰਵੰਤ ਨੇ ਵੀ ਸੁਣਿਆ ਹੈ।

ਕਹਾਣੀ

# ਅਸਲ 'ਚ ਗੱਲ ਕੋਈ ਹੋਰ ਹੁੰਦੀ ਹੈ

ਹਰੀਸ਼



ਹਰੀਸ਼

ਹਰੀਸ਼: ਹਿੰਦੀ ਤੋਂ ਪੰਜਾਬੀ ਭਾਸ਼ਾ ਵੱਲ ਪਰਤੇ ਹਰੀਸ਼ ਨੇ ਇਸ ਭਾਸ਼ਾ ਵਿਚ ਵੀ ਬਹੁਤ ਜਾਨਦਾਰ ਕਹਾਣੀਆਂ ਲਿਖਕੇ ਬਹੁਤ ਘੱਟ ਸਮੇਂ ਵਿਚ ਹੀ ਗਲਪ ਦੇ ਖੇਤਰ ਵਿਚ ਆਪਣਾ ਚੰਗਾ ਨਾਂ ਥਾਂ ਬਣਾ ਲਿਆ ਹੈ। ਉਸਦੇ ਕਹਾਣੀ-ਸੰਗ੍ਰਹਿ 'ਪਿਆਰ ਕਰਨ ਤੋਂ ਪਹਿਲਾਂ' ਅਤੇ ਕਰੋਨਾ ਕਾਲ ਨਾਲ ਸਬੰਧਤ ਨਾਵਲ 'ਕਥਾ ਕਹਿੰਦਾ ਏਕਾਂਤ' ਨੇ ਸਾਹਿਤਕ ਹਲਕਿਆਂ ਵਿਚ ਬਹੁਤ ਚਰਚਾ ਹਾਸਿਲ ਕੀਤੀ ਹੈ। ਹਿੰਦੀ-ਭਾਸ਼ਾ ਵਿਚ ਵੀ ਉਸਦੇ ਤਿੰਨ ਕਹਾਣੀ-ਸੰਗ੍ਰਹਿ ਛਪ ਚੁੱਕੇ ਹਨ। ਉਸਦੀਆਂ ਕਹਾਣੀਆਂ ਨਵੀਂ ਪੰਜਾਬੀ ਕਹਾਣੀ ਦੀਆਂ ਨਵੀਆਂ ਮਨੋ-ਵਿਗਿਆਨਕ ਪ੍ਰਵਿਰਤੀਆਂ ਨਾਲ ਪੂਰਾ ਇਨਸਾਫ਼ ਕਰਨ ਵਾਲੀਆਂ ਹਨ। ਉਸਦੀਆਂ ਕਹਾਣੀਆਂ ਨੇ ਆਪਣੀ ਵਿਸ਼ਲੇਸ਼ਣੀ ਸਮਰੱਥਾ ਰਾਹੀਂ ਆਪਣੇ ਸਮਕਾਲੀ ਸਮਾਜਿਕ ਯਥਾਰਥ ਨੂੰ ਉਸਦੇ ਬਾਹਰੀ ਅਤੇ ਅੰਤਰੀਵੀ ਗੁਣਾਂ-ਅਵਗੁਣਾਂ ਸਮੇਤ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੀ ਨਹੀਂ ਕੀਤਾ ਸਗੋਂ ਸਮੇਂ ਅਤੇ ਸਥਿਤੀ ਅਨੁਸਾਰ ਇਸ ਵਿਚ ਆਈਆਂ ਤੇ ਆਉਣ ਵਾਲੀਆਂ ਤੇਜ਼ ਰਫ਼ਤਾਰ ਤਬਦੀਲੀਆਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ।-ਨਿਰੰਜਣ ਬੋਹਾ

ਐਤਵਾਰ ਦੀ ਛੁੱਟੀ। ਸਭ ਤੋਂ ਵੱਡੀ ਗੱਲ ਕਿ ਅੱਜ ਤਿੰਨ ਦਿਨਾਂ ਤੋਂ ਲਗਾਤਾਰ ਪੈਂਦੀ ਧੁੰਦ ਤੋਂ ਬਾਅਦ ਧੁੱਪ ਖਿੜੀ ਹੋਈ ਹੈ, ਜਿਵੇਂ ਕਿਸੇ ਖੂਬਸੂਰਤ ਮੁਟਿਆਰ ਦੀ ਮੁਸਕੁਰਾਹਟ ਪੱਸਰੀ ਹੋਵੇ। ਕੋਸਾ ਜਿਹਾ ਧੁੱਪ ਦਾ ਨਿੱਘ ਕਿੰਨਾ ਸਕੂਨ ਦੇ ਰਿਹਾ। ਅੰਗਰੇਜ ਸਮੁੰਦਰ ਦੇ ਕਿਨਾਰੇ ਸਾਰੇ ਕੱਪੜੇ ਲਾਹ ਕੇ ਧੁੱਪ ਸੇਕਦੇ ਹਨ, ਅਖੇ 'ਸਨ-ਬਾਥ ਲੈਂਦੇ ਹਨ।' ਆਪਾਂ ਨੂੰ ਤਾਂ ਆਹ ਕੋਟੀ-ਸਵੈਟਰ ਪਾ ਕੇ ਅਤੇ ਲੋਈ ਦੀ ਬੁੱਕਲ ਮਾਰ ਕੇ ਈ ਠੀਕ ਹੈ। ਕਿਤੇ ਸਨ-ਬਾਥ ਕਰਦਿਆਂ ਛਾਤੀ ਜਾਮ ਕਰ ਲਈਏ।

ਰਾਜਵੀਰ ਘਰ ਦੇ ਵਰਾਂਡੇ 'ਚ ਕੁਰਸੀ ਡਾਹੀ ਬੈਠਾ ਸੀ। ਸਵੇਰ ਦਾ ਨਾਸ਼ਤਾ ਕਰਨ ਉਪਰੰਤ ਚਾਹ ਪੀਂਦਿਆਂ ਉਸਨੇ ਅਖ਼ਬਾਰ ਪੜ੍ਹਨਾ ਸ਼ੁਰੂ ਕੀਤਾ।

"ਰਾਜਵੀਰ, ਹੈਲੋ... ਮੈਂ ਕਿਹਾ... ਘਰ ਈ ਹੈਂ।" ਕਹਿ ਕੇ ਕਿਸੇ ਨੇ ਘਰ ਦੇ ਗੇਟ ਨੂੰ ਖੜਕਾਇਆ।

ਭਾਵੇਂ ਰਾਜਵੀਰ ਇਹ ਆਵਾਜ਼ ਪਛਾਣਦਾ ਸੀ। ਪਰ ਉਸਨੇ ਮੋੜਵਾਂ ਜਵਾਬ ਜਾਂ ਹੁੰਗਾਰਾ ਨਹੀਂ ਭਰਿਆ।

"ਤੜਕੇ ਈ ਫੇਰ ਆ ਗਿਆ ਇਹ...।" ਰਾਜਵੀਰ ਨੇ ਜਿਵੇਂ ਖਿਝ ਕੇ ਕਿਹਾ ਹੋਵੇ। ਪਰ ਉਹ ਕੁਝ ਸੋਚ ਕੇ ਗੇਟ ਵੱਲ ਨੂੰ ਤੁਰ ਪਿਆ।

"ਹਾਂ ਜੀ, ਭਾਈ ਸਾਹਿਬ...।" ਰਾਜਵੀਰ ਨੇ ਗੇਟ ਖੋਲ੍ਹ ਕੇ ਉਸਨੂੰ ਰਸਮੀ ਤੌਰ ਤੇ ਜਿਵੇਂ ਕਿਹਾ ਹੋਵੇ। ਉਹ ਉਸਨੂੰ ਅੰਦਰ ਨਹੀਂ ਸੀ ਲਿਜਾਣਾ ਚਾਹੁੰਦਾ। ਇਸ ਲਈ ਗੇਟ ਦੇ ਬਾਹਰ ਹੀ ਦੇਹਲੀ 'ਤੇ ਉਸਦੇ ਬਰਾਬਰ ਆ ਖੜਾ।

ਸਿਰ ਤੇ ਮਫ਼ਲਰ ਬੰਨੀ ਅਤੇ ਟਰੈਕ ਸੂਟ ਪਾਈ, ਸੁਰਿੰਦਰ ਖੜਾ ਸੀ। ਅੱਜ ਉਸਨੇ ਟੋਪੀ ਨਹੀਂ ਸੀ ਪਾਈ।

ਸੁਰਿੰਦਰ ਉਸਦੇ ਮੁਹੱਲੇ 'ਚ ਹੀ ਰਹਿਣ ਵਾਲਾ ਹੈ। ਸੁਣਿਆ ਸੀ ਕਿ ਉਹ ਹਰ ਚੀਜ਼ ਦੀ ਠੇਕੇਦਾਰੀ ਕਰਦਾ ਹੈ, ਵਿਚੋਲਗੀ ਕਰਦਾ ਹੈ। ਬਾਜ਼ਾਰ ਵਿਚ ਨਿੱਕਲੋ ਤਾਂ ਥੋਕ ਵਾਲੀ ਪ੍ਰਚੂਨ ਦੀ ਦੁਕਾਨ 'ਤੇ ਬੈਠਾ ਦਿਸੂ, ਜਿਵੇਂ ਕੋਈ ਨਵੀਂ ਘੁਣਤਰ ਘੜ ਰਿਹਾ ਹੋਵੇ। ਨਗਰ ਕੌਂਸਲ ਦੇ ਦਫਤਰੋਂ ਨਿਕਲਦਾ, ਕਚਹਿਰੀ ਵੜਦਾ ਅਤੇ ਧਾਰਮਿਕ ਪ੍ਰੋਗਰਾਮਾਂ ਵਿਚ ਵਿਚਰਦਾ ਉਹ ਜ਼ਰੂਰ ਦਿਸ ਜਾਵੇਗਾ। ਕਹਿੰਦੇ ਨੇ ਸਭ ਤੋਂ ਵੱਧ ਅਸਾਮੀ ਮਿਲਣ ਦੀ ਸੰਭਾਵਨਾ ਇੱਥੇ ਹੀ ਹੁੰਦੀ। ਜਿੱਥੇ ਸੰਭਾਵਨਾ ਉੱਥੇ ਸੁਰਿੰਦਰ। ਵੈਸੇ ਉਸ ਨੂੰ ਬੰਦੇ ਘੱਟ ਈ ਮਿਲਕੇ ਰਾਜ਼ੀ ਹਨ, ਉਹ ਹਰੇਕ ਦੇ ਵਿੱਚ ਵੱਜਦਾ ਫਿਰਦਾ ਹੈ।

'ਕਲੇਸ ਦਾ ਗੱਡਾ' ਐਵੇਂ ਤਾਂ ਨਹੀਂ ਕਹਿੰਦੇ ਉਸਨੂੰ।

ਫੇਰ ਸੁਣਿਆ ਕਿ ਉਹ ਇੱਕ ਵਾਰ ਇਹ ਵੋਟਾਂ 'ਚ ਖੜਾ ਹੋ ਗਿਆ। ਚੋਣ ਨਿਸ਼ਾਨ ਵੰਝਲੀ। ਡੱਡੇ-ਵੱਡੇ ਵਾਅਦਿਆਂ ਦੇ ਪੈਮਫਲੈੱਟ ਘਰੋਂ-ਘਰੀ ਵੰਡਦਾ ਫਿਰੇ। ਫੇਰ ਕਹਿੰਦੇ ਜਦੋਂ ਮਾਮਲਾ ਭੱਖ ਗਿਆ, ਚੋਣਾਂ 'ਚ ਦੋ ਦਿਨ ਰਹਿ ਗਏ। ਇਹ ਕਾਗਜ਼ ਵਾਪਿਸ ਲੈ ਗਿਆ। ਰੌਲਾ ਪੈ ਗਿਆ ਕਿ ਸੁਰਿੰਦਰ ਵੱਡੀ ਪਾਰਟੀ ਦੇ ਉਮੀਦਵਾਰ ਤੋਂ ਪੈਸੇ ਲੈ ਕੇ ਬੈਠ ਗਿਆ। ਗੱਲ ਆਈ ਗਈ ਹੋ ਗਈ। ਲੋਕ ਭੁੱਲ-ਭੁਲਾ ਗਏ ਕਿਉਂਕਿ ਉਹਨਾਂ ਦੀ ਯਾਦਦਾਸ਼ਤ 'ਚ ਇੱਕੋ ਨਾਲ ਦੀਆਂ ਕਈ ਘਟਨਾਵਾਂ ਹੁਣ ਆਟੋ-ਡਿਲੀਟ ਹੋ ਜਾਂਦੀਆਂ ਹਨ।

ਸੁਰਿੰਦਰ ਆਪਣੀ ਵੰਝਲੀ ਵਜਾਉਂਦਾ ਰਿਹਾ। ਉਸਨੂੰ ਜਦੋਂ ਵੀ ਮਿਲੋ, ਛੋਟੀ ਗੱਲ ਕਰਨਾ ਉਸ ਲਈ ਤੌਹੀਨ ਹੈ। ਉਹ ਥਾਣੇਦਾਰ ਦੀ ਗੱਲ ਨਹੀਂ ਕਰਦਾ, ਐਸ.ਐਸ .ਪੀ. ਤੋਂ ਸ਼ੁਰੂ ਹੁੰਦਾ। ਉਹ ਐਮ.ਸੀ. ਦੀ ਗੱਲ ਨਹੀਂ ਕਰਦਾ, ਸੀ.ਐਮ. ਤੋਂ ਗੱਲ ਸ਼ੁਰੂ ਕਰਦਾ ਹੈ। ਜੋ ਉਸਨੂੰ ਜਾਣਦਾ ਹੈ, ਉਹ ਉਸਨੂੰ ਦੂਰੋਂ ਦੇਖ ਕੇ ਟਲ ਜਾਂਦਾ ਹੈ। ਜੋ ਨਹੀਂ ਜਾਣਦਾ, ਉਸਨੂੰ ਉਹ ਗੱਪ ਸੁਣਾਉਂਦਾ-ਸੁਣਾਉਂਦਾ ਬੋਰ ਕਰ ਦਿੰਦਾ ਹੈ। ਉਸਨੂੰ ਗੱਲਾਂ ਦੀ ਲੜੀ ਨਾ ਟੁੱਟਣ ਦੇਣ ਦਾ ਤਜਰਬਾ ਹੈ, ਉਹ ਧੱਕੇ ਨਾਲ ਤੁਹਾਡੇ ਨਾਲ ਤੁਰ ਕੇ ਗੱਲ ਪੂਰੀ ਕਰਦਾ ਹੈ। ਹੁਣ ਉਸਨੂੰ ਲੋਕ ਵਿਚੋਲਾ ਕਹਿ ਕੇ ਬੁਲਾਉਂਦੇ ਹਨ। ਪਿੱਠ ਪਿੱਛੇ ਬਲੈਕਮੇਲਰ।

"ਮੈਂ ਜਿਹੜੀ ਗੱਲ ਲਈ ਰੌਲਾ ਪਾਇਆ ਸੀ, ਤੁਹਾਡੇ ਸਾਰਿਆਂ ਦੇ ਦਸਤਖ਼ਤ ਕਰਵਾਏ ਸੀ, ਉਹਦਾ ਵਧੀਆ ਨੋਟਿਸ ਲਿਆ ਡੀ.ਸੀ. ਸਾਹਿਬ ਨੇ। ਠੇਕੇਦਾਰ, ਈ.ਓ. ਅਤੇ ਐਮ.ਸੀ.

ਜਦੋਂ ਧਰਤੀ ਹੇਠਲਾ ਪਾਣੀ ਮੁੱਕ ਗਿਆ...
ਫਿਰ ਕੁਦਰਤ ਦੇ ਦਰਾਂ ਮੂਹਰੇ ਧਰਨੇ ਨਹੀਂ ਲੱਗਣੇ।

ਹੁਣ ਮਿੰਨਤਾਂ ਕਰਦੇ ਫਿਰਦੇ ਸੀ। ਹੁਣ ਗਲੀ 'ਚ ਸੜਕ ਉਵੇਂ ਬਣੂ ਲੈਵਲ ਕਰਕੇ। ਪਹਿਲਾਂ ਪੱਟਣਗੇ ਪੁਰਾਣੀ ਨੂੰ ਫੇਰ ਦੁਬਾਰੇ ਲੁੱਕ ਪਾਉਣਗੇ।" ਸੁਰਿੰਦਰ ਨੇ ਸਹਿਜ ਮਤੇ ਨਾਲ ਕਿਹਾ।

"ਚਲੋ ਵਧੀਆ ਗੱਲ ਹੈ ਜੀ, ਤੁਸੀਂ ਕਰਵਾ ਲਿਆ ਕੰਮ, ਨਹੀਂ ਕਿਹੜਾ ਫਿਰੇ ਦਫ਼ਤਰਾਂ 'ਚ ਸ਼ਿਕਾਇਤ ਕਰਦਾ, ਨਾਲੇ ਠੇਕੇਦਾਰ ਤੇ ਐਮ.ਸੀ. ਕੀਹਦੇ ਸਗੇ ਨੇ।" ਰਾਜਵੀਰ ਛੇਤੀ ਖਹਿੜਾ ਛੁਡਾਉਣਾ ਚਾਹੁੰਦਾ ਸੀ। ਉਸਨੂੰ ਲੱਗਿਆ ਜਿਵੇਂ ਸੁਰਿੰਦਰ ਹੁਣ ਆਪਣੀ ਸ਼ਾਬਾਸ਼ੇ ਅਖਵਾਉਣਾ ਚਾਹੁੰਦਾ ਹੋਵੇ।

"ਉਹ ਤਾਂ ਠੀਕ ਹੈ, ਪਰ ਗੱਲ ਇਹ ਸੀ ਵੀ ਮੈਂ ਚਾਰ ਕੁ ਦਿਨ ਦਿੱਲੀ ਜਾਣਾ, ਤੂੰ ਧਿਆਨ ਰੱਖੀ। ਵੈਸੇ ਮੈਂ ਕਿਹਾ ਦੋ ਬੰਦਿਆਂ ਨੂੰ। ਪਰ ਫੇਰ ਵੀ।" ਸੁਰਿੰਦਰ ਨੇ ਕਿਹਾ।

"ਕਿਸ ਗੱਲ ਦਾ ਧਿਆਨ ਰੱਖਣਾ?" ਰਾਜਵੀਰ ਨੇ ਨਾ ਚਾਹੁੰਦੇ ਹੋਏ ਵੀ ਸਵਾਲ ਕੀਤਾ। ਉਹ ਗੱਲ ਨੂੰ ਹੋਰ ਨਹੀਂ ਸੀ ਸੁਣਨੀ ਚਾਹੁੰਦਾ।"

"ਗੱਲ ਇਹ ਤੇਰੇ ਕੋਲ ਈ ਐ ਰਾਜਵੀਰ, ਆਪਣੇ ਕੁਝ ਗਲੀ ਵਾਲੇ ਇਸ ਮਸਲੇ ਨੂੰ ਧਾਰਮਿਕ ਬਣਾਉਣਾ ਚਾਹੁੰਦੇ ਨੇ। ਤੈਨੂੰ ਨੀ ਪਤਾ। ਇੱਕ ਪਾਸੇ ਗਲੀ ਉੱਚੀ ਕਰਵਾਉਣ ਵਾਲੇ ਵੀ ਹੈਗੇ।"

"ਅੱਛਾ, ਇੱਥੇ ਤਾਂ ਸਾਰੇ ਇੱਕੋ ਧਰਮ ਵਾਲੇ ਨੇ, ਫੇਰ ਕਾਹਦਾ ਮਸਲਾ।" ਰਾਜਵੀਰ ਨੇ ਹੈਰਾਨੀ ਪ੍ਰਗਟਾਈ।

"ਚੌਧਰ ਦਾ ਕੋਈ ਸਾਂਝਾ ਧਰਮ ਨੀ ਹੁੰਦਾ, ਸਭ ਆਪਣਾ ਲੋਟ ਦੇਖਦੇ ਨੇ। ਖ਼ੈਰ ਮੈਂ ਚਾਰ ਦਿਨਾਂ ਨੂੰ ਮੁੜ ਈ ਆਉਣਾ। ਉਦੋਂ ਤੱਕ ਤਾਂ ਕੰਮ ਸਿਰੇ ਸ਼ਾਇਦ ਨਾ ਚੜੇ, ਨਹੀਂ ਫੇਰ ਕੰਮ ਰੁਕਵਾ ਦਿਆਂਗੇ।" ਸੁਰਿੰਦਰ ਕਹਿ ਕੇ ਅੱਗੇ ਵਧ ਗਿਆ। ਰਾਜਵੀਰ ਨੂੰ ਸਮਝ ਨਹੀਂ ਆ ਰਹੀ ਸੀ ਕਿ ਆਹ ਨਵੀਂ ਗੱਲ ਕੀ ਕਰਕੇ ਗਿਆ ਇਹ। ਪਰ ਉਸਨੇ ਬਹੁਤਾ ਸੋਚਣਾ ਬੇਕਾਰ ਸਮਝਿਆ ਕਿਉਕਿ ਉਸਨੂੰ ਸੁਰਿੰਦਰ ਦੀ ਆਦਤ ਦਾ ਪਤਾ ਸੀ। ਉਹ ਗਪੌੜ ਛੱਡਣ 'ਚ ਮਾਹਿਰ ਸੀ।

ਅਸਲ ਦਸ ਕੁ ਦਿਨ ਪਹਿਲਾਂ ਹੀ ਉਹ ਜਦੋ ਰੋਜ਼ਾਨਾ ਵਾਂਗ ਡਿਊਟੀ ਤੋਂ ਮੁੜਿਆ ਤਾਂ ਕੁਝ ਮਜ਼ਦੂਰ ਅਤੇ ਇੱਕ ਠੇਕੇਦਾਰ ਨੁਮਾ ਬੰਦਾ ਸਫ਼ਾਰੀ ਸੂਟ ਪਾਈ ਇੰਚੀ ਟੇਪ ਲੈ ਕੇ ਸੜਕ ਮਿਣੀ ਜਾਵੇ। ਦੋ ਵੱਡੀਆਂ ਗੱਡੀਆਂ ਵੀ ਖੜੀਆਂ ਸਨ। ਫੇਰ ਇੱਕ ਘਰੋਂ ਮੌਜੂਦਾ ਐਮ.ਸੀ. ਵੀ ਨਿੱਕਲਿਆ।

ਰਾਜਵੀਰ ਨੇ ਅੰਦਾਜ਼ਾ ਜਿਹਾ ਲਾਉਂਦਿਆਂ ਸੋਚਿਆ ਕਿ ਇਹ ਪੱਕੇ ਤੌਰ ਤੇ ਗਲੀ ਨਵੀਂ ਬਣਾਉਣਗੇ। ਪਿੱਛਲੀ ਵਾਰ ਜਦੋਂ ਟਾਈਲਾਂ ਲਗਾ ਕੇ ਗਲੀ ਬਣੀ ਸੀ ਤਾਂ ਦੋ ਕੁ ਘਰਾਂ ਦੀ ਟੋਕਾ-ਟੋਕੀ ਤੋਂ ਅੱਕਿਆ ਠੇਕੇਦਾਰ ਆਪਣੀ ਖੁੰਦਕ ਕੱਢ ਗਿਆ। ਗਲੀ ਲੈਵਲ 'ਚ ਨਹੀਂ ਸੀ, ਕਿਤੋਂ ਉੱਚੀ ਤੇ ਕਿਤੋਂ ਨੀਵੀਂ।

ਜਦੋਂ ਮੀਂਹ ਪਿਆ ਤਾਂ ਟੋਕਾ-ਟੋਕੀ ਕਰਨ ਵਾਲੇ ਘਰਾਂ ਅੱਗੇ ਪਾਣੀ ਖੜਾ ਰਿਹਾ ਕਰੇ। ਗਲੀ ਦਾ ਤਾਂ ਜੋ ਹੋਣਾ ਸੀ ਹੋਇਆ। ਉਹਨਾਂ 'ਚੋਂ ਇੱਕ ਆਪਣਾ ਮਕਾਨ ਵੇਚ ਕੇ ਸਰਖ਼ਰੂ ਹੋ ਗਿਆ। ਨਵਾਂ ਮਕਾਨ ਮਾਲਕ ਬਹੁਤ ਗਾਲਾਂ ਕੱਢਿਆ ਕਰੇ। ਅਖੇ ਬੰਦਾ ਮਕਾਨ, ਆਂਢ-ਗਵਾਂਢ ਦੇਖ ਕੇ ਲੈਂਦਾ, ਹੁਣ ਘਰ ਦੇ ਬਾਹਰ ਬਣੀ ਗਲੀ ਦਾ ਲੈਵਲ ਵੀ ਦੇਖਿਆ-ਪਰਖਿਆ ਕਰੇ। ਖ਼ੈਰ ਹੁਣ ਸੜਕ ਦੁਬਾਰਾ ਬਣਨੀ ਸੀ।

ਵੋਟਾਂ ਨੇੜੇ ਸਨ।

ਐਮ.ਐਲ.ਏ. ਸਾਹਿਬ ਗ੍ਰਾਂਟਾਂ ਦੀਆਂ ਖ਼ਬਰਾਂ ਨਾਲ ਵਿਕਾਸ ਦੀ ਚੇਪੀ ਲੋਕਾਂ ਦੇ ਮੂੰਹ 'ਤੇ ਲਗਾਉਣਾ ਚਾਹੁੰਦੇ ਸਨ। ਲੋਕ ਗੁੱਸੇ 'ਚ ਸਨ। ਹਰ ਵਾਰੀ ਹੁੰਦੇ ਨੇ, ਇਸ ਲਈ ਹਰ ਵਾਰ ਦੀ ਤਰਾਂ ਐਮ.ਸੀ, ਠੇਕੇਦਾਰ ਅਤੇ ਪ੍ਰਸ਼ਾਸਨ ਵੀ ਸਰਗਰਮ ਹੋ ਗਏ ਸਨ। ਮੌਕਾ ਸੀ ਤੇ ਦਸਤੂਰ ਵੀ। ਫੇਰ ਸਾਰੇ ਘਾਟੇ-ਵਾਧੇ ਤੇ ਸ਼ਿਕਵੇ ਸ਼ਿਕਾਇਤਾਂ ਦਾ ਮੱਕੂ ਵੀ ਠੱਪਣਾ ਸੀ। ਆਖ਼ਰ ਲੀਡਰ ਵੋਟਾਂ ਮੰਗਣ ਆਵੇ ਤਾਂ ਕੁੱਝ ਕਹਿਣ ਜੋਗਾ ਤਾਂ ਰਹੇ, ਗਲੀਆਂ 'ਚ ਆਪਣੇ ਪ੍ਰਚਾਰ ਨੂੰ ਸੌਖਾ ਹੋ ਜਾਂਦਾ।

ਜਿਸ ਦਿਨ ਗਲੀ ਦੀ ਮਿਣਤੀ ਕਰਕੇ ਠੇਕੇਦਾਰ ਗਿਆ। ਉਸ ਤੋਂ ਅਗਲੇ ਦਿਨ ਹੀ ਰਾਤ ਨੂੰ ਰਾਜਵੀਰ ਦਾ ਗੇਟ ਸੁਰਿੰਦਰ ਨੇ ਖੜਕਾ ਦਿੱਤਾ ਸੀ।

ਉਹ ਇੱਕ ਕਾਗਜ਼ ਚੱਕੀ ਫਿਰੇ। ਡੀ.ਸੀ. ਨੂੰ ਸ਼ਿਕਾਇਤ ਕਰਨੀ ਸੀ। ਉਹ ਮੁਹੱਲੇ ਵਾਲਿਆ ਤੋਂ ਸਹਿਮਤੀ ਦੇ ਦਸਤਖ਼ਤ ਕਰਵਾਉਂਦਾ ਫਿਰੇ।

"ਗੱਲ ਇਹ ਹੈ ਰਾਜਵੀਰ, ਇਹ ਪਹਿਲਾਂ ਬਣੀ ਗਲੀ ਦੀ ਟਾਈਲ ਤੇ ਹੀ ਲੀਪਾ-ਪੋਤੀ ਕਰਕੇ ਗਲੀ ਬਣਾਉਣ ਨੂੰ ਫਿਰਦੇ ਨੇ। ਇਸ ਨਾਲ ਲੈਂਵਲ ਉੱਚਾ ਹੋ ਜਾਣਾ। ਮੁੜਕੇ ਮੀਂਹ ਕਣੀ ਦਾ ਪਾਣੀ ਆਪਣੇ ਘਰਾਂ 'ਚ। ਅੰਦਰੋਂ ਬਾਹਰ ਨਿੱਕਲੂ ਕਿ ਨਹੀਂ ਇਹ ਤਾਂ ਦਿਸਦਾ ਹੀ ਹੈ। ਇਸ ਲਈ ਮੈਂ ਦਰਖ਼ਾਸਤ ਪਾ ਰਿਹਾ, ਅੱਜ ਵੀ ਗਿਆ ਸੀ ਦਫ਼ਤਰ, ਅਫ਼ਸਰ ਕਹਿੰਦਾ ਕਿ ਮੁਹੱਲੇ ਵਾਲਿਆਂ ਤੋਂ ਦਸਤਖ਼ਤ ਕਰਵਾ ਲਓ, ਸ਼ਿਕਾਇਤ ਵਿਅੱਕਤੀਗਤ ਨਾ ਹੋ ਕੇ ਸਾਂਝੀ ਹੋ ਜਾਵੇਗੀ। ਲੈ ਦੱਸ ਰਾਜਵੀਰ... ਕੱਲੇ ਸੁਰਿੰਦਰ ਦਾ ਘਰ ਈ ਨੀਵਾਂ ਥੋੜ੍ਹੇ ਹੋਣਾ... ਸਭ ਦਾ ਹੋਣਾ।" ਸੁਰਿੰਦਰ ਨੇ ਆਦਤ ਮੁਤਾਬਿਕ ਗੱਲ ਤੋਰੀ।

"ਤੁਸੀਂ ਦੱਸੋ ਜੀ ਦਸਤਖ਼ਤ ਕਿੱਥੇ ਕਰਨੇ ਹਨ, ਮੈਂ ਕਰ ਦਿੰਨਾ ਹਾਂ। ਨਾਲੇ ਐਮ.ਸੀ. ਤਾਂ ਤੁਹਾਡੇ ਮਿੱਤਰ ਦਾ ਮੁੰਡਾ, ਉਹ ਕੀ ਕਹਿੰਦਾ?" ਰਾਜਵੀਰ ਨੇ ਟਿੱਲ ਲਾਈ। ਪਿਛਲੀਆਂ ਵੋਟਾਂ ਵੇਲੇ ਸੁਰਿੰਦਰ ਜੇਤੂ ਰਹੇ ਐਮ.ਸੀ. ਨੂੰ ਆਪਣਾ ਈ ਜੁਆਕ ਕਹਿੰਦਾ ਮੂਹਰੇ ਹੋ ਕੇ ਵੋਟਾਂ ਮੰਗਦਾ ਸੀ। ਪਾਰਟੀ ਦਾ ਪੁਰਾਣਾ ਵਰਕਰ ਵੀ ਦਸਦਾ ਹੁੰਦਾ ਖ਼ੁਦ ਨੂੰ।

"ਗਿਆ ਸੀ ਸੁਰਿੰਦਰ ਮੈਂ ਉਹਦੇ ਕੋਲ, ਮੈਂ ਕਿਹਾ ਰੋਕ ਪੁੱਤਰਾਂ ਇਹਨਾਂ ਨੂੰ, ਇਹ ਗੁਲਤ ਕਰੀ ਜਾਂਦੇ ਨੇ। ਮੈਨੂੰ ਕਹਿੰਦਾ, 'ਹ, ਹਾ, ਛੱਡੋ ਅੰਕਲ ਜੀ, ਐਵੇਂ ਨੀ ਰੌਲਾ ਪਾਈਦਾ। ਠੀਕ ਹੈ ਜੋ ਹੋ ਰਿਹਾ। ਤੁਹਾਨੂੰ ਐਵੇਂ ਵਹਿਮ ਹੈ, ਕੰਮ ਹੋ ਲੈਣ ਦਿਉ ਸਭ ਲੈਵਲ 'ਚ ਈ ਕਰ ਕੇ ਦੇਣਗੇ, ਇਹਨਾਂ ਦਾ ਤਾਂ ਰੋਜ਼ ਦਾ ਕੰਮ ਐ।' ਦੱਸ ਇਹਨੂੰ ਕੀ ਕਹੀਏ, ਦੰਦ ਕੱਢ ਕੇ ਦਿਖਾਤੇ ਪਤੰਦਰ ਨੇ। ਜਿੱਤਿਆ ਤਾਂ ਆਪਣੀ ਪਾਰਟੀ ਨਾਲ ਸੀ, ਹੁਣ ਮਗਰੋਂ ਮੌਜੂਦਾ ਸਰਕਾਰ 'ਚ ਰਲ ਗਿਆ, ਪਾਰਟੀ ਬਦਲ ਲਈ। ਅਖੇ, ਮੈਨੂੰ ਉਪ ਪ੍ਰਧਾਨ ਲਾਉਣਗੇ।"

"ਹਮਮ... ਪਾਰਟੀ ਤਾਂ ਇਹ ਕਦੋਂ ਬਦਲ ਲੈਣ, ਕੋਈ ਪਤਾ ਨਹੀਂ ਲੱਗਦਾ ਜੀ।" ਰਾਜਵੀਰ ਨੂੰ ਇਹ ਸੀ ਕਿ ਦਸਤਖ਼ਤ ਕਰਕੇ ਉਹਦਾ ਖਹਿੜਾ ਛੁੱਟੇ ਪਰ੍ਹਾਂ। ਉਸਨੂੰ ਇਸ ਬੰਦੇ ਤੋਂ ਅਜੀਬ ਜਿਹੀ ਅਲਰਜ਼ੀ ਸੀ। ਪਤਾ ਨਹੀ ਦੂਰੋਂ ਆਉਂਦਾ ਵੀ ਦਿਸ ਜਾਂਦਾ ਤਾਂ ਉਹ ਟਲ ਕੇ ਈ ਲੰਘਣਾ ਚਾਹੁੰਦਾ।

ਅਸਲ 'ਚ ਇਹ ਬੰਦਾ ਹਰੇਕ ਨਾਲ ਕਲੇਸ ਪਾ ਚੁੱਕਿਆ

ਜੁਗ ਜੁਗ ਜੀਵੇ ਬਾਬਲ, ਪੇਕੇ ਮਾਵਾਂ ਨਾਲ।
ਮਾਵਾਂ ਠੰਢੀਆਂ ਛਾਵਾਂ, ਮੌਜ ਭਰਾਵਾਂ ਨਾਲ।-ਸੰਤ ਰਾਮ ਉਦਾਸੀ

ਸੀ। ਸਾਰੇ ਟੱਬਰ ਨਾਲ ਵੀ ਲੜ ਕੇ ਉਹਨਾਂ ਉੱਪਰ ਮੁੱਕਦਮਾ ਕਰੀ ਬੈਠਾ ਸੀ। ਉਹ ਜਾਣੀ-ਜਾਣ ਸੀ, ਉਹ ਸਰਵਵਿਆਪੀ ਬੰਦਾ ਸੀ। ਕਿੱਥੇ ਕੀ ਹੋਣਾ, ਕੌਣ ਬੰਦਾ ਕੀ ਸਾਜਿਸ਼ ਕਰਦਾ, ਕੌਣ ਸ਼ਰੀਫ ਹੈ ਅਤੇ ਕੌਣ ਬਦਮਾਸ਼ ਉਸ ਕੋਲ ਜਿਵੇਂ ਸਭ ਦੀ ਕੁੰਡਲੀ ਸੀ। ਕੋਈ ਗੱਲ ਪੁੱਛ ਲੌਂ ਉਹਦੇ ਕੋਲ ਹਰੇਕ ਗੱਲ ਦੀ ਇੱਕ ਵਿਆਖਿਆ ਸੀ। ਬੱਸ ਜੇ ਕਿਸੇ ਦੇ ਚਰਿੱਤਰ ਦਾ ਸਰਟੀਫਿਕੇਟ ਲੈਣਾ ਹੋਵੇ ਉਸ ਤੋਂ ਲੈ ਲਵੋ। ਲੋਕ ਉਹਦੀ ਗੱਲ ਕਰਨੀ ਵੀ ਪਸੰਦ ਨਹੀਂ ਸੀ ਕਰਦੇ। ਕਹਿ ਦਿੰਦੇ 'ਛੱਡੋ ਪਰ੍ਹਾਂ, ਕੋਈ ਚੱਜ ਦੀ ਗੱਲ ਕਰੋ ਯਾਰ।'

"ਇਹਦਾ ਥੋਨੂੰ ਪਤਾ ਤਾਂ ਹੈ, ਘਰੇ ਵੀ ਇਹਦੇ ਮੂਹਰੇ ਕੋਈ ਨੀ ਬੋਲਦਾ। ਮੂੰਡੇ ਨੂੰ ਕੋਈ ਰਿਸ਼ਤਾ ਨੀ ਕਰਦਾ, ਇਹਦੇ ਕਲੇਸ਼ੀ ਸੁਭਾਅ ਕਰ ਕੇ। ਐਨਾ ਸੋਹਣਾ ਸੁਨੱਖਾ, ਗਊ-ਮੂੰਡਾ, ਨੌਕਰੀ ਲੱਗਿਆ। ਪਰ ਬੱਸ ਆਪਣੇ ਪਿਉ ਤੋਂ ਡਰਦਾ ਉਹਨੂੰ ਬਿਨਾਂ ਪੁੱਛੇ ਪੈਰ ਨੀ ਪੱਟਦਾ।... ਫੇਰ ਕੋਈ ਘਰ ਪਾਉਣ ਲੱਗੂ, ਉਹਦੀ ਸ਼ਿਕਾਇਤ ਕਰ ਆਓ, ਵੀ ਇਹ ਨਕਸ਼ਾ ਗ਼ਲਤ ਹੈ, ਇਹਨੇ ਚੌਂਤਰਾ ਗ਼ਲਤ ਬਣਾਇਆ... ਪਿੱਛੇ ਜਿਹੇ ਬਿਜਲੀ ਚੋਰੀ ਦਾ ਈ ਕੇਸ ਪਵਾ ਦਿੱਤਾ ਸੀ ਇੱਕ ਨਵੇਂ ਬਣ ਰਹੇ ਮਕਾਨ ਵੇਲੇ। ਇਹਨੇ ਤਾਂ ਆਪ ਵੀ ਬਿਜਲੀ ਦਾ ਮੀਟਰ ਜਿਹੜਾ ਬਾਹਰ ਲੱਗਦੈਂ, ਕਲੇਸ਼ ਕਰਕੇ ਅਲੱਗ ਲਵਾਇਆ। ਕਹਿੰਦਾ ਸੀ ਕਿ ਮੇਰੀ ਬਿਜਲੀ ਘੱਟ ਮੱਚਦੀ, ਬਿੱਲ ਵੱਧ ਆਉਂਦਾ। ਇਹਦੇ 'ਚ ਜੇ.ਈ. ਦੀ ਮਿਲੀ ਭੁਗਤ ਹੈ ਇਹਨੇ ਜੇ.ਈ. ਦੀ ਸ਼ਿਕਾਇਤ ਕਰ ਦਿੱਤੀ ਆਪਣੇ ਮੁਹੱਲੇ ਵਾਲੇ ਦੀ ਕਿ ਉਹ ਗੜਬੜ ਕਰਦਾ ਮੀਟਰ 'ਚ। ਸੋ ਇਸਦਾ ਕੀ ਪਤਾ ਵੀ ਕੀ ਕਰਨਾ ਚਾਹੁੰਦਾ?" ਰਾਜਵੀਰ ਦੀ ਪਤਨੀ ਨੇ ਸੁਰਿੰਦਰ ਦੀ ਭੂਮਿਕਾ ਬੰਨ ਦਿੱਤੀ।

"ਆਹੋ ਯਾਰ ਉਹ ਤਾਂ ਮੈਨੂੰ ਪਤਾ। ਪਰ ਅੱਜ ਆਥਣੇ ਕੁਝ ਗਲੀ ਵਾਲੇ 'ਕੱਠੇ ਹੋਏ ਫਿਰਦੇ ਸੀ, ਕਹਿੰਦੇ ਵੀ ਇੱਥੇ ਤਾਂ ਲੈਂਵਲ ਕਰ ਦਿੱਤਾ। ਜਿੱਥੋਂ ਗਲੀ ਸੜਕ ਤੋਂ ਸ਼ੁਰੂ ਹੁੰਦੀ ਹੈ ਉੱਥੋਂ ਲੈਵਲ ਉੱਚਾ ਕਰਨਗੇ। ਇਹ ਕੀ ਗੱਲ ਬਣੀ ???... ਮੀਂਹ ਦਾ ਪਾਣੀ ਫੇਰ ਉਚਾਈ ਵਾਲੇ ਪਾਸਿਓਂ ਬਾਕੀ ਘਰਾਂ ਵੱਲ ਨੂੰ ਆਊ।"

"ਅੱਛਾ, ਕੀ ਪਤਾ ਲੱਗਦਾ, ਠੇਕੇਦਾਰ ਵੀ ਸਿਆਸਤੀ ਹੁੰਦੇ ਨੇ। ਇਹਨਾਂ ਨਾਲ ਕੌਣ ਬਹਿਸ ਕਰੇ। ਪਿਛਲੀ ਵਾਰ ਜਦੋਂ ਆਪਣੇ ਘਰ ਅੱਗੇ ਦੀ ਗਲੀ ਦਾ ਕੰਮ ਚਲਦਾ ਸੀ, ਆਪਾਂ ਤਾਂ ਕਿਸੇ ਨੂੰ ਨੀ ਟੋਕਿਆ, ਤੁਸੀਂ ਕਿਹਾ ਸੀ ਕਿ ਚਾਹ ਬਣਾ ਕੇ ਦੇ ਦਿਆਂ ਕਰਾਂ, ਉਹ ਵੀ ਦਿੱਤੀ, ਦੇਖੋ ਕੋਈ ਲੈਂਵਲ ਗ਼ਲਤ ਨਹੀਂ ਕੀਤਾ। ਪਰ...।"

"ਕੋਈ ਨੀ, ਵੈਸੇ ਐਨੀ ਵੱਡੀ ਗੱਲ ਹੈ ਵੀ ਨਹੀਂ। ਸੀਵਰੇਜ ਪਿਆ ਹੋਇਆ, ਦੋਵੇਂ ਪਾਸੇ ਪਾਣੀ ਦੀ ਨਿਕਾਸੀ ਨੂੰ ਹੌਦ ਬਣਾ ਕੇ ਜਾਲੀਆਂ ਧਰੀਆਂ। ਪਾਣੀ ਖੜਨਾ ਹੀ ਨਹੀਂ। ਐਵੇਂ ਰੌਲਾ ਪਾਉਣ ਨੂੰ ਤਾਂ ਜੋ ਮਰਜ਼ੀ ਕਹੀ ਜਾਓ। ਆਹ ਹੁਣ ਸੁਰਿੰਦਰ ਨੇ ਨਵੀਂ ਭਸੂੜੀ ਛੇੜ ਦਿੱਤੀ, ਅਖੇ ਧਾਰਮਿਕ ਮਸਲਾ... ਇਹ ਬੰਦਾ ਕੀ ਖਾ ਕੇ ਜੰਮਿਆ ਹੋਊ।" ਸੁਰਿੰਦਰ ਨੇ ਇੱਕ ਲੰਮਾ ਸਾਹ ਛੱਡਿਆ। "ਜੰਮਿਆ ਹੋਊ ਪੰਜੀਰੀ ਖਾਣ ਨੂੰ, ਛੱਡੋ ਪਰ੍ਹੇ, ਤੁਸੀਂ ਮੱਕੀ ਦੀ ਰੋਟੀ ਨਾਲ ਸਾਗ ਖਾਓ, ਨਾਲੇ ਤਾਜ਼ੀ ਮੱਖਣੀ ਕੱਢੀ ਐ।" ਰਾਜਵੀਰ ਦੀ ਘਰਵਾਲੀ ਨੇ ਮੁਸਕ੍ਰਾਉਂਦੇ ਹੋਏ ਰੋਟੀ ਫੜਾਉਂਦਿਆਂ ਕਿਹਾ।

ਰਾਜਵੀਰ ਰੋਟੀ ਖਾ ਕੇ ਬੈੱਡ 'ਤੇ ਪਿਆ ਸੋਚ ਰਿਹਾ ਸੀ, "ਇੱਕ ਤਾਂ ਇਹ ਹੈ ਕਲੇਸ਼ੀ ਸੁਰਿੰਦਰ, ਲੋਕ ਭਾਵੇਂ ਇਹਦੀ ਸ਼ਿਕਾਇਤ 'ਤੇ ਬੱਸ ਖਹਿੜਾ ਛੁਡਾਉਣ ਨੂੰ ਦਸਤਖ਼ਤ ਕਰੀ ਜਾਂਦੇ ਹੋਣ, ਪਰ ਅੰਦਰੋਂ-ਗਤੀ ਇਹਦੇ ਨਾਲ ਗਲੀ ਦਾ ਕੁੱਤਾ ਨੀ ਖੜ ਕੇ ਰਾਜ਼ੀ ਨਹੀਂ। ਦੂਜੀ ਗੱਲ ਇਹ ਕਿ ਜਿਹੜਾ ਕੰਮ ਆਹ ਠੇਕੇਦਾਰ, ਐਮ.ਸੀ. ਅਤੇ ਕੌਂਸਲ ਕਰ ਰਹੀ, ਉਸਦਾ ਸਭ ਨੂੰ ਪਤਾ ਵੀ ਕੀ ਲੱਲਰ ਲਾਉਣਗੇ ਕੰਮ ਕਰਕੇ। ਨਾ ਇਹਨਾਂ ਦੇ ਕੰਮ 'ਚ ਕੋਈ ਬੋਲੇ, ਕਿਉਂਕਿ ਅੰਦਰੋਂ ਸਭ ਰਲ ਮਿਲ ਕੇ ਚਲਦੇ ਨੇ, ਜਿੰਨੀ ਗ੍ਰਾਂਟ ਹੈ ਖਰਚਣ ਨੂੰ, ਅੱਧੋ ਵੱਧ ਤਾਂ ਕਮਿਸ਼ਨ ਖਾ ਲੈਣਗੇ। ਹੁਣ ਲੱਖ ਦਾ ਕੰਮ ਹੋਵੇ ਤਾਂ ਚਾਲੀ ਹਜ਼ਾਰ 'ਚ ਨਿਬੇੜਨਾ ਹੋਵੇ, ਆਪ ਈ ਸਮਝ ਸਕਦੇ ਹਾਂ ਕਿ ਕੀ ਕੁਆਲਟੀ ਵਰਕ ਹੋਵੇਗਾ, ਨਾ ਮੁਹੱਲੇ ਵਾਲਿਆਂ ਕੋਲ ਟਾਈਮ ਕਿ ਇਹਨਾਂ ਦੀ ਅਕਾਊ ਪੜਤਾਲ 'ਚ ਫਸੇ।... ਖ਼ੈਰ ਹੁਣ ਗੱਲ ਇਹ ਹੈ ਕਿ ਖੜਿਆ ਕਿਸ ਨਾਲ ਜਾਵੇ, ਤੜਕੇ ਵੀ ਦਸ ਬੰਦੇ 'ਕੱਠੇ ਹੋ ਕੇ ਈ ਓਸ ਕੋਲ ਜਾ ਖੜੇ ਤੇ ਕੰਮ ਰੁਕ ਗਿਆ। ਹੁਣ ਉਹ ਵੀ ਮੁਹੱਲੇ ਦੇ ਬੰਦੇ ਨੇ, ਉਹਨਾਂ ਦਾ ਵੀ ਸਾਥ ਦੇਣਾ ਬਣਦਾ ਸੀ। ਮੈਂ ਤਾਂ ਹੀ ਕਿਹਾ ਕਿ ਕੋਈ ਨੀ ਜੇ ਇਹ ਧੱਕਾ ਕਰਦੇ ਨੇ ਤਾਂ ਦਰੀਆਂ ਮੰਗਵਾ ਲੈਂਦੇ ਹਾਂ, ਲਾ ਦਿੰਨੇ ਧਰਨਾ। ਪਰ ਮੈਨੂੰ ਪਤਾ ਵੀ ਰੌਲਾ ਪਾਉਣ ਵਾਲੇ ਸਭ ਦੁਕਾਨਦਾਰ ਅਤੇ ਵਪਾਰੀ। ਇਹ ਇੰਨਾ ਮਾਮਲਿਆਂ 'ਚ ਕਿੱਥੋਂ ਪੈਣਗੇ? ਅੱਗੇ ਇੱਕ ਵਾਰ ਆਈਂ ਕਿਸੇ ਨੇ ਬਾਜ਼ਾਰ 'ਚ ਪੰਗਾ ਲੈ ਲਿਆ ਕਿ ਜੇ ਇੱਥੇ ਰਾਹ ਬੰਦ ਕੀਤਾ ਤਾਂ ਉਹ ਆਤਮਦਾਹ ਕਰ ਲਊ। ਕਹਿ ਕੇ ਜਦੋਂ ਘਰੇ ਵੜਿਆ, ਪਿਉ ਤੇ ਘਰਵਾਲੀ ਨੇ ਖਰੀਆਂ ਖਰੀਆਂ ਸੁਣਾਈਆਂ ਕਿ ਤੂੰ ਹੀ ਰਹਿ ਗਿਆ ਮਰਨ ਨੂੰ ਹੋਰ ਬਥੇਰੇ ਬੈਠੇ ਸੀ ਓਥੇ, ਤੈਨੂੰ ਕੀ ਕਾਹਲ ਸੀ... ਲੈ ਪਹਿਲਾਂ ਸਾਨੂੰ ਹੀ ਫਾਹਾ ਦੇ ਦੇ।

"... ਹਾ ਹਾ... ਅੱਜ ਉਹ ਅਖ਼ਬਾਰ 'ਚ ਵੀ ਪੜ੍ਹਿਆ ਸੀ, 'ਅਸੀਂ ਕਿਸ ਦਿਸ਼ਾ ਵੱਲ ਜਾ ਰਹੇ ਹਾਂ, ਇਸ ਦਾ ਉੱਤਰ ਇਹ ਹੈ ਕਿ ਅਸੀਂ ਸਿਰਫ਼ ਗੋਲ-ਗੋਲ ਘੁੰਮ ਰਹੇ ਹਾਂ, ਦਿਸ਼ਾ ਨਾਮ ਦਾ ਤਾਂ ਭੁਲੇਖਾ ਹੀ ਹੈ?...। ਫੇਰ ਸੋਚੀਦਾ ਵੀ ਅਜਿਹੇ ਕੰਮਾਂ 'ਤੇ ਬੰਦਿਆਂ ਨੂੰ ਸੁਰਿੰਦਰ ਵਰਗੀਆਂ ਭੂਤਾਂ ਹੀ ਸਹੀ ਨੇ। ਉਹ ਵੀ ਗੱਲਾਂ ਨੂੰ ਗੋਲ-ਗੋਲ ਹੀ ਘੁਮਾਉਂਦਾ।" ਰਾਜਵੀਰ ਨੂੰ ਹਾਸੀ ਆ ਗਈ।

"ਕਿਸਨੂੰ ਯਾਦ ਕਰਕੇ ਮੁਸਕਰਾਈ ਜਾਂਦੇ ਹੋਂ?" ਰਾਜਵੀਰ ਦੀ ਪਤਨੀ ਨੇ ਕਮਰੇ ਚ ਵੜਦਿਆਂ ਪੁੱਛਿਆ।

"ਹੁਣ ਤਾਂ ਮੁਸਕਰਾਉਣ ਲਈ ਵੀ ਸੁਰਿੰਦਰ ਹੀ ਘੁੰਮ ਰਿਹਾ ਦਿਮਾਗ਼ 'ਚ, ਹੋਰ ਦੱਸ ਕੀ ਕੈਟਰੀਨਾ ਕੈਫ਼ ਆਊ?" ਰਾਜਵੀਰ ਨੇ ਪਤਨੀ ਨੂੰ ਛੇੜਿਆ।

"ਆਹੋ, ਹੁਣ ਜਾਂ ਤਾਂ ਕੈਟਰੀਨਾ ਰਹਿ ਗਈ ਤੇ ਜਾਂ ਉਹ ਸੁਰਿੰਦਰ, ਮੈਂ ਤਾਂ ਕਿਰਾਏ 'ਤੇ ਲਿਆਂਦੀ ਹੋਈ ਆਂ।" ਪਤਨੀ ਨੇ ਤਾਅਨਾ ਮਾਰਿਆ।

"ਓਏ ਬਾਬਾ ਗੁਰੂ, ਹੁਣ ਤੇਰੇ 'ਚ ਵੀ ਸੁਰਿੰਦਰ ਦੀ ਆਤਮਾ ਆ ਗਈ, ਛੱਡ ਯਾਰ, ਤੂੰ ਆਪਣੀ ਗੱਲ ਕਰ। ਇਹ ਤਾਂ ਉਹੀ ਵਾਹਾਂ, ਉਹੀ ਕੁਹਾੜਾ।" ਰਾਜਵੀਰ ਦੀ ਗੱਲ ਸੁਣਕੇ ਪਤਨੀ ਮੁਸਕਰਾ ਪਈ।

ਪੂਰੇ ਚਾਰ ਦਿਨ ਕੰਮ ਬੰਦ ਰਿਹਾ। ਨਾ ਮਜ਼ਦੂਰ ਦਿਸੇ ਤੇ ਨਾ ਆਵਜ਼ਾਈ 'ਤੇ ਰੋਕ। ਸੜਕ ਦੀ ਪੁਰਾਣੀ ਟਾਈਲ ਤੇ ਮਿੱਟੀ ਤਾਂ ਪਹਿਲਾਂ ਹੀ ਦੁੱਧ ਤੋਂ ਲਾਹੀ ਮਲਾਈ ਵਾਂਗ ਟਰਾਲੀ 'ਚ ਪਾ ਕੇ ਲੈ ਗਏ ਸੀ। ਇੱਕ ਵੱਡਾ ਰੋਡ-ਰੋਲਰ ਖ਼ਾਲੀ ਪਲਾਟ 'ਚ ਖੜਾ ਸੀ। ਜਿਵੇਂ ਉਡੀਕ ਰਿਹਾ ਹੋਵੇ ਕਿ ਕਦੋਂ ਆਪਣੇ ਵਜ਼ਨ ਦੀ ਮਹੱਤਤਾ ਸਾਬਤ ਕਰੇ।

ਗ਼ਮਾਂ ਦੀ ਰਾਤ ਨੇ ਹਉਕਾ ਹੈ ਭਰਿਆ।
ਮੇਰੇ ਹੰਝ 'ਤੇ, ਤੇਰਾ ਅਕਸ ਤਰਿਆ। -(ਅਗਲੇ ਸਫ਼ੇ 'ਤੇ)

ਖ਼ੈਰ! ਗੱਲ ਆਈ ਗਈ ਹੋ ਗਈ। ਸੁਰਿੰਦਰ ਵੀ ਬਾਹਰ ਸੀ, ਜਿਵੇਂ ਕਿ ਉਸਨੇ ਦੱਸਿਆ ਸੀ ਕਿ ਉਹ ਦਿੱਲੀ ਜਾ ਰਿਹੈ, ਪਰ ਇਹ ਕਹਿ ਨੀ ਸਕਦੇ ਵੀ ਗਿਆ ਕਿੱਥੇ ਹੋਊ, ਭਾਵੇਂ ਗਿਆ ਮਾਨਸਾ ਹੋਵੇ। ਰਾਜਵੀਰ ਵੀ ਡਿਊਟੀ 'ਤੇ ਸਵੇਰੇ 8 ਵੱਜਦੇ ਨੂੰ ਤੁਰ ਜਾਂਦਾ ਤੇ ਆਉਂਦਿਆਂ ਨੂੰ 5 ਵੱਜ ਜਾਂਦੇ।

ਅਗਲੀ ਸਵੇਰ ਫੇਰ ਸੱਤ ਵਜੇ ਹੀ ਰਾਜਵੀਰ ਦਾ ਗੇਟ ਖੜਕ ਗਿਆ।

ਸੁਰਿੰਦਰ ਹੀ ਸੀ। ਸਿਰ ਤੇ ਦੇਵਨੰਦ ਵਾਲੀ ਟੋਪੀ ਤੇ ਜੈਕਟ ਪਾਈ ਪੂਰਾ ਸ਼ਾਤਿਰ ਲੱਗ ਰਿਹਾ ਸੀ, ਜਿਵੇ ਚਾਰਲਸ ਸ਼ੋਭਰਾਜ ਹੋਵੇ।

"ਹਾਂ ਜੀ, ਰਾਜਵੀਰ ਕੀ ਹਾਲ ਹੈ। ਲੈ ਹੁਣ ਆਪਣਾ ਕੰਮ ਜਿਵੇਂ ਆਪਾਂ ਕਿਹਾ ਸੀ ਹੋ ਗਿਆ। ਮੈਂ ਸੋਚਿਆ ਕਿ ਡੀ.ਸੀ. ਸਾਹਿਬ ਦਾ ਧੰਨਵਾਦ ਕਰ ਦਈਏ। ਆਹ ਪੜ ਲੈ ਤੇ ਕਰ ਦੇ ਦਸਤਖ਼ਤ।" ਰਾਜਵੀਰ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਸੁਰਿੰਦਰ ਨੇ ਖ਼ਚਰੀ ਹਾਸੀ ਹੱਸਦਿਆਂ ਕਾਗਜ਼ ਰਾਜਵੀਰ ਦੇ ਅੱਗੇ ਕਰ ਦਿੱਤਾ।

ਰਾਜਵੀਰ ਉਸਨੂੰ ਅੰਦਰ ਨਹੀਂ ਸੀ ਲਿਜਾਉਣਾ ਚਾਹੁੰਦਾ। ਇਸ ਲਈ ਗੇਟ ਦੇ ਨਾਲ ਹੀ ਅੰਦਰ ਖੜੇ ਸਕੂਟਰ ਦੀ ਸੀਟ 'ਤੇ ਕਾਗਜ਼ ਰੱਖ ਕੇ ਦਸਤਖ਼ਤ ਕਰਨ ਲੱਗ ਪਿਆ। ਲਿਖਿਆ ਸੀ- 'ਅਸੀਂ ਮੁਹੱਲਾ ਨਿਵਾਸੀ ਪ੍ਰਸ਼ਾਸਨ ਦਾ ਧੰਨਵਾਦ ਕਰਦੇ ਹਾਂ ਕਿ ਮੁਹੱਲੇ ਵਿੱਚ ਸੜਕ ਦਾ ਕੰਮ ਹੁਣ ਤੱਸਲੀਬਖਸ਼ ਹੋ ਰਿਹਾ ਹੈ, ਕਿਸੇ ਵੀ ਵਸਨੀਕ ਨੂੰ ਕੋਈ ਸ਼ਿਕਾਇਤ ਜਾਂ ਇਤਰਾਜ਼ ਨਹੀਂ ਹੈ।'

"ਨਾਲੇ ਐਂ ਆ ਫੇਰ ਵੀ ਪ੍ਰਸ਼ਾਸਨ ਤੋਂ ਅੱਗੇ ਵੀ ਕੰਮ ਲੈਣਾ ਹੁੰਦਾ। ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਕੰਮ ਨੇਪਰੇ ਚੜ ਗਿਆ, ਚੱਲ ਹੁਣ ਧੰਨਵਾਦ ਕਰਨਾ ਤਾਂ ਬਣਦਾ।" ਸੁਰਿੰਦਰ ਨੇ ਜਿਵੇਂ ਆਪਣਾ ਨਾਮ ਨਾ ਲੈ ਕੇ ਕੁਝ ਕਹਾਉਣ ਦੀ ਕੋਸ਼ਿਸ਼ ਕੀਤੀ ਹੋਵੇ।

"ਨਹੀਂ ਸੁਰਿੰਦਰ ਜੀ, ਇਹ ਤਾਂ ਤੁਹਾਡੀ ਹਿੰਮਤ ਹੈ, ਜਿਹੜਾ ਭੱਜੇ ਫਿਰਦੇ ਹੋਂ, ਨਹੀਂ ਕੌਣ ਭਕਾਈ ਕਰਦਾ। ਸਾਡੇ ਵੱਸ ਦੀ ਗੱਲ ਕਿਥੇ ਸੀ?" ਰਾਜਵੀਰ ਨੇ ਜਿਵੇਂ ਸੁਰਿੰਦਰ ਨੂੰ ਉਹੀ ਕਿਹਾ ਜੋ ਉਹ ਸੁਣਨਾ ਚਾਹੁੰਦਾ ਸੀ।

"ਓ ਬੱਸ ਸਾਰਿਆਂ ਦੇ ਸਹਿਯੋਗ ਨਾਲ ਈ ਹੈ, ਨਾਲੇ ਮੇਰਾ ਕਿਹੜੇ ਕੱਲੇ ਦਾ...।"

"ਘਰ ਨੀਵਾਂ ਹੋਣਾ ਸੀ।" ਰਾਜਵੀਰ ਨੇ ਸੁਰਿੰਦਰ ਦੀ ਗੱਲ ਪੂਰੀ ਕੀਤੀ।

"ਪਰ ਮੈਨੂੰ ਇੱਕ ਗੱਲ ਨੀ ਸਮਝ ਨਹੀਂ ਆਈ। ਉਸ ਦਿਨ ਤਾਂ ਤੁਸੀਂ ਕਹਿ ਰਹੇ ਸੀ ਕਿ ਦੋ-ਚਾਰ ਪੋਲੀਟੀਕਲ ਬੰਦੇ ਇਸ ਮਾਮਲੇ ਨੂੰ ਧਾਰਮਿਕ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੇ ਨੇ, ਨਾਲੇ ਆਪਣੀ ਗਲੀ ਵਾਲੇ ਕੁਝ ਬੰਦੇ ਈ ਓ ਤੋਂ ਕੰਮ ਵੀ ਬੰਦ ਕਰਵਾ ਆਏ ਸਨ। ਫੇਰ ਹੁਣ ਕਿਵੇਂ ਸਹਿਮਤੀ ਹੋ ਗਈ।" ਰਾਜਵੀਰ ਨੇ ਜਾਨਣਾ ਚਾਹਿਆ।

"ਓ ਕੁਛ ਨੀ, ਐਵੇਂ ਰੌਲਾ ਸੀ, ਹੁਣ ਸਭ ਨੂੰ ਕੋਈ ਦਿੱਕਤ ਨਹੀਂ, ਬਾਕੀ ਹੁਣ ਸਭ ਦੀ ਤੱਸਲੀ ਕਿੱਥੇ ਹੁੰਦੀ ਹੈ? ਖ਼ੈਰ ਅੱਜ ਕੰਮ ਸ਼ੁਰੂ ਹੋ ਰਿਹਾ ਦੁਬਾਰਾ। ਇਹੀ ਚੰਗੀ ਗੱਲ ਹੈ। ਮੈਂ ਵੀ ਬਸ ਇਹ ਧੰਨਵਾਦੀ ਪੱਤਰ ਪ੍ਰਸ਼ਾਸਨ ਨੂੰ ਆਪ ਜਾ ਕੇ ਦੇ ਆਊਂ, ਤੁਸੀਂ ਤਾਂ ਡਿਊਟੀ ਤੇ ਜਾਣਾ ਹੋਣਾ, ਚੰਗਾ ਫੇਰ, ਲੇਟ ਨਾ ਹੋ ਜਾਊ?"

ਸੁਰਿੰਦਰ ਕਾਹਲੀ ਦੇਣੇ ਕਹਿ ਕੇ ਤੁਰ ਪਿਆ।

ਰਾਜਵੀਰ ਵੀ ਅੰਦਰ ਆ ਗਿਆ।

"ਕਮਾਲ ਦਾ ਬੰਦਾ ਇਹ, ਹਾਲੇ ਚਾਰ ਦਿਨ ਪਹਿਲਾਂ ਸੜਕ ਦੇ ਮਸਲੇ ਨੂੰ ਧਾਰਮਿਕ ਰੰਗਤ ਦੇਣ ਦੀ ਬ੍ਰੇਕਿੰਗ ਨਿਊਜ਼ ਬਣਾ ਰਿਹਾ ਸੀ, ਅੱਜ ਐਂ ਗੱਲ ਕਰ ਰਿਹਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ।... ਜਾਂ ਤਾਂ ਇਹਦੀ ਗੱਲ 'ਚ ਕੋਈ ਵਜ਼ਨ ਨਹੀਂ ਸੀ ਤੇ ਜਾਂ ਸ਼ਾਇਦ ਲੋਕ ਆਪ ਈ ਸਹਿਮਤ ਹੋ ਗਏ ਹੋਣ ਕਿ ਜੋ ਹੋ ਰਿਹਾ ਠੀਕ ਹੈ... ਫੇਰ ਵੀ ਪਤਾ ਤਾਂ ਕਰਾਂ ...ਆਪਣੇ ਜੇ.ਈ. ਫਿਰਦਾ ਹੁੰਦਾ ਕੰਮ ਦੇਖਦਾ ਸੜਕ ਦਾ। ਉਹਨੂੰ ਆਦਤ ਐ ਗੱਲਾਂ ਕਰਨ ਦੀ ਸੜਕ ਬਣਾਉਣ ਵਾਲਿਆਂ ਨਾਲ, ਉਹਨੂੰ ਪੁੱਛਦਾ ਵੀ ਕਿਵੇਂ ਨਿਬੜਿਆ।" ਰਾਜਵੀਰ ਆਪਣੇ ਆਪ ਨੂੰ ਕਹਿੰਦਾ ਡਿਊਟੀ ਲਈ ਚੱਲ ਪਿਆ।

ਸ਼ਾਮ ਨੂੰ ਮੁੜਦਿਆਂ ਹੀ ਚਾਹ ਪੀ ਕੇ ਰਾਜਵੀਰ ਗਲੀ 'ਚ ਨਿੱਕਲ ਗਿਆ। ਜੇ.ਈ. ਸੜਕ ਬਣਨ ਵਾਲੀ ਥਾਂ 'ਤੇ ਹੀ ਖੜਾ ਸੀ। ਠੇਕੇਦਾਰ ਵੀ ਉੱਥੇ ਸੀ। ਦੋਵੇਂ ਗੱਲਾਂ ਮਾਰੀ ਜਾਣ। ਸੜਕ 'ਤੇ ਪਾਏ ਰੋੜਿਆਂ ਉੱਪਰ ਲੁਕ ਤੇ ਬਜਰੀ ਦੀ ਪਰਤ ਚੜ ਰਹੀ ਸੀ। ਰੋਡ-ਰੋਲਰ ਦੀ ਅਵਾਜ਼ ਸਾਰੇ ਵਾਤਾਵਰਨ 'ਚ ਗੂੰਜ ਰਹੀ ਸੀ। ਗਲੀ ਲੈੱਵਲ ਕਰਨ ਲਈ ਜਿਵੇਂ ਉਹ ਵੀ ਕਾਹਲਾ ਹੋਵੇ। "ਹਾਂ ਜੀ, ਜੇ.ਈ. ਸਾਹਿਬ, ਲਾ ਲਿਆ ਫੇਰ ਕੰਮ ਸਿਰੇ।" ਰਾਜਵੀਰ ਨੇ ਉੱਚੀ ਦੇਣੇ ਦੋਵਾਂ ਵੱਲ ਦੇਖ ਕੇ ਕਿਹਾ।

"ਆ ਵੀ ਰਾਜਵੀਰ, ਜਿਸ ਦਿਨ ਦੀ ਸੜਕ ਬਣਦੀ ਐ ਤੈਨੂੰ ਪਹਿਲੀ ਵਾਰ ਦੇਖਿਆ ਮੌਕੇ 'ਤੇ ਆਉਂਦਿਆਂ। ਖ਼ੈਰ! ਅਸੀ ਤਾਂ ਹੁਣ ਰਿਟਾਇਰੀ ਬੰਦੇ, ਵਿਹਲੇ ਇੱਧਰ-ਉੱਧਰ ਨਿਗਾਹ ਰੱਖਣ ਨੂੰ ਈ ਐਂ... ਤੂੰ ਹਾਲੇ ਦਫ਼ਤਰੀ ਕੰਮ 'ਚ ਫਸਿਆ ਬੰਦਾ।" ਜੇ.ਈ. ਨੇ ਗੱਲ ਤੋਰੀ।

"ਨਹੀਂ ਜੀ, ਮੈਨੂੰ ਐ ਹੁੰਦਾ ਵੀ ਜੇ.ਈ. ਸਾਹਿਬ ਵਰਗੇ ਸਿਆਣੇ ਤੇ ਸੁਰਿੰਦਰ ਵਰਗੇ ਸ਼ਿਕਾਇਤੀ ਬੰਦੇ ਹੈਗੇ ਨੇ ਮੁਹੱਲੇ 'ਚ ਤਾਂ ਆਪਾਂ ਬੇਫ਼ਿਕਰ ਰਹੀਏ।" ਰਾਜਵੀਰ ਹੱਸਿਆ।

"ਹੱਮ ਆ ਗੱਲ ਵੀ ਠੀਕ ਐ, ਮੇਰੀ ਸਿਆਣਪ ਦਾ ਤਾਂ ਪਤਾ ਨਹੀਂ, ਪਰ ਸੁਰਿੰਦਰ ਆਲੀ ਗੱਲ ਤੂੰ ਸਹੀ ਕਹੀ, ਬਾਕੀ ਠੇਕੇਦਾਰ ਵੀ ਖੜਾ, ਇਹਨੂੰ ਵੀ ਪਤਾ ਲੱਗ ਗਿਆ ਹੋਣਾ?" ਜੇ.ਈ. ਨੇ ਅੱਖ ਦੱਬੀ ਤੇ ਠੇਕੇਦਾਰ ਵੱਲ ਝਾਕ ਕੇ ਹੱਸਿਆ।

"ਹਾ ਹਾ ਜੇ.ਈ. ਸਾਹਿਬ ਜਾਣ ਦਿਓ, ਅਸੀਂ ਵੀ ਅਜਿਹੇ ਕੰਮ 'ਚ ਆਂ ਕਿ ਸਭ ਦੇਖਣਾ ਪੈਂਦਾ, ਕੀ ਮੰਤਰੀ, ਕੀ ਅਫ਼ਸਰ ਤੇ ਕੀ ਲੋਕ?" ਠੇਕੇਦਾਰ ਮਿੰਨਾ ਜਿਹਾ ਮੁਸਕੁਰਾਇਆ।

"ਨਾ ਫੇਰ ਐ ਦੱਸੋ ਬਈ... ਗੱਲ ਸਿਰੇ ਕਿਵੇ ਲੱਗੀ? ਲੈਵਲ ਦਾ ਮਸਲਾ, ਸ਼ਿਕਾਇਤ ਅਤੇ ਧਾਰਮਿਕ ਘੁਣਤਰ ਇਹ ਹੁਣ ਕਿਵੇਂ ਸੈੱਟ ਹੋ ਗਿਆ।" ਰਾਜਵੀਰ ਨੇ ਜਿਗਿਆਸਾ ਪ੍ਰਗਟ ਕੀਤੀ।

ਜੇ.ਈ. ਠੇਕੇਦਾਰ ਵੱਲ ਝਾਕਿਆ ਤੇ ਫੇਰ ਰਾਜਵੀਰ ਨੂੰ ਇਸ਼ਾਰੇ ਨਾਲ ਪਰਾਂ ਵੱਲ ਤੋਰ ਲਿਆ।

ਰਾਜਵੀਰ ਵੀ ਇਸ਼ਾਰਾ ਸਮਝ ਕੇ ਨਾਲ-ਨਾਲ ਤੁਰ ਪਿਆ। ਗਲੀ ਦੇ ਦੂਜੇ ਮੁਹਾਣੇ ਵੱਲ ਜਿੱਥੇ ਟਾਈਲ ਲੱਗ ਚੁੱਕੀ ਸੀ। ਉੱਧਰ ਨੂੰ ਦੋਵੇਂ ਤੁਰ ਪਏ।

"ਰਾਜਵੀਰ ਅਸਲ ਗੱਲ ਤਾਂ ਹੋਰ ਈ ਐ, ਆਪਾਂ ਨੂੰ ਤਾਂ ਸਾਲਾ ਸੁਰਿੰਦਰ ਮੂਰਖ ਬਣਾਉਂਦਾ।" ਜੇ.ਈ. ਨੇ ਦੱਸਿਆ।

ਕਿਵੇਂ ਦੁੱਖ ਦੀ ਘੜੀ ਵਿਚ ਸ਼ਾਂਤ ਵਗਣਾ,
ਸਬਕ ਹੰਝੂ ਤੋਂ ਵੀ ਲੈਂਦਾ ਹੈ ਦਰਿਆ। -ਕੁਲਵਿੰਦਰ ਕੁੱਲਾ

"ਅੱਛਾ, ਜੇ.ਈ. ਸਾਹਿਬ ਹੈ ਤਾਂ ਉਹ ਇਸੇ ਕਿਸਮ ਦਾ ਬੰਦਾ, ਹੁਣ ਇੱਥੇ ਵੀ ਗੇਮ ਲਾ ਗਿਆ ਹੋਣਾ।"

"ਲੈ ਸੁਣ ਲੈ, ਆਪਣਾ ਮਿੱਤਰ ਠੇਕੇਦਾਰ ਨਾਲ ਈ ਕੰਮ ਕਰਦਾ ਤੇ ਐਸਟੀਮੇਟ ਬਣਾਉਂਦਾ। ਉਹ ਮੈਨੂੰ ਮਿਲਿਆ ਸੀ ਦੋ ਦਿਨ ਪਹਿਲਾਂ ਤਿਕੋਨੀ ਵਾਲੇ ਬਾਰ 'ਚ। ਆਥਣੇ ਠੇਕੇਦਾਰ ਵੀ ਉੱਥੇ ਹੀ ਸੀ, ਦੋਵੇਂ ਦਾਰੂ ਪੀਂਦੇ ਸੀ, ਮੈਂ ਵੀ ਗਿਆ ਤਾਂ ਇਕੱਠੇ ਬੈਠ ਗਏ। ਫੇਰ ਸਾਰੀ ਗੱਲ ਪਤਾ ਲੱਗੀ।"

"ਕੀ ਗੱਲ ਸੀ।" ਰਾਜਵੀਰ ਤੁਰਦਿਆਂ ਤੁਰਦਿਆਂ ਉੱਥੇ ਹੀ ਇੱਕ ਘਰ ਦੇ ਬਾਹਰ ਬਣੀ ਦੇਹਲੀ 'ਤੇ ਜੇ.ਈ. ਨਾਲ ਬੈਠ ਗਿਆ। "ਇਹ ਪਤੰਦਰ ਸੁਰਿੰਦਰ ਤਾਂ ਸੜਕ ਦੇ ਕੰਮ 'ਚ ਉਸੇ ਦਿਨ ਦਾ ਅੜਿੱਕਾ ਲਾ ਰਿਹਾ ਜਦੋਂ ਇਸ ਦਾ ਮਤਾ ਕਮੇਟੀ 'ਚ ਪਾਸ ਹੋਇਆ। ਹੁਣ ਤੱਕ ਜਿੰਨੇ ਵੀ ਕੰਮ ਗਲੀ 'ਚ ਹੋਏ ਨੇ, ਤੈਨੂੰ ਪਤਾ... ਵੀ ਹਰੇਕ 'ਚ ਇਹ ਸਬੰਧਤ ਮਹਿਕਮੇ ਨੂੰ ਸ਼ਿਕਾਇਤ ਕਰ ਦਿੰਦਾ... ਕੋਈ ਨਾ ਕੋਈ ਟੂੱਲ ਲਾ ਦਿੰਦਾ। ਜਿੱਥੇ ਜ਼ੋਰ ਚਲਦਾ ਆਪਣਾ ਕੰਮ ਸੂਤ ਕਰ ਲੈਂਦਾ।"

"ਹਾਂ, ਲੱਛਣ ਤਾਂ ਇਹਦੇ ਇਹੀ ਨੇ, ਹੋਰ ਕੰਮ ਵੀ ਕੀ ਐ ਇਸਨੂੰ, ਸਾਰਾ ਦਿਨ ਸਕੂਟਰ ਲੈ ਕੇ ਤੁਰਿਆ ਫਿਰਦਾ, ਪਤਾ ਨਹੀਂ ਕਮਾਈ ਦਾ ਜ਼ਰੀਆ ਕੀ ਹੈ?"

"ਉਏ ਆਹੀ, ਘੁਣਤਰਾਂ। ਇਹਨੂੰ ਕਹਿ ਸਹੀ ਕਿਸੇ ਕੰਮ ਨੂੰ, ਆਪ ਮੂਹਰੇ ਫਸ। ਖ਼ੈਰ! ਮੈਨੂੰ ਗੱਲ ਇਹ ਪਤਾ ਲੱਗੀ ਕਿ ਇਹ ਅਪਣੇ ਸਾਰਿਆਂ ਦੇ ਦਸਤਖ਼ਤ ਕਰਵਾ ਕੇ ਡੀ.ਸੀ. ਨੂੰ ਸ਼ਿਕਾਇਤ ਕਰ ਆਇਆ ਕਿ ਸੜਕ ਗ਼ਲਤ ਬਣ ਰਹੀ ਹੈ, ਸਾਰੇ ਮੁਹੱਲਾ ਵਾਸੀ ਇਸ 'ਤੇ ਇਤਰਾਜ਼ ਕਰਦੇ ਨੇ। ਡੀ.ਸੀ. ਨੇ ਅੱਗੇ ਕੌਂਸਲ ਦਾ ਈ.ਓ. ਸੱਦ ਲਿਆ ਤੇ ਉਹਨੂੰ ਸਪਸ਼ਟੀਕਰਨ ਦੇਣ ਨੂੰ ਕਿਹਾ। ਫੇਰ ਗੱਲ ਐਮ.ਸੀ. ਤੇ ਐਮ.ਐਲ.ਏ. ਕੋਲ ਪਹੁੰਚੀ। ਫੇਰ ਠੇਕੇਦਾਰ ਕੋਲ। ਵੋਟਾਂ ਨੇੜੇ ਹਨ। ਐਮ.ਸੀ. ਦੀ ਰਿਪੋਰਟ ਅਨੁਸਾਰ ਮੁਹੱਲੇ ਦੇ ਅੱਸੀ ਫ਼ੀਸਦੀ ਬੰਦੇ ਸੜਕ ਦੇ ਲੈੱਵਲ 'ਤੇ ਇਤਰਾਜ਼ ਕਰ ਰਹੇ ਸਨ। ਇਸ 'ਚ ਸੱਠ ਕੁ ਫੀਸਦੀ ਨੂੰ ਪਤਾ ਹੀ ਨਹੀਂ ਸੀ ਕਿ ਰੌਲਾ ਕੀ ਹੈ। ਪਰ ਜਿਵੇਂ ਸੁਰਿੰਦਰ ਨੇ ਅਪਣੇ ਦਸਤਖ਼ਤ ਕਰਵਾਏ 'ਤੇ ਆਪਾਂ ਗਵਾਂਢ ਮੱਥੇ ਕਰ ਦਿੱਤੇ, ਉਸ ਨਾਲ ਮਸਲਾ ਬਣ ਗਿਆ।"

"ਫੇਰ ਕੀ...!?"

"ਫੇਰ ਕੀ... ਤੂੰ ਕੀ ਸਮਝਦਾ, ਇਹਨਾਂ ਦਾ ਤਾਂ ਰੋਜ਼ ਦਾ ਕੰਮ ਐ... ਠੇਕੇਦਾਰੀ ਕਰਨੀ ਸੌਖੀ ਐ ਕਿਤੇ... ਨਾਲੇ ਸੜਕਾਂ ਤਾਂ ਬਣਦੀਆਂ ਟੁੱਟਦੀਆਂ ਰਹਿਣਗੀਆਂ। ਗ੍ਰਾਂਟਾਂ ਆਉਂਦੀਆਂ ਰਹਿਣਗੀਆਂ।"

"ਮਤਲਬ... ਫੇਰ ਹੋਇਆ ਕੀ...?"

"ਉਹੀ ਜੋ ਹੁੰਦਾ ਆਇਆ... ਡੀ.ਸੀ. ਕਹਿੰਦਾ ਵੀ ਜਦੋਂ ਤੱਕ ਮੁਹੱਲੇ ਵਾਲੇ ਇਤਰਾਜ਼ ਨਹੀਂ ਹਟਾਉਂਦੇ, ਕੰਮ ਬੰਦ ਰਹੂ, ਇਹਨੂੰ ਠੀਕ ਕਰੋ। ਫੇਰ ਐਮ.ਸੀ. ਨੇ ਸੁਰਿੰਦਰ ਨੂੰ ਘਰੇ ਸੱਦ ਲਿਆ। ਤੈਨੂੰ ਪਤਾ ਵੀ ਐਮ.ਸੀ. ਦਾ ਪਿਉ ਤੇ ਸੁਰਿੰਦਰ ਤਾਂ ਇੱਕੋ ਪਾਰਟੀ 'ਚ ਰਹੇ ਨੇ। ਸੜਕ ਦਾ ਠੇਕਾ ਦੱਸ ਲੱਖ ਦਾ ਸੀ। ਸੁਰਿੰਦਰ ਨੂੰ ਐਮ.ਸੀ. ਦੇ ਪਿਉ ਨੇ ਮਾਣ ਤਾਣ ਕਰਵਾ ਕੇ ਮਨਾ ਲਿਆ। ਉਹ ਵੀਹ ਹਜ਼ਾਰ ਲੈ ਕੇ ਚੁੱਪ ਕਰ ਗਿਆ। ਤਾਂ ਹੀ ਅਗਲੇ ਦਿਨ ਤੜਕੇ ਈ ਪ੍ਰਸ਼ਾਸਨ ਦਾ ਧੰਨਵਾਦ ਪੱਤਰ ਚੁੱਕੀ ਫਿਰੇ। ਆਪਾਂ ਫੇਰ ਚੁੱਪ ਕਰ ਕੇ ਦਸਤਖ਼ਤ ਕਰ ਦਿੱਤੇ ਵੀ ਚੱਲ ਭਾਈ ਕੰਮ ਨਿੱਬੜਿਆ। ਮਹੀਨਾ ਹੋ ਗਿਆ ਨਹੀਂ ਸੜਕ ਦੇ ਕੰਮ ਨੂੰ ਅੱਧ ਵਿਚਾਲੇ ਅੜੇ ਨੂੰ। ਸਾਰਾ ਦਿਨ ਰੇਤਾ, ਮਿੱਟੀ ਉੱਡੀ ਜਾਂਦਾ, ਟਰੈਫ਼ਿਕ ਦਾ ਵੀ ਮਾੜਾ ਹਾਲ ਹੈ। ਅੱਧਿਆਂ ਨੇ ਤਾਂ ਇਸੇ ਤੋਂ ਨਿਜ਼ਾਤ ਪਾਉਣ ਲਈ ਦਸਤਖ਼ਤ ਕਰ ਦਿੱਤੇ। ਨਾਲੇ ਸ਼ਹਿਰੀ ਬੰਦੇ ਨੂੰ ਤਾਂ ਸ਼ਾਂਤੀ ਚਾਹੀਦੀ, ਉਹ ਬਹੁਤਾ ਧਰਨਾ ਲਾ ਕੇ ਤੇ ਗੱਲ ਵਧਾ ਕੇ ਬੈਠਣੋਂ ਤਾਂ ਰਹੇ। ਇਹ ਕੰਮ ਤਾਂ ਹੁਣ ਕਿਸਾਨਾਂ ਦੇ ਵੱਸ ਈ ਐ, ਦੇਖ ਲੈ ਅਗਲੇ ਸਾਲ ਬੈਠੇ ਰਹੇ ਧਰਨਾ ਲਾਈ, ਫੇਰ ਸਰਕਾਰ ਨੂੰ ਝੁਕਣਾ ਈ ਪਿਆ, ਅਜਿਹਾ ਸੰਘਰਸ਼ ਚਾਹੀਦਾ ਜੇ ਸਿਸਟਮ ਨੂੰ ਬਦਲਣਾ ਹੋਵੇ। ਨਿੱਜੀਕਰਨ, ਵਪਾਰ ਤੇ ਨੌਕਰੀ ਦੇ ਜੰਜਾਲ 'ਚ ਫਸਿਆ ਬੰਦਾ ਤਾਂ ਟਾਈਮ ਈ ਨੀ ਕੱਢ ਸਕਦਾ, ਸਭ ਦੇ ਅਪਣੇ ਤੌਖਲੇ ਨੇ, ਅੱਪਣੇ ਡਰ। ਨਿਖਿੱਧ ਚਾਕਰੀ ਕਿਹਾ ਸੀ ਸਾਡੇ ਸਿਆਣਿਆਂ ਨੇ। ਹੁਣ ਦੇਖ ਲੈ ਸਭ ਨੂੰ ਇਸੇ ਜੋਗੇ ਬਣਾ ਕੇ ਰੱਖ ਤਾਂ ਨੀਤੀਆਂ ਨੇ।" ਜੇ.ਈ. ਨੇ ਗੱਲ ਨਿਬੇੜੀ ਤੇ ਉੱਠ ਕੇ ਹੱਥ ਜਿਹੇ ਝਾੜੇ।

"ਵਾਹ ਉਏ ਸੁਰਿੰਦਰ, ਬੜਾ ਜੁਗਾੜੀ ਨਿੱਕਲਿਆ, ਆਂਡੇ ਕਿਤੇ ਤੇ ਕੁੜਕੁੜ ਕਿਤੇ ਆਲੀ ਗੱਲ ਹੋ ਗਈ। ਖ਼ੈਰ ਤੁਹਾਡੀ ਗੱਲ ਸਹੀ ਹੈ, ਆਪਾਂ ਇਹਨਾਂ ਮਾਮਲਿਆਂ 'ਚ ਕਿੱਥੇ ਉਲਝਦੇ ਫਿਰੀਏ? ਇੱਥੇ ਤਾਂ ਲੋਨ, ਫਾਈਲਾਂ ਤੇ ਬਿਜਲੀ ਪਾਣੀ ਦੇ ਬਿਲ ਹੀ ਨਹੀਂ ਲੋਟ ਆਉਂਦੇ, ਕਦੇ ਤਨਖ਼ਾਹ ਦਸ ਦਿਨ ਲੇਟ ਹੋ ਜਾਵੇ, ਤਾਂ ਮਹੀਨਾਵਾਰ ਕਿਸ਼ਤਾਂ ਈ ਲੋਟ ਨੀ ਆਉਂਦੀਆਂ। ਹਾ ਹਾ...ਸੂਤ ਨਾ ਪਤਾਣ, ਜੁਲਾਹੇ ਨਾਲ ਠੈਂਗੋ ਠੇਂਗੀ"। ਰਾਜਵੀਰ ਮੁਸਕੁਰਾਇਆ।

ਹੁਣ ਦੋਵੇਂ ਅਪਣੇ ਘਰਾਂ ਵੱਲ ਨੂੰ ਤੁਰ ਪਏ। ਗਲੀ ਦੇ ਮੁਹਾਣੇ 'ਤੇ ਕੰਮ ਤੇਜ਼ੀ ਨਾਲ ਨਿੱਬੜ ਰਿਹਾ ਸੀ। ਵਿਕਾਸ ਦੀ ਧੂੜ ਉੱਡ ਰਹੀ ਸੀ।

(ਸਫ਼ਾ 10 ਤੋਂ ਜਾਰੀ)

3. "ਸਵੈ-ਸਥਾਪਤ, ਸਾਹਸੀ, ਕਰਮਯੋਗੀ ਸ਼ਖ਼ਸੀਅਤ ਦਾ ਸਨਮਾਨ"

ਇਸ ਚੋਣ ਤਹਿਤ, ਓਸ ਵਕਤ ਦੀ ਫਾਜ਼ਿਲਕਾ ਅਤੇ ਫਿਰੋਜ਼ਪੁਰ ਦੀ ਐਸ.ਐਸ.ਪੀ. ਸਾਹਿਬਾ ਬੀਬਾ ਅਵਨੀਤ ਕੌਰ ਸਿੱਧੂ, ਉਪਰ ਗੁਣਾ ਪਿਆ। ਜਿਹੜੇ ਨਾ ਸਿਰਫ਼ ਹੁਣ ਹੀ ਪੁਖਤਗੀ ਨਾਲ ਮਿਲੀ ਜਿਮੇਂਵਾਰੀ ਨਿਭਾ ਰਹੇ ਹਨ ਸਗੋਂ ਇਹ ਅਹੁਦਾ ਪ੍ਰਾਪਤੀ ਲਈ ਇਮਾਨਦਾਰੀ ਅਤੇ ਮਿਸਾਲੀ ਮੂਲਭੂਤ ਮਿਹਨਤ ਵੀ ਕੀਤੀ। ਆਪ ਓਲੰਪਕ ਵਿਜੇਤਾ, ਅਰਜਨਾ ਅਵਾਰਡੀ ਅਤੇ ਕਈ ਹੋਰ ਖੇਤਰਾਂ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨਾਮਣਾ ਖੱਟ ਚੁੱਕੇ ਹਨ।

4. "ਜਵਾਨੀ ਵਿੱਚੋਂ ਪ੍ਰਤਿਭਾ ਫਰੋਲੀਏ"

ਇਸ ਯੋਜਨਾ ਤਹਿਤ ਹਰ ਉਸ ਕਾਲਜ ਜਾਂ ਸੰਸਥਾ ਨੂੰ 5100/- ਨਿੱਜੀ ਤੌਰ ਤੇ ਦਰਸ਼ਨ ਸਿੰਘ ਢਿੱਲੋਂ ਅਤੇ ਉਸਦੇ ਪਰਿਵਾਰ ਵੱਲੋਂ ਭੇਟ ਕੀਤਾ ਜਾਇਆ ਕਰੇਗਾ, ਜੋ ਅੰਤਰ-ਕਾਲਜੀ ਡੀਬੇਟ, ਭਾਸ਼ਣ-ਮੁਕਾਬਲਾ, ਕਵਿਤਾ ਪਾਠ ਪ੍ਰਤਿਯੋਗਤਾ ਕਰਵਾਏਗਾ- ਬਸ਼ਰਤਿ ਕਿ ਉਹ ਸਮਾਗਮ "ਮੇਰੀ ਸਦੀਵੀ ਸਾਥਣ ਹਰਤਨਵੀਰ ਕੌਰ ਢਿੱਲੋਂ ਮੁਰਾਦਵਾਲਾ ਅਤੇ ਅਣਕਿਆਸਾ ਵਿਛੋੜਾ ਦੇ ਗਏ ਮੇਰੇ ਭੈਣ ਜੀ ਅਨੀਤਾ ਕੌਰ ਭੁਪਾਲ" ਦੀ ਯਾਦ ਨੂੰ ਸਮਰਪਿਤ ਹੋਵੇ!"

(ਬਾਕੀ ਸਫ਼ਾ 122 ਉਪਰ)

ਫੁੱਲ ਕਦੇ ਨਹੀਂ ਮੰਗਦੇ ਮੁੱਲ ਖੁਸ਼ਬੋਆਂ ਦਾ,
ਖੁਸ਼ਬੋਆਂ ਵੰਡਣਾ ਉਹਨਾਂ ਦੀ ਫ਼ਿਤਰਤ ਏ। -(ਅਗਲੇ ਸਫ਼ੇ 'ਤੇ)

ਕਹਾਣੀ

# ਮਾਂ ਨੀ!

## ਕੁਲਬੀਰ ਬਡੇਸਰੋਂ



ਕੁਲਬੀਰ ਬਡੇਸਰੋਂ

ਕੁਲਬੀਰ ਬਡੇਸਰੋਂ: ਅਨੇਕ ਤੰਗੀਆਂ-ਤੁਰਸ਼ੀਆਂ, ਸਮਾਜ ਦੀਆਂ ਵਲਗਣਾਂ ਲਗਾਓ ਦੇ ਅਮੁੱਕ ਬਿਰਤਾਂਤ ਦੇ ਨਾਲ-ਨਾਲ ਰਿਸ਼ਤਿਆਂ ਦੀ ਅਹਿਮੀਅਤ ਦੀ ਬਾਤ ਪਾਉਂਦੀਆਂ ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਵਿਚ ਪਿੰਡ ਦਾ ਸੱਭਿਆਚਾਰ ਤਾਂ ਹੈ ਨਾਲੋਂ-ਨਾਲ ਮਹਾਂਨਗਰਾਂ, ਜੀਵਨ ਤੇ ਫਿਲਮੀਂ ਦੁਨੀਆਂ ਦੇ ਪਰਦੇ ਪਿਛਲੀ ਕਸ਼ਮਕਸ਼ ਨੂੰ ਬੜੀ ਸ਼ਿੱਦਤ ਨਾਲ ਚਿਤਰਿਆ ਗਿਆ ਹੈ, ਇਸ ਤਰ੍ਹਾਂ ਦੇ ਵਰਤਾਰਿਆਂ ਦੇ ਬਿਰਤਾਂਤ ਪੜ੍ਹਕੇ ਮਹਿਸੂਸ ਹੁੰਦੈ ਕਿ ਬਡੇਸਰੋਂ ਪੰਜਾਬੀ ਕਹਾਣੀ ਦੀ ਵਿਲੱਖਣ ਸਿਰਜਣਹਾਰਾ ਹਨ। -ਦਰਸ਼ਨ ਜੋਗਾ

ਮਾਂ ਨੀ ਤੈਨੂੰ ਏਨੀ ਉਦਾਸ ਵੇਖ ਕੇ ਮੈਂ ਵੀ ਉਦਾਸ ਹੋ ਜਾਂਦੀ ਹਾਂ। ਉਦਾਸ, ਉਜਾੜ, ਬੀਆਬਾਨ ਜੰਗਲ ਵਾਂਗ ਤੇਰਾ ਚਿਹਰਾ ਲੱਗਦਾ ਹੈ, ਜਿਸ ਦੇ ਸਾਰੇ ਰੰਗ ਉਤਰ ਗਏ ਹੋਣ, ਘਸਮੈਲਾ ਜਿਹਾ, ਫੇਡਿਡ ਜਿਹਾ ਕੋਈ ਇੱਕ ਹੀ ਪੂੰਝਾ ਫਿਰਿਆ ਹੋਵੇ, ਜਿਵੇਂ ਸਾਰੇ ਮੁਖੜੇ 'ਤੇ, ਬੁੱਲ੍ਹਾਂ 'ਤੇ... ਤੇ ਅੱਖ... ਅੱਖਾਂ ਤਾਂ ਜਿਵੇਂ ਕਿਤੇ ਡੂੰਘੀਆਂ ਲੱਥ ਗਈਆਂ ਹੋਣ, ਘਨਘੋਰ ਪਰਛਾਈਆਂ 'ਚ ਜਿੱਥੇ ਕਦੇ ਕੋਈ ਸੁਫ਼ਨਾ ਨਹੀਂ ਉੱਗਦਾ, ਕੋਈ ਉਮੀਦ ਨਹੀਂ ਬੱਝਦੀ, ਕੋਈ ਤਾਰਾ ਨਹੀਂ ਜਗਮਗਾਉਂਦਾ। ਕਦੀ-ਕਦੀ ਤੂੰ ਡੂੰਘੀਆਂ ਸੋਚਾਂ 'ਚ ਲੱਥ ਜਾਂਦੀ ਏਂ, ਤੇਰੇ ਦੁਆਲੇ ਕੀ ਹੋ ਰਿਹਾ ਹੈ ਤੈਨੂੰ ਪਤਾ ਹੀ ਨਹੀਂ ਲੱਗਦਾ, ਤੈਨੂੰ 'ਵਾਜ ਵੀ ਮਾਰੋ ਤਾਂ ਤੈਨੂੰ ਸੁਣਦੀ ਨਹੀਂ, ਪਤਾ ਨਹੀਂ ਤੂੰ ਕੀ ਸੋਚ ਰਹੀ ਹੁੰਦੀ ਏਂ, ਕਾਸ਼! ਮੈਂ ਜਾਣ ਸਕਦੀ ਕਿ ਉਸ ਵੇਲੇ ਤੂੰ ਕੀ ਸੋਚ ਰਹੀ ਹੁੰਦੀ ਏਂ... ਆਖ਼ਰ ਕੀ? ਕੀ ਤੂੰ ਪੈਸਿਆਂ ਬਾਰੇ ਸੋਚ ਰਹੀ ਹੁੰਦੀ ਏਂ? ਇਹੀ ਨਾ ਕਿ ਜੇ ਤੂੰ ਇਸ ਮਹੀਨੇ ਤੇ ਆਉਣ ਵਾਲੇ ਕੁਝ ਹੋਰ ਮਹੀਨੇ ਆਪਣੀ ਤਨਖ਼ਾਹ 'ਚੋਂ ਥੋੜ੍ਹੇ-ਥੋੜ੍ਹੇ ਹੋਰ ਪੈਸੇ ਬਚਾ ਲਵੇਂ ਤਾਂ ਜੋੜ ਕੇ ਘਰ ਦੀ ਕੋਈ ਹੋਰ ਜ਼ਰੂਰੀ ਵੱਡੀ ਚੀਜ਼ ਲੈ ਸਕਦੀ ਏਂ... ਏਦਾਂ ਹੀ ਤਾਂ ਕਰਦੀ ਰਹੀ ਏਂ ਤੂੰ, ਪੈਸੇ ਜੋੜ-ਜੋੜ ਕੇ ਪਹਿਲਾਂ ਗੈਸ ਚੁੱਲ੍ਹਾ ਲਿਆ, ਫਿਰ ਸਲੰਡਰ ਲਿਆ, ਫਿਰ ਘਰ ਦੇ ਹਰੇ ਰੰਗ ਦੇ ਲੋਹੇ ਦੇ ਸਟੋਵ ਤੇ ਮਿੱਟੀ ਦੇ ਤੇਲ ਦੀ ਕੈਨੀ ਤੋਂ ਪਿੱਛਾ ਛੁੱਟਿਆ, ਮਿੱਟੀ ਦੇ ਤੇਲ ਦੇ ਡੀਪੂ ਤੋਂ ਪਿੱਛਾ ਛੁੱਟਿਆ। ਫਿਰ ਪੈਸੇ ਜੋੜ-ਜੋੜ ਕੇ ਤੂੰ ਗਰਮੀਆਂ 'ਚ ਕੂਲਰ ਲਿਆ, ਕਿਉਂਕਿ ਗਰਮੀਆਂ 'ਚ ਮੇਰੀ ਪਿੱਠ 'ਤੇ ਹੋਈ ਪਿੱਤ ਤੋਂ ਤੂੰ ਸਦਾ ਹੀ ਪਰੇਸ਼ਾਨ ਹੋ ਜਾਂਦੀ ਸੀ। ਫਿਰ ਤੂੰ ਕਿਸ਼ਤਾਂ 'ਤੇ ਫਰਿੱਜ ਵੀ ਲੈ ਲਿਆ ਸੀ, ਜਿਸ 'ਚੋਂ ਅਸੀਂ ਬਰਫ਼ ਦੀਆਂ ਡਲੀਆਂ ਕੱਢ ਕੇ ਸ਼ਰਬਤ 'ਚ ਪਾਉਂਦੇ ਸੀ, ਤੇ ਘੰਟਿਆਂ-ਬੱਧੀ ਮੈਂ ਬਰਫ਼ ਦੀਆਂ ਡਲੀਆਂ ਨਾਲ ਖੇਡਦੀ ਸਾਂ, ਖ਼ੁਸ਼ ਹੁੰਦੀ ਸਾਂ ਤੇ ਮੈਨੂੰ ਖ਼ੁਸ਼ ਵੇਖ ਕੇ ਤੂੰ ਖ਼ੁਸ਼ ਹੋ ਜਾਂਦੀ ਸੀ, ਤੇਰੇ ਚਿਹਰੇ 'ਤੇ ਇਕ ਤਸੱਲੀ ਦਾ ਅਜੀਬ ਜਿਹਾ ਭਾਵ ਆਉਂਦਾ ਸੀ ਤੇ ਇਹ ਭਾਵ ਮੈਂ ਉਦੋਂ ਹੀ ਤੱਕਦੀ ਸਾਂ ਜਦ ਤੂੰ ਕਦੇ ਮੈਨੂੰ ਖ਼ੁਸ਼ ਵੇਖਦੀ ਏ... ਤੂੰ ਮੈਨੂੰ ਬਹੁਤ ਪਿਆਰ ਕਰਦੀ ਏਂ ਨਾ ਮਾਂ... ਸੱਚ ਦੱਸਾਂ ਤੈਨੂੰ, ਮੈਂ ਵੀ ਤੈਨੂੰ ਬਹੁਤ ਪਿਆਰ ਕਰਦੀ ਹਾਂ... ਤੂੰ ਸਮਝਦੀ ਏਂ ਮੈਂ ਤਾਂ ਬੱਚੀ ਹਾਂ, ਨਹੀਂ ਮਾਂ ਬੱਚੀ ਨਹੀਂ ਹਾਂ, ਮੈਨੂੰ ਸਭ ਪਤਾ ਹੈ, ਸਭ... ਬਸ ਜਦ ਤੂੰ ਡੂੰਘੀਆਂ ਸੋਚਾਂ 'ਚ ਪ੍ਰੋ ਜਾਂਦੀ ਏਂ, ਉਦੋਂ ਮੈਨੂੰ ਪਤਾ ਨਹੀਂ ਲਗਦਾ ਕਿ ਤੂੰ ਉਸ ਵੇਲੇ ਕੀ ਸੋਚ ਰਹੀ ਹੋਵੇਂਗੀ? ਕੀ ਆਪਣੇ ਬਾਰੇ, ਮੇਰੇ ਬਾਰੇ, ਦੁਨੀਆਂ ਦੇ ਬਾਰੇ ਜਾਂ ਆਪਣੀ ਇਕੱਲਤਾ ਬਾਰੇ... ਤੂੰ ਕਿੰਨੀ ਇਕੱਲੀ ਏਂ ਮਾਂ, ਮੈਂ ਸਮਝਦੀ ਹਾਂ!... ਤੂੰ ਕਿੰਨੀ ਜੁਆਨ ਏਂ... ਕਿੰਨੀ ਸੁਹਣੀ ਏਂ... ਪੜ੍ਹੀ-ਲਿਖੀ ਏਂ... ਨੌਕਰੀ ਕਰਦੀ ਏਂ... ਪਰ ਤੇਰੀ ਕਿਸਮਤ ਨੇ ਤੈਨੂੰ ਬੜਾ ਧੋਖਾ ਦਿੱਤਾ... ਤੂੰ ਇਕ ਜੋਤਸ਼ੀ ਤੋਂ ਆਪਣੇ ਟੇਵਾ ਵਿਖਾ ਰਹੀ ਸੈਂ, ਸ਼ਾਇਦ ਮੇਰਾ ਟੇਵਾ ਬਣਨ ਦੇਣ ਗਈ ਨੂੰ। ਪਤਾ ਨਹੀਂ ਉਸਨੂੰ ਕਿਵੇਂ ਪਤਾ ਲੱਗ ਗਿਆ, ਉਹ ਆਖਣ ਲੱਗਾ, "ਤੁਮ੍ਹਾਰੇ ਭਾਗਿਆ ਮੇਂ ਪਤੀ ਕਾ ਸੁਖ ਨਹੀਂ ਹੈ... ਤੁਮ ਮੰਗਲੀ ਹੋ..." ਤੂੰ ਘਬਰਾ ਕੇ ਮੇਰੇ ਵੱਲ ਵੇਖਿਆ ਸੀ ਤੇ ਕਾਹਲ ਨਾਲ ਪੁੱਛਿਆ ਸੀ, "ਮੇਰੀ ਬੇਟੀ ਕੀ ਕੁੰਡਲੀ ਬਨਾਓ ਪੰਡਿਤ ਜੀ, ਦੇਖਨਾ ਯੇ ਮੰਗਲੀ ਨਾ ਹੋ", ਦੱਸੋ ਭਲਾ ਇਹ ਪੰਡਿਤ ਦੇ ਹੱਥ 'ਚ ਥੋੜ੍ਹਾ ਹੈ ਕਿ ਮੈਨੂੰ ਮੰਗਲੀ ਬਣਾਉਣਾ ਹੈ ਜਾਂ ਨਹੀਂ... ਵਾਪਸੀ 'ਤੇ ਮੈਂ ਘਰ ਤਕ ਸੋਚਦੀ ਆਈ ਸਗੋਂ ਰਾਤ ਨੂੰ ਵੀ ਮੈਨੂੰ ਠੀਕ ਤਰ੍ਹਾਂ ਨੀਂਦ ਨਹੀਂ ਆਈ... ਮੇਰੀ ਮਾਂ ਦੇ ਭਾਗਾਂ 'ਚ ਪਤੀ ਦਾ ਸੁਖ ਕਿਉਂ ਨਹੀਂ ਹੈ? ਕਿਉਂ ਨਹੀਂ? ਜਦੋਂ ਬਾਕੀ ਸਭ ਔਰਤਾਂ ਦੇ ਭਾਗਾਂ 'ਚ ਪਤੀ ਦਾ ਸੁਖ ਹੈ ਤਾਂ ਮੇਰੀ ਮਾਂ ਦੇ ਭਾਗਾਂ 'ਚ ਕਿਉਂ ਨਹੀਂ ਹੈ? ਕਿਉਂ ਨਹੀਂ? ਉਹ ਕਿਉਂ ਆਪ ਹੀ ਪੈਸਿਆਂ ਦੇ ਹਿਸਾਬ-ਕਿਤਾਬ 'ਚ ਪਈ ਰਹਿੰਦੀ ਹੈ, ਸਦਾ ਉਂਗਲੀਆਂ ਦੇ ਪੋਟਿਆਂ 'ਤੇ ਕੁਝ ਗਿਣਦੀ ਰਹਿੰਦੀ ਹੈ, ਉਸ ਦੇ ਬੁੱਲ੍ਹ ਸਦਾ ਗਿਣਤੀ ਨਾਲ ਫਰਕਦੇ ਰਹਿੰਦੇ ਨੇ, ਕਿਉਂ ਉਹ ਸਦਾ ਰਿਕਸ਼ਾ ਦੇ ਪੈਸੇ ਬਚਾਉਂਦੀ ਰਹਿੰਦੀ ਹੈ, ਕਿਉਂ ਸਦਾ ਸਬਜ਼ੀ ਦੇ ਭਾਅ ਤੋਂ ਤੋਲ-ਮੋਲ ਕਰਦੀ ਰਹਿੰਦੀ ਹੈ... ਸਬਜ਼ੀ ਹੀ ਕਿਉਂ ਉਹ ਹਰ ਚੀਜ਼ ਦਾ ਭਾਅ ਸੁਣ ਕੇ ਪਰੇਸ਼ਾਨ ਕਿਉਂ ਹੁੰਦੀ ਰਹਿੰਦੀ ਹੈ... ਤੇਰੀ ਇਹ ਪਰੇਸ਼ਾਨੀ ਵੇਖ-ਵੇਖ ਮੈਨੂੰ ਸਭ ਕੁਝ ਚੰਗਾ ਲੱਗਣੋਂ ਹਟ ਗਿਆ ਹੈ ਮਾਂ... ਨਾ ਮੈਨੂੰ ਆਇਸ-ਕਰੀਮ ਚੰਗੀ ਲੱਗਦੀ ਹੈ, ਨਾ ਬਰਗਰ, ਨਾ ਪੀਜ਼ਾ ਤੇ ਨਾ ਹੀ ਬਾਰਬੀ ਡੌਲ ...

ਪਰ ਇਕ ਚੀਜ਼ ਮੈਨੂੰ ਸਦਾ ਹੀ ਅਟਰੈਕਟ ਕਰਦੀ ਹੈ ਤੇ ਉਹ ਹੈ ਮੇਰੇ ਨਾਲ ਪੜ੍ਹਦੀਆਂ ਕੁੜੀਆਂ ਦੇ ਬਾਪ... ਮੈਨੂੰ ਬਹੁਤ ਚੰਗਾ ਲੱਗਦਾ ਹੈ ਜਦੋਂ ਕੁੜੀਆਂ ਆਪਣੇ ਬਾਪ ਨਾਲ ਸਕੂਟਰ ਦੇ ਪਿੱਛੇ ਬੈਠ ਕੇ ਸਕੂਲ ਆਉਂਦੀਆਂ ਨੇ, ਜਾਂ ਬਾਪ ਨਾਲ ਬੈਠ ਕੇ ਕਾਰ 'ਤੇ ਆਉਂਦੀਆਂ ਨੇ। ਕਿੰਨੀਆਂ ਨਿਸ਼ਚਿੰਤ ਲਗਦੀਆਂ ਨੇ ਉਹ ਕੁੜੀਆਂ ਜੋ ਆਪਣੇ-ਆਪਣੇ ਬਾਪ ਨਾਲ ਸਕੂਲ ਆਉਂਦੀਆਂ ਨੇ, ਲੱਗਦਾ ਹੈ ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ, ਕੋਈ ਵੀ ਪਰੇਸ਼ਾਨੀ ਨਹੀਂ, ਜਿਵੇਂ ਦੁਨੀਆਂ ਦੀ ਕੋਈ ਵੀ ਪ੍ਰਾਬਲਮ ਉਨ੍ਹਾਂ ਦੇ ਚਿਹਰੇ ਦੀ ਨਿਸ਼ਚਿੰਤਤਾ ਨੂੰ ਡੁਲਾ ਨਾ ਸਕਦੀ ਹੋਵੇ। ਇਕ ਅਜੀਬ ਕਿਸਮ ਦਾ ਹੰਕਾਰ ਜਿਹਾ, ਜਾਂ ਕਹਿ ਲਓ ਅਭਿਮਾਨ ਜਿਹਾ ਛਲਕਦਾ ਹੈ ਇਨ੍ਹਾਂ ਕੁੜੀਆਂ ਦੇ ਚਿਹਰਿਆਂ 'ਤੇ... ਸਕੂਟਰ ਜਾਂ ਕਾਰ ਤੋਂ ਉਤਰਦਿਆਂ ਉਹ ਠੀਕ ਤਰ੍ਹਾਂ ਮੁੜ ਕੇ ਆਪਣੇ ਬਾਪ ਵੱਲ ਵੇਖਦੀਆਂ ਵੀ ਨਹੀਂ, ਬਸ ਅੱਧ-ਪਚੱਧਾ ਜਿਹਾ ਵੇਖ ਕੇ ਬਾਏ ਬੋਲਦੀਆਂ ਤੇਜ਼ੀ ਨਾਲ ਸਕੂਲ ਦੇ ਗੇਟ ਤੋਂ ਅੰਦਰ ਵੱਲ ਅਹੁਲ ਜਾਂਦੀਆਂ ਨੇ... ਮੈਂ ਹੁੰਦੀ ਤਾਂ

ਪੈਰ ਜਦੋਂ ਵੀ ਪੁਟਦਾਂ ਠੇਡਾ ਵੱਜਦਾ ਏ,
ਵਾਹ, ਮੇਰੀ ਵੀ ਕਿੰਨੀ ਚੰਗੀ ਕਿਸਮਤ ਹੈ। -ਗੁਰਦਿਆਲ ਪੰਜਾਬੀ

ਰੱਜ ਕੇ ਆਪਣੇ ਬਾਪ ਵੱਲ ਵੇਖਦੀ, ਖੜ੍ਹੋ ਕੇ ਠੀਕ ਤਰ੍ਹਾਂ ਨਾਲ ਉਸ ਨੂੰ 'ਬਾਏ' ਕਹਿੰਦੀ, ਸੱਚ... ਜੇ ਮੇਰਾ ਵੀ ਬਾਪ ਹੁੰਦਾ... ਮੈਂ ਕੀ ਹੁਣ ਕਹਿ ਕੇ ਬੁਲਾਉਂਦੀ ਉਸ ਨੂੰ... "ਪਾਪਾ" ਜਾਂ "ਡੈਡੀ" ਜਾਂ ਸਿਰਫ਼ "ਡੈਡ" ਜਾਂ "ਪਿਤਾ ਜੀ" ਨਹੀਂ, ਨਹੀਂ, "ਪਿਤਾ ਜੀ" ਨਹੀਂ ਇਹ ਤਾਂ ਪੁਰਾਣਾ ਫ਼ੈਸ਼ਨ ਹੈ... ਕੌਣ ਬੁਲਾਉਂਦਾ ਹੈ "ਪਿਤਾ ਜੀ", ਜੇ ਮੈਂ "ਪਿਤਾ ਜੀ" ਬੁਲਾਉਂਦੀ ਤਾਂ ਮੇਰੀਆਂ ਸਭ ਸਹੇਲੀਆਂ ਹੱਸਦੀਆਂ ਮੇਰੇ ਉੱਤੇ, ਮੈਨੂੰ ਓਲਡ ਫ਼ੈਸ਼ਨਡ ਕਹਿੰਦੀਆਂ... ਮੈਂ ਤਾਂ "ਪਾਪਾ"" ਕਹਿ ਕੇ ਬੁਲਾਉਂਦੀ... ਸਿਰਫ਼ "ਪਾਪਾ"! ਕਦੀ-ਕਦੀ ਲਾਡ ਨਾਲ "ਪਾਪਾ ਜੀ" ਕਹਿੰਦੀ ਜਾਂ ਸਿਰਫ਼ "ਪਾ"... ਮੈਂ ਮਨ ਹੀ ਮਨ ਹੱਸ ਪੈਂਦੀ ਹਾਂ। ਫਿਰ ਮੇਰੇ ਪਾਪਾ ਵੀ ਮੈਨੂੰ ਸਕੂਲ ਛੱਡਣ ਆਉਂਦੇ ਤਾਂ ਘੱਟੋ-ਘੱਟ ਓਪਨ-ਡੇਅ ਵਾਲੇ ਦਿਨ ਤਾਂ ਆਉਂਦੇ... ਮੇਰੇ ਪਰਸੈਂਟੇਜ਼ ਚੈੱਕ ਕਰਦੇ... ਮੇਰੀਆਂ ਸਕੂਲ ਦੀਆਂ ਪ੍ਰਾਬਲਮਜ਼ ਸੁਣਦੇ... ਫਿਰ ਮੇਰੀ ਟੀਚਰ ਨਾਲ ਮੇਰੀ ਪੜ੍ਹਾਈ ਤੇ ਮੇਰੀਆਂ ਪ੍ਰਾਬਲਮਜ਼ ਡਿਸਕੱਸ ਕਰਦੇ... ਮੇਰੇ ਅੰਦਰ ਇਕ ਅਲੱਗ ਹੀ ਤਰ੍ਹਾਂ ਦਾ ਕਾਨਫ਼ੀਡੈਂਸ ਹੁੰਦਾ, ਨਹੀਂ? ਮੇਰੇ ਅੰਦਰ ਹੀ ਕਿਉਂ, ਮਾਂ ਨੀ ਤੇਰੇ ਅੰਦਰ ਵੀ ਇਕ ਕਾਨਫ਼ੀਡੈਂਸ ਹੁੰਦਾ, ਹੁਣ ਜਿਵੇਂ ਤੂੰ ਬੁੱਝੀ-ਬੁੱਝੀ ਰਹਿੰਦੀ ਏਂ, ਝੱਟ ਨਿੱਕੀ ਜਿਹੀ ਗੱਲ 'ਤੇ ਹੀ ਰੋ ਪੈਂਦੀ ਏਂ, ਉਦਾਸ ਹੋ ਜਾਂਦੀ ਏਂ, ਹਰ ਕਿਸੇ ਤੋਂ ਡਰ ਜਾਂਦੀ ਏਂ, ਸਭ ਦੇ ਸੁਆਲਾਂ ਤੋਂ ਬਚਦੀ ਫਿਰਦੀ ਏਂ, ਸੁਹਣਾ ਜਿਹਾ ਫ਼ੈਸ਼ਨੇਬਲ ਸੂਟ ਪਾਉਣ ਤੋਂ ਵੀ ਝਿਜਕਦੀ ਰਹਿੰਦੀ ਏਂ... ਇਹ ਸਭ ਨਾ ਹੁੰਦਾ... ਫਿਰ ਤੂੰ ਕਿਸੇ ਹਸਬੈਂਡ-ਵਾਈਫ਼ ਨੂੰ ਸਕੂਟਰ ਜਾਂ ਮੋਟਰਸਾਈਕਲ 'ਤੇ ਚਿਪਕ ਕੇ ਬੈਠੇ ਨੂੰ ਜਾਂਦਿਆਂ ਵੇਖ ਮੁੜ ਕੇ ਨਾ ਵੇਖਦੀ... ਸਗੋਂ ਤੂੰ ਵੀ ਗੂੜ੍ਹੇ ਰੰਗ ਦੀ ਲਿਪਸਟਿਕ ਲਾ ਕੇ ਆਪਣੇ ਹਸਬੈਂਡ ਦੇ ਜਿਸਮ ਨੂੰ ਆਪਣੀ ਬਾਂਹ ਵੱਲ ਕੇ ਸਕੂਟਰ 'ਤੇ ਬੈਠਦੀ, ਨਿਸ਼ਚਿੰਤ, ਨਿਡਰ, ਖ਼ੁਸ਼, ਫੇਰ ਜਦ ਮੈਂ ਪਾਪਾ ਨਾਲ ਬੈਠਦੀ ਤਾਂ ਮੈਂ ਵੀ ਪਾਪਾ ਨੂੰ ਘੁੱਟ ਕੇ ਫੜ ਕੇ ਸਕੂਟਰ 'ਤੇ ਬੈਠਦੀ, ਪਾਪਾ ਨੂੰ ਘੁੱਟ ਕੇ ਫੜ ਲੈਂਦੀ ਤਾਂ ਫਿਰ ਕੋਈ ਵੀ ਡਰ ਨਾ ਰਹਿੰਦਾ...

ਮੈਂ ਤਾਂ ਆਪਣੇ ਪਾਪਾ ਨੂੰ ਕਦੀ ਮਿਲੀ ਵੀ ਨਹੀਂ ਹਾਂ, ਕਿਹੋ ਜਿਹੇ ਲੱਗਦੇ ਸਨ ਮੇਰੇ ਪਾਪਾ... ਮੈਨੂੰ ਤਾਂ ਕੁਝ ਪਤਾ ਹੀ ਨਹੀਂ! ਬਸ ਏਨਾ ਪਤਾ ਹੈ ਮੈਂ ਤੇਰੇ ਪੇਟ 'ਚ ਸਾਂ ਜਦ ਤੂੰ ਆਪਣੀ ਤੇ ਮੇਰੀ ਜਾਨ ਬਚਾ ਕੇ ਆਪਣੇ ਸਹੁਰੇ ਘਰ ਤੋਂ ਨੱਠ ਆਈ ਸੀ।

ਤੈਨੂੰ ਤੇਰਾ ਪਤੀ ਤੇ ਤੇਰੇ ਸਹੁਰੇ ਬਹੁਤ ਤੰਗ ਕਰਦੇ ਸਨ, ਤੇਰਾ ਦੱਬੂ ਸੁਭਾਅ ਸੀ, ਉਹ ਇਸ ਦਾ ਹੋਰ ਵੀ ਫ਼ਾਇਦਾ ਉਠਾ ਕੇ ਤੈਨੂੰ ਕੋਂਹਦੇ ਸਨ, ਤੈਨੂੰ ਬੇਇੱਜ਼ਤ ਕਰਦੇ ਸਨ ਤੇ ਕਹਿੰਦੇ ਸਨ, "ਤੂੰ ਸਾਡਾ ਕੁਝ ਸੁਆਰ" ਮਾਂ ਨੀ, ਜਦ ਤੂੰ ਰੋ-ਰੋ ਕੇ ਇਹ ਗੱਲਾਂ ਆਪਣੀਆਂ ਸਹੇਲੀਆਂ ਨੂੰ ਦੱਸਦੀ ਸੀ, ਤੇ ਜਦ ਮੇਰੀ ਇੰਗਲੈਂਡ ਵਾਲੀ ਮਾਸੀ ਆਈ ਸੀ, ਤੂੰ ਉਸ ਨੂੰ ਵੀ ਦੱਸਦੀ ਸੀ, ਦੱਸਦੀ ਘੱਟ ਸੀ, ਰੋਂਦੀ ਜ਼ਿਆਦਾ ਸੀ। ਮੈਨੂੰ ਸਭ ਪਤਾ ਲੱਗ ਗਿਆ ਸੀ ਮਾਂ... ਤੂੰ ਸਮਝਦੀ ਸੀ ਮੈਂ ਛੋਟੀ ਹਾਂ, ਮੈਨੂੰ ਕੁਝ ਪਤਾ ਨਹੀਂ ਲੱਗੇਗਾ, ਪਰ ਮੈਂ ਸਭ ਸੁਣਦੀ ਸਾਂ ਧਿਆਨ ਨਾਲ ਮੈਨੂੰ ਪਤਾ ਲੱਗ ਗਿਆ ਸੀ ਕਿ ਮੇਰੇ ਦਾਦਕੇ ਬਹੁਤ ਲਾਲਚੀ ਸਨ, ਬੇਕਦਰੇ ਸਨ ਤੇ ਮੇਰੇ ਪਾਪਾ ਨੇ ਤੇਰਾ ਸਾਥ ਤਾਂ ਕੀ ਦੇਣਾ ਸੀ, ਤੈਨੂੰ ਤਲਾਕ ਹੀ ਦੇ ਦਿੱਤਾ ਸੀ, ਤੇ ਤੂੰ ਕਚਹਿਰੀਆਂ ਦੇ ਚੱਕਰਾਂ ਤੋਂ ਡਰਦੀ ਮਾਰੀ ਨੇ ਉਨ੍ਹਾਂ ਕਾਗ਼ਜ਼ਾਂ 'ਤੇ ਸਾਇਨ ਕਰ ਦਿੱਤੇ ਜੋ ਪਾਪਾ ਨੇ ਭੇਜੇ ਸਨ... ਅਸਲ 'ਚ ਤੂੰ ਬਹੁਤ ਡਰਪੋਕ ਏਂ ਮਾਂ, ਬਹੁਤ ਦੱਬੂ... ਤੂੰ ਨਿਡਰ ਹੁੰਦੀ ਤਾਂ ਇਹ ਸਭ ਨਾ ਹੁੰਦਾ... ਹੁਣ ਵੀ ਕਿਹੜਾ ਨਿਡਰਤਾ ਨਾਲ ਜਿਉਂਦੀ ਏਂ ਤੂੰ... ਹਰ ਵੇਲੇ ਡਰੀ-ਡਰੀ ਰਹਿੰਦੀ ਏ... ਮੇਰੀ ਮਾਸੀ-ਮਾਸੜ ਤੇ ਉਨ੍ਹਾਂ ਦੇ ਬੱਚੇ ਆਉਂਦੇ ਹਨ ਤਾਂ ਤੇਰੀ ਜੀਭ ਤਾਲੂ ਨਾਲ ਲੱਗੀ ਰਹਿੰਦੀ ਏ। ਗੱਲਾਂ ਕਰਦਿਆਂ ਤੇਰੀ ਜ਼ਬਾਨ ਥਿੜਕ ਜਾਂਦੀ ਏ, ਨੱਠ-ਨੱਠ ਕੇ ਤੂੰ ਕੰਮ ਕਰਦੀ ਏਂ, ਦੱਬੀ-ਦੱਬੀ ਤੂੰ ਹਰ ਵੇਲੇ ਮੈਨੂੰ ਮੱਤਾਂ ਦਿੰਦੀ ਏਂ, ਕਿੰਜ ਉੱਠਣਾ ਹੈ, ਕਿੰਜ ਬੈਠਣਾ ਹੈ, ਕਿੰਜ ਗੱਲ ਕਰਨੀ ਹੈ, ਕਿੰਜ ਸਭ ਕੁਝ ਠੀਕ ਲੰਘ ਜਾਣਾ ਚਾਹੀਦਾ ਹੈ, ਯਾਨਿ ਮਾਸੀ ਦੇ ਬੱਚਿਆਂ ਦਾ ਟੂਰ! ਮਾਸੀ ਦੇ ਬੱਚੇ ਕਿੰਨੇ ਬਦਤਮੀਜ਼ ਨੇ, ਕਿੰਨੇ ਮੂੰਹਫੱਟ ਨੇ, ਕੋਈ ਦਾਲ-ਸਬਜ਼ੀ ਉਨ੍ਹਾਂ ਨੂੰ ਪਸੰਦ ਨਹੀਂ ਆਉਂਦੀ, ਏਦਾਂ ਲੱਗਦਾ ਜਿਵੇਂ ਇੰਡੀਆ 'ਚ ਪੈਂਦੀ ਗਰਮੀ ਦੀ ਵੀ ਮਾਂ ਤੂੰ ਹੀ ਜ਼ਿੰਮੇਵਾਰ ਏਂ... ਤੂੰ ਕਿੱਦਾਂ ਗਿਲਟੀ ਫ਼ੀਲ ਕਰਦੀ ਰਹਿੰਦੀ ਏਂ। ਤੈਨੂੰ ਤੇ ਮੈਨੂੰ ਕੁਝ ਕੁ ਕੱਪੜੇ ਤੇ ਸੱਸਤੇ-ਸੱਸਤੇ ਸਲੀਪਰ ਗਿਫ਼ਟ 'ਚ ਦੇ ਕੇ ਉਹ ਲੋਕ ਸਾਡੇ 'ਤੇ ਖ਼ੂਬ ਰੋਹਬ ਪਾਉਂਦੇ ਨੇ। ਉਹੀ ਕਿਉਂ, ਸਭ ਰਿਸ਼ਤੇਦਾਰ ਸਾਨੂੰ ਟਿੱਚ ਸਮਝਦੇ ਨੇ, ਕਿਉਂਕਿ ਅਸੀਂ ਦੁਰਕਾਰੇ ਹੋਏ, ਨਕਾਰੇ ਹੋਏ ਲੋਕ ਹਾਂ ਨਾ! ਕੋਈ ਰਿਸ਼ਤੇਦਾਰ ਸਾਡੀ ਬਾਤ ਨਹੀਂ ਪੁੱਛਦਾ। ਮੇਰੇ ਤਿੰਨ ਮਾਮੇ ਤੇ ਤਿੰਨ ਮਾਸੀਆਂ ਕੈਨੇਡਾ ਤੇ ਇੱਕ ਮਾਸੀ ਤੇ ਇੱਕ ਮਾਮਾ ਇੰਗਲੈਂਡ 'ਚ ਸੈਟਲਡ ਹਨ। ਕੋਈ ਨਹੀਂ ਸੋਚਦਾ ਕਿ ਉਨ੍ਹਾਂ ਦੀ ਇਕ ਭੈਣ ਇੰਡੀਆ 'ਚ ਇਕੱਲੀ ਆਪਣੀ ਰੋਜ਼ੀ-ਰੋਟੀ ਕਮਾ ਕੇ ਆਪਣੀ ਬੱਚੀ ਨੂੰ ਤੇ ਖ਼ੁਦ ਨੂੰ ਪਾਲ ਰਹੀ ਹੈ। ਕੋਈ ਨਹੀਂ ਪੁੱਛਦਾ ਕਿ ਤੁਹਾਨੂੰ ਕੀ ਚਾਹੀਦਾ ਹੈ? ਤੁਸੀਂ ਕਿਵੇਂ ਹੋ? ਗੁਜ਼ਾਰਾ ਠੀਕ ਤਰ੍ਹਾਂ ਨਾਲ ਹੋ ਵੀ ਰਿਹਾ ਹੈ ਕਿ ਨਹੀਂ? ਵੈਸੇ ਪੁੱਛਣ ਦੀ ਲੋੜ ਵੀ ਕੀ ਹੈ? ਕੀ ਵਿਖਾਈ ਨਹੀਂ ਦਿੰਦਾ? ਇਹ ਤਾਂ ਖ਼ੁਦ ਹੀ ਸੋਚਣ ਤੇ ਸਮਝਣ ਵਾਲੀ ਗੱਲ ਹੈ ਨਾ! ਫੇਰ ਕਿੰਨੇ ਮੌਕੇ ਹੁੰਦੇ ਨੇ ਜਦੋਂ ਮਦਦ ਕੀਤੀ ਜਾ ਸਕਦੀ ਹੈ। ਜਿਵੇਂ ਦਿਨ-ਤਿਉਹਾਰ, ਦੀਵਾਲੀ, ਲੋਹੜੀ, ਰੱਖੜੀ ਤੇ ਜਨਮ-ਦਿਨ! ਪਰ ਸਿਵਾਇ ਫ਼ੋਨ ਕਰ ਕੇ ਗੱਲਾਂ ਮਾਰਨ ਤੋਂ ਬਿਨਾਂ ਕੋਈ ਕੁਝ ਨਹੀਂ ਕਰਦਾ। ਜਾਂ ਬੁੱਤੀਆਂ ਦੱਸੀ ਜਾਣਗੇ। ਇੰਡੀਆ ਦਾ ਆਹ ਕੰਮ ਹੈ। ਮਾਂ ਨੀ ਤੂੰ ਕਿਵੇਂ ਭੱਜ-ਭੱਜ ਕੇ ਉਨ੍ਹਾਂ ਦੇ ਕੰਮ ਕਰਦੀ ਫਿਰਦੀ ਰਹਿੰਦੀ ਏਂ... ਕਦੀ ਉਨ੍ਹਾਂ ਲਈ ਰਿਸ਼ਤੇ ਲੱਭਦੀ ਸੀ, ਕਦੀ ਉਨ੍ਹਾਂ ਦੇ ਮੁੰਡਿਆਂ ਦੇ ਵਿਆਹ ਕਰਦੀ ਫਿਰਦੀ ਸੀ, ਜਾਨ ਤੋੜ-ਤੋੜ ਕੰਮ ਕਰਦੀ ਤੂੰ ਲਿਫ-ਲਿਫ ਜਾਂਦੀ ਸੀ ਤੂੰ ਇੱਦਾਂ ਦੀ ਕਿਉਂ ਏਂ ਮਾਂ? ਤੂੰ ਸੱਭ ਦਾ ਸੋਚਦੀ ਏਂ, ਤੇਰੇ ਬਾਰੇ ਕੌਣ ਸੋਚਦਾ ਹੈ ਮਾਂ? ਤੈਨੂੰ ਤਾਂ ਇਕ ਪੈਸੇ ਦੀ ਵੀ ਮਦਦ ਨਹੀਂ ਕਿਸੇ ਪਾਸਿਓਂ ਵੀ ਮੈਂ ਕਈ ਵਾਰ ਸੋਚਦੀ ਹਾਂ ਜਦ ਮੈਂ ਵੱਡੀ ਹੋ ਜਾਵਾਂਗੀ... ਜੇ ਮੈਂ 'ਕੁੱਝ' ਬਣ ਗਈ। 'ਕੁੱਝ' ਤੋਂ ਭਾਵ ਹੈ ਜੇ ਮੈਂ ਕੋਈ ਸੈਲੀਬ੍ਰਿਟੀ ਬਣ ਗਈ ਜਾਂ ਆਮ ਸਾਧਾਰਨ ਇਕ ਐਮ. ਬੀ. ਬੀ. ਐਸ. ਡਾਕਟਰ ਜਾਂ ਇਕ ਅਫ਼ਸਰ ਹੀ ਬਣ ਗਈ ਜਾਂ ਇਕ ਟੀਚਰ ਵੀ ਮੰਨ ਲਓ ਬਣ ਗਈ ਤਾਂ ਕੀ ਕਰਾਂਗੀ?... ਕਿਸ ਦਾ ਨਾਂਅ ਲਵਾਂਗੀ ਕਿ ਮੇਰਾ ਕਰੀਅਰ, ਵੀ ਮੇਰੀ ਪੜ੍ਹਾਈ, ਮੇਰੇ ਪਾਲਣ-ਪੋਸ਼ਣ ਵਿਚ ਕਿਸ ਦਾ ਹੱਥ ਹੈ? ਸਿਵਾਇ ਤੇਰਾ ਨਾਂਅ ਲੈਣ ਤੋਂ ਮੇਰੇ ਕੋਲ ਕੋਈ ਦੂਜਾ ਨਾਂਅ ਨਹੀਂ ਹੋਵੇਗਾ ਮਾਂ! ਕਿਸੀ ਦਾ ਵੀ ਨਹੀਂ... ਤੈਥੋਂ ਬਿਨਾਂ ਕੌਣ ਪੁੱਛਦਾ ਹੈ ਮੈਨੂੰ ਕਿ "ਦੱਸ ਬੱਚੀ ਕੀ ਚਾਹੀਦਾ ਹੈ ਤੈਨੂੰ?" ਜਾਂ "ਕੀ ਬਣਨਾ ਚਾਹੁੰਦੀ ਏਂ?"... ਕਿਸੀ ਦੀ ਵੀ ਮਦਦ ਤਾਂ ਕੀ, ਹੱਲਾ-ਸ਼ੇਰੀ ਵੀ ਨਹੀਂ ਹੈ... ਬੱਸ ਸਾਰੇ ਰਿਸ਼ਤੇਦਾਰਾਂ ਨੂੰ ਆਪਣੀਆਂ ਫੜ੍ਹਾਂ ਮਾਰਨ ਤੋਂ ਹੀ ਵਿਹਲ ਨਹੀਂ... ਮੇਰਾ ਛੋਟਾ ਮਾਸੜ ਤਾਂ ਤੈਨੂੰ ਪ੍ਰਵਚਨ ਹੀ

ਜੋ ਵੇਖ ਨਾ ਸਕੇ ਹਿੰਦੂ ਨੂੰ,
ਉਸ ਮੁਸਲਮਾਨ ਤੋਂ ਬਾਗ਼ੀ ਹਾਂ। -(ਅਗਲੇ ਸਫ਼ੇ 'ਤੇ)

ਸੁਣਾਉਂਦਾ ਰਹਿੰਦਾ ਹੈ ਫੋਨ 'ਤੇ... ਇੰਡੀਆ ਆਉਂਦਾ ਹੈ ਤਾਂ ਡੇਰੇ ਵਾਲੇ ਬਾਬੇ ਦੇ ਇਕ ਲੱਖ ਦਾ ਚੜ੍ਹਾਵਾ ਚੜ੍ਹਾ ਕੇ ਜਾਂਦਾ ਹੈ... ਤੇਰੀ ਇਕ ਸਹੇਲੀ ਹੈ ਊਸ਼ਾ, ਬੜੀ ਮੂੰਹ-ਫੱਟ ਤੇ ਸਿਆਣੀ ਹੈ, ਸੁਣਦਿਆਂ ਹੀ ਬੋਲੀ, "ਇਹਦੇ ਨਾਲੋਂ ਤਾਂ ਉਹ ਇਕ ਲੱਖ ਤੇਰੀ ਧੀ ਦੇ ਨਾਂਅ 'ਤੇ ਐਫ਼-ਡੀ, ਕਰਵਾ ਜਾਂਦਾ ਤਾਂ ਜ਼ਿਆਦਾ ਪੁੰਨ ਲੱਗਣਾ ਸੀ...

ਇਹ ਉਹੀ ਮਾਸੜ ਹੈ ਜਿਹਨੂੰ ਤੂੰ ਲੱਭ ਕੇ ਛੋਟੀ ਭੈਣ ਲਈ ਸਹੇੜਿਆ ਸੀ। ਜਿਹਨੂੰ ਸ਼ਗਨਾਂ ਨਾਲ ਕੈਨੇਡਾ ਤੋਰਿਆ ਸੀ। ਜਿੱਥੇ ਜਾ ਕੇ ਉਹ ਇਸ ਕਾਬਲ ਬਣ ਸਕਿਆ ਕਿ ਡੇਰਿਆਂ 'ਤੇ ਲੱਖਾਂ ਦਾ ਚੜ੍ਹਾਵਾ ਚੜ੍ਹਾ ਸਕੇ... ਉਹੀ ਮਾਸੜ ਹੁਣ ਪੰਜਾਬ ਤੋਂ ਵਾਪਸ ਕੈਨੇਡਾ ਪਹੁੰਚਦਾ ਹੈ ਤਾਂ ਜਾ ਕੇ ਭੈਣ ਨੂੰ ਉਲਾਂਭੇ ਦਿੰਦਾ ਹੈ ਕਿ ਤੇਰੀ ਭੈਣ ਨੇ ਮੈਨੂੰ ਜ਼ਿਆਦਾ ਫੋਨ ਨਹੀਂ ਕੀਤੇ...

ਮਾਸੜ ਹੀ ਕਿਉਂ? ਤੂੰ ਤਾਂ ਦੋ ਭਾਬੀਆਂ ਤੇ ਇਕ ਵੱਡੀ ਭੈਣ ਦੇ ਮੁੰਡੇ ਲਈ ਵੀ ਵਹੁਟੀਆਂ ਇੰਡੀਆ ਤੋਂ ਲੱਭੀਆਂ ਤੇ ਕੈਨੇਡਾ ਪਹੁੰਚਾਈਆਂ... ਤੇਰੀ ਕੀ ਕਦਰ ਹੋਈ ਮਾਂ ਨੀ? ਤੇਰੀ ਤਾਂ ਅੱਧੀ ਜ਼ਿੰਦਗੀ ਉਂਗਲੀਆਂ 'ਤੇ ਹਿਸਾਬ-ਕਿਤਾਬ ਗਿਣਦੀ ਦੀ ਹੀ ਲੰਘ ਗਈ...।

ਸਾਰੇ ਰਿਸ਼ਤੇਦਾਰ ਸਾਨੂੰ ਫੜ੍ਹਾਂ ਮਾਰ-ਮਾਰ ਦੱਸਦੇ ਨੇ, ਕੋਈ ਕਹਿੰਦਾ ਹੈ ਮੈਂ ਚਾਰ ਬੈੱਡਰੂਮਾਂ ਦਾ ਇਕ ਲਿਵਿੰਗ ਤੇ ਇਕ ਡਰਾਇੰਗ-ਰੂਮ ਤੇ ਦੋ ਬੇਸਮੈਂਟਾਂ ਦਾ ਘਰ ਲੈ ਲਿਆ ਹੈ, ਦੂਜਾ ਵੀ ਦੱਸਦਾ ਹੈ ਕਿ ਮੈਂ ਪੁਰਾਣਾ ਘਰ ਵੇਚ ਕੇ ਨਵਾਂ ਵੱਡਾ ਘਰ ਲੈ ਲਿਆ ਹੈ, ਤੀਜਾ ਵੀ, ਚੌਥਾ ਵੀ, ਯਾਨਿ ਹਰ ਰਿਸ਼ਤੇਦਾਰ ਨੇ ਵੱਡੇ-ਵੱਡੇ ਘਰ ਲੈ ਲਏ ਨੇ, ਵੱਡੀਆਂ-ਵੱਡੀਆਂ ਗੱਡੀਆਂ ਲੈ ਲਈਆਂ ਨੇ, ਉਨ੍ਹਾਂ ਦੀਆਂ ਵਿਦੇਸ਼ਾਂ ਤੋਂ ਆਈਆਂ ਚਿੱਠੀਆਂ ਪੜ੍ਹ ਕੇ ਮੈਂ ਜਦੋਂ ਤੋਂ ਹੋਸ਼ ਸੰਭਾਲੀ ਹੈ, ਵੇਖਦੀ ਆਈ ਹਾਂ ਤੇਰੇ ਚਿਹਰੇ 'ਤੇ ਅਜੀਬ ਜਿਹੀ ਸਿਆਹੀ ਫਿਰ ਜਾਂਦੀ ਸੀ। ਤੂੰ ਉਦਾਸ ਜਿਹੀ ਆਪਣੇ ਕਿਰਾਏ ਦੇ ਮਕਾਨ ਵੱਲ ਵੇਖਦੀ ਸੀ। ਸਰਦੀਆਂ ਦੀਆਂ ਸਰਦ ਸਵੇਰਾਂ ਤੇ ਠੁਰਦੀਆਂ ਸ਼ਾਮਾਂ ਨੂੰ ਮੈਂ ਤੈਨੂੰ ਕਿਰਾਏ ਦੇ ਮਕਾਨ ਦੇ ਪੂਰੇ 'ਤੇ ਠੁਰ-ਠੁਰ ਕਰਦੀ ਨੂੰ ਕੱਪੜੇ ਧੋਂਦੀ ਵੇਖਦੀ ਸਾਂ, "ਮਾਂ, ਤੇਲੇ ਹੱਥ ਥੰਦੇ ਹੋ ਦਏ" ਮੈਂ ਤੋਤਲੀ ਜ਼ਬਾਨ ਨਾਲ ਤੇਰੇ ਹੱਥ ਆਪਣੇ ਨਿੱਕੇ-ਨਿੱਕੇ ਹੱਥਾਂ 'ਚ ਫੜ ਕੇ ਕਹਿੰਦੀ ਸਾਂ "ਕੋਈ ਨਾ ਪੁੱਤ, ਮੈਂ ਅਗਲੇ ਸਾਲ ਤੱਕ ਵਾਸ਼ਿੰਗ ਮਸ਼ੀਨ ਲੈ ਲਊਂਗੀ" ਤੂੰ ਫਿਰ ਕੁਝ ਬੁੱਲ੍ਹਾਂ 'ਚ ਗਿਣਦੀ, ਤੇਰੇ ਬੁੱਲ੍ਹ ਫਰਕਦੇ... ਸ਼ਾਇਦ ਫਿਰ ਉਹੀ ਹਿਸਾਬ-ਕਿਤਾਬ 'ਚ...।

ਸਕੂਲ ਤੋਂ ਛੁੱਟੀ ਤੋਂ ਬਾਅਦ ਸਕੂਲ ਦੀ ਬੱਸ ਸਿੱਧਾ ਮੈਨੂੰ ਕਰੈੱਸ਼ 'ਚ ਛੱਡ ਦਿੰਦੀ, ਸ਼ਾਮ ਤੱਕ ਮੈਂ ਕਰੈੱਸ਼ 'ਚ ਰਹਿੰਦੀ, ਅਵਾਜ਼ਾਰ ਜਿਹੀ, ਕਦੀ ਸੌਂ ਜਾਂਦੀ, ਕਦੀ ਉੱਠ ਕੇ ਬਾਹਰ ਬਾਲਕੋਨੀ ਦੇ ਬਨੇਰੇ ਕੋਲ ਖੜ੍ਹ ਜਾਂਦੀ, ਤੈਨੂੰ ਉਡੀਕਦੀ। ਤੂੰ ਸਾਹੋ-ਸਾਹ ਇਕ ਹੱਥ 'ਚ ਪਰਸ ਤੇ ਦੂਜੇ ਹੱਥ 'ਚ ਨਿੱਕ-ਸੁੱਕ ਤੇ ਸਬਜ਼ੀ ਵਾਲਾ ਥੈਲਾ ਫੜੀ ਕਾਹਲੀ-ਕਾਹਲੀ ਪੌੜੀਆਂ ਚੜ੍ਹਦੀ ਮੈਨੂੰ ਦਿਸਦੀ, ਮੈਂ ਦੌੜ ਕੇ ਤੇਰੇ ਕੋਲ ਜਾਂਦੀ, ਤੂੰ ਮੇਰਾ ਸਕੂਲ ਦਾ ਬੈਗ ਤੇ ਕਰੈੱਸ਼ ਦਾ ਬੈਗ ਸੰਭਾਲਦੀ ਮੈਨੂੰ ਲੈ ਕੇ ਬਾਹਰ ਸੜਕ 'ਤੇ ਸਾਹੋ-ਸਾਹ ਤੁਰੀ ਜਾਂਦੀ, ਮੈਂ ਤੇਰੇ ਨਾਲ-ਨਾਲ ਤੇਰੇ ਵੱਲ ਵੇਖਦੀ ਤੁਰੀ ਜਾਂਦੀ...

ਛੁੱਟੀ ਵਾਲੇ ਦਿਨ ਮੇਰਾ ਬੜਾ ਜੀਅ ਕਰਦਾ ਮੈਂ ਤੇਰੇ ਨਾਲ ਤੇ ਆਪਣੇ ਪਾਪਾ ਨਾਲ ਕਿਤੇ ਘੁੰਮਣ-ਫਿਰਨ ਜਾਵਾਂ, ਜਿਵੇਂ ਪਾਰਕ 'ਚ ਜਾਵਾਂ, ਸਿਨੇਮਾ ਵੇਖਣ, ਸਰਕਸ ਵੇਖਣ, ਜਾਂ ਕਿਸੀ ਪਾਰਟੀ 'ਚ ਜਾਵਾਂ ਪਰ ਇੰਜ ਕਿਸ ਤਰ੍ਹਾਂ ਹੋ ਸਕਦਾ ਸੀ? ਤੂੰ ਤਾਂ ਇਕੱਲੀ ਸੀ, ਤੂੰ ਸਦਾ ਮੈਨੂੰ ਛੁੱਟੀ ਵਾਲੇ ਦਿਨ ਘਰ ਦੇ ਕੰਮ ਨਬੇੜ ਕੇ, ਪੜ੍ਹਾਉਣ ਬੈਠ ਜਾਂਦੀ ਸੀ, ਪਰ ਕਦੀ-ਕਦੀ ਮੈਂ ਵੇਖਦੀ ਸਾਂ, ਸ਼ਾਮ ਨੂੰ ਤੂੰ ਵੀ ਉਦਾਸ ਜਿਹੀ ਹੋ ਜਾਂਦੀ ਸੀ, ਬਾਰੀ 'ਚ ਖੜ੍ਹੋ ਕੇ ਤੂੰ ਐਵੇਂ ਸੜਕ ਵੱਲ ਵੇਖਦੀ ਰਹਿੰਦੀ ਸੀ, ਸ਼ਾਇਦ ਤੇਰਾ ਮਨ ਵੀ ਕਰਦਾ ਹੋਵੇਗਾ, ਘੁੰਮਣ-ਫਿਰਨ ਨੂੰ, ਸ਼ਾਪਿੰਗ ਕਰਨ ਨੂੰ, ਕਿਸੇ ਦਾ ਹੱਥ ਫੜ ਕੇ ਸੈਰਾਂ ਕਰਨ ਨੂੰ, ਕਿਸੀ ਪਾਰਟੀ 'ਚ ਜਾ ਕੇ ਧਮਾਲਾਂ ਪਾਉਣ ਨੂੰ... ਹੈ ਨਾ ਮਾਂ? ਜ਼ਰੂਰ ਤੇਰਾ ਮਨ ਕਰਦਾ ਹੋਵੇਗਾ, ਕਿਸੇ ਨੂੰ ਆਪਣੇ ਸਾਰੇ ਦਰਦ, ਸਾਰੇ ਦੁੱਖ ਦੱਸਣ ਨੂੰ। ਕਿਸੇ ਹੋਰ ਨੂੰ ਆਪਣੀਆਂ ਜ਼ਿੰਮੇਵਾਰੀਆਂ ਦੇ ਕੇ, ਸੁਰਖ਼ਰੂ ਹੋ ਕੇ ਜੀਣ ਨੂੰ, ਚਾਹੇ ਉਹ ਜ਼ਿੰਮੇਵਾਰੀਆਂ ਬਿਲ ਤਾਰਨ ਦੀਆਂ ਹੋਣ, ਘਰ ਦਾ ਕਿਰਾਇਆ ਦੇਣ ਦੀਆਂ ਹੋਣ, ਘਰ ਦੀ ਕਿਚਨ ਤੋਂ ਲੈ ਕੇ ਮੇਰੇ ਸਕੂਲ ਤੇ ਕਰੈੱਸ਼ ਦੀਆਂ ਫ਼ੀਸਾਂ ਤੱਕ ਦੀਆਂ ਹੋਣ, ਇਨਕਮ ਟੈਕਸ ਤੋਂ ਲੈ ਕੇ ਐੱਲ. ਆਈ. ਸੀ. ਦੀਆਂ ਕਿਸ਼ਤਾਂ ਦੇਣ ਦੀਆਂ ਤੇ ਖੁੱਲ੍ਹ ਕੇ ਜੀਣ ਦੀਆਂ, ਹਰ ਖ਼ੁਸ਼ਹਾਲੀ ਲੈਣ ਦੀਆਂ ਹੋਣ। ਹਰ ਜ਼ਿੰਮੇਵਾਰੀ ਕਿਸੇ ਹੋਰ ਦੇ ਮੋਢਿਆਂ 'ਤੇ ਪਾਉਣ ਦਾ ਜਾਂ ਘੱਟੋ-ਘੱਟ ਵੰਡ ਲੈਣ ਦਾ ਹੀ, ਜ਼ਰੂਰ ਤੇਰਾ ਵੀ ਮਨ ਕਰਦਾ ਹੋਵੇਗਾ ਮਾਂ...। ਹੈ ਨਾ ਮਾਂ?...

ਪਰ ਮੈਂ ਕਦੇ ਤੈਨੂੰ ਪੁੱਛਦੀ ਨਹੀਂ ਹਾਂ, ਕਿਵੇਂ ਪੁੱਛ ਸਕਦੀ ਹਾਂ? ਨਾਲੇ ਪੁੱਛਣ-ਦੱਸਣ ਦੀ ਲੋੜ ਵੀ ਕੀ ਹੈ? ਕੀ ਮੈਂ ਮਹਿਸੂਸ ਨਹੀਂ ਕਰਦੀ? ਮੈਂ ਸਭ ਜਾਣਦੀ ਹਾਂ ਮਾਂ! ਤੂੰ ਇਕੱਲੀ ਏਂ, ਮੈਂ ਤੇਰੀ ਇਕੱਲਤਾ ਮਹਿਸੂਸ ਕਰਦੀ ਹਾਂ, ਮੈਂ ਤੈਨੂੰ ਕਿਸੇ ਇਕੱਠ 'ਚ, ਕਿਸੇ ਵਿਆਹ, ਜਾਂ ਕਿਸੀ ਵੀ ਜਨਮ-ਦਿਨ ਜਾਂ ਮੈਰਿਜ ਐਨੀਵਰਸਰੀ ਦੀਆਂ ਪਾਰਟੀਆਂ 'ਚ ਝਿਜਕ-ਝਿਜਕ ਕੇ ਜਾਂਦਿਆਂ ਤੇ ਫਿਰ ਇਕ ਕੋਨੇ 'ਚ ਬੈਠੇ ਦੇਖਿਆ ਹੈ ਮਾਂ!

ਅੱਜ ਕੱਲ੍ਹ ਤੇਰਾ ਫਿਰ ਉਹੀ ਹਾਲ ਹੈ। ਉਹੀ ਫ਼ਿਕਰਾਂ 'ਚ ਲੱਥਿਆ ਚਿਹਰਾ, ਉਹੀ ਉਂਗਲਾਂ ਦੇ ਪੋਟਿਆਂ 'ਤੇ ਕੁਝ ਗਿਣਦੀ, ਤੂੰ ਕਿਸੇ ਤਿਆਰੀ 'ਚ ਰਹਿੰਦੀ ਏਂ...

ਮੈਂ ਹੈਰਾਨ ਸਾਂ, ਕਿੱਥੋਂ ਦੀ ਤਿਆਰੀ ਹੋ ਰਹੀ ਹੈ? ਪੁੱਛਣ 'ਤੇ ਪਤਾ ਲੱਗਾ ਕਿ ਮੇਰਾ ਸਭ ਤੋਂ ਵੱਡਾ ਮਾਮਾ ਆਪਣਾ ਪੁੱਤ ਵਿਆਹੁਣ ਆ ਰਿਹਾ ਹੈ ਇੰਡੀਆ, ਤੇ ਵਿਆਹ 'ਤੇ ਪਹੁੰਚ ਰਹੇ ਨੇ ਹੋਰ ਵੀ ਬਹੁਤ ਸਾਰੇ ਰਿਸ਼ਤੇਦਾਰ, ਜਿਵੇਂ ਮੇਰੇ ਮਾਮੇ, ਮੇਰੀਆਂ ਮਾਸੀਆਂ, ਮਾਸੜ ਤੇ ਸਭ ਦੇ ਬੱਚੇ... ਨਾਨਾ-ਨਾਨੀ ਤਾਂ ਵਿਚਾਰੇ ਮੇਰੇ ਇਸ ਦੁਨੀਆ 'ਤੇ ਨਹੀਂ ਸਨ। ਸੋ ਬਾਕੀ ਸਾਰਾ ਅਮੀਰ ਨਾਨਕਾ ਪਰਿਵਾਰ ਨਾਨਕੇ ਪਿੰਡ ਪਹੁੰਚ ਰਿਹਾ ਸੀ ਤੇ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਮਾਂ ਨੀ ਤੂੰ ਵੀ ਆਪਣੇ ਆਫ਼ਿਸ ਤੋਂ ਛੁੱਟੀਆਂ ਲੈ ਕੇ ਤੇ ਮੈਨੂੰ ਨਾਲ ਲੈ ਕੇ ਪਿੰਡ ਮੇਰੇ ਨਾਨਕੇ ਪਿੰਡ ਪਹੁੰਚੇਂਗੀ... ਇਹੀ ਸੀ ਪ੍ਰੋਗਰਾਮ। ਤੇ ਤੂੰ ਮੈਨੂੰ ਬਹੁਤ ਸਾਰੀਆਂ ਮੱਤਾਂ ਦਿੰਦੀ, ਮੈਨਰਸ ਸਿਖਾਉਂਦੀ, ਦੱਬੀ ਜਿਹੀ, ਸੁੰਗੜੀ ਜਿਹੀ, ਪਰ ਉੱਪਰੋਂ-ਉੱਪਰੋਂ ਬਹੁਤ ਕਾਨਫ਼ੀਡੈਂਸ ਸ਼ੋਅ ਕਰਦੀ ਹੋਈ, ਖ਼ੁਸ਼-ਖ਼ੁਸ਼ ਮੇਰੇ ਨਾਨਕੇ ਪਿੰਡ ਪਹੁੰਚੀ... ਸਾਡੇ ਰਿਸ਼ਤੇਦਾਰਾਂ ਦੀਆਂ ਟੌਹਰਾਂ ਵੇਖਣ ਵਾਲੀਆਂ ਸਨ... ਅਲੱਗ-ਅਲੱਗ ਕਮਰਿਆਂ 'ਚ ਅਲੱਗ-ਅਲੱਗ ਟੱਬਰਾਂ ਨੇ ਡੇਰੇ ਲਾਏ ਹੋਏ ਸਨ। ਹਰ ਕਮਰੇ 'ਚ ਅੱਧਖੁੱਲ੍ਹੇ ਵੱਡੇ-ਵੱਡੇ ਅਟੈਚੀ, ਵਿਚੋਂ ਝਾਕਦੇ ਨਵੇਂ-ਨਵੇਂ, ਸੁਹਣੇ-ਸੁਹਣੇ ਕੱਪੜੇ,

ਨਾ ਅਮਲਾਂ ਨੂੰ ਪਹਿਚਾਨ ਸਕੇ,
ਮੈਂ ਉਸ ਈਮਾਨ ਤੋਂ ਬਾਗ਼ੀ ਹਾਂ। -ਕਿਦਾਰ ਨਾਥ ਬਾਗ਼ੀ

ਅਲਮਾਰੀਆਂ 'ਚ ਵੱਡੀਆਂ-ਵੱਡੀਆਂ ਹਰ ਤਰ੍ਹਾਂ ਦੀਆਂ ਬੋਤਲਾਂ, ਚਾਹੇ ਉਹ ਸਕਾਚ ਦੀਆਂ ਹੋਣ, ਸ਼ੈਂਪੂ ਦੀਆਂ ਹੋਣ ਜਾਂ ਫ਼ਿਊਮਾਂ ਦੀਆਂ ਹੋਣ, ਬੱਸ ਖੁਸ਼ਬੂਆਂ ਹੀ ਖੁਸ਼ਬੂਆਂ... ਤੇ ਸਭ ਦੇ ਚਿਹਰਿਆਂ 'ਤੇ ਅਜੀਬ ਜਿਹੀਆਂ ਲਾਲੀਆਂ, ਚਾਹੇ ਉਹ ਪੈਸੇ ਦੀਆਂ ਹੋਣ ... ਬੇ-ਫ਼ਿਕਰੀ ਦੀਆਂ ਹੋਣ ਜਾਂ ਫ਼ਾਰਨਰਸ ਹੋਣ ਦੇ ਘਮੰਡ ਦੀਆਂ ਹੋਣ... ਪਰ ਸਨ ਜ਼ਰੂਰ...

ਹਰ ਰੋਜ਼ ਪਾਰਟੀ ਹੋ ਰਹੀ ਸੀ, ਕਦੇ ਮਾਈਏਂ ਦੀ ਪਾਰਟੀ, ਕਦੇ ਸੰਗੀਤ ਦੀ ਪਾਰਟੀ, ਕਦੇ ਸਲਾਮੀਆਂ ਪੈ ਰਹੀਆਂ ਸਨ, ਭੰਗੜੇ ਪੈਂਦੇ ਸਨ, ਡੈੱਕ ਵੱਜਦੇ ਸਨ। ਮੇਰੇ ਮਾਸੜਾਂ ਦੀਆਂ ਜੇਬਾਂ 'ਚੋਂ ਬਟੂਏ ਡੁੱਲ੍ਹ-ਡੁੱਲ੍ਹ ਪੈਂਦੇ ਸਨ, ਨੋਟਾਂ ਨਾਲ ਭਰੇ ਬਟੂਏ... ਤੇ ਜਿੱਦਣ ਜੰਨ੍ਹ ਚੜ੍ਹੀ, ਨਜ਼ਾਰਾ ਵੇਖਣ ਵਾਲਾ ਸੀ.. ਗੁਲਾਬੀ ਪੱਗਾਂ ਹੀ ਪੱਗਾਂ, ਸੁਹਣੇ-ਸੁਹਣੇ ਕੋਟ-ਪੈਂਟ, ਟਾਈਆਂ, ਗੁੱਟਾਂ 'ਤੇ ਸੁਨਹਿਰੀ ਘੜੀਆਂ ਤੇ ਸੱਜੇ ਹੱਥ ਦੇ ਗੁੱਟਾਂ 'ਤੇ ਸੋਨੇ ਦੇ ਕੜੇ ਪਾਈ ਬੰਦੇ ਤੇ ਸਿਲਕ ਦੇ ਸੁਨਹਿਰੀ ਕਢਾਈਆਂ ਵਾਲੇ ਸੂਟਾਂ 'ਚ ਗਹਿਣਿਆਂ ਨਾਲ ਲੱਦੀਆਂ ਔਰਤਾਂ... ਚਾਹੇ ਉਹ ਮੇਰੀਆਂ ਮਾਸੀਆਂ ਹੋਣ ਜਾਂ ਮਾਮੀਆਂ... ਰੌਣਕਾਂ, ਰੰਗਾਂ ਤੇ ਸੰਗੀਤ ਦੀਆਂ ਤੇਜ਼ ਸੁਰਾਂ 'ਚ ਮੈਂ ਤੈਨੂੰ ਲੱਭ ਰਹੀ ਸਾਂ ਮਾਂ, ਤੇ ਤੂੰ ਗੁਆਚੀ ਹੋਈ, ਭੱਜ-ਭੱਜ ਕੇ ਕੰਮ ਕਰਦੀ ਹੋਈ, ਹਰ ਮਜ਼ਾਕ, ਹਰ ਮਖੌਲ ਅੱਗੇ ਐਵੇਂ ਹਾਸਾ ਹੱਸਦੀ ਹੋਈ, ਸਾਰੇ ਵਿਆਹ ਨੂੰ ਸਿਰ 'ਤੇ ਚੁੱਕੀ ਫਿਰ ਰਹੀ ਸੈਂ, ਪਤਾ ਨਹੀਂ ਤੇਰੇ 'ਤੇ ਤਰਸ ਜਿਹਾ ਕਿਉਂ ਆ ਰਿਹਾ ਸੀ...?

ਆਨੰਦ ਕਾਰਜ ਹੋ ਰਿਹਾ ਸੀ... ਕਿੰਨੇ ਸੁਹਣੇ ਬੋਲ ਗੂੰਜ ਰਹੇ ਸਨ ਗੁਰਦੁਆਰੇ ਦੇ ਗਰੰਥੀ ਦੇ... ਫੇਰੇ ਹੋ ਰਹੇ ਸਨ ... ਤੇਰਾ ਵਿਆਹ ਵੀ ਇੰਜ ਹੀ ਹੋਇਆ ਹੋਵੇਗਾ ਮਾਂ... ਹਾਂ, ਇੰਜ ਹੀ ਹੋਇਆ ਸੀ, ਤੂੰ ਇਕ ਵੇਰ ਦੱਸ ਰਹੀ ਸੀ ਕਿਸੇ ਨੂੰ ਕਿ ਤੇਰੀ ਅਰੇਂਜ ਮੈਰਿਜ ਹੋਈ ਸੀ... ਮੈਂ ਤੇਰੇ ਮੂੰਹ ਵੱਲ ਵੇਖਦੀ ਹਾਂ, ਤੇਰੀਆਂ ਅੱਖਾਂ 'ਚ ਕੀ ਹੈ? ਕੀ?... ਹੰਝੂ ਜਾਂ ਖ਼ਾਲੀਪਣ? ਸਹਿਕ ਰਹੀਆਂ ਖ਼ਾਹਿਸ਼ਾਂ ਜਾਂ ਸਿਸਕ ਰਹੀਆਂ ਇੱਛਾਵਾਂ...

ਆਨੰਦ ਕਾਰਜ ਸੰਪੂਰਨ ਹੋ ਗਿਆ। ਹੁਣ ਸਭ ਜੋੜੇ ਉੱਠ-ਉੱਠ ਕੇ ਲਾੜਾ ਤੇ ਲਾੜੀ ਦੇ ਗਲਾਂ 'ਚ ਹਾਰ ਪਾਉਣ ਲੱਗੇ ਸਨ, ਸ਼ਗਨ ਉਨ੍ਹਾਂ ਦੀਆਂ ਝੋਲੀਆਂ 'ਚ ਪਾ ਕੇ ਫੋਟੋ ਖਿਚਵਾਉਂਦੇ ਸਨ। ਤੂੰ ਬਾਰ-ਬਾਰ ਆਪਣੇ ਬੁੱਲ੍ਹਾਂ 'ਤੇ ਜੀਭ ਫੇਰ ਕੇ ਤਿਆਰ ਹੋ ਰਹੀ ਸੀ, ਤੇਰੇ ਹੱਥਾਂ 'ਚ ਵੀ ਦੋ ਹਾਰ ਸਨ, ਸ਼ਗਨ ਪਾਉਣ ਲਈ ਪੈਸੇ ਫੜੇ ਹੋਏ ਸਨ, ਜਦ ਸਭ ਸ਼ਗਨ ਪਾ ਚੁੱਕੇ ਤਾਂ ਤੂੰ ਵੀ ਮੇਰਾ ਹੱਥ ਫੜ ਕੇ ਉੱਠੀ, ਅਸੀਂ ਦੋਵਾਂ ਨੇ ਲਾੜਾ-ਲਾੜੀ ਦੇ ਹਾਰ ਪਾਏ, ਸ਼ਗਨ ਪਾਏ ਤੇ ਫੋਟੋ ਖਿਚਵਾਈ, ਮੇਰਾ ਹੱਥ ਫੜ ਕੇ ਤੂੰ ਵਾਪਸ ਆਪਣੀ ਜਗ੍ਹਾ 'ਤੇ ਆ ਬੈਠੀ। ਤੇਰਾ ਹੱਥ ਆਪਣੇ ਹੱਥ ਦੇ ਉੱਪਰ ਕੰਬਦਾ ਮੈਂ ਵੇਖਿਆ ਸੀ...

ਆਨੰਦ ਕਾਰਜ ਤੋਂ ਬਾਅਦ ਰੋਟੀ ਖਾਣ ਲਈ ਮੈਰਿਜ-ਹਾਲ ਵੱਲ ਵੱਧਦੀ ਜੰਨ੍ਹ 'ਚ ਭੰਗੜੇ ਦੀਆਂ ਧਮਾਲਾਂ ਪੈਣ ਲੱਗੀਆਂ... ਸਭ ਜੋੜੇ ਇਕ-ਦੂਜੇ ਦੇ ਹੱਥ ਫੜ ਕੇ, ਅੱਖਾਂ 'ਚ ਅੱਖਾਂ ਪਾ ਕੇ ਨੱਚ ਰਹੇ ਸਨ... ਬੈਂਡ-ਵਾਜੇ ਦਾ ਸ਼ੋਰ ਤੇ ਨੋਟਾਂ ਦੀ ਬਾਰਸ਼ ਹੋ ਰਹੀ ਸੀ। ਤੂੰ ਵੀ ਮੁਸਕਰਾਉਂਦੀ ਹੋਈ ਤਾੜੀ ਵਜਾ ਰਹੀ ਸੈਂ। ਮੇਰੇ ਛੋਟੇ ਸ਼ਰਾਬੀ ਹੋਏ ਮਾਸੜ ਨੇ ਕਈ ਵਾਰ ਤੈਨੂੰ ਬਾਂਹ ਤੋਂ ਫੜ ਕੇ ਭੰਗੜੇ 'ਚ ਖਿੱਚਣਾ ਚਾਹਿਆ, ਪਰ ਤੂੰ ਤਾਂ ਲੱਗਦਾ ਸੀ ਧਰਤੀ 'ਚ ਸਮਾਉਂਦੀ ਜਾ ਰਹੀ ਸੀ। ਏਨੀ ਨਿਮਾਣੀ! ਏਨੀ ਨਿਤਾਣੀ!!

ਪੈਂਦੇ ਭੰਗੜੇ 'ਚ ਕੋਈ ਨਿਆਣਾ ਰੋਣ ਲੱਗਦਾ ਤਾਂ ਉਸ ਦਾ ਪਿਉ ਉਸ ਨੂੰ ਇਕ ਹੱਥ ਨਾਲ ਚੁੱਕ ਕੇ ਚੁਟਕੀ ਵਜਾ-ਵਜਾ ਨੱਚਣ ਲੱਗ ਪੈਂਦਾ... ਮੇਰੇ ਨਾਲ ਤਾਂ ਇੰਜ ਕਦੀ ਨਹੀਂ ਸੀ ਹੋਇਆ ਕਿ ਮੇਰਾ ਬਾਪ ਪਾਰਟੀ 'ਚ ਨੱਚ ਰਿਹਾ ਹੋਵੇ, ਮੈਂ ਕਿਸੇ ਗੱਲੋਂ ਡੁਸਕ ਪਈ ਹੋਵਾਂ ਤੇ ਮੇਰਾ ਬਾਪ ਮੈਨੂੰ ਇਕ ਹੀ ਹੱਥ ਨਾਲ ਚੁੱਕ ਕੇ ਬਾਂਹ 'ਤੇ ਬਿਠਾ ਕੇ ਦੂਜੇ ਹੱਥ ਨਾਲ ਚੁਟਕੀ ਵਜਾ-ਵਜਾ ਨੱਚਣ ਲੱਗ ਪਿਆ ਹੋਵੇ ਤੇ ਮੇਰੀ ਮਾਂ ਬੇਫ਼ਿਕਰ ਕਿਸੇ ਹੋਰ ਕੋਨੇ 'ਚ ਨੱਚ ਰਹੀ ਹੋਵੇ, ਬੇਝਿਜਕ, ਕਾਨਫ਼ੀਡੈਂਟ! ਹੌਸਲਾ ਉਹਦੇ ਚਿਹਰੇ ਤੋਂ ਚੋਅ-ਚੋਅ ਪੈਂਦਾ ਹੋਵੇ, ਪਤੀ ਦੇ ਹੋਣ ਦਾ ਹੌਸਲਾ, ਪਤੀ ਕੋਲ ਪੈਸੇ ਹੋਣ ਦਾ ਹੌਸਲਾ, ਬੈਂਕ ਦੇ ਲਾਕਰ 'ਚ ਗਹਿਣੇ ਹੋਣ ਦਾ ਹੌਸਲਾ, ਪਤੀ ਵੱਲੋਂ ਮਿਲਿਆ ਪੁਸ਼ਤੈਨੀ ਮਕਾਨ ਤੇ ਜ਼ਮੀਨ ਹੋਣ ਦਾ ਹੌਸਲਾ, ਬੱਸ ਕੋਈ ਨਾਲ ਹੈ- ਇਹੀ ਹੌਸਲਾ, ਤੇ ਉਸੀ ਹੌਸਲੇ 'ਚ ਸੱਜੀ ਬਾਂਹ ਉਲਾਰ-ਉਲਾਰ ਕੇ ਨੱਚਦੀ ਹੋਈ, ਲਾਲੋ-ਲਾਲ ਹੁੰਦੀ ਹੋਵੇ ਮੇਰੀ ਮਾਂ...

ਸਾਰਾ ਦਿਨ ਹੰਗਾਮਾ ਹੁੰਦਾ ਰਿਹਾ। ਰਸਮਾਂ ਹੁੰਦੀਆਂ ਰਹੀਆਂ... ਵਿਆਹ ਹੁੰਦਾ ਰਿਹਾ...। ਸ਼ਾਮ ਨੂੰ ਬਾਰਾਤ ਵਾਪਸ ਆਪਣੇ ਟਿਕਾਣੇ ਪਹੁੰਚ ਗਈ। ਹੁਣ ਸਭ ਹਾਲ 'ਚ ਰੀਲੈਕਸ ਬੈਠ ਗਏ ਸਨ, ਹੱਥਾਂ 'ਚ ਗਿਲਾਸ ਤੇ ਬੁੱਲ੍ਹਾਂ 'ਤੇ ਹਾਸੇ...!

"ਤੂੰ ਕਿੰਨੇ ਸਾਲਾਂ ਦੀ ਹੋ ਗਈ ਹੁਣ?" ਮੇਰੀ ਮਾਸੀ ਨੇ ਲਾਪਰਵਾਹੀ ਨਾਲ ਮੈਨੂੰ ਪੁੱਛਿਆ ਤੇ ਨਾਲ ਹੀ ਫ਼ਰਸ਼ 'ਤੇ ਵਿਛਾਏ ਚਿੱਟੇ ਗੱਦੇ 'ਤੇ ਟੇਢਾ ਜਿਹਾ ਹੋ ਕੇ ਪੈ ਗਈ।

"ਤੇਰ੍ਹਾਂ ਸਾਲ ਦੀ" ਮੈਂ ਜੁਆਬ ਦਿੱਤਾ। ਪਰ ਵੇਖਿਆ ਜਿਵੇਂ ਤੂੰ ਹੀਣ-ਭਾਵਨਾ 'ਚ ਗ੍ਰਸਤ ਹੋ ਗਈ ਹੋਵੇਂ... ਪਤਾ ਨਹੀਂ ਕਿਉਂ ਤੇਰੇ ਚਿਹਰੇ 'ਤੇ ਵਿਚਾਰਗੀ ਜਿਹੀ ਫੈਲ ਗਈ ਸੀ।

"ਲੈ ਹੋਰ ਦੋ-ਚਾਰ ਸਾਲਾਂ ਤੱਕ ਹੋਈ ਵਿਆਹੁਣ ਜੋਗੀ" ਮੇਰੀ ਦੂਜੀ ਮਾਸੀ ਨੇ ਟੋਣਾ ਲਾਇਆ।

"ਲੈ ਇਹਦਾ ਵਿਆਹ ਤਾਂ ਮੈਂ ਕਰੂੰਗਾ ਆਪਣੇ ਹੱਥੀਂ..." ਮੇਰੇ ਵੱਡੇ ਮਾਸੜ ਨੇ ਚੌੜਾ ਜਿਹਾ ਹੋ ਕੇ ਕਿਹਾ।

"ਇਹਦਾ ਰਿਸ਼ਤਾ ਤਾਂ ਅਸੀਂ ਲੈ ਜਾਣਾ ਕੈਨੇਡਾ..." ਮੇਰੀ ਮਾਮੀ ਨੇ ਇੰਗਲੈਂਡ ਵਾਲੇ ਮਾਸੜ 'ਤੇ ਕੈਨੇਡਾ ਦੇ ਰੋਹਬ ਪਾਇਆ।

ਲੈ ਕੈਨੇਡਾ 'ਚ ਕੀ ਆ, ਦੂਰ-ਦੂਰ ਤੱਕ ਬੰਦਾ ਨੀਂ ਦਿਸਦਾ ਕੋਈ, ਜਿਵੇਂ ਉਜਾੜਾ ਪਿਆ ਹੋਵੇ। ਗੱਲ ਕਰੋ ਸਾਡੇ ਇੰਗਲੈਂਡ ਦੀ.. ਜਿੱਥੇ ਰੌਣਕਾਂ ਹੀ ਰੌਣਕਾਂ..." ਮੇਰੀ ਮਾਸੀ ਨੇ ਚਟਖਾਰਾ ਲਾਇਆ।

"ਪਰ ਆਪਣੇ ਤੋਂ ਪਹਿਲਾਂ ਮੈਂ ਆਪਣੀ ਮਾਂ ਦਾ ਵਿਆਹ ਕਰਨਾ ਹੈ, ਉਸ ਦਾ ਇਕਲਾਪਾ ਦੂਰ ਕਰਨਾ ਹੈ, ਉਹ ਵੀ ਇਨਸਾਨ ਹੈ, ਤੇ ਜ਼ਿੰਦਗੀ ਦੀ ਹਰ ਖੁਸ਼ੀ, ਹਰ ਸੁਖ 'ਤੇ ਉਸ ਦਾ ਵੀ ਹੱਕ ਹੈ। ਉਸ ਬਾਰੇ ਕੋਈ ਨਹੀਂ ਸੋਚਦਾ, ਕੋਈ ਨਹੀਂ ਵੇਖਦਾ। ਉਸ ਦਾ ਵੀ ਹੱਕ ਹੈ ਸਿਰ ਉੱਚਾ ਕਰਕੇ ਜੀਣ ਦਾ...

ਏਨਾ ਸੰਨਾਟਾ, ਏਨੀ ਚੁੱਪ... ਖੜਕਦੇ ਗਿਲਾਸ ਰੁਕ ਗਏ ਸਨ ਤੇ ਸਭ ਦੇ ਮੂੰਹ ਬੰਦ ਹੋ ਗਏ ਸਨ। ਸਿਰਫ਼ ਮੇਰੀ ਇਕੱਲੀ ਦੀ ਆਵਾਜ਼ ਗੂੰਜ ਰਹੀ ਸੀ, ਅਚਾਨਕ ਮੈਂ ਤੇਰੇ ਵੱਲ ਵੇਖਿਆ ਤੇ ਮੈਨੂੰ ਲੱਗਿਆ ਤੇਰਾ ਸਿਰ ਤਾਂ ਮੈਂ ਹੁਣੇ ਹੀ ਉੱਚਾ ਕਰ ਦਿੱਤਾ ਹੈ ਮਾਂ ਨੀ!

ਖੁਸ਼ੀਆਂ ਵਣਜਣ ਜੋਗਾ ਜੇ ਇਖ਼ਲਾਕ ਨਹੀਂ।
ਪੱਲੇ ਵਿਚ ਚੰਗਿਆਈ ਵਰਗਾ ਸਾਕ ਨਹੀਂ। -(ਅਗਲੇ ਸਫ਼ੇ 'ਤੇ)

ਕਹਾਣੀ

# ਵਧਾਈਆਂ

## ਡਾ: ਕੰਵਰ ਜਸਮਿੰਦਰਪਾਲ ਸਿੰਘ


ਡਾ: ਕੰਵਰ ਜਸਮਿੰਦਰਪਾਲ ਸਿੰਘ

ਮੋਬਾਈਲ ਦੀ ਘੰਟੀ ਲਗਾਤਾਰ ਵੱਜ ਰਹੀ ਸੀ। ਇੱਕ ਵਾਰ ਨਹੀਂ ਪੂਰੀ ਤਿੰਨ ਵਾਰ ਪੂਰੀ ਰਿੰਗ ਵੱਜ ਚੁੱਕੀ ਸੀ, ਪਰ ਮੈਂ ਟ੍ਰੈਫਿਕ ਵਿੱਚ ਘਿਰਿਆ ਹੋਣ ਕਰਕੇ ਮੋਬਾਈਲ ਸੁਣ ਹੀ ਨਹੀਂ ਸਕਦਾ ਸੀ। ਜਦੋਂ ਤੋਂ ਪੁਲਿਸ ਨੇ ਸਖ਼ਤੀ ਵੱਧ ਕਰ ਦਿੱਤੀ ਸੀ, ਉਦੋਂ ਤੋਂ ਮੈਂ ਮੋਟਰਸਾਈਕਲ ਚਲਾਉਣ ਸਮੇਂ ਤਾਂ ਬਿਲਕੁੱਲ ਹੀ ਮੋਬਾਈਲ ਸੁਣਨਾ ਬੰਦ ਕਰ ਦਿੱਤਾ ਸੀ।

ਇੱਕ ਮਹੀਨੇ ਵਿੱਚ ਪੂਰੇ ਚਾਰ ਵਾਰ ਘੇਰਿਆ ਸੀ ਪੁਲਿਸ ਵਾਲਿਆਂ ਨੇ ਮੈਨੂੰ, ਪੂਰੇ ਬੱਤੀ ਸੌ ਰੁਪਏ ਦੇ ਚੁੱਕਿਆ ਸੀ ਹੁਣ ਤੱਕ ਪੁਲਿਸ ਵਾਲਿਆਂ ਨੂੰ ਮੈਂ। ਉਹ ਪੂਰਾ ਪੁਲਸੀਆ ਰੋਹਬ ਝਾੜਦੇ ਨਾਲੇ ਅਹਿਸਾਨ ਜਤਾਉਂਦੇ ਹੋਏ ਅੱਗੋਂ ਆਖਦੇ, "ਇਹ ਤਾਂ ਅਸੀਂ ਹੀ ਸੀ ਭਾਅ ਜੀ ਜਿਨ੍ਹਾਂ ਨੇ ਤੁਹਾਨੂੰ ਛੱਡ ਦਿੱਤਾ ,ਜੇਕਰ ਕੋਈ ਹੋਰ ਡਿਊਟੀ ਤੇ ਹੁੰਦਾ ਤਾਂ ਉਸ ਨੇ ਤਾਂ ਚਲਾਨ ਕੱਟ ਕੇ ਤੁਹਾਨੂੰ ਫੜਾ ਦੇਣਾ ਸੀ ਪੂਰੇ ਪੰਜ ਹਜ਼ਾਰ ਦਾ। ਇੱਕ ਤਾਂ ਤੁਸੀਂ ਮੋਟਰਸਾਈਕਲ ਚਲਾਉਣ ਸਮੇਂ ਮੋਬਾਈਲ ਸੁਣਦੇ ਸੀ, ਦੂਜਾ ਤੁਹਾਡਾ ਪਲਿਊਸ਼ਨ-ਕਾਰਡ ਵੀ ਖ਼ਤਮ ਹੋਣ ਵਾਲਾ ਨਾਲੇ ਤੁਸੀਂ ਲਾਲ ਬੱਤੀ ਜੰਪ ਕੀਤੀ ਆ।" ਪਰਦੂਸ਼ਨ-ਕਾਰਡ ਖ਼ਤਮ ਹੋਣ 'ਚ ਤਾਂ ਅਜੇ ਦੋ ਦਿਨ ਪਏ ਨੇ ਜੀ ਨਾਲੇ ਮੈਂ ਲਾਲ ਬੱਤੀ ਵੀ ਜੰਪ ਨਹੀ ਕੀਤੀ, ਦਸ ਸੈਕਿੰਡ ਰਹਿੰਦੇ ਸੀ ਜਦੋਂ ਮੈਂ ਲੰਘ ਰਿਹਾ ਸੀ ਓਹ ਤਾਂ ਮੂਹਰੇ ਟਰੱਕ ਆ ਗਿਆ ਸੀ ਜੀ, ਏਨੇ ਨੂੰ ਲਾਲ ਬੱਤੀ ਹੋਗੀ ਦੱਸੋ ਇਸ ਵਿੱਚ ਮੇਰਾ ਕੀ ਕਸੂਰ ਐ ਜੀ?" ਮੈਂ ਸਿਪਾਹੀ ਨੂੰ ਬੇਨਤੀ ਨੁਮਾ ਲਹਿਜੇ ਵਿੱਚ ਕਿਹਾ। ਮੇਰੇ ਵੱਲ ਲਾਲ ਅੱਖਾਂ ਕੱਢਦਿਆਂ ਮੋਟੇ ਜਿਹੇ ਢਿੱਡ ਵਾਲੇ ਥਾਣੇਦਾਰ ਨੇ ਸਿਪਾਹੀ ਨੂੰ ਪਿੱਛੇ ਕਰਦਿਆਂ ਪੁਲਸੀਏ ਅੰਦਾਜ ਵਿੱਚ ਕਿਹਾ, "ਓਏ ਤੁਸੀ ਇਸ ਦਾ ਚਲਾਣ ਕੱਟਕੇ ਇਸ ਦੇ ਹੱਥ 'ਤੇ ਧਰੋ, ਆਪੀ ਪਤਾ ਲੱਗਜੂ ਜਦੋਂ ਸ਼ਾਮ ਤੱਕ ਖੜਨਾ ਪਊ ਕਚਿਹਰੀ 'ਚ ਨਾਲੇ ਪੰਜ ਹਜ਼ਾਰ ਭਰਨਾ ਪਊ, ਓਦੋਂ ਨਿਕਲ ਜਾਊ ਇਸ ਦੀ ਕਾਮਰੇਡੀ।"

ਸਰ ਸੌਰੀ ਜੀ," ਮੈਂ ਸਹਿਮੇ ਹੋਏ ਨੇ ਸਿਪਾਹੀ ਵੱਲ ਦੇਖਦਿਆਂ ਕਿਹਾ। ਓਸ ਨੇ ਵੀ ਮੈਨੂੰ ਇਸ਼ਾਰੇ ਨਾਲ ਸਮਝਾਉਂਦਿਆਂ ਕਿਹਾ "ਬਾਈ ਯਾਰ ਜੇ ਥੋਡੇ ਵਰਗੇ ਪੜ੍ਹੇ-ਲਿਖੇ ਵੀ ਟਰੈਫਿਕ ਰੂਲਾਂ ਦੀ ਪਾਲਣਾ ਨਹੀ ਕਰਨਗੇ ਫਿਰ ਅਨਪੜ੍ਹ ਲੋਕਾਂ ਨੇ ਕੀ ਪਾਲਣਾ ਕਰਨੀ ਐ ਕਾਨੂੰਨ ਦੀ" ਓਸ ਨੇ ਮੇਰੇ ਨੇੜੇ ਆਉਂਦਿਆਂ ਹੀ ਮੇਰੀ ਮੁਠੀ ਵਿੱਚੋਂ ਪੰਜ ਸੌ ਦਾ ਨੋਟ ਫੜਦਿਆਂ ਕਿਹਾ। ਮੈਂ ਝੂਠੀ-ਮੂਠੀ ਦਾ ਹਾਸਾ ਹੱਸਦਿਆਂ 'ਥੈਕਯੂ-ਥੈਕਯੂ' ਕਰਦਿਆਂ ਮੋਟਰਸਾਇਕਲ ਨੂੰ ਤੋਰਦਿਆਂ ਸੋਚਣ ਲੱਗਿਆ ਕਿ ਜਿਸ ਦੇਸ ਦੀ ਅਫ਼ਸਰਸਾਹੀ ਹੀ ਭਰਿਸ਼ਟ ਹੈ ਓਸ ਦੇਸ ਵਿੱਚ ਕਾਨੂੰਨ ਦੇ ਰਾਜ ਦੀ ਕਿਥੋਂ ਆਸ ਰੱਖ ਸਕਦੇ ਹਾਂ, ਨਾਲੇ ਜਿਸ ਦੇਸ ਦੇ ਹਾਕਮ ਹੀ ਵਿਓਪਾਰੀ ਬਣ ਜਾਣ ਓਸ ਦੇਸ ਦੀ ਜਨਤਾ ਨੇ ਭਿਖਾਰੀ ਹੀ ਬਨ਼ਣਾ ਹੈ। ਹਜ਼ਾਰਾਂ ਲੋਕ ਮਰਦੇ ਨੇ ਰੋਜ਼ ਆਵਾਰਾ ਪਸ਼ੂਆਂ ਨਾਲ ਟਕਰਾਕੇ, ਉਨ੍ਹਾਂਨੂੰ ਸਾਂਭਣ ਪ੍ਰਬੰਧ ਨਹੀਂ ਹੁੰਦਾ ਸਰਕਾਰ ਤੋਂ, ਲੱਖਾਂ ਰੁਪਏ ਲੈਂਦੀ ਐ ਸਰਕਾਰ ਗਊ ਟੈਕਸ ਦੇ ਨਾਂ ਤੇ...

"ਨਵਾਂ ਕਾਨੂੰਨ ਬਣਿਆ ਤਾਂ ਸੀ, ਲੋਕਾਂ ਦੀ ਭਲਾਈ ਵਾਸਤੇ ਪਰ ਪੁਲਸ ਵਾਲਿਆਂ ਨੇ ਤਾਂ ਇਸ ਨੂੰ ਵਪਾਰ ਦਾ ਧੰਦਾ ਹੀ ਬਣਾ ਲਿਆ ਹੈ। ਸਾਡੇ ਦੇਸ਼ ਦੇ ਲੋਕਾਂ ਵਿੱਚੋਂ ਤਾਂ ਨੈਤਿਕਤਾ ਬਿਲਕੁਲ ਹੀ ਮਰ ਚੁੱਕੀ ਹੈ। ਉੱਪਰ ਤੋਂ ਲੈ ਕੇ ਹੇਠਾਂ ਤੱਕ ਜਿਸ ਦਾ ਵੀ ਦਾਅ ਲੱਗਦਾ ਆਪਣੀ ਮੁੱਠੀ ਗਰਮ ਕਰਨ ਵਿਚ ਭੋਰਾ ਦੇਰ ਨਹੀਂ ਲਾਉਂਦਾ। ਬੇੜਾ ਗਰਕ ਕਰਤਾ ਦੇਸ਼ ਦਾ ਕੁਰੱਪਸ਼ਨ ਨੇ, ਜੇਕਰ ਸਾਡੇ ਦੇਸ਼ ਚੋਂ ਕਰਪਸ਼ਨ ਖ਼ਤਮ ਹੋ ਜਾਵੇ ਤਾਂ ਹੋਰ ਕਿਹੜਾ ਦੇਸ਼ ਹੈ ਸਾਡੇ ਦੇਸ਼ ਵਰਗਾ?"

ਲਗਾਤਾਰ ਤੀਜੀ ਵਾਰ ਜਦੋਂ ਘੰਟੀ ਵੱਜਣੋਂ ਨਾ ਹਟੀ ਤਾਂ ਮੈਂ ਮੋਟਰਸਾਈਕਲ ਇੱਕ ਪਾਸੇ ਰੋਕ ਕੇ ਬੜੇ ਹਰਖ਼ ਨਾਲ ਆਪਣੇ ਕੰਨ ਨੂੰ ਮੋਬਾਈਲ ਲਾਇਆ ਅਤੇ ਬੜੀ ਬੇਰੁੱਖੀ ਨਾਲ 'ਹੈਲੋ' ਕਿਹਾ। ਅੱਗੋਂ ਬੜੀ ਮਿੱਠੀ ਜਿਹੀ ਆਵਾਜ਼ ਵਿੱਚ ਇੱਕ ਕੁੜੀ ਨੇ ਕਿਹਾ "ਸਰ, ਕੈਂਗਰੈਚੂਲੇਸ਼ਨਜ਼! ਤੁਹਾਡੇ ਬੇਟੇ ਦਾ ਵੀਜ਼ਾ ਲੱਗ ਗਿਆ ਹੈ, ਤੁਸੀਂ ਅੱਜ ਹੀ ਆ ਕੇ ਪਾਸਪੋਰਟ ਲੈ ਜਾਵੋ ਅਤੇ ਟਿਕਟ ਬੁੱਕ ਕਰਵਾ ਲਵੋ ਕਿਉਂਕਿ ਬੇਟੇ ਦੀਆਂ ਕਲਾਸਾਂ ਇੱਕ ਸਤੰਬਰ ਤੋਂ ਸ਼ੁਰੂ ਹੋਣੀਆਂ ਹਨ,ਵੀਜ਼ਾ ਭਾਵੇਂ ਥੋੜ੍ਹਾ ਲੇਟ ਹੋ ਗਿਆ ਪਰ ਸਰ ਤੁਸੀਂ ਲੱਕੀ ਹੋ, ਤੁਹਾਡੇ ਬੇਟੇ ਦਾ ਵੀਜ਼ਾ ਲੱਗ ਗਿਆ ਨਹੀਂ ਤਾਂ ਇਹ ਇਸ ਵਾਰ ਕਈ ਬੱਚਿਆਂ ਦੇ ਵੀਜ਼ੇ ਰਿਫਿਊਜ਼ ਹੋ ਗਏ ਹਨ।" ਉਸ ਨੇ ਇੰਨਾ ਕਹਿ ਕੇ ਫ਼ੋਨ ਕੱਟ ਦਿੱਤਾ। ਪਰ ਉਸ ਦਾ ਫ਼ੋਨ ਸੁਣ ਕੇ ਮੈਨੂੰ ਤਾਉਣੀ ਜਿਹੀ ਆ ਗਈ ਅਤੇ ਮੈਂ ਉਸ ਦੇ ਫ਼ੋਨ ਦਾ ਹੁੰਗਾਰਾ ਵੀ ਚੱਜ ਨਾਲ ਨਾ ਭਰ ਸਕਿਆ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਬੇਟੇ ਦਾ ਵੀਜ਼ਾ ਲੱਗਣ ਨੂੰ ਮੈਂ ਆਪਣੀ ਪ੍ਰਾਪਤੀ ਸਮਝਾਂ ਜਾਂ ਨਲਾਇਕੀ। ਮੇਰਾ ਮਨ ਇੱਕ ਵਾਰ ਤਾਂ ਘਊਂ-ਮਊਂ ਕਰਨ ਲੱਗ ਪਿਆ।ਬੇਟੇ ਦੇ ਆਈਲੈਟਸ ਦੇ ਰਿਜ਼ਲਟ ਨੂੰ ਦੇਖ ਕੇ ਮੈਨੂੰ ਕਿੰਨੀ ਖੁਸ਼ੀ ਹੋਈ ਸੀ ਜਦੋਂ ਉਸ ਨੇ ਆ ਕੇ ਮੈਨੂੰ ਦੱਸਿਆ, "ਪਾਪਾ ਸਾਢੇ-ਛੇ ਬੈਂਡ ਈਚ ਨੇ, ਪਹਿਲੀ ਅਟੈਂਪਟ 'ਚ ਹੀ ਕਲੀਅਰ ਕਰ ਦਿੱਤਾ ਟੈਸਟ। ਕਈਆਂ ਦਾ ਕਲੀਅਰ ਹੀ ਨਾ ਹੋਇਆ ਅਤੇ ਕਈਆਂ ਦੇ ਬੈਂਡ ਉਸ ਤੋਂ ਘੱਟ ਆਏ। ਤੁਸੀਂ ਐਵੇਂ ਮੈਨੂੰ ਘੂਰੀ ਜਾਂਦੇ ਹੁੰਦੇ ਸੀ ਗੱਲ-ਗੱਲ 'ਤੇ। ਉਦੋਂ ਮੈਨੂੰ ਬਹੁਤ ਮਾਣ ਹੋਇਆ ਸੀ ਬੇਟੇ ਦੀ ਇਸ ਪ੍ਰਾਪਤੀ 'ਤੇ ਕਿਉਂਕਿ ਉਸਦੇ ਕਈ ਦੋਸਤਾਂ ਦਾ ਤਾਂ ਆਈਲੈਟਸ ਦਾ ਟੈਸਟ ਪਾਸ ਨਾ ਹੋਇਆ ਅਤੇ ਕਈਆਂ ਦੇ ਬੈਂਡ ਘੱਟ ਆਏ। ਸਾਰੇ ਪਰਿਵਾਰ ਨੂੰ ਪੂਰਾ ਚਾਅ ਜਿਹਾ ਚੜ੍ਹ ਗਿਆ ਸੀ। ਉਸਦੇ ਆਈਲੈਟਸ ਦਾ ਟੈਸਟ ਪਾਸ ਕਰਨ ਨਾਲ ਸਾਰੇ ਪਰਿਵਾਰ ਦੀਆਂ ਅੱਖਾਂ ਅੱਗੇ ਕੈਨੇਡਾ ਦੇ ਸਵਰਗ ਦਾ ਨਜ਼ਾਰਾ ਘੁੰਮ ਰਿਹਾ ਸੀ, ਡਾਲਰਾਂ ਦੀ ਚਮਕ ਵਿੱਚ ਔਲਾਦ ਦਾ ਮੋਹ ਫਿੱਕਾ ਪੈ ਰਿਹਾ ਸੀ। ਸ਼ਾਮ ਦੀ ਪਾਰਟੀ ਵਿੱਚ ਤਾਂ ਬੇਟੇ ਦੀਆਂ ਤਾਰੀਫਾਂ ਦੇ ਪੁੱਲ ਬੰਨ੍ਹ ਦਿੱਤੇ ਸੀ, ਉਸਦੇ "ਤਾਇਆਂ- ਚਾਚਿਆਂ" ਨੇ, 'ਅਖੇ ਯਾਰ ਤੇਰੀ ਤਾਂ ਕਿਸਮਤ ਹੀ ਕਿੰਨੀ ਚੰਗੀ ਹੈ ਦੋਨਾਂ ਜ਼ੀਆਂ ਦੀ ਸਰਕਾਰੀ ਨੌਕਰੀ ਐ, ਬੇਟੇ ਨੇ ਕੈਨੇਡਾ ਸੈੱਟ ਹੋ ਜਾਣਾ ਹੋਰ ਦੱਸ ਤੈਨੂੰ ਕੀ ਚਾਹੀਦਾ

ਧਨ ਦਾ ਵਾਧਾ ਸ਼ੁਹਰਤ ਕਿਥੋਂ ਆਵਣਗੇ,
ਜਿਸ ਘਰ ਅੰਦਰ ਆਪਸ ਵਿਚ ਇਤਫ਼ਾਕ ਨਹੀਂ। -ਮਹਿੰਦਰ ਸਿੰਘ ਪੰਜੂ

ਰੱਬ ਕੋਲੋਂ?'- 'ਲੋਕਾਂ ਦੇ ਜਵਾਕਾਂ ਤੋਂ ਤਾਂ ਪੰਜ-ਪੰਜ ਵਾਰ ਵਿੱਚ ਨੀ ਕਲੀਅਰ ਹੋਇਆ ਆਈਲੈਟਸ ਦਾ ਟੈਸਟ, ਤੈਨੂੰ ਢੇਰ ਸਾਰੀਆਂ ਵਧਾਈਆਂ ਨੇ ਪੁੱਤਰ ਦੀ ਸਫਲਤਾ ਦੀ ਪਹਿਲੀ ਪੌੜੀ ਤੇ ਚੜ੍ਹਨ ਦੀਆਂ।'- ਸਾਰਿਆਂ ਨੇ ਚੀਅਰਜ਼ ਕਰਨ ਤੋਂ ਪਹਿਲਾਂ ਮੈਨੂੰ ਖ਼ੁਸ਼ੀ ਨਾਲ ਆਖਿਆ। ਵਧਾਈਆਂ ਸ਼ਬਦ ਸੁਣ ਕੇ ਮੇਰੇ ਮਨ ਨੂੰ ਅੱਚਵੀ ਜਿਹੀ ਲੱਗ ਜਾਂਦੀ, ਭਾਵੇਂ ਮੈਨੂੰ ਫ਼ੋਨ ਕਰਨ ਵਾਲੀ ਕੁੜੀ ਨੇ ਵਧਾਈਆਂ ਦਿੱਤੀਆਂ ਜਾਂ ਕਿਸੇ ਹੋਰ ਨੇ, ਵਧਾਈਆਂ ਸ਼ਬਦ ਮੈਨੂੰ ਓਪਰਾ ਜਿਹਾ ਲੱਗਦਾ ਅਤੇ ਮੇਰੇ ਦਿਲ ਨੂੰ ਖੋਹ ਜਿਹੀ ਪੈਣ ਲੱਗਦੀ।

ਪਤਾ ਨਹੀਂ ਪਿੰਡ 'ਚ ਕਿਸ ਨੇ ਖ਼ਬਰ ਫੈਲਾਈ, ਮੇਰੇ ਘਰ ਤਾਂ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਹੀ ਲੱਗ ਪਿਆ। ਕੁਝ ਸ਼ਰੀਕਾਂ ਨੂੰ ਸੜੇਵਾਂ ਵੀ ਹੋਇਆ ਹੋਊ ਅੰਦਰੋਂਗਤੀ, ਪਰ ਉਪਰੋਂ-ਉਪਰੋਂ ਉਹ ਸਾਰੇ ਮੈਨੂੰ ਵਧਾਈਆਂ ਦੇ ਰਹੇ ਸਨ। ਮੇਰੇ ਜ਼ਿਹਨ ਤੋਂ ਇਹ ਗੱਲ ਬਿਲਕੁਲ ਬਾਹਰ ਹੋ ਗਈ ਕਿ ਮੈਂ ਉਨ੍ਹਾਂ ਦੀਆਂ ਵਧਾਈਆਂ ਮਨਜ਼ੂਰ ਕਰਾਂ ਜਾਂ ਉਨ੍ਹਾਂ ਨੂੰ ਕਹਿ ਦਿਆਂ ਜਾਓ ਨਿੱਕਲੋ ਮੇਰੇ ਘਰ ਤੋਂ ਬਾਹਰ, ਜਾਓ ਦਫ਼ਾ ਹੋ ਜਾਓ ਇਥੋਂ। ਪਤਾ ਨਹੀਂ ਕਿਉਂ ਵਧਾਈਆਂ ਸ਼ਬਦ ਸੁਣਨਾ ਮੇਰੇ ਲਈ ਮੁਸ਼ਕਲ ਹੋਈ ਜਾ ਰਿਹਾ ਸੀ।

ਇਨ੍ਹਾਂ ਸੋਚਾਂ ਵਿੱਚ ਡੁੱਬਿਆਂ ਹੀ ਮੈਨੂੰ ਨੀਂਦ ਆ ਗਈ, ਅਚਾਨਕ ਹੀ ਮੇਰੀ ਅੱਖ ਖੁੱਲੀ, ਮੇਰੇ ਦਿਲ ਨੂੰ ਖੋਅ ਜਿਹੀ ਪੈਣ ਲੱਗੀ। ਮੈਂ ਉੱਠ ਕੇ ਬੇਟੇ ਦੇ ਕਮਰੇ ਵਿੱਚ ਗਿਆ ਉਹ ਘੂਕ ਸੁੱਤਾ ਪਿਆ ਸੀ। ਪਤਾ ਨਹੀਂ ਕਿਉਂ ਉਹ ਮੈਨੂੰ ਬਹੁਤ ਮਾਸੂਮ ਜਿਹਾ ਲੱਗਿਆ। ਮੈਂ ਪੰਦਰਾਂ-ਵੀਹ ਮਿੰਟ ਉਸ ਨੂੰ ਸੁੱਤੇ ਪਏ ਨੂੰ ਨੀਝ ਲਾ ਕੇ ਵੇਖਦਾ ਰਿਹਾ, ਇੱਕ ਵਾਰ ਤਾਂ ਮੇਰਾ ਦਿਲ ਕੀਤਾ ਕਿ ਮੈਂ ਉਸ ਨੂੰ ਘੁੱਟ ਕੇ ਆਪਣੇ ਕਲਾਵੇ ਵਿੱਚ ਲੈ ਲਵਾਂ ਪਰ ਮੇਰਾ ਹੀਆਂ ਹੀ ਨਾ ਪਿਆ। ਵਿਚਾਰਾ ਥੱਕਿਆ ਹੋਇਆ ਹੋਊ ਸਾਰੀ ਦਿਹਾੜੀ ਦਾ। ਕਾਹਨੂੰ ਜੁਆਕ ਦੀ ਨੀਂਦ ਖਰਾਬ ਕਰਨੀ ਆ, ਇਹ ਸੋਚਕੇ ਹੀ ਮੇਰੀਆਂ ਅੱਖਾਂ ਵਿੱਚੋਂ ਪਾਣੀ ਸਿਮਣ ਲੱਗ ਪਿਆ। ਮੈਂ ਐਵੇਂ ਹੀ ਉਸ 'ਤੇ ਲਏ ਕੰਬਲ ਨੂੰ ਠੀਕ ਕਰਨ ਲੱਗ ਪਿਆ ਅਤੇ ਪੋਲੇ ਜਿਹੇ ਹੱਥਾਂ ਨਾਲ ਉਸ ਦੇ ਵਾਲਾਂ ਨੂੰ ਸੰਵਾਰਨ ਲੱਗ ਪਿਆ। ਇੰਨਾ ਪਿਆਰ ਪਹਿਲਾਂ ਤਾਂ ਉਸਨੂੰ ਕਦੇ ਨਹੀਂ ਕੀਤਾ ਹਰ ਵੇਲੇ ਵੱਢੂੰ-ਖਾਂਊਂ ਕਰਦਾ ਰਹਿੰਦਾ ਸੀ ਵਿਚਾਰੇ ਨੂੰ, ਮੈਂ ਆਪਣੇ ਮਨ ਵਿੱਚ ਹੀ ਕਿਹਾ। ਜੇਕਰ ਘਰੋਂ ਗਏ ਨੇ ਕਦੇ ਲੇਟ ਹੋ ਜਾਣਾ ਜਾਂ ਫ਼ੋਨ ਨਾ ਚੁੱਕਣਾ ਤਾਂ ਉਦੋਂ ਮੈਨੂੰ ਅੱਚਵੀ ਜਿਹੀ ਲੱਗ ਜਾਣੀ। ਉਸਦੇ ਆਉਂਦਿਆਂ ਹੀ ਘੂਰਨ ਲੱਗ ਪੈਣਾ ਉਸ ਨੇ ਵੀ ਕਦੇ ਮੇਰੇ ਮੂਹਰੇ ਬੋਲਣ ਦੀ ਜ਼ੁਅੱਰਤ ਨਹੀਂ ਸੀ ਕੀਤੀ, ਉਂਝ ਭਾਵੇਂ ਆਪਣੀ ਮਾਂ ਕੋਲ ਮੇਰੀਆਂ ਸ਼ਿਕਾਇਤਾਂ ਲਾਉਂਦਾ ਰਹਿੰਦਾ। ਜੇ ਕਦੇ ਉਸ ਨੇ ਆਪਣੇ ਦੋਸਤਾਂ ਨਾਲ ਰਾਤ ਨੂੰ ਫ਼ਿਲਮ ਦੇਖਣ ਜਾਂ ਕਿਸੇ ਦੋਸਤ ਦੇ ਘਰ ਰਹਿਣ ਦਾ ਪ੍ਰੋਗਰਾਮ ਬਣਾਉਣਾ ਤਾਂ ਉਸ ਵਕਤ ਵੀ ਮੈਂ ਆਨੇ-ਬਹਾਨੇ ਨਾਲ ਉਸ ਨੂੰ ਫ਼ੋਨ ਕਰਦੇ ਰਹਿਣਾ। ਔਲਾਦ ਦਾ ਮੋਹ ਵੀ ਅਜੀਬ ਜਿਹਾ ਹੁੰਦਾ ਹੈ। ਜਵਾਕਾਂ ਦੇ ਅੱਖਾਂ ਤੋਂ ਪਰ੍ਹੇ ਹੋਣ 'ਤੇ ਅੱਖਾਂ ਮੂਹਰੇ ਹਨੇਰਾ ਰਹਿਣ ਲੱਗ ਪੈਂਦੈ। ਜੁਆਕਾਂ ਨੂੰ ਕਿਹੜਾ ਘਰੇ ਰੱਖਿਆ ਜਾ ਸਕਦੈ, ਪੇਟ ਦੀ ਭੁੱਖ ਮਿਟਾਉਣ ਲਈ ਤਾਂ ਪੰਛੀ ਵੀ ਆਪਣੇ ਬੋਟਾਂ ਨੂੰ ਛੱਡ ਦੂਰ ਦੀ ਉਡਾਰੀ ਲਾਉਦੇ ਨੇ।

"ਤੁਸੀਂ ਤਾਂ ਜੀ ਐਵੇਂ ਹੀ ਪਿੱਛੇ ਪਏ ਰਹਿੰਦੇ ਹੋ ਜੁਆਕ ਦੇ, ਨਾਲੇ ਹੁਣ ਕਿਹੜਾ ਉਹ ਨਿਆਣੈ, ਸੁੱਖ ਨਾਲ ਦਾੜ੍ਹੀ ਉਹਦੇ ਮੂੰਹ 'ਤੇ ਆ ਗਈ ਉਹ ਆਪਾਂ ਤੋਂ ਪੁੱਛੇ ਬਗ਼ੈਰ ਪੈਰ ਨਹੀਂ ਪੁੱਟਦਾ, ਲੋਕਾਂ ਦੇ ਜਵਾਕਾਂ ਨੂੰ ਦੇਖ ਲਓ ਕਿੰਨੀ ਕੁ ਪ੍ਰਵਾਹ ਕਰਦੇ ਨੇ ਉਹ ਆਪਣੇ ਮਾਂ-ਪਿਓ ਦੀ।" ਜਦੋਂ ਕਦੇ ਵੀ ਮੈਂ ਉਹਦੀ ਗ਼ੈਰ-ਹਾਜ਼ਰੀ ਵਿੱਚ ਉਸ ਦੀ ਮਾਂ ਕੋਲੋਂ ਪੁੱਛਣਾ ਉਸਨੇ ਇਹੀ ਜਵਾਬ ਦੇਣਾ।

ਪਰ ਹੁਣ ਤਾਂ ਉਸ ਨੇ ਸੱਤ ਸਮੁੰਦਰੋਂ ਪਾਰ ਚਲੇ ਜਾਣਾ ਸੀ, ਕੁੱਝ ਕੁ ਦਿਨਾਂ ਤੱਕ। ਇਹ ਸੋਚਕੇ ਮੇਰੇ ਚਿੱਤ ਨੂੰ ਡੋਬੂ ਜਿਹੇ ਪੈਣ ਲੱਗ ਪਏ। ਉਸ ਦੇ ਜਾਣ ਵੇਲੇ ਲੈ ਕੇ, ਜਾਣ ਵਾਲੇ ਸਾਮਾਨ ਖਰੀਦਣ ਲਈ ਮੈਂ ਉਸ ਦੇ ਨਾਲ ਜਾਂਦਾ, ਜਿਹੜੀ ਚੀਜ਼ ਨੂੰ ਉਹ ਹੱਥ ਲਾਉਂਦਾ ਮੈਂ ਝੱਟ ਦੇਣੇ 'ਹਾਂ' ਕਰ ਦਿੰਦਾ। ਮੇਰੇ ਇਸ ਵਰਤਾਅ ਤੋਂ ਉਹ ਵੀ ਹੈਰਾਨ ਹੋਈ ਜਾ ਰਿਹਾ ਸੀ ਕਿ ਛੋਟੀ ਜਿਹੀ ਚੀਜ਼ ਖਰੀਦਣ ਵੇਲੇ ਅਨੇਕਾਂ ਸਵਾਲ ਖੜ੍ਹੇ ਕਰਨ ਵਾਲਾ ਪਾਪਾ ਹੁਣ ਪਤਾ ਨਹੀਂ ਕਿੰਨਾ ਕੁ ਅਮੀਰ ਹੋ ਗਿਆ ਜਿਹੜਾ ਕਿਸੇ ਗੱਲ ਨੂੰ ਨਾਂਹ ਹੀ ਨਹੀਂ ਕਰਦਾ। ਉਂਝ ਭਾਵੇਂ ਅਸੀਂ ਦੋਵੇਂ ਜਾਣੇ ਇਕੱਠਿਆਂ ਰਹਿੰਦੇ ਚੋਰ ਨਜ਼ਰਾਂ ਨਾਲ ਇੱਕ ਦੂਜੇ ਦੇ ਚਿਹਰੇ ਨੂੰ ਨਿਹਾਰਦੇ, ਪਰ ਦੋਵਾਂ ਵਿੱਚ ਗੱਲ ਕਰਨ ਦੀ ਹਿੰਮਤ ਨਾ ਜੁਟਦੀ। ਉਸ ਵੱਲ ਵੇਖ ਕੇ ਮੇਰਾ ਦਿਲ ਪਤਾ ਨਹੀਂ ਕਿਉਂ ਭਰ ਜਾਂਦਾ, ਫਿਰ ਮੈਂ ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਸੰਭਾਲਦਾ ਅਤੇ ਆਪਣਾ ਮੂੰਹ ਘੁੰਮਾ ਲੈਂਦਾ।

"ਚੱਲ ਵਈ ਪੁੱਤਰਾ ਅੱਜ ਖਾਣੇਆਂ ਕੁੱਝ ਤੇਰਾ ਤੇਰੀ ਪਸੰਦ ਦਾ, ਜਾਹ ਆਰਡਰ ਦੇਕੇ ਆ," ਮੈਂ ਇੱਕ ਵੱਡੇ ਸਾਰੇ ਰੈਸਟੋਰੈਂਟ ਵਿੱਚ ਦਾਖ਼ਲ ਹੁੰਦਿਆਂ ਕਿਹਾ।

"ਤੁਸੀਂ ਆਪਣੀ ਪਸੰਦ ਦਾ ਮਗਾ ਲਵੋ।" ਉਸਨੇ ਮੈਨੂੰ ਕਿਹਾ।

"ਨਹੀਂ ਯਾਰ ਅੱਜ ਤਾਂ ਤੇਰੀ ਪਸੰਦ ਦਾ ਹੀ ਖਾਣੈ।" ਮੈਂ ਉਸ ਨੂੰ ਪਿਆਰ ਨਾਲ ਕਿਹਾ। ਮੇਰੇ ਵਾਰ-ਵਾਰ ਕਹਿਣ 'ਤੇ ਉਹ ਬੁਝੇ ਜਿਹੇ ਮਨ ਨਾਲ ਉੱਠਿਆ ਅਤੇ ਦੋ ਪਲੇਟਾਂ ਚਾਟ-ਪਾਪੜੀ ਦਾ ਆਰਡਰ ਦੇ ਆਇਆ। ਮੇਜ਼ ਤੇ ਪਈ ਚਾਟ-ਪਾਪੜੀ ਦੀਆਂ ਪਲੇਟਾਂ ਨੂੰ ਦੇਖ ਕੇ ਮੈਂ ਹੈਰਾਨ ਰਹਿ ਗਿਆ, ਕਿਉਂਕਿ ਜਦੋਂ ਪਹਿਲਾਂ ਮੈਂ ਕਦੇ ਉਸ ਨੂੰ ਚਾਟ-ਪਾਪੜੀ ਖਾਣ ਲਈ ਕਹਿੰਦਾ ਤਾਂ ਉਹ ਮੈਨੂੰ ਮਖੌਲ ਕਰਦਿਆਂ ਕਹਿੰਦਾ, "ਪਾਪਾ ਯਾਰ! ਇਹ ਕਿਹੜੀ ਜ਼ਨਾਨੀਆਂ ਵਾਲੀ ਚੀਜ਼ ਪਸੰਦ ਕਰਨ ਲੱਗ ਪਏ, ਆਹ ਵੀ ਚੀਜ਼ ਹੈ ਕੋਈ ਖਾਣ ਵਾਲੀ।"

ਪਰ ਅੱਜ ਉਹ ਆਪ ਦੋ ਪਲੇਟਾਂ ਚਾਟ-ਪਾਪੜੀ ਦਾ ਆਰਡਰ ਦੇ ਕੇ ਆਇਆ ਸੀ। ਮੇਜ਼ ਤੇ ਪਈਆਂ ਚਾਟ-ਪਾਪੜੀ ਦੀਆਂ ਪਲੇਟਾਂ ਦੇਖਕੇ ਮੇਰੀਆਂ ਅੱਖਾਂ ਭਰ ਆਈਆਂ, ਉਸਨੇ ਵੀ ਮੂੰਹ ਘੁਮਾ ਕੇ ਆਪਣੀਆਂ ਅੱਖਾਂ ਸਾਫ਼ ਕੀਤੀਆਂ ਅਤੇ ਮੋਬਾਈਲ ਦੇਖਣ ਦਾ ਨਾਟਕ ਕਰਨ ਲੱਗ ਪਿਆ। "ਪਾਪਾ ਖਾਓ ਨਾ ਉਹ ਬੱਸ ਮੈਨੂੰ ਏਨਾ ਹੀ ਕਹਿ ਸਕਿਆ। ਮੈਂ ਦੋ ਕੁ ਮਿੰਟ ਡੌਰ-ਭੌਰ ਜਿਹਾ ਹੋਕੇ ਬੈਠਾ ਰਿਹਾ। ਬੇਟਾ ਤੂੰ ਸ਼ੁਰੂ ਕਰ, ਮੈਂ ਉਸ ਨੂੰ ਕਿਹਾ। ਉਸਨੇ ਅਣਮੰਨੇ ਮਨ ਨਾਲ ਦੋ ਚਮਚੇ ਲਾਏ ਫੇਰ ਮੇਰਾ ਹੱਥ ਬਦੋ-ਬਦੀ ਉਸਦੀ ਪਲੇਟ ਵੱਲ ਖਿਸਕ ਗਿਆ। ਮੈਂ ਚਮਚਾ ਮੂੰਹ ਵਿੱਚ ਪਾਇਆ, ਪਰ ਗ੍ਰਾਹੀ ਮੇਰੇ ਮੂੰਹ ਵੱਲ ਨਾ ਜਾਵੇ ਮੈਂ ਬੜੀ ਮੁਸ਼ਕਲ ਨਾਲ ਉਸਨੂੰ ਆਪਣੇ ਸੰਘ ਵਿੱਚੋਂ ਲੰਘਾਇਆ। ਫੇਰ ਅਸੀਂ ਆਲੇ-ਦੁਵਾਲੇ ਵੱਲ ਦੇਖਕੇ ਦੋਵੇਂ ਖੁਸ਼ ਹੋਣ ਦਾ ਨਾਟਕ ਕਰਨ ਲੱਗੇ ਅਤੇ ਅੱਧੀਆਂ ਭਰੀਆਂ ਪਲੇਟਾਂ ਨੂੰ ਓਵੇਂ ਹੀ ਛੱਡ ਕੇ ਤੁਰ ਆਏ।

ਬੇਟੇ ਦੇ ਕੈਨੇਡਾ ਜਾਣ ਦੇ ਦਿਨ ਜਿਉਂ-ਜਿਉਂ ਨੇੜੇ ਆਉਣ

ਜੋ ਬੀਤਿਆ ਸੋ ਬੀਤਿਆ ਵਾਪਿਸ ਤਾਂ ਆ ਸਕਦਾ ਨਹੀਂ,
ਤੂੰ ਹੁਣ ਸਮੇਂ ਦੀ ਝੋਲ ਵਿਚ ਕੁਝ ਪਾਣ ਦੀ ਕੋਸ਼ਿਸ਼ ਕਰੀਂ। -(ਅਗਲੇ ਸਫ਼ੇ 'ਤੇ)

ਤਾਂ ਮਿਲਣ-ਗਿਲਣ ਵਾਲਿਆਂ ਦਾ ਤਾਂਤਾ ਵਧਦਾ ਗਿਆ। ਹਰ ਆਉਣ ਵਾਲਾ ਸਭ ਤੋਂ ਪਹਿਲਾਂ ਵਧਾਈਆਂ ਦੇਵੇ ਨਾਲੇ ਕਹੇ "ਚਲੋਂ ਰੱਬ ਨੇ ਸੁਣ ਲਈ ਭਾਈ! ਨਹੀਂ ਤਾਂ ਲੋਕਾਂ ਦੇ ਜਵਾਕਾਂ ਨੂੰ ਗੇੜੇ ਲਾਉਂਦਿਆਂ ਬਥੇਰਾ ਚਿਰ ਹੋ ਗਿਆ ਕਿਸੇ ਦਾ ਵੀਜ਼ਾ ਨਹੀਂ ਲੱਗਿਆ, ਸਾਰੀਆਂ ਕਿਸਮਤ ਦੀਆਂ ਗੱਲਾਂ ਨੇ ਤੈਨੂੰ ਵਧਾਈਆਂ ਹੋਣ, ਵਾਹਿਗੁਰੂ ਭਲੀ ਕਰੇ।" ਜਿਹੜਾ ਵੀ ਮੈਨੂੰ ਵਧਾਈਆਂ ਦਵੇ ਉਹ ਮੈਨੂੰ ਵਿਓ ਵਰਗਾ ਲੱਗੇ ਪਤਾ ਨਹੀਂ ਕਿਉਂ? 'ਜੇ ਤੈਨੂੰ ਇਹਦੇ ਨਾਲ ਇੰਨਾ ਹੀ ਪਿਆਰ ਹੈ ਤਾਂ ਫਿਰ ਭੇਜਦਾ ਕਾਹਤੋਂ ਐਂ? ਨਾਲ ਹੀ ਮੇਰੇ ਮਨ ਵਿੱਚ ਇਹ ਵੀ ਖਿਆਲ ਆਇਆ ਹੈ ਕਿ ਇਥੇ ਕਿਹੜਾ ਜਵਾਕਾਂ ਦਾ ਭਵਿੱਖ ਸੁਰੱਖਿਅਤ ਹੈ, ਕਿੰਨੀ ਜਨਤਾ ਬੇਰੁਜ਼ਗਾਰ ਤੁਰੀ ਫਿਰਦੀ ਹੈ ਨਾਲੇ ਇੱਥੇ ਕਰਾਈਮ ਵਧਣ ਦਾ ਕਾਰਨ ਵੀ ਬੇਰੁਜ਼ਗਾਰੀ ਹੀ ਹੈ। ਇਹ ਕੱਲਾ-ਕਹਿਰਾ ਹੈ ਜੇਕਰ ਕਿਸੇ ਮਾੜੀ ਸੰਗਤ ਵਿੱਚ ਪੈ ਗਿਆ ਫਿਰ ਕਿਸਦੀ ਮਾਂ ਨੂੰ ਮਾਸੀ ਆਖਾਂਗੇ। ਆਪਣੇ ਆਲੇ-ਦੁਆਲੇ ਦੇਖੋ ਕਿੰਨੀ ਜਵਾਨੀ ਨਸ਼ਿਆਂ ਨੇ ਖਾ ਲਈ ਐ, ਸੋਹਣੇ-ਸੁਨੱਖੇ ਗੱਭਰੂ ਗਾਲ਼ ਤੇ ਨਸ਼ਿਆਂ ਨੇ, ਘਰਾਂ ਦੇ ਘਰ ਤਬਾਹ ਹੋ ਗਏ, ਉੱਥੇ ਜਾ ਕੇ ਘੱਟੋ-ਘੱਟ ਆਪਣਾ ਆਪ ਤਾਂ ਬਚਾ ਕੇ ਰੱਖੂ, ਦੁਨੀਆਦਾਰੀ ਦਾ ਪਤਾ ਲੱਗੂ, ਮਾੜੀ ਸੰਗਤ ਤੋਂ ਬਚਿਆ ਰਹੂ, ਨਾਲੇ ਲੋਕਾਚਾਰੀ 'ਚ ਟੌਹਰ ਵੀ ਬਣ ਜੂ। ਅੱਜ-ਕੱਲ੍ਹ ਤਾਂ ਵੱਡੇ-ਵੱਡੇ ਅਫ਼ਸਰਾਂ ਅਤੇ ਲੀਡਰਾਂ ਦੇ ਜਵਾਕ ਵੀ ਬਾਹਰ ਨੂੰ ਭੱਜੇ ਜਾ ਰਹੇ ਨੇ ਫਿਰ ਆਪਾਂ ਤਾਂ ਰੋਟੀ-ਪਾਣੀ ਜੋਗੇ ਹੀ ਮਸਾਂ ਹਾਂ। ਲੋਕ ਸਰਕਾਰੀ ਨੌਕਰੀ ਦੀ ਰਟ ਲਾਈ ਰੱਖਦੇ ਨੇ ਦੱਸ ਕੀ ਬਣਦੈ ਦਸ ਹਜ਼ਾਰ ਨਾਲ, ਇਸ ਨਾਲ ਤਾਂ ਬੱਸਾਂ ਦਾ ਕਿਰਾਇਆ ਤੇ ਮੋਟਰਸਾਈਕਲ ਦਾ ਪੈਟਰੋਲ ਵੀ ਪੂਰਾ ਨਹੀਂ ਹੁੰਦਾ ਉੱਤੋਂ ਖਰਚੇ ਵੱਖਰੇ, ਸਰਕਾਰ ਨੇ ਅਹਿਸਾਨ ਕੀਤਾ ਦਸ ਹਜ਼ਾਰ ਤੇ ਰੱਖਕੇ ਮਾਸਟਰਾਂ ਨੂੰ। ਏਨੇ ਪੜ੍ਹ-ਲਿਖ ਕੇ ਜੇ ਦਸ ਹਜ਼ਾਰ ਦੀ ਨੌਕਰੀ ਕਰਨੀ ਸੀ ਫੇਰ ਇਸ ਨਾਲੋਂ ਤਾਂ ਚੰਗਾ ਸੀ ਪੜ੍ਹਦੇ ਹੀ ਨਾ, ਆਪ ਖੇਤੀ ਕਰ ਲੈਂਦੇ ਘੱਟੋ-ਘੱਟ ਦਾਣੇ ਤਾਂ ਖਾਣ ਜੋਗੇ ਪੈਦਾ ਕਰਦੇ। ਕੋਈ ਹੋਰ ਛੋਟਾ ਮੋਟਾ ਬਿਜਨਸ ਨਾਲ ਸ਼ੁਰੂ ਕਰ ਲੈਂਦੇ, ਨਾ ਇਹਨੂੰ ਬਾਹਰ ਭੇਜਣ ਦੀ ਜ਼ਰੂਰਤ ਪੈਂਦੀ। ਵੱਡੇ-ਵੱਡੇ ਅਫ਼ਸਰਾਂ ਅਤੇ ਲੀਡਰਾਂ ਦੇ ਜਵਾਕਾਂ ਨੂੰ ਬਾਹਰ ਜਾਕੇ ਸੈੱਟ ਹੋਣ ਬਾਰੇ ਸੋਚਕੇ ਮੇਰੇ ਮਨ ਨੂੰ ਥੋੜ੍ਹੀ ਜਿਹੀ ਢਾਰਸ ਮਹਿਸੂਸ ਹੋਈ। ਮੈਂ ਸੋਚਿਆ 'ਬਾਹਰ ਦੇ ਦੇਸ਼ ਵਿੱਚ ਬੱਚਿਆਂ ਦਾ ਭਵਿੱਖ ਵਾਕਿਆ ਹੀ ਸੁਰੱਖਿਅਤ ਹੋਵੇਗਾ ਤਾਂ ਹੀ ਮਾਂ-ਪਿਓ ਆਪਣੇ ਬੱਚਿਆਂ ਨੂੰ ਬਾਹਰ ਨੂੰ ਧੜਾਧੜ ਭੇਜੀ ਜਾ ਰਹੇ ਨੇ। ਪਰ ਜਦੋਂ ਮੇਰੇ ਮਨ ਵਿੱਚ ਇਹ ਖ਼ਿਆਲ ਆਇਆ ਕਿ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਤਾਂ ਜੁਆਕਾਂ ਨੂੰ ਲੇਬਰ ਹੀ ਕਰਨੀ ਪੈਂਦੀ ਹੈ ਤਾਂ ਮੇਰਾ ਮਨ ਬੜਾ ਉਦਾਸ ਹੋ ਗਿਆ, ਕਿੱਡਾ ਵੱਡਾ ਨਾਮ ਹੈ ਉਸ ਦੇ ਦਾਦੇ ਦਾ ਇਲਾਕੇ 'ਚ, ਐਮ.ਐਲ.ਏ. ਜਿੰਨੀ ਚਲਦੀ ਐ, ਵੱਡੇ-ਵੱਡੇ ਅਫ਼ਸਰਾਂ ਨਾਲ ਉਸ ਦੀ ਸਾਂਝ ਐ, ਉਸ ਦਾ ਪੋਤਾ ਲੇਬਰ ਕਰੂ, ਲੋਕ ਕੀ ਕਹਿਣਗੇ?' ਮੈਨੂੰ ਇਨ੍ਹਾਂ ਭੈੜਾ-ਘੜਤਾਂ ਨੇ ਬੁਰੀ ਤਰ੍ਹਾਂ ਝੰਜੋੜ ਦਿੱਤਾ ਸੀ।

ਉਸ ਦੇ ਜਾਣ ਦੀ ਤਰੀਕ ਆ ਗਈ। ਉਹ ਸਵੇਰੇ ਸੱਤ ਵਜੇ ਵੀ ਘੂਕ ਸੁੱਤਾ ਪਿਆ ਸੀ। ਮੈਂ ਉਸ ਦੇ ਬੈੱਡਰੂਮ ਵਿਚ ਜਾ ਕੇ ਵੇਖਿਆ ਇਕ ਵਾਰ ਤਾਂ ਉਸਨੂੰ ਜਗਾਉਣ ਦੀ ਕੋਸ਼ਿਸ਼ ਵੀ ਕੀਤੀ ਇਹ ਸੋਚਕੇ ਜੇਕਰ ਲੇਟ ਹੋ ਗਏ ਤਾਂ ਸਾਰਾ ਕੰਮ ਲਈ ਖ਼ਰਾਬ ਹੋ ਜਾਊ, ਪਰ... ਪਰ ਫੇਰ ਪਤਾ ਨਹੀਂ ਕਿਉਂ ਮੈਂ ਉਸ ਨੂੰ ਜਗਾ ਨਾ ਸਕਿਆ। ਇਸ ਖ਼ਿਆਲ ਨੇ ਕਿ ਉੱਥੇ ਜਾ ਕੇ ਕਿਹੜਾ ਵਿਚਾਰੇ ਦੀ ਨੀਂਦ ਪੂਰੀ ਹੋਣੀ ਹੈ, ਕੋਹਲੂ ਦੇ ਬੈਲ ਵਾਲੀ ਜ਼ਿੰਦਗੀ ਬਣ ਜਾਊ, ਆਪਣੀ ਖੋਰੀ ਆਪ ਹੀ ਖੋਤਣੀ ਪੈਣੀ ਏ ਬਲੂਰ ਨੂੰ। ਆਪੇ ਖਾਣਾ ਬਣਾਉਣਾ ਪੈਣਾ, ਆਪਣੇ ਆਪ ਹੀ ਕੱਪੜੇ ਧੋਣੇ ਪੈਣੇ ਆਂ, ਕਾਲਜ ਜਾਊ ਨਾਲੇ ਸ਼ਿਫ਼ਟ 'ਤੇ ਜਾਊ, ਫੇਰ ਕਿਹੜਾ ਨੀਂਦ ਪੂਰੀ ਹੋਣੀ ਐ ਵਿਚਾਰੇ ਦੀ, ਸੌਂ ਲੈਣ ਦੇ ਘੰਟਾ ਹੋਰ ਵਿਚਾਰੇ ਨੂੰ। ਇਸ ਸੋਚ ਨੇ ਮੇਰੀਆਂ ਅੱਖਾਂ ਨੂੰ ਫੇਰ ਸਲਾਭੀਆਂ ਕਰ ਦਿੱਤਾ। ਮੈਂ ਉਸ ਦੇ ਬੈੱਡ ਕੋਲ ਕਿੰਨਾ ਹੀ ਚਿਰ ਖੜ੍ਹਾ ਰਿਹਾ, ਫੇਰ ਮੇਰੇ ਮੂੰਹੋਂ ਆਪ-ਮੁਹਾਰੇ ਹੀ ਇਹ ਸ਼ਬਦ ਨਿਕਲ ਗਏ "ਵਾਹਿਗੁਰੂ ਸੱਚੇ-ਪਾਤਸ਼ਾਹ ਭਲੀ ਕਰੀ।"

ਉਸ ਦੇ ਦੋਸਤ ਤਿਆਰ ਹੋ ਕੇ ਘਰ ਪਹੁੰਚ ਚੁੱਕੇ ਸਨ। ਉਹਨਾਂ ਹੀ ਉਸ ਨੂੰ ਜਗਾਇਆ। ਕਾਹਲੀ-ਕਾਹਲੀ ਵਿੱਚ ਤਿਆਰ ਹੋ ਕੇ ਉਸਨੇ ਮੈਨੂੰ ਚੋਰ ਨਜ਼ਰਾਂ ਨਾਲ ਦੇਖ ਕੇ ਸਿਰ ਘੁੰਮਾ ਲਿਆ ਜਿਵੇਂ ਉਸ ਕੋਲ ਮੇਰੇ ਨਾਲ ਨਜ਼ਰਾਂ ਮਿਲਾਉਣ ਦਾ ਹੌਸਲਾ ਹੀ ਨਾ ਹੋਵੇ। ਚਲੋ ਵੀ ਚੱਲੋ ਮੈਂ ਪੂਰੇ ਹੌਂਸਲੇ ਨਾਲ ਸਾਰਿਆਂ ਨੂੰ ਚੱਲਣ ਲਈ ਕਿਹਾ ਸਾਰੇ ਸ਼ਗਨ ਕਰਕੇ ਗੱਡੀਆਂ ਨੇ ਦਿੱਲੀ ਏਅਰਪੋਰਟ ਵੱਲ ਚਾਲੇ ਪਾ ਦਿੱਤੇ।

ਗੱਡੀਆਂ ਏਅਰ ਪੋਰਟ 'ਤੇ ਪਹੁੰਚ ਚੁੱਕੀਆਂ ਸਨ। ਸਾਰਾ ਸਾਮਾਨ ਲਾਹ ਕੇ ਤਿੰਨ ਨੰਬਰ ਟਰਮੀਨਲ ਨੂੰ ਚੱਲ ਪਏ। ਉਹ ਆਪਣਾ ਅਟੈਚੀ ਚੁੱਕੀ ਚਾਅ ਨਾਲ ਆ ਰਿਹਾ ਸੀ, ਮੈਂ ਆਪ-ਮੁਹਾਰੇ ਹੀ ਉਸ ਦੇ ਹੱਥ ਵਿੱਚੋਂ ਅਟੈਚੀ ਫੜਕੇ ਰੋੜ੍ਹਨ ਲੱਗ ਪਿਆ।

ਉਸਨੇ ਮੇਰੇ ਹੱਥ ਵਿੱਚੋਂ ਅਟੈਚੀ ਫੜਨ ਦੀ ਕੋਸ਼ਿਸ਼ ਕੀਤੀ ਪਰ ਬੋਲ ਨਾ ਸਕਿਆ, ਮੈਂ ਛੇਤੀ ਦੇਣੇ ਅਟੈਚੀ ਫੜ੍ਹ ਕੇ ਅੱਗੇ-ਅੱਗੇ ਨੂੰ ਚੱਲ ਪਿਆ। ਏਅਰਪੋਰਟ 'ਤੇ ਉਹਦੇ ਵਰਗੇ ਮੁੰਡੇ ਕੁੜੀਆਂ ਨੂੰ ਦੇਖ ਕੇ ਮਨ ਨੂੰ ਕੁਝ ਧਰਵਾਸ ਜਿਹਾ ਹੋਇਆ। ਹਰ ਜਵਾਕ ਦੇ ਬਾਪ ਦੇ ਉਦਾਸ ਚਿਹਰੇ 'ਤੇ ਝੂਠੀ ਜਿਹੀ ਮੁਸਕਰਾਹਟ ਨੇ ਦਿਲ ਨੂੰ ਫਿਰ ਝੰਜੋੜ ਕੇ ਰੱਖ ਦਿੱਤਾ। ਏਅਰਪੋਰਟ ਵਿੱਚ ਦਾਖਲ ਹੋਣ ਦਾ ਸਮਾਂ ਆ ਗਿਆ। ਸਾਰੇ ਦੋਸਤ, ਰਿਸ਼ਤੇਦਾਰ ਉਸ ਨਾਲ ਸੈਲਫ਼ੀਆਂ ਖਿਚਾ ਕੇ ਖ਼ੁਸ਼ ਹੋ ਰਹੇ ਸਨ, ਉਹ ਮੇਰੇ ਨਾਲ ਨਜ਼ਰਾਂ ਮਿਲਾਉਣ ਤੋਂ ਝਿਜਕ ਰਿਹਾ ਸੀ। ਅਖ਼ੀਰ ਨੂੰ ਜਾਣ ਵੇਲੇ ਉਸ ਨੇ ਮੈਨੂੰ ਏਨੀ ਘੁੱਟ ਕੇ ਜੱਫੀ ਪਾਈ ਜਿਵੇਂ ਉਸ ਦਾ ਦਿਲ ਕਹਿੰਦਾ ਹੋਏ ਪਾਪਾ ਆਪਾਂ ਘਰ ਨੂੰ ਵਾਪਸ ਚੱਲਦੇ ਹਾਂ, ਜਿੰਨੇ ਪੈਸੇ ਖ਼ਰਚ ਹੋ ਗਏ ਮੈਂ ਇੱਥੇ ਕੰਮ ਕਰਕੇ ਤੁਹਾਨੂੰ ਵਾਪਸ ਕਰ ਦੇਵਾਂਗਾ। ਦੋ ਕੁ ਮਿੰਟ ਪਿੱਛੋਂ ਉਹ ਮੈਨੂੰ ਛੱਡਕੇ ਕਾਹਲੀ ਨਾਲ ਏਅਰਪੋਰਟ ਦੇ ਅੰਦਰ ਦਾਖ਼ਲ ਹੋ ਗਿਆ। ਮੈਂ ਉਸ ਨੂੰ ਉਨਾ ਚਿਰ ਦੇਖਦਾ ਰਿਹਾ ਜਿੰਨਾ ਚਿਰ ਉਸਦੀ ਪੱਗ ਮੈਨੂੰ ਦਿਸਦੀ ਰਹੀ। ਉਸਦੇ ਅੰਦਰ ਦਾਖ਼ਲ ਹੋਣ ਤੋਂ ਬਾਅਦ ਮੇਰੀਆਂ ਅੱਖਾਂ ਸਾਹਮਣੇ ਹਨੇਰਾ ਛਾ ਗਿਆ, ਮੈਂ ਕਾਫ਼ੀ ਦੇਰ ਡੌਰ-ਭੌਰ ਜਿਹਾ ਆਲੇ-ਦੁਆਲੇ ਵੱਲ ਦੇਖਦਾ ਰਿਹਾ, ਸਾਰੇ ਜੁਆਕ ਵੀ ਮੈਨੂੰ ਨੀਝ ਲਾਕੇ ਦੇਖਦੇ ਰਹੇ। ਇਸ ਦੌਰਾਨ ਇੱਕ ਭਿਖਾਰੀ-ਨੁਮਾ ਬੰਦੇ ਨੇ ਮੈਨੂੰ ਵੇਖਕੇ ਮੇਰੇ ਕੋਲੋਂ ਕੁੱਝ ਲੈਣ ਦੀ ਨੀਅਤ ਨਾਲ ਕਿਹਾ, "ਸਰਦਾਰ ਜੀ ਵਧਈਆਂ ਹੋਣ, ਪੁੱਤ ਕੈਨੇਡਾ ਨੂੰ ਚੱਲਿਆ ਭੋਰਾ ਦਾਨ ਕਰਦੇ, ਦਾਤਾ ਭਲੀ ਕਰੂਗਾ।" ਆਹ ਕੀ ਛੋਟਾ ਦਾਨ ਐ ਇਕੱਲੇ ਪੁੱਤ ਨੂੰ ਪਾਲ-ਪੋਸਕੇ ਕੈਨੇਡਾ ਨੂੰ ਭੇਜਤਾ ਮਜ਼ਦੂਰੀ ਕਰਨ! ਇਸ ਤੋਂ ਵੱਡਾ ਹੋਰ ਕਿਹੜਾ ਦਾਨ ਹੋਊ?" ਮੈਂ ਉਸਨੂੰ ਹਰਖ਼ ਕੇ ਕਿਹਾ।

ਕਿਸਮਤ 'ਚ ਲਿਖਿਆ ਸੋਚ ਕੇ ਇਹ ਬੈਠ ਨਾ ਜਾਵੀਂ ਕਦੇ,
ਮਿਹਨਤ ਕਰੀਂ, ਤਕਦੀਰ ਨੂੰ ਪਲਟਾਣ ਦੀ ਕੋਸ਼ਿਸ਼ ਕਰੀਂ। - ਗੁਰਚਰਨ ਕੌਰ ਕੋਚਰ

"ਸਰਦਾਰ ਜੀ ਕਾਹਨੂੰ ਟਿੱਚਰਾਂ ਕਰਦੈਂ ਗਰੀਬਾਂ ਨੂੰ।" – "ਇਹ ਕਾਹਦੀ ਟਿੱਚਰ ਐ?" ਮੈਂ ਗੁੱਸੇ ਨਾਲ ਕਿਹਾ, "ਤੂੰ ਮੈਨੂੰ ਇਸ ਗੱਲ ਦੀ ਵਧਾਈ ਦਿਨੈ ਕਿ ਇਥੋਂ ਦੀ ਨਿੰਕਮੀ ਸਰਕਾਰ ਕੋਲ ਪੜ੍ਹੇ-ਲਿਖੇ ਜੁਆਕਾਂ ਨੂੰ ਦੇਣ ਲਈ ਰੁਜ਼ਗਾਰ ਨਹੀਂ, ਤੂੰ ਮੈਨੂੰ ਇਸ ਗੱਲ ਦੀ ਵਧਾਈ ਦਿੰਨਾ ਕਿ ਮੇਰਾ ਇੱਕਲਾ ਪੁੱਤ ਉਥੇ ਜਾਕੇ ਰਿਫ਼ਿਊਜ਼ੀਆਂ ਵਾਲੀ ਜਿੰਦਗੀ ਜਿਊਵੇ ਅਤੇ ਮਜ਼ਦੂਰੀ ਕਰੇ, ਤੂੰ ਮੈਨੂੰ ਇਸ ਗੱਲ ਦੀ ਵਧਾਈ ਦਿੰਨੈ ਕਿ ਉਹ ਆਪਣੀ ਬੋਲੀ, ਭਾਸ਼ਾ ਤੇ ਸਭਿਆਚਾਰ ਤੋਂ ਦੂਰ ਹੋ ਜਾਵੇ ਅਤੇ ਅਪਣੇ ਮਾਪਿਆਂ ਦੀ ਬਣਾਈ ਜਾਇਦਾਦ ਦੀ ਸੰਭਾਲ ਨਾ ਕਰੇ, ਜਾਹ ਦੂਰ ਹੋਜਾ ਮੇਰੀਆਂ ਅੱਖਾਂ ਤੋਂ ਮੈਨੂੰ ਤੇਰੀਆਂ ਵਧਾਈਆਂ ਮਨਜੂਰ ਨਹੀਂ।" ਉਹ ਮੰਗਤਾ ਵੀ ਬੁੜ-ਬੁੜ ਕਰਦਾ ਤੁਰ ਗਿਆ ਅਤੇ ਮੈਨੂੰ ਵੀ ਜੁਆਕਾਂ ਨੇ ਫੜਕੇ ਕਾਰ ਵਿੱਚ ਬਿਠਾ ਦਿੱਤਾ।

ਕਹਾਣੀ

# ਕਾਲੀ ਕੋਇਲ

## ਕਮਲ ਸੇਖੋਂ



ਕਮਲ ਸੇਖੋਂ

ਕਮਲ ਸੇਖੋਂ: ਸਮਕਾਲ ਦੀ ਉਭਰਦੀ ਕਹਾਣੀਕਾਰਾ ਹੈ ਉਸ ਦੀਆਂ ਕਹਾਣੀਆਂ ਔਰਤ-ਮਰਦ ਸਬੰਧਾਂ ਦੇ ਤਲਖ਼ ਰਿਸ਼ਤਿਆਂ ਵਿੱਚੋਂ ਜਨਮ ਲੈਂਦੀਆਂ ਨੇ। ਜਾਂ ਇੰਝ ਕਹਿ ਲਈਏ ਕਿ ਮਰਦ ਹੈਂਕੜ ਅਤੇ ਔਰਤ ਦੀ ਨਿੱਜੀ ਆਜ਼ਾਦੀ ਅਤੇ ਸਮਾਨਤਾ ਦੇ ਨਾਲ ਨਾਲ ਉਸਦੀ ਅੰਦਰੂਨੀ ਅਤੇ ਬਾਹਰਲੀ ਜਦੋ-ਜਹਿਦ ਉਸਦੀਆਂ ਕਹਾਣੀਆਂ ਦੇ ਵਿਸ਼ੇ ਬਣਦੇ ਨੇ। ਉਸਦੀ ਖ਼ੂਬਸੂਰਤ ਬੋਲੀ ਸ਼ੈਲੀ ਪਾਠਕ ਨੂੰ ਟੁੰਬਦੀ ਹੈ ਇਸੇ ਕਰਕੇ ਸੰਗ੍ਰਹਿ ਵਿੱਚ ਇਕੱਠੀਆਂ ਛਪਣ ਤੋਂ ਪਹਿਲਾਂ ਹੀ ਵੱਖ ਵੱਖ ਮੈਗਜ਼ੀਨਾਂ ਵਿੱਚ ਛਪਕੇ ਉਸਦੀਆਂ ਕਹਾਣੀਆਂ ਚਰਚਾ ਵਿੱਚ ਆਈਆਂ ਹੁੰਦੀਆਂ ਹਨ। ਕਹਾਣੀ 'ਕਾਲੀ ਕੋਇਲ' ਇਸ ਤਰਜ਼ ਦਾ ਹੀ ਇਕ ਨਮੂਨਾ ਹੈ। –ਦਰਸ਼ਨ ਜੋਗਾ

ਘਰੇ ਕੁੱਤਾ ਵੀ ਪਾਲ ਲਈਏ ਤਾਂ ਉਹਦੇ ਨਾਲ ਵੀ ਮੋਹ ਹੋ ਜਾਂਦਾ ਖੌਰੇ ਹਰਦੀਪ ਕਿਸ ਮਿੱਟੀ ਦਾ ਬਣਿਆ ਸੀ। ਉਹਨੂੰ ਮੇਰੇ 'ਤੇ ਰਤਾ ਮੋਹ ਨਾ ਆਇਆ। ਅੱਜ ਵਾਲੀ ਹਰਕਤ ਕਰ ਕੇ ਤਾਂ ਮੈਂ ਵੀ ਉਹ ਦੇ ਨਾਲ ਨਹੀਂ ਰਹਿਣਾ ਚਾਹੁੰਦੀ। ਉਸ ਜ਼ਾਲਮ ਦਾ ਬਥੇਰਾ ਜ਼ੁਲਮ ਸਹਿ ਲਿਆ, ਹੁਣ ਮੇਰੀ ਸਹਿਣ ਸ਼ਕਤੀ ਖਤਮ ਹੋ ਗਈ। ਪੇਕਿਆਂ ਵਾਲੀ ਬਸ ਵਿਚ ਬਹਿ ਕੇ ਕੁਝ ਸਕੂਨ ਮਹਿਸੂਸ ਹੋਇਆ। ਪਰ ਉਹ ਬਸ ਵਿੱਚ ਵੀ ਮੇਰੇ ਨਾਲ ਨਾਲ ਹੀ ਰਿਹਾ, ਮੇਰੀਆਂ ਸੋਚਾਂ ਵੀ ਉਹ ਤੋਂ ਪਿੱਛਾ ਨਾ ਛੁਡਾ ਸਕੀਆਂ। ਬਾਕੀ ਰਹਿੰਦੀ-ਖੂੰਹਦੀ ਕਸਰ ਡਰਾਇਵਰ ਨੇ ਪੂਰੀ ਕਰ ਦਿੱਤੀ।

"ਬਿੱਲੇ ਬਿੱਲੇ ਨੈਣਾਂ ਵਾਲੀਆਂ ਤੇਰੀਆਂ ਅੱਖਾਂ ਨੇ ਜੱਟ ਗਾਲਿਆ।"

ਇਹ ਗੀਤ ਹਰਦੀਪ ਨੂੰ ਚੰਗਾ ਲੱਗਦਾ ਸੀ ਜਾਂ ਉਹ ਮੈਨੂੰ ਖਿਝਾਉਣ ਲਈ ਜਾਣ-ਜਾਣ ਕੇ ਪਲੇ ਕਰਦਾ। ਮੈਨੂੰ ਸਣਾਉਂਦਾ। ਬਿੱਲੀਆਂ ਅੱਖਾਂ ਸੁੱਖ ਦੀਆਂ ਹਨ। ਉਹ ਇਹ ਕਦੇ ਨਾ ਸਮਝ ਸਕਿਆ ਕਿ ਇੱਕ ਔਰਤ ਲਈ ਕਿੰਨਾ ਔਖਾ ਹੁੰਦਾ ਏ ਸੌਂਕਣ ਨੂੰ ਬਰਦਾਸ਼ਤ ਕਰਨਾ ਤੇ ਇਹ ਹੋਰ ਵੀ ਔਖਾ ਏ ਜਦੋਂ ਪਤੀ ਸੌਂਕਣ ਦੀ ਤਾਰੀਫ਼ ਕਰੇ।

ਬਸ ਦੀ ਬਾਰੀ ਵਿੱਚੋਂ ਬਾਹਰ ਝਾਕਦੀ ਹਾਂ। ਇੱਕ ਹਾਉਂਕਾ ਜਿਹਾ ਦਿਲ ਵਿਚੋਂ ਨਿਕਲਿਆ। ਇਸੇ ਰਾਹ ਕਦੇ ਹਰਦੀਪ ਨਾਲ ਫੁੱਲਾਂ ਨਾਲ ਸੱਜੀ ਕਾਰ ਵਿੱਚ ਆਈ ਸਾਂ। ਕਿੰਨਾ ਕੁਝ ਬਦਲ ਗਿਆ ਏ, ਰਾਹ ਵਿੱਚ ਵੀ ਅਤੇ ਜ਼ਿੰਦਗੀ ਵਿੱਚ ਵੀ। ਰਾਹ ਵਿੱਚ ਕਿੰਨੀਆਂ ਰੌਣਕਾਂ ਵੱਧ ਗਈਆਂ ਨੇ ਤੇ ਜ਼ਿੰਦਗੀ ਕਿੰਨੀ ਉਦਾਸ ਹੋ ਗਈ ਹੈ। ਜ਼ਿੰਦਗੀ ਦੀ ਰੀਲ ਮੇਰੀਆਂ ਸੋਚਾਂ ਵਿੱਚ ਚੱਲਣ ਲੱਗੀ।

ਜਦੋਂ ਦੀ ਸੁਰਤ ਸੰਭਾਲ਼ੀ ਆ ਪਿਆਰ ਨੂੰ ਤਰਸਦੀ ਰਹੀ ਹਾਂ। ਜੰਮੀ ਤਾਂ ਮਾਂ ਨੇ ਤਾਂ ਬਥੇਰਾ ਸੋਹਣਾ ਨਾਂ ਰੱਖਿਆ ਸੀ, ਕਿਰਨ। ਰੰਗਦੀ ਪੱਕੀ ਹੋਣ ਕਰਕੇ ਸਭ ਨੇ ਆਪੋਂ-ਆਪਣੇ ਨਾਂ ਧਰ ਲਏ। ਦਾਦੀ ਤਾਂ 'ਕਾਲੋ' ਆਖ ਹੀ ਬੁਲਾਉਂਦੀ। ਬਹੁਤੇ ਦਾਦੀ ਦੀ ਰੀਸ ਨਾਲ 'ਕਾਲੋ' ਹੀ ਆਖਣ ਲੱਗੇ। 'ਕੱਲੀ ਮਾਂ ਹੀ ਕਿਰਨ ਸੱਦਦੀ। ਕਦੇ ਕਦੇ ਪਿਆਰ ਨਾਲ ਕਿਰਨਾ ਵੀ ਕਹਿ ਦਿੰਦੀ। ਦਾਦੀ ਕਹਿੰਦੀ "ਨਾਨੀ ਵਰਗੀ ਆ, ਮਾਂ ਤਾਂ ਮੇਰੀ ਬਥੇਰੀ ਚਿੱਟੀ ਆ।"

ਮੇਰੇ ਤੋ ਬਾਅਦ ਸੁੱਖ ਤੇ ਸੁੱਖ ਤੋ ਬਾਅਦ ਅੰਗਦ ਹੋਇਆ। ਦੋਵੇਂ ਮੇਰੀ ਮਾਂ ਵਰਗੇ ਬਹੁਤ ਹੀ ਸੋਹਣੇ। ਮੈਂ ਹੀ ਰੱਬ ਦੇ ਮਾਂਹ ਮਾਰ ਕੇ ਆਈ ਆ ਸ਼ਾਇਦ...।

"ਇਹ ਵੀਰੇ ਦੀ ਉਂਗਲੀ ਫੜ੍ਹਕੇ ਲਿਆਈ ਆ।" ਦਾਦੀ ਸੁੱਖ ਨੂੰ ਲਾਡ ਕਰਦਿਆਂ ਕਹਿੰਦੀ। ਉਹਨੂੰ ਸੁੱਖ, ਸੁੱਖ ਕਹਿੰਦਿਆਂ ਦਾਦੀ ਦਾ ਮੂੰਹ ਨਾ ਥੱਕਦਾ। ਮੈਨੂੰ ਕਾਲੋ ਕਹਿੰਦਿਆਂ ਮੂੰਹ ਵੀ ਉੱਦਾਂ ਦਾ ਹੀ ਬਣਾ ਲੈਂਦੀ ਜਿਵੇਂ ਕੋਈ ਭੈੜੀ ਚੀਜ਼ ਵੇਖ ਲਈ ਹੋਵੇ। ਮੈਨੂੰ ਦਾਦੀ ਭੋਰਾ ਵੀ ਪਿਆਰ ਨਾ ਕਰਦੀ। ਗੱਲ-ਗੱਲ ਤੇ ਭੱਜ-ਭੱਜ ਪੈਂਦੀ। ਕਦੇ ਕਦੇ ਤਾਂ ਚਪੇੜ ਵੀ ਮਾਰ ਦਿੰਦੀ।

ਨਿੱਕੇ ਅੰਗਦ 'ਤੇ ਮੈਨੂੰ ਬਹੁਤ ਪਿਆਰ ਆਉਂਦਾ। ਸਰੀਰ ਦਾ ਭਾਰਾ ਹੋਣ ਕਰਕੇ ਸੁੱਖ ਉਹਨੂੰ ਚੁੱਕਦੀ ਨਾ ਪਰ ਮੈਨੂੰ ਉਹ ਭਾਰਾ ਨਾ ਲੱਗਦਾ। ਸਕੂਲੋਂ ਆ ਕੇ ਬਸਤਾ ਇੱਕ ਪਾਸੇ ਰੱਖ ਮੈਂ ਭੱਜ ਉਹਨੂੰ ਜਾ ਚੁੱਕਦੀ। ਜਿੱਦਣ ਨਾ ਚੁੱਕਦੀ ਉਦੱਣ ਉਹ ਬਾਹਾਂ ਉਲਾਰ-ਉਲਾਰ ਮੇਰੇ ਵੱਲ ਆਉਂਦਾ। ਮੈਂ ਉਹਨੂੰ ਚੁੱਕੀ ਰੱਖਦੀ ਕਦੇ ਥੱਕਦੀ ਨਾ। ਦਾਦੀ ਖਿੱਝੀ ਜਾਂਦੀ। ਮੈਂ ਪ੍ਰਵਾਹ ਨਾ ਕਰਦੀ। ਅੰਗਦ ਲਈ ਝਿੜਕਾਂ ਵੀ ਖਾ ਲੈਂਦੀ।

ਅੰਗਦ ਸਕੂਲ ਜਾਣ ਜੋਗਾ ਹੋ ਗਿਆ। ਅਸੀਂ ਤਿੰਨੋਂ ਭੈਣ-ਭਰਾ ਇੱਕੋ ਸਕੂਲ ਵਿੱਚ ਜਾਂਦੇ। ਜਿਵੇਂ ਜਿਵੇਂ ਸੁੱਖ ਤੇ ਅੰਗਦ ਵੱਡੇ ਹੋਈ ਜਾਣ ਮੇਰੇ ਤੋਂ ਦੂਰੀ ਬਣਾਉਣ ਲੱਗੇ। ਸਕੂਲ ਜਾਣ ਆਉਣ ਵੇਲੇ ਉਹ ਮੇਰੇ ਨਾਲ ਨਾ ਤੁਰਦੇ। ਮੈਨੂੰ ਉਹ ਪਿੱਛੇ ਪਿੱਛੇ ਆਉਣ ਲਈ ਕਹਿੰਦੇ। ਸਕੂਲ ਵਿੱਚ ਵੀ ਉਹ ਦੋਵੇਂ ਮੈਨੂੰ ਨਾ ਬੁਲਾਉਂਦੇ।

ਪੂਜਾ ਪਾਠ ਤੁਹਾਡੇ ਮਹਿਜ਼ ਦਿਖਾਵਾ ਹਨ,
ਲੱਭਾ ਰੱਬ ਤੁਹਾਨੂੰ ਨਾ ਜੇ ਮਾਵਾਂ ਵਿਚ। –ਜਸਵੰਤ ਵਾਗਲਾ

ਮੇਰੇ ਸਾਂਵਲੇ ਰੰਗ ਕਰਕੇ ਉਹ ਮੈਨੂੰ ਆਪਣੀ ਭੈਣ ਕਹਿੰਦਿਆਂ ਵੀ ਸ਼ਰਮ ਮਹਿਸੂਸ ਕਰਦੇ।

ਰੱਬ ਨੇ ਇੱਕ ਮਿਹਰ ਮੇਰੇ 'ਤੇ ਕੀਤੀ ਸੀ ਕਿ ਮੇਰੀ ਆਵਾਜ਼ ਬਹੁਤ ਸੋਹਣੀ ਸੀ। ਗਾਉਣ ਦਾ ਵੀ ਬਹੁਤ ਸ਼ੌਕ ਸੀ। ਕੰਮ ਕਰਦੀ ਫਿਰਦੀ ਮੈਂ ਕੋਈ ਨਾ ਕੋਈ ਗੀਤ ਗੁਣਗਾਉਂਦੀ ਰਹਿੰਦੀ ਤਾਂ ਦਾਦੀ 'ਕਾਲੀ ਕੋਇਲ' ਕਹਿੰਦੀ। ਉਡਾਉਂਦੀ ਤਾਂ ਉਹ ਮੇਰਾ ਮਜਾਕ ਸੀ ਪਰ ਇਹ ਮਜ਼ਾਕ ਮੈਨੂੰ ਚੰਗਾ ਲੱਗਦਾ।

"ਆਹ ਤਾਂ ਰਲਦੀ ਨਈ ਇਹਨਾਂ ਵਿੱਚ।" ਰਜਿੰਦਰ ਮੈਮ ਮੇਰੇ ਵੱਲ ਹੱਥ ਕਰਕੇ ਕਹਿੰਦੇ।

"ਹੂੰਅ, ਪੜ੍ਹਾਈ ਵਿੱਚ ਵੀ ਨਈ।" ਸ਼ਾਲਨੀ ਮੈਡਮ ਮੁਸਕਰਾ ਕੇ ਹਰ ਵਾਰ ਮੇਰਾ ਪੱਖ ਪੂਰਦੇ। ਸ਼ਾਲਨੀ ਮੈਡਮ ਮੈਨੂੰ ਬਹੁਤ ਚੰਗੇ ਲੱਗਦੇ। ਉਹ ਸਾਨੂੰ ਇੰਗਲਿੰਸ਼ ਪੜ੍ਹਾਉਂਦੇ।

ਚੌਥੇ ਸ਼ਨੀਵਾਰ ਨੂੰ ਮੈਨੂੰ ਸਕੂਲ ਜਾਣ ਦਾ ਚਾਅ ਜਿਹਾ ਹੁੰਦਾ। ਮੈਂ ਬੀਮਾਰ ਹੁੰਦਿਆਂ ਵੀ ਛੁੱਟੀ ਨਾ ਕਰਦੀ ਕਿਉਂਕਿ ਉਸ ਦਿਨ ਸਕੂਲ ਵਿੱਚ ਬਾਲ ਸਭਾ ਲੱਗਦੀ ਸੀ। ਕੋਈ ਬੱਚਾ ਕਵਿਤਾ, ਕੋਈ ਗੀਤ ਸੁਣਾਉਂਦਾ ਪਰ ਸਭ ਤੋ ਵੱਧ ਤਾੜੀਆਂ ਮੇਰੇ ਗਾਏ ਗੀਤ 'ਤੇ ਵੱਜਦੀਆਂ। ਟੀਚਰਾਂ ਤੋਨ ਵੀ ਸ਼ਾਬਾਸ਼ ਮਿਲਦੀ।

ਮੈਂ ਪੜ੍ਹਨ ਵਿੱਚ ਹੁਸ਼ਿਆਰ ਸਾਂ ਤੇ ਸੁੱਖ ਫ਼ੈਸ਼ਨ ਵਿੱਚ। ਦੱਸਵੀਂ ਵਿਚੋਂ ਮੈਂ ਬਲਾਕ ਵਿਚੋਂ ਟਾਪ ਕੀਤਾ। ਚੰਗੇ ਨੰਬਰਾਂ ਕਰਕੇ ਸ਼ਹਿਰ ਦੇ ਵਧੀਆ ਕਾਲਜ ਵਿੱਚ ਐਡਮੀਸ਼ਨ ਮਿਲ ਗਈ। ਮੈਂ ਕਾਲਜ ਵਿੱਚ ਵੀ ਕਈ ਸਿੰਗਿੰਗ ਕੰਪੀਟੀਸ਼ਨ ਜਿੱਤੇ। ਮਿਊਜ਼ਿਕ ਵਿੱਚ ਐਮ.ਏ. ਤੇ ਟੈਟ ਕਲੀਅਰ ਕਰ ਸਕੂਲ ਵਿੱਚ ਮਿਊਜ਼ਿਕ ਟੀਚਰ ਲੱਗ ਗਈ। ਸੁੱਖ ਨੇ ਮਸਾਂ ਖਿੱਚ ਧੂਹ ਕੇ ਬੀ.ਏ. ਹੀ ਕੀਤੀ।

ਮਾਂ ਮੈਨੂੰ ਲੈ ਕੇ ਹਮੇਸ਼ਾ ਫ਼ਿਕਰ ਕਰਦੀ। ਮੇਰੀ ਵਿਆਹ ਵਾਲੀ ਉਮਰ ਬੀਤੀ ਜਾਂਦੀ ਸੀ। ਕਈ ਰਿਸ਼ਤੇ ਆਏ। ਦੇਖਣ ਤੋ ਬਾਅਦ 'ਘਰ ਜਾ ਕੇ ਸਲਾਹ ਕਰਕੇ ਦੱਸਦੇ ਹਾਂ' ਕਹਿ ਕੇ ਮੁੜ ਜਾਂਦੇ। ਇਸਦੇ ਉਲਟ ਸੁੱਖ ਲਈ ਚੰਗੇ ਘਰਾਂ ਦੇ ਰਿਸ਼ਤੇ ਆਉਣ ਲੱਗੇ। ਖਨੇਡਾ ਦੇ ਮੁੰਡੇ ਦਾ ਰਿਸ਼ਤਾ ਪਾਪਾ ਹੱਥੋਂ ਜਾਣ ਨਹੀਂ ਸੀ ਦੇਣਾ ਚਾਹੁੰਦੇ ਬੇਸ਼ੱਕ ਮੁੰਡਾ ਉਮਰ ਦਾ ਵੱਡਾ ਸੀ। ਮਾਂ ਪਹਿਲਾ ਮੇਰਾ ਵਿਆਹ ਕਰਨ ਦੀ ਜਿੱਦ 'ਤੇ ਅੜੀ ਰਹੀ। ਪਾਪਾ ਨੇ ਬੜੀ ਭੱਜ ਨੱਠ ਕੀਤੀ। ਅਖ਼ੀਰ ਹਰਦੀਪ ਦੀ ਚਾਰ ਕਿਲੇ ਪੈਲ਼ੀ ਤੇ ਫਾਇਨਾਂਸ ਦਾ ਕੰਮ ਵੇਖ ਮੇਰਾ ਵਿਆਹ ਪੱਕਾ ਕਰ ਦਿੱਤਾ। ਘਰ ਵਿੱਚ ਉਹ ਦੋਵੇਂ ਪਿਓ ਪੁੱਤ ਹੀ ਸਨ। ਮਾਂ ਤਿੰਨ ਕੁ ਸਾਲ ਪਹਿਲਾ ਗੁਜ਼ਰ ਚੁੱਕੀ ਸੀ। ਪਾਪਾ ਨੇ ਸੁੱਖ ਨਾਲ਼ੋਂ ਜ਼ਿਆਦਾ ਮੈਨੂੰ ਦਹੇਜ਼ ਦਿੱਤਾ। ਹਰਦੀਪ ਨੂੰ ਕੜਾ, ਛਾਪ, ਚੇਨੀ... ਸਹੁਰੇ ਨੂੰ ਛਾਪ... ਮੈਨੂੰ ਸੈਟ... ਕਾਰ ਤੇ ਘਰ ਦਾ ਸਾਰਾ ਸਮਾਨ ਦਿੱਤਾ। ਮੇਰਾ ਤੇ ਸੁੱਖ ਦਾ ਵਿਆਹ ਇੱਕ ਦਿਨ ਦੇ ਫ਼ਰਕ ਨਾਲ ਸੀ।

ਸੁੱਖ ਵਰੀ ਵਿੱਚ ਡਾਇਮੰਡ ਦੇ ਸੈਟ ਤੇ ਸਿਲਕ ਦੇ ਸੂਟ ਦੇਖ ਖੁਸ਼ ਹੋ ਰਹੀ ਸੀ। ਲੋਕ ਸਾਡੇ ਦੋਨਾਂ ਵਿੱਚ ਦੀ ਤੁਲਨਾ ਕਰਦੇ। ਬਾਕੀ ਸਭ ਗੱਲਾਂ ਵਿਚ ਮੈਂ ਫਾਡੀ ਰਹਿ ਜਾਂਦੀ ਪਰ ਜਦੋਂ ਪ੍ਰਾਹੁਣੇ ਦੀ ਗੱਲ ਆਉਂਦੀ ਤਾਂ ਮੈਂ ਹਰਦੀਪ ਕਰ ਕੇ ਨੰਬਰ ਲੈ ਜਾਂਦੀ। ਮੈਨੂੰ ਹਰਦੀਪ 'ਤੇ ਬਹੁਤ ਪਿਆਰ ਆਉਂਦਾ।

ਅਸੀਂ ਹਨੀਮੂਨ ਲਈ ਸ਼ਿਮਲੇ ਗਏ। ਹਰਦੀਪ ਨੇ ਮੈਨੂੰ ਪਸ਼ਮੀਨੇ ਦਾ ਬਹੁਤ ਪਿਆਰਾ ਜਿਹਾ ਸ਼ਾਲ ਲੈ ਕੇ ਦਿੱਤਾ। ਮਾਂ ਤੋਂ ਬਿਨਾ ਮੈਨੂੰ ਕਿਸੇ ਨੇ ਇੰਨਾਂ ਪਿਆਰ, ਏਨੀ ਕੇਅਰ ਨਹੀ ਕੀਤੀ ਸੀ। ਮੈਨੂੰ ਆਪਣੀ ਕਿਸਮਤ 'ਤੇ ਮਾਣ ਜਿਹਾ ਹੋਣ ਲੱਗਾ। ਮੈਨੂੰ ਹਰਦੀਪ ਬਹੁਤ ਚੰਗਾ ਲੱਗਦਾ। ਮੇਰਾ ਏ.ਟੀ.ਐਮ. ਉਹਨੇ ਮੇਰੇ ਤੋਂ ਇਹ ਕਹਿ ਕੇ ਲੈ ਲਿਆ ਕਿ ਤੇਰਾ ਮੇਰਾ ਕੁਝ ਵੰਡਿਆ ਏ? ਮੈਨੂੰ ਵੀ ਕੋਈ ਇਤਰਾਜ਼ ਨਹੀਂ ਸੀ। ਜੋ ਮੇਰਾ ਆ ਉਹ ਉਹਦਾ ਹੀ ਤਾਂ ਹੈ।

"ਜੱਟ ਨੂੰ ਤਾਂ ਰਿਸ਼ਤਾ ਜ਼ਮੀਨ ਨਾਲ ਹੁੰਦਾ ਏ... ਇਹਨੂੰ ਰਿਸ਼ਤਾ ਕਿਥੇ ਹੋਣਾ ਸੀ... ਭੋਰਾ ਤਾਂ ਜ਼ਮੀਨ ਨ੍ਹੀਂ? ... ਪੈਲ਼ੀ ਵੇਚ ਕੇ ਤਾਂ ਇਨ੍ਹਾਂ ਨੇ ਆਹ ਕੋਠੀ ਪਾਈ ਆ... ਬਾਕੀ ਬਚਦੇ ਪੈਸਿਆਂ ਦਾ ਕੰਮ ਖੋਲ ਲਿਆ।... ਤੇਰੇ ਬਾਪ ਨੇ ਬਹੁਤੀ ਛਾਣ-ਬੀਣ ਨਾ ਕੀਤੀ ਤਾਂ ਤੇਰੇ ਨਾਲ ਵਿਆਹ ਹੋ ਗਿਆ।... ਇਹਨਾਂ ਨੂੰ ਦਹੇਜ਼ ਦਾ ਤੇ ਤੇਰੀ ਕਮਾਈ ਦਾ ਲਾਲਚ ਸੀ।... ਤੇਰੇ ਬਾਪ ਨੇ ਨੰਗਾ ਦਾ ਘਰ ਭਰ ਤਾਂ।... ਪਿਓ-ਪੁੱਤ ਦਾ ਚਾਲ-ਚੱਲਣ ਵੀ ਠੀਕ ਹੈਨੀਂ।" ਪਿੰਡੋਂ ਆਈ ਚਾਚੀ ਇਹਨਾਂ ਦੇ ਸਾਰੇ ਭੇਦ ਖੋਹਲ ਗਈ।

"ਇਹ ਤਾਂ ਕਹਿੰਦੇ ਪਾਪਾ ਪੈਲ਼ੀ ਕਰਕੇ ਪਿੰਡ ਰਹਿੰਦੇ ਆ।" ਮੈਂ ਡਰਦੀ ਜਿਹੀ ਨੇ ਚਾਚੀ ਨੂੰ ਕਿਹਾ।

"ਸਵਾਹ ਪੈਲ਼ੀ ਕਰਕੇ ਰਹਿੰਦਾ, ਨਾਈਆਂ ਦੀ ਨਿੰਦੋ ਕਰ ਕੇ ਰਹਿੰਦਾ।" ਆਖ ਚਾਚੀ ਖੱਚਰਾਂ ਜਿਹਾ ਹੱਸੀ।

ਫਿਰ ਹੋਲੀ ਹੌਲੀ ਹਰਦੀਪ ਦੀ ਅਸਲੀਅਤ ਮੇਰੇ ਸਾਹਮਣੇ ਆਉਣ ਲੱਗੀ। ਵਿਆਹ ਤੋਂ ਪਹਿਲਾ ਕਿਹਾ ਗਿਆ ਸੀ ਕਿ ਚਾਰ ਕਿਲੇ ਪਿੰਡ ਠੇਕੇ 'ਤੇ ਦਿੱਤੀ ਹੈ।

ਮੈਂ ਸੱਚ ਜਾਣਨ ਲਈ ਹਰਦੀਪ ਨੂੰ ਪਿੰਡੋਂ ਠੇਕਾ ਲੈ ਕੇ ਆਉਣ ਲਈ ਕਿਹਾ। ਪਹਿਲਾ ਤਾਂ ਉਹ ਟਾਲ-ਮਟੋਲ ਕਰੀ ਗਿਆ ਫਿਰ ਇੱਕ ਦਿਨ ਪੀ ਕੇ ਲੜ ਪਿਆ ਕਹਿੰਦਾ "ਸਾ਼ਲੀਏ... ਜ਼ਮੀਨ ਤੇਰੇ ਪਿਓ ਦੀ ਸੀ... ਮੇਰੇ ਦੀ ਸੀ... ਮੈਂ ਵੇਚ ਤੀ...।"

ਮੈਂ ਰੋਂਦੀ ਨੇ ਮਾਂ ਨੂੰ ਦੱਸਿਆ। ਮਾਂ ਵਿਚਾਰੀ ਵੀ ਕੀ ਕਰਦੀ। ਉਹਨੇ ਦਾਦੀ ਨਾਲ ਗੱਲ ਕੀਤੀ। "ਦੋਵੇਂ ਜੀਅ ਕਮਾਉਂਦੇ ਆ, ਆਪਣਾ ਕਮਾਉਣ, ਖਾਣ, ਆਪਾਂ ਕੀ ਲੈਣਾ।" ਆਖ ਦਾਦੀ ਨੇ ਵੀ ਚੁੱਪ ਵੱਟ ਲਈ। ਏਦਾਂ ਹੀ ਪਾਪਾ ਨੇ ਕਿਹਾ। ਅੰਗਦ ਨੂੰ ਗੁੱਸਾ ਲੱਗਾ। ਉਸ ਥੋੜ੍ਹਾ ਗਰਮ ਹੋਇਆ ਤਾਂ ਦਾਦੀ ਨੇ ਝਿੜਕ ਕੇ ਉਹਨੂੰ ਵੀ ਬਿਠਾ ਦਿੱਤਾ।

ਸੁੱਖ ਦਾ ਹਸਬੈਂਡ ਦੋ ਕੁ ਮਹੀਨੇ ਰਹਿ ਕੇ ਚਲਾ ਗਿਆ। ਉਹ ਹੁਣ ਪੇਕੇ ਹੀ ਰਹਿੰਦੀ ਗਰਮੀ ਦੀਆਂ ਛੁੱਟੀਆਂ ਵਿੱਚ ਪਾਪਾ ਮੈਨੂੰ ਵੀ ਆ ਕੇ ਲੈ ਗਏ। ਹਫ਼ਤੇ ਬਾਅਦ ਹਰਦੀਪ ਮੈਨੂੰ ਲੈਣ ਆਇਆ। ਸੁੱਖ ਤੇ ਹਰਦੀਪ ਦੋਵੇ ਇੱਕ ਦੂਜੇ ਨਾਲ ਖੁੱਲ੍ਹੇ ਜਿਹੇ ਮਜ਼ਾਕ ਕਰਨ ਲੱਗੇ। ਮੈਨੂੰ ਚੰਗਾ ਨਾ ਲੱਗਾ।

"ਜੀਜੂ, ਚਲੋ ਸ਼ਹਿਰ ਘੁੰਮ ਕੇ ਆਉਂਦੇ ਆ।" ਮੇਰੇ ਕਹੇ ਤੇ ਹਰਦੀਪ ਨੇ ਕਦੇ ਹਾਂ ਨਹੀਂ ਸੀ ਕਰਨੀ ਪਰ ਸੁੱਖ ਦੇ ਕਹੇ ਤੋਂ ਝੱਟ ਤਿਆਰ ਹੋ ਗਿਆ।

"ਸਾਲੀ ਸਾਹਿਬਾਂ ਆਹ ਗੀਤ ਤੇਰੇ ਲਈ।" ਆਖ ਹਰਦੀਪ ਨੇ ਕਾਰ ਵਿੱਚ 'ਬਿੱਲੇ ਬਿੱਲੇ ਨੈਣਾਂ ਵਾਲੀਏ, ਤੇਰੀਆਂ ਅੱਖਾਂ ਨੇ ਜੱਟ ਗਾਲਿਆ।' ਵਾਲਾ ਗੀਤ ਚਲਾ ਦਿੱਤਾ। ਸੁੱਖ ਦੀਆਂ ਗੋਰੀਆਂ ਗੱਲਾਂ ਲਾਲ ਹੋ ਗਈਆਂ ਤੇ ਮੈਂ ਗ਼ੁੱਸੇ ਨਾਲ ਮੱਚਣ ਲੱਗੀ। ਹਰਦੀਪ ਨੇ ਮੇਰੀ ਪ੍ਰਵਾਹ ਨਾ ਕੀਤੀ। ਮਾਲ ਵਿੱਚ ਜਾ ਕੇ ਸੁੱਖ ਤੇ ਮੈਂ ਕੁੜਤੇ ਦੇਖ ਲੱਗ ਪਈਆਂ।

"ਜੀਜੂ, ਇਹ ਕਿੱਦਾਂ ਲੱਗਦਾ?" ਸੁੱਖ ਕੁੜਤੇ ਆਪਣੇ ਨਾਲ ਲਾ ਲਾ ਕੇ ਹਰਦੀਪ ਤੋਂ ਸਲਾਹ ਮੰਗੇ। ਮੈਨੂੰ ਵੀ ਇੱਕ ਮੋਵ

ਹੁਣ ਫ਼ੌਜ ਦੋਹੀਂ ਪਾਸੀਂ ਦਿਸਦੀ ਹੈ ਤਣੀਂ ਬੇਸ਼ੱਕ,
ਪਰ ਰਾਮ ਤੇ ਰਾਵਣ ਵਿਚ, ਦਿਸਦੀ ਹੈ ਸੁਲ੍ਹਾ ਮੈਨੂੰ। -ਐਸ. ਤਰਸੇਮ

ਰੰਗ ਦਾ ਕੁੜਤਾ ਪਸੰਦ ਆ ਗਿਆ।

"ਦੇਖਿਓ ਜੀ ਇਹ ਕਿੱਦਾਂ ਆ?" ਮੈਂ ਹਰਦੀਪ ਨੂੰ ਐਵੇਂ ਹੀ ਪੁੱਛ ਬੈਠੀ।

"ਪਹਿਲਾ ਰੰਗ ਦੇਖ ਲਾ ਆਵਦਾ।" ਆਖ ਹਰਦੀਪ ਨੇ ਸੁੱਖ ਵਲ ਦੇਖਿਆ ਤੇ ਦੋਵੇਂ ਮੁਸਕਰਾ ਪਏ। ਮੇਰੇ ਅੰਦਰੋਂ ਰੁੱਗ ਭਰਿਆ ਗਿਆ। ਇਹ ਹਰਦੀਪ ਦਾ ਮੇਰੇ ਰੰਗ ਨੂੰ ਲੈ ਕੇ ਮਾਰਿਆ ਪਹਿਲਾ ਤਾਅਨਾ ਸੀ। ਫਿਰ ਤਾਂ ਹਰਦੀਪ ਦੀ ਬੇਰੁੱਖੀ ਵੱਧਦੀ ਗਈ।

"ਸ਼ੁਕਰ ਆ ਸੱਚੇ ਪਾਤਸ਼ਾਹ ਦਾ... ਜਦੋਂ ਜਵਾਕ ਹੋ ਜਾਂਦਾ ਤਾਂ ਔਰਤ ਦੇ ਪੈਰ ਲੱਗ ਜਾਂਦੇ ਆ।" ਮੇਰਾ ਪ੍ਰੈਗਨੈਂਟ ਹੋਣ ਦਾ ਸੁਣ ਕੇ ਮਾਂ ਨੇ ਮੇਰਾ ਮੱਥਾ ਚੁੰਮ ਕੇ ਕਿਹਾ।

ਮੈਨੂੰ ਪੰਜਵਾਂ ਮਹੀਨਾ ਸੀ, ਮੈਂ ਬਾਥਰੂਮ ਵਿੱਚ ਤਿਲਕ ਕੇ ਡਿੱਗ ਪਈ। ਮੇਰਾ ਅਬਾਰਸ਼ਨ ਹੋ ਗਿਆ। ਮੈਨੂੰ ਸਾਂਭਣ ਦੇ ਬਹਾਨੇ ਹਰਦੀਪ ਸੁੱਖ ਨੂੰ ਲੈ ਆਇਆ। ਮੈਂ ਤਾਂ ਮਾਂ ਨੂੰ ਬੁਲਾਇਆ ਸੀ ਪਰ ਲੈ ਇਹ ਸੁੱਖ ਨੂੰ ਆਇਆ "ਅਖੇ, ਮਾਂ ਨੂੰ ਤਾਂ ਡੇਂਗੂ ਹੋਇਆ ਪਿਆਏ, ਉਹ ਤਾਂ ਆਪ ਮੰਜੇ 'ਤੇ ਪਈ ਆ।"

ਮੈਂ ਮਾਂ ਨੂੰ ਫ਼ੋਨ ਕਰ ਲਿਆ "ਮੈਂ ਠੀਕ ਨਹੀ ਸੀ। ਸੁੱਖ ਨੂੰ ਤਾਂ ਬਥੇਰਾ ਮਨ੍ਹਾ ਕੀਤਾ ਸੀ ਪਰ ਪ੍ਰਹੁਣਾ ਕਹਿੰਦਾ ਇਹਨੂੰ ਭੇਜੋ, ਅਸੀਂ ਤਾਂ ਰੋਟੀ ਵੱਲੋਂ ਵੀ ਔਖੇ ਆ। ਤੈਨੂੰ ਤਾਂ ਪਤਾ ਇਹ ਸਾਡੀ ਕਿਥੇ ਮੰਨਦੀ ਆ। ਬੀਜੀ ਤਾਂ ਆਪ ਭੂਆ ਜੀ ਕੋਲ ਗਈ ਆ ਨਹੀਂ ਤਾਂ ਉਹਨੇ ਨਹੀਂ ਸੀ ਆਉਣ ਦੇਣਾ।" ਮਾਂ ਆਪ ਬੇਵੱਸ ਜਿਹੀ ਲੱਗੀ। ਮਾਂ ਦੇ ਵਾਲਾਂ ਵਿੱਚ ਸਫ਼ੈਦੀ ਧੁੱਪ ਨਾਲ ਨਹੀਂ ਸੀ ਆਈ ਉਹ ਸਭ ਸਮਝਦੀ ਸੀ। ਉਹਨੇ ਮੈਨੂੰ ਧਿਆਨ ਨਾਲ ਰਹਿਣ ਲਈ ਕਿਹਾ।

ਮੈਨੂੰ ਬਹੁਤ ਕਮਜ਼ੋਰੀ ਮਹਿਸੂਸ ਹੁੰਦੀ ਪਰ ਫਿਰ ਵੀ ਮੈਂ ਤੁਰੀ ਫਿਰਦੀ। ਹਰਦੀਪ ਉੱਦਣ ਦਾ ਘਰੋ ਨਾ ਨਿਕਲਦਾ। ਸੁੱਖ ਦੇ ਅੱਗੇ ਪਿੱਛੇ ਮੰਡਰਾਉਂਦਾ ਰਹਿੰਦਾ। ਸੁੱਖ ਵੀ ਉਹਦੇ ਨਾਲ ਖੁਸ਼ ਰਹਿੰਦੀ।

"ਅੱਜ ਤਾਂ ਖੁਸ਼ ਆ, ਯਾਰ ਜੋ ਪਤਾ ਲੈ ਗਿਆ।" ਮੇਰੇ ਸਟਾਫ਼ ਵਾਲੇ ਪਤਾ ਲੈਣ ਆਏ ਤਾਂ ਪਰਮ ਸਰ ਨਾਲ ਇਹਨੇ ਮੇਰਾ ਨਾਂ ਜੋੜ ਦਿੱਤਾ।

ਮੈਂ ਚੁੱਪ ਚਾਪ ਸੁਣੀ ਗਈ।

"ਜੀਜੂ, ਪਰਮ ਸਰ ਨਾਲ ਇਹਦੀ ਸੱਚੀ ਗੱਲ-ਬਾਤ ਆ?" ਮੈਂ ਬਾਥਰੂਮ ਵਿੱਚ ਗਈ ਤਾਂ ਸੁੱਖ ਨੇ ਹਰਦੀਪ ਨੂੰ ਹੌਲੀ ਜਿਹੀ ਪੱਛਿਆ ਪਰ ਮੈਂ ਸੁਣ ਲਿਆ। ਸਾਹ ਰੋਕ ਕੇ ਹਰਦੀਪ ਦਾ ਜਵਾਬ ਉਡੀਕਣ ਲੱਗੀ।

"ਹਾਹਾਹਾ... ਕਾਲੋ ਨੂੰ ਵੇਖਣ ਨੂੰ ਤਾਂ ਜੀਅ ਨਹੀਂ ਕਰਦਾ ਇਹਨੂੰ ਕਿਸੇ ਨੇ ਕੀ ਪਿਆਰ ਕਰਨਾ? ...ਮੈਂ ਤਾਂ ਕਿਹਾ ਸੀ ਕਿ ਇਹ ਆਪਣੇ 'ਤੇ ਕਿੰਤੂ ਪਰੰਤੂ ਨਾ ਕਰੇ ਬਸ... ਉਲ਼ਝੀ ਰਹੇ ਆਪਣੇ ਆਪ 'ਚ ਹੀ।" ਹਰਦੀਪ ਦੇ ਹਾਸੇ ਨੇ ਮੇਰਾ ਅੰਦਰ ਛਲਣੀ ਕਰ ਦਿੱਤਾ। ਇਹ ਏਨਾ ਕਮੀਨਾ ਹੋਊ ਮੈਂ ਕਦੇ ਸੁਫ਼ਨੇ ਵਿਚ ਵੀ ਨਹੀਂ ਸੋਚਿਆ।

ਇੱਕ ਦਿਨ ਮੈਂ ਉਹ ਵੀ ਦੇਖ ਲਿਆ ਜੋ ਨਹੀਂ ਸੀ ਦੇਖਣਾ ਚਾਹੁੰਦੀ। ਮੇਰੀ ਸਕੀ ਭੈਣ ਮੇਰੀ ਸੌਂਕਣ ਬਣੀ ਖੜ੍ਹੀ ਸੀ। ਮੇਰੇ ਸੱਤੀ ਕੱਪੜੀਂ ਅੱਗ ਲੱਗ ਗਈ। ਗ਼ੁੱਸੇ ਨਾਲ ਦਿਮਾਗ਼ ਤੇ ਕੋਈ ਕੰਟਰੋਲ ਨਾ ਰਿਹਾ ਤਾਂ ਮੈਂ ਸੁੱਖ ਦਾ ਬੈਂਗ ਬਾਹਰ ਸੁੱਟ ਉਹਨੂੰ ਨਿਕਲ ਜਾਣ ਲਈ ਕਿਹਾ। ਹਰਦੀਪ ਉਹਦੇ ਪੱਖ ਵਿੱਚ ਖੜ੍ਹ ਗਿਆ। ਮੈਂ ਫ਼ੋਨ ਚੁੱਕ ਮਾਂ ਨੂੰ ਸਾਰੀ ਗੱਲ ਦੱਸ ਦਿੱਤੀ। ਓਹਨੀਂ ਪੈਰੀਂ ਪਾਪਾ ਆ ਕੇ ਸੁੱਖ ਨੂੰ ਲੈ ਗਿਆ।

"ਇਹਨੂੰ ਵੀ ਲੈ ਜੋ।" ਹਰਦੀਪ ਨੇ ਮੇਰੇ ਵੱਲ ਹੱਥ ਕਰ ਪਾਪਾ ਨੂੰ ਕਿਹਾ।

"ਇਹਨੂੰ ਕਿਉਂ ਲੈਜੀਏ, ਇਹ ਆਵਦੇ ਘਰ ਰਹੂ।" ਪਾਪਾ ਨੇ ਠੋਕ ਕੇ ਕਿਹਾ।

ਹੁਣ ਹਰਦੀਪ ਬਹੁਤਾ ਟਾਈਮ ਬਾਹਰ ਹੀ ਬਿਤਾਉਂਦਾ। ਘਰ ਆ ਕੇ ਜਾ ਤਾਂ ਫੋਨ 'ਤੇ ਲੱਗਿਆ ਰਹਿੰਦਾ ਜਾਂ ਫਿਰ ਬੋਤਲ ਖੋਲ੍ਹ ਲੈਂਦਾ। ਮੇਰੇ 'ਤੇ ਖਿੱਝਿਆ ਖਿੱਝਿਆ ਰਹਿੰਦਾ। ਮੇਰੇ ਨਾਲ ਤਾਂ ਬੋਲਦਾ ਵੀ ਨਾ, ਜੇ ਮੂੰਹ ਖੋਲ੍ਹਦਾ ਵੀ ਤਾਂ ਸਿਰਫ਼ ਮੇਰੀ ਬੇਜ਼ਤੀ ਕਰਨ ਲਈ। ਮੈਂ ਜਿੰਨਾ ਉਹਦੇ ਨੇੜੇ ਜਾਂਦੀ ਉਹ ਉਹਨਾਂ ਹੀ ਮੇਰੇ ਤੋ ਪਰ੍ਹਾ ਹੋ ਜਾਂਦਾ। ਮੈਂ ਰੋਂਦੀ ਪਰ ਉਹਨੂੰ ਕੋਈ ਫ਼ਰਕ ਨਾ ਪੈਂਦਾ।

ਸੁੱਖ ਦਾ ਵੀਜ਼ਾ ਆ ਗਿਆ। ਉਹ ਪ੍ਰਾਹੁਣੇ ਕੋਲ ਕਨੇਡਾ ਚਲੀ ਗਈ। ਉਹਦੇ ਜਾਣ ਨਾਲ ਮੈਂ ਤੇ ਮਾਂ ਨੂੰ ਸੁੱਖ ਦਾ ਸਾਹ ਆਇਆ।

ਰੱਬ ਨੇ ਮੇਰਾ ਰੰਗ ਹੀ ਕਾਲਾ ਨਹੀਂ ਕਿਸਮਤ ਵੀ ਕਾਲੀ ਲਿਖ ਦਿੱਤੀ ਸੀ। ਮੁਸੀਬਤਾਂ ਨੂੰ ਵੀ ਜਿਵੇਂ ਕਿਸੇ ਨੇ ਮੇਰਾ ਐਡਰੈਸ ਦੇ ਦਿੱਤਾ ਹੋਵੇ। ਉਹ ਮੂੰਹ ਚੁੱਕ ਮੇਰੇ ਵੱਲ ਤੁਰੀਆਂ ਆਉਂਦੀਆਂ। ਮਿਸਕੈਰਿਜ਼ ਵਾਲਾ ਫੱਟ ਹਾਲੇ ਭਰਿਆ ਨਹੀਂ ਸੀ ਕਿ ਇੱਕ ਹੋਰ ਵੱਡੀ ਮੁਸੀਬਤ ਨੇ ਮੇਰਾ ਦਰ ਮੱਲ ਲਿਆ। ਮੈਨੂੰ ਗਲੇ ਦਾ ਕੈਂਸਰ ਹੋ ਗਿਆ।

ਕਾਫ਼ੀ ਟਾਈਮ ਤੋ ਮੇਰੇ ਗਲੇ ਵਿੱਚ ਦਰਦ ਸੀ। ਘਰੇ ਪਈਆਂ ਪੇਨ-ਕਿਲਰ ਜਾਂ ਕਾੜ੍ਹੇ ਬਣਾ ਬਣਾ ਪੀਂਦੀ ਰਹੀ ਪਰ ਰਤਾ ਫਰਕ ਨਾਪਿਆ। ਗਾਇਆ ਵੀ ਨਾ ਜਾਇਆ ਕਰੇ ਤਾਂ ਪ੍ਰੀਤ ਮੈਡਮ ਨੇ ਡਾਕਟਰ ਨੂੰ ਦਿਖਾਉਣ ਲਈ ਕਿਹਾ। ਪੈਸੇ ਤਾਂ ਹਰਦੀਪ ਮੈਨੂੰ ਮੇਰੇ ਕਿਰਾਏ ਜਿੰਨੇ ਹੀ ਦਿੰਦਾ ਸੀ। ਡਾਕਟਰ ਦੀ ਫ਼ੀਸ ਦੇਣ ਲਈ ਪ੍ਰੀਤ ਮੈਡਮ ਤੋਂ ਉਧਾਰ ਪੈਸੇ ਫੜੇ। ਡਾਕਟਰ ਨੇ ਕਈ ਸਾਰੇ ਟੈਸਟ ਲਿਖ ਦਿੱਤੇ। ਜਦੋਂ ਕਰਾਏ ਤਾਂ ਪਤਾ ਲੱਗਾ ਕਿ ਕੈਂਸਰ ਹੈ। ਸ਼ੁਕਰ ਸੀ ਕਿ ਪਹਿਲੀ ਸਟੇਜ਼ ਤੇ ਹੀ ਪਤਾ ਲੱਗ ਗਿਆ।

ਹਰਦੀਪ ਮੇਰੇ ਆਉਂਦਿਆਂ ਨੂੰ ਬੋਤਲ ਖੋਲ੍ਹੀ ਬੈਠਾ ਸੀ। ਮੈਂ ਸੋਚਿਆ ਹੁਣ ਤਾਂ ਜ਼ਰੂਰ ਉਹਨੂੰ ਮੇਰੇ ਨਾਲ ਹਮਦਰਦੀ ਹੋਵੇਗੀ, ਮੇਰਾ ਫ਼ਿਕਰ ਕਰੇਗਾ ਪਰ ਜਦੋਂ ਮੈਂ ਦੱਸਿਆ ਤਾਂ ਕਹਿੰਦਾ "ਦਾਰੂ ਪੀਆ ਕਰ, ਸਭ ਠੀਕ ਹੋ ਜੂ।" ਮੈਨੂੰ ਪਤਾ ਸੀ ਕਿ ਉਹਦਾ 'ਸਭ ਠੀਕ ਹੋਜੂ' ਦਾ ਕੀ ਮਤਲਬ ਸੀ। ਉਹ ਤਾਂ ਮੇਰਾ ਮਰਨ ਭਾਲਦਾ ਸੀ। ਮੈਂ ਵੀ ਤੱਕੜੀ ਹੋ ਬੀਮਾਰੀ ਨਾਲ ਟੱਕਰ ਲੈਣ ਲੱਗੀ। ਲੜ-ਭਿੜ ਕੇ ਆਪਣਾ ਏ.ਟੀ.ਐਮ. ਲੈ ਕੇ ਇਲਾਜ ਸ਼ੁਰੂ ਕਰ ਦਿੱਤਾ। ਤਿੰਨ ਮਹੀਨੇ ਡਾਕਟਰ ਨੇ ਰੋਟੀ ਬੰਦ ਕਰ ਦਿੱਤੀ। ਮੈਡੀਕਲ ਲੀਵ ਲੈ ਲਈ। ਅੰਗਦ ਆ ਕੇ ਲੈ ਗਿਆ। ਮਾਂ ਨੇ ਬਥੇਰੀ ਸੇਵਾ ਕੀਤੀ। ਪੈਰ ਭੁੰਜੇ ਨਾ ਧਰਨ ਦਿੱਤਾ। ਦਾਦੀ ਵੀ ਹੁਣ ਕੁਝ ਨਾ ਕਹਿੰਦੀ। ਹਰਦੀਪ ਨੇ ਮੇਰੀ ਕੋਈ ਖ਼ਬਰ ਸਾਰ ਨਾ ਲਈ।

"ਹੁਣ ਇਹਨੂੰ ਛੱਡ ਆਓ, ਆਵਦਾ ਘਰ ਵੇਖੇ।" ਤਿੰਨ ਮਹੀਨਿਆਂ ਬਾਅਦ ਕੁਝ ਖਾਣ ਜੋਗੀ ਹੋਈ ਤਾਂ ਦਾਦੀ ਨੇ ਮਾਂ ਨੂੰ ਕਿਹਾ। ਮਾਂ ਨੇ ਸਮਝਾ ਕੇ ਭੇਜ ਦਿੱਤਾ। ਅੰਗਦ ਛੱਡ ਗਿਆ। ਹਰਦੀਪ ਨੇ ਮੈਨੂੰ ਤਾਂ ਕੀ ਬੁਲਾਉਣਾ ਸੀ ਅੰਗਦ ਨੂੰ ਵੀ ਨਾ

ਯੁਗ ਬਦਲੇ ਹਨ, ਵਕਤ ਬਦਲਿਆ ਕਲਮਾਂ ਨੇ,
ਕਲਮਾਂ ਵਰਗਾ ਕੋਈ ਵੀ ਹਥਿਆਰ ਨਹੀਂ। -ਪ੍ਰਭਜੋਤ ਸੋਹੀ

ਬੁਲਾਇਆ। ਪਾਪਾ ਮਾਂ ਤਾਂ ਸੁੱਖ ਵਾਲੇ ਕਾਰੇ ਤੋਂ ਬਾਅਦ ਉਹਦੇ ਮੱਥੇ ਨਾ ਲੱਗੇ।

ਮੇਰੇ ਪੇਕੇ ਜਾਣ ਤੋਂ ਬਾਅਦ ਹਰਦੀਪ ਨੇ ਪੁਰਾਣੀ ਕੰਮ ਵਾਲੀ ਆਂਟੀ ਨੂੰ ਜਵਾਬ ਦੇ ਕੇ ਕੰਮ ਲਈ ਇੱਕ ਕੁੜੀ ਰੱਖ ਲਈ। ਸਵੇਰੇ ਉਹ ਆਈ ਤਾਂ ਹਰਦੀਪ ਦੀਆਂ ਵਾਛਾਂ ਖਿੜ ਗਈਆਂ। ਕੁੜੀ ਕੰਮ ਕਰਦੀ ਕਰਦੀ ਹਰਦੀਪ ਨਾਲ ਹਿੜ-ਹਿੜ ਕਰਦੀ ਸੁਣੀ ਜਾਵੇ। ਪੰਦਰਾਂ ਕੁ ਮਿੰਟ ਦੋਨਾਂ ਦੀਆ ਆਵਾਜ਼ਾਂ ਨਾ ਆਈਆਂ ਤਾਂ ਮੈਂ ਉੱਠ ਕੇ ਦੇਖਣ ਚਲੀ ਗਈ। ਦੋਵੇਂ ਕਿਤੇ ਨਾ ਦਿਸੇ। ਦੂਜੇ ਕਮਰੇ ਵਿੱਚ ਵੀ ਦੇਖਿਆ ਉੱਥੇ ਵੀ ਨਹੀਂ ਸਨ ਤਾਂ ਉਦੋਂ ਹੀ ਬਾਥਰੂਮ ਦਾ ਦਰਵਾਜ਼ਾ ਖੁੱਲ੍ਹਿਆ। ਦੋਵੇਂ ਬਾਥਰੂਮ ਵਿਚੋਂ ਬਾਹਰ ਆਏ। ਮੈਨੂੰ ਸਾਹਮਣੇ ਦੇਖ ਕੁੜੀ ਨੇ ਨੀਵੀਂ ਪਾ ਝਾੜੂ ਚੁੱਕ ਲਿਆ। ਮੈਂ ਕੁੜੀ ਹੱਥੋਂ ਝਾੜੂ ਖੋਹ ਉਹਨੂੰ ਭਜਾ ਦਿੱਤਾ। ਹਰਦੀਪ ਨੂੰ ਕੁਝ ਕਹਿਣ ਲੱਗੀ ਤਾਂ ਅੱਗੋਂ ਉਹਨੇ ਮੇਰੇ ਵਾਲ ਫੜ੍ਹ ਕੰਧ ਨਾਲ ਸਿਰ ਮਾਰਿਆ। ਆਪ ਬਾਹਰ ਭੱਜ ਗਿਆ। ਮੱਥੇ ਵਿਚੋਂ ਖ਼ੂਨ ਦੀ ਤੰਤੀਰੀ ਵਗਣ ਲੱਗੀ। ਗਲੀ ਦੇ ਮੋੜ 'ਤੇ ਡਾਕਟਰ ਕੋਲੋਂ ਮੈਂ ਪੱਟੀ ਕਰਾ ਕੇ ਰੋਂਦੀ-ਰੋਂਦੀ ਨੇ ਮਾਂ ਨੂੰ ਫ਼ੋਨ ਲਾ ਲਿਆ। ਮਾਂ ਬੇਵੱਸ ਜਿਹੀ ਹੋ ਕੇ ਸਮਝਾਉਣ ਲੱਗੀ।

"ਕੋਈ ਨਾ ਧੀਏ, ਸਬਰ ਰੱਖ, ਰੱਬ ਦਿਊ ਸੁਮੱਤ ਉਹਨੂੰ ਵੀ।"

"ਤੂੰ ਘਰ ਆ ਜਾ, ਸੁੱਟੀ ਨਹੀ ਆ ਕਿਸੇ ਦੀ... ਉਹਨੂੰ ਅਸੀਂ ਆਪੇ ਵੇਖ ਲਵਾਂਗੇ, ਵੱਡੇ ਨਾਢੂ ਖਾਂ ਨੂੰ।" ਮਾਂ ਤੋਂ ਫ਼ੋਨ ਫੜ੍ਹ ਦਾਦੀ ਦੀ ਗੜ੍ਹਕਦੀ ਆਵਾਜ਼ ਨੇ ਮੇਰਾ ਹੌਂਸਲਾ ਤੇ ਖ਼ੂਨ ਦੋਵੇਂ ਵਧਾ ਦਿੱਤੇ।

ਦਾਦੀ ਦੇ ਮੇਰੇ ਪ੍ਰਤੀ ਬਦਲੇ ਇਸ ਰੂਪ ਤੋਂ ਮੈਂ ਬੜਾ ਹੈਰਾਨ ਹੋਈ। ਮਾਂ ਕਹਿੰਦੀ ਅੰਗਦ ਆ ਕੇ ਲੈ ਜੂ। ਮੈਂ ਮਨ੍ਹਾ ਕਰ ਦਿੱਤਾ। ਮੈਂ ਹੁਣ ਇਸ ਘਰ ਵਿੱਚ ਪਲ ਵੀ ਨਹੀਂ ਰੁਕਣਾ ਚਾਹੁੰਦੀ ਸੀ।

ਰਾਹ ਵਿੱਚ ਬਸ ਰੁਕੀ। ਸਵਾਰੀਆਂ ਉਤਰਨ-ਚੜ੍ਹਨ ਲੱਗੀਆਂ। ਦਰਵਾਜ਼ਾ ਖੁੱਲ੍ਹਦਿਆਂ ਹੀ ਠੰਢੀ ਸੀਤ ਹਵਾ ਦਾ ਬੁੱਲ੍ਹਾ ਬੱਸ ਅੰਦਰ ਪ੍ਰਵੇਸ਼ ਹੋਇਆ। ਸਾਰੀਆਂ ਸਵਾਰੀਆਂ ਠੰਢ ਨਾਲ ਸਿਮਟ ਗਈਆ। ਮੈਂ ਬੈਗ ਦੀ ਜ਼ਿਪ ਖੋਲ੍ਹ ਉਸ ਵਿਚੋਂ ਉਹੀ ਪਸ਼ਮੀਨੇ ਦੀ ਸ਼ਾਲ ਕੱਢੀ ਜੋ ਹਰਦੀਪ ਨੇ ਮੈਨੂੰ ਹਨੀਮੂਨ 'ਤੇ ਸ਼ਿਮਲੇ ਤੋਂ ਲੈ ਕੇ ਦਿੱਤੀ ਸੀ। ਇਹ ਇੱਕੋ-ਇਕ ਗਿਫ਼ਟ ਸੀ ਜੋ ਹਰਦੀਪ ਨੇ ਮੈਨੂੰ ਦਿੱਤਾ ਸੀ। ਇੱਕ ਮੰਗਤੀ ਨੇ ਪੈਸਿਆਂ ਲਈ ਹੱਥ ਅੱਡਿਆ ਤਾਂ ਮੈਂ ਉਹ ਪਸ਼ਮੀਨੇ ਦੀ ਸ਼ਾਲ ਉਹਦੇ ਮੋਢਿਆਂ 'ਤੇ ਦੇ ਆਪਣੇ ਆਪ ਨੂੰ ਹੌਲਾ ਮਹਿਸੂਸ ਕੀਤਾ।

ਕਹਾਣੀ

# ਔਖੇ ਜਿਹੇ ਸਾਹ

ਡਾ. ਕਰਮਜੀਤ ਸਿੰਘ ਨਡਾਲ਼ਾ



ਡਾ. ਕਰਮਜੀਤ ਸਿੰਘ ਨਡਾਲ਼ਾ

ਡਾ: ਕਰਮਜੀਤ ਸਿੰਘ ਨਡਾਲਾ: ਪੰਜਾਬੀ ਕਹਾਣੀ ਦੇ ਖੇਤਰ ਵਿਚ ਨਿਵੇਕਲਾ ਨਾਂ ਹੈ। ਜੋ ਆਪਣੇ ਹਸਪਤਾਲ ਵਿਚ ਸਟੈਥੋਸਕੋਪ ਦੇ ਨਾਲ ਨਾਲ ਕਲਮ ਵੀ ਵਾਹ ਰਿਹਾ ਹੈ। ਥਕਾਵਟ ਅਤੇ ਅਕਾਵਟ ਨੂੰ ਦਿਲਦਰੀ ਦੀਆਂ ਗੱਲਾਂ ਸਮਝਦਾ ਹੈ। 'ਮੈਂ ਕਿਓਂ ਜੀ ਰਿਹਾਂ' ਕਹਾਣੀ ਸੰਗ੍ਰਹਿ ਅਤੇ ਦੋ ਮਿੰਨੀ ਕਹਾਣੀਆਂ ਦੀਆਂ ਕਿਤਾਬਾਂ ਛਪ ਚੁੱਕੀਆਂ ਨੇ।-ਦਰਸ਼ਨ

ਸਾਰਾ ਦਿਨ ਇੱਕ ਮਿੰਟ ਦੀ ਵੀ ਵਿਹਲ ਨਹੀਂ। ਮਰੀਜ਼ਾਂ ਨੂੰ ਦੇਖ-ਦੇਖ ਅੱਕੇ ਪਏ ਨੂੰ ਕਦੇ-ਕਦੇ ਅਚਵੀ ਜਿਹੀ ਹੋਣ ਲੱਗਦੀ। ਕਦੇ ਮਾਨਸਿਕ ਥਕਾਵਟ/ਘਬਰਾਹਟ। ਸਰੀਰ ਚੂਰ-ਚੂਰ ਜਿਹਾ ਹੋਇਆ ਪਿਆ। ਜੀਅ ਕਰਦਾ ਇਸ ਕਰੋਨਾ ਮਹਾਂਮਾਰੀ ਦੇ ਕੰਜਰਖਾਨੇ 'ਚੋਂ ਕਿਤੇ ਦੂਰ ਦੌੜ ਜਾਵਾਂ। ਪਰ ਕਿੱਥੇ ਜਾਵਾਂ। ਸਭ ਪਾਸੇ ਤਾਂ ਹਾਹਾਕਾਰ ਮੱਚੀ ਹੋਈ। ਡੈਣ ਦੇ ਕੁੱਛੜ ਨਿਆਣਾ। ਹੁਣ ਤਾਂ ਹਰ ਕੋਈ ਕਰੋਨਾ ਦੇ ਵੱਸ ਪਿਆ ਹੋਇਆ। ਕਰੋਨਾ ਮਹਾਰਾਜ ਦੀ ਮਰਜ਼ੀ, ਕਿਹਨੂੰ ਬੀਮਾਰ ਕਰੇ। ਕਿਹਨੂੰ ਮਾਰੇ। ਕਿਹਨੂੰ ਛੱਡੇ।

ਪਰ ਮੇਰੇ ਤਨ-ਮਨ ਅੰਦਰ ਇੱਕ ਹੋਰ ਹੀ ਚੀਚ-ਘਚੋਲੇ ਨੇ ਘਮਸਾਨ ਮਚਾਇਆ ਹੋਇਆ। ਕਹਾਣੀ ਲਿਖਣ ਲਈ ਮੇਰਾ ਲੇਖਕ ਮਨ ਵਿਆਕੁਲ ਹੋਇਆ ਪਿਆ। ਮਰੀਜ਼ ਦੇਖਦਿਆਂ ਵੀ ਲਾਗੇ ਪਈ ਕਹਾਣੀ ਦੀ ਫ਼ਾਈਲ ਵੱਲ ਕੁਣੱਖਾ ਜਿਹਾ ਝਾਕਦਾ। ਕੰਮ ਦਾ ਤਾਂ ਲੋਡ ਹੀ ਬੜਾ। ਲਿਖਣਾ-ਸੋਧਣਾ ਕੀ, ਕੋਈ ਚਾਅ ਹੀ ਨਹੀਂ ਚੜ੍ਹਦਾ। ਬਹੁਤਾ ਪੈਸਾ ਦੇਖਕੇ ਸਰੂਰ ਤਾਂ ਚੜ੍ਹਦਾ ਈ ਨਹੀਂ। ਹਾਸਾ ਤਾਂ ਹੁਣ ਆਉਂਦਾ ਹੀ ਨਹੀਂ। ਦਿਲ ਉੱਡੂ-ਉੱਡੂ ਜਿਹਾ ਕਰਦਾ ਰਹਿੰਦਾ। ਖੌਰੇ ਬੰਦਾ ਆਪਣੇ-ਆਪ ਨਾਲ ਕਿਵੇਂ ਹੱਸ ਲੈਂਦਾ। ਪਰ ਮੇਰੇ ਅੰਦਰ ਤਾਂ ਜਿਵੇਂ ਕੋਈ ਚੁੱਪ-ਚੁਪੀਤਾ ਤੁਫ਼ਾਨ ਮੰਚ ਰਿਹਾ ਹੋਵੇ। ਇਹ ਚੁੱਪ ਮੈਨੂੰ ਪਾਗਲ ਕਰ ਦੇਵੇਗੀ।

ਪਿਛਲੇ ਸਾਲ ਪਹਿਲੀ ਵੇਵ 'ਚ ਤਾਂ ਸਿਰਫ਼ ਕਰੋਨਾ ਦੀ ਦਹਿਸ਼ਤ ਹੀ ਸੀ, 'ਬਈ ਸ਼ੇਰ ਆ ਗਿਆ... ਆ ਗਿਆ' ਦਾ ਡਰ ਭਾਰੂ ਰਿਹਾ। ਪਰ ਦੂਸਰੀ ਵੇਵ 'ਚ ਤਾਂ ਸ਼ੇਰ ਸੱਚਮੁੱਚ ਆ ਗਿਆ। ਜਿਵੇਂ ਕਰੋਨਾ ਵਾਇਰਸ ਪਾਸੇ ਜਗ੍ਹਾ ਮੱਲੀ ਬੈਠਾ, ਮੂੰਹ ਚਿੜ੍ਹਾ ਰਿਹਾ ਹੋਵੇ। ਹੁਣ ਬਾਕੀ ਆਮ ਹੁੰਦੀਆਂ ਬਿਮਾਰੀਆਂ ਜਿਵੇਂ ਖ਼ਤਮ ਹੋ ਗਈਆਂ ਹੋਣ। ਬਸ ਕਰੋਨਾ ਦੀ ਇਨਫੈਕਸ਼ਨ ਨੇ ਫ਼ੇਫੜਿਆਂ ਨੂੰ ਘੇਰਿਆ ਹੋਇਆ। ਹਰ ਕੋਈ ਬੁਖ਼ਾਰ ਨਾਲ ਤਪਦਾ/ਖੰਘਦਾ/ਛਾਤੀ 'ਤੇ ਹੱਥ ਰੱਖੀ ਹਸਪਤਾਲ ਨੂੰ ਭੱਜਿਆ ਆ ਰਿਹਾ, ਜਿਵੇਂ ਕਰੋਨਾ ਫੇਫੜਿਆਂ ਅੰਦਰ ਵੜਕੇ ਸਾਹ ਨਾਲੀਆਂ 'ਤੇ ਜ਼ੁਲਮ ਕਰਦਾ, ਤੜਫ਼ਾਅ-ਤੜਫ਼ਾਅ ਜਾਨ ਕੱਢ ਰਿਹਾ ਹੋਵੇ। ਖੌਰੇ ਰੱਬ ਮਨੁੱਖਾਂ ਤੋਂ ਕੁਝ ਜ਼ਿਆਦਾ ਹੀ ਹੋ ਗਈਆਂ ਗਲਤੀਆਂ ਤੋਂ ਔਖਾ ਹੋਇਆ ਪਿਆ। ਹੋ ਸਕਦਾ ਇਹਨਾਂ ਭੁੱਲਣਾ ਕਰਕੇ ਹੀ ਹਿੱਕ 'ਤੇ ਚੜ੍ਹਕੇ ਗੁੱਸਾ ਕੱਢਦਾ, ਤਸੀਹੇ ਦੇ ਰਿਹਾ ਹੋਵੇ। ਬੰਦੇ ਨੂੰ ਬੰਦੇ ਦਾ ਪੁੱਤ ਬਣਾਉਣ ਲਈ ਉਤਾਵਲਾ ਹੋਇਆ ਪਿਆ। ਰੱਬ ਨਾਲ ਆਢਾ ਬੰਦੇ ਨੂੰ ਮਹਿੰਗਾ ਪੈਂਦਾ ਜਾ ਰਿਹਾ।

ਰਾਤ ਨੂੰ ਘਰੇ ਆ ਕੇ ਸਾਰੇ ਦਿਨ ਦੇ 'ਕੱਠੇ ਕੀਤੇ ਰੁਪਈਏ

ਸੜੇ ਬਾਜ਼ਾਰ ਦਿਸਦੇ ਨੇ, ਤੇਰੀ ਨਗਰੀ 'ਚ ਹੁਣ ਯਾਰਾ।
ਮਸਾਂ ਦੋ-ਚਾਰ ਦਿਸਦੇ ਨੇ, ਤੇਰੀ ਨਗਰੀ 'ਚ ਹੁਣ ਯਾਰਾ। -(ਅਗਲੇ ਸਫ਼ੇ 'ਤੇ)

ਗਿਣਦਾ। ਪਰ ਦਿਲ ਡਰਦਾ ਕਿਤੇ ਕਰੋਨਾ ਦਾ ਸੂਖ਼ਮ ਜੀਵ ਨੋਟਾਂ 'ਚ ਵੜਿਆ ਬੈਠਾ, ਭੁੜਕ ਕੇ ਮੂੰਹ ਅੰਦਰ ਨਾ ਆ ਵੜੇ। ਇਹ ਕੰਜਰ ਤਾਂ ਕਿਤੇ ਅੱਖ ਨਾਲ ਵੀ ਨਹੀਂ ਦਿਸਦਾ, ਖੌਰੇ ਕਿੱਥੇ-ਕਿੱਥੇ ਬੈਠਾ ਹੋਇਆ। ਅਜੀਬ ਹੀ ਮਹੌਲ ਬਣਿਆ ਪਿਆ। ਮਿਲਣਾ-ਗਿਲਣਾ ਤਾਂ ਕਿਸੇ ਕੀ। ਹੁਣ ਤਾਂ ਬੰਦਾ ਹੀ ਬੰਦੇ ਨੂੰ ਦੇਖਕੇ ਰੁੱਸੀ ਰੰਨ ਵਾਂਗੂੰ ਮੂੰਹ ਵੱਟਕੇ ਪਰ੍ਹੇ ਨੂੰ ਲੰਘਦਾ। ਇਹਨਾਂ ਬੇਕਿਰਕ ਹਾਲਾਤਾਂ ਨੇ ਮਨੁੱਖ ਦਾ ਸਰੂਪ ਹੀ ਧਰਤੀ 'ਤੇ ਭੁਰਭੁਰਾ ਜਿਹਾ ਕਰ ਦਿੱਤਾ ਹੋਇਆ। ਪਤਾ ਨਹੀਂ ਹੁਣ ਕਿਹੜੇ ਪਾਸਿਉਂ ਆਉਂਦੀ ਮੌਤ, ਕਿਸ ਵੇਲੇ ਤੇ ਕਿੱਥੇ ਦੱਬ ਲਵੇ। ਓ.ਪੀ.ਡੀ. 'ਚ ਹੀ ਬੈਠਾ ਵੀ ਘੜੀ-ਮੁੜੀ ਮੂੰਹ ਲੱਗੇ ਮਾਸਕ ਅੰਦਰ ਹੀ ਲੰਬੇ-ਲੰਬੇ ਸਾਹ ਲੈਂਦਾ, ਆਪਣੇ-ਆਪ ਨੂੰ ਠੀਕ-ਠਾਕ ਹੋਣ ਦਾ ਭਰਮ ਪਿਆ ਪਾਲਦਾ।

ਨਰਸਾਂ ਨੂੰ ਨਾਲ ਲੈ ਕੇ ਅੰਦਰ ਇੰਨਡੋਰ 'ਚ ਪਏ ਮਰੀਜ਼ਾਂ ਨੂੰ ਜਾ ਚੈੱਕ ਕਰਦਾ। ਕਿਵੇਂ ਬੰਦੇ ਮੌਤ ਦੇ ਜੁਬਾੜੇ 'ਚ ਪਏ ਹੋਏ। ਜਿਹੜੇ ਆਕਸੀਜਨ ਟੀਕੇ ਗੁਲੂਕੋਜ਼ 'ਚੋਂ ਜ਼ਿੰਦਗੀ ਦੀਆਂ ਕੁਝ ਹੋਰ ਘੜੀਆਂ ਭਾਲ ਰਹੇ। ਵੇਟਿੰਗ ਹਾਲ 'ਚ ਵੀ ਮਰੀਜ਼ ਹੀ ਮਰੀਜ਼। ਉਨ੍ਹਾਂ ਤੋਂ ਦੂਰੀ ਬਣਾ ਕੇ ਲੰਘਦਾਂ। ਇਸ ਜਾਲ 'ਚ ਆਇਆ/ਫ਼ਸਿਆ ਮਰੀਜ਼ ਹੀ ਨਹੀਂ ਮਰਦਾ। ਡਾਕਟਰ ਵੀ ਮੌਤ ਦੇ ਬੂਥੇ ਆਏ ਹੋਏ।

ਸੋਚਦਾਂ ਕਿੰਨੇ ਮਹੀਨੇ ਹੋ ਗਏ ਕਹਾਣੀ ਤਿਆਰ ਹੀ ਨਹੀਂ ਹੋ ਸਕੀ। ਦਿਲ ਨੂੰ ਖੋਹ ਜਿਹੀ ਪੈਂਦੀ। ਭਾਵ ਕਹਾਣੀ ਪੜ੍ਹਨੀ ਤੇ ਲਿਖਣੀ। ਇਸਤੋਂ ਬਗੈਰ ਰਹਿ ਵੀ ਨਹੀਂ ਸਕਦਾ। ਵਰ੍ਹੇ ਹੋ ਗਏ, ਡਾਕਟਰੀ ਤੇ ਸਾਹਿਤ ਦੀਆਂ ਦੋ ਬੇੜੀਆਂ 'ਚ ਸਵਾਰ ਹੋਇਆ। ਨਿਰੰਤਰ ਤੁਰਿਆ ਜਾ ਰਿਹਾਂ ਕਹਿੰਦੇ ਦੋ ਬੇੜੀਆਂ 'ਚ ਪੈਰ ਰੱਖਣ ਵਾਲੇ ਅਕਸਰ ਡੁੱਬ-ਮਰ ਜਾਂਦੇ। ਪਾਰ ਨਹੀਂ ਲੱਗਦੇ। ਪਰ ਮੈਂ ਡੁੱਬਣ ਤੋਂ ਅਜੇ ਬਚਿਆ ਹੋਇਆਂ। ਹੁਣ ਤਾਂ ਮੌਤ ਰੂਪੀ ਤੀਜੀ ਕਰੋਨਾ ਦੀ ਬੇੜੀ ਦੇ ਵੀ ਚੱਪੂ ਮਾਰਨ ਡਿਹਾਂ। ਲੱਗਦਾ ਦੋ ਟੰਗਾਂ ਵਾਲੇ ਨੂੰ ਹੁਣ ਤੀਜੀ ਨੇ ਤਾਂ ਥਕਾ-ਥਕਾ ਹਫ਼ਾ ਹੀ ਦਿੱਤਾ ਹੋਇਆ। ਜਿਵੇਂ ਮੇਰੀ ਬੇਵਾਹ ਹੁੰਦੀ ਜਾ ਰਹੀ ਹੋਵੇ।

ਪਰ ਇੱਕ ਗੱਲੋਂ ਹੈਰਾਨ ਵੀ ਹਾਂ, ਪਹਿਲਾਂ ਵਿਸ਼ੇ ਲੱਭਣ ਲਈ ਖੋਜ ਕਰਨੀ ਪੈਂਦੀ ਸੀ। ਹੁਣ ਦੇਖਦਾਂ, ਇਸ ਗੱਲੋਂ ਮੌਜ ਹੋ ਗਈ, ਆਲੇ-ਦੁਆਲੇ ਕਹਾਣੀਆਂ ਹੀ ਕਹਾਣੀਆਂ। ਵਿਸ਼ੇ ਹੀ ਵਿਸ਼ੇ। ਪਰ ਤੰਦ ਕਿਧਰੋਂ ਪਾਵਾਂ। ਕਿਧਰੋਂ ਫੜਾਂ ਤੇ ਕਿਧਰੋਂ ਛੱਡਾਂ। ਸਮਝ ਨਹੀਂ ਲੱਗ ਰਹੀ। ਕਿਉਂਕਿ ਮਰੀਜ਼ ਔਖੇ ਸਾਹ ਲੈਂਦੇ। ਤੜਫਦੇ। ਇੱਕ ਉਦਾਸ ਤੇ ਮਰੀ-ਮੁੱਕੀ ਜਿਹੀ ਕਹਾਣੀ ਬਣੇ ਹੋਏ। ਜਿਵੇਂ ਇਹਨਾਂ ਦੇ ਸਾਹਾਂ 'ਚੋਂ ਨਿਕਲਦੇ ਕਰੋਨਾ ਦੇ ਕਿਟਾਣੂ ਹਸਪਤਾਲ ਦੀਆਂ ਕੰਧਾਂ 'ਤੇ ਸਿਉਂਕ ਵਾਂਗੂੰ ਰੀਂਘਦੇ ਫਿਰਦੇ ਮਹਿਸੂਸ ਹੁੰਦੇ। ਲੋਕ ਤਾਂ ਅੱਗੇ ਹੀ ਦੁਖੀ ਹੋਏ ਵਿਲਕ ਰਹੇ। ਇਹਨਾਂ ਹਾਲਾਤਾਂ 'ਚ ਕਹਾਣੀ ਲਿਖਣੀ ਤਾਂ ਕੀ, ਪੜ੍ਹਨ ਦਾ ਸਮਾਂ ਵੀ ਕਿੱਥੇ।

ਪਰ ਮੇਰੇ ਅੰਦਰ ਏਨੀ ਕਾਹਲ ਕਿ ਜਲਦੀ-ਜਲਦੀ ਕੋਈ ਕਹਾਣੀ ਲਿਖਾਂ ਅਤੇ ਮੈਗਜ਼ੀਨ ਨੂੰ ਭੇਜਾਂ। ਕਹਾਣੀ ਛਪੇ ਨੂੰ ਹੁਣ ਕਈ ਮਹੀਨੇ ਹੋ ਗਏ। ਦੋਸਤਾਂ-ਮਿੱਤਰਾਂ ਦੀਆਂ ਕਹਾਣੀਆਂ ਰਸਾਲਿਆਂ 'ਚ ਛਪੀਆਂ ਦੇਖਦਾਂ-ਪੜ੍ਹਦਾਂ ਤਾਂ ਮਨ 'ਚ ਜੈਲਸੀ ਹੁੰਦੀ। ਇਹੋ ਜਿਹੀ ਤਾਂ ਮੈਨੂੰ ਲਿਖਣੀ ਚਾਹੀਦੀ ਸੀ। ਕਿਉਂ ਨਹੀਂ ਲਿਖ ਸਕਿਆ। ਏਨੇ ਨੂੰ ਹੋਰ ਰਸਾਲਾ ਡਾਕ ਰਾਹੀਂ ਆ ਜਾਂਦਾ। ਕਿਸੇ ਹੋਰ ਕਹਾਣੀਕਾਰ ਦੋਸਤ ਦੀ ਚੰਗੀ ਛਪੀ ਕਹਾਣੀ ਮੈਨੂੰ ਵਲੂੰਧਰ ਕੇ ਸੁੱਟ ਦੇਂਦੀ। ਮੈਂ ਕਿਉਂ ਔੜ ਮਾਰੇ ਇਲਾਕੇ ਵਾਂਗੂੰ ਬੰਜਰ ਹੋਇਆ ਬੈਠਾਂ। ਕਿਉਂ ਪਛੜਿਆ ਹੋਇਆਂ।

ਮੇਰੇ ਦੁਆਲੇ ਕਿੰਨਾ ਕੁਝ ਟੁਕੜਿਆਂ 'ਚ ਖਿਲਰਿਆਂ-ਪਲਰਿਆ ਜਿਹਾ ਪਿਆ ਹੋਇਆ। ਜੋ ਕੁਰੇਦਦਾ ਪਿਆ ਰਹਿੰਦਾ। ਲਿਖਣ ਲਈ ਹੁੱਝਾਂ ਮਾਰਦਾ। ਦਿਮਾਗ਼ 'ਚ ਖਲਲ ਪਾਈ ਰੱਖਦਾ। ਕਈ ਵਾਰ ਜਾਪਦਾ, ਕੁਝ ਕੁ ਕਹਾਣੀਆਂ ਲਿਖਕੇ ਕਿਤੇ ਮੇਰੇ ਅੰਦਰਲੇ ਕਹਾਣੀਆਂ ਵਾਲੇ ਕਣ ਤਾਂ ਨਹੀਂ ਮੁੱਕ ਗਏ। ਹੁਣ ਸਾਮ੍ਹਣੇ ਦਿਸਦੀ ਮੌਤ ਵਾਲੇ ਹਾਲਾਤਾਂ 'ਚ ਕਿੱਥੇ ਲਿਖੀ ਜਾਣੀ ਕਹਾਣੀ। ਹਫ਼ੜਾ-ਦਫ਼ੜੀ 'ਚ ਡਰੇ ਹੋਏ ਪਾਤਰ ਤਾਂ ਮਰੀਜ਼ ਬਣੇ ਸਹਿਕ ਰਹੇ। ਰਹਿੰਦੇ ਘਬਰਾਏ ਤੇ ਘਰਾਂ 'ਚ ਲੁਕੇ ਹੋਏ। ਇਧਰ ਡਰਿਆ ਹੋਇਆ ਡਾਕਟਰ, ਜਿਸਦੇ ਡਰੇ ਹੋਏ ਦਿਮਾਗ਼ 'ਚ ਵੜਿਆ ਕਰੋਨਾ ਦਾ ਕੀੜਾ ਜ਼ਰ ਲਾਅ ਰਿਹਾ। ਉਹੋ ਜਿਹਾ ਕਹਾਣੀਕਾਰ ਫਿਰ ਕੀ ਲਿਖੂ ਕਹਾਣੀ।

ਲੋਕ ਮੇਰੇ ਅੱਗੇ ਇਵੇਂ ਹੱਥ ਜੋੜਦੇ ਜਿਵੇਂ ਉਨ੍ਹਾਂ ਦੇ ਮਰੀਜ਼ਾਂ ਨੂੰ ਬਚਾਉਣ ਵਾਲਾ ਦੂਜਾ ਰੱਬ ਹੋਵਾਂ। ਪਰ ਮੈਨੂੰ ਆਪਣੇ-ਆਪ 'ਤੇ ਤਰਸ ਪਿਆ ਆਉਂਦਾ। ਕਿੱਥੇ ਰੱਬ ਸਾਂ। ਮੈਂ ਤਾਂ ਮੌਤ ਤੋਂ ਡਰਦਾ ਘੜੀ-ਮੁੜੀ ਹੱਥ ਸਾਬਣ ਤੇ ਸੈਨੇਟਾਈਜ਼ਰ ਨਾਲ ਧੋਈ ਜਾਣ ਵਾਲਾ ਲਾਚਾਰ ਮਨੁੱਖ ਹਾਂ। ਬਾਹਰੋਂ ਸ਼ੇਰ ਜਾਪਦਾ। ਪਰ ਅੰਦਰਲੀ ਹਾਲਤ ਗਿੱਦੜ ਵਰਗੀ ਬਣੀ ਹੋਈ ਆ। ਇਹੋ ਜਿਹੇ ਗੰਧਲੇ ਮਹੌਲ 'ਚ ਕਹਾਣੀ ਹੋਰ ਵੀ ਦੂਰ ਭੱਜਦੀ। ਕਹਾਣੀ ਤਾਂ ਸ਼ਾਂਤ ਮਹੌਲ 'ਚ ਠੰਢੇ ਦਿਮਾਗ਼ ਨਾਲ ਵਿਚਰਦਿਆਂ ਨੇੜੇ-ਨੇੜੇ ਖਿੱਚੀ ਪਈ ਤੁਰੀ ਆਉਂਦੀ। ਜਿਵੇਂ ਪੀਉਂ-ਪੀਉਂ... ਕਰਦੇ ਪੰਛੀ ਦੀ ਆਵਾਜ਼ ਫ਼ਿਜ਼ਾਂ 'ਚ ਫ਼ੈਲਦੀ। ਫਿਰ ਉਸਦੀ ਮਹਿਬੂਬਾਂ ਪੱਤਿਆਂ ਉਹਲੇ ਛੁਪੀ, ਚੌਕੰਨੀ ਹੁੰਦੀ, ਆਪਣੇ ਮਹਿਬੂਬ ਵੱਲ ਆਪ-ਮੁਹਾਰੀ ਹੀ ਉੱਡਦੀ ਆ ਜਾਵੇ।

ਅਗਲੇ ਦਿਨੀਂ ਸਵੇਰੇ ਸੱਤ ਵਜੇ ਉੱਠਿਆਂ। ਤਨ-ਮਨ ਨਿਢਾਲ ਜਿਹਾ ਹੋਇਆ ਪਿਆ। ਜੀਅ ਕੀਤਾ ਇਵੇਂ ਹੀ ਬੈੱਡ 'ਤੇ ਕੰਬਲ ਲਈ ਗੁੱਛਾ-ਮੁੱਛਾ ਹੋਇਆ ਪਿਆ ਰਹਾਂ। ਬਾਹਰ ਨਿਕਲਣ ਨੂੰ ਤਾਂ ਮਨ ਨਹੀਂ ਮੰਨਦਾ। ਜਾਪਦਾ ਮੌਤ ਆਸ-ਪਾਸ ਹੀ ਤੁਰੀ ਫਿਰਦੀ, ਕਿਤੇ ਦਬੋਚ ਨਾ ਲਵੇ। ਬਾਕੀ ਜੀਅ ਅਜੇ ਵੀ ਸੁੱਤੇ ਪਏ ਹੋਏ।

ਅੱਜ ਕਿੰਨੇ ਦਿਨਾਂ ਬਾਅਦ, ਛੱਤ ਦੇ ਵਿਹੜੇ 'ਚ ਸੈਰ ਕਰ ਰਿਹਾਂ। ਬੁੱਢਿਆਂ ਵਾਲੀ ਮਿੱਠੀ ਤੋਰ। ਪਰ ਬਹੁਤਾ ਸੁਆਦ ਨਹੀਂ ਆ ਰਿਹਾ। ਜਿਵੇਂ ਆਲੇ-ਦੁਆਲੇ 'ਚ ਹੁਮੰਸ ਵਰਗੀ ਦਹਿਸ਼ਤ ਹੋਵੇ। ਅਚਾਨਕ ਮੇਰਾ ਧਿਆਨ ਬੈੱਡ ਰੂਮ ਦੀ ਸਾਈਡ ਵਾਲੀ ਕੰਧ ਵਲ ਗਿਆ। ਉੱਥੇ ਲੱਗੇ ਏ.ਸੀ. ਦੇ ਕੰਪਰੈਸ਼ਰ 'ਤੇ ਕਬੂਤਰਾਂ ਨੇ ਆਲ੍ਹਣਾ ਪਾਇਆ ਹੋਇਆ। ਜਿਵੇਂ ਉੱਪਰ ਤੀਲਿਆਂ ਦੀ ਕਿਸੇ ਪੰਡ ਲਿਆ ਸੱਟੀ ਹੋਵੇ। ਹਾਲਾਤ ਇਹ ਬਣੇ ਹੋਏ, ਜਿਵੇਂ ਰੁੱਸੀ ਰੰਨ ਝਾਟਾ ਖਿਲਾਰੀ, ਵਿੱਚੋਂ ਆਲਾ-ਦੁਆਲਾ ਤਾੜ ਰਹੀ ਹੋਵੇ।

ਖੌਰੇ ਪੰਛੀ ਕਿੰਨੇ ਦਿਨਾਂ ਤੋਂ ਤੀਲੇ ਪੱਤੇ ਸੇਬੇ 'ਕੱਠੇ ਕਰ ਰਹੇ। ਮੈਨੂੰ ਵੇਖ ਹੋਰੂ-ਹੋਰੂ ਜਿਹਾ ਝਾਕਦੇ, ਚੌਕੰਨੇ ਜਿਹੇ ਹੋ ਗਏ ਜਾਪੇ। ਕਬੂਤਰ ਵੀ ਅੱਜਕਲ੍ਹ ਬੜੀ ਤਪਸ਼ ਨੂੰ ਮੰਨਣ ਲੱਗ ਪਏ। ਏਸੇ ਲਈ ਆਉਣ ਵਾਲੀਆਂ ਗਰਮੀਆਂ ਲਈ ਏ.ਸੀ. ਦੇ ਕੰਪਰੈਸ਼ਰ ਨੂੰ ਹੀ ਚੁਣਿਆ। ਲੈਂਟਰ ਥੱਲੇ ਆਲ੍ਹਣਾ ਬਣਾ ਧਰਿਐ।

ਜਿਨ੍ਹਾਂ ਬੇਝਿਜਕ ਸਿਰ ਆਪਣਾ, ਤਲੀ 'ਤੇ ਰੱਖਿਆ ਹੋਵੇ,
ਉਹ ਘੱਟ ਸਿਰਦਾਰ ਨੇ, ਤੇਰੀ ਨਗਰੀ 'ਚ ਹੁਣ ਯਾਰਾ। -ਸੁਰਿੰਦਰ ਸਿੰਘ ਸੁਮਨ

ਰੁੱਖ ਚੰਗੇ ਨਹੀਂ ਲੱਗਦੇ ਹੋਣੇ। ਖੌਰੇ ਧੁੱਪਾਂ ਤੇ ਹਨੇਰੀਆਂ ਕਰਕੇ ਹਰ ਵੇਲੇ ਆਲ੍ਹਣਿਆਂ ਦੇ ਡਿੱਗਣ-ਢਹਿਣ ਦਾ ਖਤਰਾ ਬਣਿਆ ਰਹਿੰਦਾ। ਇਹ ਵੀ ਸਮੇਂ ਨਾਲ ਕਿੰਨੇ ਸਿਆਣੇ ਹੋ ਗਏ। ਨਾਲੇ ਲੋਕਾਂ ਰੁੱਖ ਛੱਡੇ ਵੀ ਕਿੰਨੇ ਕੁ। ਜਿੱਧਰ ਦੇਖੋ ਧਰਤੀ ਰੁੰਡ-ਮਰੁੰਡ ਹੋਈ ਪਈ। ਨਾ ਸਾਫ਼ ਪਾਣੀ। ਨਾ ਸ਼ੁੱਧ ਹਵਾ।

ਚਲੋ ਇਹ ਤਾਂ ਠੀਕ ਏ, ਪਰ ਇਵੇਂ ਕੋਠੀ ਦੀ ਕੰਧ ਕਿੰਨੀ ਬੁਰੀ ਗੱਲ ਰਹੀ। ਕੋਈ ਰਿਸ਼ਤੇਦਾਰ ਦੋਸਤ-ਮਿੱਤਰ ਆ ਜਾਵੇ ਤਾਂ ਕੀ ਕਹੂ। ਦਲਿੱਦਰ ਦੇ ਮਾਰਿਆਂ ਕੋਲ ਏਨੀ ਵੀ ਹਿੰਮਤ ਨਹੀਂ, ਲਾਹ ਕੇ ਪਰ੍ਹੇ ਸੁੱਟਣ। ਇਵੇਂ ਤਾਂ ਕੰਪਰੈਸ਼ਰ ਖ਼ਰਾਬ ਹੀ ਹੋਊ, ਸਾਫ਼ ਪਿਆ ਦਿਸਦਾ। ਤਾੜੀ ਮਾਰਦਿਆਂ ਹਲਾ-ਹਲਾ ਕੀਤਾ। ਦੋਵੇਂ ਬਾਹਰ ਨਿਕਲ ਫ਼ੜ-ਫ਼ੜ ਕਰਕੇ ਸੜਕ 'ਤੇ ਲੱਗੇ ਪਿੱਪਲ ਵਲ ਭੱਜੇ। ਚੀਨੇ ਕਬੂਤਰ। ਇਹਨਾਂ ਚੀਨਿਆਂ ਨੇ ਤਾਂ ਅੱਗੇ ਹੀ ਦੁਨੀਆਂ ਨੂੰ ਵਖ਼ਤ ਪਾਇਆ ਹੋਇਆ। ਇਹ ਤਾਂ ਮੈਨੂੰ ਵੀ ਨਹੀਂ ਪਤਾ ਚਿੱਟੇ ਰੰਗ ਕਰਕੇ ਕਹਿੰਦੇ ਜਾਂ ਕਿਸ ਕਰਕੇ। ਪਰ ਇਹਨਾਂ ਦਾ ਨਾਂ ਚੀਨੇ ਕਬੂਤਰ ਕਿਉਂ ਪਿਆ ਹੋਊ। ਹੋ ਸਕਦਾ ਕਦੇ ਇਹਨਾਂ ਦੇ ਵੱਡੇ-ਵਡੇਰੇ ਚੀਨ ਤੋਂ ਹੀ ਆਏ ਹੋਣ। ਬਾਕੀ ਰੱਬ ਜਾਣੇ। ਪਰ ਕਰੋਨਾ ਵੀ ਤਾਂ ਚੀਨ ਤੋਂ ਹੀ ਸ਼ੁਰੂ ਹੋਇਆ। ਚੀਨ ਹੀ ਕਰੋਨਾ ਦਾ ਜਨਮ ਦਾਤੈ। ਸਾਰੀ ਦੁਨੀਆਂ ਚੀਨਿਆਂ ਨੂੰ ਗਾਲ੍ਹਾਂ ਪਈ ਕੱਢ ਰਹੀ। ਉਸਨੂੰ ਸਾਮ੍ਹਣੇ ਬੈਠੇ ਕਬੂਤਰ ਚੀਨ ਦੇ ਭੇਜੇ ਯਮਦੂਤ ਹੀ ਲੱਗੇ। ਜਿਹੜੇ ਉਸਦੇ ਘਰ 'ਚ ਆ ਡੇਰਾ ਜਮਾਈ ਬੈਠੇ ਹੋਏ। ਇਹਨਾਂ ਦਾ ਏਥੇ ਹੋਣਾ ਮੈਨੂੰ ਸ਼ੁਭ-ਸ਼ਗਨ ਨਹੀਂ ਜਾਪਦਾ।

ਉਸਦੇ ਅੰਦਰ ਚੀਨਿਆਂ ਪ੍ਰਤੀ ਹੋਰ ਵੀ ਗੁੱਸਾ ਭਰ ਗਿਆ। ਜੇ ਹੁਣੇ ਹੀ ਮੇਰੇ ਹੱਥ ਪਿਸਤੌਲ ਹੋਵੇ ਤਾਂ ਇਨ੍ਹਾਂ ਨੂੰ ਗੋਲੀਆਂ ਮਾਰ-ਮਾਰ ਭੁੰਨ ਦੇਵਾਂ। ਉਸਨੂੰ ਚੀਨ ਜਾਂ ਚੀਨ ਦੇ ਨਾਂ ਵਾਲੀ ਹਰੇਕ ਵਸਤੂ ਤੋਂ ਹੀ ਨਫ਼ਰਤ ਹੋਈ ਪਈ। ਓਹੁੱਪਰ ਪਿੱਪਲ 'ਤੇ ਬੈਠੇ ਕਬੂਤਰ ਖੌਰੇ ਕੀ ਸੋਚ ਰਹੇ। ਪਰ ਦੋਵੇਂ ਉਵੇਂ ਹੀ ਚੁੱਪ-ਚਾਪ ਸ਼ਾਂਤ ਤੇ ਉਦਾਸ ਜਿਹੇ। ਕੋਈ ਖ਼ਰੂਦ ਵੀ ਨਹੀਂ ਕਰ ਰਹੇ। ਤੜਫ ਤਾਂ ਉਹ ਆਪ ਹੀ ਰਿਹਾ ਸੀ।

ਆਲ੍ਹਣੇ ਦੇ ਥੱਲੇ ਬਿੱਠਾਂ ਦਾ ਢੇਰ ਲੱਗਾ ਹੋਇਆ। ਨਾ ਸਹਿਣਯੋਗ ਬਦਬੂ ਆ ਰਹੀ। ਉਸਨੇ ਲਾਗੇ ਪਿਆ ਫ਼ਰਸ਼ ਸਾਫ਼ ਕਰਨ ਵਾਲਾ ਵਾਈਪਰ ਫੜਿਆ, ਉੱਪਰ ਨੂੰ ਘੁਮਾ ਦਿੱਤਾ। ਸਕਿੰਟਾਂ 'ਚ ਹੀ ਸਾਰਾ ਆਲਣਾ ਤੀਲਾ-ਤੀਲਾ ਹੁੰਦਾ ਹੇਠਾਂ ਢੇਰ ਹੋ ਗਿਆ। ਇੱਕ ਦਿਨ ਛੋਟੇ ਭਰਾ ਨੇ ਅਚਨਚੇਤ ਸ਼ਿਕਾਇਤ ਕੀਤੀ, ਉਸਨੂੰ ਦੋ ਕੁ ਦਿਨ ਤੋਂ ਖੰਘ ਆ ਰਹੀ ਤੇ ਬੁਖ਼ਾਰ ਵੀ ਚੜ੍ਹ ਰਿਹਾ। ਚਲੋ ਮਾੜੀ-ਮੋਟੀ ਖੰਘ, ਬੁਖ਼ਾਰ ਅੱਜਕਲ੍ਹ ਹਰੇਕ ਨੂੰ ਹੀ ਹੋ ਰਿਹਾ। ਠੀਕ ਹੋ ਜੂ ਦਿਹਾੜੀ ਡੰਗ 'ਚ। ਉਸਦੇ ਘਰੇ ਹੀ ਦਵਾਈ ਦੇ ਕੇ ਇੱਕ ਕਮਰੇ 'ਚ ਟਿਕੇ ਰਹਿਣ ਲਈ ਹਦਾਇਤਾਂ ਕਰ ਆਇਆ।

ਅਗਲੇ ਦਿਨ ਫਿਰ ਸੈਰ ਕਰਨ ਲਈ ਮੂਡ ਬਣਿਆ। ਉਸਦਾ ਧਿਆਨ ਕੋਰਨਰ ਵੱਲ ਗਿਆ। ਤੀਲੇ ਤੇ ਕੱਖ ਫਿਰ ਲਿਆ ਕੇ ਫਸਾਏ ਹੋਏ। ਵਿੱਚ ਬੈਠੇ ਕਬੂਤਰ ਗੁਟਕ ਰਹੇ ਤੇ ਅਜਬ ਜਿਹੀਆਂ ਹਰਕਤਾਂ ਕਰ ਰਹੇ। ਦੋਵੇਂ ਹਵਾ ਪਿਆਜ਼ੀ ਹੋਵੇ ਖੰਭ ਖਿਲਾਰਦੇ ਆਪੇ ਹੀ ਬਾਹਰ ਨਿਕਲ ਆਏ। ਛੂਹਾ-ਛੂਹੀ ਕਰਨ ਲੱਗੇ। ਫਿਰ ਅਸਮਾਨੇ ਉੱਚੀ ਉਡਾਣ ਫੜ ਲਈ। ਦੂਰੋਂ ਟਿਮਟਿਮਾਉਂਦੇ ਤਾਰਿਆਂ ਵਰਗੇ ਲੱਗਣ ਲੱਗੇ। ਜਦੋਂ ਥੱਕੇ-ਹਾਰੇ ਅਸਮਾਨੋਂ ਉਤਰੇ ਤਾਂ ਪਿੱਪਲ ਦੀ ਸਿਖਰਲੀ ਟਿਹਣੀ 'ਤੇ ਆ ਬੈਠੇ। ਆਪਣੇ ਆਲ੍ਹਣੇ ਵਾਲੀ ਜਗ੍ਹਾ ਨੂੰ ਨਿਹਾਰਦੇ ਜਾਪੇ। ਜਿਵੇਂ ਕੁਝ ਨਵੀਆਂ ਵਿਉਂਤਾਂ ਬਣਾਉਂਦੇ, ਕਿਸੇ ਨਵੀਂ ਸਿਰਜਣਾ ਦੇ ਆਹਰ 'ਚ ਹੋਣ। ਕਦੇ ਇੱਕ-ਦੂਜੇ ਦੀ ਧੌਣ 'ਤੇ ਧੌਣ ਰੱਖਦੇ, ਲਾਡ-ਪਿਆਰ ਜਿਹਾ ਕਰਦੇ। ਕਦੇ ਚੁੰਝਾਂ ਨਾਲ ਇੱਕ-ਦੂਜੇ ਦੇ ਖੰਭਾਂ 'ਚ ਖਰਖਰਾ ਵੀ ਕਰਨ ਲੱਗਦੇ। ਇਹ ਸਭ ਕੁਝ ਉਹਨੂੰ ਪਤੀ-ਪਤਨੀ ਵਾਲੇ ਗ੍ਰਹਿਸਤੀ ਜੀਵਨ ਵਰਗਾ, ਤਾਣਾ ਬਾਣਾ ਜਿਹਾ ਹੀ ਜਾਪਦਾ। ਫਿਰ ਉਹ ਇੱਕ-ਦੂਜੇ 'ਤੇ ਲੇਟਦੇ, ਜਿਵੇਂ ਬੇਸ਼ਰਮ ਜਿਹੀਆਂ ਹਰਕਤਾਂ 'ਤੇ ਉਤਰ ਆਏ ਹੋਣ। ਉਨ੍ਹਾਂ ਦਾ ਇਵੇਂ ਕਰਨ ਦਾ ਢੰਗ-ਤਰੀਕਾ ਉਸਨੂੰ ਬੜਾ ਅਸ਼ਲੀਲ ਜਿਹਾ ਜਾਪਦਾ। ਇਹ ਬਾਲ-ਬੱਚਿਆਂ ਵਾਲਾ ਘਰ ਏ। ਜੇ ਉਹ ਦੇਖ ਲੈਣ ਤਾਂ ਕੀ ਹੋਵੇਗਾ। ਕਦੇ ਇਹ ਕੁਝ ਦੇਖ-ਦੇਖ ਹਾਸਾ ਵੀ ਆਉਂਦਾ। ਕਦੇ ਅੰਦਰੋਂ ਨਫ਼ਰਤ ਦੀ ਹਵਾੜ ਜਿਹੀ ਵੀ ਉੱਠਦੀ। ਕਿਵੇਂ ਔਰਤਾਂ-ਮਰਦਾਂ ਵਾਲੇ ਕਾਮ ਉਕਸਾਊ ਚਲਿੱਤਰ ਪਏ ਕਰਨ ਡਰੇ ਨੇ।

ਉਹ ਚੁੱਪ-ਚਾਪ ਸਭ ਕੁਝ ਦੇਖੀ ਜਾ ਰਿਹਾ। ਪੰਛੀਆਂ ਤੇ ਮਨੁੱਖਾਂ ਦੀਆਂ ਹਰਕਤਾਂ ਬਾਰੇ ਸੋਚਦਾ। ਪੰਛੀ ਕੁਦਰਤ ਸੰਗ ਕਿਵੇਂ ਮਦਮਸਤ ਰਹਿੰਦੇ। ਮਨੁੱਖ ਵੀ ਕੁਦਰਤ ਨਾਲ ਹੀ ਰਹਿੰਦਾ। ਪਰ ਉਜਾੜਾ ਕਰਦਾ। ਧੌਂਸ ਜਮਾਉਂਦੈ।

ਪਰ ਕਬੂਤਰ ਤਾਂ ਹੁਣ ਇਕਦਮ ਕਿਤੇ ਅਲੋਪ ਜਿਹੇ ਹੋ ਗਏ। ਕਿਧਰ ਤੁਰ ਗਏ ਹੋਏ। ਮੈਨੂੰ ਦੇਖਕੇ ਡਰ ਗਏ ਜਾਪਦੇ। ਥੋੜ੍ਹੇ ਚਿਰ ਬਾਅਦ ਦੋਵੇਂ ਚੁੰਝਾਂ 'ਚ ਕੁਝ ਤੀਲੇ ਫ਼ਸਾਈ ਆਲ੍ਹਣੇ 'ਚ ਆ ਉਤਰੇ। ਨਾ ਇਨ੍ਹਾਂ ਨੂੰ ਆਈ ਕਰੋਨਾ ਪਰਲੋ ਦਾ ਡਰ। ਨਾ ਕੱਲ੍ਹ ਦੇ ਆਲ੍ਹਣਾ ਢਹਿਣ ਦਾ ਫ਼ਿਕਰ। ਕੱਲ ਸਾਫ਼-ਸਫ਼ਾਈ ਕੀਤੀ। ਹੁਣ ਫਿਰ ਉਹੋ ਹੀ ਹਾਲ। ਇਹਨਾਂ ਆਸ਼ਕਾਂ ਨੇ ਤਾਂ ਕੰਪਰੈਸ਼ਰ ਦਾ ਜ਼ਰੂਰ ਭੱਠਾ ਬਿਠਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ।

ਉਸ ਵਾਈਪਰ ਚੁੱਕਿਆ। ਉਤਾਂਹ ਆਲ੍ਹਣੇ 'ਚ ਫੇਰਦਿਆਂ, ਜਿੰਨੇ ਕੁ ਤੀਲੇ ਸਨ, ਹੇਠਾਂ ਸੁੱਟ ਲਏ। ਕਬੂਤਰ ਤਾਂ ਵਾਈਪਰ ਚੁੱਕਣ ਤੋਂ ਪਹਿਲਾਂ ਹੀ ਉੱਡ ਗਏ। ਉਹ ਗੁੱਸੇ 'ਚ ਬੁੜ-ਬੁੜ ਕਰਦਾ, ਇਹੋ ਹੀ ਥਾਂ ਮਿਲੀ ਸੀ ਕੰਬਖਤੋ। ਪੰਜਾਬ 'ਚ ਹੁਣ ਬਥੇਰੇ ਕਬੂਤਰਖਾਨੇ ਨੇ। ਪੰਜਾਬੀ ਬਾਹਰਲੇ ਮੁਲਕਾਂ 'ਚ ਕਬੂਤਰ ਬਣ ਉੱਡ-ਪੁੱਡ ਗਏ। ਹੁਣ ਤਾਂ ਉਨ੍ਹਾਂ ਦੇ ਲਾਵਾਰਸ ਘਰ ਕਬੂਤਰਾਂ ਦੇ ਆਲ੍ਹਣੇ ਹੀ ਬਣਕੇ ਰਹਿ ਗਏ। ਪਰ ਇਨ੍ਹਾਂ ਚੀਨੇ ਕੁਆਰੇ ਆਸ਼ਕਾਂ ਨੂੰ ਕੌਣ ਸਮਝਾਏ, ਉੱਥੇ ਰਹੋ। ਜਿੱਥੇ ਜ਼ਿੰਦਰੇ, ਘਰਾਂ ਵਾਲਿਆਂ ਨੂੰ ਉਡੀਕਦੇ, ਉਦਾਸੀ ਦੇ ਆਲਮ 'ਚ ਜੂਨ ਪੂਰੀ ਕਰ ਰਹੇ। ਉਹਨਾਂ ਘਰਾਂ 'ਚ ਹੁਣ ਵਿਦੇਸ਼ਾਂ ਤੋਂ ਕਿਸੇ ਨਹੀਂ ਆਉਣਾ। ਬਸ ਕੁਝ ਕੁ ਘਰ ਅਜੇ ਬੁੱਢਿਆਂ ਦੇ ਮਰਨ ਦਾ ਇੰਤਜ਼ਾਰ ਜ਼ਰੂਰ ਕਰ ਰਹੇ ਹੋਏ। ਪਰ ਅਸੀਂ ਤਾਂ ਨਹੀਂ ਕਿਤੇ ਜਾਣਾ। ਨਾ ਕਿਤੇ ਹੋਰ ਜਗ੍ਹਾ ਜਾਣ ਦੀ ਸੰਭਾਵਨਾ ਹੀ ਏ। ਸਾਨੂੰ ਤਾਂ ਬਖ਼ਸ਼ ਦੇਵੋ।

ਦੋ ਦਿਨ ਲੰਘ ਗਏ। ਭਰਾ ਦੀ ਬੀਮਾਰੀ ਤਾਂ ਠੀਕ ਹੋਣ ਦੀ ਜਗ੍ਹਾ ਸਗੋਂ ਵਧ ਗਈ ਸੀ। ਦਵਾਈਆਂ ਵੀ ਬਦਲ-ਬਦਲ ਦੇਖ ਲਈਆਂ। ਪਰ ਅਸਰ ਖਾਸ ਹੋ ਨਹੀਂ ਰਿਹਾ। ਕਰੋਨਾ ਦੀ ਰਿਪੋਰਟ ਪਾਜੇਟਿਵ ਆਈ ਸੀ। ਜਿਵੇਂ ਮੇਰੇ ਹੱਥਾਂ-ਪੈਰਾਂ ਦੇ ਤੋਤੇ ਹੀ ਉੱਡ ਗਏ ਹੋਣ। ਉਹਨੂੰ ਹਸਪਤਾਲ ਪ੍ਰਾਇਵੇਟ ਕਮਰੇ 'ਚ ਦਾਖ਼ਲ ਕਰ ਦਿੱਤਾ। ਕਰੋਨਾ ਦਾ ਟਰੀਟਮੈਂਟ ਸ਼ੁਰੂ ਹੋ ਗਿਆ।

ਏਨੇ ਸਾਰੇ ਮਰੀਜ਼ਾਂ 'ਚ ਹੁਣ ਤਾਂ ਘਰਦਾ ਬੰਦਾ ਵੀ ਸ਼ਾਮਿਲ ਹੋ ਗਿਆ। ਪਹਿਲਾਂ ਹੀ ਮਰੀਜ਼ਾਂ ਦਾ ਫ਼ਿਕਰ ਸਿਰ ਚੜ੍ਹਿਆ

ਦਿਲ ਦੇ ਸਾਂਚੇ ਵਿਚ ਮੈਂ ਢਾਲ਼ੀ ਹੋਈ ਹੈ।
ਇੰਝ ਤੇਰੀ ਤਸਵੀਰ ਸੰਭਾਲੀ ਹੋਈ ਹੈ। -(ਅਗਲੇ ਸਫ਼ੇ 'ਤੇ)

ਹੋਇਆ। ਹੁਣ ਤਾਂ ਭਰਾ ਨੇ ਦਿਮਾਗ਼ ਨੂੰ ਚੱਕਰ ਲਿਆ ਦਿੱਤੇ ਸਨ। ਕਦੇ ਓ.ਪੀ.ਡੀ. ਵਲ ਭੱਜਦਾ। ਕਦੇ ਭਰਾ ਦੇ ਕਮਰੇ ਵਲ। ਏਨੇ ਨੂੰ ਨਵੀਂ ਐਮਰਜੰਸੀ ਆ ਜਾਂਦੀ। ਕੋਈ ਟਿਕ-ਟਿਕਾ ਨਹੀਂ।

ਹੁਣ ਕਹਾਣੀ ਦੇ ਪਾਤਰ ਉਹਦੀ ਕੱਠਪੁਤਲੀ ਕਿੱਥੇ ਬਣ ਰਹੇ। ਉਲਟਾ ਉਸਨੂੰ ਹੀ ਉਂਗਲਾਂ 'ਤੇ ਨਚਾ ਰਹੇ। ਜਿਸ ਉਸਦੀ ਬੇੜੀ ਭੰਵਰ 'ਚ ਡਾਵਾਂ-ਡੋਲ ਕਰਕੇ, ਮੰਝਧਾਰ 'ਚ ਫ਼ਸਾ ਦਿੱਤੀ ਹੋਈ।

ਜਦੋਂ ਵੀ ਭਰਾ ਵਲ ਗੇੜਾ ਮਾਰਦਾ ਤਾਂ ਉਸਦੀਆਂ ਅੱਖਾਂ ਭਰੀਆਂ ਹੁੰਦੀਆਂ। ਕੰਮਜ਼ੋਰ ਹੋਇਆ ਮੇਰੇ ਵਲ ਤਰਸ ਭਰੀਆਂ ਅੱਖਾਂ ਨਾਲ ਦੇਖਦਾ, "...ਮੈਂ ਠੀਕ ਹੋ ਜੂ... ਭਾਜੀ...।"

ਸੱਚੀ ਕਰੋਨਾ ਦੀ ਦਹਿਸ਼ਤ ਨੇ ਉਸਨੂੰ ਅੰਦਰੋਂ ਖੌਰੇ ਕਿੰਨਾ ਕੁ ਡਰਾ ਕੇ ਵਹਿਮੀ ਜਿਹਾ ਬਣਾ ਦਿੱਤਾ ਹੋਇਆ।

"ਯਾਰ ਕਿਉਂ ਫ਼ਿਕਰ ਕਰਦੈਂ... ਸਾਰੇ ਕਮਰਿਆਂ 'ਚ ਇਹੋ ਜਿਹੇ ਹੀ ਮਰੀਜ਼ ਨੇ... ਸਭ ਠੀਕ ਹੋ ਕੇ ਘਰਾਂ ਨੂੰ ਪਰਤ ਰਹੇ... ਮੇਰੇ ਹੁੰਦਿਆਂ ਪਰਵਾਹ ਹੀ ਨਾ ਕਰ... ਮੈਂ ਹਾਂ ਨਾ...।" ਮੇਰੇ ਹੌਂਸਲੇ ਨਾਲ ਉਹ ਕੁਝ ਸੰਭਲ ਜਿਹਾ ਜਾਂਦਾ।

ਇਲਾਜ ਦੋ ਕੁ ਦਿਨ ਚੱਲਦਾ ਰਿਹਾ। ਪਰ ਆਸ ਮੁਤਾਬਕ ਕੋਈ ਫ਼ਰਕ ਨਹੀਂ ਪੈ ਰਿਹਾ। ਸਕਾ ਭਰਾ ਹੋਣ ਕਰਕੇ ਮੈਂ ਜਲਦੀ ਹੀ ਹਥਿਆਰ ਸੁੱਟ ਦਿੱਤੇ। ਨਾਲੇ ਭਰਾ ਦੇ ਇਲਾਜ ਲਈ ਹੋਰ ਰਿਸਕ ਲੈਣ ਦਾ ਮੇਰੇ 'ਚ ਹੌਂਸਲਾ ਨਹੀਂ ਸੀ।

ਸ਼ਹਿਰ ਦੇ ਨਾਮੀ ਹਸਪਤਾਲ ਦੀ ਐਮਰਜੰਸੀ 'ਚ ਲਿਜਾ ਕੇ ਦਾਖ਼ਲ ਕਰਵਾਅ ਦਿੱਤਾ। ਆਕਸੀਜਨ ਕਾਫ਼ੀ ਘਟੀ ਹੋਈ। ਉੱਥੇ ਵੀ ਗੁਲੂਕੋਜ਼ ਲੱਗ ਪਏ। ਟੀਕੇ 'ਤੇ ਟੀਕੇ ਲੱਗਣ ਲੱਗੇ। ਨਵੇਂ ਟੈਸਟ ਹੋ ਰਹੇ। ਛਾਤੀ ਦਾ ਐਕਸਰਾ ਹੋ ਗਿਆ। ਫ਼ੇਫੜਿਆਂ 'ਚ ਕਾਫ਼ੀ ਰੇਸ਼ਾ ਆਇਆ ਹੋਇਆ। ਪਰ ਸ਼ਾਮ ਤੱਕ ਇਲਾਜ ਚੱਲਦਿਆਂ, ਉਹ ਰਾਹਤ ਮਹਿਸੂਸ ਕਰਨ ਲੱਗਾ। ਕੁਝ ਹੌਂਸਲੇ 'ਚ ਹੋ ਗਿਆ। ਸਾਨੂੰ ਵੀ ਸੁਖ ਦਾ ਸਾਹ ਆਇਆ। ਹੁਣ ਸਭ ਕੁਝ ਸਹੀ ਦਿਸ਼ਾ ਵਲ ਚਲ ਪਿਆ। ਉਸਦੀ ਘਰਵਾਲੀ ਉੱਥੇ ਹੀ ਰਹਿ ਪਈ।

ਦੋ ਦਿਨ ਸ਼ਹਿਰ ਜਾਇਆ ਹੀ ਨਾ ਗਿਆ।

ਓ.ਪੀ.ਡੀ. 'ਚ ਸਾਮ੍ਹਣੇ ਚੱਲਦੀ ਐਲ.ਸੀ.ਡੀ. ਦੀ ਸਕਰੀਨ 'ਤੇ ਇੱਕ ਅਨਾਉਂਸਰ ਵੀ ਤੇਜ਼-ਤੇਜ਼ ਬੋਲ ਰਹੀ। ਖੌਰੇ ਅਫ਼ਵਾਹਾਂ ਹੀ ਫ਼ੈਲਾਈਆਂ ਜਾ ਰਹੀਆਂ। ਪਰ ਇਸ ਦਹਿਸ਼ਤ ਨੇ ਦਿਲ ਨੂੰ ਡੋਬੂ ਜਿਹਾ ਲਿਆ ਦਿੱਤਾ। ਕਹਿੰਦੀ 'ਹੁਣ ਕਰੋਨਾ ਹਵਾ 'ਚ ਵੀ ਫ਼ੈਲ ਗਿਆ। ਹਾਲਾਤ ਬਦ ਤੋਂ ਬਦਤਰ ਹੋ ਰਹੇ।' ਸੁਣਕੇ ਮੇਰਾ ਕੁਰਸੀ 'ਤੇ ਬਹਿਣਾ ਵੀ ਮੁਸ਼ਕਿਲ ਹੋ ਗਿਆ। ਇਵੇਂ ਫਿਰ ਕਿਵੇਂ ਚੱਲੂ/ਸਮਝ ਨਾ ਲੱਗਦੀ, ਇਹ ਕੀ ਹੋਈ ਜਾ ਰਿਹਾ। ਜਿਵੇਂ ਇਕਦਮ ਆਲੇ-ਦੁਆਲੇ 'ਚ ਸੰਘਣੀਂ ਧੁੰਦ ਦਾ ਗੁਬਾਰ ਉੱਠਿਆ, ਧੂੰਏ ਵਾਂਗੂੰ ਫ਼ੈਲ ਗਿਆ ਹੋਵੇ।

ਦੋ ਕੁ ਦਿਨ ਇਸੇ ਦਹਿਸ਼ਤ 'ਚ ਬਾਹਰ ਸੈਰ ਕਰਨ ਲਈ ਮਨ ਮੰਨਿਆ ਨਾ। ਹਿੰਮਤ ਹੀ ਨਾ ਪਈ। ਹਸਪਤਾਲੋਂ ਰੋਜ਼ ਰਾਤ ਲੇਟ ਹੋ ਜਾਈਦੈ। ਫੇਰ ਲੇਟ ਸੌਣਾ। ਸਵੇਰੇ ਲੇਟ ਉੱਠਣਾ। ਪਰ ਅੱਜ ਜਕੋ-ਤਕੀ 'ਚ ਸੈਰ ਕਰਨ ਲਈ ਆਪਣੇ-ਆਪ ਨੂੰ ਤਿਆਰ ਕਰ ਰਿਹਾਂ। ਇਵੇਂ ਬੈਠਿਆਂ ਕਿਤੇ ਲੱਤਾਂ ਹੀ ਜਾਮ ਨਾ ਹੋ ਜਾਣ। ਹੁਣ ਤਾਂ ਮਹੀਨੇ ਹੋ ਗਏ, ਸਵੇਰੇ ਉੱਠਦਿਆਂ ਹੀ ਕੋਸਾ ਪਾਣੀ ਪੀਣ ਦੀ ਨਵੀਂ ਹੀ ਆਦਤ ਪਾਈ ਹੋਈ। ਕਹਿੰਦੇ ਕਿਤੇ ਕਰੋਨਾ ਦਾ ਜੀਵ ਗਲ੍ਹੇ 'ਚ ਆ ਵੀ ਜਾਵੇ ਤਾਂ ਗਰਮ ਪਾਣੀ ਨਾਲ ਅੰਦਰੋ-ਅੰਦਰ ਹੀ ਮਰ-ਮੁੱਕ ਜਾਂਦਾ। ਖੌਰੇ ਮਰਦਾ ਵੀ ਕਿ ਨਹੀਂ ਮਰਦਾ। ਪਰ ਮੈਂ ਤਾਂ ਘਬਰਾਏ ਹੋਏ ਨੇ ਲੱਗਭੱਗ ਆਦਤ ਪਕਾ ਹੀ ਲਈ ਹੋਈ। ਮਰਦਾ ਕੀ ਨਾ ਕਰਦਾ।

ਹਵਾ 'ਚ ਫ਼ੈਲੀ ਕਰੋਨਾ ਦੀ ਇਨਫੈਕਸ਼ਨ ਦੇ ਡਰੋਂ ਹੁਣ ਮੂੰਹ 'ਤੇ ਮਾਸਕ ਬੰਨਕੇ ਬਾਹਰ ਵਿਹੜੇ 'ਚ ਆ ਗਿਆ। ਛੱਤ 'ਤੇ ਘੁੰਮਦਾ, ਸਾਮ੍ਹਣੇ ਸੜਕ ਵਲ ਵੀ ਦੇਖਦਾਂ। ਵਿਰਲਾ-ਟਾਵਾਂ ਕੋਈ-ਕੋਈ ਆ ਜਾ ਰਿਹਾ। ਉਨ੍ਹਾਂ ਦੇ ਵੀ ਮਾਸਕ ਬੱਧੇ ਹੋਏ। ਜਿਵੇਂ ਹੁਣ ਬੰਦੇ ਦੇ ਹਰ ਵੇਲੇ ਲਪਰ-ਲਪਰ ਬੋਲਣ, ਦੇ ਵੀ ਕੁਦਰਤ ਨੇ ਹੱਕ ਖੋਹ ਲਏ ਜਾਪਦੇ। ਖੌਰੇ ਕਦੋਂ ਕਿਹਨੇ ਮੌਤ ਦੇ ਮੂੰਹ 'ਚ ਪੈ ਜਾਣਾ। ਏਨੀ ਜਾਇਦਾਦ ਤੇ ਕਾਰੋਬਾਰ ਬਾਰੇ ਸੋਚਦਾ। ਇਹਦਾ ਕੀ ਬਣੂ। ਸਭ ਇੱਥੇ ਹੀ ਪਿਆ ਰਹਿ ਜੂ। ਇਹ ਕਿਹੋ ਜਿਹਾ ਮਹੌਲ ਤੇ ਰਹਿਣ-ਸਹਿਣ ਬਣ ਗਿਆ ਹੋਇਆ। ਇਵੇਂ ਕਿੰਨਾ ਕੁ ਸਮਾਂ ਚੱਲੂ ਕਿ ਕਦੇ ਖ਼ਤਮ ਵੀ ਹੋਊ ਇਹ ਕੰਜ਼ਰਖਾਨਾ। ਕਿਤੇ ਮਨੁੱਖ ਬਹੁਤੀ ਤਰੱਕੀ ਦੇ ਚੱਕਰਾਂ 'ਚ ਕੁਦਰਤ ਨਾਲ ਆਢਾ ਲਾ ਕੇ ਪੰਗੇ 'ਚ ਤਾਂ ਨਹੀਂ ਪੈ ਗਿਆ। ਉਵੇਂ ਡਾਅਢੇ ਨਾਲ ਆਢਾ ਚੰਗਾ ਤਾਂ ਨਹੀਂ ਹੁੰਦਾ। ਮਨੁੱਖ ਤਾਂ ਸੱਚਮੁੱਚ ਅਸਮਾਨ ਨੂੰ ਟਾਕੀਆਂ ਲਾਉਣ ਡਿਹੇ। ਟਿਕ ਕੇ ਰੋਟੀ ਖਾਣੀ ਬੰਦੇ ਨੂੰ ਆਉਂਦੀ ਹੀ ਨਹੀਂ। ਕਿਵੇਂ ਟੁੱਟੇ-ਛਿੱਤਰ ਵਾਂਗੂੰ ਵਧਦਾ ਹੀ ਜਾ ਰਿਹਾ। ਰੱਬ ਦੇ ਘਰ 'ਚ ਸਰਾਸਰ ਦਖਲ-ਅੰਦਾਜ਼ੀ। ਇਹੋ ਜਿਹੀ ਹਰਕਤ ਤਾਂ ਆਮ ਬੰਦਾ ਵੀ ਨਹੀਂ ਆਪਣੇ ਘਰੇ ਬਰਦਾਸ਼ਤ ਕਰਦਾ। ਰੱਬ ਕਿਵੇਂ ਸਬਰ ਕਰਦਾ ਹੋਊ, ਇਹੋ ਜਿਹਾ ਹੀ ਕੋਈ ਪੁਆੜਾ ਪਿਆ ਜਾਪਦਾ। ਨਾਲੇ ਬੰਦੇ ਨੇ ਅੱਗਾਂ ਲਾ-ਲਾ ਕੇ ਵਾਪਵਰਨ ਦੀ ਜੱਖਣਾ ਵੀ ਤਾਂ ਪੁੱਟੀ ਹੋਈ। ਜ਼ਮੀਨਾਂ, ਫ਼ਸਲਾਂ 'ਤੇ ਪੈਸਟੀਸਾਈਡ, ਖਾਣ-ਪੀਣ ਵਾਲੀਆਂ ਚੀਜ਼ਾਂ 'ਚ ਮਿਲਾਵਟਾਂ। ਸਭ ਕੁਝ ਦੂਸ਼ਿਤ। ਇਹ ਕਿਹੜਾ ਕੋਈ ਚੰਗਾ ਕੰਮ ਏ। ਹਰ ਵੇਲੇ ਆਪਣਾ ਹੀ ਉੱਲੂ ਸਿੱਧਾ ਰੱਖਣਾ। ਹੋਰ ਪਾਸੇ ਸੋਚਣਾ ਹੀ ਨਹੀਂ। ਕੁਦਰਤ ਜਾਵੇ ਢੱਠੇ ਖੂਹ 'ਚ। ਰੱਬ ਦੀ ਮਲਕੀਅਤ ਦਾ ਸੱਤਿਆਨਾਸ ਕਰੀ ਜਾਣਾ। ਸਿਰੋਂ ਪਾਣੀ ਲੰਘ ਗਿਆ ਜਾਪਦਾ। ਗੱਲ ਰੱਬ ਦੇ ਬਰਦਾਸ਼ਤ ਤੋਂ ਬਾਹਰ ਹੋ ਗਈ ਜਾਪਦੀ।

ਇਵੇਂ ਸੋਚਦਿਆਂ-ਘੁੰਮਦਿਆਂ ਅਚਾਨਕ ਕਬੂਤਰਾਂ ਦੀ ਗੁਟਰ-ਗੁਟਰ ਸੁਣਾਈ ਦਿੱਤੀ। ਉਸਦਾ ਧਿਆਨ ਬਦਲਿਆ। ਅੱਜ ਤਾਂ ਕਮਾਲ ਹੀ ਹੋਈ ਪਈ। ਅੱਠ-ਦਸ ਕਬੂਤਰਾਂ ਦਾ ਟੋਲਾ ਆਲ੍ਹਣੇ ਦੇ ਆਲੇ-ਦੁਆਲੇ ਬੈਠਾ ਹੋਇਆ। ਇੰਜ ਜਾਪਦਾ ਜਿਵੇਂ ਸਾਕ-ਸਬੰਧੀ ਮਿਲਣ-ਗਿਲਣ ਆਏ ਹੋਣ। ਜਾਂ ਉਹਦੇ ਵਾਰ-ਵਾਰ ਆਲ੍ਹਣਾ ਢਾਹੁਣ ਕਰਕੇ ਸੰਗੀ-ਸਾਥੀਆਂ ਦੀ ਮੁਢੀਰ ਮੇਰੇ ਨਾਲ ਆਢਾ ਲੈਣ ਆ ਗਈ। ਪਰ ਉਸਦੇ ਲਾਗੇ ਆਉਂਦੇ ਦੇਖਕੇ, ਇਹ ਬਦਮਾਸ਼ ਟੋਲੀ ਫ਼ੜਫੜਾਉਂਦੀ ਤਿੱਤਰ-ਬਿੱਤਰ ਹੋ ਗਈ। ਨਿਕਸੁਕ ਤੇ ਤੀਲਿਆਂ ਦਾ ਜਮਾਵੜਾ ਉਵੇਂ ਹੀ ਬਣਿਆ ਹੋਇਆ, ਜਿਵੇਂ ਪਹਿਲੇ ਹੇਠਾਂ ਸੁੱਟੇ ਤੀਲੇ ਫਿਰ ਉੱਡਕੇ ਆਪਣੇ-ਆਪ ਉੱਪਰ ਜਾ ਟਿਕੇ ਹੋਣ। ਪਰ ਵਿੱਚ ਲੁਕੇ ਦੋਵੇਂ ਕਬੂਤਰ ਤੀਲਿਆਂ 'ਚੋਂ ਉਸ ਵਲ ਝਾਤੀਆਂ ਮਾਰਦੇ ਜਿਵੇਂ ਚਿੜ੍ਹਾ ਰਹੇ ਹੋਣ। ਜਿਵੇਂ ਉਹਨਾਂ ਮੈਨੂੰ ਇਸ ਘੋਲ 'ਚ ਹਰਾ ਦਿੱਤਾ ਹੋਵੇ। ਚੀਨਿਆਂ ਦੀ ਇਸ ਹਰਕਤ 'ਤੇ ਖਿਝ ਜਿਹੀ ਆ ਗਈ। ਇਹ ਤਾਂ ਅੱਗੇ ਹੀ ਮੇਰੀ ਨਫ਼ਰਤ ਦੇ ਪਾਤਰ ਨੇ। ਘਰ ਦੇ ਮਾਲਕ ਨੂੰ ਤਾਂ ਕੁਝ ਵੀ ਨਹੀਂ ਸਮਝਦੇ। ਪਰ ਇਹਨਾਂ ਚੀਨਿਆਂ ਦੇ ਆਕਾਵਾਂ ਨੇ ਖੌਰੇ ਕੀ ਕਰੋਨਾ ਜਿਹਾ ਬਣਾ ਕੇ, ਦੁਨੀਆਂ

ਦਿੰਦੇ ਨੇ ਸੰਦੇਸ਼ ਮੁਹੱਬਤ ਦਾ ਓਹੀ,
ਦਿਲ ਵਿਚ ਜਿਹਨਾਂ ਨਫ਼ਰਤ ਪਾਲ਼ੀ ਹੋਈ ਹੈ। -ਕਰਨੈਲ ਸਿੰਘ ਮਾਂਗਟ

'ਤੇ ਧੂੜ ਕੇ ਵਖ਼ਤ ਪਾ ਦਿੱਤਾ ਹੋਇਆ।। ਪਰ ਇਹ ਨਿਡਰ ਹੋਏ ਯਮਦੂਤ ਤਾਂ ਆਲ੍ਹਣੇ ਅੰਦਰ ਬੈਠੇ, ਪਿਆਰ ਕਲੋਲਾਂ ਪਏ ਕਰ ਰਹੇ। ਸਾਲਿਆਂ ਨੂੰ ਮੇਰਾ ਘਰ ਹੀ ਮਿਲਿਆ ਪੁੱਠੇ ਕੰਮਾਂ ਨੂੰ। ਲੋਕਾਂ ਨੂੰ ਰੋਟੀ ਖਾਣੀ ਹਰਾਮ ਹੋਈ ਪਈ। ਇਨ੍ਹਾਂ ਨੂੰ ਔਰਤਾਂ-ਮਰਦਾਂ ਵਾਲੇ ਚੋਜ਼ ਪਏ ਸੁੱਝ ਰਹੇ। ਜਾਓ ਚੀਨ 'ਚ ਚਲੇ ਜਾਓ। ਉੱਥੇ ਜਾ ਕੇ ਚੀਨਿਆਂ ਦੇ ਘਰਾਂ 'ਚ ਮਨਾ ਲਓ ਰੰਗ ਰਲੀਆਂ। ਉਹ ਵੀ ਤੁਹਾਡੇ ਵਰਗੇ ਕੰਜਰ ਹੀ ਹੋਣੇ। ਸਾਲੀ ਕਾਮ-ਦੇਵਤਾ ਦੀ ਔਲਾਦ।

ਉਸ ਵਾਈਪਰ ਅਜੇ ਚੁੱਕਿਆ ਹੀ ਸੀ। ਕਬੂਤਰਾਂ ਨੂੰ ਜਿਵੇਂ ਪਹਿਲਾਂ ਹੀ ਖੁੜਕ ਗਈ। ਉਹ ਫੜਫੜਾਉਂਦੇ ਉੱਡ ਪਏ।

ਚੌਥੇ ਕੁ ਦਿਨ ਦੁਪਹਿਰੋਂ ਬਾਅਦ ਸ਼ਹਿਰ ਰਘਬੀਰ ਨੂੰ ਦੇਖਣ ਚਲਾ ਗਿਆ। ਉਹ ਹੁਣ ਲੱਗਭਗ ਠੀਕ ਹੋ ਗਿਆ ਸੀ। ਉਸਨੂੰ ਐਮਰਜੰਸੀ 'ਚੋਂ ਕੱਢਕੇ ਪ੍ਰਾਈਵੇਟ ਕਮਰੇ 'ਚ ਪਾ ਦਿੱਤਾ ਹੋਇਆ। ਆਕਸੀਜਨ ਤੇ ਗੁਲੂਕੋਜ਼, ਟੀਕੇ ਵੀ ਪਹਿਲਾਂ ਨਾਲੋਂ ਬਹੁਤ ਹੱਦ ਤੱਕ ਘਟਾ ਦਿਤੇ ਹੋਏ।

ਨਿੱਕਾ ਭਰਾ ਗੱਲਾਂ ਕਰਦਾ ਖ਼ੁਸ਼ ਹੁੰਦਾ। ਉਹ ਅੱਗੇ ਨਾਲੋਂ ਤਕੜਾ ਜਾਪਦਾ ਤੇ ਰੰਗ ਵੀ ਗੱਲ੍ਹਾਂ ਦਾ ਲਾਲ ਹੋਇਆ ਸੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਗੁਟਕਦਾ। ਸਰ੍ਹਾਣੇ ਦੀ ਢੋਹ ਲਾ ਕੇ ਟੌਹਰ ਨਾਲ ਬੈਠਾ ਹੋਇਆ। ਮੇਰਾ ਡਰ ਤੇ ਫ਼ਿਕਰ ਉੱਡ-ਪੁੱਡ ਗਿਆ ਸੀ। ਡਾਕਟਰਾਂ ਮੁਤਾਬਕ ਅਜੇ ਹਸਪਤਾਲ ਦੋ-ਤਿੰਨ ਦਿਨ ਹੋਰ ਲੱਗਣੇ ਸਨ।

"ਭਾਜੀ ਡਾਕਟਰਾਂ ਦੇ ਕਹੇ, ਹੋਰ ਤਿੰਨ ਦਿਨ ਵੀ ਲੰਘ ਗਏ... ਮੈਨੂੰ ਛੁੱਟੀ ਦਵਾਓ... ਮੈਂ ਬਿਲਕੁਲ ਠੀਕ-ਠਾਕ ਹਾਂ... ਮੇਰਾ ਕੰਮ ਰੁਕਿਆ ਹੋਇਆ...।" ਉਹ ਫ਼ੋਨ ਕਰਦਾ ਵਾਰ-ਵਾਰ ਛੁੱਟੀ ਲਈ ਤਾਕੀਦ ਕਰਦਾ।

"ਦੋ ਦਿਨ ਹੋਰ ਬੈੱਡ 'ਤੇ ਅਰਾਮ ਕਰ ਲੈ... ਮੈਂ ਡਾਕਟਰ ਇੰਦਰ ਨੂੰ ਕਹਿ ਦਿੱਤੈ... ਇੱਥੇ ਵਧੀਆ ਦੇਖ ਭਾਲ ਹੋ ਜਾਂਦੀ... ਫਿਰ ਘਰੇ ਆ ਕੇ ਕੰਮ ਹੀ ਕਰਨਾ... ਕੁਝ ਨਹੀਂ ਹੁੰਦਾ.....।" ਉਹ ਮੇਰੀ ਮੰਨਦਾ ਚੁੱਪ ਹੋ ਜਾਂਦਾ।

ਹੁਣ ਤਾਂ ਸਵੇਰੇ ਜਦੋਂ ਵੀ ਕਦੇ ਸੈਰ ਲਈ ਨਿਕਲਦਾ, ਕਬੂਤਰਾਂ ਦੀਆਂ ਅਵਾਜਾਂ ਉਹਦੇ ਕੰਨੀਂ ਪਹਿਲਾਂ ਹੀ ਆਣ ਪੈਂਦੀਆਂ। ਖੌਰੇ ਧਿਆਨ ਹੀ ਇਧਰ ਲੱਗਾ ਰਹਿੰਦਾ। ਹੈਰਾਨ ਹੁੰਦਾ, ਤੀਲੇ ਫਿਰ ਉਵੇਂ ਹੀ ਉੱਪਰ ਸੱਜੇ ਪਏ ਹੁੰਦੇ। ਨਾ ਇਹ ਜਾਨਵਰ ਅੱਕਦੇ/ਨਾ ਥੱਕਦੇ। ਨਾ ਇੱਥੋਂ ਜਾਂਦੇ। ਉਹਦੀ ਗੈਰਹਾਜ਼ਰੀ 'ਚ ਵੀ ਕੰਮ ਉਵੇਂ ਹੀ ਜਾਰੀ ਰੱਖੀ ਰੱਖਦੇ। ਇਹ ਨਾ ਸੋਚਦੇ। ਨਾ ਚਿੰਤਤ ਹੁੰਦੇ। ਜੇ ਇਹ ਸਾਡਾ ਆਲ੍ਹਣਾ ਤੋੜਦੈ-ਨੁਕਸਾਨ ਕਰੀ ਜਾਂਦੈ, ਘੜੀ-ਮੁੜੀ ਤੀਲੇ ਲਿਆ-ਲਿਆ ਦੁਬਾਰਾ ਬਣਾਉਣਾ ਪੈਂਦਾ ਤਾਂ ਸਿਆਣਪ ਹੈ ਇੱਥੋਂ ਹਟਕੇ ਕਿਤੇ ਹੋਰ ਚਲੇ ਜਾਈਏ। ਆਲ੍ਹਣਾ ਹੀ ਪਾਉਣਾ, ਕਿਹੜੀਆਂ ਕੰਕਰੀਟ ਸਰੀਏ ਦੀਆਂ ਕੰਧਾਂ ਬਣਾਉਣੀਆਂ, ਕਿਹੜਾ ਕਿਤੇ ਮਾਡਲ-ਟਾਊਨ ਦਾ ਮਹਿੰਗਾ ਫ਼ਲੈਟ ਹੀ ਛੱਡਣਾ ਪੈਣਾ। ਜਾਂ ਹੋਰ ਖਰੀਦਣ ਲਈ ਪੈਸੇ ਲੱਗਣੇ। ਆਲ੍ਹਣਾ ਤਾਂ ਕਿਤੇ ਵੀ ਪਾਇਆ ਜਾ ਸਕਦਾ। ਪਰ ਇਹ ਤਾਂ ਇਸ ਟਿਕਾਣੇ 'ਤੇ ਛਾਉਣੀ ਹੀ ਪਾ ਕੇ ਬਹਿ ਗਏ। ਮੁਰੀਦ ਹੀ ਹੋ ਗਏ ਇਸ ਜਗ੍ਹਾ ਦੇ। ਬਾਜ਼ ਨਹੀਂ ਆਉਂਦੇ ਜਾਪਦੇ।

ਉਸਨੂੰ ਖੜੇ-ਖਲੋਤੇ ਇੱਕ ਨਵੀਂ ਤਰਕੀਬ ਸੁੱਝੀ। ਤੀਲੇ ਵਾਈਪਰ ਨਾਲ ਹੇਠਾਂ ਸੁੱਟੇ। ਫੇਰ ਪੌੜੀ ਲਾ ਕੇ ਖਾਲੀ ਜਗ੍ਹਾ ਗੁਲੂਕੋਜ਼ ਦੀਆਂ ਬੋਤਲਾਂ ਦੇ ਤਿੰਨ-ਚਾਰ ਖਾਲੀ ਡੱਬੇ ਫ਼ਸਾ ਦਿੱਤੇ। ਉਸ ਆਪਣਾ ਮੋਰਚਾ ਪੱਕਾ ਕਰ ਲਿਆ ਸੀ। ਤੀਲੇ ਫਸਾਉਣ ਜੋਗੀ ਜਗ੍ਹਾ ਨਹੀਂ ਰਹੀ। ਹੁਣ ਚੀਨੇ ਦੁਸ਼ਮਨ ਹਰ ਹਾਲਤ 'ਚ ਚਿੱਤ ਹੋਣਗੇ।

ਰੋਜ਼ਾਨਾ ਸੈਰ ਕਰਦਿਆਂ ਕਬੂਤਰਾਂ ਵਾਲੇ ਪਾਸੇ ਨੂੰ ਵੀ ਤਾੜਦਾ ਰਿਹਾ। ਨਾ ਅੱਜ ਕਬੂਤਰ ਦਿਸੇ ਨਾ ਤੀਲੇ। ਉਸ ਸ਼ੁਕਰ ਹੀ ਕੀਤਾ, ਚਲੋ ਇਹਨਾਂ ਤੋਂ ਛੁਟਕਾਰਾ ਹੋ ਗਿਆ ਜਾਪਦਾ।

ਰਘਬੀਰ ਨੂੰ ਹਸਪਤਾਲ ਦਾਖਲ ਹੋਇਆ ਅੱਜ ਨੌਵਾਂ ਦਿਨ ਹੋ ਗਿਆ ਸੀ "ਭਾਜੀ ਮੈਂ ਹੁਣ ਠੀਕ ਆਂ... ਮੈਨੂੰ ਘਰੇ ਲੈ ਜਾਵੋ... ਮੇਰੇ ਕੰਮ ਦਾ ਬਹੁਤ ਨੁਕਸਾਨ ਹੋ ਰਿਹੈ... ਪੈਸੇ ਵੱਖ ਲੱਗ ਰਹੇ... ਕੀ ਕਰਦੇ ਓ... ਆ ਜਾਵੋ...।" ਉਹ ਫ਼ੋਨ 'ਤੇ ਖਿਝਿਆ ਬੈਠਾ ਸੀ।

ਸ਼ਾਮ ਦੇ ਛੇਅ ਵੱਜੇ ਹੋਏ। ਹਸਪਤਾਲ ਪਹੁੰਚਕੇ, ਹਿਸਾਬ-ਕਿਤਾਬ ਕੀਤਾ ਤੇ ਦਵਾਈਆਂ ਲੈ ਕੇ ਵਾਪਸ ਤੁਰ ਪਏ।

ਇੱਕ ਪਾਸੇ ਸਾਰੇ ਦੇਸ਼ 'ਚ ਕਰੋਨਾ ਸਿਖ਼ਰ 'ਤੇ ਵਧਿਆ ਹੋਇਆ। ਦੂਜੇ ਪਾਸੇ ਦਿੱਲੀ ਦੀ ਸਰਹੱਦ 'ਤੇ ਕੇਂਦਰ ਸਰਕਾਰ ਖਿਲਾਫ਼ ਚੱਲਦਾ, ਕਿਸਾਨ ਅੰਦੋਲਨ ਵੀ ਪੂਰੇ ਜ਼ੋਬਨ 'ਤੇ ਸੀ। ਨਾ ਸਰਕਾਰ ਮੰਗਾਂ ਮੰਨ ਰਹੀ। ਨਾ ਕਿਸਾਨ ਪਿੱਛੇ ਹਟ ਰਹੇ। ਹੁਣ ਸਵਾਲ ਇਜ਼ਤ ਮਾਨ ਦਾ ਬਣਿਆ ਹੋਇਆ। ਦਿਨੋ-ਦਿਨ ਟਕਰਾਓ ਸਿਖ਼ਰ ਵਲ ਵਧ ਰਿਹਾ। ਇਸ ਵਿਸ਼ੇ 'ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਆ ਰਹੇ। ਪੂਰੇ ਖ਼ੁਸ਼ ਮੂਡ 'ਚ। ਜਿਵੇਂ ਕੋਈ ਜੰਗ ਜਿੱਤ ਕੇ ਆ ਰਹੇ ਹੋਈਏ। ਭਰਾ ਰਾਜ਼ੀ ਹੋ ਕੇ ਘਰ ਆ ਰਿਹਾ। ਉਸਨੂੰ ਚਾਅ 'ਚ ਗੱਲਾਂ ਫੁਰਦੀਆਂ।

ਗੱਡੀ ਘਰ ਅੰਦਰ ਆ ਵੜੀ। ਸਾਰੇ ਜੀਅ ਪਹਿਲਾਂ ਹੀ ਉਡੀਕ ਰਹੇ। ਰਘਬੀਰ ਨੇ ਸਾਰੇ ਘਰ ਨੂੰ ਬਾਹਰੋਂ ਨਿਹਾਰਿਆ। ਜਿਵੇਂ ਬੜੇ ਸਾਲਾਂ ਬਾਅਦ ਕੋਈ ਵਿਦੇਸ਼ੋਂ ਮੁੜਿਆ ਹੋਵੇ। ਬਾਹਰ ਠੰਢ ਸੀ। ਸਾਰੇ ਅੰਦਰ ਆ ਵੜੇ। ਉਹ ਆਪਣੇ ਬੈੱਡਰੂਮ 'ਚ ਸਿਰ੍ਹਾਣੇ ਦੀ ਢੋਹ ਲਾ ਕੇ ਬੈਠ ਗਿਆ। ਕਦੇ ਮੁਸਕਰਾਉਂਦਾ। ਕਦੇ ਗੁਟਕਦਾ। ਜਿਵੇਂ ਉਹਦੇ ਘਰ ਆਉਣ ਨਾਲ ਇਹ ਆਲ੍ਹਣਾ ਹੋਰ ਨਿੱਘਾ ਹੋ ਗਿਆ ਹੋਵੇ।

ਕੁਝ ਮਿੰਟ ਮੈਂ ਹੋਰ ਰੁਕਿਆ ਤੇ ਵਾਪਸ ਆਪਣੇ ਘਰ ਹਸਪਤਾਲ ਵਲ ਆ ਗਿਆ। ਰਾਤ ਦੇ ਨੌਂਅ ਵੱਜੇ ਹੋਏ। ਨਰਸ ਬਲਜੀਤ, ਕੋਲੋਂ ਹਿਸਾਬ ਲੈਂਦਿਆਂ ਅੱਧਾ ਕੁ ਘੰਟਾ ਹੀ ਅਜੇ ਹੋਇਆ ਸੀ।

"ਛੇਤੀ ਆ... ਰਘਬੀਰ ਬਾਥਰੂਮ 'ਚੋਂ ਨਹਾ ਕੇ ਬਾਹਰ ਨਿਕਲਦਿਆਂ ਹੀ ਡਿੱਗ ਪਿਆ...।" ਮਾਂ ਦਾ ਫ਼ੋਨ ਵੱਜਿਆ।

ਮੈਂ ਤੁਰੰਤ ਹੀ ਫ਼ਸਟ ਏਡ ਵਾਲਾ ਬੈਗ ਚੁੱਕਿਆ ਤੇ ਘਬਰਾਇਆ ਹੋਇਆ ਮੋਟਰਸਾਈਕਲ 'ਤੇ ਤੇਜ਼ੀ ਨਾਲ ਦੌੜਿਆ। ਅਜੇ ਸਾਰੇ ਉਸਨੂੰ ਚੁੱਕ ਕੇ ਬੈੱਡ 'ਤੇ ਪਾ ਹੀ ਰਹੇ ਸਨ। ਹਫ਼ੇ ਹੋਏ ਨੇ ਸਟੈਥੋ ਲਾ ਕੇ ਚੈੱਕ ਕੀਤਾ। ਉਸਦੇ ਦਿਲ ਦੀ ਧੜਕਣ ਨਹੀਂ ਸੀ। ਨਬਜ਼ ਰੁਕੀ ਪਈ। ਬੀ.ਪੀ. ਦਾ ਨਾਂ ਥੇਹ ਵੀ ਨਹੀਂ। ਅੱਖਾਂ ਤਾੜੇ ਲੱਗੀਆਂ ਹੋਈਆਂ। ਚਿਹਰੇ ਦਾ ਰੰਗ ਬੱਗਾ ਪੈ ਗਿਆ ਹੋਇਆ।

"ਮੇਰਾ ਭਰਾ ਨਹੀਂ ਰਿਹਾ ਉਏ...।" ਮੈਂ ਉੱਚੀ ਆਵਾਜ਼ 'ਚ ਲੇਰ ਮਾਰੀ ਤੇ ਗੁੱਸੇ 'ਚ ਸਟੈਥੋ ਵਗਾਹ ਕੇ ਸਾਮ੍ਹਣੀ ਕੰਧ ਵੱਲ ਦੇ ਮਾਰਿਆ, "ਲੱਖ ਲਾਹਣਤ। ਹੈ ਮੇਰੀ ਡਾਕਟਰੀ 'ਤੇ... ਮੈਂ ਆਪਣੇ ਭਰਾ ਨੂੰ ਬਚਾ ਨਾ ਸਕਿਆ... ਰੱਬਾ... ਇਹ ਕੀ ਹੋ ਗਿਆ ਸਾਡੇ

ਬੜਾ ਕੁਝ ਪਰਖਿਆ ਤੇਰੇ ਦਰਬਾਰ ਦੇ ਅੰਦਰ।
ਕਿ ਹਰ ਬੰਦਾ ਵਿਕਾਊ ਹੈ ਤੇਰੀ ਸਰਕਾਰ ਦੇ ਅੰਦਰ। -(ਅਗਲੇ ਸਫ਼ੇ 'ਤੇ)

ਨਾਲ...।" ਮੇਰਾ ਏਨਾ ਕਹਿਣ ਦੀ ਦੇਰੀ ਹੀ ਸੀ। ਸਾਰੇ ਘਰ 'ਚ ਕੁਰਲਾਹਟ ਹੀ ਮੱਚ ਗਈ। ਖੁਸ਼ੀਆਂ ਨੂੰ ਲਾਂਬੂ ਲੱਗ ਗਏ। ਭਾਣਾ ਵਾਪਰ ਗਿਆ ਸੀ। ਕੁਝ ਮਿੰਟ ਪਹਿਲਾਂ ਜੋ ਚੰਗਾ ਭਲਾ ਸੀ, ਹੁਣ ਲਾਸ਼ ਬਣ ਗਿਆ ਹੋਇਆ। ਬਸ ਇਹਨੇ ਹਸਪਤਾਲੋਂ ਆਪਣੇ ਘਰੇ ਹੀ ਆਉਣਾ ਸੀ। ਇਹ ਕਾਰ 'ਤੇ ਬੈਠਾ ਘਰੇ ਨਹੀਂ ਆ ਰਿਹਾ ਸੀ, ਬਸ ਆਪਣਾ ਆਖ਼ਰੀ ਸਫ਼ਰ ਸਾਡੇ ਨਾਲ ਕੱਟ ਰਿਹਾ ਸੀ। ਮੈਂ ਤਾਂ ਠੀਕ ਹੋ ਕੇ ਆ ਜਾਣ 'ਚ ਆਪਣੀ ਜਿੱਤ ਸਮਝ ਰਿਹਾ ਸਾਂ। ਪਰ ਕੁਦਰਤ ਦਾ ਮੌਤ ਰੂਪੀ ਪੰਜਾ ਵੱਜ ਗਿਆ ਸੀ। ਸਾਡੀ ਮਿਹਨਤ ਦੀ ਵਗਦੀ ਨਦੀ ਵੀ ਉਹਨੂੰ ਤਾਰ ਨਹੀਂ ਸੀ ਸਕੀ। ਸੰਘਣੇ ਹਨੇਰੇ 'ਚ ਬਿਜਲੀ ਲਿਸ਼ਕੀ, ਪਰ ਉਹ ਤਾਂ ਪਾਣੀ ਦੀ ਹੇਠਲੀ ਤਹਿ 'ਚ ਗਾਇਬ ਹੋ ਗਿਆ ਸੀ।

ਸਸਕਾਰ ਤੇ ਭੋਗ ਦੀਆਂ ਰਸਮਾਂ ਵੀ ਝੱਟਪੱਟ ਦਸਾਂ ਕੁ ਦਿਨਾਂ 'ਚ ਮੁੱਕ-ਮੁਕਾ ਗਈਆਂ। ਲੋਕ ਨਿੱਤ ਆਉਂਦੇ ਤੇ ਅਫ਼ਸੋਸ ਕਰਕੇ ਚਲੇ ਜਾਂਦੇ। ਹੌਲੀ-ਹੌਲੀ ਸਭ ਕੁਝ ਆਮ ਜਿਹਾ ਹੋ ਗਿਆ।

ਕਈ ਦਿਨਾਂ ਤੋਂ ਸੈਰ ਵੀ ਨਹੀਂ ਸਾਂ ਕਰ ਸਕਿਆ। ਮਨ ਮੰਨਦਾ ਹੀ ਨਾ। ਹਿੱਲਣ ਨੂੰ ਵੱਢੀ ਰੂਹ ਨਾ ਕਰਦੀ। ਪਰ ਅੱਜ ਗਰਮ ਪਾਣੀ ਗਲ਼ 'ਚ ਸੁੱਟਦਿਆਂ, ਅਫ਼ਸੋਸੇ ਜਿਹੇ ਮਨ ਨਾਲ ਬਾਹਰ ਵਿਹੜੇ ਨੂੰ ਨਿਕਲ ਤੁਰਿਆ, ਭਰਾ ਦਾ ਵਿਛੋੜਾ ਮੇਰੇ 'ਤੇ ਬੋਝ ਬਣਿਆ ਹੋਇਆ। ਸਭ ਕੁਝ ਬਕਬਕਾ ਜਿਹਾ। ਜਿਵੇਂ ਪੱਤਝੜ ਜਿਹਾ ਖਾਮੋਸ਼ ਮੌਸਮ ਬਣ ਗਿਆ ਹੋਇਆ।

ਘੁੰਮਦਿਆਂ ਕਬੂਤਰਾਂ ਦੀਆਂ ਭਾਰੀਆਂ ਜਿਹੀਆਂ ਅਵਾਜ਼ਾਂ ਸੁਣਾਈ ਦਿੱਤੀਆਂ ਮੇਰਾ ਖਿਆਲ ਬਦਲਿਆ। ਨੁੱਕਰ ਵਲ ਗਿਆ। ਕਬੂਤਰਾਂ ਨੇ ਤੀਲਿਆਂ ਦਾ ਜਮਾਵੜਾ ਪਾਇਆ ਹੋਇਆ। ਡੱਬੇ ਫ਼ਰਸ਼ 'ਤੇ ਮੂਧੇ ਮੂੰਹ ਡਿੱਗੇ ਪਏ। ਕਈ ਦਿਨ ਮੇਰੇ ਇਧਰ ਨਾ ਆਉਣ ਕਰਕੇ ਇਹਨਾਂ ਦਾ ਚੰਗਾ ਦਾਅ ਲੱਗ ਗਿਆ ਸੀ। ਇਨ੍ਹਾਂ ਨੇ ਵੀ ਜਦੋਂ ਸੋਚ ਲਿਆ ਹੋਊ, ਉਨ੍ਹਾਂ ਦਾ ਦੁਸ਼ਮਨ ਡੱਬੇ ਫ਼ਸਾ ਕੇ ਕਿਤੇ ਦੌੜ ਗਿਆ ਹੋਇਆ। ਹੁਣ ਨਹੀਂ ਲੱਗਦਾ ਆਉਂਦਾ, ਤੀਲੇ ਖਿਲਾਰਨ ਵਾਲਾ। ਫਿਰ ਉਹ ਆਪਣੀ ਕਿਰਿਆ 'ਚ ਰੁੱਝ ਗਏ ਹੋਣਗੇ। ਪਰ ਮੈਨੂੰ ਤਾਂ ਆਲ੍ਹਣਾ ਦੇਖਕੇ ਪਿਛਲਾ ਸਭ ਗ਼ਮ ਤੇ ਸੋਗ ਹੀ ਜਿਵੇਂ ਭੁੱਲ ਗਿਆ। ਜਾਨਵਰਾਂ ਨੇ ਤਾਂ ਸੱਚੀ ਅੱਤ ਹੀ ਕਰਤੀ। ਚੀਨਿਆਂ ਨੇ ਤਾਂ ਇੱਥੇ ਪੱਕਾ ਹੀ ਕਬਜ਼ਾ ਕਰ ਲਿਆ ਹੋਇਆ ਜਾਪਦਾ, ਜਿਵੇਂ ਇਹਨਾਂ ਮੇਰੀ ਅਣਖ ਨੂੰ ਵੰਗਾਰ ਦਿੱਤਾ ਹੋਵੇ। ਇਕਦਮ ਦਿਮਾਗ਼ ਜਿਹਾ ਹੀ ਬੌਂਦਲ ਗਿਆ। ਵਾਈਪਰ ਬੰਦੂਕ ਵਾਂਗੂ ਉਤਾਂਹ ਚੁੱਕਿਆ ਹੀ ਸੀ, ਪਰ ਜੋੜਾ ਫਿਰ ਵੀ ਟੱਸ ਤੋਂ ਮੱਸ ਨਾ ਹੋਇਆ। ਉਹ ਤਾਂ ਜਿਵੇਂ ਨਿਡਰ ਹੋਏ, ਢੀਠਪੁਣੇ 'ਤੇ ਹੀ ਆ ਗਏ ਹੋਣ।

ਪਰ ਜਦੋਂ ਵਾਈਪਰ ਆਲ੍ਹਣੇ 'ਚ ਫਿਰਨ ਲੱਗਾ ਤਾਂ ਉਹ ਮਸੀਂ ਹੀ ਬਾਹਰ ਨਿਕਲੇ। ਇੱਕ ਮਾਦਾ ਜਿਹੀ ਜਾਪਦੀ ਕਬੂਤਰੀ ਕੁਝ ਬੀਮਾਰ ਤੇ ਢਿੱਲੀ-ਢਿੱਲੀ ਜਿਹੀ ਜਾਪੀ। ਜੋ ਬੜੀ ਔਖਿਆਈ ਨਾਲ ਉੱਡੀ। ਪਰ ਦੋਵੇਂ ਪਿੱਪਲ 'ਤੇ ਬੈਠੇ ਹਾਲ ਦੁਹਾਈ ਹੀ ਪਾਈ ਗਏ। ਉਹ ਇਕ ਵਾਰ ਹੈਰਾਨ ਜ਼ਰੂਰ ਹੋਇਆ। ਇਸ ਵਾਰ ਦੋਵੇਂ ਉੱਡੇ ਵੀ ਦੇਰੀ ਨਾਲ ਤੇ ਏਨਾ ਜ਼ਿਆਦਾ ਰੌਲਾ ਵੀ ਪਾਈ ਜਾ ਰਹੇ। ਪਹਿਲਾਂ ਤਾਂ ਚੁੱਪ-ਚਾਪ ਹੀ ਨਿਕਲ ਤੁਰਦੇ ਰਹੇ। ਹੁਣ ਤਾਂ ਜਾਪਦਾ ਮੇਰੇ ਨਾਲ ਸਿੱਧੀ ਲੜਾਈ ਕਰਨ 'ਤੇ ਆ ਤੁਲੇ ਨੇ। ਜਿਵੇਂ ਮੈਨੂੰ ਗਾਲ੍ਹਾਂ ਕੱਢ ਰਹੇ ਹੋਣ। ਜੇ ਉਨ੍ਹਾਂ ਦੇ ਹੱਥਾਂ 'ਚ ਕੋਈ ਹਥਿਆਰ ਹੋਵੇ ਤਾਂ ਮੇਰਾ ਸਿਰ ਹੀ ਪਾੜ ਸੁੱਟਣ। ਹੋ ਸਕਦਾ ਰੌਲਾ ਪਾਉਂਦੇ, ਮੇਰੇ ਅੱਗੇ ਹਾਰ ਮੰਨਦੇ, ਇਵੇਂ ਨਾ ਕਰਨ ਲਈ ਤਰਲੇ ਮਿੰਨਤਾਂ ਕਰ ਰਹੇ ਹੋਣ। ਪਰ ਏਨੀ ਵਾਰੀ ਨੁਕਸਾਨ ਕਰਵਾਅ ਕੇ ਵੀ ਸ਼ਾਂਤ ਰਹਿਣ ਵਾਲਿਆਂ ਨੂੰ ਹੁਣ ਕੀ ਬਿੱਜ ਪੈ ਗਈ। ਕਿਤੇ ਇਨ੍ਹਾਂ ਨੂੰ ਵੀ ਕਰੋਨਾ ਦਾ ਦੈਂਤ ਸਾਮ੍ਹਣੇ ਦਿਸਣ ਲੱਗ ਪਿਆ ਹੋਵੇ। ਤਾਂ ਹੀ ਘਬਰਾਏ ਪਏ ਨੇ। ਹੁਣ ਪਤਾ ਲੱਗੂ ਤਹਾਨੂੰ ਚੀਨਿਓ, ਕਰੋਨਾ ਕਿਵੇਂ ਦਾ ਭੈੜਾ ਦੈਂਤ ਹੁੰਦੈ, ਜੋ ਬੰਦੇ ਨੂੰ ਖ਼ਤਮ ਕਰ ਦੇਂਦਾ। ਅੱਜ ਮੈਂ ਵੀ ਇਨ੍ਹਾਂ ਨੂੰ ਕਰੋਨਾ ਹੀ ਬਣਕੇ ਦਿਖਾਊਂ।

ਲਗਾਤਾਰ ਵਾਈਪਰ ਫੇਰਦਿਆਂ ਤੀਲਿਆਂ ਦਾ ਭਾਰੀ-ਭਰਕਮ ਪਹਾੜ ਹੇਠਾਂ ਡਿੱਗ ਪਿਆ ਸੀ। ਆਲ੍ਹਣੇ ਦੇ ਹੇਠਾਂ ਡਿਗਦਿਆਂ ਦੀ ਉਸਦਾ ਤਨ-ਮਨ ਖਿੜ ਉੱਠਿਆ। ਜਿਵੇਂ ਜੰਗ ਦੇ ਮੈਦਾਨ 'ਚ ਦੁਸ਼ਮਨ ਦਾ ਕਿਲ੍ਹਾ ਢਹਿ-ਢੇਰੀ ਕਰ, ਚਿੱਤ ਹੀ ਕਰ ਦਿੱਤਾ ਹੋਵੇ।

ਪਰ ਉਸ ਦੀ ਦੇਖਿਆ, ਡਿੱਗੇ ਢੇਰ 'ਚ ਤਿੰਨ-ਚਾਰ ਆਂਡੇ ਵੀ ਟੁੱਟ ਕੇ ਖਿੱਲਰੇ-ਪੁੱਲਰੇ ਤੀਲਿਆਂ 'ਚ ਫਸੇ ਪਏ। ਉਹਨਾਂ ਵਿਚਲਾ ਚਿੱਟਾ ਤੇ ਪੀਲੇ ਜਿਹੇ ਰੰਗ ਦਾ ਗਿੱਲਾ ਜਿਹਾ ਮੁਆਦ ਵੀ ਲੱਗਾ ਹੋਇਆ। ਨਾਲ ਹੀ ਬੱਚਿਆਂ ਦੇ ਮਾਸ ਦੇ ਕੁਝ ਨਿਰਜਿੰਦ ਲੋਥੜੇ, ਵੀ ਉਲਝੇ ਪਏ ਹੋਏ। ਫ਼ਰਸ਼ 'ਤੇ ਪਿਆ ਤੀਲਿਆਂ ਦਾ ਖਿਲਾਰਾ ਇਵੇਂ ਜਾਪ ਰਿਹਾ ਜਿਵੇਂ ਬਹੁਤ ਵੱਡਾ ਝੱਖੜ ਝੁਲ ਗਿਆ ਹੋਵੇ।

ਦੋਵੇਂ ਕਬੂਤਰ ਕੁਰਲਾਹਟਾਂ ਮਚਾਉਂਦੇ, ਇੱਕ ਵਾਰ ਫਿਰ ਉੱਡਕੇ ਉਸ ਵੱਲ ਵਧੇ ਤੇ ਲਾਗੇ ਕੰਧ 'ਤੇ ਆ ਬੈਠੇ।

ਉਸਨੂੰ ਇਸ ਗੱਲ ਦਾ ਤਾਂ ਉੱਕਾ ਹੀ ਅੰਦਾਜ਼ਾ ਨਹੀਂ ਸੀ, ਇਹ ਇਹਦੇ 'ਚ ਆਂਡੇ ਦੇ ਕੇ ਬੱਚੇ ਵੀ ਪੈਦਾ ਕਰਨਗੇ। ਉਹ ਸਮਝਦਾ, ਕਾਮ ਖੇਡਾਂ ਹੀ ਪਏ ਖੇਡਦੇ ਨੇ। ਪਰ ਨਹੀਂ ਏਸੇ ਲਈ ਆਂਡੇ ਦੇ ਕੇ ਉੱਡਣ ਤੋਂ ਅਸਮਰੱਥ ਹੋਈ ਬੀਮਾਰ ਕਬੂਤਰੀ, ਬੜੀ ਔਖ ਨਾਲ ਉੱਡੀ। ਉਸ ਵੱਲ ਦੇਖਦੀ ਜਿਵੇਂ ਕਹਿ ਰਹੀ ਹੋਵੇ, "ਕਾਸ਼ ! ਡਾਕਟਰ ਜੀ ਤੁਸੀਂ ਔਰਤ ਦੇ ਦਿਲ ਨੂੰ ਜਾਣ ਸਕਦੇ ਹੁੰਦੇ..... ਉਸ ਦੀਆਂ ਪੀੜਾਂ ਨੂੰ ਸਮਝਦੇ ਹੁੰਦੇ....।"

ਪਰ ਹੁਣ ਤਾਂ ਸਭ ਕੁਝ ਖ਼ਤਮ ਹੋ ਗਿਆ ਸੀ। ਜੇ ਕੁਝ ਦਿਨ ਹੋਰ ਉਸਦੀ ਮਾਰ ਤੋਂ ਬਚ ਜਾਂਦੇ ਤਾਂ ਉਦੋਂ ਤੱਕ ਬੱਚੇ ਪੈਦਾ ਹੋ ਜਾਣੇ ਸਨ। ਬੱਚੇ ਬਣੇ ਹੁੰਦੇ ਤਾਂ ਉਨ੍ਹਾਂ ਬੋਟਾਂ ਨੂੰ ਝੱਟਪਟ ਪਾਣੀ ਜਾਂ ਦੁੱਧ ਪਿਲਾ ਕੇ ਬਚਾਉਣ ਦੀ ਕੋਸ਼ਿਸ਼ ਜ਼ਰੂਰ ਕਰਦਾ। ਪਾਣੀ ਪੀ ਕੇ ਉਨ੍ਹਾਂ ਦੇ ਸਰੀਰਾਂ 'ਚ ਜਾਨ ਪੈ ਜਾਂਦੀ। ਉਹ ਵੀ ਮੇਰੇ ਹੱਥਾਂ 'ਤੇ ਪਏ ਅੱਖਾਂ ਖੋਲਦੇ ਤਾਂ ਉਹਨੂੰ ਸਕੂਨ ਤੇ ਮਾਣ ਮਹਿਸੂਸ ਹੋਣਾ ਸੀ। ਪਰ ਹੁਣ ਤਾਂ ਬਸ ਇੱਕ ਲਿਜ਼ਲਿਜ਼ਾ ਜਿਹਾ ਪਦਾਰਥ ਹੀ ਰਹਿ ਗਿਆ। ਜੋ ਤੀਲਿਆਂ 'ਚ ਉਲਝਿਆ ਪਿਆ ਹੋਇਆ।

ਕੁਝ ਮਿੰਟ ਹੋਰ ਦੇਖਦਾ ਰਿਹਾ ਤੇ ਉਸੇ ਹੀ ਹਾਲਤ 'ਚ ਛੱਡਕੇ ਘਰ ਅੰਦਰ ਚਲਾ ਗਿਆ। ਸਾਰਾ ਦਿਨ ਮਰੀਜ਼ ਦੇਖਦਿਆਂ ਵੀ ਅਫ਼ਸੋਸ ਜਿਹਾ ਹੁੰਦਾ ਰਿਹਾ। ਉਹ ਕੀ ਕਰ ਬੈਠਾ ਸੀ। ਉਹਦੇ ਦਿਮਾਗ਼ 'ਚ ਇਹ ਸਮਝ ਕਿਉਂ ਨਾ ਆਈ। ਡਾਕਟਰ ਤੇ ਇੱਕ ਲੇਖਕ ਹੋ ਕੇ ਵੀ ਉਨ੍ਹਾਂ ਦੀ ਬਣ ਰਹੀ ਜੀਵਨ ਕਹਾਣੀ ਨਹੀਂ ਸੀ ਸਮਝ ਸਕਿਆ। ਕਿੱਡਾ ਵੱਡਾ ਮੂਰਖ ਸਾਂ। ਇੱਕ ਵਧੀਆ ਵਿਸ਼ਾ ਸੀ। ਪਰ ਉਸਨੇ ਤੀਲਿਆਂ 'ਚ ਹੀ ਖਿਲਾਰ ਦਿੱਤਾ। ਹੋਰ ਕੁਝ ਕੁ ਦਿਨਾਂ 'ਚ ਪੰਛੀਆਂ ਆਂਡਿਆਂ 'ਚੋਂ ਨਿਕਲ ਉਡਾਰ ਹੋ ਜਾਣਾ ਸੀ। ਕਹਾਣੀ

ਬਹਾਰਾਂ ਸਾਂਭ ਕੇ ਰੱਖੀਂ ਖ਼ਿਜ਼ਾਵਾਂ ਨੂੰ ਸਜਾਂਵਾਂਗੇ,
ਕਲਮ ਇਕ ਆਸ ਦੀ ਲਾਉਂਦਾ ਰਹੀਂ ਗੁਲਜ਼ਾਰ ਦੇ ਅੰਦਰ। -ਨੀਲੂ ਜਰਮਨੀ

ਮੁਕੰਮਲ ਹੋ ਜਾਂਦੀ। ਪਰ ਹੁਣ ਤਾਂ ਕੁਦਰਤ ਨਾਲ ਖਿਲਵਾੜ ਹੋ ਗਿਆ ਹੋਇਆ। ਕਿਵੇਂ ਭਰਾ ਦੇ ਘਰ ਨੂੰ ਬਚਾਉਣ ਲਈ ਕੋਸ਼ਿਸ਼ਾਂ ਦੇ ਬਾਵਜੂਦ ਵੀ ਉੱਜੜ ਗਿਆ। ਪਰ ਇੱਥੇ ਕਬੂਤਰਾਂ ਦੇ ਘਰ ਨੂੰ ਉਹ ਆਪਣੇ ਹੱਥੀਂ ਉਜਾੜ ਦਿੱਤਾ ਸੀ। ਅਪਰਾਧ ਬੋਧ ਉਸਨੂੰ ਅੰਦਰੋਂ-ਅੰਦਰੀਂ ਖਾਈ ਜਾ ਰਿਹਾ।

ਉਸ ਸਵੇਰੇ ਉਠਕੇ ਦੇਖਿਆ, ਸਭ ਕੁਝ ਉਵੇਂ ਦਾ ਉਵੇਂ ਹੀ ਪਿਆ ਹੋਇਆ। ਉਵੇਂ ਹੀ ਲਾਗੇ ਵਾਈਪਰ ਪਿਆ ਮੂੰਹ ਚਿੜ੍ਹਾ ਰਿਹਾ। ਪਰ ਕਬੂਤਰ-ਕਬੂਤਰੀ ਦਾ ਜੋੜਾ ਲਾਗੇ-ਚਾਗੇ ਵੀ ਨਹੀਂ ਦਿਸ ਰਿਹਾ।

ਇਵੇਂ ਅਗਲੇ ਦਿਨ ਤੇ ਫਿਰ ਕਈ ਦਿਨ ਲੱਗਭੱਗ ਉਹੋ ਜਿਹੇ ਹੀ ਹਾਲਾਤ ਬਣੇ ਹੋਏ। ਸੁੰਨ-ਮਸਾਨ। ਪਰ ਉਨ੍ਹਾਂ ਚੀਨਿਆਂ ਦਾ ਜੋੜਾ ਕਈ ਦਿਲ ਲੰਘ ਜਾਣ ਤੋਂ ਬਾਅਦ ਵੀ ਵਾਪਸ ਨਹੀਂ ਸੀ ਮੁੜਿਆ। ਉਹ ਚਾਹੁੰਦਾ ਕਿਤੇ ਇੱਕ ਵਾਰ ਆ ਕੇ ਉਸਨੂੰ ਮੁਆਫ਼ ਕਰ ਜਾਣ। ਏਸੇ ਲਈ ਉਨ੍ਹਾਂ ਨੂੰ ਰੋਜ਼ਾਨਾ ਹੀ ਉਡੀਕਦਾ ਰਹਿੰਦਾ। ਹੁਣ ਤਾਂ ਉਸਨੇ ਮਿਤਸਰੀ ਤੋਂ ਲੱਕੜੀ ਦਾ ਵੱਡਾ ਸਾਰਾ, ਸੁੰਦਰ ਆਲ੍ਹਣਾ ਵੀ ਤਿਆਰ ਕਰਵਾਅ ਲਿਆ ਸੀ। ਉਸੇ ਕੰਧ ਦੇ ਨਾਲ ਹੀ ਟੰਗਵਾਅ ਦਿੱਤਾ। ਹੁਣ ਤਾਂ ਤੀਲੇ ਲਿਆਉਣ ਵਾਲਾ ਤਰੱਦਦ ਵੀ ਨਹੀਂ ਕਰਨਾ ਪੈਣਾ। ਪਾਣੀ ਦਾ ਇੱਕ ਕਟੋਰਾ ਵੀ ਥੱਲੇ ਫ਼ਰਸ਼ 'ਤੇ ਰੱਖ ਦਿੱਤਾ। ਉਸਨੂੰ ਪੂਰੀ ਆਸ ਸੀ, ਜੋੜਾ ਜ਼ਰੂਰ ਮੋੜਾ ਪਾਵੇਗਾ। ਪਰ ਉਹ ਤਾਂ ਆ ਨਹੀਂ ਸੀ ਰਹੇ। ਹੁਣ ਤਾਂ ਉਹ ਆਪ ਹੀ ਉਲਝਾਈ ਕਹਾਣੀ ਦੇ ਜਿਵੇਂ ਜਾਲ 'ਚ ਫ਼ਸ ਗਿਆ ਹੋਵੇ।

ਕਬੂਤਰਾਂ ਨੂੰ ਉਡੀਕਦਿਆਂ ਮਹੀਨੇ ਤੋਂ ਉਪਰ ਹੋ ਗਿਆ ਸੀ। ਨਾ ਹੀ ਕਿਸੇ ਹੋਰ ਪੰਛੀ ਨੇ ਆ ਕੇ ਆਲ੍ਹਣਾ ਮੱਲਣ ਦੀ ਹਿੰਮਤ ਹੀ ਕੀਤੀ। ਜਿਵੇਂ ਉਹ ਜੋੜਾ ਇਸ ਜਗ੍ਹਾ ਨੂੰ ਸਰਾਪ ਕੇ ਗਿਆ ਹੋਵੇ।

ਉਹ ਅੱਧੀ ਰਾਤ ਨੂੰ ਉਠਿਆ। ਹੋ ਸਕਦਾ ਦਿਨੇ ਮੈਥੋਂ ਡਰਦੇ ਨਾ ਆਉਂਦੇ ਹੋਣ, ਰਾਤ ਵੇਲੇ ਗੇੜਾ ਮਾਰਦੇ ਹੋਣ। ਉਸ ਦੇਖਿਆ ਆਲ੍ਹਣੇ ਵਾਲੀ ਕੰਧ ਵਲ ਜੰਗਲਨੁਮਾ ਹਨੇਰਾ। ਥੱਲੇ ਪਈਆਂ ਤੀਲਾਂ ਸੂਲ੍ਹਾਂ ਬਣੀਆਂ ਜਿਵੇਂ ਉਸ ਵਲ ਵਧ ਰਹੀਆਂ। ਵਿੱਚ ਪਈਆਂ ਮਰੀਆਂ ਰੂਹਾਂ ਉਸਨੂੰ ਡਰਾਉਂਦੀਆਂ-ਘੂਰਦੀਆਂ ਜਾਪੀਆਂ। ਉਹ ਡਰਦਾ ਹੁਣ ਰੋਜ਼ ਇੱਕ ਦੀਵਾ ਆਲ੍ਹਣੇ ਨਾਲ ਲੱਗਦੀ, ਛੋਟੀ ਕੰਧ ਦੇ ਬਨੇਰੇ 'ਤੇ ਜਗਾਉਣ ਲੱਗ ਪਿਆ।

ਅੱਜ ਫੇਰ ਦੀਵਾ ਜਗ੍ਹਾ ਕੇ ਕੰਧ 'ਤੇ ਰੱਖ ਹੀ ਰਿਹਾ ਸੀ, ਉਸੇ ਵੇਲੇ ਉਸਨੂੰ ਜ਼ੋਰਦਾਰ ਖੰਘ ਆਈ। ਉਸ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। ਕਿਤੇ ਕਬੂਤਰਾਂ ਨੂੰ ਉਸਦੀ ਆਮਦ ਦਾ ਪਤਾ ਨਾ ਚੱਲ ਜਾਵੇ। ਪਰ ਕਦੇ ਖੰਘ ਵੀ ਰੋਕਿਆ ਰੁਕਦੀ। ਖੰਘ ਨਾਲ ਦੀਵਾ ਵੀ ਬੁੱਝ ਗਿਆ। ਹੁਣ ਚਾਰੋਂ-ਤਰਫ਼ ਘੋਰ ਹਨੇਰਾ ਹੀ ਹਨੇਰਾ ਹੋ ਗਿਆ। ਨਹੀਂ ਜਿਵੇਂ ਹਨੇਰ ਹੀ ਪੈ ਗਿਆ ਹੋਵੇ। ਉਸਨੂੰ ਕੁਝ ਸਮਝ ਨਹੀਂ ਲੱਗ ਰਹੀ। ਛਾਤੀ ਭਾਰੀ ਹੋ ਗਈ। ਉਹ ਰੋਕਣ ਹੀ ਲੱਗ ਪਿਆ। ਪਰ ਉਹ ਉੱਥੋਂ ਹਿੱਲਣ ਜੋਗਾ ਵੀ ਨਹੀਂ ਸੀ ਰਿਹਾ। ਜਿਵੇਂ ਉਸਦੀਆਂ ਲੱਤਾਂ ਨੂੰ ਕੋਈ ਜਕੜੀ ਜਾ ਰਿਹਾ ਹੋਵੇ। ਪਰ ਹਨੇਰੇ 'ਚੋਂ ਉਸਨੂੰ ਕੋਈ ਅਲੌਕਿਕ ਜਿਹੀ ਅਵਾਜ਼ ਸੁਣਾਈ ਦਿੱਤੀ, '..ਨਹੀਉਂ ਲੱਭਣੇ ਲਾਲ ਗੁਆਚੇ... ਮਿੱਟੀ ਨਾ ਫਰੋਲ ਜੋਗੀਆ...।' ਇਹ ਆਵਾਜ਼ ਕਿੱਥੋਂ ਆਈ। ਖੌਰੇ ਉਹਦੇ ਤੇਜ਼ ਚੱਲਦੇ ਸਾਹਾਂ 'ਚੋਂ ਹੀ ਨਿਕਲੀ ਹੋਵੇ। ਪਰ ਉਹ ਸੁਣਕੇ ਦਹਿਲ ਹੀ ਗਿਆ। ਸੱਚੀ ਇਹ ਜਗ੍ਹਾ ਸਰਾਪੀ ਗਈ ਸੀ। ਬੁੱਝੇ ਦੀਵੇ ਦੀ ਬੱਤੀ ਅਜੇ ਵੀ ਹਲਕਾ-ਹਲਕਾ ਧੂੰਆਂ ਛੱਡੀ ਜਾ ਰਹੀ। ਉਸਨੂੰ ਖੰਘ ਛਿੜ ਪਈ ਤੇ ਉਹ ਛਾਤੀ 'ਤੇ ਹੱਥ ਰੱਖਦਾ, ਔਖੇ ਜਿਹੇ ਸਾਹ ਲੈਂਦਾ ਘਰ ਅੰਦਰ ਨੂੰ ਭੱਜ ਪਿਆ।

ਕਹਾਣੀ

# ਕੋਰੇ ਪੰਨੇ

## ਕੰਵਲਜੀਤ ਕੌਰ ਜੁਨੇਜਾ



ਕੰਵਲਜੀਤ ਕੌਰ ਜੁਨੇਜਾ

'ਦੀਪਾ ਬੇਟੇ! ਆਹ ਸੂਟ ਕਿੱ[illegible] ਮੈਂ ਤੇਰੀ ਆਂਟੀ ਲਈ ਲਿਆਇਆ ਸੀ।'

'ਨਹੀਂ ਅੰਕਲ ਆਂਟੀ ਨੇ ਆਪ ਹੀ ਦਿੱਤੇ ਨੇ, ਉਹ ਕਹਿੰਦੀ ਸੀ ਕਿ ਓਹਦੀ ਤਾਂ ਖਾਣ-ਹੰਢਾਉਣ ਦੀ ਉਮਰ ਲੰਘ ਗਈ, ਪੁੱਤ ਤੁਹਾਡੇ ਕੰਮ ਆਜੂਗਾ, ਇਹ ਤੁਸੀਂ ਲੈ ਜਾਓ, ਹੋਰ ਤਾਂ ਹੋਰ ਆਂਟੀ ਨੇ ਆਪਣੀ ਅਲਮਾਰੀ ਵੀ ਕੱਪੜਿਆਂ ਵਾਲੀ ਤਕਰੀਬਨ ਖਾਲੀ ਕਰਵਾ ਲਈ ਹੈ ਅਤੇ ਕਹਿੰਦੀ ਪਈ ਸੀ ਬਸ ਦੋ ਤਿੰਨ ਸੂਟ ਰੱਖ ਕੇ ਬਾਕੀ ਸਾਰੇ ਭਾਵੇਂ ਅੱਗੇ ਵੰਡ ਦੇਵੋ, ਜੇ ਤੁਹਾਡੇ ਘਰ ਕੰਮ ਆਉਂਦੇ ਨੇ ਤਾਂ ਤੁਸੀਂ ਆਪਸ 'ਚ ਵੰਡ ਕੇ ਪਾ ਲੈਣਾ।'

ਉਹ ਗੇਟ ਖੋਲ੍ਹ ਕੇ ਨਿਕਲ ਗਈ ਤੇ ਮੈਂ ਬੜਾ ਅਚੰਭੇ 'ਚ ਪੈ ਗਿਆ ਤੇ ਅਲਮਾਰੀ ਵੇਖਣ ਲਈ ਕਮਰੇ ਵਿੱਚ ਗਿਆ, ਅਲਮਾਰੀ ਖੋਲ੍ਹੀ ਤਿੰਨ ਸੂਟ ਤਹਿ ਹੋਏ ਪਏ ਸੀ ਤੇ ਥੱਲੇ ਇਕ ਡਾਇਰੀ ਪਈ ਸੀ, ਪਤਨੀ ਮੇਰੀ ਸੌਂ ਰਹੀ ਸੀ ਕਿਉਂਕਿ ਸਵੇਰੇ ਉਹ ਤਕਰੀਬਨ ਨੌਂ ਸਾਢੇ ਨੌਂ ਵਜੇ ਦਵਾਈ ਲੈ ਲੈਂਦੀ ਸੀ ਜਿਹਦੇ ਨਾਲ ਓਹਨੂੰ ਬਾਅਦ 'ਚ ਚਾਰ ਪੰਜ ਘੰਟੇ ਨੀਂਦ ਆਉਂਦੀ ਰਹਿੰਦੀ ਸੀ।

ਪਹਿਲਾਂ ਮੈਂ ਸੋਚਿਆ ਕੀ ਦੇਖਣਾ ਡਾਇਰੀ ਨੂੰ, ਇਹ ਕਿਹੜਾ ਕੁਝ ਲਿਖ ਸਕਦੀ ਹੈ, ਫਿਰ ਵੀ ਪਤਾ ਨੀ ਕੀ ਹੋਇਆ ਮੈਨੂੰ, ਮੈਂ ਚੁੱਕ ਹੀ ਲਈ ਤੇ ਉੱਥੇ ਆਰਾਮ ਕੁਰਸੀ ਪਈ ਸੀ, ਉੱਥੇ ਹੀ ਬਹਿ ਗਿਆ। ਡਾਇਰੀ ਖੋਲ੍ਹੀ ਪਹਿਲੇ ਤਿੰਨ ਚਾਰ ਪੰਨੇ ਨਿਰੇ 'ਕੋਰੇ ਪੰਨੇ' ਪਰ ਜਿਵੇਂ ਹੀ ਮੈਂ ਅੱਗੇ ਵਰਕੇ ਫੋਲੇ ਤਾਂ ਕੁਝ ਏਦਾਂ ਦਾ ਪੜ੍ਹਨ ਨੂੰ ਮਿਲਿਆ:

ਪਿੰਜਰਾ
ਮੈਂ ਪਿੰਜਰੇ ਵਿੱਚ ਕੈਦ ਪੰਛੀ
ਤੂੰ ਅਸਮਾਨੇ ਉੱਡਦਾ
ਸੋਚਨੈ ਮੈਂ ਬਹੁਤ ਸੁਖੀ ਹਾਂ
ਅੰਦਰ ਹੀ ਖੰਭ ਮਾਰੇ ਜਾਣੇ
ਖੰਭ ਹੁੰਦਿਆਂ ਸੁੰਦਿਆਂ
ਉੱਡ ਨਾ ਸਕਣਾ
ਸਜ਼ਾ ਇਹਦੇ ਤੋਂ ਵੱਡੀ ਹੋਰ ਕੀ ਏ

ਵਿਛੋੜੇ ਦੇ ਸਮੇਂ ਬੱਦਲ ਗਰਜਦੇ,
ਬਨੇਰਾ ਤੋੜ ਬਰਸਾਤਾਂ ਸੀ ਹੁੰਦੀਆਂ। -(ਅਗਲੇ ਸਫ਼ੇ 'ਤੇ)

ਤੂੰ ਤੇ ਤੇਰੇ ਵਰਗੇ ਪੰਛੀ
ਅਸਮਾਨੀ ਉੱਡਦੇ ਨੇ
ਦੁੱਖ ਸੁੱਖ ਦੀ ਸਾਂਝ ਕਰ ਲੈਂਦੇ ਨੇ
ਪਰ ਮੇਰੇ ਵੱਲ ਵੇਖ
ਇਕੱਲਾ ਹਸਦਾ, ਇਕੱਲਾ ਰੋਂਦਾ,
ਆਪੇ ਚੁੱਪ ਕਰ ਜਾਂਦਾ
ਚੁੰਝਾਂ ਮਾਰ ਮਾਰ ਕੇ ਤਾਰਾਂ ਟੁਟੀਆਂ ਨਹੀਂ
ਵਿੰਗੀਆਂ ਹੋ ਗਈਆਂ
ਪਰ ਇੱਕ ਚਿੱਠੀ ਹੁਣ ਮੈਂ
ਪਿੰਜਰੇ ਵਿੱਚ ਰੱਖੀ ਹੈ
ਸੁਣਿਐ ਮਰਨ ਵਾਲੇ ਦੀ
ਆਖ਼ਰੀ ਖਾਹਿਸ਼
ਪੂਰੀ ਕਰ ਦਿੱਤੀ ਜਾਂਦੀ ਏ
ਇਹ ਚਿੱਠੀ ਨਹੀਂ ਮੇਰੀ ਵਸੀਅਤ ਹੈ
ਮੇਰੇ ਮਰਨ ਬਾਅਦ ਬਸ
ਇੱਕ ਕੰਮ ਕਰ ਦੇਣਾ
ਇਸ ਪਿੰਜਰੇ ਨੂੰ
ਮੇਰੇ ਨਾਲ ਸਾੜ ਦੇਣਾ।

ਅੱਗੇ ਮੈਂ ਡਾਇਰੀ ਫੋਲਦਾ ਗਿਆ, ਕੁਝ ਨਹੀਂ ਸੀ ਲਿਖਿਆ, ਅਖੀਰਲੇ ਦੋ ਪੰਨੇ ਤੇ ਮੋਟਾ-ਮੋਟਾ ਲਿਖਿਆ ਸੀ, 'ਅਲਮਾਰੀ ਵਿੱਚ ਮੈਂ ਤਿੰਨ ਸੂਟ ਰੱਖੇ ਨੇ, ਕਿਉਂਕਿ ਬਾਕੀ ਉਮਰ ਲੰਘਾਉਣ ਲਈ ਇਹ ਕਾਫ਼ੀ ਨੇ ਅਤੇ ਹੋਰ ਉਸ ਨੂੰ ਕੁਝ ਨਹੀਂ ਚਾਹੀਦਾ, ਇਹ 'ਕੋਰੇ ਪੰਨੇ' ਨਹੀਂ ਨੇ, ਇਹਦੇ ਵਿੱਚ ਜੋ ਮੈਂ ਲਿਖਿਐ ਉਹ ਮੈਂ ਹੀ ਪੜ੍ਹ ਸਕਦੀ ਹਾਂ।'

ਮੈਂ ਕੁਰਸੀ ਤੇ ਬੈਠਾ ਉਹਦੇ ਵਿੱਚ ਹੀ ਧਸ ਗਿਆ ਸੀ, ਮੇਰੀਆਂ ਅੱਖਾਂ ਵਿੱਚੋਂ ਹੰਝੂ ਨਿਕਲ ਰਹੇ ਸਨ, ਉਹ ਕਿਹੋ ਜਿਹਾ ਬੰਦੈ? ਕਿੰਨੇ ਗਹਿਰੇ ਜ਼ਖ਼ਮ ਦਿੱਤੇ ਨੇ, ਪਤੀ ਕਾਹਦਾ ਹੋਇਆ ਉਹ ਮੇਰੀ ਧਰਮ ਪਤਨੀ ਏ, ਕਿਹੋ ਜਿਹਾ ਧਰਮ ਨਿਭਾਇਆ, ਕਦੀ ਉਹਨੂੰ ਸਮਾਂ ਹੀ ਨਹੀਂ ਦਿੱਤਾ, ਜਦ ਕਦੇ ਉਹਨੇ ਕੁਝ ਮੰਗਿਆ ਅਲਮਾਰੀ ਕੱਪੜਿਆਂ ਦੀ ਫੋਲ ਦਿੰਦਾ ਸੀ, ਕੱਪੜੇ ਹੇਠਾਂ ਵੀ ਸੁੱਟ ਦਿੰਦਾ ਸੀ ਤੇ ਕਹਿੰਦਾ ਸੀ, ਸੰਭਾਲ ਹੋਵੇ ਤਾਂ ਨਾ, ਪੰਡਾਂ ਦੀਆਂ ਪੰਡਾਂ ਭਰੀਆਂ ਪਈਆਂ, ਬਸ ਖ਼ਰਚਾ ਕਰਾ ਲਓ, ਹੁਣ ਮੇਰੇ ਕੋਲ ਇਹ ਨ੍ਹੀਂ, ਹੁਣ ਮੇਰੇ ਕੋਲ ਇਹ ਨਹੀਂ। ਹੁਣ ਤਾਂ ਉਹਨੇ ਬੜੀ ਦੇਰ ਤੋਂ ਕਦੇ ਕੋਈ ਮੰਗ ਰੱਖੀ ਹੀ ਨਹੀਂ ਸੀ, ਪਹਿਲਾਂ ਵੀ ਉਹਨੇ ਕਦੀ ਤੰਗ ਨਹੀਂ ਕੀਤਾ, ਪਰ ਇਹ ਮੈਂ ਪਿੱਛਾ ਛੁਡਾਉਣ ਲਈ ਗੰਦਾ-ਮੰਦਾ ਹੀ ਬੋਲ ਦਿੰਦਾ ਸਾਂ। ਸੱਚ ਤਾਂ ਇਹ ਹੈ ਨਾ ਮੈਂ ਉਹਨੂੰ ਕਦੀ ਸਰਦੀਆਂ ਵਿੱਚ ਗਰਮ ਕੱਪੜਾ ਨਾ ਗਰਮੀ ਵਿਚ ਜੁੱਤੀ ਕੱਪੜਾ ਲੈ ਕੇ ਦਿੱਤਾ, ਬਸ ਫਿਰ ਉਹਦੀ ਸ਼ਾਇਦ ਆਦਤ ਹੋ ਗਈ ਕਦੇ ਵੀ ਕੁਝ ਨਹੀਂ ਮੰਗਿਆ ਬਸ ਚੁੱਪ ਹੀ ਵੱਟ ਗਈ।

ਜਦ ਕਦੇ ਉਹ ਬਿਮਾਰ ਹੋ ਜਾਂਦੀ, ਉਹ ਉਲਟਾ-ਪੁਲਟਾ ਬੋਲਦਾ ਕੰਮ ਤੇ ਨਾ ਜਾਏ, ਬਸ ਹਸਪਤਾਲ ਲੈ ਜਾਓ ਬੱਚੇ ਵੀ ਉਹਨੂੰ ਦੇਖ ਕੇ ਉਸ ਦੀ ਭਾਸ਼ਾ ਬੋਲਦੇ ਐ, ਉਹ ਤਾਂ ਆਪਣੀਆਂ ਪਤਨੀਆਂ ਨੂੰ, ਬੱਚਿਆਂ ਨੂੰ, ਜਿੱਥੇ ਕੰਮ ਕਰਦੇ, ਲੈ ਕੇ ਚਲੇ ਗਏ, ਇਹਨੇ ਸਭ ਦੀ ਸੇਵਾ ਕੀਤੀ ਏ, ਪਰ ਇਹਦੀ ਸੇਵਾ ਕਰਨ ਲਈ ਕੋਈ ਵੀ ਨਹੀਂ, ਹੋਰ ਤਾਂ ਹੋਰ ਸਭ ਘਰ ਵਿਚ ਏ.ਸੀ. ਲਗਾ ਸਕਦੇ ਸੀ ਪਰ ਮੈਂ ਸਿਰਫ਼ ਬਿੱਲ ਜ਼ਿਆਦਾ ਆਉਣ ਤੇ ਉਹਨੂੰ ਹੀ ਦੋਸ਼ ਦਿੰਦਾ ਤੇ ਉਲਟਾ ਸਿੱਧਾ ਵੀ ਬੋਲ ਪੈਂਦਾ, ਜਦ ਦੀ ਬਿਮਾਰ ਹੋਈ ਐ, ਪੱਖਾ ਵੀ ਇਕ ਨੰਬਰ ਤੇ ਚੱਲ ਰਿਹਾ ਹੈ, ਉਸ ਨੂੰ ਕਈ ਵਾਰ ਠੰਢ ਇੰਨੇ ਵਿੱਚ ਹੀ ਲੱਗ ਜਾਂਦੀ ਹੈ, ਉਹੀ ਏ.ਸੀ. ਉਤਾਰ ਕੇ ਡਰਾਇੰਗ ਰੂਮ ਵਿੱਚ ਲਾ ਦਿੱਤਾ ਹੈ ਜਿੱਥੇ ਮੈਂ ਦੀਵਾਨ ਤੇ ਸੌਂ ਜਾਂਦਾ ਹਾਂ ਕਿਉਂਕਿ ਗਰਮੀ ਬਹੁਤ ਹੈ, ਪਾਣੀ ਨੀਵੇਂ ਪਾਸੇ ਚਲਦਾ ਹੈ ਮੈਂ ਖ਼ੂਬ ਖਰੀਆਂ-ਖਰੀਆਂ ਸੁਣਾਉਂਦਾ, ਹੁਣ ਤਾਂ ਨਿੰਮੋ ਬੋਲ ਵੀ ਨਹੀਂ ਸਕਦੀ, ਨਹੀਂ ਤਾਂ ਘਰ ਵਿੱਚ ਸਾਰਾ ਦਿਨ ਮੈਂ ਕਹਿੰਦਾ, ਉਹਦੀ ਹੀ ਕੈਂ-ਕੈਂ ਲੱਗੀ ਹੁੰਦੀ ਹੈ, ਦੋ ਮਹੀਨੇ ਹੋ ਗਏ ਘਰ ਵਿਚ ਚੁੱਪ-ਚਾਪ ਹੈ ਤੇ ਬਸ ਇਹ ਕੰਮ ਵਾਲੀਆਂ ਕੁੜੀਆਂ ਆਉਂਦੀਆਂ ਹਨ, ਤਾਂ ਥੋੜ੍ਹੀ ਜਿਹੀ ਘਰ ਵਿੱਚ ਚਹਿਕ-ਮਹਿਕ ਲੱਗਦੀ ਹੈ, ਮੈਂ ਤਾਂ ਕਾਵਿ-ਗੋਸ਼ਟੀਆਂ, ਸਾਹਿਤਕ ਪ੍ਰੋਗਰਾਮਾਂ ਵਿੱਚ ਜਾਂਦਾ ਸੀ ਕਹਾਣੀਆਂ ਤੇ ਲੇਖ ਸੁਣਨ, ਪਰ ਮੇਰੇ ਘਰ ਵਿਚ ਹੀ ਏਡਾ ਵੱਡਾ ਹੀਰਾ ਸੀ ਜਿਸ ਨੂੰ ਮੈਂ ਪਹਿਚਾਣ ਹੀ ਨਹੀਂ ਸਕਿਆ, ਡਾਇਰੀ ਤਾਂ ਮੈਨੂੰ ਅੰਦਰ ਤਕ ਹਲੂਣ ਗਈ, ਐਨੀ ਸੰਵੇਦਨਸ਼ੀਲ ਹੈ ਨਿੰਮੋ, ਉਹਨੂੰ ਬਹੁਤ ਤਕਲੀਫ਼ ਦਿੱਤੀ ਹੈ ਮੈਂ, ਸਾਰੇ ਲੋਕੀਂ ਮੋਬਾਇਲ ਤੇ ਲੱਗੇ ਰਹਿੰਦੇ ਹਨ ਪਰ ਮੈਂ ਵੀ ਉਹਦੇ ਉੱਤੇ ਵੀ ਆਪਣਾ ਹੱਕ ਜਤਾਇਆ, ਤਰ੍ਹਾਂ-ਤਰ੍ਹਾਂ ਦੀ ਟਿੱਚਰਾਂ ਕਰਦਾ, ਧੰਨ ਤੂੰ ਧੰਨ ਤੇਰਾ ਮੋਬਾਈਲ ਫ਼ੋਨ ਤੇ ਵ੍ਹੱਟਸਐਪ, ਮਤਲਬ ਮੈਂ ਕਦੇ ਉਹਦੇ ਜਜ਼ਬਾਤਾਂ ਨੂੰ ਸਮਝਿਆ ਹੀ ਨਹੀਂ, ਫ਼ੋਨ ਐ ਸਾਹਮਣੇ ਅਲਮਾਰੀ ਵਿੱਚ ਪਿਆ ਹੈ, ਦੋ ਮਹੀਨੇ ਹੋ ਗਏ ਉਹਨੂੰ ਬਿਮਾਰ ਹੋਇਆਂ ਤੇ ਉਹਨੂੰ ਪਤਾ ਹੀ ਨਹੀਂ ਫ਼ੋਨ ਕਿੱਥੇ ਹੈ ਕਿੱਥੇ ਨਹੀਂ, ਦੋ ਕੁ ਵਾਰ ਉਹਦੀ ਭੈਣ ਦਾ ਫ਼ੋਨ ਆਇਆ ਵੀ ਸੀ ਤਾਂ ਕਹਿਣ ਲੱਗੀ ਤੁਸੀਂ ਆਪ ਹੀ ਅਟੈਂਡ ਕਰ ਲਓ ਹਿੰਮਤ ਨਹੀਂ ਹੈ, ਫ਼ੋਨ ਚੁੱਕਦਾ ਹਾਂ ਚਾਰਜ਼ਰ ਵੀ ਚੁੱਕਦਾ ਹਾਂ ਚਾਰਜ ਕਰਨ ਲਈ, ਉੱਥੇ ਹੀ ਸੋਚਾਂ ਵਿੱਚ ਬਹਿ ਜਾਂਦਾ ਹਾਂ, ਬੈਠੇ-ਬੈਠੇ ਝਪਕੀ ਲੱਗੀ ਤੇ ਫ਼ੋਨ ਦੀ ਘੰਟੀ ਵੱਜੀ ਤਾਂ ਮੇਰੀ ਜਾਗ ਖੁੱਲ੍ਹ ਗਈ, ਫ਼ੋਨ ਚੁੱਕਿਆ ਉਹਦੀ ਸਹੇਲੀ ਦਾ ਫ਼ੋਨ ਸੀ, ਉਹਦੇ ਕੁਝ ਬੋਲਣ ਤੋਂ ਪਹਿਲਾਂ ਹੀ ਮੈਂ ਆਖਿਆ ਉਹ ਆਰਾਮ ਕਰ ਰਹੀ ਹੈ ਅਤੇ ਉਹ ਆਪ ਕਿਸੇ ਦੋਸਤ ਨਾਲ ਬੈਠਾ ਹੋਇਆ ਹੈ, ਮੇਰਾ ਦਰਅਸਲ ਗੱਲ ਹੀ ਕਰਨ ਤੇ ਮਨ ਨ੍ਹੀਂ ਕੀਤਾ ਮਨ ਬਹੁਤ ਉਦਾਸ ਸੀ, ਬੈਠੇ-ਬੈਠੇ ਮੈਂ ਫ਼ੋਨ ਦੀ ਸਕਰੀਨ 'ਤੇ ਹੱਥ ਮਾਰਨ ਲੱਗਾ ਤੇ ਕੁਝ ਵ੍ਹੱਟਸਐਪ ਅਤੇ ਸੁਨੇਹੇ ਆਏ ਹੋਏ ਸਨ, ਜੋ ਗੱਲਬਾਤ ਉਹਦੀ ਪੱਕੀ ਸਹੇਲੀ ਨਾਲ ਹੋ ਰਹੀ ਸੀ। ਮੈਂ, ਕੁਝ ਸੁਨੇਹੇ ਪੜ੍ਹੇ, ਮੈਂ ਹੋਰ ਵੀ ਪ੍ਰੇਸ਼ਾਨ ਹੋ ਗਿਆ ਕਿ ਮੈਂ ਕਿੰਨਾ ਪ੍ਰੇਸ਼ਾਨ ਕੀਤਾ ਜੋ ਉਹਨੂੰ ਲਿਖ ਰਹੀ ਹੈ ਕਿ ਉਹਦੇ ਕੋਲ ਵਕਤ ਨਹੀਂ ਹੁੰਦਾ, ਨਾ ਓਹ ਕਿੱਟੀ ਪਾਰਟੀ ਵਿੱਚ ਆ ਸਕਦੀ ਹੈ, ਗੱਲ ਹੈ ਉਹਨੂੰ ਸ਼ੌਕ ਹੀ ਨਹੀਂ ਕਿਧਰੇ ਇਹੋ ਜਿਹੀਆਂ ਪਾਰਟੀਆਂ ਵਿੱਚ ਹਾਜ਼ਰੀ ਲਵਾਉਣ ਦਾ, ਇਕ ਜਗ੍ਹਾ ਤੇ ਉਹਦੀ ਸਹੇਲੀ ਨੇ ਲਿਖਿਆ ਸੀ ਕਿ ਤੂੰ ਤਾਂ ਜ਼ਿਆਦਾ ਹੀ ਵਿਅੱਸਤ ਰਹਿੰਦੀ ਏ! ਅਤੇ ਜਵਾਬ ਵਿੱਚ ਇਹਨੇ ਲਿਖਿਆ ਸੀ, ਗੱਲ ਇਹ ਨਹੀਂ, ਹਸਬੈਂਡ ਕਦੇ ਕਿਤੇ ਕਦੇ ਕਿਤੇ ਲੈ ਜਾਂਦੇ ਨੇ ਤੇ ਫੇਰ ਸਮਾਂ ਹੀ ਨਹੀਂ ਬਚਦਾ ਕਿਤੇ ਆਉਣ ਜਾਣ ਦਾ। ਹੋਰ ਵੀ ਸੁਨੇਹੇ ਸੀ, ਪਰ ਮੇਰੀ ਹਿੰਮਤ ਹੀ ਨਹੀਂ ਪਈ ਮੈਂ ਪੜ ਸਕਾਂ।

ਕਈ ਵਾਰ ਬੱਸ ਅਸੀਂ ਆਪਣਾ ਹੀ ਸੁਖ ਭਾਲਦੇ ਹਾਂ ਤੇ ਦੂਜੇ ਨੂੰ ਇਨ੍ਹਾਂ ਨਜ਼ਰਅੰਦਾਜ਼ ਕਰ ਦਿੰਦੇ ਹਾਂ ਕਿ ਸਮਝਦੇ ਹੀ ਨਹੀਂ ਉਹਦੇ ਅੰਦਰ ਕੋਈ ਜਜ਼ਬਾਤ ਨੇ, ਕੋਈ ਹਸਰਤਾਂ ਨੇ, ਮੈਂ ਤਾਂ

ਮੁਥਾਜੀ ਵੀ ਤੇ ਬੋਲਾਂ ਦੀ ਨਹੀਂ ਸੀ,
ਬਿਨਾਂ ਬੋਲੇ ਵੀ ਕੁਝ ਬਾਤਾਂ ਸੀ ਹੁੰਦੀਆਂ। -ਪ੍ਰੇਮ ਸਾਹਿਲ

ਯਾਰਾਂ-ਦੋਸਤਾਂ-ਮਿੱਤਰਾਂ ਵਿੱਚ ਟਾਈਮ ਬਹੁਤ ਸੋਹਣਾ ਬਿਤਾਉਂਦਾ ਹਾਂ, ਕਦੀ ਮੈਂ ਇਸਨੂੰ ਪੁੱਛਿਆ ਹੀ ਨਹੀਂ ਕਿ ਤੂੰ ਸਾਰਾ ਦਿਨ ਇਕੱਲੀ ਬੋਰ ਨਹੀਂ ਹੁੰਦੀ ਸੱਚਮੁੱਚ ਮੈਂ ਕਿੰਨਾ ਸਵਾਰਥੀ ਹਾਂ, ਅੱਜ ਮੈਂ ਆਪਣੇ ਆਪ ਨੂੰ ਫੋਲਿਆ ਹੈ, ਮੇਰਾ ਕਿਸੇ ਦੀ ਜ਼ਿੰਦਗੀ ਤੇ ਕਿਹੋ-ਜਿਹਾ ਹੱਕ ਹੈ ਕਿ ਮੈਂ ਆਪ ਤਾਂ ਆਪਣੇ ਤਰੀਕੇ ਨਾਲ ਜੀਅ ਰਿਹਾ ਹਾਂ, ਪਰ ਉਹਨੂੰ ਜਿਊਂਦੇ ਹੀ ਮਾਰੀ ਰੱਖਿਆ, ਮੈਂ ਕਿੱਦਾਂ ਦਾ ਇਨਸਾਨ ਹਾਂ, ਮੈਂ ਕਦੀ ਪੜ੍ਹਨ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਮੈਂ ਸਮਾਂ ਉਨ੍ਹਾਂ ਨੂੰ ਦਿੰਦਾ ਹਾਂ ਜਿਨ੍ਹਾਂ ਨੂੰ ਮੇਰੀ ਜ਼ਰੂਰਤ ਨਹੀਂ ਤੇ ਜਿਹਨੂੰ ਮੇਰੀ ਜ਼ਰੂਰਤ ਹੈ ਅੱਜ ਉਹਦੇ ਸ਼ੌਕ ਹੀ ਮਰ ਚੁੱਕੇ ਹਨ, ਹੁਣ ਉਹ ਆਪਣੀ ਪਤਨੀ ਨੂੰ ਸਮਾਂ ਦੇਵੇਗਾ, ਉਹਦੇ ਸ਼ੌਕ ਦੁਬਾਰਾ ਜਗਾਏਗਾ।

ਡਾਇਰੀ ਹੱਥ ਵਿੱਚ ਫੜੀ ਮੈਂ ਬੈੱਡਰੂਮ ਵਿੱਚ ਗਿਆ, ਉੱਪਰ ਲੈਣ ਵਾਲੀ ਚਾਦਰ ਡਿੱਗੀ ਪਈ ਸੀ। ਮੈਂ ਚੁੱਕ ਕੇ ਪਾਉਣ ਲੱਗਿਆ, ਨਿੰਮੋ ਦੀ ਗਰਦਨ ਪਾਸੇ ਤੇ ਲਟਕੀ ਪਈ ਸੀ ਅਤੇ ਅੱਖਾਂ ਅੱਡੀਆਂ ਹੋਈਆਂ ਸਨ। ਮੈਂ ਵੇਖ ਕੇ ਸਮਝ ਗਿਆ, ਨਿੰਮੋ ਦਾ ਇੰਤਜ਼ਾਰ ਖ਼ਤਮ ਹੋ ਗਿਆ, ਮੈਂ ਉਹਦਾ ਮੱਥਾ ਚੁੰਮਣ ਲੱਗਾ ਤੇ ਮੇਰੇ ਮੂੰਹ ਵਿੱਚੋਂ ਨਿਕਲੀ ਜਾਏ, 'ਨਿੰਮੋ...ਨਿੰਮੋ! ਮੁਆਫ਼ ਕਰਦੇ, ਮੈਂ ਤੈਨੂੰ ਸਮਾਂ ਨਹੀਂ ਦੇ ਸਕਿਆ, ਜਦੋਂ ਤੂੰ ਸੀ ਤਾਂ ਮੇਰੇ ਕੋਲ ਸਮਾਂ ਨਹੀਂ ਸੀ, ਹੁਣ ਮੈਂ ਹਾਂ, ਤੇਰੇ ਕੋਲ ਸਮਾਂ ਨਹੀਂ, ਹੁਣ ਬਾਕੀ 'ਕੋਰੇ ਪੰਨੇ' ਜੋ ਤੂੰ ਅਧੂਰੇ ਛੱਡ ਗਈ ਮੈਂ ਭਰਾਂਗਾ।

ਕਹਾਣੀ

# ਧੂੰਆਂ

## ਗੁਰਮੀਤ ਕੜਿਆਲਵੀ



ਗੁਰਮੀਤ ਕੜਿਆਲਵੀ

ਲੱਛੂ ਨੂੰ ਪੋਤਰੇ ਕੋਲ ਆਇਆਂ ਚਾਰ ਦਿਨ ਹੋ ਗਏ ਸਨ। ਪ੍ਰਦੀਪ ਨੇ ਫੋਨ 'ਤੇ ਵਾਰ ਵਾਰ ਆਉਣ ਲਈ ਆਖਿਆ ਸੀ ਤੇ ਲੈ ਕੇ ਆਉਣ ਲਈ ਉਚੇਚਾ ਗੱਡੀ ਭੇਜੀ ਸੀ। ਬੁਲਾਇਆ ਤਾਂ ਉਸਨੇ ਪਹਿਲਾਂ ਵੀ ਕਈ ਵਾਰ ਸੀ, ਪਰ ਲੱਛੂ ਹਰ ਵਾਰ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ਼ ਦਿੰਦਾ ਰਿਹਾ। ਇਸ ਵਾਰ ਉਹ ਨਾਂਹ ਨਹੀਂ ਸੀ ਕਰ ਸਕਿਆ। ਪ੍ਰਦੀਪ ਨੇ ਆਪਣੇ ਬਾਪ ਪੰਡਿਤ ਦਿਆਲ ਚੰਦ ਦੀ ਬਰਸੀ ਵਾਲੇ ਦਿਨ ਸਮਾਗਮ ਕਰਨਾ ਸੀ। ਨਾਲ ਦੇ ਜੰਮੇ ਭਰਾ ਦੀ ਯਾਦ 'ਚ ਰੱਖੇ ਸਮਾਗਮ ਕਰਕੇ ਲੱਛੂ ਚਾਹੁੰਦਾ ਹੋਇਆ ਵੀ ਨਾਂਹ ਨਹੀਂ ਸੀ ਕਰ ਸਕਿਆ।

ਲੱਛੂ ਨੇ ਸੋਫੇ 'ਤੇ ਆਪਣੇ ਸੱਜੇ-ਖੱਬੇ ਬੈਠੇ ਦੁੱਧ ਚਿੱਟੇ ਲੀੜਿਆਂ ਵਾਲੇ ਬੰਦਿਆਂ ਵੱਲ ਵੇਖਦਿਆਂ ਆਪਣੀਆਂ ਵਿਰਲੀਆਂ ਹੋ ਚੁੱਕੀਆਂ ਬੋਦੀਆਂ 'ਚ ਹੱਥ ਮਾਰਿਆ। ਖੱਬੇ ਹੱਥ ਨਾਲ ਦਾਹੜੀ 'ਚੋਂ ਇੱਕ-ਇੱਕ ਕਰਕੇ ਦੋ ਤਿੰਨ ਵਾਲ ਪੁੱਟੇ। ਵਾਰ ਵਾਰ ਹੋ ਰਹੀ ਅਨਾਊਂਸਮੈਂਟ ਉਸਦੇ ਕੰਨਾਂ 'ਚ ਜਲੂਣ ਛੇੜ ਰਹੀ ਸੀ।

"ਅਸੀਂ ਬੜੇ ਮਸ਼ਕੂਰ ਹਾਂ ਕਿ ਅੱਜ ਸਾਡੇ ਦਰਮਿਆਨ ਮਾਨਿਆਵਰ ਏ.ਡੀ.ਸੀ. ਸਾਹਿਬ, ਨਗਰ ਕੌਂਸਲ ਦੇ ਪ੍ਰਧਾਨ ਜੈਨ ਸਾਹਿਬ ਅਤੇ ਪਾਰਟੀ ਦੇ ਜਿਲ੍ਹਾ ਪ੍ਰਧਾਨ ਜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਨੇ। ਸਾਡੇ ਬਹੁਤ ਹੀ ਰਿਸਪੈਕਟਡ ਪੀ.ਕੇ. ਸ਼ਰਮਾ ਜੀ ਆਪਣੇ ਫਾਦਰ ਸਵਰਗੀਆ ਪੰਡਿਤ ਦਿਆਲ ਚੰਦ ਸ਼ਰਮਾ ਜੀ ਦੀ ਯਾਦ 'ਚ ਹਰ ਸਾਲ ਸ਼ਹਿਰ ਅਤੇ ਇਲਾਕੇ ਦੇ ਗਰੀਬ ਲੋਕਾਂ ਨੂੰ ਗਰਮ ਕੰਬਲ ਅਤੇ ਰਾਸ਼ਨ ਡਿਸਟਰੀਬਿਊਟ ਕਰਦੇ ਹੈਨ। ਸਾਡੇ ਲਈ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਰਿਸਪੈਕਟਡ ਸ਼ਰਮਾ ਜੀ ਦੇ ਰਿਸਪੈਕਟਡ ਗਰੈਂਡ ਅੰਕਲ ਜੀ ਆਈ ਮੀਨ ਗਰੈਂਡ ਫਾਦਰ ਸਾਹਿਬ ਜੀ ਦੇ ਵੱਡੇ ਭਰਾਤਾ ਜੀ, ਸ੍ਰੀਮਾਨ ਪੰਡਿਤ ਐਲ.ਕੇ. ਸ਼ਰਮਾ ਜੀ ਸਾਡੇ 'ਚ ਮੌਜੂਦ ਨੇ ਜੋ ਕਿ ਆਪਣੇ ਕਰ ਕਮਲਾਂ ਨਾਲ ਲੋੜਵੰਦ ਗਰੀਬਾਂ ਨੂੰ ਕੰਬਲ ਤੇ ਅਨਾਜ ਆਵੰਟਨ ਕਰਨਗੇ।"

ਸਟੇਜ ਸਕੱਤਰ ਦੀ ਆਵਾਜ਼ ਨਾਲ ਪੰਡਾਲ 'ਚ ਬੈਠੇ ਸੈਂਕੜੇ ਲੋਕਾਂ ਨੇ ਪੰਡਾਲ ਦੇ ਇੱਕ ਖੂੰਝੇ ਰੱਖੇ ਕੰਬਲਾਂ ਦੇ ਢੇਰ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਦਿਆਂ, ਜੋਰ-ਸ਼ੋਰ ਨਾਲ ਤਾੜੀਆਂ ਮਾਰੀਆਂ। ਸਕੱਤਰ ਦੀ ਆਵਾਜ਼ ਕਿੰਨਾ ਚਿਰ ਲੱਛੂ ਦੇ ਕੰਨਾਂ 'ਚ ਸੁਰੜ-ਸੁਰੜ ਕਰਦੀ ਰਹੀ।

"ਇਹ ਪੀ.ਕੇ. ਸ਼ਰਮਾ ਤੇ ਐਲ.ਕੇ. ਸ਼ਰਮਾ ਕੀ ਇੱਲ ਬਲਾ ਹੋਏ?" ਲੱਛੂ ਨੇ ਸੋਫ਼ੇ 'ਤੇ ਬੈਠਿਆਂ ਇਧਰ ਓਧਰ ਉਸਲਵੱਟੇ ਲਏ। "ਅਵੰਟਨ" ਸ਼ਬਦ ਵੀ ਉਸਨੇ ਪਹਿਲੀ ਵਾਰ ਸੁਣਿਆ ਸੀ ਜਿਹੜਾ ਉਸ ਦੇ ਸੰਘ 'ਚ ਫਸ ਕੇ ਕੁਰਕਰੀ ਕਰਨ ਲੱਗਿਆ।

"ਮੈਂ ਹੁਣ ਸਾਡੇ ਹਰਮਨ ਪਿਆਰੇ ਜਨਾਬ ਪੀ.ਕੇ. ਸ਼ਰਮਾ ਜੀ ਨੂੰ ਆਮੰਤਰਿਤ ਕਰੂੰਗਾ ਕਿ ਡਾਇਸ 'ਤੇ ਆਉਣ ਅਤੇ ਆਏ ਹੋਏ ਸਾਰੇ ਅਤਿਥੀ ਗਣ ਦਾ ਵੈਲਕਮ ਕਰਨ। ਜਨਾਬ ਪੀ ਕੇ ਸ਼ਰਮਾ ਜੀ।"

ਮਾਈਕ ਦੀ ਈਕੋ ਨਾਲ 'ਪੀ.ਕੇ. ਸ਼ਰਮਾ—ਪੀ.ਕੇ. ਸ਼ਰਮਾ' ਦੀ ਆਵਾਜ਼ ਸ਼ਾਨਦਾਰ ਸ਼ਾਮਿਆਨੇ ਦੇ ਪਰਦਿਆਂ ਨਾਲ ਟਕਰਾ ਕੇ ਏਧਰ-ਓਧਰ ਘੁੰਮਦੀ ਲੱਛੂ ਦੇ ਕੰਨਾਂ ਨਾਲ ਖਹਿੰਦੀ ਰਹੀ।

"ਰਿਸਪੈਕਟਡ ਏ.ਡੀ.ਸੀ. ਸਰ...!" ਪ੍ਰਦੀਪ ਨੂੰ ਮਾਈਕ ਅੱਗੇ ਬੋਲਦਿਆਂ ਵੇਖ ਸਾਰੀ ਕਹਾਣੀ ਲੱਛੂ ਦੇ ਗੇੜ 'ਚ ਆ ਗਈ ਕਿ ਭਰਾ ਦੇ ਪੋਤਰੇ ਪ੍ਰਦੀਪ ਨੂੰ ਹੀ ਪੀ.ਕੇ. ਸ਼ਰਮਾ ਆਖਿਆ ਜਾ ਰਿਹਾ ਹੈ। ਉਸਨੂੰ ਇਹ ਸਮਝਦਿਆਂ ਵੀ ਦੇਰ ਨਾ ਲੱਗੀ ਕਿ ਐਲ.ਕੇ. ਸ਼ਰਮਾ ਵੀ ਕੋਈ ਹੋਰ ਇੱਲ-ਬਲਾ ਨਹੀਂ, ਸਟੇਜ 'ਤੇ ਸੁੰਗੜਿਆ ਬੈਠਾ 'ਲੱਛੂ ਪੰਡਿਤ' ਹੀ ਹੈ।

-ਧੱਦੇ ਐਲ. ਕੇ. ਸ਼ਰਮਾ ਦੇ... ਸਾਲਿਓ ਸਿੱਧਾ ਕਹੋ 'ਟਾਂਗੇ ਵਾਲਾ ਲੱਛੂ ਪੰਡਿਤ'। ਕੀ ਸਵੇਰ ਦੀ ਐਲ ਕੇ-ਐਲ ਕੇ ਲਾਈ ਐ। ਚਿਰੰਜੀ ਪੰਡਿਤ ਦੇ ਕਹਿਣ ਵਾਂਗੂੰ-ਨਾ ਬਦਲਣ ਨਾਲ ਕਰਤੂਤ ਤਾਂ ਨ੍ਹੀ ਬਦਲਦੀ। ਲੱਖ ਐਲ ਕੁੱਕੜ ਆਖੀ ਜਾਓ, ਰਹਿਣਾ ਤਾਂ ਮੈਂ ਟਾਂਗੇ ਵਾਲਾ ਲੱਛੂ ਪੰਡਿਤ ਹੀ ਐ।" ਲੱਛੂ ਨੇ ਮਨ ਹੀ ਮਨ ਸਟੇਜ ਸਕੱਤਰ ਸਮੇਤ ਸਟੇਜ 'ਤੇ ਬੈਠੇ ਹੋਰ ਲੋਕਾਂ ਨੂੰ ਮੋਟੀ ਸਾਰੀ ਗਾਲ੍ਹ ਕੱਢੀ।

ਝਨਾਂ ਵਿਚ ਡੁੱਬ ਕੇ ਵੀ ਰਹਿ ਗਈ ਸੋਹਣੀ ਜਿਉਂਦੀ...
ਮੁਸਾਫ਼ਿਰ ਮਰ ਗਏ ਸਾਰੇ ਝਨਾਂ ਤੋਂ ਪਾਰ ਹੋ ਕੇ। -ਕੁਲਵਿੰਦਰ ਬੱਛੋਆਣਾ

ਸਮਾਂ ਟਾਂਗੇ ਵਾਲੇ ਲੱਛੂ ਪੰਡਿਤ ਦੀਆਂ ਅੱਖਾਂ 'ਚ 'ਐਲ ਕੇ ਸ਼ਰਮਾ' ਬਣਕੇ ਠਹਿਰ ਗਿਆ। ਜਦੋਂ ਉਹ ਪੰਡਤ ਜੀਵਨ ਕੁਮਾਰ ਦੇ ਘਰ ਜੰਮਿਆ ਸੀ, ਉਦੋਂ ਉਸ ਦਾ ਨਾਂ ਬੜੀ ਰੀਝ ਨਾਲ ਲਛਮਣ ਕੁਮਾਰ ਰੱਖਿਆ ਗਿਆ ਸੀ। ਪ੍ਰਾਇਮਰੀ ਸਕੂਲ ਨੂੰ ਪਿੰਡ ਵਾਲੇ 'ਨਿੱਕਾ ਸਕੂਲ' ਆਖਦੇ। ਇਸ ਨਿੱਕੇ ਸਕੂਲ 'ਚ ਚਾਰ ਜਮਾਤਾਂ ਪੜ੍ਹਨ ਤੱਕ ਉਹ 'ਲਛਮਣ'ਹੀ ਰਿਹਾ ਸੀ। ਬੋਦੇ ਵਾਲਾ ਮਾਸਟਰ ਹਾਜ਼ਰੀ ਰਜਿਸਟਰ 'ਚ ਅੱਖਾਂ ਗੱਡੀ 'ਲਛਮਣ ਕੁਮਾਰ' ਬੋਲਦਾ ਤਾਂ ਜੁਆਬ 'ਚ ਉਹ ਉੱਚੀ ਆਵਾਜ਼ 'ਚ 'ਹਾਜ਼ਰ ਜੀ' ਆਖਦਾ। ਹਾਜ਼ਰੀ ਤੋਂ ਤੁਰੰਤ ਬਾਅਦ ਉਹ ਬੋਦੇ ਵਾਲੇ ਅੜਬ ਮਾਸਟਰ ਅਤੇ ਬਾਕੀ ਸਕੂਲੀ ਸਾਥੀਆਂ ਲਈ 'ਲੱਛੂ' ਹੋ ਜਾਂਦਾ। ਸਕੂਲੋਂ ਬਾਹਰ ਵੀ ਕਿਸੇ ਨੇ ਕਦੇ 'ਲਛਮਣ ਕੁਮਾਰ' ਜਾਂ ਲਛਮਣ ਕਿਹਾ ਹੋਵੇ, ਉਸਨੂੰ ਯਾਦ ਨਹੀਂ ਸੀ। ਫਿਰ ਜਦੋਂ ਉਸ ਨੇ ਛੜੇ ਤਾਏ ਚਿਰੰਜੀ ਦੇ ਘੋੜੇ ਦੀਆਂ ਲਗਾਮਾਂ ਸੰਭਾਲ ਕੇ ਟਾਂਗਾ ਵਾਹੁਣਾ ਸ਼ੁਰੂ ਕੀਤਾ ਸੀ ਤਾਂ ਲੱਛੂ ਤੋਂ 'ਟਾਂਗੇ ਵਾਲਾ ਲੱਛੂ ਪੰਡਿਤ' ਹੋ ਗਿਆ ਸੀ। ਪੰਡਿਤ ਜੀਵਨ ਕੁਮਾਰ ਪੁੱਤ ਦੇ ਸਕੂਲੋਂ ਭੱਜ ਆਉਣ 'ਤੇ ਔਖਾ ਸੀ, "ਕਾਕਾ ਜੀ, ਲੋਕ ਜਿਓ ਜਿਆ ਮੂੰਹ—ਉਹੋ ਜਿਈ ਚਪੇੜ ਮਾਰ ਦਿੰਦੇ। ਮੇਰੀ ਗੱਲ ਯਾਦ ਰੱਖੀਂ ਹੁਣ ਸਾਰੀ ਉਮਰ 'ਲੱਛੂ ਟਾਂਗੇ ਵਾਲਾ' ਈ ਰਹੇਂਗਾ।"

ਪਤਾ ਨਹੀਂ ਕਿੰਨੀਆਂ ਕੁ ਦਿਵਾਲੀਆਂ ਅਤੇ ਦੁਸਹਿਰੇ ਲੰਘ ਗਏ ਨੇ ਪਰ ਲੱਛੂ ਨੂੰ ਅਜੇ ਕੱਲ੍ਹ ਵਾਂਗ ਯਾਦ ਹੈ ਕਿ ਉਸਦਾ ਘੋੜਾ ਮੰਡੀ ਤੋਂ ਪਿੰਡ ਵਾਲੀ ਪਹੀ 'ਤੇ ਸਰਪਟ ਦੌੜਦਾ ਹੁੰਦਾ ਸੀ। ਵਰ੍ਹਿਆਂ ਦੇ ਵਰ੍ਹੇ ਇਹ ਪਹੀ ਕੱਚੀ ਹੀ ਰਹੀ। ਮੀਂਹ ਕਣੀ ਦੇ ਦਿਨਾਂ 'ਚ ਥਾਂ ਥਾਂ 'ਤੇ ਚਰਗਲ ਵੱਜ ਜਾਂਦਾ। ਲੋਕਾਂ ਦੇ ਗੱਡਿਆਂ ਵਾਂਗ ਲੱਛੂ ਦਾ ਟਾਂਗਾ ਵੀ ਚਰਗਲ 'ਚ ਫਸ ਜਾਂਦਾ। ਉਦੋਂ ਟਾਂਗੇ ਦੇ ਬੰਬ 'ਤੇ ਬੈਠੇ ਲੱਛੂ ਨੂੰ ਥੱਲੇ ਉੱਤਰ ਕੇ ਦੋਵਾਂ ਹੱਥਾਂ ਨਾਲ ਟਾਂਗੇ ਦਾ ਪਹੀਆ ਘੁੰਮਾਉਣਾ ਪੈਂਦਾ ਜਿਸਨੂੰ ਪਿੰਡਾਂ ਵਾਲੇ 'ਪਹੀਆ ਮਾਰਨਾ' ਆਖਦੇ। ਉਹ ਘੋੜੇ ਨੂੰ ਪੁੱਚ ਪੁੱਚ ਕਰਦਿਆਂ ਜੋਰ ਲਾਉਣ ਲਈ ਸ਼ਿਸ਼ਕੇਰਦਾ। ਹੱਲਾਸ਼ੇਰੀ 'ਚ ਆਇਆ ਘੋੜਾ ਵੀ 'ਹੁਅਰ—ਹੁਅਰ' ਕਰਦਿਆਂ ਨਾਸਾਂ ਫੁਰਕਦਾ ਤੇ ਧੁਰਲੀਆਂ ਜਿਹੀਆਂ ਮਾਰਦਾ ਟਾਂਗੇ ਨੂੰ ਗੱਭ 'ਚੋਂ ਬਾਹਰ ਕੱਢ ਲਿਜਾਂਦਾ। ਲੱਛੂ ਦਾ ਦਿਲ ਬਾਘੀਆਂ ਪਾਉਣ ਲੱਗਦਾ। ਉਹ ਘੋੜੇ ਨੂੰ ਸ਼ਾਬਾਸ਼ ਦਿੰਦਾ, "ਉਏ ਨਹੀਂ ਰੀਸਾਂ ਤੇਰੀਆਂ ਲੱਛੂ ਦਿਆ ਪੁੱਤਰਾ।"

ਪਹੀ 'ਤੇ ਮੀਂਹ ਕਣੀ ਦੇ ਦਿਨਾਂ 'ਚ ਵੱਜਦਾ ਚਰਗਲ ਜਿਆਦਾ ਦਿਨ ਤੱਕ ਨਹੀਂ ਸੀ ਰਿਹਾ। ਵੋਟਾਂ ਦੇ ਦਿਨਾਂ 'ਚ ਐਮ ਐਲ ਏ ਹੱਥ ਬੰਨ੍ਹੀ ਵੋਟਾਂ ਮੰਗਣ ਆਇਆ। ਉਸਦੇ ਜੁੜੇ ਹੱਥਾਂ ਵੱਲ ਵੇਖਦਿਆਂ ਪਿੰਡ ਵਾਲਿਆਂ ਨੇ ਪਿੰਡ ਤੋਂ ਮੰਡੀ ਤੱਕ ਪੱਕੀ ਸੜਕ ਬਣਾਉਣ ਦੀ ਮੰਗ ਰੱਖ ਦਿੱਤੀ। ਨੇਤਾ ਦੀ ਬੇੜੀ ਵੋਟਾਂ ਵਾਲੇ ਭੰਵਰ 'ਚੋਂ ਪਾਰ ਲੰਘੀ ਤਾਂ ਉਹ ਸਰਕਾਰ 'ਚ ਛੋਟਾ ਮੋਟਾ ਵਜ਼ੀਰ ਬਣ ਗਿਆ। ਲੱਛੂ ਦਾ ਟਾਂਗਾ ਪੱਕੀ ਸੜਕੇ ਚੱਲਣ ਲੱਗਾ। ਲੁੱਕ ਬੱਜਰੀ ਵਾਲੀ ਪੱਕੀ ਸੜਕ 'ਤੇ ਘੋੜੇ ਦੇ ਪੌੜਾਂ ਦੀ ਟੱਪ ਟੱਪ ਵੱਖਰੀ ਤਰ੍ਹਾਂ ਦਾ ਸੰਗੀਤ ਪੈਦਾ ਕਰਨ ਲੱਗੀ। ਸਵਾਰੀਆਂ ਲੱਛੂ ਪੰਡਿਤ ਦੇ ਘੋੜੇ ਦੀ ਚੁਸਤੀ ਫੁਰਤੀ ਦੇ ਨਾਲ ਨਾਲ ਮੰਤਰੀ ਜੀ ਦੀਆਂ ਵੀ ਸਿਫਤਾਂ ਕਰਨ ਲੱਗੀਆਂ, "ਸੜਕ ਤਾਂ ਲੱਛੂ ਪੰਡਿਤ ਦੇ ਘੋੜੇ ਦੇ ਪਿੰਡੇ ਵਰਗੀ ਚਿਲਕਮੀ ਐ।"

"ਮੈਂ ਹੁਣ ਬੜੀ ਵਿਨਮਰਿਤਾ ਸੇ ਆਗਰਹਿ ਕਰੂੰਗਾ ਕਿ ਨਗਰ ਕੌਂਸਲ ਦੇ ਪ੍ਰਧਾਨ ਜੈਨ ਸਾਹਿਬ ਡਾਇਸ 'ਤੇ ਆਉਣ ਤੇ ਆਪਣਾ ਸੰਦੇਸ਼ ਸਾਡੇ ਨਾਲ ਸਾਂਝਾ ਕਰਨ।" ਘੁੱਟਵੀਂ ਜੈੱਕਟ ਵਾਲੇ ਬਾਬੂ ਦੀ ਆਵਾਜ਼ ਨਾਲ ਲੱਛੂ ਯਾਦਾਂ 'ਚੋਂ ਬਾਹਰ ਆਇਆ। ਬਾਬੂ ਪਤਾ ਨਹੀਂ ਕਿਹੜੀ ਭਾਸ਼ਾ ਬੋਲ ਰਿਹਾ ਸੀ ਜਿਹੜੀ ਉਸਦੀ ਸਮਝ 'ਚ ਹੀ ਨਹੀਂ ਸੀ ਆ ਰਹੀ। ਬਾਬੂ ਦੇ ਸੱਦਾ ਦੇਣ 'ਤੇ ਵੱਡੇ ਗੋਲ ਢਿੱਡ ਵਾਲਾ ਬੰਦਾ ਉੱਠ ਕੇ ਮਾਈਕ ਵੱਲ ਤੁਰ ਗਿਆ। ਲੱਛੂ ਨੂੰ ਮਹਿਸੂਸ ਹੋਇਆ ਜਿਵੇਂ ਜੈਨ ਦੇ ਉੱਠ ਕੇ ਜਾਣ ਨਾਲ ਸੋਫੇ ਨੂੰ ਸੁੱਖ ਦਾ ਸਾਹ ਆਇਆ ਹੋਵੇ।

"ਬੰਦੇ ਐਨੇ ਚੌੜੇ ਕਿਵੇਂ ਹੋ ਜਾਂਦੇ ਐ?" ਲੱਛੂ ਨੇ ਮਨ ਹੀ ਮਨ ਆਪਣੇ ਆਪ ਨੂੰ ਸਵਾਲ ਕੀਤਾ ਤੇ ਫਿਰ ਆਪ ਹੀ ਜਵਾਬ ਦੇ ਦਿੱਤਾ, "ਹਲਾਲ ਦਾ ਅੰਨ ਖਾ ਕੇ ਤਾਂ ਕੋਈ ਬੰਦਾ ਐਨਾ ਚੌੜਾ ਨ੍ਹੀ ਹੋ ਸਕਦਾ।"

"ਮੈਨੂੰ ਅੱਜ ਬੜਾ ਮਾਣ ਮਹਿਸੂਸ ਹੋ ਰਿਹਾ ਕਿ ਮੈਂ ਆਪਣੇ ਛੋਟੇ ਭਰਾ ਪੀ ਕੇ ਸ਼ਰਮਾ ਜੀ ਵਲੋਂ ਆਪਣੇ ਬਜ਼ੁਰਗਾਂ ਦੀ ਯਾਦ 'ਚ ਰੱਖੇ ਸਮਾਗਮ 'ਚ ਸ਼ਾਮਿਲ ਹੋਇਆ ਹਾਂ। ਇਸ ਤੋਂ ਵੀ ਵੱਧ ਖੁਸ਼ੀ ਦੀ ਗੱਲ ਹੈ ਕਿ ਸ਼ਰਮਾ ਜੀ ਦੇ ਤਾਇਆ ਜੀ ਜੋ ਕਿ ਸਾਡੇ ਸਾਰਿਆਂ ਦੇ ਹੀ ਰਿਸਪੈਕਟਡ ਗਰੈਂਡ ਅੰਕਲ ਜੀ ਨੇ, ਪੰਡਿਤ ਐਲ ਕੇ ਸ਼ਰਮਾ ਜੀ ਸਾਡੇ 'ਚ ਬਿਰਾਜਮਾਨ ਨੇ।"

ਲੱਛੂ ਨੇ ਟੇਡੀ ਅੱਖ ਨਾਲ ਬੋਲ ਰਹੇ ਜੈਨ ਵੱਲ ਵੇਖਿਆ, ਉਸਦੀ ਮੋਟੀ ਗੋਗੜ ਬੜੀ ਤੇਜ਼ੀ ਨਾਲ ਉੱਪਰ ਥੱਲੇ ਹੋ ਰਹੀ ਸੀ। ਬੋਲਦਿਆਂ ਬੋਲਦਿਆਂ ਉਹ ਹਫ਼ ਗਿਆ ਸੀ। ਲੱਛੂ ਦਾ ਜੀਅ ਕੀਤਾ ਉਸਨੂੰ ਬਾਹੋਂ ਫੜ ਕੇ ਸੋਫੇ 'ਤੇ ਲਿਆ ਬਹਾਵੇ, "ਬਹਿਜਾ ਉਏ ਲਾਲਾ। ਸਾਹ ਲੈ ਲਾ। ਹੋਰ ਨਾ ਕਿਤੇ ਭੜਾਕਾ ਪੈਜੇ। ਐਵੇਂ ਹਵਾ ਭਰੀ ਜਾਨੈਂ। ਚਿਰੰਜੀ ਪੰਡਿਤ ਦੇ ਕਹਿਣ ਵਾਂਗੂੰ–ਬੰਦੇ 'ਚ ਐਨੀ ਹਵਾ ਨ੍ਹੀ ਭਰਨੀ ਚਾਈਦੀ ਵ੍ਹੀ ਭਕਾਨੇ ਆਂਗੂੰ ਫੁੱਲ ਕੇ ਪਟਾਕਾ ਈ ਪੈਜੇ। ਸਹਿੰਦਾ ਸਹਿੰਦਾ ਈ ਕੰਮ ਰੱਖਣਾ ਚਾਈਦਾ।" ਉਸ ਨੇ ਪੰਡਾਲ ਵੱਲ ਵੇਖਿਆ, ਭਾਸ਼ਣ ਸੁਣ ਰਹੇ ਬੁੜੀਆਂ ਬੰਦੇ ਉੱਸਲਵੱਟੇ ਲਈ ਜਾਂਦੇ ਸਨ।

"ਪੰਡਿਤ ਪੀ ਕੇ ਸ਼ਰਮਾ ਜੀ ਦਾ ਅੱਜ ਦੂਰ ਦੂਰ ਤੱਕ ਨਾਂ ਹੈ। ਖਾਸ ਕਰ ਰਾਈਸ ਮਿਲਜ਼ ਇੰਡਸਟਰੀ ਦੇ ਖੇਤਰ 'ਚ ਤਾਂ ਉਹਨਾਂ ਦੀ ਪੂਰੀ ਧਾਂਕ ਹੈ। ਬਿਜ਼ਨਸ ਤੇ ਇੰਡਸਟਰੀ ਦੇ ਫੀਲਡ 'ਚ ਉਹਨਾਂ ਦਾ ਨਾਂ ਬੜੇ ਸਨਮਾਨ ਨਾਲ ਲਿਆ ਜਾਂਦਾ। ਰਾਜਨੀਤਕ ਖੇਤਰ 'ਚ ਵੀ ਉਹਨਾਂ ਨੇ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਅਜੇ ਤਾਂ ਇਹਨਾਂ ਨੇ ਬੜੀ ਦੂਰ ਤੱਕ ਜਾਣਾ ਹੈ। ਪਾਰਟੀ ਦੀ ਹਾਈ ਕਮਾਂਡ 'ਚ ਸ਼ਰਮਾ ਸਾਹਿਬ ਦਾ ਬੜਾ ਅਦਬ ਸਤਿਕਾਰ ਹੈ। ਸ਼ੈਲਰ ਐਸੋਸ਼ੀਏਸ਼ਨ ਦੇ ਪ੍ਰਧਾਨ ਹੋਣ ਦੇ ਨਾਤੇ ਸੀ ਐਮ ਸਾਹਿਬ ਤੱਕ ਸਿੱਧੀ ਅਪਰੋਚ ਹੈ।"

ਲੱਛੂ ਨੇ ਚੋਰ ਝਾਤੀ ਪ੍ਰਦੀਪ ਵੱਲ ਮਾਰੀ। ਜੈਨ ਵਲੋਂ ਕੀਤੀਆਂ ਤਾਰੀਫ਼ਾਂ ਸੁਣ ਕੇ ਉਹ ਚੌੜਾ ਹੋਈ ਜਾ ਰਿਹਾ ਸੀ। ਲੱਛੂ ਮਨ ਹੀ ਮਨ ਹੱਸਿਆ, "ਇਹ ਤਾਂ ਇੱਕ ਦੂਜੇ ਦਾ ਪਿੰਡਾ ਖੁਰਕਣ ਵਾਲੀ ਗੱਲ ਐ। ਅਖੇ ਮੈਂ ਤੈਨੂੰ ਮੌਲਵੀ ਕਹਿਨੈ ਤੂੰ ਮੈਨੂੰ ਪੰਡਿਤ ਆਖ। ਚਿਰੰਜੀ ਦੇ ਕਹਿਣ ਆਂਗੂੰ, ਮੂੰਹ 'ਤੇ ਕੀਤੀ ਵਡਿਆਈ-ਵਡਿਆਈ ਨ੍ਹੀ ਚਾਪਲੂਸੀ ਹੁੰਦੀ ਐ।"

ਲੱਛੂ ਨੂੰ ਲੱਗਾ ਜਿਵੇਂ ਉਲਟੀ ਆਉਣ ਲੱਗੀ ਹੋਵੇ। ਜੈਨ ਤੋਂ ਬਾਅਦ ਬੰਨ੍ਹੀ ਦਾੜ੍ਹੀ ਵਾਲੇ ਅਫਸਰ ਨੇ ਵੀ ਪ੍ਰਦੀਪ ਦੇ ਗੁੱਡੇ ਬੰਨ੍ਹ

ਹੋ ਗਿਆ ਹੈ ਕੀ ਪਰਿੰਦੇ ਨੂੰ ਖ਼ੁਦਾ ਜਾਣੇ ਕਿ ਉਹ,
ਉੱਡਣੇ ਦੇ ਵਾਸਤੇ ਪਰ ਤੋਲਦਾ ਫਿਰ ਵੀ ਨਹੀਂ। -(ਅਗਲੇ ਸਫ਼ੇ 'ਤੇ)

ਦਿੱਤੇ। ਲੱਛੂ ਨੂੰ ਪੰਡਾਲ 'ਚ ਬੈਠੇ ਗਰੀਬ ਗੁਰਬਿਆਂ 'ਤੇ ਤਰਸ ਆਇਆ। ਉਹਨਾਂ ਦੇ ਸੁੱਕੇ ਤੇ ਪਿਚਕੇ ਮੂੰਹ ਭੁੱਖ ਨਾਲ ਪੀਲੇ ਹੋਏ ਪਏ ਸਨ ਤੇ ਅੱਖਾਂ ਵਿੱਚ ਜੇਠ ਮਹੀਨੇ ਵਰਗੀ ਖੁਸ਼ਕੀ ਉੱਤਰੀ ਪਈ ਸੀ, ਜਿਵੇਂ ਵਰ੍ਹਿਆਂ ਤੋਂ ਛਿੱਟ ਕੁ ਬੱਦਲੀ ਵੀ ਨਾ ਵਰ੍ਹੀ ਹੋਵੇ। ਉਸ ਦਾ ਜੀਅ ਕੀਤਾ ਉਹਨਾਂ ਨੂੰ ਆਖੇ, "ਅੰਨ੍ਹੀ ਦਿਓ ਕਾਹਦੇ ਪਿੱਛੇ ਸਵੇਰ ਦੇ ਢਿੱਡ 'ਚ ਲੱਤਾਂ ਦੇਈ ਬੈਠੇ ਓਂ ? ਚਲੋ ਚੱਕੋ ਢੇਰ 'ਚੋਂ ਕੰਬਲ ਅਤੇ ਆਟੇ ਦਾਲ ਵਾਲੀਆਂ ਥੈਲੀਆਂ ਤੇ ਲਾਅਜੋ ਚਿੱਤੜਾਂ ਨੂੰ ਅੱਡੀਆਂ। ਹੁਣ ਪੈਰ ਥੱਲੇ ਨਾ ਲਾਇਓ।"

'ਪੈਰ ਥੱਲੇ ਨਾ ਲਾਉਣ' ਵਾਲੀ ਗੱਲ ਦੇ ਦਿਮਾਗ 'ਚ ਆਉਂਦਿਆਂ ਹੀ ਲੱਛੂ ਦਾ ਚਿਹਰਾ ਗੁਲਾਬ ਦੇ ਫੁੱਲ ਵਾਂਗੂੰ ਖਿੜ ਗਿਆ। ਉਸਨੂੰ ਆਪਣੇ ਅਤੇ ਘੋੜੇ ਬਾਰੇ ਲੋਕਾਂ ਵਲੋਂ ਆਖੀਆਂ ਜਾਂਦੀਆਂ ਰਹੀਆਂ ਗੱਲਾਂ ਚੇਤੇ ਆਈਆਂ। ਉਸਦੀ ਛੋਹਲੀ ਤੋਰ ਕਰਕੇ ਲੋਕ ਆਖਦੇ, "ਨਾ ਲੱਛੂ ਪੈਰ ਥੱਲੇ ਲਾਉਂਦਾ—ਨਾ ਇਹਦਾ ਘੋੜਾ। ਦੋਵੇਂ ਹਵਾ 'ਚ ਈ ਪੈਰ ਰੱਖਦੇ ਆ।"

"ਪੈਰ ਤਾਂ ਪੈਰ-ਲੱਛੂ ਦਾ ਘੋੜਾ ਤਾਂ ਪੂਛ ਵੀ ਕਾਹਲੀ ਕਾਹਲੀ ਹਿਲਾਉਂਦਾ। ਮਜ਼ਾਲ ਕੀ ਪਿੰਡੇ 'ਤੇ ਮੱਖੀ ਵੀ ਬਹਿਣ ਦੇਜੇ।" ਕੋਈ ਹੋਰ ਆਖਦਾ।

ਲੱਛੂ ਉਹਨਾਂ ਭਲੇ ਦਿਨਾਂ ਨੂੰ ਚੇਤੇ ਕਰਨ ਲੱਗਾ ਜਿੰਨਾ ਦਿਨਾਂ 'ਚ ਉਹ ਆਪਣੇ ਬਾਪ ਦੀਆਂ ਗਾਹਲਾਂ ਖਾ ਕੇ ਛੜੇ ਤਾਏ ਚਿਰੰਜੀ ਕੋਲ ਚਲਾ ਜਾਂਦਾ ਸੀ ਤੇ ਸਾਰੀ ਦਿਹਾੜੀ ਉਸਦੇ ਘੋੜੇ ਦੇ ਖੁਰ ਧੋਂਦਾ, ਪਿੰਡੇ 'ਤੇ ਖਰਖਰਾ ਕਰਦਾ ਤੇ ਘਾਹ ਖੋਤ ਕੇ ਲਿਆਉਂਦਾ। ਵੱਡਾ ਭਰਾ ਗੋਪਾਲ ਬਾਪ ਨਾਲ ਹੱਟੀ 'ਤੇ ਬਹਿਣ ਲੱਗਾ ਸੀ ਤੇ ਇਸੇ ਹੱਟੀ ਆਸਰੇ ਵਿਆਹਿਆ ਗਿਆ। ਬਿਮਲਾ ਨੇ ਇੱਕ ਇੱਕ ਸਾਲ ਦੇ ਫਰਕ ਨਾਲ ਤਿੰਨ ਨਿਆਣੇ ਜੰਮ ਦਿੱਤੇ ਸਨ। ਬਿਮਲਾ ਨੂੰ ਘਰਵਾਲੇ ਦੀ ਕਮਾਈ ਸਾਂਝੇ ਘਰ 'ਚ ਖੱਖਰ ਭੱਖਰ ਹੋ ਜਾਣ ਦਾ ਝੋਰਾ ਲੱਗਾ ਰਹਿੰਦਾ। ਗੋਪਾਲ ਜੀਆ-ਜੰਤ ਨੂੰ ਲੈ ਕੇ ਸਾਂਝੇ ਪਰਿਵਾਰ ਨਾਲੋਂ ਅੱਡ ਹੋ ਗਿਆ। ਜੁਆਕ ਪਿੰਡ ਦੇ ਨਿੱਕੇ ਸਕੂਲ 'ਚ ਪੜ੍ਹਨ ਲਾ ਦਿੱਤੇ ਸਨ। ਸੱਥ 'ਚ ਬੈਠਿਆਂ ਗੋਪਾਲ ਦੇ ਅੱਡ ਹੋਣ ਦੀ ਗੱਲ ਚੱਲਦੀ ਤਾਂ ਜੀਵਨ ਕੁਮਾਰ "ਜੀਹਦੇ ਹੋਣਗੇ-ਉਹਦੇ ਈ ਅੱਡ-ਵਿੱਢ ਹੋਣਗੇ" ਆਖਦਿਆਂ ਚੁੱਪ ਕਰ ਜਾਂਦਾ।

ਜਦੋਂ ਤੱਕ ਲੱਛੂ, ਤਾਏ ਚਿਰੰਜੀ ਦੀ ਥਾਂ ਟਾਂਗਾ ਲੈ ਕੇ ਸ਼ਹਿਰ ਜਾਣ ਆਉਣ ਲੱਗਾ, ਲੱਛੂ ਤੋਂ ਛੋਟਾ ਦਿਆਲ ਪਿੰਡ 'ਚ ਬਣ ਚੁੱਕੇ ਹਾਈ ਸਕੂਲ ਜਿਸ ਨੂੰ ਪਿੰਡ ਵਾਲੇ ਵੱਡਾ ਸਕੂਲ ਆਖਦੇ, 'ਚੋਂ ਦਸ ਜਮਾਤਾਂ ਪਾਸ ਕਰਕੇ ਮੰਡੀ 'ਚ ਲਾਲਾ ਧਨੀ ਰਾਮ ਬਾਂਸਲ ਦੀ ਆੜ੍ਹਤ 'ਤੇ ਮੁਨੀਮੀ ਕਰਨ ਜਾ ਲੱਗਾ ਸੀ। ਲੱਛੂ ਦਾ ਘੋੜਾ ਪਿੰਡ ਤੋਂ ਮੰਡੀ ਵੱਲ ਜਾਂਦੀ ਸੜਕ 'ਤੇ ਨੱਸੀ ਜਾਂਦਾ। ਉਸਦੇ ਭਰਾਵਾਂ ਦੀ ਕਬੀਲਦਾਰੀ ਵਾਲੀ ਗੱਡ ਵੀ ਸਿਰ ਪੈਰ ਨੱਸੀ ਜਾਂਦੀ। ਵੱਡੇ ਭਰਾ ਗੋਪਾਲ ਨੇ ਬਾਪ ਵਾਲੀ ਹੱਟੀ ਛੱਡ ਕੇ ਗਿੱਲ ਪੱਤੀ 'ਚ ਵੱਖਰੀ ਹੱਟੀ ਕਰ ਲਈ ਸੀ। 'ਗੋਪਾਲੇ ਪੰਡਿਤ ਦੀ ਹੱਟੀ' ਵਜੋਂ ਮਸ਼ਹੂਰ ਇਸ ਹੱਟੀ ਤੋਂ ਚਾਹ-ਗੁੜ, ਘਰੇਲੂ ਵਰਤੋਂ ਵਾਲੇ ਸੌਦੇ ਪੱਤੇ, ਸਕੂਲੀ ਜੁਆਕਾਂ ਦੀਆਂ ਫੱਟੀਆਂ, ਸਲੇਟਾਂ, ਚਾਕ, ਗਾਚੀ, ਸਲੇਟੀਆਂ ਤੇ ਦਵਾਤਾਂ ਤੋਂ ਲੈ ਕੇ ਜਣੇਪੇ ਵਾਲੀ ਜਨਾਨੀ ਦੀ ਪੰਜੀਰੀ 'ਚ ਪਾਏ ਜਾਣ ਵਾਲੇ ਕਮਰਕੱਸ, ਖੋਪੇ, ਮਗਾਂ, ਹੋਰ ਨਿੱਕ-ਸੁੱਕ ਅਤੇ ਕੁੜੀਆਂ ਦੀ ਸਿਲਾਈ ਕਢਾਈ ਵੇਲੇ ਵਰਤੋਂ 'ਚ ਆਉਂਦੀਆਂ ਚੀਜ਼ਾਂ ਤੱਕ, ਸਾਰਾ ਕੁੱਝ ਮਿਲ ਜਾਂਦਾ।

ਦਿਆਲ ਦੋ ਕੁ ਸਾਲਾਂ 'ਚ ਹੀ ਵਪਾਰ ਦੀਆਂ ਸਾਰੀਆਂ ਬਾਰੀਕੀਆਂ ਸਮਝ ਗਿਆ। ਉਸਨੂੰ ਪੈਸੇ ਦੇ ਜਾਣ ਅਤੇ ਆਉਣ ਦੇ ਸਾਰੇ ਰਸਤਿਆਂ ਦਾ ਗਿਆਨ ਹੋ ਗਿਆ। ਜੇ ਪੇਂਡੂਆਂ 'ਚ ਵੱਡੇ ਭਰਾ ਲੱਛੂ ਦੇ ਟਾਂਗੇ ਘੋੜੇ ਦੀ ਪੈਂਠ ਸੀ ਤਾਂ ਦਿਆਲ ਨੇ ਵੀ ਮੰਡੀ 'ਚ ਚੰਗਾ ਬਹਿਣ ਉੱਠਣ ਬਣਾ ਲਿਆ ਸੀ। ਉਸ ਅੰਦਰਲੀ ਕਲਾ ਨੂੰ ਦੇਖਦਿਆਂ ਲਾਲਾ ਧਨੀ ਰਾਮ ਬਾਂਸਲ ਦੇ ਮਹਿੰਦਰਗੜ੍ਹ ਵਿਆਹੇ ਵੱਡੇ ਮੁੰਡੇ ਨੇ ਦਿਆਲ ਨੂੰ ਰਿਸ਼ਤਾ ਕਰਵਾ ਦਿੱਤਾ ਸੀ।

ਦਿਆਲ ਦੇ ਸਹੁਰੇ ਚੰਗੇ ਖਾਂਦੇ ਪੀਂਦੇ ਸਨ। ਉਹਨਾਂ ਦੀ ਸਹਾਇਤਾ ਨਾਲ ਹੀ ਦਿਆਲ ਨੇ ਲਾਲਾ ਧਨੀ ਰਾਮ ਬਾਂਸਲ ਦੀ ਆੜ੍ਹਤ 'ਚ ਚੁਆਨੀ ਹਿੱਸਾ ਪਾ ਲਿਆ। ਦਿਆਲ ਹੁਣ ਮੁਨੀਮ ਨਹੀਂ ਆੜ੍ਹਤੀਆ ਸੀ। ਲੱਛਮੀ ਘਰ 'ਚ ਗੱਲ ਗੱਲ 'ਤੇ ਪੇਕਿਆਂ ਦੀ ਤਕੜਾਈ ਦਾ ਰੋਅਬ ਜਮਾਉਂਦੀ। ਜੀਵਨ ਪੰਡਿਤ ਦਾ ਸਾਰਾ ਟੱਬਰ ਉਸ ਦੇ ਦਾਬੇ ਹੇਠ ਰਹਿੰਦਾ। ਸ਼ਹਿਰ ਦੀ ਜੰਮੀ ਪਲੀ ਲੱਛਮੀ ਨੂੰ ਪਿੰਡ ਦੀ ਹਵਾ ਉੱਕਾ ਚੰਗੀ ਨਾ ਲੱਗਦੀ। ਪਿੰਡ ਦੀਆਂ ਗਾਰੇ ਵਾਲੀਆਂ ਕੱਚੀਆਂ ਗਲੀਆਂ ਅਤੇ ਆਂਡ ਗੁਆਂਢ ਦੇ ਘਰਾਂ 'ਚੋਂ ਪਸ਼ੂਆਂ ਦੇ ਗੋਬਰ ਦਾ ਮੁਸ਼ਕ ਆਉਂਦਾ। ਉਸਦਾ ਜੀਅ ਪਿੰਡੋਂ ਭੱਜ ਜਾਣ ਨੂੰ ਕਰਦਾ। ਪਿੰਡ ਰਹਿੰਦਿਆਂ ਉਸਨੂੰ ਆਪਣੇ ਜੁਆਕਾਂ ਦੇ ਵਿਗੜ ਜਾਣ ਦਾ ਵੀ ਫ਼ਿਕਰ ਸਤਾਉਂਦਾ।

"ਵੇਖੋ ਨਾ ਜੀ, ਗੱਲ ਕੋਈ ਲੁਕੀ ਛਿਪੀ ਤਾਂ ਨ੍ਹੀ? ਪਹਿਲਾਂ ਜੇਠ ਜੀ ਆਪਣੇ ਵੱਡੇ ਬਾਪੂ ਜੀ ਵੱਲ ਵੇਖਦਿਆਂ ਵਿਗੜ ਗਏ ਤੇ ਹੁਣ ਬਿਮਲਾ ਭੈਣ ਜੀ ਦਾ ਛੋਟਾ ਮੁੰਡਾ ਪਾਲਾ ਜੇਠ ਜੀ ਦੀ ਦੇਖਾ ਦੇਖੀ ਵਿਗੜਦਾ ਜਾਂਦਾ। ਉਹ ਸਕੂਲੋਂ ਭੱਜ ਕੇ ਉਹਨਾਂ ਨਾਲ ਟਾਂਗੇ 'ਤੇ ਤੁਰ ਜਾਂਦਾ। ਉਹਨਾਂ ਦੀ ਵੀ ਕੀ ਮਜ਼ਾਲ ਕਿ ਮੁੰਡੇ ਨੂੰ ਜਾਣ ਆਉਣ ਤੋਂ ਰੋਕਣ। ਕੱਲ੍ਹ ਨੂੰ ਅਸਰ ਆਪਣੇ ਨਿਆਣਿਆਂ 'ਤੇ ਵੀ ਪਊ। ਵੇਖੋ ਨਾ ਜੀ, ਗੱਲ ਕੋਈ ਲੁਕੀ ਛਿਪੀ ਤਾਂ ਨ੍ਹੀ, ਆਪਣਾ ਸਾਰਾ ਕੰਮਕਾਰ ਤਾਂ ਸ਼ਹਿਰ ਹੈ। ਫਿਰ ਆਪਾਂ ਪਿੰਡ ਰਹਿ ਕੇ ਕਰਨਾ ਵੀ ਕੀ ਹੈ? ਤੁਹਾਡਾ ਆਉਣ ਜਾਣ ਦਾ ਝੰਜਟ ਵੀ ਖਤਮ ਹੋਊ।"

ਘਰ 'ਚ ਚੱਲਦੀ ਘੈਂਸ ਘੈਂਸ ਬਹੁਤੇ ਦਿਨ ਨਹੀਂ ਸੀ ਚੱਲੀ। ਜੀਵਨ ਨੇ ਡੱਕਾ ਨੂੰਹ ਦੇ ਹੱਕ 'ਚ ਸੁੱਟ ਦਿੱਤਾ ਸੀ, "ਮੌਜ ਕਰੋ ਭਾਈ ਆਵਦੇ ਆਵਦੇ ਥਾਈਂ। ਗੋਪਾਲ ਆਵਦੇ ਥਾਂ ਮੌਜ ਕਰੇ—ਦਿਆਲ ਆਵਦੇ ਥਾਂ ਗੁੱਡੀਆਂ ਉਡਾਵੇ। ਰਹੀ ਗੱਲ ਮਾਂ ਦੇ ਲਛਮਣ ਕੁਮਾਰ ਦੀ—ਜਿਵੇਂ ਆਂਹਦੇ ਹੁੰਦੇ, ਲਿਖੀਆਂ ਲੇਖ ਦੀਆਂ-ਭੋਗ ਮਨਾ ਚਿੱਤ ਲਾ ਕੇ। ਉਹਦਾ ਘੋੜਾ ਤਾਂ ਪਿੰਡੋਂ ਸ਼ਹਿਰ ਤੇ ਸ਼ਹਿਰੋਂ ਪਿੰਡ। ਘੋੜੇ ਦੀ ਟੱਪ ਟੱਪ ਤਾਂ ਹੁਣ ਮੰਡੀ ਵਾਲੀ ਸੜਕ 'ਤੇ ਈ ਹੋਊ।"

ਸਾਰੇ ਆਪੋ ਆਪਣੀ ਥਾਵੇਂ ਮੌਜ ਕਰਨ ਲੱਗੇ ਸਨ। ਗੋਪਾਲ ਵੱਡੇ ਮੁੰਡੇ ਦੀ ਪੜ੍ਹਾਈ 'ਤੇ ਤਾਂ ਖੁਸ਼ ਸੀ ਪਰ ਅੰਦਰੇ ਅੰਦਰ ਛੋਟੇ ਮੁੰਡੇ ਪਾਲੇ ਵੱਲੋਂ ਲੱਛੂ ਦੇ ਪੈਰ 'ਚ ਪੈਰ ਧਰਨ ਕਰਕੇ ਝੂਰਦਾ। ਦਿਆਲ ਨੇ ਸ਼ਹਿਰ ਕੁੱਝ ਚਿਰ ਕਿਰਾਏ 'ਤੇ ਰਹਿਣ ਮਗਰੋਂ ਆਪਣੀ ਕੋਠੀ ਮੁੱਲ ਲੈ ਲਈ। ਪਿੰਡ ਵਾਲਿਆਂ ਨੂੰ ਪਤਾ ਸੀ ਕਿ ਇਹ ਸਾਰਾ ਕੁੱਝ ਲੱਛਮੀ ਦੇ ਪੇਕਿਆਂ ਵਲੋਂ ਹੱਥ ਝਾੜਨ ਕਰਕੇ ਹੀ ਹੋਇਆ। ਉਸਨੇ ਆਪਣੇ ਦੋਵੇਂ ਜੁਆਕ ਮੰਡੀ 'ਚ ਨਵੇਂ ਨਵੇਂ ਖੁੱਲ੍ਹੇ ਅੰਗਰੇਜ਼ੀ ਸਕੂਲ 'ਚ ਪੜ੍ਹਨੇ ਪਾ ਦਿੱਤੇ ਸਨ।

ਲੱਛੂ ਅਪਣੀ ਥਾਵੇਂ ਮੌਜ ਕਰ ਰਿਹਾ ਸੀ। ਵੱਡੀਆਂ ਸੜਕਾਂ 'ਤੇ ਭਾਵੇਂ ਲਾਲ ਰੰਗ ਵਾਲੀਆਂ ਟਾਵੀਆਂ-ਟਾਵੀਆਂ ਬੱਸਾਂ

ਕੋਲ ਉਸ ਦੇ ਹੈ ਪਈ ਪੁਸਤਕ ਮੁਹੱਬਤ ਦੀ ਜਨਾਬ,
ਨੀਝ ਲਾ ਕੇ ਵੇਖਦੈ, ਪਰ ਫੋਲਦਾ ਫਿਰ ਵੀ ਨਹੀਂ। -ਮੰਗਲ ਮੈਦਾਨ

ਦੌੜਦੀਆਂ ਪਰ ਪਿੰਡ ਤੋਂ ਮੰਡੀ ਤੱਕ ਅਜੇ ਕੋਈ ਬੱਸ ਜਾਣ ਆਉਣ ਨਹੀਂ ਸੀ ਲੱਗੀ। ਮੰਡੀ ਤੋਂ ਪਿੰਡ ਤੱਕ ਦੋ ਹੀ ਟਾਂਗੇ ਚੱਲਦੇ। ਇੱਕ ਚੀਮਿਆਂ ਵਾਲੇ ਮੇਵੇ ਦਾ ਤੇ ਦੂਜਾ ਲੱਛੂ ਦਾ। ਫੇਰ ਹੌਲੀ ਹੌਲੀ ਦੋ ਟਾਂਗੇ ਹੋਰ ਪੈ ਗਏ। ਸਵਾਰੀਆਂ ਭੱਜ-ਭੱਜ ਲੱਛੂ ਦੇ ਟਾਂਗੇ ਵੱਲ ਔਹਲਦੀਆਂ। ਸ਼ਾਦੀ ਗ਼ਮੀ ਦੇ ਮੌਕੇ 'ਤੇ ਰਿਸ਼ਤੇਦਾਰੀ 'ਚ ਜਾਣ ਵਾਲੇ, ਮੰਡੀ ਵਾਲੇ ਵੱਡੇ ਡਾਕਟਰ ਤੋਂ ਟੀਕਾ ਟਪੱਲਾ ਲੁਆਉਣ ਵਾਲੇ ਜਾਂ ਕਿਸੇ ਵੈਦ ਹਕੀਮ ਤੋਂ ਦਵਾ ਦਾਰੂ ਕਰਵਾਉਣ ਵਾਲੇ ਲੱਛੂ ਦੇ ਟਾਂਗੇ 'ਚ ਬੈਠ ਕੇ ਸ਼ਹਿਰ ਆਉਂਦੇ। ਕਚਹਿਰੀਆਂ 'ਚ ਤਾਰੀਕਾਂ ਭੁਗਤਣ ਵਾਲੇ ਤੇ ਜ਼ਮੀਨ ਖਰੀਦਣ ਵੇਚਣ ਵਾਲੇ ਟਾਂਗੇ 'ਚ ਬਹਿੰਦਿਆਂ ਹੀ ਵਕੀਲਾਂ, ਜੱਜਾਂ, ਤਹਿਸੀਲਦਾਰਾਂ, ਪਟਵਾਰੀਆਂ ਤੇ ਗਵਾਹਾਂ ਦੇ ਖੁੱਲ੍ਹੇ ਮੂੰਹਾਂ ਦੀਆਂ ਗੱਲਾਂ ਕਰਨ ਲੱਗਦੇ। ਘਰਵਾਲੇ ਤੋਂ ਚੋਰੀ ਛਪੋਰੀ ਸ਼ਹਿਰ ਦਾ ਗੇੜਾ ਲਾਉਣ ਵਾਲੀ ਜਨਾਨੀ ਚੁੰਨੀ ਨਾਲ ਮੂੰਹ ਢੱਕ ਕੇ ਟਾਂਗੇ ਦੀ ਪਿਛਲੀ ਸੀਟ 'ਤੇ ਬਹਿੰਦੀ। ਪਿੰਡ ਦੀ ਦਾਈ ਧੰਨੋ ਵਾਂਗ ਲੱਛੂ ਦੇ ਸੀਨੇ 'ਚ ਵੀ ਪਿੰਡ ਦੇ ਸਾਰੇ ਘਰਾਂ ਦਾ ਭੇਤ ਸਾਂਭਿਆ ਪਿਆ ਸੀ।

"ਮੈਂ ਸਮਝਦਾਂ ਦਾਨ ਦੇਣ ਨਾਲ ਧੰਨ ਘਟਦਾ ਨਹੀਂ ਸਗੋਂ ਵਧਦਾ ਹੈ। ਦਾਨ ਦੀਏ ਧਨ ਨਾ ਘਟੇ-ਕਹਿਗੇ ਭਗਤ ਕਬੀਰ। ਵੇਦਾਂ ਸ਼ਾਸ਼ਤਰਾਂ 'ਚ ਵੀ ਦਾਨੀ ਪੁਰਸ਼ ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ। ਸਾਡੇ ਮਹਾਂਪੁਰਸ਼ਾਂ ਨੇ ਤਾਂ ਗਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਆਖਿਆ। ਮੈਂ ਸਮਝਦਾਂ ਕਿਸੇ ਲੋੜਵੰਦ ਦੀ ਮੱਦਦ ਕਰਨਾ, ਭੁੱਖੇ ਪ੍ਰਾਣੀ ਨੂੰ ਭੋਜਨ ਛਕਾਉਣਾ, ਕੱਪੜੇ ਦੇਣੇ ਜਾਂ ਲੋੜ ਦੀਆਂ ਹੋਰ ਵਸਤਾਂ ਦੇਣੀਆਂ—ਮੈਂ ਸਮਝਦਾਂ ਇਸਤੋਂ ਵੱਡਾ ਪਰਉਪਕਾਰ ਜਾਂ ਇਸਤੋਂ ਵੱਡਾ ਪੁੰਨ ਇਸ ਧਰਤੀ' 'ਤੇ ਕੋਈ ਨਹੀਂ ਹੈ। ਮੈਂ ਸਮਝਦਾਂ ਸਾਡੇ ਇਲਾਕੇ ਦੀ ਖੁਸ਼ਕਿਸਮਤੀ ਹੈ ਕਿ ਬੜੇ ਹੀ ਅਜ਼ੀਜ਼ ਦੋਸਤ ਪੀ ਕੇ ਸ਼ਰਮਾ ਸਾਹਿਬ ਵਰਗੇ ਮਹਾਨ ਦਾਨੀ ਸਾਨੂੰ ਮਿਲੇ ਹਨ। ਪੀ ਕੇ ਸ਼ਰਮਾ ਸਾਹਿਬ---ਪੀ ਕੇ ਸ਼ਰਮਾ ਸਾਹਿਬ।"

ਸਪੀਕਰ ਤੋਂ ਆ ਰਹੀ ਭਰੜਾਈ ਆਵਾਜ਼ ਨੇ ਲੱਛੂ ਨੂੰ ਯਾਦਾਂ ਦੇ ਘੜਮੱਸ 'ਚੋਂ ਧੂਹ ਕੇ ਵਾਪਸ ਪੰਡਾਲ 'ਚ ਲੈ ਆਂਦਾ ਸੀ। ਉਸ ਨੇ ਦੇਖਿਆ ਬੰਨ੍ਹੀ ਦਾਹੜੀ ਵਾਲਾ ਅਫਸਰ ਮਾਈਕ 'ਤੇ ਖੜਾ ਪ੍ਰਦੀਪ ਦੀਆਂ ਤਾਰੀਫ਼ਾਂ ਦੇ ਪੁੱਲ ਬੰਨ੍ਹੀ ਜਾਂਦਾ ਸੀ।

"ਸਾਲਿਓ ਦਾਨ-ਪੁੰਨ ਕਰਨ ਵਾਲੇ ਭਲਾ ਥੋਡੇ ਵਾਂਗੂੰ ਖੌਰੂ ਪਾਉਂਦੇ ਹੁੰਦੇ? ਦਾਨ ਹੁੰਦਾ ਚੁੱਪ ਚੁਪੀਤੇ ਕਿਸੇ ਗਰੀਬ ਗੁਰਬੇ ਦੀ ਮੱਦਦ ਕਰਨਾ। ਤੁਸੀਂ ਤਾਂ ਸਵੇਰ ਦਾ ਢੋਲ ਪਿੱਟਣਾ ਲਿਆ। ਪੰਡਿਤ ਚਿਰੰਜੀ ਦੇ ਕਹਿਣ ਆਂਗੂੰ  ਗਰੀਬ ਅੱਡ ਫਾਹੇ ਚਾੜ ਰੱਖੇ।" ਲੱਛੂ ਮੂੰਹ 'ਚ ਹੀ ਬੁੜਬੜਾਇਆ। ਉਸਨੇ ਗੁੱਸੇ ਨਾਲ ਦਾਹੜੀ ਦੇ ਦੋ ਤਿੰਨ ਵਾਲ ਇਕੱਠੇ ਹੀ ਪੁੱਟ ਲਏ।

ਨਾ ਚਾਹੁੰਦਿਆਂ ਵੀ ਲੱਛੂ ਨੂੰ ਬਾਕੀ ਮਹਿਮਾਨਾਂ ਨਾਲ ਲੱਗ ਕੇ ਕੰਬਲ ਅਤੇ ਆਟੇ ਦਾਲ ਦੀਆਂ ਥੈਲੀਆਂ ਵੰਡਣੀਆਂ ਪਈਆਂ। ਲੱਛੂ ਨੇ ਵੇਖਿਆ ਕਿ ਸਮਾਨ ਫੜਨ ਵਾਲਿਆਂ ਦੀਆਂ ਅੱਖਾਂ ਵਿਚ ਉੱਕਾ ਵੀ ਲਿਸ਼ਕ ਨਹੀਂ ਸੀ।

"ਲਿਸ਼ਕ ਆਉਂਦੀ ਹੁੰਦੀ ਐ ਅਣਖ ਨਾਲ। ਭਿੱਖਿਆ ਲੈਣ ਵਾਲੇ ਦੀਆਂ ਅੱਖਾਂ 'ਚ ਲਿਸ਼ਕ ਕਿੱਥੋਂ ਆਜੂ? ਅਣਖ ਮਾਰਨ ਵਾਲਾ ਕੰਮ ਈ ਸਰਕਾਰਾਂ ਕਰਦੀਆਂ—ਉਹੀ ਕੰਮ ਪ੍ਰਦੀਪ ਵਰਗੇ ਦਾਨੀ ਕਰੀ ਜਾਂਦੇ। ਇਹਨਾਂ ਨੂੰ ਕਮਾਉਣ ਖਾਣ ਜੋਗਾ ਕਿਉਂ ਨ੍ਹੀ ਕਰਦੇ? ਸਭ ਵੋਟਾਂ ਦੇ ਮਸਲੇ।" ਕੰਬਲ ਫੜਾਉਂਦਿਆਂ ਲੱਛੂ ਦੇ ਅੰਦਰ ਟੁੱਟ ਭੱਜ ਹੋਈ ਜਾਂਦੀ ਸੀ।

"ਪੰਡਿਤ ਲਛਮਣ ਸਿਆਂ! ਤੈਂਅ ਟਾਂਗਾ ਵਾਹਿਆ ਸਾਰੀ ਉਮਰ। ਉਹ ਦਿਨ ਵੀ ਵੇਖੇ ਜਦੋਂ ਖੀਸਾ ਮਾਇਆ ਨਾਲ ਭਰਿਆ ਰਹਿੰਦਾ ਸੀਗਾ-ਫਿਰ ਉਹ ਦਿਨ ਵੀ ਆਏ ਜਦੋਂ ਸਵਾਰੀਆਂ ਉੱਤਰ ਕੇ ਮੋਟਰਾਂ ਲਾਰੀਆਂ ਦੇ ਢਿੱਡ 'ਚ ਵੜ ਜਾਂਦੀਆਂ ਸੀਗੀਆਂ। ਘੋੜੇ ਲਈ ਦਾਣਾ ਲੈਣਾ ਵੀ ਔਖਾ ਹੋ ਜਾਂਦਾ। ਕੰਮ ਬੰਦ ਹੋਗੇ। ਸੌ ਅੱਕੀ ਪਲਾਹੀਂ ਹੱਥ ਮਾਰੇ ਪਰ ਮਜ਼ਾਲ ਕੀ ਕਿਸੇ ਅੱਗੇ ਹੱਥ ਅੱਡਿਆ ਹੋਵੇ। ਏਸੇ ਕਰਕੇ ਸਾਰੀ ਉਮਰ ਅੱਖਾਂ ਮਾਣ ਨਾਲ ਚਿਰਾਗ ਆਂਗੂੰ ਜਗਦੀਆਂ ਰਹੀਆਂ।" ਲੱਛੂ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾਂਦਾ ਸੀ।

"ਸ਼ਰਮਾ ਸਾਹਿਬ—ਤੁਹਾਡਾ ਇਹ ਉੱਦਮ ਬੜਾ ਕਾਬਲੇ-ਤਾਰੀਫ਼ ਹੈ। ਮੈਂ ਸਮਝਦਾਂ ਜਿਹੜਾ ਤੁਸੀਂ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਹੈਲਪ ਕਰਦੇ ਓਂ, ਰੀਅਲੀ, ਦੈਅਟਸ ਏ ਨੋਬਲ ਕਾਜ਼। ਅਸੀਂ ਤੁਹਾਡਾ ਨਾਂ ਸਟੇਟ ਐਵਾਰਡ ਲਈ ਰੈਕਮੈਂਡ ਕਰ ਰਹੇ ਹਾਂ। ਮੈਂ ਸਮਝਦਾਂ ਐਜ਼ ਏ ਕਾਰੋਬਾਰੀ ਤਾਂ ਤੁਹਾਡਾ ਨਾਂ ਹੈ ਈ, ਐਜ਼ ਏ ਸ਼ੋਸ਼ਲ ਵਰਕਰ ਵੀ ਸਟੇਟ ਪੱਧਰ 'ਤੇ ਤੁਹਾਨੂੰ ਰੈਕੋਗਨੀਸ਼ਨ ਮਿਲਣੀ ਚਾਹੀਦੀ ਹੈ। ਸਾਡੀ ਦਿਲੀ ਇੱਛਾ ਹੈ ਕਿ ਆਜ਼ਾਦੀ ਦਿਹਾੜੇ 'ਤੇ ਸੀ ਐਮ ਸਾਹਿਬ ਆਪਣੇ ਹੱਥੀ ਤੁਹਾਨੂੰ ਸਨਮਾਨਿਤ ਕਰਨ।" ਏ ਡੀ ਸੀ ਕੰਬਲ ਵੰਡਦਿਆਂ ਵੀ ਪ੍ਰਸੰਸਾ ਕਰੀ ਜਾਂਦਾ ਸੀ।

"ਵਿਚਲੀ ਗੱਲ ਤਾਂ ਆਹ ਐ।" ਲੱਛੂ ਨੇ ਸੰਘ 'ਚ ਆਏ ਥੁੱਕ ਨੂੰ ਬੜੀ ਮੁਸ਼ਕਲ ਨਾਲ ਅੱਗੇ ਲੰਘਾਇਆ।

ਸਮਾਗਮ ਖ਼ਤਮ ਹੋਣ ਉਪਰੰਤ ਮਹਿਮਾਨਾਂ ਨੂੰ ਵਿਦਾ ਕਰਦਿਆਂ ਪ੍ਰਦੀਪ ਕਮਾਨ ਵਾਂਗ ਝੁਕਿਆ ਰਿਹਾ। ਉਹ  ਦੋਵੇਂ ਹੱਥ ਜੋੜ ਵਾਰ ਵਾਰ ਧੰਨਵਾਦ ਕਰ ਰਿਹਾ ਸੀ। ਉਹਦੇ ਵੱਲ ਵੇਖਦਿਆਂ ਲੱਛੂ ਨੂੰ ਕਚਿਆਣ ਜਿਹੀ ਆਈ। ਉਸਨੂੰ ਪ੍ਰਦੀਪ ਦੇ ਚਿਹਰੇ ਉਪਰਲੀ ਮੁਸਕਾਣ ਭੱਦੀ ਤੇ ਓਪਰੀ ਜਿਹੀ ਲੱਗੀ।

"ਤਾਇਆ ਜੀ! ਵੇਖਿਆ ਆਪਣੇ ਪੋਤਰੇ ਦਾ ਜਲੌਅ? ਅਸਲ ਜਲੌਅ ਤਾਂ ਅਜੇ ਕੱਲ੍ਹ ਨੂੰ ਵੇਖਿਓ। ਸਾਰੇ ਅਖ਼ਬਾਰ ਭਰੇ ਆਉਣਗੇ। ਵੱਡੀਆਂ ਵੱਡੀਆਂ ਖ਼ਬਰਾਂ, ਚਮਕਦੀਆਂ ਚਮਕਦੀਆਂ ਫੋਟੋਆਂ। ਬੱਲੇ ਬੱਲੇ ਹੋ ਜਾਊ ਕੇਰਾਂ ਤਾਂ। ਸਾਰੀਆਂ ਖ਼ਬਰਾਂ ਰਾਜਧਾਨੀ ਦੀ ਹਿੱਕ 'ਚ ਜਾ ਵੱਜਣਗੀਆਂ।" ਪ੍ਰਦੀਪ ਬੜੇ ਉਮਾਂਹ ਨਾਲ ਦੱਸ ਰਿਹਾ ਸੀ।

"ਐਤਕੀਂ ਇੰਪਰੂਵਮੈਂਟ ਦੀ ਚੇਅਰਮੈਨੀ ਕੁੱਟਣੀ। ਇਹ ਤਾਂ ਸਾਲੀਆਂ ਪਾਰਟੀਆਂ ਦੇ ਫੰਡੇ ਹੀ ਹੋਰ ਨੇ ਨਹੀਂ ਹੁਣ ਨੂੰ ਕਿਤੇ ਦਾ ਕਿਤੇ ਪਹੁੰਚਿਆ ਹੁੰਦਾ। ਅਖੇ ਜੀ ਇਹ ਸਿੱਖ ਡੋਮੀਨੇਟੱਡ ਸੀਟ ਏ ਤੇ ਏਥੋਂ ਸਿੱਖ ਚਿਹਰੇ ਨੂੰ ਹੀ ਚੋਣ ਲੜਾਉਣੀ। ਨਹੀਂ ਪ੍ਰਦੀਪ ਸ਼ਰਮਾ ਹੁਣ ਨੂੰ ਐਮ ਐਲ ਏ ਕਿਹੜਾ ਨਾ ਬਣ ਜਾਂਦਾ। ਐਮ ਐਲੀ ਤਾਂ ਇੱਕ ਪਾਸੇ-ਨਿੱਕੀ ਮੋਟੀ ਵਜ਼ੀਰੀ ਨੂੰ ਵੀ ਹੱਥ ਮਾਰ ਲੈਂਦਾ। ਖੈਰ ਕੇਰਾਂ ਨਗਰ ਸੁਧਾਰ ਵਾਲੀ ਚੇਅਰਮੈਨੀ ਨੂੰ ਹੱਥ ਪੈਂਦਾ ਹੋਜੇ—ਹੋਰ ਸਾਲ ਦੋ ਸਾਲਾਂ ਨੂੰ ਰਾਜਧਾਨੀ ਦੀ ਕੋਈ ਵੱਡੀ ਚੇਅਰਮੈਨੀ ਵੀ ਹੱਥਾਂ ਹੇਠ ਆਈ ਲਓ। ਐਨੀ ਕੁ ਕਲਾਕਾਰੀ ਹੈਗੀ ਤੇਰੇ ---ਪੋਤਰੇ ਕੋਲੇ।" ਪਰਦੀਪ ਨੂੰ ਆਪਣੇ ਮੋਢੇ ਆਪ ਹੀ ਥਾਪੜਦਿਆਂ ਵੇਖ ਲੱਛੂ ਨੂੰ ਕਾਣਤ ਆਈ। ਉਸਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਭਰਾ ਦਿਆਲ ਦੇ ਪੋਤਰੇ ਨੂੰ ਚੰਗਾ ਆਖੇ ਵੀ ਤਾਂ ਕਿਵੇਂ?

ਇਸ ਤਰ੍ਹਾਂ ਦੀ ਕਦ ਖ਼ਬਰ ਛਪਣੀ ਕਿਸੇ ਅਖ਼ਬਾਰ ਵਿਚ,
ਮੋਮ ਦੇ ਬੁੱਤ ਵਿਕ ਰਹੇ ਨੇ ਅੱਗ ਦੇ ਬਾਜ਼ਾਰ ਵਿਚ। -ਸੁਰਿੰਦਰ ਸੋਹਲ

"ਖ਼ੋਡੀਆਂ ਤੁਸੀਂ ਜਾਣੋ ਭਾਈ।" ਲੱਛੂ ਤੋਂ ਮਸੀਂ ਇੰਨਾ ਹੀ ਆਖ ਹੋਇਆ ਸੀ।

"ਵੈਸੇ ਤਾਇਆ ਜੀ, ਮੇਰੇ ਹਿਸਾਬ ਨਾਲ ਚੇਅਰਮੈਨੀ ਤਾਂ ਐਮ ਐਲ ਏ ਸ਼ਿਪ ਨਾਲੋਂ ਵੀ ਕਈ ਗੁਣਾਂ ਬਿਹਤਰ। ਨਾ ਚੋਣ ਲੜਨ ਦਾ ਝੰਜਟ ਤੇ ਨਾ ਹਾਰ ਦਾ ਡਰ। ਜਿੰਨੇ ਪੈਸੇ ਚੋਣ ਲੜਨ 'ਤੇ ਲੱਗਦੇ, ਉਦੂੰ ਚੌਥਾ ਹਿੱਸਾ ਵਨੀ ਲੱਗਣੇ। ਪੈਸਾ ਫੈਂਕ ਤਮਾਸ਼ਾ ਵੇਖ। ਥੈਲੀ ਮਾਰਾਂਗੇ ਸੀ ਐਮ ਦੇ ਮੱਥੇ ਤੇ ਚੇਅਰਮੈਨੀ ਲਵਾਂਗੇ ਮੂੰਹੋਂ ਮੰਗੀ। ਪਸੰਦ ਦੀ ਨਾ ਵੀ ਮਿਲੂ, ਤਾਂ ਵੀ ਕੀ ਹੈ ? ਕੋਈ ਤਾਂ ਮਿਲੂ ਹੀ ਮਿਲੂ। ਕਾਰ ਦੇ ਮੂਹਰੇ ਝੰਡੀ ਤਾਂ ਝੂਲਦੀ ਹੋਊ। ਹੂਟਰ ਪਾਸੇ ਹਟਜੋ—ਪਾਸੇ ਹਟਜੋ ਕਰੂ। ਫੇਰ ਆਊ ਨਜ਼ਾਰਾ ਕਨਈਂ?" ਲੱਛੂ ਨੂੰ ਸਮਝ ਨਾ ਲੱਗੀ ਕਿ ਪ੍ਰਦੀਪ ਦੇ ਸੁਆਲ ਦਾ ਕੀ ਉੱਤਰ ਦੇਵੇ।

"ਆਹ ਸਾਰਾ ਟਟਵੈਰ ਏਸੇ ਕਰਕੇ ਕਰਨਾ ਪੈਂਦਾ ?" ਲੱਛੂ ਨੇ ਝਕਦੇ ਝਕਦੇ ਨੇ ਟੈਂਟ ਵੱਲ ਇਸ਼ਾਰਾ ਕਰਦਿਆਂ ਪੁੱਛ ਹੀ ਲਿਆ ਸੀ।

"ਇਹ ਤਾਂ ਕੀ, ਇਹਦੇ ਨਾਲੋਂ ਵੀ ਵੱਡੇ ਵੱਡੇ ਟਟਵੈਰ ਕਰਨੇ ਪੈਂਦੇ। ਵੀਹ ਤੋਂ ਵੱਧ ਤਾਂ ਧਾਰਮਿਕ ਸੰਸਥਾਵਾਂ ਹੋਣਗੀਆਂ ਸ਼ਹਿਰ 'ਚ। ਸਾਰੀਆਂ ਨੂੰ ਫੰਡ ਦੇਣੇ ਪੈਂਦੇ। ਕਦੇ ਜਗਰਾਤੇ ਵਾਲੇ ਆ ਜਾਂਦੇ-ਕਦੇ ਕੋਈ ਲੰਗਰ ਕਮੇਟੀ ਵਾਲੇ। ਕਦੇ ਸਭਿਆਚਾਰਕ ਮੇਲੇ ਵਾਲੇ ਤੇ ਕਦੇ ਕੋਈ ਟੂਰਨਾਮੈਂਟ ਕਮੇਟੀ ਵਾਲੇ। ਤੀਏ ਦਿਨ ਕੋਈ ਪੱਤਰਕਾਰ ਆ ਧਮਕਦਾ ਸਪਲੀਮੈਂਟ ਲਈ ਇਸ਼ਤਿਹਾਰ ਮੰਗਣ। ਜਵਾਬ ਵਨੀ ਦੇ ਸਕਦੇ ਕਿਸੇ ਨੂੰ। ਸੁਸਾਇਟੀ 'ਚ ਥਾਂ ਬਣਾਉਣਾ ਕਿਤੇ ਸੌਖਾ? ਸੌ ਤਰ੍ਹਾਂ ਦੇ ਡਰਾਮੇ ਕਰਨੇ ਪੈਂਦੇ।"

'ਡਰਾਮੇ' ਸ਼ਬਦ ਨਾਲ ਲੱਛੂ ਦੇ ਅੰਦਰ ਹਿਲਜੁੱਲ ਹੋਈ। ਉਸਨੂੰ ਕਾਮਰੇਡ ਨੱਥੂਵਾਲੀਏ ਨਾਹਰ ਦੀ ਡਰਾਮਾ ਮੰਡਲੀ ਯਾਦ ਆਈ ਜਿਸ ਨੂੰ ਉਹ ਆਪਣੇ ਟਾਂਗੇ 'ਤੇ ਦੂਰ ਦੂਰ ਲਿਜਾਂਦਾ ਹੁੰਦਾ ਸੀ। ਇਹ ਡਰਾਮਾ ਮੰਡਲੀ ਸੌ ਸੌ ਕੋਹ ਤੱਕ ਮਸ਼ਹੂਰ ਸੀ। ਉਹ ਸਾਰੀ ਸਾਰੀ ਰਾਤ ਡਰਾਮਿਆਂ ਤੇ ਗੀਤਾਂ ਨਾਲ ਪਿੰਡਾਂ ਕਸਬਿਆਂ ਦੇ ਲੋਕਾਂ ਨੂੰ ਸਰਕਾਰ ਦੀਆਂ ਧੱਕੇਸ਼ਾਹੀਆਂ ਖ਼ਿਲਾਫ ਜਾਗਰੂਕ ਕਰਦੇ। ਡਰਾਮਿਆਂ ਦੇ ਵਿੱਚ ਵਿਚਾਲੇ ਕੋਈ ਕਾਮਰੇਡ ਲੀਡਰ ਭਾਸ਼ਣ ਕਰਕੇ ਸਰਕਾਰਾਂ ਦੀ ਖੱਲ੍ਹ ਉਧੇੜਦਾ। ਜਿਵੇਂ ਜਿਵੇਂ ਭਾਸ਼ਣ ਲੰਮਾ ਹੁੰਦਾ, ਦਿਨ ਦੇ ਕੰਮਕਾਰਾਂ ਦੇ ਭੰਨੇ ਲੋਕ ਉਸਲਵੱਟੇ ਲੈਣ ਲੱਗਦੇ। ਨੱਥੂਵਾਲੀਆ ਦੁਬਾਰਾ ਸਟੇਜ 'ਤੇ ਆਉਂਦਾ ਤਾਂ ਨੀਂਦ 'ਚ ਉਘਲਾਉਂਦੇ ਲੋਕ ਪੱਬਾਂ ਭਾਰ ਹੋ ਬਹਿੰਦੇ। ਪੰਡਾਲ 'ਚੋਂ ਤਾੜੀਆਂ ਦੀ ਆਵਾਜ਼ ਗੂੰਜਣ ਲੱਗਦੀ।

-ਕੀ ਬਾਤਾਂ ਸੀ ਨੱਥੂਵਾਲੀਏ ਨਾਹਰ ਦੀਆਂ। ਲੋਕ ਵਹੀਰਾਂ ਘੱਤ ਘੱਤ ਉਹਦੇ ਡਰਾਮੇ ਵੇਖਣ ਆਉਂਦੇ। ਅੱਜ ਤਾਈਂ ਯਾਦ ਆ ਉਹਦੇ ਡਰਾਮਿਆਂ ਵਿਚਲੇ ਗੀਤ-'ਦੇ ਦੇ ਵਾਲੀਆਂ ਪਲੰਜ਼ਰ ਲਿਆਮਾ ਨ੍ਹੀ ਇੰਜਣ ਖਰਾਬ ਹੋ ਗਿਆ'। ਸਾਰੀ ਉਮਰ ਲਾ ਦਿੱਤੀ ਦਰਵੇਸ਼ ਬੰਦੇ ਨੇ ਲੋਕਾਂ ਨੂੰ ਜਗਾਉਂਦਿਆਂ। ਇੱਕ ਪਿੰਡ ਤੋਂ ਦੂਜੇ-ਦੂਜੇ ਤੋਂ ਤੀਜੇ ਤੇ ਫੇਰ ਅੱਗੇ ਦੀ ਅੱਗੇ ਤੁਰੇ ਜਾਂਦੇ। ਕਹਿੰਦੇ ਜਦੋਂ ਉਹਦੇ ਪੁੱਤ ਦੀ ਮੌਤ ਹੋਈ ਉਹ ਘਰ ਨਹੀਂ ਸੀ। ਜਦੋਂ ਤੱਕ ਵਾਪਸ ਮੁੜਿਆ, ਘਰਦਿਆਂ ਨੇ ਪੁੱਤ ਦਾ ਸਸਕਾਰ ਕਰਕੇ ਭੋਗ ਵੀ ਪਾ ਦਿੱਤਾ। ਨੱਥੂਵਾਲੀਏ ਦੇ ਡਰਾਮਿਆਂ ਨੇ ਤਾਂ ਉਹਦਾ ਕੱਚਾ ਘਰ ਵੀ ਪੱਕਾ ਨ੍ਹੀ ਕੀਤਾ ਤੇ ਇੱਕ ਐਹਦੇ ਅਰਗੇ ਲੋਕ ਐ ਜਿਹੜੇ ਕੁਰਸੀਆਂ ਆਸਤੇ ਡਰਾਮੇ ਕਰੀ ਜਾਂਦੇ। ਅਖੇ ਵੱਡੀ ਚੇਅਰਮੈਨੀ ਨੂੰ ਹੱਥ ਮਾਰਨਾ। ਯੱਦਾ ਡਰਾਮਿਆਂ ਦਾ---।" ਲੱਛੂ ਨੇ ਮਨ ਹੀ ਮਨ ਭਤੀਜੇ ਵਰਗੇ ਸਾਰੇ ਲੋਕਾਂ ਨੂੰ ਮੋਟੀ ਸਾਰੀ ਗਾਹਲ ਕੱਢੀ।

"ਸਾਡੇ ਕੋਲ ਤੁਸੀਓਂ ਹੈਗੇ ਪਰਿਵਾਰ ਦੇ ਵਡੇਰੇ। ਤੁਹਾਨੂੰ ਤਾਂ ਪਤਾ ਦਾਦਾ ਜੀ ਤੇ ਫਿਰ ਡੈਡੀ ਜੀ ਨੇ ਕਿੰਨੀ ਮਿਹਨਤ ਕਰਕੇ ਸਾਨੂੰ ਇੱਕ ਪਛੜੇ ਪਿੰਡ ਤੋਂ ਉੱਠ ਕੇ ਐਥੋਂ ਤੱਕ ਪਹੁੰਚਾਇਆ। ਮੁਨੀਮੀ ਤੋਂ ਸ਼ੁਰੂ ਕਰਕੇ ਆੜ੍ਹਤ ਦੇ ਮਾਲਕ ਬਣੇ। ਫੇਰ ਸ਼ੈਲਰ ਲਾਏ, ਵੇਅਰ ਹਾਊਸ ਬਣਾਏ। ਰੀਅਲ ਐਸਟੇਟ ਦਾ ਕੰਮ ਕੀਤਾ। ਕੋਈ ਸੋਚ ਸਕਦਾ ਕਿ ਪਿੰਡ ਦੇ ਗਰੀਬ ਹਟਵਾਣੀਏ ਦੇ ਮੁੰਡੇ ਨੇ ਐਥੋਂ ਤੱਕ ਤਰੱਕੀ ਕੀਤੀ ਹੋਊ ? ਕੋਈ ਝੂਠ ਆਲੀ ਗੱਲ ਤਾਂ ਹੈਨੀ। ਥੋੜੇ ਤਾਂ ਦੇਖਣ ਦੇਖਣ ਦੀ ਗੱਲ। ਕਿਵੇਂ ਫਰਸ਼ ਤੋਂ ਉੱਠ ਕੇ ਅਰਸ਼ ਤੱਕ ਪੁੱਜੇ ਹਾਂ।"

"ਹੂੰ!" ਆਵਾਜ਼ ਲੱਛੂ ਦੇ ਸੰਘ 'ਚੋਂ ਮਸੀਂ ਬਾਹਰ ਆਈ ਸੀ।

"ਤੁਹਾਡੇ ਤਾਂ ਦੇਖਣ ਦੇਖਣ ਦੀ ਗੱਲ, ਡੈਡੀ ਜੀ ਦੀ ਕਿੰਨੀ ਚੜ੍ਹਾਈ ਸੀ ਆਪਣੇ ਸਾਰੇ ਇਲਾਕੇ 'ਚ। ਪਈ ਸ਼ਰਮਾ ਸਾਹਿਬ-ਸ਼ਰਮਾ ਸਾਹਿਬ ਹੁੰਦੀ ਸੀ। ਪਾਰਟੀ ਦੇ ਬਲਾਕ ਪ੍ਰਧਾਨ ਬਣੇ। ਦੋ ਵਾਰ ਨਗਰ ਕੌਂਸਲ ਦੇ ਮੀਤ ਪ੍ਰਧਾਨ ਬਣੇ। ਚੰਡੀਗੜ੍ਹ ਤੱਕ ਪਹੁੰਚ ਬਣਾਈ। ਵਿਰੋਧੀ ਨੂੰ ਸਿਰ ਨ੍ਹੀ ਸੀ ਚੁੱਕਣ ਦਿੰਦੇ। ਡੈਡੀ ਜੀ ਦਾ ਬੇਵਕਤ ਕਤਲ ਨਾ ਹੁੰਦਾ—ਪਤਾ ਨ੍ਹੀ ਕਿੱਥੇ ਤੱਕ ਪਹੁੰਚਦੇ। ਕਿਸੇ ਨਾ ਕਿਸੇ ਦਿਨ ਵਜ਼ੀਰ ਬਣਦੇ। ਮੈਨੂੰ ਕਿਹਾ ਕਰਦੇ ਸੀ, 'ਪ੍ਰਦੀਪ ! ਐਹਨਾ ਪਿੰਡਾਂ ਵਾਲਿਆਂ ਨੂੰ ਕਾਬੂ ਕਰਨਾ ਬੜਾ ਔਖਾ। ਪਾਲਿਸੀਆਂ ਖੇਡਣੀਆਂ ਪੈਂਦੀਆਂ। ਆਪਸ 'ਚ ਲੜਾ ਕੇ ਰੱਖਣਾ ਪੈਂਦਾ। ਜੇ ਕਾਮਯਾਬ ਹੋਣਾ ਤਾਂ ਏਹਨਾਂ ਤੋਂ ਇੱਕ ਦੂਜੇ ਦੇ ਸਿੰਗ ਭੰਨਾਈ ਰੱਖੋ। ਵੇਹਲੇ ਨ੍ਹੀ ਰਹਿਣੇ ਚਾਹੀਦੇ।' ਹੁਣ ਤੁਹਾਡੇ ਤਾਂ ਦੇਖਣ ਦੇਖਣ ਦੀ ਗੱਲ ਐ-ਡੈਡੀ ਜੀ ਨੇ ਸਾਰਿਆਂ ਨੂੰ ਚਾਣਕਿਆ ਵਾਂਗੂੰ ਉਂਗਲਾਂ 'ਤੇ ਨਚਾਈ ਰੱਖਿਆ।" ਲੱਛੂ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਪ੍ਰਦੀਪ ਆਪਣੇ ਪਿਉ ਦੇ ਗੁਣ ਦੱਸ ਰਿਹਾ ਜਾਂ ਔਗੁਣ। ਉਸਨੇ ਪ੍ਰਦੀਪ ਦੀਆਂ ਗੱਲਾਂ ਦਾ ਹੁੰਗਾਰਾ ਭਰਨਾ ਵੀ ਯੋਗ ਨਹੀਂ ਸੀ ਸਮਝਿਆ। ਉਹ ਤਾਂ ਨੀਵੀਂ ਪਾਈ ਜੁੱਤੀ ਦੀ ਨੋਕ ਨਾਲ ਮਿੱਟੀ ਪੱਟੀ ਜਾਂਦਾ ਸੀ ਜਿਵੇਂ ਬੀਤੇ ਕਈ ਵਰ੍ਹਿਆਂ 'ਤੇ ਜੰਮੀ ਪਈ ਗਰਦ ਪੱਟ ਰਿਹਾ ਹੋਵੇ।

ਜਿੰਨਾ ਦਿਨਾਂ 'ਚ ਗੋਪਾਲ ਦਾ ਵੱਡਾ ਮੁੰਡਾ ਪੜ੍ਹ ਕੇ ਫੌਜ 'ਚ ਭਰਤੀ ਹੋ ਗਿਆ ਸੀ ਤੇ ਛੋਟਾ ਮੁੰਡਾ ਪਾਲਾ ਮਾਂ ਪਿਉ ਤੋਂ ਬਾਗੀ ਹੋ ਕੇ ਚਾਚੇ ਲੱਛੂ ਕੋਲ ਆਉਣ ਜਾਣ ਲੱਗਾ ਸੀ, ਉਹਨਾਂ ਦਿਨਾਂ 'ਚ ਦਿਆਲ ਦੀ ਗਿਣਤੀ ਸ਼ਹਿਰ ਦੇ ਨਾਮਵਰ ਆੜ੍ਹਤੀਆਂ 'ਚ ਹੋਣ ਲੱਗੀ ਸੀ। ਉਸਦੀ ਆੜ੍ਹਤ ਤੋਂ ਲਏ ਵਿਆਜੂ ਪੈਸਿਆਂ ਦੇ ਜੂਲ੍ਹੇ ਹੇਠ ਆਏ ਮਾਤੜ੍ਹ ਜੱਟਾਂ ਦੇ ਅਗੂੰਠੇ ਵਹੀ ਦੇ ਪੰਨਿਆਂ 'ਤੇ ਛਪਦੇ ਜਾਂਦੇ ਸਨ। ਜਿਉਂ ਜਿਉਂ ਦਿਆਲ ਦੀ ਸੰਦੂਕੜੀ 'ਚ ਪਿੰਡਾਂ ਵਾਲਿਆਂ ਤੋਂ ਲਿਖਾਏ ਪਰੋਨੋਟਾਂ ਦੀ ਗਿਣਤੀ ਵਧਦੀ ਤੁਰੀ ਜਾਂਦੀ ਸੀ, ਦਿਆਲ ਦੇ ਸ਼ਹਿਰ ਵਿਚਲੇ ਪਲਾਟਾਂ ਦੀ ਗਿਣਤੀ ਵੀ ਵਧਦੀ ਜਾਂਦੀ ਸੀ। ਪੈਸੇ ਨੂੰ ਪੈਸਾ ਖਿੱਚੀ ਤੁਰਿਆ ਆਉਂਦਾ ਸੀ।

"ਘਰ ਔਰਤ ਨਾਲ ਹੁੰਦਾ। ਔਰਤ ਚਾਹੇ ਬੰਦੇ ਦੀ ਗੁੱਡੀ ਚੜ੍ਹਾ ਦੇਵੇ-ਔਰਤ ਚਾਹੇ ਬੇੜੀ ਡੋਬ ਦੇਵੇ। ਲੱਛਮੀ ਵਰਗੀ ਸੁੱਘੜ ਤੇ ਚੰਗੇ ਪੈੜ੍ਹੇ ਵਾਲੀ ਨੂੰਹ ਧੀਅ ਘਰ 'ਚ ਆਜੇ-ਘਰ ਕਿਤੇ ਦਾ ਕਿਤੇ ਲੈ ਜਾਂਦੀ ਐ। ਮਜ਼ਾਲ ਕੀ ਇੱਕ ਖੋਟਾ ਪੈਸਾ ਵੀ ਹੱਥੋਂ ਗਵਾਵੇ। ਮਾਇਆ ਸਾਂਭਣੀ ਹਾਰੀ ਸਾਰੀ ਜਨਾਨੀ ਦੇ ਵੱਸ ਦੀ ਗੱਲ ਨ੍ਹੀ-

ਕੋਈ ਬੂਹਾ ਖੁਲ੍ਹਿਆ ਨਾਹੀਂ, ਮੈਨੂੰ ਦੇਖ ਕੇ ਲੋਕੀਂ ਲੁਕਦੇ,
ਕਿਧਰ ਜਾਵਾਂ ਸੋਚ ਰਹੀ ਆਂ ਬੰਦ ਗਲੀ ਵਿਚ ਆਈ ਹੋਈ -ਖ਼ਾਵਰ ਰਾਜਾ

ਲੱਛਮੀ ਤਾਂ ਲੱਛਮੀ ਐ। ਲੱਛਮੀ ਵਰਗੀ ਜਨਾਨੀ ਨੇੜੇ ਤੇੜੇ ਦੇ ਸੌ ਪਿੰਡਾਂ 'ਚ ਨ੍ਹੀ ਹੋਣੀ।'' ਪੰਡਿਤ ਜੀਵਨ ਪੁੱਤ ਦੀ ਚੜ੍ਹਾਈ 'ਤੇ ਬਾਗੋਬਾਗ ਸੀ। ਉਹ ਰਿਸ਼ਤੇਦਾਰੀਆਂ 'ਚ ਪੁੱਤ ਦੀ ਥਾਵੇਂ ਨੂੰਹ ਦੇ ਸੋਹਲੇ ਗਾਉਂਦਾ।

ਲੱਛੂ ਟਾਂਗਿਆਂ ਵਾਲੇ ਅੱਡੇ 'ਚ ਤਖ਼ਤਪੋਸ਼ 'ਤੇ ਬੈਠਾ ਛੋਟੇ ਭਰਾ ਬਾਰੇ ਚੱਲਦੀ ਲੋਕ ਭਾਖਿਆ ਸੁਣਦਾ। ਦਿਆਲ ਕੀ ਕਰਦਾ ਹੈ-ਕੀ ਨਹੀਂ ਕਰਦਾ, ਲੱਛੂ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਉਂਜ ਉਹ ਇੰਨਾ ਕੁ ਤਾਂ ਸਮਝਦਾ ਸੀ ਕਿ ਦਿਆਲ ਆੜਤ 'ਤੇ ਬੈਠ ਦੁੱਧ ਚਿੱਟੇ ਕੱਪੜਿਆਂ ਦੇ ਓਹਲੇ 'ਚ ਕੋਈ ਦੋ ਨੰਬਰ ਦਾ ਧੰਦਾ ਕਰਦਾ ਤੇ ਇਸ ਧੰਦੇ ਕਰਕੇ ਉਸਦੇ ਹੱਥ ਵੱਡੇ ਵੱਡੇ ਲੀਡਰਾਂ ਨਾਲ ਜੁੜ ਗਏ ਹਨ।

ਜਿੰਨਾ ਦਿਨਾਂ 'ਚ ਦਿਆਲ ਵਲੋਂ ਸ਼ਹਿਰ ਦੀ ਕਿਸੇ ਵਿਧਵਾ ਨਾਲ ਠੱਗੀ ਮਾਰ ਕੇ ਉਸਦੀਆਂ ਦੋ ਦੁਕਾਨਾਂ ਦੱਬ ਲੈਣ ਦੀ ਚਰਚਾ ਜ਼ੋਰਾਂ 'ਤੇ ਸੀ, ਉਹਨਾਂ ਦਿਨਾਂ 'ਚ ਹੀ ਲੱਛੂ ਦੀ ਇਮਾਨਦਾਰੀ ਦੀ ਪਰਖ ਹੋਈ ਸੀ। ਪਿੰਡ ਦੇ ਵੱਡੇ ਬੂਹੇ ਵਾਲਿਆਂ ਦੀ ਨੂੰਹ ਮੰਡੀਓਂ ਆਉਣ ਲਈ ਉਸਦੇ ਟਾਂਗੇ 'ਚ ਚੜ੍ਹੀ ਸੀ। ਉਸ ਦਿਨ ਕਹਿਰਾਂ ਦੀ ਗਰਮੀ। ਕਾਂ ਅੱਖ ਨਿਕਲੇ। ਉਹ ਔਰਤ ਘੜੀ ਮੁੜੀ ਟੋਕਰੀ 'ਚੋਂ ਰੁਮਾਲ ਕੱਢਦੀ ਤੇ ਮੱਥੇ 'ਤੇ ਆਇਆ ਮੁੜਕਾ ਪੂੰਝਦੀ। ਜਿੰਨਾ ਚਿਰ ਟਾਂਗਾ ਸਵਾਰੀਆਂ ਲੈ ਕੇ ਤੁਰ ਨਹੀਂ ਪਿਆ, ਵੱਡੇ ਬੂਹੇ ਵਾਲਿਆਂ ਦੀ ਨੂੰਹ ਦਾ ਗੰਦਮੀ ਰੰਗ ਪਿਘਲ ਕੇ ਵਹਿੰਦਾ ਰਿਹਾ। ਸਵਾਰੀਆਂ ਨਾਲ ਭਰ ਕੇ ਟਾਂਗਾ ਤੁਰਿਆ ਤਾਂ ਉਸਨੂੰ ਸੁੱਖ ਦਾ ਸਾਹ ਆਇਆ ਸੀ।

ਸਾਰੇ ਰਾਹ ਲੱਛੂ ਆਪਣੇ ਘੋੜੇ ਨਾਲ ਗੱਲ਼ਾਂ ਕਰਦਾ। ਪਹਿਲੀ ਵਾਰ ਲੱਛੂ ਦੇ ਟਾਂਗੇ 'ਚ ਬਹਿਣ ਵਾਲੀਆਂ ਸਵਾਰੀਆਂ ਨੂੰ ਲੱਛੂ ਕੋਈ ਹਿੱਲਿਆ ਆਦਮੀ ਜਾਪਦਾ। ਛੋਲਿਆਂ ਨਾਲ ਰੱਜੇ ਘੋੜੇ ਦੀ ਥੋੜੇ ਥੋੜੇ ਚਿਰ ਬਾਅਦ ਹਵਾ ਸਰਕਦੀ ਤਾਂ ਹੋਰ ਜਨਾਨਾ ਸਵਾਰੀਆਂ ਵਾਂਗ ਵੱਡੇ ਬੂਹਿਆਂ ਵਾਲਿਆਂ ਦੀ ਨੂੰਹ ਵੀ ਰੁਮਾਲ ਨੱਕ ਦੁਆਲੇ ਘੁੱਟ ਲੈਂਦੀ।

''ਲੈ ਵਈ ਰੱਬ ਦੇ ਜੀਓ, ਪੰਡਿਤ ਚਿਰੰਜੀ ਦੇ ਕਹਿਣ ਆਂਗੂੰ 'ਲੰਘ ਆਏਂ ਆਂ ਭਵਸਾਗਰ'। ਲਵੋ ਵੈਗਰੂ ਦਾ ਨਾਂ। ਕਰਮਾਂ ਵਾਲਿਆ ਤੂੰ ਵੀ ਘੜੀ ਬਿੰਦ ਦਮ ਮਾਰ ਲੈ। ਫੇਰ ਪਿਆਉਨੈ ਤੈਨੂੰ ਵੀ ਪਾਣੀ-ਧਾਣੀ। ਪੰਡਿਤ ਚਿਰੰਜੀ ਦੇ ਕਹਿਣ ਆਂਗੂੰ 'ਤੱਤੇ ਘਾਹ ਪਾਣੀ ਪੀਣ ਨਾਲ ਗਰਮ ਸਰਦ ਹੋਣ ਦਾ ਖਲਤਰਾ'।'' ਗਰਮੀ ਨਾਲ ਹੌਂਕਦੇ ਘੋੜੇ ਦੇ ਪਿੰਡੇ 'ਤੇ ਪਿਆਰ ਭਰਿਆ ਪੋਲ਼ਾ ਪੋਲ਼ਾ ਹੱਥ ਫੇਰਦਿਆਂ ਲੱਛੂ ਨੇ 'ਪੁੱਚ ਪੁੱਚ' ਕੀਤੀ ਤਾਂ ਹੌਂਕਦਾ ਘੋੜਾ ਥੋੜਾ ਜਿਹਾ ਸਾਵਾਂ ਹੋ ਗਿਆ। ਸਵਾਰੀਆਂ ਬੋਝੇ ਫਰੋਲਦੀਆਂ ਬਣਦਾ ਭਾੜਾ ਦੇ ਕੇ ਰਾਹੇ ਪੈ ਗਈਆਂ। ਲੱਛੂ ਨੇ ਦੇਖਿਆ, ਵੱਡੇ ਬੂਹੇ ਵਾਲਿਆਂ ਦੀ ਨੂੰਹ ਟੋਕਰੀ ਫਰੋਲਦੀ ਹਾਕਲ ਬਾਕਲ ਹੋਈ ਪਈ ਸੀ। ਭੈਅ ਨਾਲ ਉਸਦਾ ਰੰਗ ਸੂਹਾ ਹੋ ਗਿਆ।

''ਕੀ ਗੱਲ਼ ਭਾਈ ਬੀਬਾ ? ਲੱਗਦੈ ਪੈਸੇ ਭੁੱਲ ਗਏ ਓਂ। ਫ਼ਿਕਰ ਕਰਨ ਦੀ ਲੋੜ ਨ੍ਹੀ। ਕਿਤੇ ਨੀ ਚੱਲਿਆ ਭਾੜਾ, ਫੇਰ ਆਜੂ। ਮੈਂ ਆਪੇ ਲੈ ਆਊਂ ਘਰੋਂ ਸਰਦਾਰ ਹੁਰਾਂ ਤੋਂ। ਨਾਲੇ ਕੁੜੀਏ ਮੈਂ ਪੈਸਿਆਂ ਦੇ ਮੂੰਹ ਨ੍ਹੀ ਲੱਗਦਾ, ਇਹ ਤਾਂ ਸਹੁਰੇ ਹੱਥਾਂ ਦੀ ਮੈਲ਼ ਹੁੰਦੇ। ਜੇ ਚਾਰ ਆਨੇ ਨਾ ਵੀ ਆਉਣਗੇ ਤਾਂ ਪਹਾੜ ਨ੍ਹੀ ਢਹਿ ਚੱਲਿਆ। ਸਾਡੀ ਆਵਦੀ ਨੂੰਹ ਧੀਅ ਏਂ—ਕੋਈ ਬੇਗਾਨੀ ਨ੍ਹੀ।'' ਲੱਛੂ ਨੇ ਆਖਿਆ ਤਾਂ ਉਹ ਫੁੱਟ ਫੁੱਟ ਕੇ ਰੋਣ ਲੱਗੀ ਸੀ।

''ਬਾਈ ਜੀ ਟੋਕਰੀ 'ਚੋਂ ਗਹਿਣਿਆਂ ਵਾਲਾ ਪਰਸ ਕਿਧਰੇ ਡਿੱਗ ਪਿਆ।'' ਉਸਦੀ ਜਿਵੇਂ ਲੇਰ ਹੀ ਨਿਕਲ ਗਈ ਸੀ।''ਹੈਂ ! ਗਹਿਣਿਆਂ ਆਲਾ ? ਭਾਈ ਸਮਾਰ ਕੇ ਵੇਖ, ਹੈਥੇ ਕਿਤੇ ਹੋਊ।'' ਔਰਤ ਕੁੱਝ ਨਹੀਂ ਸੀ ਬੋਲੀ। ਉਸ ਨੇ ਟੋਕਰੀ ਵਿਚਲਾ ਸਾਰਾ ਸਮਾਨ ਬਾਹਰ ਕੱਢ ਕੇ ਵੇਖ ਲਿਆ ਸੀ।

''ਭਾਈ ਬੀਬਾ ਜਦੋਂ ਟਾਂਗੇ 'ਚ ਬੈਠੇ ਸੀਗੇ—ਓਦੋਂ ਟੋਕਰੀ 'ਚ ਸੀਗਾ? ਥੋਨੂੰ ਖਿਆਲ ਐ ਪੱਕਾ ? ਕਿਤੇ ਹੋਰ ਥਾਵੇਂ ਨਾ ਭੁੱਲ ਆਈ ਹੋਮੇ ?''

''ਨਹੀਂ ਬਾਈ—ਸੀ। ਛੋਟੀ ਗੁੱਥਲੀ ਸੀ। ਮੈਂ ਆਪ ਰੱਖੀ ਸੀ ਐਥੇ ਟੋਕਰੀ 'ਚ।''ਫੇਰ ਲੱਛੂ ਕਿੰਨਾ ਚਿਰ ਐਧਰ ਓਧਰ ਤੇ ਟਾਂਗੇ ਦੀਆਂ ਸੀਟਾਂ ਥੱਲੇ ਦੇਖਦਾ ਰਿਹਾ। ਗਹਿਣਿਆਂ ਵਾਲੀ ਪੋਟਲੀ ਤਾਂ ਕਿਧਰੇ ਵੀ ਨਹੀਂ ਸੀ। ਲੱਛੂ ਨੇ ਸੁਣ ਰੱਖਿਆ ਸੀ ਕਿ ਸੋਨੇ ਨੂੰ ਧਰਤੀ ਵਿਹਲ ਦੇ ਦਿੰਦੀ ਹੈ। ਡਿੱਗੀ ਟੂੰਮ ਤਾਂ ਕਰਮਾ ਸੇਤੀ ਮਿਲਦੀ। ਉਹ ਨਿਰਾਸ਼ ਹੋ ਗਿਆ। ਰੋਂਦੀ ਔਰਤ ਝੱਲੀ ਨਹੀਂ ਸੀ ਜਾਂਦੀ। ਲੱਛੂ ਉਸਨੂੰ ਟਾਂਗੇ 'ਚ ਬਹਾ ਕੇ ਘਰ ਛੱਡ ਆਇਆ। ਹੋਰ ਗੇੜਾ ਲਾਉਣ ਦਾ ਉਸਦਾ ਜੀਅ ਨਹੀਂ ਸੀ ਕੀਤਾ।

ਘਰ ਆ ਕੇ ਲੱਛੂ ਨੇ ਘੋੜੇ ਨੂੰ ਪਾਣੀ ਪਿਆਉਣ ਲਈ ਟਾਂਗੇ ਥੱਲੇ ਟੰਗੀ ਬਾਲਟੀ ਲਾਹੀ ਤਾਂ ਉਸਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਗਹਿਣਿਆਂ ਵਾਲੀ ਪੋਟਲੀ ਬਾਲਟੀ ਵਿੱਚ ਪਈ ਸੀ। ਲੱਛੂ ਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਵਾਰ ਵਾਰ ਟੋਕਰੀ 'ਚੋਂ ਰੁਮਾਲ ਕੱਢਦਿਆਂ ਗਹਿਣਿਆਂ ਵਾਲੀ ਗੁਥਲੀ ਰਿਸਕ ਕੇ ਸੀਟਾਂ ਥੱਲੇ ਡਿੱਗ ਪਈ ਸੀ ਤੇ ਫਿਰ ਟਾਂਗੇ ਦੀਆਂ ਫੱਟੀਆਂ ਵਿਚਲੀ ਵਿਰਲ ਥਾਣੀ ਥੱਲੇ ਬਾਲਟੀ 'ਚ ਚਲੀ ਗਈ ਸੀ। ਲੱਛੂ ਦੇ ਹੱਥ ਸ਼ੁਕਰਾਨੇ 'ਚ ਆਪ ਮੁਹਾਰੇ ਜੁੜ ਗਏ। ਉਸਨੂੰ ਲੱਗਾ ਜਿਵੇਂ ਰੱਬ ਨੇ ਉਸਦੀ ਲਾਜ ਰੱਖ ਲਈ ਹੋਵੇ। ਉਹ ਵਾਹੋ ਦਾਹੀ ਵੱਡੇ ਬੂਹਿਆਂ ਵਾਲਿਆਂ ਦੇ ਘਰ ਵੱਲ ਨੱਠ ਤੁਰਿਆ ਸੀ।

''ਤਾਇਆ ਜੀ! ਤੁਸੀਂ ਹੁਣ ਜਾਣ ਦੀ ਕਾਹਲ ਨਹੀਂ ਕਰਨੀ। ਮਸਾਂ ਤਾਂ ਲਿਆਂਦਾ ਤੁਹਾਨੂੰ। ਨਾਲੇ ਉੱਥੇ ਪਿੰਡ 'ਚ ਹੈ ਵੀ ਕੀ ? ਐਥੇ ਜੀਪ ਥੋਡੇ ਕੋਲ ਹੋਊ। ਡਰਾਈਵਰ ਪੱਕਾ ਲਾ ਦਿੱਤਾ ਤੁਹਾਡੇ ਨਾਲ। ਬੱਸ ਕਦੇ ਸ਼ੈਲਰ ਗੇੜਾ ਮਾਰ ਲਿਆ ਲੇਬਰ ਕੋਲ, ਕਦੇ ਗੋਦਾਮਾਂ 'ਤੇ ਜਾ ਆਏ। ਕਦੇ ਫੈਕਟਰੀ ਰਾਊਂਡ ਮਾਰ ਲਿਆ। ਜੀਅ ਕੀਤਾ ਤਾਂ ਪੱਥਰ ਵਾਲੀ ਦੁਕਾਨ 'ਤੇ ਜਾ ਬੈਠੇ-ਜੀਅ ਕੀਤਾ ਆੜਤ ਵੱਲ ਚਲੇ ਗਏ। ਦਿਲ ਕੀਤਾ ਤਾਂ ਏਧਰ ਓਧਰ ਘੁੰਮ ਫਿਰ ਲਿਆ।''

ਜਦੋਂ ਪ੍ਰਦੀਪ ਦੀ ਆਵਾਜ਼ ਨੇ ਲੱਛੂ ਨੂੰ ਯਾਦਾਂ 'ਚੋਂ ਵਾਪਸ ਖਿੱਚਿਆ, ਉਦੋਂ ਉਹ ਟਾਂਗੇ ਹੇਠ ਟੰਗੀ ਬਾਲਟੀ 'ਚ ਪਏ ਪੰਜ ਤੋਲਿਆਂ ਦੇ ਰਾਣੀ ਹਾਰ ਦੀ ਖੜਕਾਟ ਸੁਣ ਕੇ ਵੱਡੇ ਬੂਹਿਆਂ ਵਾਲਿਆਂ ਦੀ ਨੂੰਹ ਦੇ ਮੂੰਹ 'ਤੇ ਆਈ ਲਾਲੀ ਵੇਖ ਰਿਹਾ ਸੀ। ਉਸਦਾ ਸਹੁਰਾ ਸਰਦਾਰ ਗੱਜਣ ਸਿਹੁੰ ਨੰਬਰਦਾਰ ਰੁਪਈਆਂ ਦੀ ਵੱਡੀ ਗੁੱਥੀ ਲੱਛੂ ਅੱਗੇ ਕਰੀ ਖੜਾ ਸੀ। ''ਸਰਦਾਰ ਸਾਬ੍ਹ ! ਸ਼ੁਕਰ ਐ ਬਾਬੇ ਨਾਨਕ ਦਾ, ਮੇਰੀ ਤਾਂ ਪੱਤ ਰੱਖਲੀ ਮਾਲਕ ਨੇ। ਨੀ ਤਾਂ ਸਾਰੀ ਉਮਰ ਦਾ ਕਲੰਕ ਲੱਗ ਜਾਂਦਾ। ਲੋਕਾਂ ਨੇ ਮੈਨੂੰ ਚੋਰ ਸਮਝਿਆ ਕਰਨਾ ਸੀ। ਲੋਕਾਂ ਦੀ ਤਾਂ ਛੱਡੋ, ਮੈਥੋਂ ਤਾਂ ਆਵਦੀਆਂ ਅੱਖਾਂ ਦਾ ਈ ਸਾਹਮਣਾ ਨ੍ਹੀ ਸੀ ਹੋਇਆ ਕਰਨਾ। ਪੰਡਿਤ ਚਿਰੰਜੀ ਦੇ ਕਹਿਣ ਆਂਗੂੰ-ਆਵਦੀਆਂ ਨਜ਼ਰਾਂ 'ਚ ਡਿੱਗਿਆ ਬੰਦਾ ਕਿਸੇ

ਮੈਂ ਤਾਂ ਹਾਂ ਖਾਲੀ ਕਾਸਾ, ਪੁੱਛਣਾ ਫ਼ਜ਼ੂਲ ਮੈਨੂੰ।
ਸ਼ਰਬਤ, ਸ਼ਰਾਬ, ਮਹੁਰਾ, ਸਭ ਕੁਝ ਕਬੂਲ ਮੈਨੂੰ। -(ਅਗਲੇ ਸਫ਼ੇ 'ਤੇ)

ਪਾਸੇ ਜੋਗਾ ਨ੍ਹੀ ਰਹਿੰਦਾ।'' ਪੈਸੇ ਲੈਣ ਤੋਂ ਇਨਕਾਰ ਕਰਦਿਆਂ ਲੱਛੂ ਨੇ ਦੋਵੇਂ ਹੱਥ ਜੋੜ ਦਿੱਤੇ ਸਨ।

''ਤਾਇਆ ਜੀ, ਥੋਡੇ ਤਾਂ ਦੇਖਣ ਦੇਖਣ ਦੀ ਗੱਲ-ਪਾਲੇ ਨੂੰ ਵੀ ਕਈ ਵਾਰ ਆਖਿਆ-ਐਥੇ ਆ ਜਾ ਸਾਡੇ ਕੋਲ। ਮੌਜ ਕਰੇਂਗਾ। ਕਰਨਾ ਕਰਾਉਣਾ ਕੁੱਝ ਨ੍ਹੀ। ਸ਼ੈਲਰ 'ਤੇ ਗੇੜਾ ਛੇੜਾ ਮਾਰ ਛੱਡਿਆ। ਬਸ ਲੇਬਰ 'ਤੇ ਨਿਗਾਹ ਰੱਖਣੀ ਐ। ਮਰਜੀ ਦਾ ਪਹਿਨਿਆ ਮਰਜ਼ੀ ਦਾ ਖਾਧਾ। ਵਧੀਆ ਗੱਡੀ ਦਿਆਂਗੇ। ਕਦੇ ਜੀਅ ਕੀਤਾ ਤਾਂ ਕਿਸੇ ਸਾਮੀ ਵੱਲੀਂ ਗੇੜਾ ਮਾਰ ਲਿਆ ਨਹੀਂ ਜੀਅ ਕੀਤਾ ਨਾ ਸਹੀ। ਜੇ ਡਰਾਈਵਰਾਂ 'ਚ ਬਹਿਣ ਉੱਠਣ ਦਾ ਸ਼ੌਕ ਐ ਤਾਂ ਟਰਾਂਸਪੋਰਟ ਦਾ ਕੰਮ ਸੰਭਾਲ ਲਵੇ। ਜੀ ਕੇ ਮੈਮੋਰੀਅਲ ਸਕੂਲ ਦੀਆਂ ਗੱਡੀਆਂ ਦਾ ਹਿਸਾਬ ਕਿਤਾਬ ਦੇਖ ਲਿਆ ਕਰੇ, ਪਰ ਕੀ ਕਰੀਏ ? ਪਰ ਉਹ ਸੁਣਦਾ ਈ ਨਹੀਂ ਕਿਸੇ ਦੀ। ਕਹਿੰਦਾ ਐਥੇ ਈ ਖੁਸ਼ ਆਂ ਪਿੰਡ 'ਚ।'' ਪ੍ਰਦੀਪ ਚਾਚਿਆਂ ਦੀ ਥਾਏਂ ਲੱਗਦੇ ਪਾਲੇ ਬਾਰੇ ਰੰਜ ਜ਼ਾਹਰ ਕਰ ਰਿਹਾ ਸੀ।

''ਚਲੋ ਜਿਵੇਂ ਅਗਲਾ ਖੁਸ਼ ਐ। ਉਹ ਜੀਪ 'ਤੇ ਲੋਕਾਂ ਦਾ ਕਿਰਾਇਆ ਭਾੜਾ ਢੋਹਦਿਆਂ ਈ ਬਾਗੋ-ਬਾਗ ਰਹਿੰਦੈ।'' ਲੱਛੂ ਆਖਣਾ ਤਾਂ ਚਾਹੁੰਦਾ ਸੀ, ''ਪ੍ਰਦੀਪ ਸਿਆਂ-ਜਿਹੜੀ ਮਿੱਟੀ ਦਾ ਮੈਂ ਬਣਿਆਂ ਪਾਲ਼ਾ ਵੀ ਓਸੇ ਮਿੱਟੀ ਦਾ ਈ ਬਣਿਆ। ਐਵੇਂ ਨ੍ਹੀ ਸੀ ਬਾਪ ਦਾ ਘਰ ਛੱਡ ਕੇ ਚਾਚੇ ਕੋਲ ਰਹਿਣ ਲੱਗਾ। ਮੈਂ ਸਾਰੀ ਉਮਰ ਟਾਂਗਾ ਵਾਹੁੰਦਿਆਂ ਕੱਢੀ ਐ। ਆਵਦੀ ਹੱਕ-ਹਲਾਲ ਦੀ ਕਰਕੇ ਖਾਧੀ ਐ। ਪਾਲ਼ਾ ਵੀ ਹੱਕ ਦੀ ਖਾ ਕੇ ਰਾਜ਼ੀ ਐ। ਮਾਇਆ ਨਾਗਣੀ ਮੇਰੇ ਵਾਂਗੂੰ ਓਹਨੂੰ ਵੀ 'ਨੀ ਡੰਗ ਸਕਦੀ।'' ਪਰ ਉਸਨੇ ਇਹ ਗੱਲ਼ ਸੰਘ ਵਿੱਚ ਹੀ ਘੁੱਟ ਲਈ ਸੀ।

''ਕੀ ਬਣਦਾ ਹੋਊ ਭਾੜਾ ਢੋਹਦਿਆਂ? ਦੋ ਟਾਈਮ ਦੀ ਰੋਟੀ ਨਹੀਂ ਚੱਲਦੀ ਹੋਣੀ ਚੱਜ ਹਾਲ ਨਾਲ। ਜਿੰਨੇ ਉਹ ਮਹੀਨੇ 'ਚ ਕਮਾਉਂਦਾ ਐ ਨਾ-ਓਨੇ ਤਾਂ ਸਾਥੋਂ ਲਾਗੀ-ਵਗਾਰੀ ਦਿਨ ਤਿਓਹਾਰ 'ਤੇ ਊਈਂ ਲੈ ਜਾਂਦੇ। ਐਵੇਂ ਪਿੰਡ ਵਾਲਿਆਂ ਦੀਆਂ ਬਗਾਰਾਂ ਢੋਈ ਜਾਂਦਾ ਹੋਊ ਮੁਫ਼ਤੋ-ਮੁਫ਼ਤੀ। ਹੋਰ ਅੰਦਰਲੀ ਖੁਸ਼ੀ ਕਿਹੜੀ ਮਿਲ ਜਾਂਦੀ ਹੋਊ?'' ਪ੍ਰਦੀਪ ਨੇ ਨੱਕ ਚੜ੍ਹਾਇਆ ਸੀ।

ਲੱਛੂ ਨੇ ਮਨ ਹੀ ਮਨ ਪ੍ਰਦੀਪ ਨੂੰ ਪੰਜ-ਸੱਤ ਮੋਟੀਆਂ-ਮੋਟੀਆਂ ਗਾਹਲਾਂ ਕੱਢੀਆਂ।

''ਗੱਲ਼ ਤਾਂ ਸਾਰੀ ਖੁਸ਼ੀ ਦੀ ਐ। ਕੋਈ ਕਿਤੋਂ ਖੁਸ਼ੀ ਭਾਲ ਲੈਂਦਾ ਕੋਈ ਕਿਤੋਂ। ਬਥੇਰੇ ਲੋਕ ਮਾਰਾਂ ਧਾੜਾਂ ਕਰਕੇ ਖੁਸ਼ ਹੁੰਦੇ-ਬਥੇਰੀ ਦੁਨੀਆ ਹੈਗੀ ਜਿਹੜੀ ਡੇਰਿਆਂ 'ਚੋਂ ਖੁਸ਼ੀ ਭਾਲਦੀ ਫਿਰਦੀ ਐ। ਪਾਲ਼ੇ ਵਰਗੇ ਵੀ ਹੈਗੇ ਧਰਤੀ 'ਤੇ ਜੇਹੜੇ ਗਰੀਬ-ਗੁਰਬੇ ਦੀਆਂ ਬੈਗਾਰਾਂ 'ਚੋਂ ਈ ਖੁਸ਼ੀਆਂ ਭਾਲ ਲੈਂਦੇ।'' ਲੱਛੂ ਨੇ ਆਪਣੀ ਗੱਲ਼ ਦਾ ਅਸਰ ਜਾਚਣ ਲਈ ਚੋਰ ਅੱਖ ਨਾਲ ਪ੍ਰਦੀਪ ਵੱਲ ਵੇਖਿਆ। ਉਸਦੇ ਮੱਥੇ ਉੱਤਲੇ ਵੱਟ ਹੋਰ ਸੰਘਣੇ ਹੋ ਗਏ ਸਨ। ਲੱਛੂ ਨੇ ਮਨ ਹੀ ਮਨ ਪ੍ਰਦੀਪ ਨੂੰ ਆਖਿਆ, ''ਪੰਡਿਤ ਚਿਰੰਜੀ ਦੇ ਕਹਿਣ ਆਂਗੂੰ ਅਸਲ ਸੇਵਾ ਓਹੀ ਹੁੰਦੀ ਜੇਹੜੀ ਬਿਨਾ ਕਿਸੇ ਲੋਭ ਲਾਲਚ ਦੇ ਕੀਤੀ ਜਾਵੇ। ਜੀਹਨੂੰ ਤੂੰ ਬੈਗਾਰ ਕਹਿਨੈ-ਉਹ ਅਸਲ ਸੇਵਾ ਐ। ਪਾਲ਼ਾ ਹਨੇਰੇ ਸਵੇਰੇ ਲੋੜ ਪਈ ਤੋਂ ਗਰੀਬ-ਗੁਰਬੇ ਨੂੰ ਆਵਦੀ ਜੀਪ 'ਤੇ ਸ਼ਹਿਰ ਲਿਜਾਂਦਾ। ਮੈਂ ਵੀ ਬਿੰਦ ਨ੍ਹੀ ਸੀ ਲਾਉਂਦਾ ਹੁੰਦਾ। ਅੱਧੀ ਰਾਤੇ ਕਿਸੇ ਮਾਤੜ੍ਹ ਬੰਦੇ ਨੇ ਵਾਜ ਮਾਰੀ-ਓਸੇ ਵੇਲੇ ਘੋੜੇ ਨੂੰ ਟਾਂਗੇ ਅੱਗੇ ਜੋੜ ਲੈਣਾ। ਬਿਮਾਰ-ਠਮਾਰ ਨੂੰ ਸ਼ੈਅਰ ਪੁਚਾਉਣਾ। ਧੇਲਾ ਨ੍ਹੀ ਸੀ ਲਿਆ ਕਦੇ ਕਿਸੇ ਤੋਂ। ਏਹ ਹੁੰਦੀ ਸੇਵਾ। ਅਸਲ ਪੁੰਨ-ਦਾਨ। ਤੇਰੇ ਆਂਗੂੰ ਡਰਾਮੇਬਾਜ਼ੀਆਂ ਨ੍ਹੀ ਸੀ ਹੁੰਦੀਆਂ ਸਾਡੇ ਤੋਂ।''

''ਚੰਗਾ ਤਾਇਆ, ਮੈਂ ਜ਼ਰਾ ਸਰਕਟ ਹਾਊਸ ਜਾ ਆਵਾਂ। ਵਪਾਰ ਮੰਡਲ ਦੀ ਜਰੂਰੀ ਮੀਟਿੰਗ ਐ। ਪਰਸੋਂ ਸਾਡਾ ਸਾਰਿਆਂ ਦਾ ਸੀ.ਐਮ. ਸਾਹਿਬ ਨੂੰ ਮਿਲਣ ਦਾ ਪ੍ਰੋਗਰਾਮ ਬਣਿਆ ਹੋਇਆ। ਤੁਸੀਂ ਸ਼ੈਲਰ 'ਤੇ ਗੇੜਾ ਮਾਰ ਆਇਓ। ਓਦੂੰ ਬਾਅਦ ਜੇ ਮੰਦਰ ਗੁਰਦੁਆਰੇ ਜਾਂ ਕਿਤੇ ਹੋਰ ਜਾਣ ਦਾ ਮਨ ਬਣਦਾ ਹੋਇਆ ਤਾਂ ਜਾ ਆਉਣਾ।'' ਪ੍ਰਦੀਪ ਨੇ ਲੱਛੂ ਨੂੰ ਆਖਦਿਆਂ ਨਾਲ ਦੀ ਨਾਲ ਦੂਰ ਖੜੇ ਡਰਾਈਵਰ ਨੂੰ ਆਵਾਜ਼ ਮਾਰ ਕੇ ਕੋਲ ਬੁਲਾਇਆ ਤੇ ਹਿਦਾਇਤਾਂ ਸੁਣਾ ਦਿੱਤੀਆਂ, ''ਕਰਮਿਆ, ਤਾਇਆ ਜੀ ਨੂੰ ਸ਼ੈਲਰ 'ਤੇ ਘੁਮਾ ਲਿਆ। ਆਪਣਾ ਸਾਰਾ ਕੰਮ ਕਾਰ ਵਿਖਾ ਦੇਵੀਂ। ਹੁਣ ਇਹਨਾਂ ਈ ਰਿਹਾ ਕਰਨਾ ਥੋਡੇ ਕੋਲੇ। ਮੇਰਾ ਤਾਂ ਥੋਨੂੰ ਪਤਾ-ਜੇ ਅੱਜ ਏਥੇ ਆਂ ਤਾਂ ਕੱਲ੍ਹ ਨੂੰ ਚੰਡੀਗੜ੍ਹ। ਸਾਡੇ ਕਿੱਥੇ ਪੈਰ ਲੱਗਦੇ? ਬੱਸ ਚੱਲ ਸੋ ਚੱਲ। ਔਰ ਸੁਣ, ਆਉਂਦਾ ਹੋਇਆ ਸਕੂਲ 'ਚ ਵੀ ਗੇੜਾ ਕਢਾ ਲਿਆਈਂ।''

ਲੱਛੂ ਨੂੰ ਨਾ ਚਾਹੁੰਦਿਆਂ ਵੀ ਸ਼ੈਲਰ ਜਾਣ ਲਈ ਡਰਾਈਵਰ ਨਾਲ ਗੱਡੀ 'ਚ ਬੈਠਣਾ ਪਿਆ ਸੀ।

''ਪ੍ਰਦੀਪ ਬਾਊ ਦਾ ਮਸਤਕ ਬੜਾ ਤੇਜ਼ ਐ। ਪੈਸਾ ਤਾਂ ਏਹਦੇ ਮਗਰ ਆਏਂ ਤੁਰਿਆ ਫਿਰਦਾ ਜਿਵੇਂ ਅਵਾਰਾ ਕੁੱਤੀ ਮਗਰ ਲੁੱਟਰ ਕੁੱਤੇ। ਜਾਂ ਆਏਂ ਕਹਿਲੋ ਜਿਵੇਂ ਕਿਸੇ ਬੈਤਲ ਤੀਵੀਂ ਮਗਰ ਲਗੌੜ ਲੱਗ ਤੁਰਦੀ ਐ। ਹਾ ਹਾ ਹਾ।'' ਕਰਮੇ ਨੇ ਜ਼ਰਦਾ ਲੱਗੇ ਬੁੱਲ੍ਹਾਂ 'ਚੋਂ ਥੁੱਕ ਦੀ ਪਿਚਕਾਰੀ ਸ਼ੀਸ਼ੇ ਖੋਹਲ ਦੂਰ ਵਗਾਹ ਮਾਰੀ। ਲੱਛੂ ਨੂੰ ਕਚਿਆਣ ਆਈ।

''ਜਿਵੇਂ ਸਿਆਣੇ ਕਹਿੰਦੇ ਹੁੰਦੇ-ਪੈਸੇ ਨੂੰ ਪੈਸਾ ਖਿੱਚੀ ਤੁਰਿਆ ਆਉਂਦਾ। ਅਸਲ 'ਚ ਨਾ- ਬਾਊ ਨੂੰ ਢੰਗ ਆਉਂਦਾ ਕਮਾਈ ਕਰਨ ਦਾ। ਉੱਤੇ ਤੱਕ ਹੱਥ ਰਲਾ ਕੇ ਰੱਖਦਾ। ਹੱਥ ਵੀ ਖੁੱਲ੍ਹਾ ਬਾਊ ਪ੍ਰਦੀਪ ਦਾ। ਜੇਹੜੇ ਅਫ਼ਸਰ ਨੂੰ ਲੱਖ ਦੇਣਾ ਹੁੰਦਾ ਓਹਨੂੰ ਡੂਢ ਲੱਖ ਦਿੰਦਾ ਤੇ ਡੂਢ ਲੱਖ ਵਾਲੇ ਨੂੰ ਤਿੰਨ ਦਿੰਦਾ। ਐਸ ਮਾਮਲੇ 'ਚ ਕੋਈ ਕੰਜੂਸੀ ਨ੍ਹੀ। ਜਿਲ੍ਹੇ ਦੇ ਅੱਧੇ ਅਫ਼ਸਰਾਂ ਦੇ ਜੁਆਕਾਂ ਦੀਆਂ ਫੀਸਾਂ ਬਾਊ ਤਾਰਦਾ। ਹੋਰ ਤਾਂ ਹੋਰ ਅਫ਼ਸਰਾਂ ਦੀਆਂ ਜ਼ਨਾਨੀਆਂ ਦੀਆਂ ਪਾਰਟੀਆਂ ਦਾ ਖਰਚਾ ਵੀ ਝੱਲਦਾ। ਹੁਣ ਐਤਕੀਂ ਦੀ ਈ ਲੈ ਲੋ। ਧਾਨ ਦੇ ਟਰੱਕਾਂ ਦੇ ਟਰੱਕ ਬਿਹਾਰ 'ਚੋਂ ਲਿਆਂਦੇ। ਛੀ ਸੱਤ ਸੌ ਕਵਿੰਟਲ ਦੇ ਸਾਬ੍ਹ ਨਾਲ ਵਾਧੂ ਮਿਲ ਜਾਂਦਾ ਓਥੋਂ। ਓਥੇ ਗੌਰਮਿੰਟ ਦੇ ਪੱਕੇ ਰੇਟ ਹੈਨੀ ਐਥੋਂ ਵਾਂਗ। ਓਹੀ ਧਾਨ ਐਥੇ ਲਿਆ ਕੇ ਅਠਾਰਾਂ-ਉਨੀ ਸੌ ਨੂੰ ਵੇਚ ਦਿੱਤਾ ਮੰਡੀ 'ਚ। ਸਾਰੇ ਖਰਚੇ ਕੱਢ ਕੇ ਇੱਕ ਕਵਿੰਟਲ ਮਗਰ ਅੱਠ ਸੌਅ ਬਚ ਜਾਂਦਾ। ਮੋਟਾ ਜਿਆ ਸਾਬ੍ਹ ਵੀ ਲਾਈਏ ਤਾਂ—ਮੇਰੇ ਸਾਬ੍ਹ ਨਾਲ ਵਾਹਵਾ ਈ ਪੈਸਾ ਬਣ ਗਿਆ ਹੋਊ।'' ਅੱਠਵੀਂ ਫੇਹਲ ਡਰਾਈਵਰ ਕਰਮੇ ਨੇ ਆਵਦੇ ਵਲੋਂ ਹਿਸਾਬ ਲਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਉਸਦਾ ਹਿਸਾਬ ਫੇਹਲ ਹੋ ਗਿਆ। ਲੱਛੂ ਨੂੰ ਆਪਣੇ ਕੰਨਾਂ 'ਚੋਂ ਸੇਕ ਨਿਕਲਦਾ ਮਹਿਸੂਸ ਹੋਇਆ।

''ਤਾਇਆ ਜੀ,... ਐਨੀਆਂ ਜੈਦਾਤਾਂ ਐਮੇ ਕਿਮੇ ਨ੍ਹੀ ਬਣਦੀਆਂ, ਸੌ ਤਰ੍ਹਾਂ ਦੇ ਹੱਥ ਪੈਰ ਮਾਰਨੇ ਪੈਂਦੇ।'' ਡਰਾਈਵਰ ਨੇ 'ਸੌ ਤਰ੍ਹਾਂ ਦੀ ਖੋਹਾ ਖਿੱਚੀ ਕਰਨੀ ਪੈਂਦੀ' ਦੀ ਥਾਂ 'ਸੌ ਤਰ੍ਹਾਂ ਦੇ ਹੱਥ

ਦਿਲ ਦਾ ਨਿਵੇਸ਼ ਕੀਤੈ ਰੂਹ ਨਾਲ ਨੱਥੀ ਕਰਕੇ,
ਇਹ ਇਸ਼ਕ ਐਵੇਂ ਹੀ ਨਹੀਂ ਹੋਇਆ ਵਸੂਲ ਮੈਨੂੰ। -ਮੁਕੇਸ਼ ਆਲਮ

ਪੈਰ ਮਾਰਨੇ ਪੈਂਦੇ' ਆਖਦਿਆਂ ਬੁੱਲ੍ਹਾਂ ਵਿਚਲੇ ਤੰਮਾਕੂ ਨੂੰ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਕੱਢ ਕੇ ਬਾਹਰ ਸੁੱਟਿਆ ਤੇ ਉਂਗਲ ਆਪਣੀ ਕਮੀਜ਼ ਨਾਲ ਸਾਫ਼ ਕਰ ਲਈ।

"ਥੋੜੇ ਬਾਵੂ ਨੇ ਲੋੜ ਨਾਲੋਂ ਕੁੱਛ ਜ਼ਿਆਦਾ ਈ ਹੱਥ ਪੈਰ ਮਾਰਲੇ?" ਲੱਛੂ ਡਰਾਈਵਰ ਵੱਲ ਟੇਢਾ ਜਿਹਾ ਝਾਕਿਆ। ਉਸਨੂੰ ਤਾਇਆ ਚਿਰੰਜੀ ਯਾਦ ਆਇਆ ਸੀ ਜੋ ਅਕਸਰ ਆਖਦਾ, "ਓਨਾ ਈ ਖਾਈਏ ਜਿੰਨਾ ਹਜ਼ਮ ਹੋਜੇ। ਲੱਪ-ਗੜੱਪੀਂ ਖਾਣ ਨਾਲ ਬਦਹਜ਼ਮੀ ਹੋ ਜਾਂਦੀ ਐ।" ਲੱਛੂ ਸ਼ੀਸ਼ੇ ਤੋਂ ਬਾਹਰ ਦੇਖਦਿਆਂ ਦਾਹੜੀ ਦੇ ਵਾਲ਼ ਪੁੱਟਦਾ ਰਿਹਾ।

"ਬਾਊ ਵਰਗਾ ਦਿਲ ਹੈਨੀ ਕਿਸੇ 'ਚ। ਜਾਹ ਖਾਂ ਕਿਸੇ ਨੂੰ ਖਾਲ਼ੀ ਹੱਥ ਮੁੜਨ ਦੇਵੇ। ਬਾਊ ਦੇ ਘਰੋਂ ਜਗਰਾਤੇ ਵਾਲਿਆਂ ਨੂੰ ਵੀ ਮਾਇਆ ਜਾਂਦੀ ਐ ਤੇ ਬਾਕੀ ਧਰਮ ਅਸਥਾਨਾਂ ਨੂੰ ਵੀ। ਸਾਰਿਆਂ ਨੂੰ ਈ ਗੱਫੇ ਬਖਸ਼ ਦਿੰਦਾ। ਆਹ ਥੋੜੇ ਸਾਮਣ੍ਹੇ ਈ ਐ-ਅੱਜ ਵਾਲੇ ਫੰਕਸ਼ਨ 'ਤੇ ਈ ਕਿੰਨੇ ਲਾਤੇ!"

ਲੱਛੂ ਨੇ ਕੋਈ ਜੁਆਬ ਨਾ ਦਿੱਤਾ। ਉਹ ਤਾਂ ਖਿਆਲਾਂ 'ਚ ਟਾਂਗਾ ਵਾਹੁੰਦਿਆਂ ਆਥਣ ਤੱਕ ਕਿਰਾਏ ਭਾੜੇ ਵਜੋਂ ਇਕੱਠੀ ਹੋਈ ਭਾਨ ਗਿਣੀ ਜਾ ਰਿਹਾ ਸੀ।

"ਤਾਇਆ ਜੀ ਕਿਸੇ ਡੂੰਘੀ ਸੋਚ 'ਚ ਫਸੇ ਲੱਗਦੇ ਓਂ?" ਆਪਣੀ ਗੱਲ ਦਾ ਹੁੰਗਾਰਾ ਨਾ ਮਿਲਦਾ ਵੇਖ ਡਰਾਈਵਰ ਨੇ ਆਵਾਜ਼ ਉੱਚੀ ਕੀਤੀ।

"ਹੂੰ! ਆਹੋ!! ਮੈਨੂੰ ਇੱਕ ਗੱਲ ਦੀ ਸਮਝ ਨ੍ਹੀ ਆਉਂਦੀ-ਥੋੜਾ ਬਾਵੂ ਐਨਾ ਪੈਸਾ ਸੰਭਾਲਦਾ ਕਿਮੇਂ ਹੋਊ?"

"ਹਾ ਹਾ ਹਾ ਹਾ! ਮੈਂ ਵੀ ਸੋਚੀਂ ਜਾਂਦਾ ਸੀਗਾ ਵ੍ਹੀ ਤਾਇਆ ਏਹ ਸਵਾਲ ਪੁੱਛੂ ਜਰੂਰ।" ਕਰਮੇ ਨੇ ਸ਼ੀਸ਼ਾ ਨੀਵਾਂ ਕਰਕੇ ਵਿਰਲਿਆਂ ਦੰਦਾਂ 'ਚੋਂ ਥੁੱਕ ਦੀ ਪਿਚਕਾਰੀ ਬਾਹਰ ਸੁੱਟੀ।

"ਜਿਹੜੇ ਕਰਿੰਦੇ ਬਾਊ ਦੇ ਸ਼ੈਲਰ 'ਚ ਕੰਮ ਕਰਦੇ ਐ ਨਾ—ਲੱਖਾਂ ਕਰੋੜਾਂ ਤਾਂ ਉਨ੍ਹਾਂ ਦੇ ਖਾਤਿਆਂ 'ਚ ਈ ਚੜ੍ਹਿਆ ਫਿਰਦਾ।"

"ਹੈਂ?"

"ਹੋਰ ਕੀ ਮੈਂ ਝੂਠ ਮਾਰਦੈਂ? ਵੱਡੇ ਲੋਕਾਂ ਨੂੰ ਐਹੇ ਜੇ੍ਹ ਬਥੇਰੇ ਟਟਵੈਰ ਕਰਨੇ ਪੈਂਦੇ। ਬਾਊ ਨੇ ਸਾਰੇ ਕਰਿੰਦਿਆਂ ਦੀਆਂ ਬੈਂਕ ਕਾਪੀਆਂ ਫੜ ਕੇ ਰੱਖੀਆਂ ਹੋਈਆਂ। ਦੋ ਨੰਬਰ ਦੇ ਲੱਖਾਂ ਕਰੋੜਾਂ ਰੁਪਈਏ ਓਨ੍ਹਾਂ ਖਾਤਿਆਂ ਰਾਹੀਂ ਏਧਰ ਓਧਰ ਹੁੰਦੇ ਰਹਿੰਦੇ। ਸਹੀ ਪੁੱਛੇਂ, ਟੈਕਸ ਬਚਾਉਣ ਆਸਤੇ ਪਤਾ ਨ੍ਹੀ ਕਿੰਨੇ ਕੁ ਪਾਪੜ ਵੇਲਦੇ ਬਾਊ ਹੋਰੀਂ।"

ਲੱਛੂ ਦੀਆਂ ਅੱਖਾਂ ਫੈਲ ਕੇ ਵੱਡੀਆਂ ਹੋ ਗਈਆਂ। ਉਸਦੇ ਅੰਦਰੋਂ ਚਿਰੰਜੀ ਬੋਲਣ ਲੱਗਾ, "ਬੰਦਾ ਬੇਸ਼ੱਕ ਥੋੜੀ ਖਾ ਲਏ-ਪਰ ਖਾਵੇ ਹੱਕ ਹਲਾਲ ਦੀ।"

"ਸਕੂਲ ਦੇ ਨਾਲ ਕਾਲਜ ਖੋਲਣ ਦੀ ਸਕੀਮ ਐ ਬਾਊ ਦੀ। ਆਹ ਕੰਬਲ ਵੰਡਣ ਵਾਲਾ ਝੰਜਟ ਵੀ ਏਸੇ ਕਰਕੇ ਈ ਕੀਤਾ।" ਕਰਮੇ ਨੇ ਅਵਾਰਾ ਕੁੱਤੇ ਨੂੰ ਗੱਡੀ ਥੱਲੇ ਆਉਣ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਗੱਡੀ ਦਾ ਇੱਕ ਟਾਇਰ ਉਸਦੀਆਂ ਲੱਤਾਂ 'ਤੇ ਚੜ੍ਹ ਗਿਆ। ਕੁੱਤਾ ਲੰਗੜਾਉਂਦਾ ਹੋਇਆ ਚਊਂ-ਚਊਂ ਕਰਦਾ ਦੂਰ ਭੱਜ ਗਿਆ।

"ਹੁਣ ਤੁਸੀਂ ਪੁੱਛੋਂਗੇ ਵ੍ਹੀ ਕੰਬਲ ਵੰਡਣ ਦਾ ਕਾਲਜ ਖੋਲਣ ਨਾਲ ਕੀ ਸਬੰਧ?"

"ਇਹ ਵੀ ਕੋਈ ਡਰਾਮਾ-ਡਰੂਮਾ ਈ ਹੋਊ!" ਆਵਾਜ਼ ਮਸਾਂ ਹੀ ਲੱਛੂ ਦੇ ਸੰਘ 'ਚੋਂ ਬਾਹਰ ਆਈ।

"ਇਹ ਜਿੰਨ੍ਹਾਂ ਨੂੰ ਕੰਬਲ ਲੈਣ ਲਈ ਬੁਲਾਇਆ-ਏਹ ਸਾਰੇ ਧੱਕਾ ਬਸਤੀ ਦੇ ਰਹਿਣ ਵਾਲੇ ਆ। ਆਪਣੇ ਸਕੂਲ ਦੇ ਨਾਲ ਲੱਗਦੀ ਸਾਰੀ ਬਸਤੀ। ਬਾਊ ਨੇ ਮਿੱਠੇ ਪਿਆਰੇ ਹੋ ਕੇ ਥਾਂ ਖਾਲ਼ੀ ਕਰਵਾਉਣੀ ਕਾਲਜ ਵਾਸਤੇ। ਬਾਊ ਦੀਆਂ ਤਾਂ ਵੱਡੀਆਂ ਸੋਚਾਂ—ਕਹਿੰਦੇ ਕਿਸੇ ਦਿਨ ਨੂੰ ਯੂਨੀਬਰੱਸਟੀ ਬਣਾਉਣੀ ਏਥੇ।"

"ਏਹ ਗਰੀਬ ਕਿੱਥੇ ਜਾਣਗੇ ਬਸਤੀ ਵਾਲੇ?"

"ਬਾਊ ਨੇ ਏਹਨਾਂ ਨੂੰ ਹੋਰ ਕਿਸੇ ਥਾਂ ਪਲਾਟ ਲੈ ਕੇ ਦੇਣ ਦਾ ਵਾਅਦਾ ਕੀਤਾ। ਘਰ ਪਾਉਣ ਵਾਸਤੇ ਪੈਸਾ ਵੀ ਦੇਣਗੇ। ਮੇਰੇ ਸਾਬ੍ਹ ਨਾਲ ਦੋਵੇਂ ਧਿਰਾਂ ਨੂੰ ਈ ਫੇਦਾ।"

"ਮੰਨ ਜਾਣਗੇ ਲੋਕ?"

"ਮੰਨਣਗੇ ਕਿਉਂ ਨਾ? ਬਾਊ ਕੋਲ ਬਥੇਰੇ ਢੰਗ ਐ। ਘਿਉ ਸਿੱਧੀ ਉਂਗਲ ਨਾਲ ਨਾ ਨਿਕਲੇ ਤਾਂ ਉਂਗਲ ਵਿੰਗੀ ਕਰਨੀ ਵੀ ਆਉਂਦੀ ਐ।"

"ਕੀ ਮਤਬਲ?"

"ਪੁਲਿਸ ਆਲੇ ਥਾਣੇਦਾਰਾਂ ਅਪਸਰਾਂ ਨੂੰ ਐਵੇਂ ਤਾਂ ਨ੍ਹੀ ਪੈਸਾ ਖਵਾਉਂਦਾ। ਧੱਕਾ ਬਸਤੀ ਦੇ ਜਿਹੜੇ ਬੰਦੇ ਅੜਨਗੇ-ਪੰਜਾਂ ਦਸਾਂ 'ਤੇ ਪਰਚਾ ਪਵਾ ਦੇਊ। ਕਿਸੇ 'ਤੇ ਚੋਰੀ ਦਾ-ਕਿਸੇ 'ਤੇ ਬਲੈਕ ਦਾ। ਛਿੱਤਰ ਪੌਲਾ ਵੀ ਕਰਾ ਦੇਊ। ਆਖ਼ਰ ਨੂੰ ਤਾਂ ਮੰਨਣਾ ਈ ਪੈਣਾ। ਤੁਸੀਂ ਦੱਸੋ-ਮੰਨਣਗੇ ਨਾ ਤਾਂ ਹੋਰ ਕੀ ਕਰਨਗੇ?" ਕਰਮਾ ਬੜੀ ਕਸੂਤੀ ਜਿਹੀ ਹਾਸੀ ਹੱਸਿਆ।

"ਜੀਹਦੀਆਂ ਅੱਖਾਂ 'ਚੋਂ ਸ਼ਰਮ ਹਯਾ ਮੁੱਕਜੇ-ਆਵਦਾ ਮਤਬਲ ਹੱਲ ਕਰਨ ਆਸਤੇ ਕੁੱਛ ਵੀ ਕਰ ਸਕਦਾ।" ਲੱਛੂ ਅੰਦਰੋਂ ਪੰਡਿਤ ਚਿਰੰਜੀ ਲਾਲ ਬੋਲਿਆ ਸੀ।

"ਤਾਇਆ ਥੋਨੂੰ ਤਾਂ ਸਗੋਂ ਮਾਣ ਹੋਣਾ ਚਾਈਦਾ। ਬਾਊ ਨੇ ਨਾਂ ਚਮਕਾਤਾ ਥੋਡਾ। ਮੇਰਾ ਕਹਿਣ ਦਾ ਮਤਲਬ ਛੋਟੇ ਜੇ੍ਹ ਪਿੰਡ ਤੋਂ ਉੱਠ ਕੇ ਐਡਾ ਪਹਾੜ ਜਿੱਡਾ ਕਾਰੋਬਾਰ ਖੜਾ ਕਰ ਲਿਆ। ਛੋਟੀ ਗੱਲ ਨ੍ਹੀ-ਬੜੀ ਵੱਡੀ ਗੱਲ ਐ।"

"ਕਿੱਡੀ ਕੁ ਵੱਡੀ?" ਲੱਛੂ ਨੇ ਆਵਾਜ਼ਾਰੀ ਜਿਹੀ 'ਚ ਕਾਹਲੀ ਕਾਹਲੀ ਨਾਲ ਦਾਹੜੀ 'ਚੋਂ ਦੋ ਤਿੰਨ ਵਾਲ਼ ਪੁੱਟੇ। ਉਸਨੂੰ ਪੰਡਿਤ ਚਿਰੰਜੀ ਦੀ ਆਖੀ ਗੱਲ ਯਾਦ ਆਈ ਸੀ, "ਮੈਂ ਨ੍ਹੀ ਕਹਿੰਦਾ ਵੱਡੀਆਂ ਜੈਦਾਤਾਂ ਆਲੇ ਕਮੀਨੇ ਹੁੰਦੇ ਐ ਪਰ ਕੋਈ ਵੀ ਵੱਡੀ ਜੈਦਾਤ ਕਮੀਨਗੀ ਬਿਨਾ ਬਣਦੀ ਨ੍ਹੀ।" ਲੱਛੂ ਨੇ ਕਰਮੇ ਵੱਲ ਸੁਆਲੀਆ ਨਜ਼ਰਾਂ ਨਾਲ ਵੇਖਿਆ।

"ਤਾਇਆ! ਪ੍ਰਦੀਪ ਬਾਊ ਆਂਹਦਾ ਸੀ-ਤੁਸੀਂ ਮੀਨ੍ਹਾ ਦੋ ਮੀਨ੍ਹੇ ਰਓਂਗੇ। ਮੈਂ ਕਹਿਨੈ ਥੋਨੂੰ ਅਹੀਂ ਜਾਣ ਈ ਨ੍ਹੀ ਦੇਣਾ। ਮੇਰੇ ਕਹਿਣ ਦਾ ਮਤਲਬ ਅਹੀਂ ਤਾਂ ਕੀ ਰੋਕਣਾ—ਤੁਸੀਂ ਆਪ ਈ ਨ੍ਹੀ ਨਾਂ ਲੈਣਾ ਜਾਣ ਦਾ। ਤੁਸੀਂ ਹੁਣ ਮੌਜ ਨਾਲ ਰਾਗ-ਰੰਗ ਵੇਖੋ ਕਾਰੋਬਾਰ ਦੇ।" ਕਰਮੇ ਨੇ ਬਰੇਕ ਮਾਰ ਕੇ ਗੱਡੀ ਸੜਕ ਦੇ ਇੱਕ ਪਾਸੇ ਲਾ ਦਿੱਤੀ।

"ਤਾਇਆ!"

"ਹੂੰ?"

"ਔਹ ਦੂਰ ਤੱਕ ਜਿਹੜੀ ਜ਼ਮੀਨ ਵੇਂਹਦੇ ਓਂ ਨਾ...?"

ਪੈੜ ਜਦ ਅਵਾਰਗੀ ਦੀ ਫੜ ਲਈ।
ਮਾਰਦੇ 'ਵਾਜਾਂ ਨੇ ਮੈਨੂੰ ਰਾਹ ਕਈ। -(ਅਗਲੇ ਸਫ਼ੇ 'ਤੇ)

''ਹੂੰ!''

''ਐਸ ਜ਼ਮੀਨ 'ਤੇ ਬਾਊ ਪ੍ਰਦੀਪ ਹੋਰੀਂ ਜੀ ਕਿਸੇ ਵੱਡੀ ਕੰਪਨੀ ਨਾਲ ਰਲ ਕੇ ਕੋਈ ਫੈਕਟਰੀ ਲਾ ਰਹੇ।''

''ਹੱਛਾ!''

''ਹੁਣ ਨੂੰ ਤਾਂ ਫੈਕਟਰੀ ਲਾ ਵੀ ਦੇਣੀ ਸੀ—ਬੱਸ ਥੋੜਾ ਜਿਆ ਚੱਕਰ ਪਿਆ ਖਵਾ।''

''ਚੱਕਰ? -ਕਾਹਦਾ?''

''ਸਰਕਾਰ ਨੇ ਕੰਪਨੀ ਨੂੰ ਏਹ ਜ਼ਮੀਨ ਅਕਵੈਰ ਕਰਕੇ ਦੇਣੀ ਐ। ਮੇਰੇ ਕਹਿਣ ਦਾ ਮਤਲਬ ਕਿਸਾਨਾਂ ਤੋਂ ਜ਼ਮੀਨ ਲੈ ਕੇ ਦੇਣ ਦੀ ਜ਼ਿੰਮੇਦਾਰੀ ਸਰਕਾਰ ਦੀ ਐ। ਜ਼ਮੀਨ ਦਾ ਰੇਟ ਵੀ ਚੰਗਾ ਨਿਕਲਿਆ। ਪਰ ਥੋਨੂੰ ਪਤਾ, ਅੱਜਕੱਲ੍ਹ ਲੀਡਰ ਈ ਬਾਹਲੇ ਉੱਠ ਖੜੋਤੇ। ਗੱਲ ਕੀ ਘਰ ਘਰ ਈ ਲੀਡਰ ਪੈਦਾ ਹੋਗੇ। ਫੈਕਟਰੀ ਆਸਤੇ ਜ਼ਮੀਨ ਛੱਡਣ ਨੂੰ ਤਿਆਰ ਈ ਨ੍ਹੀ। ਤੀਏ ਦਿਨ ਜ਼ਿੰਦਾਬਾਦ ਮੁਰਦਾਬਾਦ ਹੁੰਦੀ ਰਹਿੰਦੀ ਐ। ਯੂਨੀਅਰ ਵਾਲੇ ਲੈ ਕੇ ਝੰਡੀਆਂ ਜਈਆਂ ਧਰਨਾ ਲਾ ਬਹਿੰਦੇ। ਕਈ ਵਾਰ ਲਾਠੀਚਾਰਜ ਵੀ ਹੋਇਆ। ਪੁਲਿਸ ਨੇ ਬਥੇਰੇ ਲੋਕਾਂ ਦੀਆਂ ਲੱਤਾਂ ਬਾਹਾਂ ਤੋੜੀਆਂ ਡਾਂਗਾਂ ਨਾਲ। ਇੱਕ ਵਾਰ ਤਾਂ ਗੋਲੀ ਵੀ ਚੱਲਗੀ ਸੀਗੀ। ਗੱਲ ਹਜੇ ਕਿਸੇ ਸਿਰੇ ਬੰਨੇ ਲੱਗਦੀ ਦੀਂਹਦੀ ਨ੍ਹੀ। ਮੇਰੇ ਕਹਿਣ ਦਾ ਮਤਲਬ ਪਿੰਡਾਂ ਆਲੇ ਲੋਕ ਹੈ ਈ ਬੜੇ ਕੁੱਤੇ...।''

ਕਰਮੇ ਦੀ ਗੱਲ ਸੁਣ ਕੇ ਲੱਛੂ ਅੰਦਰ ਤੂਫ਼ਾਨ ਉੱਠ ਖੜਾ ਹੋਇਆ ਸੀ।

-ਜ਼ਮੀਨਾਂ ਖੁਸਗੀਆਂ ਤਾਂ ਏਹ ਲੋਕ ਜਾਣਗੇ ਕਿੱਥੇ? ਕੀ ਕਰਨਗੇ? ਐਹ ਜਿੱਥੇ ਹੁਣ ਝਰਨ ਝਰਨ ਕਰਦੀਆਂ ਫਸਲਾਂ ਖੜੀਆਂ-ਬੋਰਾਂ 'ਚੋਂ ਚਾਂਦੀ ਰੰਗਾ ਪਾਣੀ ਨਿਕਲਦਾ-ਜਿੰਨਾਂ ਖੇਤਾਂ 'ਚ ਕਿਸਾਨ ਫਸਲਾਂ ਦੇ ਨਾਲ ਨਾਲ ਸੁਫਨੇ ਵੀ ਬੀਜਦਾ-ਓਹਨਾਂ ਖੇਤਾਂ 'ਚੋਂ ਪ੍ਰਦੀਪ ਸ਼ਰਮੇ ਦੀ ਫੈਕਟਰੀ ਹੁਣ ਗੰਦਾ ਧੂੰਆਂ ਕੱਢੂ?'' ਲੱਛੂ ਅੰਦਰ ਕਿੰਨੇ ਹੀ ਸਵਾਲ ਖੌਰੂ ਪਾਉਣ ਲੱਗੇ ਸਨ।

''ਐਂ ਖੋਹ ਲੈਣਗੇ ਕਿਸੇ ਦੀਆਂ ਜ਼ਮੀਨਾਂ? ਖੋਹ ਲੈਣਗੇ?'' ਕਰਮੇ ਨੇ ਮਹਿਸੂਸ ਕੀਤਾ, ਲੱਛੂ ਦੀ ਆਵਾਜ਼ ਗੁੱਸੇ ਭਰੀ ਸੀ।

''ਹਾਂ ਜੀ—ਨਹੀ ਜੀ!'' ਕਰਮਾ ਦਹਿਲ ਗਿਆ ਸੀ।

''ਕਾਕਾ ਆਵਦੇ ਮੁਬੈਲ ਤੋਂ ਆਹ ਨੰਬਰ ਤਾਂ ਲਾਈਂ।'' ਲੱਛੂ ਨੇ ਜੇਬ 'ਚੋਂ ਛੋਟੀ ਜਿਹੀ ਡਾਇਰੀ ਕੱਢੀ ਤੇ ਪਾਲੇ ਦੇ ਨੰਬਰ ਵਾਲਾ ਵਰਕਾ ਕਰਮੇ ਦੇ ਅੱਗੇ ਕਰ ਦਿੱਤਾ।

ਕਰਮੇ ਨੇ ਫ਼ੋਨ ਮਿਲਾ ਕੇ ਮੋਬਾਇਲ ਲੱਛੂ ਅੱਗੇ ਕਰ ਦਿੱਤਾ।

''ਪਾਲਿਆ! ਮੈਂ ਬੋਲਦੈਂ! ਲੱਛੂ! ਤੇਰਾ ਚਾਚਾ! ਮੇਰਾ ਸ਼ੇਰ ਮੈਨੂੰ ਲੈਜਾ ਆ ਕੇ ਅੱਜ ਈ। ਮੈਤੋਂ ਨ੍ਹੀ ਰਿਆ ਜਾਣਾ ਏਸ ਹੱਡਾਰੋੜੀ 'ਚ ਇੱਕ ਮਿਲਟ ਵੀ। ਆਜਾ ਮੇਰਾ ਸ਼ੇਰ-!'' ਕਰਮੇ ਨੂੰ ਗੱਡੀ ਤੋਰਨ ਦਾ ਇਸ਼ਾਰਾ ਕਰਦਿਆਂ ਲੱਛੂ ਨੇ ਲੰਮਾ ਸਾਹ ਅੰਦਰ ਖਿੱਚ ਲਿਆ ਸੀ।

ਕਹਾਣੀ

# ਹਾਰੇ ਦੀ ਭੁੱਬਲ਼

## ਗੁਰਦਿਆਲ ਦਲਾਲ



ਗੁਰਦਿਆਲ ਦਲਾਲ

ਕੱਲ੍ਹ ਹੀ ਤੈਨੂੰ ਤੇਰੇ ਘਰ ਵਾਲ਼ੇ ਨਾਲ, ਸਮਰਾਲੇ ਬੱਸ ਅੱਡੇ ਦੇ ਸਾਮ੍ਹਣੇ, ਚੰਡੀਗੜ੍ਹ ਵਾਲ਼ੀ ਬੱਸ ਵਿੱਚ ਬੈਠੀ ਨੂੰ ਦੇਖਿਆ। ਕੱਟੇ ਵਾਲ਼ਾਂ ਕਰਕੇ ਪਹਿਲਾਂ ਤਾਂ ਮੈਂ ਤੈਨੂੰ ਪਛਾਣ ਹੀ ਨਾ ਸਕੀ, ਪਰ ਜਦੋਂ ਹੱਸਣ ਕਰਕੇ ਤੇਰੀ ਗੱਲ੍ਹ ਵਿੱਚ ਉਹੋ ਪੁਰਾਣਾ ਡਘੂੰਨ ਪਿਆ, ਜਿਸ ਵਿੱਚ ਬਾਲ਼ਿਓਂ ਦਾ ਮੁਖਤਿਆਰ ਡਿਗ ਪਿਆ ਸੀ, ਤਾਂ ਸੱਚ ਜਾਣੀਂ ਮੇਰਾ ਦਿਲ ਐਨੀਂ ਜ਼ੋਰ ਨਾਲ਼ ਧੜਕਿਆ ਕਿ ਹੱਥ ਵਿੱਚ ਫੜਿਆ ਸ਼ਿਕੰਜਵੀ ਦਾ ਗਿਲਾਸ ਡੁੱਲ੍ਹਦਾ-ਡੁੱਲ੍ਹਦਾ ਮਸੀਂ ਬਚਿਆ। ਮੈਂ ਬੱਸ ਦੀ ਖਿੜਕੀ 'ਚੋਂ ਬਾਂਹ ਕੱਢ ਹੱਥ ਹਿਲਾਉਣ ਲੱਗੀ, ਪਰ ਤੂੰ ਤਾਂ ਪਤਾ ਨਹੀਂ ਆਪਣੇ ਮੀਏਂ ਨਾਲ਼ ਕਿਹੜੀਆਂ ਗੱਲਾਂ ਵਿੱਚ ਗੁਆਚੀ ਹੋਈ ਸੀ, ਐਨੀ ਨੇੜੇ ਹੁੰਦਿਆਂ ਵੀ ਮੇਰੇ ਵੱਲ ਵੇਖਿਆ ਹੀ ਨਾ, ਤੇਰੀ ਬੱਸ ਚਲੀ ਗਈ। ਦੁਨੀਆ ਦੇ ਸਮੁੰਦਰ 'ਚੋਂ ਰਤਾ ਕੁ ਸਿਰ ਬਾਹਰ ਕੱਢ ਤੂੰ ਮੁੜ ਚੁੱਭੀ ਮਾਰ ਗਈ। ਤੂੰ ਚਲੀ ਗਈ ਤਾਂ ਅੱਖਾਂ ਛਲਕ ਪਈਆਂ। ਮੈਂ ਚੁੰਨੀ ਨਾਲ਼ ਅੱਖਾਂ ਪੂੰਝਣ ਲੱਗ ਪਈ। ਉਦੋਂ ਮੈਂ ਆਪਣੇ ਸਹੁਰੇ ਪਿੰਡ ਜਾਣ ਲਈ ਮਿੰਨੀ ਬੱਸ ਵਿੱਚ ਬੈਠੀ ਹੋਈ ਸਾਂ ਤੇ ਇਹ, ਬਾਹਰ ਤੂਤ ਹੇਠ ਖੜ੍ਹੀਆਂ ਕਾਲਜ ਦੀਆਂ ਕੁੜੀਆਂ ਲਾਗੇ ਮਟਰ-ਗਸ਼ਤੀ ਕਰ ਰਹੇ ਸਨ। ਖ਼ੈਰ, ਤੂੰ ਚਲੀ ਗਈ, ਮਗਰੋਂ ਮੁਸੀਬਤ ਮੇਰੇ ਗਲ਼ ਆ ਚੁੰਬੜੀ। ਅਜੇ ਮੈਂ ਅੱਖਾਂ ਪੂੰਝ ਹੀ ਰਹੀ ਸਾਂ ਕਿ ਇਹ ਬੱਸ ਵਿੱਚ ਆ ਵੜੇ। ਚਿਹਰੇ ਤੋਂ ਮੈਨੂੰ ਇਹ ਖੌਲਦੇ-ਖੌਲਦੇ ਲੱਗੇ।

"ਹੱਥ ਨਾਲ ਇਸ਼ਾਰੇ ਕੀਹਨੂੰ ਕਰ ਰਹੀ ਤੀ?" ਇਹਨਾਂ ਦੀ ਆਵਾਜ਼ ਬੜੀ ਧੀਮੀ ਸੀ, ਪਰ ਸੀ ਬੜੀ ਕਹਿਰ ਭਰੀ। ਲੋਕੀ ਕਹਿੰਦੇ ਨੇ ਚੋਰੀ ਕਰਦਿਆਂ ਫੜੇ ਜਾਣ 'ਤੇ ਲੱਤਾਂ ਕੰਬਣ ਲੱਗ ਪੈਂਦੀਆਂ ਨੇ, ਪਰ ਮੈਂ ਤਾਂ ਕੋਈ ਚੋਰੀ ਨਹੀਂ ਸੀ ਕੀਤੀ, ਫਿਰ ਮੇਰੀਆਂ ਲੱਤਾਂ ਕਿਉਂ ਕੰਬਣ ਲੱਗ ਪਈਆਂ?

"ਮੇਰੀ ਸਹੇਲੀ ਸੀ ਸ਼ਿੰਦਰ... ਬੱਸ 'ਚ ਬੈਠੀ। ਬੀ.ਏ. 'ਚ ਮੇਰੇ ਨਾਲ ਪੜ੍ਹਦੀ ਸੀ, ਪਰ ਉਹਨੇ ਮੇਰੇ ਵੱਲ ਦੇਖਿਆ ਹੀ ਨਹੀਂ।" ਮੱਥੇ 'ਚੋਂ ਨਿਕਲ਼ੇ ਪਸੀਨੇ ਦੀਆਂ ਬੂੰਦਾਂ ਚੁੰਨੀ ਨਾਲ਼ ਪੂੰਝਦਿਆਂ ਮੈਂ ਹੌਲ਼ੀ ਦੇਣੇ ਕਿਹਾ।

"ਵਾਹ! ਫੇਰ ਮੂੰਹ ਕਿਉਂ ਤੇਰਾ ਫੱਕ ਹੋਇਆ ਪਿਐ? ਹੋਊ ਕੋਈ ਕਾਲਜ ਦਾ ਬੇਲੀ। ਮੈਂ ਸਭ ਜਾਣਦੈਂ।"

"ਦੇਖੋ... ਤੁਸੀਂ ਐਵੇਂ ... ।" ਮੇਰੀਆਂ ਅੱਖਾਂ ਛਲਕੀਆਂ।

''ਚੱਲ, ਰੋਣ ਦਾ ਬਹਾਨਾ ਮਿਲ ਗਿਆ। ਰੋਈ ਚੱਲ ਹੁਣ ਯਾਦ ਕਰ-ਕਰ ਕੇ ਘਰ ਤੱਕ। ਮੈਂ ਕਾਲਜ ਦੀਆਂ ਕੁੜੀਆਂ ਨੂੰ ਜਾਣਦੈਂ... ਬਹੁਤ ਚੰਗੀ ਤਰ੍ਹਾਂ... ਮੂਰਖ ਬਣਾਉਂਦੀ ਏਂ ਮੈਨੂੰ?"

ਫਿਰ ਇਹ ਘਰ ਆ ਕੇ ਵੀ ਬੜਾ ਚਿਰ ਮੇਰੇ ਨਾਲ਼ ਐਵੇਂ ਖੌਝਲਦੇ ਰਹੇ। ਇਨ੍ਹਾਂ ਦਾ ਸੁਭਾਅ ਪਤਾ ਨਹੀਂ ਕਿਉਂ ਇਸ ਤਰ੍ਹਾਂ ਦਾ ਹੈ? ਬੱਸ, ਰਾਈ ਦਾ ਪਹਾੜ ਖੜ੍ਹਾ ਕਰ ਦੇਣਗੇ।

ਇਨ੍ਹਾਂ ਦਾ ਛੋਟਾ ਭਰਾ ਬਿੰਦਰ ਅੱਜ ਕੱਲ੍ਹ ਦੋਰਾਹੇ ਬਾਰ੍ਹਵੀਂ

ਮੈਂ ਗਿਆ ਲਹਿਰਾਂ 'ਚ ਕੁਝ ਏਦਾਂ ਗਵਾਚ,
ਵਿੱਸਰੀ ਕੰਢੇ 'ਤੇ ਬੇੜੀ ਰਹਿ ਗਈ। -ਗੁਰਦੀਪ

'ਚ ਪੜ੍ਹਦੈ। ਇਕ ਦਿਨ ਅਚਾਨਕ ਮੇਰੇ ਪੇਟ ਵਿੱਚ ਦਰਦ ਹੋਣ ਲੱਗ ਪਿਆ। ਸੱਸ ਦੇ ਕਹਿਣ ਤੇ ਬਿੰਦਰ ਮੈਨੂੰ ਮੋਪਡ 'ਤੇ ਬਿਠਾ ਦਵਾਈ ਦਿਵਾਉਣ ਦੋਰਾਹੇ ਲੈ ਗਿਆ। ਉੱਧਰ ਕਿਸੇ ਲੀਡਰ ਦੇ ਮਰਨ ਕਰਕੇ ਇਨ੍ਹਾਂ ਦੇ ਦਫ਼ਤਰ ਵੀ ਛੁੱਟੀ ਹੋ ਗਈ। ਘਰ ਪੁੱਜੇ ਤਾਂ ਪਤਾ ਲੱਗਣ 'ਤੇ ਸੱਤੀਂ-ਕੱਪੜੀਂ ਅੱਗ ਲੱਗ ਗਈ। ਲੈ ਭੈਣੇ, ਟ੍ਰੈਕਟਰ ਕੱਢਿਆ 'ਤੇ ਆ ਪਹੁੰਚੇ ਮਗਰੇ ਦਗੜ-ਦਗੜ ਕਰਦੇ। ਅੱਗੇ ਮੈਂ ਤੇ ਬਿੰਦਰ, ਝੱਜ ਡਾਕਟਰ ਦੇ ਸਾਮ੍ਹਣੇ ਰੇੜ੍ਹੀ ਤੋਂ ਗੋਲ਼-ਗੱਪੇ ਖਾਣ ਲੱਗੇ ਹੋਏ। ਇਨ੍ਹਾਂ ਦਾ ਟ੍ਰੈਕਟਰ ਸਾਮ੍ਹਣੇ ਰੁਕਦਾ ਦੇਖ, ਮੇਰੀਆਂ ਅੱਖਾਂ ਟੱਡੀਆਂ ਗਈਆਂ। ਮੂੰਹ ਵਿਚਲਾ ਗੋਲ-ਗੱਪਾ ਨਾ ਅੰਦਰ ਲੰਘੇ ਨਾ ਬਾਹਰ ਆਵੇ। ਟ੍ਰੈਕਟਰ ਤੋਂ ਉਤਰ ਇਹ ਸਾਡੇ ਕੋਲ਼ ਆ ਕੇ ਖੜ੍ਹੇ ਹੋ ਗਏ।

"ਪੇਟ ਵਿੱਚ ਦਰਦ ਸ਼ੁਰੂ ਹੋ ਗਿਆ ਸੀ।" ਮੈਂ ਆਪਣੇ-ਆਪ ਤੇ ਕਾਬੂ ਪਾਉਂਦਿਆਂ ਇਨ੍ਹਾਂ ਨੂੰ ਕਿਹਾ, ਪਰ ਇਹ ਕੁਝ ਨਾ ਬੋਲੇ। ਉਵੇਂ ਇਕ ਟੱਕ ਮੇਰੇ ਵੱਲ ਦੇਖੀ ਜਾਣ।

"ਤੁਹਾਨੂੰ ਅੱਜ ਛੁੱਟੀ ਹੋ ਗਈ?" ਸਾਰੀ ਤਾਕਤ ਜੁਟਾ ਕੇ ਮੈਂ ਫਿਰ ਕਿਹਾ। ਇਨ੍ਹਾਂ ਨੇ ਬਿਨਾਂ ਬੋਲੇ ਮੈਨੂੰ ਟ੍ਰੈਕਟਰ 'ਤੇ ਬੈਠਣ ਲਈ ਉਂਗਲ਼ੀ ਘੁਮਾ ਦਿੱਤੀ। ਮੈਂ ਡਰਦੀ-ਡਰਦੀ ਟ੍ਰੈਕਟਰ 'ਤੇ ਬੈਠ ਗੁੱਛਾ-ਮੁੱਛਾ ਹੋ ਗਈ। ਬਿੰਦਰ ਬਿਨਾਂ ਬੋਲੇ ਮੋਪਡ 'ਤੇ ਬੈਠ ਉੱਥੋਂ ਚਲਾ ਗਿਆ।

"ਐਨੀਂ ਬਣ-ਠਣ ਕੇ ਨਿੱਕਲ਼ੀ ਏਂ… ਤੈਨੂੰ ਭੋਰਾ ਸ਼ਰਮ-ਹਿਯਾ ਹੈ?"

"ਕੱਪੜੇ ਹੀ ਪਾਏ ਨੇ… ਨੰਗੀ ਆ ਜਾਂਦੀ?" ਮੈਂ ਕਿਹਾ।

"ਜ਼ੁਬਾਨ ਦੇਖ ਲੈ ਸਾਲ਼ੀ ਦੀ… ਕਿਵੇਂ ਲੁੱਤਰ-ਲੁੱਤਰ ਚਲਦੀ ਏ। ਬਿੰਦਰ ਅਜੇ ਨਿਆਣਾਂ ਏਂ… ਉਹਨੂੰ ਪੜ੍ਹ ਲੈਣ ਦੇ… ਪੱਟ ਨਾ।"

"ਆਪਣੇ ਵਲੋਂ ਮੈਂ ਸੱਚੀ ਹਾਂ… ਤੁਸੀਂ ਜੋ ਮਰਜ਼ੀ ਕਹਿੰਦੇ ਰਹੋ।"

"ਤੇਰੇ ਚਪੇੜ ਮਾਰੂੰ ਵੱਟ ਕੇ… ਬਰਾਬਰ ਜ਼ੁਬਾਨ ਚਲਾਉਂਦੀ ਏਂ। ਸਾਲ਼ੀ ਬਹੁਤੀ ਆਜ਼ਾਦ ਬਣਦੀ ਏ।"

"ਕਿਹੜੀਆਂ ਅਜ਼ਾਦੀਆਂ ਕਰ ਲਈਆਂ? ਲੱਗੇ ਹੋ ਬੋਲਣ।"

"ਕਰ ਤਾਂ ਰਹੀ ਏਂ… ਗੇਅਰ 'ਚੋਂ ਨਿੱਕਲ਼ੀ ਫਿਰਦੀ ਏਂ… ਅੱਜ ਬਿੰਦਰ ਨਾਲ ਆਈ ਏਂ… ਕੱਲ੍ਹ ਨੂੰ ਮੋਟੇ ਘੀਚੇ ਹੋਣਾਂ ਨਾਲ ਜਾ ਆਵੀਂ।"

"ਮੇਰੀ ਜਾਂਦੀ ਏ ਜੁੱਤੀ… ਭੜੋਲੇ 'ਚ ਪਾ ਕੇ ਲਿੱਪ ਦਵੋ, ਭੜੋਲੇ 'ਚ।" ਮੈਥੋਂ ਵੀ ਕਿਹਾ ਗਿਆ।

ਰਾਹ ਵਿੱਚ ਠੇਕੇ ਲਾਗੇ ਇਨ੍ਹਾਂ ਨੇ ਟ੍ਰੈਕਟਰ ਰੋਕ ਲਿਆ ਅਤੇ ਡੱਫ ਆਏ। ਬੱਸ, ਫੇਰ ਤਾਂ ਪੁੱਛ ਹੀ ਨਾ। ਘਰ ਤੱਕ ਰੂਦ ਬੱਕਦੇ ਆਏ… ਮਾਂ ਭੈਣ ਇਕ ਕਰ ਦਿੱਤੀ। ਗੱਲ ਗੱਲ ਤੇ ਉਸ ਨਿਆਣੇ ਨਾਲ਼ ਮੈਨੂੰ ਜੋੜਦੇ ਰਹੇ। ਅਖੇ, 'ਉਹ ਚੁੱਲ੍ਹੇ ਮੂਹਰੇ ਕੋਲ਼-ਕੋਲ਼ ਨੂੰ ਹੋ ਕੇ ਐਵੇਂ ਤਾਂ ਨੀ ਬੈਠਿਆ ਕਰਦਾ।' ਸ਼ਰਾਬੀ ਆਦਮੀ ਨਾਲ਼ ਕਾਹਦੀ ਬਹਿਸ… ਮੈਂ ਚੁੱਪ ਹੀ ਰਹੀ। ਬੱਕਦੇ ਨੇ ਬੱਕਦੇ ਰਹਿਣ… ਮੈਂ ਸੱਚੀ ਹਾਂ। ਘਰ ਆ ਕੇ ਬੋਲਣ ਲੱਗੇ ਤਾਂ ਅੱਗਿਓਂ ਸੱਸ ਨੇ ਵੀ ਝੰਡਾ ਚੁੱਕ ਲਿਆ। ਕਹਿੰਦੀ, "ਵੇ ਭਾਈ… ਮੋਹਣ ਸਿਉਂ ਨੇ ਤਾਂ ਬਥੇਰਾ ਰੋਕਿਆ ਤੀ, ਬਈ ਮਾਂਗਟਾਂ ਦਾ ਸਾਕ ਨਾ ਲਿਓ, ਸਾਡੀਓ ਬੁੱਧੀ ਭਰਿਸ਼ਟੀ ਗਈ।"

"ਅੱਜ ਤਾਂ ਤੁਸੀਂ ਹੀ ਕਿਹਾ ਸੀ, ਮਾਂ ਜੀ… ਬਈ ਜਾਹ ਬਿੰਦਰ ਨਾਲ਼, ਦਵਾਈ ਲਿਆ।" ਮੈਂ ਕਿਹਾ।

"ਮੈਨੂੰ ਕੀ ਪਤਾ ਤੀ ਬਈ ਤੂੰ ਖੇਖਣ ਕਰਦੀ ਏਂ… ਤੇਰਾ ਕੌਣ ਭੇਤ ਪਾ ਲਊ!" ਸੱਸ ਅੱਗਿਓਂ ਟੱਕਰੀ।

ਇਨ੍ਹਾਂ ਨੇ ਮੈਨੂੰ ਪੇਕੀਂ ਵੀ ਕਦੀ ਇਕ ਰਾਤ ਲਈ ਨਹੀਂ ਛੱਡਿਆ। ਜੇ ਕਦੀ ਜਾਂਦੀ ਵੀ ਹਾਂ, ਕਿਸੇ ਸਖੀ-ਸਹੇਲੀ ਨੂੰ ਮਿਲਣ ਦਾ ਹੁਕਮ ਨਹੀਂ। ਪਿੰਡ ਦਾ ਕੋਈ ਜਾਣੂ ਮਿਲ ਜਾਵੇ ਤਾਂ ਬਿਨਾਂ ਬੁਲਾਏ ਟੇਢ ਵੱਟ ਲਈਦੀ ਏ। ਜਾਣਗੇ… ਜਿਵੇਂ ਅੰਗਿਆਰਾਂ 'ਤੇ ਘੁੰਮ ਰਹੇ ਹੋਣ। ਫ਼ਟਾਫ਼ਟ ਵਾਪਿਸ। ਪਿੱਛੇ ਜਿਵੇ ਘਰ ਵਿੱਚ ਅਹਿਮਦ ਸ਼ਾਹ ਅਬਦਾਲੀ ਆ ਵੜਿਆ ਹੋਵੇ।

ਇਕ ਵਾਰ ਇਨ੍ਹਾਂ ਨਾਲ਼ ਪੇਕੇ ਗਈ ਤਾਂ ਅੱਗੇ ਭੈਣ ਅਤੇ ਜੀਜਾ ਆਏ ਹੋਏ। ਅਗਲਾ ਮੋਹ ਕਰਦਾ ਹੀ ਹੈ, ਜੀਜੇ ਨੇ ਉੱਠ ਕੇ ਮੈਨੂੰ ਆਪਣੀ ਵੱਖੀ ਨਾਲ਼ ਘੁੱਟ ਲਿਆ ਤੇ ਸਿਰ ਪਲ਼ੋਸਦਾ ਬੋਲਿਆ, " ਜੱਸੀਏ, ਕਿਵੇਂ ਰੱਖਦਾ ਏ ਇਹ ਭਾਊ ਤੈਨੂੰ? ਬਹੁਤਾ ਤੰਗ ਤਾਂ ਨਹੀਂ ਕਰਦਾ?"

ਨਾ ਨਾ ਕਰਦੇ ਵੀ ਮੇਰੀਆਂ ਅੱਖਾਂ 'ਚੋਂ ਹੰਝੂ ਨਿਕਲ਼ ਆਏ। ਬੱਸ, ਇਹ ਤਾਂ ਤਪ ਗਏ। ਨੱਕ 'ਚੋਂ ਠੂੰਹੇਂ ਡਿਗਣ ਲੱਗ ਪਏ। ਫ਼ਰਾਟਾ ਜਿਹਾ ਮਾਰ ਕੇ ਬੇਬੇ ਨੂੰ ਕਹਿਣ ਲੱਗੇ… ਇਕ ਮਿੰਟ ਵਿੱਚ ਵਾਪਸ ਜਾਣਾ ਏ। ਵਾਪਿਸ ਆਉਂਦਿਆਂ ਇਨ੍ਹਾਂਨੇ ਮੇਰੇ ਨਾਲ਼ ਜੀਜਾ ਜੋੜ ਦਿੱਤਾ। ਉਹ ਰੂਦ ਬਕਿਆ, ਬੱਸ ਚੁੱਪ ਹੀ ਭਲੀ ਏ। ਇਕ ਦਿਨ ਮੇਰੀ ਕਾਉਂਕਿਆਂ ਵਾਲੀ ਮਾਸੀ ਦਾ ਮੁੰਡਾ ਸੁੱਖੀ, ਜਿਹੜਾ ਸੰਧੂਆਂ ਦੀ ਪ੍ਰੀਤੀ ਮਗਰ ਆਪਣੇ ਕਾਲਜ ਆਇਆ ਕਰਦਾ ਸੀ, ਹੈ ਨਹੀਂ ਸੀ? ਉਹ ਗੁਲਾਵੰਸੀ ਪਗੜੀ ਵਾਲ਼ਾ? ਜੀਹਦਾ ਇਕ ਹੱਥ ਮੁੱਛਾਂ ਤੇ ਹੀ ਰਹਿੰਦਾ ਸੀ, ਲੈ ਭਾਈ ਮੈਨੂੰ ਮਿਲਣ ਆ ਗਿਆ। ਨਾਲ਼ ਤਿੰਨ-ਚਾਰ ਮੁੰਡੇ ਹੋਰ। ਪਰ ਇਨ੍ਹਾਂ ਨੇ ਬੇਜ਼ਤੀ ਕਰ ਕੇ ਬਾਹਰਲੇ ਘਰੋਂ ਹੀ ਮੋੜ ਦਿੱਤੇ, ਅਖੇ, ਮਾਸੀ ਦੇ ਪੁੱਤ ਭਰਾ ਵਾਲ਼ੀ ਸ਼ਕੀਰੀ ਅਸੀਂ ਨਹੀਂ ਮੰਨਦੇ ਹੁੰਦੇ। ਘਰ ਆ ਕੇ ਮੇਰੇ ਗਲ਼ ਪੈ ਗਏ। ਕਹਿੰਦੇ-ਤੇਰੇ ਕਾਲਜੀਏਟ ਫੁਕਰੇ ਯਾਰ ਕਦੋਂ ਆਉਣੋਂ ਹਟਣਗੇ? ਕਦੀ ਕਦੀ ਸੋਚਦੀ ਹਾਂ ਜੇ ਇਨ੍ਹਾਂ ਨੂੰ ਮਲਕੀਤ ਵਾਲ਼ੀ ਗੱਲ ਪਤਾ ਲੱਗ ਜਾਵੇ ਤਾਂ ਮੇਰੇ ਡੱਕਰੇ ਕਰ ਕੇ ਖੂਹ ਵਿੱਚ ਸੁਟਵਾ ਦੇਣ।

ਵਿਆਹ ਮਗਰੋਂ ਇਕ ਦਿਨ ਮੈਨੂੰ ਆਖਣ ਲੱਗੇ, " ਕਾਲਜ ਵਿੱਚ ਤਾਂ ਕਿਸੇ ਨਾ ਕਿਸੇ ਨਾਲ਼ ਪੈ ਹੀ ਜਾਂਦਾ ਏ ਪੇਚਾ। ਤੇਰਾ ਕੀਹਦੇ ਨਾਲ਼ ਪਿਆ? ਮੈਨੂੰ ਦੱਸ। ਮੈਂ ਤੈਨੂੰ ਕੁਝ ਨਹੀਂ ਕਹਿੰਦਾ। ਆਦਮੀ-ਤੀਵੀਂ ਵਿੱਚ ਕੋਈ ਗੱਲ ਅਜਿਹੀ ਨਹੀਂ ਹੋਣੀ ਚਾਹੀਦੀ ਜਿਹੜੀ ਕੇਵਲ ਇਕ ਜਣੇ ਦੇ ਦਿਲ ਵਿੱਚ ਧੜਕਦੀ ਰਹੇ।"

"ਹਟੋ ਗੰਦੇ… ਮੈਂ ਇਹੋ ਜਿਹੀ ਨਹੀਂ ਸੀ।" ਮੈਂ ਕਿਹਾ।

"ਇਹ ਹੋ ਹੀ ਨਹੀਂ ਸਕਦਾ ਕਿ ਤੂੰ ਕਿਸੇ ਨੂੰ ਚਾਹਿਆ ਹੀ ਨਾ ਹੋਵੇ। ਮੈਂ ਤਾਂ ਕਈ ਅਜਿਹੀਆਂ ਕੁੜੀਆਂ ਨੂੰ ਵੀ ਜਾਣਦਾ ਹਾਂ, ਜਿਹੜੀਆਂ ਬੁੱਢੇ ਪ੍ਰੋਫੈਸਰਾਂ ਨਾਲ਼ ਇਸ਼ਕ ਲੜਾਇਆ ਕਰਦੀਆਂ ਸਨ।" ਇਹ ਬੋਲੇ।

"ਹਟੋ… ਮਜ਼ਾਕ ਨਾ ਕਰੋ… ਸ਼ਰਮ ਨਹੀਂ ਆਉਂਦੀ ਇਹੋ ਜਿਹੀਆਂ ਗੱਲਾਂ ਕਰਦਿਆਂ ਨੂੰ?" ਮੈਂ ਕਿਹਾ।

ਇਨ੍ਹਾਂ ਨੇ ਵਿਆਹ ਤੋਂ ਪਹਿਲਾਂ ਛੇ-ਸੱਤ ਕੁੜੀਆਂ ਨਾਲ਼ ਆਪਣੇ ਸੰਬੰਧ ਹੋਣ ਬਾਰੇ ਵੀ ਬਹੁਤ ਵਿਸਥਾਰ ਵਿੱਚ ਦੱਸਿਆ।

ਇਸ ਤਰਫ਼ ਹਾਂ ਮੈਂ ਤੇ ਉਹ ਉਸ ਪਾਰ ਹੈ।
ਇਕ ਸਮੁੰਦਰ ਖੌਲਦਾ ਵਿਚਕਾਰ ਹੈ। -ਸੰਤੋਖ ਭੁੱਲਰ

"ਗੱਲਾਂ ਵਿਆਹ ਤੋਂ ਪਹਿਲੀਆਂ ਹਨ, ਮੈਂ ਵਿਆਹ ਤੋਂ ਇਕ ਦਿਨ ਪਹਿਲਾਂ ਸਭਨਾਂ ਦੀਆਂ ਚਿੱਠੀਆਂ, ਸੁਗਾਤਾਂ ਅਗਨ ਭੇਂਟ ਕਰ ਦਿੱਤੇ। ਦਿਲ ਵਿੱਚ ਚੰਗੀ ਤਰ੍ਹਾਂ ਝਾੜੂ ਫੇਰ ਕੇ ਸਭ ਨੂੰ ਹੂੰਝ ਦਿੱਤਾ। ਕੇਵਲ ਤੇਰਾ ਬਣਨ ਦੀ ਕਸਮ ਖਾਧੀ। ਵਿਆਹ ਮਗਰੋਂ ਜੇ ਕੋਈ ਮਰਦ ਔਰਤ ਇਹ ਕੁਝ ਕਰੇ ਤਾਂ ਪਾਪ ਹੈ। ਪਹਿਲੇ ਸੰਬੰਧ ਤੋੜ ਦੇਣੇ ਚਾਹੀਦੇ ਹਨ ਅਤੇ ਆਦਮੀ ਤੀਵੀਂ ਨੂੰ ਇਕ ਦੂਜੇ ਕੋ਼ਲ ਇਕਬਾਲ ਕਰਕੇ ਆਪਣੇ ਪਾਪਾਂ ਦਾ ਪ੍ਰਾਸਚਿਤ ਕਰਨਾ ਚਾਹੀਦਾ ਹੈ। ਜਿਵੇਂ ਮੈਂ ਤੈਨੂੰ ਦੱਸ ਕੇ ਕੀਤਾ ਹੈ, ਸੋ ਚਾਹੇ ਤੇਰਾ ਕਿਸੇ ਨਾ਼ਲ ਨਾਮਾਤਰ ਵੀ ਸੰਬੰਧ ਰਿਹਾ ਹੋਵੇ, ਤੈਨੂੰ ਦੱਸਣਾ ਚਾਹੀਦਾ ਹੈ, ਬੋਲ?"

ਇਹ ਮੇਰੇ ਦੋਨੋਂ ਮੋਢੇ ਫੜੀ, ਮੇਰੀਆਂ ਅੱਖਾਂ ਵਿੱਚ ਦੇਖਦੇ, ਅਦਾਲਤ ਲਾ ਕੇ ਬੈਠ ਗਏ। ਮੇਰਾ ਅਤੀਤ ਮੇਰੀਆਂ ਅੱਖਾਂ ਵਿੱਚ ਇੰਝ ਨੱਚਣ ਲੱਗ ਪਿਆ, ਜਿਵੇਂ ਮੱਕੀ ਦੇ ਦਾਣੇ ਭੁੱਜ ਰਹੇ ਹੋਣ। ਫਿਰ ਜਿਵੇਂ ਢਿੱਡ ਵਿੱਚ ਲੱਡੂ ਫੁੱਟਣ ਲੱਗ ਪਏ। ਮਲਕੀਤ ਦਾ ਹੱਸਦਾ ਚਿਹਰਾ ਵੱਡਾ, ਹੋਰ ਵੱਡਾ ਹੋਣ ਲੱਗਾ, "ਜੱਸੀ ਮੈਂ ਤੇਰੇ ਬਿਨਾਂ... ਜੱਸੀ ਮੈਂ ਤੇਰੇ ਬਿਨਾਂ।" ਉਹ ਜਿਵੇਂ ਮੇਰੇ ਲਹੂ 'ਚ ਘੁ਼ਲ ਕੇ ਸ਼ੂਕਣ ਲੱਗ ਪਿਆ। ਮੈਨੂੰ ਲੱਗਾ ਜਿਵੇਂ ਹੁਣ ਇਨ੍ਹਾਂ ਤੋਂ ਕੁਝ ਵੀ ਛੁਪਾਇਆ ਨਹੀਂ ਜਾ ਸਕੇਗਾ। ਪਹਿਲੇ ਸੰਬੰਧਾਂ ਦੀ ਸਾਰੀ ਇਬਾਰਤ ਜਿਵੇਂ ਮੇਰੇ ਚਿਹਰੇ 'ਤੇ ਲਿਖੀ ਜਾ ਰਹੀ ਹੋਵੇ ਤੇ ਇਹ ਪੜ੍ਹਦੇ ਜਾ ਰਹੇ ਹੋਣ। ਮੇਰੀਆਂ ਅੱਖਾਂ ਬੋਝਲ ਹੋਣ ਲੱਗੀਆਂ।

"ਬੋਲ!" ਇਨ੍ਹਾਂ ਨੇ ਮੇਰੇ ਮੋਢੇ ਹਲੂਣ ਕੇ ਮੇਰੀਆਂ ਅੱਖਾਂ ਵਿੱਚ ਝਾਕਦਿਆਂ ਉੱਚੀ ਦੇਣੇ ਕਿਹਾ। ਤਦੇ ਇਕ ਰੌਸ਼ਨੀ ਜਿਹੀ ਫੁੱਟੀ ਮੇਰੇ ਅੰਦਰੋਂ। ਗਰੇਵਾ਼ਲ ਪ੍ਰੋਫੈਸਰ ਮੇਰੇ ਸਾਮ੍ਹਣੇ ਆ ਖੜ੍ਹਿਆ, "ਦਿਲ ਵਿੱਚ ਕੁਆਰੇ ਹਾਦਸਿਆਂ ਵਾ਼ਲੇ ਖਾਨੇ ਨੂੰ ਜਿੰਦਾ ਲਾ ਕੇ ਕੁੰਜੀ ਪੇਕਿਆਂ ਦੇ ਖੂਹ ਵਿੱਚ ਹੀ ਸੁੱਟ ਜਾਇਓ ਕੁੜੀਓ।"

ਬੱਸ ਭਾਈ, ਮੈਂ ਜਿਵੇਂ ਇਕ ਨੀਂਦ ਵਿੱਚੋਂ ਜਾਗੀ। ਇਕ ਹੂੰਝਾ ਜਿਹਾ ਮਾਰ ਕੇ ਮਲਕੀਤ ਦੇ ਚਿਹਰੇ ਨੂੰ ਸਾਮ੍ਹਣੇ ਤੋਂ ਹਟਾ ਦਿੱਤਾ ਤੇ ਬੋਲੀ, "ਮੁੰਡਿਆਂ ਦਾ ਕੀ ਏ... ਕੁੜੀਆਂ ਨੇ ਆਪਣੇ ਮਾਂ-ਬਾਪ ਦੀ ਇੱਜ਼ਤ ਦੇਖਣੀ ਹੁੰਦੀ ਏ।"

"ਜੋ ਮੇਰੇ ਨਾ਼ਲ ਗੁਲਛੱਰੇ ਉਡਾਉਂਦੀਆਂ ਰਹੀਆਂ, ਉਹ ਨਹੀਂ ਸੀ ਕੁੜੀਆਂ? ਉਨ੍ਹਾਂ ਨੂੰ ਨਹੀਂ ਸੀ ਪਿਆਰੀ ਮਾਂ-ਬਾਪ ਦੀ ਇੱਜ਼ਤ?" ਇਹ ਬੋਲੇ।

"ਉਨ੍ਹਾਂ ਨੂੰ ਹੋਵੇ ਚਾਹੇ ਨਾ ਹੋਵੇ, ਮੈਂ ਕੀ ਲੈਣਾ? ਸਭ ਦੇ ਆਪੋ ਆਪਣੇ ਸੰਸਕਾਰ। ਮੈਂ ਇਹੋ ਜਿਹੀ ਨਹੀਂ ਸੀ ਪਤੀ ਦੇਵ ਜੀਓ... ਕਿਹੜੀਆ ਬੇਹੂਦਾ ਗੱਲਾਂ ਵਿੱਚ ਪੈ ਗਏ ਤੁਸੀਂ?" ਪਰ ਇਨ੍ਹਾਂ ਨੂੰ ਮੇਰੀ ਗੱਲ ਦਾ ਜਿਵੇਂ ਵਿਸ਼ਵਾਸ ਹੀ ਨਾ ਆਇਆ। ਕਈ ਦਿਨ ਤੱਕ ਮੇਰੇ ਖਹਿੜੇ ਪਏ ਰਹੇ।

"ਐਨੀਆਂ ਸੁਹਣੀਆਂ ਅੱਖਾਂ, ਠੋਡੀ, ਤਰਾਸ਼ੇ ਬੁੱਲ੍ਹ, ਸੁਰਾਹੀ ਵਰਗੀ ਗਰਦਨ, ਗੋਰੀਆਂ ਗੱਲ੍ਹਾਂ ਸ਼ੋਰ ਪਾਉਂਦੀਆਂ ਨੇ ਕਿ ਗੱਲ ਸੀ। ਤੂੰ ਕਹਿੰਦੀ ਏਂ-ਗੱਲ ਨਹੀਂ ਸੀ। ਤੂੰ ਝੂਠ ਕਹਿੰਦੀ ਏਂ।"

"ਝੂਠ ਕਹਿੰਦੀ ਹਾਂ, ਤਾਂ ਝੂਠ ਹੀ ਸਹੀ, ਚਾੜ੍ਹ ਦਿਓ ਸੂ਼ਲੀ ਮੈਨੂੰ। ਪਹਿਲਾਂ ਵੀ ਤਾਂ ਬੇਗੁਨਾਹ ਹੀ ਸੂ਼ਲੀ ਚੜ੍ਹਦੇ ਆਏ ਨੇ। ਇਕ ਹੋਰ ਸਹੀ।" ਮੈਂ ਦ੍ਰਿੜਤਾ ਨਾ਼ਲ ਕਿਹਾ।

ਇਹ 'ਘਰ ਵਾ਼ਲੇ' ਵੀ ਬੱਸ!... ਖ਼ੈਰ ਛੱਡ!! ਤੇਰੇ ਵਾ਼ਲਾ ਕਿਵੇਂ ਹੈ? ਸ਼ਹਿਰੀਏ ਤਾਂ ਨ੍ਹੀ ਬਹੁਤਾ ਗੌ਼ਲਦੇ ਹੁੰਦੇ। ਤੂੰ ਤਾਂ ਭੈਣੇ ਉਂ ਵੀ ਵਾਧੂ ਸੀ, ਕਰ ਲਿਆ ਹੋਣਾਂ ਏਂ ਪੰਜੇ ਹੇਠ। ਸੱਚ ਇਕ ਦਿਨ ਸ਼ਮਸਪੁਰ ਵਾ਼ਲੀ ਸ਼ੰਟੋ ਮਿਲੀ ਸੀ, ਨਾ਼ਲ ਉੱਪਰੋਥ਼ਲੀ ਦੀਆਂ ਤਿੰਨ ਕੁੜੀਆਂ ਖਿੱਚੀ ਫਿਰੇ। ਉਹਨੇ ਦੱਸਿਆ ਬਈ ਮੁਖ਼ਤਿਆਰ ਚੰਡੀਗੜ੍ਹ ਵਕਾਲਤ ਕਰਨ ਲੱਗ ਪਿਆ ਏ। ਉੱਥੇ ਹੀ ਕੋਠੀ ਪਾ ਲਈ ਏ। ਉਹਦੀ ਘਰ ਵਾ਼ਲੀ ਕਿਸੇ ਦਫ਼ਤਰ ਵਿੱਚ ਸਟੈਨੋ ਏਂ। ਤੈਨੂੰ ਟੱਕਰਿਆ ਨਹੀਂ ਕਦੀ? ਉਦੋਂ ਤਾਂ ਕਿਹਾ ਕਰਦਾ ਸੀ, ਜੇ ਸ਼ਿੰਦਰ ਨਾ਼ਲ ਵਿਆਹ ਨਾ ਹੋਇਆ ਤਾਂ ਐਲਡਰੀਨ ਪੀ ਕੇ ਮਰਜੂੰ। ਉਮਰ ਹੀ ਚੰਦਰੀ ਫੂਕਦੂੰ-ਫੂਕਦੂੰ ਹੁੰਦੀ ਏ। ਭਾਵਾਂ ਦੇ ਹੜ੍ਹ ਵਿੱਚ ਇਕ ਵਾਰੀ ਮੈਂ ਵੀ ਬੜਾ ਕੁਝ ਸੋਚ ਗਈ ਸਾਂ, ਮਲਕੀਤ ਬਾਰੇ। ਜੇ ਮੈਂ ਘਣਗਸਾਂ ਵਾ਼ਲੀ ਛੋਟੀ ਚਾਚੀ ਕੋ਼ਲ ਗੱਲ ਨਾ ਕਰਦੀ ਤਾਂ ਅੱਜ ਨੂੰ ਮੇਰੀ ਸੁਆਹ ਤੇ ਖੱਬ਼ਲ ਉੱਗ ਆਉਣਾ ਸੀ। ਚੱਲ ਛੱਡ... ਹੁਣ ਤੈਨੂੰ ਕਦੀ ਮੁਖ਼ਤਿਆਰ ਨਾ ਹੀ ਮਿਲੇ, ਤਾਂ ਚੰਗਾ। ਸਾਡੇ ਵਰਗੀ ਉਹਦੀ ਵੀ ਤਾਂ ਕੋਈ ਘਰ ਵਾ਼ਲੀ ਹੈ, ਜਿਹੜੀ ਚਾਹੇਗੀ ਕਿ ਉਸ ਦਾ ਪਤੀ ਬੱਸ ਉਸੇ ਦਾ ਪਤੀ ਰਹੇ। ਜੇ ਪਹਿਲਾਂ ਕਿਤੇ ਮਾੜੀ ਮੋਟੀ ਗੱਲ ਰਹੀ ਵੀ ਹੋਵੇ ਤਾਂ ਤੀਵੀਂ ਤਾਂ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰ ਲਊ, ਪਰ ਇਹ ਮਰਦ... ਕੀ ਕੀ ਦੱਸਾਂ ਤੈਨੂੰ? ਇਨ੍ਹਾਂ ਨੂੰ ਬਿਗ਼ਾਨੀਆਂ ਖੁਰ਼ਲੀਆਂ 'ਤੇ ਡੰਡ਼ਲ ਚੱਬਣ ਦੀ ਜਿਹੜੀ ਵਾਦੀ ਪਈ ਹੁੰਦੀ ਏ, ਉਹਦੇ 'ਚੋਂ ਹੀ ਹਰੀਆਂ ਕਚੂਰ ਤਿੜ੍ਹਾਂ ਦਾ ਸੁਆਦ ਲੈਂਦੇ ਨੇ। ਤੀਵੀਂ ਤੋਂ ਮਾੜੀ ਮੋਟੀ ਭੁੱਲ ਹੋ ਜਾਵੇ ਤਾਂ ਉਸ ਨੂੰ ਸੂ਼ਲੀ 'ਤੇ ਟੰਗਣ ਤੱਕ ਜਾਣਗੇ। ਇਨ੍ਹਾਂ ਦਾ ਵੱਸ ਚੱਲੇ ਤਾਂ ਇਹ ਤੀਵੀਂ ਦੇ ਸੁਪਨਿਆਂ ਤੱਕ ਵੀ ਪਹਿਰਾ ਲਾ ਦੇਣ। ਆਪਣਾ ਘਰ ਬਚਾਉਣ ਲਈ ਔਰਤ ਨੂੰ ਤਾਂ ਸਭ ਕੁਝ ਭੁੱਲ-ਭੁਲਾ ਜਾਣਾ ਚਾਹੀਦਾ ਹੈ। ਮੈਂ ਤਾਂ ਇਸ ਗੱਲੋਂ ਆਪਣੇ ਆਪ ਨੂੰ ਬਹੁਤ ਤਕੜਾ ਕੀਤਾ ਹੋਇਆ ਏ।

ਤੈਨੂੰ ਇਕ ਗੱਲ ਦੱਸਾਂ, ਇਕ ਦਿਨ ਅਸੀਂ ਲੁਧਿਆਣੇ ਗਏ। ਇਨ੍ਹਾਂ ਨੇ ਮੈਨੂੰ ਪਿਕਚਰ ਵੀ ਦਿਖਾਈ 'ਅਰਾਧਨਾ', ਜਿਹੜੀ ਆਪਾਂ ਮਲਕੀਤ ਅਤੇ ਮੁਖ਼ਤਿਆਰ ਨਾ਼ਲ ਮੰਜੂ ਸਿਨਮੇ ਵਿੱਚ ਦੇਖੀ ਸੀ। ਪਿਕਚਰ ਦੇਖਦਿਆਂ ਉਹ ਦਿਨ ਬੜਾ ਯਾਦ ਆਇਆ, ਜਦੋਂ ਆਪਾਂ ਚਾਰੋਂ ਜਣੇ ਉਂਗ਼ਲਾਂ ਦੀਆਂ ਕੰਘੀਆਂ ਬਣਾਈ... ਮੈਂ ਕਈ ਵਾਰ ਰੋਈ ਵੀ। ਯਾਦ ਏ ਨਾ? ਉਸ ਦਿਨ ਮਲਕੀਤ ਨੇ ਮੁਖਤਿਆਰ ਨੂੰ ਕਿਹਾ ਸੀ- ਜੇ ਆਪਣੇ ਇਨ੍ਹਾਂ ਨਾ਼ਲ ਵਿਆਹ ਨਾ ਹੋਏ ਤਾਂ ਜੰਗਲਾਂ ਨੂੰ ਇਕੱਠੇ ਹੀ ਚੱਲਾਂਗੇ।"

ਸਿਨਮੇ ਤੋਂ ਬਾਹਰ ਆ ਕੇ ਇਹ ਮੈਨੂੰ ਪੁੱਛਣ ਲੱਗੇ, "ਤੂੰ ਕਾਲਜ ਪੜ੍ਹਦੀ ਨੇ ਕਿੰਨੀਆਂ ਕੁ ਪਿਕਚਰਾਂ ਦੇਖੀਆਂ?"

"ਸੁਆਹ ਦੀ ਖੇਹ... ਸਾਨੂੰ ਕੀਹਨੇ ਦਿਖਾਉਣੀਆਂ ਸਨ ਪਿਕਚਰਾਂ? ਬਾਪੂ ਪੂਰਾ ਕਰਫ਼ਿਊ ਲਾਈ ਰੱਖਦਾ ਸੀ ਘਰ ਵਿੱਚ। 'ਨਾਨਕ ਨਾਮ ਜਹਾਜ਼' ਦੇਖੀ ਸੀ ਭੂਆ ਹੋਣਾਂ ਨਾ਼ਲ। ਜੇ ਪਿਕਚਰਾਂ ਦੇਖਣ ਵਾ਼ਲੀ ਹੁੰਦੀ ਤਾਂ ਫਸਟ ਡਵੀਜ਼ਨ ਵਿੱਚ ਬੀ.ਏ. ਕਰ ਲੈਂਦੀ? ਮਾਰਦੇ ਆਂ ਗੱਲਾਂ।"

"ਨਾਂ ਤਾਂ ਸਾਰੇ ਐਕਟਰਾਂ, ਐਕਟ੍ਰੈਸਾਂ ਦੇ ਫ਼ਟਾਫ਼ਟ ਬੋਲਦੀ ਚਲੀ ਗਈ, ਜਿਵੇਂ ਬੰਬਈ ਰਹਿੰਦੀ ਰਹੀ ਹੋਵੇਂ... ਚਾਰਦੀ ਏਂ ਮੈਨੂੰ?" ਇਹ ਬੋਲੇ।

"ਉਹ ਤਾਂ ਲਾਇਬ੍ਰੇਰੀ ਵਿੱਚ 'ਫਿਲਮੀ ਦੁਨੀਆ' ਰਿਸਾਲਾ ਪੜ੍ਹ ਲਈਦਾ ਸੀ।"

ਇਹ ਚੁੱਪ ਕਰ ਗਏ। ਮੇਰਾ ਢਿੱਡ ਹੱਸਿਆ ਕਿ ਪਿਕਚਰ ਤਾਂ ਆਪਾਂ ਕਦੀ ਕੋਈ ਛੱਡਦੇ ਹੀ ਨਹੀਂ ਸੀ ਹੁੰਦੇ। ਸੈਕਿੰਡ-ਈਅਰ

ਦਰਦ ਤਾਂ ਸ਼ਇਰੀ ਦਾ ਅੰਸ਼ ਭਰ ਹੈ,
ਇਹ ਸਿਨਫ਼ ਏਨੀ ਵੀ ਆਸਾਨ ਕਿਥੇ। -(ਅਗਲੇ ਸਫ਼ੇ 'ਤੇ)

ਤੱਕ ਹੀ ਸੈਂਚੁਰੀ ਬਣਾ ਲਈ ਸੀ ਤੇ ਉਹ ਗਾਣਿਆਂ ਦੀਆਂ ਕਾਪੀਆਂ... ਯਾਦ ਨੇ ਤੈਨੂੰ?"

ਇਹ ਸਬੱਬ ਹੀ ਸੀ ਕਿ ਉਸੇ ਦਿਨ ਬੱਸ ਵਿੱਚ ਇਕ ਹੋਰ ਘਟਨਾ ਵਾਪਰ ਗਈ। ਜ਼ਿੰਦਗੀ ਵਿੱਚ ਕੁਝ ਹੀ ਦਿਨ ਤਾਂ ਹੁੰਦੇ ਨੇ ਖ਼ਾਸ ਖ਼ਾਸ... ਜਿਨ੍ਹਾਂ ਨਾਲ਼ ਜ਼ਿੰਦਗੀ ਬਣਦੀ ਹੈ। ਬਾਕੀ ਬਹੁਤੇ ਦਿਨ ਤਾਂ ਐਵੇਂ ਹੁੰਦੇ ਨੇ, ਡੰਗ-ਟਪਾਊ ਦਿਨ। ਚੜ੍ਹਿਆ-ਛਿਪਿਆ ਤੇ ਯਾਦਾਂ ਵਿੱਚੋਂ ਚੋ ਗਿਆ। ਉਸ ਦਿਨ ਘਰ ਆਉਣ ਵੇਲ਼ੇ ਬੱਸ ਸਵਾਰੀਆਂ ਨਾਲ਼ ਤੂੜੀ ਵਾਂਗ ਲੱਦੀ ਪਈ ਸੀ। ਤੇਰੇ ਕਹਿਣ ਵਾਂਗ ਘੁਮਾਰ ਤੇ ਘੁਮਾਰ ਚੜ੍ਹਿਆ ਪਿਆ ਸੀ। ਅਸੀਂ ਬੱਸ ਦੇ ਵਿਹੜੇ ਵਿੱਚ ਖੜ੍ਹੇ ਸਾਂ। ਮੈਥੋਂ ਅੱਗੇ ਇਕ ਤਿੰਨ ਵਾਲੀ ਸੀਟ 'ਤੇ ਬੈਠੇ ਮਲਕੀਤ ਨਾਲ਼ ਮੇਰੀ ਨਿਗ੍ਹਾ ਜਾ ਭਿੜੀ। ਉਸ ਨੂੰ ਵੇਖ ਮੇਰੀ ਰੀੜ੍ਹ ਦੀ ਹੱਡੀ ਵਿੱਚ ਝਰਨਾਹਟ ਛਿੜੀ ਅਤੇ ਮੈਂ ਬੌਂਦਲ਼ ਗਈ। ਉਹ ਨਾਲ਼ ਬੈਠੀਆਂ ਸਵਾਰੀਆਂ ਨੂੰ ਖਿਸਕਣ ਦਾ ਇਸ਼ਾਰਾ ਕਰਦਾ ਅੰਦਰ ਵੱਲ ਸਿਕੁੜ ਗਿਆ। ਥਾਂ ਬਣੀ ਦੇਖ ਇਨ੍ਹਾਂ ਨੇ ਵੀ ਮੈਨੂੰ ਬੈਠਣ ਲਈ ਇਸ਼ਾਰਾ ਕਰ ਦਿੱਤਾ। ਮੈਂ ਬੈਠ ਤਾਂ ਗਈ, ਪਰ ਮੈਨੂੰ ਤੌਣੀਆਂ ਆਉਣ ਲੱਗ ਪਈਆਂ। ਥੁੱਕ ਹੀ ਨਾ ਨਿੰਘਰੇ। ਮਲਕੀਤ ਨੇ ਹੌਲ਼ੀ ਦੇਣੇ ਹਉਕਾ ਭਰਿਆ, "ਸਤਿ ਸ੍ਰੀ ਅਕਾਲ ..."

ਪਿੱਛੋਂ ਕੰਡਕਟਰ ਸਵਾਰੀਆਂ ਨੂੰ ਅੱਗੇ ਵੱਲ ਧੱਕੀ ਜਾ ਰਿਹਾ ਸੀ। ਘਿਸਰਦੇ-ਘਿਸਰਦੇ ਇਹ ਕਾਫ਼ੀ ਅੱਗੇ ਚਲੇ ਗਏ।

"ਮੇਰੀ ਜੱਸੀ... ਬੱਸ? ... ਸਤਿ ਸ੍ਰੀ ਅਕਾਲ ਵੀ ਨਹੀਂ ਕਹੇਂਗੀ?" ਮਲਕੀਤ ਨੇ ਦੂਜਾ ਹਉਕਾ ਭਰਿਆ।

"ਪਲੀਜ਼... ਚੁੱਪ ਹੋ ਜਾ। ਮਲਕੀਤ... ਚੁੱਪ।" ਮੈਂ ਕਿਹਾ।

"ਕਿਵੇਂ ਹੋਵਾਂ ਚੁੱਪ?" ਉਹ ਰੋਣਹਾਕਾ ਹੋ ਗਿਆ। ਮੈਂ ਇਕ ਝਟਕੇ ਨਾਲ਼ ਉੱਠ ਖੜ੍ਹੀ ਹੋਈ ਤੇ ਸਵਾਰੀਆਂ ਨੂੰ ਧੱਕਦੀ ਬੜੀ ਤੇਜ਼ੀ ਨਾਲ਼ ਇਨ੍ਹਾਂ ਲਾਗੇ ਪਹੁੰਚ ਗਈ।

" ਉੱਠ ਆਈ?" ਇਹ ਬੋਲੇ।

"ਬੱਸ ਐਵੇਂ ਹੀ... ਤੁਹਾਥੋਂ ਬਿਨਾਂ...।" ਮੈਂ ਕਿਹਾ ਤਾਂ ਇਨ੍ਹਾਂ ਨੇ ਆਪਣੀਆਂ ਬਾਹਾਂ ਨਾਲ਼ ਮੇਰੇ ਦੁਆਲ਼ੇ ਵਾੜ ਜਿਹੀ ਕਰ ਦਿੱਤੀ। ਮੈਂ ਮੁੜ ਮਲਕੀਤ ਵੱਲ ਚੋਰੀ ਅੱਖ ਦੇਖਿਆ। ਉੱਫ਼! ਲਾਲ ਸੁਰਖ਼ ਅੱਖਾਂ! ਜਿਵੇਂ ਲਹੂ ਚੋ ਰਿਹਾ ਹੋਵੇ! ਲੱਗਾ, ਜਿਵੇਂ ਹੁਣੇ ਕੋਈ ਤੂਫ਼ਾਨ ਝੁੱਲੇਗਾ ਤੇ ਸਭ ਕੁਝ ਮਲੀਆਮੇਟ ਕਰਦਾ ਲੰਘ ਜਾਵੇਗਾ। ਮੁੜ ਮੈਂ ਮਲਕੀਤ ਵੱਲ ਨਾ ਦੇਖ ਸਕੀ। ਮਗਰੋਂ ਘਰ ਆ ਕੇ ਸਾਰੀ ਰਾਤ ਅਖਾਂ ਵਿੱਚੋਂ ਹੰਝੂ ਵਗਦੇ ਰਹੇ... ਬਿਨਾਂ ਕੋਈ ਸ਼ੋਰ ਕੀਤਿਆਂ... ਚੁੱਪ! ਖ਼ਾਮੋਸ਼!! ਜਿਵੇਂ ਕਿਸੇ ਨਾਗਫਣੀ ਦੇ ਪੱਤਿਆਂ ਤੋਂ ਤ੍ਰੇਲ ਦੇ ਤੁਪਕੇ ਤਿਲਕਦੇ ਹੋਣ।

ਐਥੇ ਘਰ ਵਿੱਚ ਮੇਰਾ ਸਹੁਰਾ ਹੈ, ਬੜਾ ਭਲਾਮਾਣਸ! ਮੈਂ ਇਕ ਗੱਲ ਦੇਖੀ ਕਿ ਹਰ ਮਰਦ ਸਹੁਰਾ ਬਣਨ ਮਗਰੋਂ ਹੀ ਭਲਾਮਾਣਸ ਬਣਦਾ ਹੈ। ਹਰ ਔਰਤ ਸੱਸ ਬਣ ਕੇ ਭੈੜੀ ਬਣ ਜਾਂਦੀ ਹੈ, ਜਿਵੇਂ ਮੇਰੀ ਸੱਸ ਬਣੀ ਹੋਈ ਏ। ਆਪਾਂ ਨੇ ਇੰਝ ਨਹੀਂ ਬਣਨਾ।

ਇਕ ਦਿਨ ਸੜਦੀ ਧੁੱਪੇ ਬਾਰਾਂ ਤੇਰਾਂ ਭਈਏ ਧਾਨਾਂ ਦੀ ਲੁਆਈ ਲਈ ਲਾਏ ਹੋਏ ਸਨ। ਮੈਂ ਚੁੱਲ੍ਹੇ ਮੂਹਰੇ ਬੈਠੀ ਰੋਟੀਆਂ ਲਾਹੁੰਦੀ ਪਸੀਨੋ-ਪਸੀਨੀ ਹੋਈ ਪਈ ਸਾਂ। ਬਾਪੂ ਜੀ ਪਹਿਲਾਂ ਮੇਰੇ ਵੱਲ ਦੇਖਦੇ ਰਹੇ, ਫਿਰ ਸੱਸ ਨੂੰ ਪੈ ਨਿਕਲ਼ੇ, "ਮੈਖਿਆ, ਤੈਨੂੰ ਸ਼ਰਮ ਹੈ ਭੋਰਾ? ਇਹ ਬਹੂ ਏ ਕਿ ਨੌਕਰਾਣੀ? ਅੱਗ ਤਾਂ ਪਹਿਲਾਂ ਹੀ ਵਰ੍ਹਦੀ ਏ, ਚੁੱਲ੍ਹੇ ਮੂਹਰੇ ਡਾਹਤੀ... ਝਿਊਰਾਂ ਦੀ ਜੀਤੋ ਨੂੰ ਬੁਲਾ ਲੈਂਦੀ... ਹੈਂ?... ਵੱਡੀ ਚੁਧਰਾਣੀ।"

"ਜੀਤੋ ਵੀ ਤਾਂ ਬਾਪੂ ਜੀ ਬਹੂ ਏ ਕਿਸੇ ਦੀ... ਨਾਲ਼ੇ ਘਰ ਦਾ ਕੰਮ ਏਂ... ਕੋਈ ਮਿਹਣਾ ਥੋੜ੍ਹੀ ਏ।" ਮੈਂ ਕਿਹਾ ਤਾਂ ਉਹ ਲੱਸੀ ਦਾ ਡੋਲੂ ਚੁੱਕ ਮੁੱਛਾਂ ਤੇ ਹੱਥ ਫੇਰਦੇ ਬਾਹਰ ਨਿਕਲ਼ ਗਏ।

ਸਹੁਰਾ ਵਿਚਾਰਾ ਤਾਂ ਸਾਰਾ ਦਿਨ ਮਿੱਟੀ ਨਾਲ਼ ਮਿੱਟੀ ਹੋਇਆ ਰਹਿੰਦਾ ਏ। ਸਮਾਂ ਤਾਂ ਸੱਸ ਕੋਲ਼ ਹੀ ਕੱਟਣਾ ਹੁੰਦਾ ਏ। ਇਕ ਅਨਪੜ੍ਹ ਬੀ.ਏ. ਪਾਸ ਨੂੰ ਆਪਣੇ ਅੰਡਰ ਰੱਖਣਾ ਚਾਹੁੰਦੀ ਏ। ਪੌਡਰ-ਕਰੀਮ ਦਾ ਭੋਰਾ ਲਾ ਲਊਂ ਤਾਂ ਵੀ ਜਲ਼-ਜਲ਼ ਮਰੂ। ਟੈਲੀਵੀਜ਼ਨ ਵੀ ਨ੍ਹੀ ਲਾਉਣ ਦਿੰਦੀ। ਫਰਾਟੇ ਛੱਡਦੀ ਫਿਰੂ। ਤੂੰ ਆਜਾ ਕਿਤੇ ਭੰਨ ਲਈਏ ਉੱਤੇ ਕੰਬਲ਼ ਪਾ ਕੇ। ਇਕ ਦਿਨ ਇਨ੍ਹਾਂ ਨੂੰ ਕਹਿਣ ਲੱਗੀ, "ਹੱਥਾਂ ਦੇ ਨਹੁੰ ਵਧਾਈ ਫਿਰਦੀ ਏ। ਆਖ ਕਿ ਕਟਵਾ ਦੇਵੇ ਇਨ੍ਹਾਂ ਨੂੰ। ਨਹੀਂ ਤਾਂ ਤੇਰੇ ਪਿੱਛੋਂ ਮੇਰਾ ਕਾਲ਼ਜਾ ਪਾੜ ਕੇ ਲਹੂ ਪੀ ਜਾਊ।"

"ਮਾਂ ਜੀ ਤੁਹਾਡੀ ਲਾਡਲੀ ਦੀਪਾਂ ਨੇ ਵੀ ਤਾਂ ਵਧਾਏ ਹੋਏ ਨੇ ਨਹੁੰ।" ਮੈਂ ਕਿਹਾ ਤਾਂ ਗੱਲ ਨਾ ਆਈ। ਇਹ ਵੀ ਲਾਈਲੱਗ ਹੀ ਨੇ। ਇਕ-ਦੋ ਵਾਰੀ ਇਨ੍ਹਾਂ ਕੋਲ਼ ਸ਼ਿਕਾਇਤ ਕੀਤੀ ਤਾਂ ਉਲਟੇ ਮੈਨੂੰ ਹੀ ਪਏ ਸੂਈ ਕੁੱਤੀ ਵਾਂਗ ਕੁੱਦ ਕੇ। ਅਖੇ, 'ਇਹ ਮੇਰੀ ਮਾਂ ਏ। ਜਿਵੇਂ ਕਹਿੰਦੀ ਏ ਤੈਨੂੰ ਮੰਨਣਾਂ ਪਊ।' ਸੋ ਭਾਈ ਮੂੰਹ ਹੀ ਸਿਉਂ ਲਿਆ। ਸੱਤਰਾਂ ਨੂੰ ਟੱਪੀ ਪਈ ਏ। ਐਨੇ ਲੋਕ ਮਰਦੇ ਨੇ, ਇਹਦੇ ਪਤਾ ਨਹੀਂ ਕਾਗਜ਼...। ਖ਼ੈਰ ਛੱਡ... ਤੇਰੇ ਸੱਸ ਸਹੁਰਾ ਚੰਗੇ ਨੇ? ਕਿਵੇਂ ਨਿਭਦੀ ਏ ਤੇਰੀ?

ਜਿਹੜਾ ਮੇਰਾ ਦਿਓਰ ਏ ਨਾ ਬਿੰਦਰ, ਅਸਲੋਂ ਹੀਰਾ ਤਾਂ ਉਹ ਏ। ਬਹੁਤਾ ਹੀ ਚੰਗਾ ਮੁੰਡਾ ਏ। ਘਰ ਵਿੱਚ ਹਮੇਸ਼ਾ ਮੇਰਾ ਹੀ ਪੱਖ ਲੈਂਦਾ ਏ। ਇਕ ਦਿਨ ਮਾਂ ਨੂੰ ਪੈ ਗਿਆ ਝਈ ਲੈ ਕੇ, "ਬੁੜ੍ਹੀਏ ਜੇ ਭਾਬੀ ਨੂੰ ਕੁਝ ਆਖਿਆ, ਸੀਰਮੇਂ ਪੀਜੂੰ ਤੇਰੇ।" ਲੈ ਭਾਈ, ਮੈਂ ਮਸਾਂ ਫੜਿਆ। ਲੜਾਈ ਤਾਂ ਹੋਈ ਮਾਂ-ਪੁੱਤ ਦੀ, ਸੱਸ ਹਫ਼ਤਾ ਭਰ ਮੇਰੇ ਅਗਲੇ-ਪਿਛਲਿਆਂ ਨੂੰ ਪੁਣਦੀ ਰਹੀ।

ਇਕ ਦਿਨ ਬਾਹਰਲੇ ਘਰ ਮੈਂ ਤੇ ਬਿੰਦਰ ਜੀਂਗੜ ਵਿੱਚ ਬਚੀ ਮੂੰਗਫਲੀ ਤੋੜਨ ਲੱਗੇ ਹੋਏ ਸਾਂ, ਉਹ ਕਹਿਣ ਲੱਗਾ, ਭਾਬੀ, ਤੈਨੂੰ ਵੀਰਾ ਐਵੇਂ ਡਾਂਟਦਾ ਰਹਿੰਦਾ ਏ। ਤੂੰ ਐਨੀ ਸੁਹਣੀ ਏਂ... ਸਾਰੇ ਪਿੰਡ ਵਿੱਚੋਂ...। ਜਮ੍ਹਾ ਹੀ ਤੇਰੇ ਮੁੜੰਗੇ ਦੀ ਸਾਡੇ ਕਾਲਜ ਵਿੱਚ ਇਕ ਕੁੜੀ ਪੜ੍ਹਦੀ ਏ। ਨਾਂ ਉਸ ਦਾ ਨਿਸ਼ਾ ਏ, ਪਰ ਸਾਰੇ ਮੁੰਡੇ ਉਸ ਨੂੰ ਨਸ਼ਾ ਹੀ ਕਹਿੰਦੇ ਨੇ। ਉਹ ਕਦੀ ਕਦੀ ਮੇਰੇ ਕੋਲ਼ ਰੁਕ ਕੇ ਕੋਈ ਗੱਲ ਕਰ ਲਿਆ ਕਰਦੀ ਏ। ਮੇਰੇ ਆੜੀ ਕਹਿਣਗੇ, ਯਾਰ ਨਸ਼ਾ ਸਾਰੇ ਕਲਜ ਵਿੱਚ ਟਾਪ ਏ। ਮੈਂ ਕਿਹਾ ਕਰਦਾ ਹਾਂ, ਨਿਸ਼ਾ ਨੂੰ ਕੁਝ ਨਾ ਕਹੋ ਬਈ। ਇਹ ਮੇਰੀ ਭਾਬੀ ਦੀ ਛੋਟੀ ਭੈਣ ਏ। ਤੁਸੀਂ ਸਮਝ ਲਵੋ ਕਿ ਇਹ ਤੁਹਾਡੀ ਭਾਬੀ ਬਣੇਗੀ। ਭਾਬੀ ਦੀ ਇੱਜ਼ਤ ਕਰਨੀ ਚਾਹੀਦੀ ਹੈ, ਪਰ ਭਾਬੀ ਵੀਰਾ ਤੇਰੀ ਇੱਜ਼ਤ ਕੋਈ ਨਹੀਂ ਕਰਦਾ।"

"ਇੱਜ਼ਤ ਕਿਉਂ ਨਹੀਂ ਕਰਦਾ? ਕਰਦਾ ਏ! ਬਹੁਤ...।" ਮੇਰੀਆਂ ਅੱਖਾਂ ਛਲਕ ਪਈਆਂ।

"ਤੂੰ ਉਸ ਦਿਨ ਛੋਟੀਆਂ ਵਾਲ਼ੀਆਂ ਬਣਾਉਣ ਲਈ ਵੀਰੇ ਨੂੰ ਕਿਹਾ ਸੀ ਨਾ?"

"ਆਹੋ, ਕੀ ਹੋਇਆ?" ਮੈਂ ਪੁੱਛਿਆ।

"ਫੇਰ ਉੱਖੜੀ ਕੁਹਾੜੀ ਵਾਂਗ ਕਿਉਂ ਪਿਆ ਉਹ? ਮੈਂ ਹੁੰਦਾ, ਅੱਧ ਬੋਲ ਵੀਹ ਵਾਲ਼ੀਆਂ ਬਣਾ ਦਿੰਦਾ ਤੇਰੇ ਲਈ।"

ਤੇਰਾ ਅਹਿਸਾਸ ਮੈਥੋਂ ਖੋਹ ਲਏ ਜੋ,
ਤੇਰੀ ਦੁਨੀਆ 'ਚ ਏਨੀ ਜਾਨ ਕਿੱਥੇ। -ਜਗਜੀਤ ਸੰਧੂ

"ਚੱਲ ਤੂੰ ਆਪਣੀ ਘਰ ਵਾਲ਼ੀ ਲਈ ਬਣਵਾ ਦੇਵੀਂ।" ਮੈਂ ਹੱਸਦਿਆਂ ਕਿਹਾ।

"ਨਹੀਂ, ਮੈਂ ਤੈਨੂੰ ਵੀ ਬਣਵਾ ਕੇ ਦਊਂ। ਦੇਖਾਂਗਾ ਵੀਰਾ ਕਿਵੇਂ ਰੋਕਦੈ? ਐਨੇ ਕੁ ਪੈਸੇ ਮੇਰੇ ਕੋਲ਼ ਹੈਗੇ।" ਊਹ ਬੋਲਿਆ।

ਮੈਂ ਸਮਝੀ, ਹੱਸਦਾ ਏ। ਪਰ ਊਹਨੇ ਤਾਂ ਭਾਈ,ਸੱਚੀ-ਮੁੱਚੀ ਹਫ਼ਤੇ ਮਗਰੋਂ ਹੀ ਝਿਲਮਿਲ-ਝਿਲਮਿਲ ਕਰਦੀਆਂ ਵਾਲ਼ੀਆਂ, ਧਾਰ ਕੱਢਣ ਗਈ ਦੇ ਮੂਹਰੇ ਧਰ ਦਿੱਤੀਆਂ ਤੇ ਬੋਲਿਆ, "ਲਾਹ ਦੇ ਭਾਬੀ ਇਹ ਪੁਰਾਣੇ ਡਿਜ਼ਾਇਨ ਦੇ ਕਾਂਟੇ... ਪਾ ਇਨ੍ਹਾਂ ਨੂੰ।"

ਲੈ ਭਾਈ ਮੈਂ ਤਾਂ ਸੁੰਨ ਹੋ ਗਈ। ਫਿਰ ਪਤਾ ਨਹੀਂ ਕਿਉਂ ਮੇਰਾ ਰੋਣ ਨਿੱਕਲ਼ ਗਿਆ, "ਲੈ ਜਾ ਇਨ੍ਹਾਂ ਨੂੰ... ਜਿੱਥੋਂ ਲਿਆਇਆ ਏਂ। ਤੂੰ ਮੈਨੂੰ ਵਸਣ ਨਹੀਂ ਦੇਣਾ?"

"ਤੈਨੂੰ ਕੋਈ ਕੁਝ ਨਹੀਂ ਕਹਿ ਸਕਦਾ। ਮੈਂ ਦੇਖ ਲਊਂ, ਜਿਹੜਾ ਕਹੂ।"

"ਮੈਂ ਤੈਨੂੰ ਕਹਿੰਦੀ ਹਾਂ, ਚੁੱਕ ਲੈ ਇਨ੍ਹਾਂ ਨੂੰ। ਤੇਰਾ ਵੀਰਾ ਤੇਰੀਆਂ ਵੀ ਟੰਗਾਂ ਵੱਢੂ, ਮੇਰੀਆਂ ਵੀ।"

"ਜੇ ਤੂੰ ਨਹੀਂ ਲਵੇਂਗੀ, ਮੈਂ ਘਰੋਂ ਦੌੜ ਜਾਣਾ ਏਂ। ਫੇਰ ਨਾ ਕਹੀਂ... ਮੈਂ ਗੱਡੀ ਹੇਠ...।" ਊਹ ਰੋਣ ਲੱਗ ਪਿਆ।

ਦੁੱਧ ਵਾਲ਼ੀ ਬਾਲਟੀ ਪਰ੍ਹੇ ਰੱਖ ਮੈਂ ਊਸ ਨੂੰ ਆਪਣੀ ਜੱਫੀ ਵਿੱਚ ਘੁੱਟ ਲਿਆ। ਬੜੀ ਦੇਰ ਤੱਕ ਇਕ ਨਿੱਕੇ ਬੱਚੇ ਵਾਂਗ ਮੈਂ ਊਸ ਦਾ ਮੂੰਹ ਚੁੰਮਦੀ ਰਹੀ। ਫਿਰ ਚੁੰਨੀ ਨਾਲ਼ ਊਸ ਦੀਆਂ ਅੱਖਾਂ ਪੂੰਝੀਆਂ, "ਬਿੰਦਰ... ਚੁੱਪ ਕਰ ਜਾ ਮੇਰੇ ਵੀਰ... ਚੁੱਪ ਕਰ ਜਾ ਮੇਰੇ ਸੁਹਣਿਆਂ... ਨਾ ਸਤਾ ਮੈਨੂੰ... ਤੂੰ ਹੀ ਸੋਚ, ਤੇਰੀਆਂ ਵਾਲ਼ੀਆਂ ਮੈਂ ਕਿਵੇਂ ਪਾ ਸਕਦੀ ਹਾਂ?"

"ਜਦੋਂ ਵੀਰਾ ਘਰ ਨਾ ਹੋਵੇ... ਉਦੋਂ ਪਾ ਲਿਆ ਕਰੀਂ।... ਨਹੀਂ ਕਹਿ ਦਵੀਂ... ਪੇਕਿਆਂ ਤੋਂ ਮਿਲੀਆਂ ਨੇ।" ਊਸ ਨੇ ਤਰਲੇ ਨਾਲ਼ ਕਿਹਾ।

ਹੁਣ ਮੈਂ ਉਹ ਵਾਲ਼ੀਆਂ ਇਨ੍ਹਾਂ ਤੋਂ ਛੁਪਾ ਕੇ ਪੇਟੀ ਵਿੱਚ ਰੱਖੀਆਂ ਹੋਈਆਂ ਨੇ। ਕਦੀ ਕਦੀ ਅੰਦਰੋਂ ਕੁੰਡੀ ਮਾਰ ਕੰਨਾਂ ਵਿੱਚ ਪਾ ਲੈਂਦੀ ਹਾਂ। ਸ਼ੀਸ਼ੇ ਵਿੱਚ ਝਾਕਦੀ ਹਾਂ। ਖੁਸ਼ ਹੁੰਦੀ ਹਾਂ। ਬਿੰਦਰ ਨੂੰ ਉਡੀਕਦੀ ਹਾਂ। ਮੈਂ ਇਨ੍ਹਾਂ ਨੂੰ ਕਦੀ ਇਸ ਤਰ੍ਹਾਂ ਕਿਉਂ ਨਹੀਂ ਉਡੀਕਦੀ? ਆਪਣੇ ਆਪ ਨੂੰ ਲਾਅਣਤਾਂ ਪਾਉਣ ਲਗਦੀ ਹਾਂ ਤੇ ਵਾਲ਼ੀਆਂ ਪੇਟੀ 'ਚ ਧਰ, ਪੁਰਾਣੇ ਕਾਂਟੇ ਕੰਨਾਂ ਵਿੱਚ ਲਟਕਾ ਬਾਰ ਖੋਲ੍ਹ ਦਿੰਦੀ ਹਾਂ। ਬਹੁਤ ਵਾਰੀ ਮੈਨੂੰ ਇੱਕੋ ਸੁਪਨਾ ਆਇਆ ਹੈ ਕਿ ਇਹ ਪੇਟੀ 'ਚੋਂ ਸਮਾਨ ਕੱਢ-ਕੱਢ ਬਾਹਰ ਸੁੱਟਦੇ ਜਾਂਦੇ ਹਨ। ਫਿਰ ਵਾਲ਼ੀਆਂ ਚਮਕਦੀਆਂ ਹਨ। ਇਹ ਬੜੀ ਉੱਚੀ ਉੱਚੀ ਬੋਲਦੇ ਤਲਵਾਰ ਲਹਿਰਾਉਂਦੇ ਹਨ। ਮੇਰੀ ਜਾਗ ਖੁੱਲ੍ਹ ਜਾਂਦੀ ਹੈ।

ਇਨ੍ਹਾਂ ਨੂੰ ਪੇਕੀਂ ਜਾਣ ਲਈ ਬਹੁਤ ਵਾਰ ਕਹਿ ਚੁੱਕੀ ਹਾਂ, ਪਰ ਇਹ ਟਾਲ਼ ਜਾਂਦੇ ਹਨ। ਵਾਲ਼ੀਆਂ ਦਾ ਇਹ ਕਾਲ਼ਾ ਧਨ ਚਿੱਟਾ ਕਰਨ ਲਈ ਦੇਖੋ ਅਜੇ ਕਿੰਨਾਂ ਚਿਰ ਹੋਰ ਤਸੀਹੇ ਸਹਿਣੇ ਪੈਣੇ ਹਨ।

ਤੂੰ ਇਹ ਨਾ ਸਮਝ ਲਵੀਂ ਕਿ ਇਹ ਮੈਨੂੰ ਪਿਆਰ ਹੀ ਨਹੀਂ ਕਰਦੇ। ਇਨ੍ਹਾਂ ਨੂੰ ਕਦੀ-ਕਦਾਈਂ ਦਾਰੂ ਪੀਣ ਦਾ ਝੱਸ ਹੈ। ਘਰ ਕਦੀ ਨਹੀਂ ਲਿਆਉਂਦੇ। ਬਾਹਰੋਂ ਹੀ ਪੀ ਕੇ ਆਉਣਗੇ। ਬੱਸ, ਉਸ ਦਿਨ ਆਉਂਦੇ ਹੀ ਅੱਗੇ ਪਿੱਛੇ ਫਿਰਨਗੇ, -ਜੱਸੀ, ਮੇਰਾ ਸੁਭਾਅ ਬਹੁਤ ਚੰਦਰਾ ਏ। ਜੱਸੀ, ਮੈਨੂੰ ਮਾਫ਼ ਕਰ ਦੇ। ਜੱਸੀ... ਜੱਸੀ...। ਇਹ ਮੇਰੇ ਵਾਲ਼ਾਂ ਨੂੰ ਸਹਿਲਾਉਂਦੇ ਹਨ। ਪਿਆਰ ਕਰਦੇ ਹਨ। ਇੰਝ ਕਦੀ ਕਦੀ ਰੁੱਸ ਵੀ ਲਈਦਾ ਹੈ। ਦਿਲ ਦੇ ਸਾਰੇ ਗ਼ਮਾਂ ਨੂੰ ਛੂਈ-ਮੂਈ ਕਰ ਦੇਈਦਾ ਹੈ। ਇੰਝ ਇਹ ਖੱਟੀ-ਮਿੱਠੀ ਜ਼ਿੰਦਗੀ ਅੱਗੇ ਵਧ ਰਹੀ ਹੈ।

ਜਦੋਂ ਕਾਲਜ ਪੜ੍ਹਦੇ ਸੀ, ਤੂੰ ਕਿਹਾ ਕਰਦੀ ਸੀ, ਕਿ ਹਰ ਹਫ਼ਤੇ ਇਕ ਦੂਜੇ ਨੂੰ ਖ਼ਤ ਲਿਖਿਆ ਕਰਾਂਗੇ। ਉਦੋਂ ਇਨ੍ਹਾਂ ਖੋਲ਼ਾਂ ਦਾ ਅਹਿਸਾਸ ਨਹੀਂ ਸੀ, ਜਿਨ੍ਹਾਂ ਵਿੱਚ ਦੁਬਕੇ ਬੈਠੇ ਹਾਂ। ਹੁਣ ਤਾਂ ਡਰੀਦਾ ਹੈ, ਕੋਈ ਸਹੇਲੀ ਖ਼ਤ ਹੀ ਨਾ ਪਾ ਦੇਵੇ। ਕੋਈ ਨਵੇਂ ਸਾਲ ਦਾ ਕਾਰਡ ਹੀ ਨਾ ਭੇਜ ਦੇਵੇ। ਛੱਤੀ ਦਰਾਂ ਵਾਲ਼ੀ ਕੋਠੜੀ ਦੇ ਸਾਰੇ ਦਰਾਂ ਨੂੰ ਅੰਦਰੋਂ ਤਾਲ਼ੇ ਲਾ ਧੁਰ ਅੰਦਰ ਬੈਠ ਕੇ ਹੀ ਦਿਲ ਨੂੰ ਸਕੂਨ ਮਿਲਦਾ ਹੈ।

ਮੈਂ ਜਾਣਦੀ ਹਾਂ ਤੇਰਾ ਪਤਾ ਮੇਰੇ ਕੋਲ਼ ਨਹੀਂ ਹੈ। ਫਿਰ ਵੀ ਤੈਨੂੰ ਖ਼ਤ ਲਿਖਿਆ ਹੈ। ਕਿੰਨਾਂ ਸਕੂਨ ਮਿਲਿਆ ਹੈ ਖ਼ਤ ਲਿਖ ਕੇ। ਹੁਣ ਸਭ ਕੁਝ ਬਦਲ ਗਿਆ ਹੈ ਸ਼ਿੰਦਰ, ਸਭ ਕੁਝ। ਕਾਸ਼! ਸਾਡੀ ਰਹਿੰਦੀ ਜ਼ਿੰਦਗੀ ਵਿੱਚ ਇਕ ਦਿਨ ਅਜਿਹਾ ਆ ਜਾਵੇ, ਤੂੰ ਹੋਵੇਂ, ਮੁਖਤਿਆਰ ਹੋਵੇ, ਮਲਕੀਤ ਹੋਵੇ ਤੇ ਮੈਂ ਹੋਵਾਂ... ਪਰ... ਪਰ... ਇੰਝ ਸੋਚਣਾ ਵੀ ਆਪਣੇ ਆਪ ਨੂੰ ਦੁਖੀ ਕਰਨਾ ਹੈ। ਹੁਣ ਤਾਂ ਹਾਸਾ ਉਨ੍ਹਾਂ ਗੱਲਾਂ 'ਤੇ ਆਉਂਦਾ ਹੈ, ਜੋ ਰੁਆਉਣ ਵਾਲ਼ੀਆਂ ਹੁੰਦੀਆਂ ਹਨ। ਵਿਹੜੇ ਦੀ ਧੁੱਪ ਵਿੱਚ ਹਾਰਾ ਪਿਆ ਹੈ, ਜਿਸ ਵਿੱਚੋਂ ਮਿੰਨਾ-ਮਿੰਨਾ ਧੂੰਆਂ ਉੱਠ ਰਿਹਾ ਹੈ। ਹੁਣੇ ਹੀ ਦਾਲ਼ ਵਾਲ਼ੀ ਤੌੜੀ ਬਾਹਰ ਕੱਢਾਂਗੀ ਤੇ ਤੈਨੂੰ ਲਿਖਿਆ ਇਹ ਖ਼ਤ ਹਾਰੇ ਦੀ ਭੁੱਬਲ਼ ਹੇਠ ਦਬਾ ਦਿਆਂਗੀ। ਨਾ ਜਲ਼ੇਗਾ, ਨਾ ਬਲ਼ੇਗਾ... ਬੱਸ ਖ਼ਾਮੋਸ਼ ਹੋਇਆ ਖ਼ਤ ਸਵਾਹ ਬਣ ਜਾਵੇਗਾ। ਹੈ ਨਾ ਕਿੰਨੀ ਹਾਸੇ ਵਾਲੀ ਗੱਲ।

ਕਹਾਣੀ

# ਯਾਰ-ਮਾਰ

## ਗੁਰਿੰਦਰ ਸਿੰਘ ਕਲਸੀ



ਗੁਰਿੰਦਰ ਸਿੰਘ ਕਲਸੀ

ਅੱਜ ਦਾ ਦਿਨ ਹੀ ਮਾੜਾ ਸੀ। ਦਫ਼ਤਰ ਵਿਚ ਸਾਥੀ ਕਲਰਕ ਨਾਲ ਝਗੜਾ ਹੋ ਗਿਆ। ਕੰਮਬਖ਼ਤ ਨੂੰ ਨਾ ਟਾਈਪ ਕਰਨੀ ਆਉਂਦੀ ਤੇ ਨਾ ਹੀ ਕੋਈ ਚਿੱਠੀ ਭੇਜਣੀ। ਕੰਪਿਊਟਰ ਚਲਾਉਣਾ ਤਾਂ ਬੜੀ ਦੂਰ ਦੀ ਗੱਲ ਹੈ।

ਕਿਸੇ ਕੰਮ ਸਬੰਧੀ ਤਣਾਓ ਦੀ ਸਥਿਤੀ ਵਿਚ ਮੈਥੋਂ ਉੱਚਾ-ਨੀਵਾਂ ਬੋਲਿਆ ਗਿਆ ਤਾਂ ਸਿੱਧਾ ਵੱਡੇ ਅਫ਼ਸਰ ਦੇ ਕਮਰੇ ਵਿਚ ਜਾ ਵੜ੍ਹਿਆ। ਮੇਰੀ ਲਿਖ਼ਤੀ ਸ਼ਿਕਾਇਤ ਕਰ ਆਇਆ। ਅੱਧੇ ਕੁ ਘੰਟੇ ਬਾਅਦ ਹੀ ਵੱਡੇ ਅਫ਼ਸਰ ਨੇ ਮੈਨੂੰ ਵੀ ਆਪਣੇ ਦਫ਼ਤਰ ਬੁਲਾ ਲਿਆ। ਅਵਾ-ਤਬਾ ਬੋਲਿਆ। ਉਹ ਉਪਰਲੇ ਦਫ਼ਤਰ ਤਕ ਵੀ

ਬੜਾ ਹੈਰਾਨ ਹਾਂ, ਉਹ ਮੇਰੇ ਕੋਲ਼ੋਂ,
ਸਮੁੰਦਰ ਹੋ ਕੇ ਪਾਣੀ ਮੰਗਦਾ ਹੈ। -ਤਰਸੇਮ ਨੂਰ

ਸ਼ਿਕਾਇਤ ਪਹੁੰਚਾਉਣ ਬਾਰੇ ਕਹਿ ਰਿਹਾ ਸੀ। ਮਸੀਂ ਠੰਢਾ ਕੀਤਾ।

ਦਿਮਾਗ਼ ਆਪਣੇ ਤਣਾਓ ਦੀਆਂ ਹੱਦਾਂ ਟੱਪ ਚੁੱਕਿਆ ਸੀ। ਦਫ਼ਤਰੀ ਕੰਮ ਦੇ ਬੋਝ ਕਾਰਣ ਛੁੱਟੀ ਵੀ ਪੰਜ ਦੀ ਥਾਂ ਸਾਢੇ ਪੰਜ ਹੀ ਕਰਨੀ ਪਈ। ਕਾਹਦਾ ਓਵਰ-ਟਾਈਮ? ਕਦੇ ਕੋਈ ਪੈਸਾ ਮਿਲਿਐ? ਬਸ ਸਭ ਕੁਝ ਵਗਾਰ। ਸਰਦੀਆਂ ਦੇ ਦਿਨ। ਛੇਤੀ ਹੀ ਹਨੇਰਾ ਉਤਰ ਆਇਆ ਸੀ ਜਦੋਂ ਮੈਂ ਦਫ਼ਤਰ ਦੀਆਂ ਪੌੜੀਆਂ ਉਤਰ ਰਿਹਾ ਸੀ।

"ਆ ਜੋ, ਆ ਜੋ ਸਾਹਬ ਜੀ, ਕਿੱਧਰ ਨੂੰ ਚੱਲੇ ਤੁਸੀਂ, ਆ ਜੋ ਕੁਆਟਰ ਚੱਲਦੇ ਆਂ, ਬਹਿੰਦੇ ਆਂ ਦੋ ਘੜੀ।" ਇਹ ਪੀਅਨ ਕੁਲਵੰਤ ਸੀ। ਪਹਿਲੀ ਮੰਜ਼ਿਲ ਉਤੇ ਪੌੜੀਆਂ ਦੇ ਕੋਲ ਖੜ੍ਹਾ ਸੀ। ਮੈਂ ਤਣਾਓ ਨਾਲ ਲਰਜ਼ਦੇ ਚਿਹਰੇ ਅਤੇ ਫ਼ਰਕਦੇ ਬੁੱਲ੍ਹਾਂ ਨਾਲ ਉਸ ਦੇ ਕੋਲ ਗਿਆ। ਅੱਜ ਸ਼ਰਾਬ ਦੇ ਸਹਾਰੇ ਦੀ ਸੱਚਮੁੱਚ ਲੋੜ ਸੀ। ਸੋਚਿਆ ਕਿ ਅੱਧੇ ਕੁ ਘੰਟੇ ਵਿਚ ਦੋ ਤਿੰਨ ਕੁ ਪੈਗ ਲਗਾ ਕੇ ਜਲਦੀ ਹੀ ਘਰ ਚਲੇ ਜਾਵਾਂਗਾ।

"ਆ ਜੋ, ਆ ਜੋ ਸਾਹਬ ਜੀ, ਐਨਾ ਗੁੱਸਾ ਕਿਉਂ ਕਰਿਐ? ਇਹ ਕੋਈ ਬੰਦੇ ਆਂ, ਸਾਲੇ ਸਿਫਾਰਸ਼ੀ, ਇੱਲ੍ਹ ਤੇ ਕੁੱਕੜ ਨੀਂ ਆਉਂਦਾ ਇਹਨਾਂ ਨੂੰ, ਮੇਰੇ ਬਰਾਬਰ ਟਾਈਪ ਕਰ ਲੈਣ ਜੇ ਕਰਨੀ ਆਂ।" ਕੁਲਵੰਤ ਆਪਣੇ ਦਿਲ ਦਾ ਦਰਦ ਫਰੋਲ ਰਿਹਾ ਸੀ।

"ਚੱਲ ਫੇਰ।" ਮੈਂ ਆਪਣੇ ਸਕੂਟਰ ਪਿੱਛੇ ਕੁਲਵੰਤ ਨੂੰ ਬਿਠਾ ਕੇ ਬਜ਼ਾਰ ਵੱਲ ਚੱਲ ਪਿਆ ਸੀ।

ਕੁਲਵੰਤ ਦੇ ਕੁਆਟਰ ਵਿਚ ਬੈਠ ਕੇ ਗੱਲਾਂ ਦੇ ਗੋਲੇ ਉੱਧੜਨੇ ਸ਼ੁਰੂ ਹੋ ਗਏ ਸਨ। ਕੁਲਵੰਤ ਦਾ ਦਰਦ ਸੀ ਕਿ ਵਿਭਾਗ ਉਸ ਦਾ ਟਾਈਪ ਟੈਸਟ ਨਹੀਂ ਲੈ ਰਿਹਾ ਜਿਸ ਦੇ ਕਾਰਣ ਉਹ ਕਲਰਕ ਨਹੀਂ ਬਣ ਰਿਹਾ ਅਤੇ ਉਹ ਚਪੜਾਸੀ ਦੀ ਆਸਾਮੀ ਉੱਤੇ ਧੱਕੇ ਖਾ ਰਿਹਾ ਹੈ। ਗੱਲਾਂ-ਗੱਲਾਂ ਵਿਚ ਪਤਾ ਹੀ ਨਾ ਲੱਗਿਆ ਕਿ ਅਧੀਆ ਕਦੋਂ ਖ਼ਤਮ ਹੋ ਗਿਆ। ਖਾਣ-ਪੀਣ ਦਾ ਸਮਾਨ ਬਹੁਤ ਬਚਿਆ ਪਿਆ ਸੀ। ਕੁਲਵੰਤ ਬਹੁਤ ਘੱਟ ਖਾਂਦਾ ਸੀ। ਮੈਂ ਬਹੁਤ ਜ਼ਿਆਦਾ ਖਾ ਗਿਆ ਸੀ।

ਸਵਾ ਛੇ ਉਸ ਦੇ ਕੁਆਟਰ ਵਿਚ ਹੀ ਹੋ ਗਏ ਸਨ। ਅਚਾਨਕ ਉਹ ਉਠਿਆ ਅਤੇ ਕਿੱਲੀਆਂ ਨਾਲ ਲਟਕਦੇ ਕੱਪੜਿਆਂ ਦੀਆਂ ਜੇਬਾਂ ਫਰੋਲਣ ਲੱਗਿਆ।

"ਕਿਆ ਹੋ ਗਿਆ ਹੁਣ ਕੁਲਵੰਤ?" ਮੈਂ ਉਸ ਦੀ ਰਮਜ਼ ਨੂੰ ਕੁਝ-ਕੁਝ ਪਛਾਣਦਿਆਂ ਪੁੱਛਿਆ।

"ਪਊਆ ਹੋਰ ਲਿਆਉਂਦੇ ਆਂ... ਬਣਿਆ ਤਾਂ ਹੈ ਨੀਂ ਕੁਸ਼।" ਉਸ ਦੇ ਹੱਥ ਦੋ ਸੌ ਦਾ ਨੋਟ ਲੱਗ ਗਿਆ ਸੀ। ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕਰ ਕੇ ਉਹ ਕੁਆਟਰ ਦੀਆਂ ਪੌੜੀਆਂ ਉਤਰ ਗਿਆ ਸੀ।

ਉਥੋਂ ਨਿਕਲਦਿਆਂ ਸਾਢੇ ਸੱਤ ਵੱਜ ਗਏ ਸਨ। ਬਹੁਤ ਲੇਟ ਹੋ ਗਿਆ ਸੀ। ਮੂਡ ਠੀਕ ਹੋਣ ਦੀ ਥਾਂ ਹੋਰ ਖ਼ਰਾਬ ਹੋ ਗਿਆ ਸੀ।

ਘਰ ਪਹੁੰਚਦਿਆਂ ਸ਼ਰਾਬ ਪੀਤੀ ਹੋਣ ਕਾਰਣ ਅਤੇ ਹੱਦੋਂ ਵੱਧ ਲੇਟ ਹੋ ਜਾਣ ਕਾਰਣ ਘਰਵਾਲੀ ਵੀ ਲੜ ਪਈ। ਬਹੁਤਾ ਦੁਖ ਤਾਂ ਉਸਨੂੰ ਕਈ ਜ਼ਰੂਰੀ ਕੰਮਾਂ ਦੇ ਰਹਿ ਜਾਣ ਕਾਰਨ ਹੋਇਆ ਸੀ।

ਨਸ਼ੇ ਵਿਚ ਘਰਵਾਲੀ ਨਾਲ ਅਬਾ-ਤਬਾ ਬੋਲ ਕੇ ਮੈਂ ਆਪਣੇ ਕਮਰੇ ਵਿਚ ਆ ਕੇ ਬੈੱਡ ਉਤੇ ਲਗਭਗ ਡਿਗ ਹੀ ਪਿਆ ਸੀ ਕਿ ਉਦੋਂ ਹੀ ਮੇਰੇ ਮਿੱਤਰ ਕਰਮੇਂ ਦਾ ਫ਼ੋਨ ਆ ਗਿਆ। ਉਹ ਵੀ ਅੱਗਿਓਂ ਜਲਿਆ-ਭੁੱਝਿਆ ਬੋਲ ਰਿਹਾ ਸੀ।

"ਹੋਰ ਜੱਸੀ, ਕਿਮੇਂ ਆਂ, ਕਿਆ ਬਣਾਉਂਦੈਂ ਤੂੰ? ਜਾ ਆਇਆ ਲੁਧਿਆਣੇ ਤੂੰ ਫੇਰ?"

"...ਹਾਂ ...ਹਾਂ... ਬਸ ਠੀਕ ਹਾਂ, ਲੁਧਿਆਣੇ ਤਾਂ ਗਿਆ ਤਾ ਮੈਂ ਐਤਵਾਰ ਨੂੰ ਮੈਨੂੰ ਇਕ ਹੋਰ ਕੰਮ ਪੈ ਗਿਆ ਤਾ, ਲੁਧਿਆਣੇ ਰਿਸ਼ਤੇਦਾਰੀ ਵਿਚ।"

ਮੇਰੀ ਆਵਾਜ਼ ਥਥਲਾ ਰਹੀ ਸੀ, ਅੱਖਾਂ ਤੱਪੀਆਂ ਹੋਈਆਂ ਅਤੇ ਸਿਰ ਭਾਰਾ ਸੀ।

"... ਜੱਸੀ, ਬਹੁਤ ਕਮੀਨਾ ਹੈਂ ਤੂੰ, ਤੂੰ ਮੈਨੂੰ ਕਿਹਾ ਸੀ ਬਈ ਦਰਸ਼ਨ ਦੇ ਪ੍ਰੋਗਰਾਮ ਵਿਚ ਨਹੀਂ ਜਾਣਾ, ਪਰ ਤੂੰ ਫੇਰ ਵੀ ਚਲੇ ਗਿਆ, ਲੱਗ ਗਿਆ ਪਤਾ ਮੈਨੂੰ, ਦੇਖਲੀਆਂ ਮੈਂ ਫੋਟੋਆਂ ਫੇਸਬੁੱਕ 'ਪਰ।"

ਕਰਮੇਂ ਦੇ ਸ਼ਬਦ ਦਿਲ ਚੀਰਦੇ ਜਾ ਰਹੇ ਸਨ। ਕਮੀਨੇ ਸ਼ਬਦ ਨੇ ਤਾਂ ਇਕ ਤਿੱਖੀ ਤਾਰ ਜਿਹੀ ਚੀਸ ਨਾਲ ਦਿਲ-ਦਿਮਾਗ਼ ਸੁੰਨ ਕਰ ਦਿੱਤੇ ਪਰ ਮੈਂ ਫਿਰ ਵੀ ਸੰਭਲਦਿਆਂ ਕਿਹਾ: "... ਯਾਰ ਤੈਨੂੰ ਦੱਸ ਤਾਂ ਰਿਹੈਂ, ਬੀ ਮੇਰਾ ਕੋਈ ਪ੍ਰੋਗਰਾਮ ਨਹੀਂ ਸੀ, ਉਹ ਤਾਂ ਘਰਵਾਲੀ ਨੇ ਕਿਹਾ ਕਿ ਇੱਕ ਸਾੜੀ ਲੁਧਿਆਣੇ ਪਕੜਾਉਣੀ ਸੀ, ਰਿਸ਼ਤੇਦਾਰਾਂ ਦੇ ਤਾਂ ਮੈਂ ਚਲੇ ਗਿਆ, ਬੀ ਘਰ ਦਾ ਕੰਮ ਵੀ ਹੋ ਜੂ ਤੇ ਮੈਂ ਪ੍ਰੋਗਰਾਮ ਵਿਚ ਵੀ ਗੇੜਾ ਕੱਢ ਆਊਂ ਹੋਰ ਕਿਆ?"

"... ਰਹਿਣ ਦੇ, ਰਹਿਣ ਦੇ, ਤੈਨੂੰ ਲੱਗਦੈ ਬੀ ਦਰਸ਼ਨ ਦੇ ਮਗਰ ਲੱਗ ਕੇ, ਨਾਲੇ ਸੁਸ਼ੀਲ ਦੇ ਮਗਰ ਲੱਗ ਕੇ ਤੈਨੂੰ ਅਵਾਰਡ ਮਿਲ ਜੂ, ਬਹੁਤ ਚਲਾਕ ਆਂ ਤੂੰ। ਕਮੀਨਿਆਂ।"

ਕਰਮਾ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ। ਮੇਰੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚ ਰਹੇ ਸਨ, ਨਸ਼ੇ ਦਾ ਅਸਰ ਬਹੁਤ ਵਧ ਚੁੱਕਿਆ ਸੀ। ਪਰ ਫੇਰ ਵੀ ਮੈਂ ਜਵਾਬ ਦਿੱਤਾ:

"... ਯਾਰ ਮੈਂ ਕਿਆ ਕਰਨੇ ਆ ਅਵਾਰਡ, ਅੱਗੇ ਮੈਂ ਅਵਾਰਡ ਏ ਲੈਂਦਾ ਫਿਰਦੈਂ, ਮੇਰੀ ਨੀਂ ਆਦਤ ਲੋਕਾਂ ਦਾ ਝੋਲੀ ਚੁੱਕ ਬਣਨ ਦੀ...।"

"... ਤੂੰ ਹੈਂ ਈਂ ਝੋਲੀ ਚੁੱਕ... ਝੱਲਾ... ਜੱਸੀ ਤੈਨੂੰ ਅਕਲ ਨੀਂ ਆਉਣੀ ਕਦੇ।"

... ਚੱਲ ਨਹੀਂ ਆਉਣੀ ਤਾਂ ਨਾ ਸਹੀ, ਛੱਡ ਪਰ੍ਹਾਂ ਫੇਰ ਜੇ ਹੈਗਾ ਏਂ ਕਮੀਨਾ, ਝੱਲਾ ਜਾਂ ਝੋਲੀ ਚੁੱਕ ਤਾਂ ਹੈਗਾ ਏਂ ਫੇਰ...।"

ਇਹ ਕਹਿੰਦਿਆਂ ਮੈਂ ਫ਼ੋਨ ਕੱਟ ਦਿੱਤਾ ਸੀ ਅਤੇ ਰਜਾਈ ਲਪੇਟ ਕੇ ਬਿਨਾਂ ਰੋਟੀ ਖਾਧਿਆਂ ਹੀ ਸੌਂ ਗਿਆ ਸੀ। ਪੇਟ ਵਿਚ ਤੇਜ਼ਾਬੀ ਮਾਦਾ ਬਹੁਤ ਵਧਣ ਲੱਗ ਪਿਆ ਸੀ। ਅਫ਼ਸੋਸ ਤਾਂ ਬਹੁਤ ਸੀ ਪੱਚੀ-ਤੀਹ ਸਾਲ ਪੁਰਾਣੀ ਦੋਸਤੀ ਦੇ ਟੁੱਟ ਜਾਣ ਦਾ, ਪਰ ਇਸ ਵਾਰ ਮੈਂ ਪੱਕਾ ਮਨ ਬਣਾ ਲਿਆ ਸੀ। ਮੈਂ ਇਸ ਤਰਾਂ ਕਦੇ ਵੀ ਉਸ ਦੇ ਨਾਲ ਉੱਚੀ ਆਵਾਜ਼ ਵਿਚ ਨਹੀਂ ਬੋਲਿਆ ਸਾਂ। ਕਦੇ ਵੀ ਉਸ ਨੂੰ ਕੋਈ ਮਾੜਾ ਸ਼ਬਦ ਨਹੀਂ ਬੋਲਿਆ ਸੀ ਪਰ ਉਹ ਅਕਸਰ ਹੀ ਮੈਨੂੰ ਝੱਲਾ, ਬੇਅਕਲਾ ਅਤੇ ਬੌਂਗਾ ਜਿਹੇ ਸ਼ਬਦ ਵਰਤ ਲੈਂਦਾ ਸੀ।

ਅਸੀਂ ਦੋਵੇਂ ਲੇਖਕ ਸਾਂ। ਕਵੀ ਸਾਂ। ਉਸਦਾ ਕੰਮ ਮੇਰੇ ਨਾਲੋਂ ਕਾਫ਼ੀ ਜ਼ਿਆਦਾ ਸੀ ਅਤੇ ਉਮਰ ਵਿਚ ਵੀ ਸਾਲ-ਡੇਢ ਸਾਲ ਵੱਡਾ। ਉਸ ਤੋਂ ਬਿਨਾਂ ਮੇਰੇ ਕੋਈ ਖਾਸ ਲੇਖਕ ਦੋਸਤ ਨਹੀਂ ਸਨ। ਬਸ ਏਹੀ ਦੋ-ਚਾਰ। ਸਾਡੀ ਬਣਦੀ ਵੀ ਬਹੁਤ ਸੀ। ਅਸੀਂ ਇਕੱਠੇ ਖਾਂਦੇ-ਪੀਂਦੇ, ਪਾਰਟੀਆਂ ਕਰਦੇ, ਸਾਹਿਤਕ ਸਮਾਗਮਾਂ ਵਿਚ

ਇਹ ਜੋ ਕਿਰਸਾਨ ਦੁਨੀਆ ਦਾ ਹਮੇਸ਼ਾ ਪੇਟ ਭਰਦੇ ਨੇ।
ਉਹ ਭੁੱਖੇ ਆਪ ਕਿਉਂ ਰੁੱਖ ਨਾਲ ਫਾਹਾ ਲੈ ਕੇ ਮਰਦੇ ਨੇ। (ਅਗਲੇ ਸਫ਼ੇ 'ਤੇ)

ਜਾਂਦੇ। ਲੇਖਕਾਂ ਦੀਆਂ ਚੁਗਲੀਆਂ ਕਰ ਕੇ ਮਜ਼ੇ ਲੈਂਦੇ।

ਮੇਰੇ ਦੇਖਦਿਆਂ ਦੇਖਦਿਆਂ ਉਸ ਦੀਆਂ ਕਈ ਦੋਸਤੀਆਂ ਬਣੀਆਂ। ਕਈ ਨਵੇਂ ਲੇਖਕ ਮੇਰੇ ਵਾਂਗ ਉਸ ਵੱਲ ਖਿੱਚੇ ਜਾਂਦੇ, ਪਰ ਸਾਲ-ਡੇਢ ਸਾਲ ਵਰਤ ਕੇ ਹੀ ਪਿੱਛੇ ਹਟ ਜਾਂਦੇ। ਆਪਣਾ ਰਸਤਾ ਜਾਂ ਸਾਹਿਤਕ ਗਰੁੱਪ ਬਦਲ ਲੈਂਦੇ। ਲੋਕ ਉਸ ਨੂੰ ਵਰਤਦੇ ਸਨ ਅਤੇ ਉਹ ਲੋਕਾਂ ਨੂੰ।

ਦਰਸ਼ਨ ਵੀ ਕਦੇ ਉਸ ਦਾ ਪੱਕਾ ਦੋਸਤ ਸੀ। ਉਸ ਦੇ ਨਾਲ ਹੀ ਗੁਆਂਢ ਵਿਚ ਰਹਿੰਦਾ। ਦਰਸ਼ਨ ਨਵਾਂ ਲੇਖਕ ਸੀ। ਪਤਾ ਨਹੀਂ ਚੰਗਾ ਸੀ ਕਿ ਮਾੜਾ ਪਰ ਜਦੋਂ ਮੈਂ ਕਰਮੇ ਕੋਲ ਜਾਣਾ ਤਾਂ ਉਸ ਨੇ ਮੈਨੂੰ ਦਰਸ਼ਨ ਨਾਲ ਮਿਲਣ ਨਾ ਦੇਣਾ।

ਦਰਸ਼ਨ ਵੀ ਮਨੋਂ-ਮਨੀਂ ਉਸ ਤੋਂ ਦੂਰ ਹੋ ਚੁੱਕਿਆ ਸੀ ਅਤੇ ਸਾਹਿਤ ਦੇ ਖੇਤਰ ਵਿਚ ਨਵੀਆਂ ਪੈੜਾਂ ਪਾਉਂਦਾ ਪਾਉਂਦਾ ਕਈ ਇਨਾਮ-ਸਨਮਾਨ ਹਾਸਲ ਕਰ ਚੁੱਕਿਆ ਸੀ। ਉਹਨਾਂ ਦੀ ਆਪਸੀ ਖੁੰਦਕਬਾਜ਼ੀ ਬਹੁਤ ਵਧ ਚੁੱਕੀ ਸੀ ਪਰ ਮੈਂ ਇਸ ਤੋਂ ਕੀ ਲੈਣਾ ਸੀ।

ਪਰ ਮੈਂ ਇਹ ਦੋਸਤੀ ਛੱਡਣੀ ਨਹੀਂ ਸੀ ਚਾਹੁੰਦਾ। ਹਾਲਾਂਕਿ ਅਜਿਹੇ ਕਈ ਮੌਕੇ ਵੀ ਆਏ। ਲੋਕਾਂ ਦੀ ਨਿੰਦਿਆ-ਚੁਗਲੀ ਨੇ ਵੀ ਆਪਣੇ ਰੰਗ ਦਿਖਾਏ। ਪਰ ਸਾਡੀ ਦੋਸਤੀ ਕਾਇਮ ਰਹੀ। ਸਿਰਫ਼ ਇਕ ਵਾਰ ਨੂੰ ਛੱਡ ਕੇ। ਦੋ-ਡੇਢ ਸਾਲ ਪਹਿਲਾਂ ਇਕ ਬਹੁਤ ਵੱਡਾ ਝਟਕਾ ਲੱਗਿਆ ਸੀ।

ਉਹ ਵੀ ਸਰਦੀਆਂ ਦੀ ਇਕ ਬਰਫ਼ੀਲੀ ਸ਼ਾਮ ਸੀ। ਮੇਰੀ ਸ਼ਾਮ ਬਿਲਕੁਲ ਵਿਹਲੀ ਸੀ ਅਤੇ ਮੈਂ ਘਰ ਦੀ ਛੱਤ ਉਪਰ ਟਹਿਲ ਰਿਹਾ ਸੀ। ਕਰਮੇ ਦਾ ਫ਼ੋਨ ਲਗਭਗ ਹਰ ਰੋਜ਼ ਹੀ ਆਉਂਦਾ ਸੀ। ਉਸ ਸ਼ਾਮ ਵੀ ਆਇਆ:

"... ਹਾਂ ਜੱਸੀ, ਕਿਆ ਕਰ ਰਿਹੈਂ?"

"... ਬਸ ਕੁਸ਼ ਨੀਂ, ਕਿਆ ਕਰਨੈਂ?"

"... ਘਰਦਿਆਂ ਤੋਂ ਚੋਰੀ ਚੋਰੀ ਪੈੱਗ ਲਗਾਉਣ ਚੜ੍ਹਿਆ ਹੋਏਂਗਾ ਕੋਠੇ ਉੱਪਰ।"

ਇਹ ਸੁਣ ਕੇ ਮੈਂ ਹਲਕਾ ਜਿਹਾ ਹੱਸਿਆ ਅਤੇ ਬੋਲਿਆ:

"... ਹਾਂ ...ਜਾਣੀ-ਜਾਣ ਹੈਂ ਤੂੰ ...ਰੱਖੀ ਹੋਈ ਆ ਗਮਲਿਆਂ ਵਿਚ ਛੁਪਾ ਕੇ ਬੋਤਲ, ਨਾਲੇ ਪਾਣੀ, ਨਾਲੇ ਜੇਬ ਵਿਚ ਨਮਕੀਨ।

"... ਕਿਹੜੀ ਆ?

"... ਕਿਹੜੀ? ਸਿਗਨੇਚਰ ਆ।

"... ਆਹ ਹਾ, ਹੁਣ ਆਈ ਆ ਤੈਨੂੰ ਅਕਲ ਝੱਲੇ ਨੂੰ, ਹੁਣ ਵਧੀਆ ਤੂੰ ਘਰੇ ਬੈਠ ਕੇ ਪੀਣ ਲੱਗ ਪਿਆ, ਐਵੇਂ ਬਾਹਰ ਗਿੱਲ ਵਰਗੇ ਬੰਦਿਆਂ ਨਾਲ ਬੈਠ ਬੈਠ ਕੇ ਤੇਰਾ ਵੀ ਦਿਮਾਗ਼ ਖ਼ਰਾਬ ਹੋ ਜਾਂਦਾ, ਨਾਲੇ ਬਾਹਰ ਪੀਤੀ ਵੀ ਵੱਧ ਜਾਂਦੀ।"

"... ਹਾਂ... ਹਾਂ ...ਨਾਲੇ ਬਾਹਰ ਖਰਚਾ ਵੀ ਵੱਧ ਹੋ ਜਾਂਦਾ।"

"... ਫੇਰ ਮੈਨੂੰ ਵੀ ਏਹੀ ਪਿਲਾਈਂ, ਜਦ ਮੈਂ ਆਇਆ, ਮੇਰੇ ਮੂਹਰੇ ਤਾਂ ਤੂੰ ਓਫ਼ੀਸਰ ਚੁਆਇਸ ਰੱਖ ਦਿੰਨੈਂ, ਗਿੱਲ ਉਨ੍ਹਾਂ ਨੂੰ ਨਾਲੇ ਚਰਨਜੀਤ ਵਰਗਿਆਂ ਨੂੰ ਸਿਗਨੇਚਰ ਪਿਲਾਉਂਦੈਂ।"

"... ਓ ਨਹੀਂ ਨਹੀਂ ਯਾਰ, ਤੂੰ ਆ ਜਾ ਜਦ ਮਰਜ਼ੀ, ਅੱਗੇ ਤੈਨੂੰ ਕਦੇ ਨਾਂਹ ਕਰੀ ਆ, ਕਦ ਆਉਣੈਂ।"

"... ਅਜੇ ਪਿਛਲੇ ਐਤਵਾਰ ਤਾਂ ਆ ਕੇ ਗਿਐਂ, ਚੱਲ ਛੱਡ ਜੱਸੀ, ਮੈਂ ਤੈਨੂੰ ਫ਼ੋਨ ਅੱਜ ਇਕ ਬਹੁਤ ਜ਼ਰੂਰੀ ਕੰਮ ਵਾਸਤੇ ਕਰਿਐ, ਆਪਾਂ ਨੇ ਇੱਕ ਕੰਮ ਕਰਨੈਂ, ਆਪਾਂ ਨੇ ਇਕ ਹਿੰਦੀ ਕਵੀ ਧਵਨ ਪਰਮ ਦੀ ਕਿਤਾਬ ਪੰਜਾਬੀ ਵਿਚ ਅਨੁਵਾਦ ਕਰਨੀ ਆਂ। ਉਸ ਦੀ ਬਹੁਤ ਵਧੀਆ ਕਿਤਾਬ ਆਈ ਆ ਹਿੰਦੀ ਵਿਚ "ਔਰਤ ਕੀ ਸਾਂਸੇ" ਬਹੁਤ ਵੱਡਾ ਕਵੀ ਆ ਹਿੰਦੀ ਦਾ।

"... ਅੱਛਿਆ, ਬਹੁਤ ਵਧੀਆ ਗੱਲ ਹੈ ਇਹ ਤਾਂ।"

"... ਪਰ ਜੱਸੀ ਇਹ ਕੰਮ ਕਰਨਾ ਆਪਾਂ ਦੋਹਾਂ ਨੇ ਮਿਲ ਕੇ ਐ, ਵਧੀਆ ਤਰੀਕੇ ਨਾਲ ਛਾਪਾਂਗੇ, ਆਪਾਂ ਕਿਤਾਬ ਨੂੰ, ਆਪਾਂ ਰਲ ਕੇ ਕੰਮ ਕਰਾਂਗੇ, ਤੇਰਾ ਬਾਇਓ-ਡਾਟਾ ਛਪੂਗਾ ਕਿਤਾਬ ਵਿਚ, ਤੇਰੀ ਫ਼ੋਟੋ ਵੀ। ਮੇਰਾ ਵੀ ਬਾਇਓ-ਡਾਟਾ ਛਪੂਗਾ ਨਾਲੇ ਫ਼ੋਟੋ ਵੀ, ਆਪਾਂ ਧਵਨ ਪਰਮ ਦਾ ਬਾਇਓ-ਡਾਟਾ ਅਤੇ ਫ਼ੋਟੋ ਵੀ ਛਾਪੂੰਗੇ, ਬੱਲੇ ਬੱਲੇ ਹੋ ਜਾਣੀ ਐ, ਜੱਸੀ।

"... ਹਾਂ, ਹਾਂ ਇਹ ਤਾਂ ਬਹੁਤ ਵਧੀਆ ਹੈ, ਕਿਤਾਬ ਤਾਂ ਵਧੀਆ ਹੀ ਛਪੇਗੀ ਨਾਲੇ ਇਹ ਚਰਚਿਤ ਵੀ ਹੋਊ। ਫੇਰ ਕਿਸ ਤਰ੍ਹਾਂ ਕਰਨੈ, ਭੇਜ ਦੇ ਕਿਤਾਬ ਮੈਨੂੰ।"

"... ਭੇਜਣੀ ਕਿਆ ਐ, ਤੂੰ ਆ ਜਾ ਕਿਸੇ ਦਿਨ, ਨਾਲੇ ਕਿਤਾਬ ਲੈ ਜਾ ਨਾਲੇ ਤੈਨੂੰ ਦਾਰੂ ਪਿਲਾਉਂਦੇ ਆਂ, ਰੋਇਲ ਸਟੈਗ ਦੀ ਪੇਟੀ ਲੈ ਕੇ ਰੱਖੀ ਆ ਆਪਾਂ।"

"... ਹਾਂ, ਹਾਂ, ਠੀਕ ਆ। ਨਾਲੇ ਤੁਹਾਡੇ ਪ੍ਰਕਾਸ਼ਨ ਦੀਆਂ ਨਵੀਆਂ ਛਪੀਆਂ ਕਿਤਾਬਾਂ ਵੀ ਲੈ ਜਾਊਂ।"

"... ਹਾਂ...ਹਾਂ... ਆ ਜਾ। ਕਈ ਬੀਬੀਆਂ ਦੀਆਂ ਵਧੀਆ ਕਿਤਾਬਾਂ ਛਾਪੀਆਂ ਆਪਾਂ। ਆ, ਜਾ ਕਿਸੇ ਦਿਨ ਛੁੱਟੀ ਤੋਂ ਬਾਅਦ, ਤੈਨੂੰ ਬੱਸ ਚੜ੍ਹਾ ਦਿਊਂ ਡਾਲਡਾ ਚੌਂਕ ਵਿੱਚੋਂ।"

"... ਹਾਂ...ਹਾਂ... ਠੀਕ ਹੈ, ਦੇਖਦਾ ਹਾਂ ਸ਼ਾਇਦ ਬੁੱਧਵਾਰ ਨੂੰ ਹੀ ਆ ਜਾਵਾਂ ਬਾਅਦ ਦੁਪਹਿਰ।"

"... ਹਾਂ...ਹਾਂ... ਆ ਜਾ, ਜੱਸੀ, ਜੱਸੀ ਯਾਰ! ਮੈਨੂੰ ਇਕ ਫ਼ੋਨ ਆ ਰਿਹੈ ਵਿਚ ਅਮਰੀਕਾ ਤੋਂ, ਮੈਂ ਬਾਅਦ ਵਿਚ ਗੱਲ ਕਰਦੈਂ।"

... ਕਰਮੇਂ ਦਾ ਫ਼ੋਨ ਕਟ ਗਿਆ ਸੀ ਅਤੇ ਮੈਂ ਨਵੇਂ ਕੰਮ ਦੀ ਇਕ ਅਥਾਹ ਖੁਸ਼ੀ ਨਾਲ ਭਰ ਗਿਆ ਸੀ।

ਮੇਰੇ ਦੋ ਢਾਈ ਮਹੀਨੇ ਲੱਗ ਗਏ ਸਨ ਧਵਨ ਪਰਮ ਦੀਆਂ ਕਵਿਤਾਵਾਂ ਦੀ ਕਿਤਾਬ 'ਔਰਤ ਕੀ ਸਾਂਸੇ' ਦੀਆਂ ਸਮੁੱਚੀਆਂ ਕਵਿਤਾਵਾਂ ਦਾ ਅਨੁਵਾਦ ਕਰਦਿਆਂ। ਬਹੁਤ ਵਧੀਆ ਕਵਿਤਾਵਾਂ। ਹਰ ਕਵਿਤਾ ਇਕ ਨਵੀਂ ਹੀ ਖਿੜਕੀ ਖੋਲ੍ਹ ਦਿੰਦੀ। ਹਰ ਖਿੜਕੀ ਵਿਚ ਇਕ ਨਵੀਂ ਹੀ ਔਰਤ ਸਾਹਮਣੇ ਆ ਕੇ ਖੜ੍ਹ ਜਾਂਦੀ। ਡੇਢ ਸੌ ਪੰਨਿਆਂ ਦਾ ਇਕ ਮੋਟਾ ਰਜਿਸਟਰ ਇਹਨਾਂ ਕਵਿਤਾਵਾਂ ਨਾਲ ਭਰ ਗਿਆ ਸੀ ਅਤੇ ਮੈਂ ਇਕ ਮਹੱਤਵਪੂਰਨ ਕੰਮ ਦੀ ਨਵੀਂ ਕਿਤਾਬ ਛਪਣ ਦੀ ਖੁਸ਼ੀ ਵਿਚ ਅਨੁਵਾਦਿਤ ਕਵਿਤਾਵਾਂ ਦਾ ਇਹ ਰਜਿਸਟਰ ਚਾਈਂ-ਚਾਈਂ ਕਰਮੇ ਨੂੰ ਦੇ ਆਇਆ ਸੀ।

ਅਚਾਨਕ ਹੀ ਕਰਮਾ ਨਾਰਾਜ਼ ਹੋ ਗਿਆ। ਪਹਿਲਾਂ ਵੀ ਦੋ-ਤਿੰਨ ਵਾਰ ਨਾਰਾਜ਼ ਹੋ ਚੁੱਕਿਆ ਸੀ ਪਰ ਮੈਂ ਹਰ ਕੋਸ਼ਿਸ਼ ਕਰ ਕੇ ਉਸ ਨੂੰ ਮਨਾ ਵੀ ਲੈਂਦਾ। ਉਹ ਮੰਨ ਵੀ ਸੌਖਾ ਹੀ ਜਾਂਦਾ ਸੀ। ਜ਼ਿਆਦਾ ਦੇਰ ਨਹੀਂ ਸੀ ਲਗਾਉਂਦਾ। ਅਜਿਹੀ ਹੀ ਸੀ ਕੁਝ ਸਾਡੀ ਦੋਸਤੀ।

ਪਰ ਇਸ ਵਾਰ ਤਾਂ ਦਸ-ਬਾਰਾਂ ਦਿਨ ਲੰਘ ਗਏ। ਮੈਂ ਫ਼ੋਨ

ਇਹ ਫ਼ਸਲਾਂ ਦੇਣ ਦੀ ਥਾਂ ਕਿਉਂ ਹੈ ਫ਼ਸਲਾਂ ਖਾ ਰਹੀ ਧਰਤੀ,
ਤੇ ਅੰਬਰ 'ਚੋਂ ਵੀ ਕਿਉਂ ਬਾਰਸ਼ ਦੀ ਥਾਂ ਅੰਗਿਆਰ ਵਰਦੇ ਨੇ। -ਸੁਖਜੀਤ ਕੌਰ

ਕਰਦਾ ਤਾਂ ਫ਼ੋਨ ਨਾ ਚੁੱਕਦਾ।

ਮੋਬਾਇਲ ਉੱਤੇ ਮੈਸੇਜ ਭੇਜਦਾ ਤਾਂ ਕੋਈ ਜਵਾਬ ਨਾ ਆਉਂਦਾ। ਆਖਿਰ ਗੱਲ ਤਾਂ ਕੋਈ ਬਹੁਤੀ ਵੱਡੀ ਨਹੀਂ ਸੀ।

ਮੈਂ ਇਕ ਸਾਹਿਤਕ-ਸਮਾਗਮ ਤੋਂ ਬਾਅਦ ਜੁੜੀ ਮਹਿਫ਼ਲ ਵਿਚ ਉਸ ਦੀ ਕਵਿਤਾ ਦੀ ਕਿਤਾਬ ਦੇ ਨਾਮ ਦੀ ਪੈਰੋਡੀ ਜਿਹੀ ਬਣਾ ਦਿੱਤੀ। ਐਵੇਂ ਹੀ ਹਾਸੇ-ਹਾਸੇ ਵਿਚ। ਉਹ ਉਸ ਮਹਿਫ਼ਲ ਵਿਚ ਹੈ ਤਾਂ ਨਹੀਂ ਸੀ, ਪਰ ਗੱਲ ਉਸ ਤਕ ਪੁੱਜ ਗਈ ਅੱਗ ਲਗਾਉਣ ਵਾਲੇ ਵੀ ਬਹੁਤ ਹੁੰਦੇ ਹਨ। ਦੋਸਤੀ ਨੂੰ ਦੇਖ ਕੇ ਜਲਣ ਵਾਲੇ ਵੀ।

ਮੈਨੂੰ ਉਸ ਉਪਰ ਬਹੁਤ ਗੁੱਸਾ ਆਇਆ ਉਹ ਆਪ ਤਾਂ ਦੂਸਰੇ ਨੂੰ ਐਨਾ-ਐਨਾ ਕੁਝ ਆਖ ਲੈਂਦਾ ਸੀ ਪਰ ਆਪ ਭੋਰਾ-ਭਰ ਆਖਿਆ ਵੀ ਨਹੀਂ ਸੀ ਸਹਾਰਦਾ। ਮੈਨੂੰ ਇਸ ਦੋਸਤੀ ਦੇ ਟੁੱਟ ਜਾਣ ਦਾ ਬਹੁਤ ਦੁਖ ਸੀ। ਐਵੇਂ ਹੀ ਛੋਟੀ ਜਿਹੀ ਗੱਲ ਪਿੱਛੇ।

ਆਖਿਰ ਇਕ ਦਿਨ ਉਸ ਨੇ ਫ਼ੋਨ ਚੁੱਕ ਲਿਆ।

"...ਹਾਂ ਜੱਸੀ ਦੱਸ।"

"... ਦੱਸਣਾ ਕੀ ਆ, ਕਈ ਦਿਨ ਦਾ ਫ਼ੋਨ ਕਰਦੈਂ, ਤੂੰ ਫ਼ੋਨ ਹੀ ਨੀਂ ਚੁੱਕਦਾ।"

"... ਬਸ ਯਾਰ ਬਿਜ਼ੀ ਜਿਹਾ ਸੀ, ਪਿੱਛੇ ਜਿਹੇ ਸਿਹਤ ਵੀ ਕੁਸ਼ ਖ਼ਰਾਬ ਹੀ ਰਹੀ, ਜੱਸੀ, ਮੈਂ ਤੇਰੇ ਨਾਲ ਇੱਕ ਗੱਲ ਕਰਨੀ ਸੀ, ਵੀ ਆਹ ਜਿਹੜੀ ਹਿੰਦੀ ਆਲੀ ਧਵਨ ਪਰਮ ਦੀ ਕਿਤਾਬ ਐ ਨਾ, ਇਹ ਜਾਂ ਤਾਂ ਤੂੰ ਆਪਣੇ ਨਾਮ ਹੇਠ ਛਾਪ ਲਾ ਜਾਂ ਫੇਰ ਮੈਂ ਆਪਣੇ ਨਾਮ ਹੇਠ ਛਾਪ ਲੈਂਦਾ ਹਾਂ। ਮੈਨੂੰ ਬਹੁਤ ਮਿਹਨਤ ਕਰਨੀ ਪਈ ਇਸ ਉਪਰ।"

ਮੈਂ ਠੱਗਿਆ ਜਿਹਾ ਮਹਿਸੂਸ ਕਰਦਿਆਂ ਬੋਲਿਆ, "... ਇਹ ਕੀ ਗੱਲ ਹੋਈ ਯਾਰ, ਸਭ ਨੂੰ ਪਤੈ ਵੀ ਮੈਂ ਇਸ ਕਿਤਾਬ ਦਾ ਅਨੁਵਾਦ ਕਰਿਐ, ਸਾਰੀਆਂ ਕਵਿਤਾਵਾਂ ਅਨੁਵਾਦ ਕਰਕੇ ਐਨਾ ਮੋਟਾ ਰਜਿਸਟਰ ਵੀ ਮੈਂ ਤੈਨੂੰ ਦੇ ਗਿਐਂ।"

"...ਯਾਰ ਕਿਆ ਕੰਮ ਕਰਿਐ ਤੂੰ, ਐਨੇ ਸ਼ਬਦ ਮੈਂ ਠੀਕ ਕੀਤੇ। ਸਾਰੀਆਂ ਕਵਿਤਾਵਾਂ ਮੈਨੂੰ ਦੁਬਾਰਾ ਅਨੁਵਾਦ ਕਰਨੀਆਂ ਪਈਆਂ। ਬੜਾ ਰੱਦੀ ਕੰਮ ਕਰਿਆ ਤੂੰ। ਇਹਦੇ ਨਾਲੋਂ ਤਾਂ ਤੂੰ ਨਾ ਕਰਦਾ।"

ਮੈਂ ਸੱਚਮੁੱਚ ਝੱਲਾ ਬਣਿਆ ਮਹਿਸੂਸ ਕਰ ਰਿਹਾ ਸੀ। ਠੀਕ ਹੈ ਕਿ ਮੈਂ ਉਸ ਤੋਂ ਛੋਟਾ ਸੀ ਪਰ ਅਨੁਵਾਦ ਦਾ ਕੰਮ ਤਾਂ ਮੈਂ ਪੂਰੀ ਇਮਾਨਦਾਰੀ, ਮਿਹਨਤ ਅਤੇ ਲਗਨ ਨਾਲ ਕੀਤਾ ਸੀ। ਮੈਂ ਤਾਂ ਉਸ ਰਜਿਸਟਰ ਦੀ ਫੋਟੋ ਸਟੇਟ ਕਾਪੀ ਵੀ ਆਪਣੇ ਕੋਲ ਨਹੀਂ ਸੀ ਰੱਖੀ। ਉਸੇ ਤਰ੍ਹਾਂ ਉਸ ਨੂੰ ਪਕੜਾ ਆਇਆ ਸੀ।

ਕੁਝ ਹੌਂਸਲਾ ਇਕੱਠਾ ਕਰ ਕੇ ਮੈਂ ਫੇਰ ਬੋਲਿਆ, "... ਪਰ ਯਾਰ ਕਰਮੇ, ਆਪਣੀ ਗੱਲ ਤਾਂ ਹੋਰ ਤਰੀਕੇ ਨਾਲ ਹੋਈ ਸੀ। ਮੇਰੀ ਫ਼ੋਟੋ ਛਪੂ, ਬਾਇਓ-ਡਾਟਾ ਛਪੂ, ਤੇਰੀ ਫ਼ੋਟੋ ਛਪੂ, ਬਾਇਓ-ਡਾਟਾ ਛਪੂ, ਉਸ ਹਿੰਦੀ ਕਵੀ ਧਵਨ ਪਰਮ ਦੀ ਫੋਟੋ ਛਪੂ, ਬਾਇਓ-ਡਾਟਾ ਛਪੂ। ਇਹ ਕੀ ਗੱਲ ਹੋਈ?

"... ਯਾਰ ਜੇ ਤੂੰ ਕੰਮ ਵਧੀਆ ਕਰਿਆ ਹੋਊ ਤਾਂ ਹੀ ਸੀ ਨਾ, ਸਾਰਾ ਕੰਮ ਤਾਂ ਮੈਂ ਕਰਿਐ।"

ਇਹ ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ। ਮੈਂ ਮਸੋਸਿਆ ਜਿਹਾ ਰਹਿ ਗਿਆ।

ਉਸ ਦੀ ਨਾਰਾਜ਼ਗੀ ਦੂਰ ਨਾ ਹੋਈ। ਉਹ ਕਦੇ ਫ਼ੋਨ ਚੁੱਕ ਲੈਂਦਾ, ਕਦੇ ਨਾ। ਮੈਸੇਜ਼ ਦਾ ਜਵਾਬ ਵੀ ਘੱਟ-ਵੱਧ ਹੀ ਦਿੰਦਾ। ਮੈਨੂੰ ਇਹ ਸਭ ਕੁਝ ਚੰਗਾ ਨਹੀਂ ਸੀ ਲੱਗ ਰਿਹਾ। ਪੱਚੀ-ਤੀਹ ਸਾਲ ਪੁਰਾਣੀ ਦੋਸਤੀ ਸੀ ਸਾਡੀ। ਸਾਰੇ ਲੋਕ ਜਾਣਦੇ ਸਨ।

ਆਖਿਰ ਦੋਸਤੀ ਬਚਾਉਣ ਖ਼ਾਤਿਰ ਮੈਨੂੰ ਹੀ ਕੁਰਬਾਨੀ ਦੇਣੀ ਪੈਣੀ ਸੀ। ਮੈਂ ਇਕ ਸ਼ਾਮ ਉਸ ਨੂੰ ਫ਼ੋਨ ਕਰ ਦਿੱਤਾ।

"ਯਾਰ ਕਰਮੇ, ਤੂੰ ਉਸ ਕਿਤਾਬ ਨੂੰ ਆਪਣੇ ਨਾਮ ਹੇਠ ਹੀ ਛਾਪ ਲੈ"।

ਉਸ ਦਿਨ ਤੋਂ ਬਾਅਦ ਸਭ ਕੁਝ ਆਮ ਵਾਂਗ ਹੋ ਗਿਆ। ਓਹੀ ਪਾਰਟੀਆਂ, ਓਹੀ ਮਹਿਫ਼ਲਾਂ, ਓਹੀ ਕਵਿਤਾ ਦੀਆਂ ਰਮਜ਼ਾਂ ਤੇ ਓਹੀ ਸਾਹਿਤਕਾਰਾਂ ਦੀਆਂ ਗੱਲਾਂ।

ਉਸ ਦੀ ਕਿਤਾਬ ਛਪ ਗਈ। 'ਔਰਤ ਕੀ ਸਾਂਸੇਂ' ਦਾ ਪੰਜਾਬੀ ਅਨੁਵਾਦ 'ਔਰਤ ਦੇ ਸਾਹ'। ਉਸ ਨੇ ਮੈਨੂੰ ਕਿਤਾਬ ਦੀ ਕਾਪੀ ਦਿੱਤੀ। ਕਿਤਾਬ ਵਿਚ ਮੇਰਾ ਕਿਧਰੇ ਵੀ ਕੋਈ ਜ਼ਿਕਰ ਨਹੀਂ ਸੀ। ਸਹਿਯੋਗ ਲਈ ਧੰਨਵਾਦ ਵੀ ਨਹੀਂ ਸੀ ਕੀਤਾ ਗਿਆ। ਪਰ ਮੈਂ ਮੁੜ ਕੇ ਕਿਤਾਬ ਬਾਰੇ ਕੋਈ ਗੱਲਬਾਤ ਨਾ ਕੀਤੀ। ਕੁਝ ਹੀ ਮਹੀਨਿਆਂ ਵਿਚ ਇਸ ਕਿਤਾਬ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲ ਗਿਆ। ਮੈਂ ਫੇਰ ਵੀ ਕਿਤਾਬ ਦੀ ਕੋਈ ਗੱਲ ਨਾ ਕੀਤੀ। ਇਨਾਮ ਮੇਰੇ ਦੋਸਤ ਨੂੰ ਮਿਲਿਆ ਜਾਂ ਮੈਨੂੰ, ਮੈਂ ਤਾਂ ਇਕ ਹੀ ਗੱਲ ਸਮਝਦਾ ਸੀ।

ਪਰ ਅੱਜ ਤਾਂ ਹੱਦ ਹੀ ਹੋ ਗਈ ਸੀ। ਬਰਦਾਸ਼ਤ ਕਰਨ ਦੀ ਵੀ ਇਕ ਹੱਦ ਹੁੰਦੀ ਹੈ। ਉਹ ਸਿਰਫ਼ ਇਕ ਸਮਾਗਮ ਉੱਤੇ ਚਲੇ ਜਾਣ ਕਾਰਨ ਮੈਨੂੰ ਸਿਰਫ਼ ਇਸ ਲਈ ਝਿੜਕ ਰਿਹਾ ਸੀ ਕਿ ਇਹ ਸਮਾਗਮ ਉਸ ਦੇ ਵਿਰੋਧੀਆਂ ਦਾ ਸੀ। ਦਰਸ਼ਨ ਦੇ ਪੰਜਾਬ ਪੱਧਰ ਦੀ ਸਾਹਿਤਕ ਸੰਸਥਾ ਦਾ ਪ੍ਰਧਾਨ ਬਣ ਜਾਣ ਦੀ ਉਸ ਨੂੰ ਐਨੀ ਜਲਣ ਸੀ ਕਿ ਉਸ ਨੇ ਸਾਰੀ ਅੱਗ ਮੇਰੇ ਉਤੇ ਵਰ੍ਹਾ ਦਿੱਤੀ। ਮੈਂ ਉਸ ਦੇ ਹੋਰ ਸ਼ਬਦ ਨਹੀਂ ਸੁਣੇ ਅਤੇ ਫ਼ੋਨ ਕੱਟ ਦਿੱਤਾ। ਦੂਸਰੇ ਦਿਨ ਉਸ ਦਾ ਦੋ-ਤਿੰਨ ਵਾਰ ਫ਼ੋਨ ਆਇਆ ਪਰ ਮੈਂ ਫ਼ੋਨ ਨਹੀਂ ਚੁੱਕਿਆ ਅਤੇ ਨਾ ਹੀ ਆਪ ਕਦੇ ਕੀਤਾ।

(ਸਫ਼ਾ 88 ਤੋਂ ਜਾਰੀ)

5. ਪੰਜਾਬੀ ਭਾਸ਼ਾ ਲਈ ਵਿਲੱਖਣ, ਨਿਵੇਕਲੀ ਲੀਹ ਪਾਉਣ ਵਾਲੇ ਦਾ ਸਨਮਾਨ

ਇਸ ਤਹਿਤ ਜਗਤਾਰ ਸੋਖੀ ਮੁਦਕੀ ਨੂੰ ਉਹਨਾਂ ਦੀ ਘਾਲਣਾ, ਅਲੋਪ ਹੁੰਦੇ ਜਾ ਰਹੇ ਸ਼ਬਦਾਂ ਦਾ ਸੰਗ੍ਰਹਿ 'ਸ਼ਬਦਾਂਗ' ਵਾਸਤੇ 5100/- ਦੀ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਹਰ ਸਾਲ ਦਿਤਾ ਜਾਇਆ ਕਰੇਗਾ, ਇਸ ਰਾਸ਼ੀ ਦੀ ਜ਼ਿਮੇਂਵਾਰੀ, ਪੱਕੇ ਤੌਰ 'ਤੇ ਹੀ ਦਵਿੰਦਰ ਸਿੰਘ ਜਟਾਣਾ, ਰੋਪੜ ਨੇ ਆਪਣਿਆਂ ਮੋਢਿਆਂ ਉਪਰ ਲੈ ਲਈ ਹੈ।

6. "ਉਮਰ ਭਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਣਾਈ ਹਸਤੀ ਦਾ ਸਨਮਾਨ"

(ਬਾਕੀ ਸਫ਼ਾ 146 ਉਪਰ)

ਓਹੀ ਸੀਨੇ, ਸੀਨਿਆਂ ਵਿਚ ਤੀਰ ਓਹੀ,
ਦਰਦ ਓਹੀ, ਦਰਦ ਦੀ ਤਾਸੀਰ ਓਹੀ, -(ਅਗਲੇ ਸਫ਼ੇ 'ਤੇ)

ਕਹਾਣੀ

# ਇੱਕ ਅਬਦਾਲੀ ਹੋਰ

## ਮਾਸਟਰ ਗੁਰਮੇਲ ਸਿੰਘ



ਮਾਸਟਰ ਗੁਰਮੇਲ ਸਿੰਘ

ਮਾਸਟਰ ਗੁਰਮੇਲ ਸਿੰਘ: ਦੀਆਂ ਕਹਾਣੀਆਂ ਬੜੇ ਲੰਮੇ ਸਮੇਂ ਤੋਂ ਪੰਜਾਬੀ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪਦੀਆਂ ਆ ਰਹੀਆਂ ਹਨ। ਕਈ ਕਥਾਵਾਂ ਸ਼ਾਹਮੁਖੀ ਵਿਚ ਵੀ ਛੱਪ ਚੁਕੀਆਂ ਨੇ। ਉਹਨਾਂ ਦਾ ਪਹਿਲਾ ਕਹਾਣੀ-ਸੰਗ੍ਰਹਿ 'ਪੱਤਝੜ ਦੀ ਛਾਵੇਂ" ਦਾ ਆਉਣਾ ਉਹਨਾਂ ਨੂੰ ਪੰਜਾਬੀ ਸਾਹਿਤਕ ਜਗਤ ਵਿਚ ਚ੍ਰਚਿਤ ਕਰ ਗਿਆ। ਉਹ ਕਿਤੇ ਵਜੋਂ ਅਧਿਆਪਨ ਨਾਲ ਜੁੜੇ ਹੋਣ ਕਰਕੇ ਪਾਤਰ-ਉਸਾਰੀ ਐਸੀ ਕਰਦੇ ਹਨ ਕਿ ਪਾਠਕ ਆਖ਼ੀਰ ਤੀਕ ਇਹ ਸਵਾਲ ਲੈ ਕੇ 'ਬੁਲ੍ਹ-ਚਿਥਦਾ' ਰਹਿੰਦਾ ਹੈ ਕਿ "ਅੱਗੇ ਕੀ ਬਣੂੰ?" ਹਥਲੀ ਕਹਾਣੀ ਇਸੇ ਦਾ ਨਮੂਨਾ ਹੈ ਅਤੇ ਆਪਣੇ ਆਪ ਵਿਚ ਵਿਲੱਖਣਤਾ ਰੱਖਦੀ ਹੈ।-ਦਰਸ਼ਨ

ਗੁੰਮੀ ਧਰੇਕ 'ਤੇ ਮੁੜ ਆਣ ਬੈਠੇ ਕਾਵਾਂ ਦੀ ਪਾਈ ਕਾਵਾਂ-ਰੌਲੀ ਨੇ ਇੱਕ ਦਮ ਉਸਦੀ ਸੋਚਾਂ ਦੀ ਮਾਲਾ ਦੇ ਮੋਤੀ ਖਿਲਾਰ ਸੁੱਟੇ। ਉਸਨੇ ਧੌਣ ਘੁਮਾ ਕੇ ਲਹਿੰਦੇ ਪਾਸੇ ਪਟਵਾਰੀਆਂ ਦੇ ਘਰ ਵੱਲੇ ਝਾਤ ਮਾਰੀ ਤਾਂ ਸੂਰਜ ਵੀ ਆਪਣੇ ਘਰ ਪਰਤਦਾ ਹੋਇਆ ਨਜ਼ਰੀਂ ਪਿਆ। ਦਿਨ ਚੜ੍ਹਣ ਦੇ ਨਾਲ ਪੈਦਾ ਹੋਈ ਆਸ ਇਸਦੇ ਛਿਪਣ ਨਾਲ ਖ਼ਤਮ ਵੀ ਹੋ ਗਈ ਸੀ। ਪਰ ਉਸਦਾ ਮੁੰਡਾ, ਕਾਲ਼ਾ ਅੱਜ ਵੀ ਘਰ ਨਹੀਂ ਸੀ ਬਹੁੜਿਆ।

ਕੁਝ ਦਿਨ ਪਹਿਲਾਂ ਆਏ ਝੱਖੜ ਨੇ ਰੁੱਖਾਂ ਦੇ ਨਾਲ-ਨਾਲ ਬਿਜਲੀ ਦੇ ਖੰਭੇ ਤੱਕ ਵੀ ਭੰਨ ਸੁੱਟੇ ਸਨ। ਉਸੇ ਦਿਨ ਤੋਂ ਪਿੰਡ ਦੀ ਬੱਤੀ ਵੀ ਗੁੱਲ ਹੋਈ ਪਈ ਸੀ। ਰਾਤ ਪੈਣ 'ਤੇ ਜੰਗਲ ਵਾਂਗ ਹਨੇਰਾ ਪਸਰ ਜਾਂਦਾ। ਦੂਰ-ਦੂਰ ਤੱਕ ਜੇ ਕੋਈ ਰੌਸ਼ਨੀ ਨਜ਼ਰੀਂ ਪੈਂਦੀ ਤਾਂ ਉਹ ਸਿਰਫ਼ ਦੀਵਿਆਂ ਦੀ ਹੀ ਹੁੰਦੀ।

"ਕੁੜੇ ਬੱਤੀ ਆਉਣ ਦੀ ਹੁਣ ਕੋਈ ਆਸ ਉਮੀਦ ਨ੍ਹੀਂ। ਰੋਟੀ-ਟੁੱਕ ਦਾ ਆਹਰ ਜਲਦੀ ਕਰ ਲੈ। ਨ੍ਹੀਂ ਤਾਂ ਨੇਰ੍ਹੇ 'ਚ ਅੰਨ੍ਹਿਆਂ ਵਾਂਗ ਠੋਕਰਾਂ ਖਾਈ ਜਾਏਂਗੀ।" ਵੀਰੋ ਕੰਧੋਲੀ 'ਤੇ ਰੱਖੇ ਦੀਵੇ ਵਿੱਚ ਤੇਲ ਪਾਉਂਦੀ ਹੋਈ ਆਪਣੀ ਕੁੜੀ ਬੇਅੰਤ ਨੂੰ ਬੋਲਣ ਲੱਗੀ।

"ਕਾਹਨੂੰ ਫ਼ਿਕਰ ਕਰਦੀ ਐਂ ਬੇਬੇ। ਬੱਤੀ ਕਿਹੜਾ 'ਕੱਲੇ ਆਪਣੇ ਘਰ ਦੀ ਗੁੱਲ ਐ। ਸਾਰਿਆਂ ਦੇ ਨਾਲ ਈ ਆਂ। ਚੁੱਲ੍ਹੇ ਚੌਂਕੇ ਦਾ ਕੰਮ ਤਾਂ ਨਿਬੜਿਆ ਈ ਸਮਝ। ਤੂੰ ਬੱਸ ਖਾਣ ਵਾਲੀ ਬਣ।" ਬੇਅੰਤ ਚੁੱਲ੍ਹੇ 'ਤੇ ਪਹਿਲੀ ਰੋਟੀ ਪਾਉਂਦੀ ਹੋਈ ਬੋਲੀ।

"ਨੀ ਕੁੜੇ। ਮੈਂ ਕੀ ਰੋਟੀ ਖਾਣੀ ਭਲਾ। ਮੇਰੀ ਤਾਂ ਜਮ੍ਹਾਂ ਭੁੱਖ ਈ ਮਰੀ ਪਈ ਐ। ਤੇਰੀ ਰੋਟੀ ਕਰਕੇ ਆਖ ਰਹੀ ਆਂ। ਵੇਖ ਲੈ ਤੇਰੇ ਭਰਾ ਨੂੰ ਘਰੋਂ ਗਏ ਅੱਜ ਬਾਰਵਾਂ ਦਿਨ ਜਾਂਦੈ। ਮੈਨੂੰ ਆਸ ਸੀ ਖ਼ਬਰੇ ਅੱਜ ਈ ਮੁੜ ਆਵੇ। ਪਰ ਅੱਜ ਵੀ ਉਹਦੇ ਆਉਣ ਦੀ ਆਸ ਕੱਚੀ ਡੋਰ ਵਾਂਗਰਾਂ ਟੁੱਟ ਗਈ।"

"ਬੇਬੇ ਤੂੰ ਕਿਉਂ ਬੀਮਾਰੀ ਲਾਉਣ ਨੂੰ ਫਿਰਦੀਂ ਐਂ ਆਪਣੇ-ਆਪ ਨੂੰ। ਅੱਗੇ ਕਿਹੜਾ ਉਹ ਆਪਾਂ ਨੂੰ ਜਾਣ ਲੱਗਾ ਦੱਸ ਕੇ ਜਾਂਦੈ। ਖ਼ੌਰੇ ਕਿੱਥੇ ਹੋਣੈ? ਰੱਬ ਈ ਜਾਣਦੈ।"

ਕੁੜੀ ਦੇ ਜ਼ੋਰ ਦੇਣ 'ਤੇ ਵੀਰੋ ਨੇ ਜੱਕੋਂ-ਤੱਕੀ ਡੇਢ ਫੁਲਕਾ ਤੁੱਥ-ਮੁੱਥ ਕਰਕੇ ਅੰਦਰ ਸੁੱਟ ਲਿਆ। ਉਸਦਾ ਖਾਧਾ ਪੀਤਾ ਬਾਹਰ ਆਉਣ ਨੂੰ ਫਿਰਦਾ ਸੀ। ਉਹ ਟਾਹਣੀਓਂ ਟੁੱਟੇ ਕਿਸੇ ਫੁੱਲ ਵਾਂਗ ਕੁਮਲਾਈ ਪਈ ਸੀ। ਉਸਦੇ ਪੈਰ ਵਾਰ-ਵਾਰ ਬਾਹਰਲੇ ਬੂਹੇ ਵੱਲ ਜਾ ਰਹੇ ਸਨ। ਖ਼ਬਰੇ ਉਸਦਾ ਮੁੰਡਾ ਹੁਣ ਹੀ ਕੁੰਡਾ ਖੜਕਾ ਦੇਵੇ।

ਉਸਦਾ ਹੱਥ ਫੜ੍ਹ ਕੇ ਕੁੜੀ ਉਸਨੂੰ ਕਮਰੇ ਵਿੱਚ ਲੈ ਗਈ। ਘਰ ਵਿੱਚ ਬੱਸ ਮਾਵਾਂ ਧੀਆਂ ਹੀ ਸਨ। ਦੀਵਾ ਬ਼ਲ ਰਿਹਾ ਸੀ। ਭਾਵੇਂ ਕਿ ਉਸਦੀ ਲੋਅ ਮੱਧਮ ਸੀ। ਪਰ ਇਸਦੇ ਚਾਨਣ ਵਿੱਚ ਵੀਰੋ ਦਾ ਬੁੱਝਿਆ ਚਿਹਰਾ ਸਾਫ਼ ਨਜ਼ਰੀ ਪੈ ਰਿਹਾ ਸੀ।

"ਬੇਬੇ ਤੂੰ ਵੀ ਨਾ ਜ਼ਿਆਦਾ ਕਿਹਾ ਕਰ ਓਹਨੂੰ। ਹੁਣ ਫਾਇਦਾ ਵੀ ਕੀ ਕਹਿਣ ਦਾ। ਜਦੋਂ ਵੇ਼ਲਾ ਸੀ, ਤੂੰ ਵਰਜਿਆ ਨਾ। ਹੁਣ ਤਾਂ ਸਭ ਨੂੰ ਪਤੈ ਇਹਦੇ ਲੱਛਣਾਂ ਦਾ। ਨਾਲੇ ਓਹਦੇ ਯਾਰ ਵੀ ਨਸ਼ੇੜੀ ਤੇ ਚੋਰ-ਉਚੱਕੇ। ਸੰਗਤ ਦਾ ਰੰਗ ਚੜ੍ਹ ਗਿਆ ਓਹਦੇ ਵੀ।"

"ਕੁੜੇ ਅੱਜਕਲ ਦੀ ਔਲਾਦ ਤਾਂ ਪਿਓ ਤੋਂ ਨ੍ਹੀਂ ਡਰਦੀ, ਮਾਂ ਤਾਂ ਕੀ ਚੀਜ਼ ਐ। ਨਾਲੇ ਪਿਓ ਤੇਰਾ ਸ਼ੁਰੂ ਤੋਂ ਈ ਸੰਤ-ਸਾਧ ਸੀ। ਆਹ ਓਹਦੇ ਸਾਧਪੁਣੇ ਦੇ ਈ ਸਿਆਪੇ ਨੇ, ਜਿਹੜੇ ਮੈਂ ਨਜਿੱਠਦੀ ਪਈ ਆਂ। ਆਪ ਤਾਂ ਘਰ ਛੱਡਕੇ ਸਾਧਾਂ ਨਾਲ ਰਲ ਗਿਆ ਅਤੇ ਮੈਂ ਰਹਿ ਗਈ ਲੋਕਾਂ ਦੇ ਉਲ੍ਹਾਮਿਆਂ ਲੈਣ ਜੋਗੀ। ਕੋਈ ਮਾਂ ਕੁੱਖੋਂ ਚੋਰ ਡਾਕੂ ਨ੍ਹੀਂ ਜੰਮਦੀ।" ਬੋਲਦਿਆਂ-ਬੋਲਦਿਆਂ ਉਸਨੇ ਹੌਕਿਆਂ ਨਾਲ ਭਰੀ ਥੁੱਕ ਅੰਦਰ ਸੁੱਟ ਲਈ ਅਤੇ ਨੈਣਾਂ ਦੇ ਅੱਥਰੂ ਬਾਹਰ ਸੁੱਟ ਦਿੱਤੇ। ਮਾਂ ਦੀਆਂ ਦੁੱਖਾਂ ਦੀਆਂ ਬਾਤਾਂ ਮੁੱਕਦੀਆਂ ਨਾ ਵੇਖ ਕੁੜੀ ਨੇ ਦੀਵਾ ਵੱਡਾ ਕਰ ਦਿੱਤਾ। ਛਾਰ-ਚੁਫ਼ੇਰੇ ਹਨੇਰਾ ਪਸਰ ਗਿਆ।

ਸਵੇਰ ਹੁੰਦਿਆਂ ਹੀ ਬੇਅੰਤ ਨਲਕਾ ਗੇੜ ਕੇ ਕੱਪੜੇ ਧੋਣ ਲਈ ਪਾਣੀ ਭਰਨ ਲੱਗ ਪਈ ਤੇ ਉਸਦੀ ਮਾਂ ਨੇ ਵਿਹੜੇ 'ਚ ਗੋਹਾ ਫੇਰਨਾ ਸ਼ੁਰੂ ਕਰ ਦਿੱਤਾ। ਵਿਹੜਾ ਥੋੜ੍ਹਾ ਹੀ ਬਾਕੀ ਰਹਿ ਗਿਆ ਸੀ ਗੋਹਾ ਫੇਰਨ ਤੋਂ। ਅਚਾਨਕ ਘਰ ਦਾ ਬਾਹਰਲਾ ਕੁੰਡਾ ਖੜਕਿਆ। ਉਸਦੇ ਪੈਰ ਕਾਹਲੇ ਪੈ ਗਏ। ਸ਼ਾਇਦ ਉਸਦਾ ਪੁੱਤ ਮੁੜ ਆਇਆ ਹੋਵੇ। ਉਸਨੇ ਕੋਲ ਪਈ ਪਾਣੀ ਵਾਲੀ ਬਾਲਟੀ 'ਚ ਫਟਾਫਟ ਹੱਥ ਧੋਤੇ ਤੇ ਸੁੱਕੇ ਪਾਸੇ ਤੋਂ ਪੱਬਾਂ ਭਾਰ ਹੁੰਦੀ ਹੋਈ ਬੂਹਾ ਖੋਲ੍ਹਣ ਲਈ ਭੱਜ ਕੇ ਚਲੀ ਗਈ। ਬੂਹਾ ਖੋਲ੍ਹ ਕੇ ਦੇਖਿਆ ਤਾਂ ਸਾਹਮਣੇ ਉਹ ਨਹੀਂ ਸੀ, ਜਿਸਨੂੰ ਉਸਦੀਆਂ ਨਜ਼ਰਾਂ ਲੱਭ ਰਹੀਆਂ ਸਨ। ਗਲੀ ਵਿੱਚ ਉਸਦੀ ਕੁੜੀ ਦਾ ਵਿਚੋਲਾ ਖੜ੍ਹਾ ਹੋਇਆ ਸੀ।

"ਖ਼ੌਰੇ ਇਹ ਕਿਹੜੇ ਕੰਮ ਆਇਆ ਹੋਵੇ। ਸਭ ਸੁੱਖ ਹੋਵੇ ਰੱਬਾ।" ਇਸ ਤਰ੍ਹਾਂ ਦੇ ਪਤਾ ਨਹੀਂ ਕਿੰਨੇ ਤਰ੍ਹਾਂ ਦੀਆਂ ਚੰਗੀਆਂ ਮਾੜੀਆਂ ਗੱਲਾਂ ਉਸਦੇ ਦਿਮਾਗ ਵਿੱਚ ਰੇਡੀਓ ਦੀਆਂ ਖ਼ਬਰਾ ਵਾਂਗ ਵਾਰ-ਵਾਰ ਆ ਜਾ ਰਹੀਆਂ ਸਨ।

"ਸਭ ਸੁੱਖ ਤਾਂ ਐ ਵੀਰ ਜੀ। ਮੇਰੀ ਤਾਂ ਧੜਕਣ ਈ ਵਧ ਗਈ ਤੈਨੂੰ ਵੇਖ ਕੇ।"

"ਨ੍ਹੀਂ ਭੈਣੇ ਸਭ ਸੁੱਖ-ਸਾਂਦ ਈ ਐ। ਇੱਕ ਖੁਸ਼ਖਬਰੀ ਦੱਸਣੀ ਸੀ ਤੈਨੂੰ। ਆਪਣੀ ਬੇਅੰਤ ਦਾ ਪ੍ਰਾਹੁਣਾ ਨਹਿਰੀ ਮਹਿਕਮੇ

ਫ਼ਰਕ ਬਸ ਏਨਾ ਪਿਆ ਕਲਯੁਗ 'ਚ ਆ ਕੇ,
ਬਣ ਗਏ ਕੌਰਵ ਵੀ ਭਾਈਵਾਲ ਤੇਰੇ। -ਜਸਵਿੰਦਰ

'ਚ ਬੇਲਦਾਰ ਲੱਗ ਗਿਐ। ਕਦੋਂ ਦੇ ਓਹਨੇ ਕਾਗਜ਼ ਭਰੇ ਸੀ ਨੌਕਰੀ ਦੇ। ਕਿਸੇ ਦੀ ਸਿਫਾਰਸ਼ ਪੁਆਈ। ਚੱਲੋ ਬਣ ਗਿਆ ਕੰਮ। ਹੁਣ ਤਾਂ ਕੁੜੀ ਰਾਜ ਕਰੇਗੀ ਤੇਰੀ ਭੇਣੇ।"

"ਵਾਗੁਰੂ ਵਾਗੁਰੂ। ਸੁਕਰ ਐ ਰੱਬ ਦਾ। ਸਾਡੇ ਤਾਂ ਭਰਾਵਾ ਦੂਰ-ਦੂਰ ਤੱਕ ਕੋਈ ਸਰਕਾਰੀ ਨੌਕਰੀ ਵਾਲਾ ਨ੍ਹੀਂ। ਧੀ ਧਿਆਣੀ ਦੇ ਚੰਗੇ ਕਰਮ। ਬਾਕੀ ਵੀਰਾ ਤੇਰਾ ਈ ਕੰਮ ਐ ਸਾਰਾ ਜਿਹੜਾ ਰਿਸ਼ਤਾ ਸਿਰੇ ਚੜ੍ਹਾ ਦਿੱਤੈ।"

"ਭੈਣੇ ਹੁਣ ਦੂਜੀ ਗੱਲ ਸੁਣ। ਮੁੰਡੇ ਆਲੇ ਕਹਿੰਦੇ ਬਈ ਪਹਿਲਾਂ ਗੱਲ ਹੋਰ ਸੀ। ਹੁਣ ਸਾਡੀ ਬਹਿਣੀ-ਉੱਠਣੀ ਮੁਲਾਜ਼ਮਾਂ ਨਾਲ ਹੋ ਗਈ ਐ। ਕੁੜੀ ਨੂੰ ਕਿਧਰੇ ਚਾਰ ਕੱਪੜਿਆਂ 'ਚ ਈ ਨਾ ਤੋਰ ਦਿਆ ਜੇ। ਕੁੜੀ ਨੂੰ ਗਹਿਣਾ-ਗੱਟਾ ਜ਼ਰੂਰ ਪਾ ਕੇ ਤੋਰਿਆ ਜੇ।"

"ਹਾਏ ਵੀਰਾ। ਪਹਿਲਾਂ ਤਾਂ ਉਹ ਕਹਿੰਦੇ ਸੀ ਕਿ ਅਸੀਂ ਕੁਝ ਵੀ ਨ੍ਹੀਂ ਲੈਣਾ। ਬੱਸ ਕੁੜੀ ਈ ਚਾਹੀਦੀ ਐ ਸਾਨੂੰ। ਦਾਜ-ਵਰੀ ਦਾ ਸਮਾਨ 'ਕੱਠਾ ਕਰਦਿਆਂ ਈ ਕਈ ਵਰ੍ਹੇ ਲੱਗ ਗਏ ਮੈਨੂੰ। ਤੈਨੂੰ ਤਾਂ ਮੇਰੇ ਘਰ ਦੇ ਹਾਲਾਤ ਭੁੱਲੇ ਨ੍ਹੀਂ। ਕਿਵੇਂ ਜੂਨ-ਗੁਜਾਰੀ ਕਰਦੀ ਆਂ ਮੈਂ। ਮੈਂ ਗਹਿਣਿਆਂ ਜੋਗੀ ਕਿੱਥੇ।"

"ਭੈਣੇ ਹੁਣ ਮੁੰਡਿਆਂ ਆਲਿਆਂ ਦੀ ਤਾਂ ਮੰਨ੍ਹਣੀ ਈ ਪੈਣੀ ਐ। ਅਗਲਿਆਂ ਨੇ ਵੀ ਭਰੀ ਜੁੰਡੀ 'ਚ ਮੂੰਹ ਵਿਖਾਉਣਾ ਜੂ ਹੋਇਆ।" ਆਹੀ ਕੁਝ ਗੱਲਾਂ ਕਰਕੇ ਵਿਚੋਲਾ ਚਾਹ ਦਾ ਗਲਾਸ ਪੀ ਕੇ ਬੂਹਾ ਟੱਪ ਗਿਆ।

ਬੂਹੇ ਦੇ ਓਹਲੇ ਖੜ੍ਹੀ ਬੇਅੰਤ ਸਾਰਾ ਕੁਝ ਸੁਣ ਰਹੀ ਸੀ। ਆਪਣੀ ਮਾਂ ਨੂੰ ਵੇਖ ਕੇ ਉਹ ਅੱਖਾਂ ਭਰ ਆਈ।

"ਪੁੱਤ ਬੇਅੰਤ ਸਾਰੀ ਜ਼ਿੰਦਗੀ ਮੈਂ ਤੁਹਾਨੂੰ ਦੋਹਾਂ ਭੈਣ-ਭਰਾਵਾਂ ਨੂੰ ਰੁੱਖੀ-ਮਿੱਸੀ ਖਵਾ ਦਿੱਤੀ। ਪਰ ਕਦੇ ਕਿਸੇ ਰਿਸ਼ਤੇਦਾਰ ਤੋਂ ਇੱਕ ਦੁਆਨੀ ਤੱਕ ਉਧਾਰੀ ਨ੍ਹੀਂ ਮੰਗੀ। ਪਰ ਤੇਰਾ ਘਰ ਵਸਾਉਣ ਲਈ ਚਾਹੇ ਮੈਨੂੰ ਮੰਗਤੀ ਵੀ ਕਿਉਂ ਨਾ ਬਣਨਾ ਪਵੇ, ਮੈਂ ਬਣਾਂਗੀ। ਤੂੰ ਫ਼ਿਕਰ ਨਾ ਕਰ ਕੁੜੇ। ਤੇਰੀ ਮਾਂ ਹੈਗੀ ਆ ਅਜੇ।" ਇਨਾਂ ਕਹਿ ਕੇ ਉਸਨੇ ਆਪਣੀ ਧੀ ਨੂੰ ਗਲ ਲਾ ਲਿਆ।

ਜਦੋਂ ਵੀਰੋ ਦੀ ਕੁੜੀ ਦਾ ਸਾਕ ਹੋਇਆ ਸੀ ਤਾਂ ਉਸਨੇ ਆਪਣੇ ਦੋਵਾਂ ਭਰਾਵਾਂ ਨੂੰ ਵਿੱਚ ਪਾ ਕੇ ਹੀ ਰਿਸ਼ਤਾ ਕੀਤਾ ਹੋਇਆ ਸੀ। ਉਸਨੂੰ ਪਤਾ ਸੀ ਕਿ ਉਸਦਾ ਘਰਵਾਲਾ ਤਾਂ ਸਾਧ ਹੋ ਗਿਆ। ਪਰ ਰਿਸ਼ਤਿਆਂ ਦੀਆਂ ਗੱਲਾਂ ਤਾਂ ਬੰਦਿਆਂ ਨਾਲ ਹੀ ਸਿਰੇ ਚੜ੍ਹਦੀਆਂ ਨੇ। ਉਸਨੂੰ ਆਸ ਸੀ ਕਿ ਅੱਜ ਔਖੀ ਘੜੀ ਵਿੱਚ ਉਸਦੇ ਭਰਾ ਉਸਦੇ ਨਾਲ ਜ਼ਰੂਰ ਖੜਣਗੇ। ਸੁੱਖ ਨਾਲ ਦੋਵਾਂ ਦਾ ਕੰਮ ਕਾਰ ਚੰਗਾ ਸੀ। ਜੇ ਉਹ ਕੁੜੀ ਦੇ ਗਹਿਣੇ ਬਨਾਉਣ ਤੇ ਆ ਜਾਣ ਤਾਂ ਉਨ੍ਹਾਂ ਲਈ ਕੋਈ ਵੱਡੀ ਗੱਲ ਨਹੀਂ ਸੀ। ਇਸੇ ਆਸ ਨਾਲ ਉਹ ਅਗਲੇ ਹੀ ਦਿਨ ਆਪਣੇ ਵੱਡੇ ਭਰਾ ਦੇ ਘਰ ਪਹੁੰਚ ਗਈ।

ਮੌਕਾ ਜਿਹਾ ਵੇਖ ਕੇ ਉਸਨੇ ਵਿਚੋਲੇ ਵਾਲੀ ਸਾਰੀ ਵਿੱਥਿਆ ਆਪਣੇ ਭਰਾ-ਭਰਜਾਈ ਨੂੰ ਸੁਣਾ ਛੱਡੀ। ਇਸ ਤੋਂ ਪਹਿਲਾਂ ਕਿ ਉਸਦਾ ਭਰਾ ਅੱਗੋਂ ਕੋਈ ਜੁਆਬ ਦਿੰਦਾ। ਉਸਦੇ ਬੋਲਣ ਤੋਂ ਪਹਿਲਾਂ ਹੀ ਉਸਦੀ ਘਰਵਾਲੀ ਬੋਲ ਪਈ, "ਭੈਣੇ ਅਸੀਂ ਕਿਹੜਾ ਕੋਈ ਸ਼ਾਹੂਕਾਰ ਆਂ। ਆਵਦੇ ਜਵਾਕਾਂ ਦੇ ਖ਼ਰਚ ਸਾਹ ਤੱਕ ਨ੍ਹੀਂ ਲੈਣ ਦਿੰਦੇ। ਸੁੱਖ ਨਾਲ ਕੰਮ ਵੀ ਇਸ ਵਾਰ ਕੋਈ ਬਹੁਤਾ ਚੰਗਾ ਨ੍ਹੀਂ। ਸਾਡੇ ਤੋਂ ਤਾਂ ਭੈਣੇ ਕੋਈ ਬਹੁਤੀ ਆਸ ਨਾ ਹੀ ਰੱਖੇ ਤਾਂ ਚੰਗੈ।"

"ਚੱਲ ਕੋਈ ਨਾ ਭਰਜਾਈ। ਕੋਈ ਗੱਲ ਨ੍ਹੀਂ। ਅੱਗੇ ਵੀ ਥੋੜਾ ਦਿੱਤਾ ਈ ਵਰਤਦੀ ਆਂ।" ਇਨਾਂ ਕਹਿੰਦਿਆਂ ਉਸਨੇ ਆਪਣੇ ਅੱਥਰੂ ਅੱਖਾਂ 'ਚ ਇਸ ਤਰ੍ਹਾਂ ਕੈਦ ਕਰ ਲਏ ਜਿਵੇਂ ਕਿਸੇ ਦੁਸ਼ਮਣ ਦੇਸ਼ ਦਾ ਜਾਸੂਸ ਫੜ੍ਹੇ ਜਾਣ 'ਤੇ ਸਾਰੇ ਰਾਜ ਸੀਨੇ 'ਚ ਕੈਦ ਕਰ ਲੈਂਦਾ ਹੈ। ਕੋਲ ਖੜ੍ਹਾ ਉਸਦਾ ਭਰਾ ਬੇਬੱਸ ਨਜ਼ਰ ਆ ਰਿਹਾ ਸੀ। ਉਹ ਚਾਹ ਕੇ ਵੀ ਆਪਣੀ ਭੈਣ ਦਾ ਪੱਖ ਨਾ ਪੂਰ ਸਕਿਆ ਤੇ ਵੀਰੋ ਸੱਖਣੇ ਹੱਥੀਂ ਆਪਣੇ ਭਰਾ ਦੇ ਘਰੋਂ ਮੁੜ ਆਈ।

ਉਸਦਾ ਦਿਲ ਹੁਣ ਟੁੱਟ ਚੁੱਕਾ ਸੀ। ਮਾੜੇ-ਮਾੜੇ ਖ਼ਿਆਲ ਉਸਦੇ ਜ਼ਿਹਨ 'ਚ ਆ ਜਾ ਰਹੇ ਸਨ। ਖ਼ਬਰੇ ਮੁੰਡੇ ਵਾਲਿਆਂ ਦੀ ਮੰਗ ਪੂਰੀ ਹੋਵੇਗੀ ਵੀ ਕਿ ਨਹੀਂ। ਰਿਸ਼ਤਾ ਤੋੜ ਚੜ੍ਹੇਗਾ ਵੀ ਕਿ ਨਹੀਂ। ਉਸਦੀ ਆਖ਼ਰੀ ਆਸ ਹੁਣ ਉਹਦਾ ਛੋਟਾ ਭਰਾ ਗੁਰਦਾਸ ਹੀ ਸੀ। ਉਸਦਾ ਦਿਲ ਨਹੀਂ ਕਰ ਰਿਹਾ ਸੀ ਉਸ ਤੋਂ ਮਦਦ ਪੁੱਛਣ ਦਾ। ਫਿਰ ਵੀ ਮਨ ਮਾਰ ਕੇ ਦੋਵਾਂ ਮਾਵਾਂ-ਧੀਆਂ ਨੇ ਉਸਦਾ ਬੂਹਾ ਜਾ ਖੜਕਾਇਆ। ਭਰਾ ਦਾ ਸਾਰਾ ਟੱਬਰ ਉਹਨਾਂ ਦੇ ਕੋਲ ਬੈਠ ਗਿਆ।

"ਭੈਣ ਕੀ ਗੱਲ? ਬਾਹਲੀ ਉਦਾਸ ਲੱਗ ਰਹੀਂ ਏ ਤੂੰ? ਘਰ ਸਭ ਠੀਕ ਤਾਂ ਐ ਨਾ? ਆਉਣ ਲੱਗਿਆਂ ਨਾ ਤੂੰ ਕੋਈ ਸੁਨੇਹਾ ਭੇਜਿਆ ਤੇ ਨਾ ਕੋਈ ਖ਼ਬਰ ਸਾਰ।" ਵੀਰੋ ਦਾ ਭਰਾ ਗੁਰਦਾਸ ਉਸਦੇ ਗਲ ਮਿਲਦਾ ਹੋਇਆ ਪੁੱਛਣ ਲੱਗਾ।

"ਵੀਰਿਆ। ਮੈਨੂੰ ਤਾਂ ਕਹਿਣ ਲੱਗਿਆਂ ਵੀ ਸ਼ਰਮ ਆਉਂਦੀ ਐ ਸੱਚੀਂ। ਕਿਹੜੇ ਮੂੰਹੋਂ ਬੋਲਾਂ ਮੈਂ।" ਫਿਰ ਵੀ ਹੌਂਸਲਾ ਜਿਹਾ ਕਰਕੇ ਉਸਨੇ ਵਿਚੋਲੇ ਵਾਲੀ ਸਾਰੀ ਗੱਲ ਆਪਣੇ ਭਰਾ-ਭਰਜਾਈ ਦੇ ਕੰਨੀ ਪਾ ਦਿੱਤੀ।

ਲੈ ਭੈਣੇ, ਇਹ ਵੀ ਕੋਈ ਗੱਲ ਐ? ਜੇ ਸਾਡੇ ਇੱਕ ਕੁੜੀ ਹੋਰ ਜੰਮ ਪੈਂਦੀ, ਕੀ ਅਸੀਂ ਉਸਨੂੰ ਖਾਲੀ ਹੱਥੀਂ ਤੋਰ ਦਿੰਦੇ। ਸਾਡੀ ਕੁੜੀ ਤਾਂ ਅਜੇ ਨਿਆਣੀ ਐ। ਬੇਅੰਤ ਵੀ ਤਾਂ ਸਾਡੀ ਈ ਧੀ ਐ। ਮੇਰੇ ਪੇਕਿਆਂ ਨੇ ਜਿਹੜਾ ਮੈਨੂੰ ਗਹਿਣਾ ਪਾਇਆ ਸੀ, ਉਹ ਤੂੰ ਤੁੜਵਾ ਕੇ ਅੱਜ ਦੇ ਰਿਵਾਜ਼ ਦੇ ਗਹਿਣੇ ਬਣਵਾ ਲੈ। ਬਾਕੀ ਅਸੀਂ ਭੈਣੇ ਤੇਰੇ ਨਾਲ ਖੜ੍ਹੇ ਆਂ। ਜਿੰਨੇ ਜੋਗੇ ਆਂ, ਕਰਾਂਗੇ।" ਇਨਾਂ ਸੁਣਦਿਆਂ ਹੀ ਵੀਰੋ ਕੁਰਸੀ ਤੋਂ ਉੱਠ ਖੜ੍ਹੀ ਹੋਈ ਤੇ ਉਸਨੇ ਆਪਣੀ ਭਰਜਾਈ ਨੂੰ ਆਪਣੇ ਗਲ ਲਾ ਲਿਆ।

ਵੀਰੋ ਦੇ ਸਿਰ ਤੋਂ ਭਾਰ ਉੱਤਰ ਚੁੱਕਾ ਸੀ। ਸ਼ਾਇਦ ਰੱਬ ਨੇ ਨੇੜੇ ਹੋ ਕੇ ਉਸਦੀ ਅਰਦਾਸ ਸੁਣੀ ਜਾਪਦੀ ਸੀ। ਉਸਦੀ ਭਰਜਾਈ ਨੇ ਪੇਟੀ 'ਚੋਂ ਗਹਿਣਿਆਂ ਵਾਲਾ ਡੱਬਾ ਲਿਆ ਕੇ ਆਪਣੀ ਨਨਾਣ ਦੇ ਹੱਥ ਧਰ ਦਿੱਤਾ। ਥੋੜ੍ਹੀ ਦੇਰ ਮਗਰੋਂ ਸਾਰੇ ਜਣੇ ਸ਼ਹਿਰ ਦੇ ਚਰੰਜੀ ਲਾਲ ਸੁਨਿਆਰੇ ਦੀ ਦੁਕਾਨ ਤੇ ਗਹਿਣੇ ਤੁੜਵਾ ਕੇ ਨਵੇਂ ਬਨਾਉਣ ਲਈ ਚਲੇ ਗਏ। ਸੁਨਿਆਰੇ ਨੇ ਅਗਲੇ ਹਫ਼ਤੇ ਆ ਕੇ ਗਹਿਣੇ ਲੈ ਜਾਣ ਦਾ ਇਕਰਾਰ ਕਰਕੇ ਸਭ ਨੂੰ ਤੋਰ ਦਿੱਤਾ।

ਇਕਰਾਰ ਵਾਲਾ ਦਿਨ ਵੀ ਆ ਗਿਆ ਸੀ। ਉਸ ਦਿਨ ਮੱਸਿਆ ਦਾ ਤਿਉਹਾਰ ਸੀ। ਅੰਮ੍ਰਿਤਸਰ ਵਿੱਚ ਮੱਸਿਆ ਵਾਲੇ ਦਿਨ ਬਜ਼ਾਰਾਂ 'ਚ ਪੈਰ ਰੱਖਣ ਨੂੰ ਜਗ੍ਹਾ ਨਹੀਂ ਸੀ ਲੱਭ ਰਹੀ। ਤਿਲ ਡੇਗਿਆਂ ਵੀ ਭੁੰਜੇ ਨਹੀਂ ਸੀ ਡਿੱਗ ਰਿਹਾ। ਬੰਦੇ 'ਤੇ ਬੰਦਾ ਚੜ੍ਹਿਆ ਫਿਰਦਾ ਸੀ। ਦੋਵਾਂ ਜਾਣੀਆਂ ਨੇ ਪਹਿਲਾਂ ਵਿਆਹ ਵਾਲੇ ਦਿਨ ਪਾਉਣ ਵਾਲਾ ਲਹਿੰਗਾ ਖਰੀਦਿਆ ਤੇ ਬਾਅਦ ਵਿੱਚ ਸੁਨਿਆਰੇ ਦੀ ਦੁਕਾਨ 'ਤੇ ਗਹਿਣੇ ਲੈਣ ਚਲੀਆਂ ਗਈਆਂ। ਗਹਿਣੇ ਪਹਿਲਾਂ ਹੀ

ਦਾਦ ਪਰਿੰਦੇ ਨੂੰ ਦਿੰਦਾ, ਇਰਸ਼ਾਦ ਹਵਾ ਨੂੰ ਕਹਿੰਦਾ ਸੀ।
ਇਸ ਬਸਤੀ ਵਿਚ ਸੁਣਿਆ ਹੈ ਇਕ ਵੱਡਾ ਸ਼ਾਇਰ ਰਹਿੰਦਾ ਸੀ। -ਜਸਪਾਲ ਘਈ

ਤਿਆਰ ਕੀਤੇ ਪਏ ਸਨ। ਸੁਨਿਆਰੇ ਨੇ ਗਹਿਣੇ ਵੀਰੋ ਦੇ ਹੱਥ ਫੜ੍ਹਾ ਦਿੱਤੇ। ਉਸਨੇ ਇਹ ਗਹਿਣੇ ਤੇ ਲਹਿੰਗਾ ਘਰੋਂ ਲਿਆਂਦੇ ਇੱਕ ਝੋਲੇ ਵਿੱਚ ਪਾ ਲਏ ਤੇ ਦੋਵੇਂ ਮਾਵਾਂ ਧੀਆਂ ਦੁਕਾਨ ਤੋਂ ਬਾਹਰ ਆ ਗਈਆਂ।

ਮਹੀਨਾ ਮਾਘ ਦਾ ਚੱਲਦਾ ਹੋਣ ਕਰਕੇ ਸੀਤ ਲਹਿਰ ਆਪਣੇ ਪੂਰੇ ਜਲੌਅ 'ਚ ਸੀ। ਠੰਡੀ ਹਵਾ ਚਾਕੂ ਵਾਂਗ ਚੀਰਦੀ ਜਾ ਰਹੀ ਸੀ। ਦੋਵਾਂ ਨੇ ਗਰਮ ਸ਼ਾਲ ਨਾਲ ਆਪਣੇ ਮੂੰਹ ਢੱਕ ਰੱਖੇ ਸਨ। ਦੁਕਾਨ 'ਚੋਂ ਬਾਹਰ ਨਿਕਦਿਆਂ ਹੀ ਇੱਕ ਨੌਜਵਾਨ ਮੁੰਡੇ ਨੇ ਉਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਦੋਵੇਂ ਜਿਹੜੀ ਗਲੀ ਮੁੜਦੀਆਂ, ਮੁੰਡਾ ਵੀ ਉਹਨਾਂ ਦੀ ਪੈੜ ਨੱਪਦਾ ਹੋਇਆ ਉੱਧਰ ਮੁੜ ਜਾਂਦਾ। ਇੱਕ ਮੋੜ ਤੇ ਮੌਕਾ ਜਿਹਾ ਵੇਖ ਕੇ ਉਸਨੇ ਵੀਰੋ ਦੇ ਸੱਜੇ ਹੱਥ 'ਚ ਫੜਿਆ, ਉਹ ਝੋਲਾ ਕਿਸੇ ਕੋਬਰੇ ਸੱਪ ਦੀ ਫੁਰਤੀਲੀ ਵਾਂਗ ਖੋਹ ਲਿਆ ਤੇ ਗਲੀ 'ਚੋਂ ਰਫੂ-ਚੱਕਰ ਹੋ ਗਿਆ।

ਦੋਵੇਂ ਮਾਵਾਂ-ਧੀਆਂ ਰੌਲਾ ਪਾਉਂਦੀਆਂ ਉਹਦੇ ਪਿੱਛੇ ਪਿੱਛੇ ਦੌੜਣ ਲੱਗ ਪਈਆਂ। ਪਰ ਮੁੰਡੇ ਦੀਆਂ ਅੱਡੀਆਂ ਨੂੰ ਤਾਂ ਜਿਵੇਂ ਪੈਟਰੋਲ ਲੱਗਾ ਹੋਇਆ ਸੀ। ਵੀਰੋ ਵਿਚਾਰੀ ਥਾਂ 'ਤੇ ਹੀ ਗਸ਼ ਖਾ ਕੇ ਡਿੱਗ ਪਈ। ਲੋਕਾਂ ਦੇ ਇਕੱਠ ਨੇ ਉਸਨੂੰ ਪਾਣੀ ਪਿਆਇਆ ਤੇ ਨਾਲ ਲਿਜਾ ਕੇ ਥਾਣੇ ਰਿਪੋਰਟ ਦਰਜ਼ ਕਰਵਾ ਦਿੱਤੀ।

ਪਲਾਂ ਛਿਣਾਂ 'ਚ ਹੀ ਬਾਜ਼ੀ ਪਲਟ ਚੁੱਕੀ ਸੀ। ਵੀਰੋ ਦੀਆਂ ਅੱਖਾਂ ਸਾਹਮਣੇ ਦਿਨ ਦਿਹਾੜੇ ਇਸ ਤਰ੍ਹਾਂ ਹਨੇਰਾ ਛਾ ਗਿਆ। ਜਿਵੇਂ ਕੋਈ ਮੱਸਿਆ ਦੀ ਰਾਤ ਹੋਵੇ। ਦੋਵੇਂ ਰੋਂਦੀਆਂ ਕੁਰਲਾਉਂਦੀਆਂ ਘਰ ਮੁੜ ਆਈਆਂ। ਘਰ ਆ ਕੇ ਉਹਨਾਂ ਨਾ ਕੁਝ ਰਿੰਨ੍ਹਿਆਂ ਤੇ ਨਾ ਪਕਾਇਆ। ਸਾਰੇ ਪਿੰਡ ਤੇ ਰਿਸ਼ਤੇਦਾਰੀਆਂ 'ਚ ਲੁੱਟ ਦਾ ਰੌਲਾ ਪੈ ਚੁੱਕਾ ਸੀ।

ਦੋ ਦਿਨਾਂ ਬਾਅਦ ਦੁਪਹਿਰ ਵੇਲੇ ਘਰ ਦਾ ਬਾਹਰਲਾ ਬੂਹਾ ਖੜਕਿਆ। ਪਹਿਲਾਂ ਤਾਂ ਹਮੇਸ਼ਾਂ ਵੀਰੋ ਹੀ ਕੁੰਡਾ ਖੋਲ੍ਹਿਆ ਕਰਦੀ ਸੀ। ਪਰ ਉਸ ਦਿਨ ਉਸਦੀ ਹਿੰਮਤ ਨਹੀਂ ਪੈ ਰਹੀ ਸੀ। ਬੇਅੰਤ ਮੰਜੇ 'ਤੋਂ ਉੱਠ ਖੜ੍ਹੀ ਹੋਈ। ਜਾ ਕੇ ਵੇਖਿਆ ਤਾਂ ਬੂਹੇ 'ਤੇ ਉਸਦਾ ਭਰਾ ਖੜ੍ਹਾ ਸੀ। ਮੈਲੇ ਕੱਪੜੇ। ਵਾਲ ਖਿੱਲਰੇ ਹੋਏ। ਗੋਡੇ ਤੋਂ ਪੈਂਟ ਦੀ ਲੀਰ ਲੱਥੀ ਹੋਈ। ਜਿਵੇਂ ਕਿਤੋਂ ਕੁੱਟ ਖਾ ਕੇ ਆਇਆ ਹੋਵੇ। ਹੱਥ ਵਿੱਚ ਉਸਦੇ ਇੱਕ ਝੋਲਾ ਫੜਿਆ ਹੋਇਆ ਸੀ। ਜਿਸ ਵਿੱਚ ਸ਼ਾਇਦ ਉਸਨੇ ਕੁਝ ਕੱਪੜੇ ਪਾ ਰੱਖੇ ਹੋਣਗੇ।

ਵੀਰੋ ਨੂੰ ਜਿਵੇਂ ਚਾਅ ਚੜ੍ਹ ਗਿਆ ਹੋਵੇ। ਉਸਨੇ ਘੁੱਟ ਕੇ ਆਪਣੇ ਪੁੱਤ ਨੂੰ ਗਲ ਨਾਲ ਲਾਇਆ। ਪਰ ਕਈ ਦਿਨਾਂ ਬਾਅਦ ਪਰਤੇ ਕਾਲ਼ੇ ਦੇ ਚਿਹਰੇ 'ਤੇ ਕੋਈ ਡਰ ਆਪਣਾ ਘਰ ਪਾਈ ਬੈਠਾ ਨਜ਼ਰੀਂ ਪੈ ਰਿਹਾ ਸੀ। ਉਸਨੇ ਝੱਟ ਦੇਣੇ ਆਪ ਜਾ ਕੇ ਬਾਹਰਲਾ ਬੂਹਾ ਬੰਦ ਕਰ ਦਿੱਤਾ।

"ਬੇਬੇ ਮੈਂ ਬੜਾ ਥੱਕਿਆਂ ਹੋਇਆਂ। ਅਰਾਮ ਕਰ ਲਵਾਂ। ਸ਼ਾਮੀਂ ਗੱਲ ਕਰਾਂਗੇ।" ਏਨਾ ਕਹਿ ਕੇ ਉਹ ਕਮਰੇ 'ਚ ਵੜ ਗਿਆ। ਆਪਣਾ ਝੋਲਾ ਉਸਨੇ ਕਮਰੇ ਦੀ ਇੱਕ ਕਿੱਲੀ 'ਤੇ ਟੰਗ ਦਿੱਤਾ ਤੇ ਆਪ ਮੂੰਹ 'ਤੇ ਰਜ਼ਾਈ ਲੈ ਕੇ ਸੌਂ ਗਿਆ।

"ਕੁੜੇ ਵੇਖ ਨੀਂ। ਝੋਲੇ 'ਚ ਤੇਰੇ ਭਰਾ ਦੇ ਮੈਲੇ ਕੱਪੜੇ ਹੋਣਗੇ। ਧੋ ਸੁੱਟ ਹੁਣੇ। ਅੱਜ ਤਾਂ ਧੁੱਪ ਵੀ ਲੱਗੀ ਐ। ਖੌਰੇ ਕੱਲ ਨੂੰ ਆਵੇ ਜਾਂ ਨਾ ਆਵੇ।"

ਜਿਉਂ ਹੀ ਬੇਅੰਤ ਨੇ ਝੋਲਾ ਖੋਲ੍ਹ ਕੇ ਵੇਖਿਆ ਤਾਂ ਉਹ ਇੱਕ ਦਮ ਇੱਕੋ ਸਾਹ 'ਚ ਬੋਲ ਉੱਠੀ।

"ਹਾਏ ਨੀ ਬੇਬੇ। ਆਹ ਵੇਖ ਝੋਲੇ 'ਚ ਤਾਂ ਉਸੇ ਦੁਕਾਨ ਦਾ ਲਿਫ਼ਾਫ਼ਾ ਐ, ਜਿੱਥੋਂ ਆਪਾਂ ਲਹਿੰਗਾ ਖਰੀਦਿਆ ਸੀ।"

"ਕੁੜੇ ਇਹਦੇ 'ਚ ਕੀ ਐ। ਲਿਫ਼ਾਫ਼ੇ ਦਾ ਕੀ ਐ। ਇਹ ਕਿਹੜਾ ਇੱਕ ਥਾਂ 'ਤੇ ਟਿੱਕਦੈ। ਆ ਗਿਆ ਹੋਣਾ ਕਿਤੋਂ ਤੁਰਦਾ-ਫਿਰਦਾ ਤੇਰੇ ਭਰਾ ਕੋਲ ਵੀ।"

ਬੇਅੰਤ ਜੋ ਸੋਚ ਰਹੀ ਸੀ। ਉਸਨੂੰ ਜ਼ੁਬਾਨ 'ਤੇ ਨਹੀਂ ਲਿਆ ਪਾ ਰਹੀ ਸੀ। ਆਖ਼ਰ ਦਿਲ 'ਚ ਉੱਠ ਰਹੇ ਤੂਫ਼ਾਨ ਦੀ ਰਾਮ ਕਹਾਣੀ ਆਪਣੀ ਮਾਂ ਨੂੰ ਦੱਸੇ ਵੀ ਤਾਂ ਕਿਵੇਂ ਦੱਸੇ। ਉਹ ਚੁੱਪ ਕਰਕੇ ਆਪਣੇ ਭਰਾ ਦੇ ਮੈਲੇ ਕੱਪੜੇ ਧੋਣ ਚਲੀ ਗਈ।

ਘੰਟੇ ਕੁ ਦੇ ਵਕਫ਼ੇ ਮਗਰੋਂ ਪਿੰਡ ਦਾ ਸਰਪੰਚ ਤੇ ਚਾਰ-ਪੰਜ ਪੁਲਿਸ ਵਾਲੇ ਉਹਨਾਂ ਦੇ ਘਰ ਅੰਦਰ ਆ ਵੜ੍ਹੇ ਤੇ ਆਉਂਦੇ ਸਾਰ ਹੀ ਕਾਲ਼ੇ ਬਾਰੇ ਪੁੱਛਣ ਲੱਗ ਪਏ। ਦੋਵਾਂ ਮਾਵਾਂ-ਧੀਆਂ ਨੂੰ ਕੁਝ ਵੀ ਸੁੱਝ ਨਹੀਂ ਸੀ ਰਿਹਾ। ਅੱਜ ਤੱਕ ਉਹਨਾਂ ਦੇ ਘਰ ਕਦੇ ਪੁਲਿਸ ਨਹੀਂ ਸੀ ਆਈ। ਖੌਰੇ ਅੱਜ ਕੀ ਹੋ ਗਿਆ ਸੀ।

"ਵੇ ਸਰਪੰਚਾ। ਵੇ ਕੀ ਗੱਲ ਹੋ ਗਈ ਵੇ? ਪੁਲਿਸ ਕਿਉਂ ਚੜ੍ਹ ਆਣ ਪਈ ਸਾਡੇ ਘਰ?"

"ਬੇਬੇ ਤੇਰਾ ਮੁੰਡਾ ਦੱਸ ਕਿੱਥੇ ਐ? ਬਾਕੀ ਗੱਲਾਂ ਬਾਅਦ 'ਚ ਦੱਸਾਂਗੇ।" ਪੁਲਿਸ ਦਾ ਅਫ਼ਸਰ ਤਲਖ਼ੀ ਵਿਖਾਉਂਦਾ ਹੋਇਆ ਬੋਲਿਆ।

ਵੇਖਦਿਆਂ-ਵੇਖਦਿਆਂ ਹੀ ਇੱਕ ਸਿਪਾਹੀ ਨੇ ਰਜ਼ਾਈ ਚੁੱਕ ਕੇ ਕਾਲ਼ੇ ਨੂੰ ਬਾਹੋਂ ਧੂਹ ਕੇ ਖੜ੍ਹਾ ਕਰ ਲਿਆ। ਉਸਦੀਆਂ ਅੱਖਾਂ ਉਤਾਂਹ ਚੜ੍ਹੀਆਂ ਹੋਈਆਂ ਸਨ। ਸਾਫ਼ ਪਤਾ ਲੱਗ ਰਿਹਾ ਸੀ, ਜਿਵੇਂ ਉਸਨੇ ਕੋਈ ਨਸ਼ਾ ਕੀਤਾ ਹੋਵੇ। ਪੁਲਿਸ ਨੂੰ ਵੇਖ ਕੇ ਜਿਵੇਂ ਉਹਦੇ ਹੋਸ਼ ਉੱਡ ਗਏ ਹੋਣ।

"ਬੇਬੇ ਤੇਰਾ ਮੁੰਡਾ ਚੋਰੀਆਂ ਕਰਦੈ ਅੰਮ੍ਰਿਤਸਰ ਦੇ ਨੇੜੇ-ਤੇੜੇ। ਅਸੀਂ ਸਿਟੀ ਥਾਣੇ ਤੋਂ ਆਏ ਆਂ। ਪਿਛਲੇ ਮਹੀਨੇ ਤੇਰੇ ਪੁੱਤ ਨੇ ਆਪਣੇ ਸਾਥੀਆਂ ਨਾਲ ਰਲ ਕੇ ਸਾਡੇ ਅਫ਼ਸਰ ਦੀ ਜਵਾਨ ਕੁੜੀ ਦਾ ਬਾਹਰੋਂ ਆਇਆ ਮੋਬਾਇਲ ਚੋਰੀ ਕੀਤੈ। ਇਹਨਾਂ ਦਾ ਤਾਂ ਪੂਰਾ ਗਿਰੋਹ ਬਣਿਆ ਹੋਇਐ। ਪਤਾ ਨ੍ਹੀਂ ਕਿੰਨੀਆਂ ਕੁ ਹੋਰ ਚੋਰੀ ਦੀਆਂ ਵਾਰਦਾਤਾਂ 'ਚ ਤੇਰਾ ਮੁੰਡਾ ਸ਼ਾਮਿਲ ਐ। ਹਾਂ ਸੱਚ... ਤੇਰੇ ਮੁੰਡੇ ਨੇ ਤਾਂ ਬੁੱਢੀ ਵੀ ਨ੍ਹੀਂ ਬਖਸ਼ੀ। ਤਿੰਨ-ਚਾਰ ਦਿਨ ਪਹਿਲਾਂ ਇਹ ਉਸਤੋਂ ਗਹਿਣੇ ਲੁੱਟ ਕੇ ਦੌੜ੍ਹ ਗਿਆ ਸੀ। ਮੇਰੇ ਨਾਲ ਦਾ ਪੁਲਿਸ ਵਾਲਾ ਮੌਕੇ 'ਤੇ ਮੌਜੂਦ ਸੀ, ਜਦੋਂ ਉਹ ਬੁੱਢੀ ਰੋ ਪਿੱਟ ਰਹੀ ਸੀ। ਉਹ ਬੁੱਢੀ ਵੀ ਤੁਹਾਡੇ ਈ ਇਲਾਕੇ ਦੀ ਐ। ਕੁੜੀ ਦੇ ਵਿਆਹ ਦੇ ਗਹਿਣੇ ਬਣਾਉਣ ਗਈ ਸੀ ਉੱਥੇ ਵਿਚਾਰੀ...।"

ਆਹ ਜੱਗੋਂ-ਤੇਰਵ੍ਹੀਂ ਗੱਲ ਅੱਖ ਸਾਹਮਣੇ ਹੁੰਦੀ ਵੇਖ ਕੇ ਉਹ ਤਾਂ ਇੰਝ ਕੰਬਣ ਲੱਗ ਪਈ। ਜਿਵੇਂ ਠੁਰ-ਠੁਰ ਕਰਦੇ ਬੁੱਢੇ ਸਰੀਰ 'ਤੇ ਕਿਸੇ ਨੇ ਬਰਫ਼ ਵਾਲਾ ਪਾਣੀ ਵਗਾਹ ਮਾਰਿਆ ਹੋਵੇ।

"ਹਾਏ ਵੇ ਲੋਹੜਾ। ਹਾਏ ਵੇ ਲੋਹੜਾ। ਤੇਰਾ ਕੱਖ ਨਾ ਰਹੇ ਵੈਰੀਆ। ਧੌਲ਼ਾ-ਝਾਟਾ ਆ ਗਿਆ ਆਹ ਘਰ ਦਾ ਧੰਦ ਪਿੱਟਦੀ ਨੂੰ। ਤੂੰ ਆਪਣੀ ਮਾਂ-ਭੈਣ ਨੂੰ ਵੀ ਨ੍ਹੀਂ ਛੱਡਿਆ ਪਾਪੀਆ...। ਵੇ ਵੀਰਾ ਪੁਲਿਸ ਵਾਲਿਆ, ਜਿਹੜੀ ਬੁੱਢੀ ਦੀ ਤੂੰ ਗੱਲ ਕਰਦਾ ਏਂ ਨਾ, ਉਹ ਕੋਈ ਹੋਰ ਨ੍ਹੀਂ, ਮੈਂ ਈ ਸਾਂ...।"

ਇਹ ਸੁਣ ਕੇ ਕਾਲ਼ੇ ਦਾ ਰੰਗ ਕਿਸੇ ਅਮਲੀ ਦੀ ਨਾਗਣੀ

ਜੀਵਨ ਦੇ ਇਸ ਸਾਗਰ ਅੰਦਰ ਲੋਕਾਂ ਤੋਂ ਪਤਵਾਰ ਗੁਆਚੇ।
ਕੁਝ ਲੋਕੀਂ ਇਸ ਪਾਰ ਗੁਆਚੇ, ਕੁਝ ਲੋਕੀਂ ਉਸ ਪਾਰ ਗੁਆਚੇ। -(ਅਗਲੇ ਸਫ਼ੇ 'ਤੇ)

ਵਾਂਗਰਾਂ ਛਾਹ ਕਾ਼ਲਾ ਹੋ ਗਿਆ। ਉਸਨੇ ਸਿਪਾਹੀ ਤੋਂ ਆਪਣੀ ਬਾਂਹ ਛੁੜਾ ਕੇ ਆਪਣੀ ਮਾਂ ਦੀ ਬਾਂਹ ਫੜ੍ਹ ਲਈ। ਉਸਦੀ ਜ਼ੁਬਾਨ ਲੜਖੜਾਉਣ ਲੱਗ ਪਈ। ਉਸਨੇ ਮਸਾਂ ਆਪਣਾ ਮੂੰਹ ਖੋਲ੍ਹਿਆ, "ਬੇਬੇ ਉਹ ਤੂੰ ਸੈਂ...? ਤੂੰ ਉੱਥੇ ਕੀ ਕਰਨ ਗਈ ਸੈਂ...? ਮੈਂ ਤੇਰਾ ਚਿਹਰਾ ਨ੍ਹੀਂ ਵੇਖਿਆ। ਸੱਚੀਂ ਰੱਬ ਦੀ ਸਹੁੰ। ਤੇਰੀ ਸਹੁੰ ਬੇਬੇ। ਬੇਅੰਤ ਦੀ ਸਹੁੰ। ਹੋਰ ਜੀਹਦੀ ਮਰਜ਼ੀ ਸਹੁੰ ਖਵਾ ਲੈ।"

ਵੀਰੋ ਨੂੰ ਹੁਣ ਆਪਣੇ ਹੀ ਪੁੱਤ ਦੀ ਗੱਲ ਵਿਹੁ ਵਰਗੀ ਲੱਗਣ ਲੱਗ ਪਈ। ਉਸਨੇ ਝਟਕਾ ਦੇ ਕੇ ਕਾ਼ਲੇ ਦਾ ਹੱਥ ਆਪਣੀ ਬਾਂਹ ਤੋਂ ਪਰ੍ਹੇ ਕਰ ਦਿੱਤਾ। ਕੋਲ ਖੜੀ ਬੇਅੰਤ ਸਭ ਕੁਝ ਵੇਖੀ ਜਾ ਰਹੀ ਸੀ। ਉਸਦੀਆਂ ਅੱਖਾਂ ਸਾਹਮਣੇ ਉਸਦਾ ਘਰ ਲੁੱਟਣ ਵਾਲਾ ਲੁਟੇਰਾ ਖੜ੍ਹਾ ਸੀ। ਪਰ ਸਾਊ ਘਰ ਦੀ ਧੀ ਹੋਣ ਕਰਕੇ ਉਸਨੇ ਮੂੰਹੋਂ ਇੱਕ ਸ਼ਬਦ ਵੀ ਨਾ ਬੋਲਿਆ।

ਆਪਣੇ ਸੱਜੇ ਹੱਥ ਵਿੱਚ ਹੱਥਕੜੀ ਫੜੀ ਖੜ੍ਹਾ ਪੁਲਿਸ ਨੌਜਵਾਨ ਇਹ ਸਾਰਾ ਕੁਝ ਵੇਖ ਕੇ ਕਚੀਚੀਆਂ ਵੱਟੀ ਜਾ ਰਿਹਾ ਸੀ। ਉਸਨੇ ਗੁੱਸੇ ਵਿੱਚ ਆਪਣਾ ਹੇਠਲਾ ਬੁੱਲ੍ਹ ਮੂਹਰਲੇ ਚਾਰ ਦੰਦਾਂ ਵਿੱਚ ਨੱਪ ਲਿਆ। ਉਸਦਾ ਦਿਲ ਕੀਤਾ ਕਿ ਕਾ਼ਲੇ ਦੇ ਵੱਟ ਕੇ ਚਪੇੜ ਮਾਰੇ। ਪਰ ਕਾਨੂੰਨ ਨੇ ਉਸਦੇ ਹੱਥ ਬੰਨ੍ਹੇ ਹੋਏ ਸਨ। ਫਿਰ ਵੀ ਉਹ ਉਸਨੂੰ ਲਾਹਨਤਾਂ ਪਾਉਣੋਂ ਨਾ ਰਹਿ ਸਕਿਆ।

"ਅਫ਼ਗਾਨਿਸਤਾਨੋਂ ਆ ਕੇ ਹਿੰਦੁਸਤਾਨ ਨੂੰ ਲੁੱਟਣ ਵਾਲਾ ਅਬਦਾਲੀ ਤਾਂ ਫਿਰ ਵੀ ਬੇਗਾਨਾ ਸੀ। ਪਰ ਤੂੰ ਤਾਂ ਆਪਣਾ ਹੋ ਕੇ ਵੀ ਆਪਣੇ ਈ ਘਰ ਨੂੰ ਲੁੱਟਣ ਪੈ ਗਿਆ। ਕੁਝ ਤਾਂ ਸ਼ਰਮ ਕਰਦਾ।" ਇੰਨਾ ਕਹਿੰਦਿਆਂ ਉਸਨੇ ਕਾ਼ਲੇ ਨੂੰ ਹੱਥਕੜੀ ਲਾ ਦਿੱਤੀ ਤੇ ਸਾਰੇ ਜਣੇ ਘਰ ਦੀ ਦੇਹਲੀ ਟੱਪ ਕੇ ਬਾਹਰ ਨੂੰ ਹੋ ਤੁਰੇ।

ਕਹਾਣੀ

# ਯੋਧਾ

## ਗੁਰਮੀਤ ਆਰਿਫ਼



ਗੁਰਮੀਤ ਆਰਿਫ਼

ਦਸੰਬਰ ਮਹੀਨੇ ਦੀ ਕੜਕਵੀਂ ਠੰਡ ਵਿੱਚ ਸਵੇਰ ਦੇ ਪੰਜ ਵਜੇ ਮੈਂ ਨੋਇਡਾ ਦੇ ਸੈਕਟਰ ਤਰੇਹਠ ਦੀ ਉਸ ਨੁੱਕਰ ਤੇ ਖੜ੍ਹਾ ਸਾਂ। ਜਿਥੋਂ ਮੈਟਰੋ ਬੰਦ ਹੋ ਜਾਂਦੀ ਹੈ। ਜਿਥੋਂ ਆਟੋ ਅੱਠ ਵਜੇ ਚੱਲਦੇ ਨੇ ਤੇ ਬੱਸ ਲਗਭਗ ਨੌਂ ਵਜੇ। ਗੁੱਟ ਤੇ ਬੰਨ੍ਹੀਂ ਘੜੀ ਵੱਲ ਸਰਸਰੀ ਨਜ਼ਰ ਨਾਲ ਵੇਖਦਾ ਹਾਂ। ਇਨ੍ਹਾਂ ਚਿਰ ਕਿਥੇ ਵੇਟ ਕਰਾਂਗਾ...? ਮਨ 'ਚ ਸੋਚ ਰਿਹਾ ਸਾਂ ਕਿ ਸਾਹਮਣਿਉਂ ਧੁੰਦ ਚੋਂ ਆਉਂਦਾ ਰਿਕਸ਼ੇ ਵਾਲਾ ਮੇਰੇ ਕੋਲ ਆ ਰੁਕਿਆ।

"ਚਲਨਾਂ ਹੈ ਸਰਦਾਰ ਜੀ?"

"ਹਾਂ, ਇਕ ਸੌ ਉਨਾਹਠ ਬੀ। ਕਿਤਨੇ ਪੈਸੇ ਲੋਗੇ...?" ਮੈਂ ਸਭੈਕੀਂ ਪੁੱਛਿਆ।

"ਵੈਸੇ ਤੋ ਪਚਾਸ ਲੇਤੇ ਹੈਂ, ਪਰ ਅਭੀ ਬੋਹਨੀਂ ਕਾ ਟਾਈਮ ਹੈ ਆਪ ਚਾਲੀਸ ਦੇ ਦੇਨਾਂ।"

ਉਹ ਰਿਕਸ਼ੇ ਦੇ ਹੈਂਡਲ ਉਤੋਂ ਦੀ ਲੱਤ ਘੁਮਾ ਕੇ ਲੰਗ ਮਾਰਦਾ ਮੇਰੇ ਕੋਲ ਆ ਖੜ੍ਹਾ। ਮੈਨੂੰ ਘਿਣ ਜੇਹੀ ਆਈ ਅਤੇ ਮੈਂ ਉਹਨੂੰ ਜਾਣ ਤੋਂ ਮਨ੍ਹਾ ਕਰ ਦਿੱਤਾ। ਉਹ ਠੰਡ ਵਿੱਚ ਠਰਦੇ ਹੱਥਾਂ ਨੂੰ ਕੱਛਾਂ 'ਚ ਘੁੱਟਦਾ ਮੇਰੇ ਵੱਲ ਵੇਖਦਾ ਪਰ੍ਹਾਂ ਜਾ ਖੜ੍ਹਾ ਹੋਇਆ। ਆਸੇ-ਪਾਸੇ ਕੋਈ ਹੋਰ ਸਵਾਰੀ ਨਾ ਹੋਣ ਕਾਰਨ ਕਿੰਨ੍ਹਾਂ ਹੀ ਚਿਰ ਉਹ ਮੇਰੇ ਵੱਲ ਵੇਖਦਾ ਰਿਹਾ।

ਖੜ੍ਹੇ-ਖੜ੍ਹੇ ਦੇ ਮਨ 'ਚ ਪਤਾ ਨੀ ਕੀ ਆਈ ਮੈਂ ਇਸ਼ਾਰੇ ਨਾਲ ਉਹਨੂੰ ਆਪਣੇ ਕੋਲ ਸੱਦਿਆ। ਉਹਨੇ ਸਿਰ ਤੋਂ ਨਿੱਘਾ ਮਫ਼ਲਰ ਲਾਹ ਕੇ ਸੀਟ ਸਾਫ਼ ਕੀਤੀ ਤੇ ਬੜੇ ਅਦਬ ਨਾਲ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ। ਰਿਕਸ਼ਾ ਤੋਰਨ ਲੱਗੇ ਨੇ ਦੋ ਵਾਰ ਹੈਂਡਲ ਤੋਂ ਹੱਥ ਚੱਕ ਕੰਨਾਂ ਨੂੰ ਛੁਹਾਏ। ਜਿਵੇਂ ਕਿਸੇ ਦੇਵੀ ਦੇਵਤੇ ਨੂੰ ਧਿਆ ਰਿਹਾ ਹੋਵੇ। ਸੱਜੇ ਪੈਰ ਦੇ ਜ਼ੋਰ ਨਾਲ ਰਿਕਸ਼ਾ ਰੇਹੜ ਕੇ ਸੜਕ 'ਤੇ ਕਰਦਿਆਂ ਉਹਨੇ ਫਿਰ ਲੱਤ ਹੈਂਡਲ ਉੱਤੋਂ ਦੀ ਘੁਮਾਈ ਤੇ ਉਹ ਵਾਹੋ-ਦਾਹ ਸੜਕ ਤੇ ਦੌੜਨ ਲੱਗ ਪਿਆ। ਜਿਥੇ ਮੈਂ ਜਾਣਾ ਸੀ ਉਹ ਲਗਭਗ ਡੇਢ ਦੋ ਕਿਲੋਮੀਟਰ 'ਤੇ ਫੈਕਟਰੀ ਵੱਲ ਜਾਂਦਾ ਵਿੰਗਾ ਟੇਢਾ ਰਾਹ ਹੈ।

ਰਿਕਸ਼ਾ ਚਲਾ ਰਹੇ ਉਸ ਬੰਦੇ ਵੱਲ ਵੇਖ ਕੇ ਮੈਨੂੰ ਆਪਣੇ ਆਪ ਤੇ ਗਿਲਾਨੀ ਜਿਹੀ ਆਈ – ਬਈ ਆਪ ਸਾਬਤ ਸੂਰਤ ਹੋ ਕੇ ਇਕ ਅੰਗਹੀਣ ਬੰਦੇ ਦੇ ਮੋਰੀਂ ਚੜ੍ਹਿਆ ਬੈਠਾ ਹਾਂ, ਪਰ ਇਹਨੂੰ ਵੀ ਐਹੋ ਜਾ ਸਖ਼ਤ ਕੰਮ ਨੀਂ ਕਰਨਾਂ ਚਾਹੀਦਾ। ਇਹ ਆਪਣੇ ਸਰੀਰ ਦੇ ਹਿਸਾਬ ਨਾਲ ਕੋਈ ਕੰਮ ਕਿਉਂ ਨੀ ਲੱਭ ਲੈਂਦਾ? ਕਿਉਂ ਐਨਾ ਤੰਗ ਹੋ ਰਿਹੈ? ਪਰ ਕੀ ਪਤਾ ਅੰਗਹੀਣ ਹੋਣ ਤੋਂ ਪਹਿਲਾਂ ਦਾ ਵੀ ਇਹ ਰਿਕਸ਼ਾ ਚਲਾਉਂਦਾ ਹੋਵੇ? ਮੇਰੇ ਮਨ 'ਚ ਉਹਦੇ ਪ੍ਰਤੀ ਦਿਲਚਸਪੀ ਵਧ ਗਈ ਤੇ ਨਾਲ ਕਈ ਸਵਾਲ ਵੀ...। ਦਿਲ ਕੀਤਾ ਉਹਦੇ ਨਾਲ ਗੱਲਾਂ ਕਰਾਂ... ਉਹਦੇ ਬਾਰੇ ਜਾਣਾ, ਅਤੇ ਮੈਂ ਉਹਨੂੰ ਬੁਲਾ ਲਿਆ।

"ਕਿਆ ਨਾਮ ਹੈ ਤੁਮ੍ਹਾਰਾ...?"

"ਰਮੇਸ਼ ਹੈ ਜੀ।"

"ਸ਼ਾਦੀ ਸ਼ੁਦਾ ਹੋ...?"

"ਹਾਂ ਜੀ ਸਾਹਬ।"

"ਕਿਤਨੇ ਬੱਚੇ ਹੈਂ...?"

"ਬੱਚੇ...? ਮਾਲਤੀ ਕੋ ਲੇ ਕੇ ਤੀਨ ਬੇਟੀਆਂ ਹੈਂ ਜੀ।" ਉਹਨੇ ਧੌਣ ਪਿਛਾਂਹ ਕਰਕੇ ਕਿਹਾ।

"ਮਾਲਤੀ ਕੋ ਲੇ ਕੇ ਤੀਨ ਹੈਂ...! ਇਹ ਕੀ ਗੱਲ ਹੋਈ ਭਲਾਂ...?"

"ਨਈਂ ਜੀ ਨਈਂ... ਅਸਲ ਮੇਂ ਵੋਹ ਹਮਾਰੀ ਸਬ ਸੇ ਬੜੀ ਬੇਟੀ ਹੈ, ਪਰ ਉਸਕੋ ਹਮਨੇ ਜਨਮ ਨਹੀਂ ਦੀਆ। ਲੇਕਿਨ ਉਸਕੋ ਹਮ ਅਪਨੇ ਬੱਚੋਂ ਸੇ ਭੀ ਬੜਕਰ ਮਾਨਤੇ ਹੈਂ। ਬਹੁਤ ਕਿਸਮਤ ਵਾਲੀ ਹੈ ਜੀ ਵੋਹ ਹਮਾਰੇ ਲੀਏ। ਚਾਰ ਸਾਲ ਪਹਿਲੇ ਕੀ ਬਾਤ ਹੈ। ਇਧਰ ਹੀ ਏਕ ਛੋਟਾ ਸਾ ਸਟੇਸ਼ਨ ਔਰ ਹੈ। ਪਹਿਲੇ ਮੈਂ ਉਸ ਤਰਫ਼ ਰਿਕਸ਼ਾ ਚਲਾਤਾ ਥਾ। ਐਸੇ ਹੀ ਮੈਂ ਸੁਬਹ-ਸੁਬਹ ਜਾ ਰਹਾ ਥਾ। ਵਹੀਂ ਪਰ ਸਟੇਸ਼ਨ ਕੇ ਬਾਹਰ ਜਹਾਂ ਰਿਕਸ਼ੇ ਰੁਕਤੇ ਹੈਂ। ਮੈਨੇ

ਦੁਖਾਂ ਦੇ ਇਸ ਪਾਣੀ ਵਿਚੋਂ, ਹਰ ਕੋਈ ਛੇਤੀ ਲੰਘਣਾ ਚਾਹੁੰਦਾ,
ਵਿਰਲੇ ਇਸ ਚੋਂ ਪਾਰ ਗਏ ਨੇ, ਬਹੁਤੇ ਅੱਧ ਵਿਚਕਾਰ ਗੁਆਚੇ। -ਰਾਜਿੰਦਰ ਜਿੰਦ

ਇਸਕੇ ਰੋਨੇ ਕੀ ਅਵਾਜ਼ ਸੁਨੀਂ। ਮੁਝੇ ਬੜਾ ਅਸਚਰਜ ਹੂਆ ਕਿ ਇਸ ਟਾਈਮ ਛੋਟਾ ਸਾ ਬੱਚਾ ਕਹਾਂ ਰੋ ਰਹਾ ਹੈ। ਜਬ ਜਾ ਕੇ ਦੇਖਾ ਮੇਰੇ ਤੋ ਹੋਸ਼ ਈ ਉਡ ਗਏ। ਮਖਮਲੀ ਕਪੜੋਂ ਮੇਂ ਲਪੇਟੀ ਬੇਚਾਰੀ ਰੋ-ਰੋ ਕੇ ਬੇਹਾਲ ਥੀ। ਕਪੜੋਂ ਸੇ ਲਗਤਾ ਥਾ ਕਾਫੀ ਬੜੇ ਘਰ ਕੀ ਬੇਟੀ ਹੋਗੀ, ਪਰ ਸਾਹਬ ਸ਼ਾਇਦ ਉਸ ਬੜੇ ਘਰ ਵਾਲੋਂ ਕਾ ਦਿਲ ਬੜਾ ਨਹੀਂ ਹੋਗਾ, ਜਿਸ ਵਜ੍ਹਾ ਸੇ ਵੋਹ ਇਸਕੋ ਵੀਰਾਨੇ ਮੇਂ ਫੈਂਕ ਕੇ ਚਲਾ ਗਯਾ। ਨਈਂ ਅਪਨੇ ਬੱਚੇ ਕੇ ਸਾਥ ਕੋਈ ਐਸੇ...? ਮੈਂ ਉਠਾਕਰ ਇਸੇ ਅਪਨੇ ਘਰ ਲੇ ਆਇਆ। ਮੇਰੀ ਪਤਨੀ ਨੇ ਇਸਕੋ ਬਹੁਤ ਪਿਆਰ ਦੀਆ। ਪਹਿਲੇ ਹਮਾਰੇ ਘਰ ਮੇਂ ਕੋਈ ਬੱਚਾ ਨਹੀਂ ਥਾ ਪਰ ਇਸਕੇ ਆਨੇ ਕੇ ਬਾਦ ਹਮਾਰੇ ਘਰ ਮੇਂ ਦੋ ਬੇਟੀਆਂ ਹੂਈ। ਬੜੀ ਖੁਸ਼ਕਿਸਮਤ ਹੈ ਹਮਾਰੇ ਲੀਏ ਤੋ। ਕਈ ਬਾਰ ਸੋਚਤਾ ਹੂੰ ਅਗਰ ਯੇਹ ਅਪਨੇ ਮਾਂ-ਬਾਪ ਕੇ ਪਾਸ ਹੋਤੀ ਤੋ ਉਨਕੇ ਲੀਏ ਭੀ ਕਿਸਮਤ ਵਾਲੀ ਹੋਤੀ, ਪਰ ਸ਼ਾਇਦ ਵੋਹ ਬਦਕਿਸਮਤ ਥੇ।"

"ਤੁਮਾਰੀ ਪਤਨੀ ਭੀ ਕੋਈ ਕਾਮ ਕਰਤੀ ਹੈ ਕਿਆ...?"

"ਨਹੀਂ ਜੀ ਪਹਲੇ ਕਰਤੀ ਥੀ ਪਰ ਅਬ ਘਰ ਪਰ ਹੀ ਬੱਚੋਂ ਕੋ ਦੇਖਤੀ ਹੈ।"

"ਕਿਤਨਾਂ ਕਮਾ ਲੇਤੇ ਹੋ ਸਾਰੇ ਦਿਨ ਮੇਂ?" ਮੈਂ ਅਗਲਾ ਸਵਾਲ ਕੀਤਾ।

"ਸਾਰਾ ਦਿਨ ਕਾਮ ਕਰਨੇ ਕੇ ਬਾਦ ਪੇਟ ਭਰ ਖਾਨਾਂ ਔਰ ਅਰਾਮ ਕੀ ਨੀਂਦ ਸੋ ਜਾਏਂ ਇਸ ਸੇ ਬਡਕਰ ਕਿਆ ਚਾਹੀ। ਬਾਕੀ ਰੱਜ ਤੋ ਆਦਮੀਂ ਕੋ ਤਬ ਭੀ ਨਹੀਂ ਆਤਾ ਚਾਹੇ ਸਾਰੀ ਦੁਨੀਆਂ ਕੀ ਦੌਲਤ ਮਿਲ ਜਾਏਂ।"

"ਤੁਮ੍ਹਾਰੇ ਪੈਰ ਕੋ ਕਿਆ ਹੂਆ ਹੈ...?"

"ਯੇਹ...! ਨਕਲੀ ਹੈ ਸਰਦਾਰ ਜੀ। ਏਕ ਬਾਰ ਹਮ ਗਾਉਂ ਜਾ ਰਹੇ ਥੇ। ਟਰੇਨ ਮੇਂ ਭੀੜ ਬਹੁਤ ਜ਼ਿਆਦਾ ਥੀ। ਕਿਸੀ ਨੇ ਧੱਕਾ ਦੇ ਦੀਆ ਹਮ ਨੀਚੇ ਗਿਰ ਗਏਂ ਔਰ ਪੈਰ ਟਰੇਨ ਕੇ ਨੀਚੇ ਆ ਕੇ ਕਟ ਗਿਆ। ਪਹਲੇ ਤੋ ਹਮ ਮਿਸਤਰੀ ਕੇ ਸਾਥ ਦਿਹਾੜੀ ਜਾਤੇ ਥੇ। ਲੇਕਿਨ ਪੈਰ ਕਟਨੇ ਕੇ ਬਾਦ ਕਿਸੀ ਨੇ ਕਾਮ ਨਹੀਂ ਦੀਆ ਤੋ ਹਮ ਰਿਕਸ਼ਾ ਚਲਾਨੇ ਲਗ ਗਏ। ਪਹਿਲੇ ਕਿਰਾਏ ਪਰ ਚਲਾਤੇ ਥੇ ਪਰ ਭਗਵਾਨ ਕੀ ਕਿਰਪਾ ਸੇ ਅਬ ਅਪਨਾ ਲੇ ਲੀਆ ਹੈ।"

"ਅਪਨਾਂ ਘਰ ਹੈ ਜਾਂ ਕਿਰਾਏ ਪਰ ਰਹਤੇ ਹੋ...?"

"ਨਹੀਂ ਨਹੀਂ ਅਪਨਾਂ ਕਹਾਂ ਸਰਦਾਰ ਜੀ। ਇਸ ਸ਼ਹਿਰ ਮੇਂ ਗਰੀਬ ਆਦਮੀ ਤੋ ਮਕਾਨ ਕਾ ਸਪਨਾਂ ਭੀ ਨਹੀ ਦੇਖ ਸਕਤੇ। ਇਧਰ ਈ ਆਗੇ ਚਲਕੇ ਥੋੜੀ ਦੂਰ ਸ਼ਮਸ਼ਾਨਘਾਟ ਹੈ। ਉਸੀ ਕੀ ਬਗਲ ਮੇਂ ਝੁੱਗੀ ਹੈ ਹਮਾਰੀ। ਉਸੀ ਮੇਂ ਰਹਤੇ ਹੈਂ ਬੱਚੋਂ ਕੇ ਸਾਥ।"

"ਤੁਮ ਲਾਵਾਰਿਸ ਬੱਚੀ ਕੋ ਉਠਾ ਕੇ ਲੇ ਆਏ। ਤੁਮਹੇਂ ਨੀ ਲਗਤਾ ਤੁਮ੍ਹਾਰੇ ਅਪਨੇ ਦੋ ਬੇਟੀਆਂ ਹੈਂ। ਅਗਰ ਲੜਕਾ ਹੋਤਾ ਤੋ ਬਾਤ ਔਰ ਥੀ। ਬੜਾ ਹੋਕਰ ਮਰਦ ਬਨਤਾ ਤੁਮ੍ਹਾਰੇ ਸਾਥ ਖੜ੍ਹਾ ਹੋਤਾ...?"

"ਕੌਨ ਕਿਸੀ ਕੇ ਸਾਥ ਖੜ੍ਹਾ ਹੋਤਾ ਹੈ ਜੀ ਆਜ ਕੇ ਜਮਾਨੇਂ ਮੇਂ। ਆਖ਼ਿਰ ਇਸਕੋ ਭੀ ਤੋ ਕਿਸੀ ਮਰਦ ਨੇ ਹੀ ਪੈਦਾ ਕੀਆ ਹੋਗਾ ਨਾ। ਕਿਆ ਹੂਆ... ਛੋੜ ਕੇ ਭਾਗ ਗਯਾ। ਲੇਕਿਨ ਮਾਲਤੀ ਹਮਾਰੇ ਲੀਏ ਬੇਟੇ ਸੇ ਕਮ ਨਹੀਂ ਹੈ ਜੀ। ਜਿਸ ਦਿਨ ਸੇ ਹਮਾਰੇ ਘਰ ਆਈ ਹੈ ਕਭੀ ਭੂਖੇ ਨਹੀਂ ਸੋਏ। ਨਈਂ ਤੋ ਪਹਲੇ ਕਈ ਬਾਰ ਕਾਮ ਨਾ ਮਿਲਨੇ ਕੀ ਵਜ੍ਹਾ ਸੇ ਭੂਖੇ ਸੋਨਾਂ ਪੜਤਾ ਥਾ। ਪਰ ਅਬ ਭਗਵਾਨ ਕੀ ਦਯਾ ਹੈ ਜੀ।"

"ਆਪਕੇ ਕਿਤਨੇ ਬੱਚੇ ਹੈਂ ਜੀ...?" ਉਹਨੇ ਝਕਦੇ ਜੇ ਨੇ ਸਵਾਲ ਕੀਤਾ।

ਮੈਂ ਚੁੱਪ ਕਰ ਗਿਆ। ਕੀ ਦੱਸਦਾ...? ਅਜੇ ਕੱਲ੍ਹ ਹੀ ਤਾਂ ਮੰਮੀ ਦਾ ਫ਼ੋਨ ਆਇਆ ਸੀ। ਕਹਿੰਦੇ 'ਰਾਜਵਿੰਦਰ ਅੱਜ ਮਨੀ ਦਾ ਟੈਸਟ ਕਰਾਇਆ ਸੀ। ਮੇਰੇ ਤਾਂ ਦਿਲ ਤੋਂ ਪੱਥਰ ਚੱਕਿਆ ਗਿਆ। ਮਾਰ੍ਹਾਜ ਨੇ ਸਾਡੀ ਜੜ੍ਹ ਤੋਰਤੀ। ਹੁਣ ਮੈਨੂੰ ਮਰਨ ਲੱਗੀ ਨੂੰ ਕੋਈ ਫਿਕਰ ਨੀ। ਨਈਂ ਜੇ ਪੋਤੇ ਦਾ ਮੂੰਹ ਵੇਖੇ ਬਿਨ੍ਹਾਂ ਮਰ ਜਾਂਦੀ ਤਾਂ ਸ਼ਾਇਦ ਮੇਰੀ ਗਤੀ ਨਾ ਹੁੰਦੀ।'

'ਕਾਤਲਾਂ ਦੀ ਵੀ ਕਦੀ ਗਤੀ ਹੋਈ ਐ? ਉਹ ਵੀ ਉਹਨਾਂ ਦੀ ਜਿੰਨਾਂ ਨੇ ਬਿਨਾਂ ਕਿਸੇ ਕਾਰਨ ਦੁਸ਼ਮਣੀਂ ਕੱਢੀ ਹੋਵੇ।' ਮੇਰੇ ਅੰਦਰੋਂ ਲਾਹਣਤ ਵਰਗਾ ਕੁਸ਼ ਫੁਟਿਆ। ਆਸ਼ੂ ਦੇ ਜਨਮ ਤੋਂ ਬਾਦ ਮਨੀ ਇਕ ਵਾਰ ਫਿਰ ਪ੍ਰੈਗਨੈਂਟ ਹੋਈ ਸੀ। ਮੰਮੀ ਜੀ ਕਹਿੰਦੇ ਰਾਜਵਿੰਦਰ ਜੇ ਐਸ ਵਾਰੀ ਮੁੰਡਾ ਹੋਜੇ ਤਾਂ ਵਧੀਆ, ਫੈਮਿਲੀ ਕੰਪਲੀਟ ਹੋਜੂ। ਨਾਲੇ ਪੋਤੇ ਦੀਆਂ ਕਿਲਕਾਰੀਆਂ ਨਾਲ ਘਰ ਗੂੰਜਦਾ ਰਹੂ। ਕੁੜੀਆਂ ਦਾ ਕੀ ਐ ਇਹ ਤਾਂ ਨਿਰਾ ਅੰਨ ਤੇ ਧਨ ਦਾ ਖੌਅ ਹੁੰਦੀਆਂ। ਜਿੱਧਰ ਵੀ ਜਾਣਗੀਆਂ ਕੁਸ਼ ਲੈ ਕੇ ਈ ਜਾਣਗੀਆਂ। ਪੁੱਤ ਹੋਊ ਤਾਂ ਲੈ ਕੇ ਆਊ। ਮੈਂ ਮੰਮੀ ਦੇ ਮਗਰ ਲੱਗ ਕੇ ਮਨੀ ਦਾ ਅਬਾਰਸ਼ਨ ਕਰਵਾਇਆ ਸੀ। ਉਹ ਵਿਚਾਰੀ ਨਾ ਚਹੁੰਦੇ ਹੋਏ ਵੀ ਕਿੰਨੇ ਦਿਨ ਮੇਰੀ ਹਿੱਕ ਨਾਲ ਲੱਗ ਕੇ ਸਹਿਕਦੀ ਰਹੀ ਸੀ।

ਪਰ ਹੁਣ ਜਦੋਂ ਉਹਨੂੰ ਇਸ ਗੱਲ ਦਾ ਪਤਾ ਲੱਗਾ ਹੋਵੇਗਾ ਕਿ ਨਹੀਂ ਇਸ ਵਾਰ ਨਹੀਂ। ਤਾਂ ਉਹਦੇ ਵੀ ਸਾਹ 'ਚ ਸਾਹ ਆ ਗਏ ਹੋਣਗੇ।

"ਕਿਆ ਹੂਆ ਸਰਦਾਰ ਜੀ... ਕਹਾਂ ਖੋ ਗਏ...?"

"ਆ ਹਾਂ... ਕੁਸ਼ ਨਈਂ ਯਾਰ ਮੇਰੀ ਏਕ ਬੇਟੀ ਹੈ।" ਬੜੀ ਮੁਸ਼ਕਿਲ ਨਾਲ ਮੇਰੇ ਸੰਘ 'ਚੋਂ ਨਿਕਲਿਆ।

"ਬੜੀ ਕਿਸਮਤ ਵਾਲੇ ਹੋ ਜੀ ਆਪ ਤੋ। ਕਹਿਤੇ ਹੈਂ ਬੇਟੀ ਕਾ ਦਾਨ ਸਭ ਸੇ ਉੱਤਮ ਦਾਨ ਹੈ। ਮੇਰੇ ਬਾਬੂ ਜੀ ਕਹਿਤੇ ਥੇ ਕੰਨਿਆਦਾਨ ਕਰਕੇ ਆਦਮੀ ਚੌਰਾਸੀ ਕੇ ਚੱਕਰ ਸੇ ਮੁਕਤ ਹੋ ਜਾਤਾ ਹੈ ਜੀ।"

"ਸਾਡੇ ਵਰਗਿਆਂ ਨੂੰ ਕਿਥੇ ਮੁਕਤੀ ਮਿਲਣੀਂ ਐਂ ਜਿੰਨਾਂ ਨੇ...?" ਮੈਂ ਮਨ 'ਚ ਸੋਚਿਆ।

"ਲੀਜੀਏ ਸਰਦਾਰ ਜੀ ਆਪਕਾ ਸਟੇਸ਼ਨ ਆ ਗਿਆ।"

ਮੈਂ ਪੰਜਾਹ ਦਾ ਨੋਟ ਕੱਢ ਕੇ ਉਹਨੂੰ ਫੜ੍ਹਾਉਂਦਿਆਂ ਉਹਦੇ ਮੋਢੇ ਤੇ ਹੱਥ ਧਰਿਆ। ਉਹਨੇ ਜੇਬ ਚੋਂ ਦਸਾਂ ਦਾ ਨੋਟ ਕੱਢ ਕੇ ਮੇਰੇ ਵੱਲ ਵਧਾ ਦਿੱਤਾ।

"ਨਈਂ, ਨਈਂ ਰੱਖ ਲਾ ਯਾਰ ਤੂੰ... ਕੋਈ ਗੱਲ ਨੀ।"

"ਕਿਆ ਬਾਤ ਕਰਤੇ ਹੈਂ ਸਰਦਾਰ ਜੀ! ਐਸੇ ਹਮ ਆਪਸੇ ਜ਼ਿਆਦਾ ਪੈਸੇ ਕੈਸੇ ਲੇ ਸਕਤੇ ਹੈਂ। ਜੋ ਏਕ ਬਾਰ ਬਾਤ ਕਰ ਲੀਏ ਸੋ ਕਰ ਲੀਏ। ਗਰੀਬ ਜਰੂਰ ਹੈਂ ਪਰ ਕਿਸੀ ਕਾ ਹੱਕ ਨਹੀਂ ਮਾਰਤੇ ਸਰਦਾਰ ਜੀ।"

ਉਹ ਰਿਕਸ਼ਾ ਰੇਹੜ ਕੇ ਲੰਗ ਮਾਰਦਾ ਅੱਗੇ ਨਿੱਕਲ ਗਿਆ। ਮੈਂ ਮੁੱਠ 'ਚ ਦਸਾਂ ਦਾ ਨੋਟ ਘੁੱਟੀ ਭਰੇ ਮਨ ਨਾਲ ਉਹਨੂੰ ਪਿਛੋਂ ਵੇਖਦਾ ਰਿਹਾ।

ਉਡੇ ਜਾਂ ਨਾ ਉਡੇ ਇਹ ਇਸਦਿਆਂ ਖੰਭਾਂ 'ਤੇ ਨਿਰਭਰ ਏ,
ਅਸੀਂ ਅਸਮਾਨ ਵੱਲ ਦਿਲ ਦਾ ਕਬੂਤਰ ਤੋਰ ਦਿਤਾ ਹੈ। -ਗੁਰਦਿਆਲ ਰੌਸ਼ਨ

ਕਹਾਣੀ

# ਧੁਪ ਦਾ ਦਰਿਆ

## ਡਾ.ਜੋਗਿੰਦਰ ਸਿੰਘ ਨਿਰਾਲਾ


ਡਾ.ਜੋਗਿੰਦਰ ਸਿੰਘ ਨਿਰਾਲਾ

ਅਜਮੇਰ ਨੂੰ ਨੀਂਦ ਨਹੀਂ ਸੀ ਆ ਰਹੀ। ਉਸਦੇ ਅੰਦਰ ਇਕ ਜਵਾਰ-ਭਾਟਾ ਜਿਹਾ ਉੱਠ ਰਿਹਾ ਸੀ। ਅਗੇ ਜਦ ਕਦੇ ਵੀ ਉਸਨੂੰ ਨੀਂਦ ਨਾ ਆਉਂਦੀ, ਉਹ ਪਊਆ ਸ਼ਰਾਬ ਦਾ ਅੰਦਰ ਸੁੱਟਦਾ ਅਤੇ ਸਾਰੀ ਰਾਤ ਘੁਰਾੜੇ ਮਾਰਦਾ ਰਹਿੰਦਾ। ਪਰ ਅੱਜ ਉਹ ਬੋਤਲ ਤੋਂ ਉੱਤੇ ਪੀ ਚੁੱਕਿਆ ਸੀ ਫਿਰ ਵੀ ਉਸਨੂੰ ਹਾਲ ਤੀਕ ਇਕ ਉਬਾਸੀ ਵੀ ਨਹੀਂ ਸੀ ਆਈ।

ਅਸਲ ਵਿਚ ਪਿਛਲੇ ਕੁਝ ਦਿਨਾਂ ਤੋਂ ਉਹ ਇੰਜ ਹੀ ਉਖੜਿਆ ਉਖੜਿਆ ਸੀ। ਪਿਛਲੀਆਂ ਕਈ ਰਾਤਾਂ ਤੋਂ ਉਹ ਸੌਂ ਨਹੀਂ ਸੀ ਸਕਿਆ। ਇਕ ਸੰਘਰਸ਼ ਉਸਦੇ ਮਨ ਅੰਦਰ ਚੱਲ ਰਿਹਾ ਸੀ। ਅਤੇ ਅੱਜ ਦੀ ਗੱਲ ਨੇ ਤਾਂ ਬਲਦੀ 'ਤੇ ਤੇਲ ਦਾ ਕੰਮ ਕੀਤਾ ਸੀ। ਸਰਦਾਰ ਆਖ ਰਿਹਾ ਸੀ, ''ਜਮੇਰ ਤੂੰ ਈਮਾਨਦਾਰ ਕਾਮਾ ਏਂ, ਸਾਡਾ ਦਿਲ ਤਾਂ ਨਹੀਂ ਕਰਦਾ ਪਰ ਇਸ ਮਾਂ ਦੀ ਸਰਕਾਰ ਨੇ ਕਾਨੂੰਨ ਹੀ 'ਜੇਹੇ ਬਣਾ ਤੇ ਕਿ ਸਾਨੂੰ ਮਜ਼ਬੂਰੀ ਨਾਲ ਜ਼ਮੀਨ ਚੀਤੂ ਨੂੰ ਦੇਣੀ ਪਈ ਐ।''

ਅਜਮੇਰ ਨੇ ਦੇਖਿਆ ਚੀਤੂ, ਸਰਦਾਰ ਦੇ ਬੰਦਿਆਂ ਵਿਚ ਖੜ੍ਹਾ ਸੀ। ਜਦੋਂ ਚੀਤੂ ਦੀਆਂ ਅੱਖਾਂ ਅਜਮੇਰ ਨਾਲ ਮਿਲੀਆਂ ਤਾਂ ਉਹ ਘਬਰਾ ਗਿਆ। ਅਜਮੇਰ ਦਾ ਦਿਲ ਤਾਂ ਕੀਤਾ ਕਿ ਚੀਤੂ ਉਪਰ ਝਪਟ ਪਵੇ ਫਿਰ ਉਸਨੂੰ ਖਿਆਲ ਆਇਆ, ਇਸ ਵਿਚ ਚੀਤੂ ਦਾ ਕੀ ਕਸੂਰ? ਸਰਦਾਰ ਨੇ ਕਿਸੇ ਨੂੰ ਤਾਂ ਜ਼ਮੀਨ ਦੇਣੀ ਹੈ ਅਤੇ ਪਿੰਡ ਵਾਲਿਆਂ 'ਚੋਂ ਕਿਸੇ ਉਸਨੂੰ ਵਾਹੁਣਾ ਵੀ ਜ਼ਰੂਰੀ ਐ। ਫਿਰ ਚੀਤੂ ਜਾਂ ਕਿਸੇ ਹੋਰ ਵਿਚ ਕੀ ਫ਼ਰਕ ਐ?

ਸਰਦਾਰ ਅਜਮੇਰ ਵੱਲੋਂ ਜਵਾਬ ਉਡੀਕ ਰਿਹਾ ਸੀ ਅਤੇ ਅਜਮੇਰ ਆਪਣੀਆਂ ਵਾਹੀਆਂ ਪੈਲੀਆਂ ਵੱਲ ਦੇਖ ਰਿਹਾ ਸੀ। ਉਹਨਾਂ ਪੈਲੀਆਂ ਨੂੰ ਜਿਹਨਾਂ ਨੂੰ ਉਹ ਪਿਛਲੇ ਕਿੰਨੇ ਹੀ ਵਰ੍ਹਿਆਂ ਤੋਂ ਵਾਹੁੰਦਾ ਆ ਰਿਹਾ ਸੀ। ਹਰ ਜੱਟ ਵਾਂਗ ਉਹ ਵੀ ਭੋਇੰ ਨੂੰ ਆਪਣੀ ਮਾਂ ਵਾਂਗ ਸਮਝਦਾ ਸੀ। ਅਜਮੇਰ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ ਸੀ। ਉਸਨੂੰ ਇਸ ਤਰ੍ਹਾਂ ਦੇਖਦਿਆਂ ਸਰਦਾਰ ਨੇ ਆਪਣੇ ਬੰਦਿਆਂ ਨੂੰ ਇਸ਼ਾਰਾ ਜਿਹਾ ਕੀਤਾ। ਸਰਦਾਰ ਦਾ ਸੱਜਾ ਹੱਥ ਪਿਸਤੌਲ ਉਪਰ ਸੀ। ਅਜਮੇਰ ਦੇ ਗੁੱਸੇ ਨੇ ਗੰਧਲੇ ਪਾਣੀ ਦਾ ਰੂਪ ਧਾਰ ਲਿਆ।

''ਜਮੇਰ ਅਸੀਂ ਤੈਨੂੰ ਚੀਤੂ ਵਾਲੀ ਲਿਖ ਦਿਆਂਗੇ।'' ਪਰ ਅਜਮੇਰ ਨੂੰ ਜਿਵੇਂ ਕੁਝ ਵੀ ਸੁਣ ਨਹੀਂ ਸੀ ਰਿਹਾ। ਉਸਨੇ ਚੁੱਪਚਾਪ ਆਪਦੇ ਬਲਦਾਂ ਨੂੰ ਖੋਲ੍ਹਿਆ ਅਤੇ ਪਿੰਡ ਦੇ ਰਾਹ ਜਾ ਪਿਆ। ਜਦ ਉਹ ਘਰ ਪਹੁੰਚਿਆ ਤਾਂ ਉਸਨੂੰ ਆਪਣੀ ਘਰਵਾਲੀ ਮਿੰਦੋ ਦਰਵਾਜ਼ੇ ਵਿਚ ਹੀ ਖੜ੍ਹੀ ਮਿਲ ਪਈ। ਮਿੰਦੋ ਨੇ ਸਾਰੀ ਗੱਲ ਉਸਦੇ ਚਿਹਰੇ ਤੋਂ ਹੀ ਪੜ੍ਹ ਲਈ। ਉਂਜ ਵੀ ਜਦ ਉਹ ਪਾਣੀ ਦਾ ਘੜਾ ਲੈ ਕੇ ਆ ਰਹੀ ਸੀ ਤਾਂ ਚੌਧਰੀ ਦੀਆਂ ਗੱਲਾਂ ਸੁਣ ਕੇ ਵੀ ਉਸਨੇ ਕੁਝ ਅਨੁਮਾਨ ਜਿਹਾ ਲਾ ਲਿਆ ਸੀ। ਅਜਮੇਰ ਚੁੱਪਚਾਪ ਸਿੱਧਾ ਅੰਦਰ ਜਾ ਰਿਹਾ ਅਤੇ ਮਿੰਦੋ ਬਲਦਾਂ ਨੂੰ ਬੰਨ੍ਹਣ ਤੁਰ ਪਈ। ਸ਼ਾਮ ਵੇਲੇ ਵੀ ਕੋਈ ਗੱਲਬਾਤ ਨਹੀਂ ਸੀ ਹੋਈ। ਅਜਮੇਰ ਨੇ ਭਰੇ-ਭਰੀਤੇ ਨੇ ਡੇਢ ਕੁ ਰੋਟੀ ਮਸਾਂ ਅੰਦਰ ਲੰਘਾਈ।

...ਤੇ ਹੁਣ ਬੋਤਲ ਤੋਂ ਵੱਧ ਪੀ ਕੇ ਵੀ ਆਪਣੇ ਮੰਜੇ ਉਪਰ ਉਸਲਵੱਟੇ ਲੈ ਰਿਹਾ ਸੀ। ਅੱਜ ਉਸਨੂੰ ਚੜ੍ਹ ਨਹੀਂ ਸੀ ਰਹੀ, ਉਸਦਾ ਸਾਹ ਬੜੀ ਤੇਜ਼ੀ ਨਾਲ ਚੱਲ ਰਿਹਾ ਸੀ। ਮਨ ਹੀ ਮਨ ਅੰਦਰ ਉਹ ਆਪਣੇ ਆਪ ਨੂੰ ਕੋਸ ਰਿਹਾ ਸੀ ਕਿ ਉਸਨੇ ਸਰਦਾਰ ਅਤੇ ਉਸਦੇ ਬੰਦਿਆਂ ਨੂੰ ਜਿਉਂਦਿਆਂ ਹੀ ਕਿਉਂ ਛੱਡਿਆ? ਉਹ ਖੇਤੋਂ ਚੁੱਪਚਾਪ ਕਿਵੇਂ ਤੁਰ ਆਇਆ ਸੀ? ਸਾਰੇ ਪਿੰਡ ਵਿਚ ਉਸਦਾ ਗੁੱਸਾ ਮਸ਼ਹੂਰ ਸੀ। ਪਿਛਲੇ ਸਾਲ ਜਦ ਥਾਣੇਦਾਰ ਨੇ ਪੰਚਾਇਤ ਵਿਚ ਸਾਰੇ ਪਿੰਡ ਨੂੰ ਮਾਂ ਦੀ ਗਾਲ੍ਹ ਕੱਢੀ ਸੀ ਤਾਂ ਕਿੱਦਾਂ ਉਸਨੇ ਭਰੀ ਪੰਚਾਇਤ ਵਿਚ ਥਾਣੇਦਾਰ ਦੀ ਦਾਹੜੀ ਪੁੱਟੀ ਸੀ। ਪਰ ਜਦ ਦੂਸਰੇ ਦਿਨ ਸਿਪਾਹੀ ਸੁਨੇਹਾ ਲੈ ਕੇ ਆਇਆ ਕਿ ਅਜਮੇਰ ਨੂੰ ਥਾਣੇ ਬੁਲਾਇਆ ਤਾਂ ਸਾਰਾ ਪਿੰਡ ਹੀ ਤ੍ਰਭਕ ਗਿਆ ਸੀ।

ਜਦੋਂ ਉਹ ਥਾਣੇ ਪੁੱਜਿਆ ਤਾਂ ਉਸ ਦੇਖਿਆ ਥਾਣੇਦਾਰ ਹਰਿੰਦਰ ਸਿੰਘ ਤੇ ਕੁਝ ਬਾਹਰਲੇ ਅਫ਼ਸਰ ਕੁਰਸੀਆਂ ਉਪਰ ਬੈਠੇ ਸਨ। ਥਾਣੇ ਦਾ ਮਾਹੌਲ ਵੇਖ ਦੇ ਇਕ ਵਾਰ ਤਾਂ ਅਜਮੇਰ ਦਾ ਆਪਾ ਖੁਰਨ ਲੱਗਿਆ। ਉਸਨੂੰ ਆਪਣੀਆਂ ਲੱਤਾਂ ਵਿਚ ਕੜੱਕ ਜਿਹੀ ਹੁੰਦੀ ਜਾਪੀ। ਇੰਨੇ ਵਿਚ ਹੀ ਥਾਣੇਦਾਰ ਹਰਿੰਦਰ ਸਿੰਘ ਦੀ ਆਵਾਜ਼ ਕੰਨੀਂ ਪਈ, ''ਆ ਬਈ ਅਜਮੇਰ ਸਿਆਂ... ਉਥੇ ਦੂਰ ਕਿਉਂ ਖੜ੍ਹੈਂ...? ਆ ਐਥੇ ਕੁਰਸੀ 'ਤੇ ਬੈਠ। ਅਸੀਂ ਤੇਰੀ ਬਹਾਦਰੀ ਤੇ ਬੜੇ ਖੁਸ਼ ਹਾਂ... ਲਿਆਓ ਓਏ ਮੁੰਡਿਓ ਲਾਲ ਪਰੀ...।''

ਅਜਮੇਰ ਉਸ ਦਿਨ ਅੱਧੀ ਰਾਤੇ ਘਰ ਮੁੜਿਆ ਸੀ। ਮਿੰਦੋ ਨੂੰ ਉਂਜ ਇਸ ਗੱਲ ਦਾ ਪਤਾ ਤਾਂ ਲੱਗ ਚੁੱਕਿਆ ਸੀ ਪਰ ਹੁਣ ਜਦ ਉਸਨੇ ਅਜਮੇਰ ਨੂੰ ਨਸ਼ੇ ਵਿਚ ਗੁੱਟ ਦੇਖਿਆ ਤਾਂ ਉਹ ਬੁੜਬੜਾਉਣ ਲੱਗੀ, ''ਇਹ ਐਵੇਂ ਨਹੀਂ ਪਿਆਉਂਦੇ... ਜ਼ਰੂਰ ਤੈਨੂੰ ਕਿਸੇ ਕੰਮ 'ਚ ਫਸਾਉਣਗੇ...।'' ਤੇ ਅਜਮੇਰ ਅੱਜ ਵੀ ਮਿੰਦੋ ਦੀਆਂ ਗੱਲਾਂ ਦੀ ਸੱਚਾਈ ਨੂੰ ਮੰਨਦਾ ਸੀ। ਕਿਹੋ ਜਿਹਾ ਕੰਮ ਕਰਵਾਇਆ ਸੀ, ਥਾਣੇਦਾਰ ਨੇ ਉਸ ਤੋਂ? ਪ੍ਰੀਤਮ ਦੀ ਲਾਸ਼ ਟੋਟੇ ਟੋਟੇ ਕਰਕੇ ਉਹ ਵੱਡੀ ਨਹਿਰ ਵਿਚ ਸੁੱਟ ਆਇਆ ਸੀ।

ਅਜਮੇਰ ਨੇ ਮਹਿਸੂਸ ਕੀਤਾ, ਅੰਦਰਲੇ ਕਮਰੇ ਵਿਚ ਬੰਦਿਆਂ ਦੀ ਪੈੜਚਾਲ ਸੀ। ਉਸਨੇ ਭੱਜ ਕੇ ਗੰਡਾਸਾ ਚੁੱਕ ਲਿਆ। ਜ਼ਰੂਰ ਸਰਦਾਰ ਨੇ ਭੇਜੇ ਹੋਣਗੇ।

''ਕਿਹੜੇ ਓ... ਥੋਡੀ ਮਾਂ ਦੀ...।''

''ਅਜਮੇਰ ਘਾਬਰ ਨਾ... ਅਸੀਂ ਤੇਰੇ ਦੁਸ਼ਮਣ ਨਹੀਂ ਤੇਰੇ ਹਤੈਸ਼ੀ ਹਾਂ।'' ਹਨੇਰੇ ਵਿਚੋਂ ਕੋਈ ਜਾਣੀ-ਪਹਿਚਾਣੀ ਆਵਾਜ਼ ਆਈ। ਏਨੇ ਵਿਚ ਸਾਰੇ ਬੰਦੇ ਉਸਦੇ ਕੋਲ ਆ ਗਏ। ਉਹ ਉਸਦਾ ਸਾਲਾ ਸੀ ਦਲੀਪ ਜਿਸ ਲਈ ਥਾਣੇ ਵਾਲਿਆਂ ਨੇ ਪੰਜ ਹਜ਼ਾਰ ਇਨਾਮ ਰੱਖਿਆ ਸੀ।

''ਮਿੰਦੋ'', ਅਜਮੇਰ ਨੇ ਆਵਾਜ਼ ਮਾਰੀ।

''ਉਸਨੂੰ ਅਸੀਂ ਕਲੋਰੋਫਾਰਮ ਸੁੰਘਾ ਦਿੱਤੀ।''

''ਚੰਗਾ ਫਿਰ ਲਾਲਟੈਣ ਕਰ ਲਈਏ।''

ਖੱਬੀ ਬਾਹੀ ਉਪਰ ਬੈਠੇ ਕੁਰਤੇ ਪਜਾਮੇ ਵਾਲੇ ਮੁੰਡੇ ਨੇ

ਇਕ ਦੂਜੇ ਨੂੰ ਭੁੱਲ ਜਾਣਾ ਨਾਮੁਮਕਿਨ ਹੈ,
ਫੁੱਲ ਤੋਂ ਖੁਸ਼ਬੂ ਵੱਖ ਕਿਵੇਂ ਹੋ ਜਾਵੇਗੀ। -ਕੁਲਵੰਤ ਜ਼ੀਰਾ

ਆਖਿਆ, ''ਅਸੀਂ ਵੀ ਚਾਨਣ ਕਰਨ ਵਾਸਤੇ ਤੁਰੇ ਆਂ। ਪਰ ਇਸ ਲਈ ਸਾਨੂੰ ਹਨੇਰੇ ਵਿਚ ਹੀ ਰਹਿਣਾ ਪਵੇਗਾ।''

ਅਜਮੇਰ ਜਾਣਦਾ ਸੀ। ਥਾਣੇਦਾਰ ਹਰਿੰਦਰ ਸਿੰਘ ਨੇ ਉਸਨੂੰ ਕਾਫ਼ੀ ਕੁਝ ਦੱਸਿਆ ਸੀ। ਥਾਣੇਦਾਰ ਕਹਿੰਦਾ ਸੀ, ''ਸਾਰੀ ਪੁਲਸ ਇਨ੍ਹਾਂ ਬਾਗੀਆਂ ਤੋਂ ਡਰਦੀ। ਝੰਡਾ ਚੁੱਕੀ ਇਹ ਪਿੰਡ ਪਿੰਡ ਫਿਰਦੇ ਨੇ...।'' ਇੰਨਾਂ ਸੋਚਦਿਆਂ ਸੋਚਦਿਆਂ ਉਸਨੇ ਵੇਖਿਆ ਚਾਰਾਂ ਦੇ ਮੋਢਿਆਂ ਉਪਰ ਬੰਦੂਕਾਂ ਸਨ ਤੇ ਗਲ ਵਿਚ ਕਾਰਤੂਸਾਂ ਦੀਆਂ ਪੇਟੀਆਂ ਵੇਖ ਕੇ ਅਜਮੇਰ ਸੱਚਮੁੱਚ ਡਰ ਜਿਹਾ ਗਿਆ।

ਉਸਦੇ ਬੁੱਲ੍ਹ ਫਰਕੇ, ''ਮੇਰੇ ਤਾਈਂ ਕੀ ਕੰਮ ਐ?'' ਤੀਸਰਾ ਆਦਮੀ ਜਿਹੜਾ ਕੁਝ ਬਜ਼ੁਰਗ ਜਿਹਾ ਲੱਗਦਾ ਸੀ, ਬੋਲਿਆ, ''ਪਹਿਲਾਂ ਤਾਂ ਅਸੀਂ ਪਿਛਲੇ ਕਈ ਦਿਨਾਂ ਤੋਂ ਭੁੱਖੇ ਆਂ, ਰੋਟੀ-ਟੁੱਕ ਦਾ ਆਹਰ ਕਰਨਾ ਪਵੇਗਾ ਤੇ ਫਿਰ ਇਹ ਇਸ਼ਤਿਹਾਰ ਸਰਦਾਰ ਦੀ ਕੋਠੀ ਉਪਰ ਲਗਾਉਣਾ ਹੈ।''

ਅਜਮੇਰ ਨੇ ਚੰਨ ਚਾਨਣੀ ਵਿਚ ਦੇਖਿਆ, ਚਿੱਟੇ ਕਾਗਜ਼ 'ਤੇ ਲਾਲ ਸਿਆਹੀ ਨਾਲ ਕੁਝ ਲਿਖਿਆ ਸੀ। ਅਜਮੇਰ ਨੇ ਇਸ਼ਤਿਹਾਰ ਦਰੀ ਦੇ ਥੱਲੇ ਰੱਖ ਲਿਆ।

''ਇਹ ਕੰਮ ਹੁਣੇ ਈ ਹੋ ਜਾਣਾ ਚਾਹੀਦਾ ਐ।'' ਚੌਥਾ ਆਦਮੀ ਬੋਲਿਆ। ਅਜਮੇਰ ਅਤੇ ਦਲੀਪ ਦੀਆਂ ਅੱਖਾਂ ਮਿਲੀਆਂ।

''ਦਲੀਪ, ਤੈਨੂੰ ਸ਼ਾਇਦ ਨਹੀਂ ਪਤਾ, ਬਾਪੂ ਤੇ ਬੇਬੇ ਨੂੰ ਕਿੰਨੀ ਵਾਰ ਠਾਣੇ ਬੁਲਾ ਕੇ ਬੇਜ਼ਤੀ ਕੀਤੀ ਗਈ ਐ।''

ਅਜਮੇਰ, ''ਅੱਗੇ ਕਿਹੜਾ ਅਸੀਂ ਬੜੀ ਇੱਜ਼ਤ ਨਾਲ ਜਿਉਂਦੇ ਹਾਂ? ਮੈਂ ਬੀ.ਏ. ਕੀਤੀ, ਮੈਨੂੰ ਨੌਕਰੀ ਨਹੀਂ ਮਿਲੀ, ਬਾਪੂ ਸਾਰੀ ਉਮਰ ਬਾਣੀਏ ਦਾ ਕਰਜ਼ਾ ਨਹੀਂ ਲਾਹ ਸਕਿਆ-ਤੇਰੇ ਨਾਲ ਕਿਹੜਾ ਘੱਟ ਹੋਈ ਐ? ਸਰਕਾਰ ਕਾਨੂੰਨ ਪਾਸ ਕਰਦੀ ਐ ਪਰ ਮੋਰੀਆਂ ਰੱਖ ਕੇ। ਅਸੀਂ ਏਸ ਸਭ ਕਾਸੇ ਨੂੰ ਬਦਲਣ ਦਾ ਰਾਹ ਫੜਿਐ। ਅਸੀਂ ਚੁਣ ਚੁਣ ਕੇ ਸਰਦਾਰੜੇ ਮਾਰਾਂਗੇ ਤੇ ਹਲਵਾਹਕਾਂ ਨੂੰ ਕਬਜ਼ੇ ਦੁਆਵਾਂਗੇ।''

ਅਜਮੇਰ ਨੇ ਇੰਜ ਮਹਿਸੂਸ ਕੀਤਾ ਜਿਵੇਂ ਦਲੀਪਾ ਬਿਲਕੁੱਲ ਠੀਕ ਹੋਵੇ। ਉਸਦੀਆਂ ਅੱਖਾਂ ਵਿਚ ਸੁਪਨਾ ਜਿਹਾ ਤੈਰ ਗਿਆ। ਜੇ ਸਰਦਾਰ ਉਸ ਤੋਂ ਜ਼ਮੀਨ ਖਾਲੀ ਨਾ ਕਰਵਾ ਸਕੇ। ਤੇ ਹਰਿੰਦਰ ਸਿੰਘ, ਪ੍ਰੀਤਮ ਵਰਗਿਆਂ ਨੂੰ...। ਪਰ ਮੂੰਹੋਂ ਤਾਂ ਅਜਮੇਰ ਨੇ ਥਾਣੇਦਾਰ ਹਰਿੰਦਰ ਸਿੰਘ ਸ਼ਬਦ ਹੀ ਕੱਢੇ, ''ਪਰ ਇਸ ਤਰ੍ਹਾਂ ਕਈ ਨਿਰਦੋਸ਼ ਮਾਰੇ ਜਾਣਗੇ। ਲੋਕ ਸਾਡੇ ਵਿਰੁੱਧ ਹੋ ਜਾਣਗੇ...।''

''ਹੋ ਸਕਦੈ, ਅਸੀਂ ਖੁਦ ਵੀ ਪਹਿਲਾਂ ਹੀ ਮਾਰੇ ਜਾਈਏ। ਹਰ ਚੰਗੇ ਕੰਮ ਵਿਚ ਬੇਦੋਸ਼ੇ ਵੀ ਮਾਰੇ ਜਾਂਦੇ ਨੇ ਪਰ ਅਸੀਂ ਲੋਕਾਂ ਨੂੰ ਇਕ ਲਾਈਨ ਤਾਂ ਦੇ ਜਾਵਾਂਗੇ।'' ਖੱਬੀ ਬਾਹੀ ਉਪਰ ਬੈਠੇ ਮੁੰਡੇ ਵਿਚ ਕੁੱਝ ਵਧੇਰੇ ਹੀ ਜੋਸ਼ ਸੀ।

ਮੁੰਡੇ ਦੀ ਗੱਲ ਅਜਮੇਰ ਦੇ ਕੁਝ ਪੱਲੇ ਨਹੀਂ ਸੀ ਪਈ। ਕੁਝ ਦੇਰ ਚੁੱਪ ਛਾਈ ਰਹੀ। ਫਿਰ ਅਜਮੇਰ ਉਠਿਆ ਅਤੇ ਰਾਤ ਦੀਆਂ ਬਚੀਆਂ ਰੋਟੀਆਂ ਤੇ ਦਾਲ ਦਾ ਤਪਲਾ ਉਨ੍ਹਾਂ ਅੱਗੇ ਰੱਖ ਦਿੱਤਾ। ਜਾਣ ਲੱਗਿਆ ਚੌਥੇ ਬੰਦੇ ਨੇ ਇਕ ਗੂੰਦ ਦੀ ਸ਼ੀਸ਼ੀ ਅਜਮੇਰ ਨੂੰ ਦਿੰਦਿਆਂ ਕਿਹਾ, ''ਇਹ ਕੰਮ ਹੁਣੇ ਹੀ ਹੋਣਾ ਚਾਹੀਦਾ ਐ, ਜੇ ਕਿਸੇ ਨੂੰ ਦੱਸਣ ਦੀ ਕੋਸ਼ਿਸ਼ ਕੀਤੀ...।''

ਉਹ ਚਾਰੇ ਬਾਹਰ ਨਿਕਲ ਕੇ ਹਨੇਰੇ ਵਿਚ ਕਿਧਰੇ ਗੁਆਚੇ ਗਏ। ਅਜਮੇਰ ਕੁਝ ਦੇਰ ਤਾਂ ਹਨੇਰੇ ਵੱਲ ਦੇਖਦਾ ਰਿਹਾ ਤੇ ਫਿਰ ਦਰੀ ਥੱਲਿਓਂ ਇਸ਼ਤਿਹਾਰ ਚੁੱਕ ਕੇ ਸਰਦਾਰ ਦੀ ਕੋਠੀ ਵੱਲ ਨਿਕਲ ਤੁਰਿਆ। ਉਹੋ ਗੱਲ ਹੋਈ ਜਿਸ ਗੱਲੋਂ ਉਹ ਡਰਦਾ ਸੀ। ਮੋੜ 'ਤੇ ਉਸ ਨੂੰ ਚੀਤੂ ਮਿਲ ਗਿਆ ਪਰ ਉਸਨੇ ਕੋਈ ਧਿਆਨ ਨਾ ਦਿੱਤਾ ਤੇ ਅੱਗੇ ਵੱਧਦਾ ਗਿਆ।

ਜਦ ਉਹ ਕੋਠੀ ਮੂਹਰੇ ਪੁੱਜਿਆ ਤਾਂ ਉਸਨੇ ਦੇਖਿਆ, ਗੱਜਣ ਚੌਂਕੀਦਾਰ ਆਰਾਮ ਨਾਲ ਸੁੱਤਾ ਪਿਆ ਸੀ। ਉਸਦੇ ਕੋਲ ਹੀ ਸਰਦਾਰ ਦਾ ਕੁੱਤਾ ਵੀ ਪਿਆ ਸੀ, ਕੋਠੀ ਅੰਦਰ ਰੌਸ਼ਨੀ ਸੀ ਪਰ ਬਾਹਰ ਹਨੇਰਾ।

'ਜ਼ਮੀਨ ਹਲਵਾਹਕਾਂ ਦੀ ਹੈ, ਸਰਦਾਰ ਵਰਗਾ ਹਾਲ ਹੀ ਦੂਸਰੇ ਲੋਟੂਆਂ ਦਾ ਹੋਵੇਗਾ।' ਥੱਲੇ ਕੁਝ 'ਜ਼ਿੰਦਾਬਾਦ' ਕਰਕੇ ਲਿਖਿਆ ਹੋਇਆ ਸੀ ਜਿਹੜਾ ਗੂੰਦ ਜ਼ਿਆਦਾ ਲੱਗ ਜਾਣ ਕਰਕੇ ਮਿਟ ਜਿਹਾ ਗਿਆ ਸੀ।

ਅਜਮੇਰ ਨੇ ਦੇਖਿਆ, ਪਹੁ ਫੁੱਟਣ ਵਾਲੀ ਸੀ, ਇਸ ਲਈ ਉਸਨੂੰ ਹਨੇਰੇ ਹਨੇਰੇ ਹੀ ਘਰ ਪੁੱਜ ਜਾਣਾ ਚਾਹੀਦਾ ਹੈ ਤਾਂ ਜੁ ਉਸ ਉਪਰ ਕਿਸੇ ਨੂੰ ਸ਼ੱਕ ਨਾ ਹੋ ਸਕੇ। ਉਹ ਆਪਣੇ ਘਰ ਵੱਲ ਵੱਡੀਆਂ ਵੱਡੀਆਂ ਪੁਲਾਂਘਾਂ ਪੁੱਟਣ ਲੱਗਿਆ।

ਕਹਾਣੀ

# ਖਟਾਸ

## ਜਸਪਾਲ ਮਾਨਖੇੜਾ



ਜਸਪਾਲ ਮਾਨਖੇੜਾ

ਜਸਪਾਲ ਮਾਨਖੇੜਾ: ਪੰਜਾਬੀ ਦਾ ਪ੍ਰਸਿੱਧ ਕਥਾਕਾਰ ਹੈ ਉਸ ਦੀ ਕਲਮ, ਕਹਾਣੀ ਅਤੇ ਨਾਵਲ ਸਿਰਜਣਾ ਲਈ ਬਰੋਬਰ ਨਿੱਭਦੀ ਆ ਰਹੀ ਹੈ। ਮਾਨਖੇੜਾ ਦੀਆਂ ਕਹਾਣੀਆਂ ਪੇਂਡੂ ਜੀਵਨ ਖਾਸਕਰ ਥੁੜੀ-ਟੁੱਟੀ ਕਿਸਾਨੀ ਤੇ ਔਰਤ ਦੇ ਦੁੱਭਰ ਜੀਵਨ ਦੀ ਬਾਤ ਪਾਉਂਦੀਆਂ ਨੇ। ਮਾਨਖੇੜਾ ਪੰਜਾਬ ਦੇ ਐਸੇ ਖਿੱਤੇ ਦਾ ਜੰਮਪਲ ਹੈ ਜਿਥੇ ਮਲਵਈ, ਮਾਝੀ ਤੇ ਬਾਗੜੀ ਬੋਲੀ ਬੋਲਦੇ ਲੋਕ ਨੇ- ਇਹ ਤਿੰਨੋਂ ਰੰਗ ਉਸਦੀਆਂ ਕਹਾਣੀ ਵਿੱਚੋਂ ਬਾਖੂਬੀ ਝਲਕਦੇ ਹਨ। ਅਛੋਪਲੇ ਜਿਹੇ ਕਹਾਣੀ 'ਚ ਐਸੀ ਘੁੰਡੀ ਖੋਲਦੈ ਜਾਂ ਪਾਉਂਦੇ ਨੇ ਕਿ ਪਾਠਕ 'ਕੰਨ ਖੜ੍ਹੇ ਕਰਕੇ' ਜਾਂ 'ਕੰਨਾਂ ਦੀਆ ਕਰੂੰਬਲਾਂ 'ਤੇ ਹੱਥ ਰੱਖ ਕੇ' ਸੋਚਣ ਲੱਗ ਪੈਂਦੈ। ਇਸੇ ਤਰ੍ਹਾਂ ਦਾ ਹੀ ਰੰਗ ਬੰਨ ਦੀ ਕਹਾਣੀ- ਇਸ ਵਿਸ਼ੇਸ਼ ਕਹਾਣੀ ਅੰਕ ਵਿੱਚ ਛਾਪ ਰਹੇ ਹਾਂ।-ਦਰਸ਼ਨ

ਗਿਲੇ ਸ਼ਿਕਵੇ ਭੁਲਾ ਕੇ ਸਭ ਗਲ਼ੇ ਉਸ ਨੂੰ ਲਗਾ ਲੈ ਤੂੰ,
ਮੇਰੇ ਦਿਲ ਨੂੰ ਤੇਰੀ ਨਾਰਾਜ਼ਗੀ ਆਵਾਜ਼ ਦੇਂਦੀ ਹੈ। -ਸ਼ਮੀ ਜਲੰਧਰੀ

"ਉਏ ਆਇਆ ਯਾਰ, ਆਇਆ, ਸਬਰ ਕਰ," ਮੋਬਾਇਲ ਫ਼ੋਨ ਦੀ ਰਿੰਗ ਸੁਣ ਗਮਦੂਰ ਲਾਚੜਦਿਆਂ ਬੋਲਿਆ। ਉਹ ਦੂਜੇ ਪੈਗ ਵਿਚ ਬਰਫ਼ ਖੋਰ ਰਿਹਾ ਸੀ ਕਿ ਮੋਬਾਇਲ ਦੀ ਘੰਟੀ ਫਿਰ ਵੱਜ ਪਈ ਸੀ। ਆਦਤ ਅਨੁਸਾਰ ਉਸ ਨੰਬਰ ਪੜ੍ਹਿਆ। ਘੰਟੀ ਵੱਜੀ ਜਾਣ ਦਿੱਤੀ ਫ਼ੋਨ ਓ.ਕੇ. ਨਾ ਕਰਿਆ। ਮੂੰਹ 'ਚ ਹੀ ਬੋਲਿਆ, "ਓਏ ਜਾਣ ਦੇ ਯਾਰ...।"

ਗਮਦੂਰ ਅਕਸਰ ਹੀ ਇਉਂ ਕਰਦਾ ਸੀ, ਜਦ ਦਾ ਉਸਨੂੰ ਸਰਕਲ ਦਾ ਸੈਕਟਰੀ ਬਣਾਇਆ ਸੀ। ਉਹ ਪਹਿਲੀ ਵਾਰ ਫ਼ੋਨ ਨਾ ਸੁਣਦਾ। ਜੇ ਫ਼ੋਨ ਜ਼ਿਲ੍ਹਾ ਜਥੇਦਾਰ, ਐਮ.ਐਲ.ਏ., ਜਾਂ ਕਿਸੇ ਵੀ.ਆਈ.ਪੀ. ਦਾ ਹੁੰਦਾ ਤਾਂ ਉਹ ਝੱਟ ਫ਼ੋਨ ਖੋਲ੍ਹ ਲੈਂਦਾ। ਵੀ.ਆਈ.ਪੀ. ਨੰਬਰ ਉਸ ਨੂੰ ਜ਼ਬਾਨੀ ਯਾਦ ਸਨ। ਫਰਿਜ਼ ਤੋਂ ਚੁੱਕ ਕੇ ਉਸ ਪੈੱਗ ਮੂੰਹ ਨੂੰ ਲਾਇਆ ਹੀ ਸੀ ਕਿ ਘੰਟੀ ਫਿਰ ਵੱਜ ਪਈ। ਗਮਦੂਰ ਨੇ ਨੰਬਰ ਵੇਖਿਆ। ਉਹੀ ਨੰਬਰ ਸੀ। ਉਸ ਅਰਾਮ ਨਾਲ ਪੈੱਗ ਪੀਤਾ। ਪਿਆਜ਼ ਦੀ ਫਾਕੜ ਮੂੰਹ 'ਚ ਪਾਈ ਅਤੇ ਫ਼ੋਨ ਕੰਨ ਨੂੰ ਲਾ ਲਿਆ।

"ਮੈਂ ਸਹਾਇਤਾ ਕਲੱਬ ਦਾ ਮੈਂਬਰ ਬੋਲਦਾਂ ਜੀ ਮੰਡੀ ਤੋਂ... ਦੂਜੇ "ਪਾਸਿਓਂ ਅਵਾਜ਼ ਆਈ।

"ਹਾਂ ਜੀ ਫਰਮਾਓ ਕੀ ਹੁਕਮ ਐ...," ਗਮਦੂਰ ਉਸੇ ਖੁਸ਼ੀ ਵਾਲੇ ਰੌਂਅ 'ਚ ਬੋਲਿਆ। ਘਰ ਦੀ ਸ਼ਰਾਬ ਦੇ ਦੋ ਪੈੱਗਾਂ ਨਾਲ ਉਹ ਸਰੂਰ 'ਚ ਆਇਆ ਹੋਇਆ ਸੀ।

"ਭਾਈ ਸਾਹਿਬ ਤੁਹਾਡੇ ਪਿਤਾ ਜੀ ਦਾ ਐਕਸੀਡੈਂਟ ਹੋ ਗਿਆ... ਉਹ ਸਿਵਲ ਹਸਪਤਾਲ 'ਚ ਨੇ। ਤੁਸੀਂ ਜਲਦੀ ਆ ਜਾਓ..." ਬੋਲਣ ਵਾਲੇ ਨੇ ਇਕੋ ਸਾਹ ਕਿਹਾ ਅਤੇ ਰਸੀਵਰ ਰੱਖ ਦਿੱਤਾ। ਗਮਦੂਰ ਹੈਲੋ ਹੈਲੋ ਕਰਦਾ ਰਹਿ ਗਿਆ।

ਗਮਦੂਰ ਨੇ ਉਹੀ ਨੰਬਰ ਮਿਲਾਇਆ। ਆਪਣੇ ਬਾਪ ਦੇ ਐਕਸੀਡੈਂਟ ਬਾਰੇ ਪੁੱਛਿਆ।

"ਯੇਹ ਪੀ.ਸੀ.ਓ ਹੈ... ਫ਼ੋਨ ਕਰਨੇ ਵਾਲਾ ਚਲਾ ਗਿਆ. ਮੁਝੇ ਕੁਝ ਮਾਲੂਮ ਨਈਂ।"

ਉਸ ਦੇ ਔਸਾਨ ਮਾਰੇ ਗਏ। ਉਹ ਭਵੰਤਰ ਗਿਆ। ਗਮਦੂਰ ਦੇ ਕੰਨਾਂ ਵਿਚ ਸਾਂ-ਸਾਂ ਹੋਣ ਲੱਗੀ। ਸ਼ਰਾਬ ਦਾ ਨਸ਼ਾ ਪਤਾ ਨਹੀਂ ਕਿਧਰ ਹਿਰਨ ਹੋ ਗਿਆ। ਉਹ ਬੌਂਦਲਿਆ ਖੜ੍ਹਾ ਸੀ ਕਿ ਉਸ ਦੇ ਕੰਨਾਂ ਵਿਚ ਆਵਾਜ਼ ਪਈ, "ਵੇ ਗੁਰੀ ਕੀਹਦਾ ਫੂਨ ਸੀ? ਕੀ ਹੋ ਗਿਆ?"

ਆਪਣੀ ਮਾਂ ਦੀ ਅਵਾਜ਼ ਸੁਣ ਸੰਭਲਦਾ ਗਮਦੂਰ ਬੋਲਿਆ, "ਮ ਮ ਮੰਡੀਓ ਸੀ ਕਿਸੇ ਦਾ... ਕ ਕ ਕਹਿੰਦੇ ਬਾਪੂ ਜੀ ਦਾ ਐਕਸੀਡੈਂਟ ਹੋ ਗਿਆ... ਹ ਹਸਪਤਾਲ 'ਚ ਨੇ...।" ਉਸ ਦੀ ਆਵਾਜ਼ ਥਥਲਾ ਰਹੀ ਸੀ।

"ਬੂਹ... ਮੈਂ ਮਰਜ਼ਾਂ" ਉਸ ਦੀ ਮਾਂ ਨਸੀਬ ਕੁਰ ਥਾਂਏਂ ਸਿਰ ਫੜ ਕੇ ਬੈਠ ਗਈ।

ਗਮਦੂਰ ਦੀ ਘਰਵਾਲੀ ਪਰਮਜੀਤ ਭੱਜੀ ਆਈ, "ਮਾਂ ਜੀ ਕੀ ਹੋ ਗਿਆ, ਮਾਂ ਜੀ ...।" ਉਸ ਦਾ ਰੋਣ ਨਿਕਲ ਗਿਆ। ਇੰਨੇ ਵਿਚ ਗਮਦੂਰ ਸੰਭਲ ਗਿਆ, "ਪੰਮੀ, ਬੀਬੀ ਨੂੰ ਪਾਣੀ ਦੇ ਦੇਹ... ਬਾਪੂ ਜੀ ਦਾ ਐਕਸੀਡੈਂਟ ਹੋ ਗਿਆ... ਮੰਡੀ ਹਸਪਤਾਲ 'ਚ ਨੇ...।

ਪਰਮਜੀਤ ਭੱਜ ਕੇ ਪਾਣੀ ਲੈ ਆਈ। ਉਹਨਾਂ ਨਸੀਬ ਕੁਰ ਨੂੰ ਉਠਾ ਕੇ ਮੰਜੇ 'ਤੇ ਬਹਾ ਦਿੱਤਾ। ਗਮਦੂਰ ਮੰਡੀ ਜਾਣ ਲਈ ਤਿਆਰੀ ਕਰਨ ਲੱਗਾ। ਨਸੀਬ ਕੁਰ ਸੁਰਤ ਫੜ ਗਈ ਸੀ। ਗਮਦੂਰ ਨੂੰ ਬਾਹਰ ਵੱਲ ਜਾਂਦਾ ਵੇਖ ਬੋਲੀ, "ਵੇ ਭਾਈ ਤੇਰੇ ਚਾਚੇ ਨੂੰ ਲੈ ਜੀਂ ਨਾਲ ਦੋ-ਚਾਰ ਹੋਰ ਸਿਆਣੇ ਬੰਦੇ ਲੈ ਜਾ। ਸਰਪੰਚ ਕੰਨੀ ਵੀ ਹੋ ਆ, 'ਕੱਲਾ ਕੀ ਕਰੇਗਾ ਤੂੰ ਉਥੇ।

"ਹਾਂ ਸੱਚ ਬਿੰਦਰ ਕਿਥੇ ਐ " ਗਮਦੂਰ ਨੂੰ ਛੋਟਾ ਭਰਾ ਬਿੰਦਰ ਯਾਦ ਆ ਗਿਆ।

"ਉਹ ਤਾਂ ਚੰਡੀਗੜ੍ਹ ਗਿਐ, ਈ.ਟੀ.ਟੀ.ਅਲਿਆਂ ਦਾ ਧਰਨਾ ਐ, ਸ਼ੈਤ ਭੁੱਖ ਹੜਤਾਲ ਈ ਹੋਵੇ," ਜਵਾਬ ਮਾਂ ਦੀ ਥਾਂ ਪਰਮਜੀਤ ਨੇ ਦਿੱਤਾ।

ਪਤਨੀ ਦੀ ਗੱਲ ਸੁਣ ਗਮਦੂਰ ਪਿੰਡ 'ਚ ਤੁਰ ਗਿਆ।

ਜਿਸ ਵੀ ਸੁਣਿਆ ਉਠ ਕੇ ਨਾਲ ਤੁਰ ਪਿਆ। ਜੀਪ ਭਰ ਉਹ ਮੰਡੀ ਨੂੰ ਚੱਲ ਪਏ।

ਗਮਦੂਰ ਦਾ ਦਿਮਾਗ ਜੀਪ ਨਾਲੋਂ ਵੀ ਵੱਧ ਤੇਜ਼ ਦੌੜ ਰਿਹਾ ਸੀ। ਉਸ ਦਾ ਬਾਪੂ ਬਖਸ਼ੀਸ਼ ਅੱਜ ਸਵੇਰੇ ਨੌਂ ਵਾਲੀ ਬੱਸ 'ਤੇ ਮੰਡੀ ਗਿਆ ਸੀ। ਪੂਰੇ ਹੌਸਲੇ ਨਾਲ। ਅੱਜ ਉਸਦੀ ਕਚਿਹਰੀ ਵਿਚ ਪੇਸ਼ੀ ਸੀ। ਆੜ੍ਹਤੀਏ ਸੁਰੇਸ਼ ਬਾਂਸਲ ਨੇ ਉਸ 'ਤੇ ਜ਼ਮੀਨ ਦੀ ਕੁਰਕੀ ਦਾ ਕੇਸ ਕੀਤਾ ਹੋਇਆ ਸੀ। ਪਿਛਲੇ ਕਈ ਸਾਲਾਂ ਤੋਂ ਫ਼ਸਲ ਨਹੀਂ ਹੋਈ ਸੀ। ਨਾ ਹਾੜ੍ਹੀ ਹੋਈ ਨਾ ਸੌਣੀ। ਸਗੋਂ ਹੋਰ ਖਰਚੇ ਖੜ੍ਹੇ ਹੁੰਦੇ ਰਹੇ। ਕਰਜ਼ੇ ਦੀ ਰਕਮ ਵਧਦੀ ਗਈ ਸੀ। ਬਖਸ਼ੀਸ਼ ਤੋਂ ਆੜ੍ਹਤੀਆਂ ਦੇ ਪੈਸੇ ਨਹੀਂ ਦਿੱਤੇ ਗਏ ਸਨ। ਪਹਿਲਾਂ ਸੁਰੇਸ਼ ਸਮਝੌਤੀਆਂ ਦਿੰਦਾ ਰਿਹਾ। ਫੇਰ ਡਰਾਵੇ ਅਖ਼ੀਰ ਸੁਰੇਸ਼ ਨੇ ਪਰਨੋਟ ਅਤੇ ਬਖਸ਼ੀਸ਼ ਦੀ ਜ਼ਮੀਨ ਦੇ ਨੰਬਰ ਜੱਜ ਦੇ ਮੂਹਰੇ ਜਾ ਰੱਖੇ ਸਨ...।

ਭਲੇ ਵੇਲੇ ਲੰਘ ਗਏ ਸਨ। ਹੁਣ ਆੜ੍ਹਤੀਏ ਆੜ੍ਹਤ ਪਾਉਣ ਵੇਲੇ ਹੀ ਖਾਲੀ ਪਰਨੋਟਾਂ 'ਤੇ ਅੰਗੂਠਾ ਲਵਾ ਕੇ ਰੱਖਦੇ। ਦਸਤਖ਼ਤ ਕਰਵਾ ਕੇ ਰੱਖਦੇ। ਜਿਮੀਂਦਾਰ ਦੀ ਜ਼ਮੀਨ ਦੇ ਨੰਬਰ ਲੁਹਾ ਕੇ ਆਪਣੇ ਕੋਲ ਰੱਖ ਲੈਂਦੇ ਸਨ।

ਗਮਦੂਰ ਨੂੰ ਪਤਾ ਈ ਨਾ ਲੱਗਾ। ਉਹ ਕਦੋਂ ਸਿਵਲ ਹਸਪਤਾਲ ਆ ਗਏ। ਰੇਹੀ ਖਾਧੀ ਸਰਕਾਰੀ ਹਸਪਤਾਲ ਦੀ ਖਸਤਾ ਇਮਾਰਤ ਜੂਨ ਦੇ ਮਹੀਨੇ 'ਚ ਸੇਕ ਛੱਡ ਰਹੀ ਸੀ। ਦਵਾਈਆਂ, ਲਿਬੜੀਆਂ ਪੱਟੀਆਂ, ਗੁਲੂਕੋਜਾਂ ਦੀ ਦੁਰਗੰਧ ਵਿਚ ਰਲਕੇ ਮਰੀਜ਼ਾਂ ਦੀ ਹਾਏ-ਬੂਹ, ਹਉਂਕੇ-ਹਾਵੇ ਰੂਹ 'ਚ ਛੇਕ ਕਰ ਰਹੇ ਸਨ।

ਉਹਨਾਂ ਨੂੰ ਜਾਣ ਸਾਰ ਹੀ ਪਤਾ ਲੱਗ ਗਿਆ ਕਿ ਬਖਸ਼ੀਸ਼ ਨੇ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ ਕੀਤੀ ਹੈ। ਲਾਸ਼ ਮੁਰਦਘਾਟ ਵਿਚ ਪੋਸਟਮਾਰਟਮ ਲਈ ਪਈ ਹੈ। ਕਿਸਾਨ ਯੂਨੀਅਨ ਦੇ ਚਾਰ ਕੁ ਵਰਕਰ ਉਹਨਾਂ ਤੋਂ ਪਹਿਲਾਂ ਹੀ ਪਹੁੰਚੇ ਹੋਏ ਸਨ।

"ਆੜ੍ਹਤੀਏ 'ਤੇ ਕੇਸ ਦਰਜ ਕਰਾਓ," ਉਹ ਘੁਸਰ ਮੁਸਰ ਕਰ ਰਹੇ ਸਨ। ਮੰਡੀ ਦੇ ਪੰਜ ਚਾਰ ਸੇਠ ਵੀ ਭੱਜੇ ਫਿਰਦੇ ਸਨ। ਡਾਕਟਰਾਂ ਨੂੰ ਮਿਲ ਰਹੇ ਸਨ। ਜ਼ਿਲ੍ਹਾ ਜਥੇਦਾਰ ਦਾ ਫ਼ੋਨ ਵੀ ਗਮਦੂਰ ਨੂੰ ਆ ਗਿਆ ਸੀ। "ਸ਼ਾਂਤ ਰਹੀ। ਰੱਬ ਦੀ ਕਰਨੀ ਐ, ਵਹਿਗੁਰੂ 'ਤੇ ਭਰੋਸਾ ਰੱਖ। ਭਲੀ ਕਰੂ...।

ਗਮਦੂਰ ਨੂੰ ਕੁੱਝ ਵੀ ਸੁੱਝ ਨਹੀਂ ਰਿਹਾ ਸੀ। ਡਾਕਟਰਾਂ ਨੇ ਫਟਾ ਫੱਟ ਪੋਸਟਮਾਰਟਮ ਕੀਤਾ। ਕਾਗਜ਼ਾਂ ਫਾਰਮਾਂ 'ਤੇ ਦਸਤਖ਼ਤ ਕਰਾਏ। ਬੀ.ਏ.ਪਾਸ ਗਮਦੂਰ, ਜਿਥੇ ਕਹਿੰਦੇ ਅਨਪੜ੍ਹਾਂ ਵਾਂਗ

ਹੋ ਰਿਹਾ ਜੋ ਖੁਸ਼ ਅਸਾਡੇ ਕਤਲ 'ਤੇ,
ਓਸ ਦੀ ਵਾਰੀ ਅਸਾਥੋਂ ਬਾਦ ਹੈ। -ਗੁਰਦਿਆਲ ਰੌਸ਼ਨ

ਦਸਤਖ਼ਤ ਕਰੀ ਗਿਆ। 'ਸਭ ਕਾਰਵਾਈਆਂ ਕਰਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ... ਬਿੰਦਰ ਨੂੰ ਹਸਪਤਾਲ 'ਚੋਂ ਹੀ ਮੋਬਾਇਲ ਕਰ ਦਿੱਤਾ ਸੀ। ਉਹ ਸਵੇਰੇ ਅਰਥੀ ਚੁੱਕਣ ਤੋਂ ਪਹਿਲਾਂ ਹੀ ਪਹੁੰਚ ਗਿਆ।

ਬਖਸੀਸ਼ ਦੀ ਅਰਥੀ ਠੀਕ ਉਸੇ ਸਮੇਂ ਘਰੋਂ ਨਿਕਲੀ ਜਿਸ ਸਮੇਂ ਕੱਲ੍ਹ ਬਖਸ਼ੀਸ਼ ਨੌਂ ਵਾਲੀ ਬੱਸ ਚੜ੍ਹਿਆ ਸੀ ਮੰਡੀ ਨੂੰ...। ਪੂਰੇ ਹੌਸਲੇ ਨਾਲ।

ਬਖਸ਼ੀਸ਼ ਹੌਸਲੇ ਵਾਲਾ ਬੰਦਾ ਸੀ। ਬਖਸ਼ੀਸ਼ ਨੇ ਜਦ ਜਵਾਨੀ ਦੀਆਂ ਬਰੂਹਾਂ 'ਤੇ ਪੈਰ ਧਰਿਆ ਤਾਂ ਉਸ ਦਾ ਬਾਪ ਜਾਗਰ ਬਿਸਵੇਦਾਰਾਂ ਦਾ ਮੁਜ਼ਾਹਰਾ ਸੀ। ਇਕੱਲਾ ਜਾਗਰ ਕੀ ਸਾਰਾ ਪਿੰਡ ਹੀ ਬਿਸਵੇਦਾਰਾਂ ਦੀ ਜ਼ਮੀਨ ਵਾਹੁੰਦਾ ਸੀ ਵਟਾਈ 'ਤੇ...। ਮੁਜ਼ਾਹਰਾ ਲਹਿਰ ਜ਼ੋਰਾਂ 'ਤੇ ਸੀ। ਜਾਗਰ ਲਹਿਰ ਦਾ ਮੋਹਰੀ ਸੀ।

ਬਖਸ਼ੀਸ਼ ਨੂੰ ਅਜੇ ਕੱਲ੍ਹ ਵਾਂਗ ਯਾਦ ਸੀ ਕਿ ਪੁਲੀਸ ਉਸ ਦੇ ਬਾਪ ਨੂੰ ਧੂਹ ਕੇ ਲੈ ਗਈ ਸੀ। ਪਰ ਜਾਗਰ ਨਾਹਰੇ ਮਾਰਨੋਂ ਨਹੀਂ ਹਟਿਆ ਸੀ। "ਬਿਸਵੇਦਾਰੀ ਖ਼ਤਮ ਕਰਾਂਗੇ"... "ਜ਼ਮੀਨ ਦਾ ਮਾਲਕ ਵਾਹੀਵਾਨ...।

ਜਾਗਰ ਨਾਹਰੇ ਮਾਰਦਾ। ਸਿਪਾਹੀ ਡੰਡੇ ਮਾਰਦੇ। ਖਿੱਚਾਧੂਹੀ 'ਚ ਵੱਜੇ ਡੰਡੇ ਨਾਲ ਜਾਗਰ ਦਾ ਹੇਠਲਾ ਬੁੱਲ੍ਹ ਪਾਟ ਗਿਆ। ਲਹੂ ਨੁੱਚੜਦੇ ਅਤੇ ਨਾਹਰੇ ਮਾਰਦੇ ਜਾਗਰ ਨੂੰ ਪੁਲੀਸ ਵਾਲੇ ਘੜੀਸ ਕੇ ਲੈ ਗਏ। ਬਖਸ਼ੀਸ਼ ਦੇ ਕੰਨਾਂ ਵਿਚ ਸਿਰਫ਼ ਨਾਹਰੇ ਗੂੰਜਦੇ ਰਹਿ ਗਏ ਸਨ। "ਬਿਸਵੇਦਾਰੀ ਖ਼ਤਮ ਕਰਾਂਗੇ", "ਜ਼ਮੀਨ ਦਾ ਮਾਲਕ ਵਾਹੀਵਾਨ"।

ਨਾਹਰੇ ਗੂੰਜਦੇ ਤਾਂ ਬਖਸ਼ੀਸ਼ ਨੇ ਉਦੋਂ ਵੀ ਸੁਣੇ ਸਨ, ਜਦੋਂ ਜਾਗਰ ਰਿਹਾ ਹੋ ਕੇ ਆਇਆ ਸੀ। ਅਖ਼ੀਰ ਬਿਸਵੇਦਾਰੀ ਟੁੱਟ ਗਈ ਸੀ। ਜੇਲ੍ਹ 'ਚੋਂ ਰਿਹਾ ਹੋ ਕੇ ਆਏ ਜਾਗਰ ਨੂੰ ਪਿੰਡ ਦੇ ਲੋਕਾਂ ਨੇ ਹਾਰਾਂ ਨਾਲ ਲੱਦ ਦਿੱਤਾ ਸੀ। ਨਾਹਰੇ ਗੂੰਜ ਰਹੇ ਸਨ। "ਮੁਜਾਰਾ ਲਹਿਰ ਜ਼ਿੰਦਾਬਾਦ" "ਕਿਸਾਨ ਸਭਾ ਜ਼ਿੰਦਾਬਾਦ" "ਜਾਗਰ ਸਿਉਂ ਜ਼ਿੰਦਾਬਾਦ", ਸਾਰਾ ਪਿੰਡ ਜ਼ਮੀਨ ਦਾ ਮਾਲਕ ਬਣ ਗਿਆ। ਜਾਗਰ ਨੂੰ ਵੀਹ ਕਿੱਲੇ ਜ਼ਮੀਨ ਦੀ ਮਾਲਕੀ ਮਿਲ ਗਈ। ਇੰਤਕਾਲ, ਗਿਰਦੌਰੀਆਂ, ਜਮ੍ਹਾਬੰਦੀ, ਖਤਾਨਾ, ਖਤੌਲੀ, ਖੇਵਟ ਉਸ ਦੇ ਨਾਮ ਚੜ੍ਹ ਗਏ। ਬਖਸ਼ੀਸ਼ ਨੂੰ ਉਹੀ ਜ਼ਮੀਨ ਬਹੁਤ ਪਿਆਰੀ ਲੱਗਣ ਲੱਗੀ। ਉਸ ਖੇਤ ਵਿਚਲੀ ਬੇਰੀ ਕਿੰਨੀ ਹੀ ਸੋਹਣੀ ਲੱਗਣ ਲੱਗੀ। ਉਸਦੇ ਮੁੜਵੇਂ ਕੰਡੇ ਚੰਗੇ ਲੱਗਣ ਲੱਗੇ। ਜਿਵੇਂ ਉਹਨਾਂ ਦੀ ਚੋਭ ਘੱਟ ਗਈ ਹੋਵੇ। ਅੱਗੇ ਤਾਂ ਕੰਡੇ ਮਾਸ ਖਿਚ ਕੇ ਲੈ ਜਾਂਦੇ ਸਨ। ਉਸ ਬੇਰੀ ਦੇ ਬੇਰ ਮਿੱਠੇ ਮਿੱਠੇ ਹੋ ਗਏ ਸਨ। ਪਹਿਲਾਂ ਉਹੀ ਬੇਰ ਖਾ ਕੇ ਬਖਸ਼ੀਸ਼ ਕਹਿੰਦਾ ਹੁੰਦਾ ਸੀ, "ਦੇਖਣ ਨੂੰ ਈ ਗੜੌਂਦੇ ਲੱਗਦੇ ਨੇ ਲਾਲ ਲਾਲ... ਵਿਚੋਂ ਤਾਂ ਖੱਟੇ ਟੀਟ ਨੇ...।"

ਪਰ ਹੁਣ ਪੱਕੇ ਕੀ ਕੱਚੇ ਬੇਰ ਵੀ ਖੰਡ ਮਿਸ਼ਰੀ ਦੀਆਂ ਡਲੀਆਂ ਮਹਿਸੂਸ ਹੁੰਦੇ। ਪੂਰੇ ਰਸਦਾਰ, ਸੁਆਦ...।

ਸਾਰਾ ਪਿੰਡ ਕੰਮ ਲੱਗ ਗਿਆ। ਜਾਗਰ ਦੀ ਜ਼ਮੀਨ ਉਚੀ ਨੀਵੀਂ ਸੀ। ਟਿੱਬੇ-ਟਿੱਬੀਆਂ। ਅੱਧੀ ਨਹਿਰੀ, ਅੱਧੀ ਬਰਾਨੀ। ਬਖਸ਼ੀਸ਼ ਅਤੇ ਉਸ ਦਾ ਭਰਾ ਗੁਰਾਂਦਿੱਤਾ ਜ਼ਮੀਨ ਪੱਧਰ ਕਰਦੇ ਖਪਾ-ਖੂਨ ਹੋਏ ਰਹਿੰਦੇ। ਚਾਰ ਪੰਜ ਸਾਲਾਂ 'ਚ ਜ਼ਮੀਨ ਦਾਣੇ ਦੇਣ ਜੋਗੀ ਹੋਈ। ਮੁਜਾਰੇ ਜਿੰਮੀਂਦਾਰ ਬਣ ਗਏ। ਜ਼ਮੀਨਾਂ ਦੇ ਮਾਲਕ। ਉਨ੍ਹਾਂ ਦੀਆਂ ਜਿਵੇਂ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ। ਜਾਗਰ ਕਿਸੇ ਨੂੰ ਰੋਕ ਕੇ ਕਹਿੰਦਾ, " ਸਾਥੀ ਬਹੁਤ ਮਸਲੇ ਹੱਲ ਹੋਣ ਵਾਲੇ ਪਏ ਨੇ ਅਜੇ ਤਾਂ...।

ਤਾਂ ਮੁਜ਼ਾਹਰੇ ਤੋਂ ਭੋਂਇ ਮਾਲਕ ਬਣਿਆ ਸ਼ੇਰੇ ਸੀਂਢਲ ਵਰਗਾ ਕਹਿ ਉਠਦਾ, "ਜਾਗਰ ਸਿਆਂ ਖੇਤੋਂ ਈ ਵੇਹਲ ਨਹੀਂ ਮਿਲਦੀ। ਸੈਂਕੜੇ ਕੰਮ ਨੇ ਵੱਡੇ ਭਾਈ...। ਵਾਹ ਵਹਾਈ ਕਰਾਹਾ ਸੁਹਾਗਾ। ਵੱਟਾਂ ਫੇਰ ਰੌਣੀ। ਵੱਤ ਵੇਖ ਕੇ ਹੱਲ ਜੋੜੋ। ਫੇਰ ਬੀ ਸਿੱਟਣਾ। ਸਿਰ ਖੁਰਕਣ ਦੀ ਵਿਹਲ ਨਹੀਂ। ਤੂੰ ਭਰਾਵਾ ਲੀਡਰ ਬੰਦੈ। ਤੇਰੇ ਕਰਨ ਦੇ ਨੇ ਏਹ ਕੰਮ। ਅਸੀਂ ਤੇਰੇ ਮਗਰ ਆਂ। ਜਿਵੇਂ ਵਟਾਈਦਾਰੀ ਵੇਲੇ ਸੀ...।"

ਜਾਗਰ ਸੋਚਦਾ 'ਹੁਣ ਏਹਨਾਂ ਨੂੰ ਐਨੇ ਕੰਮ ਕਿਥੋਂ ਨਿਕਲ ਆਏ! ਪਹਿਲਾਂ ਤਾਂ ਕਹਿਣ ਦੀ ਦੇਰ ਹੁੰਦੀ ਸੀ ਫੱਟ ਤੁਰ ਪੈਂਦੇ ਸੀ ਉਠਕੇ...।" ਜਾਗਰ ਨੂੰ ਲੋਕਾਂ 'ਤੇ ਖਿਝ ਆਉਣ ਲੱਗਦੀ। ਉਹ ਅਗਲੇ ਦੇ ਗਲ ਪੈ ਜਾਂਦਾ। ਇਕ ਦਿਨ ਬਖਸ਼ੀਸ਼ ਵੀ ਜਾਗਰ ਦੇ ਗਲ ਹੀ ਪੈ ਗਿਆ ਸੀ, "ਤੂੰ ਬਾਪੂ ਚੁੱਪ ਕਰਕੇ ਬੈਹ ਜਾਹ ਘਰੇ। ਰਾਮ-ਰਾਮ ਕਰਿਆ ਕਰ ਦੋ ਵੇਲੇ...। ਹੁਣ ਹੈ ਨੀ ਪਿੰਡ 'ਚ ਸੱਤਿਆ।"

ਉਸੇ ਸਾਲ ਲਗਾਤਾਰ ਚਾਰ ਵਾਰ ਜਿੱਤਦਾ ਰਿਹਾ ਕਾਮਰੇਡ ਐਮ.ਐਲ.ਏ. ਚੋਣ ਹਾਰ ਗਿਆ ਸੀ। ਉਹ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕਿਆ ਸੀ। ਬਚਾ ਤਾਂ ਬਖਸ਼ੀਸ਼ ਵੀ ਘਰ ਦੀ ਇੱਜ਼ਤ ਨਹੀਂ ਸਕਿਆ ਸੀ ਉਸੇ ਸਾਲ ਹੀ...।

ਬਿਸਵੇਦਾਰਾਂ ਦਾ ਕਰਨ ਨਵਾਂ ਨਵਾਂ ਲਾਅ ਪੜ੍ਹਕੇ ਆਇਆ ਸੀ। ਭਰਵੀਂ ਖੁੱਲ੍ਹੀ ਛੱਡੀ ਦਾਹੜੀ, ਜੀਨ, ਬਦੇਸ਼ੀ ਟੀ ਸ਼ਰਟ। ਸਿਰ 'ਤੇ ਕੇਸਰੀ ਪਰਨਾ ਬੰਨ੍ਹ ਉਹ ਜਿਪਸੀ ਭਜਾਈ ਫਿਰਦਾ। ਸਵੇਰੇ ਸ਼ਾਮ ਸ਼ਿਕਾਰ ਖੇਡਣ ਜਾਂਦਾ। ਤਿੱਤਰ, ਬਟੇਰ, ਖਰਗੋਸ਼, ਮੁਰਗਾਬੀਆਂ, ਕਬੂਤਰ ਹਰ ਰੋਜ਼ ਫੁੰਡ-ਫੁੰਡ ਕੇ ਖਾਦਾ...।

ਬਖਸ਼ੀਸ਼ ਦੀ ਧੀ ਭੋਲੀ ਵੀ ਕਰਨ ਦੇ ਨਿਸ਼ਾਨੇ ਦੀ ਸੇਧ ਵਿਚ ਆ ਗਈ...

'ਘਰ ਦੀ ਇੱਜ਼ਤ' ਨੇ ਬਖਸ਼ੀਸ਼ ਦੇ ਪੈਰਾਂ ਵਿਚ ਜੂੜ ਪਾ ਦਿੱਤਾ। ਗੁਰਾਂਦਿੱਤਾ ਮੂੰਹ ਫੇਰ ਗਿਆ। ਜਾਗਰ ਨੂੰ ਜਦ ਕਨਸੋਅ ਮਿਲੀ ਤਾਂ ਉਹ ਮੁੱਠੀਆਂ ਮੀਚ ਕੇ ਰਹਿ ਗਿਆ।... ਉਂਗਲਾਂ ਦੇ ਬੇਢੱਬੇ ਵਧੇ ਨਹੁੰ ਹਥੇਲੀਆਂ 'ਚ ਹੀ ਖੁੱਭੇ...।

ਜੇ ਉਦੋਂ ਹਥੇਲੀਆਂ 'ਚੋਂ ਨਹੁੰ ਕੱਢੇ ਤਾਂ ਨੌਹਰ ਚੰਦ ਨੇ, ਹਥੇਲੀਆਂ 'ਚ ਖੁੱਭੇ ਨਹੁੰ ਹੀ ਨਈਂ ਕੱਢੇ ਸਗੋਂ ਨੌਹਾਂ ਦੀ ਚੋਭ ਨਾਲ ਹੋਏ ਜ਼ਖ਼ਮਾਂ 'ਤੇ ਠੰਡੇ ਫਹੇ ਵੀ ਰੱਖੇ...। ਦਿਨਾਂ 'ਚ ਹੀ ਭੋਲੀ ਵਿਆਹ ਕੇ ਸੋਹਰੀਂ ਤੋਰ ਦਿੱਤੀ।

"ਸਾਡੇ ਆਲਾ ਤਾਂ ਧੋਖਾ ਦੇ ਗਿਆ ਸੀ... ਲਾਜ ਲਾ ਗਿਆ ਸੀ ਗੁਰਾਂ ਦੇ ਨਾਂ ਨੂੰ, ਵੱਡਾ ਗੁਰਾਂਦਿੱਤਾ। ਪਰ ਨੌਹਰੀਆ ਮੇਰਾ ਭਰਾ ਐ ਉਏ... ਸੇਠ ਨੌਹਰ ਚੰਦ," ਇਕ ਦਿਨ ਸ਼ਰਾਬੀ ਹੋਏ ਬਖਸ਼ੀਸ਼ ਨੇ ਲਲਕਾਰਾ ਮਾਰਿਆ ਸੀ।

ਬਖਸ਼ੀਸ਼ ਦੀ ਅਰਥੀ ਕੋਲ ਘੜੀ ਭੰਨਦਿਆਂ ਗਮਦੂਰ ਨੇ ਲੇਰ ਮਾਰੀ ਸੀ, "ਮਾਰ ਕੇ ਸਿੱਟ ਗਿਆ ਉਏ ਬਾਪੂ... ਪੱਟ ਕੇ ਵਗਾਹ ਤੇ...।"

"ਗਮਦੂਰ ਨੂੰ ਯਾਦ ਆਇਆ ਉਸ ਦਿਨ ਬਖਸ਼ੀਸ਼ ਦਾ ਲਲਕਾਰਾ ਲੇਰ ਬਣ ਗਿਆ ਸੀ। ਉਸ ਦਿਨ ਕਚਿਹਰੀ 'ਚੋਂ ਸੰਮਣ ਆਏ ਸਨ। ਨੌਹਰ ਚੰਦ ਦੇ ਮੁੰਡੇ ਸੁਰੇਸ਼ ਨੇ ਜ਼ਮੀਨ ਦੀ ਕੁਰਕੀ ਦਾ ਮੁਕੱਦਮਾ ਕਰ ਦਿੱਤਾ ਸੀ। ਪਰਨੋਟ ਅਤੇ ਜ਼ਮੀਨ ਦੇ ਨੰਬਰ ਜੱਜ ਦੇ

ਲੋਕੀਂ ਮੈਨੂੰ ਅੱਧੀ ਪਾਗਲ ਕਹਿੰਦੇ ਨੇ,
ਹੋ ਸਕਦਾ ਪੂਰੀ ਪਾਗਲ ਹੋਵਾਂ ਮੈਂ। -ਬੁਸ਼ਰਾ ਨਾਜ

ਅੱਗੇ ਜਾ ਰੱਖੇ ਸਨ। ਸੰਮਣ ਵੇਖ ਗਮਦੂਰ ਭੜਕ ਗਿਆ ਸੀ, "ਕੀ ਕੀਤੈ ਤੂੰ ਬਾਪੂ ਕੀ ਬਣਾਇਐ ਹੁਣ ਤੀਕ...।"

"ਮੈਂ...ਮੈਂ... ਦਸ ਮੈਂ ਕੀ ਬੁਰਾ ਕੀਤੈ।" ਨਾ ਚੋਰੀ ਨਾ ਯਾਰੀ। ਨਾ ਸ਼ਰਾਬ ਨਾ ਜੂਆ। ਪਹਿਲਾਂ ਬੰਜਰ ਜ਼ਮੀਨ ਸੂਤ ਕੀਤੀ। ਬੋਰ ਲਾਇਆ। ਤੈਨੂੰ ਬੀ.ਏ. ਕਰਾਈ। ਤੇਰਾ ਤੇ ਭੋਲੀ ਦਾ ਵਿਆਹ ਕੀਤਾ। ਬਿੰਦਰ ਨੂੰ ਮਾਸਟਰੀ ਦਾ ਕੋਰਸ ਕਰਾਇਆ। ਹੋਰ ਜਾਰ ਮੈਂ ਕੀ ਪੂਛੜਾ ਕਰ ਦਿਆਂ...।

ਬਖਸ਼ੀਸ਼ ਸਿਰ ਆੜ੍ਹਤੀਏ ਦਾ ਹੀ ਨਹੀਂ ਬੈਂਕ ਦਾ ਵੀ ਕਰਜਾ ਸੀ। ਟਿਊਬਵੈਲ ਲਾਉਣ ਲਈ ਲਏ ਕਰਜ਼ੇ ਦੀ ਉਹ ਇੱਕ ਵੀ ਕਿਸ਼ਤ ਨਹੀਂ ਮੋੜ ਸਕਿਆ ਸੀ। ਨਰਮੇ ਕਪਾਹ ਨੂੰ ਅਮਰੀਕਨ ਸੁੰਡੀ ਖਾ ਜਾਂਦੀ। ਕਣਕ ਮਸਾਂ ਖਾਣ ਜੋਗੀ ਹੁੰਦੀ। ਸੌਣੀ ਸੋਕੇ ਨਾਲ ਮਰ ਜਾਂਦੀ। ਹਾੜ੍ਹੀ ਹੜ੍ਹਾਂ ਨਾਲ। ਬਖਸ਼ੀਸ਼ ਸਿਰ ਕਰਜਾ ਵਧਦਾ ਗਿਆ। ਕਿਸਾਨ ਆੜ੍ਹਤੀਆਂ ਦੇ ਕਰਜ਼ੇ ਮੁਕਰਨ ਲੱਗੇ। ਕਹਿਣ ਲੱਗੇ, "ਜਦੋਂ ਹੋਏ ਦੇ ਦਿਆਂਗੇ। ਹੁਣ ਕੀ ਮਾਸ ਵੱਢਦੀਏ।"

"ਜੇ ਬਾਈ, ਬਖਸ਼ੀਸ਼ ਤੋਂ ਪੈਸੇ ਉਗਰਾਹ ਲਏ ਤਾਂ ਸਮਝ ਲੈ ਸਾਰੇ ਪਿੰਡ ਦੇ ਪੈਸੇ ਆ ਗਏ, ਸੁਰੇਸ਼ ਨਵਾਂ ਨਵਾਂ ਸੁਰੇਸ਼ ਬਾਂਸਲ ਬਣਿਆ ਸੀ। ਨੌਹਰ ਚੰਦ ਦੀ ਨਹਿਰੂ ਇੰਦਰਾ ਭਗਤੀ ਛੱਡ ਕੇ ਸੁਰੇਸ਼ ਬੀ.ਜੇ.ਪੀ. 'ਚ ਸ਼ਾਮਲ ਹੋ ਗਿਆ ਸੀ। ਅਕਾਲੀ-ਭਾਜਪਾ ਰਾਜ 'ਚ ਗੱਫੇ ਲਾ ਕੇ ਉਹ ਹੁਣ ਮੰਡੀ ਦਾ ਸਿਰ ਕੱਢ ਸੇਠ ਬਣ ਗਿਆ ਸੀ।

"ਐਂ ਕਿੱਕੂ ਆ ਜਾਣਗੇ ਪੈਸੇ ਸੁਰੇਸ਼..." ਸੁਰੇਸ਼ ਦੀ ਗੱਲ ਸੁਣ ਨੌਹਰ ਚੰਦ ਹੈਰਾਨ ਸੀ। ਜਿਮੀਂਦਾਰਾਂ ਵੱਲ ਡੁੱਬਦੀ ਰਕਮ ਦਾ ਝੋਰਾ ਨੌਹਰ ਚੰਦ ਨੂੰ ਹਮੇਸ਼ਾ ਵੱਢ ਵੱਢ ਖਾਂਦਾ ਰਹਿੰਦਾ ਸੀ।

"ਕੇਸ ਠੋਕਾਂਗੇ... ਖਾਲੀ ਪਰਨੋਟ 'ਤੇ ਜ਼ਮੀਨ ਦੇ ਨੰਬਰ ਆਪਨੇ ਕੋਲ ਨੇ... ਪੈਸੇ ਤਾਂ, ਉਹ ਕੀ ਉਹਦੇ ਵੱਡ-ਵਡੇਰੇ ਵੀ ਦੇਣਗੇ..."

"ਨੌਂਹ ਮਾਸ ਦਾ ਰਿਸ਼ਤਾ ਉਏ ਸੁਰੇਸ਼... ਜੱਟ ਤੇ ਬਾਣੀਏ ਦਾ... ਤੂੰ ਭਾਈ ਜਾਗਰ ਕਿਆਂ ਨੂੰ ਨਾ ਘਸੀਟ ਕਚਿਹਰੀ 'ਚ... ਹੋਰ ਜਿਵੇਂ ਮਰਜ਼ੀ ਕਰ।"

"ਬਾਈ! ਜਾਗਰ ਕਿਆਂ ਨਾਲ ਤਾਂ ਪੈਸੇ ਆਉਣਗੇ... ਜੇ ਉਹ ਸਿੱਟ ਲੇ ਤਾਂ ਸਮਝ ਲੈ ਸਾਰਾ ਪਿੰਡ ਸਿੱਟ ਲਿਆ, ਜਿਮੇਂ ਸੋਡਾ ਫੂਸ ਹੋ ਗਿਆ ਫੂਸ...।" ਤੇ ਫਿਰ ਨੌਹਰ ਚੰਦ ਅਤੇ ਜਾਗਰ ਦਾ ਪਿਆਰ ਫੂਸ ਦੀ ਅੱਗ ਵਾਂਗ ਮੱਚ ਗਿਆ। ਰਹਿ ਗਿਆ ਸੁਰੇਸ਼ ਅਤੇ ਬਖਸ਼ੀਸ਼ ਦਾ ਕਚਿਹਰੀ 'ਚ ਚੱਲਦਾ ਝਗੜਾ...।

ਤਰੀਕਾਂ ਪੈਣ ਲੱਗੀਆਂ। ਫ਼ੌਜਦਾਰੀ ਅਤੇ ਦੀਵਾਨੀ ਮੁਕਦਮਿਆਂ ਦੀਆਂ ਜਦ ਤਰੀਕਾਂ ਪੈਣ ਲੱਗ ਜਾਣ ਤਾਂ ਸਾਹ ਨਹੀਂ ਲੈਣ ਦਿੰਦੀਆਂ।

ਉਸ ਦਿਨ ਬਖਸ਼ੀਸ਼ ਨੂੰ ਵਕੀਲ ਨੇ ਹੀ ਸਾਹ ਪਿਆਇਆ ਸੀ, "ਤੂੰ ਬਖਸ਼ੀਸ਼ ਸਿਆਂ ਤਿੰਨ ਲੱਖ ਰੁਪੈ ਦਾ ਪ੍ਰਬੰਧ ਕਰ ਲੈ... ਜੱਜ ਦਾ ਕੁੜਮ ਚੇਅਰਮੈਨ ਐ ਬਲਾਕ ਸੰਮਤੀ ਦਾ ਤੇ ਮੇਰਾ ਸਾਲਾ ਉਥੇ ਬੀ.ਡੀ.ਓ ਐ... ਸਮਝ ਗਿਆ।"

"ਹਾਂ ਜੀ ਸਮਝ ਗਿਆ," ਕਹਿਣ ਨੂੰ ਤਾਂ ਬਖਸ਼ੀਸ਼ ਕਹਿ ਗਿਆ। ਪਰ ਉਹ ਕੁੜਮ ਸਾਲਾ, ਬੀ.ਡੀ.ਓ.ਚੇਅਰਮੈਨ ਦੇ ਚੱਕਰਵਿਊ ਵਿਚ ਫਸਿਆ ਕੁੱਝ ਨਾ ਸਮਝਿਆ।

"ਜੇ ਸਮਝ ਗਿਆ ਤਾਂ ਕੇਸ ਆਪਣੇ ਹੱਕ 'ਚ ਸਮਝ...।"

ਵਕੀਲ ਦੀ ਹੱਲਾਸ਼ੇਰੀ ਸਦਕਾ ਹੀ ਬਖਸ਼ੀਸ਼ ਨੇ ਤਿੰਨ ਕਿੱਲੇ ਤਿੰਨ ਲੱਖ 'ਚ ਗਹਿਣੇ ਦੇਣ ਦਾ ਸੌਦਾ ਬਿਸਵੇਦਾਰ ਨਾਲ ਕਰ ਲਿਆ ਸੀ। ਪਿੰਡ ਵਿਚ ਗਹਿਣੇ ਬੈਅ ਵਾਲੀ ਜ਼ਮੀਨ ਦਾ ਖਰੀਦਦਾਰ ਸਿਰਫ਼ ਬਿਸਵੇਦਾਰ ਹੀ ਸੀ। ਮੁਜ਼ਾਹਰਿਆਂ ਤੋਂ ਕਿਸਾਨ ਬਣੇ, ਬਖਸ਼ੀਸ਼ ਵਰਗੇ ਜ਼ਮੀਨ ਬੈਅ ਗਹਿਣੇ ਕਰ ਰਹੇ ਸਨ। ਫਿਰ ਹਲ ਵਾਹਕ ਬਣ ਰਹੇ ਸਨ।

ਜ਼ਮੀਨ ਦਾ ਇਕਰਾਰਨਾਮਾ ਕਰ ਬਖਸ਼ੀਸ਼ ਹੌਸਲੇ ਨਾਲ ਨੌਂ ਵਾਲੀ ਬੱਸ ਚੜ੍ਹਿਆ ਸੀ। ਕਚਿਹਰੀ ਜਾਂਦਿਆਂ ਹੀ ਬਖਸ਼ੀਸ਼ ਨੂੰ ਸਾਰੀ ਕਹਾਣੀ ਪੁੱਠੀ ਪੈਂਦੀ ਜਾਪੀ। ਵਕੀਲ ਉਸ ਨੂੰ ਝਈ ਲੈ ਕੇ ਪਿਆ, "ਯਾਰ ਤੁਸੀਂ ਰੋਟੀ ਕਿਵੇਂ ਹਜ਼ਮ ਕਰਦੇ ਹੋ? ਤੂੰ ਮਾਂ ਦੇ ਢਿੱਡ 'ਚ ਨੌਂ ਮਹੀਨੇ ਕਿਵੇਂ ਚੁੱਪ ਕਰਕੇ ਰਿਹਾ... ਤੂੰ ਤਾਂ ਯਾਰ ਸਾਰਾ ਗੁੜ ਗੋਬਰ ਕਰਤਾ।"

ਬਖਸ਼ੀਸ਼ ਨੂੰ ਕੋਈ ਸਮਝ ਨਾ ਪਈ ਕਿ ਕੀ ਹੋ ਗਿਆ।

"ਤੂੰ ਆਵਦਾ ਲਫ਼ਾਫ਼ਾ ਜਿਆ ਚੱਕ, ਜਾਹ ਮੇਰੇ ਫੱਟੇ ਤੋਂ...।" ਵਕੀਲ ਦਾ ਗੁੱਸਾ ਘਟ ਨਹੀਂ ਰਿਹਾ ਸੀ।

"ਵਕੀਲ ਸਾਹਬ ਗੱਲ ਤਾਂ ਦੱਸ ... ਕੀ ਹੋ ਗਿਆ?"

"ਗੱਲ ਕੀ ਸੁਆਹ ਤੇ ਖੇਹ... ਤੂੰ ਤਾਂ ਡੌਂਡੀ ਪਿੱਟਤੀ... ਉਤੋਂ ਸਰਕਾਰ ਹੈ ਕੀਹਦੀ ਐ। ਵਿਜੀਲੈਂਸ ਤੋਂ ਮੈਨੂੰ ਅੰਦਰ ਕਰਾਏਂਗਾ। ਰਿਸ਼ਵਤ ਦੇਣ ਦੇ ਕੇਸ 'ਚ...।"

ਵਕੀਲ ਅਜੇ ਬੋਲ ਹੀ ਰਿਹਾ ਸੀ ਕਿ ਬਖਸ਼ੀਸ਼ ਨੇ ਵੇਖਿਆ ਬਿਸਵੇਦਾਰ ਅਤੇ ਸੁਰੇਸ਼ ਬਾਂਸਲ ਇਕੋ ਕਾਰ 'ਚੋਂ ਉਤਰੇ ਸਨ। ਸਿੱਧੇ ਜੱਜ ਦੇ ਦਫ਼ਤਰ 'ਚ ਗਏ ਸਨ।

ਬਖਸ਼ੀਸ਼ ਠੱਗਿਆ ਹੋਇਆ ਮਹਿਸੂਸ ਕਰਦਾ ਬੇਸ਼ਰਮਾਂ ਵਾਂਗ ਵਕੀਲ ਦੇ ਫੱਟੇ 'ਤੇ ਬੈਠਾ ਰਿਹਾ। ਵਕੀਲ ਵਲੋਂ ਕੀਤੀ ਲਾਹ-ਪਾਹ ਨੇ ਉਸ ਦਾ ਅੰਦਰ ਵਲੂੰਧਰ ਦਿੱਤਾ। ਸੁਰੇਸ਼ ਬਾਂਸਲ ਦਾ ਖਿੜਿਆ ਚਿਹਰਾ ਵਲੂੰਧਰੇ ਹੋਏ ਦਿਲ 'ਤੇ ਨਮਕ ਛਿੜਕ ਗਿਆ। ਉਹ ਕੁਝ ਚਿਰ ਬੈਠਾ ਰਿਹਾ। ਫਿਰ ਧੁਰਲੀ ਜਿਹੀ ਮਾਰ ਕੇ ਉਠ ਖੜ੍ਹਾ ਹੋਇਆ।

"ਬਖਸ਼ੀਸ਼ ਸਿਆਂ ਤੇਰਾ ਕੇਸ ਤਾਂ ਬਈ..." ਜੱਜ ਦੇ ਸਟੇਨੋ ਨੇ ਤੁਰੇ ਜਾਂਦੇ ਬਖਸ਼ੀਸ਼ ਨੂੰ ਰੋਕ ਕੇ ਕਿਹਾ। ਸਟੈਨੋ ਗਮਦੂਰ ਦੇ ਸੌਹਰਿਆਂ ਤੋਂ ਸੀ। ਉਹ ਇਸ ਕਰਕੇ ਬਖਸ਼ੀਸ਼ ਨਾਲ ਲਿਹਾਜ਼ ਰੱਖਦਾ ਸੀ। ਬਖਸ਼ੀਸ਼ ਦੇ ਚਿਹਰੇ ਦਾ ਬਦਲਦਾ ਰੰਗ ਵੇਖ ਕੇ ਸਟੈਨੋ ਫਿਰ ਬੋਲਿਆ, " ਬਾਣੀਆਂ ਦੀ ਗਿੱਟ-ਮਿੱਟ ਹੋਗੀ ਜੱਜ ਨਾਲ...।"

"ਸੱਅਚ?"

"ਸੋਲਾਂ ਆਨੇ...।"

ਬਖਸ਼ੀਸ਼ ਨੇ ਅਰਦਲੀ ਦੀ ਅਵਾਜ਼ ਵੀ ਨਾ ਉਡੀਕੀ। ਸ਼ਰਾਬ ਦੀ ਬੋਤਲ ਉਸ ਕਚਿਹਰੀਆਂ ਵਾਲੇ ਠੇਕੇ ਤੋਂ ਹੀ ਲੈ ਲਈ। ਉਹ ਆਂਡਿਆਂ ਵਾਲੀ ਰੇਹੜੀ 'ਤੇ ਜਾ ਖੜ੍ਹਾ। ਮਿੱਟੀ ਘੱਟੇ ਨਾਲ ਭਰੇ ਇਕ ਤੇਜ਼ ਵਰੋਲੇ ਨੇ ਬਖਸ਼ੀਸ਼ ਨੂੰ ਆਪਣੀ ਲਪੇਟ ਵਿਚ ਲੈ ਲਿਆ। ਵਰੋਲੇ 'ਚ ਉਡੇ ਫਿਰਦੇ ਕਿੰਨੇ ਸਾਰੇ ਪਲਾਸਟਕ ਦੇ ਲਿਫ਼ਾਫ਼ੇ ਬਖਸ਼ੀਸ਼ ਦੇ ਵਿੱਚ ਆ ਵੱਜੇ। ਇਸ ਤੋਂ ਵੀ ਤੇਜ਼ ਵਾ ਵਰੋਲੇ ਬਖਸ਼ੀਸ਼ ਦੇ ਦਿਮਾਗ ਵਿੱਚ ਘੁੰਮ ਰਹੇ ਸਨ। ਲਿਫ਼ਾਫ਼ਿਆਂ ਅਤੇ ਮਿੱਟੀ ਘੱਟੇ ਵਾਂਗ ਅਨੇਕਾਂ ਵਿਚਾਰ ਇੱਕ ਦੂਜੇ ਨਾਲ ਗੁਥਮ-ਗੁੱਥਾ ਹੋ ਰਹੇ ਸਨ। ਜੱਜ, ਸੁਰੇਸ਼ ਬਾਂਸਲ, ਕਰਜ਼ਾ, ਬੈਂਕ ਦੀਆਂ ਕਿਸ਼ਤਾਂ, ਵਧਦੀ

ਮੈਂ ਜਿਸ ਬੱਚੇ ਲਈ ਚੰਨ ਲੈ ਕੇ ਆਇਆਂ,
ਉਹ ਖੇਡਣ ਲਈ ਗੁਬਾਰੇ ਮੰਗਦਾ ਹੈ। -ਤਰਸੇਮ ਨੂਰ

ਰਕਮ, ਕੁਰਕੀ, ਬਿਸਵੇਦਾਰ, ਗਹਿਣੇ ਹੋ ਰਹੀ ਜ਼ਮੀਨ, ਸ਼ਬਦ ਜ਼ਹਿਨ 'ਚ ਨੱਚ ਰਹੇ ਸਨ।

ਪੌਣੀ ਬੋਤਲ ਪੀ ਬਖਸ਼ੀਸ਼ ਸਟੇਸ਼ਨ ਲੰਘ ਗਿਆ। ਧਰਤੀ ਪੱਟਦੀ ਆਉਂਦੀ ਮਾਲ ਗੱਡੀ ਹੇਠ ਬਖਸ਼ੀਸ਼ ਨੇ ਸਿਰ ਜਾ ਦਿੱਤਾ। ਗੱਡੀ ਨੇ ਬਖਸ਼ੀਸ਼ ਦੀ ਦੇਹ ਦਾ ਤਿੰਨ ਥਾਂ ਤੋਂ ਕੁਤਰਾ ਕਰ ਦਿੱਤਾ। ਸਰੀਰ ਦੇ ਤਿੰਨ ਟੋਟੇ ਹੋ ਗਏ। ਭਾਰਤ, ਪਾਕਿਸਤਾਨ, ਬੰਗਲਾਦੇਸ਼ ਵਾਂਗ...।

''ਤੈਨੂੰ ਐਂ ਸਿਰ ਸਿੱਟੇ ਤਾਂ ਨੀ ਸਰਨਾ ਗੁਰੀ,'' ਸੱਥਰ 'ਤੇ ਬੈਠੇ ਸਭ ਬੰਦੇ ਉਠ ਕੇ ਚਲੇ ਗਏ ਸਨ। ਜਾਗਰ ਨੇ ਵੇਖਿਆ ਗਮਦੂਰ ਢੇਰੀ ਢਾਈ ਬੈਠਾ ਹੈ।

''ਮੈਂ ਕੀ ਕਰਾਂ ਬਾਬਾ...।'' ਗਮਦੂਰ ਨੂੰ ਸਾਰੀ ਸਿਆਸਤ ਭੁੱਲ ਗਈ ਸੀ। ਜ਼ਿਲ੍ਹਾ ਜਥੇਦਾਰ ਅਤੇ ਐਮ.ਐਲ.ਏ. ਘਰ ਗੇੜਾ ਤਾਂ ਮਾਰ ਗਏ ਸਨ। ਗਮਦੂਰ ਨੂੰ ਕਿਸਾਨ ਯੂਨੀਅਨ ਤੋਂ ਦੂਰ ਰਹਿਣ ਦਾ ਹੁਕਮ ਵੀ ਚਾੜ੍ਹ ਗਏ ਸਨ।

''ਤੂੰ ਤਰੀਕ ਦਾ ਪਤਾ ਕਰ ਸ਼ੇਰਾ... ਆੜ੍ਹਤੀਆਂ ਆਲੀ ਦਾ... ਸ਼ੈਤ ਫੈਸਲੇ ਦੀ ਤਰੀਕ ਐ...।''

''ਆਹੋ ਤਾਇਆ ਤਰੀਕ ਤਾਂ ਫੈਸਲੇ ਦੀ ਐ... ਮੈਂ ਵੀ ਸੁਣਿਐ...'' ਸ਼ੇਰੇ ਪਾਧੜੇ ਨੇ ਸੱਥਰ 'ਤੇ ਬੈਠਦਿਆਂ ਹਾਮੀ ਭਰੀ।

''ਤੂੰ ਭਾਈ ਤੜਕੇ ਜਾਹ ਮੰਡੀ ਭੋਗ ਦਾ ਸੌਦਾ ਪੱਤਾ. ਨਾਲੇ ਤਰੀਕ ਦਾ ਪਤਾ ਕਰੀਂ,'' ਜਾਗਰ ਨੇ ਕਿਹਾ। ਉਸ ਗਮਦੂਰ ਦੇ ਚਿਹਰੇ ਦਾ ਬਦਲਦਾ ਰੌਅ ਤਾੜ ਲਿਆ।

''ਚੰਗਾ ਬਾਬਾ ਜੀ, ਮੈਂ ਜਾਊਂ,'' ਗਮਦੂਰ ਉਠਦਾ ਬੋਲਿਆ, ''ਲਓ ਦਰੀਆਂ ਕੱਠੀਆਂ ਕਰਦੀਏ ਦਿਨ ਛਿਪ ਗਿਆ...।''

ਤੇ ਫਿਰ ਦੂਜਾ ਦਿਨ ਚੜ੍ਹ ਗਿਆ। ਗਮਦੂਰ ਵੀ ਨੌਂ ਵਾਲੀ ਬੱਸ ਚੜ੍ਹ ਗਿਆ। ਕਚਹਿਰੀ 'ਚ ਵਕੀਲ ਚਹਿਕ ਕੇ ਬੋਲਿਆ, ''ਗਮਦੂਰ ਸਿੰਘ ਆਪਾਂ ਕੇਸ ਜਿੱਤ ਸਕਦੇ ਹਾਂ...।'

''ਉਹ ਕਿਵੇਂ ਜੀ...।''

''ਬਖਸ਼ੀਸ਼ ਦਾ ਡੈਥ ਸਰਟੀਫਿਕੇਟ ਲਿਆ ਫੌਰਨ... ਜੱਜ ਦੇ ਅਪਲਾਈ ਕਰ ਦਿਆਂਗੇ... ਮੇਰੇ ਕਲਾਂਈਟ ਦੀ ਡੈਥ ਹੋ ਗਈ... ਤੂੰ ਸਰਟੀਫੀਕੇਟ ਲਿਆ...।''

''ਉਹ ਕਿਥੋਂ ਮਿਲੂ ਜੀ...'' ਬੀ.ਏ.ਪਾਸ ਗਮਦੂਰ ਸਭ ਕੁੱਝ ਭੁੱਲਿਆ ਹੋਇਆ ਸੀ।

''ਕਮੇਟੀ 'ਚੋਂ ਮਿਲੂ... ਹਸਪਤਾਲ ਵਾਲਿਆਂ ਨੇ ਕਮੇਟੀ 'ਚ ਦਰਜ਼ ਕਰਾਇਆ ਹੋਊ... ਤੂੰ ਮਿਉਂਸਪਲ ਕਮੇਟੀ ਦੇ ਦਫ਼ਤਰ ਜਾਹ ਅਤੇ ਸਰਟੀਫਿਕੇਟ ਪਕੜ ਲਿਆ...।''

ਗਮਦੂਰ ਕਚਹਿਰੀ 'ਚੋਂ ਤੁਰ ਪਿਆ। 'ਜਾਣ ਸਾਰ ਸਰਟੀਫਿਕੇਟ ਫੜ ਲਿਆਊਨਾ' ਉਸ ਸੋਚਿਆ। ਗਮਦੂਰ ਪਿੰਡ ਦੇ ਲੋਕਾਂ ਦੇ ਕੰਮ ਕਰਾਉਂਦਾ ਰਹਿੰਦਾ ਸੀ। ਦਫ਼ਤਰਾਂ ਨਾਲ ਉਸ ਦਾ ਵਾਹ ਪੈਂਦਾ ਰਹਿੰਦਾ ਸੀ। ਇਹ ਕੋਈ ਉਸ ਦਾ ਨਵਾਂ ਵਾਹ ਸੀ। ਹੁਣ ਲੈ ਆਉਂਨਾ ...' ਸੋਚਦਾ ਜਾਂਦਾ ਗਮਦੂਰ ਉਤਸ਼ਾਹ 'ਚ ਸੀ। ਹੋਣ ਵੀ ਇਉਂ ਲੱਗਾ ਸੀ। ਸਰਟੀਫਿਕੇਟ ਬਣਾਉਣ ਵਾਲੇ ਬਾਬੂ ਨੇ ਵੀ ਇੰਝ ਹੀ ਕਿਹਾ ਸੀ। ''ਕਾਕਾ ਜੀ ਤੁਸੀਂ ਆਹ ਫਾਰਮ ਭਰ ਦਿਓ... ਕੱਲ੍ਹ ਨੂੰ ਸਰਟੀਫਿਕੇਟ ਲੇ ਜਿਓ... ਮੈਂ ਦਸਤਖ਼ਤ ਕਰਾ ਕੇ ਰੱਖੂੰ... ਮੈਨੂੰ ਹਮਦਰਦੀ ਐ... ਮੈਂ ਆਪ ਦੇਖੀ ਐ ਲਾਸ਼ ਤੁਆਡੇ ਫਾਦਰ ਸਾਹਬ ਦੀ...।''

ਦੂਜੇ ਦਿਨ ਗਮਦੂਰ ਕਮੇਟੀ ਦਫ਼ਤਰ ਗਿਆ ਤਾਂ ਫੈਸਲੇ ਦੀ ਤਰੀਕ ਵਿੱਚ ਦੋ ਦਿਨ ਬਾਕੀ ਸਨ। ਫੈਸਲੇ ਦਾ ਸਮਾਂ ਉਸ ਮਾਲ-ਗੱਡੀ ਵਾਂਗ ਦਹਾੜਦਾ ਆ ਰਿਹਾ ਸੀ, ਜਿਸ ਨੇ ਉਸ ਦਾ ਬਾਪੂ ਨਿਗਲਿਆ ਸੀ।

ਗਮਦੂਰ ਸਰਟੀਫਿਕੇਟ ਲੈਣ 'ਚ ਉਲਝ ਕੇ ਘਰ ਸੱਥਰ ਭੁੱਲ ਗਿਆ ਸੀ। ਸੱਥਰ 'ਤੇ ਜਾਗਰ ਬੈਠਦਾ ਜਾਂ ਫਿਰ ਛੋਟਾ ਬਿੰਦਰ। ਬਿੰਦਰ ਦੇ ਦੋਸਤ ਹਰਦਮ ਹਾਜ਼ਰ ਰਹਿੰਦੇ ।

ਬਿੰਦਰ ਈ.ਟੀ.ਟੀ. ਕਰਕੇ ਵਿਹਲਾ ਸੀ। ਪਰ ਉਹ ਘਰ ਵਿਹਲਾ ਨਾ ਬੈਠਾ। ਪਿੰਡ ਦੇ ਛਿਪਦੇ ਪਾਸੇ ਪੁਰਾਣਾ ਆਵਾ ਸੀ। ਹੁਣ ਆਵਾ ਬੇਅਬਾਦ, ਸੁਆਹ ਦਾ ਢੇਰ ਬਣਿਆ ਪਿਆ ਸੀ। ਜਦੋਂ ਕਦੇ ਪੱਛੋਂ ਦੀ ਹਨੇਰੀ ਚੱਲਦੀ ਤਾਂ ਆਵੇ ਦੀ ਸੁਆਹ ਸਾਰੇ ਪਿੰਡ 'ਤੇ ਪਸਰ ਜਾਂਦੀ। ਆਵੇ ਦੇ ਨਾਲ ਪਾਂਡੂ ਮਿੱਟੀ ਦਾ ਟੋਆ ਸੀ। ਲੋਕ ਘਰ ਲਿੱਪਣ ਲਈ ਪਾਂਡੂ ਮਿੱਟੀ ਲੈ ਜਾਂਦੇ ਸਨ। ਟੋਆ ਹੋਰ ਡੂੰਘਾ ਹੋਈ ਜਾਂਦਾ। ਮੀਹਾਂ ਦੇ ਪਾਣੀ ਨਾਲ ਟੋਆ ਭਰ ਜਾਂਦਾ। ਨਾਲ ਦੀ ਪਹੀ ਰੋਕ ਲੈਂਦਾ।

ਬਿੰਦਰ ਤੇ ਉਸ ਦੇ ਕੁਝ ਦੋਸਤਾਂ ਨੇ ਆਵੇ ਦੀ ਸੁਆਹ ਨਾਲ ਟੋਆ ਭਰਨ ਦਾ ਬੀੜਾ ਚੁੱਕ ਲਿਆ। ਟਰੈਕਟਰਾਂ ਮਗਰ ਕਰਾਹੇ ਜੋੜ ਲਏ।

''ਸ਼ਾਬਾਸ਼ੇ ਜੁਆਨ ਆਹ ਕੋਹੜ ਤਾਂ ਕੰਢੋ ਪਿੰਡ 'ਚੋਂ... ਸੁਆਹ ਪੈਂਦੀ ਸੀ ਸਿਰਾਂ 'ਚ'' ਸਭ ਤੋਂ ਪਹਿਲਾਂ ਹੱਲਾਸ਼ੇਰੀ ਜਾਗਰ ਨੇ ਦਿੱਤੀ ਸੀ।

''ਵੇਹਲੀ ਰੰਨ ਪ੍ਰਾਹੁਣਿਆਂ ਜੋਗੀ, ਦਾਦਾ-ਪੋਤਾ ਏਹਨਾਂ ਕੰਮਾਂ 'ਤੇ ਹੋਗੇ...'' ਬਿਸਵੇਦਾਰਾਂ ਦੇ ਕਰਨ ਨੇ ਸੱਥ 'ਚ ਬੈਠੇ ਬੰਦਿਆਂ ਨੂੰ ਸੁਣਾ ਕੇ ਕਿਹਾ ਸੀ।

ਪਰ ਬਿੰਦਰ ਹੁਰਾਂ ਨੇ ਆਵਾ ਪੱਧਰਾ ਕਰਕੇ ਦਮ ਲਿਆ। ਟੋਆ ਅਜੇ ਪੂਰਾ ਨਹੀਂ ਸੀ ਭਰਿਆ ਪਰ ਅੱਧਿਓਂ ਵੱਧ ਹੋ ਗਿਆ ਸੀ।

''ਹੁਣ ਸ਼ੇਰੋ, ਕਿਸੇ ਦਾ ਟਿੱਬਾ ਲਿਆ ਸਿੱਟੋ ਟੋਏ 'ਚ... ਸੋਣ 'ਚ ਝਿਰੀ ਲੈ ਲਿਓ ਕਿਸੇ ਦੇ ਖੇਤ...।''

''ਚੰਗਾ ਬਾਬਾ!... ਚੱਕ ਫੱਟੇ ਦਿਆਂਗੇ,'' ਸਾਰੇ ਮੁੰਡਿਆਂ ਦੇ ਚਿਹਰੇ 'ਤੇ ਆਸਾਂ ਦੇ ਦੀਪਕ ਜਗਮਗਾ ਰਹੇ ਸਨ।

ਪਰ ਜਦ ਦੂਜੇ ਦਿਨ ਗਮਦੂਰ ਕਮੇਟੀ ਦਫ਼ਤਰ ਗਿਆ ਤਾਂ ਉਸਦਾ ਆਸ ਦਾ ਦੀਪਕ ਬੁਝੂੰ-ਬੁਝੂੰ ਬਾਬਾ ਕਰਨ ਲੱਗਾ। ਉਸ ਵੇਖਿਆ ਜਨਮ-ਮੌਤ ਵਾਲਾ ਬਾਬੂ ਸੀਟ 'ਤੇ ਨਹੀਂ ਸੀ। ਪਤਾ ਕੀਤਾ। ਉਹ ਛੁੱਟੀ 'ਤੇ ਸੀ। ਗਮਦੂਰ ਮਿਊਂਸਪਲ ਕਮੇਟੀ ਦੇ ਪ੍ਰਧਾਨ ਨੂੰ ਮਿਲਿਆ।

''ਜਦੋਂ ਬਾਬੂ ਈ ਛੁੱਟੀ 'ਤੇ ਹੈ... ਕੀ ਹੋ ਸਕਦੈ... ਤੁਸੀਂ ਕੱਲ੍ਹ ਨੂੰ ਆਇਓ,'' ਇਹ ਕਹਿੰਦਾ ਪ੍ਰਧਾਨ ਖਚਰਾ ਹਾਸਾ ਹੱਸਿਆ। ਗਮਦੂਰ ਨੇ ਵੇਖਿਆ ਪ੍ਰਧਾਨ ਦੇ ਦਫ਼ਤਰ ਵਿੱਚ ਜ਼ਿਲ੍ਹਾ ਜਥੇਦਾਰ ਨਾਲ ਪ੍ਰਧਾਨ ਦੀ ਵੱਡੇ ਸਾਈਜ਼ ਦੀ ਤਸਵੀਰ ਲੱਗੀ ਹੋਈ ਸੀ। ਜਿਸ ਵਿਚ ਦੋਵਾਂ ਦੇ ਪਿੱਛੇ ਖੜ੍ਹਾ ਸੁਰੇਸ਼ ਬਾਂਸਲ ਮੁਸਕਰਾ ਰਿਹਾ ਸੀ। ਗਮਦੂਰ ਕਮਰੇ 'ਚੋਂ ਬਾਹਰ ਆਇਆ ਤੇ ਭਾਰੇ ਕਦਮੀਂ ਬੱਸ ਅੱਡੇ ਨੂੰ ਤੁਰ ਗਿਆ।

ਅਗਲੇ ਦਿਨ ਗਮਦੂਰ ਮਿਊਂਸਪਲ ਕਮੇਟੀ ਦੇ ਦਫ਼ਤਰ ਗਿਆ। ਸਵੇਰ ਦੇ ਨੌਂ ਵਜੇ ਹੀ ਸੂਰਜ ਦਾ ਗੋਲਾ ਅੱਗ ਵਰਾਹ ਰਿਹਾ

ਰੱਬਾ ਤੈਨੂੰ ਥੋੜ੍ਹ ਏ ਕਿਹੜੀ,
ਤੈਥੋਂ ਵੀ ਨਹੀਂ ਰੱਜਦੇ ਬੰਦੇ। -ਤਜੱਮੁਲ ਕਲੀਮ

ਸੀ। ਉਸ ਸ਼ੁਕਰ ਮਨਾਇਆ। ਬਾਬੂ ਸੀਟ 'ਤੇ ਬੈਠਾ ਸੀ। ਅੱਜ ਕਚਹਿਰੀ ਵਿੱਚ ਫੈਸਲੇ ਦੀ ਤਰੀਕ ਸੀ। ਗਮਦੂਰ ਨੂੰ ਪੂਰਨ ਆਸ ਸੀ ਕਿ ਉਹ ਆਪਣੇ ਬਾਪ ਦਾ ਡੈਥ ਸਰਟੀਫੀਕੇਟ ਲੈ ਕੇ ਫੈਸਲਾ ਰੁਕਵਾ ਲਵੇਗਾ। ਵਕੀਲ ਨੇ ਉਸ ਨੂੰ ਵਿਸ਼ਵਾਸ ਦਿੱਤਾ ਸੀ, "ਇਕ ਵਾਰ ਡੈਥ ਸਰਟੀਫੀਕੇਟ ਲਿਆ... ਕੇਸ ਪੋਸਟਪੋਨ ਕਰਾਉਣਾ ਮੇਰਾ ਜੁੰਮਾ, ਪੋਸਟਪੋਨ ਕੀ, ਆਪਾਂ ਕੇਸ ਜਿੱਤਾਂਗੇ...।"

ਬਾਬੂ ਬੈਠਾ ਵੇਖ ਗਮਦੂਰ ਨੂੰ ਫੈਸਲਾ ਆਪਣੇ ਹੱਕ ਵਿਚ ਹੁੰਦਾ ਜਾਪਿਆ...!

"ਬਾਬੂ ਜੀ ਬਣ ਗਿਆ ਸਰਟੀਫੀਕੇਟ...।" "ਹਾਂ ਜੀ ਤਿਆਰ ਐ... ਸਾਹਬ ਦੇ ਦਸਤਖ਼ਤ ਰਹਿਗੇ ..."

"ਆਉਣਗੇ ਸਾਹਬ...।"

"ਕੀ ਕਹਿ ਸਕਦੇ ਆਂ... ਸਾਹਬ ਮਾਲਕ ਨੇ, ਆਪਾਂ ਤਾਂ ਹੁਕਮ ਦੇ ਗੁਲਾਮ ਆਂ," ਬਾਬੂ ਖੁਸ਼ ਮੂਡ 'ਚ ਸੀ।

ਗਮਦੂਰ ਉਡੀਕਣ ਲੱਗਾ। ਉਸ ਨੂੰ ਝੋਰਾ ਖਾ ਰਿਹਾ ਸੀ। ਉਧਰ ਕਚਹਿਰੀ ਦਾ ਵਕਤ ਬੀਤਦਾ ਜਾਂਦਾ ਸੀ। ਉਸ ਦੀਆਂ ਤਲੀਆਂ 'ਚੋਂ ਸੇਕ ਨਿਕਲ ਰਿਹਾ ਸੀ। ਦਿਮਾਗ਼ ਵਿਚ ਵਿਚਾਰ ਹਵਾਈ ਜਹਾਜ਼ ਦੀ ਗਤੀ ਨਾਲੋਂ ਵੀ ਤੇਜ਼ ਉਡ ਰਹੇ ਸਨ। ਉਸ ਘੜੀ ਵੇਖੀ। ਸਾਢੇ ਗਿਆਰਾਂ ਵੱਜ ਚੁੱਕੇ ਸਨ। ਅਦਾਲਤ ਦਾ ਸਮਾਂ ਬੀਤਣ ਵਾਲਾ ਸੀ। ਵਕੀਲ ਦਾ ਵਾਰ ਵਾਰ ਮੋਬਾਇਲ ਫ਼ੋਨ ਆ ਰਿਹਾ ਸੀ। ਉਹ ਧੁੱਸ ਦੇ ਕੇ ਪ੍ਰਧਾਨ ਦੇ ਕਮਰੇ 'ਚ ਜਾ ਘੁਸਿਆ। ਪ੍ਰਧਾਨ ਲੇਡੀ ਕੌਂਸਲਰਾਂ ਨਾਲ ਬੈਠਾ ਗੁਲਾਬ ਜਾਮਣਾ ਖਾ ਰਿਹਾ ਸੀ।

"ਪ੍ਰਧਾਨ ਜੀ. ਈ.ਓ. ਸਾਹਬ... ਮੇਰਾ ਸਰਟੀਫੀਕੇਟ...।"

"ਆਏ ਨੀ ਅਜੇ ਈ.ਓ. ਸਾਹਬ," ਪ੍ਰਧਾਨ ਨੇ ਹੈਰਾਨਗੀ ਨਾਲ ਪੁੱਛਿਆ। ਜਿਵੇਂ ਪਤਾ ਈ ਨਾ ਹੋਵੇ ਕਿਸੇ ਚੀਜ਼ ਦਾ...।

"ਕਦੋਂ ਆਉਣਗੇ? ਮੇਰੀ ਕੋਰਟ 'ਚ ਪੇਸ਼ੀ ਐ, ਮੈਂ ਸਰਟੀਫੀਕੇਟ ਪੇਸ਼ ਕਰਨ।"

"ਪਤਾ ਨਹੀਂ ਬਈ... ਉਹ ਅਫ਼ਸਰ ਐ... ਅਫ਼ਸਰਾਂ ਦਾ ਕੋਈ ਟੈਮ ਨੀ ਹੁੰਦਾ," ਪ੍ਰਧਾਨ ਗੁੱਝਾ ਮੁਸਕਰਾ ਰਿਹਾ ਸੀ, "ਉਹ ਹ... ਈ.ਓ. ਤਾਂ ਡੀ. ਸੀ ਦੀ ਮੀਟਿੰਗ 'ਚ ਗਿਐ...।"

"ਤਾਂ ਫੇਰ ਮੇਰਾ ਸਰਟੀਫੀਕੇਟ...?"

"ਉਹ ਤਾਂ ਫਿਰ ਅੱਜ ਬਣਦਾ ਨਹੀਂ ਗਮਦੂਰ ਸਿਆਂ..." ਪ੍ਰਧਾਨ ਨੇ ਕਿਹਾ।

ਗਮਦੂਰ ਦੇ ਅੰਦਰ ਸੈਂਕੜੇ ਆਰੇ ਚੱਲ ਗਏ। ... 'ਏਹਨੂੰ ਮੇਰੇ ਨਾਮ ਦਾ ਕੀ ਪਤਾ ਹੋਇਆ, ਸੁਰੇਸ਼ ਬਾਂਸਲ ਦੀ ਫੋਟੋ... ਜ਼ਿਲ੍ਹਾ ਜਥੇਦਾਰ...।' ਗਮਦੂਰ ਨੂੰ ਘੁਮੇਰ ਚੜ੍ਹਨ ਲੱਗੀ। ਉਸ ਨੂੰ ਲੱਗਿਆ ਉਹ ਘੇਰਿਆ ਗਿਐ । ਪ੍ਰਧਾਨ ਦੇ ਦਫ਼ਤਰੋਂ ਨਿਕਲ ਉਸ ਕਾਹਲੀ ਕਾਹਲੀ ਆਟੋ ਲਿਆ ਕਚਹਿਰੀ ਪੁੱਜਾ। ਕੇਸ ਦਾ ਫੈਸਲਾ ਹੋ ਚੁੱਕਾ ਸੀ। ਜਮੀਨ ਦੀ ਕੁਰਕੀ ਦੇ ਹੁਕਮ ਹੋ ਗਏ ਸਨ। ਸਭ ਆਸਾਂ ਮੁੱਕ ਗਈਆਂ ਸਨ।

"ਆਸਾਂ ਮੁੱਕੀਆਂ ਨਈਂ ਗਮਦੂਰ... ਅਸੀਂ ਤੇਰੇ ਨਾਲ ਆਂ... ਜ਼ਮੀਨ ਨਿਲਾਮ ਨਹੀਂ ਹੋਣ ਦਿਆਂਗੇ..." ਕਿਸਾਨ ਯੂਨੀਅਨ ਦੇ ਪ੍ਰਧਾਨ ਨੇ ਗਮਦੂਰ ਦੇ ਮੋਢੇ 'ਤੇ ਹੱਥ ਆ ਰੱਖਿਆ...।

ਬਖਸ਼ੀਸ਼ ਦੇ ਭੋਗ ਦਾ ਦਿਨ ਸੀ। ਟੈਂਟ ਲਗਾ ਦਿੱਤਾ ਸੀ। ਹਲਵਾਈ ਸਾਮਾਨ ਬਣਾ ਰਹੇ ਸਨ। "ਸ਼ਹੀਦ ਕਿਸਾਨ ਦੇ ਭੋਗ 'ਤੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ...," ਕਿਸਾਨ ਯੂਨੀਅਨ ਦਾ ਬਿਆਨ ਅਖ਼ਬਾਰਾਂ ਵਿੱਚ ਵਾਰ ਵਾਰ ਛਪ ਰਿਹਾ ਸੀ।

"ਸਰਕਾਰ ਨਿਲਾਮੀ ਦੀ ਤਰੀਖ਼ ਨਿਸ਼ਚਤ ਕਰੇ... ਅਦਾਲਤ ਦਾ ਫੈਸਲਾ ਲਾਗੂ ਕੀਤਾ ਜਾਵੇ..." ਆੜ੍ਹਤੀਆ ਐਸੋਸੀਏਸ਼ਨ ਮੰਗ ਕਰ ਰਹੀ ਸੀ। ਆੜ੍ਹਤੀਏ ਅਫ਼ਸਰਾਂ 'ਤੇ ਦਬਾਅ ਪਾ ਰਹੇ ਸਨ। ਜ਼ਿਲ੍ਹਾ ਪ੍ਰਸ਼ਾਸਨ ਨੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਲਏ ਸਨ। ਐਸ.ਐਸ.ਪੀ. ਆਪ ਪਿੰਡ ਦਾ ਚੱਕਰ ਮਾਰ ਗਿਆ ਸੀ।

ਇਕ ਟੈਂਟ ਵਿਚ ਖਾਣ ਪੀਣ ਦਾ ਸਾਮਾਨ ਲਾ ਦਿੱਤਾ ਸੀ। ਦੂਜੇ ਟੈਂਟ ਵਿਚ ਕੀਰਤਨ ਹੋ ਰਿਹਾ ਸੀ। ਬਿੰਦਰ ਦੇ ਸਾਥੀ ਡਿਊਟੀਆਂ ਸਾਂਭੀ ਖੜ੍ਹੇ ਸਨ। ਗਮਦੂਰ ਨੂੰ ਆਸ ਸੀ ਕਿ ਦਲ ਦਾ ਪ੍ਰਧਾਨ ਆਏਗਾ, ਉਸ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਏਗਾ...। ਕਿਸਾਨ ਯੂਨੀਅਨ ਦੀਆਂ ਗੱਲਾਂ ਉਸ ਦੇ ਸੰਘੋਂ ਨਹੀਂ ਉਤਰਦੀਆਂ ਸਨ। ਗਮਦੂਰ ਸੁਣ ਅਤੇ ਕਰ ਉਨ੍ਹਾਂ ਮੁਤਾਬਕ ਰਿਹਾ ਸੀ, ਪਰ ਸੂਬਾ ਪ੍ਰਧਾਨ, ਜਿਲ੍ਹਾ ਜਥੇਦਾਰ ਅਤੇ ਐਮ.ਐਲ.ਏ. ਦੀ ਉਡੀਕ ਕਰ ਰਿਹਾ ਸੀ। ਜਾਗਰ ਇਹ ਵੇਖ, ਮਹਿਸੂਸ ਕਰ ਉਦਾਸ ਹੋ ਰਿਹਾ ਸੀ। ਗਮਦੂਰ ਵਾਰ ਵਾਰ ਆਸਵੰਦ ਨਜ਼ਰਾਂ ਨਾਲ ਟੈਂਟ ਦੇ ਗੇਟ ਵੱਲ ਦੇਖ ਰਿਹਾ ਸੀ ਕਿ ਭਾਈ ਜੀ ਨੇ 'ਤੁਮ ਠਾਕਰ ਤੁਮ ਪੈ ਅਰਦਾਸ' ਕਹਿ ਦਿੱਤਾ। ਕਿਸਾਨ ਯੂਨੀਅਨ ਦੇ ਆਗੂਆਂ ਨੇ ਦੇਗ ਵਰਤਾਉਣੀ ਰੋਕ, ਭਾਸ਼ਨ ਸ਼ੁਰੂ ਕਰ ਦਿੱਤੇ। ਗਰਮੀ ਲੋਹੜੇ ਦੀ ਸੀ। ਗਮਦੂਰ ਨੂੰ ਲੱਗ ਰਿਹਾ ਸੀ ਕਿ ਉਸ ਦੇ ਗ਼ਮ ਦੂਰ ਨਹੀਂ ਹੋਏ।

ਜਾਗਰ ਦੀਆਂ ਅੱਖਾਂ ਵਿਚ ਪਰਲ ਪਰਲ ਹੰਝੂ ਵਗ ਰਹੇ ਸਨ।

"ਬਿੰਦਰ ਮੈਂ ਸਵੇਰ ਦਾ ਵੇਖ ਰਿਹਾਂ, ਬਾਬਾ ਜੀ ਨੇ ਕੁੱਝ ਨਹੀਂ ਖਾਧਾ। ਏਹਨਾਂ ਨੂੰ ਰੋਟੀ ਖਵਾਈਏ ਯਾਰ" ਬਿੰਦਰ ਦੇ ਇੱਕ ਦੋਸਤ ਨੇ ਕਿਹਾ। ਉਹ ਅਤੇ ਬਿੰਦਰ ਦੋਵੇਂ ਜਾਗਰ ਸਿੰਘ ਨੂੰ ਟੈਂਟ 'ਚੋਂ ਉਠਾ ਕੇ ਲੈ ਆਏ। ਦੋਵਾਂ ਨੇ ਇੱਕ-ਇੱਕ ਬਾਂਹ ਫੜੀ ਹੋਈ ਸੀ। ਘੋਲਾਂ ਦੇ ਜੇਤੂ ਯੋਧੇ ਜਾਗਰ ਨੂੰ ਤੁਰਨਾ ਮੁਹਾਲ ਹੋਇਆ ਪਿਆ ਸੀ।

ਉਹ ਜਾਗਰ ਨੂੰ ਰੋਟੀ ਵਾਲੇ ਟੈਂਟ 'ਚ ਲੈ ਆਏ। ਜਾਗਰ ਦਾ ਅੰਦਰ ਰੋ ਰਿਹਾ ਸੀ। ਬਖਸ਼ੀਸ਼ ਦਾ ਮਾਸੂਮ ਚਿਹਰਾ ਵਾਰ ਵਾਰ ਉਸਦੀਆਂ ਅੱਖਾਂ ਅੱਗੇ ਆ ਰਿਹਾ ਸੀ। ਬਿੰਦਰ ਨੇ ਇਕ ਮੇਜ਼ ਤੋਂ ਚਮਚਾ ਤੋਂ ਪਲੇਟ ਚੁੱਕੇ। ਉਸ ਦੇ ਸਾਹਮਣੇ ਦਹੀਂ ਬੂੰਦੀ ਵਾਲਾ ਡੋਂਗਾ ਪਿਆ ਸੀ। ਬਿੰਦਰ ਨੇ ਦੋ ਤਿੰਨ ਕੜਛੀਆਂ ਭਰ ਕੇ ਦਹੀਂ-ਬੂੰਦੀ ਪਲੇਟ 'ਚ ਪਾ ਲਈ। ਪਲੇਟ ਜਾਗਰ ਨੂੰ ਜਾ ਫੜਾਈ। ਜਾਗਰ ਨੇ ਜਲਦੀ ਨਾਲ ਚਮਚਾ ਭਰ ਕੇ ਮੂੰਹ 'ਚ ਪਾਇਆ। ਉਸ ਦਾ ਮੂੰਹ ਖਟਾਸ ਨਾਲ ਭਰ ਗਿਆ।

"ਐਨੀ ਖਟਾਸ...! ਐਨੀ ਖਟਾਸ ਕਿਥੋਂ ਆ ਗਈ ਭਾਈ....।" ਉਸ ਨੇ ਆਸੇ ਪਾਸੇ ਵੇਖਿਆ। ਉਸ ਦੇ ਸਾਹਮਣੇ ਬਿੰਦਰ ਅਤੇ ਉਸ ਦੇ ਦੋਸਤ ਕੰਮ ਕਰਦੇ ਫਿਰਦੇ ਸਨ। ਜਾਗਰ ਨੇ ਜ਼ੋਰ ਦੀ ਅਵਾਜ਼ ਦਿੱਤੀ, "ਜਾਹ ਉਏ ਬਿੰਦਰਾ, ਦੁੱਧ ਦੀ ਬਾਲਟੀ ਭਰ ਲਿਆ। ਬੂੰਦੀ ਵਾਲੇ ਟੱਬ ਵਿੱਚ ਉਲਟਾ ਦੇਹ... ਸਾਰੀ ਖਟਾਸ ਮਰਜੂਗੀ...।"

ਜਾਗਰ ਦਾ ਗੜ੍ਹਕਵਾਂ ਬੋਲ ਸੁਣ ਕੇ, ਬਿੰਦਰ ਚੱਕਵੇਂ ਕਦਮੀਂ ਦੁੱਧ ਲੈਣ ਤੁਰ ਪਿਆ। ਬਿੰਦਰ ਦੇ ਕਦਮਾਂ ਦੀ ਬਰਕਤ ਵੇਖਣ ਵਾਲੀ ਸੀ।

ਤੂੰ ਏਂ ਚਿੱਤਰਕਾਰ ਤੇਰੇ 'ਤੇ ਕੋਈ ਬੰਦਿਸ਼ ਨਹੀਂ,
ਬਰਫ਼ ਦੇ ਆਲ਼ੇ 'ਚ ਸੂਰਜ ਨੂੰ ਟਿਕਾਵਣ ਵਾਸਤੇ। -ਸੁਰਿੰਦਰ ਸੋਹਲ

ਕਹਾਣੀ

# ਹਵਾ 'ਚ ਲਟਕਿਆ ਆਦਮੀ

## ਜੋਗੇ ਭੰਗਲ



ਜੋਗੇ ਭੰਗਲ

ਜੋਗੇ ਭੰਗਲ: ਪੰਜਾਬੀ ਕਹਾਣੀ, ਕਵਿਤਾ, ਇਕਾਂਗੀ ਤੇ ਕਾਵਿ-ਨਾਟਕ ਦੇ ਖੇਤਰ ਵਿਚ ਉਘਵੜਵੀਂ ਪਛਾਣ ਰੱਖਣ ਵਾਲਾ ਬਹੁ-ਵਿਧਾਈ ਲੇਖਕ ਹੈ। ਉਸਦੇ ਹੁਣ ਤੱਕ ਤਿੰਨ ਕਹਾਣੀ-ਸੰਗ੍ਰਹਿ, ਤਿੰਨ ਕਾਵਿ-ਸੰਗ੍ਰਹਿ, ਇੱਕ ਕਾਵਿ-ਨਾਟਕ ਤੇ ਇੱਕ ਇਕਾਂਗੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਹਿੰਦੀ ਭਾਸ਼ਾ ਵਿੱਚ ਵੀ ਉਸਦਾ ਇੱਕ ਕਾਵਿ-ਸੰਗ੍ਰਹਿ ਛਪ ਚੁੱਕਾ ਹੈ। ਉਸਦੀਆਂ ਕਹਾਣੀਆਂ ਅਨੇਕਾਂ ਤਰ੍ਹਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾ ਨਾਲ ਜੂਝ ਰਹੇ ਆਜੋਕੇ ਮਨੁੱਖ ਅੰਦਰਲੀਆਂ ਮਨੋ-ਸੰਵੇਦਨਾਵਾਂ, ਦੁਬਿਧਾਵਾਂ, ਤਣਾਵਾਂ, ਚਿਤਾਵਾਂ ਤੇ ਸ਼ੰਕਾਵਾਂ ਨੂੰ ਉਨ੍ਹਾਂ ਦੀ ਤੀਬਰਤਾ ਤੇ ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ। ਇਸ ਅੰਕ ਵਿਚ ਸ਼ਾਮਿਲ ਉਸਦੀ ਕਹਾਣੀ 'ਹਵਾ 'ਚ ਲਟਕਿਆ ਆਦਮੀ' ਵੀ ਮੇਰੀ ਉਪਰੋਕਤ ਧਾਰਨਾ ਦੀ ਪੁਸ਼ਟੀ ਕਰਦੀ ਹੈ।- ਨਿਰੰਜਣ ਬੋਹਾ

ਸੈਂਚਰੀ ਜਿੱਤਣ ਤੋਂ ਬਾਆਦ ਤਾਂ ਹਰਜਾਪ ਸਿੰਘ ਹਾਰਿਆਂ ਵਾਂਗ ਡਿੱਗ ਹੀ ਪਿਆ ਸੀ। ਜਦ ਉਹਦੇ ਚੁਫ਼ੇਰਿਉਂ ਹੱਥ ਖੜ੍ਹੇ ਹੋ ਗਏ ਤਾਂ ਉਹਨੇ ਆਖ਼ਿਰ ਬਾਪੂ ਸਰਦਾਰਾ ਸਿੰਘ ਦੇ ਪੈਰਾਂ 'ਤੇ ਡਿਗਣ 'ਚ ਹੀ ਭਲਾਈ ਸਮਝੀ। ਬਾਪੂ ਦਾ ਗ਼ਮਗੀਨ ਚਿਹਰਾ ਵੀ ਖਿੜ ਗਿਆ। ਨਹੀਂ ਤਾਂ ਪਹਿਲਾਂ ਉਹ ਬਾਪੂ ਨੂੰ ਕਦ ਨੇੜੇ ਆਉਣ ਦਿੰਦਾ ਸੀ। ਬਾਪੂ ਨੇ ਵੀ ਸ਼ੁਕਰ ਮਨਾਇਆ ਕਿ ਚਲੋ ਦੇਰ ਆਇਆ, ਦਰੁਸਤ ਆਇਆ।

"ਬਾਪੂ! ਹੁਣ ਤੁਸੀਂ ਜਿਮੇਂ ਕਹੂੰਗੇ ਉਮੇਂ ਕਰੂੰ।"

ਬਾਪੂ ਦਾ ਮੋਹ ਫਿਰ ਜਾਗ ਪਿਆ। ਸੁਣ ਕੇ ਉਹਦੀ ਛਾਤੀ ਚੌੜੀ ਹੋ ਗਈ। ਉਹਨੇ ਸੋਚਿਆ ਕਿ ਸ਼ਾਇਦ ਧੱਕੇ-ਧੌਲੇ ਖਾ ਕੇ ਕੁਛ ਸਮਝ ਆ ਗਈ ਹੋਵੇ। ਨਹੀਂ ਤਾਂ ਜਦ ਬਾਪੂ ਨੇ ਕਹਿਣਾ ਕਿ ਕਾਕਾ ਆਪਣਾ ਫਲਾਨਾ ਰਿਸ਼ਤੇਦਾਰ ਅਫ਼ਸਰ ਲੱਗਿਆ, ਉਹਨੂੰ ਮਿਲ ਲੈਨੇ ਆਂ। ਜਾਂ ਪਿੰਡ ਦੇ ਸਰਪੰਚ ਰਾਹੀਂ ਐਮ.ਐਲ.ਏ. ਦੇ ਪੈਰ ਫੜ ਲੈਨੇ ਆਂ; ਤਾਂ ਮੋਹਰਿਉਂ ਅੱਖਾਂ ਕੱਢ ਕੇ ਪੈਣਾ ਕਿ ਅਸੀਂ ਐਨੇ ਗਏ-ਗੁਜਰੇ ਆਂ। ਆਪਣੀ ਜ਼ਮੀਰ ਅਜੇ ਜਾਗਦੀ ਆ। ਨਾਲੇ ਆਪਣੇ ਕੁਝ ਅਸੂਲ ਆ। ਇੰਨੀਆਂ ਡਿਗਰੀਆਂ, ਉਹ ਵੀ ਫਸਟ ਕਲਾਸ 'ਚ; ਅਸੀਂ ਕੋਈ ਲੇਲ੍ਹੜੀਆਂ ਕੱਢਣ ਨੂੰ ਨਈਂ ਚੁੱਕੀ ਫਿਰਦੇ।... ਇਹ ਥਰਡ ਕਲਾਸ ਸਾਡੀ ਪੇਸ਼ ਨਈਂ ਜਾਣ ਦਿੰਦੇ। ਇਹ ਲੀਡਰਾਂ ਦੇ ਨੇੜੇ ਹੋ ਕੇ ਸਾਡੇ ਅਰਗਿਆਂ ਨੂੰ ਦੂਰ ਕਰੀ ਜਾਂਦੇ।

ਹਰਜਾਪ ਇੰਟਰਵਿਊ/ਕੰਪੀਟੀਸ਼ਨ ਪ੍ਰੀਖਿਆ ਦੇ ਕੇ ਆਉਂਦਾ, ਝੱਟ ਡਾਇਰੀ 'ਚ ਨੋਟ ਕਰਦਾ। ਇੰਟਰਵਿਊਆਂ, ਕੰਪੀਟੀਸ਼ਨ ਪ੍ਰੀਖਿਆਵਾਂ ਦੇ-ਦੇ ਇਕ ਦਿਨ ਗਿਣਤੀ ਸੈਂਕੜਾ ਛੋਹ ਗਈ। ਮਤਲਬ ਉਹ ਮਨ ਹੀ ਮਨ ਜਿਵੇਂ ਸੈਂਚਰੀ ਜਿੱਤ ਗਿਆ। ਜਿਸ ਦਿਨ ਉਹਨੇ ਸੈਂਕੜਾ ਮਾਰਿਆ, ਉਦੋਂ ਸਚਿਨ ਵਾਂਗ ਕੋਈ ਢੋਲ-ਢੱਮਕਿਆਂ ਨਾਲ ਉਹਦਾ ਸੁਵਾਗਤ ਕਰਨ ਲਈ ਦਰਵਾਜ਼ੇ ਮੋਰ੍ਹੇ ਨਹੀਂ ਸੀ ਖੜ੍ਹਾ। ਉਹ ਆਪਣੇ-ਆਪ ਨਾਲ ਜੰਗ ਲੜਦਾ ਰਿਹਾ। ਪਰ ਮਿਲਿਆ ਕੀ?... 'ਛਿੱਕੂ!'... ਪਰ ਹਾਂ, ਕੁਛ ਸਮੇਂ ਬਾਅਦ ਓਵਰ ਏਜ਼ ਦਾ ਸਰਟੀਫਿਕੇਟ ਜਰੂਰ ਮਿਲਣ ਵਾਲ਼ੈ। ਪਿਉ ਸਰਦਾਰਾ ਸਿੰਘ ਨੇ ਤਾਂ ਆਖ਼ਿਰ ਉਹਤੋਂ ਦੁਖੀ ਹੋ ਕੇ ਉਹਨੂੰ ਬੁਲਾਉਣਾ ਹੀ ਛੱਡ ਦਿੱਤਾ ਸੀ। ਉਹ ਉਹਨੂੰ ਸਮਝਾਉਂਦਾ ਹਾਰ ਗਿਆ ਕਿ ਕਾਕਾ ਇਹ ਕਲਯੁੱਗ ਏ। ਸਮੇਂ ਮੁਤਾਬਕ ਚਲਣਾ ਪੈਂਦਾ। ਨਾਲ਼ੇ ਤੂੰ ਆਪਣਾ ਹੱਕ ਲੈਣਾ ਜੋ ਤੇਰੀ ਉੱਚ ਯੋਗਤਾ ਕਰਕੇ ਬਣਦਾ। ਪਰ ਉਦੋਂ ਉਹ ਬਾਪੂ ਦੀ ਕਦੋਂ ਸੁਣਦਾ ਸੀ। ਅੜਿਆ ਰਿਹਾ। ਚਲਿਆ ਰਿਹਾ ਆਪਣੀ ਧੁੰਨ 'ਚ ਮਸਤ। ਭੁੱਖ਼ਣ-ਭਾਣੇ, ਇਕੱਲਾ ਦੌੜੀ-ਭੱਜੀ ਗਿਆ। ਆਖ਼ਿਰ ਘਰ ਦੇ ਸਾਰੇ ਜੀਅ ਵੀ ਉਹਨੂੰ ਸਮਝਾਉਂਦਿਆਂ ਥੱਕ ਗਏ। ਬੜੇ ਭਰਾ ਨੇ ਤਾਂ ਵਿਆਹ ਹੋਣ ਤੋਂ ਬਾਅਦ ਬਗ਼ਾਵਤ ਹੀ ਕਰ ਦਿੱਤੀ।

"ਮੈਥੋਂ ਨਈਂ ਖਿਲਾਇਆ ਜਾਂਦਾ ਵਿਹਲਿਆਂ ਨੂੰ। ਆਪਣਾ ਕਰੋ; ਕਮਾਉ, ਖਾਉ। ਬਾਕੀਆਂ ਖ਼ਾਤਿਰ ਕੰਮ ਕਰਨ ਦਾ ਮੈਂ ਠੇਕਾ ਨਈਂ ਲਿਆ ਹੋਇਆ।"

ਬੱਸ ਇਕ ਮਾਂ ਸੀ ਜੋ ਖਿਝ-ਖ਼ਪ ਕੇ ਆਖ਼ਿਰ ਫੇਰ ਉਹਦੀ ਬਣ ਜਾਂਦੀ। ਪਰ ਇਕ ਵਾਰ ਤਾਂ ਉਹ ਸਮਾਂ ਵੀ ਆ ਗਿਆ ਜਦੋਂ ਉਹਦੇ ਹੱਥੋਂ ਵੀ ਸਬਰ ਦਾ ਪਿਆਲਾ ਖਿਸਕਣ ਲੱਗਾ। ਉਹਨੇ ਉਹਦੀ ਖ਼ਾਤਿਰ ਬਥੇਰਾ ਜਾਗ-ਜਾਗ ਦੇਖ ਲਿਆ। ਉਹ ਘਰੋਂ ਕੰਪੀਟੀਸ਼ਨ ਪ੍ਰੀਖਿਆ/ਇੰਟਰਵਿਊ ਲਈ ਨਿਕਲਦਾ, ਮਾਂ ਦਹੀਂ ਮੂੰਹ ਨੂੰ ਲਾਉਂਦੀ ਕਿ ਸ਼ੁਭ ਸ਼ਗਨ ਹੁੰਦਾ। ਪਰ ਕਦੋਂ ਕੁ ਤੱਕ। ਆਖ਼ਿਰ ਮਾਂ ਨੇ ਇਹ ਸ਼ਗਨ ਕਰਨਾ ਵੀ ਛੱਡ ਦਿੱਤਾ।

ਹਰਜਾਪ ਨੂੰ ਉਹ ਸੈਂਚਰੀ ਵਾਲੀ ਰਾਤ ਕਦੇ ਨਹੀਂ ਭੁੱਲਣੀ। ਉਦੋਂ ਰਾਤ ਦੇ ਸਾਢ੍ਹੇ ਗਿਆਰਾਂ ਵੱਜੇ ਹੁਣੇ ਜਦੋਂ ਉਹ ਆਪਣੇ ਹੀ ਘਰ ਦੇ ਗੇਟ ਨੂੰ ਚੋਰਾਂ ਵਾਂਗ ਟੱਪ ਕੇ ਅੰਦਰ ਵੜਿਆ। ਸਭ ਆਪਣੀ-ਆਪਣੀ ਥਾਂ ਘੂਕ ਸੁੱਤੇ ਪਏ। ਪਰ ਉਹ ਇੰਨੀ ਹਿੰਮਤ ਨਹੀਂ ਕਰ ਸਕਿਆ ਕਿ ਉਹਨਾਂ ਨੂੰ ਉਠਾ ਕੇ ਕਹਿੰਦਾ ਕਿ ਗੇਟ ਖੋਲ੍ਹੋ, ਭੰਗੜੇ ਪਾਓ, ਖੁਸ਼ੀਆਂ ਮਨਾਓ। ਮੇਰੇ ਗਲ ਵਿਚ ਹਾਰ ਪਾਓ। ਉਹਦਾ ਤਾਂ ਆਪਣਾ ਮੂਡ ਐਂ ਹੋਇਆ ਪਿਆ ਸੀ ਜਿਵੇਂ ਕਿਸੇ ਆਪਣੇ ਖਾਸ ਦੇ ਅਫ਼ਸੋਸ ਤੋਂ ਆਇਆ ਹੋਵੇ। ਹਾਂ, ਉਹਦੇ ਢਿੱਡ ਵਿਚ ਚੂਹੇ ਜ਼ਰੂਰ ਭੰਗੜੇ ਪਾ ਰਹੇ ਸਨ। ਥੱਕੀ ਹਾਰੀ ਮਾਂ ਨੂੰ ਵੀ ਉਡੀਕਦੀ ਨੂੰ ਨੀਂਦ ਆ ਗਈ ਲਗਦੀ ਸੀ। ਨਹੀਂ ਤਾਂ ਉਹਨੂੰ ਤਾਂ ਮਾੜੇ ਜਿਹੇ ਇਸ਼ਾਰੇ ਦੀ ਲੋੜ ਹੁੰਦੀ। ਉਹਨੇ ਬੁੜ-ਬੁੜ ਕਰਦੀ ਨੇ ਉੱਠਣਾ ਸੀ। ਮੰਦਾ-ਚੰਗਾ ਬੋਲਦੀ ਨੇ ਫ਼ੁਲਕੇ ਲਾਹੁਣ ਲੱਗ ਪੈਣਾ ਸੀ। ਨਾਲੇ ਕਹਿਣਾ ਸੀ ਕਿ ਆਪ ਤਾਂ ਟੈਮ 'ਤੇ ਘਰ ਵੜਨਾ ਨਈਂ, ਬਾਕੀਆਂ ਦੀ ਵੀ ਨੀਂਦ ਹਰਾਮ ਕਰਨੀ ਏਂ। ਅੱਜ ਉਹ ਮਾਂ ਦੀ ਨੀਂਦ ਵੀ ਖ਼ਰਾਬ ਕਰਨ ਦੇ ਮੂਡ ਵਿੱਚ ਨਹੀਂ ਸੀ। ਉਹ ਦਬਵੇਂ ਜਿਹੇ ਪੈਰੀਂ ਰਸੋਈ 'ਚ ਵੜਿਆ। ਕੁਝ ਖਾਣ ਨੂੰ ਹੱਥ ਨਾ ਲੱਗਾ ਤਾਂ ਆਚਾਰ ਵਾਲਾ ਮਰਤਵਾਨ ਖੋਲ੍ਹ ਕੇ ਪੰਜ-ਛੇ ਫਾੜੀਆਂ ਆਚਾਰ ਦੀਆਂ ਹੀ ਖਾ ਗਿਆ। ਉਪਰੋਂ ਦੋ ਗਿਲਾਸ ਪਾਣੀ ਦੇ ਚਾੜ੍ਹ ਲਏ। ਫਿਰ ਜੰਮਣ ਲਾਏ ਦੁੱਧ ਦੀ ਚਾਟੀ ਹੱਥ ਆ ਗਈ। ਉਸ 'ਚੋਂ ਦੁੱਧ ਕੱਢਣ ਲੱਗਿਆਂ ਹੱਥ ਨੂੰ ਜਿਵੇਂ ਝਟਕਾ ਵੱਜਾ- ਸਵੇਰ ਨੂੰ ਬਾਕੀ ਟੱਬਰ ਨੂੰ

ਲਿਖਾ ਕੇ ਨਾਮ ਅਪਣਾ ਖ਼ੁਦ ਵਡੇਰੇ ਅੱਖਰਾਂ ਅੰਦਰ।
ਇਵੇਂ ਵੇਖੇ ਉਹ ਅਪਣੇ ਆਪ ਨੂੰ ਪਤਵੰਤਿਆਂ ਅੰਦਰ। -(ਅਗਲੇ ਸਫ਼ੇ 'ਤੇ)

ਦਹੀਂ, ਲੱਸੀ ਵੀ ਚਾਹੀਦ ਈ ਕਿ ਨਈਂ। ਹੋਰ ਨਾ ਸਵੇਰ ਨੂੰ ਉਠਦੇ ਸਾਰ ਉਹਦਾ ਸੁਵਾਗਤ ਗਾਲ਼ਾਂ ਨਾਲ਼ ਹੋਵੇ। ਦੋ ਮਕਰ-ਮਕਰ ਕਰਕੇ ਪਿਆਜ਼ ਚੱਬ ਗਿਆ। ਇਕ ਲਿਫ਼ਾਫ਼ੇ 'ਚ ਪਏ ਦੋ ਟਮਾਟਰਾਂ ਨੂੰ ਵੀ ਨਾ ਬਖ਼ਸ਼ਿਆ। ਉਂਝ ਤਾਂ ਉਹਨੂੰ ਨਿੰਬੂ ਪਏ ਵੀ ਲੱਭ ਪਏ ਪਰ ਉਹਨਾਂ ਨੂੰ ਦੇਖ ਕੇ ਉਹਦੇ ਦੰਦ ਖੱਟੇ ਹੋ ਗਏ। ਆਖ਼ਿਰ ਉਹਦੇ ਹੱਥ ਗੁੜ ਆ ਗਿਆ। ਦੋ ਪੇਸੀਆਂ ਉਹਦੀਆਂ ਵੀ ਰਗੜ ਗਿਆ। ਫਿਰ ਉਹਨੇ ਵਿਹੜੇ 'ਚ ਪਿਆ ਬਾਣ ਦਾ ਵਿੰਗਾ ਜਿਹਾ ਮੰਜਾ ਸਿੱਧਾ ਕੀਤਾ। 'ਕਿਹੜਾ ਹੁਣ ਉਨੀਂਦਰੇ 'ਚ ਬਿਸਤਰਾ ਲੱਭਣ ਲਈ ਟੱਕਰਾਂ ਮਾਰਦਾ ਫਿਰੇ,' ਆਪਣੇ-ਆਪ ਨੂੰ ਹੀ ਸਮਝਾਉਂਦਾ ਮੰਜੇ 'ਤੇ ਟੇਢਾ ਹੋ ਗਿਆ। ਪੈਂਦਿਆਂ ਸਾਰ ਉਹਦੇ ਘੁਰਾੜੇ ਵੱਜਣ ਲੱਗ ਪਏ। ਵੱਡੇ ਤੜਕੇ ਵਾਸ਼-ਰੂਮ ਜਾਣ ਲਈ ਉਹਦੀ ਅੱਖ ਖੁੱਲ੍ਹੀ। ਮੁੜ ਆ ਕੇ ਮੰਜੇ 'ਤੇ ਪਿਆ ਤਾਂ ਡਰਾਉਣੇ ਸੁਪਨੇ ਨੇ ਢਾਹ ਲਿਆ।... ਬਾਪ ਨਾਲ ਕਿਸੇ ਗੱਲ ਤੋਂ ਬਹਿਸਿਆ, ਗੁੱਸੇ 'ਚ ਖੇਤਾਂ ਨੂੰ ਦੌੜ ਗਿਆ। ਉਥੇ ਨਿਆਣਿਆਂ ਵਲੋਂ ਪਾਈ ਪੀਂਘ ਨਾਲ ਫ਼ਾਹਾ ਲੈ ਕੇ ਝੂਮ ਗਿਆ। ਸੁਪਨੇ ਦਾ ਡਰਾਇਆ, ਸਵੇਰ ਨੂੰ ਉੱਠਦਾ ਹੀ ਬਾਪੂ ਦੇ ਗਲ ਜਾ ਲੱਗਾ।

ਬਾਪੂ ਦੂਜੇ ਦਿਨ ਸਾਝਰੇ ਉਹਨੂੰ ਨਾਲ ਲੈ ਕੇ ਆਪਣੇ ਪਿੰਡ ਦੇ ਨਹਿਰੀ-ਮਹਿਕਮੇ 'ਚ ਲੱਗੇ ਐਕਸੀਅਨ ਦੇ ਜਾ ਪੈਰੀਂ ਪਿਆ। ਇਕ ਪਿੰਡ ਦਾ ਅਤੇ ਇਕ ਆਪਣੇ ਰਿਸ਼ਤੇਦਾਰਾਂ ਦਾ ਮੁੰਡਾ ਅਜੇ ਪਿਛਲੇ ਸਾਲ ਹੀ ਉਹਨੇ ਕਲਰਕ ਭਰਤੀ ਕਰਵਾਏ ਸਨ। ਬਾਪੂ ਆਪਣੇ ਚਿੱਤੋਂ ਆਪਣਾ ਭਾਰ ਐਕਸੀਅਨ 'ਤੇ ਪਾ ਕੇ ਜਿਵੇਂ ਸੁਰਖ਼ੁਰੂ ਹੋ ਗਿਆ। ਹਰਜਾਪ ਨੂੰ ਉਹਦੇ ਲੜ ਲਾ ਆਇਆ ਸੀ।

ਅਜੇ ਚਾਰ ਦਿਨ ਨਹੀਂ ਸੀ ਲੰਘੇ, ਉਹ ਮੁੜ ਬਾਪੂ ਦੇ ਸਿਰ 'ਤੇ ਆ ਖੜ੍ਹਿਆ। "ਬਾਪੂ ਉਹ ਤਾਂ ਚੋਰ ਆ ਇਕ ਨੰਬਰ ਦਾ। ਉਥੇ ਮਾਲਵੇ 'ਚ ਲੋਕਾਂ ਦੀ ਹਜ਼ਾਮਤ ਕਰ-ਕਰ ਕੇ ਮੁਰੱਬੇ ਬਣਾਈ ਬੈਠਾ। ਸਾਡੇ ਵਰਗਿਆਂ ਨੂੰ ਉੱਥੇ ਆਪਣੇ ਖੇਤਾਂ 'ਚ ਕੰਮ ਕਰਨ ਡਾਹ ਦਿੰਦਾ। ਉਹਦੇ ਨੌਕਰ-ਚਾਕਰ ਈ ਨਈਂ ਮਾਨ। ਉਹ ਐਵੇਂ ਸਾਡੇ 'ਤੇ ਅਫ਼ਸਰ ਬਣ ਕੇ ਰੋਹਬ ਝਾੜੀ ਜਾਂਦੈ। ਕਹਿੰਦੇ ਕਈ ਸਾਲ ਉਹ ਇੰਝ ਈ ਕੰਮ ਕਰਵਾਂਦਾ। ਫੇਰ ਵੀ ਉਹਦੇ ਕਿਤੇ ਮਨ-ਸਮੱਤਿਆ ਪੈ ਜਏ ਤਾਂ ਠੀਕ ਆ, ਨਈਂ ਤਾਂ ਓਹੀ ਮੁੜ ਠਣ-ਠਣ ਗੋਪਾਲ।"

ਬਾਪੂ ਨੇ ਮੱਥੇ 'ਤੇ ਹੱਥ ਮਾਰਦਿਆਂ ਹਉਕਾ ਲਿਆ, "ਜਾਹ ਉਏ ਜਾਹ, ਭੱਜ ਜਾ; ਮੇਰੀਆਂ ਅੱਖਾਂ ਸਾਹਮਣਿਉਂ ਦੂਰ ਹੋ ਜਾ।... ਉਹ ਖੇਤਾਂ 'ਚ ਕੰਮ ਕਰਵਾ ਕੇ ਤੇਰਾ ਇਮਤਿਹਾਨ ਲੈਣਾ ਚਾਹੁੰਦਾ ਸੀ।... ਮੈਂ ਦੇਖ ਲਿਆ, ਤੂੰ ਫ਼ੇਲ੍ਹ ਆਂ।" ਬਾਪੂ ਬੁੜ-ਬੁੜ ਕਰਦਾ, ਖਿਝਿਆ-ਖਪਿਆ, ਪਰਨੇ ਨਾਲ਼ ਮੂੰਹ ਪੂੰਝਦਾ ਪਰੇ ਨੂੰ ਤੁਰ ਗਿਆ। ਹਰਜਾਪ ਅੰਦਰ ਕਮਰੇ 'ਚ ਜਾ ਕੇ ਦਰਵਾਜ਼ੇ, ਤਾਕੀਆਂ ਬੰਦ ਕਰਨ ਉਪਰੰਤ ਹਾਰਿਆਂ ਵਾਂਗ ਮੰਜੇ 'ਤੇ ਡਿਗ ਪਿਆ। ਕਿੰਨਾ ਚਿਰ ਪਿਆ ਕੰਧਾਂ ਨੂੰ ਘੂਰਦਾ ਰਿਹਾ ਕਿ ਕਰਾਂ ਤਾਂ ਕੀ ਕਰ ਦਿਆਂ। ਕਿੱਥੇ ਡੁੱਬ ਮਰਾਂ। ਕਈ ਦਿਨ ਉਹ ਗ਼ਮ 'ਚ ਡੁੱਬਿਆ ਅੰਦਰੇ ਵੜਿਆ ਰਿਹਾ।

ਬਾਪੂ ਤੋਂ ਉਹਦੀ ਮਯੂਸੀ ਫਿਰ ਨਾ ਦੇਖੀ ਗਈ। ਸੋਚਿਆ ਕਿ ਮਜ਼ਦੂਰੀ ਇਹਦੇ ਲਈ ਕਰਨੀ ਹੈ ਤਾਂ ਔਖੀ। ਡਿਗਰੀਆਂ ਦੀ ਪੰਡ ਨੇ ਇਹਨੂੰ ਖ਼ੁਸ਼ੀ ਕਰਕੇ ਸਿੱਟ ਤਾ। ਇਹਦੇ ਨਾਲੋਂ ਤਾਂ ਚੰਗਾ ਸੀ, ਇਹਨੂੰ ਦਸਮੀਂ ਤੋਂ ਬਾਅਦ ਖੇਤੀ ਦੇ ਕੰਮ ਨੂੰ ਹਾਲੀ ਕਰ ਲੈਂਦੇ।... ਬਾਪੂ ਨੇ ਮਨ ਜਿਹਾ ਮਾਰ ਕੇ ਇਕ ਵਾਰ ਫੇਰ ਉਹਨੂੰ ਥਾਪੀ ਦੇ ਕੇ ਤੋਰ ਲਿਆ। ਆਪਣੇ ਪਿੰਡ ਦੇ ਜਥੇਦਾਰ ਰਾਹੀਂ ਐਮ.ਐਲ.ਏ. ਸਾਹਿਬ ਕੋਲ ਜਾ ਅਲਖ਼ ਜਗਾਈ। ਜਥੇਦਾਰ ਨੇ ਉਹਨੂੰ ਹਿਦਾਇਤ ਕੀਤੀ ਕਿ ਤੂੰ ਬਿਨਾ ਨਾਗਾ, ਸਾਬ੍ਹ ਦੀ ਕੋਠੀ ਜਾ ਕੇ ਨਿੱਤ ਸਵੇਰੇ ਚੌਂਕੀ ਭਰਨੀਂ ਈ ਭਰਨੀਂ ਆਂ। ਮੈਂ ਫ਼ੋਨ ਕਰਕੇ ਵੀ ਉਹਨਾਂ ਨੂੰ ਦੱਸ ਦਿਆਂਗਾ। ਹਰਜਾਪ ਨੇ 'ਸੱਤ ਬਚਨ' ਕਹਿ ਕੇ ਸਿਰ ਨਿਵਾਇਆ।

ਐਤਕੀਂ ਉਹ ਬਾਪੂ ਤੋਂ ਡਰਦਾ, ਨਾ ਚਾਹੁੰਦਿਆਂ ਹੋਇਆਂ ਵੀ ਸਾਲ ਭਰ ਚੌਕੀਆਂ ਭਰੀ ਗਿਆ ਪਰ ਰਾਜੇ ਦੀ ਘੋੜੀ ਨਾ ਸੂਈ। ਸਾਬ੍ਹ ਦਾ ਪੀ.ਏ. ਉਹਨੂੰ ਸੁਲਾਹਾਂ ਦਿੰਦਾ ਰਹਿੰਦਾ ਕਿ ਭਾਈ ਸਾਬ੍ਹ ਸਰਦਾਰ ਸਾਬ੍ਹ ਕਿੰਨਿਆਂ ਕੁ ਨੂੰ ਨੌਕਰੀਆਂ ਲਵਾ ਦਿਊਗੇ। ਆਪ ਵੀ ਕੋਈ ਹਿੰਮਤ ਮਾਰੀਦੀ ਆ। ਤੂੰ ਐਮ.ਏ., ਬੀ.ਐਡ. ਏਂ। ਹੋਰ ਨਈਂ ਤਾਂ ਆਪਣਾ ਸਕੂਲ ਖੋਲ੍ਹ ਲਾ। ਸਗੋਂ ਹੋਰ ਅੱਠਾਂ-ਦਸਾਂ ਨੂੰ ਨੌਕਰੀ ਮਿਲੂ। ਜਾਂ ਲੋਨ ਲੈ ਕੇ ਕੋਈ ਹੋਰ ਕੰਮ-ਧੰਦਾ ਕਰ ਲਾ। ਉਹ 'ਹਾਂ-ਹੂੰ' ਕਰਦਾ ਸੁਣੀ ਜਾਂਦਾ। ਉਹ ਸਭ ਜਾਣਦਾ ਸੀ ਕਿ ਇੰਝ ਲੋਨ ਲੈ ਕੇ ਕੰਮ ਚਲਾਉਣੇ ਕਿਤੇ ਖ਼ਾਲਾ ਜੀ ਦਾ ਵਾੜਾ। ਮੁਕਾਬਲੇਬਾਜ਼ੀ 'ਚ ਤਕੜਾ ਕਿੱਥੇ ਖੜ੍ਹਨ ਦਿੰਦਾ। ਸੌ ਹੇਠ-ਉੱਤਾ ਕਰਕੇ ਇਹ ਕੰਮ ਚਲਦੇ ਆ। ਉਹ ਆਪਣੇ ਵੱਸ ਦਾ ਰੋਗ ਨਈਂ। ਆਖ਼ਿਰ ਕੋਈ ਚਾਰਾ ਨਾ ਚਲਦਾ ਦੇਖ ਕੇ ਉਹਨੇ ਆਰ-ਪਾਰ ਦਾ ਖੇਲ ਖੇਡਿਆ। ਹਰ ਪਾਸਿਉਂ ਪਰੇਸ਼ਾਨ ਹੋਇਆ ਉਹਦਾ ਮਨ ਕੁਝ ਵੀ ਕਰ ਸਕਦਾ ਸੀ।

ਉਹ ਟਿਕਟਿਕੀ ਲਾ ਕੇ ਬੈਠਾ, ਕੋਠਿਉਂ ਬਾਹਰ ਨਿਕਲਦੇ ਐਮ.ਐਲ.ਏ. ਸਾਹਿਬ ਦਾ ਇੰਤਜ਼ਾਰ ਕਰਨ ਲੱਗਾ। ਬੱਸ, ਫਿਰ ਕੀ ਸੀ। ਜਿਉਂ ਹੀ ਸਾਬ੍ਹ ਦੀ ਗੱਡੀ ਗੇਟ ਟੱਪੀ, ਛਾਲ ਮਾਰੀ; ਗੱਡੀ ਦੇ ਮੋਹਰੇ ਆ ਡਿਗਿਆ। ਉਹ ਤਾਂ ਸ਼ੁਕਰ ਹੋਇਆ, ਡਰਾਈਵਰ ਹੀ ਫੁਰਤੀ ਨਾਲ ਸੰਭਲ ਗਿਆ ਮੌਕਾ; ਨਹੀਂ ਤਾਂ ਅੱਜ ਹਰਜਾਪ ਹੁਣੀਂ ਗਏ ਸੀ ਅਗਲੇ ਜਹਾਨ। ਗੱਡੀ 'ਚ ਬੈਠੇ ਸਾਬ੍ਹ ਨੂੰ ਵੀ ਇਕ ਵਾਰ ਤਾਂ ਤ੍ਰੇਲੀਆਂ ਆ ਗਈਆਂ। ਕਿਤੇ ਸਕਿੰਟ ਲਈ ਵੀ ਡਰਾਈਵਰ ਦਾ ਧਿਆਨ ਇੱਧਰ-ਉਧਰ ਹੋ ਜਾਂਦਾ ਤਾਂ...। ਪਹਿਲਾਂ ਤਾਂ ਸਾਬ੍ਹ ਨੇ ਹਰਜਾਪ ਦੀ ਚੰਗੀ ਝਾੜ-ਝੰਬ ਕੀਤੀ ਕਿ ਤੂੰ ਪੜ੍ਹਿਆ-ਲਿਖਿਆ ਹੋ ਕੇ ਇਹ ਕੀ ਬੇਵਕੂਫ਼ੀ ਕਰਨ ਲੱਗਾ ਸੀ। ਫਿਰ ਉਹਦੇ ਮਨ 'ਚ ਪਤਾ ਨਹੀਂ ਕੀ ਆਈ। ਉਹਨੇ ਹਰਜਾਪ ਨੂੰ ਆਪਣੇ ਨਾਲ ਗੱਡੀ 'ਚ ਬਿਠਾਇਆ। ਗੱਡੀ ਸਿੱਧੀ ਲਿਆ ਕੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਸਕੂਲ ਲਿਆ ਵਾੜੀ। ਉਹ ਸਕੂਲ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਸੀ। ਐਮ.ਐਲ.ਏ. ਸਾਬ੍ਹ ਦੇ ਬੜੇ ਭਾਈ ਸਾਬ੍ਹ, ਕਮੇਟੀ ਦੇ ਪ੍ਰਧਾਨ ਸਨ। ਉਹ ਹਰਜਾਪ ਨੂੰ ਲੈ ਕੇ ਸਿੱਧਾ ਪ੍ਰਧਾਨ ਦੇ ਕਮਰੇ 'ਚ ਜਾ ਵੜਿਆ। ਸਤਿ ਸ੍ਰੀ ਅਕਾਲ ਹੋਈ। ਸਾਬ੍ਹ ਦੀ ਜਥੇਦਾਰ ਸਾਬ੍ਹ ਨਾਲ਼ ਗੁਪਤ ਗਿਟ-ਮਿਟ ਹੋਈ। ਕੁਝ ਸਮੇਂ ਬਾਅਦ ਐਮ.ਐਲ.ਏ. ਸਾਬ੍ਹ ਬਾਹਰ ਆ ਕੇ ਹਰਜਾਪ ਨੂੰ ਕਹਿੰਦੇ- "ਲੈ ਬਈ ਮੁੰਡਿਆ, ਕੰਮ ਤੇਰਾ ਸਮਝ ਲੈ ਹੋ ਗਿਆ। ਨੌਕਰੀ ਪੱਕੀ ਆ। ਬੱਸ ਉਹਨਾਂ ਦੀਆਂ ਦੋ ਕੁ ਮਾਮੂਲੀ ਜਿਹੀਆਂ ਸ਼ਰਤਾਂ ਪੂਰੀਆਂ ਕਰ ਦੇ। ਇਸ ਤੋਂ ਵੱਧ ਮੈਂ ਕੁਛ ਨਈਂ ਕਰ ਸਕਦਾ।" ਇਹ ਕਹਿ ਕੇ ਐਮ.ਐਲ.ਏ. ਸਾਬ੍ਹ ਗੱਡੀ 'ਚ ਬੈਠੇ ਅਤੇ ਚਲੇ ਗਏ।

ਮਾਮੂਲੀ ਗੱਲਾਂ- ਇਕ ਸਕੂਲ ਡਿਸਿਪਲਨ ਅਤੇ ਪੜ੍ਹਾਈ ਸਬੰਧੀ ਹਿਦਾਇਤਾਂ ਸਨ। ਚਲੋ, ਉਹਨਾਂ ਨੂੰ ਮੰਨਣਾ ਤਾਂ ਉਹ

ਮੈਂ ਕਮਲਾ ਹਾਲੇ ਵੀ ਰਸਤਾ ਨਿਹਾਰਾਂ ਉਸ ਦੇ ਉੱਤਰ ਦਾ,
ਕਦੇ ਲਿਖਿਆ ਸੀ ਜੋ ਪੱਤਰ ਮੈਂ ਉਸ ਨੂੰ ਸੁਪਨਿਆਂ ਅੰਦਰ। -ਹਰਬੰਸ ਮਾਛੀਵਾੜਾ

ਆਪਣੀ ਡਿਊਟੀ ਸਮਝਦਾ। ਪਰ ਦੂਸਰੀ ਸ਼ਰਤ ਉਹਦੇ ਗਲੇ ਤੋਂ ਥੱਲੇ ਨਹੀਂ ਸੀ ਉਤਰ ਰਹੀ। ਅਸਲ ਵਿਚ ਮੇਨ ਸ਼ਰਤ ਹੀ ਦੂਸਰੀ ਸੀ। ਅਖੇ ਸਿੰਘ ਸਜੇ ਨੂੰ ਪਹਿਲ ਦਿੰਦੇ ਉਹ। ਇਕ ਟੋਏ ਚੋਂ ਨਿਕਲੇ, ਦੂਜੇ 'ਚ ਜਾ ਡਿਗੇ। ਨੌਕਰੀ ਖਾਤਿਰ ਸਿੰਘ ਸੱਜਣਾ ਉਹਦੀ ਜ਼ਮੀਰ ਨੂੰ ਮਨਜ਼ੂਰ ਨਹੀਂ ਸੀ। ਉਹ ਕਿੰਨਾ ਚਿਰ ਆਪਣੇ-ਆਪ ਨਾਲ ਵਾਰ-ਵਾਰ ਇਹ ਦੁਹਰਾਉਂਦਾ ਬਹਿਸੀ ਗਿਆ- 'ਸਿੰਘ ਸਜੋ, ਜ਼ਮੀਰ ਮਾਰੋ, ਨੌਕਰੀ ਲਉ, ਨਹੀਂ ਤਾਂ ਭੁੱਖ-ਨੰਗ ਨਾਲ ਘੁਲੋ ਜਾਂ ਫ਼ਾਹਾ ਲਉ।' ਹਰਜਾਪ ਕਹੇ ਜੇ ਬਾਪੂ ਨੂੰ ਦੱਸਦੇ ਆਂ ਤਾਂ ਉਹਦੇ ਕੋਲ ਤਾਂ ਘੜਿਆ-ਘੜਾਇਆ ਜੁਵਾਬ ਹੋਣਾ ਕਿ ਜੱਟਾਂ ਦੇ ਪੁੱਤ ਸਰਦਾਰ ਈ ਸੋਂਹਦੇ ਆ। ਨਾਲੇ ਬਹਾਨੇ ਨਾਲ ਸਿੱਖੀ ਨਾਲ ਜੁੜ ਜਾਏਂਗਾ। ਬੰਦੇ ਦਾ ਇਹਦੇ ਨਾਲ ਰੋਬ੍ਹ ਦੁਗਣਾ ਹੋ ਜਾਂਦਾ। ਤੂੰ ਤਾਂ ਸਗੋਂ ਸਿੰਘ ਬਣਨ 'ਚ ਫ਼ਖ਼ਰ ਮਹਿਸੂਸ ਕਰ। ਜੇ ਬਾਪੂ ਨਾਲ ਬਹਿਸਦੇ ਆਂ ਕਿ ਗੁਰੂਆਂ ਨੇ ਤਾਂ ਸੱਚੇ ਮਾਰਗ ਚੱਲਣ ਨੂੰ ਕਿਹਾ। ਏਦਾਂ ਲਾਲਚ ਵੱਸ ਅੰਮ੍ਰਿਤ ਛੱਕਣ ਦੀ ਨਸੀਅਤ ਨਹੀਂ ਦਿੱਤੀ। ਮੇਰੀ ਜ਼ਮੀਰ ਮੈਨੂੰ ਲਾਹਨਤਾਂ ਨਾ ਪਾਊ। ਦੂਜਾ ਉਹਨੂੰ ਪ੍ਰਧਾਨ ਜਥੇਦਾਰ 'ਤੇ ਖਿਝ ਚੜ੍ਹ ਰਹੀ ਸੀ ਜੋ ਬਾਬਿਆਂ ਦੇ ਨਾਂ 'ਤੇ ਸਕੂਲ ਚਲਾਉਂਦਾ ਧੱਕੇ ਨਾਲ ਸਿੰਘ ਸਜਾਉਣ ਦਾ ਧੰਦਾ ਚਲਾ ਰਿਹਾ।

ਹਰਜਾਪ ਨੇ ਡਰਦੇ-ਡਰਦੇ ਨੇ ਬਾਪੂ ਕੋਲ ਸੁਵਾਲ ਅਜੇ ਅੱਧਾ ਕੁ ਹੀ ਪਾਇਆ ਸੀ, "ਬਾਪੂ! ਏਦਾਂ ਕਿਦਾਂ, ਆਪਣੀ ਜ਼ਮੀਰ...?"

ਬਾਪੂ ਤਾਂ ਸੁਣਦਾ ਹੀ ਭੜਕ ਪਿਆ- "ਉਏ ਕੰਜਰਾ! ਤੂੰ ਜ਼ਮੀਰ ਨੂੰ ਫੜ ਕੇ ਬੈਠਾ ਰਹੀਂ। ਲੋਕੀਂ ਜ਼ਮੀਰਾਂ ਮਾਰ-ਮਾਰ ਕੇ ਤਖ਼ਤਾਂ ਦੇ ਝੂਟੇ ਲੈ ਰਹੇ। ਤੇਰੇ ਵਰਗੇ ਬੇਵਕੂਫ਼ ਜ਼ਮੀਰਾਂ ਦੀਆਂ 'ਵਾਜਾਂ ਸੁਣ-ਸੁਣ ਫ਼ਾਹੇ ਲੈ ਰਹੇ।... ਅੱਜ ਫ਼ੈਸਲਾ ਹੋ ਕੇ ਰਹੂ। ਤੂੰ ਦੱਸ, ਆਪਣੀ ਜ਼ਮੀਰ ਮਾਰਨੀ ਕੁ ਨਈਂ; ਨਈਂ ਤਾਂ ਮੈਂ ਅੱਜ ਖ਼ੁਦ ਨੂੰ ਮਾਰ ਲੈਣਾ।" ਬਾਪੂ ਤਾਂ ਗੁੱਸੇ 'ਚ ਰੋਣ-ਹਾਕਾ ਹੋਇਆ ਅੰਦਰੋਂ ਦਾਤ ਕੱਢ ਲਿਆਇਆ। "ਲੈ ਚੱਕ, ਮੇਰੇ ਟੱਕ ਲਾ ਕੇ ਕਰੀ ਜਾਹ ਜੋ ਕਰਨਾ। ਨਹੀਂ ਤਾਂ ਮੈਂ ਅੱਜ ਆਪ ਈ...!"

"ਬਾਪੂ! ਮਿੰਨਤ ਨਾਲ ਤੂੰ ਨਾ ਮਰੀਂ; ਮੈਂ ਆਪਣੀ ਜ਼ਮੀਰ ਮਾਰਨ ਨੂੰ ਤਿਆਰ ਆਂ।" ਹਰਜਾਪ ਬਾਪੂ ਦੇ ਗਲ਼ ਲੱਗ ਕੇ ਧਾਹਾਂ ਮਾਰਨ ਲੱਗ ਪਿਆ।

ਦੂਜੇ ਦਿਨ ਹੀ ਉਹ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ। ਤੀਸਰੇ ਦਿਨ ਉਹਦੇ ਹੱਥ ਵਿਚ ਖ਼ਾਲਸਾ ਸਕੂਲ ਦਾ ਨਿਯੁਕਤੀ ਪੱਤਰ ਸੀ। ਬਾਪੂ ਤੋਂ ਖ਼ੁਸ਼ੀ ਸਾਂਭੀ ਨਈਂ ਸੀ ਜਾ ਰਹੀ, ਪਰ ਹਰਜਾਪ ਗ਼ਮਗੀਨ ਹੋਇਆ ਚੁੱਪ ਸੀ। ਉਹ ਸ਼ਸ਼ੋਪੰਜ ਵਿਚ ਸੀ। ਗਲਤ-ਠੀਕ ਦੇ ਵਿਚਕਾਰ ਝੂਲ ਰਿਹਾ ਸੀ। ਇੰਝ ਸਿੰਘ ਸਜਣਾ ਉਹਨੂੰ ਖ਼ੁਦ ਨੂੰ ਗੁਰੂ ਦਾ ਨਿਰਾਦਰ ਕਰਨਾ ਲੱਗ ਰਿਹਾ ਸੀ। ਜਿਵੇਂ ਉਹ ਸਿੰਘ ਨਈਂ ਸਜਿਆ ਸਗੋਂ ਕਿਸੇ ਜਗੀਰ ਦੇ ਲਾਲਚ 'ਚ ਕਿਸੇ ਔਰੰਗਜ਼ੇਬ ਦੇ ਦਬਾ ਥੱਲੇ ਮੁਸਲਮਾਨ ਬਣ ਗਿਆ ਹੋਵੇ।

ਉਹਨੂੰ ਆਪਣੀਆਂ ਅੱਖਾਂ ਸਾਹਮਣੇ ਬਾਪੂ ਦੇ ਹੱਥ 'ਚ ਫੜਿਆ ਦਾਤ ਦਿਸ ਰਿਹਾ ਸੀ ਵਰਨਾ ਉਹਦਾ ਖ਼ੌਲਦਾ ਖ਼ੂਨ ਪਤਾ ਨਹੀਂ ਕੀ ਕਰ ਬਹਿੰਦਾ!

ਕਹਾਣੀ

# ਵਾਇਰਸ

## ਜਸਵੀਰ ਮੰਗੂਵਾਲ



ਜਸਵੀਰ ਮੰਗੂਵਾਲ

ਜਸਵੀਰ ਮੰਗੂਵਾਲ: ਨੇ ਆਪਣੀਆਂ ਕਹਾਣੀਆਂ ਵਿਚ ਅਜੋਕੇ ਸਮਾਜ ਦਾ ਸੱਚ ਉਲੀਕਿਆ ਹੈ। ਐਸ ਵਕਤ ਉਹ ਕੈਨੇਡਾ ਵਿਚ ਸਿਆਸੀ ਸਰਗਰਮੀਆਂ 'ਚ ਅਗਾਂਹਵਧੂ ਧਿਰ ਦੇ ਨਾਲ ਰਲ ਕੇ ਚਲਦੀ ਹੈ। ਅੰਧ-ਵਿਸ਼ਵਾਸ ਖ਼ਿਲਾਫ਼ ਲੜਣ ਦੇ ਨਾਲ ਨਾਲ ਥੋੜ-ਮਾਰੀ ਲੋਕਾਂ ਦੀ ਮੁਹਰੈਲ ਬਣਨ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ।- ਦਰਸਨ

ਮੈਂ ਗਲੱਵਜ਼ ਲਾਹ ਕੇ ਗਾਰਬੇਜ਼ 'ਚ ਸੁੱਟ, ਚੰਗੀ ਤਰ੍ਹਾਂ ਟੈਪ ਤੋਂ ਸਾਬਣ ਨਾਲ ਹੱਥ ਧੋਤੇ, ਲੰਚ ਕਿੱਟ ਚੁੱਕ, ਕੈਫੇਟੀਰੀਏ ਵੱਲ ਚੱਲ ਪਈ। ਲੰਚ ਰੂਮ ਵਿੱਚ ਪਹੁੰਚੀ ਤਾਂ ਸਾਰੇ ਥੋੜ੍ਹੀ-ਥੋੜੀ ਦੂਰੀ 'ਤੇ ਬੈਠੇ ਸਨ। ਮੈਨੂੰ ਆਉਂਦੀ ਦੇਖ ਜੋਤੀ ਬੋਲੀ, "ਹਾਏ ਦੀਦੀ ਆ ਗਏ।"

"ਜੋਤੀ ਕਿਵੇਂ ਠੀਕ ਆ?" ਕਹਿ ਮੈਂ ਬਾਕੀਆਂ ਨੂੰ ਵੀ ਉੱਚੀ ਦੇਣੀ ਹੈਲੋ ਕੀਤੀ। ਲੰਚ ਕਿੱਟ ਟੇਬਲ ਤੇ ਰੱਖ ਟਿਫ਼ਨ ਕੱਢ ਮੈਂ ਸਾਗ 'ਤੇ ਰੋਟੀ ਮਾਈਕ੍ਰੋਵੇਵ ਵਿੱਚ ਰੱਖ ਗਰਮ ਕਰਨ ਲੱਗ ਪਈ।

"ਦੀਦੀ ਕੀ ਲੈ ਕੇ ਆਏ ਹੋ? ਸਮੈੱਲ ਬਹੁਤ ਵਧੀਆ ਆ ਰਹੀ ਐ" ਜੋਤੀ ਨੇ ਪੁੱਛਿਆ। ਮੈਂ ਸਾਗ ਅਤੇ ਮੱਕੀ ਦੀ ਰੋਟੀ ਉਸ ਦੀ ਪਲੇਟ ਵਿੱਚ ਰੱਖ ਦਿੱਤੀ। ਸੁਰਜੀਤ ਅੰਟੀ ਤੇ ਸਿੱਧੂ ਅੰਟੀ ਨੂੰ ਵੀ ਪੁੱਛਿਆ, ਪਰ ਉਨ੍ਹਾਂ ਨੇ ਲੈਣ ਤੋਂ ਨਾਂਹ ਕਰ ਦਿੱਤੀ। ਸਿੱਧੂ ਅੰਟੀ ਜੋਤੀ ਨੂੰ ਹੱੜਬ ਹੱੜਬ ਕਰਕੇ ਖਾਂਦੀ ਨੂੰ ਦੇਖ ਹੱਸਣ ਲੱਗ ਪਈ। ਉਹ ਘਰੋਂ ਲਿਆਂਦੇ ਸੈਂਡਵਿੱਚ ਤੇ ਨਾਲ ਸਾਗ ਅਤੇ ਮੱਕੀ ਦੀ ਰੋਟੀ ਬੜੇ ਸਵਾਦ ਨਾਲ ਖਾ ਰਹੀ ਸੀ। ਦੇਸੀ ਘਿਉ ਨੇ ਚਾਰੇ ਪਾਸੇ ਮਹਿਕਾਂ ਖਿੰਡਾਈਆਂ ਪਈਆਂ ਸਨ। ਰੋਜ਼ ਯੂ ਟਿਊਬ ਤੋਂ ਨਵੇਂ-ਨਵੇਂ ਖਾਣੇ ਬਣਾਉਣੇ ਸਿੱਖਦੀ, ਬਣਾ ਕੇ ਲਿਆਉਂਦੀ ਅਤੇ ਚਾਂਈ-ਚਾਂਈ ਸਾਰਿਆਂ ਨੂੰ ਪੁੱਛਦੀ, "ਤੁਸੀਂ ਲੈਣਾ? ਤੁਸੀ ਲੈਣਾ?" ਸਾਗ, ਕੜ੍ਹੀ ਤੇ ਮਾਂਹ ਦੀ ਦਾਲ ਉਹਨੂੰ ਮੇਰੇ ਹੱਥ ਦੀ ਪਸੰਦ ਆਉਂਦੀ।

ਅੱਜ ਲੰਚ ਰੂਮ ਵਿੱਚ ਪਹਿਲਾਂ ਵਰਗੀ ਚਹਿਲ-ਪਹਿਲ ਨਹੀਂ ਸੀ। ਇਹ ਉਹੀ ਥਾਂ ਹੈ ਜਿੱਥੇ ਵਿਆਹ ਵਰਗਾ ਮਹੌਲ ਹੁੰਦਾ ਸੀ। ਕੋਈ ਬੇਸਣ, ਕੋਈ ਲੱਡੂ-ਜਲੇਬੀਆਂ, ਕੋਈ ਖੋਏ ਦੀਆਂ ਪਿੰਨੀਆਂ। ਤਰ੍ਹਾਂ ਤਰ੍ਹਾਂ ਦੇ ਆਲੂ, ਗੋਭੀ, ਬਰੌਕਲੀ ਤੇ ਕਈ ਹੋਰ ਚੀਜ਼ਾਂ ਦੇ ਪਰਾਉਂਠੇ ਬਣਾ ਕੇ ਲਿਆਉਂਦੇ ਅਤੇ ਸਾਰੇ ਵੰਡ ਕੇ ਖਾਂਦੇ। ਪੰਜਾਬੀ ਖਾਣੇ ਦੇ ਨਾਲ ਨਾਲ ਅਸੀਂ ਨਲਨੀ ਅੰਟੀ ਕੋਲੋਂ ਗੁਜਰਾਤੀ ਖਾਣਾ ਬਣਾਉਣਾ ਵੀ ਸਿੱਖ ਲਿਆ ਸੀ। ਕੋਈ ਮਨਚੂਰੀਅਨ ਅਤੇ ਕੋਈ ਇਡਲੀ-ਸਾਂਬਰ ਵੜੇ ਬਣਾ ਕੇ ਲਿਆਉਂਦਾ, ਇੱਕ ਦੂਜੇ ਦੇ ਸਮਾਨ ਨਾਲ ਸਾਡੀਆਂ ਪਲੇਟਾਂ ਭਰੀਆਂ ਰਹਿੰਦੀਆਂ। ਗੋਰੀਆਂ ਖਾਣੇ ਦੀ ਸਮੈੱਲ ਦੀ ਤਾਰੀਫ਼ ਕਰਦੀਆਂ। ਜਦੋਂ ਅਸੀਂ ਕਹਿਣਾ ਤੁਸੀਂ ਲੈ ਲਵੋ ਤਾਂ ਕਹਿੰਦੀਆਂ, "ਤੁਹਾਡਾ ਫੂਡ ਸਪਾਇਸੀ ਬਹੁਤ

ਸਬਰ ਸਾਡੇ ਨੂੰ ਅਜ਼ਮਾ ਕੇ ਵੇਖ ਲਵੀਂ।
ਤੂੰ ਵੀ ਅਪਣਾ ਤਾਣ ਲਗਾ ਕੇ ਵੇਖ ਲਵੀਂ। -(ਅਗਲੇ ਸਫ਼ੇ 'ਤੇ)

ਹੁੰਦਾ।'' ਕਈ ਵਾਰੀ ਜੋਤੀ ਬੱਟਰ-ਚਿਕਨ ਤੇ ਰਾਈਸ ਬਣਾ ਕੇ ਲਿਆਉਂਦੀ ਤਾਂ ਘੱਟ ਸਪਾਇਸੀ ਦੇਖ ਖਾ ਵੀ ਲੈਂਦੀਆਂ। ਉਹ ਸਮੋਸੇ ਬਹੁਤ ਪਸੰਦ ਕਰਦੀਆਂ, ਪਰ ਕਈ ਵਾਰੀ ਦੂਜੇ ਦਿਨ ਢਿੱਡ ਫੜ ਫੜ ਸ਼ਿਕਾਇਤ ਵੀ ਕਰਦੀਆਂ। ਉਹ ਲੰਚ ਵਿੱਚ ਸੈਂਡਵਿਚ, ਫਿਸ਼ ਜਾਂ ਚਿਕਨ ਦਾ ਪੀਸ ਤੇ ਸਲਾਦ ਹੀ ਲੈ ਕੇ ਆਉਂਦੀਆਂ। ਸਲਾਦ ਖਾਂਦੀਆਂ ਦੇਖ, ਅਸੀਂ ਹੱਸਦੀਆਂ ਕਿ ਪਤਾ ਨਹੀਂ ਹਰ ਰੋਜ਼ ਘਾਹ-ਫੂਸ ਹੀ ਕਿਵੇਂ ਖਾਈ ਜਾਂਦੀਆਂ ਨੇ। ਗੋਰੀਆਂ ਨੂੰ ਫੂਡ ਲੈਣ ਲਈ ਪੁੱਛਦੀਆਂ ਦੇਖ ਜੋਗਿੰਦਰ ਦੀਦੀ ਅਕਸਰ ਕਹਿੰਦੀ, ''ਵੀਹ ਸਾਲ ਹੋ ਗਏ ਮੈਨੂੰ ਇੱਥੇ ਕੰਮ ਕਰਦੀ ਨੂੰ ਸੁੱਕੀ 'ਹੈਲੋ-ਹਾਏ' ਰੱਖੀਦੀ ਏਹਨਾਂ ਨਾਲ ਤਾਂ। ਐਵੇਂ ਨਾ ਪੁੱਛੀ ਜਾਇਆ ਕਰੋ, ਜੇ ਕਿਸੇ ਨੂੰ ਤੁਹਾਡੇ ਫੂਡ ਤੋਂ ਅਲਰਜ਼ੀ ਹੋ ਗਈ ਤਾਂ ਲੈਣੇ ਦੇ ਦੇਣੇ ਪੈ ਜਾਣਗੇ।'' ਖਾਣਾ ਖਾਂਦਿਆਂ ਅਸੀਂ ਹਾਸਾ-ਠੱਠਾ ਕਰਦੀਆਂ ਵੱਟਸਐਪ 'ਤੇ ਟਿਕ-ਟੋਕ ਦੇ ਵੀਡੀਓ ਸ਼ੇਅਰ ਕਰਦੀਆਂ। ਗੋਰੀਆਂ ਸਾਨੂੰ ਪੰਜਾਬੀ ਬੋਲਦੀਆਂ ਦੇਖ ਇਤਰਾਜ਼ ਕਰਦੀਆਂ। ਉਨ੍ਹਾਂ ਨੂੰ ਲਗਦਾ ਕਿ ਅਸੀਂ ਉਹਨਾਂ ਦਾ ਮਜ਼ਾਕ ਉਡਾਉਂਦੀਆਂ ਹਾਂ। ਉਹ ਸਾਡੀ ਮੈਨੇਜ਼ਰ ਕੋਲ ਸ਼ਿਕਾਇਤ ਕਰਦੀਆਂ।

''ਵਰਕ ਪਲੇਸ 'ਤੇ ਅੰਗਰੇਜ਼ੀ ਹੀ ਬੋਲਣੀ ਹੈ। ਪੰਜਾਬੀ ਬੋਲਣੀ ਅਲਾਊਡ ਨਹੀਂ ਹੈ'' ਦੀਦੀ ਸਾਨੂੰ ਮਿੱਠਾ ਜਿਹਾ ਝਿੜਕਦੇ। ਅਸੀਂ ਥੋੜ੍ਹਾ ਚਿਰ ਅਮਲ ਕਰਦੀਆਂ, ਫਿਰ ਪੰਜਾਬੀ ਬੋਲਣ ਲੱਗ ਪੈਂਦੀਆਂ। ਕਈ ਵਾਰੀ ਤਾਂ ਅਸੀਂ ਟਿੱਕ-ਟੋਕ 'ਤੇ ਸ਼ਿਲਪਾ ਸ਼ੈਟੀ ਦੇ ਵੀਡੀਓ ਦਿਖਾ, ਦੀਦੀ ਨੂੰ ਵੀ ਨਾਲ ਰਲਾ ਲੈਂਦੀਆਂ। ਪਰ ਜਦ ਉਸਨੂੰ ਯਾਦ ਆਉਂਦਾ ਤਾਂ ਉਹ ਸਖ਼ਤੀ ਨਾਲ ਸਾਨੂੰ ਰੋਕਦੀ।

ਇਸ ਕੇਅਰ-ਹੋਮ ਵਿੱਚ ਇੱਕ ਪਾਕਿਸਤਾਨੀ, ਇੱਕ ਗੁਜਰਾਤੀ ਅਤੇ ਕੁਝ ਗੋਰੀਆਂ ਤੋਂ ਬਿਨ੍ਹਾਂ ਬਾਕੀ ਸਾਰਾ ਸਟਾਫ਼ ਪੰਜਾਬੀ ਸੀ। ਗੋਰੀਆਂ ਇਸ ਟਾਊਨ ਦੀਆਂ ਰਹਿਣ ਵਾਲੀਆਂ ਸਨ। ਬਾਕੀ ਡਾਕਟਰ, ਨਰਸਾਂ, ਮੈਨੇਜਰ, ਹੈਲਥ-ਕੇਅਰ ਵਰਕਰ, ਲਾਂਡਰੀ, ਹਾਊਸ-ਕੀਪਿੰਗ ਸਾਰਾ ਸਟਾਫ ਬਾਹਰੋਂ ਆਉਂਦਾ ਸੀ। ਇਹ ਇੱਕ ਪ੍ਰਾਈਵੇਟ ਕੇਅਰ-ਹੋਮ ਹੋਣ ਕਰਕੇ ਮਹਿੰਗਾ ਸੀ, ਇੱਥੇ ਰਹਿਣ ਲਈ ਵੀ ਵੱਡੀਆਂ ਵੱਡੀਆਂ ਜੌਬਾਂ ਤੋਂ ਰਿਟਾਇਡ ਜਾਂ ਵੱਡੇ ਵੱਡੇ ਫ਼ਾਰਮਰ ਹੀ ਆਉਂਦੇ ਸਨ।

ਅੱਜਕਲ੍ਹ ਕੇਅਰ-ਹੋਮ ਵਿੱਚ ਅਜੀਬ ਤਰ੍ਹਾਂ ਦੀ ਦਹਿਸ਼ਤ ਪਸਰੀ ਪਈ ਸੀ। 'ਕਰੋਨਾ ਵਾਇਰਸ!'- ਚੀਨ ਤੋਂ ਹੁੰਦਾ ਹੋਇਆ ਇਟਲੀ, ਫਰਾਂਸ, ਇੰਗਲੈਂਡ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਬਹੁਤ ਤੇਜ਼ੀ ਨਾਲ ਫੈਲ ਰਿਹਾ ਸੀ। ਕੈਨੇਡਾ ਵਿੱਚ ਵੀ ਜਿਹੜੇ ਪ੍ਰੋਵਿੰਨਸਿਜ਼ ਵਿੱਚ ਇੰਟਰਨੈਸ਼ਨਲ ਫਲਾਈਟਸ ਆਉਂਦੀਆਂ ,ਸਨ ਉੱਥੇ ਬਹੁਤ ਤੇਜ਼ੀ ਨਾਲ ਕੇਸ ਵੱਧ ਰਹੇ ਸਨ। ਜਿਵੇਂ ਵੈਨਕੂਵਰ, ਟਰੋਂਟੋ, ਮੌਂਟਰੀਅਲ, ਕੈਲਗਿਰੀ ਆਦਿ। ਸਾਡੇ ਇੱਥੇ ਜਿੰਨੇ ਕੇਸ ਸਨ ਸਾਰੇ ਟ੍ਰੈਵਲ ਹਿਸਟਰੀ ਵਾਲੇ ਹੀ ਸਨ। ਲੰਚ ਬ੍ਰੇਕ ਖ਼ਤਮ ਹੋ ਚੁੱਕੀ ਸੀ ਸਾਰੇ ਆਪਣੇ-ਆਪਣੇ ਕੰਮ ਤੇ ਜਾ ਚੁੱਕੇ ਸਨ। ਕੰਮ ਖ਼ਤਮ ਕਰ, ਮੈਂ ਗਲੱਵ ਗਾਰਬੇਜ਼ ਵਿੱਚ ਸੁੱਟ ਟੈਪ ਤੇ ਚੰਗੀ ਤਰ੍ਹਾਂ ਸੋਪ ਨਾਲ ਹੱਥ ਧੋਤੇ, ਚੇਜ਼ ਰੂਮ ਵਿੱਚ ਕੱਪੜੇ ਬਦਲੇ, ਲੰਚ ਕਿੱਟ ਚੁੱਕ, ਬਾਹਰ ਵੱਲ ਜਾਂਦਿਆਂ ਹੱਥਾਂ ਤੇ ਸੈਨੇਟਾਇਜ਼ਰ ਲਾਇਆ ਅਤੇ ਬਾਹਰ ਨਿਕਲ ਗਈ।

ਬਾਹਰ ਸਨੋਅ ਪੈ ਰਹੀ ਸੀ। ਜਦੋਂ ਨਵੀਂ-ਨਵੀਂ ਕਨੇਡਾ ਆਈ ਸੀ ਤਾਂ ਮੈਂ ਬੜੇ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਸੀ ਇੱਥੇ ਤਿੰਨ ਡਬਲਜ਼ੂ 'ਵਰਕ, ਵੈਦਰ ਤੇ ਵਾਈਫ਼' ਦਾ ਪਤਾ ਨਹੀਂ ਕਦੋਂ ਖ਼ਰਾਬ ਹੋ ਜਾਣ। ਮੈਨੂੰ ਇਹ ਗੱਲ ਚੰਗੀ ਨਾ ਲਗਦੀ। ਮੈਂ ਭੱਜਕੇ ਆਪਣੀ ਕਾਰ ਵਿੱਚ ਬੈਠ ਗਈ। ਲੰਚ ਕਿੱਟ 'ਚੋਂ ਕੱਢ ਫ਼ੋਨ ਚੈੱਕ ਕੀਤਾ। ਸਰੀ ਤੋਂ ਦੀਪੀ ਦੀਆਂ ਕਈ ਮਿਸ ਕਾਲਾਂ ਸਨ। ਘਰ ਤੋਂ ਵੀ ਕਈ ਕਾਲਾਂ ਆ ਚੁੱਕੀਆਂ ਸਨ। ਰੋਜ਼ ਵਾਂਗ ਪਹਿਲਾਂ ਮੈਂ ਬੱਚਿਆਂ ਨੂੰ ਫ਼ੋਨ ਕੀਤਾ ਤਾਂ ਰਵਨੀਤ ਨੇ ਫ਼ੋਨ ਚੁੱਕਿਆ। ਅਜੇ ਗੱਲ ਕਰਨ ਲੱਗੀ ਹੀ ਸੀ ਕਿ ਅਰਮਾਨ ਨੇ ਫ਼ੋਨ ਖੋਹ ਲਿਆ ਕਿ ਪਹਿਲਾਂ ਮੈਂ ਗੱਲ ਕਰਨੀ।

ਪਰਦੀਪ ਪਿੱਛੇ ਬੋਲ ਰਹੇ ਸੀ ਕਿ ਲੜੋ ਨਾ ਵਾਰੀ-ਵਾਰੀ ਗੱਲ ਕਰ ਲਵੋ। ਮੰਮਾ ਘਰ ਹੀ ਆ ਰਹੇ ਹਨ। ਘਰ ਆਣ 'ਤੇ ਗੱਲ ਕਰ ਲੈਣਾ। ਦੋਵਾਂ ਨੇ ''ਲਵ ਜੂ, ਲਵ ਜੂ ਮੰਮਾ'' ਕਹਿ ਫ਼ੋਨ ਕੱਟ ਦਿੱਤਾ। ਕਾਰ ਗਰਮ ਹੋ ਚੁੱਕੀ ਸੀ। ਮੈਂ ਦੀਪੀ ਨੂੰ ਕਾਲ ਲਾ, ਕਾਰ ਤੋਰ ਲਈ।

''ਦੀਦੀ ਹੋ ਗਈ ਛੁੱਟੀ? ਬੱਚੇ ਕਿੱਦਾਂ, ਭਾਜੀ ਕਿੱਦਾਂ, ਤੁਹਾਡੀ ਸੇਹਤ ਕਿੱਦਾਂ?'' ਇੱਕੋ ਸਾਹ ਕਿੰਨੇ ਸਵਾਲ ਦਾਗ਼ ਦਿੱਤੇ।

ਉਸ ਨੂੰ ਮੇਰੀ ਛੁੱਟੀ ਦਾ ਟਾਈਮ ਪਤਾ ਹੋਣ ਕਰਕੇ, ਇਸ ਸਮੇਂ ਰੋਜ਼ ਫੋਨ ਕਰਦੀ। ਉਸ ਨਾਲ ਗੱਲ ਕਰਦਿਆਂ ਮੇਰਾ ਸਫ਼ਰ ਵੀ ਕੱਟ ਜਾਂਦਾ। ਉਹ ਆਲੇ-ਦੁਆਲੇ ਅਤੇ ਸਾਰੀਆਂ ਰਿਸ਼ਤੇਦਾਰੀਆਂ ਦੀਆਂ ਖਬਰਾਂ ਦੇ ਦਿੰਦੀ।

''ਦੀਦੀ ਤੁਹਾਨੂੰ ਪਤਾ ਕਰੋਨਾ ਵਾਇਰਸ ਕਰਕੇ ਕਿੰਨੀਆਂ ਮੌਤਾਂ ਹੋਈਆਂ?''

''ਹਾਂ ਮੈਨੂੰ ਪਤਾ, ਮੈਂ ਸੀ.ਬੀ.ਸੀ ਤੇ ਬੀ.ਬੀ.ਸੀ. 'ਤੇ ਰੋਜ਼ ਖ਼ਬਰਾਂ ਦੇਖਦੀ ਹਾਂ।'' ਉਹ ਪੁੱਛਣਾ ਚਾਹੁੰਦੀ ਸੀ ਕਿ ਮੈਂ ਉਸ ਵੱਲੋਂ ਭੇਜੀਆਂ ਸਾਰੀਆਂ ਵੀਡੀਓ ਦੇਖੀਆਂ?

''ਹਾਂ ਸੱਚ ਦੀਦੀ ਸਾਡੇ ਇੱਥੇ ਤਾਂ ਪੰਜਾਬੀ ਸਟੋਰਾਂ ਤੋਂ ਗਰੌਸਰੀ ਹੀ ਖ਼ਤਮ ਹੋ ਗਈ ਹੈ। ਲੋਕਾਂ ਨੇ ਆਟੇ ਦੇ ਕਿੰਨੇ-ਕਿੰਨੇ ਬੈਗ ਇਕੱਠੇ ਕਰ ਲਏ। ਗੱਲ ਕੀ ਆਟਾ, ਚੌਲ, ਬੇਸਣ, ਮੈਦਾ, ਖੰਡ ਹਰ ਚੀਜ਼ ਜਮ੍ਹਾਂ ਕਰ ਲਈ। ਕਈ ਮਹੀਨਿਆਂ ਦਾ ਰਾਸ਼ਨ ਇਕੱਠਾ ਕਰ ਲਿਆ। ਕਹਿੰਦੇ ਜੇ ਚੀਨ ਵਾਂਗ ਬੰਦ ਹੋ ਗਿਆ ਤਾਂ ਫੇਰ ਕੀ ਕਰਾਂਗੇ। ਸਰੀ, ਟਰੋਂਟੋ, ਕੈਲਗਿਰੀ- ਲੋਕਾਂ ਦੀਆਂ ਬਹੁਤ ਲੰਬੀਆਂ-ਲੰਬੀਆਂ ਲਾਈਨਾਂ ਸਟੋਰਾਂ 'ਤੇ ਲੱਗੀਆਂ ਹੋਈਆਂ। ਲੋਕੀਂ ਆਪਸ ਵਿੱਚ ਲੜ ਪਏ। ਕਈ ਪੰਜਾਬੀ ਸਟੋਰਾਂ ਵਾਲਿਆਂ ਨੇ ਤਾਂ ਕੀਮਤਾਂ ਹੀ ਵਧਾ ਦਿੱਤੀਆਂ। ਕਈ ਲੋਕ ਵੀਡੀਓ ਬਣਾ ਕੇ ਪਾ ਰਹੇ ਹਨ ਕਿ ਜਿਨ੍ਹਾਂ ਲੋਕਾਂ ਔਖੇ ਸਮੇਂ ਕੀਮਤਾਂ ਵਧਾਈਆਂ ਉਨ੍ਹਾਂ ਨੂੰ ਜ਼ੁਰਮਾਨਾ ਹੋਵੇਗਾ। ਪਰ ਪਤਾ ਨੀ ਦੀਦੀ ਲੋਕੀਂ ਤਾਂ ਕਮਲੇ ਹੋਏ ਪਏ ਨੇ। ਉੱਧਰ ਗੋਰਿਆਂ ਨੇ ਵੀ ਦੇਖੋ-ਦੇਖੀ ਆਂਡੇ ਬਰੈਡ ਤੇ ਟੋਆਲਿਟ ਪੇਪਰਾਂ ਦੀਆਂ ਬੱਗੀਆਂ ਭਰ ਲਈਆਂ। ਸਾਡੇ ਤਾਂ ਸਾਰੇ ਸਟੋਰਾਂ 'ਤੇ ਸੈਨੇਟਾਇਜ਼ਰ ਖ਼ਤਮ ਹੋ ਗਿਆ। ਹੁਣ ਤਾਂ ਕਾਸਕੋ ਵਾਲੇ ਵੀ ਪਰ ਫੈਮਲੀ ਦੋ ਦੋ ਟੋਆਲਿਟ ਪੇਪਰ ਅਤੇ ਪੇਪਰ ਟਾਵਲ ਦਿੰਦੇ ਹਨ'' ਉਹ ਸਾਰਾ ਕੁੱਝ ਇੱਕੋ ਸਾਹੇ ਕਹਿ ਗਈ।

ਬਾਹਰ ਪੁਲਿਸ ਦੀ ਕਾਰ ਲੰਘ ਕੇ ਗਈ ਤਾਂ ਮੈਂ ਆਪਣੀ ਸਪੀਡ ਦੇਖਣ ਲੱਗ ਪਈ। ਸਪੀਡ ਠੀਕ ਸੀ।

''ਪੁਲਿਸ ਦੀ ਕਾਰ ਨੇ ਪਾਸ ਕੀਤਾ। ਡਰ ਜਾਈਦਾ, ਕਿਤੇ ਟਿਕਟ ਈ ਨਾ ਮਿਲ ਜਾਵੇ, ਸਾਰੇ ਦਿਨ ਦੀ ਦਿਹਾੜੀ ਲੱਗੀ ਖੂਹ 'ਚ ਪੈ ਜਾਂਦੀ ਹੈ। ਟਿਕਟ ਦੇਣ ਜਾਣਾ ਪੈਂਦਾ, ਡਾਲਰ ਵੀ ਜਾਂਦੇ ਅਤੇ

ਤੇਰੇ ਘਰ ਦਾ ਸ਼ੀਸਾ ਵੀ ਫਿਰ ਟੁੱਟੇਗਾ,
ਹੋਰਾਂ 'ਤੇ ਪੱਥਰ ਬਰਸਾ ਕੇ ਵੇਖ ਲਵੀਂ। -ਕੁਲਜੀਤ ਕੌਰ ਮੰਡ

ਪੁਆਂਇਟ ਕੱਟੇ ਜਾਣ ਦਾ ਡਰ ਵੱਖਰਾ ਰਹਿੰਦਾ।"

"ਗੱਲ ਤਾਂ ਤੁਸੀ ਬਲ਼ੂ-ਟੂੱਥ ਨਾਲ ਹੀ ਕਰਦੇ ਹੋਵੇਗੇ?"

"ਖਿਆਲ ਰੱਖਿਆ ਕਰੋ ਦੀਦੀ ਕਮਾਈਆਂ ਕਰਨੀਆਂ ਕਿਹੜਾ ਸੌਖੀਆਂ ਨੇ।"

"ਹਾਂ ਭੈਣੇ ਸਵੇਰੇ ਪੰਜ ਵਜੇ ਉੱਠਦੀ ਹਾਂ, ਬੱਚਿਆਂ ਨੂੰ ਸੁੱਤਿਆਂ ਛੱਡ, ਛੇ ਵਜੇ ਇੱਥੇ ਪਹੁੰਚ ਜਾਂਦੀ ਹਾਂ। ਮੈਂ ਘਰ ਵੜਦੀ ਹਾਂ, ਪਰਦੀਪ ਘਰੋਂ ਤੁਰ ਪੈਂਦੈ। ਹੁਣ ਕਰੋਨਾ ਕਰਕੇ ਕਿੰਨਾ ਡਰ ਬਣਿਆ ਹੋਇਆ ਹੈ।" ਮੈਂ ਫ਼ਿਕਰਮੰਦੀ ਨਾਲ ਕਿਹਾ।

"ਹਾਂ ਦੀਦੀ ਇਹ ਚੀਨੇ ਮਰ ਜਾਣ ਆਪ ਤਾਂ ਗੰਦ ਮੰਦ ਖਾਈ ਜਾਂਦੇ ਨੇ, ਪੂਰੀ ਦੁਨੀਆਂ ਨੂੰ ਵਖ਼ਤ ਪਾਇਆ ਹੋਇਐ।"

"ਏਦਾਂ ਨਹੀਂ ਕਹੀਦਾ, ਹਰ ਦੇਸ਼ ਦਾ ਆਪਣਾ ਫੂਡ ਹੁੰਦਾ। ਜ਼ਰੂਰੀ ਤਾਂ ਨਹੀਂ ਉਨ੍ਹਾਂ ਨੂੰ ਸਾਡਾ ਫੂਡ ਪਸੰਦ ਆਵੇ" ਮੈਂ ਉਸ ਨੂੰ ਟੋਕਦਿਆਂ ਕਿਹਾ।

"ਤੁਹਾਨੂੰ ਨਹੀਂ ਪਤਾ ਦੀਦੀ, ਇਹ ਜਿਉਂਦੇ ਜਾਨਵਰ ਹੀ ਖਾਈ ਜਾਂਦੇ ਨੇ। ਕੀੜੇ, ਮਕੌੜੇ, ਸੱਪ, ਡੱਡੂ, ਕੁੱਤੇ-ਬਿੱਲੇ ਪਤਾ ਨਹੀਂ, ਕੀ ਕੀ ਖਾਈ ਜਾਂਦੇ। ਤੁਸੀਂ ਸੁਪਰ ਸਟੋਰ ਨੀ ਦੇਖਿਆ ਕਿਵੇਂ ਸ਼ੀਸ਼ੇ 'ਚ ਜਿਉਂਦੇ ਜੀਵ ਪਏ ਹੁੰਦੇ ਨੇ। ਉਹ ਸਾਰੇ ਇਹ ਹੀ ਖਾਂਦੇ ਹਨ ਤਾਂ ਹੀ ਤਾਂ ਇਹ ਬਿਮਾਰੀ ਫੈਲੀ ਹੈ।" ਉਸ ਨੇ ਯਕੀਨ ਨਾਲ ਜ਼ੋਰ ਦੇ ਕੇ ਕਿਹਾ। ਮੈਂ ਗੱਲ ਨੂੰ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਚੀਨਿਆਂ ਪ੍ਰਤੀ ਗੁੱਸੇ ਨਾਲ ਭਰੀ ਪੀਤੀ ਪਈ ਸੀ।

"ਹਰ ਸਾਲ ਹੀ ਕੋਈ ਨਾ ਕੋਈ ਵਾਇਰਸ ਆਉਂਦਾ। ਪਿਛਲੇ ਸਾਲ 'ਇਬੋਲਾ' ਸੀ। ਕਦੇ ਸਵਾਇਨ ਫਲੂ, ਕਦੇ ਸਾਰਸ ਅਤੇ ਕਦੇ ਸਪੇਨਿਸ਼ ਫਲੂ।" ਮੈਂ ਫੇਰ ਗੱਲ ਹੋਰ ਪਾਸੇ ਪਾ ਦਿੱਤੀ, "ਚੱਲ ਛੱਡ ਤੂੰ ਦੱਸ ਮੰਮੀ-ਡੈਡੀ ਠੀਕ ਨੇ? ਤੁਹਾਡੇ ਬਹੁਤ ਕੇਸ ਆ ਰਹੇ ਨੇ। ਬਹੁਤ ਮੌਤਾਂ ਹੋ ਰਹੀਆਂ। ਸਾਰੇ ਖਿਆਲ ਰੱਖਿਆ ਕਰੋ, ਖਾਸ ਕਰਕੇ ਮੰਮੀ-ਡੈਡੀ ਨੂੰ ਜ਼ਿਆਦਾ ਖ਼ਤਰਾ ਹੈ।"

"ਸਾਰੇ ਠੀਕ ਨੇ ਦੀਦੀ ਸਾਡੀ ਕਿੱਥੇ ਸੁਣਦੇ ਆਪਣੀ ਮਰਜ਼ੀ ਕਰਦੇ ਨੇ।"

"ਚੱਲ ਮੈਂ ਵੀ ਫ਼ੋਨ ਕਰਾਂਗੀ ਉਨ੍ਹਾਂ ਨੂੰ ਕਿ ਉਹ ਬਾਹਰ ਨਾ ਜਾਣ ਸ਼ਾਇਦ ਮੇਰੀ ਮੰਨ ਲੈਣ।"

"ਮੰਮੀ ਕਹਿੰਦੀ ਸੀ ਕਿ ਆਪਣੀ ਦੀਦੀ ਨੂੰ ਕਹੀਂ ਉਹ ਵੀ ਗਰੌਸਰੀ ਕਰ ਲਵੇ, ਪਤਾ ਨਹੀਂ ਕਿੰਨਾ ਚਿਰ ਇੱਦਾਂ ਰਹੇ।"

"ਕੋਈ ਨਾ ਕਰ ਲਵਾਂਗੀ।"

"ਦੀਦੀ ਸੁਣਿਆ ਚੀਨ ਜਿੰਨ੍ਹਾਂ ਲੋਕਾਂ ਨੂੰ ਕਰੋਨਾ ਹੁੰਦਾ ਗੌਰਮਿੰਟ ਉਨ੍ਹਾਂ ਨੂੰ ਮਾਰੀ ਜਾਂਦੀ ਆ। ਗੱਲ ਬਾਹਰ ਨੀ ਆਉਣ ਦਿੰਦੇ।" ਉਸ ਦੀ ਸੂਈ ਮੁੜ ਚੀਨ ਤੇ ਚਲੀ ਗਈ।

"ਤੂੰ ਡਬਲਯੂ.ਟੀ.ਓ. 'ਚ ਲੱਗੀ ਏਂ, ਜਿਹੜੀ ਅੰਦਰ ਦੀਆਂ ਖਬਰਾਂ ਰੱਖਦੀ ਏਂ। ਐਵੇਂ ਨਾ ਵੱਟਸਅੱਪ ਤੇ ਆਈਆਂ ਵੀਡੀਓ ਦੇਖਕੇ ਦਿਮਾਗ ਖ਼ਰਾਬ ਕਰਿਆ ਕਰ। ਬਾਕੀ ਹਰ ਗੌਰਮਿੰਟ ਦੀਆਂ ਕੁਝ ਪੌਲਸੀਆਂ ਹੁੰਦੀਆਂ। ਸਾਡੇ ਦੇਸ਼ ਵਿੱਚ ਘੱਟ-ਗਿਣਤੀਆਂ ਨਾਲ ਕੀ ਹੁੰਦਾ, ਆਉਂਦਾ ਬਾਹਰ ਕਿਤੇ? ਮੀਡੀਆ ਦਬਾ ਦਿੰਦਾ। ਤੈਨੂੰ ਪਤਾ ਚੀਨ ਨੇ ਕੁਝ ਦਿਨਾਂ 'ਚ ਹੀ ਬਹਤ ਵੱਡਾ ਹਸਪਤਾਲ ਬਣਾ ਦਿੱਤਾ। ਭਾਰਤ ਤਾਂ ਬੱਸ ਥਾਲੀਆਂ, ਤਾਲੀਆਂ ਵਜਾਉਣ ਜੋਗਾ ਹੀ ਹੈ। ਏਨੀ ਛੇਤੀ ਅਮਰੀਕਾ ਕਨੇਡਾ ਵੀ ਨਹੀਂ ਬਣਾ ਸਕਦੇ।"

ਮੈਨੂੰ ਘਰੋਂ ਕਾਲ ਆਉਣ ਲੱਗੀ। ਮੈਂ ਦੀਪੀ ਨੂੰ ਅਗਲੇ ਦਿਨ ਫ਼ੋਨ ਕਰਨ ਦਾ ਆਖ ਫ਼ੋਨ ਘਰੋਂ ਆ ਰਹੀ ਕਾਲ ਅਟੈਂਡ ਕੀਤੀ।

ਘਰ ਪਹੁੰਚ ਮੈਂ ਕਿਚਨ ਵਿੱਚ ਲੰਚ ਕਿੱਟ ਰੱਖ, ਉੱਥੇ ਹੀ ਸਾਬਣ ਨਾਲ ਹੱਥ ਧੋਤੇ ਅੰਦਰੋਂ ਧੋਤੇ ਕੱਪੜੇ ਲੈ, ਨਹਾਉਣ ਲਈ ਜਾਣ ਲੱਗੀ ਤਾਂ ਰਵਰੀਤ ਅਤੇ ਅਰਮਾਨ ਰੋਜ਼ ਵਾਂਗ ਮੇਰੇ ਕੋਲ ਭੱਜੇ ਆਏ। ਮੈਂ ਖਿੱਝ ਕੇ ਕਿਹਾ, "ਪਰ੍ਹੇ ਰਹੋ ਮੈਂ ਨਹਾ ਕੇ ਆਉਂਦੀ ਹਾਂ।" ਪਰਦੀਪ ਮੇਰੇ ਘਰ ਪਹੁੰਚਦਿਆਂ ਹੀ ਚਲਾ ਗਿਆ। ਮੈਂ ਨਹਾ ਕੇ ਬਾਹਰ ਆਈ ਤਾਂ ਦੋਵੇਂ ਬੱਚੇ ਕਾਰਡ ਲੈ ਕੇ ਮੇਰੇ ਵੱਲ ਭੱਜੇ ਆਏ, "ਇਟਸ ਫਾਰ ਯੂ ਮੰਮਾ।" ਮੈਂ ਕਾਰਡ ਫੜ ਦੋਹਾਂ ਨੂੰ ਪਿਆਰ ਕੀਤਾ। ਨਵਰੀਤ ਰੋਜ਼ ਮੇਰੇ ਲਈ ਕਾਰਡ ਅਤੇ ਅਰਮਾਨ ਡਰਾਇੰਗ ਬਣਾਉਂਦਾ। ਆਉਂਦਿਆ ਹੀ ਮੈਨੂੰ ਕਾਰਡ ਦੇਣ ਲਈ ਲੜਦੇ। ਮੈਂ ਚਾਹ ਰੱਖ ਉਨ੍ਹਾਂ ਨੂੰ ਖਾਣ ਲਈ ਸਨੈਕ ਦਿੱਤੇ। ਚਾਹ ਪੀਂਦੀ ਮੈਂ ਫ਼ੋਨ 'ਚੋਂ ਛੋਟੀ ਵਲੋਂ ਭੇਜੀਆਂ ਵੀਡਿਓ ਦੇਖਣ ਲੱਗੀ। ਵੈਨਕੂਵਰ, ਟਰੋਂਟੋ, ਕੈਲਗਿਰੀ ਲੋਕ ਗਰੌਸਰੀ ਪਿੱਛੇ ਕਿਵੇਂ ਲੜ ਰਹੇ ਸਨ। ਸਾਰਿਆਂ ਨੂੰ ਆਪੋ-ਧਾਪੀ ਪਈ ਹੋਈ ਸੀ। ਕੀ ਇਹ ਬਾਬੇ ਨਾਨਕ ਦੇ ਸਿੱਖ ਨੇ? ਸਟੋਰਾਂ ਵਾਲਿਆਂ ਦੀ ਮਾਨਸਿਕਤਾ ਬਾਰੇ ਸੋਚਦਿਆਂ ਵੀ ਦੁੱਖ ਹੋਣ ਲੱਗਾ।

ਮੇਰਾ ਖਿਆਲ ਮਨਜੀਤ ਵੱਲ ਚਲਾ ਗਿਆ। ਉਹ ਪਿਛਲੇ ਕਈ ਦਿਨਾਂ ਤੋਂ ਕੰਮ 'ਤੇ ਨਹੀਂ ਸੀ ਆਈ। ਉਸ ਨੇ ਸਿੱਕ-ਲੀਵ ਲਈ ਹੋਈ ਸੀ। ਫ਼ੋਨ ਚੁੱਕਦਿਆਂ ਹੀ ਉਸਦੀ ਢਿੱਲੀ ਜਿਹੀ ਅਵਾਜ਼ ਵਿੱਚ 'ਹੈਲੋ' ਸੁਣਾਈ ਦਿੱਤੀ।

"ਕੀ ਹੋਇਆ ਕੰਮ ਤੇ ਕਿਉਂ ਨਹੀਂ ਆਉਂਦੀ?"

"ਕੀ ਦੱਸਾਂ ਭੈਣੇ, ਚੌਥੇ ਜਦੋਂ ਕੰਮ ਤੋਂ ਆਈ ਤਾਂ ਮੈਨੂੰ ਲੱਗਿਆ, ਜਿਵੇਂ ਮੈਨੂੰ ਬੁਖ਼ਾਰ ਹੋਵੇ। ਗਲ਼ਾ ਵੀ ਖ਼ਰਾਬ ਸੀ, ਸਿਰ ਵੀ ਭਾਰਾ-ਭਾਰਾ ਸੀ। ਮੈਂ ਆਉਂਦੀ-ਆਉਂਦੀ ਵਾਕ ਇਨ ਕਲੀਨਿਕ 'ਤੇ ਚਲੀ ਗਈ। ਮਸਾਂ ਵਾਰੀ ਆਈ। ਡਾਕਟਰ ਨੇ ਚੱਜ ਨਾਲ ਚੈੱਕ ਵੀ ਨਹੀਂ ਕੀਤਾ, ਕਹਿੰਦਾ ਆਮ ਫਲੂ ਹੈ, ਚਾਰ-ਚਾਰ ਘੰਟੇ ਬਾਅਦ ਟੈਲੀਨੋਲ ਐਕਸਟਰਾ ਲੈ ਲੈਣੀ, ਠੀਕ ਹੋ ਜਾਵੋਗੇ। ਜੇ ਘਰ ਹੈਗੀ ਤਾਂ ਠੀਕ ਹੈ ਨਹੀ ਤਾਂ 'ਓਵਰ ਦਾ ਕਾਉਂਟਰ' ਮਿਲ ਜਾਂਦੀ ਹੈ। ਮੇਰੀ ਤਸੱਲੀ ਨਾ ਹੋਈ ਤਾਂ ਪੁੱਛ ਹੀ ਲਿਆ, 'ਡਾਕਟਰ ਸਾਬ ਕਿਤੇ ਮੈਨੂੰ ਕਰੋਨਾ ਤਾਂ ਨਹੀਂ ਹੋ ਗਿਆ?' ਉਹ ਹੱਸ ਕੇ ਕਹਿੰਦਾ, 'ਤੁਸੀਂ ਬਾਹਰ ਗਏ ਸੀ ਜਾਂ ਤੁਹਾਡੇ ਘਰ ਕੋਈ ਬਾਹਰੋਂ ਆਇਆ ਸੀ?' ਮੇਰੇ ਨਾਂਹ ਕਹਿਣ 'ਤੇ ਬੋਲਿਆ, 'ਫਿਰ ਫ਼ਿਕਰ ਦੀ ਕੋਈ ਗੱਲ ਨਹੀਂ ਠੀਕ ਹੋ ਜਾਵੋਗੇ।' ਮੇਰੀ ਤਸੱਲੀ ਜਿਹੀ ਨਾ ਹੋਈ। ਆਉਂਦੀ-ਆਉਂਦੀ ਅਰਜੈਂਟ ਕੇਅਰ ਵਿਕਟੋਰੀਆ ਹਸਪਤਾਲ ਚਲੀ ਗਈ। ਉੱਥੇ ਵੀ ਮਸਾਂ ਵਾਰੀ ਆਈ। ਉਨ੍ਹਾਂ ਨੇ ਵੀ ਟੈਲੀਨੋਲ ਖਾਣ ਲਈ ਕਹਿ ਘਰ ਭੇਜ ਦਿੱਤਾ। ਆਏਂ ਤੁਰਦਿਆਂ-ਫਿਰਦਿਆਂ ਸ਼ਾਮ ਪੈ ਗਈ। ਘਰ ਆ ਮਾੜਾ ਮੋਟਾ ਖਾਧਾ। ਗੱਲ ਕੀ-ਕੁਝ ਖਾਣ ਨੂੰ ਦਿਲ ਈ ਨਾ ਕਰੇ। ਸਾਰੀ ਰਾਤ ਕਰੋਨਾ ਵਾਇਰਸ ਬਾਰੇ ਵੀਡੀਓ ਦੇਖਦੀ ਰਹੀ, ਕਿਵੇਂ ਚੀਨ ਦਾ ਬੁਰਾ ਹਾਲ ਸੀ। 'ਯੂ ਟਿਊਬ' ਦੇ ਨੁਸਖਿਆਂ ਮੁਤਾਬਕ ਗਰਮ ਪਾਣੀ ਪੀਤਾ ਤੇ ਕਾੜ੍ਹਾ ਵੀ ਲਿਆ। ਕੁਦਰਤੀ ਮਿਲ ਗਿਆ। ਪੰਜਾਬੀ ਸਟੋਰ ਤੋਂ ਲਿਆਂਦਾ ਸੀ ਕੁੱਝ ਦਿਨ ਪਹਿਲਾਂ। ਪਰ ਦਿਲ ਟਿਕੇ ਨਾ। ਫਿਰ ਟੈਲੀਨੋਲ ਖਾਹ ਥੋੜ੍ਹਾ ਬੈਟਰ ਫ਼ੀਲ ਹੋਇਆ। ਸਾਰੀ ਰਾਤ ਅੱਖਾਂ ਵਿੱਚ ਕੱਢੀ। ਸਵੇਰੇ ਚਾਹ ਪੀ ਸੈਵਨ ਓਕ ਹਸਪਤਾਲ ਚਲੀ ਗਈ। ਉੱਥੇ ਵੀ...।"

ਮੈਂ ਪ੍ਰਦੇਸੀ ਰਾਖ਼ 'ਚ ਢਲ਼ ਜਦ ਤੀਕ ਫਿਜ਼ਾ ਵਿੱਚ ਖਿੰਡ ਨਹੀਂ ਜਾਂਦਾ।
ਮੈਨੂੰ ਮੋਈ ਮਾਂ ਨਹੀਂ ਭੁੱਲਦੀ, ਖ਼ਾਬਾਂ ਵਿੱਚੋਂ ਪਿੰਡ ਨਹੀਂ ਜਾਂਦਾ। -ਸਰਤਾਜ ਸਿੰਘ ਢਿੱਲੋਂ

"ਹੁਣ ਠੀਕ ਹੈ" ਮੈਂ ਗੱਲ ਵਿੱਚੋਂ ਟੋਕਣੀ ਚੰਗੀ ਸਮਝੀ।

"ਆਹੋ ਹੁਣ ਪਹਿਲਾ ਨਾਲੋਂ ਬੈਟਰ ਫ਼ੀਲ ਕਰਦੀ ਹਾਂ।"

"ਆਪਣਾ ਖਿਆਲ ਰੱਖੀਂ।" ਕਹਿ ਮੈਂ ਫ਼ੋਨ ਬੰਦ ਕਰ ਦਿੱਤਾ।

ਲੀਵਿੰਗ ਰੂਮ ਵਿੱਚੋਂ ਫਿਰ ਰੋਣ ਦੀਆਂ ਅਵਾਜ਼ਾਂ ਆਉਣ ਲੱਗੀਆਂ। ਦੋਵੇਂ ਲੜ ਪਏ ਸਨ। ਕੋਲ ਗਈ ਤਾਂ ਰਵਨੀਤ ਰੋ ਰਹੀ ਸੀ। ਅਰਮਾਨ ਨੇ ਉਸਤੋਂ ਰਿਮੋਟ ਖੋਹ ਲਿਆ ਸੀ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹ ਬੁਸ-ਬੁਸ ਕਰਨ ਲੱਗ ਪਿਆ, "ਤੁਸੀਂ ਵੀ ਪਾਪਾ ਵਾਂਗ ਕਹੋਗੇ ਕਿ ਛੋਟੀਆਂ ਭੈਣਾਂ ਨਾਲ ਨ੍ਹੀ ਲੜੀਦਾ। ਜੇ ਇਹ ਛੋਟੀ ਹੈ ਤਾਂ ਇਹ ਘਰ ਦੀ ਬੌਸ ਹੈ? ਘਰ ਦੀ ਹਰ ਚੀਜ਼ ਇਹਦੀ ਹੈ। ਸਾਰਾ ਦਿਨ ਆਪਣੇ ਕੋਲ ਹੀ ਰਿਮੋਟ ਰੱਖਦੀ ਹੈ।"

"ਨਹੀਂ ਪੁੱਤ, ਤੂੰ ਵੀ ਬੌਸ ਹੈਂ, ਏਦਾਂ ਕਿਉਂ ਸੋਚਦਾ?" ਮੈਂ ਉਸਨੂੰ ਆਪਣੇ ਨਾਲ ਲਾ ਲਿਆ। ਰਵਨੀਤ ਦੇ ਰੋਣ ਦੀ ਅਵਾਜ਼ ਹੋਰ ਉੱਚੀ ਹੋ ਗਈ। ਮੈਂ ਦੋਹਾਂ ਨੂੰ ਆਪਣੇ ਕਲਾਵੇ 'ਚ ਲੈ ਲਿਆ।

"ਤੇਰੀ ਟੈਬਲਿਟ ਕਿੱਥੇ ਹੈ ਰਵਨੀਤ?"

"ਚਾਰਜ਼ ਨਹੀਂ ਹੈ ਮੰਮਾ"

"ਚਾਰਜ਼ ਕਿਉਂ ਨਹੀਂ ਕੀਤਾ, ਚੱਲ ਲੈ ਕੇ ਆ, ਚਾਰਜ਼ ਲਾਈਏ।" ਮੈਂ ਉਸਦਾ ਟੈਬਲਿਟ ਚਾਰਜ਼ ਲਾ ਆਪਣਾ ਫ਼ੋਨ ਉਸ ਨੂੰ ਦੇ ਦਿੱਤਾ। ਉਹ ਵੀਡੀਓ ਦੇਖਣ ਲੱਗ ਪਈ। ਅਰਮਾਨ ਟੀ.ਵੀ. ਦੇਖਣ ਲੱਗ ਪਿਆ। ਮੈਂ ਧੋਣ ਵਾਲੇ ਕੱਪੜੇ ਮਸ਼ੀਨ ਵਿੱਚ ਪਾ, ਕਿਚਨ ਵਿੱਚ ਕੰਮ ਕਰਨ ਲੱਗ ਪਈ। ਮੈਨੂੰ ਲੱਗਿਆ ਕਿ ਕਿਸੇ ਦਾ ਫ਼ੋਨ ਆਇਆ। ਏਨੇ ਨੂੰ ਘਰ ਵਾਲੇ ਫ਼ੋਨ ਤੇ ਬੈੱਲ ਵੱਜ ਪਈ।

ਮੈਂ ਫ਼ੋਨ ਚੁੱਕਿਆ ਜਿੰਦਰ ਦਾ ਸੀ 'ਸਾਸਰੀ ਕਾਲ' ਬੁਲਾਉਣ ਉਪਰੰਤ ਕਹਿੰਦੀ, "ਭਾਬੀ ਤੁਹਾਡਾ ਫ਼ੋਨ ਕਿੱਥੇ ਹੈ? ਮੈਂ ਕਿੰਨੀ ਵਾਰੀ ਫ਼ੋਨ ਕੀਤਾ, ਤੁਸੀਂ ਕੱਟੀ ਜਾਂਦੇ।" ਮੈਂ ਕਿਹਾ, "ਸੌਰੀ ਜਿੰਦਰ, ਉਹ ਤਾਂ ਰਵਨੀਤ ਕੋਲ ਹੈ, ਅੱਛਾ ਤਾਂ ਹੀ ਉਹ ਕੱਟੀ ਜਾਂਦੀ ਸੀ, ਮੈਂ ਵੀ ਸੋਚਿਆ ਕਿ ਭਾਬੀ ਮੇਰਾ ਫ਼ੋਨ ਕਿਉਂ ਕੱਟੀ ਜਾਂਦੀ ਆ।"

"ਇਹ ਤਾਂ ਇੱਦਾਂ ਹੀ ਕਰਦੇ ਨੇ ਕਈ ਵਾਰੀ ਮੈਨੂੰ ਕਈ ਰਿਸ਼ਤੇਦਾਰਾਂ ਨੇ ਕਿਹਾ, ਹੋਰ ਤੂੰ ਸੁਣਾ ਸੁੱਖਾ ਤੇ ਹੈਰੀ ਕਿਵੇਂ ਨੇ?"

"ਸੁੱਖਾ ਟਰੋਂਟੋ ਲੋਡ ਲੈ ਕੇ ਗਿਆ ਅੱਜ ਆਉਣਾ, ਹੈਰੀ ਅੰਦਰ ਰੁੱਸਿਆ ਬੈਠਾ।" "ਹੈਅ ਕੀ ਹੋਇਆ? ਉਹ ਕਾਹਤੋਂ ਰੁੱਸਿਆ ਬੈਠਾ? ਉਹ ਤਾਂ ਬਹੁਤ ਸਾਊ ਮੁੰਡਾ ਆ।"

"ਕੀ ਦੱਸਾਂ ਭਾਬੀ, ਦੁਪਹਿਰੇ ਸਕੂਲੋਂ ਆਇਆ। ਕਹਿੰਦਾ ਮੰਮਾ ਮੈਂ ਆਪਣੇ ਦੋਸਤ ਦੇ ਘਰ ਜਾ ਸਕਦਾਂ, ਮੈਂ ਸੋਚਿਆ ਕੋਈ ਸਾਂਝਾ ਪ੍ਰੋਜੈਕਟ ਹੋਣਾ ਜਾਂ ਹੋਮ ਵਰਕ ਕਰਨ ਜਾਣਾ ਹੋਣਾ। ਮੈਂ ਕਿਹਾ ਕੋਈ ਨਾ ਪੁੱਤ ਜਾ ਸਕਦਾ। ਅਚਾਨਕ ਮੇਰੇ ਦਿਮਾਗ 'ਚ ਆਇਆ, ਮੈਂ ਕਿਹਾ ਪੁੱਤ ਕਿਹੜੇ ਫਰੈਂਡ ਦੇ ਘਰ ਜਾਣਾ? ਕਹਿੰਦਾ ਜੈਂਗ ਦੇ। ਮੇਰੇ ਮੂੰਹੋਂ ਨਿਕਲ ਗਿਆ- 'ਉਹ ਚੀਨ ਤੋਂ ਤਾਂ ਨਹੀਂ ਕਹਿੰਦਾ "ਹਾਂ, ਫਿਰ ਕੀ ਹੋਇਆ?" ਮੈਂ ਕਿਹਾ "ਅਸੀਂ ਨਹੀਂ ਜਾਣਾ।" ਇੰਨੀ ਗੱਲ ਤੋਂ ਹੀ ਮੇਰੇ ਨਾਲ ਲੜ ਪਿਆ, ਕਹਿੰਦਾ ਤੁਸੀਂ ਇੰਡੀਅਨ ਲੋਕ ਰੇਸਿਸਟ ਬਹੁਤ ਹੋ। ਜਦੋਂ ਤੁਹਾਡੇ ਨਾਲ ਗੋਰੇ ਫ਼ਰਕ ਕਰਦੇ ਤੁਸੀਂ ਬਹੁਤ ਰੌਲਾ ਪਾਉਂਦੇ ਹੋ। ਮੈਂ ਨਹੀਂ ਤੁਹਾਡੇ ਨਾਲ ਗੱਲ ਕਰਨੀ, ਉਦੋਂ ਦਾ ਅੰਦਰ ਬੈਠਾ। ਮਨਾਉਣ ਵੀ ਗਈ ਸੀ ਮੰਨਿਆ ਨਹੀਂ, ਮੈਂ ਕੀ ਕਰਾਂ ਭਾਬੀ, ਇੱਕ ਇਨ੍ਹਾਂ ਦਾ ਫ਼ਿਕਰ ਲੱਗਾ ਹੋਇਆ ਟਰੱਕ ਲੈ ਕੇ ਟਰੋਂਟੋ ਜਾਂਦੇ ਨੇ। ਇੱਥੇ ਆਪਣੇ ਵੀ ਕਰੋਨੇ ਦੇ ਬਹੁਤ ਕੇਸ ਵੱਧ ਰਹੇ ਨੇ।" ਉਸਨੇ ਇੱਕ ਵਾਰ ਵਿੱਚ ਹੀ ਸਾਰਾ ਗੁੱਭ-ਗੁਆਟ ਕੱਢ ਮਾਰਿਆ।

"ਜਾ ਲੈਣ ਦੇਣਾ ਸੀ ਜਿੰਦਰ, ਜੈਂਗ ਤਾਂ ਇੱਥੇ ਹੀ ਰਹਿੰਦਾ। ਉਹ ਕਿਹੜਾ ਚੀਨ ਗਿਆ?"

"ਕੀ ਪਤਾ ਭਾਬੀ ਉਨ੍ਹਾਂ ਦੇ ਘਰ ਕੋਈ ਚੀਨ ਤੋਂ ਆਇਆ ਹੋਵੇ? ਮੈਨੂੰ ਤਾਂ ਡਰ ਲੱਗਦਾ, ਲਾ ਪਾ ਕੇ ਇਹੀ ਤਾਂ ਹੈ ਮੇਰੇ ਕੋਲ। ਮੈਂ ਕਦੀ ਟੀ.ਵੀ. ਦੇਖੀ ਜਾਂਦੀ, ਕਦੀ ਫ਼ੋਨ ਦੇਖੀ ਜਾਂਦੀ। ਸੋਚਿਆ ਭਾਬੀ ਨੂੰ ਹੀ ਫ਼ੋਨ ਕਰ ਲਵਾਂ- ਮਨ ਹੋਂਦਰੇ ਪੈਜੂ, ਨਾਲੇ ਤੁਹਾਡੀ ਖ਼ਬਰ ਸਾਰ ਪੁੱਛ ਲਵਾਂ।"

"ਚੰਗਾ ਜਿੰਦਰ ਤੂੰ ਮੁੰਡੇ ਨੂੰ ਮਨਾ ਲੈ- ਬਹੁਤਾ ਚਿਰ ਬੱਚੇ ਨੂੰ ਗੁੱਸੇ ਨਹੀਂ ਰਹਿਣ ਦੇਈਦਾ।" ਚੰਗਾ ਕਹਿ ਮੈਂ ਕੱਪੜਿਆਂ ਦਾ ਲੋਡ ਕੱਢ ਡਰਾਇਰ ਵਿੱਚ ਪਾ ਇੱਕ ਹੋਰ ਲੋਡ ਧੋਣ ਲਈ ਪਾ ਦਿੱਤਾ।

ਮੈਂ ਸੋਫ਼ੇ 'ਤੇ ਬੈਠਣ ਲੱਗੀ ਤਾਂ ਰਵਨੀਤ ਮੇਰੀ ਗੋਦੀ ਵਿੱਚ ਟੈਬਲਿਟ ਲੈ ਕੇ ਬੈਠ ਗਈ। ਮੈਂ ਅਰਮਾਨ ਤੋਂ ਰਿਮੋਟ ਲੈ ਟੀ.ਵੀ. ਦੇਖਣ ਲੱਗੀ। ਜ਼ੀ. ਟੀਵੀ ਤੇ 'ਨਮਸਤੇ ਟਰੰਪ' ਦਿਖਾਇਆ ਜਾ ਰਿਹਾ ਸੀ। ਐਂਕਰ ਤਿੰਘ ਰਿਹਾ ਸੀ ਜਿਵੇਂ ਟਰੰਪ ਦੇ ਆਉਣ ਨਾਲ ਇੰਡੀਆ ਦੇ ਸਾਰੇ ਧੋਣੇ ਧੋਤੇ ਜਾਣਗੇ। ਮੈਂ ਸੋਚ ਰਹੀ ਸੀ ਇਨ੍ਹਾਂ ਦੋਹਾਂ ਮਸਖ਼ਰਿਆਂ ਨੂੰ ਕੋਈ ਫ਼ਰਕ ਨਹੀਂ ਕਿ ਦੁਨੀਆਂ 'ਤੇ ਕੀ ਹੋ ਰਿਹਾ। ਮੈਂ ਚੈਨਲ ਚੇਂਜ਼ ਕਰ ਦਿੱਤਾ। ਉੱਥੇ ਪ੍ਰੋਗਰਾਮ ਚੱਲ ਰਿਹਾ ਸੀ ਕਿਵੇਂ ਟਰੰਪ ਦੇ ਆਉਣ 'ਤੇ ਮੋਦੀ ਨੇ ਵੱਡੀ ਸਾਰੀ ਦੀਵਾਰ ਬਣਾ ਕੇ ਸਾਰੀਆਂ ਝੁੱਗੀਆਂ ਝੋਪੜੀਆਂ ਲੁਕਾ ਦਿੱਤੀਆਂ ਹਨ। ਦੇਸ਼ ਦਾ ਕਿੰਨਾ ਪੈਸਾ ਟਰੰਪ ਦੀ ਫੇਰੀ 'ਤੇ ਖਰਚ ਆਵੇਗਾ ਜਿਸ ਨਾਲ ਦੇਸ਼ ਦੇ ਬਹੁਤ ਸਾਰੇ ਲੋਕਾਂ ਲਈ ਰੁਜ਼ਗਾਰ ਤੇ ਹੋਰ ਲੋੜਾਂ ਪੂਰੀਆਂ ਕੀਤੀਆ ਜਾ ਸਕਦੀਆਂ ਹਨ। ਮੈਂ ਅੱਜ ਕੱਲ ਇਕੋ ਚੈਨਲ ਖ਼ਾਸ ਕਰਕੇ 'ਪਰਾਈਮ ਟਾਈਮ' ਹੀ ਦੇਖਦੀ ਹਾਂ। ਬਾਕੀ ਚੈਨਲਾਂ ਵਾਲੇ ਤਾਂ ਸੱਤਾ ਧਿਰ ਦੀ ਦਲਾਲੀ ਕਰਦੇ ਮਸਖ਼ਰੇ ਜਾਪਦੇ ਹਨ।

ਮੈਂ ਟਾਇਮ ਦੇਖ, ਬੱਚਿਆਂ ਲਈ ਖਾਣਾ ਬਣਾਇਆ। ਤਿੰਨਾ ਨੇ ਖਾਣਾ ਖਾਧਾ। ਭਾਂਡੇ ਮਸ਼ੀਨ 'ਚ ਪਾ, ਰਸੋਈ ਸਾਫ਼ ਕਰ ਦੁੱਧ ਨੂੰ ਜੰਮਣ ਲਾ, ਹਫ਼ਤੇ ਭਰ ਦੇ ਕੰਮ ਨਿਬੇੜ, ਲਾਂਡਰੀ ਚੋਂ ਕੱਪੜੇ ਲਿਆ ਬੈੱਡ 'ਤੇ ਸੁੱਟ ਦਿੱਤੇ। ਅਰਮਾਨ ਨੂੰ ਕਿਤਾਬ ਪੜ੍ਹਨ ਲਾ ਦਿੱਤਾ। ਉਹ ਹਰ ਰੋਜ਼ ਸੌਣ ਲੱਗਿਆਂ ਕਿਤਾਬ ਪੜ੍ਹਦਾ ਹੈ। ਮੈਂ ਬੱਚਿਆਂ ਨਾਲ ਬੈੱਡ 'ਤੇ ਪੈ ਗਈ। ਪਰਦੀਪ ਨੇ ਗਿਆਰਾਂ ਵਜੇ ਕੰਮ ਖ਼ਤਮ ਕਰਕੇ ਬਾਰ੍ਹਾਂ ਵਜੇ ਘਰ ਪਹੁੰਚਣਾ ਸੀ। ਅਸੀ ਤਾਂ ਉਨ੍ਹਾਂ ਦੇ ਆਉਣ ਤੱਕ ਅੱਧੀ ਨੀਂਦ ਕੱਢ ਲੈਂਦੇ। ਕਈ ਵਾਰੀ ਬੱਚੇ ਫਰਾਈ ਡੇਅ ਮੂਵੀ ਨਾਈਟ ਲੈਣ ਲਈ ਜ਼ਿੱਦ ਕਰਦੇ, ਜੇ ਮੇਰਾ ਵੀਕਐਂਡ ਫਰੀ ਹੋਵੇ ਤਾਂ ਮੈਂ ਮੰਨ ਜਾਂਦੀ ਹਾਂ। ਇਹ ਪਰਦੀਪ ਦੇ ਆਉਣ ਤੱਕ ਮੂਵੀ ਦੇਖਦੇ ਅਤੇ ਉਹਦੇ ਆਉਣ 'ਤੇ ਸੌਣ ਦੀ ਐਕਟਿੰਗ ਕਰਦੇ।

ਅਗਲੇ ਦਿਨ ਕਾਸਕੋ ਗਈ ਤਾਂ ਬਹੁਤ ਲੰਬੀ ਲਾਈਨ ਸੀ। ਮਸਾਂ ਵਾਰੀ ਆਈ, ਕੁੱਝ ਸਮਾਨ ਮਿਲਿਆ ਕੁੱਝ ਨਹੀਂ। ਸੁਪਰ-ਸਟੋਰ 'ਚ ਵੀ ਇਹੀ ਹਾਲ ਸੀ ਸਾਰੀਆਂ ਆਇਲਾਂ ਲਗਭਗ ਖ਼ਾਲੀ ਸਨ। ਚਾਇਨੀ ਲੋਕਾਂ ਨੇ ਮਾਸਕ ਪਾਏ ਹੋਏ ਸਨ। ਲੋਕ ਉਨ੍ਹਾਂ ਵੱਲ ਦੇਖ ਨੱਕ-ਬੁੱਲ ਕੱਢ ਰਹੇ ਸਨ। ਜੇ ਉਹ ਕਿਸੇ ਚੀਜ਼ ਨੂੰ ਹੱਥ ਲਾਉਂਦੇ ਲੋਕੀ ਏਦਾਂ ਕਰਦੇ ਜਿਵੇਂ ਉਹ ਭਿੱਟ ਗਈ ਹੋਵੇ। ਬਿੱਲ ਕਰਾਉਣ ਵੇਲੇ ਵੀ ਲਾਈਨ ਦੁੱਧ ਦੇ ਖ਼ਾਨਿਆਂ ਤੱਕ ਲੱਗੀ ਹੋਈ

ਦੀਪ ਅਦਬ ਦਾ ਉਸਨੇ ਮੇਰੇ ਅੰਦਰ ਆਣ ਜਗਾਇਆ ਹੈ।
ਸੁਕਰ ਖੁਦਾ ਦਾ ਜ਼ਿੰਦਗੀ ਨੂੰ ਵੀ ਮੇਰਾ ਚੇਤਾ ਆਇਆ ਹੈ। -ਕਲਿਆਣ ਅੰਮ੍ਰਿਤਸਰੀ

ਸੀ। ਜਦੋਂ ਕੋਈ ਚੀਨਾ ਲਾਈਨ ਵਿੱਚ ਲਗਦਾ ਤਾਂ ਲੋਕੀਂ ਇੰਦਾਂ ਦੇਖਦੇ ਜਿਵੇਂ ਕਿਸੇ ਹੋਰ ਹੀ ਦੁਨੀਆਂ ਤੋਂ ਆਇਆ ਹੋਵੇ। ਸਰੀ ਤਾਂ ਸੁਣਿਆ ਇੱਕ ਬਜ਼ੁਰਗ ਜੋੜੇ ਨੂੰ ਸਟੋਰ ਚੋਂ ਧੱਕਾ ਦੇ ਕੇ ਬਾਹਰ ਸੁੱਟ ਦਿੱਤਾ ਸੀ। ਬਿੱਲ ਕਰਦੀ ਇੱਕ ਗੋਰੀ ਕੁੜੀ ਦੂਜੀ ਨੂੰ ਚੀਨਿਆਂ ਵੱਲ ਦੇਖ ਕੇ ਇਸ਼ਾਰੇ ਕਰਦੀ। ਮੇਰੇ ਵਾਲੀ ਲਾਈਨ 'ਚ ਪੰਜਾਬਣ ਕੁੜੀ ਸੀ, ਹਰ ਹਫ਼ਤੇ ਇੱਥੋਂ ਗਰੋਸਰੀ ਕਰਦੀ ਹੋਣ ਕਰਕੇ ਮੈਨੂੰ ਜਾਣਦੀ ਸੀ। ਮੈਨੂੰ ਸੁਣਾ ਕੇ ਪੰਜਾਬੀ 'ਚ ਕਹਿੰਦੀ, "ਇਨ੍ਹਾਂ ਨੂੰ ਅੱਤ ਆਈ ਪਈ ਹੈ। ਇਨ੍ਹਾਂ ਤੋਂ ਘਰ ਨੀ ਬਹਿ ਹੁੰਦਾ।"

"ਕੋਈ ਨਾ ਇਨ੍ਹਾਂ ਨੂੰ ਵੀ ਸਮਾਨ ਦੀ ਲੋੜ ਹੈ।" ਮੈਨੂੰ ਉਸਦਾ ਇਸ ਤਰ੍ਹਾਂ ਕਰਨਾ ਚੰਗਾ ਨਾ ਲੱਗਾ। ਦਿਲ ਕੀਤਾ ਕਿ ਇਹਦੀ ਮੈਨੇਜ਼ਰ ਨੂੰ ਸ਼ਕਾਇਤ ਲਗਾਈ ਜਾਵੇ ਪਰ ਮਨ ਸਮਝਾ ਲਿਆ। ਪੰਜਾਬੀਆਂ ਦੇ ਜਾਣਾ ਬਹੁਤ ਜ਼ਰੂਰੀ ਸੀ। ਆਟਾ, ਬੇਸਣ, ਸਬਜ਼ੀਆਂ ਅਤੇ ਹਰੀਆਂ ਮਿਰਚਾਂ ਲੈਣੀਆਂ ਸਨ। ਉੱਥੇ ਕੀਮਤਾਂ ਅਸਮਾਨੀ ਛੋਹ ਰਹੀਆਂ ਸਨ, ਪਰ ਕੀ ਕੀਤਾ ਜਾਵੇ, ਲਏ ਬਿਨਾਂ ਸਰਦਾ ਵੀ ਨਹੀਂ ਸੀ।

ਸਟੋਰ ਤੋਂ ਚੱਲਣ ਲੱਗੀ ਨੇ ਮੈਂ ਫ਼ੋਨ ਕਰ ਦਿੱਤਾ ਸੀ। ਲੰਚ ਪਰਦੀਪ ਨੇ ਬਣਾ ਲਿਆ ਸੀ। ਉਸ ਨੇ ਕੈਨੇਡਾ ਆ ਕੇ ਰਸੋਈ ਦਾ ਸਾਰਾ ਕੰਮ ਸਿੱਖ ਲਿਆ ਸੀ। ਕਈ ਚੀਜ਼ਾਂ ਤਾਂ ਉਹ ਮੇਰੇ ਤੋਂ ਵੀ ਸੁਆਦ ਬਣਾਉਂਦੇ। ਚਾਹ ਪੀ ਹਟੀ ਤਾਂ ਪਰਦੀਪ ਨੇ ਨਹੋਰਾ ਜਿਹਾ, "ਸੋਚਿਆ ਸੀ ਕਿ ਅੱਜ ਛੁੱਟੀ ਹੈ ਸਪੈਸ਼ਲ ਲੰਚ ਮਿਲੇਗਾ। ਪਰ ਕੋਈ ਨਾ...।"

"ਤੁਹਾਨੂੰ ਤਾਂ ਪਤਾ ਹੀ ਹੈ ਕਿ ਗਰੋਸਰੀ ਕਰਨੀ ਕਿੰਨੀ ਔਖੀ ਹੈ ਇਨ੍ਹੀਂ ਦਿਨੀਂ।" ਕਹਿ ਮੈਂ ਆਪਣੀ ਮਜ਼ਬੂਰੀ ਦੱਸੀ।

"ਕੋਈ ਨਾ ਅੱਜ ਡਿਨਰ ਸਪੈਸ਼ਲ ਬਣਾ ਦਿਆਂਗੀ।" ਗਰੋਸਰੀ ਸਾਫ਼ ਕਰ ਟਿਕਾ, ਮੈਂ ਬੱਚਿਆਂ ਨੂੰ ਨਾਲ ਲੈ ਬਾਹਰ ਜਾਣ ਲੱਗੀ।

"ਹੁਣ ਕਿੱਥੇ?" ਪਰਦੀਪ ਨੇ ਸਵਾਲ ਕਰ ਦਿੱਤਾ ਸੀ। ਮੈਂ ਕਰੀਸਟੀ ਕੋਲੋਂ ਲਈ ਅਪਾਇੰਟਮੈਂਟ ਬਾਰੇ ਦੱਸਿਆ ਤਾਂ ਉਹਦਾ ਮੂੰਹ ਉਤਰ ਗਿਆ।

"ਉਹਦੇ ਕੋਲ ਵਾਲ ਕਟਾਉਣ ਜਾਣਾ ਜ਼ਰੂਰੀ ਹੈ?" ਉਸਨੇ ਮਲ਼ਵੀਂ ਜਿਹੀ ਜੀਭ ਨਾਲ ਆਖਿਆ।

"ਕਿਉਂ ਕੀ ਹੋਇਆ? ਅਸੀਂ ਤਾਂ ਜਦੋਂ ਦੇ ਇੱਥੇ ਮੂਵ ਹੋਏ ਹਾਂ, ਪਿਛਲੇ ਕਈ ਸਾਲਾਂ ਤੋਂ ਉਹਦੇ ਕੋਲ ਹੀ ਜਾਂਦੇ ਹਾਂ, ਜਦੋਂ ਲੋੜ ਹੋਵੇ ਕੰਮ ਕਰ ਦਿੰਦੀ ਹੈ, ਕਈ ਵਾਰੀ ਤਾਂ ਅਪਾਇੰਟਮੈਂਟ ਤੋਂ ਬਿਨ੍ਹਾਂ ਹੀ ਟਾਈਮ ਅਡਜੱਸਟ ਕਰਕੇ ਵਾਲ ਕੱਟ ਦਿੰਦੀ ਹੈ। ਰਵਨੀਤ ਅਤੇ ਅਰਮਾਨ ਨੂੰ ਵੀ ਬਹੁਤ ਪਿਆਰ ਕਰਦੀ ਹੈ। ਚਾਕਲੇਟ ਕੈਂਡੀਆਂ ਲਿਆ ਕੇ ਰੱਖਦੀ ਹੈ ਬੱਚਿਆਂ ਲਈ। ਕਈ ਵਾਰੀ ਪਾਰਟੀ 'ਤੇ ਜਾਣਾ ਹੋਵੇ ਫਰੀ ਸਟਾਇਲ ਕਰ ਦਿੰਦੀ ਹੈ, ਜ਼ੋਰ ਦੇਣ 'ਤੇ ਵੀ ਪੈਸੇ ਨਹੀ ਲੈਂਦੀ।" ਉਹਦੀਆਂ ਚੰਗਿਆਈਆਂ ਸੁਣਕੇ ਵੀ ਪਰਦੀਪ ਕੁਝ ਨਾ ਬੋਲਿਆ। ਮੈਂ ਉਸਦੀ ਅੰਦਰਲੀ ਭਾਵਨਾ ਸਮਝ ਤਾਂ ਗਈ ਪਰ ਬਿਨਾਂ ਬੋਲਿਆਂ, ਬੱਚਿਆਂ ਨੂੰ ਨਾਲ ਲੈ ਕੇ ਬਾਹਰ ਨਿਕਲ ਗਈ।

ਅਜੇ ਘਰੋਂ ਬਾਹਰ ਨਿਕਲੀ ਹੀ ਸੀ, ਗੁਆਂਢਣ ਮਿਸਜ਼ ਰੰਧਾਵਾ ਮਿਲ ਪਈ।

"ਭੈਣ ਜੀ, ਬੱਚਿਆਂ ਨੂੰ ਲੈ ਕੇ ਕਿਧਰ ਦੀ ਤਿਆਰੀ ਹੈ?" ਏਨੇ ਨੂੰ ਭੰਡਾਲ ਆਂਟੀ ਵੀ ਖ਼ਾਲੀ ਹੋਏ ਗਾਰਬੇਜ਼ ਵਾਲੇ ਢੋਲ ਚੁੱਕਣ ਦੇ ਬਹਾਨੇ ਸਾਡੇ ਕੋਲ ਆ ਗਈ।

"ਕਰੀਸਟੀ ਕੋਲ ਜਾ ਰਹੇ ਹਾਂ। ਬੱਚਿਆਂ ਦੇ ਵਾਲ਼ ਕਟਵਾਉਣੇ ਹਨ।"

"ਕਰੀਸਟੀ? ਉਸ ਚੀਨਣ ਕੋਲੋਂ?" ਦੋਵਾਂ ਦੇ ਮੂੰਹ ਇਕੱਠੇ ਹੀ ਖੁੱਲ੍ਹੇ।

"ਭੈਣ ਕਮਲੀ ਤਾਂ ਨ੍ਹੀ ਹੋ ਗਈ? ਏਹਨਾਂ ਚੀਨਿਆਂ ਕਰਕੇ ਤਾਂ ਦੁਨੀਆਂ ਖਾਤਮੇ 'ਤੇ ਆਈ ਪਈ। ਸਾਰੇ ਆਂਹਦੇ ਕਰੋਨਾ ਦੀ ਮਹਾਂਮਾਰੀ ਦੁਨੀਆਂ ਨੂੰ ਖ਼ਤਮ ਕਰਨ ਵਾਸਤੇ ਚੀਨਿਆਂ ਨੇ ਛੱਡੀ ਹੈ।"

ਉਨ੍ਹਾਂ ਨੇ ਵੀ ਸ਼ਾਇਦ ਮੈਨੂੰ ਚੀਨਣ (ਕਰੀਸਟੀ) ਦੇ ਘਰੋਂ ਆਉਂਦੇ ਦੇਖ ਲਿਆ ਸੀ। ਆਉਂਦਿਆਂ ਹੀ, "ਤੁਸੀਂ ਇਹਦੇ ਵਾਲ ਕਟਵਾ ਕੇ ਆਏ, ਤੁਹਾਨੂੰ ਨੀ ਪਤਾ ਕਰੋਨਾ ਕਿੰਨਾ ਫੈਲਿਆ ਹੋਇਆ, ਚੀਨਿਆ ਕਰਕੇ?" ਸਿੱਧੂ ਆਂਟੀ ਵੀ ਸਾਨੂੰ ਦੇਖ ਪੈਰ ਮਲ਼ਦੀ-ਮਲ਼ਦੀ ਸਾਡੇ ਕੋਲ ਆ ਕਹਿੰਦੀ, "ਇਹ ਬਿਮਾਰੀ ਚੀਨਿਆਂ ਨੇ ਛੱਡੀ, ਦੁਨੀਆਂ ਨੂੰ ਖ਼ਤਮ ਕਰਨ ਲਈ।"

"ਕਰੀਸਟੀ ਤਾਂ ਇਹ ਇੱਥੇ ਰਹਿੰਦੀ ਸਾਡੇ ਗੁਆਂਢ 'ਚ। ਨਾ ਚੀਨ ਗਈ, ਨਾ ਹੀ ਕੋਈ ਚੀਨ ਤੋਂ ਇਹਦੇ ਘਰ ਆਇਆ। ਨਾ ਹੀ ਇਹ ਕਿਸੇ ਨੂੰ ਆਪਦੇ ਘਰ ਵਾੜੇਗੀ ਕਿਉਂਕਿ ਇਸ ਨੂੰ ਵੀ ਜਾਨ ਪਿਆਰੀ ਹੈ। ਇਹ ਕਿਵੇਂ ਦੋਸ਼ੀ ਹੋਈ ?"

"ਹੈ ਤਾਂ ਚੀਨਣ ਹੀ।" ਮਿਸਜ਼ ਰੰਧਾਵਾ ਫਟੱਕ ਦੇਣੀ ਬੋਲੀ ਸੀ।

"ਸ਼ਪੈਨਿਸ਼ ਫਲੂ ਸਪੇਨ ਤੋਂ ਸ਼ੁਰੂ ਹੋਇਆ ਸੀ, ਇਸ ਲਈ ਸਾਰੇ ਸਪੇਨ ਵਾਸੀ ਦੋਸ਼ੀ ਨੇ। ਏਡਜ਼ ਅਮਰੀਕਾ ਚੋਂ ਸਾਰੀ ਦੁਨੀਆਂ 'ਚ ਫੈਲੀ ਹੈ, ਸਾਰੇ ਅਮਰੀਕਨ ਕਸੂਰਵਾਰ ਹੋਗੇ। 'ਨਾਈਨ ਅਲੈਵਨ' ਹੋਇਆ ਤਾਂ ਮੁਸਲਮਾਨਾਂ 'ਤੇ ਹਮਲੇ ਹੋਏ, ਕੀ ਸਾਰੇ ਮੁਸਲਮਾਨ ਦੋਸ਼ੀ ਸਨ? ਜਦੋਂ ਏਅਰ ਇੰਡੀਆ ਬੰਬ ਕੇਸ ਹੋਇਆ, ਉਸ ਸਮੇਂ ਰੇਸਿਸਟ ਗੋਰੇ- ਸਿੱਖਾਂ ਨੂੰ ਅੱਤਵਾਦੀ ਕਹਿੰਦੇ ਸੀ। ਕੀ ਆਪਾਂ ਸਾਰੇ ਸਿੱਖ ਅੱਤਵਾਦੀ ਹਾਂ? ਜੇ ਨਹੀਂ ਤਾਂ ਸਾਰੇ ਚੀਨੇ ਦੋਸ਼ੀ ਕਿਵੇਂ? ਤੁਹਾਡੀ ਇਹ ਸੋਚ ਨਫ਼ਰਤ ਦੀਆਂ ਵੀਡੀਓ ਦੇਖ-ਦੇਖ ਬਣੀ ਹੈ।" ਮੈਂ ਭਰੀ ਪੀਤੀ ਪਈ ਸੀ। ਬੱਚੇ ਮੇਰੇ ਮੂੰਹ ਵੱਲ ਦੇਖ ਰਹੇ ਸਨ। ਮੈਂ ਕਦੇ ਗੁੱਸੇ 'ਚ ਨਹੀਂ ਆਉਂਦੀ ਪਰ ਹੁਣ ਆ ਗਈ ਸਾਂ। ਮੈਂ ਬੱਚਿਆਂ ਨੂੰ ਲੈ ਕੇ ਕਾਹਲੀ ਕਾਹਲੀ ਕਰੀਸਟੀ ਦੇ ਘਰ ਵੱਲ ਚੱਲ ਪਈ ਸਾਂ।

ਮੈਂ ਬੈੱਲ ਮਾਰੀ ਤਾਂ ਕਰਿਸਟੀ ਨੇ ਦਰਵਾਜ਼ਾ ਖੋਲਿਆ। ਉਹ ਕਿੰਨਾ ਚਿਰ ਦਰਵਾਜੇ 'ਚ ਖੜੀ ਸਾਨੂੰ ਹੈਰਾਨੀ ਨਾਲ ਵੇਖਦੀ ਰਹੀ।

"ਕਰਿਸਟੀ, ਇੰਜ ਕਿਉਂ ਵੇਖ ਰਹੀ ਏਂ?"

"ਮੈਨੂੰ ਯਕੀਨ ਨਹੀਂ ਹੋ ਰਿਹਾ। ਮੈਂ ਤਾਂ ਸੋਚਿਆ ਸੀ ਤੁਸੀਂ ਨਹੀਂ ਆਵੋਂਗੇ।" ਬੇਹੱਦ ਉਦਾਸ ਜਿਹੇ ਲਹਿਜੇ 'ਚ ਉਹ ਬੋਲੀ ਸੀ।

"ਕਿਉਂ ਨਹੀਂ ਸੀ ਆਉਣਾ ਜੇ ਨਾ ਆਉਣਾ ਹੁੰਦਾ, ਤਾਂ ਫ਼ੋਨ ਜ਼ਰੂਰ ਕਰਦੇ।"

"ਕੋਈ ਵਿਰਲਾ ਟਾਂਵਾਂ ਹੀ ਆਉਂਦਾ ਹੈ।ਕੰਮ 'ਤੇ ਵੀ ਨਹੀਂ ਜਾਂਦੀ।"

"ਕਿਉਂ ਕੀ ਹੋਇਆ? ਕੰਮ 'ਤੇ ਕਿਉਂ ਨਹੀਂ ਜਾਂਦੀ?"

"ਇੱਕ ਗੋਰੀ ਕੁੜੀ ਨੇ ਮੇਰੇ ਤੋਂ ਵਾਲ ਕਟਵਾਉਣ ਤੋਂ ਨਾਂਹ ਕਰ ਦਿੱਤੀ। ਸੈਲੂਨ ਮਾਲਕਣ ਨੇ ਮੈਨੂੰ ਕਿਹਾ ਕਿ ਤੂੰ ਓਦੋਂ ਤੱਕ ਘਰੇ

ਆ ਜ਼ਰਾ ਅੱਜ ਮੁਸਕਰਾ ਕੇ ਦੇਖੀਏ।
ਦਰਦ, ਗ਼ਮ ਅਪਣਾ ਬਣਾ ਕੇ ਦੇਖੀਏ। -(ਅਗਲੇ ਸਫ਼ੇ 'ਤੇ)

ਹੀ ਰਹਿ ਜਦ ਤੱਕ ਮਾਹੌਲ ਠੀਕ ਨਹੀ ਹੋ ਜਾਂਦਾ।''

''ਓਹ! ਵੈਰੀ ਸੈਡ!'' ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਆਖਾਂ।

''ਪਤਾ ਨਹੀਂ ਕਿੰਨਾ ਚਿਰ ਲੱਗਣਾ ਨਾਰਮਲ ਹੋਣ ਲਈ। ਮੈਨੂੰ ਤਾਂ ਘਰ ਦੀ ਮੌਰਗੇਜ਼ ਦਾ ਫ਼ਿਕਰ ਹੈ। ਹਸਬੈਂਡ ਦੀ ਫੈਕਟਰੀ 'ਚ ਵੀ ਮਹੌਲ ਠੀਕ ਨਹੀਂ। ਲੋਕ 'ਟੀਜ਼' ਕਰਦੇ ਨੇ। ਹੁਣ ਤਾਂ ਬਾਹਰ ਜਾਣਾ ਵੀ ਔਖਾ ਹੋਇਆ ਪਿਆ।'' ਕਰਿਸਟੀ ਦੀ ਆਵਾਜ਼ ਭਾਰੀ ਹੋ ਗਈ ਸੀ।

''ਇਹ ਤਾਂ ਬਹੁਤ ਦੁੱਖ ਵਾਲੀ ਗੱਲ ਹੈ।''

''ਦੁੱਖ ਏਹ ਨਹੀਂ ਕਿ ਲੋਕ ਕੀ ਸੋਚਦੇ ਜਾਂ ਆਖਦੇ ਨੇ, ਪਰ... ਪਰ ਇਹਤੋਂ ਵੱਧ ਬਹੁਤ ਕੱਝ ਦੁਖਦਾਈ ਹੋ ਰਿਹਾ!'' ਉਸਨੇ ਨੀਵੀਂ ਪਾ ਲਈ।

''ਕੀ ?''

''ਮੈਂ ਵਾਲ ਮਾਰਟ ਤੋਂ ਗਰੌਸਰੀ ਕਰਕੇ ਆ ਰਹੀ ਸੀ। ਬਿਲਕੁੱਲ ਇਸ ਬੱਚੇ ਦੀ ਉਮਰ ਦੇ ਬੱਚੇ 'ਕਰੋਨਾ...ਕਰੋਨਾ' ਕਹਿ ਮੇਰੇ 'ਤੇ ਆਵਾਜ਼ੇ ਕੱਸ ਰਹੇ ਸੀ। ...ਤੇ ਉਹਨਾਂ ਦੇ ਮਾਂ-ਬਾਪ ਹੱਸ ਰਹੇ ਸੀ। ਮੈਂ ਜਾਣਦੀ ਹਾਂ ਕਿ ਇੱਕ ਨਾ ਇੱਕ ਦਿਨ ਸਾਰਾ ਕੁੱਝ ਨੌਰਮਲ ਹੋ ਜਾਊ, ਪਰ ਮਾਸੂਮ ਬੱਚਿਆਂ ਦੇ ਮਨਾਂ 'ਤੇ ਸਾਡੇ ਪ੍ਰਤੀ ਉੱਭਰੀ ਨਫ਼ਰਤ ਕਦੇ ਖਤਮ ਹੋ ਸਕੇਗੀ?'' ਉਸ ਦੀਆਂ ਨਿੱਕੀਆਂ ਅੱਖਾਂ 'ਚੋਂ ਵੱਡੇ ਵੱਡੇ ਅੱਥਰੂ ਨਿਕਲ ਆਏ ਸਨ। ਉਸਦੇ ਇਸ ਸਵਾਲ ਦਾ ਮੇਰੇ ਪਾਸ ਕੋਈ ਜਵਾਬ ਨਹੀਂ ਸੀ।

ਕਹਾਣੀ

# ਘੁੰਡ

## ਜਸਵੀਰ ਸਿੰਘ 'ਸ਼ਾਇਰ'



ਜਸਵੀਰ ਸਿੰਘ 'ਸ਼ਾਇਰ'

''ਸਮਾਂ ਬੜਾ ਬਲਵਾਨ ਹੁੰਦਾ, ਇਸ ਨਾਲ਼ ਕਾਹਦਾ ਆਹਢਾ? ਫਿਰ ਸਮਾਂ ਬਦਲਦਿਆਂ ਕਿਹੜਾ ਸਮਾਂ ਲਗਦਾ? ਉਹ ਦਿਨ ਗਏ ਤੇ ਆਹ ਆਏ... ਚਲੋ! ਹੁਣ ਦੀ ਸੋਚੋ, ਕੱਲ੍ਹ ਦੀ ਕੱਲ੍ਹ ਸਹੀ।'' ਏਨਾ ਕਹਿ ਰਵੀ ਨੇ ਗੱਲ ਮੁਕਾਈ।

ਘਰ ਵਿਚ ਚੰਗੀ ਰੌਣਕ ਹੋਣ ਕਾਰਨ ਬੱਚੇ ਛਾਲਾਂ ਮਾਰਦੇ ਫਿਰ ਰਹੇ ਸਨ। ਹਰ ਪਾਸੇ ਜਿੰਦ ਨੂੰ ਜਿੰਦ ਮਿਲ ਰਹੀ ਸੀ। ਖਿੜ-ਖਿੜਾ ਕੇ, ਠਹਾਕੇ ਮਾਰ ਕੇ ਤੇ ਗਲਵਕੜੀ ਵਿਚ ਲੈਂਦਿਆਂ ਗੱਲਾਂ ਦੇ ਕਚੂੰਬਰ ਕੱਢੇ ਜਾ ਰਹੇ ਸਨ। ਹਰ ਕੋਈ ਰੁੱਝਿਆ ਸੀ, ਨਹੀਂ, ਨਹੀਂ ਵਿਹਲਾ ਸੀ! ਸਿਰਫ਼ ਗੱਲਾਂ ਹੀ ਤਾਂ ਕਰ ਰਹੇ ਸਨ।

'ਕਿੰਨੀ ਅਜੀਬ ਗੱਲ ਐ ਕਿ ਜਿਸਮ ਨੂੰ ਜਿਸਮ ਦੀ ਖਿੱਚ ਹੁੰਦੀ ਤੇ ਉਸੇ ਖਿੱਚ ਨੂੰ ਪੂਰਨੇ ਲਈ ਵਿਆਹ ਪ੍ਰਬੰਧ ਸਿਰਜ ਲਏ। ਪਹਿਲਾਂ ਕਿਤੇ ਐਵੇਂ ਹੁੰਦਾ ਸੀ? ਨਹੀਂ ਨਾ, ਫਿਰ ਜਿੰਨਾ ਮਰਜ਼ੀ ਕਹੋ ਕਿ ਦੁਨੀਆ ਨੂੰ ਚਲਦੇ ਰੱਖਣ ਲਈ ਇਹ ਜ਼ਰੂਰੀ ਹੈ।'-ਬੱਲੀ ਦੀ ਮੇਰੇ ਵੱਲ ਨੂੰ ਸੈਨਤ ਕਰਕੇ ਆਖੀ ਗੱਲ, ਮੈਨੂੰ ਨਵੀਂ ਨਾ ਲੱਗੀ, ਪਰ ਪੁਰਾਣੀ ਵੀ ਨਹੀਂ ਸੀ। ਫਿਰ ਬੱਲੀ ਨੂੰ ਸਾਰੇ ਵਿਦਵਾਨ ਕਹਿ ਵਡਿਆਉਂਦੇ ਸੀ। ਮੈਂ ਸੁਣ ਕੇ ਸਾਰ ਦਿੱਤਾ- 'ਏਨੀ ਰੌਣਕ ਭਰੀ ਨਗਰੀ ਵਿਚ ਕੋਈ ਇਕ ਗੁੱਸੇ ਗਿੱਲੇ ਨਾਲ਼ ਨਾ ਕਰੇ, ਕੀ ਅਜਿਹਾ ਹੋ ਸਕਦਾ?'

ਬਸ ਬੀਬੀ ਉਨ੍ਹਾਂ ਦੇ ਮਗਰ ਮਗਰ, ਉਨ੍ਹਾਂ ਨੂੰ ਹੀ ਮੰਨਾ ਰਹੀ ਸੀ। ਕਦੀ ਮਾਮਾ-ਮਾਮੀ, ਕਦੀ ਚਾਚਾ-ਚਾਚੀ ਤੇ ਕਦੀ ਭੂਆ-ਫੁੱਫੜ ਬਾਹਰ ਵੱਲ ਨੂੰ ਭੱਜਦੇ। ਬੀਬੀ ਮਗਰ ਮਗਰ ਭੱਜਦੀ। ਇਹ ਅਜੀਬ ਨਾਟਕ ਹੋਣਾ, ਹਰ ਵਾਰ ਦੀ ਸੁਭਾਵਿਕ ਗੱਲ ਬਣ ਚੁੱਕਾ ਸੀ।

ਏਨੇ ਰਾਮ-ਰੌਲੇ ਵਿਚ ਲਾੜਾ ਕਦੇ ਯਾਰਾਂ ਵਿੱਚ ਤੇ ਕਦੇ ਰਿਸ਼ਤੇਦਾਰਾਂ ਵਿੱਚ ਬਹਿ-ਬਹਿ ਉੱਠਦਾ। ਇਧਰ ਉਧਰ ਫਿਰਦਾ ਰਿਹਾ। ਉਹਦੀ ਕਿਸੇ ਨੂੰ ਸਾਰ ਤੱਕ ਨਾ ਸੀ। ਸ਼ਾਇਦ ਉਸ ਨੂੰ ਆਪਣੇ-ਆਪ ਨੂੰ ਵੀ ਨਹੀਂ। ਇਸੇ ਲਈ ਭੁੱਖਣ-ਭਾਣਾ, ਉਦਾਸੀ ਚੁੱਕੀ ਫਿਰਦਾ ਜਾਪ ਰਿਹਾ ਸੀ। ਉਦਾਸੀ...? ਉਹ ਵੀ ਲਾੜੇ ਲਈ, ਇਹ ਕਿੰਨੀ ਕੁ ਜਾਇਜ਼ ਗੱਲ ਹੈ? ਨਿਰੀ ਬਕਵਾਸ... ਅਜਿਹਾ ਸੋਚਿਆ ਜਾਣਾ ਵੀ ਪਾਪ ਸਮਝੋ। ਉਹ ਤਾਂ ਸਗੋਂ ਲੁੱਡੀਆਂ ਪਾਵੇ ਲੁੱਡੀਆਂ... ਨੱਚੇ-ਗਾਵੇ ਤੇ ਸ਼ਗਨ ਮਨਾਵੇ... ਆਪਣੀ ਮਾਂ ਵਾਂਗੂੰ। ਜੋ ਭੱਜੀ ਫਿਰ ਰਹੀ ਸੀ ਕਿਤੇ ਕੋਈ ਰਸਮ ਰਹਿ ਨਾ ਜਾਵੇ।

ਹੁਣ ਸ਼ਾਮ ਢੱਲ ਚੁੱਕੀ ਸੀ। ਸਾਰੇ ਆਉਣ ਜਾਣ ਵਾਲੇ ਆ ਗਏ ਸਨ। ਰਿਸ਼ਤੇਦਾਰ ਵੀ ਮੁੜ ਰਹੇ ਸਨ। ਲਾੜੇ ਦੀ ਭੂਆ ਰੁਕੇਗੀ, ਫੁੱਫੜ ਚਲਾ ਜਾਵੇਗਾ। ਇਹ ਤਹਿ ਹੋ ਚੁੱਕਾ ਸੀ। ਹੋਰ ਕੋਈ ਰੁਕਣ ਤੋਂ ਇਨਕਾਰੀ ਹੋ ਕੇ ਆਪੋ-ਆਪਣੀਆਂ ਮੋਟਰ-ਗੱਡੀਆਂ 'ਤੇ ਸਵਾਰ ਹੁੰਦੇ ਹੀ ਧੁੰਦ ਵਿੱਚ ਗਵਾਚ ਜਾਂਦੇ ਸਨ। ਹਾਲੇ ਵੀ ਮਾਂ ਦੀ ਭੱਜ-ਦੌੜ ਜਾਰੀ ਸੀ। ਬਾਪੂ ਤਾਂ ਆਪਣੀ ਵੱਡੀ ਭੈਣ ਕੋਲ ਰਜਾਈ ਵਿਚ ਬੈਠ ਗੱਲਾਂ ਕਰਨ ਡਹਿ ਪਿਆ ਸੀ। ਉਸ ਲਈ ਭੈਣ ਦਾ ਮਿਲਣਾ ਅਤੇ ਈਦ ਦੇ ਚੰਦ ਦੇ ਦਰਸ਼ਨ, ਜਿਵੇਂ ਇਕ ਸਮਾਨ ਹੋ ਗਏ ਸਨ। ਲਾੜੇ ਨੂੰ ਛੱਡ ਸਾਰੇ ਆਪੋ-ਆਪਣੇ ਓਹੜ-ਪੋਹੜ ਵਿੱਚ ਰੁੱਝੇ ਪਏ ਸਨ। ਵੇਖਿਆਂ ਜਾਪਦਾ ਸੀ ਕਿ ਕਿਸੇ ਨੂੰ ਕਿਸੇ ਦੀ ਸੁਰਤ ਨਹੀਂ। ਕੁੜੀਆਂ ਨਵੀਂ ਆਈ ਭਾਬੀ ਨਾਲ਼ ਜੁੜ-ਜੁੜ ਬੈਠੀਆਂ, ਕਿੱਥੇ ਕਿਸੇ ਨੂੰ ਸਿਆਣਦੀਆਂ ਸਨ? ਉਨ੍ਹਾਂ ਤਾਂ ਜਿਵੇਂ ਬੰਦ ਕਮਰੇ ਵਿਚ ਰੋਟ ਪਕਾਉਣਾ ਹੋਵੇ, ਇਵੇਂ ਬੁਝਾਰਤ ਬਣੀਆਂ ਬੈਠੀਆਂ ਸਨ। ਪਰ ਪਰਨਾਲਾ ਉਥੇ ਦਾ ਉਥੇ... ਲਾੜਾ 'ਕੱਲੇ ਦਾ 'ਕੱਲਾ।

ਲਾੜੇ ਨੂੰ 'ਕੱਲਿਆਂ ਬੈਠੇ ਨੂੰ, ਤੁਰ ਫਿਰ ਰਹੇ ਨੂੰ ਅਤੇ ਲੰਮੇ ਪਏ ਨੂੰ ਸਭ ਨੇ ਵੇਖਿਆ ਸੀ। ਕਦੀ ਕੋਈ ਦੂਰੋਂ ਹੀ 'ਕੀ ਹੋਇਆ?' 'ਠੀਕ ਏਂ?' ਪੁੱਛਦਾ ਤਾਂ ਅੱਗੋਂ 'ਹੂੰ' ਦੀ ਧੁੰਨ ਸੁਣਕੇ ਧੀਰਜ ਧਾਰ ਤੁਰ ਪੈਂਦਾ। ਪਰ ਕਿਸੇ ਨੇ ਵੀ ਕੁੱਝ ਪਲ ਕੋਲ ਬਹਿਣ ਦੀ ਜ਼ਹਿਮਤ ਨਾ ਕੀਤੀ। ਉਹ ਕਿਸੇ ਸੋਚ ਸਮੁੰਦਰ ਵਿੱਚ ਗੁਆਚਿਆ, ਆਪਣੇ ਮੂੰਹ ਦੇ ਆਕਾਰ ਬਦਲਦਾ ਤੇ ਬਸ ਬਾਹਰੋਂ ਵੇਖਿਆਂ ਇਹੀ ਕੁਝ ਦਿਸਦਾ ਸੀ। ਹਾਂ! ਇਕ ਅੱਧ ਹੰਝੂ, ਜੋ ਉਸ ਦੇ ਪੂੰਝਣ ਤੋਂ ਪਹਿਲਾਂ ਕੋਈ ਦੇਖ ਲਵੇ ਤਾਂ ਦਿਸ ਜਾਂਦਾ ਪਰ ਏਨੇ ਤਾਮ-ਝਾਮ ਵਿਚ ਅਜਿਹਾ ਕਰੇ ਕੌਣ ?

ਖੂਬਸੂਰਤ ਹੈ ਬੜਾ ਕਹਿੰਦੇ ਨੇ ਸਭ,
ਚੰਨ ਤੋਂ ਪਰਦਾ ਹਟਾ ਕੇ ਵੇਖੀਏ। -ਪਾਲ ਢਿੱਲੋਂ

ਖ਼ੈਰ! ਰਾਤ ਆਣ ਬਹੁੜੀ। ਸਭ ਸੱਤੇ-ਖ਼ੈਰਾਂ ਹੋ ਨਿਬੜਦੀਆਂ। ਮਾਂ ਬਾਪ ਖੁਸ਼ ਸਨ। ਸਭ ਕੁਝ ਰਾਜ਼ੀ ਖੁਸ਼ੀ ਹੋ ਗਿਆ ਸੀ। ਫਿਰ ਹੁਣ ਤਾਂ ਉਹ ਵੇਲਾ ਆ ਰਿਹਾ ਸੀ ਜਦੋਂ ਹੰਝੂਆਂ ਨੂੰ ਤ੍ਰੇਲ ਦੀ ਭਾਂਤੀ ਨਵੀਂ ਜ਼ਿੰਦਗੀ ਦੇ ਚੜ੍ਹਨ ਵਾਲੇ ਸੂਰਜ ਅੱਗੇ ਪਰਤਾਉਣਾ ਸੀ। ਲਾੜੇ ਨੂੰ ਜਿਵੇਂ ਭੁੱਖ ਨਹੀਂ ਸੀ। ਸਭ ਸਮਝਦੇ ਸੀ ਕਿ ਹੁਣ ਰੋਟੀ ਦੀ ਭੁੱਖ ਹੋਵੇ ਵੀ ਕਿਉਂ? ਪਰ ਨਵੀਂ ਨੂੰਹ ਨੂੰ ਬੀਬੀ ਆਪ ਆਪਣੇ ਹੱਥੀਂ ਰੋਟੀ ਖਵਾ ਕੇ ਆਈ ਸੀ। ਫਿਰ ਭੈਣ ਦੁੱਧ ਦਾ ਗਿਲਾਸ ਵੀ ਧਰ ਆਈ ਸੀ। ਹੁਣ ਨਵੀਂ ਬਹੂ 'ਕੱਲੀ ਸੀ ਜਿਵੇਂ ਆਪਣੇ ਕੰਤ ਦਾ ਇੰਤਜ਼ਾਰ ਹੀ ਕਰ ਰਹੀ ਹੋਵੇ। ਲਾੜੇ ਨੇ ਅੱਧੀ ਰਾਤ ਹੋਣ ਤੱਕ ਹੌਂਸਲਾ ਨਾ ਕੀਤਾ। ਆਖ਼ਰ ਘਰਦਿਆਂ ਦੇ ਦੱਬਕੇ 'ਤੇ ਲਾੜੀ ਵਾਲੇ ਕਮਰੇ ਵੱਲ ਤੁਰਨ ਦਾ ਜ਼ੇਰਾ ਕਰਕੇ ਤੁਰ ਪਿਆ।

ਲਾੜੇ ਦੀ ਤੋਰ ਬੜੀ ਮਾਂਦੀ ਜਾਪ ਰਹੀ ਸੀ। ਉਸ ਦਾ ਮਨ ਬੋਝਲ ਲਗਦਾ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਆਪਣੇ ਕਮਰੇ ਦੀ ਬਜਾਇ ਇਧਰ-ਉਧਰ ਮੁੜ-ਮੁੜ ਡੰਗ ਟਪਾ ਰਿਹਾ ਸੀ। ਇਹ ਕੀ ਹਾਲੇ ਵੀ ਕੋਈ ਉਸ ਦੀ ਬੇਚੈਨੀ ਨਹੀਂ ਸਮਝ ਰਿਹਾ? ਉਹ ਅੰਦਰੋਂ ਕਿੰਨਾ ਇਕੱਲਾ ਸੀ? ਇਹ ਓਹੀ ਜਾਣਦਾ ਸੀ ਜਾਂ ਖ਼ੌਰੇ ਉਹ ਪਹਿਲਾਂ ਹੀ ਕਿਸੇ ਦੇ ਸਾਥ ਦਾ ਰੰਗ ਮਾਣ ਚੁੱਕਾ ਸੀ। ਅਜਿਹੇ ਵਿਚ ਉਹ ਕਿਵੇਂ ਕਿਸੇ ਹੋਰ ਦਾ ਘੁੰਢ ਚੁੱਕ ਸਕਦਾ? ਨਹੀਂ, ਨਹੀਂ... ਇਹ ਉਸਤੋਂ ਨਹੀਂ ਹੋਵੇਗਾ। ਉਹ ਇਸ ਬੋਝ ਹੇਠਾਂ ਆਣ ਕੇ ਮਰ ਜਾਵੇਗਾ। ਉਸ ਨੂੰ ਕੋਈ ਤਾਂ ਸੰਭਾਲੋ!

ਲਾੜਾ ਬੜੀ ਬੇ-ਸੁਰਤੀ ਵਾਲੀ ਚਾਲ ਵਿੱਚ ਆਪਣੇ ਕਮਰੇ ਵਿਚ ਪਹੁੰਚਦਾ ਹੈ। ਲਾੜੀ, ਜਿਸ ਨੂੰ ਉਸਨੇ ਹਾਲੇ ਤੱਕ ਦੇਖਿਆ ਨਹੀਂ ਸੀ। ਜਿਸ ਨੂੰ ਉਹ ਦੇਖਣਾ ਵੀ ਨਹੀਂ ਚਾਹੁੰਦਾ ਸੀ। ਜਿਸ ਨੂੰ ਸਿਰਫ਼ ਘਰਦਿਆਂ ਨੇ ਪਸੰਦ ਕੀਤਾ ਸੀ। ਉਹ ਆਪਣੇ ਪਤੀ ਨੂੰ ਆਪਣੇ ਵੱਲ ਆਉਂਦਿਆਂ ਦੇਖ ਅੰਦਰੋ-ਅੰਦਰ ਮਚਲ ਰਹੀ ਸੀ, ਪਰ ਲਾੜਾ ਇਹੀ ਸੋਚ ਮਰਦਾ ਜਾ ਰਿਹਾ ਸੀ ਕਿ 'ਮੈਂ ਆਪਣੇ ਵਾਅਦੇ ਤੋਂ ਕਿਵੇਂ ਭੱਜ ਸਕਦਾ ਹਾਂ?' ਫਿਰ ਇਸ ਸਭ ਵਿੱਚ ਗ਼ਲਤੀ ਵੀ, ਉਸ ਨੂੰ ਆਪਣੀ ਹੀ ਜਾਪ ਰਹੀ ਸੀ। ਕਿਉਂਕਿ ਜਿਸ ਕੁੜੀ ਨੂੰ, ਉਹ ਪਸੰਦ ਕਰਦੀ ਸੀ ਉਸ ਨੂੰ ਉਹ "ਏਨਾ ਵੀ" ਕਹਿ ਨਾ ਸਕਿਆ।

ਮਾਪਿਆਂ ਨੇ ਕਿੰਨੀ ਵਾਰ ਪੁੱਛਿਆ ਸੀ 'ਕੋਈ ਪਸੰਦ ਆ ਤਾਂ ਦੱਸਦੇ?' ਪਰ ਲਾੜੇ ਨੇ 'ਚੂੰ' ਨਾ ਕੀਤੀ। ਮਗਰੋਂ ਘਰਦਿਆਂ ਨੇ ਆਪਣੇ ਮਨ ਦੀ ਕਰੀ ਤੇ ਰਿਸ਼ਤਾ ਪੱਕਾ ਕਰ ਆਏ। ਹੁਣ ਵਿਆਹ ਹੋਣ ਮਗਰੋਂ ਆਹ ਵੇਲਾ ਆਣ ਬਹੁੜਿਆ ਸੀ। ਪਰ ਇਹ ਸਭ ਲਾੜੇ ਦੀ 'ਨਾ-ਪੱਖੀ-ਹਾਂ' ਦਾ ਹੀ ਹਾਸਲ ਸੀ। ਜਿਸਤੋਂ ਉਸਦੀ ਰੂਹ ਭੱਜ ਰਹੀ ਸੀ ਤੇ ਜਿਸਮ ਹੇਠਾਂ ਲੱਗੇ ਪੈਰ ਕੋਲ ਲਿਜਾ ਰਹੇ ਸਨ। ਉਹ ਨਵੀਂ ਵਿਆਹੀ ਦੇ ਬੈੱਡ 'ਤੇ ਜਾ ਬਹਿੰਦਾ ਹੈ। ਹਾਲੇ ਵੀ ਉਸ ਕੋਲ ਕੋਈ ਸ਼ਬਦ ਨਹੀਂ, ਉਹ ਗੂੰਗਾ ਜਿਹਾ ਬਣਿਆ! ਕਦੀ ਇਧਰ ਤੇ ਕਦੀ ਉਧਰ ਵੇਖਦਾ ਹੈ। ਬਹੂ ਘੁੰਢ ਵਿਚ ਲੁਕੀ ਕਿਸੇ ਨੂਰਾਨੀ ਚਿਹਰੇ ਦਾ ਇੰਤਜ਼ਾਰ ਕਰ ਰਹੀ, ਹੁਣ ਤੱਕ ਥੱਕ ਚੁੱਕੀ ਜਾਪ ਰਹੀ ਸੀ, ਪਰ ਘੁੰਢ ਬਾਕਾਇਦਾ ਬਣਿਆਂ ਹੋਇਆ ਸੀ।

ਦੁਨੀਆ ਪਰਦਿਆਂ ਵਿਚ ਲੁਕੀ ਹੋਈ ਹੈ। ਤੁਸੀਂ ਪਰਦੇ ਚੁੱਕੋ ਤਾਂ ਸੱਤ-ਬਿਗਾਨੇ ਆਪਣੇ ਹੋ ਸਕਦੇ ਹਨ ਪਰ ਕਦੀ ਕਦੀ ਉਲਟ ਵੀ ਹੋ ਸਕਦਾ। ਕੌਣ ਜਾਣਦਾ ਕਿ ਕਿਸੇ ਦੇ ਦਿਲ ਵਿਚ ਕੀ ਚੱਲ ਰਿਹਾ? ਲਾੜੇ ਨੇ ਰਤਾ ਅਗਾਂਹ ਵਧ ਕੇ ਆਪਣੀ ਕਿਸਮਤ ਨੂੰ ਅਜ਼ਮਾਉਣਾ ਚਾਹਿਆ ਤੇ ਘੁੰਢ ਚੁੱਕ ਨੀਵੀਂ ਪਾ ਲਈ। ਨਵੀਂ-ਵਿਆਹੀ ਦੇ ਸੂਹੇ ਮੁੱਖ ਵਿਚੋਂ ਨਿਕਲੇ ਸ਼ਬਦ ਲਾੜੇ ਦੇ ਧੁਰ ਦਿਲ ਵਿਚ ਜਾ ਖੁੱਭੇ। 'ਜਾਹ ਓਏ ਸੇਵੀ, ਓਦੋਂ ਕਹਿ ਨੀਂ ਸਕਿਆ ਤੇ ਹੁਣ... ਵੇਖਦਾ ਵੀ ਨੀਂ...? ਕਹਿ ਲਾੜੀ ਸੰਗ ਗਈ। ਸੇਵੀ ਵੇਖਦਾ ਹੀ ਰਹਿ ਗਿਆ ਤੇ ਏਨਾ ਹੀ ਕਹਿ ਸਕਿਆ 'ਤੂੰ?'

ਕਹਾਣੀ

# ਪਿੱਠ ਪਿੱਛੇ

## ਜਸਵਿੰਦਰ ਧਰਮਕੋਟ



ਜਸਵਿੰਦਰ ਧਰਮਕੋਟ

ਜਸਵਿੰਦਰ ਧਰਮਕੋਟ: ਜਿਥੇ ਸੰਵੇਦਨਸ਼ੀਲ ਬਿਰਤੀ ਅਤੇ ਦ੍ਰਿਸ਼ਟੀ ਰੱਖਦੈ ਉਥੇ ਨਾਲੋਂ ਨਾਲ ਇਹਨਾਂ ਵਰਤਾਰਿਆਂ ਨੂੰ ਖੂਬਸੂਰਤ ਕਹਾਣੀ ਵਿੱਚ ਵੀ ਢਾਲਣ ਦੇ ਸਮਰੱਥ ਹਨ। ਉਹਨਾਂ ਦੀ ਰਚਨਾ ਪੜ੍ਹਣ ਤੋਂ ਬਾਦ, ਉਹਨਾਂ ਦੇ ਪਾਤਰ ਹਮੇਸ਼ਾ ਸਮਾਜ ਦੇ ਆਲੇ ਦੁਆਲੇ ਵਿਚ ਵਿਚਰਦੇ ਦਿਸਦੇ ਰਹਿੰਦੇ ਹਨ, ਜੋ ਜ਼ਿੰਦਗੀ ਦੇ ਕਰੂਰ-ਵਰਤਾਰਿਆਂ ਨਾਲ ਸਿੰਝਦੇ ਪਿਸਦੇ, ਹਾਰ ਨਹੀਂ ਮੰਨਦੇ। ਅੱਜ ਦੇ ਭ੍ਰਿਸ਼ਟ ਵਾਤਾਵਰਣ ਨੂੰ ਉਸਦੀ ਕਲਮ ਨਿੱਡਰ ਹੋ ਕੇ ਟੱਕਰਦੀ ਹੈ। ਕੁਝ ਇਸੇ ਤਰ੍ਹਾਂ ਦੀ ਉਂਗਲ ਸਾਡੇ ਸਰਕਾਰੀ ਤੰਤਰ ਅਤੇ ਮੋਟੀਆਂ-ਤਨਖਾਹਾਂ ਲੈਣ ਵਾਲਿਆਂ ਦੇ ਸੱਚ 'ਤੇ ਰੱਖਦੀ ਕਹਾਣੀ 'ਪਿੱਠ ਪਿਛੇ' ਛਾਪਣ ਦਾ ਮਾਣ ਲੈ ਰਹੇ ਹਾਂ। -ਦਰਸ਼ਨ ਜੋਗਾ

"ਨਹੀਂ ਜੀ, ਅਸੀਂ ਉਸ ਦਾ ਨਾਮ ਦਾਖ਼ਲ ਨਹੀਂ ਰੱਖ ਸਕਦੇ। ਜਿਹੜਾ ਹੁਣੇ ਈ ਲਿਖਦੈ 'ਮੈਨੂੰ ਗਰੁੱਪ ਚੋਂ ਰਿਮੂਵ ਕੀਤੈ ਨਾ। ਵੇਖਿਓ! ਕਿਵੇਂ ਧੱਕ ਪਾਉਂਦਾ ਜੱਟ ਹੁਣ।' ਜਿਹੜਾ ਬਿਨਾ ਸਕੂਲ ਆਏ ਇੰਝ ਧਮਕੀਆਂ ਦਿੰਦੈ, ਉਹ ਅੱਗੇ ਖ਼ਬਰੇ ਕੀ ਗੁਲ ਖਿੜਾਊ? ਜੇ ਸਰਕਾਰ ਦੀਆਂ ਔਨ-ਲਾਈਨ ਦਾਖ਼ਲੇ ਦੀਆਂ ਹਦਾਇਤਾਂ ਨਾ ਹੁੰਦੀਆਂ ਤਾਂ ਅਸੀਂ ਅਜਿਹੇ ਵਿਦਿਆਰਥੀ ਨੂੰ ਨੇੜੇ ਵੀ ਨਾ ਲੱਗਣ ਦਿੰਦੇ। ਫ਼ੋਨ ਕਰੀਏ ਤਾਂ ਅੱਗੋਂ ਕੱਟ ਦਿੰਦੈ। ਆਹ ਪ੍ਰਿੰਸੀਪਲ ਮੈਡਮ ਬੈਠੇ ਨੇ। ਇਹ ਖ਼ੁਦ ਸਾਰੀ ਗੱਲ ਦੇ ਗਵਾਹ ਨੇ।" ਮੈਂ ਖਿਝੇ ਹੋਏ ਨੇ ਆਖਿਆ।

"ਵੇਖ ਲਓ, ਮਰਜ਼ੀ ਐ ਤੁਹਾਡੀ। ਐਨੀ ਵੀ ਕੀ ਆਖ਼ਰ ਆ ਗਈ ਦੋ ਮੈਸਜਾਂ ਨਾਲ। ਮੁੰਡੀਰ ਐ... ਕਿਹੜਾ ਮੰਨਦੀ ਐ ਕਿਸੇ ਦੀ।" ਉਸ ਨੇ ਅੱਗੋਂ ਜਵਾਬ ਦਿੱਤਾ।

"ਜਿਹੜੀ ਹੁਣੇ ਈ ਨਹੀਂ ਮੰਨਦੀ, ਉਹ ਅੱਗੇ ਕੀ ਕਰੂ। ਉਹਨੂੰ ਦੋ ਵਾਰ ਪਹਿਲਾਂ ਵੀ ਗਰੁੱਪ 'ਚ ਗ਼ਲਤ ਮੈਸਜ ਪਾਉਣ ਤੋਂ ਰੋਕਿਆ ਸੀ। ਹੱਟਣ ਦੀ ਬਜਾਇ ਉਹਨੇ ਅਸ਼ਲੀਲ ਵੀਡੀਓ ਪਾ

ਅਪੂਰਨ ਆਰਜ਼ੂ ਲੈ ਆਈ ਹੈ ਤੇਰੇ ਦਰਾਂ 'ਤੇ।
ਭਰੋਸਾ ਨਾ ਰਿਹਾ ਪੰਛੀ ਨੂੰ ਜਦ ਅਪਣੇ ਪਰਾਂ 'ਤੇ।

-(ਅਗਲੇ ਸਫ਼ੇ 'ਤੇ)

ਦਿੱਤੀਆਂ। ਰੋਕਿਆ ਤਾਂ ਅੱਗੋਂ ਲਿਖਦਾ, ਜੱਟ ਤਾਂ ਇਉਂ ਈ ਕਰੂ। ਤੁਸੀਂ ਆਪ ਈ ਦੱਸੋ, ਜਿਹਨਾਂ ਦੀਆਂ ਧੀਆਂ-ਭੈਣਾਂ ਕੋਲ ਇਹ ਵੀਡੀਓ ਪਹੁੰਚੀਆਂ ਨੇ, ਉਹਨਾਂ ਨੂੰ ਕੀ ਜਵਾਬ ਦੇਈਏ ਅਸੀਂ? ਜੇ ਇਹੀ ਵੀਡੀਓਜ਼ ਕਿਸੇ ਨੇ ਤੁਹਾਡੀ ਕੁੜੀ ਨੂੰ ਭੇਜੀਆਂ ਹੁੰਦੀਆਂ ਤਾਂ ਤੁਸੀਂ ਬਰਦਾਸ਼ਤ ਕਰਦੇ?'' ਮੈਂ ਮੋੜਵਾਂ ਸਵਾਲ ਕੀਤਾ।

''ਚਲੋ ਵੇਖ ਲਓ ਇੱਛਾ ਐ ਤੁਹਾਡੀ। ਉਂਜ ਦਾਖ਼ਲ ਕਰਵਾਉਣਾ ਤਾਂ ਸਾਨੂੰ ਆਉਂਦੈ। ਹੈ ਤਾਂ ਪਿੰਡ ਦਾ ਸਰਕਾਰੀ ਸਕੂਲ ਈ.., ਇਹ ਕਿਹੜਾ...।'' ਉਹ ਹੰਕਾਰੀ ਲਹਿਜ਼ੇ ਵਿੱਚ ਬੋਲਿਆ।

''ਜੇ ਤੁਹਾਨੂੰ ਦਾਖ਼ਲ ਕਰਾਉਣੈ ਆਉਂਦਾ ਈ ਐ ਤਾਂ ਫਿਰ ਤੁਸੀਂ ਇੱਥੇ ਆਏ ਕੀ ਦੱਸਣ ਓ? ਜੋ ਤੁਹਾਥੋਂ ਹੁੰਦੈ ਤੁਸੀਂ ਕਰ ਲਿਓ, ਜੋ ਸਾਥੋਂ ਹੋਇਆ ਅਸੀਂ ਕਰ ਲਵਾਂਗੇ। ਸਰਕਾਰੀ ਦਾ ਮਤਲਬ ਇਹ ਤਾਂ ਨਹੀਂ ਕਿ ਇਹ ਤੁਹਾਡੇ ਹੁਕਮਾਂ ਤੇ ਚੱਲੇ, ਤੁਹਾਡੇ ਹੁਕਮਾਂ ਤੇ ਬੰਦ ਹੋਵੇ। ਉਹਨੂੰ ਕਹੋ ਪਹਿਲਾਂ ਜਿਹੜੀ 'ਧੱਕ' ਪਾਉਣੀ ਐ ਪਾ ਲਵੇ। ਫਿਰ ਦਾਖ਼ਲੇ ਬਾਰੇ ਵੀ ਸੋਚ ਲਵਾਂਗੇ। ਸਹੁਰੀ ਦੇ ਫ਼ੁਕਰਿਆਂ ਗਾਇਕਾਂ ਮਗਰ ਲੱਗ ਕੇ...।''

''ਕੋਈ ਗੱਲ ਨਹੀਂ ਗੁਰਨਾਮ ਸਿੰਘ ਜੀ ਤੁਸੀਂ ਜਾਓ ਹੁਣ। ਬੱਚੇ ਨੂੰ ਨਾਲ ਲੈ ਕੇ ਆਇਓ ਕੱਲ੍ਹ। ਆਪਾਂ ਦੇਖ ਲਵਾਂਗੇ। ਤੁਸੀਂ ਬੈਠੋ ਸ਼ਰਮਾ ਜੀ।'' ਪ੍ਰਿੰਸੀਪਲ ਰੁਕਮਨੀ ਦੇਵੀ ਨੇ ਅਫ਼ਸਰ ਹੁੰਦਿਆਂ ਹੋਇਆਂ ਉਸ ਅੱਗੇ ਲੇਲੜ੍ਹੀ ਕੱਢੀ।

''ਮੈਡਮ ਸਿੱਧੀ ਗੱਲ ਆ... ਮੁਆਫ਼ੀ ਮੰਗੇ ਬਿਨਾ, ਮੈਂ ਵੀ ਦਾਖ਼ਲ ਨਈਂ ਕਰਨ ਦੇਣਾ। ਲੋਕਾਂ ਦੇ ਘਰ-ਘਰ ਜਾ, ਤਰਲੇ ਪਾ-ਪਾ, ਲੈ ਕੇ ਆਈ ਦੇ ਨੇ ਜੁਆਕ। ਕੁੜੀਆਂ ਤਾਂ ਖਾਸ ਕਰ ਕੇ ਮਿੰਨਤਾਂ ਕਰ-ਕਰ ਲੈ ਕੇ ਆਈ ਦੀਆਂ। ਉਹਨਾਂ ਦੇ ਮਾਂ-ਬਾਪ ਤਾਂ ਪਹਿਲਾਂ ਈ ਕਹਿੰਦੇ ਨੇ, 'ਅਸੀਂ ਨਈਂ ਸਰਕਾਰੀ ਸਕੂਲ 'ਚ ਭੇਜਣਾ। ਮੁੰਡੀਰ ਤੁਹਾਡੀ ਦੇ ਨਾ ਬੋਧੇ ਸੂਤ ਆਉਂਦੇ ਆ, ਨਾ ਮੋਟਰ ਸਾਈਕਲ। ਤੀਜੇ ਦਿਨ ਗੇਟ ਦੇ ਬਾਹਰ ਲੜਾਈ ਪਈ ਰਹਿੰਦੀ ਆ। ਆਹ ਗੰਦੀਆਂ ਵੀਡੀਓ ਦੇ ਕਿਹੜੇ ਮੂੰਹ ਨਾਲ ਜਵਾਬ ਦੇਣੇ ਆ, ਸਾਨੂੰ ਈ ਪਤਾ। ਉੱਥੇ ਨਾ ਤਾਂ ਉਤਲੇ ਅਧਿਕਾਰੀਆਂ ਨੇ ਆਉਣੈ ਤੇ ਨਾ ਤੁਸੀਂ ਕਿਸੇ ਦੇ ਘਰ ਜਾਣਾ।''

''ਰਮਨਪਾਲ ਸਰ, ਤੁਸੀਂ ਸ਼ਰਮਾ ਜੀ ਨੂੰ ਸਟਾਫ਼-ਰੂਮ 'ਚ ਲਿਜਾ ਕੇ, ਪਾਣੀ-ਪੂਣੀ ਪਿਆਓ,ਆਪਾਂ ਕਰਦੇ ਆਂ ਗੱਲ।'' ਪ੍ਰਿੰਸੀਪਲ ਨੇ ਰਮਨ ਪਾਲ ਨੂੰ ਕਿਹਾ।

ਰਮਨ ਪਾਲ ਪੰਜਾਬੀ ਦਾ ਅਧਿਆਪਕ ਹੈ। ਉਮਰ ਵਿੱਚ ਮੈਥੋਂ ਛੋਟਾ ਹੋਣ ਅਤੇ ਕੰਮ ਕਾਰਨ ਉਹ ਮੇਰਾ ਬਹੁਤ ਸਤਿਕਾਰ ਕਰਦਾ ਹੈ। ਉਸ ਨੂੰ ਪਤਾ ਹੈ ਕਿ ਸਕੂਲ ਵਿਚ ਜੇ ਵਿਦਿਆਰਥੀ ਕਿਸੇ ਦੀ  ਗੱਲ ਸਭ ਤੋਂ ਵੱਧ ਮੰਨਦੇ ਸਨ ਤਾਂ ਉਹ ਵੀ ਮੇਰੀ ਜੇ ਡਰਦੇ ਸਨ ਤਾਂ ਉਹ ਵੀ ਮੇਰੇ ਤੋਂ । ਇਸੇ ਲਈ ਜਦੋਂ ਕਿਤੇ ਕੋਈ ਮਸਲਾ ਖੜਾ ਹੁੰਦਾ ਤਾਂ ਰੁਕਮਨੀ ਦੇਵੀ ਮੈਨੂੰ ਅੱਗੇ ਕਰ ਦਿੰਦੀ। ਰਮਨਪਾਲ ਸ਼ਾਇਦ ਇਸ ਮਸਲੇ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਸੀ, ਇਸੇ ਕਰਕੇ ਉਸਨੇ ਪੁੱਛਿਆ, ''ਹੋਇਆ ਕੀ ਸੀ ਸਰ?''

''ਇਸ ਸ਼ਖ਼ਸ ਦਾ ਬੇਟਾ ਐ ਰਾਜਦੀਪ ਸਿੰਘ, ਪਲੱਸ ਵੰਨ ਵਿਚ। ਉਹਨੇ ਕੱਲ੍ਹ ਕਲਾਸ ਵਾਲੇ ਗਰੁੱਪ ਵਿੱਚ ਪਹਿਲਾਂ ਅਸ਼ਲੀਲ ਫੋਟੋਆਂ... ਫਿਰ ਵੀਡੀਓਜ਼ ਪੋਸਟ ਕੀਤੀਆਂ...। ਪ੍ਰਿੰਸੀਪਲ ਮੈਡਮ ਸੁਭਾਵਿਕ ਈ ਉਸ ਵੇਲੇ ਗਰੁੱਪ ਦੇਖ ਰਹੇ ਸੀ। ਉਹਨਾਂ ਵੀਡੀਓਜ਼ ਦੇਖਦਿਆਂ ਈ ਮੈਨੂੰ ਫ਼ੋਨ ਕੀਤਾ ਕਿ ਇਹਨੂੰ ਸਮਝਾਓ। ਜੇ ਨਹੀਂ ਰੁਕਦਾ ਤਾਂ ਗਰੁੱਪ 'ਚੋਂ ਰਿਮੂਵ ਕਰ ਦਿਉ। ਮੈਂ ਇਹ ਨੂੰ ਤਿੰਨ-ਚਾਰ ਵਾਰ ਫ਼ੋਨ ਕੀਤਾ ਪਰ ਇਹ ਅੱਗੋਂ ਫ਼ੋਨ ਕੱਟ ਦਿਆ ਕਰੇ। ਮੈਂ ਸੋਚਿਆ ਸ਼ਾਇਦ ਡਰ ਗਿਆ ਹੋਣੈ, ਤਾਂਹੀਓ ਨਹੀਂ ਚੁੱਕਦਾ ਫ਼ੋਨ।''

''ਫਿਰ?'' ਰਮਨਪਾਲ ਨੇ ਸਵਾਲੀਆ ਲਹਿਜ਼ੇ ਵਿੱਚ ਹੁੰਗਾਰਾ ਦਿੱਤਾ।

''ਫਿਰ ਕੀ... ਮੈਂ ਮੈਸਜ਼ ਕਰ ਕੇ ਗਰੁੱਪ ਵਿੱਚੋਂ ਰਿਮੂਵ ਕਰਨ ਦੀ ਚੇਤਾਵਨੀ ਦਿੱਤੀ। ਇਹ ਅੱਗਿਓਂ ਬਹਿਸਣ ਲੱਗਾ। ਮੈਂ ਗਰੁੱਪ 'ਚੋਂ ਰਿਮੂਵ ਕਰਤਾ। ਇਹ ਪਰਸਨਲ ਮੈਸਜ਼ ਕਰਨ ਲੱਗਾ, 'ਜੱਟ ਨੂੰ ਰਿਮੂਵ ਕਰਤਾ ਨਾ ਤੂੰ... ਵੇਖੀਂ ਜੱਟ ਹੁਣ ਕਿਵੇਂ ਧੱਕ ਪਾਉਂਦੈ।''

ਮੈਂ ਮੈਡਮ ਨੂੰ ਸਾਰਾ ਵਾਰਤਾਲਾਪ ਦੱਸਿਆ। ਮੈਡਮ ਕਹਿੰਦੇ ਕਿ ਮੈਸਜ਼ ਪਾ ਦਿਉ ਕਿ ਤੇਰਾ ਨਾਮ ਕੱਟ ਦਿੱਤਾ ਗਿਐ। ਕੱਲ੍ਹ ਮਾਤਾ-ਪਿਤਾ ਨੂੰ ਨਾਲ ਲੈ ਕੇ ਸਕੂਲ ਆ ਕੇ ਮਿਲੋ। ਸਕੂਲ ਆ ਕੇ ਕਿੱਦਾਂ ਮਿਲੇ ਨੇ, ਇਹ ਹੁਣ ਤੂੰ ਦੇਖ ਈ ਲਿਆ ਐ। ਮੁੰਡਾ ਕਹਿੰਦੈ ਮੈਂ ਤਾਂ ਨਹੀਂ ਆਉਂਦਾ। ਪਿਉ ਦਾ ਵਿਹਾਰ ਤੂੰ ਵੇਖ ਈ ਲਿਐ। ਮੁੰਡਾ ਤਾਂ ਕੱਲ੍ਹ ਸ਼ਾਮ ਦਾ ਹੋਰ ਈ ਫ਼ੁਕਰਾ ਜਿਹਾ ਸਟੇਟਸ ਪਾਈ ਫਿਰਦਾ 'ਏਰੀਏ 'ਚ ਮਿੱਤਰਾਂ ਨੂੰ ਬੌਸ ਕਹਿੰਦੇ ਨੇ'।

''ਬਸ ਸਰ! ਕਾਹਦਾ ਲਾਕ-ਡਾਊਨ ਤੇ ਕਾਹਦੇ ਗਰੁੱਪ। ਨਿੱਤ ਨਵੇਂ ਸਿਆਪੇ ਨੇ। ਪਤਾ ਨਹੀਂ ਹਾਲੇ ਕੀ-ਕੀ ਚੰਦ ਚਾੜ੍ਹਨੇ ਆ ਇਹਨਾਂ ਗਰੁੱਪਾਂ ਨੇ। ਮੇਰੀ ਕਲਾਸ ਦੇ ਵੀ ਪਰਸੋਂ ਇੱਕ ਲੜਕੀ ਦੇ ਪੇਰੈਂਟਸ ਦਾ ਫ਼ੋਨ ਆਇਆ ਸੀ। ਕਹਿੰਦੇ ਸਾਡੀ ਕੁੜੀ ਨੂੰ ਰੋਜ਼ ਕੋਈ ਗ਼ਲਤ ਮੈਸਜ਼ ਕਰਦੈ। ਕਹਿੰਦੈ ਮੈਂ ਤੇਰੀ ਬੀ ਕਲਾਸ ਦਾ ਵਿਦਿਆਰਥੀ ਹਾਂ। 'ਤੈਨੂੰ ਸੱਤਵੀਂ ਤੋਂ ਲੈਕੇ ਹਰ ਰੋਜ਼ ਦੇਖਦਾਂ। ਪਰਸੋਂ ਦਸ ਵਜੇ ਕਾਪੀਆਂ ਚੈੱਕ ਕਰਾਉਣ ਬਹਾਨੇ ਸਕੂਲ ਆ ਜਾਈਂ। ਆਪਾਂ ਰਾਹ ਵਾਲੀ ਧਰਮਸ਼ਾਲਾ ਦੇ ਪਿਛਲੇ ਪਾਸੇ ਮਿਲਾਂਗੇ। ਜੇ ਨਾ ਆਈ ਨਾ, ਕਿਸੇ ਦਿਨ ਰਾਹ 'ਚੋਂ ਹੀ ਚੁੱਕ ਕੇ ਲੈ ਜਾਣਾ, ਫਿਰ ਨਾ ਕਹੀਂ ।'

''ਤੂੰ ਕੀ ਕਿਹਾ ਫਿਰ...?''

''ਮੈਂ ਕੀ ਕਹਿਣਾ ਸੀ ਜੀ। ਮੈਂ ਕਿਹਾ ਕਿ ਤੁਸੀਂ ਨੰਬਰ ਬਲਾਕ ਕਰ ਦਿਉ। ਕੋਈ ਗੱਲ ਨੀਂ। ਦੋਬਾਰਾ ਫ਼ੋਨ ਆਇਆ ਤਾਂ ਫੇਰ ਦੱਸਣਾ। ਉਹ ਤਾਂ ਘਰ ਦੇ ਵਿਚਾਰੇ ਭਲਾਮਾਨਸ ਨੇ। ਕੁੜੀ ਦਾ ਪਿਉ ਬੀਮਾਰ ਰਹਿੰਦਾ ਤੇ ਮਾਂ ਵਿਚਾਰੀ ਲੋਕਾਂ ਦੇ ਘਰੇ ਕੰਮ ਕਰਦੀ ਐ। ਜੇ ਕੋਈ 'ਚੰਗੇ' ਘਰ ਦਾ ਹੁੰਦਾ ਤਾਂ ਪੰਗਾ ਪੈ ਈ ਜਾਣਾ ਸੀ।''

''ਪਰ ਜੇ ਉਹ ਲੜਕਾ ਨਾ ਹਟਿਆ। ਜੇ ਉਹਨੇ ਕਿਹਾ ਮੈਨੂੰ ਕਿਹੜਾ ਕਿਸੇ ਨੇ ਰੋਕਿਆ ਤਾਂ ਫੇਰ ਕੀ ਕਰੇਂਗਾ?''

''ਫੇਰ ਨਾਲ ਫੇਰ ਵੇਖੀ ਜਾਊ ਸਰ। ਆਪਾਂ ਕਰ ਵੀ ਕੀ ਸਕਦੇ ਆਂ? ਕੁੱਟ ਆਪਾਂ ਨਹੀਂ ਸਕਦੇ। ਨਾਮ ਕੱਟਦੇ ਆਂ ਤਾਂ ਗਿਣਤੀ ਘਟਦੀ ਐ। ਫੇਲ ਕਰੀਏ ਤਾਂ ਸ਼ਤ-ਪ੍ਰਤੀਸ਼ਤ ਮਿਸ਼ਨ ਡਿੱਗਦੈ। ਕਰੀਏ ਤਾਂ ਕੀ...? ਇਸੇ ਕਰ ਕੇ ਤਾਂ ਬਹੁਤੇ ਮਾਂ-ਬਾਪ ਪ੍ਰਾਈਵੇਟ ਸਕੂਲਾਂ ਨੂੰ ਤਰਜ਼ੀਹ ਦਿੰਦੇ ਨੇ। ਪਤਾ ਨਈਂ ਕਦੋਂ ਆਹ ਲਾਕ-ਡਾਊਨ ਹਟੂ, ਕਦੋਂ ਮੋਬਾਈਲਾਂ ਦਾ ਫਾਹਾ ਮੁੱਕੂ।''

''ਰਮਨਪਾਲ! ਗੱਲ ਤਾਂ ਤੇਰੀ ਠੀਕ ਐ। ਪਰ ਇਹ ਇੱਕਲੇ ਮੋਬਾਈਲਾਂ ਤੇ ਲਾਕ-ਡਾਊਨ ਦਾ ਕਸੂਰ ਨਹੀਂ। ਕਸੂਰ ਤਾਂ ਸਾਡੀ ਉਸ ਸੋਚ, ਉਸ ਵਿਚਾਰਧਾਰਾ ਦਾ ਐ, ਜਿਹੜੀ ਇਸ ਪਿੱਛੇ ਕੰਮ ਕਰ ਰਹੀ ਐ। ਬੱਚੇ ਉਹੀ ਕੁੱਝ ਬੋਲ ਅਤੇ ਅਪਣਾ ਰਹੇ ਆ ਜੋ

ਉਨ੍ਹਾਂ ਨੂੰ ਦੋ ਜਹਾਨਾਂ ਵਿਚ ਕਿਤੇ ਢੋਈ ਨਾ ਮਿਲਣੀ,
ਜਿਹੜੇ ਮਰਦੇ ਨੇ ਕਰਜ਼ਾ ਪਿਆਰ ਦਾ ਲੈ ਕੇ ਸਿਰਾਂ 'ਤੇ। -ਸਿਰੀ ਰਾਮ ਅਰਸ਼

ਇਹਨਾਂ ਨੂੰ ਸੁਣਾਇਆ ਤੇ ਵਿਖਾਇਆ ਜਾ ਰਿਹੈ। ਡਾਕਟਰ, ਇੰਜੀਨੀਅਰ, ਪੱਤਰਕਾਰ, ਫੌਜ਼ੀ, ਖਿਡਾਰੀ ਆਦਿ ਕੁੱਝ ਵੀ ਬਨਣ ਤੋਂ ਪਹਿਲਾਂ, ਇਹ ਸਾਰੇ ਯੂਨੀਵਰਸਲ ਜੱਟ ਬਣਨ ਲੱਗ ਪਏ ਆ। ਪ੍ਰਾਈਵੇਟ ਸਕੂਲਾਂ ਵਾਲੇ ਬੱਚਿਆਂ ਦਾ ਵਤੀਰਾ ਵੀ ਕੋਈ ਬਹੁਤਾ ਚੰਗਾ ਨਈਂ। ਬੱਸ ਉਹ ਸਕੂਲ ਆਉਂਦੇ-ਜਾਂਦੇ ਜ਼ਰੂਰ ਆ ਡੇਲੀ।'' ਮੈਂ ਆਪਣੀ ਦਲੀਲ ਰੱਖੀ।

''ਹਾਂ ਸਰ! ਪਤਾ ਨਹੀਂ ਕੀ ਹੋਈ ਜਾਂਦਾ ਸਾਡੇ ਸਮਾਜ ਨੂੰ। ਇਹ ਮੁੰਡਾ ਤਾਂ ਕੰਬੋਜ ਐ, ਜੱਟ ਵੀ ਨਹੀਂ।''

''ਰਮਨਪਾਲ! ਇਹਨਾਂ ਨੂੰ ਆਪਣੀ ਪਿਛੋਕੜ ਦਾ ਤਾਂ ਪਤਾ ਈ ਨਹੀਂ। ਇਹਨਾਂ ਵਿੱਚੋਂ ਤਾਂ ਉਸ ਗੀਤਕਾਰ ਜਾਂ ਗਾਇਕ ਦੀ ਭਾਸ਼ਾ ਬੋਲਦੀ ਆ ਜਿਹੜੇ ਆਪਣੀ ਰੋਟੀ ਲਈ ਜੱਟ ਨੂੰ ਮੋਹਰਾ ਬਣਾਈ ਬੈਠੇ ਨੇ। ਜੱਟ ਸ਼ਬਦ ਇਹਨਾਂ ਲਈ ਇੱਕ ਆਈਕੋਨ ਬਣ ਗਿਐ। ਮੂਲ ਜਾਂ ਪਰੰਪਰਾ ਦਾ ਇਹਨਾਂ ਨੂੰ ਕੀ ਫ਼ਿਕਰ। ਇਹ ਜੱਟ, ਕੰਬੋਜ, ਮਜ਼ਬੀ ਸਿੱਖ, ਰਾਇ ਸਿੱਖ ਜੋ ਵੀ ਹੋਣ। ਇਹ ਤਾਂ ਖ਼ੁਦ ਨੂੰ ਇੰਟਰਨੈੱਟ ਜੱਟ ਮੰਨਦੇ ਨੇ। ਉਂਜ ਤਾਂ ਇਹਨਾਂ ਨੂੰ ਦਸਾਂ-ਗੁਰੂਆਂ ਦੇ ਨਾਂ ਵੀ ਤਰਤੀਬ ਵਿੱਚ ਨਹੀਂ ਪਤਾ। ਨਾ ਇਹ ਨਾਨਕ ਦੇ ਕੁੱਝ ਲਗਦੇ ਨੇ, ਨਾ ਕਬੀਰ ਦੇ। ਇਹਨਾਂ ਦਾ ਤਾਂ ਹੁਣ ਇਹੀ ਮਜ਼ਹਬ ਐ ਕਿ ਉੱਚੀ-ਉੱਚੀ ਡੈੱਕ ਚਲਾਓ, ਸੜਕਾਂ ਤੇ ਖੜ ਕੇ ਸੈਲਫ਼ੀਆਂ ਲਓ। ਨਵੇਂ-ਨਵੇਂ ਤਰੀਕਿਆਂ ਨਾਲ ਸਿਰ ਮੁੰਨਾਓ ਤੇ ਕਿਸੇ ਨਾਲ ਵੀ ਪੰਗਾ ਪਾਉਣ ਲੱਗੇ ਦੇਰ ਨਾ ਲਾਓ।''

''ਗੱਲ ਤਾਂ ਤੁਹਾਡੀ ਠੀਕ ਐ ਸਰ। ਪਰ ਸੋਚਣ ਵਾਲੀ ਗੱਲ ਤਾਂ ਇਹ ਐ ਕਿ ਇਹ ਕਿਸੇ ਦੇ ਵੀ ਕੁਛ ਕਿਓਂ ਨਹੀਂ ਲਗਦੇ?'' ਰਮਨਪਾਲ ਨੇ ਡੂੰਘਾ ਸੋਚਦਿਆਂ ਸਵਾਲ ਕੀਤਾ।

''ਰਮਨਪਾਲ! ਹਨ ਤਾਂ ਇਹ ਸਾਡੇ ਈ ਧੀਆਂ-ਪੁੱਤਰ। ਪਰ ਅਸਲੀਅਤ ਬਹੁਤ ਗਹਿਰੀ ਤੇ ਕੌੜੀ ਐ। ਦੋਸ਼ ਸਾਡਾ ਵੀ ਐ। ਅਸੀਂ ਵੀ ਮਤਲਬੀ, ਗੂੰਗੇ ਤੇ ਅਪਾਹਿਜ਼ ਬਣਕੇ ਜਿਉਣ ਦੇ ਆਦੀ ਹੋ ਗਏ ਹਾਂ। ਪ੍ਰਿੰਸੀਪਲ ਰੁਕਮਨੀ ਦੇਵੀ ਵਾਂਗ।''

''ਸਰ, ਤੁਸੀਂ ਠੀਕ ਕਹਿੰਦੇ ਹੋ। ਪਰ ਮੈਡਮ ਵੀ ਵਿਚਾਰੇ ਕੀ ਕਰਨ? ਸ਼ਾਮ ਤੱਕ ਦਸ ਫ਼ੋਨ ਸਰਪੰਚ ਦੇ ਆ ਜਾਣੇ ਆ... ਅਖੇ ਮੈਡਮ ਜੀ! ਬੱਚੇ ਗ਼ਲਤੀਆਂ ਕਰਦੇ ਈ ਹੁੰਦੇ ਨੇ। ਪਸਵਕ, ਸਕੂਲ ਮੈਨਜਮੈਂਟ ਕਮੇਟੀ ਵਿੱਚੋਂ ਅੱਧੇ ਮੈਂਬਰ ਤਾਂ ਇਹਨਾਂ ਦੇ ਈ ਹੱਕ ਵਿੱਚ ਬੋਲਣਗੇ। ਤੁਹਾਡੇ ਇਸ ਸਕੂਲ ਵਿਚ ਆਉਣ ਤੋਂ ਪਹਿਲਾਂ, ਇੱਥੋਂ ਜਿਹੜੇ ਪਿਛਲੇ ਪ੍ਰਿੰਸੀਪਲ ਅਸ਼ਵਨੀ ਵਰਮਾ ਰਿਟਾਇਰ ਹੋਏ ਨੇ। ਉਹਨਾਂ ਨਾਲ ਵੀ ਤਾਂ ਏਦਾਂ ਈ ਹੋਇਆ ਸੀ। ਉਹਨਾਂ ਗੁਰਨੈਬ ਸਿੰਘ ਚੇਅਰਮੈਨ ਦੇ ਭਤੀਜੇ ਨੂੰ ਪਲੱਸ-ਵੱਨ 'ਚੋਂ ਪਾਸ ਕਰਨ ਤੋਂ ਇਨਕਾਰ ਕਰਤਾ ਸੀ।''

''ਗੁਰਨੈਬ ਸਿੰਘ ਦਾ ਭਤੀਜਾ ਵੀ ਇਸ ਮੁੰਡੇ ਰਾਜਦੀਪ ਵਰਗਾ ਈ ਸੀ?'' ਮੈਂ ਸਵਾਲ ਕੀਤਾ।

''ਹਾਂ ਜੀ, ਇੱਕੋ ਥੈਲੀ ਦੇ ਈ ਚੱਟੇ-ਵੱਟੇ ਨੇ ਸਾਰੇ। ਗੁਰਨੈਬ ਸਿੰਘ ਦੇ ਭਤੀਜੇ ਤੋਂ ਪਲੱਸ-ਵੱਨ ਦੇ ਪੱਕੇ ਪੇਪਰਾਂ 'ਚ ਸੁਨੀਤਾ ਮੈਡਮ ਨੇ ਪਰਚੀਆਂ ਖੋ ਲਈਆਂ। ਉਹ ਸੁਨੀਤਾ ਮੈਡਮ ਨੂੰ ਗ਼ਲਤ ਬੋਲਿਆ ਤੇ ਉਹਨਾਂ ਨਾਲ ਬਦਤਮੀਜ਼ੀ ਕਰਨ ਲੱਗਾ। ਨਲਾਇਕ ਤਾਂ ਪਹਿਲਾਂ ਈ ਉਹ ਸਿਰੇ ਦਾ ਸੀ। ਜਦੋਂ ਉਹ ਪੇਪਰਾਂ 'ਚੋਂ ਫੇ਼ਲ ਹੋ ਗਿਆ ਤਾਂ ਗੁਰਨੈਬ ਸਿੰਘ ਦਾ ਤਾਂ ਨੱਕ ਹੀ ਵੱਢਿਆ ਗਿਆ।''

''ਫਿਰ ਕੀ ਹੋਇਆ?'' ਮੈਂ ਉਤਸੁਕਤਾ ਵੱਸ ਸਵਾਲ ਕੀਤਾ।

''ਹੋਣਾ ਕੀ ਸੀ। ਚੇਅਰਮੈਨ ਅਤੇ ਸਾਰੀ ਪੰਚਾਇਤ ਤੱਕ ਨੇ ਟਿੱਲ ਲਾਤੀ। ਪਰ ਵਰਮਾ ਸਰ ਵੀ ਨਾ ਮੰਨੇ। ਆਖ਼ਰਕਾਰ ਚੇਅਰਮੈਨ ਨੇ ਐਮ.ਐਲ.ਏ ਸਾਹਿਬ ਨੂੰ ਕਹਿ ਕੇ ਡੀ.ਈ.ਓ ਦਫ਼ਤਰ ਨਾਲ ਅਜਿਹੀ ਗੰਢ-ਤੁੱਪ ਕੀਤੀ ਕਿ ਰੀ-ਅਪੀਅਰ ਦੇ ਨਾਂ ਤੇ ਦੋਬਾਰਾ ਪੇਪਰ ਦਵਾ ਕੇ ਮੁੰਡਾ ਸੈਕਿੰਡ-ਡਿਵੀਜ਼ਨ ਵਿੱਚ ਪਾਸ ਕਰਵਾ ਕੇ ਛੱਡਿਆ।''

''ਸੁਨੀਤਾ ਮੈਡਮ ਦਾ ਕੀ ਬਣਿਆ?''

''ਬਣਨਾ ਕੀ ਸੀ ਸਰ। ਉਹਦੀ ਮੈਰਿਜ਼ ਹੋ ਗਈ ਤੇ ਉਹ ਅਗਲੇ ਸਾਲ ਬਦਲੀ ਕਰਵਾ ਕੇ ਚਲੀ ਗਈ।''

''ਵਰਮਾ ਸਰ ਦਾ ਕਿਸੇ ਨੇ ਸਾਥ ਨਾ ਦਿੱਤਾ?'' ਮੈਂ ਪੁੱਛਿਆ।

''ਸਾਥ ਕੀਹਨੇ ਦੇਣਾ ਸੀ ਸਰ। ਅਗਲੇ ਤਰੀਕਾ ਹੀ ਅਜਿਹਾ ਲੱਭਦੇ ਆ। ਆਹ ਚਾਂਦੀ ਦੀ ਜੁੱਤੀ ਕਾਹਦੇ ਲਈ ਬਣੀ ਆ। ਦਫਤਰਾਂ ਵਿਚ ਅਗਲੇ ਸਿਰ ਪਹਿਲਾਂ ਨੀਵਾਂ ਕਰੀ ਈ ਬੈਠੇ ਆ... ਅਖੇ ਤੁਸੀਂ ਜੁੱਤੀ ਲਿਆਓ, ਅਸੀਂ...। ਕਿਸੇ ਹੋਰ ਮਹਿਕਮੇ ਵਿੱਚ ਤਾਂ ਭਾਵੇਂ ਕੁੱਝ ਬਚਿਆ ਹੋਵੇ। ਆਪਣੇ ਮਹਿਕਮੇ ਵਿਚ ਤਾਂ ਆਪਣੇ ਅਧਿਕਾਰੀ ਈ ਪਹਿਲਾਂ ਲੱਤਾਂ ਵੱਢਦੇ ਆ। ਫਿਰ ਸਕੂਲ ਵਿੱਚ ਵੀ ਤਾਂ ਕਈ ਵਿਹਲੜ ਤੇ ਨਿਕੰਮੇ ਹੁੰਦੇ ਆ ਇਹਨਾਂ ਨਾਲ ਰਲਣ ਵਾਲੇ। ਹੋਰ ਨਹੀਂ ਤਾਂ ਮਿੰਟੋ-ਮਿੰਟੀ ਕਿਸੇ ਗਰੀਬ ਨੂੰ ਚਾਰ ਛਿੱਲੜ ਦੇ ਕੇ ਵਿਦਿਆਰਥੀਆਂ ਨੂੰ ਸ਼ਰੀਰਕ ਸਜ਼ਾ ਦੇਣ ਦਾ ਰੌਲਾ ਪਵਾ ਦਿਉ। ਜੇ ਇਹ ਵੀ ਨਈਂ ਤਾਂ ਐਸ.ਸੀ. ਵਿਦਿਆਰਥੀਆਂ ਨੂੰ ਜਾਤੀ-ਸੂਚਕ ਸ਼ਬਦ ਬੋਲਣ ਦਾ ਮਾਮਲਾ ਤਾਂ ਵੱਟ 'ਤੇ ਪਿਐ। ਸ਼ਰੀਫ ਬੰਦਾ ਸੋਚਦੈ... ਕੀ ਲੈਣੈ। ਆਖ਼ਰ ਟੱਬਰ ਨੂੰ ਰੋਟੀ ਵੀ ਖਵਾਉਣੀ ਐ।''

''ਸੱਚ ਐ ਰਮਨਪਾਲ। ਇੰਝ ਲਗਦੈ ਕਿ ਸਰਕਾਰਾਂ ਅਧਿਆਪਕਾਂ ਨੂੰ ਖੱਸੀ ਕਰਨ ਤੇ ਤੁਰੀਆਂ ਹੋਈਆਂ ਨੇ। ਇਸੇ ਨਿਪੁੰਸਕਤਾ ਜ਼ਰੀਏ ਹੀਣਾ ਸਮਾਜ ਪੈਦਾ ਕੀਤਾ ਜਾ ਰਿਹੈ। ਪਰ ਮੇਰੀ ਵੀ ਜ਼ਿਦ ਐ ਕਿ ਜੇ ਇਹ ਮੁੰਡਾ ਮੁਆਫ਼ੀ ਮੰਗੂ ਤਾਂ ਸਕੂਲ ਆਊ, ਨਈਂ ਤਾਂ ਨਈਂ। ਨਾ ਤਾਂ ਮੇਰੀ ਇਸ ਲੜਕੇ ਨਾਲ ਕੋਈ ਨਿੱਜੀ ਦੁਸ਼ਮਨੀ ਐ ਤੇ ਨਾ ਈ ਇਹਦੇ ਪਿਉ ਨਾਲ, ਪਰ ਗੱਲ ਵਿਹਾਰ ਤੇ ਸਲੀਕੇ ਦੀ ਐ। ਜੇ ਅੱਜ ਇਸ ਨੂੰ ਝੁਕਣਾ ਨਾ ਸਿਖਾਇਆ ਗਿਆ ਤਾਂ ਕੱਲ੍ਹ ਇਹ ਸਾਰਿਆਂ ਦੇ ਸਿਰ ਚੜੂ। ਸਾਡੇ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਹੀ ਇਹ ਆ ਕਿ ਇੱਥੇ ਗੁਨਾਹ ਕਰਨ ਵਾਲੇ ਨੂੰ ਨਾਇਕ ਬਣਾ ਕੇ ਉਭਾਰਿਆ ਜਾਂਦੈ। ਪਹਿਲੀ ਗ਼ਲ਼ਤੀ ਆ ਇਹਦੇ ਪਿਉ ਦੀ। ਉਹ ਅੱਜ ਈ ਮੁੰਡੇ ਨੂੰ ਨਾਲ ਲੈ ਕੇ ਆਉਂਦਾ ਤੇ ਕਹਿੰਦਾ ਕਿ ਚੱਲ ਮੁਆਫ਼ੀ ਮੰਗ ਤਾਂ ਗੱਲ ਨਿੱਬੜ ਜਾਂਦੀ। ਮੁੰਡੇ ਨੂੰ ਵੀ ਗ਼ਲ਼ਤ ਹੋਣ ਦਾ ਅਹਿਸਾਸ ਹੁੰਦਾ। ਪਰ ਉਹ ਤਾਂ ਆਪ ਉਹਦੀ ਪਿੱਠ ਪਿੱਛੇ ਖੜ੍ਹੈ।''

''ਸਰ, ਇਹੀ ਤਾਂ ਮੈਂ ਕਹਿ ਰਿਹਾਂ ਕਿ ਛੱਡੋ, ਤੁਸੀਂ ਕੀ ਲੈਣੈ? ਰਾਜਦੀਪ ਦੀ ਪਿੱਠ ਪਿੱਛੇ ਉਸਦਾ ਪਿਉ ਖੜ੍ਹੈ। ਪਿਉ ਦੀ ਪਿੱਠ ਪਿੱਛੇ ਸਰਪੰਚ, ਸਰਪੰਚ ਦੀ ਪਿੱਠ ਪਿੱਛੇ ਐਮ.ਐਲ. ਏ.। ਤੁਹਾਨੂੰ ਸ਼ਾਇਦ ਪਤਾ ਨਹੀਂ ਇਹਨਾਂ ਦੇ ਰੇਤਾ ਦੇ ਟਰਾਲੇ ਚੱਲਦੇ ਨੇ ਤੇ ਇਹ ਡੋਡੇ ਵੀ ਵੇਚਦੇ ਨੇ। ਇਹ ਬੰਦਾ ਦੋ-ਤਿੰਨ ਵਾਰ ਜੇਲ੍ਹ ਵੀ ਜਾ ਚੁੱਕਾ, ਐਵੇਂ ਤੁਹਾਡਾ ਨੁਕਸਾਨ ਕਰੂ।''

ਵਧੀਕੀ ਕਰਨ ਤੋਂ ਹੰਕਾਰਿਆ ਹਾਕਮ ਵੀ ਨਾ ਹਟਿਆ,
ਅਸੀਂ ਵੀ ਬਣ ਸਕੇ ਨਾ ਉਮਰ ਸਾਰੀ ਨਾਗਰਿਕ ਚੰਗੇ। -ਅਮਰਦੀਪ ਸੰਧਾਵਾਲੀਆ

"ਰਮਨਪਾਲ ਤੂੰ ਠੀਕ ਐਂ। ਅਸਲ ਵਿੱਚ ਗੱਲ ਐਮ.ਐਲ.ਏ. ਤੱਕ ਵੀ ਖ਼ਤਮ ਨਹੀਂ ਹੁੰਦੀ। ਐਮ.ਐਲ.ਏ ਦੀ ਪਿੱਠ ਪਿੱਛੇ ਖੜ੍ਹਾ ਹੋਵੇਗਾ ਕੋਈ ਮੰਤਰੀ। ਮੰਤਰੀ ਦੀ ਪਿੱਠ ਪਿੱਛੇ ਗੰਦਾ ਤੇ ਵਿਕਾਊ ਮੀਡੀਆ। ਮੀਡੀਏ ਦੇ ਨਾਲ ਹੀ ਉਹ ਗੰਦੇ ਲੇਖਕ, ਗਾਇਕ ਤੇ ਹੋਰ ਜਿਹਨਾਂ ਨੇ ਇਹਨਾਂ ਅੱਲੜ੍ਹ ਉਮਰ ਦੇ ਨਿਆਣਿਆਂ ਦੀ ਅਤੇ ਨਾ ਸਮਝ ਲੋਕਾਂ ਦੇ ਜੜ੍ਹੀਂ ਤੇਲ ਦਿੱਤਾ ਹੈ।"

"ਤਾਂ ਹੀ ਤਾਂ ਕਹਿ ਰਿਹਾਂ ਹਾਂ, ਸਰ। ਇਹਨਾਂ ਦੀ ਪਿੱਠ ਪਿੱਛੇ ਏਨੇ ਲੋਕ ਖੜ੍ਹੇ ਨੇ। ਸਾਡੇ ਪਿੱਛੇ ਤਾਂ ਹੁਣ ਯੂਨੀਅਨਾਂ ਵੀ ਨਹੀਂ ਬਚੀਆਂ। ਹੁਣ ਤਾਂ ਧਰਨਿਆਂ-ਮੁਜ਼ਾਰਿਆਂ ਵਿੱਚ ਵੀ ਅਧਿਆਪਕ ਮੂੰਹ ਵਿਖਾਉਣ ਵਾਂਗ ਈ ਆਉਂਦੇ ਨੇ, ਮੈਡਮਾਂ ਤਾਂ ਖਾਸ ਕਰ ਕੇ। ਉਹ ਵੀ ਵਿਚਾਰੇ ਪ੍ਰਧਾਨਾਂ, ਸਕੱਤਰਾਂ ਦੇ ਵਾਰ-ਵਾਰ ਕਾਲਾਂ ਕਰਨ 'ਤੇ। ਤੁਸੀਂ ਇਹਨਾਂ ਲੋਕਾਂ ਸਾਹਮਣੇ ਕਦੋਂ ਤੱਕ ਖੜ੍ਹ ਸਕੋਗੇ ਤੇ ਤੁਹਾਨੂੰ ਕੌਣ ਖੜ੍ਹਣ ਦੇਵੇਗਾ।"

"ਇਹ ਤਾਂ ਪਤਾ ਨਹੀਂ ਰਮਨਪਾਲ। ਮੈਂ ਕਿੰਨੀ ਦੇਰ ਖੜ੍ਹ ਸਕਾਂਗਾ। ਪਰ ਅਸੀਂ ਅਜਿਹੇ ਲੋਕਾਂ ਤੋਂ ਤਾਂ ਹੀ ਹਾਰ ਰਹੇ ਹਾਂ ਕਿਉਂਕਿ ਅਸੀਂ ਇੱਕ ਦੂਜੇ ਦਾ ਮੋਢਾ ਫੜ੍ਹਕੇ ਇਹਨਾਂ ਦੀ ਪਿੱਠ ਪਿੱਛੇ ਖੜ੍ਹਦੇ ਜਾ ਰਹੇ ਹਾਂ। ਇਹਨਾਂ ਦੇ ਪਿੱਛੇ ਇੱਕ ਲੰਬੀ ਕਤਾਰ ਬਣਦੀ ਜਾ ਰਹੀ ਹੈ…। ਅਸੀਂ ਸਾਰੇ ਅੱਖਾਂ ਮੀਚੀ ਜਾ ਰਹੇ ਆਂ।"

ਉੱਧਰੋਂ ਦਫ਼ਤਰ ਵੱਲੋਂ ਆਉਂਦੇ ਦਵਿੰਦਰ ਕਲਰਕ ਨੇ ਸਾਡੇ ਵਾਰਤਾਲਾਪ ਨੂੰ ਤੋੜਦਿਆਂ ਕਿਹਾ, "ਸਰ, ਤੁਸੀਂ ਜਾਣਾ ਨਈਂ ਅੱਜ। ਦੋ ਵੱਜ ਗਏ। ਪ੍ਰਿੰਸੀਪਲ ਮੈਡਮ ਤਾਂ ਬਾਰ੍ਹਾਂ ਵਜੇ ਦੇ ਚਲੇ ਗਏ। ਉਹ ਕਹਿੰਦੇ ਸੀ ਕਿ ਹੁਣ ਸ਼ਨੀਵਾਰ ਹੀ ਸਕੂਲ ਆਊਂ। ਲਾਕ-ਡਾਊਨ 'ਚ ਰੋਜ਼ ਕੀ ਕਰਨੈ ਆ ਕੇ? ਕੰਮ ਘਰ ਬਹਿ ਕੇ ਹੀ ਨਿਬੇੜ ਲਵਾਂਗੇ। ਤੂੰ ਬਿੱਲ ਬਣਾ ਕੇ ਰੱਖੀਂ। ਮੈਂ ਸ਼ਨੀਵਾਰ ਆ ਕੇ ਸਾਈਨ ਕਰ ਦਊਂ।"

"ਪਰ ਮੈਡਮ ਨੇ ਤਾਂ ਕੱਲ੍ਹ ਰਾਜਦੀਪ ਤੇ ਉਸ ਦੇ ਪਿਉ ਨੂੰ ਸਕੂਲ ਬੁਲਾਇਐ। ਉਹਨਾਂ ਬਾਰੇ ਕੁੱਝ ਕਹਿ ਕੇ ਨਹੀਂ ਗਏ।" ਮੈਂ ਦਵਿੰਦਰ ਨੂੰ ਸਵਾਲ ਕੀਤਾ।

"ਹਾਂ ਸੱਚ, ਮੈਡਮ ਕਹਿੰਦੇ ਸੀ ਕਿ ਸ਼ਰਮਾ ਜੀ ਨੂੰ ਕਹਿ ਦੇਣਾ ਕਿ ਥੋੜ੍ਹਾ ਕੂਲ ਰਹਿਣ। ਕੋਈ ਗੱਲ ਨਹੀਂ ਮੈਂ ਸਾਰਾ ਮਸਲਾ ਨਿਬੇੜ ਲਊਂ ਆਪੇ। ਸ਼ਾਇਦ ਐਮ.ਐਲ.ਏ. ਸਾਹਿਬ ਦਾ ਕੋਈ ਫ਼ੋਨ ਆਇਆ ਸੀ।"

ਮੈਂ ਸਮਝ ਗਿਆ ਸੀ ਕਿ ਮਸਲਾ ਕਿਵੇਂ ਨਿੱਬੜੇਗਾ…।

*****

ਰਾਤ ਨੌਂ ਵਜੇ ਫ਼ੋਨ ਦੀ ਘੰਟੀ ਵੱਜਦੀ ਹੈ। ਸਕਰੀਨ ਤੇ ਅੱਖਰ ਚਮਕ ਦੇ ਹਨ ਪ੍ਰਿੰਸੀਪਲ ਰੁਕਮਨੀ ਦੇਵੀ।

"ਨਮਸਕਾਰ ਮੈਡਮ!" ਮੈਂ ਫ਼ੋਨ ਚੁੱਕਦਿਆਂ ਕਿਹਾ।

"ਨਮਸਕਾਰ ਸ਼ਰਮਾ ਜੀ! ਪਹਿਲਾਂ ਤਾਂ ਸੌਰੀ ਮੈਨੂੰ ਜ਼ਲਦੀ 'ਚ ਸਕੂਲੋਂ ਆਉਣਾ ਪਿਆ ਤੇ ਮੈਂ ਤੁਹਾਡੇ ਨਾਲ ਗੱਲ ਵੀ ਨਾ ਕਰ ਸਕੀ।"

"ਉਹ ਤਾਂ, ਕੋਈ ਗੱਲ ਨਈਂ ਮੈਡਮ। ਦਵਿੰਦਰ ਕਹਿ ਰਿਹਾ ਸੀ, ਤੁਸੀਂ ਸ਼ਨੀਵਾਰ ਆਓਗੇ ਹੁਣ। ਪਰ ਸਵੇਰੇ ਤਾਂ ਰਾਜਦੀਪ ਦੇ ਪੇਰੈਂਟਸ ਨੇ ਆਉਣੈ।"

"ਹਾਂ, ਸ਼ਰਮਾ ਜੀ! ਮੈਂ ਤੁਹਾਨੂੰ ਉਹੀ ਦੱਸਨਾ ਸੀ ਕਿ ਮੈਂ ਉਹ ਮਸਲਾ ਨਿਬੇੜ ਲਿਆ ਐ। ਮੈਂ ਤੁਹਾਨੂੰ ਕਿਹਾ ਸੀ ਨਾ ਤੁਸੀਂ ਕੂਲ ਰਹੋ। ਮੈਂ ਆਪੇ ਹੱਲ ਕਰ ਲਊਂਗੀ। ਮੈਂ ਸਭ ਸੌਲਵ ਕਰ ਲਿਐ। ਤੁਸੀਂ ਮੇਰੀ ਇੱਕ ਛੋਟੀ ਜਿਹੀ ਬੇਨਤੀ ਸਵੀਕਾਰ ਕਰਨਾ, ਬਸ।"

"ਹਾਂਜੀ ਮੈਡਮ, ਦੱਸੋ।"

ਮੈਂ ਸੋਚ ਈ ਰਿਹਾ ਸੀ ਕਿ ਤੁਸੀਂ ਇਹੀ ਕਹਿਣੈ ਕਿ ਐਮ.ਐਲ.ਏ. ਸਾਹਿਬ ਦਾ ਫ਼ੋਨ ਆਇਆ। ਦੇਖੋ ਮੇਰੀ ਵੀ ਮਜ਼ਬੂਰੀ ਐ, ਤੁਸੀਂ ਸਮਝੋ। ਰਾਜਦੀਪ ਤਾਂ ਅਜੇ ਬੱਚਾ ਐ। ਤੁਸੀਂ ਤਾਂ ਸਿਆਣੇ ਬਣੋ। ਨੌਕਰੀ ਕੀ ਤੇ ਨਖ਼ਰਾ ਕੀ? ਆਪਾਂ ਨੂੰ ਕੀ? ਨਹੀਂ ਪੜ੍ਹੂਗਾ ਤੇ ਨਾ ਸਹੀ। ਨਾਲੇ ਆਪਾਂ ਵੀ ਤਾਂ ਆਖ਼ਰ ਇਹਨਾਂ ਲੋਕਾਂ ਤੋਂ ਈ ਪੈਸੇ ਮੰਗ-ਮੰਗ ਕੇ ਸਕੂਲਾਂ ਨੂੰ ਸਮਾਰਟ ਬਨਾਉਣਾ ਹੁੰਦੈ। ਤੁਹਾਡੇ ਫੈਸਲਿਆਂ ਬਾਰੇ ਤਾਂ ਪਹਿਲਾਂ ਵੀ ਪਤਾ ਈ ਐ ਮੈਨੂੰ, ਕਿੰਨੇ ਕੁ ਕੂਲ ਰਹਿਣ ਵਾਲੇ ਹੁੰਦੇ ਨੇ।

"ਬੱਸ ਕੱਲ੍ਹ ਤੋਂ ਆਹ ਸੈਸ਼ਨ ਲਈ, ਤੁਸੀਂ ਸਰਕਾਰੀ ਮਿਡਲ ਸਕੂਲ ਅਲਹਿਦਪੁਰ ਜਾਣੈ। ਤੀਹ-ਪੈਂਤੀ ਕੁ ਕਿਲੋਮੀਟਰ ਦੂਰ ਐ ਇੱਥੋਂ। ਆਹ ਸੱਤ-ਅੱਠ ਮਹੀਨੇ ਦੀ ਗੱਲ ਐ। ਫਿਰ ਬਦਲੀਆਂ ਖੁੱਲ ਜਾਣਗੀਆਂ ਆਪੇ ਫਿਰ ਕੋਈ ਨਾ ਕੋਈ ਹੋਰ ਆ ਜਾਊ। ਉਦੋਂ ਵਾਪਸ ਲੈ ਆਵਾਂਗੇ ਤੁਹਾਨੂੰ। ਤੁਹਾਡੇ ਬਿਨਾ ਸਕੂਲ ਵੀ ਨਈਂ ਨਾ ਸਰਨਾ ਜ਼ਿਆਦਾ ਦੇਰ। ਉਹਨੇ ਸਮੇਂ ਅਲਹਿਦਪੁਰ ਨੂੰ ਤੁਹਾਡੇ ਵਰਗਾ ਮਿਹਨਤੀ ਅਧਿਆਪਕ ਮਿਲਜੂ ਤੇ ਤੁਹਾਡਾ ਵੀ ਇਹਨਾਂ ਲੋਕਾਂ ਤੋਂ ਖਹਿੜਾ ਛੁੱਟ ਜੂ। ਡੀ.ਈ.ਓ. ਸਾਹਿਬ ਕਹਿੰਦੇ ਸੀ ਕਿ ਤੁਹਾਡਾ ਇੱਕ ਅਧਿਆਪਕ ਡੈਪੂਟੇਸ਼ਨ 'ਤੇ ਭੇਜਣੈ। ਉਹ ਸਕੂਲ ਪਿਛਲੇ ਤਿੰਨ ਸਾਲ ਤੋਂ ਬੰਦ ਪਿਐ। ਐਮ.ਐਲ.ਏ. ਸਾਹਿਬ ਵੀ ਕਹਿੰਦੇ ਸੀ ਕਿ ਮੇਰੇ ਕੋਲ ਅਲਹਿਦਪੁਰ ਦੀ ਪੰਚਾਇਤ ਆਉਂਦੀ ਆ ਰੋਜ਼ ਸਕੂਲ ਬਦਲੇ। ਉਹਨਾਂ ਦਾ ਆਵਦਾ ਫ਼ੋਨ ਆਇਆ ਸੀ। ਮੈਂ ਸੋਚਿਆ ਆਪਾਂ ਦੋਵੇਂ ਮਸਲੇ ਈ ਕਿਉਂ ਨਾ ਹੱਲ ਕਰ ਲਈਏ। ਮੈਂ ਆਰਡਰ ਤੁਹਾਨੂੰ ਵਟਸਐਪ ਕਰ ਦਊਂ। ਸ਼ਰਮਾ ਜੀ, ਤੁਸੀਂ ਕੂਲ ਰਹਿਣਾ। ਐਮ.ਐਲ.ਏ. ਸਾਹਿਬ ਕਹਿੰਦੇ ਸੀ ਕਿ ਕੋਈ ਵੀ ਪ੍ਰਾਬਲਮ ਹੋਵੇ ਤਾਂ ਸ਼ਰਮਾ ਜੀ ਨੂੰ ਮੇਰੇ ਕੋਲ ਭੇਜ ਦੇਣਾ ਬੇ-ਝਿਜਕ।"

ਕਾਲ ਬੰਦ ਹੋ ਗਈ। ਮੈਨੂੰ ਆਪਣੀਆਂ ਅੱਖਾਂ ਸਾਹਵੇਂ ਇੱਕ ਲੰਮੀ ਕਤਾਰ ਬਣਦੀ ਨਜ਼ਰ ਆਉਣ ਲੱਗੀ ਜਿਸ ਵਿੱਚ ਸਾਰੇ ਇੱਕ ਦੂਜੇ ਦੀ ਪਿੱਠ ਪਿੱਛੇ ਖੜ੍ਹੀ ਜਾ ਰਹੇ ਸਨ। ਮੈਂ ਅਲੱਗ-ਥਲੱਗ ਖੜ੍ਹਾ ਇਹ ਸਭ ਕੁਝ….।

(ਸਫ਼ਾ 122 ਤੋਂ ਜਾਰੀ)

ਇਸ ਤਹਿਤ 'ਮਾਂ-ਬੋਲੀ ਦੇ ਮੁਦੱਈ'-'ਪੰਜਾਬੀ ਸਭਿਆਚਾਰ ਦੇ ਸ਼ੈਦਾਈ' ਡਾ: ਦੀਪਕ ਮਨਮੋਹਨ ਸਿੰਘ ਜੀ ਨੂੰ ਉਹਨਾਂ ਦੇ ਸਾਥੀ ਪ੍ਰਿੰ: ਤਰਲੋਕ ਬੰਧੂ ਵਲੋਂ ਵਧੀਆ ਪੋਰਟਰੇਟ 'ਗੁਰਪ੍ਰੀਤ ਆਰਟਿਸਟ ਬਠਿੰਡਾ' ਵਲੋਂ 'ਉਮਰ ਭਰ ਦੀਆਂ ਉਪਲੱਭਦੀਆਂ' ਵਜੋਂ ਭੇਂਟ ਕੀਤਾ ਗਿਆ।

7. "ਲੋਕਤਾ ਲਈ ਜੂੰਝਦੀ ਅਤੇ ਲੋੜਵੰਦ ਕਲਮ ਦਾ ਸਤਿਕਾਰ"

ਉਸ ਲੋੜਵੰਦ ਕਲਮ-ਘੁਲਾਟੀਏ ਨੂੰ ਤੁਛ ਜਿਹਾ 5100/- ਅਤੇ ਸਨਮਾਨ ਚਿੰਨ੍ਹ 'ਚਰਚਾ ਕੌਮਾਂਤਰੀ' ਵੱਲੋਂ ਨਮਨ ਕੀਤਾ ਜਾਇਆ ਕਰੇਗਾ-ਜਿਸਦੀ ਲਿਖਾਰੀ ਦੀਕਲਮ ਦੀ ਜੀਭ ਸਾਰੀ ਉਮਰ 'ਪੰਜ ਕੱਕਿਆਂ' (ਕਿਰਤੀ, ਕਿਸਾਨ, ਕਰਮਚਾਰੀ,

(ਬਾਕੀ ਸਫ਼ਾ 175 ਉਪਰ)

ਦਰਦ ਅਸਾਡਾ ਸੁਣ ਕੇ, ਧਰਤੀ ਕੰਬਦੀ ਅੰਬਰ ਰੋਂਦਾ ਹੈ।
ਜਿਸਨੇ ਦਰਦ ਵੰਡਾਉਣਾ ਚੁੱਪ ਹੈ, ਬੇਬੱਸ ਹੈ, ਬੇਚਾਰਾ ਹੈ। -ਸੁਖਵਿੰਦਰ ਸਿੱਧੂ

ਕਹਾਣੀ

# ਪਾਣੀ-ਪਿਤਾ

## ਜਸਵੀਰ ਸਿੰਘ ਦੀਦਾਰਗੜ੍ਹ



ਜਸਵੀਰ ਸਿੰਘ ਦੀਦਾਰਗੜ੍ਹ

"ਧੜਾਕ! ਧੜਾਕ!! ਧੜਾਕ!!!"

ਪੂਰੇ ਜ਼ੋਰ ਨਾਲ ਬੂਹਾ ਇੰਝ ਖੜਕਦਾ ਹੈ ਜਿਵੇਂ ਚਾਂਭਲਿਆ ਜਵਾਨ ਸ਼ੇਰ, ਗੱਜਦਾ-ਦਹਾੜਦਾ ਹੋਵੇ।

"ਵੇ ਜੱਸੀ ਵੇ...! ਆਪਣੇ ਪਾਣੀ ਮੁੱਕ ਗਿਆ ਵੇ, ਸਾਰੀਆਂ ਹੀ ਥਾਵਾਂ ਤੋਂ...!"

ਬੀਬੀ ਦੇ ਕੀਰਨੇ ਵਰਗੇ ਘਾਬਰੇ 'ਤੇ ਪਾਟੇ ਬੋਲਾਂ ਨੇ ਮੇਰੇ ਕੰਨਾਂ ਦੀ ਹਿੱਕ ਹੀ ਪਾੜ ਸੁੱਟੀ। ਆਵਾਜ਼ 'ਚੋਂ ਅਮੁੱਕ/ਅਦਿੱਖ ਪੀੜ ਦਾ ਲਾਵਾ ਉੱਫਣਦਾ ਹੈ। ਚਿੰਤਾ ਹੋਈ, ਸਹਿਜ-ਸਕੂਨ ਦੀ ਧਾਰਨੀ ਬੀਬੀ ਨੂੰ ਅੱਜ ਕੀ ਹੋ ਗਿਆ? ਦੁਪਹਿਰ ਦੀ ਕੱਚੀ ਨੀਂਦ ਟੁੱਟਣ ਕਾਰਨ ਗੁੱਸਾ ਵੀ ਦਿਮਾਗ ਨੂੰ ਚੜ੍ਹ ਗਿਆ।

"ਟਿਕ ਜਿਆ ਕਰ ਬੀਬੀ, ਟਿਕ ਜਿਆ ਕਰ! ਸਾਰਾ ਖੇਤ ਹੀ ਸੁੱਕਿਆ ਤੇ ਪਾਟਿਆ ਪਿਐ। ਸੋਕੇ ਵਰਗੇ ਹਾਲਾਤ ਨੇ। ਲੰਮੇ ਕਾਲ਼ ਪੈਣ ਦੇ ਹੀ ਲੱਛਣ ਲਗਦੇ ਨੇ। ਜੂਨ ਹੀ ਬੁਰੀ ਆ ਆਪਣੀ ਤਾਂ! ਖੇਤਾਂ 'ਚ ਰੁੱਖੀ-ਸੁੱਕੀ ਧੂੜ ਉੱਡਦੀ ਐ ਤੇ ਸਹੁੰ ਖਾਣ ਨੂੰ, ਪਾਣੀ ਦੀ ਇੱਕ ਵੀ ਬੂੰਦ ਨੀਂ ਦਿਸਦੀ ਕਿਧਰੇ। ਧੁੱਪ-ਲੂੰਆਂ ਨਾਲ ਸੁੱਕੇ-ਮੱਚੇ ਖੇਤੋਂ ਹੀ ਤਾਂ ਆਇਆਂ, ਹੋਰ ਦੱਸ ਮੈਂ ਕੀ ਫਾਹਾ ਲੈ ਲਾਂ? ਮਰਨਾਂ ਹੀ ਤਾਂ ਬਾਕੀ ਰਹਿ ਗਿਆ ਏਥੇ!" ਝੁੰਜਲਾਇਆ ਤੇ ਹਾਬੜਿਆ ਉੱਠਦਾਂ ਤੇ ਹਰਖ਼ 'ਚ, ਉੱਚੀ-ਉੱਚੀ ਬੋਲਦਾ ਹਾਂ!

"ਘਰ ਤੇ ਪਿੰਡ ਦੀ ਗੱਲ ਕਰਦੀ ਆਂ ਪੁੱਤ... ਸਾਰੇ ਪਾਸੇ ਪਾਣੀ ਮੁੱਕ ਗਿਆ, ਖ਼ੌਰੇ ਕਿਹੜਾ ਦਿਓ ਪੀ ਗਿਆ! ਤੂੰ ਉੱਠ ਖੜ੍ਹ! ਪਿੰਡ 'ਚ ਤਾਂ ਕਹਿਰ ਮੱਚਿਆ ਪਿਆ। ਤੇਰੀਆਂ ਆਕੜਾਂ ਈ ਨੀ ਮਾਣ...!"

ਉਹ ਬੋਲਦੀ-ਬੋਲਦੀ ਕਾਹਲੀ ਨਾਲ ਪਰੇ ਬੈਠਕ ਵੱਲ ਭੱਜ ਕੇ ਬਾਪੂ ਕੋਲ ਚਲੀ ਗਈ ਹੈ! ਮੱਥਾ ਠਣਕਦਾ, ਦਿਲ ਧੜਕਦਾ, ਲੱਤਾਂ 'ਚ ਕੰਬਣੀ ਛਿੜਦੀ ਹੈ। ਪਤਨੀ ਵੀ ਅਣਮੰਨੇ ਮਨ ਨਾਲ ਬੁੜ-ਬੁੜ ਕਰਦੀ ਉੱਠ ਬੈਠੀ ਤੇ ਵਿਹੁ ਘੋਲਣ ਲੱਗੀ, "ਕਿਧਰੇ ਨੀ ਮੁੱਕਿਆ ਪਾਣਾ, ਐਂ ਕਿਵੇਂ ਮੁੱਕ ਜੂ? ਇਨ੍ਹੂੰ ਤਾਂ ਟੇਕ ਹੀ ਨੀ ਰੱਬ ਦੇ ਘਰੋਂ, ਪਤਾ ਨੀ ਕੀ ਖਾ ਕੇ ਜੰਮੀ ਐ, ਸਾਰਾ ਦਿਨ ਫਿਰੀ ਜਾਊ ਹਰਲ-ਹਰਲ ਕਰਦੀ, ਨਾ ਟਿਕੇ, ਨਾ ਟਿਕਣ ਦੇਵੇ...!"

ਤੇ ਮੂੰਹੋਂ ਜ਼ਹਿਰ ਸੁੱਟਦੀ ਰਸੋਈ ਵੱਲ ਜਾਂਦੀ ਹੈ ਫਿਰ ਬੜੀ ਤੇਜ਼ੀ ਨਾਲ ਡਰੀ-ਘਬਰਾਈ ਮੁੜ ਆਉਂਦੀ ਹੈ!

"ਜੀ ਸੱਚੀਂ ਪਾਣੀ ਦੀ ਤਾਂ ਇੱਕ ਬੂੰਦ ਵੀ ਨੀ ਹੈਗੀ ਕਿਤੇ...!" ਚਿਹਰੇ 'ਤੇ ਗਹਿਰੀ ਚਿੰਤਾ ਤੇ ਡਰ ਦਾ ਪ੍ਰਛਾਵਾਂ ਨੱਚ ਰਿਹਾ ਹੈ।

ਉੱਠਦਾਂ ਤੇ ਭੱਜਕੇ ਫਰਿੱਜ, ਘੜੇ, ਕੈਂਪਰ, ਟੈਂਕੀ 'ਚ ਝਾਕਦਾਂ, ਕਰੂਰ ਭਾਣਾ ਤਾਂ ਸੱਚੀਂ ਵਰਤ ਗਿਆ ਲੱਗਦੈ। ਪਾਣੀ ਦੀ ਬੂੰਦ ਤਾਂ ਸੱਚੀਂ ਹੀ ਕਿਤੇ ਨਹੀਂ ਲੱਭਦੀ। ਮੋਟਰ ਵੀ ਕਿੰਨੇ ਦਿਨ ਦੀ ਰੁੱਸੀ ਹੋਈ ਹੈ, ਵਾਟਰ ਵਰਕਸ ਦੀਆਂ ਟੂਟੀਆਂ ਦੇ ਆਪਣੇ ਗਲ਼ੇ ਖ਼ੁਸ਼ਕ ਰਹਿੰਦੇ ਨੇ। ਦੂਰ ਤੱਕ ਕਿਧਰੇ ਵੀ ਆਸ ਦੀ ਕਿਰਨ ਨਹੀਂ ਦਿਸਦੀ।

ਗਲੀ-ਮੁੱਹਲੇ, ਪਿੰਡ 'ਚ ਵੀ ਪੂਰਾ ਅਜ਼ੀਬ ਸ਼ੋਰ ਮੱਚਿਆ ਪਿਆ ਹੈ, ਜਿਵੇਂ ਪਰਲੋਂ ਆ ਗਈ ਹੋਵੇ ਕੂਕਾਂ-ਚੀਕਾਂ, ਵੈਣ-ਰੌਲਾ 'ਤੇ ਭਗਦੜ ਹੈ!

ਸੂਰਜ 'ਚੋਂ ਕਹਿਰੀ ਅੱਗ ਡੁੱਲ੍ਹ ਰਹੀ ਹੈ ਜਿਵੇਂ ਦਿਮਾਗ਼ ਨੂੰ ਅੱਜ ਹੀ ਸਿਖ਼ਰ ਦਾ ਤਾਪ ਚੜ੍ਹਿਆ ਹੋਵੇ। ਵਿਹੜੇ 'ਚ ਕਿੰਨੇ ਹੀ ਪੰਛੀ ਮਰੇ ਪਏ ਨੇ ਤੇ ਕਿੰਨੇ ਹੀ ਤੜਪ ਰਹੇ ਨੇ। ਹੌਂਕਦੇ ਕੁੱਤੇ ਦੀ ਵੀ ਲੰਮੀ ਜੀਭ ਲਮਕ ਰਹੀ ਹੈ। ਉਹ ਬੇਬਸੀ 'ਚ ਜ਼ਿੰਦਗੀ ਦੀ ਭੀਖ ਮੰਗਦਾ ਰੋ ਹੀ ਤਾਂ ਪਿਆ।

ਪਸ਼ੂ ਗਹਿਰੀ ਬੇਚੈਨੀ 'ਚ ਰੰਭ 'ਤੇ ਰੱਸੇ ਤੁੜਾ ਰਹੇ ਹਨ। ਮੇਰੇ ਵੱਲ ਵੇਖ ਕੇ ਉਨ੍ਹਾਂ ਸਿਵਿਆਂ ਦੀ ਅੱਗ ਵਰਗਾ ਅੜ੍ਹਾਟ ਚੁੱਕ ਦਿੱਤਾ। ਬੇਬਸੀ 'ਚ ਰੋਣਹਾਕੇ ਹੋ ਗਏ। ਲੱਗਿਆ, ਜਿਵੇਂ ਮੱਝਾਂ ਦੀਆਂ ਅੱਖਾਂ 'ਚੋਂ ਲਹੂ ਦੇ ਹੰਝੂ ਚੋਅ ਰਹੇ ਹੋਣ, ਗ਼ੌਰ ਨਾਲ ਦੇਖਣ 'ਤੇ ਅੱਖਾਂ ਖੇਤਾਂ ਵਾਂਗ ਸੁੱਕੀਆਂ, ਪਾਟੀਆਂ ਤੇ ਵੀਰਾਨ ਲੱਗੀਆਂ। ਅਜੀਬ ਤਰ੍ਹਾਂ ਦੀ ਭਿਆਨਕ ਹੋਣੀ ਮੇਰੇ ਅੱਗੇ ਮੌਤ ਵਰਗਾ ਮੂੰਹ ਅੱਡੀ ਖੜ੍ਹੀ। ਮੇਰੇ ਟੱਬਰ ਨੂੰ ਕੱਚਾ ਚੱਬ ਜਾਣ ਲਈ ਬੜੀ ਕਾਹ਼ਲੀ ਲੱਗੀ। ਡਰ ਜਿਹਾ ਲੱਗਿਆ, ਲਹੂ 'ਚ ਮੌਤ ਦੀ ਸੁੱਸਰੀ ਦੌੜ ਗਈ। ਲੱਤਾਂ ਕੰਬਣ ਤੇ ਸਾਹ ਸੁੱਕਣ/ਫੁੱਲਣ ਲੱਗਾ। ਪਤਨੀ ਦਿਲ ਫੜ੍ਹੀ ਪਾਟੀਆਂ ਅੱਖਾਂ ਨਾਲ ਦੇਖ ਰਹੀ, ਹੋਰ ਹੀ ਤਰ੍ਹਾਂ ਦੀ ਲੱਗੀ! ਜਿਵੇਂ ਤਾਲੂਏ ਨੂੰ ਸਦੀਵੀ ਕਾਠ ਮਾਰ ਗਿਆ ਹੋਵੇ! ਅਸੀਂ ਮਰੀਆਂ ਲੱਤਾਂ ਘੜੀਸਦੇ ਅਬੋਲ ਕਮਰੇ ਵੱਲ ਤੁਰ ਪਏ!

"ਤੁਸੀਂ ਪੁੱਤ ਪਾਣੀ ਲੱਭੋ ਜਾਕੇ, ਅਸੀਂ ਜੁਆਕਾਂ ਕੋਲੇ ਬਹਿੰਨੇ ਆਂ...!" ਚਿੰਤਿਤ ਹੋਏ ਮਾਪੇ ਕੋ਼ਲ ਆ ਗਏ। ਰੌਲਾ ਸੁਣ ਬੱਚੇ ਵੀ ਉੱਠ ਬੈਠੇ ਤੇ ਉਨ੍ਹਾਂ ਸਭ ਤੋਂ ਪਹਿਲਾਂ ਪਾਣੀ ਹੀ ਮੰਗਿਆ ਹੈ। ਮਾਪੇ ਵੀ ਪੂਰੇ ਪਿਆਸੇ ਲੱਗੇ। ਮੇਰਾ ਹਲਕ ਵੀ ਡਰ ਅਤੇ ਤ੍ਰੇਹ ਨਾਲ ਖੁਸ਼ਕ ਹੋ ਗਿਆ ਤੇ ਪਤਨੀ ਦੀ ਵੀ ਏਹੀ ਹਾਲਤ ਹੈ।

"ਦਿੰਨੇ ਆ ਪੁੱਤ ਸਰਬਤ ਵਰਗਾ, ਠੰਡਾ-ਠੰਡਾ ਪਾਣੀ!" ਬੇਬੇ ਨੇ ਬੱਚੇ ਕਲਾਵੇ 'ਚ ਇਸ ਤਰ੍ਹਾਂ ਘੁੱਟ ਲਏ ਨੇ, ਜਿਵੇਂ ਉਸਨੂੰ ਕੋਈ ਮਾਰੂ ਹੋਣੀ ਦਿਖਾਈ ਦੇ ਰਹੀ ਹੋਵੇ, ਆਪਣੇ ਕੇਲਾਂ ਕਰਦੇ, ਹੱਸਦੇ ਵੱਸਦੇ ਟੱਬਰ ਨੂੰ ਹੁਣੇ ਹੀ ਰੱਬ ਦੇ ਅਚਿੰਤੇ ਬਾਜ਼ ਪੈਣੇ ਹੋਣ। ਉਹ ਇਸ ਕਾ਼ਲੇ ਵਖ਼ਤ ਨੂੰ ਦੇਖਣ ਤੋਂ ਪਹਿਲਾਂ ਹੀ ਮਰ ਜਾਣਾ ਚਾਹੁੰਦੀ ਹੋਵੇ। ਸਾਡੇ ਸਭਦੇ ਮੂੰਹਾਂ 'ਤੇ ਮੌਤ ਦਾ ਅਦਿੱਖ ਭੈਅ ਛਾਅ ਗਿਆ।

"ਵੇ ਜਾਉ ਹੁਣ, ਮੁਲਖ਼ ਤਾਂ ਕਦੋਂ ਦਾ ਭੱਜਿਆ ਫਿਰਦੈ...!" ਮਾਂ ਤਲਖ਼ੀ 'ਚ ਚੀਖੀ, ਜਿਵੇਂ ਬਹੁਤ ਸਾਰਾ ਅਜਾਈਂ ਵੇਲਾ ਗੁਆ ਲਿਆ ਹੋਵੇ।

ਮੈਂ ਤੇ ਪਤਨੀ ਹੜਬੜਾ ਕੇ ਬਾਲਟੀਆਂ ਲੈਕੇ ਇੱਕ ਦੂਜੇ ਤੋਂ ਮੂਹਰੇ ਭੱਜ ਹੀ ਪਏ ਹਾਂ।

"ਮੰਮਾਂ ਛੇਤੀ-ਛੇਤੀ ਆਉਣਾ, ਤੇਹ ਬਹੁਤ ਜ਼ੋਰ ਦੀ ਲੱਗੀ ਐ। ਗ਼ਲ ਸੁੱਕੀ ਜਾਂਦਾ...!" ਛੇ ਸਾਲ ਦੇ ਬੇਟੇ ਦੀ ਮੋਹ-ਤ੍ਰੇਹ ਭਿੱਜੀ ਆਵਾਜ਼ ਕੰਨਾਂ 'ਚ ਵੱਜਕੇ ਕਾਲਜੇ 'ਚ ਕਾ਼ਲੀ ਚੀਸ ਪਾ ਗਈ। ਹੌਂਕਾ ਹਿੱਕ ਚੀਰ ਗਿਆ। ਬੇਟੀ ਦੇ ਪੀੜ ਭਰੇ ਬੋਲ ਗੂੰਜਦੇ ਨੇ, "ਮੰਮਾ..!

ਕਥਾ ਮਾਰੂਥਲਾਂ ਦੀ ਹੈ ਕਿ ਜਾਂ ਗੀਤਾਂ ਦੀ ਗੰਗਾ ਹੈ।
ਮੇਰੇ ਤੋਂ ਸੁਪਨਿਆਂ ਦਾ ਸੱਚ ਨਾ ਪੁੱਛੋ ਤਾਂ ਚੰਗਾ ਹੈ। -ਆਦੇਸ਼ ਅੰਕੁਸ਼

ਅੱਜ ਪਹਿਲਾਂ ਮੈਨੂੰ ਦਿਓ ਪਾਣੀ, ਇਹ ਤਾਂ ਰੋਜ਼ ਹੀ ਪਹਿਲਾਂ ਪੀਂਦੈ...!"

*****

ਪਿੰਡ 'ਚ ਹਾਲਾਤ ਬੇਹੱਦ ਗੰਭੀਰ ਨੇ। ਲੋਕ ਜੱਗ, ਬਾਲਟੀਆਂ, ਡੋਲੂ, ਘੜੇ, ਕੈਂਪਰ ਚੁੱਕੀ ਕਮਲ਼ਿਆਂ ਵਾਂਗ ਪਾਣੀ-ਪਾਣੀ ਕੁਰਲਾ ਰਹੇ ਹਨ। ਸੁੱਕੇ ਬੁੱਲ੍ਹ, ਵੀਰਾਨ ਅੱਖਾਂ, ਤਰਸਯੋਗ ਚਿਹਰੇ ਲਈ ਸਭ ਮਾਰੇ-ਮਾਰੇ ਭੱਜੇ ਫਿਰ ਰਹੇ ਹਨ।

ਪਰ ਇਹ ਸਭ ਲੋਕ ਹਰ ਸਮੇਂ ਅਜਾਈਂ ਪਾਣੀ ਡੋਲ੍ਹਣ ਵਾਲੇ ਹੀ ਤਾਂ ਹਨ। ਪੂਰੀ ਤਰ੍ਹਾਂ ਕੁਦਰਤ ਵਿਰੋਧੀ ਵੀ, ਵਾਤਾਵਰਨ ਤੇ ਕੁਦਰਤੀ ਸੋਮਿਆਂ ਦੀ ਸੰਭਾਲ ਤੋਂ ਸਦਾ ਭੱਜਦੇ ਵੀ ਰਹੇ ਹਨ। ਪੰਜ-ਦਰਿਆਵਾਂ ਦੀ ਧਰਤੀ ਦੇ ਇਹ ਲੋਕ ਅੱਜ ਬੂੰਦ-ਬੂੰਦ ਲਈ ਵਿਲਕ ਰਹੇ ਹਨ। ਇੰਨ੍ਹਾਂ ਲੋਕਾਂ ਆਪਣੀ ਕਿਰਤ ਮੜ੍ਹੀਆਂ-ਮਸਾਣਾਂ ਦੇ ਗੁੰਬਦ ਉੱਚੇ ਕਰਨ ਫਜ਼ੂਲ ਖਰਚੀ, ਉਜਾੜ ਹੀ ਦਿੱਤੀ। ਪਰ ਪਾਣੀ ਜਾਂ ਹੋਰ ਕੁਦਰਤੀ ਵਸੀਲਿਆਂ ਦੀ ਸੰਭਾਲ ਲਈ ਕੋਈ ਠੋਸ ਨੀਤੀ ਨਹੀਂ ਅਪਣਾਈ, ਨਾ ਕਦੇ ਸਰਕਾਰਾਂ 'ਤੇ ਕੋਈ ਦਬਾਅ ਬਣਾਇਆ। ਮੀਂਹਾਂ ਦੇ ਪਾਣੀ ਤੱਕ ਵੀ ਨਹੀਂ ਸਾਂਭੇ।... ਅੱਜ ਅਚਾਨਕ ਗਹਿਰਾ ਵਖ਼ਤ ਪਿਆ ਹੈ, ਅਜਿਹੇ ਪਰਮ ਪਿਆਰੇ ਮਿੱਤਰ-ਬੇਲੀ ਵੀ ਗੱਲ ਨਹੀਂ ਕਰ-ਸੁਣ ਰਹੇ। ਕਿਸੇ ਕੋਲ਼ ਏਨਾ ਸਮਾਂ ਵੀ ਨਹੀਂ ਹੈ। ਯਾਦ ਆਇਆ ਸਾਲ ਪਹਿਲੇ ਪੌਣ-ਪਾਣੀ ਦੀ ਜਾਗ੍ਰਿਤੀ ਲਈ ਆਏ, ਲਖਵੀਰ ਸਿੰਘ ਔਲਖ ਤੇ ਜਸਵੀਰ ਕੌਰ ਔਲਖ ਦੀ ਟੀਮ ਦੀ ਵੀ ਗੱਲ ਨਹੀਂ ਸੁਣੀ, ਜੋ ਘਰ ਘਰ ਜਾ ਚੇਤਨਾ ਵੰਡਦੇ ਰਹੇ। ਉਹ ਕੂਕਦੇ ਰਹੇ, ਇਹ ਲੋਕ ਹੱਸਦੇ ਤੇ ਟਿੱਚਰਾਂ ਕਰਦੇ... "ਕਿਧਰੇ ਨੀ ਮੁੱਕਦਾ ਪਾਣੀ, ਕਿਉਂ ਕੰਨ ਖਾਧੇ ਨੇ!" ਹੁਣ ਰੋਂਦੇ ਨੇ ਪਏ ਨੇ, ਕਾਸ਼! ਓਦੋਂ ਹੀ ਕੋਈ ਵਿਉਂਤ ਕੀਤੀ ਹੁੰਦੀ!

ਹਰ ਪਾਸੇ ਪੂਰੀ ਬੇਚੈਨੀ, ਭਗਦੜ ਤੇ ਆਪਾ-ਧਾਪੀ ਹੈ। "ਹਾਇ ਪਾਣੀ...! ਹਾਇ ਪਾਣੀ...!" ਦੇ ਵੈਣ ਤੇ ਰੁਦਨ ਹੈਣ। ਲੋਕ ਗਹਿਣੇ, ਹੀਰੇ-ਮੋਤੀ ਪੈਸੇ, ਐਫ.ਡੀਆਂ ਤੇ ਹੋਰ ਸੈਂਕੜੇ ਕਿਸਮ ਦੀਆਂ ਚੱਲ-ਅਚੱਲ ਸੰਪਤੀ ਦੀਆਂ ਰਜਿਸਟਰੀਆਂ, ਕਈ ਤਰ੍ਹਾਂ ਦੇ ਕਾਗਜ਼ ਚੁੱਕੀ ਬੂੰਦ-ਬੂੰਦ ਨੂੰ ਵਿਲਕ ਰਹੇ ਹਨ। ਅੱਜ ਹੋਰ ਤਾਂ ਸਭ ਕੁੱਝ ਹੈ ਪਰ ਪਾਣੀ ਹੀ ਸੰਸਾਰ ਨਾ਼ਲ ਰੁੱਸ ਗਿਆ ਲੱਗਦੈ।...

ਸੂਰਜ ਹੋਰ ਵੀ ਪੂਰਾ ਤਿੱਖਾ ਹੋ ਗਿਆ। ਭੱਜੇ ਫਿਰਦੇ ਲੋਕਾਂ ਦੀਆਂ ਜੀਭਾਂ ਨਿੱਕਲਣ ਲੱਗੀਆਂ ਹਨ, ਕੁੱਤੇ ਵੀ ਉਪਰ ਨੂੰ ਮੂੰਹ ਕਰਕੇ ਮੌਤ ਦੇ ਰੋਣੇ ਰੋਣ ਲੱਗੇ ਹਨ। ਹੁਣ ਤਾਂ ਸਭ ਜ਼ਿੰਦਗੀਆਂ ਮੌਤ ਵੱਲ ਭੱਜਦੀਆਂ ਲੱਗ ਰਹੀਆਂ ਲੱਗਦੀਆਂ ਨੇ।

ਬਹੁਤ ਸਾਰੇ ਲੋਕ ਢੇਰੀ-ਢਾਹ ਧਰਤੀ ਤੇ ਪਏ ਤੜਪ ਰਹੇ ਹਨ, ਪਰ ਕਿਸੇ ਦਾ ਕਿਸੇ ਵੱਲ ਕੋਈ ਧਿਆਨ ਨਹੀਂ, ਅੱਜ ਸਭ ਦਾ ਹੀ ਲਹੂ ਚਿੱਟਾ ਹੋ ਗਿਆ। ਜਜ਼ਬੇ ਮਰ ਗਏ, ਸਧਰਾਂ ਲੂਹੀਆਂ ਗਈਆਂ, ਇਸ਼ਕ-ਪਿਆਰ ਦੇ ਸਭ ਦਾਅਵੇ-ਵਾਅਦੇ ਗਰਮੀ ਨੇ ਭੁੰਨ੍ਹ ਸੁੱਟੇ... ਜੇ ਗੂੰਜ ਰਿਹਾ ਤਾਂ ਪਾਣੀ ਦਾ ਚੀਖ਼-ਚਿਹਾੜਾ ਪਰ ਇਹ ਵੀ ਸ਼ਾਇਦ ਬਹੁਤੀ ਦੇਰ ਨਾ ਗੂੰਜੇ!...

ਮਹਿਸੂਸ ਹੋਇਆ, ਇਸ਼ਕ-ਪਿਆਰ ਦੇ ਦਾਅਵੇ ਸਭ ਪੂਰੀ ਸ਼ਿੱਦਤ ਨਾ਼ਲ ਕਰਦੇ ਰਹੇ, ਅਸਲ 'ਚ ਏਥੇ ਕੋਈ ਵੀ ਕਿਸੇ ਦਾ ਸਕਾ ਨਹੀਂ ਹੈ, ਬਿਪਤਾ ਪੈਣ ਤੇ ਸਭ ਮੂੰਹ ਮੋੜ ਜਾਂਦੇ ਹਨ। ਅੱਜ ਜ਼ਿੰਦਗੀ/ਸੰਸਾਰ/ਪਿਆਰ/ਇਸ਼ਕ ਦੇ ਅਰਥ-ਵਿਆਖਿਆ ਹੋਰ ਹੀ ਲੱਗੇ, ਸਭ ਕੌਲ-ਕਰਾਰ ਦਮ ਤੋੜ ਗਏ!..

ਹੁਣ ਬਹੁਤੇ ਬੰਦੇ, ਪਸ਼ੂ-ਪੰਛੀ ਮਰਨੇ ਸ਼ੁਰੂ ਹੋ ਗਏ। ਆਖ਼ਿਰ ਪਾਣੀ ਬਿਨ ਕਿੰਨੀ ਕੁ ਜ਼ਿੰਦਗੀ ਹੈ? ਘਰਾਂ 'ਚ ਬੱਚੇ-ਬੁੱਢੇ, ਪਿਆਸੇ ਕੂਕ-ਚੀਕ ਰਹੇ ਹਨ, ਹੋਰ ਕਿੰਨਾ ਕੁ ਚਿਰ ਕੂਕਣਗੇ? ਪਾਣੀ ਦੀ ਬੂੰਦ ਤਾਂ ਪੂਰੀ ਤਰ੍ਹਾਂ ਅਲੱਭ ਹੀ ਹੋ ਗਈ। ਇਸ ਕੀਮਤੀ ਹੀਰੇ ਦਾ ਮੁੱਲ/ਮਹੱਤਵ ਉਦੋਂ ਸਮਝ ਆਇਆ, ਜਦੋਂ ਗੁਆ ਲਿਆ, ਹੁਣ ਸਭ ਮਿੱਟੀ ਫ਼ਰੋਲ ਰਹੇ ਹਨ...

ਮੈਂ ਤੇ ਪਤਨੀ ਮੌਤ ਦੀ ਬਾਜ਼ੀ ਲਗਾਕੇ ਇੱਕ ਬੂੰਦ ਲਈ ਭੱਜੇ ਹੀ ਫਿਰ ਰਹੇ ਹਾਂ, ਨਿਰਾਸ਼ਾ ਭਰਿਆ ਟਾਕਰਾ ਵੀ ਹੁੰਦਾ ਰਿਹਾ ਪਰ ਕੋਈ ਬੋਲ ਸਾਂਝਾ ਕਰਨ ਦਾ ਵੀ ਸਮਾਂ ਨਹੀਂ। ਸਾਡਾ ਪਿੱਛਾ ਬੱਚਿਆਂ ਦੀ ਜ਼ਿੰਦਗੀ ਦਾ ਮੋਹ ਤੇ ਤ੍ਰੇਹ ਕਰ ਰਹੇ ਮਹਿਸੂਸ ਕਰਕੇ ਹੋਰ ਤੇਜ਼ੀ ਨਾਲ ਦੌੜ ਪੈਂਦੇ ਹਾਂ। ਚਾਰੇ ਪਾਸੇ ਹੀ ਮਾਰੇ-ਮਾਰੇ ਭੱਜੇ ਫਿਰ ਰਹੇ ਹਾਂ। ਪਰ ਧਰਤੀ 'ਤੇ ਚਾਰੇ ਪਾਸੇ ਭਿਆਨਕ ਸੋਕੇ ਦਾ ਹੀ ਕਬਜ਼ਾ ਹੋ ਗਿਆ ਲੱਗਦਾ ਹੈ। ਇੰਝ ਲੱਗਦੈ ਜਿਵੇਂ ਸੂਰਜ ਨੇ ਪ੍ਰਕ੍ਰਿਤੀ 'ਚੋਂ ਵੀ ਸਾਰੀ ਨਮੀ ਚੂਸ ਲਈ ਹੋਵੇ। ਸਾਹ ਅਤੇ ਗਹਿਰੇ ਯਤਨ ਨਿਰਜਿੰਦ ਹੋ ਗਏ ਜਾਪੇ। ਸਾਰੀ ਬਨਸਪਤੀ ਵੀ ਮੱਚੀ ਪਈ ਦੇਖ ਝੁੰਝਲਾਹਟ ਵੀ ਕਿ ਮਨੁੱਖ ਦੀ ਅਣਗਹਿਲੀ ਕੁਦਰਤ ਤੇ ਹੋਰ ਜੀਵ ਕਿਉਂ ਭੋਗ ਰਹੇ ਹਨ?

ਭੱਜੇ ਫ਼ਿਰਦੇ ਦੀ ਮੇਰੀ ਸ਼ਕਤੀ/ਸਮਰਥਾ ਵੀ ਪੂਰੀ ਤਰ੍ਹਾਂ ਗੁੰਮ ਹੁੰਦੀ, ਦਿਮਾਗ ਫੁੱਟਦਾ ਲੱਗਿਆ, ਬੁੱਲਾਂ ਤੇ ਸੁੱਕੀ ਪੇਪੜੀ ਜੰਮ ਗਈ। ਨਿਰਾਸ਼ ਹੋਏ ਦੇ ਹਿਰਦੇ 'ਚੋਂ ਵੱਖਰੀ ਤਰ੍ਹਾਂ ਦੀ ਮਿਰਗ ਤ੍ਰਿਸ਼ਨਾ ਭਟਕ ਉੱਠੀ ਹੈ, ਹੁਣ ਜਿੱਧਰ ਨਜ਼ਰ ਫੇਰਦਾ ਹਾਂ, ਚਾਰੇ ਪਾਸੇ ਪਾਣੀ ਹੀ ਪਾਣੀ ਦਿਖਾਈ ਦਿੰਦਾ ਹੈ, ਦਿਲ ਕਰਦੈ, ਸਾਰਾ ਪਾਣੀ ਕੱਲ੍ਹਾ ਹੀ ਪੀ ਜਾਵਾਂ! ਭੱਜਦਾ ਹਾਂ, ਪਰ ਚਾਰੇ ਪਾਸੇ ਰੇਤ ਦਾ ਵਿਸ਼ਾਲ ਮਾਰੂਥਲ ਮੂੰਹ ਚਿੜਾਉਂਦਾ ਹੈ। ਪਰ ਏਥੇ ਸਭਦੀ ਹਾਲਤ ਮੇਰੇ ਵਰਗੀ ਹੀ ਹੋਈ ਪਈ ਹੈ। ਤਪਸ਼ ਨਾ਼ਲ ਧਰਤੀ ਵੀ ਪਾਟਣ ਲੱਗੀ ਹੈ। ਲੱਗਦਾ ਹੈ, ਸਰੀਰ ਵੀ ਹੁਣੇ ਹੀ ਪਾਟ/ਮੱਚ ਜਾਣਗੇ। ਉਪਰੋਂ ਸੂਰਜ ਵੀ ਇੰਨਾਂ ਤਿੱਖਾ ਕਿ ਭੁੰਨ ਕੇ ਕਬਾਬ ਕਰਨ ਨੂੰ ਕਾਹ਼ਲਾ ਲਗਦੈ।

ਮੌਤ ਦਾ ਭਿਆਨਕ ਵਾਜਾ ਵੱਜ ਚੁੱਕਾ ਹੈ, ਜਿਸ ਚੋਂ ਮਾਰੂ ਰਾਗ ਦੀ ਚੀਖ਼ ਨਿੱਕ਼ਲ ਗਈ। ਲੱਗਦੈ, ਜਿਵੇਂ ਧਰਤੀ ਦੇ ਪਤਨ 'ਤੇ ਕੁਦਰਤ ਨੇ ਆਖਰੀ ਹੌਂਕਾ ਭਰਿਆ ਹੋਵੇ, ਫਿਰ ਮੂੰਹ ਪਰ੍ਹੇ ਕਰਕੇ ਫੁੱਟ-ਫੁੱਟ ਕੇ ਰੋ ਪਈ ਹੋਵੇ, ਫਿਜ਼ਾਵਾਂ 'ਚ ਸੋਗੀ ਦੇ ਸੁਰਾਂ ਵਿਰਲਾਪ ਨਾ਼ਲ ਮੌਤ ਦੀਆਂ ਤਰੰਗਾਂ ਉੱਠਣ...! ਕੰਨ ਬੰਦ ਕਰ ਪਿੰਡ ਦੇ ਦੂਜੇ ਪਾਸੇ ਵੱਲ ਭੱਜਦਾ ਹਾਂ, ਸੰਘਰਸ਼ ਬਿਨ ਮਰਨਾ ਵੀ ਕਾਇਰਤਾ ਹੀ ਲੱਗੀ।

... ਪਿੰਡ ਦੇ ਇਸ ਪਾਸੇ ਹੋਰ ਹੀ ਰੌਲਾ ਪੈ ਰਿਹੈ, ਕਿੰਨੇ ਹੀ ਲੋਕ ਪਸ਼ੂਆਂ ਦਾ ਲਹੂ ਕੱਢ ਰਹੇ ਨੇ ਤੇ ਲਹੂ ਲੈਣ ਵਾਲਿਆਂ ਦੀ ਭਾਰੀ ਭੀੜ ਹੈ। ਲਹੂ ਹੀ ਕੀ ਜੇ ਅੱਜ ਇੱਥੇ ਜ਼ਹਿਰ ਵੰਡੀ ਜਾਂਦੀ ਹੁੰਦੀ ਤਾਂ ਵੀ ਲੋਕਾਂ ਨੇ ਜ਼ਹਿਰ ਲੈਣ ਲਈ ਵੀ ਧੱਕੇ-ਮੁੱਕੀ ਹੋਣਾ ਸੀ।

ਲੋਕਾਂ ਦੇ ਮਨਾਂ 'ਚ ਕਾਹ਼ਲ ਤੇ ਚਿਹਰਿਆਂ ਤੇ ਦਹਿਸ਼ਤ ਹਾਵੀ ਹੋਣ ਲੱਗੀ ਹੈ।

ਦੇਖਿਆ, ਪਤਨੀ ਵੀ ਕਤਾਰ ਦੇ ਵਿੱਚੇ ਖੜ੍ਹੀ ਹੈ। ਦੇਖ ਕੇ ਮੇਰੀ ਧਾਹ ਨਿੱਕ਼ਲ ਗਈ। ਦਿਲ ਕਰਿਆ, ਆਪਣੇ ਵਾ਼ਲ ਨੋਚ ਲਵਾਂ ਤੇ ਅੰਬਰ ਵਿੰਨ੍ਹਵੀਆਂ ਚੀਖਾਂ ਮਾਰਾਂ, ਪਰ ਏਥੇ ਸਭ ਚੀਕਾਂ ਹੀ ਤਾਂ ਮਾਰ ਰਹੇ ਨੇ। ਅਜ਼ੀਬ ਸਬੱਬ ਹੈ, ਲੋਕ ਅੱਗੇ ਤੋਂ ਅੱਗੇ ਹੋਣ ਲਈ

ਗ਼ਮ ਦੀ ਕਾਲੀ ਰਾਤ ਦੇ ਬਾਰੇ ਕੀ ਦਸਾਂ।
ਅੱਖਾਂ ਦੀ ਬਰਸਾਤ ਦੇ ਬਾਰੇ ਕੀ ਦੱਸਾਂ। -(ਅਗਲੇ ਸਫ਼ੇ 'ਤੇ)

ਲੜ-ਝਗੜ, ਗਾਲ਼ੋ-ਗਾਲੀ ਤੇ ਧੱਕਾ-ਮੁੱਕੀ ਹੋ ਰਹੇ ਹਨ। ਲੱਗਦਾ ਹੈ, ਹੁਣੇ ਜੱਗਾਂ, ਬਾਲਟੀਆਂ, ਪੀਪੀਆਂ, ਕੈਂਪਰਾਂ ਨਾਲ਼ ਸੰਸਾਰ ਦੀ ਵੱਖਰੀ ਹੀ ਜੰਗ ਸ਼ੁਰੂ ਹੋਣ ਵਾਲ਼ੀ ਹੈ।

ਮੈਨੂੰ ਵੀ ਆਪਣੀ ਮੌਤ ਨੇੜੇ ਹੀ ਦਿਖਾਈ ਦੇਣ ਲੱਗੀ, ਛੇਤੀ ਨਾਲ਼ ਘਰ ਵੱਲ ਭੱਜਦਾਂ ਹਾਂ ਤਾਂ ਕਿ ਜਿੱਥੇ ਜੰਮਣ ਦੀ ਚੀਕ ਮਾਰੀ ਸੀ ਉਥੇ ਹੀ ਆਖਰੀ ਸਾਹ...!

"ਬੁੜ੍ਹੇ-ਬੁੜ੍ਹੀਆਂ ਦਾ ਵੀ ਲਹੂ ਕੱਢ ਕੇ ਪੀਵੋ ਅਤੇ ਜਿੰਨੇ ਪਲ਼ ਜੀਵਿਆ ਜਾਂਦਾ ਜੀਵੋ ਓਇ, ਇਹਨਾਂ ਦੀ ਵੀ ਕੋਈ ਲੋੜ ਨੀ ਹੁਣ, ਬਥੇਰਾ ਖਾ ਪੀ ਲਿਆ...!" ਭੱਜੇ ਜਾਂਦੇ ਦੇ ਕੰਨੀਂ ਮੋਈ ਮਨੁੱਖਤਾ ਭਰੇ ਇਹ ਬੋਲ ਪਏ ਤਾਂ ਕਾਲਜਾ ਮੂੰਹ ਨੂੰ ਆਇਆ ਅਤੇ ਦਿਲ ਬੈਠਣ ਲੱਗਿਆ। ਅਜਿਹੇ ਅਚਿੰਤੇ ਦਿਨਾਂ ਬਾਰੇ ਸੋਚ ਮਨ ਚੋਂ ਧੂੰਆਂ ਅਤੇ ਕੰਨਾਂ ਚੋਂ ਸੇਕ ਉੱਬਲਿਆ। ਕਹਿਣਾ ਚਾਹਿਆ ਕਿ ਕਿਰਤੀ ਕਿਸਾਨਾਂ ਦਾ ਖ਼ੂਨ ਤਾਂ, ਵੱਡੇ ਢਿੱਡਾਂ ਵਾਲ਼ਾ ਭੁੱਖਾ ਭੇੜੀਆ ਕਾਰਪੋਰੇਟੀ ਅਤੇ ਸਰਕਾਰੀ-ਦਫ਼ਤਰੀ-ਤੰਤਰ ਪਹਿਲਾਂ ਹੀ ਬਹੁਤ ਪੀ ਗਿਐ, ਬੂੰਦ-ਬੂੰਦ ਨਿਚੋੜ ਲਈ, ਹੁਣ ਕਿੱਥੋਂ ਭਾਲਦੇ ਓ ਭੁੱਖ-ਦੁੱਖਾਂ ਦੀਆਂ ਝੰਬੀਆਂ ਜਿੰਦਾ ਲੋਥਾਂ 'ਚੋਂ? ਪਰ ਹੁਣ ਕਹਿਣਾ ਫਜ਼ੂਲ ਲੱਗਦਾ ਹੈ। ਕੋਈ ਹੋਰ ਸਮਾਂ ਹੁੰਦਾ, ਮੋਟੀ ਡ੍ਰਾਵੀ ਤਕਰੀਰ ਕਰਦਾ ਤੇ ਆਪਣੀ ਵਿਦਵਤਾ ਦਾ ਰੋਅਬ ਜਮਾਉਂਦਾ। ਪਰ ਹੁਣ ਆਪਣੀ ਹੀ ਰਾਖ ਬਣਨ ਵਾਲ਼ੀ ਹੈ।

ਮੌਤ ਆਈ ਤੋਂ ਹੀ ਸਮੇਂ ਦੀ ਕੀਮਤ ਪਤਾ ਲੱਗੀ ਹੈ! ਚੁੱਪ ਕਰਕੇ ਘਰ ਵੱਲ ਦੌੜ ਪਿਆ ਹਾਂ। ਰਾਹ 'ਚ ਕਿੰਨੇ ਲੋਕ ਧਰਤੀ 'ਤੇ ਪਏ ਤੜਪ ਰਹੇ, ਕਿੰਨੇ ਹੀ ਧੁੱਪ ਨੇ ਭੁੰਨੇ ਪਏ ਨੇ। ਕਿੰਨਿਆਂ 'ਚੋਂ ਧੂੰਆਂ ਉੱਠ ਰਿਹਾ ਹੈ। ਪੈਸੇ, ਗਹਿਣੇ ਤੇ ਹੋਰ ਕਈ ਤਰ੍ਹਾਂ ਦੇ ਕਾਗਜ਼-ਪੱਤਰ ਕੋਲ਼ ਖਿਲਰੇ ਪਏ ਨੇ! ਰਹਿੰਦਿਆਂ ਦਾ ਚੀਕ-ਚਿਹਾੜਾ ਸਿਖ਼ਰ ਛੂਹਣ ਲੱਗਾ, ਪਰ ਅਵਾਜ਼ਾਂ ਮਰੀਆਂ ਤੇ ਸੰਘ ਪਾਟ ਰਹੇ ਲੱਗੇ!

ਘਰ ਵੜਨ ਤੋਂ ਪਹਿਲਾਂ ਹੌਲਨਾਕ ਦ੍ਰਿਸ਼ ਨੇ ਮੇਰਾ ਸਿਰ ਤੇ ਦਿਮਾਗ ਹਿਲਾ ਦਿੱਤਾ, ਰੂਹ ਤੜਪ ਗਈ। ਮਾਪੇ, ਘਰ ਮੂਹਰਲੇ ਗੰਦੇ ਨਾਲੇ ਤੇ ਲੁੜਕੇ ਪਏ ਹਨ। ਮੂੰਹ ਨਾਲੇ ਦੇ ਸੁੱਕੇ ਗੰਦੇ ਰੇਤ ਨਾਲ਼ ਭਰੇ ਨੇ ਜਿਵੇਂ ਅੰਤਿਮ ਸਾਹ ਤੱਕ ਮੌਤ ਨਾਲ ਚੰਗੇ ਦੋ ਹੱਥ ਕੀਤੇ ਹੋਣ!

ਇਸ ਤਰ੍ਹਾਂ ਤਾਂ ਪਿੰਡ ਦੇ ਗੰਦੇ ਸੁੱਕੇ ਛੱਪੜ ਤੇ ਵੀ ਬਹੁਤ ਲੋਕ ਮਰੇ ਪਏ ਸੀ! ਮਾਪਿਆਂ ਦੀਆਂ ਲਾਸ਼ਾਂ ਦੇਖ, ਖ਼ੌਰੇ! ਕਿਉਂ ਰੋਣ ਤੇ ਸੋਗ ਹੋਣ ਦੀ ਜਗ੍ਹਾ ਅੰਤਾਂ ਦੀ ਖੁਸ਼ੀ ਹੁੰਦੀ ਹੈ, ਜਿਵੇਂ ਉਹ ਮਰਕੇ ਬਹੁਤ ਸੁਖੀ ਹੋ ਗਏ ਹੋਣ। ਮਾਪੇ ਮਰਨ 'ਤੇ ਰੱਬ ਦਾ ਸ਼ੁਕਰ ਕਰਦਾਂ, ਪਰ ਬੱਚੇ ਯਾਦ ਆਉਂਦੇ ਨੇ, ਸੀਨਾ ਕੰਬ ਜਾਂਦੈ। ਸੋਚਦਾਂ, ਸੋਚਦਾਂ ਉਹ ਵੀ ਇਹਨਾਂ ਵਾਂਗ ਹੀ.. .ਅੰਦਰ ਵੜਨ ਤੋਂ ਪਹਿਲਾਂ ਦਿਲ ਧੜਾਕ-ਧੜਾਕ ਵੱਜ ਰਿਹੈ...!

ਮੋਇਆਂ ਵਰਗਾ ਹੋਇਆ ਮਸਾਂ ਪੈਰ ਘੜੀਸਦਾ ਘਰੇ ਪਹੁੰਚਦਾ ਹਾਂ। ਬੁਰੀ ਤਰ੍ਹਾਂ ਕੁਮਲਾਏ ਤੇ ਡਰੇ ਬੱਚੇ ਭੱਜਕੇ ਖਾਲੀ ਬਾਲਟੀ ਨੂੰ ਇੰਝ ਚਿੰਬੜੇ ਨੇ ਜਿਵੇਂ ਯੁੱਗਾਂ ਤੋਂ ਪਿਆਸੇ ਹੋਣ। ਉਹ ਇੱਕ ਦੂਜੇ ਤੋਂ ਖੋਹ-ਖੋਹ ਕੇ ਖਾਲੀ ਬਾਲਟੀ ਨੂੰ ਇਉਂ ਮੂੰਹ ਲਗਾ ਰਹੇ ਨੇ ਜਿਵੇਂ ਸੱਚੀਂ ਹੀ ਰੱਜ-ਰੱਜ ਕੇ ਪਾਣੀ ਪੀ ਰਹੇ ਹੋਣ। ਸੁੱਕੇ ਬੁੱਲ੍ਹ, ਮੁਰਝਾਏ ਮੂੰਹ ਦੇਖ ਕੇ ਆਪਣੀ ਬੇਵਸੀ ਤੇ ਬਹੁਤ ਤਰਸ ਆਇਆ। ਦਿਲ ਕੀਤਾ, ਕੰਧ 'ਚ ਟੱਕਰ ਮਾਰ ਕੇ ਮਰਜਾਂ ਤੇ ਸਿਰ ਚੋਂ ਨਿੱਕਲਿਆ ਖ਼ੂਨ ਪੀਕੇ ਬੱਚੇ ਇੱਕ-ਅੱਧ ਘੜੀ ਹੋਰ ਦੁਨੀਆਂ ਦੇਖਣ।

ਬੱਚਿਆਂ ਤੋਂ ਬਚਾਕੇ ਮੈਂ ਆਪਣੀ ਬਾਂਹ ਦਾ ਹੀ ਚੱਕ ਭਰਦਾ ਹਾਂ, ਪਰ ਖ਼ੂਨ ਗਾਇਬ ਹੈ, ਹੁਣ ਤਾਂ ਸਿਰਫ ਪਤਨੀ ਤੋਂ ਹੀ ਓੜਕਾਂ ਦੀ ਆਸ ਹੈ, ਉਸਦੀ ਬੇਸਬਰੀ ਨਾਲ ਉਡੀਕ ਵੀ, ਬੱਚੇ ਪਤਾ ਨੀ ਕੀ-ਕੀ ਬੋਲ ਰਹੇ ਨੇ, ਮੈਨੂੰ ਤਾਂ ਸਿਰਫ਼ 'ਪਾਣੀ-ਪਾਣੀ' ਸੁਣਦੈ।

"ਪਾਪਾ ਪਾਣੀ ਕਿਉਂ ਨੀ ਮਿਲਦਾ...? ਦੁਕਾਨ ਤੋਂ ਲੈ ਆਓ ਨਾ ਪਲੀਜ਼, ਪਾਪਾ... ਪੈਸੇ ਸਾਡੇ ਤੋਂ ਲੈ ਜੋ...!" ਦੀਨ-ਹੀਨ ਹੋਏ ਬੇਟੇ-ਬੇਟੀ ਨੇ ਆਪਣੀਆਂ ਮੋਟੂ ਗੋਲਕਾਂ ਮੇਰੀ ਝੋਲੀ ਲਿਆ ਕੇ ਰੱਖ ਦਿੱਤੀਆਂ। ਮੇਰਾ ਕਾਲਜਾ ਹੀ ਨਹੀਂ ਦਿਮਾਗ਼ ਵੀ ਪਾਟਣ ਵਾਲ਼ਾ ਹੋ ਗਿਆ। ਨਾ ਹੱਸਣ ਨੂੰ ਦਿਲ ਕੀਤਾ, ਨਾ ਰੋਣ ਨੂੰ, ਨਾ ਇੱਕ ਵੀ ਪਲ਼ ਹੋਰ ਜਿਉਣ ਨੂੰ...

"ਬੇਬੇ ਬਾਪੂ ਸਾਨੂੰ ਏਥੇ ਬਿਠਾ ਕੇ ਕਦੋਂ ਦੇ ਪਾਣੀ ਲੈਣ ਗਏ ਨੇ ਪਾਪਾ...! ਉਹ ਵੀ ਨੀ ਹਲੇ ਤੱਕ ਨਹੀਂ ਮੁੜੇ। ਮੰਮੀ ਕਦੋਂ ਆਊਗੀ...?" ਬੇਟਾ ਇੰਵ ਬੋਲਿਆ ਹੈ ਜਿਵੇਂ ਸਭ ਕੁਝ ਤਬਾਹ ਹੋ ਜਾਣ 'ਤੇ ਆਖ਼ਰੀ ਕੀਰਨਾ ਪਾਇਆ ਹੋਵੇ।

"ਬੇਬੇ ਬਾਪੂ ਨਦੀ 'ਚ ਗਏ ਨੇ ਪਾਣੀ ਲੈਣ... ਬਹੁਤ ਸਾਰਾ ਪਾਣੀ ਲੈਕੇ ਨੇੜੇ ਹੀ ਆ ਰਹੇ ਨੇ। ਮੰਮੀ ਵੀ ਬਹੁਤ ਪਾਣੀ ਲੈਕੇ ਆ ਰਹੀ ਹੈ ਰੱਜ ਰੱਜ ਪੀਓ ਤੇ ਨਹਾਇਓ...!" ਅੰਦਰੋਂ ਬੁਰੀ ਤਰ੍ਹਾਂ ਖਸਤਾ, ਬਾਹਰੋਂ ਦ੍ਰਿੜ ਤੇ ਸਹਿਜ ਦਿਸਣ ਦਾ ਕੋਝਾ ਝੂਠ ਸਿਰਜਦਾ ਹਾਂ!

ਹੁਣ ਬੱਚਿਆਂ ਦਾ ਸਬਰ ਪੂਰੀ ਤਰ੍ਹਾਂ ਡੁੱਬਣ ਲੱਗਾ ਹੈ। ਉਹ ਰੋਣਹਾਕੇ ਹੋ ਗਏ। ਚਾਹੁੰਦਾ ਹਾਂ ਕਿ ਉਹ ਫੁੱਟ-ਫੁੱਟ ਕੇ ਰੋਣ, ਅੱਥਰੂ ਨਿੱਕਲਣ ਤੇ ਮੈਂ ਪਿਆਰ ਕਰਨ ਬਹਾਨੇ ਅੱਥਰੂ ਚੱਟ ਕੇ ਆਪਣਾ ਹਲਕ ਥੋੜ੍ਹਾ ਤਰ ਕਰ ਲਵਾਂ। ਅੱਜ ਜਹਾਨ ਭਰ ਦੀ ਕਮੀਨਗੀ ਪੈਦਾ ਹੋ ਗਈ ਹੈ... ਥੋੜ੍ਹੇ ਸਮੇਂ ਨੂੰ ਸਾਰਾ ਪਿੰਡ, ਦੇਸ਼, ਖ਼ਬਰੈ ਸਾਰਾ ਸੰਸਾਰ ਹੀ ਇਸ ਤਰ੍ਹਾਂ ਕੋਝਾ ਕਮੀਨਾ ਹੋ ਜਾਵੇ?

ਉਨ੍ਹਾਂ ਦੇ ਕੋਮਲ ਮੂੰਹ ਟਮਾਟਰ ਵਾਂਗ ਲਾਲ ਹੋ ਕੇ ਮੁਰਝਾ ਰਹੇ ਹਨ, ਅਵਾਜ਼ਾਂ ਘੱਗੀਆਂ ਹੋ ਰਹੀਆਂ ਹਨ, ਸੁੱਝ ਨੀ ਰਿਹਾ ਕੀ ਕਰਾਂ ਤੇ ਕੀ ਨਾ ਕਰਾਂ, ਦਿਮਾਗ ਡੈੱਡ ਲੱਗਦਾ ਹੈ। ਪਰ ਅਚਾਨਕ ਹੀ ਟੀ.ਵੀ. ਵਾਲੀ ਆਸ ਚਮਕਦੀ ਹੈ, ਕੀ ਪਤਾ ਸਰਕਾਰ ਕੋਈ ਪ੍ਰਬੰਧ ਹੀ ਕਰ ਰਹੀ ਹੋਵੇ ਤੇ ਨਾਲੇ ਪਤਨੀ ਦੇ ਆਉਣ ਤੱਕ ਸਾਡਾ ਧਿਆਨ ਟੀ.ਵੀ 'ਚ ਰਹੂ। ਟੀ.ਵੀ.'ਔਨ' ਕਰਦਾ ਹਾਂ।

ਪਾਣੀ ਦੀ ਬਰਬਾਦੀ ਤੇ ਅੱਛੀ-ਖ਼ਾਸੀ ਬਹਿਸ ਭਖੀ ਹੋਈ ਹੈ। ਮਾਹਿਰ ਇੱਕ ਦੂਜੇ 'ਤੇ ਕੁੱਕੜਾਂ ਵਾਂਗ ਝਪਟ ਰਹੇ ਨੇ। ਇਹਨਾਂ ਨੂੰ ਹੁਣ ਜਾਗ ਆਈ ਲੱਗਦੀ ਹੈ। ਪਰ ਇਨ੍ਹਾਂ ਨੂੰ ਸਮੱਸਿਆ ਦੇ ਹੱਲ ਨਾਲੋਂ ਆਪਣੀ ਹਉਮੈ ਭਰੀ ਵਿਦਵਾਨੀ ਦੀ ਪਈ ਹੈ। ਸਕਰੀਨ ਪਾਣੀ ਦੀ ਬਰਬਾਦੀ ਦੇ ਬਹੁਤ ਸਾਰੇ ਦ੍ਰਿਸ਼ ਦਿਖਾਏ ਜਾ ਰਹੇ ਨੇ, ਗੀਤਾਂ/ਫ਼ਿਲਮਾਂ/ਨਾਟਕਾਂ 'ਚ ਬੇਹਿਸਾਬਾ ਨਕਲੀ ਮੀਂਹ ਪੈ ਰਿਹਾ ਹੈ, ਕ੍ਰਿਕਟ ਮੈਦਾਨਾਂ ਦੇ ਘਾਹ 'ਤੇ ਰੋਜ਼ਾਨਾ ਫਜ਼ੂਲ ਛਿੜਕਾਅ, ਲੀਡਰਾਂ, ਵਪਾਰੀਆਂ ਦੇ ਲਾਅਨਾਂ ਤੇ ਬਰਬਾਦੀ, ਧਾਰਮਿਕ ਸਥਾਨਾਂ, ਫੈਕਟਰੀਆਂ, ਬਰਾਂਡਿਡ ਬੋਤਲਾਂ, ਝੋਨੇ, ਸਫ਼ੈਦੇ ਤੇ ਰੋਜ਼ਾਨਾ ਗੱਡੀਆਂ, ਫਰਸ਼ਾਂ ਤੇ ਆਮ ਵਰਤੋਂ 'ਚ ਹਰ ਪਾਸੇ ਬੇਰਹਿਮ ਬਰਬਾਦੀ ਅਤੇ ਮਾਹਿਰ ਚੀਕਾਂ ਮਾਰ ਰਹੇ ਹਨ। ਸਾਰੇ ਕਾਰਨਾਂ 'ਤੇ ਹੁਣੇ ਤਾਜ਼ਾ ਗਿਆਨ ਹੋਇਆ ਲੱਗਦਾ ਹੈ। ਅਚਾਨਕ ਸਕਰੀਨ ਤੇ

ਮੈਂ ਦੀਵੇ ਦੀ ਲਾਟ ਤੋਂ ਜੀਣਾ ਸਿਖਿਆ ਏ।
ਦੀਵੇ ਦੀ ਔਕਾਤ ਦੇ ਬਾਰੇ ਕੀ ਦੱਸਾਂ। -ਸਫ਼ੀਆ ਹਯਾਤ

'ਪੂਰੀ ਦੁਨੀਆਂ 'ਚ ਪਾਣੀ ਖਤਮ' ਦੀ ਪੱਟੀ ਚਮਕਦੀ ਹੈ। ਸਾਰੇ ਮਾਹਿਰ ਬਹਿਸ ਵਿਚਾਲੇ ਛੱਡਕੇ ਖੌਰੇ ਕਿੱਧਰ ਭੱਜ ਗਏ!

ਅਗਲੇ ਚੈਨਲ ਤੇ ਸੋਹਣੀ ਸੁਨੱਖੀ ਐਂਕਰ ਕੁੜੀ ਝੀਲ ਕਿਨਾਰੇ ਖੜ੍ਹੀ, ਪਾਣੀ ਦੇ ਤੇਜ਼ੀ ਨਾਲ ਘਟ ਰਹੇ ਸਤਰ ਦੀ ਰਿਪੋਰਟ ਪੂਰੀ ਓਵਰ ਐਕਟਿੰਗ ਨਾ.ਲ, ਸਭ ਤੋਂ ਤੇਜ਼ ਦੇਣ ਦਾ ਦਾਅਵਾ ਪੇਸ਼ ਕਰ ਰਹੀ ਹੈ, ਹਾਵ-ਭਾਵਾਂ ਤੋਂ ਲੱਗਦੈ, ਉਨ੍ਹਾਂ ਦਾ ਚੈਨਲ ਦੁਨੀਆਂ ਦਾ ਕੋਈ ਬਹੁਤ ਵੱਡਾ ਮਾਅਰਕਾ ਮਾਰ ਰਿਹਾ ਹੈ! ਦੂਸਰੇ ਚੈਨਲ ਤੇ ਇੱਕ ਹੋਰ ਕੁੜੀ, ਛੇਤੀ ਨਾ.ਲ ਸੁੱਕੀ ਨਦੀ ਤੇ ਖੜ੍ਹੀ ਰਿਪੋਰਟਿੰਗ ਕਰ ਰਹੀ ਹੈ। ਅਚਾਨਕ ਝੀਲ ਤੇ ਨਦੀ ਦੋਵੇਂ ਹੀ ਸੁੱਕ ਗਈਆਂ ਹਨ ਤੇ ਦੋਵੇਂ ਕੁੜੀਆਂ ਸਰੀਰ ਦਾ ਪਾਣੀ ਮੁੱਕ ਜਾਣ ਕਾਰਨ ਚਕਰਾ ਕੇ ਡਿੱਗ ਪਈਆਂ ਹਨ। ਮਾਈਕ ਗਿਲਾਸ ਵਾਂਗ ਮੂੰਹ ਨੂੰ ਇੰਵ ਲਗਾ ਲਏ ਨੇ, ਜਿਵੇਂ ਉਹ ਪਾਣੀ ਦਾ ਭਰਿਆ ਜੱਗ ਹੋਵੇ। ਹੁਣ ਧਰਤੀ ਤੇ ਪਈਆਂ ਬੁਰੀ ਤਰ੍ਹਾਂ ਤੜਪ ਰਹੀਆਂ ਹਨ।

...ਕਿਸੇ ਹੋਰ ਚੈਨਲ 'ਤੇ ਕਈ ਕਾਰਪੋਰੇਟੀ ਦੈਂਤ ਸਾਰੀ ਪੂੰਜੀ ਲੈ ਕੇ ਲੋਕਾਂ ਦੇ ਮੂੰਹਾਂ ਚ ਹੋਮਿਓਪੈਥੀ ਦਵਾ ਵਾਂਗ, ਦੋ-ਚਾਰ ਬੂੰਦਾਂ ਹੀ ਝਿਣਕ ਰਹੇ ਹਨ। ਫਿਰ ਖ਼ੌਰੇ ਕਿਉਂ, ਮਰਦੀ ਲੋਕਾਈ ਨੂੰ ਛੱਡ ਉਹ ਬੋਤਲਾਂ ਲੈ ਕੇ ਭੱਜ ਗਏ, ਲੋਕਾਂ ਦੀਆਂ ਬੇਵੱਸ ਦਿਲ-ਪਾੜੂ ਧਾਹਾਂ ਨੇ ਅੰਬਰ ਹੀ ਚੀਰ ਸੁੱਟਿਆ!

ਤਰ੍ਹਾਂ-ਤਰ੍ਹਾਂ ਦੇ ਭਿਆਨਕ ਸੀਨ ਹਨ। ਬਹੁਤ ਪਿੰਡਾਂ-ਸ਼ਹਿਰਾਂ 'ਚ ਸਾਰੇ ਲੋਕ, ਪਸ਼ੂ,ਪੰਛੀ ਮਰੇ ਪਏ ਹਨ। ਕੋਲ ਪਏ ਪੈਸੇ, ਗਹਿਣੇ, ਜੱਗ, ਬਾਲਟੀਆਂ ਮਾਲਿਕਾਂ ਦੀ ਆਜਾਈਂ ਮੌਤ ਉੱਤੇ ਜਿਵੇਂ ਪਥਰਾਏ ਪਏ ਹੋਣ।

ਹੋਰ ਨਹੀਂ ਦੇਖ ਹੁੰਦਾ, ਬੱਚੇ ਗੋਦ 'ਚ ਸੁੰਗੜ ਗਏ। ਉਨ੍ਹਾਂ ਦੇ ਸਾਹਾਂ ਦੀ ਗਤੀ ਵੱਧ ਗਈ ਹੈ। ਬੱਚਿਆਂ ਨੂੰ ਦਹਿਸ਼ਤ ਤੋਂ ਬਚਾਉਣ ਲਈ ਟੀ.ਵੀ. ਬੰਦ ਕਰਨ ਹੀ ਲੱਗਦਾ ਹਾਂ ਕਿ ਅਚਾਨਕ ਸਕਰੀਨ ਤੇ ਦੇਸ਼ ਦਾ ਅੰਤਰਰਾਸ਼ਟਰੀ ਏਅਰਪੋਰਟ ਉੱਭਰਦਾ ਹੈ। ਦੇਸ਼ ਦੇ ਸਾਰੇ ਲੀਡਰ, ਗਾਇਕ, ਫਿਲਮੀ ਐਕਟਰ, ਵਪਾਰੀ, ਨਾਟਕਾਂ ਵਾਲੇ, ਸੰਤ, ਪ੍ਰਚਾਰਕ ਜਿੰਨ੍ਹਾਂ ਦੇ ਲੋਕ ਅੰਨ੍ਹੇ ਫ਼ੈਨ ਬਣੇ ਹੋਏ, ਆਪਸ ਚ ਲੜ-ਲੜ ਮਰਦੇ ਸਨ, ਉਹ ਦੇਸ਼ ਤੇ ਲੋਕਾਂ ਨੂੰ ਇਸ ਗਹਿਰੇ ਸੰਕਟ 'ਚ ਮਰਦੇ ਛੱਡ, ਹੋਰ ਦੇਸ਼ਾਂ ਵੱਲ ਜਿੱਧਰ ਥੋੜ੍ਹਾ ਬਹੁਤ ਪਾਣੀ ਬਚਿਆ ਹੈ ਓਧਰ ਭੱਜ ਰਹੇ ਹਨ। ਕਿਸੇ ਚੈਨਲ ਤੇ ਲੋਕ ਬਾਲਟੀਆਂ ਜੱਗਾਂ ਨਾਲ ਜੋਤਸ਼ੀਆਂ/ਤਾਂਤਰਿਕਾਂ ਨੂੰ ਕੁੱਟ ਰਹੇ ਨੇ, ਕਿਤੇ ਆਪਸ ਚ ਲੜ ਝਗੜ, ਗਾਲਾਂ ਕੱਢ ਤੇ ਹੱਥੋਪਾਈ ਹੋ ਲਹੂ-ਲੁਹਾਣ ਹੋ ਰਹੇ ਹਨ।

ਦੇਖਦਿਆਂ- ਦੇਖਦਿਆਂ ਲੋਕ ਇੱਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ। ਆਪਣੀਆਂ ਜਾਨਾਂ ਬਚਾਉਣ ਲਈ ਆਪਣੇ ਹੀ ਜੰਮੇ ਧੀਆਂ-ਪੁੱਤਾਂ, ਭੈਣਾਂ-ਭਰਾਵਾਂ ਦੇ ਖ਼ੂਨ ਦੇ ਵੈਰੀ ਹੋ ਗਏ ਨੇ। ਇੱਕ ਦੂਜੇ ਦੇ ਦੰਦੀਆਂ ਵੱਢ-ਵੱਢ ਖ਼ੂਨ ਪੀ ਕੇ ਪਿਆਸ ਬੁਝਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਪੂਰੀ ਸ਼ਕਤੀ ਨਾ.ਲ ਕਰ ਰਹੇ ਹਨ। ਆਪਣੇ ਮਾਸੂਮ ਕੋਮਲ ਫੁੱਲਾਂ ਜਿਹੇ ਬੱਚਿਆਂ ਨੂੰ ਵੀ ਕੁੱਤਿਆਂ ਅਤੇ ਭੇੜੀਆਂ ਵਾਂਗ ਨੋਚਣ ਲੱਗੇ ਹਨ। ਲੋਕਾਂ ਦੇ ਮੂੰਹ ਲਹੂ ਨਾ.ਲ ਲਿੱਬੜੇ ਹਨ।

ਇੱਕ ਸੋਹਣਾ ਜਿਹਾ ਗੱਭਰੂ ਆਪਣੇ "ਨੋ ਪਾਪਾ-ਨੋ ਪਾਪਾ, ਸੌਰੀ...!" ਕਰ ਰਹੇ ਛੋਟੇ ਜਿਹੇ ਬੱਚੇ ਨੂੰ ਲੱਤਾਂ ਤੋਂ ਫੜ੍ਹ ਪੱਥਰ 'ਤੇ ਪਟਕ ਰਿਹਾ ਹੈ, ਹ.ਲਕੇ ਕੁੱਤੇ ਵਾਂਗ ਉਸਦਾ ਲਹੂ ਪੀਣ ਦਾ ਯਤਨ ਕਰ ਰਿਹਾ ਹੈ। ਕੋਲ ਹੀ ਉਸਦੀ ਪਤਨੀ ਬੱਚੇ ਨੂੰ ਬਚਾਉਣ ਦੀ ਭਰਪੂਰ ਪਰ ਨਾਕਾਮ ਕੋਸ਼ਿਸ਼ ਕਰ ਰਹੀ ਹੈ ਤੇ ਆਖ਼ਿਰ ਪਤੀ ਨੂੰ ਹੀ ਭੁੱਖੀ ਜ਼ਖਮੀ ਸ਼ੇਰਨੀ ਵਾਂਗ ਪੈ ਨਿੱਕਲੀ ਹੈ।...

ਇਹ ਦੇਖਕੇ ਬੱਚਿਆਂ ਦੀ ਇੱਕ ਭਿਆਨਕ ਮਰੀ ਹੋਈ ਲੇਰ ਨਿੱਕ.ਲ ਗਈ। ਬੇਟੀ ਛਾਲ ਮਾਰ ਕੇ ਮੇਰੇ ਤੋਂ ਬਹੁਤ ਦੂਰ ਹੋ ਗਈ। ਉਸਨੇ ਬੇਟੇ ਨੂੰ ਵੀ ਇੱਕਦਮ ਕਾਫ਼ੀ ਦੂਰ ਖਿੱਚ ਲਿਆ। ਉਹਨਾਂ ਦੇ ਪੀ.ਲੇ ਪਏ ਮੂੰਹਾਂ 'ਤੇ ਮੌਤ ਦੀ ਅਮੁੱਕ ਵੀਰਾਨੀ ਛਾ ਗਈ। ਮੌਤ ਦਾ ਖ਼ੌਫ਼, ਬੇਖ਼ੌਫ਼ ਹੋ ਕੇ ਨੱਚਣ ਲੱਗਾ। ਦੋਵੇਂ ਪਰ੍ਹੇ ਖੜ੍ਹੇ ਮੇਰੇ ਵੱਲ ਦਹਿਸ਼ਤ ਨਾ.ਲ ਹੋਰੂੰ ਜਿਹਾ ਦੇਖ ਰਹੇ ਹਨ, ਇਹ ਸਭ ਦੇਖ ਮੈਂ ਵੀ ਅਬੋਲ ਹੋ ਗਿਆ ਹਾਂ, ਕੁਝ ਪਲ ਦੀ ਚੁੱਪ ਛਾ ਗਈ।

ਟੀ.ਵੀ. ਬੰਦ ਕਰਨ ਲਈ ਉੱਠਿਆ ਹਾਂ। ਮੇਰੇ ਤੋਂ ਹੀ ਡਰੇ-ਸਹਿਮੇ ਬੱਚਿਆਂ ਨੇ ਹੱਥ ਬੰਨ੍ਹ ਕੇ ਜਿਵੇਂ ਜਾਨ ਦੀ ਭੀਖ ਮੰਗੀ ਹੋਵੇ... "ਸੌਰੀ ਡੈਡੀ! ਪੈਰੀਂ ਹੱਥ ਲੁਆਲੋ! ਅਸੀਂ ਨੀਂ ਪੀਣਾਂ ਪਾਣੀ, ਸਾਨੂੰ ਨੀ ਪਿਆਸ ਲੱਗੀ, ਅਸੀਂ ਤਾਂ ਪਾਣੀ ਨਾ.ਲ ਪੂਰੇ ਰੱਜੇ ਹੋਏ ਆਂ ਪਾਪਾ, ਅਸੀਂ ਨੀ ਕਦੇ ਵੀ ਮੰਗਦੇ ਪਾਣੀ...!" ਮੇਰੇ ਤੋਂ ਡਰਕੇ ਹੋਰ ਪਿੱਛੇ ਹੁੰਦੇ, ਦੌੜਨ ਦੀ ਤਿਆਰੀ 'ਚ ਇੰਝ ਬੋਲੇ ਜਿਵੇਂ ਸਦੀਆਂ ਤੋਂ ਸੁੱਕੇ ਖੂਹ ਚੋਂ ਬੋਲੇ ਹੋਣ... "ਪਾਪਾ ਹਾੜ੍ਹਾ, ਪਾਣੀ ਤਾਂ ਗੰਦਾ ਹੁੰਦਾ ਹੈ... ਸੌਰੀ ਪਾਪਾ, ਅਸੀਂ ਕਦੇ ਵੀ ਨੀ ਪੀਂਦੇ ਹੁਣ ਪਾਣੀ...!"

ਮੇਰੀ ਰੂਹ ਬਹੁਤ ਬੁਰੀ ਤਰ੍ਹਾਂ ਝੰਜੋੜੀ ਗਈ ਹੈ ਤੇ ਕਾਲਜਾ ਜਿਵੇਂ ਪਾਟ ਹੀ ਗਿਆ ਹੈ, ਬੇਜਾਨ ਲੱਤਾਂ ਨਾ.ਲ ਉੱਠਿਆ ਹਾਂ। ਪਾਣੀ ਦੇ ਸਰਾਪ ਤੋਂ ਡਰ ਗਿਆ ਹਾਂ, "ਨਾਂ ਪੁੱਤ ਪਾਣੀ ਨੀਂ ਗੰਦਾ ਹੁੰਦਾ। ਬੰਦਾ ਹੀ ਗੰਦਾ ਹੁੰਦਾ ਜੋ ਇਹਦੀ ਕਦਰ ਨੀ ਕਰਦਾ, ਰੁੱਖ ਨੀਂ ਲਾਉਂਦਾ, ਕੁਦਰਤ ਤੇ ਕੁਦਰਤੀ ਸੋਮਿਆਂ ਦੀ ਸੰਭਾਲ ਨਹੀਂ ਕਰਦਾ! ਬੇਲੋੜਾ ਪਾਣੀ ਡੋਲ੍ਹ-ਡੋਲ੍ਹ ਕੇ ਬੂੰਦ-ਬੂੰਦ ਮੁਕਾ ਦਿੱਤੀ, ਪਰ ਤੁਸੀਂ ਫ਼ਿਕਰ ਨਾ ਕਰੋ ਅਸੀਂ ਹੈਗੇ ਅਜੇ...!"

ਬੱਚਿਆਂ ਉੱਤੇ ਪਿਆਰ ਤੇ ਤਰਸ ਦੋਵੇਂ ਹੀ ਆਏ ਨੇ, ਉਹਨਾਂ ਨੂੰ ਗ.ਲੇ ਲਗਾ ਕੇ ਪਿਆਰ ਕਰਨ ਲਈ ਉੱਠਿਆਂ ਹਾਂ! ਉਹ "ਨਾ ਡੈਡੀ....ਨੋ ਵਾਟਰ...! ਮੰਮੀ... ਮੰਮੀ....!" ਕਰਦੇ ਬਾਹਰ ਨੱਠ ਗਏ... ਬਾਹਰ ਤਾਂ ਪੂਰੀ ਅੱਗ ਵਰ੍ਹ ਰਹੀ ਹੈ, ਸੋਚ ਕੇ ਕੰਬਣੀ ਛਿੜੀ ਕਿ ਉਥੇ ਜਾਂਦੇ ਹੀ ਭਸਮ ਹੋ ਜਾਣਗੇ। ਪਰ ਮੇਰੇ ਰੋਕਦੇ ਹੀ ਰੋਕਦੇ ਉਹ ਬਾਹਰ ਨਿੱਕ.ਲ ਗਏ, ਭਖੇ ਹੋਏ ਸੂਰਜ ਨੇ ਮਿੰਟ 'ਚ ਫੂਕ ਦਿੱਤੇ। ਜ਼ੋਰ ਦੀ ਮਾਰੀਆਂ ਹਾਕਾਂ ਮੇਰੇ ਅੰਦਰ ਹੀ ਮਰ ਗਈਆਂ। ਉਨ੍ਹਾਂ ਦੇ ਸਰੀਰਾਂ 'ਚੋਂ ਧੂੰਏ ਦਾ ਇੱਕ ਕਾ.ਲਾ ਵਰੋ.ਲਾ ਇੱਕਦਮ ਅਸਮਾਨ ਨੂੰ ਚੜ੍ਹ ਗਿਆ ਹੈ, ਜਿਸ ਵਿੱਚੋਂ ਇੱਕ ਵੱਡਾ ਸਾਰਾ ਭਿਆਨਕ ਦੈਂਤ ਪ੍ਰਗਟ ਹੋਇਆ, ਮੇਰੇ ਵੱਲ ਡਰਾਉਣਾ ਹਾਸਾ ਹੱਸ ਕੇ ਚੀਕਿਆ ਹੈ... "ਹੋਰ ਕਰੋ ਪਾਣੀ ਦੀ ਬਰਬਾਦੀ... ਹੋਰ ਵੱਢੋ ਰੁੱਖ... ਲਗਾਉ ਅੱਗਾਂ... ਮਚਾਓ ਜੰਗਲ... ਕਰੋ ਕੁਦਰਤੀ ਵਸੀਲਿਆਂ ਦਾ ਵਿਨਾਸ਼... ਸਾਰੇ ਸੰਸਾਰ ਨੂੰ ਭਸਮ ਕਰਕੇ ਰੱਖਦੂੰ...!" ਫਿਰ ਅਲੋਪ ਹੋ ਗਿਆ।

ਮੈਨੂੰ ਕੰਬਣੀ ਛਿੜ ਗਈ। ਸਰੀਰ ਦੀ ਸਾਰੀ ਸੱਤਿਆ ਹੀ ਮਰ ਗਈ ਲੱਗੀ। ਭਰੇ ਮਨ ਨਾ.ਲ ਆਪਣੇ ਜਿਗਰ ਦੇ ਟੁਕੜਿਆਂ ਦੀ ਰਾਖ ਕੋ.ਲ ਪਹੁੰਚਿਆ ਹਾਂ। ਮੇਰੇ 'ਚੋਂ ਵੀ ਧੂੰਆਂ ਉੱਠਣਾ ਸ਼ੁਰੂ ਹੋ ਗਿਆ ਹੈ।

ਪਿੰਡ ਵੱਲੋਂ ਸ਼ੋਰ ਬੰਦ ਹੋ ਗਿਆ। ਅੰਦਰ ਟੀ.ਵੀ. ਦਾ

ਹਰ ਤਰਫ਼ ਬਾਰੂਦ ਦੀ ਆਵਾਜ਼ ਤੇਰੇ ਸ਼ਹਿਰ ਵਿਚ।
ਤੋੜ ਦਿਤੇ ਸਭ, ਕਿਸੇ ਨੇ ਸਾਜ਼ ਤੇਰੇ ਸ਼ਹਿਰ ਵਿਚ। -ਮਦਨ ਬੰਗੜ

ਰੌਲ਼ਾ-ਗੌਲ਼ਾ ਵੀ ਮੁੱਕ ਗਿਆ। ਬਾਹਰੋਂ ਬਿਲਕੁੱਲ ਖਾਲੀ ਹੱਥ ਪੂਰੀ ਤਰ੍ਹਾਂ ਧੁਆਂਖੀ ਤੇ ਜਗ੍ਹਾ-ਜਗ੍ਹਾ ਤੋਂ ਨੋਚੀ-ਖਾਧੀ ਪਤਨੀ ਮੇਰੀਆਂ ਬਾਹਾਂ 'ਚ ਝੂਲ ਗਈ ਹੈ। ਉਸਦੀ ਸਿਰਫ਼ ਇੱਕ ਨਜ਼ਰ ਬੱਚਿਆਂ ਦੀ ਰਾਖ ਤੇ ਪਈ ਹੈ, ਉਹ ਉੱਥੇ ਹੀ ਘੱਗੀ ਤੇ ਮਰੀ ਚੀਕ ਮਾਰਕੇ ਡਿੱਗ ਪਈ ਹੈ, ਮੈਂ ਵੀ ਡਿੱਗ ਪਿਆ ਹਾਂ।

ਅਚਾਨਕ ਬਹੁਤ ਜ਼ੋਰ ਦੀ ਬੱਦਲ਼ ਗੱਜਦਾ ਹੈ, ਬਿਜਲੀ ਕੜਕਦੀ ਹੈ! ਸਾਰਾ ਘਰ ਪੂਰੀ ਤਰ੍ਹਾਂ ਹਿੱਲ ਜਾਂਦਾ ਹੈ, ਮੇਰੀ ਜਾਗ ਖੁੱਲ੍ਹ ਜਾਂਦੀ ਹੈ। ਮੈਂ ਪਸੀਨੇ ਨਾਲ ਲੱਥਪੱਥ ਹਾਂ... ਗਲ਼ ਸੁੱਕਾ ਪਿਆ ਹੈ। ਹਾਬੜਿਆ ਹੋਇਆ, ਕਮਲਿਆਂ ਵਾਂਗ ਆਪਣਾ ਹੀ ਪਸੀਨਾਂ ਚੱਟਣ ਲੱਗਦਾ ਹਾਂ।ਨਦਿਲ ਧੜਕ ਰਿਹਾ ਹੈ, ਰੂਹ ਕੰਬ ਰਹੀ ਹੈ। ਮਾਰੇ ਡਰ ਦੇ ਮੇਰਾ ਬੁਰਾ ਹਾਲ ਹੈ।

ਜੇਠ ਮਹੀਨੇ ਦਾ ਅਖ਼ੀਰਲਾ ਪੱਖ ਹੈ, ਬਾਹਰ ਸੱਚੀਂ ਹੀ ਬੱਦਲ ਗੱਜ ਰਿਹਾ ਹੈ! ਤੇਜ਼ ਹਵਾ ਚੱਲ ਰਹੀ ਹੈ! ਹਵਾ ਨਾ਼ਲ ਧੜਾਕ-ਧੜਾਕ ਬੂਹਾ ਖੜਕ ਰਿਹਾ ਹੈ।

ਮੈਂ ਉੱਠਦਾ ਹਾਂ ਪਤਨੀ ਤੇ ਬੱਚੇ ਘੂਕ ਸੁੱਤੇ ਪਏ ਨੇ... ਸ਼ੁਕਰ ਹੈ ਵਾਹਿਗੁਰੂ ਜੀ!

ਮੇਜ਼ ਉੱਤੇ ਪਾਣੀ ਦਾ ਜੱਗ ਭਰਿਆ ਪਿਆ ਹੈ। ਘੂਕ ਸੁੱਤੇ ਬੱਚਿਆਂ ਦੇ ਨਾ਼ਲ ਉਨ੍ਹਾਂ ਦੀਆਂ ਡਰਾਇੰਗ ਕਾਪੀਆਂ ਪਈਆਂ ਹਨ, ਮੈਂ ਚੁੱਕ ਕੇ ਦੇਖਦਾ ਹਾਂ ਬੇਟੀ ਨੇ ਰੁੱਖ ਲਗਾਉਣ, ਬੇਟੇ ਨੇ ਪਾਣੀ ਦੀ ਬੂੰਦ-ਬੂੰਦ ਬਚਾਉਣ ਦੇ ਖ਼ੂਬਸੂਰਤ ਚਿੱਤਰਾਂ ਰਾਹੀਂ ਸਾਰਥਿਕ ਸੁਨੇਹੇ ਦਿੱਤੇ ਹਨ। ਉੱਤੇ ਮੇਰੀ ਕਵਿੱਤਰੀ ਪਤਨੀ ਮਨਦੀਪ ਨੇ ਢੁਕਵੀਆਂ ਕਾਵਿ ਕੈਪਸ਼ਨਾਂ ਲਿਖੀਆਂ ਨੇ..

-ਆਓ ਕਿ ਸੱਜਣੋ ਸੋਹਣਿਓ, ਲਾਈਏ,
ਦਸ ਦਸ ਰੁੱਖ!
ਸ਼ੁੱਧ ਹਵਾ ਨਿੱਤ ਖਾਣਗੇ,
ਪੰਛੀ ਪਸ਼ੂ ਮਨੁੱਖ!
ਦੁਰਵਰਤੋਂ ਜੇ ਗਈ ਨਾ ਰੋਕੀ,
ਮੁੱਕ ਜਾਵੇਗਾ ਪਾਣੀ!
ਆਪਣੇ ਹੱਥੀਂ ਨਸਲਾਂ ਦੀ
ਨਾ ਕਰੀਏ ਖਤਮ ਕਹਾਣੀ!
ਧੁੱਪ 'ਚ ਮੱਚਦਾ ਪੋਤਾ
ਛਾਵੇਂ ਬਹਿ ਜਾਵੇ,
ਬੋਹੜ ਦਾ ਇੱਕ ਰੁੱਖ
ਲਗਾ ਕੇ ਦੇਖ ਜ਼ਰਾ।
ਨਸਲਾਂ ਤੇ ਫ਼ਸਲਾਂ ਵਿੱਚ ਲਹਿਰਾਂ ਹੋਣਗੀਆਂ,
ਪਾਣੀ ਦੀ ਬੂੰਦ ਬਚਾ ਕੇ ਦੇਖ ਜ਼ਰਾ।

"ਪਵਣ ਗੁਰੂ ਪਾਣੀ ਪਿਤਾ..!" ਮਾਂ ਨਿੱਤ ਦੀ ਤਰ੍ਹਾਂ ਬਾਣੀ ਗਾ ਰਹੀ ਹੈ।

..."ਉੱਠੋ ਭਾਈ! ਜਾਗੋ... ਜਾਗਣ ਦਾ ਵੇਲਾ ਹੈ... ਜੀਵਨ ਮਨੋਰਥ ਸਫਲ ਕਰੋ, ਜਿੰਦਗੀ ਦੇ ਮੂਲ ਮਕਸਦ ਪਹਿਚਾਣੋ ਤੇ ਮਨੁੱਖਤਾ ਤੇ ਕੁਦਰਤ ਦੀ ਸੇਵਾ ਦਾ ਧਰਮ ਨਿਭਾਓ! ਗੁਰਦੁਆਰੇ 'ਚੋਂ ਆ ਰਹੀ ਅਵਾਜ਼ ਮੇਰੀ ਸੁੱਤੀ ਚੇਤਨਾ ਨੂੰ ਜਗਾ ਰਹੀ ਹੈ!

ਕੁਦਰਤ ਮੈਨੂੰ ਝੰਜੋੜ ਰਹੀ ਹੈ, ਜਿੰਦਗੀ ਦੇ ਅਸਲ ਮਕਸਦਾਂ ਦੀ ਸੋਝੀ ਹੋ ਰਹੀ ਹੈ, ਮੇਰੇ ਅੰਦਰ ਦ੍ਰਿੜ ਸੰਕਲਪਾਂ ਦੀ ਪਹੁ-ਫੁੱਟ ਰਹੀ ਹੈ, ਕੁਦਰਤ ਪ੍ਰਤੀ ਹਨ੍ਹੇਰਾ ਮੁੱਕਦਾ ਹੈ, ਜਿੰਦਗੀ ਦੇ ਸਰਵੋਤਮ ਦੀ ਲਾਲਸਾ ਜਾਗਦੀ ਹੈ!

ਹੋਰ ਜ਼ੋਰ ਦੀ ਬੱਦਲ ਗੱਜੇ ਹਨ, ਬਿਜਲੀ ਲਿਸ਼ਕੀ। ਦੂਰੋਂ 'ਆਸਾ ਦੀ ਵਾਰ' ਗੰਵੀ ਜਾ ਰਹੀ ਹੈ -"ਪਹਿਲਾ ਪਾਣੀ ਜੀਓ ਹੈ, ਜਿਤ ਹਰਿਆ ਸਭ ਕੋਇ...!"

ਕਹਾਣੀ

# ਮੱਘਦੇ ਅੰਗਿਆਰ

## ਤੇਲੂ ਰਾਮ ਕੁਹਾੜਾ



ਤੇਲੂ ਰਾਮ ਕੁਹਾੜਾ

ਕਲਿਆਣ ਸਿੰਘ ਦੀ ਕੋਠੀ ਵਿੱਚ ਵਿਆਹ ਵਰਗਾ ਮਹੌਲ ਸੀ। ਵੱਡੇ ਸਾਰੇ ਵਿਹੜੇ ਦੀ ਚਾਰ-ਦੀਵਾਰੀ ਦੇ ਮੁੱਖ ਦੁਆਰ ਨੂੰ ਇਲਾਕੇ ਦੇ ਵੱਡੇ ਨੇਤਾ ਜੀ ਦੇ ਸਵਾਗਤ ਲਈ ਪੂਰੀ ਤਰ੍ਹਾਂ ਸਜਾਇਆ ਗਿਆ ਸੀ। ਇਕੱਠ ਵਿੱਚ ਸ਼ਾਮਿਲ ਹੋਣ ਵਾਲਿਆਂ ਲਈ ਮੇਜ਼ਾਂ ਉਤੇ ਵੱਖ, ਵੱਖ ਕਿਸਮ ਦੀ ਮਿਠਆਈ ਅਤੇ ਪਕੌੜੇ ਪਰੋਸੇ ਗਏ ਸਨ। ਵਿਹੜੇ ਵਿੱਚ ਵੜਨ  ਵਾਲੇ ਨੂੰ ਖਾਣ-ਪੀਣ ਵਾਲੀਆਂ ਚੀਜ਼ਾਂ ਵੱਲ ਭੇਜਿਆ ਜਾਂਦਾ ਜਿੱਥੇ ਉਹ ਚਾਹ ਦੇ ਨਾਲ ਗਰਮ, ਗਰਮ ਪਕੌੜੇ ਚਟਕਾਰੇ ਲਾ, ਲਾ ਖਾ ਰਹੇ ਸਨ। ਖਾਣ ਪੀਣ ਦੇ ਨਾਲ-ਨਾਲ ਲੋਕ ਗੱਲਾਂ ਦਾ ਸਵਾਦ ਵੀ ਲੈ ਰਹੇ ਸਨ।

ਕੁਰਸੀਆਂ ਦੀ ਪਿਛਲੀ ਕਤਾਰ ਵਿੱਚ ਕੁਝ ਬੰਦੇ ਕਾਨਾ-ਫੂਸੀ ਕਰਨ ਲੱਗੇ ਹੋਏ ਸਨ। "ਅਜੇ ਕਲ੍ਹ ਦੀ ਗੱਲ ਹੈ ਜਦੋਂ ਇਹ ਨੇਤਾ ਟੁੱਟੇ ਜਿਹੇ ਮੋਟਰ ਸਾਈਕਲ ਤੇ ਫਿਰਦਾ ਹੁੰਦਾ ਸੀ" ਇਕ ਕਹਿੰਦਾ। ਦੂਜਾ ਕਹਿੰਦਾ "ਹੁਣ ਤਾਂ ਗੱਡੀ 'ਚੋਂ ਪੈਰ ਨ੍ਹੀਂ ਲਾਹੁੰਦਾ ਜੇ ਲਾਹੁੰਦਾ ਹੈ ਤਾਂ ਫੁੱਲਾਂ ਦੀ ਵਰਖਾ ਅਤੇ ਆਪਣੇ ਹੱਕ ਵਿੱਚ ਲੱਗਦੇ ਨਾਅਰਿਆਂ ਦੇ ਨਸ਼ੇ ਵਿੱਚ ਗਲਤਾਨ ਹੋ ਜਾਂਦਾ ਹੈ" ਇਕ ਹੋਰ ਆਪਣੇ ਮੂੰਹ ਅੱਗੇ ਹੱਥ ਕਰਕੇ ਕਹਿ ਰਿਹਾ ਸੀ "ਇਹਨਾਂ ਦੇ ਦਿਨ ਤਾਂ ਬਹੁਤ ਛੇਤੀ ਫਿਰ ਜਾਂਦੇ ਨੇ। ਇਹਨਾਂ ਦੇ ਜਿਹੜੇ ਹੱਥ ਜਿੱਤਣ ਤੋਂ ਪਹਿਲਾਂ ਲੋਕਾਂ ਦੇ ਪੈਰਾਂ ਨੂੰ ਪੈਂਦੇ ਨੇ ਉਹੀ ਜਿੱਤਣ ਪਿਛੋਂ ਲੋਕਾਂ ਦੇ ਗ਼ਲਾਂਵਿਆਂ ਨੂੰ ਪੈਣ ਲੱਗ ਜਾਂਦੇ ਹਨ।" ਫਿਰ ਲੋਕ ਆਪਣੇ ਕੰਮ ਕਰਵਾਉਣ ਲਈ ਇਹਨਾਂ ਦੀਆਂ ਲੇਲਕੜੀਆਂ ਵੀ  ਕੱਢਦੇ ਨੇ ਤੇ ਬੋਲ-ਕੁਬੋਲ ਵੀ ਸੁਣਦੇ ਨੇ।" ਇਧਰ ਕਾਨਫੂਸੀ ਜਾਰੀ ਸੀ। ਉਧਰ ਇਕ ਮਾਈਕ ਤੇ ਗਮੰਤਰੀ ਨੇਤਾ ਜੀ ਦੀ ਗੁੱਡੀ ਅਸਮਾਨ ਤੇ ਚੜ੍ਹਾਈ ਜਾਂਦੇ ਸਨ ਅਤੇ ਵਿਰੋਧੀਆਂ ਦੀ ਮੰਜੀ ਠੋਕੀ ਜਾਂਦੇ ਸਨ।

ਉਡੀਕ ਦੇ ਪਲ ਖ਼ਤਮ ਹੋਏ। ਨੇਤਾ ਜੀ ਦੀ ਕਾਰ ਸਵਾਗਤੀ ਦੁਆਰ ਤੇ ਆਕੇ ਰੁੱਕੀ। ਉਸਦੇ ਹੱਕ ਵਿੱਚ ਲਾਏ ਜਾਂਦੇ ਨਾਅਰਿਆਂ ਨਾਲ ਅਸਮਾਨ ਗੂੰਜ ਉਠਿਆ। ਕਲਿਆਣ ਸਿੰਘ ਦੇ ਪੈਰ ਧਰਤੀ ਉੱਤੇ ਨਹੀਂ ਸਨ ਲੱਗ ਰਹੇ। ਉਹ ਪ੍ਰਸੰਨ ਸੀ ਕਿ ਉਸਦਾ ਦੁਸ਼ਮਣ

ਤਪਸ਼ ਮੇਰੀ ਨੂੰ ਫੁਹਾਰਾਂ ਠੰਡੀਆਂ ਜੋ ਦੇ ਗਈ,
ਕੀ ਪਤੈ, ਕਿਸ ਮਜ਼੍ਹਬ ਦੀ, ਕਿਸ ਵੇਹੜਿਓਂ ਆਈ ਸੀ ਹਵਾ। -ਰਾਮਿੰਦਰ ਬੇਰੀ

ਸਰਪੰਚ ਵੱਡੇ ਆਗੂ ਦੀ ਹਾਜ਼ਰੀ ਵਿੱਚ ਉਹਨਾਂ ਦੀ ਪਾਰਟੀ ਵਿੱਚ ਸ਼ਾਮਿਲ ਹੋ ਕੇ ਉਸ ਦੇ ਅੱਗੇ ਗੋਡੇ ਟੇਕ ਦੇਵੇਗਾ।

ਨਾਅਰਿਆਂ ਦੀ ਗੂੰਜ ਵਿੱਚ ਨੇਤਾ ਜੀ ਨੇ ਕਲਿਆਣ ਸਿੰਘ ਨੂੰ ਪੁੱਛਿਆ "ਆ ਗਿਆ ਜੀਤਾ?" ਕਲਿਆਣ ਸਿੰਘ ਬੋਲਿਆ "ਉਸਦਾ ਸੁਨੇਹਾ ਆ ਗਿਆ ਕਿ ਜਦੋਂ ਨੇਤਾ ਜੀ ਆ ਗਏ ਫ਼ੋਨ ਕਰ ਦਿਓ ਅਸੀਂ ਸਾਰੇ ਆ ਜਾਵਾਂਗੇ "ਕਰ ਦੇ ਫਿਰ ਫ਼ੋਨ ਨੂੰ"

ਨਾਉਂ ਤਾਂ ਉਸਦਾ ਰਣਜੀਤ ਸਿੰਘ ਸੀ ਪਰ ਪਿੰਡ ਵਿੱਚ ਬਹੁਤੇ ਲੋਕ ਉਸਨੂੰ ਜੀਤਾ ਕਹਿਕੇ ਹੀ ਬੁਲਾਉਂਦੇ ਸਨ। ਨੇਤਾ ਜੀ ਨੇ ਵੀ ਕਦੇ ਉਸਦਾ ਪੂਰਾ ਨਾਉਂ ਨਹੀਂ ਸੀ ਲਿਆ, ਨਾ ਹੀ ਕਦੇ ਉਸਨੂੰ ਸਰਪੰਚ ਕਹਿਕੇ ਬੁਲਾਇਆ ਸੀ। ਆਪਣੇ ਤੋਂ ਨੀਵੇਂ ਨੂੰ ਉਹ ਇਵੇਂ ਬੁਲਾਇਆ ਕਰਦਾ ਸੀ। ਆਪਣੇ ਤੋਂ ਤਕੜੇ ਨੂੰ ਉਹ ਸਰਦਾਰ ਜੀ, ਵੀਰ ਜੀ ਜਾਂ ਫਿਰ ਗੋਤ ਨਾਲ ਸਾਹਿਬ ਲਾ ਕੇ ਬੁਲਾਉਂਦਾ ਸੀ। ਸਰਪੰਚ ਰਣਜੀਤ ਸਿੰਘ ਨੇ ਕਦੇ ਇਸ ਗਲ ਦੀ ਪ੍ਰਵਾਹ ਨਹੀਂ ਸੀ ਕਰੀ ਕਿ ਉਸਨੂੰ ਕੋਈ ਕਿਵੇਂ ਬੁਲਾਉਂਦਾ ਹੈ?

ਸੂਬੇ ਵਿੱਚ ਗਰਾਮ ਪੰਚਾਇਤ ਚੋਣਾਂ ਦਾ ਐਲਾਨ ਹੋਇਆ ਤਾਂ ਬਹੁਤੇ ਪਿੰਡ ਵਾਸੀਆਂ ਨੇ ਰਣਜੀਤ ਸਿੰਘ ਨੂੰ ਸਰਪੰਚ ਬਣਾਉਣ ਦਾ ਮਨ ਬਣਾ ਲਿਆ। ਉਹ ਮਹਿਸੂਸ ਕਰਦੇ ਸਨ ਕਿ ਜਦੋਂ ਦਾ ਉਹ ਕੱਲਕੱਤਿਓਂ ਆ ਕੇ ਆਪਣੇ ਪਿੰਡ ਰਹਿਣ ਲੱਗਿਆ ਉਸ ਸਮੇਂ ਤੋਂ ਹੀ ਉਹ ਪਿੰਡ ਦੇ ਭਲੇ ਲਈ ਕੀਤੇ ਜਾਣ ਵਾਲੇ ਕੰਮਾਂ ਵਿੱਚ ਉਹ ਵੱਡਾ ਯੋਗ ਦਾਨ ਪਾ ਰਿਹਾ ਸੀ। ਸਰਕਾਰੇ-ਦਰਬਾਰੇ ਵੀ ਆਪਣੇ ਪਿੰਡ ਦੇ ਕੰਮ ਕਰਵਾਉਣ ਤੋਂ ਉਹ ਪਿੱਛੇ ਨਹੀਂ ਸੀ ਹਟਿਆ। ਉਹ ਅਫਸਰਾਂ ਨਾਲ ਗੱਲ ਕਰਨ ਲੱਗਿਆ ਵੀ ਨਹੀਂ ਸੀ ਝਿਜਕਦਾ। ਉਸਦੀ ਕੋਸ਼ਿਸ਼ ਹੁੰਦੀ ਸੀ ਕਿ ਪਿੰਡ ਦਾ ਹਰ ਮਸਲਾ ਪਿੰਡ ਵਿੱਚ ਹੀ ਨਿਪਟਾ ਲਿਆ ਜਾਵੇ। ਪਰ ਕਲਿਆਣ ਸਿੰਘ ਨਹੀਂ ਸੀ ਚਾਹੁੰਦਾ ਕਿ ਰਣਜੀਤ ਸਿੰਘ ਪਿੰਡ ਦਾ ਸਰਪੰਚ ਬਣੇ। ਉਹ ਦਿਨ ਰਾਤ ਇਸੇ ਸੋਚ ਵਿਚ ਉਲਝਿਆ ਰਹਿੰਦਾ ਕਿ ਜੇ ਰਣਜੀਤ ਸਰਪੰਚ ਬਣ ਗਿਆ ਤਾਂ ਉਸਨੂੰ ਕਿਸੇ ਨੇ ਬੇਰਾਂ ਵੱਟੇ ਵੀ ਨਹੀਂ ਪੁੱਛਣਾ। ਇਲਾਕੇ ਦਾ ਨੇਤਾ ਵੀ ਚਾਹੁੰਦਾ ਸੀ ਕਿ ਉਸਦੇ ਹਲਕੇ ਦੇ ਹਰ ਇਕ ਪਿੰਡ ਵਿੱਚ ਅਜਿਹਾ ਹੀ ਕੋਈ ਸਰਪੰਚ ਬਣੇ ਜਿਹੜਾ ਉਸਦੇ ਇਸ਼ਾਰਿਆ ਤੇ ਨੱਚੇ।

ਜਿਉਂ, ਜਿਉਂ ਚੋਣਾਂ ਦੇ ਦਿਨ ਨੇੜੇ ਆ ਰਹੇ ਸਨ ਤਿਉਂ, ਤਿਉਂ ਪਿੰਡ ਦਾ ਮਹੌਲ ਗਰਮਾਉਂਦਾ ਜਾਂਦਾ ਸੀ। ਕਲਿਆਣ ਸਿੰਘ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਧੜੇ ਵਿਚ ਰਲਾਉਣ ਲਈ ਤਾਣਾ ਬਾਣਾ ਬੁਣਨਾ ਸ਼ੁਰੂ ਕਰ ਦਿੱਤਾ ਸੀ। ਉਸਨੇ ਤਕੜੇ ਦੀ ਮਿੰਨਤ ਕਰਨੀ, ਮਾੜੇ ਨੂੰ ਦਬਕੇ ਮਾਰਨੇ, ਸ਼ਰਾਬ ਵਾਲੇ ਨੂੰ ਸ਼ਰਾਬ, ਭੁੱਕੀ ਵਾਲੇ ਨੂੰ ਭੁੱਕੀ ਅਤੇ ਗਰੀਬਾਂ ਨੂੰ ਪੈਸੇ ਵੰਡਣੇ ਅਰੰਭ ਕਰ ਦਿੱਤੇ ਸਨ। ਰਣਜੀਤ ਸਿੰਘ ਦੇ ਬੰਦੇ ਵੀ ਉਸਨੂੰ ਕਹਿੰਦੇ "ਰਣਜੀਤ ਸਿਹਾਂ ਲੱਗਦੈ ਆਪਾਂ ਨੂੰ ਵੀ ਦਾਰੂ ਦਾ ਪ੍ਰਬੰਧ ਕਰਨਾ ਹੀ ਪੈਣਾ" ਪਰ ਰਣਜੀਤ ਸਿੰਘ ਹੱਸਕੇ ਸਾਰ ਦਿੰਦਾ।

ਰਣਜੀਤ ਸਿੰਘ ਦਾ ਪਲੜਾ ਭਾਰੀ ਹੁੰਦਾ ਦੇਖ ਕਲਿਆਣ ਸਿੰਘ ਨੇ ਇਕ ਪੈਂਤੜਾ ਖੇਡਿਆ। ਉਸਨੇ ਰਣਜੀਤ ਸਿੰਘ ਕੋਲ ਆਪਣੇ ਬੰਦੇ ਭੇਜਕੇ ਕਿਹਾ "ਉਹ ਰਣਜੀਤ ਸਿੰਘ ਦੇ ਹੱਕ ਵਿੱਚ ਬੈਠਣ ਲਈ ਤਿਆਰ ਹੈ। ਰਣਜੀਤ ਸਰਪੰਚ ਬਣ ਜਾਵੇ, ਪਰ, ਸਾਰੇ ਪੰਚ ਮੇਰੀ ਮਰਜ਼ੀ ਦੇ ਲੈ ਲਵੇ ਜਾਂ ਮੈਨੂੰ ਸਰਪੰਚ ਬਣਾ ਦੇਵੇ ਮੈਂ ਸਾਰੇ ਪੰਚ ਉਸਦੇ ਲੈ ਲਊਂਗਾ।" ਰਣਜੀਤ ਸਿੰਘ ਨੇ ਕਲਿਆਣ ਸਿੰਘ ਦੀ ਨੀਤੀ ਨੂੰ ਸਮਝਦਿਆਂ ਕਲਿਆਣ ਸਿੰਘ ਦੇ ਬੰਦਿਆਂ ਨੂੰ ਕੋਰਾ ਜਵਾਬ ਦੇ ਦਿੱਤਾ।

ਪੈਂਤੜਾ ਫੇਲ੍ਹ ਹੋਣ 'ਤੇ ਕਲਿਆਣ ਸਿੰਘ ਪ੍ਰੇਸ਼ਾਨ ਰਹਿਣ ਲੱਗਿਆ। ਉਸਦੀ ਨੀਂਦ ਜਿਵੇਂ ਹਰਾਮ ਹੋ ਗਈ। ਉਸਨੇ ਨੇਤਾ ਜੀ ਨੂੰ ਫ਼ੋਨ ਕਰਕੇ ਪੁੱਛਿਆ "ਹੁਣ ਕੀ ਕੀਤਾ ਜਾਵੇ?" ਨੇਤਾ ਜੀ ਦਾ ਉਤਰ ਸੀ "ਤੂੰ ਫਿਕਰ ਨਾ ਕਰ ਆਪਾਂ ਤਾਂ ਬੜੇ ਬੜੇ ਨੀਂ ਹਿੱਲਣ ਦਿੱਤੇ, ਜੀਤਾ ਕਿਹੜੇ ਬਾਗ਼ ਦੀ ਮੂਲੀ ਆ। ਦੇਖੀਂ ਉਸਦੇ ਕਾਗਜ਼ ਕਿਵੇਂ ਰੱਦ ਕਰਵਾਉਨਾਂ।" ਇਸ ਗੱਲ ਦਾ ਰਣਜੀਤ ਨੂੰ ਵੀ ਪਤਾ ਸੀ। ਇਸ ਲਈ ਉਹ ਕਾਗ਼ਜ਼ ਭਰਨ ਵਾਲੇ ਦਿਨ ਆਪਣਾ ਵਕੀਲ ਨਾਲ ਲੈਕੇ ਗਿਆ ਸੀ। ਕਲਿਆਣ ਸਿੰਘ ਨੇ ਕਾਗ਼ਜ਼ ਭਰਵਾਉਣ ਆਏ ਅਧਿਕਾਰੀ ਨੂੰ ਰਣਜੀਤ ਸਿੰਘ ਦੇ ਕਾਗ਼ਜ਼ ਰੱਦ ਕਰਵਾਉਣ ਬਦਲੇ ਮੋਟੀ ਰਕਮ ਦੀ ਪੇਸ਼ਕਸ਼ ਕੀਤੀ। ਪਰ ਅਧਿਕਾਰੀ ਨੇ ਇਹ ਕਹਿਕੇ ਉਸਦੀਆਂ ਸੇਵੀਆਂ ਸੁਆਹ ਕਰ ਦਿੱਤੀਆਂ "ਮੈਂ ਤਾਂ ਨਿਯਮਾਂ ਅਨੁਸਾਰ ਹੀ ਸਾਰਾ ਕੁਝ ਕਰਾਂਗਾ।"

ਵੋਟਾਂ ਪੈਣ ਤੋਂ ਕੁਝ ਦਿਨ ਪਹਿਲਾਂ ਪਿੰਡ ਵਿੱਚ ਪੂਰਾ ਤਣਾਓ ਸੀ। ਰਾਤ ਦੇ ਹਨੇਰੇ ਵਿੱਚ ਸ਼ਰਾਬ ਅਤੇ ਪੈਸੇ ਵੰਡੇ ਜਾ ਰਹੇ ਸਨ। ਰਣਜੀਤ ਸਿੰਘ ਦੇ ਬੰਦਿਆਂ ਦਾ ਕਹਿਣਾ ਸੀ "ਰਣਜੀਤ ਸਿਹਾਂ ਕਿਤੇ ਸ਼ਰਾਬ ਨਾ ਵੰਡਣ ਕਰਕੇ ਆਪਾਂ ਜਿੱਤੀ ਹੋਈ ਬਾਜ਼ੀ ਨਾ ਹਾਰ ਜਾਈਏ" ਆਪਣੇ ਬੰਦਿਆਂ ਦੀ ਰਾਇ ਮੰਨਕੇ ਰਣਜੀਤ ਸਿੰਘ ਨੂੰ ਵੀ ਪਿੰਡ ਵਿੱਚ ਸ਼ਰਾਬ ਵੰਡਣੀ ਪਈ।

ਵੋਟਾਂ ਪਾਉਣ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਸੀ। ਉਹ ਸਵੇਰੇ ਹੀ ਲੰਮੀਆਂ ਕਤਾਰਾਂ ਆ ਲੱਗੇ। ਸਾਰੀਆਂ ਵੋਟਾਂ ਭੁਗਤਣ ਪਿੱਛੋਂ ਉਮੀਦਵਾਰਾਂ ਅਤੇ ਉਹਨਾਂ ਦੇ ਏਜੰਟਾਂ ਨੂੰ ਛੱਡਕੇ ਬਾਕੀ ਸਭ ਨੂੰ ਚਾਰ-ਦੀਵਾਰੀ ਤੋਂ ਬਾਹਰ ਕੱਢਕੇ ਵੋਟਾਂ ਦੀ ਗਿਣਤੀ ਸ਼ੁਰੂ ਕਰ ਦਿੱਤੀ ਗਈ। ।ਗਿਣਤੀ ਦੌਰਾਨ ਕਦੇ ਕਲਿਆਣ ਸਿੰਘ, ਕਦੇ ਰਣਜੀਤ ਸਿੰਘ ਅੱਗੇ ਲੰਘ ਜਾਂਦਾ। ਦੋਹਾਂ ਉਮੀਦਵਾਰਾਂ ਅਤੇ ਉਹਨਾਂ ਦੇ ਹਮਾਇਤੀਆਂ ਦੀਆਂ ਧੜਕਣਾਂ ਤੇਜ਼ ਹੋ ਗਈਆਂ। ਕਲਿਆਣ ਸਿੰਘ ਥੋੜ੍ਹੀਆਂ ਜਿਹੀਆਂ ਵੋਟਾਂ ਦੇ ਫਰਕ ਨਾਲ ਹਾਰ ਗਿਆ। ਉਸਨੇ ਦੁਬਾਰਾ ਗਿਣਤੀ ਕਰਵਾਉਣ ਦਾ ਰੌਲਾ ਪਾ ਲਿਆ। ਦੂਜੀ ਵਾਰ ਵੀ ਅਤੇ ਤੀਜੀ ਵਾਰ ਵੀ ਗਿਣਤੀ ਹੋਣ ਤੇ ਕਲਿਆਣ ਸਿੰਘ ਨੂੰ ਹਾਰ ਦਾ ਮੂੰਹ ਦੇਖਣਾ ਪਿਆ

ਕੁਝ ਦਿਨ ਪਿੱਛੋਂ ਕਲਿਆਣ ਸਿੰਘ ਆਪਣੇ ਕੁਝ ਸਾਥੀਆਂ ਨੂੰ ਨਾਲ ਲੈਕੇ ਨੇਤਾ ਜੀ ਨੂੰ ਮਿਲਣ ਉਸਦੇ ਪਿੰਡ ਗਿਆ। ਉਹ ਪੈਰ ਮਲਦਾ, ਮਲਦਾ ਸਾਥੀਆਂ ਸਮੇਤ ਬਹੁਤ ਹੀ ਔਖਾ ਉਸਦੀ ਕੋਠੀ ਅੰਦਰ ਵੜਿਆ। ਬਰਾਂਡੇ ਵਿੱਚ ਹਾਰਨ ਵਾਲੇ ਅਤੇ ਜਿੱਤਣ ਵਾਲੇ ਰਲਵੇਂ ਮਿਲਵੇਂ ਜਿਹੇ ਲੋਕ ਕੁਰਸੀਆਂ 'ਤੇ ਬੈਠੇ ਸਨ। ਕਲਿਆਣ ਸਿੰਘ ਅਤੇ ਉਸਦੇ ਸਾਥੀ ਵੀ ਉਹਨਾਂ ਵਿੱਚ ਬੈਠ ਗਏ। ਉਹਨਾਂ ਅੱਗੇ ਮੇਜ਼ ਉਤੇ ਚਾਹ ਦੇ ਕੱਪ ਰੱਖ ਦਿੱਤੇ ਗਏ। ਕਲਿਆਣ ਸਿੰਘ ਨੇ ਚਾਹ ਦਾ ਕੱਪ ਚੁੱਕਿਆ ਪਰ ਬੁਲ੍ਹਾਂ ਨੂੰ ਲਾਉਣ ਤੋਂ ਪਹਿਲਾਂ ਇਕ ਵਾਰ ਮੇਜ਼ ਉਤੇ ਰੱਖ ਦਿੱਤਾ। ਚਾਹ ਪੀਣ ਨੂੰ ਜਿਵੇਂ ਉਸਦੀ ਵੱਢੀ ਰੂਹ ਨਹੀਂ ਸੀ ਕਰਦੀ। ਪਰ ਜਿਗਰਾ ਕਰਕੇ ਉਸਨੇ ਮਿੱਠੀ, ਮਿੱਠੀ ਚਾਹ ਦੇ ਕੌੜੇ ਕੌੜੇ, ਘੁੱਟ ਆਪਣੇ ਅੰਦਰ ਸੁਟ ਲਏ।

ਵਾਰੀ, ਵਾਰੀ ਸਭ ਨੂੰ ਅੰਦਰ ਭੇਜਿਆ ਜਾ ਰਿਹਾ ਸੀ। ਨੇਤਾ ਜੀ ਹਾਰਨ ਵਾਲੇ ਨੂੰ ਕਹਿੰਦਾ "ਇਹ ਹਾਰ ਤੇਰੀ ਨਹੀਂ ਮੇਰੀ ਹਾਰ ਹੈ।" ਜਿੱਤਣ ਵਾਲੇ ਨੂੰ ਕਹਿੰਦਾ "ਇਹ ਜਿੱਤ ਤੇਰੀ ਨਹੀਂ, ਮੇਰੀ

ਤਪਦੀ ਰੁੱਤੇ ਚੇਤੇ ਆਉਂਦੈ, ਬੁੱਢਾ ਰੁੱਖ ਘਣਛਾਵਾਂ।
ਜਿਸਦੇ ਟਾਹਣਾਂ ਉੱਤੇ ਅਜ ਕਲ੍ਹ ਪੱਤਾ ਟਾਵਾਂ ਟਾਵਾਂ। -(ਅਗਲੇ ਸਫ਼ੇ 'ਤੇ)

ਹੋਈ ਹੈ" ਅਗਲਾ ਵੀ ਫੁੱਲਕੇ ਕਹਿੰਦਾ "ਜੇ ਥੋਡਾ ਥਾਪੜਾ ਨਾ ਹੁੰਦਾ ਅਸੀਂ ਚੋਣ ਕਿਵੇਂ ਜਿੱਤ ਜਾਂਦੇ!" ਜਿਉਂ ਹੀ ਕਲਿਆਣ ਸਿੰਘ ਨੂੰ ਅੰਦਰ ਜਾਣ ਦਾ ਇਸ਼ਾਰਾ ਹੋਇਆ ਤਾਂ ਉਹ ਆਪਣੇ ਸਰੀਰ ਨੂੰ ਸੰਭਾਲ ਕੇ ਇਉਂ ਉਠਿਆ ਜਿਵੇਂ ਬੀਮਾਰ ਹੋਵੇ। ਉਹ ਨੇਤਾ ਜੀ ਦੇ ਸਾਹਮਣੇ ਬੈਠ ਗਿਆ। ਕਲਿਆਣ ਸਿੰਘ ਦੇ ਚਿਹਰੇ ਤੇ ਨਿਰਾਸਾ ਛਾਈ ਦੇਖਕੇ ਨੇਤਾ ਜੀ ਨੇ ਕਿਹਾ "ਕਲਿਆਣ ਸਿਹਾਂ ਤੂੰ ਫਿਕਰ ਨਾ ਕਰ" ਇਹ ਕਹਿਕੇ ਨੇਤਾ ਜੀ ਉਸਨੂੰ ਨੂੰ ਇਕ ਹੋਰ ਕਮਰੇ ਵਿੱਚ ਲੈ ਗਿਆ। "ਹਾਰ ਦੀ ਨਮੋਸ਼ੀ ਕਰਕੇ ਮੇਰਾ ਤਾਂ ਜੀ, ਹੁਣ ਆਪਣੇ ਪਿੰਡ ਵਿੱਚ ਰਹਿਣ ਨੂੰ ਜੀਅ ਨ੍ਹੀਂ ਕਰਦਾ" ਕਲਿਆਣ ਸਿੰਘ ਨੇ ਬਹੁਤ ਹੀ ਦੱਬਵੀਂ ਜਿਹੀ ਆਵਾਜ਼ ਵਿੱਚ ਕਿਹਾ। ਨੇਤਾ ਜੀ ਨੇ ਉਸਨੂੰ ਧਰਵਾਸ ਦਿੰਦਿਆਂ ਕਿਹਾ "ਤੂੰ ਫਿਕਰ ਨਾ ਕਰ। ਉਸਨੂੰ ਸਹੁੰ ਚੱਕ ਲੈਣ ਦੇ ਦੇਖ ਫਿਰ ਮੈਂ ਕਿਵੇਂ ਉਸਨੂੰ ਦਿਖਾਉਨਾ ਜੰਡੀ ਦਾ ਭੌਣ!" ਨੇਤਾ ਜੀ ਸਾਰਿਆਂ ਨੂੰ ਖੁਸ਼ ਕਰਕੇ ਤੋਰਦੇ ਰਹੇ। ਕਲਿਆਣ ਸਿੰਘ ਵੀ ਸਾਥੀਆਂ ਸਮੇਤ ਓਪਰੀ ਜਿਹੀ ਮੁਸਕ੍ਰਾਹਟ ਲੈਕੇ ਘਰ ਨੂੰ ਮੁੜ ਗਿਆ।

ਰਣਜੀਤ ਸਿੰਘ ਨੇ ਚਾਰਜ ਲੈਣ ਤੋਂ ਪਿਛੋਂ ਪਿੰਡ ਦੇ ਰੁਕੇ ਕੰਮ ਸ਼ੁਰੂ ਕਰ ਦਿੱਤੇ। ਕਲਿਆਣ ਸਿੰਘ ਉਸ ਉਤੇ "ਖਾ ਗਿਆ, ਖਾ ਗਿਆ" ਦੇ ਦੋਸ਼ ਲਾਉਣ ਲੱਗ ਪਿਆ। ਰਣਜੀਤ ਸਿੰਘ ਨੂੰ ਪਤਾ ਸੀ ਕਿ ਹਰ ਇਕ ਪਿੰਡ ਵਿੱਚ ਲੱਤਾਂ ਖਿੱਚਣ ਵਾਲੇ ਵੀ ਹੁੰਦੇ ਹਨ। ਇਸ ਲਈ ਉਹ ਇਸਨੂੰ ਅਫ਼ਵਾਹ ਸਮਝਕੇ ਮੋਢਿਆਂ ਤੋਂ ਪਿੱਛੇ ਸੁੱਟ ਦਿੰਦਾ। ਪੰਚਾਇਤ ਵਲੋਂ ਜਿਹੜਾ ਵੀ ਮਤਾ ਪਾਇਆ ਜਾਂਦਾ ਕਲਿਆਣ ਸਿੰਘ ਧੜੇ ਦੇ ਚੁਣੇ ਗਏ ਪੰਚ ਉਸ ਉਤੇ ਵਿਰੋਧੀ ਨੋਟ ਦੇਕੇ ਦਸਤਖ਼ਤ ਕਰਦੇ।

ਇਕ ਦਿਨ ਨੇਤਾ ਜੀ ਨੇ ਆਪਣੇ ਖਾਸ ਬੰਦੇ ਰਾਹੀਂ ਸਰਪੰਚ ਰਣਜੀਤ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਉਸਨੂੰ ਉਸਦੀ ਕੋਠੀ ਆ ਕੇ ਮਿਲੇ। ਪਰ ਰਣਜੀਤ ਸਿੰਘ ਨੇ ਉਸਦੇ ਸੁਨੇਹੇ ਦੀ ਕੋਈ ਪ੍ਰਵਾਹ ਨਾ ਕੀਤੀ। ਇਸ ਗੱਲ ਤੇ ਨੇਤਾ ਜੀ ਨੂੰ ਹੋਰ ਵੀ ਵੱਟ ਚੜ੍ਹ ਗਿਆ। ਉਸਨੇ ਇਕ ਵਾਰ ਫਿਰ ਰਣਜੀਤ ਸਿੰਘ ਨੂੰ ਸੁਨੇਹਾ ਭੇਜਿਆ। ਰਣਜੀਤ ਸਿੰਘ ਨੇ ਜਦੋਂ ਆਪਣੇ ਪੰਚਾਂ ਨਾਲ ਗੱਲ ਸਾਂਝੀ ਕੀਤੀ ਤਾਂ ਉਹਨਾਂ ਦਾ ਕਹਿਣਾ ਸੀ "ਮਿਲਣ ਵਿੱਚ ਹਰਜ਼ ਵੀ ਕੀ ਹੈ, ਆਪਣਾ ਕਿਹੜਾ ਉਸਦੇ ਨਾਲ ਕੋਈ ਵੱਟ ਦਾ ਰੌਲਾ" ਰਣਜੀਤ ਸਿੰਘ ਅਤੇ ਉਸਦੇ ਸਾਥੀ ਨੇਤਾ ਜੀ ਨੂੰ ਉਸਦੇ ਪਿੰਡ ਮਿਲਣ ਚਲੇ ਗਏ। ਜਾਣ ਬੁਝ ਕੇ ਉਹਨਾਂ ਨੂੰ ਬਹੁਤ ਚਿਰ ਬਰਾਂਡੇ ਵਿਚ ਹੀ ਬਿਠਾ ਕੇ ਰੱਖਿਆ। ਜਦੋਂ ਉਹਨਾਂ ਨੂੰ ਅੰਦਰ ਬੁਲਾਇਆ ਗਿਆ ਤਾਂ ਉਹਨਾਂ ਦੇ ਬੈਠਣ ਤੋਂ ਪਹਿਲਾਂ ਹੀ ਨੇਤਾ ਜੀ ਨੇ ਉਹਨਾਂ ਨੂੰ ਪੁੱਛਿਆ, "ਕਿਵੇਂ ਆਏ?" "ਥੋਡਾ ਸੁਨੇਹਾ ਮਿਲਿਆ ਸੀ" ਨੇਤਾ ਜੀ ਸਰਪੰਚ ਰਣਜੀਤ ਸਿੰਘ ਨੂੰ ਇਕ ਹੋਰ ਕਮਰੇ ਵਿੱਚ ਲੈ ਗਿਆ। ਬੈਠਦੇ ਸਾਰ ਉਹ ਕਹਿੰਦਾ "ਜੀਤਿਆ ਸੁਣਿਐ ਤੂੰ ਗਰਾਂਟਾਂ ਨੂੰ ਵਾਢਾ ਲਾ ਲਿਆ।" ਸਰਪੰਚ ਇਕ ਦਮ ਘਬਰਾ ਗਿਆ ਅਤੇ ਕੁਝ ਚਿਰ ਚੁੱਪ ਰਹਿਣ ਪਿਛੋਂ ਬੋਲਿਆ "ਜੀ ਸਾਰਾ ਕੁਝ ਹਿਸਾਬ ਨਾਲ ਕਰਦਾ ਹਾਂ ਮੈਂ ਤਾਂ" "ਮੈਨੂੰ ਸਭ ਪਤਾ ਤੇਰੇ ਹਿਸਾਬ-ਕਤਾਬ ਦਾ, ਜਿੱਦਣ ਤੈਨੂੰ ਪੁੱਠਾ ਟੰਗਿਆ ਓਦਣ ਪਤਾ ਲੱਗੂ, ਸਰਪੰਚੀ ਕਿਵੇਂ ਕਰੀਦੀ ਆ" ਸੁਣਕੇ ਸਰਪੰਚ ਰਣਜੀਤ ਸਿੰਘ ਆਪਣੇ ਉੱਤੇ ਲੱਗੇ ਝੂਠੇ ਦੋਸ਼ਾਂ ਕਰਕੇ ਪ੍ਰੇਸ਼ਾਨ ਵੀ ਸੀ ਅਤੇ ਗੁਸੇ ਵਿੱਚ ਵੀ। "ਤੈਨੂੰ ਦੱਸਾਂ ਜੇ ਸਰਪੰਚੀ ਕਰਨੀ ਆਂ ਤਾਂ ਤੈਨੂੰ ਸਾਡੇ ਨਾਲ ਮਿਲਕੇ ਚੱਲਣਾ ਪੈਣਾ।"

"ਮੈਂ ਤਾਂ ਜੀ ਤੁਹਾਡੇ ਨਾਲ ਹੀ ਹਾਂ"

ਜੇ ਨਾਲ ਹੀ ਹੈਂ ਫਿਰ ਤੈਨੂੰ ਮੇਰੀ ਪਾਰਟੀ ਵਿਚ ਸ਼ਾਮਿਲ ਹੋਣਾ ਪੈਣਾ, ਜਾਹ ਜਾ ਕੇ ਕਰ ਲੈ ਸਲਾਹ ਆਪਣੇ ਸਾਥੀਆਂ ਨਾਲ।" ਜਿਉਂ ਹੀ ਰਣਜੀਤ ਸਿੰਘ ਨੇਤਾ ਜੀ ਦੇ ਕਮਰੇ ਵਿਚੋਂ ਬਾਹਰ ਆਇਆ ਉਸਦੇ ਚਿਹਰੇ ਨੂੰ ਦੇਖ ਕੇ ਉਸਦੇ ਸਾਥੀ ਉਸਨੂੰ ਪੁਛਣ ਲੱਗੇ "ਕੀ ਗੱਲ ਬਾਤ ਹੋਈ ਹੈ?" ਤਾਂ ਰਣਜੀਤ ਸਿੰਘ ਨੇ ਕਿਹਾ "ਆਓ ਨਹਿਰ ਦੇ ਪੁਲ ਤੇ ਚੱਲਕੇ ਚਾਹ ਪੀਂਦੇ ਹਾਂ ਨਾਲੇ ਗੱਲਾਂ ਕਰਦੇ ਹਾਂ" ਚਾਹ ਦੀ ਦੁਕਾਨ 'ਤੇ ਰਣਜੀਤ ਸਿੰਘ ਨੇ ਨੇਤਾ ਜੀ ਨਾਲ ਹੋਈਆਂ ਗੱਲਾਂ ਬਾਰੇ ਦੱਸਿਆ ਤਾਂ ਉਹ ਕਹਿਣ ਲੱਗੇ "ਕੋਈ ਨਾ ਪਿੰਡ ਚੱਲਕੇ ਆਪਣੇ ਬਾਕੀ ਪੰਚਾਂ ਨਾਲ ਵੀ ਸਲਾਹ ਕਰਾਂਗੇ। ਘਬਰਾਉਣ ਦੀ ਕੋਈ ਲੋੜ ਨਹੀਂ।"

ਅਗਲੇ ਦਿਨ ਜਦੋਂ ਰਣਜੀਤ ਸਿੰਘ ਦੇ ਘਰ ਇਕੱਠ ਹੋਇਆ ਤਾਂ ਇਕ ਦੋ ਪੰਚਾਂ ਨੇ ਸਲਾਹ ਦਿੱਤੀ ਕਿ ਆਪਾਂ ਨੂੰ ਨੇਤਾ ਦੀ ਪਾਰਟੀ ਵਿੱਚ ਸ਼ਾਮਲ ਹੋ ਜਾਣਾ ਚਾਹੀਦੈ। ਪਰ, ਸਰਪੰਚ ਉਹਨਾਂ ਦੇ ਵਿਚਾਰ ਨਾਲ ਸਹਿਮਤ ਨਹੀਂ ਸੀ। ਨੇਤਾ ਜੀ ਨੂੰ ਜਦੋਂ ਇਸਦੀ ਕਨਸੋਅ ਮਿਲੀ ਤਾਂ ਉਸਨੇ ਕਲਿਆਣ ਸਿੰਘ ਨੂੰ ਬੁਲਾਕੇ ਹਾਲਾਤ ਦਾ ਜਾਇਜਾ ਲੈਂਦਿਆ ਕਿਹਾ, "ਲੱਗਦੈ ਅਜੇ ਨ੍ਹੀਂ ਸਰਪੰਚ ਆਪਣੀ ਪੰਜਾਲੀ ਹੇਠ ਆਉਂਦਾ।" ਹੁਣ ਆਪਾਂ ਦੋਹਾਂ ਨੂੰ ਵੱਖ ਵੱਖ ਪੈਂਤੜਾ ਵਰਤਣਾ ਪੈਣਾ। ਸਿਆਸਤ ਵਿੱਚ ਸਭ ਕੁਸ਼ ਕਰਨਾ ਪੈਂਦਾ ਤੂੰ ਉਹਦੇ ਘਰ ਜਾਇਆ ਕਰ, ਮਿੱਠੀਆਂ ਮਿੱਠੀਆਂ ਗੱਲਾਂ ਕਰਿਆ ਕਰ ਤਾਂ ਕਿ ਉਸਨੂੰ ਲੱਗੇ ਹੁਣ ਤੇਰੇ ਦਿਲ ਵਿੱਚ ਉਸਦੇ ਵਿਰੁਧ ਕੋਈ ਵੈਰ ਵਿਰੋਧ ਨਹੀਂ। ਨਾਲ ਦੀ ਨਾਲ ਤੂੰ ਚੁੱਪ- ਚਾਪ ਸਰਪੰਚ ਦੇ ਵਿਰੁਧ ਗਰਾਂਟਾਂ ਖਾਣ ਅਤੇ ਮਨਰੇਗਾ ਵਿੱਚ ਘਪਲੇ ਦੀ ਇਕ ਅਰਜ਼ੀ ਮੈਨੂੰ ਫੜਾ ਜਾ। ਦੇਖ ਫਿਰ ਮੈਂ ਕਿਵੇਂ ਮਰੋੜਦਾਂ ਉਸਦੀ ਬਾਂਹ!" ਕਲਿਆਣ ਸਿੰਘ ਅਤੇ ਨੇਤਾ ਜੀ ਨੇ ਅਜਿਹੀਆਂ ਚਾਲਾਂ ਚਲੀਆਂ ਕਿ ਸਰਪੰਚ ਆਪਣੇ ਪੰਚਾਂ ਸਮੇਤ ਉਹਨਾਂ ਦੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਗਿਆ।

ਸਰਪੰਚ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਵਾਲਾ ਸਮਾਗਮ ਜਿਵੇਂ ਉਸਨੂੰ ਅਪਣੇ ਸਿਰ ਉਤੇ ਪਹਾੜ ਟੁੱਟਣ ਵਾਂਗ ਲੱਗਦਾ ਹੋਵੇ। ਉਹ ਦੁਬਿਧਾ ਵਿੱਚ ਫਸਿਆ ਹੋਇਆ ਸੀ। ਇਕ ਮਨ ਉਸਦਾ ਕਹਿੰਦਾ, "ਯਾਰ ਅਣਖ ਵੀ ਕੋਈ ਚੀਜ਼ ਹੁੰਦੀ ਹੈ।" ਦੂਜਾ ਮਨ ਕਹਿੰਦਾ "ਸ਼ਾਮਲ ਹੋ ਜਾ ਕਿਧਰੇ ਨ੍ਹੀਂ ਕੋਈ ਸ਼ਾਮਤ ਆਉਂਦੀ।" "ਜਿਹਨਾਂ ਲੋਕਾਂ ਨੇ ਤੈਨੂ ਵੋਟਾਂ ਪਾਕੇ ਸਰਪੰਚ ਬਣਾਇਆ ਉਹਨਾਂ ਦੇ ਨਾਲ ਤੂੰ ਕਿੱਡਾ ਵੱਡਾ ਧੋਖਾ ਕਰੇਂਗਾ? ਮਨਾ ਜ਼ਰਾ ਇਹ ਵੀ ਤਾਂ ਸੋਚ।" ਵਿਚਾਰਾਂ ਦੀ ਅਜਿਹੀ ਭੰਨ-ਤੋੜ ਵਿੱਚ ਉਸਨੂੰ ਨੀਂਦ ਨਹੀਂ ਸੀ ਆ ਰਹੀ। ਉਸਦਾ ਜੀ ਕੀਤਾ ਉਠਕੇ ਦਵਾਈਆਂ ਵਾਲੇ ਡੱਬੇ ਵਿਚੋਂ ਨੀਂਦ ਦੀ ਗੋਲੀ ਕੱਢਕੇ ਲੈ ਲਵੇ। ਫਿਰ ਉਸਦਾ ਮਨ ਕਹਿੰਦਾ "ਜੇ ਤੂੰ ਸੌਂ ਗਿਆ ਫੈਸਲਾ ਕਿਵੇਂ ਕਰੇਂਗਾ?"

ਅੰਤਿਮ ਫੈਸਲਾ ਲੈਣ ਲਈ ਉਸ ਕੋਲ ਕੁਝ ਹੀ ਘੰਟੇ ਬਾਕੀ ਸਨ। ਇਸ ਸਮੇਂ ਵਿੱਚ ਉਸਨੇ ਇਕ ਵਾਰ ਫਿਰ ਆਪਣੇ ਪੰਚਾਂ ਨਾਲ ਸਲਾਹ ਕਰਨ ਦਾ ਮਨ ਬਣਾਇਆ। ਉਸਨੇ ਉਹਨਾਂ ਨੂੰ ਫ਼ੋਨ ਕਰਕੇ ਕਿਤੇ ਇਕੱਠੇ ਹੋਣ ਲਈ ਕਿਹਾ। ਸਲਾਹ ਮੁਤਾਬਕ ਜਿਥੇ ਸਾਰਿਆਂ ਨੇ ਇਕੱਠੇ ਹੋਣਾ ਸੀ ਉਥੇ ਨੂੰ ਜਾਣ ਲਈ ਰਣਜੀਤ ਸਿੰਘ ਘਰੋਂ ਨਿਕਲਣ ਹੀ ਲੱਗਿਆ ਸੀ ਕਿ ਕਲਿਆਣ ਸਿੰਘ ਨੇਤਾ ਜੀ ਦੇ

ਚਿੱਤ ਕਰਦੈ ਉਸ ਬਾਬੇ ਰੁੱਖ ਦੇ, ਸਨਮੁੱਖ ਹੋ ਕੇ ਪੁੱਛਾਂ,
ਪਿੰਡ ਤੇਰੇ ਦੀ ਧੀ ਦਾ ਕਾਹਤੋਂ ਹੁੰਦਾ ਨੀ ਸਿਰਨਾਵਾਂ। -ਸੁਰਿੰਦਰ ਗੀਤ

ਕਹਿਣ ਤੇ ਇਕ ਵਾਰ ਫਿਰ ਪੱਕਾ ਕਰਨ ਲਈ ਉਸਨੂੰ ਮਿਲਣ ਆਇਆ। ਰਣਜੀਤ ਸਿੰਘ ਨੇ ਉਸਨੂੰ ਕਿਹਾ "ਫਿਕਰ ਨਾ ਕਰੋ।"

ਉਸਦੇ ਜਾਣ ਪਿਛੋਂ ਰਣਜੀਤ ਸਿੰਘ ਆਪਣੇ ਸਾਥੀਆਂ ਨੂੰ ਮਿਲਿਆ ਅਤੇ ਕਿਹਾ "ਤੁਹਾਨੂੰ ਆਪਣੀ ਮਰਜ਼ੀ ਵਰਤਣ ਦੀ ਪੂਰੀ ਖੁਲ੍ਹ ਹੈ" ਮੈਂ ਸਮਾਗਮ ਵਿੱਚ ਨਹੀਂ ਜਾਣਾ। ਜਿਹੜਾ ਵੀ ਥੋਡੇ ਵਿੱਚੋਂ ਸਮਾਗਮ ਵਿੱਚ ਜਾਵੇ ਮੇਰੀ ਇਹ ਚਿੱਠੀ ਕਲਿਆਣ ਨੂੰ ਫੜਾ ਦੇਵੇ"।ਉਹ ਚਿੱਠੀ ਫੜਾ ਕੇ ਮੁੜਨ ਲੱਗਿਆ ਤਾਂ ਸਾਰਿਆਂ ਨੇ ਇਕ ਆਵਾਜ਼ ਵਿੱਚ ਕਿਹਾ, "ਸਰਪੰਚਾ ਜੇ ਤੂੰ ਨਹੀਂ ਜਾਣਾ ਤਾਂ ਜਾਣਾ ਅਸੀਂ ਵੀ ਨਹੀਂ" ਪੰਚਾਂ ਨੇ ਪੰਚਾਇਤ ਸਕੱਤਰ ਨੂੰ ਬੁਲਾਕੇ ਉਹ ਚਿੱਠੀ ਕਲਿਆਣ ਸਿੰਘ ਨੂੰ ਦੇਣ ਲਈ ਫੜਾ ਦਿੱਤੀ।

ਸਰਪੰਚ ਨੂੰ ਨੇਤਾ ਜੀ ਦੀ ਪਾਰਟੀ ਵਿੱਚ ਸ਼ਾਮਲ ਕਰਨ ਲਈ ਕਲਿਆਣ ਸਿੰਘ ਦੇ ਵਿਹੜੇ ਵਿੱਚ ਇਕ ਸਮਾਗਮ ਰੱਖਿਆ ਗਿਆ ਸੀ। ਜਿਥੇ ਨੇਤਾ ਜੀ ਪਹੁੰਚ ਚੁਕੇ ਸਨ। ਉਸਨੇ ਆਉਂਦੀ ਸਾਰ ਕਲਿਆਣ ਸਿੰਘ ਨੂੰ ਪੁਛਿਆ, "ਆ ਗਿਆ ਜੀਤਾ।" "ਹਾਂ ਜੀ ਕਹਿੰਦਾ ਸੀ ਜਦੋਂ ਨੇਤਾ ਜੀ ਆ ਗਏ ਫੋਨ ਕਰ ਦਈਂ।" "ਕਰਦੇ ਫਿਰ ਫੋਨ" ਕਲਿਆਣ ਸਿੰਘ ਨੇ ਫ਼ੋਨ ਕੀਤਾ ਤਾਂ ਸਰਪੰਚ ਦਾ ਫ਼ੋਨ ਬੰਦ ਆ ਰਿਹਾ ਸੀ। ਉਸਨੇ ਇਕ ਪੰਚ ਨੂੰ ਫ਼ੋਨ ਕੀਤਾ ਤਾਂ ਉਸਨੇ ਦੱਸਿਆ ਕਿ ਪੰਚਾਇਤ ਸੈਕਟਰੀ ਕੋਲ ਅਸੀਂ ਸਰਪੰਚ ਦੀ ਲਿਖੀ ਚਿੱਠੀ ਭੇਜ ਰਹੇ ਹਾਂ। ਸਾਨੂੰ ਚਿੱਠੀ ਫੜਾਕੇ ਉਹ ਆਪ ਪਤਾ ਨਹੀਂ ਕਿੱਥੇ ਨੂੰ ਚਲਿਆ ਗਿਆ?" "ਚੱਲੋ, ਫਿਰ ਤੁਸੀਂ ਤਾਂ ਆ ਜਾਵੋ" ਕਲਿਆਣ ਸਿੰਘ ਨੇ ਪੰਚ ਨੂੰ ਕਿਹਾ। "ਦੇਖਦੇ ਹਾਂ" ਕਹਿਕੇ ਪੰਚ ਨੇ ਫ਼ੋਨ ਕੱਟ ਦਿੱਤਾ। ਨੇਤਾ ਜੀ ਵੀ ਕਲਿਆਣ ਸਿੰਘ ਦੇ ਕੋਲ ਹੀ ਖੜ੍ਹਾ ਸੀ। ਜਦੋਂ ਉਹ ਦੁਬਾਰਾ ਪੰਚ ਨੂੰ ਫ਼ੋਨ ਮਿਲਾਉਣ ਲੱਗਿਆ ਤਾਂ ਪੰਚਾਇਤ ਸਕੱਤਰ ਨੇ ਸਰਪੰਚ ਵਲੋਂ ਭੇਜਿਆ ਬੰਦ ਲਿਫ਼ਾਫ਼ਾ ਕਲਿਆਣ ਸਿੰਘ ਨੂੰ ਫੜਾਇਆ। ਕਲਿਆਣ ਸਿੰਘ ਨੇ ਉਹ ਲਿਫ਼ਾਫ਼ਾ ਖੋਲ੍ਹ ਕੇ ਨੇਤਾ ਜੀ ਨੂੰ ਫੜਾਇਆ ਤਾਂ ਉਸ ਵਿਚਲਾ ਕਾਗ਼ਜ਼ ਪੜ੍ਹਕੇ ਉਸਨੂੰ ਲੱਗਿਆ ਜਿਵੇਂ ਉਸਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਹੋਵੇ। ਅਤਿ ਦੀ ਠੰਢ ਵਿੱਚ ਵੀ ਉਸਨੂੰ ਤਰੇਲੀਆਂ ਆਉਣ ਲੱਗੀਆਂ। ਉਹ ਬੌਂਦਲ ਜਿਹਾ ਗਿਆ। ਕਲਿਆਣ ਸਿੰਘ ਨੂੰ ਵੀ ਲੱਗਿਆ ਜਿਵੇਂ ਉਸਦਾ ਉਸਾਰਿਆ ਕਿਲਾ ਮਿੰਟਾਂ ਵਿੱਚ ਢਹਿ-ਢੇਰੀ ਹੋ ਗਿਆ ਹੋਵੇ। ਉਹ ਸਰਪੰਚ ਨੂੰ ਬੁੜ, ਬੁੜ ਕਰਕੇ ਗਾਲ੍ਹਾਂ ਕੱਢਣ ਲੱਗਿਆ। ਸਰਪੰਚ ਨੇ ਲਿਖਿਆ ਸੀ, "ਮੈਂ ਸਰਪੰਚ ਰਹਾਂ ਜਾਂ ਨਾ ਰਹਾਂ, ਪਰ ਆਪਣੀ ਜ਼ਮੀਰ ਨੂੰ ਮਾਰਕੇ ਤੁਹਾਡੀ ਪਾਰਟੀ ਵਿੱਚ ਸ਼ਾਮਿਲ ਨਹੀਂ ਹੋ ਸਕਦਾ।" ਨੇਤਾ ਜੀ ਦੇ ਮੱਥੇ ਦੀਆਂ ਤਿਊੜੀਆਂ 'ਤੋਂ ਅਤੇ ਅੱਖਾਂ ਵਿਚੋਂ ਉਸਦਾ ਗੁੱਸਾ ਸਾਫ਼ ਝਲਕ ਰਿਹਾ ਸੀ। ਉਹ ਕਾਗਜ਼ ਨੂੰ ਆਪਣੀ ਮੁੱਠੀ ਵਿਚ ਮਸਲਦਾ ਹੋਇਆ ਇਉਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਸਦੇ ਪੋਟੇ ਜਲ ਰਹੇ ਹੋਣ।

---

ਕਹਾਣੀ

# ਕਾਸ਼...!

## ਤਰਸੇਮ ਸਿੰਘ 'ਭੰਗੂ'



ਤਰਸੇਮ ਸਿੰਘ 'ਭੰਗੂ'

ਰੇਲ ਜਾਂ ਬੱਸ ਦਾ ਸਫ਼ਰ ਕਰਦੇ ਸਮੇਂ ਹਮੇਸ਼ਾ ਸੀਟ 'ਤੇ ਬੈਠਣ ਲੱਗਿਆਂ ਮਰਦ ਸਵਾਰੀਆਂ ਦੇ ਨਾਲ ਬੈਠਣ ਤੋਂ ਗੁਰੇਜ਼ ਕਰਨ ਵਾਲੀ ਨੱਕ ਚੜ੍ਹੀ ਪ੍ਰੀਤ, ਮੋਗੇ ਬੱਸ ਅੱਡੇ ਦੇ ਬਾਹਰਵਾਰ ਤਿਆਰ ਖਲੋਤੀ ਚੰਡੀਗੜ੍ਹ ਜਾਣ ਵਾਲੀ ਪਹਿਲੀ ਸਰਕਾਰੀ ਬੱਸ ਦੀ ਅਗਲੀ ਬਾਰੀ ਚੜ੍ਹ ਕੇ, ਬੱਸ ਵਿਚ ਖਾਲੀ ਸੀਟਾਂ 'ਤੇ ਨਜ਼ਰ ਮਾਰਦੀ ਬੈਠਣ ਲਈ ਸੀਟ ਦੀ ਚੋਣ ਕਰਨ ਲੱਗੀ।

ਬੱਸ ਵਿਚ ਵਿਰਲੀਆਂ-ਟਾਵੀਆਂ ਸਵਾਰੀਆਂ 'ਚੋਂ ਕੋਈ-ਕੋਈ ਅਖ਼ਬਾਰ ਪੜ੍ਹਨ ਜਾਂ ਆਪੋ-ਆਪਣੇ ਫ਼ੋਨਾਂ ਦੀਆਂ ਸਕਰੀਨਾਂ 'ਤੇ ਉਂਗਲਾਂ ਮਾਰਨ 'ਚ ਮਗਨ ਸਨ। ਤਕਰੀਬਨ ਬੱਸ ਦੀਆਂ ਅੱਧੀਆਂ ਸੀਟਾਂ ਖਾਲੀ ਸਨ। ਬੱਸ ਦੇ ਵਿਚਾਲੇ ਜਿਹੇ ਦੋ ਸੀਟਾਂ ਵਾਲੀ ਸੀਟ 'ਤੇ ਖਿੜਕੀ ਵਾਲੇ ਪਾਸੇ ਬੈਠੇ, ਸਲੀਕੇ ਨਾਲ ਬੰਨ੍ਹੀ ਗੁਲਾਨਾਰੀ ਪੱਗ ਵਾਲੇ ਗੱਭਰੂ ਨੇ ਅਖ਼ਬਾਰ ਦਾ ਪੰਨਾ ਪਲਟਦਿਆਂ ਨਜ਼ਰਾਂ ਥੋੜ੍ਹਾ ਉਪਰ ਚੁੱਕੀਆਂ ਤਾਂ ਜਿਵੇਂ ਪਹਿਲੀ ਨਜ਼ਰੇ ਹੀ ਖ਼ੂਬਸੂਰਤ ਚਿਹਰਾ ਪ੍ਰੀਤ ਦੀਆਂ ਹਿਰਨੀ ਵਰਗੀਆਂ ਅੱਖਾਂ ਜ਼ਰੀਏ ਦਿਲ ਦਾ ਕੋਈ ਕੋਨਾ ਮੱਲ ਬੈਠਾ ਹੋਵੇ। ਉਹ ਗੱਭਰੂ ਦੇ ਪ੍ਰਭਾਵਸ਼ਾਲੀ ਚਿਹਰੇ ਦੀ ਤਾਬ ਨਾ ਝੱਲ ਸਕੀ। ਜੋ ਭੂੰਡ ਆਸ਼ਕਾਂ ਨੂੰ ਆਪਣੇ ਨੇੜੇ ਵੀ ਨਹੀਂ ਢੁੱਕਣ ਦੇਂਦੀ ਸੀ। ਕਾਲਜ ਪੜ੍ਹਦਿਆਂ ਜ਼ਿੰਦਗੀ ਦੇ ਕਈ ਕੌੜੇ-ਫਿੱਕੇ ਤਜ਼ਰਬਿਆਂ 'ਚੋ ਲੰਘ ਕੇ ਐਮ.ਏ. ਦੀ ਵਿਦਿਆਰਥਣ ਅੱਜ ਆਪਣਾ ਭਲਾ-ਬੁਰਾ ਸੋਚਣ ਦੇ ਸਮਰੱਥ ਹੋ ਚੁੱਕੀ ਸੀ। ਬੇਸ਼ੱਕ ਗਹਿਰ-ਗੰਭੀਰ ਅੱਖਾਂ ਫਿਰ ਅਖ਼ਬਾਰ 'ਤੇ ਟਿਕ ਗਈਆਂ ਸਨ ਪਰ ਪ੍ਰੀਤ ਦਾ ਦਿਲ ਟਿਕਾਣੇ ਨਹੀਂ ਰਿਹਾ ਸੀ। ਖਾਲੀ ਸੀਟਾਂ ਹੋਣ ਦੇ ਬਾਵਜੂਦ ਹਮੇਸ਼ਾ ਤੋਂ ਉਲਟ ਜਿਥੇ ਉਹ ਜ਼ਨਾਨਾ ਸਵਾਰੀ ਦੇ ਨਾਲ ਬੈਠਣ ਨੂੰ ਪਹਿਲ ਦੇਂਦੀ ਸੀ ਜਾਂ ਆਪਣੇ ਨਾਲ ਖਾਲੀ ਸੀਟ 'ਤੇ ਕਿਤਾਬਾਂ ਜਾਂ ਹੈਂਡ ਬੈਗ ਰੱਖ ਕੇ ਕੋਈ ਜ਼ਨਾਨਾ ਸਵਾਰੀ ਬੈਠਣ ਤੱਕ ਸੀਟ ਮੱਲ ਕੇ ਰਖਦੀ ਸੀ, ਅੱਜ ਖ਼ੁਦ ਨੇ ਗੱਭਰੂ ਦੇ ਸੀਟ ਉਪਰ ਰੱਖੇ ਬੈਗ ਵੱਲ ਇਸ਼ਾਰਾ ਕਰਦਿਆਂ ਕਿਹਾ, "ਐਕਸਿਊਜ਼ ਮੀਂ, ਕੋਈ ਬੈਠਾ ਤਾਂ ਨਹੀਂ?"

ਗੱਭਰੂ ਨੇ ਬਿਨਾਂ ਬੋਲਿਆਂ ਬੈਗ ਚੁੱਕ ਕੇ ਆਪਣੇ ਪੱਟਾਂ 'ਤੇ ਰੱਖ ਲਿਆ। ਜਿਸ ਦਾ ਭਾਵ ਸੀ 'ਸੀਟ ਖਾਲੀ ਹੈ ਤੁਸੀਂ ਬੈਠ ਸਕਦੇ ਹੋ।'

"ਥੈਂਕਸ" ਕਹਿ ਕੇ ਪ੍ਰੀਤ ਸੀਟ 'ਤੇ ਬੈਠ ਗਈ।

"ਲੁਧੇਹਾਣੇ ਤੋਂ ਉਰ੍ਹੇ ਦੀ ਸਵਾਰੀ ਕੋਈ ਨਾ ਹੋਵੇ ਬਾਈ ਜੀ, ਰਸਤੇ 'ਚ ਨਹੀਂ ਰੁਕਦੀ ਏਹ" ਬੱਸ ਦੇ ਕੰਡਕਟਰ ਨੇ ਚੱਲਣ ਤੋਂ ਪਹਿਲਾਂ ਬਾਰੀ 'ਚ ਖਲੋਅ ਕੇ ਇਕ ਤਰ੍ਹਾਂ ਚਿਤਾਵਨੀ ਜਿਹੀ ਦਿੱਤੀ। ਬਾਰੀ 'ਚੋਂ ਮੂੰਹ ਬਾਹਰ ਕੱਢ ਕੇ ਇਕ ਵਾਰ ਫਿਰ ਕੰਡਕਟਰ ਨੇ "ਚੰਡੀਗੜ੍ਹ-ਲੁਧੇਹਾਣਾ ਨੌਨ ਸਟਾਪ- ਆਜੋ ਵੀਰੇ," ਦੋ ਵਾਰ ਪੁਕਾਰਿਆ।

ਦਾਹੜੀ-ਮੁੱਛਾਂ ਢਾਠੀਆਂ ਨਾਲ ਕੱਸੀ ਅੱਧਖੜ ਜਿਹਾ ਡਰਾਈਵਰ ਕੰਡਕਟਰ ਵਾਲੇ ਪਾਸਿਓਂ ਹੀ ਚੜ੍ਹ ਕੇ ਗੇਅਰ ਲੀਵਰ

ਮੈਂ ਕਿਥੇ ਗੀਤ ਲਿਖਣੇ ਸੀ? ਗ਼ਜ਼ਲ ਕਿੱਦਾਂ ਮੈਂ ਕਹਿਣੀ ਸੀ?
ਮੇਰੇ ਸਾਹਿਤਕ ਸਫ਼ਰ ਦਾ ਵੀ, ਮੁਹੱਬਤ ਹੀ ਬਹਾਨਾ ਸੀ। -ਜੀਤ ਸੁਰਜੀਤ ਬੈਲਜ਼ੀਅਮ

ਦੇ ਲਾਗੋਂ ਦੀ ਹੁੰਦਾ ਹੋਇਆ ਡਰਾਈਵਰ ਸੀਟ 'ਤੇ ਡਟ ਗਿਆ। ਫੁਕਰੇ ਡਰਾਈਵਰਾਂ ਵਾਂਗ ਉਸਨੇ ਕਿਸੇ ਸੁਨੱਖੀ ਸਵਾਰੀ 'ਤੇ ਸ਼ੀਸ਼ਾ ਸੈੱਟ ਨਹੀਂ ਕੀਤਾ। ਹਾਂ, ਉਸ ਨੇ ਬਾਹਰਲੇ ਬੈਕ ਸ਼ੀਸ਼ੇ 'ਚ ਜ਼ਰੂਰ ਝਾਤੀ ਮਾਰ ਕੇ ਸੈਲਫ਼ ਦਾ ਬਟਨ ਦੱਬ ਦਿੱਤਾ। ਦੋ ਵਾਰ ਹਾਰਨ ਮਾਰਨਾ ਬੱਸ ਦੇ ਪੰਧ ਪੈਣ ਦਾ ਸੰਕੇਤ ਸੀ।

ਕਾਹਲ਼ੀ-ਕਾਹਲ਼ੀ ਇਕ ਬਿਰਧ ਮਾਤਾ ਫੁੱਲਾਂ ਵਾਲਾ ਝੋਲ਼ਾ ਸੰਭਾਲਦੀ ਬੱਸ ਦੀ ਬੰਦ ਹੋ ਰਹੀ ਬਾਰੀ ਨੂੰ ਹੱਥ ਪਾਉਂਦੀ ਬੋਲੀ, "ਠਹਿਰੀਂ ਵੇ ਪੁੱਤਾ, ਮਾਂ ਨੂੰ ਵੀ ਲੈਂਦਾ ਜਾਈਂ।"

"ਬੇਬੇ ਚੰਡੀਗੜ੍ਹ ਜਾਣੈ ਜਾਂ ਲੁਧਹਾਣੇ?" ਕੰਡਕਟਰ ਸਮਝ ਰਿਹਾ ਸੀ ਕਿ ਬੁੜ੍ਹੀ ਧੀ ਕੋਲ ਚੱਲੀ ਹੋਊ ਜਾਂ ਪੇਕੇ।

"ਨਾ ਵੇ ਜਿਊਣ ਜੋਗਿਆ,ਆਹ ਚਾਰ ਕਦਮਾਂ 'ਤੇ ਨਾਨਕਸਰ ਉਤਰ ਜਾਣੈ ਤੇਰੀ ਮਾਵਾਂ ਵਰਗੀ ਨੇ," ਕਹਿੰਦਿਆਂ ਬੇਬੇ ਅੱਗੇ ਨੂੰ ਹੋਈ।

"ਨਾ-ਨਾ ਬੇਬੇ, ਮੇਰੀ ਆਪਣੀ ਮਾਂ ਨਾਲ ਨਹੀਂ ਬਣਦੀ, ਤੈਨੂੰ ਕਿਮੇ ਲੈ 'ਜਾਂ, ਇਹ ਨਹੀਂ ਰੁਕਦੀ ਨਾਨਕਸਰ," ਕੰਡਕਟਰ ਰੁੱਖੀ ਜਿਹੀ ਕੰਡਕਟਰੀ ਭਾਸ਼ਾ 'ਚ ਟਿੱਚਰ ਕਰ ਕੇ ਆਪਣੇ ਮਖੌਲੀ ਹੋਣ ਦਾ ਪ੍ਰਭਾਵ ਬੱਸ ਵਿਚ ਬੈਠੀਆਂ ਸਵਾਰੀਆਂ 'ਤੇ ਛੱਡਣ ਦੀ ਕੋਸ਼ਿਸ਼ ਕਰਦਿਆਂ ਬਾਰੀ ਬੰਦ ਕਰਨ ਲੱਗ ਪਿਆ।

ਕੰਡਕਟਰ ਵੱਲੋਂ ਬਜ਼ੁਰਗ ਨਾਲ ਕੀਤੇ ਕੱਚੇ ਜਿਹੇ ਮਜ਼ਾਕ ਦਾ ਕਿਸੇ ਸਵਾਰੀ 'ਤੇ ਕੋਈ ਖਾਸ ਪ੍ਰਤੀਕਰਮ ਨਾ ਹੋਇਆ। ਪਰ ਖਾਲੀ ਬੱਸ ਸੋਚ ਕੇ ਡਰਾਈਵਰ ਬੋਲ ਪਿਆ, "ਲੈ ਲਾ ਯਾਰ, ਲਾਹ ਦਿਆਂਗੇ, ਕਿਹੜਾ ਟੈਮ ਲੱਗਦੈ, ਤੈਂ ਚੰਡੀਗੜ੍ਹ ਪੰਹੁਚ ਕੇ ਕਿਹੜੀ ਅੱਗ ਬੁਝਾਉਣੀ ਐ?"

"ਯਾਰ ਫ਼ੌਜੀਆ ਤੂੰ ਵੀ ਬਾਹਲ਼ਾ ਨਰਮ ਐਂ, ਬੁੜ੍ਹੀ ਘੰਟਾ ਲਾਊ ਚੜ੍ਹਦਿਆਂ ਉਤਰਦਿਆਂ, ਫ਼ੌਜੀ ਕਨੂੰਨ ਵਾਂਗ ਪੰਜਾਹ ਤੋਂ ਮੀਟਰ ਦੀ ਸੂਈ ਤੂੰ ਟੱਪਣ ਨਹੀਂ ਦੇਂਦਾ, ਭਾਵੇਂ ਕੋਈ ਘੜੁੱਕਾ ਈ ਪਾਸ ਕਰੀ ਜਾਵੇ," ਕੱਚਾ ਜਿਹਾ ਹੋਇਆ ਕੰਡਕਟਰ ਡਰਾਈਵਰ ਨਾਲ ਵੀ ਖਿਝ ਪਿਆ।

"ਕਮਲਿਆ ਮਾਵਾਂ ਨਾਲ ਮਸ਼ਕਰੀਆਂ ਨਹੀਂ ਕਰੀਦੀਆਂ, ਮਾਵਾਂ ਦੀ ਕੀਮਤ ਮਾਵਾਂ ਦੇ ਜਾਣ ਤੋਂ ਬਾਅਦ ਈ ਪਤਾ ਲੱਗਦੀ ਹੈ," ਸਾਊ ਡਰਾਈਵਰ ਨੇ ਦੁਨਿਆਵੀ ਸੱਚ ਕਹਿ ਕੇ ਸਵਾਰੀਆਂ ਦੇ ਦਿਲਾਂ 'ਚ ਡਰਾਈਵਰ ਭਾਈਚਾਰੇ ਦਾ ਸਤਿਕਾਰ ਵਧਾਅ ਦਿੱਤਾ। ਏਨੇ ਨੂੰ ਬੇਬੇ ਬਾਰੀ ਦਾ ਹੈਂਡਲ ਫੜ ਕੇ ਬੱਸ ਵਿਚ ਚੜ੍ਹ ਚੁੱਕੀ ਸੀ।

ਪੰਜ-ਦਸ ਮਿੰਟਾਂ ਬਾਅਦ ਹੀ ਬਰਨਾਲੇ ਵਾਲੇ ਬਾਈਪਾਸ 'ਤੇ ਆ ਕੇ ਲੁਧਿਆਣੇ ਤੇ ਚੰਡੀਗੜ੍ਹ ਜਾਣ ਵਾਲੀਆਂ ਸਵਾਰੀਆਂ ਨਾਲ ਬੱਸ ਖਚਾ-ਖੱਚ ਭਰ ਗਈ। ਬਾਈਪਾਸ ਤੋਂ ਚੜ੍ਹੀਆਂ ਜ਼ਿਆਦਾ ਸਵਾਰੀਆਂ ਨੌਜਵਾਨ ਮੁੰਡੇ-ਕੁੜੀਆਂ ਹੀ ਸਨ। ਉਹਨਾਂ ਦੀ ਗੱਲ-ਬਾਤ ਤੋਂ ਲੱਗ ਰਿਹਾ ਸੀ ਕਿ ਉਹ ਐਤਵਾਰ ਦੇ ਦਿਨ ਵੱਖ-ਵੱਖ ਟੈਸਟ ਸੈਂਟਰਾਂ 'ਚ ਕਿਸੇ ਨੌਕਰੀ ਦਾ ਟੈਸਟ ਦੇਣ ਜਾ ਰਹੇ ਹਨ। ਛੁੱਟੀ ਵਾਲੇ ਦਿਨ ਉਮੀਦੋਂ ਵੱਧ ਸਵਾਰੀਆਂ ਦੇ ਆਉਣ ਦਾ ਪ੍ਰਭਾਵ ਕੰਡਕਟਰ ਦੇ ਚਿਹਰੇ ਤੋਂ ਸਾਫ਼ ਝਲਕ ਰਿਹਾ ਸੀ। "ਗਾਹਾਂ ਨੂੰ ਹੋ 'ਜੋ ਵੀਰੇ, ਖਾਲੀ ਪਈ ਆ ਸਾਰੀ ਬੱਸ।"

ਪ੍ਰੀਤ ਵੀ ਚੰਡੀਗੜ੍ਹ ਟੈਸਟ ਦੇਣ ਹੀ ਜਾ ਰਹੀ ਸੀ। "ਕਾਸ਼! ਇਹ ਗੱਭਰੂ ਵੀ ਟੈਸਟ ਦੇਣ ਹੀ ਜਾ ਰਿਹਾ ਹੋਵੇ" ਪ੍ਰੀਤ ਮਨ ਹੀ ਮਨ ਸੋਚ ਗਈ।

"ਹਾਂ ਜੀ...?" ਕਹਿੰਦਿਆਂ ਮੁੰਡੇ ਨੇ ਅਖ਼ਬਾਰ ਤੋਂ ਧਿਆਨ ਹਟਾਅ ਕੇ ਕੁੜੀ ਵੱਲ ਸਵਾਲੀਆ ਨਜ਼ਰੀਂ ਤੱਕਿਆ।

ਪ੍ਰੀਤ ਨੂੰ ਇੰਜ ਲੱਗਿਆ ਜਿਵੇਂ ਮੁੰਡੇ ਨੇ ਉਹਦੇ ਦਿਲ ਦੀ ਆਵਾਜ਼ ਸੁਣ ਲਈ ਹੋਵੇ। ਹੜਬੜਾਈ ਕੁੜੀ ਨੂੰ ਕੁਝ ਵੀ ਨਾ ਅਹੁੜਿਆ।

"ਮੈਨੂੰ ਇੰਜ ਲੱਗਿਆ, ਜਿਵੇਂ ਤੁਸੀਂ ਮੈਨੂੰ ਕੁਝ ਕਿਹੈ, ਸੌਰੀ," ਕਹਿ ਕੇ ਮੁੰਡਾ ਫਿਰ ਅਖ਼ਬਾਰ ਪੜ੍ਹਨ ਲੱਗ ਪਿਆ।

ਪ੍ਰੀਤ, ਨਾਰੀ ਸੰਕੋਚ ਨਾਲ ਥੋੜ੍ਹੀ ਝੇਂਪ ਗਈ। "ਬਾਈ ਦਾ ਵੇਅ, ਤੁਸੀਂ ਵੀ ਟੈਸਟ ਦੇਣ ਜਾ ਰਹੇ ਹੋ?" ਪਤਾ ਨਹੀਂ ਇਹ ਸ਼ਬਦ ਪ੍ਰੀਤ ਕਿਵੇਂ ਕਹਿ ਗਈ।

"ਜੀ।" ਮੁੰਡਾ ਇਕ ਅੱਖਰੇ ਜੁਆਬ ਤੋਂ ਅੱਗੇ ਕੁਝ ਨਾ ਬੋਲਿਆ।

"ਬੈਂਕ ਵਿਚ ਪ੍ਰੋਬੇਸ਼ਨਲ ਅਫ਼ਸਰ ਦਾ ਟੈਸਟ ਈ ਐ ਨਾਅ?" ਪ੍ਰੀਤ ਦਾ ਦਿਲ ਕਹਿ ਰਿਹਾ ਸੀ ਕਿ ਜੋ ਟੈਸਟ ਮੈਂ ਦੇਣ ਜਾ ਰਹੀ ਹਾਂ ਇਹ ਵੀ ਉਹੀ ਟੈਸਟ ਦੇਣ ਜਾ ਰਿਹਾ ਹੈ।

"ਜੀ।" ਗਲੋਟੇ ਵਾਂਗ ਉਧੜਦੀ ਕੁੜੀ ਵੇਖ ਵੀ ਨੌਜਵਾਨ ਗੁਰਜੀਤ 'ਤੇ ਕੋਈ ਖ਼ਾਸ ਅਸਰ ਨਾ ਹੋਇਆ।

"ਹਾਂ ਜੀ ਬਾਈ ਜੀ ਚੰਡੀਗੜ੍ਹ ਜਾਉਂਗੇ?" ਕੰਡਕਟਰ ਨੇ ਅੰਦਾਜ਼ੇ ਨਾਲ ਹੀ ਗੁਰਜੀਤ ਨੂੰ ਸਣੇ ਮੁਟਿਆਰ ਚੰਡੀਗੜ੍ਹ ਟੈਸਟ ਦੇਣ ਜਾਣ ਵਾਲੀਆਂ ਸਵਾਰੀਆਂ ਸਮਝਦਿਆਂ ਕਿਹਾ।

"ਹਾਂ ਜੀ, ਬਾਈ ਜੀ, ਨੌਂ ਵਜੇ ਸਤਾਰਾਂ ਸੈਕਟਰ ਲਾ ਦਿਉਗੇ ਨਾਅ?" ਕਹਿੰਦਿਆਂ ਗੁਰਜੀਤ ਨੇ ਪੰਜ ਸੌ ਦਾ ਨੋਟ ਕੰਡਕਟਰ ਵੱਲ ਵਧਾਅ ਦਿੱਤਾ।

"ਚੰਡੀਗੜ੍ਹ ਦੋ ਵੀਰੇ?" ਰੋਜ਼ ਚੱਲਣ ਵਾਲਾ ਕੰਡਕਟਰ ਜਾਣਦਾ ਸੀ ਕਿ ਅਕਸਰ ਨਾਲ ਬੈਠੀ ਕੁੜੀ ਦੀ ਟਿਕਟ ਮੁੰਡਾ ਹੀ ਕਟਾਉਂਦਾ ਹੈ। ਪਰ ਗੁਰਜੀਤ ਨੇ ਚੁੱਪ ਕੀਤਿਆਂ ਅੰਗੂਠੇ ਨਾਲ ਦੀ ਉਂਗਲ਼ ਖੜੀ ਕਰ ਦਿੱਤੀ। ਜਿਸ ਦਾ ਭਾਵ ਉਸਦੇ ਇੱਕਲੇ ਹੋਣ ਤੋਂ ਸੀ।

'ਜਿੱਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ ਵੇ ਟਿਕਟਾਂ ਦੋ ਲੈ ਲਈਂ।' ਇਕ ਲੋਕ ਗੀਤ ਦੀਆਂ ਤੁਕਾਂ ਦਿਲ 'ਚ ਸੋਚਦੀ ਪ੍ਰੀਤ ਟਿਕਟ ਲੈਣ ਵਾਸਤੇ ਪਰਸ ਖੋਲ੍ਹਣ ਲੱਗ ਪਈ।

ਗੁਰਜੀਤ ਵੱਲੋਂ ਸਤਾਰਾਂ ਸੈਕਟਰ ਪਹੁੰਚਣ ਦਾ ਜੁਆਬ ਦਿੱਤੇ ਬਗੈਰ ਕੰਡਕਟਰ ਪ੍ਰੀਤ ਨੂੰ ਟਿਕਟ ਅਤੇ ਬਕਾਇਆ ਫੜਾਅ ਹੋਰ ਟਿਕਟਾਂ ਕੱਟਣ ਲੱਗ ਪਿਆ।

ਕੰਡਕਟਰ ਵੱਲੋਂ ਮੋੜਿਆ ਬਕਾਇਆ ਅਤੇ ਟਿਕਟ ਸੰਭਾਲਦੀ ਪ੍ਰੀਤ ਮੁੰਡੇ ਨੂੰ ਹੌਲ਼ੀ ਦੇਣੇ ਬੋਲੀ, "ਥੋਡਾ ਸੈਂਟਰ ਕਿਹੜਾ ਹੈ?" ਪ੍ਰੀਤ ਕਿਵੇਂ ਵੀ ਗੱਲਾਂ ਬਾਤਾਂ ਦਾ ਸਿਲਸਿਲਾ ਮੁੰਡੇ ਨਾਲ ਅੱਗੇ ਤੋਰਨਾ ਚਾਹੁੰਦੀ ਸੀ।

"ਗੌਰਮਿੰਟ ਹਾਈ ਸਕੂਲ ਲੜਕੇ ਸਤਾਰਾਂ ਸੈਕਟਰ," ਕਹਿ ਕੇ ਗੁਰਜੀਤ ਫਿਰ ਮੋਨੀ ਬਾਬਾ ਬਣ ਗਿਆ।

"ਵਾਹ ਓ... ਪ੍ਰੀਤ ਬੱਚਿਆ ਵਾਂਗ ਚਹਿਕਦਿਆ ਬੋਲੀ, "ਸਫ਼ਰ ਵਧੀਆ ਰਹੇਗਾ, ਮੇਰਾ ਸੈਂਟਰ ਵੀ ਉਹੀ ਐ, ਤੁਸੀਂ ਮੈਨੂੰ ਸਿਰਫ਼ ਪ੍ਰੀਤ ਕਹਿ ਸਕਦੇ ਹੋ," ਜਿਸਦਾ ਭਾਵ ਸਪੱਸ਼ਟ ਸੀ ਕਿ ਮੈਂ ਤੇਰੇ ਨਾਲ ਖੁੱਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀ ਹਾਂ। ਸਫ਼ਰ ਵਿਚ ਇਕ-ਦੂਜੇ ਪ੍ਰਤੀ ਜਾਣਕਾਰੀ ਵੀ ਬਹੁਤ ਜ਼ਰੂਰੀ ਹੁੰਦੀ ਹੈ।

ਤਿੜਕ ਜਾਂਦੇ ਨੇ ਛੋਟੀ ਗੱਲ ਤੋਂ ਹੀ ਸਾਥ ਜਨਮਾਂ ਦੇ,
ਕਦੇ ਦੋ ਪਲ ਦਾ ਰਿਸ਼ਤਾ ਖ਼ੂਬ ਹੰਢਣਸਾਰ ਹੁੰਦਾ ਹੈ। -(ਅਗਲੇ ਸਫ਼ੇ 'ਤੇ)

''ਜੀ'' ਕਹਿ ਕੇ ਗੁਰਜੀਤ ਸਿਰਫ਼ ਥੋੜ੍ਹਾ ਜਿਹਾ ਮੁਸਕਰਾਇਆ।

''ਥੋੜਾ ਕੋਈ ਨਾਂ ਨਹੀਂ? ਹਰ ਗੱਲ ਦਾ ਜੁਆਬ 'ਜੀ' ਨਹੀਂ ਹੋ ਸਕਦਾ।'' ਕੁੜੀ ਜਿਵੇਂ 'ਜੀ' ਤੋਂ ਖਿਝ ਗਈ ਹੋਵੇ ਤੇ ਕਹਿਣਾ ਚਾਹੁੰਦੀ ਹੋਵੇ, ''ਪਹਿਲ ਮੁੰਡੇ ਕਰਦੇ ਹੁੰਦੇ ਨੇ ਡੁੰਨ ਵੱਟਿਆ!''

''ਜੀ, ਜੀ ਨਹੀਂ, ਮੇਰਾ ਮਤਲਬ ਹੈ ਪ੍ਰੀਤ ਜੀ, ਨਾਚੀਜ਼ ਨੂੰ ਤੁਸੀਂ ਗੁਰਜੀਤ ਕਹਿ ਸਕਦੇ ਹੋ।''

''ਬੜਾ ਪਿਆਰਾ ਨਾਂ ਹੈ, ਥੋੜੀ ਪੱਗ ਤਾਂ ਬਹੁਤ ਹੀ ਸੁਹਣੀ ਹੈ, ਅੱਜ ਕੱਲ੍ਹ ਜੱਟਾਂ ਦੇ ਮੁੰਡੇ ਤਾਂ ਪੱਗਾਂ ਬੰਨ੍ਹਣੀਆਂ ਭੁੱਲਦੇ ਹੀ ਜਾ ਰਹੇ ਹਨ'' ਕੁੜੀ ਆਪਣੀ ਜਾਤ ਉੱਚੀ ਹੋਣਾ ਵੀ ਚਿਤਾਰ ਗਈ।

''ਜੀ, ਥੈਂਕਸ।''

''ਫਿਰ ਜੀ? ਜੀ ਤੋਂ ਇਲਾਵਾ ਹੋਰ ਕੋਈ ਸ਼ਬਦ ਥੋਨੂੰ ਆਉਂਦਾ ਈ ਨਹੀਂ?'' ਪ੍ਰੀਤ ਨੇ ਇੰਜ ਮਿੱਠੀ ਘੂਰੀ ਵੱਟੀ ਜਿਵੇਂ ਉਹ ਇਕ-ਦੂਜੇ ਦੇ ਚਿਰਾਂ ਤੋਂ ਜਾਣੂ ਹੋਣ।

''ਨਹੀਂ ਮੇਰਾ ਮਤਲਬ ਹੈ, ਜੋ ਕੁਝ ਸਾਡੀਆਂ ਅੱਖਾਂ ਵੇਖਦੀਆਂ ਹਨ ਉਹ ਨਜ਼ਰ ਦਾ ਧੋਖਾ ਵੀ ਹੋ ਸਕਦਾ ਹੈ, ਹਰੇਕ ਚਮਕਦਾਰ ਚੀਜ਼ ਸੋਨਾ ਤਾਂ ਨਹੀਂ ਕਹੀ ਜਾ ਸਕਦੀ!'' ਸੰਜੀਦਾ ਜੁਆਬ ਦੇ ਕੇ ਮੁੰਡੇ ਨੇ ਆਪਣੀ ਸਿਆਣਪ ਦਾ ਸਬੂਤ ਦਿੱਤਾ।

''ਗੁਰਜੀਤ, ਮੈਨੂੰ ਇਹ ਦੱਸੋ ਕਿ ਤੁਸੀਂ ਐਮ.ਏ. ਫ਼ਿਲਾਸਫ਼ੀ ਕਰੀ ਐ ਜਾਂ ਇਕਨੋਮਿਕਸ?'' ਕੁੜੀ ਨੇ ਹੈਰਾਨਗੀ ਨਾਲ ਮੁੰਡੇ ਵੱਲ ਤੱਕਿਆ।

''ਪ੍ਰੀਤ ਜੀ, ਫ਼ਿਲਾਸਫ਼ੀ ਬਗੈਰ ਜ਼ਿੰਦਗੀ ਨੂੰ ਸਮਝਣਾ ਬੜਾ ਮੁਸ਼ਕਿਲ ਹੈ,'' ਮੁੰਡਾ ਕਹਿਣਾ ਚਾਹੁੰਦਾ ਸੀ, 'ਬਿਨਾਂ ਜਾਣ-ਪਛਾਣ ਓਪਰਿਆਂ ਨਾਲ ਬਹੁਤਾ ਖੁੱਲ੍ਹਣਾ ਵਾਜਿਬ ਨਹੀਂ ਹੁੰਦਾ।'

ਭਾਵੇਂ ਗੁਰਜੀਤ ਬਹੁਤਾ ਖੁੱਲ੍ਹ ਨਹੀਂ ਰਿਹਾ ਸੀ, ਪਰ ਪ੍ਰੀਤ ਉਹਦੇ ਨਾਲ ਆਪਣਿਆਂ ਵਾਂਗ ਗੱਲਾਂ ਕਰਨੀਆਂ ਚਾਹੁੰਦੀ ਸੀ। ਜ਼ਿੰਦਗੀ ਦੇ ਤਲਖ਼ ਤਜ਼ਰਬਿਆਂ ਨੇ ਗੁਰਜੀਤ ਨੂੰ ਉਮਰੋਂ ਵੱਧ ਸਿਆਣਾ ਬਣਾ ਦਿੱਤਾ ਸੀ। ਉਹ ਪ੍ਰੀਤ ਨਾਲ ਸਫ਼ਰ ਵਿਚ ਇਸ ਮੁਲਾਕਾਤ ਨੂੰ ਮਹਿਜ਼ ਇਕ ਇਤਫ਼ਾਕ ਤੋਂ ਵੱਧ ਮਹੱਤਵ ਨਹੀਂ ਦੇ ਰਿਹਾ ਸੀ। ਉਹ ਕੁੜੀ ਦੇ ਦਿਲ ਦੀ ਭਾਵਨਾ ਵੀ ਭਲੀ-ਭਾਂਤ ਸਮਝ ਰਿਹਾ ਸੀ। ਗੁਰਜੀਤ ਇਕ ਦਲਿਤ ਕਾਮੇ ਪਰਿਵਾਰ ਨਾਲ ਸਬੰਧ ਰੱਖਦਾ ਸੀ। ਕਿਰਤ ਨਾਲ ਜੁੜੇ ਬਾਪ ਤੋਂ ਸਿੱਖੀ ਉਸ ਨੂੰ ਵਿਰਾਸਤ ਵਿਚ ਮਿਲੀ ਸੀ। ਜਨਮ ਤੋਂ ਹੀ ਉਸਦਾ ਖੱਬਾ ਪੈਰ ਵਿੰਗਾ ਸੀ। ਡਾਕਟਰਾਂ ਮੁਤਾਬਿਕ ਵੱਡਾ ਹੋ ਕੇ ਅਪਰੇਸ਼ਨ ਤੋਂ ਬਾਅਦ ਠੀਕ ਹੋਣ ਦੀ ਉਮੀਦ ਸੀ। ਪਰ ਬਾਪ ਦੀ ਕਮਾਈ ਸਰਾਲ਼ ਵਾਂਗ ਮੂੰਹ ਅੱਡੀ ਘਰ ਦੀਆਂ ਲੋੜਾਂ ਦਾ ਹੀ ਢਿੱਡ ਭਰਦੀ ਰਹੀ, ਬੱਚੇ ਗੁਰਜੀਤ ਦੇ ਪੈਰ ਦਾ ਅਪਰੇਸ਼ਨ ਕਰਾਉਣ ਦੀ ਪੰਹੁਚ ਨਾ ਪਈ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਵਜ਼ੀਫ਼ਾ ਪ੍ਰਾਪਤ ਕਰਕੇ ਆਪਣਾ ਬੋਝ ਉਸ ਨੇ ਆਪ ਚੁੱਕ ਲਿਆ ਸੀ। ਘਰ ਵਿਚ ਹਮੇਸ਼ਾ ਲਵੇਰਾ ਰਹਿਣ ਕਰਕੇ ਉਹ ਆਪਣੇ ਹਾਣੀਆਂ ਨਾਲੋਂ ਸਰੀਰੋਂ ਵੀ ਤਕੜਾ ਸੀ। ਸਕੂਲੀ ਖੇਡਾਂ ਵਿਚ ਹਿੱਸਾ ਲੈਣ ਕਰਕੇ ਵੀ ਗੁਰਜੀਤ ਅਧਿਆਪਕਾਂ ਦਾ ਚਹੇਤਾ ਸੀ। ਨੈਸ਼ਨਲ ਕਬੱਡੀ ਵਿਚ ਤਾਂ ਉਹ ਰੇਡਰ ਦਾ ਗਿੱਟਾ ਫੜ੍ਹ ਕੇ ਰੋਪੜੀ ਜਿੰਦਰਾ ਬਣ ਜਾਂਦਾ। ਹਰੇਕ ਖਿਡਾਰੀ ਇਕ ਅਪੰਗ ਦੇ ਹੱਥੋਂ ਫੜ੍ਹੇ ਜਾਣ ਨੂੰ ਆਪਣੀ ਹੱਤਕ ਸਮਝਦਾ। ਪਰ ਉਹ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਘੱਟ ਕਿਵੇਂ ਵੀ ਨਾ ਸਮਝਦਾ। ਦਸਵੀਂ ਤੋਂ ਬਾਅਦ ਉਸ ਦੇ ਪਿਤਾ ਨੇ ਕਈ ਵਾਰ ਕਿਹਾ ਸੀ, ''ਕਮਲਿਆ ਅਪਾਹਜ ਦਾ ਪ੍ਰਮਾਣ-ਪੱਤਰ ਬਣਵਾ ਲੈ, ਗੌਰਮਿੰਟ ਅਪਾਹਜਾਂ ਨੂੰ ਨੌਕਰੀ ਪਹਿਲ ਦੇ ਆਧਾਰ 'ਤੇ ਦੇਂਦੀ ਹੈ!''

ਸਵੈ-ਭਰੋਸੇ ਨਾਲ ਲਬਰੇਜ਼ ਗੁਰਜੀਤ ਨੇ ਆਪਣੇ-ਆਪ ਨੂੰ ਅਪਾਹਜ ਕਦੀ ਸਮਝਿਆ ਹੀ ਨਹੀਂ ਸੀ। ਕਾਮਯਾਬੀ ਦੀਆਂ ਪੌੜੀਆਂ ਚੜ੍ਹਦਾ ਉੱਚੀ ਵਿੱਦਿਆ ਤੋਂ ਬਾਅਦ ਨਿਸ਼ਾਨੇ ਦੀ ਪ੍ਰਾਪਤੀ ਹਿਤ ਉਹ ਅੱਜ ਬੈਂਕਿੰਗ ਦੇ ਇਮਤਿਹਾਨ ਲਈ ਜਾ ਰਿਹਾ ਸੀ।

ਬੱਸ ਲੁਧਿਆਣੇ ਬੱਸ ਅੱਡੇ ਵਿਚ ਆ ਕੇ ਰੁਕੀ, ਕੁਝ ਸਵਾਰੀਆਂ ਉਤਰੀਆਂ ਕੁਝ ਚੜ੍ਹੀਆਂ ਵੀ, ਸਵਾਰੀਆਂ ਦੇ ਨਾਲ ਹੀ ਇਕ ਕਾਲ-ਕਲੂਟਾ ਜਿਹਾ ਛੱਲੇ-ਮੁੰਦੀਆਂ ਵੇਚਣ ਵਾਲਾ ਤਾਰ ਦੇ ਰਿੰਗ ਅਤੇ ਦੋਵਾਂ ਹੱਥਾਂ ਦੀਆਂ ਸਾਰੀਆਂ ਉਂਗਲਾਂ ਵਿਚ ਛੱਲੇ ਪਾਈ ਚੜ੍ਹਿਆ। ਬੱਸ ਦੀ ਛੱਤ ਨੂੰ ਠਕੋਰਦਾ ਸਵਾਰੀਆਂ ਨੂੰ ਸੰਬੋਧਨ ਹੋਇਆ, ''ਬਾਈ ਜੀ ਦੋ ਮਿੰਟ ਬੱਸ ਰੁਕਣੀ ਐ, ਮੈਂ ਥੋੜਾ ਇਕ ਮਿੰਟ ਲੈਣੈ, ਬਾਈ ਜੀ ਰਿੱਧੀਆਂ-ਸਿੱਧੀਆਂ ਦੇ ਮਾਲਕ ਪੰਡਿਤ ਸੋਧਨਾਥ ਜੀ ਵੱਲੋਂ ਬੜੀ ਸਾਧਨਾ ਕਰਕੇ ਸੋਧੇ ਹੋਏ ਕੁਝ ਨਗ ਥੋਡੀ ਨਜ਼ਰ ਹਨ, ਆਹ ਫ਼ਿਰੋਜ਼ੀ ਮੂੰਗਾ ਪਹਿਨ ਕੇ ਕਿਧਰੇ ਵੀ ਜਾਓ ਕੰਮ ਪੱਕਾ ਬਣੂ, ਆਹ ਮੁੰਦੀ ਤਾਂ ਗੁਰੂ ਜੀ ਨੇ ਵਿਸ਼ੇਸ਼ ਨੌਕਰੀ ਵਾਸਤੇ ਹੀ ਸੋਧੀ ਹੈ, ਤੁਸੀਂ ਬਣਾਉਣ ਜਾਉਂਗੇ ਦੋ-ਢਾਈ ਹਜ਼ਾਰ ਤੋਂ ਘੱਟ ਖਰਚਾ ਨਹੀਂ ਆਏਗਾ, ਗੁਰੂ ਜੀ ਨੇ ਮਸ਼ਹੂਰੀ ਅਤੇ ਸੇਵਕਾਂ ਦੀ ਸਹੂਲਤ ਵਾਸਤੇ ਇਸ ਦੀ ਕੀਮਤ ਸਿਰਫ਼ ਪੰਜਾਹ ਰੁਪਏ ਰੱਖੀ ਹੈ। ''ਆਇਆ ਵੀਰ ਜੀ, ਪੰਜਾਹ ਰੁਪਏ, ਪੰਜਾਹ ਰੁਪਏ, ਜਿਸਨੂੰ ਵੀ ਲੋੜ ਹੋਵੇ 'ਵਾਜ ਮਾਰ ਕੇ ਲੈ ਸਕਦਾ ਹੈ'' ਲਗਾਤਾਰ ਬੋਲਦਾ ਪਿਛਲੀ ਬਾਰੀ ਵੱਲ ਨੂੰ ਵਧਣ ਲੱਗਾ।

ਮੂੰਗੇ-ਮੁੰਦੀਆਂ ਵਾਲੇ ਦੇ ਪਿੱਛੇ-ਪਿੱਛੇ ਹੀ ਭਾਫ਼ਾਂ ਛੱਡਦੀ ਕੇਤਲੀ ਤੇ ਥਰਮੋਕੋਲ ਦੇ ਗਲਾਸ ਫੜੀ ਇਕ ਚਾਹ ਵੇਚਣ ਵਾਲ਼ਾ ''ਚਾਹ-ਚਾਹ'' ਕਰਦਾ ਬੱਸ ਵਿਚ ਦਾਖਲ ਹੋਇਆ। ਉਸਨੇ ਪਹਿਲਾ ਗਲਾਸ ਚਾਹ ਦਾ ਭਰ ਕੇ ਨਾਂਹ-ਨਾਂਹ ਕਰਦੇ ਡਰਾਈਵਰ ਨੂੰ ਫੜਾਇਆ। ਡਰਾਈਵਰ ਵੱਲੋਂ ਮੁਫ਼ਤ ਦੀ ਚਾਹ ਪੀਂਦਿਆਂ, 'ਮੂੰਹ ਖਾਏ ਤੇ ਅੱਖਾਂ ਸ਼ਰਮਾਉਣ' ਦੇ ਅਖਾਣ ਅਨੁਸਾਰ ਬੱਸ ਦਾ ਪੰਜ ਮਿੰਟ ਹੋਰ ਰੁਕਣਾ ਤੈਅ ਸੀ। ਗੁਰਜੀਤ ਨੇ ਵੀ ਸ਼ਿਸ਼ਟਾਚਾਰ ਵਜੋਂ ਚਾਹ ਦੇ ਦੋ ਗਲਾਸ ਭਰਵਾ ਲਏ। ਪ੍ਰੀਤ ਨੇ ਗਰਮ ਚਾਹ ਸੁੜਾਕਦਿਆਂ ਕਿਹਾ, ''ਗੁਰਜੀਤ ਤੁਸੀਂ ਅਜਿਹੇ ਮੂੰਗੇ-ਮੁੰਦੀਆਂ ਵਿਚ ਵਿਸ਼ਵਾਸ ਰਖਦੇ ਹੋ?''

''ਬਿਲਕੁਲ ਨਹੀਂ।'' ਕਹਿੰਦਿਆਂ ਗੁਰਜੀਤ ਨੇ ਚਾਹ ਦਾ ਘੁੱਟ ਭਰਿਆ।

''ਮੈਨੂੰ ਲੱਗਦੈ ਤੁਸੀਂ ਪੱਕੇ ਨਾਸਤਿਕ ਹੋ।'' ਪ੍ਰੀਤ ਖਿਝਦਿਆਂ ਵਾਂਗ ਬੋਲੀ।

''ਨਹੀਂ ਪ੍ਰੀਤ ਅਜਿਹੀ ਕੋਈ ਗੱਲ ਨਹੀਂ, ਦਰਅਸਲ ਸਾਡਾ ਸਵ-ਭਰੋਸਾ ਹੀ ਸਾਡਾ ਅਸਲ ਗਹਿਣਾ ਹੈ, ਹਰੇਕ ਗੱਲ ਢਿੱਡ ਨਾਲ ਜੁੜਦੀ ਹੈ। ਅਸੀਂ ਰੋਟੀ ਦੇ ਜੁਗਾੜ ਲਈ ਘਰੋਂ ਨਿਕਲੇ ਹਾਂ, ਡਰਾਈਵਰ ਕੰਡਕਟਰ ਰੋਟੀ ਖ਼ਾਤਿਰ ਹੀ ਤੜਕੇ ਤੋਂ ਮੁਸਤੈਦ ਹਨ, ਮੂੰਗੇ-ਮੁੰਦੀਆਂ ਵਿਚ ਇਸ ਸਖ਼ਸ਼ ਦੀ ਰੋਟੀ ਛੁਪੀ ਹੋਈ ਹੈ।''

''ਬਾਬਾ ਥੋਡੀਆਂ ਗੱਲਾਂ ਮੇਰੀ ਸਮਝ ਬਿਲਕੁਲ ਹੀ ਨਹੀਂ ਪੈ ਰਹੀਆਂ,'' ਪ੍ਰੀਤ ਨੇ ਵਿਚੋਂ ਹੀ ਮੁੰਡੇ ਦੀ ਗੱਲ ਕੱਟਦਿਆਂ ਕਿਹਾ।

ਨਾਨ-ਸਟਾਪ ਬੱਸ ਸਮਰਾਲੇ ਚੌਕ 'ਚੋਂ ਸਵਾਰੀਆਂ ਚੜ੍ਹਾ ਕੇ

ਪਤਾ ਲਗਦਾ ਨਾ ਕਿਹੜੀ ਚਾਲ ਬਾਜ਼ੀ ਹੀ ਪਲਟ ਦੇਵੇ,
ਅਸੀਂ ਚਾਹੁੰਦੇ ਨਹੀਂ ਹਾਂ ਜੋ, ਉਹ ਆਖ਼ਰਕਾਰ ਹੁੰਦਾ ਹੈ। -ਹਰਦਮ ਸਿੰਘ ਮਾਨ

ਚੰਡੀਗੜ੍ਹ ਸੜਕ ’ਤੇ ਦੌੜਨ ਲੱਗੀ।

ਪ੍ਰੀਤ ਮੋਗੇ ਨੇੜੇ ਇਕ ਪਿੰਡ ਦੇ ਸਹਿੰਦੇ ਬਰਾੜ-ਜੱਟਾਂ ਦੀ ਚੰਗੇ ਚਾਲ-ਚਲਣ ਵਾਲੀ ਧੀ ਸੀ। ਮਾਪਿਆਂ ਨੂੰ ਆਪਣੀ ਧੀ ’ਤੇ ਇਸ ਲਈ ਵੀ ਮਾਣ ਸੀ ਕਿ ਬਰਾੜ ਸਰਦਾਰਾਂ ਦਾ ਇਲਾਕੇ ਵਿਚ ਹਰ ਪੱਖ ਤੋਂ ਦਬਦਬਾ ਸੀ। ਪਰ ਅੱਖਾਂ ਚੰਦਰੀਆਂ ਦਾ ਕੋਈ ਕੀ ਕਰੇ? ਗੁਰਜੀਤ ਤੇ ਪ੍ਰੀਤ ਇਸ ਸਫ਼ਰ ਵਿਚ ਇੰਜ ਘੁਲ-ਮਿਲ ਗਏ ਸਨ ਜਿਵੇਂ ਚਿਰਾਂ ਤੋਂ ਇਕ ਦੂਜੇ ਨੂੰ ਜਾਣਦੇ ਹੋਣ। ਬੱਸ ਦੇ ਹਿਲੋਰਿਆਂ ਨੇ ਪ੍ਰੀਤ ਦੀਆਂ ਅੱਖਾਂ ਭਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਗੁਰਜੀਤ ਦੇ ਮੋਢੇ ਨਾਲ ਸਿਰ ਲਾਈ ਹੁਸੀਨ ਸੁਫ਼ਨਿਆਂ ਵਿਚ ਗਵਾਚ ਗਈ।

ਪਹਿਲੀ ਮੁਲਾਕਾਤ ਵਿਚ ਹੀ ਪ੍ਰੀਤ ਦੇ ਇੰਜ ਘੁਲਣ-ਮਿਲਣ ਦਾ ਗੁਰਜੀਤ ’ਤੇ ਕੋਈ ਅਸਰ ਨਹੀਂ ਹੋਇਆ। ਉਸਨੂੰ ਪਤਾ ਸੀ ਕਿ ਯਥਾਰਥ ਦਾ ਸਾਹਮਣਾ ਕੋਈ ਦਿਲ-ਗੁਰਦੇ ਵਾਲਾ ਹੀ ਕਰਦਾ ਹੈ। ਉਹ ਉਸਦੇ ਅੱਲੜ੍ਹ ਅਤੇ ਭੋਲੇਪਨ ਦਾ ਭਰਮ ਵਕਤੋਂ ਪਹਿਲਾਂ ਨਹੀਂ ਤੋੜਨਾ ਚਾਹੁੰਦਾ ਸੀ। ਕੁਝ ਸਮੇਂ ਬਾਅਦ ਸਭ ਕੁਝ ਸਾਹਮਣੇ ਆ ਹੀ ਜਾਣਾ ਸੀ।

ਝਟਕਾ ਲੱਗ ਕੇ ਰੁਕੀ ਬੱਸ ਨੇ ਹੰਘਲ਼ਾਉਂਦੀਆਂ ਸਾਰੀਆਂ ਸਵਾਰੀਆਂ ਸੁਚੇਤ ਕਰ ਦਿੱਤੀਆਂ। ਸ਼ਾਇਦ ਅੱਗੇ ਕੁਝ ਆ ਗਿਆ ਸੀ। ਅੱਖਾਂ ਮਲ਼ਦੀ ਡੌਰ-ਭੌਰ ਹੋਈ ਪ੍ਰੀਤ ਬੋਲੀ, “ਗੁਰਜੀਤ ਤੁਸੀਂ ਠੀਕ ਓਂ?”

“ਹਾਂ ਠੀਕ ਆਂ, ਮੈਨੂੰ ਕੀ ਹੋਇਆ?”

“ਗੁਰਜੀਤ, ਮੈਂ ਹੁਣੇ-ਹੁਣੇ ਬੜਾ ਭੈੜਾ ਸੁਫ਼ਨਾ ਵੇਖਿਆ ਹੈ, ਸੁਫ਼ਨੇ ਵਿਚ ਅਸੀਂ ਦੋਵੇਂ ਕਿਧਰੇ ਘੁੰਮਣ ਜਾ ਰਹੇ ਹਾਂ, ਸਾਡਾ ਐਕਸੀਡੈਂਟ ਹੋ ਗਿਆ ਹੈ, ਥੋਡੀ ਖੱਬੀ ਲੱਤ ਟੁੱਟ ਗਈ ਹੈ, ਤੁਸੀਂ ਲੰਗੜਾਅ ਕੇ ਤੁਰ ਰਹੇ ਹੋ, ਫਿਰ ਵੀ ਕਹਿ ਰਹੇ ਹੋ ਮੈਂ ਠੀਕ ਹਾਂ, ਥੋਡੇ ਵੱਲ ਵੇਖ ਕੇ ਮੇਰਾ ਬੁਰਾ ਹਾਲ ਹੈ, ਵਾਹਿਗੁਰੂ ਸੁੱਖ ਰੱਖੀਂ।” ਕਹਿੰਦੀ ਪ੍ਰੀਤ ਨੇ ਆਪਣੇ ਦੋਵੇਂ ਹੱਥ ਮੂੰਹ ’ਤੇ ਫੇਰੇ।

“ਭੋਲੀਏ, ਚੰਦਰੇ ਸੁਫ਼ਨੇ ਭੁੱਲਣਾ ਹੀ ਬਿਹਤਰ ਹੁੰਦੈ, ਜਾਗਦਿਆਂ ਸੁਫ਼ਨੇ ਲੈ ਕੇ ਪੂਰੇ ਕਰਨ ਦੀ ਸਮਰੱਥਾ ਪੈਦਾ ਕਰਕੇ ਅਸੀਂ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕਰ ਸਕਦੇ ਹਾਂ।”

ਅਚਾਨਕ ਬਰੇਕ ਲੱਗ ਕੇ ਬੱਸ ਫਿਰ ਆਪਣੀ ਮੰਜ਼ਿਲ ਵੱਲ ਦੌੜ ਰਹੀ ਸੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦਿਆਂ ਪਤਾ ਹੀ ਨਾ ਲੱਗਾ ਕਦੋਂ ਬੱਸ ਸਤਾਰਾਂ ਸੈਕਟਰ ਚੰਡੀਗੜ੍ਹ ਦੇ ਬੱਸ ਅੱਡੇ ਦੇ ਪ੍ਰਵੇਸ਼ ਗੇਟ ਤੋਂ ਥੋੜ੍ਹਾ ਅੱਗੇ ਜਾ ਕੇ ਰੁਕ ਗਈ।

ਬੱਸ ਵਿਚੋਂ ਪਹਿਲਾਂ ਉੱਤਰਨ ਲਈ ਸਵਾਰੀਆਂ ਇਕ-ਦੂਜੇ ਨਾਲ ਖਹਿਣ ਲੱਗੀਆਂ, ਖਿੜਕੀਆਂ ਵਾਲੇ ਪਾਸੇ ਵਾਲੀਆਂ ਸਵਾਰੀਆਂ ਨੂੰ ਇੰਤਜ਼ਾਰ ਕਰਨਾ ਪੈਣਾ ਸੀ। ਪ੍ਰੀਤ ਪਹਿਲਾਂ ਉੱਤਰ ਕੇ ਗੁਰਜੀਤ ਦੇ ਉੱਤਰਨ ਦਾ ਇੰਤਜ਼ਾਰ ਕਰਨ ਲੱਗੀ। ਸਵਾਰੀਆਂ ਬੱਸੋਂ ਉਤਰਦਿਆਂ ਹੀ ਆਪੋ-ਆਪਣੇ ਰਾਹ ਪੈ ਰਹੀਆਂ ਸਨ। ਗੁਰਜੀਤ ਆਪਣਾ ਬੈਗ ਸੰਭਾਲਦਾ ਬੜੇ ਠਰ੍ਹੰਮੇ ਜਿਹੇ ਨਾਲ ਉਤਰਿਆ। ਗੁਰਜੀਤ ਨੂੰ ਬੱਸੋਂ ਉਤਰਕੇ ਲੰਗੜਾਉਂਦਾ ਵੇਖ ਪ੍ਰੀਤ ਹੈਰਾਨੀ ਨਾਲ ਉਸ ਵੱਲ ਅਹੁਲਦੀ ਬੋਲੀ, “ਕੀ ਗੱਲ ਗੁਰਜੀਤ, ਪੈਰ ਸੁੰਨ ਹੋ ਗਿਆ ਬੈਠੇ-ਬੈਠੇ?”

“ਨਹੀਂ ਪ੍ਰੀਤ ਜੀ, ਇਹ ਤਾਂ ਜਨਮ ਤੋਂ ਈ ਸੁੰਨ ਐ, ਆਓ ਚੱਲੀਏ ਟੈੱਸਟ ਦਾ ਟਾਈਮ ਹੋ ਰਿਹੈ।” ਗੁਰਜੀਤ ਨੇ ਅੱਡਿਓਂ ਬਾਹਰ ਨੂੰ ਨਿਕਲਦੇ ਰਸਤੇ ਵੱਲ ਇਸ਼ਾਰਾ ਕਰਦਿਆਂ ਕਿਹਾ।

ਪ੍ਰੀਤ ਤਾਂ ਥਾਂਏ ਹੀ ਜੰਮ ਗਈ ਜਿਵੇਂ ਬੱਸ ਵਿਚ ਵੇਖਿਆ ਸੁਫ਼ਨਾ ਹਕੀਕਤ ਬਣ ਗਿਆ ਹੋਵੇ ਜਾਂ ਜਾਗਦਿਆਂ ਸੁਫ਼ਨਾ ਵੇਖ ਕੇ ਜ਼ਿੰਦਗੀ ਦੇ ਕਰੂਰ ਯਥਾਰਥ ਦੇ ਰੂਬਰੂ ਹੋ ਗਈ ਹੋਵੇ। ਉਹ ਲੰਙ ਮਾਰਦੇ ਤੁਰੇ ਜਾਂਦੇ ਗੁਰਜੀਤ ਦੀ ਪਿੱਠ ਨੂੰ ਨਿਹਾਰ ਰਹੀ ਸੀ ਜੋ ਬਿਨਾਂ ਪਿੱਛੇ ਵੇਖੇ ਤੁਰਿਆ ਜਾ ਰਿਹਾ ਸੀ।

ਇਹ ਮਿਲਣੀ ਗੁਰਜੀਤ ਵਾਸਤੇ ਤਾਂ ਇਕ ਇਤਫ਼ਾਕ ਹੀ ਸੀ, ਪਰ ਪ੍ਰੀਤ ਨੇ ਜੋ ਤਸੱਵਰ ਕੀਤਾ ਸੀ, ਉਸਦੇ ਉਲਟ ਉਹ ਨਹੀਂ ਚਾਹੁੰਦੀ ਸੀ ਕਿ ਟੈੱਸਟ ਦੇਣ ਤੋਂ ਬਾਅਦ ਉਹ ਗੁਰਜੀਤ ਦਾ ਸਾਹਮਣਾ ਕਰੇ। ਪਰ ਇਸ ਦੇ ਉਲਟ ਸਿਆਣੇ ਮੁੰਡੇ ਨੇ ਕੁੜੀ ਨੂੰ ਆਮ ਮੁੰਡਿਆਂ ਵਾਂਗ ਖਾਹ-ਮਖਾਹ ਉਡੀਕਣਾ ਬੇਵਕੂਫ਼ੀ ਹੀ ਸਮਝਿਆ।

ਗੁਰਜੀਤ ਇਸ ਇਮਤਿਹਾਨ ਵਿਚੋਂ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ ਸੀ। ਅੱਜ ਬੈਂਕ ਮਹਿਕਮੇ ਦੇ ਉੱਚ ਚੋਣ ਅਧਿਕਾਰੀਆਂ ਵੱਲੋਂ ਨਵੇਂ ਉਮੀਦਵਾਰਾਂ ਦੀ ਇੰਟਰਵਿਊ ਸੀ। ਆਪਣੀ ਵਾਰੀ ਆਉਣ ’ਤੇ ਉਸ ਨੇ ਸਵੈ-ਭਰੋਸੇ ਨਾਲ ਲਬਰੇਜ਼, “ਮੇ ਆਈ ਕਮ ਇਨ ਸਰ!” ਕਹਿ ਕੇ ਅੰਦਰ ਆਉਣ ਦੀ ਇਜਾਜ਼ਤ ਮੰਗੀ।

“ਯੈੱਸ, ਕਮ ਇਨ ਪਲੀਜ਼, ਟੇਕ ਯੋਅਰ ਸੀਟ” ਚੋਣ ਬੋਰਡ ਦੇ ਸੀਨੀਅਰ ਮੈਂਬਰ ਵੱਲੋਂ ਇਸ਼ਾਰਾ ਮਿਲਣ ’ਤੇ ਗੁਰਜੀਤ ਕੁਰਸੀ ’ਤੇ ਬੈਠ ਗਿਆ।

ਗੁਰਜੀਤ ਦੇ ਅਟੈਚਡ-ਡਾਕੂਮੈਂਟਾਂ ’ਤੇ ਨਜ਼ਰ ਮਾਰਦਿਆਂ ਇਕ ਅਫ਼ਸਰ ਦਾ ਪਹਿਲਾ ਸੁਆਲ ਸੀ, “ਗੁਰਜੀਤ ਜੀ, ਤੁਸੀਂ ਅਪੰਗ ਸਰਟੀਫਿਕੇਟ ਕਿਉਂ ਨਹੀਂ ਲਾਇਆ! ਇਹ ਸੁਆਲ ਸ਼ਾਇਦ ਮੈਂਬਰ ਨੇ ਲੰਙ ਮਾਰਦੇ ਅੰਦਰ ਹੁੰਦੇ ਨੂੰ ਵੇਖ ਕੇ ਪੁੱਛਿਆ ਸੀ। ਬੁਰਾ ਨਾ ਮੰਨਣਾ, ਤੁਹਾਨੂੰ ਪਹਿਲ ਮਿਲ ਜਾਣੀ ਸੀ, ਨੰਬਰ ਤੁਹਾਡੇ ਬਹੁਤ ਚੰਗੇ ਸਨ।”

“ਸਰ ਮੈਂ ਆਪਣੇ-ਆਪ ਨੂੰ ਅਪੰਗ ਸਮਝਦਾ ਹੀ ਨਹੀਂ। ਕਾਗ਼ਜ਼ੀ ਸਰਟੀਫਿਕੇਟ ਬਣਾਉਣਾ ਇਸ ਲਈ ਵੀ ਜ਼ਰੂਰੀ ਨਹੀਂ ਕਿਉਂਕਿ ਸਭ ਤੋਂ ਵੱਡਾ ਸਬੂਤ ਮੇਰਾ ਵਿੰਗਾ ਪੈਰ ਹੈ।” ਗੁਰਜੀਤ ਬਿਲਕੁਲ ਸ਼ਾਂਤ ਸੀ।

“ਕਾਕਾ ਜੀ ਅਸੀਂ ਤੇਰੀ ਭਾਵਨਾ ਦੀ ਕਦਰ ਕਰਦੇ ਹਾਂ, ਫਿਰ ਵੀ ਤੈਨੂੰ ਪਹਿਲ ਮਿਲ ਜਾਣੀ ਸੀ।” ਦੂਜੇ ਮੈਂਬਰ ਨੇ ਦਖ਼ਲ ਦੇਂਦਿਆਂ ਕਿਹਾ।

“ਸਰ ਇਸ ਪੋਸਟ ਲਈ ਜੇ ਕੋਈ ਮੇਰੇ ਤੋਂ ਵੱਧ ਯੋਗ ਹੈ ਤਾਂ ਪਹਿਲਾ ਹੱਕ ਉਸਦਾ ਹੈ, ਮੈਂ ਤਰਸ ਦਾ ਪਾਤਰ ਬਣ ਕੇ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੁੰਦਾ।” ਗੁਰਜੀਤ ਦੇ ਚਿਹਰੇ ’ਤੇ ਨੌਕਰੀ ਮਿਲਦੀ-ਮਿਲਦੀ ਨਾ ਮਿਲਣ ਦਾ ਕੋਈ ਗ਼ਮ ਨਹੀ ਸੀ।

“ਓ ਕੇ, ਯੂ ਕੈਨ ਗੋ।” ਸੀਨੀਅਰ ਮੈਂਬਰ ਵੱਲੋਂ ਜੁਆਬ ਸੁਣ ਕੇ ਗੁਰਜੀਤ ਬਾਹਰ ਆ ਗਿਆ।

ਠੀਕ ਛੇਵੇਂ ਦਿਨ ਡਾਕੀਆ ਗੁਰਜੀਤ ਨੂੰ ਪ੍ਰੋਬੇਸ਼ਨਲ ਅਫ਼ਸਰ ਦੇ ਜੁਆਇਨਿੰਗ ਆਰਡਰਾਂ ਦੀ ਚਿੱਠੀ ਘਰ ਫੜਾ ਗਿਆ ਜੋ ਉਸਦੇ ਸਵੈ-ਭਰੋਸੇ ਦਾ ਨਤੀਜਾ ਸੀ।

ਬੱਸ ਵਿਚ ਕੁਝ ਸਮੇਂ ਦੇ ਸਫ਼ਰ ਦੀ ਸਾਥਣ ਪ੍ਰੀਤ ਨੇ ਇਹ ਟੈੱਸਟ ਪਾਸ ਕੀਤਾ ਜਾਂ ਨਹੀਂ, ਗੁਰਜੀਤ ਨੇ ਆਪਣੀ ਸੋਚ ਦਾ ਹਿੱਸਾ ਨਹੀਂ ਬਣਾਇਆ। ਆਪਣੀ ਲਗਨ, ਮਿਹਨਤ ਅਤੇ ਯੋਗਤਾ ਦੇ ਜ਼ੋਰ -(ਅਗਲੇ ਸਫ਼ੇ ’ਤੇ)

ਇਹ ਬਾਗ਼ ਸਾਡੇ ਉਹ ਸਦਾ ਐਲਾਨ ਕਰਦੇ ਹਨ।
ਜਾਰੀ ਉਹ ਸਾਡੀ ਮੌਤ ਦਾ ਫ਼ੁਰਮਾਨ ਕਰਦੇ ਹਨ।

ਨਾਲ ਗੁਰਜੀਤ ਬੈਂਕ ਮੈਨੇਜ਼ਰ ਦੇ ਅਹੁਦੇ ਤੱਕ ਪਹੁੰਚ ਗਿਆ। ਚੰਗੇ ਮਾਹਰ ਡਾਕਟਰ ਕੋਲੋਂ ਅਪਰੇਸ਼ਨ ਕਰਾਉਣ ਤੋਂ ਬਆਦ ਪੈਰ ਵੀ ਸਿੱਧਾ ਹੋ ਗਿਆ। ਮਾਮੂਲੀ ਜਿਹਾ ਹੀ ਫ਼ਰਕ ਰਹਿ ਗਿਆ ਸੀ ਜੋ ਗ਼ੌਰ ਨਾਲ ਵੇਖਿਆਂ ਹੀ ਪਤਾ ਲੱਗਦਾ ਸੀ।

ਤਕਰੀਬਨ ਪੰਜ-ਛੇ ਸਾਲ ਦੇ ਅਰਸੇ ਬਾਅਦ ਪ੍ਰੀਤ ਨੇ ਵੀ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਬੈਂਕਿੰਗ ਦੇ ਸਾਰੇ ਇਮਤਿਹਾਨ ਪਾਸ ਕਰ ਲਏ। ਇਸ ਅਰਸੇ ਦੌਰਾਨ ਕੁਝ ਸਮਾਂ ਪਹਿਲਾਂ ਮਾਪਿਆਂ ਨੇ ਇਕ ਵਿਦੇਸ਼ ਰਹਿੰਦੇ ਮੁੰਡੇ ਨਾਲ ਉਸਦੀ ਮਰਜ਼ੀ ਦੇ ਬਗੈਰ ਸ਼ਾਦੀ ਵੀ ਕਰ ਦਿੱਤੀ। ਅੱਜ ਉਹ ਰੰਗਲਾ ਚੂੜਾ ਪਾਈ ਇਕ ਸ਼ਹਿਰ ਦੀ ਬਰਾਂਚ ਦੇ ਜੁਆਇਨਿੰਗ ਆਰਡਰ ਲੈ ਕੇ ਬੈਂਕ ਦੇ ਗਾਰਡ ਦੇ ਸਾਹਮਣੇ ਖੜ੍ਹੀ ਸੀ। ਗਾਰਡ ਨੇ ਚਿੱਠੀ ਵੇਖ ਕੇ ਬਰਾਂਚ ਮੈਨੇਜ਼ਰ ਦੇ ਮੋਟੇ ਸ਼ੀਸ਼ੇ ਦੇ ਕੈਬਨ ਵੱਲ ਇਸ਼ਾਰਾ ਕਰ ਦਿੱਤਾ।

ਕੈਬਿਨ ਦੇ ਪ੍ਰਵੇਸ਼ ਦਰਵਾਜ਼ੇ ਦੇ ਉਪਰ 'ਗੁਰਜੀਤ ਸਿੰਘ ਬਰਾਂਚ ਮੈਨੇਜਰ' ਦੀ ਸੁਨਿਹਰੀ ਅੱਖਰਾਂ 'ਚ ਲਿਖੀ ਟੰਗੀ ਤਖ਼ਤੀ ਪੜ੍ਹ ਕੇ ਜਿਵੇਂ ਪ੍ਰੀਤ ਨੂੰ ਝਟਕਾ ਜਿਹਾ ਲੱਗਾ, ਉਸਨੇ ਧੜਕਦੇ ਦਿਲ ਨਾਲ ਥੋੜ੍ਹਾ ਰੁਕ ਕੇ ਪਾਰਦਰਸ਼ੀ ਕੈਬਿਨ ਦੇ ਸ਼ੀਸ਼ੇ 'ਚੋਂ ਅੰਦਰ ਵੇਖਿਆ। ਮੈਨੇਜ਼ਰ ਦੀ ਕੁਰਸੀ 'ਤੇ ਬੈਠਾ ਪਗੜੀਧਾਰੀ ਨੌਜਵਾਨ ਥੋੜ੍ਹੀ ਨੀਵੀਂ ਪਾਈ ਕੁਝ ਪੜ੍ਹਨ ਵਿਚ ਵਿਅਸਥ ਸੀ। ਜਿਸਨੂੰ ਸ਼ਕਲੋਂ ਪਛਾਣਨ ਲਈ ਚਿਹਰੇ 'ਤੇ ਲੱਗੀ ਐਨਕ ਅੜਿੱਕਾ ਪਾ ਰਹੀ ਸੀ। ਪ੍ਰੀਤ ਨੇ ਦਰਵਾਜ਼ਾ ਥੋੜ੍ਹਾ ਖਿਚ ਕੇ, "ਮੇ ਆਈ ਕਮ ਇਨ ਸਰ?" ਕਹਿ ਕੇ ਅੰਦਰ ਆਉਣ ਦੀ ਇਜ਼ਾਜਤ ਮੰਗੀ।

"ਯੈੱਸ" ਮੈਨੇਜਰ ਨੇ ਕਾਗ਼ਜ਼ਾਂ ਉਪਰੋਂ ਨਜ਼ਰ ਹਟਾਏ ਬਗੈਰ ਹੀ ਕਿਹਾ।

ਜਿਉਂ ਹੀ ਮੈਨੇਜ਼ਰ ਨੇ ਕਾਗ਼ਜ਼ਾਂ ਤੋਂ ਨਜ਼ਰਾਂ ਹਟਾਅ ਕੇ ਕੈਬਿਨ ਦੇ ਅੰਦਰ ਦਾਖ਼ਲ ਹੋਈ ਕੁੜੀ ਵੱਲ ਵੇਖਿਆ ਤਾਂ ਉਸਨੂੰ ਚਿਹਰਾ ਕੁਝ ਜਾਣਿਆ-ਪਛਾਣਿਆ ਜਿਹਾ ਲੱਗਿਆ। ਪ੍ਰੀਤ ਦਾ ਦਿਲ ਵੀ ਧੱਕ ਕਰਕੇ ਰਹਿ ਗਿਆ। ਪ੍ਰੀਤ ਨੂੰ ਇੰਜ ਲੱਗਿਆ ਜਿਵੇਂ ਉਸਨੇ ਪੰਜ ਸਾਲ ਪਹਿਲਾਂ ਮੋਗੇ ਬੱਸ ਅੱਡੇ 'ਚ ਖੜ੍ਹੀ ਬੱਸ ਦੀ ਬਾਰੀ 'ਚ ਖਲੋਅ ਕੇ ਧਿਆਨ ਮਾਰਿਆ ਹੋਵੇ। ਪ੍ਰੀਤ ਦੇ ਨਜ਼ਰੀਂ ਪਿਆ ਗੁਰਜੀਤ ਦਾ ਚਿਹਰਾ ਉਸਦੇ ਦਿਲ 'ਚ ਲਹਿ ਗਿਆ ਹੋਵੇ। ਸਮਾਂ ਜਿਵੇਂ ਰੁਕ ਗਿਆ। ਕੁਝ ਚਿਰ ਦੋਵੇਂ ਇਕ ਦੂਜੇ ਵੱਲ ਇੰਜ ਝਾਕੀ ਗਏ ਜਿਵੇਂ ਕੁਝ ਯਾਦ ਕਰ ਰਹੇ ਹੋਣ।

"ਸਰ ਤੁਸੀਂ?", "ਪ੍ਰੀਤ ਤੂੰ?" ਦੋਵਾਂ ਦੇ ਮੂੰਹੋਂ ਹੈਰਾਨਗੀ ਨਾਲ ਇਕੱਠਾ ਹੀ ਨਿਕਲਿਆ।

"ਓ ਸੌਰੀ, ਪਲੀਜ਼ ਬੈਠੋ," ਗੁਰਜੀਤ ਕੁਝ ਯਾਦ ਆਉਣ ਵਾਂਗ ਸਾਹਮਣੇ ਪਈਆਂ ਕੁਰਸੀਆਂ ਵੱਲ ਇਸ਼ਾਰਾ ਕਰਦਾ ਬੋਲਿਆ।

"ਥੈਂਕਯੂ ਸਰ," ਕਹਿ ਕੇ ਪ੍ਰੀਤ ਵੱਡੇ ਮੇਜ਼ ਦੇ ਸਾਹਮਣੇ ਗਾਹਕਾਂ ਦੇ ਬੈਠਣ ਲਈ ਪਈਆਂ ਕੁਰਸੀਆਂ 'ਚੋਂ ਇਕ 'ਤੇ ਬੈਠ ਗਈ।

"ਸਰ, ਕਦੋਂ ਕੁ ਦੇ ਸਰਵਿਸ 'ਚ ਆਏ ਹੋ?" ਪ੍ਰੀਤ ਨੇ ਆਪਣੇ-ਆਪ ਨੂੰ ਹੁਣ ਤੱਕ ਥੋੜ੍ਹਾ ਸੰਭਾਲ ਲਿਆ ਸੀ।

"ਤੈਨੂੰ ਸਰ ਤੋਂ ਬਗੈਰ ਹੋਰ ਕੋਈ ਸ਼ਬਦ ਨਹੀਂ ਆਉਂਦਾ? ਤੂੰ ਮੈਨੂੰ ਸਿਰਫ਼ ਗੁਰਜੀਤ ਕਹਿ ਸਕਦੀ ਏਂ, ਨਾਲੇ ਵਿਆਹ ਦੀਆਂ ਬਹੁਤ-ਬਹੁਤ ਵਧਾਈਆਂ।" ਇਸ ਵੇਲੇ ਗੁਰਜੀਤ ਆਪਣੇ ਆਪ ਨੂੰ ਮੈਨੇਜ਼ਰ ਨਾ ਸਮਝ ਕੇ ਜਿਵੇਂ ਬੱਸ 'ਚ ਬੈਠਾ ਹੀ ਸਮਝ ਰਿਹਾ ਹੋਵੇ।

"ਥੈਂਕਯੂ ਸਰ, ਪ੍ਰੀਤ ਨੇ ਵਿਆਹ ਦੀ ਵਧਾਈ ਦਾ ਜੁਆਬ ਦਿੱਤਾ, ਪਰ ਗੁਰਜੀਤ ਫਿਰ ਬੋਲ ਪਿਆ, "ਫਿਰ ਸਰ?"

ਬੱਸ 'ਚ ਪਹਿਲ਼ੀ ਮਿਲਣੀ ਵੇਲੇ ਪ੍ਰੀਤ ਨੇ ਵੀ ਗੁਰਜੀਤ ਨੂੰ ਜੀ ਕਹਿਣ ਤੋਂ ਵਰਜਿਆ ਸੀ। "ਗੁਰਜੀਤ ਜੀ, ਦਰਅਸਲ ਮੈਨੂੰ ਤੁਹਾਡੀ ਬਰਾਂਚ ਦੇ ਜੁਆਇਨਿੰਗ ਆਰਡਰ ਮਿਲੇ ਹਨ।" ਪ੍ਰੀਤ ਅਹੁਦੇ ਦਾ ਖਿਆਲ ਰੱਖਦੀ ਬੋਲੀ।

"ਰੀਅਲੀ? ਵੈਰੀ ਗੁੱਡ, ਉਦੋਂ ਕਲੀਅਰ ਨਹੀਂ ਸੀ ਕੀਤਾ?" ਗੁਰਜੀਤ ਨੂੰ ਜਿਵੇਂ ਪਹਿਲੀ ਮੁਲਾਕਾਤ ਵਾਲੇ ਸਫ਼ਰ ਦੇ ਪਲ ਯਾਦ ਆ ਗਏ ਹੋਣ।

"ਉਦੋਂ ਮੈਂ ਦੋ ਇਮਤਿਹਾਨਾਂ 'ਚੋਂ ਫੇਲ੍ਹ ਹੋਈ ਸਾਂ," ਕੁੜੀ ਕਹਿਣਾ ਚਾਹੁੰਦੀ ਸੀ 'ਕਾਸ਼! ਉਹ ਸਫ਼ਰ ਮੇਰੀ ਜ਼ਿੰਦਗੀ ਦਾ ਸਫ਼ਰ ਬਣ ਗਿਆ ਹੁੰਦਾ।' ਗੁਰਜੀਤ ਹੋਰ ਕੁਝ ਬੋਲਦਾ ਪ੍ਰੀਤ ਨੇ ਆਰਡਰਾਂ ਵਾਲੀ ਚਿੱਠੀ ਉਸਦੇ ਹਵਾਲੇ ਕਰ ਦਿੱਤੀ।

ਗੁਰਜੀਤ ਨੇ ਚਿੱਠੀ ਫੜ੍ਹਦਿਆਂ ਕਾਲ ਬੈੱਲ ਦਾ ਬਟਨ ਦੱਬ ਦਿੱਤਾ। ਅਗਲੇ ਪਲ ਹੀ ਕੈਬਿਨ ਦਾ ਦਰਵਾਜ਼ਾ ਖੋਲ੍ਹ ਕੇ "ਯੈੱਸ ਸਰ" ਕਹਿੰਦਾ ਦਰਜ਼ਾ ਚਾਰ ਕਰਮਚਾਰੀ ਹਾਜ਼ਰ ਸੀ।

"ਸੁਨੀਲ, ਇੰਜ ਕਰੋ ਦੋ ਕੱਪ ਕਾਫ਼ੀ ਨਾਲ ਕੁਝ ਖਾਣ ਨੂੰ ਵੀ ਲੈ ਕੇ ਆਉਣਾ" ਹੁਕਮ ਸੁਣਕੇ ਮੁੰਡਾ ਚਲਾ ਗਿਆ।

ਚਿੱਠੀ ਪੜ੍ਹਦਿਆਂ ਰੁਕ ਕੇ, "ਪ੍ਰੀਤ ਵਿਅਹੁਤਾ ਜੀਵਨ ਖ਼ੁਸ਼ਹਾਲ ਹੈ?"

ਚਿਹਰ ੇ'ਤੇ ਬਣਾਉਟੀ ਮੁਸਕਰਾਹਟ ਲਿਆ ਕੇ, "ਗੁਰਜੀਤ, ਦੂਸਰਿਆ ਦੀ ਮਰਜ਼ੀ ਨਾਲ ਖ਼ੁਸ਼ੀਆਂ ਨਹੀਂ ਮਿਲਦੀਆਂ ਹੁੰਦੀਆਂ" ਕੁੜੀ ਦੇ ਬੋਲਾਂ'ਚ ਕੋਈ ਅੰਦਰਲੀ ਪੀੜ ਗੁਥੰਮ-ਗੁਥਾ ਹੋਈ ਪਈ ਸੀ। ਜਿਸਨੂੰ ਦੂਰ-ਅੰਦੇਸ਼ ਮੁੰਡੇ ਨੇ ਪੜ੍ਹ ਲਿਆ।

"ਹੂੰਅ... ਲੱਗਦੈ ਸਾਡੀ ਪ੍ਰੀਤ ਵੀ ਅੱਜ ਕੱਲ ਫ਼ਿਲਾਸਫ਼ਰ ਬਣ ਗਈ ਹੈ!" ਗੁਰਜੀਤ ਕਿਸੇ ਅਪਣੱਤ ਨਾਲ ਮੁਸਕਰਾਇਆ।

"ਫ਼ਿਲਾਸਫ਼ੀ ਤੋਂ ਬਗ਼ੈਰ ਜ਼ਿੰਦਗੀ ਨੂੰ ਸਮਝਣਾ ਮੁਸ਼ਕਿਲ ਹੈ, ਕਦੀ ਤੁਸੀਂ ਹੀ ਕਿਹਾ ਸੀ। ਨਾਲੇ ਹਾਦਸੇ ਸਭ ਕੁਝ ਸਿਖਾਅ ਦੇਂਦੇ ਹਨ।" ਕੁੜੀ ਕਹਿਣਾ ਚਾਹੁੰਦੀ ਸੀ, ਮੈਂ ਵੀ ਫ਼ਿਲਾਸਫ਼ੀ ਦੀ ਜਮਾਤ ਪਾਸ ਕਰ ਲਈ ਹੈ।

ਗੁਰਜੀਤ ਨੇ ਇੰਟਰਕਾਮ ਤੋਂ ਕਾਲ ਕਰਕੇ ਸਹਾਇਕ ਮੈਨੇਜ਼ਰ ਨੂੰ ਬੁਲਾਅ ਲਿਆ।

"ਸ਼ਰਮਾ ਜੀ ਤੁਹਾਡੇ ਨਵੇਂ ਪਰੋਬੇਸ਼ਨਲ ਅਫ਼ਸਰ, ਮੈਡਮ ਪ੍ਰੀਤ" ਗੁਰਜੀਤ ਨੇ ਇਸ਼ਾਰੇ ਨਾਲ ਪ੍ਰੀਤ ਦੀ ਜਾਣ-ਪਛਾਣ ਕਰਵਾਈ। ਸ਼ਰਮਾ ਜੀ ਨੇ "ਵੈੱਲਕਮ ਮੈਮ" ਕਹਿੰਦਿਆਂ ਹੱਥ ਜੋੜ ਦਿੱਤੇ।

ਸ਼ਰਮਾ ਜੀ ਨੂੰ ਚਿੱਠੀ ਫੜਾਉਂਦਿਆਂ ਗੁਰਜੀਤ ਨੇ ਕਿਹਾ, "ਇਹ ਕੱਲ ਨੂੰ ਆਪਣੀ ਡਿਊਟੀ 'ਤੇ ਹਾਜ਼ਰ ਹੋ ਜਾਣਗੇ, ਅੱਜ ਇਹਨਾਂ ਦੀ ਹਾਜ਼ਰੀ ਪਾ ਲੈਣਾ। ਹਾਂ, ਕੁਝ ਦਿਨ ਸਿੱਖਣ ਲਈ ਇਹਨਾਂ ਦੀ ਸੀਟ ਦਾ ਖਿਆਲ ਰੱਖਣਾ।" ਗੁਰਜੀਤ ਨੇ ਸ਼ਰਮਾ ਜੀ ਨੂੰ ਹਦਾਇਤ ਕਰਦਿਆਂ ਜਣਾ ਦਿੱਤਾ ਕਿ ਇਹ ਮੇਰੀ ਖਾਸ ਕੁਲੀਗ

ਲੈਂਦੇ ਨੇ ਉਸ ਤੋਂ ਆਪਣਾ ਬਦਲਾ ਜ਼ਰੂਰੀ ਹੀ,
ਇਹ ਲੋਕ ਦੁਸ਼ਮਣ ਦੀ ਜਦੋਂ ਪਹਿਚਾਣ ਕਰਦੇ ਹਨ। -ਰਣਬੀਰ ਰਾਣਾ

ਹੈ।

ਕਾਫ਼ੀ ਪੀ ਕੇ ਗੁਰਜੀਤ ਸਤਿਕਾਰ ਵਜੋਂ ਪ੍ਰੀਤ ਨੂੰ ਬੈਂਕ 'ਚੋਂ ਬਾਹਰ ਆਪ ਛੱਡਣ ਅਇਆ। ਪ੍ਰੀਤ ਬੱਸ ਦੇ ਸਫ਼ਰ 'ਚ ਕੁਝ ਚਿਰ ਦੇ ਸਾਥੀ ਨੂੰ ਅਰਾਮ ਨਾਲ ਤੁਰਦਿਆਂ ਵੇਖ, ਚੰਡੀਗੜ੍ਹ ਬੱਸੋਂ ਉਤਰਕੇ ਲੰਙ ਮਾਰਦੇ ਤੁਰੇ ਜਾਂਦੇ ਅਤੇ ਅੱਜ ਵਾਲੇ ਗੁਰਜੀਤ ਨਾਲ ਤੁਲਨਾ ਕਰਦਿਆਂ ਸੋਚ ਰਹੀ ਸੀ, ...ਕਾਸ਼! ਮੈਂ ਉਦੋਂ ਜ਼ਿੰਦਗੀ ਦਾ ਇਮਤਿਹਾਨ ਪਾਸ ਕਰ ਲਿਆ ਹੁੰਦਾ।

ਕਹਾਣੀ

# ਉਤਲਾ ਪੱਟ

## ਦਰਸ਼ਨ ਜੋਗਾ, ਮਾਨਸਾ



ਦਰਸ਼ਨ ਜੋਗਾ, ਮਾਨਸਾ

ਦਰਸ਼ਨ ਜੋਗਾ: ਨੇ ਸਿਰਫ ਦੋ ਕਹਾਣੀ-ਸੰਗ੍ਰਹਿ 'ਨਮਸ਼ਕਾਰ' ਤੇ 'ਮੁੱਕਦੀ ਗੱਲ' ਛਪਵਾ ਕੇ ਨਵੀਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਸਥਾਪਤੀ ਦੇ ਹਾਣ ਦਾ ਮੁਕਾਮ ਹਾਸਿਲ ਕਰ ਲਿਆ ਹੈ। ਉਸਦੀਆਂ ਕਹਾਣੀਆਂ ਦੀਆਂ ਦੋਵਾਂ ਪੁਸਤਕਾਂ ਬਾਰੇ ਆਲੋਚਨਾਤਕ ਖੋਜ ਕਾਰਜ ਵੀ ਹੋਇਆ ਹੈ ਤੇ ਇਨ੍ਹਾਂ ਵਿਚਲੀਆਂ ਲਗਭਗ ਸਾਰੀਆਂ ਛਪੀਆਂ ਵੀ ਹਨ। 'ਮੁਕਦੀ ਗੱਲ' ਕਹਾਣੀ-ਸੰਗ੍ਰਹਿ ਨੂੰ ਦਲਬੀਰ ਸਿੰਘ ਚੇਤਨ ਵਰਗਾ ਵਕਾਰੀ ਪੁਰਸਕਾਰ ਵੀ ਪ੍ਰਾਪਤ ਹੋਇਆ ਹੈ। ਉਸਦਾ ਦਾ ਸ਼ੁਮਾਰ ਤੀਜੀ-ਪੀੜ੍ਹੀ ਦੇ ਉਨ੍ਹਾਂ ਕਹਾਣੀਕਾਰਾਂ ਵਿਚ ਹੈ ਜਿਹੜੇ ਨਵੀਂ ਪੰਜਾਬੀ ਕਹਾਣੀ ਦੀਆਂ ਕਲਾਤਮਕ ਲੋੜਾਂ ਅਨੁਸਾਰ ਅੰਤਰਦਵੰਦੀ ਮਨੋ-ਵਿਸ਼ਲੇਸ਼ਣੀ ਵਿੱਧੀ ਨੂੰ ਸੁਚੇਤ ਪੱਧਰ ਤੇ ਸਵੀਕਾਰਦੇ ਹਨ ਤੇ ਬਾਹਰੀ ਤੌਰ ਤੇ ਸਾਬਤ ਸਬੂਤੇ ਵਿਖਾਈ ਦੇਣ ਵਾਲੇ ਪਾਤਰਾਂ ਦੀ ਅੰਦਰਲੀ ਉਧੇੜ ਬੁਣ ਅਤੇ ਟੁੱਟ-ਭੱਜ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਨ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਹਨ। ਉਸਦੀਆਂ ਕਹਾਣੀਆਂ ਨੇ ਆਪਣੇ ਸਮਕਾਲੀ ਸਮਾਜਿਕ ਯਥਾਰਥ ਨੂੰ ਉਸਦੇ ਬਾਹਰੀ ਅਤੇ ਅੰਦਰੂਨੀ ਗੁਣਾਂ-ਅਵਗੁਣਾਂ ਸਮੇਤ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੀ ਨਹੀਂ ਕੀਤਾ ਸਗੋਂ ਸਮੇਂ ਅਤੇ ਸਥਿਤੀ ਅਨੁਸਾਰ ਇਸ ਵਿੱਚ ਆਈਆਂ ਤੇਜ ਰਫ਼ਤਾਰ ਤਬਦੀਲੀਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ।-ਦਰਸ਼ਨ ਢਿਲੋਂ

ਰਾਤ ਵੀ ਮੈਨੂੰ ਪੂਰੀ ਨੀਂਦ ਨਹੀਂ ਆਈ। ਸ਼ੀਸ਼ੇ ਮੂਹਰੇ ਖੜ੍ਹੀ ਕੰਨਾਂ 'ਚ ਪਾਏ ਝਬੂਲੀ ਵਾਲੇ ਕਾਂਟਿਆਂ ਨੂੰ ਵਾਰ-ਵਾਰ ਟੋਹ ਰਹੀਂ ਆਂ। ਪੈਰਾਂ ਵਿਚਲੀਆਂ ਝਾਂਜਰਾਂ ਦੀ ਛਣ-ਛਣ ਕੰਨਾਂ ਨੂੰ ਮਿੱਠੀ-ਮਿੱਠੀ ਲੱਗ ਰਹੀ ਐ। ਲੰਮੇ ਚਾਕਾਂ ਵਾਲੇ ਜੈਂਪਰ ਦੀਆਂ ਹੇਠਲੀਆਂ ਕੰਨੀਆਂ ਫੜ-ਫੜ ਪਿੱਛੇ ਨੂੰ ਗਰਦਨ ਮੋੜ, ਪੂਰੇ ਸਰੀਰ ਨੂੰ ਨੁਹਾਰ ਰਹੀਂ ਆ। ਬਣੀ-ਸੰਵਰੀ ਆਪਣੀ ਦਿੱਖ ਨੂੰ ਵੇਖ ਖੁਸ਼ ਹੋਈ ਜਾਨੀਂ ਆਂ। ਐਨੇ 'ਚ ਘਰ ਵਾਲੇ ਦੀ ਖੰਘ ਨਾਲ ਮੇਰੀ ਅੱਖ ਖੁੱਲ੍ਹ ਜਾਂਦੀ ਐ। ਭੜੱਕ ਦੇਣੇ ਮੰਜੇ ਤੋਂ ਉੱਠ ਬਹਿੰਨੀ ਆਂ। ਇੱਕਦਮ ਅਰਸ਼ ਤੋਂ ਫ਼ਰਸ਼ 'ਤੇ ਆ ਡਿੱਗਦੀ ਆਂ। ਇੱਥੇ ਤਾਂ ਕੁਛ ਵੀ 'ਨੀਂ। ਇਕੱਲੀ ਟੁੱਟੇ ਲੋਗੜ ਵਾਲੀ ਰਜਾਈ ਵਿੱਚ ਫੱਟੀ ਬਣੇ ਸਰੀਰ ਨੂੰ ਲਈ ਪਈ ਆਂ।

ਰਾਤ ਵਾਲਾ ਬਿਮਲਾ ਦੇ ਪੋਤੇ ਦਾ ਸੁਨੇਹਾ ਯਾਦ ਆ ਜਾਂਦੈ। ਆਂਟੀ ਸਵੇਰੇ ਜਲਦੀ ਆ ਜਾਣਾ। ਮਨ 'ਚ ਕਿੰਨੇ ਹੀ ਖਿਆਲ ਆਉਣੇ ਸ਼ੁਰੂ ਹੋ ਜਾਂਦੇ ਐ। ਫਟਾ-ਫਟ ਆਪਣੇ ਕੰਮ ਨੂੰ ਨਿਪਟਾ ਬਿਮਲਾ ਦੇ ਘਰ ਜਾਣ ਦੀ ਤਿਆਰੀ ਕਰਨ ਲੱਗਦੀ ਆਂ।

"ਕਿਵੇਂ ਅੱਜ ਫੇਰ ਰਾਤ ਦਾ ਖੰਘੀ ਜਾਨੈ। ਊਂ ਤਾਂ ਠੀਕ ਐਂ।" ਰਜਾਈ 'ਚ ਅੱਖਾਂ ਜਿਹੀਆਂ ਮਲਦੇ, ਪਾਸੇ ਮਾਰੀਂ ਜਾਂਦੇ ਰਤਨ ਬੰਨੀ ਵੇਖ ਪੁੱਛਦੀ ਆਂ।

"ਹਾਂ ਠੀਕ ਆਂ। ਕੱਲ ਸਾਰਾ ਦਿਨ ਮੀਂਹ ਤੇ ਠੱਕਾ ਚਲਦਾ ਰਿਹਾ। ਚਾਚੇ ਨੇ ਮਾਲ ਫੜਾਉਣ ਬੱਸ ਅੱਡੇ ਬੰਨੀਂ ਤੋਰਤਾ, ਅਕੇ ਮਲੋਟ ਜੁੱਤੀਆਂ ਪਹੁੰਚਦੀਆਂ ਕਰਨੀਆਂ ਨੇ, ਬੱਸ ਦੇ ਡਰਾਇਵਰ ਨਾਲ ਗੱਲ ਕੀਤੀ ਹੋਈ ਐ, ਡੱਬਾ ਰੱਖ ਕੇ ਮੁੜ ਆਈ। ਝੜ 'ਚ ਠੰਢ ਜੀ ਚੜ੍ਹਗੀ, ਹਾਲੇ ਤਾਈਂ ਲੋਟ ਨੀਂ ਆਈ। ਸਾਲਾ ਸਾਹ ਜਾ ਵੀ ਉਖੜਿਆ ਰਿਹਾ। ਬਲਗਮ ਔਖਾ ਕਰਦੀ ਐ। ਸਰੀਰ ਤਾਂ ਠੀਕ ਐ।" ਕਹਿ, ਰਤਨ ਫੇਰ ਰਜਾਈ 'ਚ ਮੂੰਹ ਲਕੋਅ, ਪਾਸਾ ਮੋੜਕੇ ਪੈ ਗਿਐ।

"ਦਿੰਨੀਂ ਆਂ ਤੈਨੂੰ ਚਾਹ ਬਣਾਕੇ।" ਕਹਿ ਉੱਠ ਖੜ੍ਹਦੀ ਆਂ। ਸੁਨੇਹਾ ਮੇਰੇ ਕੰਨਾਂ 'ਚ ਗੂੰਜਦਾ, ਦਿਮਾਗ 'ਚ ਖਰਲ ਪਾਈਂ ਜਾਂਦੈ। ਇਸੇ ਲਈ ਮਨ 'ਚ ਕਾਹਲ ਹੋਈ ਜਾਂਦੀ ਐ। ਰਸੋਈ 'ਚ ਜਾ ਫਟਾ-ਫਟ ਚਾਹ ਵਾਲਾ ਟੋਪੀਆ ਚੁੱਲ੍ਹੇ ਤੇ ਧਰ ਦਿੰਨੀ ਆਂ। ਸੁਨੇਹੇ ਨਾਲ ਅੱਜ ਸਾਰੇ ਕੰਮਾਂ 'ਤੇ ਜਾਣ ਦਾ ਵਕਤ ਤੇ ਚਾਲ ਬਦਲ ਗਈ ਐ। ਨਹੀਂ ਤਾਂ ਮੈਂ ਮੱਘਰ ਕੇ ਘਰੇ ਪਹਿਲਾਂ ਜਾਂਦੀ ਹੁੰਦੀ ਸੀ। ਬਹੂ ਤੇ ਜਵਾਕਾਂ ਦੇ ਕੱਪੜੇ ਧੋ ਕੇ ਪੋਚੇ ਲਾਉਂਦੀ। ਫੇਰ ਮਾਸਟਰਾਂ ਦਾ ਕਰਕੇ ਬਿਮਲਾ ਕੇ ਜਾਂਦੀ। ਅੱਜ ਤਾਂ ਪਹਿਲਾਂ ਬਿਮਲਾ ਕੇ ਈ ਜਾਣਾ ਪਊ। ਮਾਸਟਰਨੀ ਤਾਂ ਕੁਛ ਨੀਂ ਕਹਿੰਦੀ। ਮੱਘਰ ਭੱਠੇ ਆਲੇ ਦੇ ਘਰ ਆਲੀ ਜਾਂਦੀ ਨੂੰ ਟੱਪਣ ਲੱਗ ਜਾਂਦੀ ਐ। ਅਖੇ ਅਸੀਂ ਸਾਰਾ ਦਿਨ ਕੂੜੇ 'ਚ ਬੈਠੇ ਰਹੀਏ। ਮਨ 'ਚ ਆਉਂਦੈ- 'ਖਿਡਾਉਂਦੀ ਵੀ ਤੂੰ ਐਂ।' ਪਰ ਕਿਹਾ ਨਹੀ ਜਾਂਦਾ। ਚਲ ਜੇ ਫੋਨ ਆਇਆ ਕਹਿਦੂੰ, ਭਾਈ ਮਜ਼ਬੂਰੀ ਐ। ਕਦੇ ਅੜਿੱਕਾ ਵੀ ਹੋ ਜਾਂਦੈ। ਸੁਣਨੀਆਂ ਵੀ ਪੈਂਦੀਐਂ ਇਹਨਾਂ ਪਦੈੜ ਜਨਾਨੀਆਂ ਦੀਆਂ। ਰੋਜ਼ ਆਪਣੀ ਤੋਰ ਕੰਮ ਨਬੇੜ ਆਉਂਦੀ ਸੀ। ਜਾਇ ਖਾਣੇ ਦੇ ਨਿੱਕੇ ਜੇ ਸੁਨੇਹੇ ਨੇ ਭਾਜੜ ਪਾਈ ਪਈ ਐ। ਨੇਰ੍ਹੇ ਈ ਆਹਰ ਲਾਤਾ। ਮਨ 'ਚ ਆਉਂਦੈ, ਕਿਸੇ ਚੰਗੇ ਨੂੰ ਹੋਇਐ ਇਹ।

ਚਾਹ ਦੀ ਗੜਵੀ ਰਤਨ ਦੇ ਮੰਜੇ ਕੋਲ ਰੱਖ ਆਈਂ ਆਂ। "ਲੈ ਛੇਤੀ ਪੀ ਲੈ, ਸਰੀਰ ਠੀਕ ਹੋਜੂ। ਮੈਂ ਵੀ ਨਹਾਕੇ ਜਾਣੈ। ਰੋਟੀਆਂ ਤੇਰੀਆਂ ਲਾਹਜੂੰ, ਡੱਬਾ ਲੈਜੀ ਕੰਮ 'ਤੇ ਜਾਣ ਲੱਗਿਆ। ਨਹੀਂ ਸਾਰਾ ਦਿਨ ਕੋਕੜਾਂ ਹੋ ਜਾਣਗੀਆਂ। ਜੇ ਚਿੱਤ ਨਹੀਂ ਲੋਟ ਘਰੇ

ਅਸਲ ਵਿਚ ਉਹ ਕਿਸੇ ਰਾਹ ਭੁੱਲ ਗਏ ਦੀ ਮੌਤ ਆਈ ਸੀ।
ਕਰਾਈ ਜਿਸਨੇ ਕਿ ਦਰਬਾਰ ਸਾਹਿਬ 'ਤੇ ਚੜਾਈ ਸੀ। -(ਅਗਲੇ ਸਫ਼ੇ 'ਤੇ)

ਰਹਿਪੀਂ। ਐਵੇਂ ਵਧੰਤ ਨਾ ਵਧਾਲੀਂ। ਖਰਚੇ ਤਾਂ ਪਹਿਲਾਂ ਈ ਸੂਤ ਨੀ ਆਉਂਦੇ। ਸਾਹਮਣੇ ਅਜਮੇਰ ਡਾਕਟਰ ਤੋਂ ਗੋਲੀ-ਗਾਲੀ ਲੈ ਆਈਂ, ਦੱਸਕੇ।'' ਆਪਣੇ ਅੰਦਰਲੇ ਫ਼ਿਕਰਾਂ ਨੂੰ ਬੋਲਾਂ ਦਾ ਠੁੰਮਣਾਂ ਦੇ ਕੇ ਥਾਂ ਸਿਰ ਕਰਦੀ ਆਂ।

ਦਬਾ-ਦਬ ਨਿੱਕੇ-ਨਿੱਕੇ ਕੰਮ ਮੁਕਾਅ ਰਹੀ ਆਂ। ਰਾਤ ਦੀ ਇੱਕ ਗੱਲ ਨੇ ਮੇਰੇ ਅੰਦਰਲੇ ਸੁੱਤੇ ਪਏ ਨੂੰ ਚਿੰਗਾੜੀ ਲਾ ਦਿੱਤੀ ਐ। ਅੰਦਰ ਧੁੱਖ ਰਿਹੈ। ਗੁੱਸਾ ਵੀ ਆਉਂਦੈ। ਰਾਤ ਜੀਅ ਵੀ ਕੀਤਾ ਤੋੜਕੇ ਜਵਾਬ ਦੇ ਦਿਆਂ। ਤੇਰੇ ਪਿਓ ਦਾ ਅਸੀਂ ਕੁਛ ਦੇਣੈ। ਗੁਲਾਮ ਤਾਂ ਨੀਂ ਥੋਡੇ। ਫੇਰ ਮਨ 'ਚ ਆਗੀ, ਲੰਮੀ ਸੋਚਕੇ ਹਾਂ ਕਹਿਤੀ। ਮਨਾਂ ਪਹਿਲਾਂ ਬਥੇਰੀਆਂ ਕਚੀਚੀਆਂ ਉੱਠਦੀਆਂ ਰਹੀਆਂ ਨੇ। ਦੱਸ ਕੋਈ ਉਜ਼ਰ ਚੱਲਿਐ। ਬੱਸ ਸਿਰ ਸਿੱਟਕੇ ਚੱਕੀ ਝੋਈ ਜਾਂਦੀ ਰਹੀ ਆਂ। ਚੱਕੀ ਝੋਈ ਤਾਂ ਕੀ ਸਗੋਂ ਚੱਕੀ ਦੇ ਪੁੱੜਾਂ ਵਿਚਾਲੇ ਪਿਸਦੀ ਰਹੀ ਆਂ। ਆਹ ਜਿਹੜੇ ਸਾਰਾ ਦਿਨ ਰੱਬ-ਰੱਬ ਕਰਦੇ ਫਿਰਦੇ ਨੇ, ਅਖੇ 'ਰੱਬ ਦਾ ਭਾਣਾ ਹੁੰਦੈ।' ਇਹਨਾਂ ਦੇ ਕਦੇ ਸਾਡੇ ਵਰਗੇ ਭਾਣੇ ਨੀਂ ਵਰਤਦੇ। ਸਾਰੇ ਭਾਣੇ ਸਾਡੇ ਵਰਗਿਆਂ ਦੇ ਖਾਤੇ ਪਾਤੇ। ਆਪ ਦੁੜੰਗੇ ਮਾਰਦੇ ਨੇ। ਸਾਡਾ ਜਿਉਣਾ ਨਰਕ ਬਣਾ ਤਾ। ਕੀ ਕਰੀਏ। ਕਿਸ ਮੂਹਰੇ ਦੁੱਖ ਰੋਈਏ। ਸਭ ਠੂੰਹੇ ਨੇ। ਦੇਹ ਸਾਰਾ ਦਿਨ ਪਿੰਜੀ ਦੀ ਐ। ਬੋਲ ਕੇ ਸੁਣਾਇਆ ਵੀ ਨੀ ਜਾਂਦਾ। ਚੰਦਰੀ ਜੁਬਾਨ ਨੂੰ ਬੇਗਾਨਿਆਂ ਦੇ ਜਿੰਦਰੇ ਨੇ। ਆਹ ਅੱਖਾਂ ਨੇ ਵਿਚਾਰੀਆਂ ਦਰਲ-ਦਰਲ ਪਾਣੀ ਵਹਾਕੇ ਥੱਕ ਹਾਰ ਜਾਂਦੀਆਂ ਨੇ। ਕੋਈ ਸੁਣਵਾਈ ਨੀਂ ਕਰਦਾ। ਸਗੋਂ ਮੂੰਹ ਪਰ੍ਹੇ ਕਰ ਲੈਂਦੇ ਨੇ।

ਮਨ ਦੀ ਕਾਹਲ ਨਾਲ ਪੈਰਾਂ 'ਚ ਤੇਜ਼ੀ ਆਈ ਜਾਂਦੀ ਐ। ਪਤਾ 'ਨੀਂ ਹਾਲੇ ਊਠ ਕਿਸ ਕਰਵਟ ਬੈਠੇ। ਫੇਰ ਵੀ ਪਛੜਕੇ ਜਾਣ ਦਾ ਕੀ ਫੈਦਾ। ਨਾਲੇ ਕਿੰਨੇ ਸਾਲਾਂ ਦੀ ਵੇਖੀ ਜਾਨੀਂ ਆਂ। ਇਹਤਾਂ ਵੱਢ ਖਾਣਿਆਂ ਦਾ ਟੱਬਰ ਐ। ਅੰਦਰ ਵੜਦੀ ਨੂੰ ਕੁੱਤਿਆਂ ਵਾਂਗੂੰ 'ਕੱਠੇ ਈ ਭੌਂਕਣ ਲੱਗ ਜਾਂਦੈ ਐ। ਕੋਈ ਪੁੱਛਦਾ 'ਨੀਂ ਕੀ ਗੱਲ ਹੋਗੀ। ਦੂਜੇ ਦੀ ਢਿੱਲ-ਮੱਠ ਦੀ ਔਖ ਤਾਂ ਇਹਨਾਂ ਦੇ ਖੋਪੜੇ 'ਚ ਕਦੇ ਆਈ ਨੀਂ। ਕਰਿਆ ਵੀ ਕੀ ਜਾਏ। ਇਹਨਾਂ ਦਾ ਸੱਤੀ-ਬੀਹੀਂ ਸੌ ਦੁਨੀਆਂ 'ਚ ਚਲਦੈ। ਮੈਂ ਕੀਹਦੀ ਪਾਣੀਹਾਰ ਆਂ। ਹੁਣ ਤਾਂ ਚਾਨਣ ਹੋ ਚੁੱਕਿਐ। ਨੇਰ੍ਹੇ 'ਚ ਰਹਿਣ ਦਾ ਕੋਈ ਲਾਭ ਨੀਂ। ਇਸੇ ਕਰਕੇ ਰਤਨ ਦੀਆਂ ਚਾਰ ਥੱਪਕੇ ਡੱਬੇ 'ਚ ਪਾਤੀਆਂ। ਚਾਰ ਗੜਵੀਆਂ ਪਿੰਡੇ 'ਤੇ ਡੋਲਕੇ ਨਹਾਉਣ ਆਲੇ 'ਚੋਂ ਬਾਹਰ ਆਗੀ ਆਂ।

ਬਾਰ 'ਚੋਂ ਨਿਕਲਦੀ ਨੂੰ ਸਾਹਮਣਿਓ ਪਾਸ਼ੋ ਸੁਨਿਆਰੀ ਮੱਥੇ ਲੱਗਦੀ ਐ। ਮੈਨੂੰ ਇਹ ਉੱਕਾ ਚੰਗੀ ਨੀਂ ਲੱਗਦੀ। ਟਲਿਆਂ ਵੀ ਨੀਂ ਜਾਂਦਾ।

''ਨੀ ਚਰਨੋ ਕਿਵੇਂ ਅੱਜ ਸੰਦੇਹਾਂ ਈ ਤੁਰੀ ਜਾਨੀ ਐ ਡੋਲੂ ਚੱਕੀਂ।''

''ਮਾਸੀ ਤੈਨੂੰ ਪਤਾ ਈ ਐ, ਆਹੀ ਟੈਂਮ ਹੁੰਦੈ ਕੰਮ 'ਤੇ ਜਾਣ ਦਾ। ਰਾਤ ਬਿਮਲਾ ਦਾ ਪੋਤਾ ਸੁਨੇਹਾ ਦੇ ਕੇ ਗਿਆ ਸੀ, ਅਕੇ ਸੰਦੇਹਾਂ ਆਜੀਂ। ਬੱਸ ਏਸੇ ਕਰਕੇ ਦਸ ਮਿੰਟ ਪਹਿਲਾਂ ਤੁਰਪੀ।''

''ਲੈ ਵੇਖ ਲੈ, ਬੰਦੇ ਦੇ ਕਰਮ ਹੁੰਦੇ ਐ, ਤੈਨੂੰ ਐਨਾ ਪਤਾ ਨੀ ਹੋਣਾ, ਤੂੰ ਤਾਂ ਉਦੋਂ ਵਿਆਹੀ ਨੀਂ ਆਈ ਸੀ। ਇਹਨੇ ਜਿਹੜੇ ਕਾਰਨਾਮੇ ਕੀਤੇ ਐ, ਸੁਣਕੇ ਲੋਕ ਮੂੰਹ 'ਚ ਉਂਗਲਾਂ ਪਾ ਲੈਂਦੇ ਨੇ। ਸੱਟਾ ਇਹ ਲਵਾਉਂਦੀ ਰਹੀ, ਫੀਮ, ਗੋਲੀਆਂ ਇਹ ਵੇਚਦੀ ਸੀ, ਹੁਣ ਮਰੀ ਤੋਂ ਵੇਖਲੈ ਕੀ ਕੁਛ ਕੀਤੈ, ਜਿਵੇਂ ਧਰਮਾਤਮਾ ਹੋਵੇ। ਸਾਰਾ ਦਿਨ ਪੂਜਾ ਪਾਠ ਤੋਂ ਨਾ ਉੱਠਦੀ ਹੋਵੇ। ਤੂੰ ਰੋਜ਼ ਜਾਨੀਂ ਐਂ ਇਹਨਾਂ ਦੇ। ਅੱਧੀ-ਅੱਧੀ ਰਾਤ ਤਾਈਂ ਭਾਂਡੇ ਮਾਂਜਦੀ ਰਹੀ ਐ। ਨਾਲੇ ਤੈਨੂੰ ਹਾਲੇ ਤੱਕ ਪਤਾ ਨੀਂ ਲੱਗਿਆ। ਏਸ ਦੁੱਧ ਧੋਤੀ ਦਾ। ਕੀ ਤਾਰਤਾ ਤੈਨੂੰ।''

''ਚੱਲ ਕੋਈ ਨਾ ਮਾਸੀ, ਆਪਣੀ-ਆਪਣੀ ਕਿਸਮਤ ਦੀ ਗੱਲ ਐ। ਜਿਵੇਂ ਕਿਸੇ ਦਾ ਲਿਖਿਐ, ਉਵੇਂ ਹੁੰਦੈ। ਉਤਲਾ ਤਾਂ ਵੇਖਦੈ। ਕਦੇ ਆਪਣੇ ਕੰਨੀਂ ਵੀ ਕਰੂ ਨਿਗ੍ਹਾ ਸਿੱਧੀ। ਉਸੇ ਨੂੰ ਫ਼ਿਕਰ ਐ। ਬਾਕੀ ਨਾਲੇ ਰੋਟੀ ਜੋਗਰਾ ਕੰਮ ਤਾਂ ਲੋਕਾਂ ਦੇ ਘਰਾਂ 'ਚੋਂ ਈ ਮਿਲੂ।''

''ਨੀ ਸਿੱਧਰੀਏ ਲਿਖਿਆ-ਲਿਖਿਆ ਕਰੀਂ ਜਾਨੀਂ ਐਂ, ਜੇ ਮੂੰਹੋਂ ਫੁੱਟੇਗੀ ਫੇਰ ਈ ਅਗਲੇ 'ਤੇ ਕੋਈ ਅਸਰ ਹੋਊ। ਨਹੀਂ ਫੇਰ ਤੁਰੀ ਫਿਰੀਂ ਹੱਡ ਰਗੜਾਉਂਦੀ, ਜਿਹੀ ਜੀ ਹੈਗੀ ਐਂ। ਅਗਲਾ ਕਿਉਂ ਪ੍ਰਵਾਹ ਕਰਦੈ। ਇਹਨਾਂ ਲੋਕਾਂ ਨੂੰ ਆਵਦੇ ਮਤਲਬ ਨਾਲ ਮਤਲਬ ਹੁੰਦੈ। ਇਹ ਲੋਕ ਨੀਂ ਸੁਣਦੇ।'' ਪਾਸ਼ੋ ਸੁਨਿਆਰੀ ਆਪਣੇ ਚੌੜੀ ਕੰਨੀਂ ਦੇ ਬਾਰਡਰ ਵਾਲੇ ਸੁਨਹਿਰੀ ਦੁਪੱਟੇ ਨੂੰ ਹਿੱਕ ਤੋਂ ਦੀ ਸੰਵਾਰਦੀ ਅਗਾਂਹ ਤੁਰ ਜਾਂਦੀ ਐ।

ਮਨ 'ਚ ਆਉਂਦੈ, ਇਹਦੇ ਭਾਅ ਦੀ ਸਮਝ 'ਨੀਂ। ਸਭ ਜਾਣਦੀ ਆਂ। ਬੇਬੱਸ ਹੋਇਆ ਬੰਦਾ ਕਿੱਧਰ ਜਾਵੇ। ਕੀਹਦਾ ਜੀਅ ਕਰਦੈ ਗ਼ੁਲਾਮੀ ਕਰਨ ਤੇ ਘੱਟਾ ਢੋਣ ਨੂੰ। ਜਿੱਦੇਂ ਹੱਥ ਪੈ ਗਿਆ ਫੇਰ ਦੱਸ ਵੀ ਦਿਊਂ ਹੁਣ ਤਾਂ ਅਣਸਰਦੇ ਦਾ ਸਮਾਂ ਐ। ਤੈਨੂੰ ਕਿਹੜਾ ਭੁੱਲੀ ਆਂ। ਜੇ ਲੋਕ ਦੋ ਰੁਪਈਏ ਲਾਉਂਦੇ ਐ ਤੂੰ ਤਿੰਨ ਰੁਪਈਏ ਸੈਂਕੜੇ ਤੋਂ ਹੇਠਾਂ ਨੀਂ ਉੱਤਰਦੀ। ਨਾਲੇ ਅੱਘਰੀ ਦੀ ਕਮਾਈ ਐ ਤੈਨੂੰ। ਤੇਰੇ ਚੁੰਗਲ 'ਚ ਫਸੀਆਂ ਦੀਆਂ ਸੁਣਕੇ ਮਨ ਹੋਰ ਵੀ ਤਰਾਹ-ਤਰਾਹ ਕਰ ਉੱਠਦੈ। ਦਿਨ ਚੜ੍ਹਦੇ ਨਾਲ ਈ ਕਿੱਥੇ ਮਿਲਗੀ ਫਿਟੜੀਆਂ ਦਾ ਫੇਟ। ਅੰਦਰ ਖੁੰਦਕ ਐ ਤਾਂ ਸਿੱਧੇ ਮੂੰਹ ਭਿੜ ਪਤੰਦਰਾਂ ਨਾਲ ਜਾ ਕੇ। ਸਾਡੇ ਗਰੀਬਾਂ ਦੇ ਮੋਢਿਆਂ 'ਤੇ ਰੱਖਕੇ ਚਲਾਉਣ ਨੂੰ ਫਿਰਦੀ ਐਂ, ਮਾਇਆਧਾਰੀ ਸੱਪਣੀ। ਜਿਹੜੀਆਂ ਤੂੰ ਪੜ੍ਹਾਉਨੀ ਐਂ, ਮੈਂ ਸਭ ਜਾਣਦੀ ਆਂ। ਰੋਟੀ ਤਾਂ ਖਾਣੀ ਐ, ਕੰਮ ਤਾਂ ਨੀਂ ਛੱਡਿਆ ਜਾਂਦਾ। ਰਾਤ ਵਾਲਾ ਸੁਨੇਹਾ ਤੇ ਇਹਦੀਆਂ ਮੋਮੋਠੱਗਣੀਆਂ ਸੁਣਕੇ ਮਨ ਸਗੋਂ ਹੋਰ ਕਾਹਲਾ ਪੈ ਜਾਂਦੈ। ਕੱਚੇ ਰਾਹ ਤੋਂ ਮੰਦਰ ਮੂਹਰਦੀ ਸੜਕ 'ਤੇ ਆ ਪਹੁੰਚਦੀ ਆਂ। ਬਿਮਲਾ ਦੀ ਗਰਾਰੀ ਜਦੋਂ ਕਿਤੇ ਫਸੀ ਹੁੰਦੀ ਇਸੇ ਮੰਦਰ ਆਲੇ ਪੰਡਤ ਕੋਲੇ ਆਉਂਦੀ। ਮੈਨੂੰ ਵੀ ਇੱਕ ਦੋ ਵਾਰੀ ਨਾਲ ਲਿਆਈ ਸੀ। ਪੰਡਤ ਦੀ ਗਿੱਦੜਸਿੰਗੀ ਐਸੀ, ਲਿੱਛੋ-ਲਿੱਛ ਲਾਹ ਦਿੰਦੀ। ਹੋਰ ਕਿਸੇ ਤੋਂ ਲੋਟ ਆਉਂਦੀ ਮੈਂ ਨੀਂ ਦੇਖੀ ਸੀ।

ਰੇਲਵੇ ਦੇ ਮਾਲ ਗੁਦਾਮ ਕੋਲੋਂ ਲੰਘਦਿਆਂ ਖੋਖਿਆਂ ਬੰਨੀਂ ਨਿਗਾਹ ਜਾਂਦੀ ਐ। ਮੇਰੇ ਬਾਪੂ ਸਹੁਰੇ ਦਾ ਚਿਹਰਾ ਇਕਦਮ ਅੱਖਾਂ ਮੂਹਰੇ ਘੁੰਮ ਜਾਂਦੈ। ਦੁੱਖਾਂ ਦੇ ਪਹਾੜ ਦੀ ਰੀਲ ਅੰਦਰ ਚੱਲਣ ਲੱਗ ਪਈ ਐ। ਅੱਖਾਂ ਭਰ ਆਈਆਂ ਨੇ। ਗਲ 'ਚੋਂ ਬੋਲ ਨਿਕਲਣਾ ਬੰਦ ਹੋ ਰਿਹੈ। ਬੋਲਕੇ ਸੁਣਾਵਾ ਵੀ ਕੀਹਨੂੰ। ਸਭ ਕੁਛ ਅੰਦਰ ਈ ਘੁਲਣ ਲੱਗ ਪਿਐ। ਮੇਰਾ ਸਹੁਰਾ ਦਰਵੇਸ਼ ਦੇਵਤਾ ਪੁਰਸ਼। ਫਾਲਤੂ ਕਿਸੇ ਨਾਲ ਕੋਈ ਬੋਲਣਾ 'ਨੀਂ। ਸਾਰਾ ਦਿਨ ਆਵਦੇ ਕੰਮ 'ਚ ਲੱਗਿਆ ਰਹਿੰਦਾ।

ਭਾਈ ਚਰਨੋਂ-ਭਾਈ ਚਰਨੋਂ ਦੇ ਬੋਲ ਮੇਰੇ ਕੰਨਾਂ 'ਚ ਗੂੰਜਣ ਲੱਗ ਪਏ ਨੇ।

ਬਿਨਾਂ ਰੱਬ ਦੀ ਰਜ਼ਾ ਦੇ ਜੇ ਕਿਤੇ ਪੱਤਾ ਨਹੀਂ ਹਿਲਦਾ,
ਕਿਸੇ ਫਿਰ ਹੋਰ ਨੇ ਨਈਂ ਖ਼ੂਨ ਦੀ ਹੋਲੀ ਖਿਡਾਈ ਸੀ। -ਪ੍ਰੇਮ ਸਾਹਿਲ

ਸਰੀਰ ਸੁੰਨ ਤੇ ਲੱਤਾਂ ਭਾਰੀਆਂ ਹੋਣ ਲੱਗਦੀਆਂ ਨੇ। ਸੱਸ ਤਾਂ ਮੇਰੇ ਆਉਣ ਤੋਂ ਪਹਿਲਾਂ ਈ ਤੁਰਗੀ ਸੀ। ਸੱਸ ਮਾਂ ਦਾ ਪਿਆਰ ਵੀ ਮੇਰੇ ਸਹੁਰੇ ਬਾਪੂ ਕੋਲੋਂ ਮਿਲਿਆ। ਵਿਆਹੁਣ ਗਏ ਨੇ ਝਬੂਲੀ ਵਾਲੇ ਕਾਂਟੇ ਤੇ ਝਾਜਰਾਂ ਢੋਈਆਂ ਸੀ, ਪੂਰੇ ਸ਼ੌਕ ਨਾਲ ਬਾਪੂ ਨੇ।

ਬਾਪੂ ਦੀ ਬਣਾਈ ਸੁੰਡੀ ਦੀ ਕਢਾਈ ਵਾਲੀ ਜੁੱਤੀ ਦੂਰ-ਦੂਰ ਤੱਕ ਮਸ਼ਹੂਰ ਸੀ। ਮਰਦਾਵੀਂ ਤੇ ਜਨਾਨਾ ਜੁੱਤੀ ’ਤੇ ਉਸ ਦਾ ਪੂਰਾ ਹੱਥ ਸੀ। ਪਹਿਲਾਂ ਪਹਿਲ ਘਰੇ ਈ ਕੰਮ ਕਰਦਾ ਹੁੰਦਾ। ਜਦੋਂ ਰੇਲਵੇ ਮਾਲ ਗੁਦਾਮ ਕੋਲ ਸਾਡੇ ਕਈ ਘਰਾਂ ਨੇ ਲੱਕੜ ਦੇ ਖੋਖੇ ਰੱਖ ਦੁਕਾਨਾਂ ਖੋਲ੍ਹ ਲਈਆਂ। ਬਾਪੂ ਨੇ ਵੀ ਉਥੇ ਖੋਖਾ ਰੱਖ ਲਿਆ, ਦੁਕਾਨ ਬਣਾਲੀ। ਰੋਜ਼ ਸਵੇਰੇ ਦੁਕਾਨ ’ਤੇ ਜਾਂਦਾ ਆਥਣੇ ਘਰੇ ਆ ਜਾਂਦਾ। ਸੁੱਤੀ ਗੰਗਾ ਵਗਦੀ ਸੀ ਘਰ ’ਚ। ਹੋਰ ਵੀ ਬਥੇਰੇ ਕਾਰੀਗਰ ਸੀ ਖੋਖਿਆਂ ’ਚ। ਮੇਰੇ ਬਾਪੂ ਨਾਲ ਦੀ ਜੁੱਤੀ ਨੀਂ ਬਣਦੀ ਸੀ ਕਿਸੇ ਤੋਂ। ਟੇਕਣੀ ਗੋਡਿਆਂ ’ਚ ਲੈ ਕੇ ਕਟਾਰ ਨਾਲ ਕਢਾਈ ਕਰਨ ਬਹਿ ਜਾਂਦਾ। ਸੋਨੇ ਰੰਗੇ ’ਤੇ ਚਾਂਦੀ ਰੰਗੇ ਤਿਲੇ ਨਾਲ ਕੱਢੀ ਜਾਲ ਵਾਲੀ ਜੁੱਤੀ ਗਾਹਕ ਨੂੰ ਬੰਨ ਲੈਂਦੀ। ਇੱਕ ਵਾਰ ਪੈਰ ’ਚ ਪਾਈ ਜੁੱਤੀ ਗਾਹਕ ਲਾਹੁੰਦਾ ਨੀਂ ਸੀ। ਖਰੀਦਕੇ ਲਿਜਾਂਦਾ। ਬਾਪੂ ਦੀ ਬਣਾਈ ਜੁੱਤੀ, ਮਲੋਟ, ਮੁਕਤਸਰ ਤੱਕ ਜਾ ਕੇ ਵਿਕਦੀ। ਇਲਾਕੇ ਦੇ ਮਸ਼ਹੂਰ ਪਿੰਡ ਜੋਗਾ-ਰੱਲਾ ਤੇ ਖਿੱਲਣ-ਚਕੇਰੀਆਂ ਦੇ ਗੱਭਰੂ ਬਹੂਆਂ ਨੂੰ ਨਾਲ ਲੈ ਕੇ ਮੇਚੇ ਦੇ ਕੇ ਜੁੱਤੀਆਂ ਬਣਵਾਉਂਦੇ। ਕਈ ਸ਼ਕੀਨ ‘ਜਰਕ’ ਕਹਿਕੇ ਜੁੱਤੀ ’ਚ ਪਵਾਉਂਦੇ। ਪਰ ਕੁਦਰਤ ਦਾ ਕਿਸੇ ਨੂੰ ਕੀ ਭੇਤ ਐ, ਕੀ ਬਣਨੈਂ। ਛੇ ਸਾਲ ਹੋਗੇ ਆਹੀ ਸਿਆਲਾਂ ਦੀ ਰੁੱਤ ’ਚ ਬਾਪੂ ਨੂੰ ਬੁਖਾਰ ਹੋ ਗਿਆ। ਡਾਕਟਰ ਤੋਂ ਦਵਾਈ ਦਿਵਾਉਂਦੇ ਰਹੇ। ਨਾ ’ਰਾਮ ਆਇਆ। ਸਰਕਾਰੀ ਹਸਪਤਾਲ ਲੈਗੇ ਤਾਂ ਡਾਕਟਰ ਨੇ ਟੈਸਟ ਕਰਵਾਕੇ ਰਿਪੋਰਟਾਂ ਵੇਖਕੇ ਸਿੱਧਾ ਈ ਕਹਿਤਾ, ਇਹਨੂੰ ਕੈਂਸਰ ਐ, ਕਿਤੇ ਬਾਹਰ ਲੈਜੋ। ਸੁਣਕੇ ਸਾਡੇ ਤਾਂ ਪੈਰਾਂ ਹੇਠੋਂ ਜ਼ਮੀਨ ਨਿਕਲਗੀ। ਦਿਮਾਗ ਸੁੰਨ ਹੋ ਗਿਆ। ਚੰਡੀਗੜ੍ਹ ਲੈਗੇ। ਵੱਡਾ ਹਸਪਤਾਲ ਐ। ਕਿੰਨੇ ਦਿਨ ਉਥੇ ਲਈ ਬੈਠੇ ਰਹੇ। ਕਿਹੜਾ ਵਾਰੀ ਆਉਂਦੀ ਐ ਛੇਤੀ-ਛੇਤੀ। ਜੇ ਆਈ ਵੀ ਤਾਂ ਡਾਕਟਰ ਕਿਹੜਾ ਰਾਹ ਪਾਉਂਦੇ ਐ, ਆਖਣ ਪੂਰੇ ਟੈਸਟ ਕਰਕੇ ਦੱਸਾਂਗੇ। ਅਖ਼ੀਰ ਦਵਾਈ ਦੇ ਕੇ ਘਰ੍ਹੇ ਤੋਰਤੇ। ਮਹੀਨੇ ਮਗਰੋਂ ਫੇਰ ਗਏ। ਸੇਕੇ ਲੱਗਣ ਲੱਗਪੇ। ਵਗ ਜੀਏ, ਆਜੀਏ। ਘਰ ਦੇ ਸਾਰੇ ਖੱਲਾਂ ਖੂੰਜੇ ਖਰੋਲੇ ਗਏ। ਨਾਲੇ ਹੈ ਕਿੰਨਾ ਕੁ ਸੀ ਘਰੇ। ਮਹੀਨਾ ਕੰਮ ’ਤੇ ਨਾ ਜਾਇਆ ਗਿਆ। ਬਾਪੂ ਦਾ ਸਰੀਰ ਮੁੱਠੀ ਬਣੀ ਜਾਂਦਾ ਸੀ। ਵੇਖ-ਵੇਖ ਅੰਦਰਲਾ ਮੱਚਦਾ। ਡਾਕਟਰਾਂ ਕੋਲ ਜਾਂਦੇ। ਪੈਸਿਆਂ ਦੀ ਲੱਗੋ-ਲੱਗ ਸੀ। ਦੋ ਸੇਕਿਆਂ ਨਾਲ ਬਾਪੂ ਕਹਿੰਦਾ, ਮੈਨੂੰ ਕੁਸ਼ ’ਰਾਮ ਐ। ਤੀਜੇ ਲਈ ਹੱਥ ਖਾਲੀ ਸੀ। ਅਸੀਂ ਦੋਵੇਂ ਬਿਮਲਾ ਕੋਲ ਗਏ। ਮਖਿਆਂ, ਮਾਸੀ ਬਾਪੂ ਜ਼ਿਆਦੇ ਢਿੱਲੈ। ਸੇਕੇ ਲਗਦੇ ਨੇ। ਚੰਡੀਗੜ੍ਹ ਲਿਜਾਣੈ। ਰੁਪਈਆਂ ਦੀ ਲੋੜ ਐ, ਸਾਡਾ ਹਰ ਹਾਲਤ ਕੰਮ ਸਾਰ।

ਮੇਰੀ ਗੱਲ ਸੁਣਦਿਆਂ ਈ ਬੋਲੀ “ਚਰਨੋ, ਤੂੰ ਮੀਨ੍ਹਾ ਪਹਿਲਾਂ ਕੰਮ ’ਤੇ ਨੀਂ ਆਈ। ਤੈਨੂੰ ਪੂਰੇ ਪੈਸੇ ਦੇਤੇ। ਨਾਲੇ ਤਿੰਨ ਹਜ਼ਾਰ ਤੇਰੇ ਬੰਨ੍ਹੀਂ ਹੋਰ ਬਣਿਆ ਖੜ੍ਹੈ। ਤੇਰੇ ਸਹੁਰੇ ਦਾ ਸਾਨੂੰ ਵੀ ਦੁੱਖ ਐ। ਪਰ ਬਿੱਲਿਆ ਸਾਡੀ ਵੀ ਕਬੀਲਦਾਰੀ ਐ। ਹਾਂ ਜੇ ਕੋਈ ਸੋਨੇ ਚਾਂਦੀ ਦੀ ਚੀਜ਼ ਐ। ਤਾਂ ਕਿਸੇ ਨੂੰ ਕਹਿਕੇ ਦਵਾ ਦੂੰਗੀ। ਤੰਦਰੁਸਤੀ ਹੋਈ ਤੋਂ ਮਗਰੋਂ ਹਿਸਾਬ ਕਰਕੇ ਆਵਦੀ ਚੀਜ਼ ਲੈਜਿਓ। ਇਹ ਮੇਰੀ ਜਿੰਮੇਵਾਰੀ ਐ। ਮੈਂ ਰਤਨ ਨਾਲ ਗੱਲ ਕੀਤੀ। ਕਹਿੰਦਾ ਵੇਖਲੈ ਆਹੀ ਤੇਰੇ ਕੰਨਾਂ ਆਲੇ ਤੇ ਪੈਰਾਂ ਆਲੀਆਂ ਨੇ। ਬਾਪੂ ਦਾ ਤੈਨੂੰ ਦੀਂਹਦੈ। ਰਾਜ਼ੀ ਹੋਕੇ ਘਰੇ ਆ ਗਿਆ ਬਥੇਰੇ ਬਣਵਾ ਦਿਊ। ਬਾਕੀ ਜਿਵੇਂ ਤੇਰਾ ਮਨ ਕਹਿੰਦੈ। ਰਤਨ ਦਾ ਚਿਹਰਾ ਵੇਖ ਤੇ ਬੋਲ ਸੁਣਕੇ ਮੇਰੀ ਭੁੱਬ ਨਿਕਲਗੀ। ਮੈਂ ਉਥੇ ਬੈਠੀ ਨੇ ਈ, ਕੰਨਾਂ ’ਚੋਂ ਕੁੰਡੇ ਖੋਲ੍ਹਕੇ ਬਿਮਲਾ ਦੇ ਹੱਥ ਫੜ੍ਹਾਤੇ।

ਹੱਥਾਂ ’ਚ ਅੰਗਕੇ ਕਹਿੰਦੀ ਦੋਵੇਂ ਦਸ ਹਜ਼ਾਰ ਤੱਕ ਦੇ ਹੋਣਗੇ। ਚਲੋ ਮੇਰੇ ਨਾਲ ਇੱਕ ਜਣਾ ਸੁਨਿਆਰ ਕੋਲੇ। ਰਤਨ ਨੂੰ ਨਾਲ ਤੋਰਕੇ ਮੈਂ ਘਰ ਬੰਨ੍ਹੀ ਤੁਰ ਪਈ। ਜਾਂਦੀ ਨੂੰ ਚੰਮੇਲੀ ’ਰੋੜੀ ਨੇ ਅਵਾਜ਼ ਮਾਰਲੀ “ਚਰਨੋ ਕਿਵੇਂ ਐ ਤੇਰਾ ਸਹੁਰਾ। ਮੇਰਾ ਮਨ ਭਰ ਆਇਆ। ਰਤਨ, ਬਿਮਲਾ ਨਾਲ ਗਿਐ। ਪੈਸਿਆਂ ਦਾ ਇੰਤਜ਼ਾਮ ਕਰਨ। ਬਾਪੂ ਠੀਕ ਨੀਂ।

“ਦੇਖ ਲੈ ਚਰਨੋ ਵਕਤ-ਵਕਤ ਦੀਆਂ ਗੱਲਾਂ ਨੇ। ਤੈਨੂੰ ਪਤਾ ਕਿ ਨਾ ਸਾਡੇ ਅਰੋੜੇ ਰਫ਼ੂਜ਼ੀਆਂ ‘ਚੋਂ ਈ ਐ ਇਹ। ਵੰਡ ਵੇਲੇ ਮਾਰਧਾੜ ’ਚ ਬਹਾਵਲਪੁਰ ਤੋਂ ਉੱਜੜਕੇ ਇਧਰ ਆ ਕੇ ਵਸੇ ਤਾਂ ਕੀ ਆ ਕੇ ਡਿੱਗੇ ਸੀ। ਸਭ ਦਾ ਈ ਹਾਲ ਮਾੜਾ ਸੀ। ਇਹਦੇ ਘਰ ਵਾਲਾ ਮੁਨਸ਼ੀ ਆਪਣੇ ਪਿਓ ਨਾਲ ਪਿੰਡਾਂ ’ਚ ਸਬਜ਼ੀਆਂ ਵੇਚਦਾ ਹੁੰਦਾ, ਕਬਾੜ ਖਰੀਦਕੇ ਲਿਆਉਂਦਾ। ਰੋਟੀ ਜੋਗਰਾ ਮਸਾ ਗੁਜ਼ਾਰਾ ਸੀ। ਫੇਰ ਇਹ ਵਿਆਹ ਲਿਆਂਦੀ। ਸਹੁਰਾ ਮੁੱਕ ਗਿਆ। ਮੁਨਸ਼ੀ ਨੂੰ ਸ਼ਰਾਬ ਦੀ ਲੱਤ ਲੱਗ ਗਈ। ਜਿਹੜੇ ਦੋ ਛਿੱਲੜ ਕਮਾਉਂਦਾ ਜੂਏ ਸੱਟੇ ’ਚ ਗਾਲ ਦਿੰਦਾ। ਉਹੋ ਜਏ ਉਹਦੇ ਸਾਥੀ ਸਹੇਲੇ ਸੀ। ਆਥਣੇ ਇਹਨਾਂ ਦੇ ਘਰੇ ਰੋਜ਼ ਧੂਤਕੜਾ ਪੈਂਦਾ। ਇਹਦੇ ਘਰਵਾਲਾ ਇੱਕ ਵਾਰੀ ਰਾਤ ਨੂੰ ਨਸ਼ੇ ’ਚ ਬਹਿਕੇ, ਸਾਲੀਏ ਬਥੇਰੀਆਂ ਲੋਕਾਂ ਦੇ ਘਰਾਂ ’ਚੋਂ ਖਾਲੀ ਕੱਚ ਦੀਆਂ ਬੋਰੀਆਂ ਢੋਈਐਂ, ਹੁਣ ਜੇ ਭਰੀ ਲੈਣ ਜੋਗਰੇ ਹੋਏ ਆਂ ਤਾਂ ਤੂੰ ਵਾਧੂ ਮੱਚਦੀ ਰਹਿੰਨੀ ਐ। ਇਹਦੀ ਛਿੱਤਰ ਪਰੇਡ ਹੁੰਦੀ। ਢੀਠ ਬੋਲਣੋਂ ਫੇਰ ਨਾ ਹਟਦੀ। ਸਾਰਾ ਮੁਹੱਲਾ ਇਕੱਠਾ ਹੋ ਜਾਂਦਾ। ਬਿਗਾਨੇ ਬੰਦੇ ਜਦੋਂ ਰੋਜ਼ ਚੌਕੇ ’ਚ ਆ-ਆ ਬੈਠਣ, ਦੱਸ ਭੱਲ ਗੁਜਾਰਨਗੇ। ਮੁਨਸ਼ੀ ਆਵਦੀਆਂ ਬਹਿਬਤਾ ਤੇ ਨਸ਼ੇ ਦੇ ਰਾਹ ਪਿਆ ਤੁਰ ਗਿਆ। ਮਗਰੋਂ ਇਹਨੂੰ ਖੁੱਲ੍ਹੀ ਖੇਡ ਹੋਗੀ। ਮੁਨਸ਼ੀ ਦੇ ਮੁਸ਼ਟੰਡਿਆਂ ਦੀ ਠੋਹੀ ਸਗੋਂ ਹੋਰ ਪੱਕੀ ਹੋਗੀ। ਇਹਦੇ ਪੱਕੇ ਸਖੀ-ਸੁਹੇਲੇ ਬਣਗੇ। ਫੇਰ ਤਾਂ ਕਿਹੜਾ ਕੰਮ ਜਿਹੜਾ ਇਹਨੇ ਨਹੀਂ ਕੀਤਾ। ਜੀਹਦੀ ਲਹਿਗੀ ਲੋਈ ਓਹਦਾ ਕੀ ਕਰਲੂਗਾ ਕੋਈ। ਹੱਟੜੀ ’ਤੇ ਆਪ ਬੈਠਣ ਲੱਗਪੀ। ਹਰੇਕ ਮਾੜੇ ਕੰਮ ਦਾ ਅੱਡਾ ਇਹਦੀ ਹੱਟ ਸੀ। ਪੁਲਿਸ ਆਲਿਆਂ ਨੂੰ ਪਰਚਾਉਣ ਦੇ ਸਾਰੇ ਢੰਗ ਇਹਦੇ ਕੋਲ ਸੀ। ਸਭ ਬੁਰਕੀ ਦੇ ਭੁੱਖੇ ਨੇ। ਜੇ ਕੋਈ ਸਿਰੇ ਦਾ ਵਿਗੜਿਆ-ਤਿਗੜਿਆ ਗਲ ਪਿਆ ਨਾ ਉੱਠਦਾ, ਤਾਂ ਮੁਹੱਲੇ ’ਚੋਂ ਕੋਈ ਆਵਦੀ ਮੱਛੀ ਉਹਦੇ ਨਾਲ ਤੋਰ ਦਿੰਦੀ। ਇਹਦੀਆਂ ਵੈਲਣਾਂ ਹੱਟ ’ਤੇ ਆ ਕੇ ਬੈਠੀਆਂ ਹਿੱੜ-ਹਿੱੜ ਦੰਦ ਕੱਢੀ ਜਾਂਦੀਆਂ ਰਹਿੰਦੀਆਂ। ਲੋਕ ਆਵਦੀ ਇੱਜਤ ਦੇ ਮਾਰੇ ਚੁੱਪ ਰਹਿੰਦੇ। ਕੌਣ ਤੁਰੀ ਜਾਂਦੀ ਬਲਾਅ ਗਲ ਪਾਉਣੀ ਚਾਹੁੰਦੈ। ਆਹ ਮੁੰਡਾ ਵੀ ਇਹਦਾ ਜਮ੍ਹਾਂ ਮਾਂ ’ਤੇ ਗਿਐ। ਹੱਟ ’ਤੇ ਗਿਆਂ ਨੂੰ ਬੋਬਨ ਜਾਅ ਸਿੱਧੇ ਮੂੰਹ ਨੀਂ ਬੋਲਦਾ। ਇੱਕ ਦਿਨ ਛਿੰਦੂਕੇ ਮੁੰਡੇ ਨਾਲ ਖਹਿਬੜੀ ਜਾਵੇ, ਅਕੇ, ਮੈਨੂੰ ਓਮ ਪ੍ਰਕਾਸ਼ ਕਿਹਾ ਕਰੋ ਓਏ, ਓਮੀ, ਓਮੀ ਕਰਦੇ ਰਹਿੰਨੇ ਓਂ। ਮਖਿਆ ਲੈ ਵੇਖ ਲੈ ਗੁੱਬਣ-ਗਣੇਸ਼ ਕਰਦਾ ਕੀ ਐ। ਗੁਰਬੱਤ ਦੇ ਮਾਰਿਆਂ ਦੇ ਗਲ ਘੋਟ-ਘੋਟ ਉਹਨਾਂ ਦੀਆਂ ਟੂੰਮਾਂ

ਜਦ ਵੀ ਚੜ੍ਹ ਕੇ ਜੂਨ ਮਹੀਨਾ ਆਉਂਦਾ ਏ।
ਕਹਿਰ ਚੁਰਾਸੀ ਚੇਤ ਕੇ ਦਿਲ ਕੁਰਲਾਉਂਦਾ ਏ। -(ਅਗਲੇ ਸਫ਼ੇ ’ਤੇ)

ਛੱਲੇ ਐਂ 'ਕੱਠੇ ਕਰਲੇ, ਜਿਵੇਂ ਪਿੰਡ 'ਚੋਂ ਨੰਬਰਦਾਰ ਉਗਰਾਹੀ ਕਰਦ, ਫਸਲਾਂ ਦੇ ਮਾਲੀਏ ਦੀ। ਇਹਦੇ ਪਾਪਾਂ ਦੀ ਕਮਾਈ ਨੂੰ ਸਾਂਭਣ ਲਈ ਮੁੰਡਾ ਸ਼ੇਰ ਬਣਿਆ ਰਹਿੰਦੈ। ਨੂੰਹ ਦੀ ਜੇ ਪੁੱਛੋਂ ਸਭ ਤੋਂ 'ਗਾਹਾਂ ਲੰਘਗੀ। ਸਾਰੀਆਂ ਸਕੀਮਾਂ ਹੁਣ ਇਹੀ ਘੜ੍ਹਦੀ ਐ। ਬੋਲਦੀ ਵੇਖਣ ਆਲੀ ਹੁੰਦੀ ਐ, ਕਿਵੇਂ ਚਪਰ-ਚਪਰ ਬੋਲਦੀ ਐ। ਪੂਰੀ ਸ਼ਾਹੂਕਾਰਨੀ ਕਹਾਉਂਦੀ ਐ। ਕੋਈ ਚੂੰਕ ਨੀ ਕੱਢਦਾ। ਹਰੇਕ ਗਰਜਾ ਦਾ ਮਾਰਿਆ ਪਿਐ। ਤੂੰ ਆਪ ਨੂੰ ਈ ਵੇਖ ਲੈ, ਸਭ ਪਤਾ ਹੁੰਦੇ ਵੀ ਆਹ ਤੁਰੀ ਫਿਰਦੀ ਐਂ, ਬੋਲ ਨੀਂ ਸਕਦੀ।"

"ਨੀ ਤਾਈ ਕੀ ਬੋਲੀਏ, ਰੱਬ ਦੁਸ਼ਮਣ ਬਣਿਆ ਪਿਐ।" ਕਹਿ ਮੈਂ ਚੁੱਪ ਹੋ ਜਾਨੀਂ ਆਂ। ਪਰ ਚੰਮੇਲੀ ਦੀਆਂ ਗੱਲਾਂ ਨਾਲ ਅੰਦਰ ਗਿਲਾਨੀ ਹੋਰ ਭਰ ਜਾਂਦੀ ਐ। ਮਨ 'ਚ ਆਉਂਦੈ ਕੰਨਾਂ ਦੇ ਕਾਂਟੇ ਵੀ ਗਏ। ਬਾਪੂ ਵੀ ਤੁਰ ਗਿਆ ਦੁੱਖ ਭਰਦਾ। ਕਿੰਨੇ ਸਾਲ ਇਹਦੇ ਘਰ ਦਾ ਕੂੜਾ ਹੂੰਝਦੀ ਰਹੀ। ਵਿਆਜ ਵੀ ਪੂਰਾ ਨਾ ਹੁੰਦਾ। ਪੈਰਾਂ ਵਾਲੀਆਂ ਵੀ ਏਸੇ ਬਿਮਲਾ ਸੱਪਣੀ ਦੀ ਬਰਮੀ 'ਚ ਖੱਪਤ ਹੋਗੀਆਂ। ਸੂਰਜ ਚੜ੍ਹਦਾ ਛਿਪਦਾ ਰਿਹਾ, ਹੱਥ ਪੱਲੇ ਕੁਝ ਨੀ ਪਿਆ। ਬਾਪੂ ਆਲਾ ਖੋਖਾ ਵੀ ਹੱਥੋਂ ਜਾਂਦਾ ਰਿਹਾ। ਘਰੇ ਤਾਂ ਜ਼ਹਿਰ ਖਾਣ ਨੂੰ ਪੈਸਾ 'ਨੀਂ ਸੀ। ਚਮੜਾ, ਸੁਨਹਿਰੀ ਤਿੱਲ੍ਹਾ ਤੇ ਰੋਜ਼ ਦਾ ਹੋਰ ਸਮਾਨ ਦੁਕਾਨ 'ਤੇ ਕਿਥੋਂ ਆਉਂਦਾ। ਦੂਜਾ ਹੁਣ ਜਿਆਦਾ ਕੰਮ ਮਸ਼ੀਨੀ ਹੋ ਗਿਆ। ਹੱਥਾਂ ਦੀ ਕਢਾਈ ਆਲੀ ਜੁੱਤੀ 'ਤੇ ਟੈਮ ਲੱਗਦੈ, ਮਜ਼ਦੂਰੀ ਵੱਧ ਲੱਗਦੀ ਐ। ਲੋਕ ਵੀ ਮਸ਼ੀਨੀ ਕਢਾਈ ਆਲੀਆਂ ਖਰੀਦਕੇ ਖੁਸ਼ ਨੇ। ਤੁਰੰਤ ਲੈ ਕੇ ਤੁਰਦੇ ਬਣਦੇ ਐ। ਸਾਈ 'ਤੇ ਤਾਂ ਹੁਣ ਕੋਈ ਟਾਵਾਂ-ਟਾਵਾਂ ਭਾਵੇਂ ਬਣਵਾਏ। ਇਹ ਕਿੱਤਾ ਵੀ ਪੈਸੇ ਆਲੇ ਦੀ ਖੇਡ ਬਣ ਗਿਆ। ਖੋਖੇ ਵਾਲੀ ਥਾਂ ਵੀ ਰੇਲਵੇ ਦੀ ਐ, ਉਹਨਾਂ ਨੂੰ ਮਹੀਨੇ ਦੇ ਅੱਡ ਦੇਣੇ ਪੈਂਦੇ। ਮਹੀਨਾ ਆਇਆ ਈ ਰਹਿੰਦਾ। ਕਮਾਈ ਹੈਨੀ ਸੀ। ਜੇ ਨਾ ਮਿਲਦੇ ਉਹ ਖੋਖਾ ਮੂਧਾ ਮਾਰਨ ਨੂੰ ਤਿਆਰ ਹੋ ਜਾਂਦੇ। ਰਤਨਾ ਵੀ ਹਾਰਕੇ ਨਾਲ ਦੀ ਦੁਕਾਨ 'ਤੇ ਲੱਗ ਗਿਐ। ਕਢਾਈ ਦਾ ਕੰਮ ਕਰਦੈ। ਮਸਾਂ ਦੋ-ਢਾਈ ਸੌ ਦਿਹਾੜੀ ਦਾ ਬਣਦੈ। ਨਾ ਭੁੱਖਿਆਂ 'ਚ ਨਾ ਰੱਜਿਆਂ 'ਚ। ਬੱਸ ਲਟੋਪੀਂਘ ਹੋਏ ਤੁਰੇ ਫਿਰਦੇ ਆਂ ਦੋਵੇਂ ਜੀਅ। ਮੈਂ ਵੀ ਬਾਪੂ ਵੇਲੇ ਭੱਜੀ ਫਿਰਦੀ, ਬਥੇਰੇ ਜਾਲ ਵਾਲੀਆਂ ਜੁੱਤੀਆਂ ਦੇ ਪੰਜਿਆਂ 'ਤੇ ਅੱਡੀਆਂ ਦੀ ਕਢਾਈ ਕਰਦੀ। ਮਲੋਟ ਆਲੀ ਜੁੱਤੀ ਦੀ ਜੰਜੀਰੀ ਕੱਢਕੇ ਲਸਰਾਂ ਤੇ ਤਾਰੇ ਕੱਢਣਾ ਤਾਂ ਮੇਰਾ ਸ਼ੌਕ ਸੀ। ਬਿਮਾਰੀ ਤੇ ਵਿਆਜ ਨੇ ਸਾਰੇ ਹੁਨਰ ਨੂੰ ਖਾ ਲਿਆ। ਆਹ ਤੀਮੀਆਂ ਦੀਆਂ ਗੱਲਾਂ ਤੇ ਟਿਚਕਾਰੀਆਂ ਸਾਰੀ ਉਮਰ ਦੀ ਸੁਣੀਂ ਜਾਨੀਂ ਆਂ। ਰਾਤ ਆਲੇ ਸੁਨੇਹੇ ਨੇ ਫੇਰ ਕੰਮ ਲਾਤੀ। ਮਨ 'ਚ ਆਉਂਦੈ ਪੀੜ੍ਹੀ ਬਦਲਗੀ, ਇਹ ਸੁਨੇਹੇ ਜੇ ਭੇਜਦੇ ਐ, ਕੀ ਐ ਕੁਛ ਰਾਸ ਆਜੇ।

ਪਿਛਲੇ ਸਾਲ ਜਦੋਂ ਬਿਮਲਾ ਨੂੰ ਅਧਰੰਗ ਹੋ ਗਿਆ। ਮੈਂ ਪਤਾ ਲੈਣ ਗਈ ਹਸਪਤਾਲ 'ਚ। ਨੂੰਹ ਨੇ ਦੱਸਿਆ ਹੇਠਲਾ ਪਾਸਾ ਮਾਰਿਆ ਗਿਐ। ਲੱਤਾਂ ਕੰਮ ਕਰਨੋਂ ਹਟਗੀਆਂ। ਜ਼ੁਬਾਨ ਵੀ ਥਥਲਾਈਂ ਜਾਵੇ। ਬੈੱਡ 'ਤੇ ਪਈ ਸਰਾਲ ਵਾਂਗੂੰ। ਬਹੂ ਪਰ੍ਹੇ ਹੋਈ ਤਾਂ ਗੱਲਾਂ ਕਰਦੀ ਮੈਨੂੰ ਕਹਿਣ ਲੱਗੀ, ਚਰਨੋ ਤੂੰ ਮੇਰੇ ਦੁੱਖ-ਸੁੱਖ ਦੀ ਸਾਥਣ ਐਂ। ਤੈਨੂੰ ਇੱਕ ਗੱਲ ਕਹਿੰਨੀ ਆਂ। ਮੇਰੀ ਹਾਲਤ ਤਾਂ ਤੈਨੂੰ ਦੀਂਹਦੀ ਐ। ਜਿੰਨਾਂ ਚਿਰ ਸਾਹ ਨੇ ਜਿਊਣਾ ਤਾਂ ਪਊ। ਅੱਜ ਹਸਪਤਾਲੋਂ ਛੁੱਟੀ ਹੋਜੂ। ਨੂੰਹ ਦਾ ਤੈਨੂੰ ਪਹਿਲਾਂ ਈ ਦੀਂਹਦੈ। ਰੋਜ਼ ਘਰੇ ਆਉਨੀਂ ਐਂ। ਇਹਨੂੰ ਤਾਂ ਆਵਦੇ ਤੋਂ ਬਿਨ੍ਹਾਂ ਦੂਜਾ ਦੀਂਹਦਾ ਈ ਨੀਂ। ਤੜਕੇ ਤੋਂ ਲੈ ਕੇ ਆਥਣ ਤੱਕ ਇਹਦੇ ਆਵਦੇ ਟਸ਼ਨੇ-ਪਛਨੇ ਨੀ ਸੂਤ ਆਉਂਦੇ। ਬਾਕੀ ਤਿੰਨ ਜਵਾਕ ਨੇ। ਉੱਠਣਸਾਰ ਭੁਚਾਲ ਪੈ ਜਾਂਦੈ। ਓਮੀ ਕੱਲ੍ਹੈ, ਦੁਕਾਨ 'ਤੇ ਤੜਕੇ ਦਾ ਗਿਆ ਅੱਧੀ ਰਾਤ ਘਰੇ ਵੜ੍ਹਦੈ। ਮੈਨੂੰ ਸਾਂਭਣ ਦੀ ਜੁੰਮੇਵਾਰੀ ਤੂੰ ਲੈਲਾ। ਭਗਵਾਨ ਨੇ ਕਸ਼ਟ ਦੇਤਾ। ਤੇਰਾ ਹੱਕ ਨੀਂ ਰੱਖਦੀ। ਤੇਰਾ ਅਗਲਾ-ਪਿਛਲਾ ਸਭ ਮੇਰੇ ਧਿਆਨ 'ਚ ਐ। ਫ਼ਿਕਰ ਨਾ ਕਰ।

ਅੰਦਰੇ-ਅੰਦਰ ਝੁਰਦੀ ਖੁਰਦੀ ਨੇ ਸੋਚਿਆ ਮਨਾਂ ਜਿਥੇ ਸੱਤਿਆਨਾਸ ਉਥੇ ਸਵਾ ਸੱਤਿਆਨਾਸ। ਕੀ ਪਤੈ ਗੱਲ ਸੂਤ ਹੋ ਜੇ।

"ਮਾਸੀ ਤੂੰ ਸਾਡੀ ਸ਼ਾਹੂਕਾਰਨੀ ਐ, ਤੈਨੂੰ ਜਵਾਬ ਥੋੜ੍ਹੋ ਐ। ਮੈਂ ਰਹੂੰ ਤੇਰੇ ਕੋਲੇ। ਫ਼ਿਕਰ ਨਾ ਕਰੀਂ। ਦਿਨ ਚੜ੍ਹਦੇ ਨਾਲ ਬਿਮਲਾ ਦੇ ਘਰੇ ਆ ਜਾਂਦੀ। ਆਉਣਸਾਰ ਉਸਨੂੰ ਸਹਾਰਾ ਦੇ ਕੇ ਉਠਾਉਂਦੀ। ਗੁਸਲਖਾਨੇ ਕਰਦੀ। ਨਵਾਉਂਦੀ, ਵਾਲਾਂ 'ਚ ਤੇਲ ਝੱਸਦੀ, ਕੰਘੀ ਕਰਦੀ। ਬਿਨ੍ਹਾਂ ਨਾਗਾ ਉਸਦੀ ਮਾਲਿਸ਼ ਕਰਦੀ। ਹਾਲੇ ਵੀ ਸਰੀਰ ਉਹਦਾ ਮੱਛ ਵਰਗਾ ਪਿਆ ਸੀ। ਖ਼ੁਰਾਕ ਪੂਰੀ ਖਾਂਦੀ। ਦੁੱਧ ਪੀਂਦੀ ਨੂੰ ਵੇਖਕੇ ਕਈ ਵਾਰੀ ਮੇਰੀ ਹਾਸੀ ਨਿੱਕਲ ਜਾਂਦੀ। ਇੱਕ ਵਾਰੀ ਗਿਲਾਸ ਮੂੰਹ ਨੂੰ ਲਾਕੇ ਖਾਲੀ ਹੋਏ ਤੋਂ ਪਰ੍ਹੇ ਕਰਦੀ। ਮੋਟੇ-ਮੋਟੇ ਕਾਲੇ ਬੁੱਲਾਂ 'ਤੇ ਪੁੱਠਾ ਕਰਕੇ ਹੱਥ ਫੇਰਦੀ, ਪਸਰੀ ਬੈਠੀ ਮੈਂਸ ਵਾਂਗੂੰ ਲਗਦੀ। ਮਾਲਿਸ਼ ਕਰਦੀ ਨੂੰ ਇੱਕ ਦਿਨ ਮੇਰਾ ਹੱਥ ਫੜ੍ਹਕੇ ਕਹਿਣ ਲੱਗੀ "ਦੇਖ ਲੈ ਚਰਨੋ, ਇਹ ਦੇਹ ਦਾ ਕੀ ਦਾ ਕੀ ਬਣ ਗਿਆ। ਤੇਰੇ ਕੋਲ ਕੀ ਲੁੱਕ ਐ ਇਸੇ ਸਰੀਰ ਦੀ ਸੁਗੰਧੀ ਨਾਲ ਕਈ ਕਹਿੰਦੇ ਕਹਾਉਂਦੇ ਟੇਢੇ ਕੀਤੇ ਐ। ਪਿੰਡੇ 'ਤੇ ਹੱਥ ਫੇਰਦੀ ਨੂੰ ਉਹਦੇ ਸਰੀਰ 'ਚੋਂ ਮੇਰੇ ਨੱਕ ਨੂੰ ਕੋਈ ਭੈੜੀ ਗੰਧ ਜਿਹੀ ਚੜ੍ਹਨ ਲੱਗਪੀ। ਮੈਂ ਸੁਣਕੇ ਚੁੱਪ ਹੋਗੀ। ਉਹ ਆਵਦੀ ਰਾਗਣੀ ਫੇਰ ਵੀ ਗਾਈਂ ਗਈ। ਮਨ 'ਚ ਆਵੇ ਬੜੀ ਭੱਦਰਕਾਰੀ ਕੀਤੀ ਐ। ਜਿਹੜੀ ਦੀ ਕਥਾ ਸੁਣਾਉਂਦੀ ਐ। ਆਪਣੇ ਝੇੜੇ ਤੇ ਉਹਦੀਆਂ ਕਥਾਵਾਂ ਵਿਚਾਲੇ ਉਲਝੀ ਤੁਰੀ ਜਾਨੀਂ ਆਂ। ਕੀ ਐ ਕੋਈ ਲੜ-ਸਿਰਾ ਮਿਲਜੇ। ਇਹਦੀਆਂ ਕਥਾਵਾਂ ਤਾਂ ਇਹਦੇ ਮੂੰਹੋਂ ਤੇ ਲੋਕਾਂ ਤੋਂ ਸੁਣੀ ਜਾਨੀਂ ਆਂ। ਮੇਰੀ ਕਥਾ ਕਿਸੇ ਨੇ ਨੀਂ ਸੁਣੀ। ਸਭ ਨੇ ਆਵਦਾ-ਆਵਦਾ ਮਤਲਬ ਸਿੱਧ ਕੀਤੈ।

ਮੇਰਾ ਸੁਭਾਅ ਐ ਛੇਤੀ ਭਰੋਸਾ ਕਰ ਲੈਨੀਂ ਆਂ। ਜਿੱਦੇਂ ਬਿਮਲਾ ਪੂਰੀ ਹੋਈ ਨੂੰ ਲੁਧਿਆਣੇ ਤੋਂ ਲਿਆਏ, ਇਹਦੀ ਨੂੰਹ ਤੇ ਮੁੰਡਾ ਸੱਥਰ 'ਤੇ ਬੈਠੇ ਸਭ ਨੂੰ ਦੱਸਣ, ਆਖਰੀ ਵੇਲੇ ਚਰਨੋ ਨੂੰ ਬੋਲ ਮਾਰੀ ਜਾਵੇ। ਅਸੀਂ ਆਖਿਆ ਹੁਣੇ ਬੁਲਾਉਂਨੇ ਆਂ ਬੀਬੀ। ਗੱਲ ਸੁਣਕੇ ਮੇਰਾ ਵੀ ਮਨ ਬੇਕਾਬੂ ਹੋ ਗਿਆ। ਭੋਗ ਵੇਲੇ ਤੱਕ ਸਾਰਾ ਧੰਦਾਲ ਮੈਂ ਸਾਂਭਿਆ। ਬੱਸ ਇਸੇ ਗੱਲ ਨੇ ਕਿ ਤੈਨੂੰ ਧੀਆਂ ਵਾਂਗੂੰ ਯਾਦ ਕਰਦੀ ਸੀ।

ਹੁਣ ਵੀ ਇਹ ਮਨ 'ਚ ਆਉਂਦੈ ਕਿ ਕੀ ਐ ਨੂੰਹ-ਪੁੱਤ ਦੇ ਮਨ 'ਚ ਕੋਈ ਗੱਲ ਆਗੀ ਹੋਊ। ਜਿਹੜਾ ਆਖੀਂ ਜਾਂਦੇ ਐ ਸੰਦੇਹਾਂ ਆਜੀਂ।

*****

"ਆਗੀ ਚਰਨੋ।" ਅੰਦਰ ਵੜਦੀ ਨੂੰ ਰੇਖਾ ਬੋਲਦੀ ਐ।

"ਹਾਂ ਦੀਦੀ।"

"ਚਰਨੋ ਸਵਾ ਮਹੀਨਾ ਹੋ ਗਿਆ, ਬੀਬੀ ਗਈ ਨੂੰ। ਅੱਜ ਬੀਬੀ ਨੂੰ ਵਿਦਾਅ ਕਰਨੈ। ਪੰਡਤ ਆਊ ਹਵਨ ਹੋਊ। ਰਿਸ਼ਤੇਦਾਰ ਤੇ ਗਲੀ ਮੁਹੱਲੇ ਵਾਲੇ ਵੀ ਆਉਣਗੇ।

ਚਾਰ ਦਿਸ਼ਾਵੀਂ ਫੈਲ ਗਈ ਹੈ ਸੋਨ ਗੜ੍ਹੀ,
'ਬਿੰਦੂ' ਸੱਚ ਨਾ ਝੁਕਦਾ, ਤੱਖਤ ਹਿਲਾਉਂਦਾ ਹੈ। -ਬਿੰਦੂ ਮਠਾੜੂ

ਰੋਟੀ ਨਾਲ ਵਾਲੇ ਪਲਾਟ 'ਚ ਹਲਵਾਈ ਤਿਆਰ ਕਰ ਰਿਹੈ। ਤੂੰ ਇਧਰਲਾ ਵਿਹੜਾ ਸਾਫ ਕਰਲੈ।'' ਰੇਖਾ ਫੁਰਤੀ ਨਾਲ ਮੈਨੂੰ ਕਹਿ ਅੰਦਰ ਨੂੰ ਤੁਰ ਜਾਂਦੀ ਐ।

ਮੈਂ ਦੁਬਿਧਾ ਤੇ ਆਸਾਂ ਦੇ ਭੰਵਰ 'ਚ ਘੁੰਮਦੀ, ਫਰਸ਼ 'ਤੇ ਸਟੈਂਡ ਪੋਚਾ ਘੁੰਮਾਅ ਰਹੀ ਹਾਂ।

''ਪਹੁੰਚਗੀ ਚਰਨੋ।'' ਅੰਦਰੋਂ ਦੁੱਧ ਚਿੱਟੇ ਕੁੜਤੇ-ਪਜਾਮੇ 'ਚ ਓਮੀ ਪੂਰੀ ਸੇਠਾਂ ਵਾਲੀ ਠੁੱਕ ਬਣਾਈ ਕੋਲੋਂ ਲੰਘਦਾ ਪੁੱਛਦਾ ਗੇਟ ਵੱਲ ਚਲਾ ਗਿਐ।

''ਹਾਂ ਜੀ।'' ਦੇ ਕਹੇ ਮੇਰੇ ਬੋਲ ਉਸਦੇ ਪਿੱਛੇ ਹੀ ਰਹਿ ਗਏ ਜਾਂ ਉਸਨੇ ਸੁਣਕੇ ਅਣਸੁਣੇ ਕਰਤੇ। ਉਹ ਮਹਾਜਨੀ ਬੁੱਧੀ ਵਰਤ, ਆਪਣੇ ਕੰਮ 'ਚ ਰੁੱਝ ਗਿਐ।

ਮੈਂ ਰਾਤ ਵਾਲੇ ਸੁਨੇਹੇ ਨੂੰ ਕਿਸੇ 'ਨਾਮਦਾਨ' ਵਾਂਗ ਅੰਦਰੇ-ਅੰਦਰ ਯਾਦ ਕਰਦੀ ਮਾਰਬਲ 'ਤੇ ਪਏ ਧੱਬਿਆਂ ਨੂੰ ਹਟਾਕੇ, ਚਿੱਟਾ ਦੁੱਧ ਬਣਾਉਣ ਦੀ ਕੋਸ਼ਿਸ਼ ਕਰ ਰਹੀ ਆਂ। ਮਨ 'ਚ ਆਉਂਦੈ ਆਹ ਪੱਥਰ ਈ ਚੰਗੈ ਜਿਹਨੂੰ ਚਮਕਾਉਣ ਦਾ ਫ਼ਿਕਰ ਐ ਇਹਨਾਂ ਸਭਨੂੰ। ਬੰਦੇ ਦਾ ਚੰਮ ਲਾਹਕੇ ਪੁੱਛਿਆ ਤੱਕ ਨੀਂ ਕਦੇ ਇਸ ਟੱਬਰ ਨੇ।

ਟੈਂਟ ਵਾਲੇ ਭਾਈ ਨੇ ਮੈਟ ਵਿਛਾਕੇ, ਚਿੱਟੀਆਂ ਚਾਦਰਾਂ ਦੀਆਂ ਤੈਹਾਂ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ ਨੇ।

ਰੇਖਾ ਵੀ ਕੱਪੜੇ ਬਦਲ ਸਜ-ਧਜਕੇ ਪੰਡਤ ਕੋਲ ਝੁਕਕੇ ਹਵਨ ਵਾਸਤੇ ਰਹਿੰਦੀ ਕੋਈ ਚੀਜ਼ ਵਸਤ ਪੁੱਛਦੀ ਅੰਦਰ ਚਲੀ ਗਈ ਐ। ਮੇਰੇ ਨਾਲ ਓਮੀ ਤੇ ਰੇਖਾ ਨੇ ਕੋਈ ਗੱਲ ਨਹੀਂ ਕੀਤੀ। ਮਨ 'ਚ ਆਉਂਦੈ ਜਾ ਕੇ ਪੁੱਛਾਂ ਸੰਦੇਹਾਂ-ਸੰਦੇਹਾਂ ਆਉਣ ਦਾ ਸੁਨੇਹਾ ਕਿਸ ਲਈ ਦਿੱਤਾ ਸੀ। ਫੇਰ ਦੂਜੇ ਪਾਸੇ ਤੁਰ ਜਾਨੀਂ ਆਂ, ਘਰੇ ਇੰਨਾਂ 'ਕੱਠ ਹੋਣੈ। ਦੋਵਾਂ ਦੇ ਧਿਆਨ 'ਚ ਈ ਹੋਊ। ਆਪੇ ਗੱਲ ਕਰਨਗੇ। ਮੇਰੀ ਉਧੇੜ ਬੁਣ 'ਚ ਵਿਹੜਾ ਬੰਦੇ ਤੀਵੀਆਂ ਨਾਲ ਭਰ ਗਿਐ।

ਪੰਡਤ ਹਵਨ ਦੇ ਮੰਤਰ ਉੱਚੀ-ਉੱਚੀ ਬੋਲ ਰਿਹੈ। ਬੱਠਲ ਵਿਚਲੀ ਅੱਗ ਲੱਟ-ਲੱਟ ਮੱਚ ਰਹੀ ਐ। ਮੇਰੀ ਅੰਦਰਲੀ ਚਿਣਗ ਵੀ ਅੰਦਰੇ-ਅੰਦਰ ਧੁੱਖ ਰਹੀ ਐ। ਜੇ ਇਹਨਾਂ ਨੇ ਕੋਈ ਗੱਲ ਨਾ ਕੀਤੀ, ਤਾਂ ਮੈਂ ਚੁੱਪ ਕਰਕੇ ਨੀਂ ਜਾਂਦੀ। ਕੱਢੂੰ ਆਪਣਾ ਗੁਭ-ਗੁਭਾਟ, ਮਨ ਡੋਲੇ ਵੀ ਖਾਂਦੈ। ਗੁੱਸਾ ਵੀ ਆਉਂਦੈ।

ਪਾਸ਼ੋ ਸੁਨਿਆਰੀ ਦੇ ਬੋਲ ਮੇਰੇ ਕੰਨਾਂ 'ਚ ਗੂੰਜਣ ਲੱਗਦੇ ਐ, ''ਨੀ ਸਿੱਧਰੀਏ ਲਿਖਿਆ-ਲਿਖਿਆ ਕਰੀਂ ਜਾਨੀਂ ਐਂ, ਜੇ ਮੂੰਹੋਂ ਫੁੱਟੇਂਗੀ ਫੇਰ ਈ ਅਗਲੇ 'ਤੇ ਕੋਈ ਅਸਰ ਹੋਊ। ਨਹੀਂ ਫੇਰ ਤੁਰੀ ਫਿਰੀਂ ਹੱਡ ਰਗੜਾਉਂਦੀ, ਅਗਲਾ ਕਿਉਂ ਪ੍ਰਵਾਹ ਕਰਦੈ। ਇਹਨਾਂ ਲੋਕਾਂ ਨੂੰ ਆਵਦੇ ਮਤਲਬ ਨਾਲ ਮਤਲਬ ਹੁੰਦੈ। ਅੱਜ ਆਵਦੀ ਗੱਲ ਸਾਰਿਆਂ ਦੇ ਸਾਹਮਣੇ ਈ ਸੁਣਾਕੇ ਜਾਊਂ। ਪੰਡਤ ਨੇ ਅਹੂਤੀ ਪਾਉਣੀ ਸ਼ੁਰੂ ਕਰਤੀ। ਸੁਆਹੈ-ਸੁਆਹੈ ਦੇ ਬੋਲ ਮੇਰੇ ਕੰਨਾਂ 'ਚ ਖੌਰੂ ਪਾਈਂ ਜਾਂਦੇ ਐ। ਲੱਗਦੈ ਸਾਰੇ ਸੁਆਹ ਹੈ, ਸੁਆਹ ਹੈ ਬੋਲੀਂ ਜਾਂਦੇ ਹੋਣ। ਇਸ ਸੁਆਹ 'ਚ ਅੱਗ ਬਾਲਕੇ ਜ਼ਰੂਰ ਜਾਊਂ। ਇਹਨਾਂ ਦੇ ਤਾਂ ਕੰਨ 'ਤੇ ਜੂੰ ਨੀਂ ਸਰਕੀ ਲੱਗਦੀ। ਮੈਂ ਸਾਰੀ ਰਾਤ ਦੀ ਸੁੱਤੀ ਨੀਂ। ਕੋਈ ਗੱਲ ਮੂੰਹੋਂ ਤਾਂ ਫੁੱਟਣ। ਪਤਾ ਲੱਗੇ। ਮਨ ਅੰਦਰੋਂ ਬਹੁਤ ਖਿਝ ਰਿਹੈ। ਫੇਰ ਮਨ 'ਚ ਆਉਂਦੈ ਸ਼ਾਇਦ ਪੰਡਤ ਦੇ ਤੁਰੇ ਤੋਂ ਗੱਲ ਕਰਨ।

ਦੋਵੇਂ ਆਪ ਤੇ ਜਵਾਕ ਪੰਡਤ ਦੇ ਪੈਰੀਂ ਹੱਥ ਲਾਉਂਦੇ ਨੇ। ਐਨੇ 'ਚ ਈ ਰੇਖਾ ਮੈਨੂੰ ਅਵਾਜ਼ ਮਾਰਦੀ ਐ, ਮੈਂ ਭੱਜਕੇ ਉਹਦੇ ਵੱਲ ਅਹੁਲਦੀਆਂ। ਲੱਗਦੈ ਰੱਬ ਨੇ ਸੁਣਲੀ।

''ਹਾਂ ਦੀਦੀ।''

''ਐ ਕਰ ਚਰਨੋ, ਪੰਡਤ ਜੀ ਦਾ ਬਿਸਤਰਾ ਬਸਤਰ ਤੇ ਜੁੱਤਿਆਂ ਵਾਲਾ ਥੈਲਾ ਸਕੂਟਰ ਤੱਕ ਛੁਡਵਾਕੇ ਵਾਪਸ ਅੰਦਰ ਆਜਾ, ਫੇਰ ਕਰਦੇ ਆਂ ਗੱਲ।''

ਸਮਾਨ ਛੱਡਵਾਅ, ਮੈਂ ਫੁਰਤੀ ਨਾਲ ਰੇਖਾ ਦੇ ਮਗਰੇ ਕਮਰੇ 'ਚ ਚਲੀ ਜਾਨੀਂ ਆਂ।

''ਲੈ ਚਰਨੋ ਨੂੰ ਵੀ ਦੱਸ ਦਿਓ।'' ਗੋਦਰੇਜ਼ ਅਲਮਾਰੀ ਦੀ ਚਾਬੀ ਓਮੀਂ ਬੰਨੀ ਕਰਦੀ ਰੇਖਾ ਬੋਲਦੀ ਐ।

ਅਲਮਾਰੀ ਦੇ ਲਾਕਰ 'ਚੋਂ ਕਾਪੀ ਕੱਢਣ ਲੱਗਿਆਂ ਛੋਟੀ ਜਿਹੀ ਡੱਬੀ ਵੀ ਓਮੀਂ ਦੇ ਹੱਥ ਨਾਲ ਬਾਹਰ ਆ ਜਾਂਦੀ ਐ।

''ਲੈ ਆਹ ਤਾਂ ਬੀਬੀ ਦੇ ਕਾਂਟੇ ਵੀ ਇੱਥੇ ਈ ਪਏ ਨੇ।''

''ਲਿਆਓ ਦਿਖਾਓ, ਇਹਤਾਂ ਮੈਂ ਪਾਇਆ ਕਰੂੰ,'' ਕੰਨਾਂ ਨਾਲ ਛੁਹਾਉਂਦੀ ਰੇਖਾ ਬੋਲਦੀ ਐ। ''ਬੀਬੀ ਦਾ ਸਾਰਾ ਹਿਸਾਬ-ਕਿਤਾਬ ਅਸੀਂ ਵੇਖਿਆ ਸੀ। ਤੇਰੇ ਬੰਨੀ ਬਾਰ੍ਹਾਂ ਹਜ਼ਾਰ ਸੱਤ ਸੌ ਲਿਖਿਆ ਪਿਐ। ਇਹ ਤੈਨੂੰ ਪਤਾ ਹੋਊ ਕਾਹਦੇ ਨੇ? ਪਰ ਅਸੀਂ ਤਾਂ ਵਰਕਾ ਈ ਪਾੜਤਾ। ਤੂੰ ਕੰਮ 'ਤੇ ਆਉਂਦੀ ਰਹੀਂ। ਓਮੀਂ ਕਾਪੀ ਬੰਦ ਕਰਦਾ ਬੋਲਦੈ।

ਉਸਦੇ ਬੋਲ ਸੁਣਕੇ ਦਿਮਾਗ ਸੁੰਨ ਹੋ ਗਿਐ।

''ਐਂ ਤੂੰ ਚੁੱਪਜੇ ਕਿਉਂ ਖੜ੍ਹਗੀ। ਜਾਣ ਲੱਗੀ ਬਾਹਰੋਂ ਰੋਟੀ ਤੇ ਦਾਲ-ਸ਼ਬਜੀ ਵੀ ਲੈਜੀ ਪੁਆਕੇ ਘਰਨੂੰ। ਲੰਗਰ ਦਾ ਅੰਨ-ਪਾਣੀ ਅੰਮ੍ਰਿਤ ਹੁੰਦੈ।'' ਰੇਖਾ ਕਹਿੰਦੀ ਐ।

ਮੈਂ ਬਾਹਰ ਆ ਕੇ ਆਪਣਾ ਕਿੱਲੀ 'ਤੇ ਟੰਗਿਆ ਡੋਲੂ ਲਾਹ ਤੁਰ ਪਈ ਆਂ। ਉਹ ਹਾਲੇ ਵੀ ਮਗਰੋਂ ਬੋਲ ਮਾਰੀ ਜਾਂਦੀ ਐ।

ਕਹਾਣੀ

# ਸੰਜੀਵਨੀ ਬੂਟੀ

## ਨਿਰੰਜਣ ਬੋਹਾ



ਨਿਰੰਜਣ ਬੋਹਾ

ਪੂਰੇ ਦੋ ਦਿਨ ਦਿਨ ਬਾਅਦ ਨਿਲੇਸ਼ ਨੇ ਥੋੜ੍ਹੀ ਜਿਹੀ ਅੱਖ ਪੁੱਟੀ ਹੈ ਤਾਂ ਮੇਰੇ ਪਰਿਵਾਰ ਦੇ ਸਾਹ ਵਿਚ ਸਾਹ ਆਇਆ ਹੈ।

ਜੇ ਨਿਲੇਸ਼ ਦੋ ਦਿਨ ਤੋਂ ਹਸਪਤਾਲ ਦੇ ਬੈੱਡ 'ਤੇ ਹੈ ਤਾਂ ਅਸੀਂ ਸਾਰਾ ਪਰਿਵਾਰ ਵੀ ਇਸ ਸਮੇਂ ਦੌਰਾਨ ਕੰਡਿਆਂ ਦੀ ਸੇਜ 'ਤੇ ਹੀ ਲੇਟਦੇ ਰਹੇ ਹਾਂ। ਉਹ ਦੋ ਦਿਨ ਬੇ-ਹੋਸ਼ੀ ਵਿਚ ਘੂਕ ਸੁੱਤਾ ਰਿਹਾ ਹੈ ਤੇ ਅਸੀਂ ਉਸਦੀ ਹਾਲਤ ਵੇਖ ਕੇ ਨਿਰੰਤਰ ਜਾਗਦੇ ਰਹੇ ਹਾਂ। ਜੇ ਘੜੀ ਦੋ ਘੜੀ ਅੱਖ ਲੱਗਦੀ ਵੀ ਹੈ ਤਾਂ ਭੈੜੇ ਭੈੜੇ ਸੁਪਨੇ ਆਉਣ 'ਤੇ ਕੁਝ ਹੀ ਮਿੰਟਾਂ ਬਾਅਦ ਆਪਣੇ ਆਪ ਜਾਗ ਆ ਜਾਂਦੀ ਹੈ।

ਅਜੋਕੇ ਹਾਦਸੇ ਐਸੇ ਨੇ, ਹਰ ਇਕ ਹਾਦਸੇ ਮਗਰੋਂ,
ਕਈ ਦਿਨ ਡਰ ਜਿਹਾ ਛਾਇਆ ਰਹੇ ਆਲੇ ਦੁਆਲੇ ਤਕ। -(ਅਗਲੇ ਸਫ਼ੇ 'ਤੇ)

ਬਥੇਰਾ ਸਮਝਾਇਆ ਸੀ ਸਾਰੇ ਪਰਿਵਾਰ ਨੇ ਉਸਨੂੰ ਕਿ ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਹ। ਤੈਂ ਕੀ ਲੈਣਾ ਐਂ ਕਾਲਜ ਦੀਆਂ ਸੜੀਆਂ ਚੋਣਾਂ ਤੋਂ... ਪਰ ਉਸ ਤਾਂ ਜਿਵੇਂ ਜ਼ਿੱਦ ਹੀ ਫੜ੍ਹ ਲਈ ਸੀ, ਅਖੇ ਮੇਰੀ ਇੱਜ਼ਤ ਦਾ ਸਵਾਲ ਐ। ਉਸ ਵੇਲੇ ਸਾਰੇ ਪਰਿਵਾਰ ਦਾ ਸਾਹ ਹੀ ਸੂਤਿਆ ਗਿਆ ਸੀ ਜਦੋਂ ਉਸਦੇ ਨਾਲ ਪੜ੍ਹਦੇ ਸਾਡੇ ਗੁਆਂਢੀਆਂ ਦੇ ਮੁੰਡੇ ਦੀ ਮਾਂ ਨੇ ਆਪਣੇ ਘਰੋਂ ਸੁਣੀ ਵਲੇਲ ਮੇਰੇ ਕੰਨਾਂ ਵਿਚ ਪਾਈ ਸੀ, "ਕਾਲਜ ਹੋਸਟਲ ਵਿਚ ਬਹੁਤ ਸਾਰੇ ਦੂਸਰੇ ਕਾਲਜਾਂ ਦੇ ਮੁੰਡੇ ਵੀ ਆਏ ਹੋਏ ਨੇ।" ਉਸ ਆਪਣੇ ਪੁੱਤਰ ਦੇ ਮੂੰਹੋਂ ਸੁਣੀ ਇਹ ਗੱਲ ਦੱਸ ਕੇ ਸਾਡੀ ਚਿੰਤਾ ਹੋਰ ਵਧਾ ਦਿੱਤੀ ਸੀ ਕਿ ਕਿਸੇ ਸਮੇਂ ਵੀ ਚੋਣਾਂ ਵਿਚ ਉੱਤਰੇ ਦੋਵਾਂ ਗੁੱਟਾਂ ਵਿੱਚ ਲੜਾਈ ਹੋ ਸਕਦੀ ਹੈ। ਨਿਲੇਸ਼ ਮੇਰਾ ਕਿਹਾ ਘੱਟ ਹੀ ਮੋੜਦਾ ਸੀ, ਇਸ ਲਈ ਪਰਿਵਾਰ ਦੇ ਸਾਰੇ ਜੀਅ ਮੇਰੇ 'ਤੇ ਦਬਾਅ ਪਾ ਰਹੇ ਸਨ ਕਿ ਮੈਂ ਉਸ ਨੂੰ ਚੋਣ ਨਾ ਲੜਣ ਲਈ ਮੰਨਾਵਾਂ। ਮੈਂ ਆਪਣੇ ਵੱਲੋਂ ਬਥੇਰੀ ਵਾਹ ਲਾਈ ਸੀ, ਪਰ ਉਹ ਤਾਂ ਇੱਕੋ ਗੱਲ 'ਤੇ ਅੜਿਆ ਹੋਇਆ ਸੀ, "ਵੱਡੀ ਮਾਂ, ਹੁਣ ਤਾਂ ਮੈਂ ਆਪਣੇ ਦੋਸਤਾਂ ਨੂੰ ਚੋਣ ਲੜਣ ਦੀ ਜ਼ੁਬਾਨ ਦੇ ਚੁੱਕਾ ਹਾਂ... ਨਾਂ ਵਾਪਸ ਲੈਣ 'ਤੇ ਮੇਰੀ ਕੀ ਇੱਜ਼ਤ ਰਹਿ ਜੂ... ਤੁਸੀਂ ਫ਼ਿਕਰ ਨਾ ਕਰੋ...ਸਾਡੀ ਯੂਨੀਅਨ ਬਹੁਤ ਤਕੜੀ ਐ ...।"

> ਨਿਰੰਜਣ ਬੋਹ਼ਾ: ਨੂੰ ਸਾਡੇ ਪੰਜਾਬੀ ਜਨ-ਜੀਵਨ, ਸਭਿਆਚਾਰ, ਬੋਲੀ ਸ਼ੈਲੀ ਦੀ ਗਹਿਰੀ ਸਮਝ ਹੈ। ਬੋਹਾ ਦੀਆਂ ਕਹਾਣੀਆਂ ਪੇਂਡੂ-ਮੱਧ-ਵਰਗ, ਛੋਟੇ ਕਰਿੰਦਿਆਂ, ਪੜ੍ਹੇ-ਲਿਖੇ ਤੇ ਅਨਪੜ੍ਹ ਮਰਦ ਔਰਤ ਦੇ ਰਿਸ਼ਤਿਆਂ ਨਾਲ ਸਬੰਧਿਤ ਟੁੱਟਦੀਆਂ ਤੰਦਾਂ ਨੂੰ ਫਰੋਲਦਿਆਂ ਉਹਨਾਂ ਦੇ ਦੁੱਖਾਂ-ਸੁੱਖਾਂ ਤੇ ਘਤਿਤਾਂ ਨੂੰ ਪਾਠਕ ਦੇ ਸਨਮੁੱਖ ਕਰਦੀਆਂ ਨੇ। ਔਰਤ ਦੀ ਦਿਸ਼ਾ ਤੇ ਦਸ਼ਾ ਨੂੰ ਬੋਹਾ ਨੇ ਬੜੀ ਨੇੜਿਓਂ ਹੋ ਚਿਤਰਿਆ ਹੈ। ਕਈ ਕਹਾਣੀਆਂ ਦੇ ਸਿਰਜੇ ਪਾਤਰਾਂ 'ਚੋਂ ਇਹ ਗੱਲ ਪਾਠਕ ਦੀ ਸਮਝ ਪੈਂਦੀ ਐ ਕਿ ਪਹਿਲਾਂ ਔਰਤ ਦੇ ਸ਼ੋਸ਼ਣ ਦਾ ਮੁੱਖ ਕਾਰਨ ਆਰਥਕਤਾ ਮੰਨਿਆ ਜਾਂਦਾ ਸੀ, ਪਰ ਹੁਣ ਆਰਥਿਕ ਤੌਰ 'ਤੇ ਪੈਰਾਂ ਉਪਰ ਖੜ੍ਹੀ ਔਰਤ ਦਾ ਸ਼ੋਸ਼ਣ ਮਰਦ ਹੋਰ ਮੋਰੀਆਂ ਭਾਲਕੇ ਕਰਦੈ। -ਦਰਸ਼ਨ

ਸਾਰੇ ਪਰਿਵਾਰ ਦੇ ਰੋਕਣ 'ਤੇ ਵੀ ਉਹ ਚੋਣਾਂ ਵਾਲੇ ਦਿਨ ਕਾਲਜ ਚੱਲਿਆ ਗਿਆ ਸੀ ਜਦੋਂ ਕਿ ਉਸਦਾ ਡੈਡੀ ਉਸਦੇ ਫ਼ਿਕਰ ਵਿੱਚ ਉਸ ਦਿਨ ਦੁਕਾਨ 'ਤੇ ਵੀ ਨਹੀਂ ਸੀ ਗਿਆ। ਅਸੀਂ ਸਾਰੇ ਜੀਅ ਮਨ ਹੀ ਮਨ ਚੋਣਾਂ ਸੁੱਖੀ-ਸਾਂਦੀ ਨਿਬੜਣ ਦੀ ਅਰਦਾਸ ਕਰ ਰਹੇ ਸਾਂ, ਪਰ ਹੋਇਆ ਉਹੀ ਜਿਸਦਾ ਸਾਨੂੰ ਡਰ ਸੀ। ਦੂਜੇ ਗੁੱਟ ਦੇ ਮੁੰਡਿਆਂ ਵੱਲੋਂ ਉਸਦੇ ਗੁੱਟ ਦੀਆਂ ਵੋਟਾਂ ਧੱਕੇ ਨਾਲ ਰੋਕਣ 'ਤੇ ਪਤਾ ਹੀ ਨਾ ਚੱਲਿਆ ਕਿ ਕਿਹੜੇ ਵੇਲੇ ਡਾਂਗਾਂ ਨਿੱਕਲ ਆਈਆਂ ਤੇ ਨਿਲੇਸ਼ ਵੀ ਇਹਨਾਂ ਦੀ ਲਪੇਟ ਵਿਚ ਆ ਗਿਆ। ਭਾਵੇਂ ਉਸਦੇ ਦੋਸਤਾਂ ਨੇ ਘਰ ਆ ਕੇ ਉਸਦੇ ਮਾਮੂਲੀ ਸੱਟ ਲੱਗਣ ਦੀ ਗੱਲ ਹੀ ਦੱਸੀ ਸੀ ਪਰ ਸਾਡੇ ਸਾਰਿਆਂ ਦੇ ਮਨ ਕਿਸੇ ਅਣਹੋਣੀ ਦੇ ਵਾਪਰਣ ਦੇ ਡਰ ਨਾਲ ਕੰਬ ਗਏ ਸਨ। ਅਸੀਂ ਵਾਹੋ-ਦਾਹੀ ਹਸਪਤਾਲ ਪੁੱਜੇ ਸਾਂ ਤਾਂ ਨਿਲੇਸ਼ ਦੇ ਸਿਰ ਵਿੱਚ ਸੱਟ ਲੱਗਣ ਦੀ ਗੱਲ ਦਾ ਪਤਾ ਲੱਗਾ ਸੀ। ਇਕ ਵਾਰ ਤਾਂ ਅਸੀਂ ਸਾਰੇ ਭਵੰਤਰ ਜਿਹੇ ਗਏ ਪਰ ਨਿਲੇਸ਼ ਦੀ ਸੰਭਾਲ ਲਈ ਸਾਡਾ ਆਪਣਾ ਸੰਭਲਣਾ ਜ਼ਰੂਰੀ ਹੋ ਗਿਆ ਸੀ। ਉਤੋਂ ਡਾਕਟਰ ਨੇ ਕਹਿ ਦਿੱਤਾ ਸੀ ਕਿ ਜੇ ਪੇਸ਼ੈਂਟ 24 ਘੰਟੇ ਕੱਟ ਗਿਆ ਤਾਂ ਬਾਅਦ ਵਿਚ ਇਸਦੀ ਜਾਨ ਨੂੰ ਕੋਈ ਖਤਰਾ ਨਹੀਂ ਹੈ। ਇਹਨਾਂ ਚੌਵੀ ਘੰਟਿਆਂ ਦਰਮਿਆਨ ਸਾਡੇ ਸਾਰਿਆਂ ਦੀ ਜਾਨ ਸੂਲੀ ਤੇ ਟੰਗੀ ਰਹੀ ਸੀ ਤੇ ਇਹ ਸਾਡੇ ਲਈ ਚੌਵੀ ਸਾਲਾਂ ਤੋਂ ਵੀ ਵੱਡੇ ਸਾਬਤ ਹੋਏ ਸਨ। ਹੁਣ ਪੂਰੇ ਦੋ ਦਿਨ ਬਾਅਦ ਨਿਲੇਸ਼ ਨੇ ਅੱਖ ਪੁੱਟੀ ਹੈ ਤਾਂ ਮਨ ਨੂੰ ਕੁਝ ਚੈਨ ਆਇਆ ਹੈ। ਅਸੀਂ ਨਿਲੇਸ਼ ਨੂੰ ਵੇਖਣਾ ਚਾਹੁੰਦੇ ਹਾਂ ਪਰ ਨਰਸ ਨੇ 'ਮਰੀਜ਼ ਨੂੰ ਅਜੇ ਅਰਾਮ ਦੀ ਸਖ਼ਤ ਜ਼ਰੂਰਤ ਹੈ' ਕਹਿ ਕੇ ਸਾਨੂੰ ਉਸਦੇ ਕਮਰੇ ਵੱਲ ਜਾਣ ਤੋਂ ਵਰਜ ਦਿੱਤਾ ਹੈ।

ਨਰਸ ਵੱਲੋਂ ਮਨ੍ਹਾ ਕੀਤੇ ਜਾਣ ਤੋਂ ਬਾਅਦ ਮੈਂ ਹਸਪਤਾਲ ਦੇ ਵਿਜਟਿੰਗ ਰੂਮ ਵਿਚ ਪਏ ਬੈਂਚ 'ਤੇ ਇਕ ਤਰ੍ਹਾਂ ਨਾਲ ਡਿੱਗ ਹੀ ਪਈ ਹਾਂ। ਮੇਰਾ ਸਾਰਾ ਧਿਆਨ ਭਾਵੇਂ ਨਿਲੇਸ਼ ਵੱਲ ਹੈ ਪਰ ਦੋ ਰਾਤਾਂ ਦੇ ਅਨੀਂਦਰੇ ਕਾਰਨ ਮੇਰੀਆਂ ਅੱਖਾਂ ਭਾਰੀਆਂ ਹੁੰਦੀਆਂ ਜਾ ਰਹੀਆਂ ਨੇ ਤੇ ਮੈਨੂੰ ਘੂਕੀ ਜਿਹੀ ਵੀ ਚੜ੍ਹ ਰਹੀ ਹੈ। ਇਸ ਵੇਲੇ ਮੇਰੇ ਅੰਦਰੋ ਇੱਕੋਂ ਹੀ ਅਵਾਜ਼ ਉੱਠ ਰਹੀ ਹੈ "ਹੇ ਬਜਰੰਗ ਬਲੀ, ਮੇਰੇ ਬੱਚੜੇ ਨੂੰ ਤੱਤੀ ਵਾਅ ਨਾ ਲੱਗਣ ਦੇਈ।" ਅੱਧ ਨੀਂਦਰੇ ਦੀ ਹਾਲਤ ਵਿਚ ਆਪਣੇ ਪੋਤਰੇ ਦੀ ਸਲਾਮਤੀ ਲਈ ਮੈਂ ਪੁਕਾਰ ਤਾਂ ਬਾਂਕੇ ਬਿਹਾਰੀ ਨੂੰ ਰਹੀ ਹਾਂ... ਪਰ ਆਹ ਕੀ... ਮੇਰੀਆਂ ਅੱਖਾਂ ਸਾਹਵੇਂ ਬਜਰੰਗ ਬਲੀ ਵਾਲੇ ਦੀ ਥਾਂ ਤੇ ਮਾਮੇ ਖੁਦਾਬਖਸ਼ ਦਾ ਚਿਹਰਾ ਆ ਰਿਹੈ। ਮੈਨੂੰ ਲੱਗਦੈ ਜਿਵੇਂ ਮਾਮਾ ਮੇਰੇ ਸਿਰ ਤੇ ਹੱਥ ਰੱਖ ਕੇ ਕਹਿ ਰਿਹਾ ਹੋਵੇ "ਤੂੰ ਫਿਕਰ ਨਾ ਕਰ ਮੇਰੀ ਬੱਚੀ, ਕੁਝ ਨਹੀਂ ਹੋਵੇਗਾ ਨਿਲੇਸ਼ ਨੂੰ...।"

ਇਸ ਵੇਲੇ ਮੈਨੂੰ ਆਪਣੀ ਮਾਂ ਦਾ ਵੀ ਉਸਦੇ ਕੋਲ ਖਲੋਤੇ ਹੋਣ ਦਾ ਭੁਲੇਖਾ ਜਿਹਾ ਪਿਆ ਹੈ। 'ਬਜਰੰਗ ਬਲੀ' ਬੰਦਿਆ ਦੇ ਰੂਪ ਵਿੱਚ ਹੀ ਉਸਨੂੰ ਪੁਕਾਰਣ ਵਾਲਿਆਂ ਦੀ ਸਹਾਇਤਾ ਕਰਨ ਲਈ ਬਹੁੜਦੇ ਨੇ... ਆਪਣੇ ਮਾਮੇ ਤੇ ਯਕੀਨ ਰੱਖ...।" ਮਾਂ ਨੇ ਵੀ ਮੈਨੂੰ ਦਿਲਾਸਾ ਦਿੱਤਾ ਹੈ।

"ਪਰ ਮਾਮਾ ਤਾਂ ਮੁਸਲਮਾਨ ਐ... ਹਨੂੰਮਾਨ ਦੇਵਤਾ ਇਸਨੂੰ ਕਿਵੇਂ ਆਪਣੀ ਥਾਂ ਤੇ ਭੇਜ ਸਕਦੈ।" ਮੈਂ ਹੈਰਾਨ ਜਿਹੀ ਹੋਈ ਨੇ ਮਾਂ ਤੋਂ ਪੁੱਛਿਆ ਹੈ ।

'ਹੈ ਲੈ .. ਕਮਲੀ ਨਾ ਹੋਵੇ ਤਾਂ! ਭਗਵਾਨ ਦੀ ਵੀ ਕੋਈ ਜਾਤ ਹੁੰਦੀ ਐ... ਭਗਵਾਨ ਤਾਂ ਬੱਸ ਭਗਵਾਨ ਈਂ ਹੁੰਦਾ ਐ।" ਮਾਂ ਮੇਰੇ ਸਵਾਲ ਦੇ ਜਵਾਬ ਵਿਚ ਹੱਸੀ ਹੈ ਤੇ ਫਿਰ ਉਹ ਦੋਵੇਂ ਇਕ ਦਮ ਆਲੋਪ ਹੋ ਗਏ ਹਨ, ਜਿਵੇ ਮੇਰਾ ਕੀਤਾ ਸਵਾਲ ਉਨ੍ਹਾਂ ਦੋਵਾਂ ਨੂੰ ਪਸੰਦ ਨਾ ਆਇਆ ਹੋਵੇ।

"ਰੁਕ ਜਾਂ ਮਾਂ ਥੋੜ੍ਹੀ ਦੇਰ।" ਮੈਂ ਮਾਂ ਨੂੰ ਰੋਕਣ ਲਈ ਆਵਾਜ਼ ਲਾਈ ਹੈ ਤਾਂ ਥੋੜ੍ਹੀ ਦੂਰ ਬੈਠਾ ਮੇਰਾ ਛੋਟਾ ਪੋਤਾ ਵਿਕਾਸ ਭੱਜ ਕੇ ਮੇਰੇ ਕੋਲ ਆਇਆ ਹੈ।

"ਕੀ ਹੋਇਆ ਵੱਡੀ ਮਾਂ... ਕਿਸਨੂੰ ਅਵਾਜ਼ਾਂ ਮਾਰ ਰਹੀ ਏਂ...।" ਉਸ ਝੰਝੋੜ ਕੇ ਮੈਨੂੰ ਜਗਾਇਆ ਹੈ। ਮੇਰੀ ਅੱਖ ਖੁਲ੍ਹ ਜਾਣ ਤੇ ਮੈਂ ਵਿਕਾਸ ਦੇ ਨਾਲ ਆਪਣੇ ਪੁੱਤਰ ਤੇ ਨੂੰਹ ਨੂੰ ਵੀ ਆਪਣੇ ਕੋਲ ਖੜ੍ਹੇ ਵੇਖਿਆ ਹੈ।

"ਕੁਝ ਨਹੀਂ ਬੇਟੇ। ਸੱਜੀ ਬਾਂਹ ਦਾ ਭਾਰ ਸੀਨੇ 'ਤੇ ਪੈਣ ਨਾਲ ਐਵੇਂ ਦਬਾਅ ਜਿਹਾ ਆ ਗਿਆ ਸੀ...ਪਰ ਇਹ ਚੰਗਾ ਈ

> ਕਿਸੇ ਦਿਨ ਹਾਰ ਕੇ ਸਿੱਧੇ ਅਸਿੱਧੇ ਹੱਥ ਪੁਹੰਚਣਗੇ,
> ਅਸਾਨੂੰ ਰੋਜ਼ ਨਵੀਆਂ ਉਲਝਣਾਂ ਵਿਚ ਪਾਉਣ ਵਾਲੇ ਤੱਕ। -ਸੁਰਜੀਤ ਸਖੀ

ਹੋਇਆ... ਮੇਰੀ ਮਾਂ ਤੇ ਮਾਮਾ ਮੈਨੂੰ ਸੁਪਨੇ ਵਿਚ ਵਿਖਾਈ ਦਿੱਤੇ ਨੇ... ਤੇ ਉਨ੍ਹਾਂ ਨਿਲੇਸ਼ ਦੇ ਛੇਤੀ ਠੀਕ ਹੋਣ ਦੀ ਗੱਲ ਕਹੀ ਐ... ਪ੍ਰਭਾਤ ਵੇਲੇ ਦਾ ਸੁਪਨਾ ਝੂਠਾ ਨਹੀਂ ਹੁੰਦਾ।'' ਮੈਂ ਉਨ੍ਹਾਂ ਨੂੰ ਦੱਸਿਆ ਹੈ। ਡੁੱਬਦੇ ਵੱਲੋਂ ਤਿਣਕੇ ਦਾ ਸਹਾਰਾ ਲੈਣ ਵਾਂਗ ਇਹ ਸੁਪਨਾ ਵੀ ਇਸ ਵੇਲੇ ਮੇਰੇ ਲਈ ਵੱਡਾ ਧਰਵਾਸ ਬਣਿਆ ਹੋਇਆ ਹੈ।

''ਤੁਸੀਂ ਸਾਰੇ ਦੋ ਘੜੀ ਅਰਾਮ ਕਰ ਲਵੋ... ਜੇ ਅੰਦਰੋਂ ਕੋਈ ਸੁਨੇਹਾ ਆਇਆਂ ਤਾਂ ਮੈਂ ਤੁਹਾਨੂੰ ਜਗਾ ਦੇਵਾਂਗੀ।'' ਮੈਂ ਉਹਨਾਂ ਨੂੰ ਦਾਅਵੇ ਜਿਹੇ ਨਾਲ ਕਿਹਾ ਹੈ ਪਰ ਮੈਨੂੰ ਲੱਗਿਆ ਹੈ ਕਿ ਇਸ ਵੇਲੇ ਮੈਂ ਨਹੀਂ ਬੋਲ ਰਹੀ ਸਗੋਂ ਹੁਣੇ ਆਏ ਸੁਪਨੇ ਦਾ ਧਰਵਾਸ ਮੇਰੇ ਅੰਦਰੋਂ ਬੋਲ ਰਿਹੈ।

''ਨਹੀਂ ਅੰਮਾ, ਸਾਡੇ ਨਾਲੋਂ ਵੱਧ ਅਰਾਮ ਦੀ ਜ਼ਰੂਰਤ ਤੁਹਾਨੂੰ ਐਂ ... ਮੈਂ ਤੇ ਤੇਰੀ ਨੂੰਹ ਹਾਂ ਨਿਲੇਸ਼ ਦੇ ਕੋਲ। ਤੁਹਾਨੂੰ ਵਿਕਾਸ ਘਰ ਛੱਡ ਆਉਂਦਾ ਹੈ... ਤੁਸੀਂ ਅਰਾਮ ਕਰੋ ਘਰ ਜਾ ਕੇ।'' ਮੇਰੇ ਪੁੱਤਰ ਨੇ ਮੇਰੀ ਗੱਲ ਦਾ ਉਲਟਾ ਹੀ ਜਵਾਬ ਦਿੱਤਾ ਹੈ। ਉਸਨੂੰ ਫਿਕ੍ਰ ਹੈ ਕਿ ਕਿਤੇ ਠੰਡ ਲੱਗਣ ਨਾਲ ਮੈਂ ਹੀ ਨਾ ਮੰਜੇ ਤੇ ਪੈ ਜਾਵਾਂ ਤੇ ਨਿਲੇਸ਼ ਦੇ ਨਾਲ ਪਰਿਵਾਰ ਨੂੰ ਮੇਰੀ ਵੀ ਸੰਭਾਲ ਨਾ ਕਰਨੀ ਪੈ ਜਾਵੇ।

''ਪੁੱਤ ਘਰੇ ਜਾ ਕੇ ਕਿਹੜਾ ਮੈਨੂੰ ਚੈਨ ਆ ਜੂ... ਸੁਰਤ ਤਾਂ ਏਥੇ ਹੀ ਰਹੂ... ਤੂੰ ਫਿਕ੍ਰ ਨਾ ਕਰ... ਮੇਰੇ ਹੱਡ ਬਥੇਰੇ ਚੀੜ੍ਹੇ ਨੇ... ਕੁਝ ਨਹੀਂ ਹੁੰਦਾ ਮੈਨੂੰ।'' ਮੈਂ ਘਰ ਜਾਣ ਤੋਂ ਸਾਫ਼ ਨਾਂਹ ਕਰ ਦਿੱਤੀ ਹੈ।

ਮੇਰਾ ਪੁੱਤ, ਨੂੰਹ ਤੇ ਪੋਤਾ ਹਸਪਤਾਲ ਦੇ ਵਿਜ਼ਟਿੰਗ ਰੂਮ ਦੇ ਫਰਸ਼ 'ਤੇ ਘਰੋਂ ਲਿਆਂਦੀਆਂ ਵਿਛਾਈਆਂ ਚਾਦਰਾਂ ਵਿਛਾ ਕੇ ਲੰਮੇ ਪੈ ਗਏ ਨੇ। ਭਾਵੇਂ ਮੈਨੂੰ ਪਤਾ ਹੈ ਕਿ ਉਨ੍ਹਾਂ ਵਿਚੋਂ ਨੀਂਦ ਕਿਸੇ ਨੂੰ ਵੀ ਨਹੀਂ ਆਵੇਗੀ। ਏਧਰ ਮੇਰੀ ਸੋਚ ਮੇਰੀ ਹੀ ਗੱਲ ਤੇ ਵਿਚਾਰ ਕਰਨ ਲੱਗ ਪਈ ਹੈ... ਜੇ ਮੇਰੇ ਹੱਡ ਸੱਚੀਂ ਹੀ ਚੀੜ੍ਹੇ ਨਾ ਹੁੰਦੇ ਹੁਣ ਤੱਕ ਮੇਰੇ ਨਾਲ ਜੋ ਬੀਤੀਆਂ ਨੇ... ਭਲਾ ਮੈਂ ਜਿਉਂਦੀ ਰਹਿ ਸਕਦੀ ਸਾਂ। ਕਿੰਨੀ ਹੋਣੀਆਂ ਚੜ੍ਹ ਕੇ ਆਈਆਂ ਸਨ ਮੇਰੇ 'ਤੇ... ਪਰ ਇਹ ਹੱਡ ਹੀ ਬਹੁਤ ਚੀੜ੍ਹੇ ਤੇ ਸਖਤ ਸਾਬਤ ਹੋਏ ਜੋ ਸਾਰਾ ਕੁਝ ਝੱਲ ਗਏ। ਦੋ ਦਿਨ ਪਹਿਲਾਂ ਲੰਘਿਆ ਆਜ਼ਾਦੀ ਦਿਹਾੜਾ ਵੀ ਤਾਂ ਹਰ ਸਾਲ ਮੇਰੇ ਹੱਡਾਂ ਦੀ ਪਰਖ ਕਰਦਾ ਹੈ ਤੇ ਆਹ ਨਿਖ਼ਸਮੀ ਆਜ਼ਾਦੀ ਵੀ ਮੇਰੇ ਲਈ ਤਾਂ ਵੱਡੀ ਤੋਂ ਵੱਡੀ ਬਰਬਾਦੀ ਹੀ ਸਾਬਤ ਹੋਈ ਹੈ। ਜੇ ਮਾਮਾ ਖੁਦਾਬਖਸ਼ ਉਸ ਵੇਲੇ ਰੱਬ ਬਣ ਕੇ ਨਾ ਬਹੁੜਦਾ ਤਾਂ ਮੈ, ਮੇਰੀ ਮਾਂ ਤੇ ਮੇਰੇ ਛੋਟੇ ਭਰਾ ਨੇ ਵੀ ਤਾਂ ਮੇਰੇ ਬਾਪੂ ਤੇ ਵੱਡੇ ਭਰਾ ਵਾਂਗ ਹੱਲੇ ਦਾ ਹੀ ਸ਼ਿਕਾਰ ਹੋ ਜਾਣਾ ਸੀ। ਮੇਰਾ ਧਿਆਨ ਹੁਣ ਨਿਲੇਸ਼ ਵਾਲੇ ਪਾਸਿਉਂ ਹੱਟ ਕੇ ਸੱਠ ਸਾਲ ਪਿੱਛੇ ਆਜ਼ਾਦੀ ਦੇ ਨਾਂ ਤੇ ਹੋਏ ਉਜਾੜੇ ਦੇ ਸਾਰੇ ਦ੍ਰਿਸ਼ ਕਿਸੇ ਲੜੀਵਾਰ ਸੀਰੀਅਲ ਵਾਂਗ ਮੇਰੀਆਂ ਅੱਖਾਂ ਅੱਗੇ ਤੈਰਣ ਲੱਗੇ ਨੇ।

ਲਹਿੰਦੇ ਪੰਜਾਬ ਦੇ ਹਾਸਿਲਪੁਰ ਵਾਲੇ ਪਾਸਿਉਂ ਉਜੜਣ ਵਾਲੇ ਪਰਿਵਾਰਾਂ ਵਿੱਚ ਸਾਡਾ ਪਰਿਵਾਰ ਵੀ ਤਾਂ ਸ਼ਾਮਿਲ ਸੀ। ਉੱਜੜ ਕੇ ਭਾਰਤ ਵਾਲੇ ਪਾਸੇ ਜਾਂਦਿਆਂ ਮੇਰੇ ਪੇਕੇ ਪਰਿਵਾਰ ਵਾਲਾ ਕਾਫਲਾ ਅਜੇ ਸ਼ਹਿਰ ਦੀ ਜੂਹ ਹੀ ਟੱਪਿਆ ਸੀ ਕਿ ਚਿਸ਼ਤੀਆਂ ਵੱਲੋਂ ਆਏ ਘੋੜ-ਸਵਾਰ ਫਸਾਦੀਆਂ ਨੇ ਸਾਨੂੰ ਘੇਰ ਲਿਆ ਸੀ। ਭਾਵੇਂ ਮੈਂ ਉਸ ਸਮੇਂ ਦਸ ਗਿਆਰਾਂ ਸਾਲ ਦੀ ਬਾਲੜੀ ਹੀ ਸਾਂ ਪਰ ਅੱਖੀਂ ਵੇਖਿਆ ਉਹ ਵਹਿਸ਼ਤੀ ਵਰਤਾਰਾ ਮੈਂ ਚਾਹ ਕੇ ਵੀ ਸਾਰੀ ਉਮਰ ਭੁੱਲ ਨਹੀਂ ਸਕੀ ਹਾਂ। ਦਰਿੰਦਿਆ ਨੇ ਪਹਿਲਾਂ ਸਾਡੇ ਕਾਫ਼ਲੇ ਨੂੰ ਜੀਅ ਭਰ ਕੇ ਲੁੱਟਿਆ ਸੀ ਤੇ ਫਿਰ ਮਰਦਾਂ ਨੂੰ ਇਕ ਪਾਸੇ ਖੜ੍ਹੇ ਕਰਕੇ ਵਢਾਂਗਾ ਸ਼ੁਰੂ ਕਰ ਦਿੱਤਾ ਸੀ। ਆਪਣੇ ਪਿਉ ਤੇ ਵੱਡੇ ਭਰਾ ਦੇ ਸਿਰਾਂ ਨੂੰ ਨੰਗੀਆਂ ਤਲਵਾਰਾਂ ਨਾਲ ਚੀਰਣ ਸਮੇਂ ਉਨ੍ਹਾਂ ਦੀਆਂ ਉਹਨਾਂ ਅੰਦਰੋਂ ਨਿਕਲੀਆਂ ਚੀਕਾਂ ਅਜੇ ਵੀ ਮੈਨੂੰ ਆਪਣੇ ਅੰਦਰੋਂ ਗੂੰਜਦੀਆਂ ਸੁਣਾਈ ਦਿੰਦੀਆਂ ਨੇ। ਇਹਨਾਂ ਚੀਕਾਂ ਨੂੰ ਮੈ ਤਾਂ ਕੀ ਦੁਨੀਆਂ ਦੀ ਕੋਈ ਵੀ ਧੀ ਜਾਂ ਭੈਣ ਭੁੱਲ ਨਹੀਂ ਸਕਦੀ। ਮੈਂ ਤੇ ਮੇਰੀ ਮਾਂ ਉਸ ਵੇਲੇ ਉੱਚੀ ਹਾਲ ਦੁਹਾਈ ਪਾਉਣ ਤੋਂ ਇਲਾਵਾ ਉਹਨਾਂ ਨੂੰ ਬਚਾਉਣ ਲਈ ਕੁਝ ਵੀ ਨਹੀਂ ਸਾਂ ਕਰ ਸਕੀਆਂ।

ਮੇਰਾ ਛੋਟਾ ਭਰਾ ਉਸ ਵੇਲੇ ਮਾਂ ਦੀ ਗੋਦ ਵਿਚ ਸੀ। ਦੋ ਗੰਦੇ ਹੱਥ ਮੇਰੀ ਮਾਂ ਵੱਲ ਵੀ ਵੱਧੇ ਸਨ ਪਰ ਇੱਕ ਬੁਰਛੇ ਨੇ ਇਹਨਾਂ ਹੱਥਾਂ ਨੂੰ ਇਹ ਕਹਿ ਕੇ ਪਿੱਛੇ ਮੋੜ ਦਿੱਤਾ ਸੀ, ''ਛੱਡ ਯਾਰ ਇਸ ਖੋਲੇ ਤੋਂ ਕੀ ਕਰਾਉਣੈ... ਜੇ ਚੁੱਕਣੈ ਤਾਂ ਇਸ ਕੱਚੀ ਕਲੀ ਨੂੰ ਚੁੱਕ।'' ਉਸ ਵੇਲੇ ਮਾਂ ਨੇ ਛੋਟੇ ਵੀਰ ਨੂੰ ਹੇਠਾਂ ਸੁੱਟਣ ਵਾਂਗ ਹੀ ਆਪਣੇ ਤੋਂ ਪਰ੍ਹਾਂ ਕਰਕੇ ਮੈਨੂੰ ਆਪਣੀ ਬੁੱਕਲ ਵਿੱਚ ਛੁਪਾ ਲਿਆ ਸੀ। ਗੰਦੇ ਹੱਥਾਂ ਦੇ ਮੇਰੇ ਵੱਲ ਵੱਧਣ ਤੋਂ ਪਹਿਲਾਂ ਹੀ ਪਤਾ ਨਹੀਂ ਕਿਹੜੇ ਪਾਸਿਉ ਪੱਕੀ ਬੰਦੂਕ ਦਾ ਫਾਇਰ ਹੋਇਆ ਸੀ ਤੇ ਬੁਰਛੇ ਇਸਨੂੰ ਮਿਲਟਰੀ ਦੀ ਆਮਦ ਕਿਆਸ ਕੇ ਉੱਥੋਂ ਭੱਜ ਖਲੋਤੇ ਸਨ। ਪਰ ਜਾਂਦੇ-ਜਾਂਦੇ ਵੀ ਉਹਨਾਂ ਕਾਫ਼ਲੇ ਦੀਆਂ ਕੁਝ ਜੁਆਨ ਕੁੜੀਆਂ ਨੂੰ ਖਿੱਚ ਕੇ ਆਪਣੇ ਘੋੜਿਆਂ ਤੇ ਸੁੱਟ ਲਿਆ ਸੀ। ਧੱਕੇ ਨਾਲ ਉਧਾਲੀਆਂ ਕੁੜੀਆਂ ਵਿਚ ਮੇਰੀ ਆਪਣੀ ਭੂਆ ਵੀ ਸੀ, ਜਿਸ ਦੀਆਂ ਚੀਕਾਂ ਨੇ ਉਸ ਵੇਲੇ ਅਸਮਾਨ ਗੂੰਜਣ ਲਾ ਦਿੱਤਾ ਸੀ, ਪਰ ਉਸ ਸਮੇਂ ਬੋਲੇ ਹੋਏ ਰੱਬ ਨੂੰ ਇਹ ਚੀਕਾਂ ਸੁਣਾਈ ਨਹੀ ਸਨ ਦਿੱਤੀਆਂ।

ਆਪਣਾ ਸੁਹਾਗ ਤੇ ਪੁੱਤ ਨੂੰ ਗਵਾ ਚੁੱਕੀ ਮਾਂ ਕਦੇ ਮੇਰੇ ਪਿਉ ਦੀ ਲਾਸ਼ ਨਾਲ ਚੰਬੜ ਕੇ ਕੁਰਲਾਉਣ ਲੱਗਦੀ ਤੇ ਕਦੇ ਮੇਰੇ ਭਰਾ ਦੀ ਲਾਸ਼ ਨੂੰ ਗੋਦ ਵਿਚ ਲੈ ਕੇ ਵਿਰਲਾਪ ਕਰਨ ਲੱਗਦੀ। ਵਢਾਂਗੇ ਤੋਂ ਬਾਅਦ ਭਾਵੇਂ ਚਾਰੇ ਪਾਸੇ ਹਾਹਾਕਾਰ ਮੱਚੀ ਪਈ ਸੀ ਪਰ ਜਾਨਾਂ ਬਚਾਉਣ ਲਈ ਕਾਫ਼ਲੇ ਦੇ ਬਚ ਗਏ ਜੀਆਂ ਦਾ ਇੱਥੋਂ ਅੱਗੇ ਤੁਰਨਾ ਵੀ ਜ਼ਰੂਰੀ ਸੀ।

ਆਪਣੇ ਨੇੜਲਿਆਂ ਦੀ ਲਾਸ਼ਾਂ ਕਾਵਾਂ-ਕੁੱਤਿਆਂ ਦੇ ਖਾਣ ਲਈ ਛੱਡ ਕੇ ਕਾਫ਼ਲਾ ਅੱਗੇ ਤੁਰਿਆਂ ਤਾਂ ਦੋ ਤਿੰਨ ਤ੍ਰੀਮਤਾਂ ਨੇ ਦਰਦ ਨਾਲ ਕੁਰਲਾਉਂਦੀ ਮੇਰੀ ਮਾਂ ਨੂੰ ਵੀ ਮੇਰੇ ਪਿਉਂ ਤੇ ਭਰਾ ਦੀ ਲਾਸ਼ਾਂ ਨਾਲੋਂ ਤੋੜ ਕੇ ਕਾਫ਼ਲੇ ਨਾਲ ਲਿਜਾਣ ਦੀ ਕੋਸ਼ਿਸ਼ ਕੀਤੀ। ਪਰ ਮਾਂ ਵਿੱਚ ਤਾਂ ਉਸ ਵੇਲੇ ਅੱਗੇ ਤੁਰਣ ਦਾ ਸਾਹ ਸੱਤ ਹੀ ਨਹੀਂ ਸੀ ਬਚਿਆ। ਉਹ ਵਕਤ ਹੀ ਇਹੋ ਜਿਹਾ ਸੀ ਕਿ ਸਾਰਿਆਂ ਨੂੰ ਆਪੋ ਆਪਣੀ ਪਈ ਹੋਈ ਸੀ। ਸਾਹ ਸੱਤ ਹੀਣ ਹੋਈ ਮਾਂ ਨੂੰ ਉਠਾਉਣ ਦੀ ਥੋੜ੍ਹੀ ਜਿਹੀ ਕੋਸ਼ਿਸ਼ ਤੋਂ ਬਾਅਦ ਹਾਸਿਲਪੁਰ ਤੋਂ ਤੁਰਿਆ ਕਾਫ਼ਲਾ ਅੱਗੇ ਤੁਰ ਗਿਆ ਸੀ। ਰਹਿ ਗਈਆਂ ਤਾਂ ਸਨ ਕੁਝ ਲਾਸ਼ਾ ਜਾਂ ਲਾਸ਼ਾ ਵਰਗੇ ਸਾਡੇ ਤਿੰਨਾਂ ਦੇ ਜਿਉਂਦੇ ਸਰੀਰ। ਭਾਵੇਂ ਮੈਂ ਉਸ ਸਮੇਂ ਬਾਲੜੀ ਹੀ ਸਾਂ ਪਰ ਪਤਾ ਨਹੀਂ ਕਿਵੇਂ ਮੇਰੇ ਅੰਦਰ ਵਿਲਕਦੀ ਮਾਂ ਦੇ ਹੰਝੂ ਪੂੰਝਣ ਤੇ ਭੁੱਖ ਨਾਲ ਵਿਲਕਦੇ ਭਰਾ ਨੂੰ ਸੰਭਾਲਣ ਦੀ ਸੋਝੀ ਆ ਗਈ ਸੀ।

ਜਦੋਂ ਮਾਂ ਨੂੰ ਕਾਫ਼ਲੇ ਦੇ ਤੁਰ ਜਾਣ ਤੇ ਸਾਡੇ ਇਕਲੇ ਰਹਿ

ਮੈਂ ਹਰ ਪਲ ਭਾਲਦਾ ਹਾਂ, ਆਦਮੀ ਇਕ ਜ਼ਿੰਦਗੀ ਵਰਗਾ।
ਨਹੀਂ ਮਿਲਿਆ ਮਗਰ ਮੈਨੂੰ, ਕਦੇ ਕੁਈ ਚਾਂਦਨੀ ਵਰਗਾ। -(ਅਗਲੇ ਸਫ਼ੇ 'ਤੇ)

ਜਾਣ ਦਾ ਅਹਿਸਾਸ ਹੋਇਆ ਤਾਂ ਉਸ ਦੀ ਲੇਰ ਨਿਕਲ ਗਈ ਸੀ। ਇਸ ਸਮੇਂ ਹੀ ਇਕ ਉੱਚਾ ਲੰਮਾ ਤੇ ਲਾਲ ਸੁਰਖ ਚਿਹਰੇ ਵਾਲਾ ਗਭਰੂ ਪਠਾਨ ਦੇਵਤਿਆਂ ਦੀ ਨਿਆਈਂ ਸਾਡੇ ਕੋਲ ਆ ਖਲੋਤਾ ਸੀ ਤੇ ਮਾਂ ਦਾ ਮੋਢਾ ਫੜ੍ਹ ਕੇ ਬੋਲਿਆਂ ਸੀ, "ਉੱਠ ਭੈਣ ਬੱਚਿਆਂ ਨੂੰ ਲੈ ਕੇ ਸਾਹਮਣੇ ਵਾਲੇ ਘਰ ਵਿਚ ਆ ਜਾ।"

ਉਹ ਫਰਿਸ਼ਤਾ ਇਨਸਾਨ ਕੋਈ ਹੋਰ ਨਹੀਂ ਸਗੋਂ ਮਾਮਾ ਖੁਦਾ ਬਖਸ਼ ਹੀ ਸੀ, ਜਿਵੇਂ ਸਾਡੇ ਰੱਬ ਤੇ ਉਸਦੇ ਖੁਦਾ ਨੇ ਉਸਨੂੰ ਸਾਡੀ ਸਹਾਇਤਾ ਲਈ ਹੀ ਭੇਜਿਆ ਹੋਵੇ। ਉਸ ਸਾਡੇ ਕਾਫ਼ਲੇ 'ਤੇ ਵਾਪਰਦੇ ਕਹਿਰ ਨੂੰ ਆਪਣੇ ਚੁਬਾਰੇ ਦੀ ਬਾਰੀ ਵਿੱਚੋਂ ਆਪਣੀਆਂ ਅੱਖਾਂ ਨਾਲ ਤੱਕਿਆ ਸੀ ਪਰ ਬੁਰਛਿਆਂ ਦੀ ਤਦਾਦ ਦਰਜਨਾਂ ਵਿੱਚ ਹੋਣ ਕਾਰਨ ਉਹ ਕੁਝ ਕਰਨ ਦੀ ਸਥਿਤੀ ਵਿਚ ਨਹੀ ਸੀ। ਅਣਜਾਣੇ ਪਠਾਨ ਨੂੰ ਵੇਖ ਕੇ ਮਾਂ ਨੇ ਡਰ ਨਾਲ ਹੋਰ ਵੀ ਉੱਚੀ ਚੀਕ ਮਾਰੀ ਸੀ। ਉਸਨੂੰ ਉਸ ਵੇਲੇ ਇਹ ਫਰਿਸ਼ਤਾ ਵੀ ਬੁਰਛਿਆਂ ਦਾ ਹੀ ਸਾਥੀ ਲੱਗਾ ਸੀ। ਮਾਂ ਨੂੰ ਆਪਣੇ ਨਾਲ ਵੱਧ ਡਰ ਮੇਰੀ ਇੱਜ਼ਤ ਦਾ ਸੀ। 'ਚੁਬਾਰੇ ਦੀਆਂ ਕੰਧਾਂ ਤਾਂ ਮੇਰੀ ਬੱਚੀ ਦੀ ਚੀਕ ਵੀ ਆਪਣੇ ਤੋਂ ਬਾਹਰ ਨਹੀਂ ਜਾਣ ਦੇਣਗੀਆਂ' ਇਹ ਸੋਚ ਕੇ ਮਾਂ ਮੈਨੂੰ ਬੁੱਕਲ ਵਿਚ ਲੁਕਾਈ ਥਰ ਥਰ ਕੰਬ ਰਹੀ ਸੀ।

ਉਹ ਮਾਂ ਦੀ ਮਨੋਦਸ਼ਾ ਨੂੰ ਚੰਗੀ ਤਰ੍ਹਾਂ ਸਮਝਦਾ ਸੀ, ਇਸੇ ਲਈ ਆਜ਼ਜ਼ੀ ਜਿਹੀ ਨਾਲ ਬੋਲਿਆ ਸੀ, "ਮੈਂ ਸ਼ਰਮਿੰਦਾ ਹਾਂ ਭੈਣਾਂ... ਤੁਹਾਡੇ 'ਤੇ ਕਹਿਰ ਵਰਤਾਉਣ ਵਾਲੇ ਮੇਰੀ ਹੀ ਕੌਮ ਦੇ ਬੰਦੇ ਹਨ ਪਰ ਪੰਜੇ ਉਂਗਲਾਂ ਇਕਸਾਰ ਨਹੀਂ ਹੁੰਦੀਆਂ... ਹੁਣ ਤੁਸੀਂ ਡਰੋ ਨਾ ਮੈਂ ਤੈਨੂੰ ਆਪਣੀ ਮੇਰੀ ਧਰਮ ਦੀ ਭੈਣ ਬਣਾਉਂਦਾ ਹਾਂ... ਪਠਾਨ ਦੀ ਜ਼ੁਬਾਨ ਹੁੰਦੀ ਹੈ... ਇਕ ਵਾਰ ਤੂੰ ਆਪਣੀ ਤੇ ਆਪਣੇ ਬੋਟਾਂ ਦੀ ਜਾਨ ਬਚਾਉਣ ਲਈ ਮੇਰੇ ਘਰ ਚੱਲ। ਥੋੜ੍ਹਾ ਠੰਡ ਠੰਡਾਰ ਹੋਣ ਤੇ ਮੈਂ ਤੈਨੂੰ ਹਿੰਦੁਸਤਾਨ ਜਾਣ ਵਾਲੇ ਕਿਸੇ ਹੋਰ ਕਾਫ਼ਲੇ ਤੱਕ ਛੱਡ ਆਵਾਂਗਾ।"

ਭਾਵੇਂ ਮੇਰੀ ਮਾਂ ਦਾ ਕਾਂਬਾ ਰੁਕ ਨਹੀਂ ਸੀ ਰਿਹਾ ਪਰ ਏਧਰ ਵੀ ਮੌਤ ਤੇ ਉੱਧਰ ਵੀ ਮੌਤ ਵਾਲੀ ਸਥਿਤੀ ਪੈਦਾ ਹੋ ਜਾਣ 'ਤੇ ਕਿਸੇ ਪਾਸੇ ਤਾਂ ਤੁਰਣਾ ਹੀ ਪੈਣਾ ਸੀ। ਕੀ ਪਤਾ ਇਹ ਸੱਚ ਹੀ ਬੋਲਦਾ ਹੋਵੇ ਦੀ ਸੋਚ ਨੇ ਸ਼ਾਇਦ ਉਸ ਵੇਲੇ ਮਾਂ ਨੂੰ ਕੁਝ ਧਰਵਾਸ ਵੀ ਦਿੱਤਾ ਹੋਵੇ, ਇਸ ਲਈ ਮੇਰੇ ਭਰਾ ਨੂੰ ਗੋਦ ਵਿਚ ਚੁੱਕੀ ਤੇ ਮੇਰੀ ਉਂਗ਼ਲ ਫੜ੍ਹੀ ਉਸ ਨਾਲ ਤੁਰ ਪਈ ਸੀ। ਅੰਦਰ ਪਹੁੰਚ ਕੇ ਉਸਦੀ ਬੇਗ਼ਮ ਤੇ ਉਸਦੀ ਭੈਣ ਸਾਨੂੰ ਰੋਂਦਿਆਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਚੁਪ ਕਰਾਉਣ ਲੱਗੀਆਂ। ਉਸਦੀ ਭੈਣ ਨਸੀਰਾਂ ਭੁੱਖ ਨਾਲ ਵਿਲਕ ਰਹੇ ਮੇਰੇ ਭਰਾ ਲਈ ਗਰਮ ਦੁੱਧ ਕਰ ਕੇ ਲੈ ਆਈ ਸੀ। ਦੋ-ਤਿੰਨ ਘੰਟਿਆਂ ਦਾ ਸਮਾਂ ਤਾਂ ਮੇਰੀ ਮਾਂ ਤੇ ਮੈਨੂੰ ਰੋਂਦਿਆਂ ਨੂੰ ਚੁੱਪ ਕਰਾਉਣ ਵਿਚ ਹੀ ਬੀਤ ਗਿਆ ਫਿਰ ਫਾਤਿਮਾ ਬੇਗ਼ਮ ਨੇ ਸੇਵੀਆਂ ਦੀਆਂ ਦੋ ਬਾਟੀਆਂ ਸਾਡੇ ਸਾਹਮਣੇ ਲਿਆ ਰੱਖੀਆ ਸਨ ਤੇ ਗੁਜ਼ਾਰਿਸ਼ ਕੀਤੀ ਸੀ, "ਇਹ ਖਾ ਲਵੋ ਮਨ ਨੂੰ ਕੁਝ ਧੀਰਜ ਪਵੇਗਾ। ਪਤਾ ਨਹੀਂ ਤੁਸੀ ਕਿਹੜੇ ਵੇਲੇ ਦੀ ਰੋਟੀ ਬੁਰਕੀ ਆਪਣੇ ਮੂੰਹ ਵਿਚ ਪਾਈ ਹੋਵੇਗੀ।"

ਤਾਜ਼ੇ ਵਰਤੇ ਕਹਿਰ ਕਾਰਨ ਮਾਂ ਦਾ ਮਨ ਕੁਝ ਖਾਣ ਲਈ ਨਹੀਂ ਸੀ ਕਰ ਰਿਹਾ, ਇਸ ਲਈ ਉਸ ਆਪਣੇ ਵਾਲੀ ਬਾਟੀ ਪਰ੍ਹਾਂ ਸਰਕਾ ਦਿੱਤੀ ਸੀ ਪਰ ਮੇਰੇ ਕੋਲ ਪਈ ਬਾਟੀ ਉੱਥੇ ਹੀ ਪਈ ਰਹਿਣ ਦਿੱਤੀ ਸੀ।

"ਭੈਣੇ! ਜੇ ਸਾਡੇ ਹੱਥਾਂ ਨਾਲ ਬਣਾਈਆਂ ਸੇਵੀਆਂ ਖਾਣ ਵਿਚ ਤੈਨੂੰ ਕੋਈ ਝਿਜਕ ਹੈ ਤਾਂ ਰਸੋਈ ਵਿਚ ਆਪ ਜਾ ਕੇ ਖਾਣਾ ਬਣਾ ਲੈ।" ਮਾਮੀ ਫ਼ਾਤਿਮਾ ਨੇ ਪਿਆਰ ਨਾਲ ਮਾਂ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ ਸੀ ਤਾਂ ਮਾਂ ਉਸਦੇ ਮੋਢੇ 'ਤੇ ਸਿਰ ਰੱਖ ਕੇ ਫਿਰ ਡੁਸਕਣ ਲੱਗ ਪਈ ਸੀ।

"ਨਾ ਭੈਣ ਜੀ! ਇਹ ਪਾਪ ਨਾ ਚੜ੍ਹਾਓ ਸਾਡੇ ਸਿਰ 'ਤੇ... ਪਹਿਲਾਂ ਹੀ ਪਤਾ ਨਹੀਂ ਜੀਵਨ ਵਿਚ ਕੀਤੇ ਕਿਹੜੇ ਪਾਪਾਂ ਦਾ ਭੁਗਤਾਣ ਕਰ ਰਹੇ ਹਾਂ... ਤੁਹਾਡੀਆਂ ਬਣਾਈਆਂ ਸੇਵੀਆਂ ਤਾਂ ਸਾਡੇ ਲਈ ਅੰਮ੍ਰਿਤ ਨੇ... ਤੁਸੀਂ ਤਾਂ ਜੇ ਜ਼ਹਿਰ ਵੀ ਦੇਵੋ ਤਾਂ ਅਸੀਂ ਹੱਸ ਕੇ ਖਾ ਲਵਾਂਗੀਆਂ।" ਮਾਂ ਨੇ ਸੇਵੀਆਂ ਵਾਲੀ ਬਾਟੀ ਫਿਰ ਆਪਣੇ ਵਾਲੇ ਪਾਸੇ ਸਰਕਾ ਲਈ ਅਤੇ ਉਸ ਦਾ ਮਾਣ ਰੱਖਣ ਲਈ ਦੋ ਤਿੰਨ ਚਮਚੇ ਆਪਣੇ ਮੂੰਹ ਵਿੱਚ ਵੀ ਪਾ ਲਏ ਸਨ।

ਹਾਸਿਲਪੁਰ ਦੇ 15 ਕੁ ਕੋਹ ਦੂਰ ਭਿੰਡੇ ਰਹਿੰਦਾ ਮੇਰੇ ਨਾਨਕਾ ਪਰਿਵਾਰ ਅਜੇ ਕਿਸੇ ਕਾਫ਼ਲੇ ਨਾਲ ਹਿੰਦੁਸਤਾਨ ਵੱਲ ਰਵਾਨਾ ਨਹੀਂ ਸਨ ਹੋਇਆ ਤੇ ਇਹ ਪਿੰਡ ਉਸ ਵੇਲੇ ਹੈ ਵੀ ਮਿਲਟਰੀ ਦੀ ਦੇਖ ਰੇਖ ਹੇਠ ਸੀ। ਮਾਮੇ ਖੁਦਾ ਬਖਸ਼ ਨੇ ਇਸ ਬਾਰੇ ਪਤਾ ਮੰਗਵਾਇਆ ਤੇ ਰਾਤ ਦੇ ਹਨੇਰੇ ਵਿਚ ਸਾਨੂੰ ਭਿੰਡੇ ਤੱਕ ਛੱਡਣ ਦੀ ਤਿਆਰੀ ਕਰ ਲਈ। ਸਾਡੀ ਹਿਫ਼ਾਜਤ ਲਈ ਉਸ ਆਪਣੇ ਛੋਟੇ ਭਰਾ ਅੱਲਾ ਦਿੱਤੇ ਤੇ ਭਤੀਜੇ ਸਹਿਬਾਜ਼ ਇਲਾਹੀ ਵੀ ਆਪਣੇ ਨਾਲ ਚੱਲਣ ਲਈ ਕਹਿ ਦਿੱਤਾ। ਇਸ ਵੇਲੇ ਸਾਡੇ ਤਿੰਨਾਂ ਰਾਖਿਆਂ ਕੋਲ ਡਾਂਗਾਂ ਵੀ ਸਨ ਤੇ ਛੁਰੇ ਵੀ। ਤੁਰਨ ਲੱਗਿਆਂ ਮਾਂ ਆਪਣੇ ਮੂੰਹ ਬੋਲੇ ਭਰਾ, ਭਰਜਾਈ ਤੇ ਨਿਨਾਣ ਦੇ ਗਲ ਲੱਗ ਕੇ ਇਸ ਤਰ੍ਹਾਂ ਰੋਈ ਜਿਵੇ ਉਹ ਆਪਣੇ ਪੇਕੇ ਘਰ ਤੋਂ ਹੀ ਵਿਦਾ ਹੋ ਰਹੀ ਹੋਵੇ। ਇਸ ਨੇਕ ਦਿਲ ਪਰਿਵਾਰ ਨਾਲ ਇਕ ਰਾਤ ਵਿਚ ਹੀ ਸਾਡਾ ਉਮਰਾਂ ਦਾ ਰਿਸ਼ਤਾ ਜੁ ਬਣ ਗਿਆ ਸੀ।

'ਖੁਦਾ ਹਾਫਿਜ਼'- ਜੇ ਅਲ੍ਹਾ-ਤਾਲਾ ਨੇ ਚਾਹਿਆ ਤਾਂ ਕਦੇ ਫਿਰ ਵੀ ਮਿਲਾਂਗੇ' ਕਹਿ ਜਦੋਂ ਮਾਮਾ ਸਾਨੂੰ ਨਾਨਕੇ ਘਰ ਛੱਡ ਕੇ ਵਪਾਸ ਜਾਣ ਲੱਗਾ ਤਾਂ ਮਾਂ ਇਕ ਵਾਰ ਫਿਰ ਉਸ ਦੇ ਗਲ ਲੱਗ ਕੇ ਫੁੱਟ-ਫੁੱਟ ਰੋਈ ਸੀ। ਜੇ ਮੈਂ ਆਪਣੇ ਪਿਉ ਤੇ ਭਰਾ ਦੇ ਕਾਤਲਾਂ ਦੇ ਚਿਹਰੇ ਅੱਜ ਤੱਕ ਨਹੀਂ ਭੁੱਲੀ ਤਾਂ ਸਾਡੇ ਲਈ ਫਰਿਸ਼ਤਾ ਬਣ ਕੇ ਇਸ ਨੇਕ ਬੰਦੇ ਦਾ ਚਿਰਹਾ ਵੀ ਮੇਰੇ ਮਨ ਮਸਤਕ ਵਿਚ ਸਾਫ ਰੂਪ ਵਿਚ ਉਕਰਿਆਂ ਹੋਇਆ ਹੈ।

ਜਦੋਂ ਵੀ ਮੇਰੀ ਨਜ਼ਰ ਵਿੱਚ ਕੋਈ ਉੱਚਾ ਲੰਮਾਂ ਲੰਮਾ, ਗੋਰਾ ਚਿੱਟਾ ਤੇ ਦਗ ਦਗ ਕਰਦੇ ਰੋਹਬਦਾਰ ਚਿਹਰਾ ਪੈਂਦਾ ਹੈ ਤਾਂ ਮੈਂ ਉਸ ਵਿਚੋਂ ਆਪਣੇ ਮਾਮੇ ਖੁਦਾ ਬਖਸ਼ ਦੇ ਨਕਸ਼ ਤਲਾਸ਼ ਕਰਨ ਲੱਗ ਪੈਂਦੀ ਹਾਂ। ਮਾਮੇ ਨਾਲ ਮਿਲਦੇ ਨਕਸ਼ ਉਦੋਂ ਮੈਨੂੰ ਰਜਿੰਦਰਾ ਹਸਪਤਾਲ ਦੇ ਡਾਕਟਰ ਕਪਿਲ ਵਿੱਚੋਂ ਵੀ ਵਿਖਾਈ ਦਿੱਤੇ ਸਨ, ਜਦੋਂ ਇਹ (ਨਿਲੇਸ਼ ਦੇ ਦਾਦਾ) ਹਸਪਤਾਲ ਵਿਚ ਦਾਖਲ ਸਨ। ਫਿਰਕੂ ਅਧਾਰ 'ਤੇ ਵੱਖ ਹੋਏ ਦੋ ਮੁਲਕਾਂ ਦੇ ਸ਼ਰੀਕੇ ਨੇ ਮੇਰਾ ਪਿਉ ਤੇ ਭਰਾ ਖੋਹ ਲਏ ਸਨ ਤਾਂ ਜ਼ਮੀਨ ਦੀ ਵੰਡ ਕਾਰਨ ਉਪਜੇ ਭਰਾਵਾਂ ਦੇ ਸ਼ਰੀਕੇ ਨੇ ਮੇਰੇ ਪਤੀ ਨੂੰ ਹਸਪਤਾਲ ਵਿੱਚ ਪਹੁੰਚਾ ਦਿੱਤਾ ਸੀ। ਮੇਰੇ ਜੇਠ ਤੇ ਉਸਦੇ ਮੁੰਡਿਆਂ ਨਾਲ ਸਾਂਝੀ ਵੱਟ ਨੂੰ ਲੈ ਕੇ ਹੋਈ ਲੜਾਈ ਵਿੱਚ ਇਹਨਾਂ ਦੇ ਲੱਤ 'ਤੇ ਗੰਡਾਸੇ ਦਾ ਏਨਾ ਤਿੱਖਾ ਵਾਰ ਹੋਇਆ ਸੀ ਕਿ ਡਾਕਟਰਾਂ ਕੋਲ ਇਨ੍ਹਾਂ ਦੀ ਲੱਤ ਕੱਟਣ ਇਲਾਵਾ ਕੋਈ ਚਾਰਾ ਨਹੀ ਸੀ ਰਿਹਾ। ਇਨ੍ਹਾਂ ਦਾ ਇਲਾਜ ਕਰਦੇ ਡਾਕਟਰ ਕਪਿਲ ਦੇ ਨਕਸ਼ ਮਾਮੇ ਖੁਦਾਬਖਸ਼ ਨਾਲ ਮਿਲਦੇ ਵੇਖ

ਚਲੋ, ਮੈਂ ਮੰਨਿਆ ਕਿ ਜ਼ਿੰਦਗੀ ਦੁਸ਼ਵਾਰ ਹੈ ਡਾਹਢੀ,<br>
ਨਾ ਕਰੀਏ ਭੁੱਲ ਕੇ ਫਿਰ ਵੀ, ਕਦੇ ਕੁਝ ਖੁਦਕਸ਼ੀ ਵਰਗਾ। -ਦਰਸ਼ਨ ਬੇਦੀ

ਕੇ ਇਕ ਵਾਰ ਤਾਂ ਮੈਨੂੰ ਲੱਗਾ ਸੀ ਕਿ ਰੱਬ ਨੇ ਦੂਜੀ ਵਾਰ ਮੇਰੀ ਸਹਾਇਤਾ ਲਈ ਮਾਮੇ ਨੂੰ ਭੇਜ ਦਿੱਤਾ ਹੈ। ਡਾਕਟਰ ਨੇ ਆਪਣੇ ਵੱਲੋਂ ਕੋਈ ਕਸਰ ਵੀ ਬਾਕੀ ਨਹੀਂ ਸੀ ਰੱਖੀ ਪਰ ਆਖ਼ਿਰ ਸੀਨੀਅਰ ਡਾਕਟਰਾਂ ਦੀ ਸਲਾਹ 'ਤੇ ਲੱਤ ਕੱਟਣੀ ਹੀ ਪਈ ਸੀ ਤੇ ਇਨ੍ਹਾਂ ਆਪਣੀ ਰਹਿੰਦੀ ਉਮਰ ਨਕਲੀ ਲੱਤ ਦੇ ਸਹਾਰੇ ਹੀ ਕੱਟੀ ਸੀ। ਮੇਰੇ ਪਿਉ ਤੇ ਭਰਾ ਨੂੰ ਬਚਾ ਤਾਂ ਮਾਮਾ ਵੀ ਨਹੀਂ ਸੀ ਸਕਿਆ ਪਰ ਉਸ ਜੋ ਸਾਡੇ ਲਈ ਕੀਤਾ ਸੀ ਉਹ ਮੈਂ ਸਾਰੀ ਉਮਰ ਭੁੱਲ ਨਹੀਂ ਸਕਦੀ। ਆਪਣੇ ਪੁੱਤਰ ਤੇ ਪੋਤਿਆਂ ਨੂੰ ਮੈਂ ਉਹਨਾਂ ਦੇ ਇਸ ਰੱਬ ਵਰਗੇ ਮਾਮੇ ਦੀ ਕਹਾਣੀ ਏਨੀ ਵਾਰ ਸੁਣਾਈ ਸੀ ਕਿ ਉਹਨਾਂ ਦੇ ਮਨਾਂ ਵਿਚ ਵੀ ਉਸਦਾ ਪੱਕਾ ਵਾਸਾ ਹੋ ਗਿਆ ਸੀ।

ਵਿਜ਼ਟਿੰਗ ਰੂਮ ਦੇ ਬੈਂਚ ਤੇ ਲੇਟੀ ਪਈ ਦੇ ਵੀ ਮੇਰੇ ਅੰਦਰੋਂ ਇਹ ਸੁਆਲ ਵਾਰ ਵਾਰ ਉੱਠ ਰਿਹਾ ਹੈ ਕਿ ਇਹ ਸ਼ਰੀਕੇਬਾਜ਼ੀ ਸਾਰੀ ਉਮਰ ਆਖ਼ਿਰ ਬੰਦੇ ਦਾ ਪਿੱਛਾ ਕਿਉਂ ਨਹੀਂ ਛੱਡਦੀ। ਮੇਰੀਆਂ ਦੋ ਪੀੜ੍ਹੀਆਂ ਸ਼ਰੀਕੇਬਾਜ਼ੀ ਦੇ ਨਤੀਜੇ ਭੁਗਤ ਚੁੱਕੀਆਂ ਨੇ ਤੇ ਹੁਣ ਤੀਜੀ ਪੀੜ੍ਹੀ ਨੂੰ ਵੀ ਮੁੰਡਿਆਂ ਦੀ ਆਪਸੀ ਸ਼ਰੀਕੇਬਾਜ਼ੀ ਨੇ ਡੰਗ ਲਿਐ।

ਦੋ ਘੰਟਿਆਂ ਤੋਂ ਲੱਕੜ ਦੇ ਬੈਂਚ 'ਤੇ ਸੱਜੇ ਮੋਢੇ ਦੇ ਭਾਰ ਪਈ ਰਹਿਣ ਨਾਲ ਮੇਰਾ ਮੋਢਾ ਹੰਭ ਗਿਆ ਹੈ। ਮੈਂ ਪਾਸਾ ਪਰਤਿਆ ਹੈ ਤਾਂ ਨਾਲ ਹੀ ਮੇਰੀਆ ਸੋਚਾਂ ਨੇ ਵੀ ਪਾਸਾ ਪਰਤ ਲਿਆ ਹੈ ਅਤੇ ਇਹ ਅਤੀਤ ਨਾਲੋਂ ਟੁੱਟ ਕੇ ਫਿਰ ਨਿਲੇਸ਼ ਨਾਲ ਜੁੜ ਗਈਆਂ ਨੇ। ਭਾਵੇਂ ਨਿਲੇਸ਼ ਨੂੰ ਸੱਟਾਂ ਮਾਰਨ ਵਾਲੇ ਵਿਰੋਧੀ ਧਿਰ ਦੇ ਮੁੰਡਿਆਂ ਨੂੰ ਪੁਲਿਸ ਨੇ ਫੜ੍ਹ ਲਿਆ ਹੈ ਤੇ ਉਹ ਜੇਲ੍ਹ ਵੀ ਪਹੁੰਚ ਗਏ ਨੇ ਪਰ ਇਸ ਨਾਲ ਨਿਲੇਸ਼ ਦੇ ਲੱਗੀ ਸੱਟ ਦੇ ਜ਼ਖਮ ਤਾਂ ਨਹੀਂ ਆਠਰਣ ਲੱਗੇ। ਦੋ ਦਿਨਾਂ ਤੋਂ ਮੇਰੇ ਸਾਰੇ ਪਰਿਵਾਰ ਦੀ ਜਾਨ ਸੂਲੀ ਤੇ ਲਟਕ ਰਹੀ ਹੈ... ਜੇ ਨਿਲੇਸ਼ ਕਾਲਜ ਦੀ ਚੋਣ ਜਿੱਤ ਵੀ ਜਾਂਦਾ ਤਾਂ ਕੀ ਉਸਦੀ ਪ੍ਰਧਾਨਗੀ ਸਾਨੂੰ ਕਿਨਾਂ ਕੁ ਤਾਰ ਦੇਵੇਗੀ... ਐਵੇਂ ਵਾਧੂ ਦੀ ਦੁਸ਼ਮਣੀ। ਇਹ ਵੀ ਸੋਚ ਰਹੀ ਹਾਂ ਕਿ ਬੰਦਾ ਆਖਿਰ ਚਿੰਤਾ ਮੁਕਤ ਕਿਸ ਉਮਰ ਵਿਚ ਹੁੰਦੈ। ਮੈਂ ਤਾਂ ਸੁਰਤ ਸੰਭਾਲਣ ਤੋਂ ਲੈ ਕੇ ਅੱਜ ਤੱਕ ਸਾਰੀ ਉਮਰ ਚਿੰਤਾਵਾਂ ਵਿਚ ਹੀ ਘਿਰੀ ਰਹੀ ਹਾਂ। ਹੁਣ ਮੇਰੀ ਉਮਰ ਗੋਬਿੰਦ-ਭਜਨ ਗਾਉਣ ਦੀ ਹੈ ਪਰ ਮੈਨੂੰ ਅਜੇ ਵੀ ਆਪਣੇ ਦੁੱਖਾਂ ਦੇ ਕੀਰਨੇ ਹੀ ਪਾਉਣੇ ਪੈ ਰਹੇ ਨੇ। ਉਮਰ ਵੱਧਣ ਨਾਲ ਸਗੋਂ ਮੇਰੀ ਚਿੰਤਾ ਤਾਂ ਸਗੋਂ ਹੋਰ ਹੀ ਵੱਧਦੀ ਜਾਂਦੀ ਹੈ। ਇਹੋ ਜਿਹੀਆਂ ਸੋਚਾਂ ਨੇ ਮੈਨੂੰ ਬੇਹੱਦ ਬੇਚੈਨ ਕਰ ਦਿੱਤਾ ਹੈ ਤਾਂ ਮੇਰੇ ਲਈ ਬੈਂਚ 'ਤੇ ਲੇਟੇ ਰਹਿਣਾ ਵੀ ਮੁਸ਼ਕਿਲ ਹੋ ਗਿਆ ਹੈ। ਉਠ ਕੇ ਸੋਟੀ ਦੇ ਸਹਾਰੇ ਪਹਿਲਾਂ ਬੈਂਚ ਦੇ ਨੇੜੇ ਹੀ ਟਹਿਲਣ ਲੱਗ ਪਈ ਹਾਂ ਤੇ ਫਿਰ ਮੇਰੇ ਕਦਮ ਆਪ ਮੁਹਾਰੇ ਨਿਲੇਸ਼ ਦੇ ਕਮਰੇ ਵੱਲ ਵੱਧ ਗਏ ਹਨ।

"ਅੰਮਾ ਏਧਰ ਨਹੀਂ ਜਾਣਾ...।" ਕਮਰੇ ਤੋ ਬਾਹਰ ਬੈਠੀ ਡਿਊਟੀ ਨਰਸ ਨੇ ਮੈਨੂੰ ਅੰਦਰ ਜਾਣ ਤੋਂ ਵਰਜਿਆ ਹੈ। ਬੇਬਸ ਹੋਈ ਪੁੱਤਰ ਤੇ ਨੂੰਹ ਵਾਲੇ ਬੈਂਚ 'ਤੇ ਉਹਨਾਂ ਦੇ ਨਾਲ ਹੀ ਆਣ ਬੈਠੀ ਹਾਂ। ਅਸੀਂ ਸਾਰੇ ਇਕ ਦੂਜੇ ਨੂੰ ਦਿਲਾਸੇ ਦਿੰਦੇ ਹੋਏ ਵਕਤ ਲੰਘਾ ਰਹੇ ਹਾਂ। ਸਵੇਰ ਦੇ ਛੇ ਵਜੇ ਡਿਊਟੀ ਨਰਸ ਨੇ ਮੇਰੇ ਪੁੱਤਰ ਨੂੰ ਡਾਕਟਰ ਵੱਲੋਂ ਬੁਲਾਏ ਜਾਣ ਦਾ ਸੁਨੇਹਾ ਦਿੱਤਾ ਹੈ ਤਾਂ ਸਾਡਾ ਉਤਲਾ ਸਾਹ ਉੱਤੇ ਤੇ ਹੇਠਲਾ ਸਾਹ ਹੇਠਾਂ ਹੀ ਰਹਿ ਗਿਆ ਹੈ। ਪੁੱਤਰ ਜਿਨਾਂ ਚਿਰ ਡਾਕਟਰ ਦੇ ਕਮਰੇ ਵਿੱਚ ਹੈ ਮੈ ਹਨੂੰਮਾਨ ਚਲੀਸੇ ਦਾ ਪਾਠ ਸ਼ੁਰੂ ਕਰ ਦਿੱਤਾ ਹੈ। ਪਰ ਪਾਠ ਨਾਲ ਮੇਰੀ ਸੁਰਤ ਦਾ ਕੋਈ ਤਾਲ-ਮੇਲ ਨਹੀਂ ਬੈਠ ਰਿਹਾ। ਪੁੱਤਰ ਡਾਕਟਰ ਦੇ ਕਮਰੇ ਵਿੱਚੋਂ ਹੋ ਕੇ ਸਾਡੇ ਕੋਲ ਆਇਆ ਹੈ ਤਾਂ ਅਸੀਂ ਸਾਰੇ ਟਿਕ-ਟਿਕੀ ਲਾਈ ਉਸਦੇ ਮੂੰਹ ਵੱਲ ਵੇਖਣ ਲੱਗ ਪਏ ਹਾਂ।

"ਡਾਕਟਰ ਨੇ ਕਿਹੈ, ਬਈ ਨਿਲੇਸ਼ ਦੀ ਹਾਲਤ ਹੁਣ ਸਥਿਰ ਐ, ਖਤਰੇ ਵਾਲੀ ਕੋਈ ਗੱਲ ਨਹੀਂ ਪਰ ਸਿਰ ਵਿਚ ਖ਼ੂਨ ਵੱਧ ਵਹਿ ਜਾਣ ਕਾਰਨ ਖ਼ੂਨ ਦੀ ਬੋਤਲ ਹੋਰ ਚੜ੍ਹਾਉਣੀ ਪਵੇਗੀ। ਦੱਸਦਿਆਂ ਪੁੱਤਰ ਦੇ ਚਿਹਰੇ 'ਤੇ ਚਿੰਤਾ ਹੋਰ ਵੱਧ ਗਈ ਹੈ। ਉਹ ਤੇ ਮੇਰਾ ਪੋਤਾ ਅਕਾਸ਼, ਨਿਲੇਸ਼ ਨੂੰ ਹਸਪਤਾਲ ਵਿਚ ਦਾਖਲ ਕਰਾਉਣ ਵੇਲੇ ਹੀ ਆਪਣੇ ਖ਼ੂਨ ਦੇ ਚੁੱਕੇ ਹਨ। ਇਸ ਲਈ ਡਾਕਟਰ ਨੇ ਉਨ੍ਹਾਂ ਨੂੰ ਹੋਰ ਖ਼ੂਨ ਦੇਣ ਤੋਂ ਇਕ ਮਹੀਨੇ ਲਈ ਮਨ੍ਹਾ ਕੀਤਾ ਹੋਇਆ ਹੈ। ਮੇਰਾ ਪੁੱਤਰ ਬਲੱਡ ਵੱਲ ਵਾਹੋ-ਦਾਹੀ ਭੱਜਾ ਹੈ ਤੇ ਵਾਪਸੀ ਤੇ ਉੱਥੇ ਨਿਲੇਸ਼ ਦੇ ਗਰੁਪ ਦਾ ਖ਼ੂਨ ਨਾ ਮੌਜੂਦ ਹੋਣ ਦੀ ਗੱਲ ਦੱਸੀ ਹੈ। ਬੈਂਕ ਵਾਲਿਆਂ ਨੇ ਇਹ ਦੱਸ ਕੇ ਸਾਡੀ ਚਿੰਤਾ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ ਕਿ ਇਸ ਗੁਰੱਪ ਦਾ ਖ਼ੂਨ ਬਹੁਤ ਘੱਟ ਬੰਦਿਆਂ ਵਿਚ ਹੁੰਦਾ ਹੈ।

ਨਿਲੇਸ਼ ਦੀ ਯੂਨੀਅਨ ਦੇ ਕਈ ਮੁੰਡਿਆਂ ਨੂੰ ਫ਼ੋਨ ਕੀਤੇ ਹਨ ਪਰ ਕਿਸੇ ਦਾ ਖ਼ੂਨ ਉਸ ਗਰੁੱਪ ਦਾ ਨਹੀਂ ਹੈ, ਜਿਸ ਦੀ ਇਸ ਵੇਲੇ ਸਾਨੂੰ ਲੋੜ ਹੈ। ਕਿਸੇ ਨੂੰ ਸਮਝ ਨਹੀਂ ਆ ਰਹੀ ਕਿ ਕਰੀਏ ਤਾਂ ਕੀ ਕਰੀਏ। ਅਚਾਣਕ ਅਕਾਸ਼ ਦੇ ਇਕ ਦੋਸਤ ਨੇ ਆਪਣਾ ਖ਼ੂਨ ਨਿਲੇਸ਼ ਦੇ ਖ਼ੂਨ ਨਾਲ ਮਿਲਦਾ ਦੱਸ ਕੇ ਸਾਡੇ ਤਣਾਓ ਨੂੰ ਕੁਝ ਘੱਟ ਕੀਤਾ ਹੈ ਅਤੇ ਉਸ ਪੰਦਰਾਂ ਮਿੰਟ ਵਿਚ ਹਸਪਤਾਲ ਪਹੁੰਚਣ ਦੀ ਤੱਸਲੀ ਵੀ ਸਾਨੂੰ ਦਿੱਤੀ ਹੈ ਪਰ ਇਹ ਪੰਦਰਾਂ ਮਿੰਟ ਹੀ ਸਾਡੇ ਲਈ ਤਾਂ ਪੰਦਰਾਂ ਯੁਗ ਹੋ ਨਿਬੜੇ ਨੇ। ਵਿਕਾਸ ਦਾ ਦੋਸਤ ਤੇ ਮੇਰਾ ਪੁੱਤਰ ਡਾਕਟਰ ਦੇ ਕਮਰੇ ਵੱਲ ਚੱਲੇ ਗਏ ਹਨ। ਪੰਜ ਕੁ ਮਿੰਟ ਤੋਂ ਬਾਅਦ ਪੁੱਤਰ ਨੇ ਵਾਪਸ ਆ ਕੇ ਦੱਸਿਆ ਹੈ ਕਿ ਉਸਦੇ ਦੋਸਤ ਦਾ ਖ਼ੂਨ ਨਿਲੇਸ਼ ਨੂੰ ਚੜ੍ਹਨਾ ਸ਼ੁਰੂ ਹੋ ਗਿਆ ਹੈ ਤਾਂ ਅਸੀਂ ਥੋੜ੍ਹੀ ਰਾਹਤ ਦਾ ਸਾਹ ਲਿਆ ਹੈ ਅਤੇ ਮੈਂ ਹਨੂੰਮਾਨ ਚਾਲੀਸਾ ਦਾ ਵਿਚਾਲੇ ਛੱਡਿਆ ਪਾਠ ਫਿਰ ਸ਼ੁਰੂ ਕਰ ਦਿੱਤਾ ਹੈ।

ਸਵੇਰੇ ਦੇ ਨੌਂ ਕੁ ਵਜੇ ਡਾਕਟਰ ਨੇ ਫਿਰ ਮੇਰੇ ਪੁੱਤਰ ਨੂੰ ਆਪਣੇ ਕਮਰੇ ਵਿਚ ਬੁਲਾਇਆ ਹੈ ਤੇ ਅਸੀਂ ਇਕ ਵਾਰ ਫਿਰ ਕਿਸੇ ਅਣਹੋਣੀ ਵਾਪਰਣ ਦੇ ਫ਼ਿਕਰ ਨਾਲ ਡਰ ਗਏ ਹਾਂ। ਪਰ ਇਸ ਵਾਰ ਜਦੋਂ ਪੁੱਤਰ ਡਾਕਟਰ ਦੇ ਕਮਰੇ ਵਿਚੋ ਬਾਹਰ ਆਇਆ ਹੈ ਤਾਂ ਉਸਨੂੰ ਮੁਸਕਰਾਉਂਦੇ ਹੋਏ ਵੇਖ ਕੇ ਅਸੀਂ ਚੈਨ ਦਾ ਲੰਬਾ ਸਾਹ ਲਿਆ ਹੈ।

"ਡਾਕਟਰ ਕਹਿੰਦੈ ਕਿ ਨਿਲੇਸ਼ ਹੁਣ ਹੋਸ਼ ਵਿਚ ਆ ਚੁੱਕੈ ਤੇ ਉਹ ਖ਼ਤਰੇ ਤੋਂ ਪੂਰੀ ਤਰ੍ਹਾਂ ਬਾਹਰ ਐ। ਨਰਸਾਂ ਅਜੇ ਉਸਦੀ ਡਰੈਸਿੰਗ ਕਰ ਰਹੀਆ ਨੇ... ਆਪਾਂ ਸਾਰੇ ਅੱਧੇ ਘੰਟੇ ਬਾਅਦ ਉਸ ਨੂੰ ਮਿਲ ਸਕਦੇ ਹਾਂ।" ਪੁੱਤਰ ਦੇ ਬੋਲ ਸਾਡੇ ਲਈ ਕਿਸੇ ਇਲਾਹੀ ਬਾਣੀ ਤੋਂ ਘੱਟ ਨਹੀਂ ਹਨ।

ਮੈਂ ਮਨ ਹੀ ਮਨ ਪਤਾ ਨਹੀਂ ਮੁਰਲੀ ਵਾਲੇ, ਬਜਰੰਗ ਬਲੀ ਤੇ ਸ਼ੇਰਾਂ ਵਾਲੀ ਮਾਤਾ ਸਮੇਤ ਕਿੰਨੇ ਹੀ ਦੇਵਤਿਆ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਸਾਨੂੰ ਵੱਸਦਿਆ ਵਿਚ ਰੱਖ ਲਿਆ ਹੈ। ਇੱਕ ਇੱਕ ਮਿੰਟ ਕਰਕੇ ਅਸੀਂ ਅੱਧਾ ਘੰਟਾ ਮਸਾਂ ਹੀ ਲੰਘਾਇਆ ਹੈ ਅਤੇ ਵਾਹੋ-ਦਾਹੀ ਨਿਲੇਸ਼ ਦੇ ਬੈੱਡ ਵੱਲ ਤੁਰ ਪਏ ਹਾਂ।

ਨਿਲੇਸ਼ ਬੈਡ 'ਤੇ ਢੋਹ ਲਾ ਕੇ ਬੈਠਾ ਹੈ। ਉਸਦੇ ਨਾਲ ਦੇ

ਕਿਹੜੀ ਕਿਹੜੀ ਸ਼ੈਅ ਮੈਂ ਦਸਾਂ, ਜੋ ਨਹੀਂ ਭੁੱਲਦੀ ਮੈਨੂੰ।
ਪਿੰਡ ਦੀ ਸ਼ਾਮ ਸੁਹਾਣੀ ਚੰਨ ਦੀ ਲੋਅ ਨਹੀਂ ਭੁੱਲਦੀ ਮੈਨੂੰ। -(ਅਗਲੇ ਸਫ਼ੇ 'ਤੇ)

ਬੈੱਡ 'ਤੇ ਉਸਨੂੰ ਖ਼ੂਨ ਦੇਣ ਵਾਲਾ ਸੋਹਣਾ ਸੁਨੱਖਾ ਮੁੰਡਾ ਵੀ ਬੈਠਾ ਮੁਸਕਰਾ ਰਿਹਾ ਹੈ। ਮੈਂ ਨਿਲੇਸ਼ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਅੱਗੇ ਵੱਧੀ ਹਾਂ ਪਰ ਨਰਸ ਨੇ ਮੇਰੀ ਬਾਂਹ ਫੜ ਕੇ ਰੋਕ ਦਿੱਤਾ ਹੈ। "ਅੰਮਾਂ ਏਨੇ ਕਾਹਲੇ ਨਾ ਪਵੋ... ਅਜੇ ਟਾਂਕੇ ਕੱਚੇ ਨੇ... ਹਫ਼ਤੇ ਤੱਕ ਛੁਟੀ ਮਿਲ ਜਾਵੇਗੀ ਤੁਹਾਡੇ ਪੋਤੇ ਨੂੰ... ਘਰ ਜਾ ਕੇ ਜਿੰਨੀਆਂ ਮਰਜ਼ੀ ਘੁੱਟ ਕੇ ਜੱਫੀਆਂ ਪਾ ਲਿਉ ਆਪਣੇ ਲਾਡਲੇ ਨੂੰ।"

ਦੂਸਰੇ ਬੈੱਡ 'ਤੇ ਬੈਠੇ ਮੁੰਡੇ ਨੇ ਸਾਡੇ ਸਤਿਕਾਰ ਵਜੋਂ ਉੱਠਣਾ ਚਾਹਿਆ ਹੈ ਪਰ ਮੇਰੇ ਪੁੱਤਰ ਨੇ ਉਸਦੇ ਮੋਢਾ ਪਲੋਸਦਿਆਂ ਕੇ ਉਸਨੂੰ ਬੈਠੇ ਰਹਿਣ ਲਈ ਹੀ ਕਹਿ ਦਿੱਤਾ ਹੈ।

"ਸਲਾਮ ਅੰਮਾ ਜਾਨ...।" ਉਸ ਮੁੰਡੇ ਨੇ ਬੈਠੇ ਬੈਠੇ ਹੀ ਮੇਰੇ ਅੱਗੇ ਸਿਰ ਝੁਕਾਇਆ ਹੈ। ਅੰਮਾ ਦੀ ਬਜਾਏ ਅੰਮਾ ਜਾਨ ਤੇ ਨਮਸਤੇ ਦੀ ਬਜਾਏ ਸਲਾਮ ਸੁਣ ਕੇ ਇਕ ਵਾਰ ਤਾ ਮੈਂ ਤ੍ਰਭਕ ਜਿਹੀ ਗਈ ਹਾਂ... ਫਿਰ ਉਸਦਾ ਸਿਰ ਪਲੋਸਦਿਆਂ ਪੁੱਛਿਆਂ ਹੈ, "ਕੀ ਨਾਂ ਐ ਕਾਕਾ ਤੇਰਾ?"

"ਮੇਰਾ ਨਾਂ ਏਜਾਜ਼ ਅਲੀ ਹੈ ਅੰਮਾ ਜਾਨ... ਮੈਂ ਤੇ ਵਿਕਾਸ ਇੱਕਠੇ ਹੀ ਪੜ੍ਹਦੇ ਹਾਂ।" ਉਸ ਦੱਸਿਆ ਹੈ।


"ਤੂੰ ਤਾਂ ਉਹੀਂ ਹੈ, ਮੇਰਾ ਬਜਰੰਗ ਬਲੀ... ਸੰਜੀਵਨੀ ਬੂਟੀ ਲਿਆਉਣ ਵਾਲਾ" ਮੇਰੇ ਮੂੰਹੋਂ ਆਪ ਮੁਹਾਰੇ ਨਿਕਲਿਆ ਹੈ ਤੇ ਕੁਝ ਪਲ ਪਹਿਲਾਂ ਨਿਲੇਸ਼ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਉੱਠੀਆਂ ਮੇਰੀਆਂ ਬਾਹਾਂ ਨੇ ਹੁਣ ਏਜ਼ਾਜ਼ ਨੂੰ ਆਪਣੇ ਕਲਾਵੇ ਵਿੱਚ ਘੁੱਟ ਲਿਆ ਹੈ।

ਏਜ਼ਾਜ਼ ਨੂੰ ਭਾਵੇਂ ਮੇਰੀ ਗੱਲ ਸਮਝ ਨਹੀਂ ਪਈ ਅਤੇ ਉਹ ਕੁਝ ਹੈਰਾਨੀ ਜਿਹੀ ਨਾਲ ਮੇਰੇ ਵੱਲ ਵੇਖ ਰਿਹਾ ਹੈ ਪਰ ਮੇਰੇ ਆਪ ਮੁਹਾਰੇ ਦੇ ਬੋਲਾਂ ਨੇ ਮੇਰੇ ਪਰਿਵਾਰ ਦੇ ਸਾਰੇ ਜੀਆਂ ਦੇ ਚਿਹਰੇ ਤੇ ਮੁਸਕਰਾਹਟ ਲਿਆ ਦਿੱਤੀ ਹੈ। ਇੱਥੋਂ ਤੱਕ ਕੇ ਸਾਡੇ ਅੰਦਰ ਆਉਣ 'ਤੇ ਉਦਾਸ ਵਿਖਾਈ ਦਿੱਤਾ ਨਿਲੇਸ਼ ਵੀ ਹੁਣ ਮੰਦ ਮੰਦ ਮੁਸਕਰਾ ਰਿਹਾ ਹੈ।

ਕਹਾਣੀ

# ਰੰਜਕਦਾਸ

## ਪਰਗਟ ਸਿੰਘ ਸਤੌਜ



ਪਰਗਟ ਸਿੰਘ ਸਤੌਜ

ਪਿਛਲੇ ਦੋ ਸਾਲਾਂ ਤੋਂ ਮੇਰੀ ਮੌਤ ਬਾਰੇ ਗੱਦੀ ਕੁੱਤਿਆਂ ਵਾਂਗੂੰ 'ਟਊਂ-ਟਊਂ' ਜਿਹਾ ਕਰਦਿਆਂ ਸੁਣ ਕੇ ਮੇਰੀ ਰੂਹ ਦੀ ਜ਼ਮੀਰ ਜਾਗ ਹੀ ਪਈ ਹੈ ਕਿ ਤੁਹਾਨੂੰ ਸੱਚ ਆਪ ਹੀ ਦੱਸ ਦੇਵਾਂ। ਤੁਸੀਂ ਸੋਚਦੇ ਹੋਓਂਗੇ, 'ਇਹ ਦੋ ਸਾਲਾਂ ਤੋਂ ਮਰਿਆ ਬੁਬਨਾ ਕਿਹੜੇ ਖੱਲ-ਖੂੰਜੇ 'ਚੋਂ ਬੋਲ ਪਿਆ ਹੈ। ਹੈਰਾਨ ਨਾ ਹੋਓ ਬਾਬਿਓ! ਮੈਂ ਡੇਰੇ ਆਲੇ ਬਾਬੇ ਰੰਜਕਦਾਸ ਦੀ ਰੂਹ ਆਪ ਆਈ ਹਾਂ, ਤੁਹਾਡੇ ਭਰਮ ਜਾਲ ਤੋੜਨ ਲਈ।

"ਹਾਂ! ਹਾਂ! ਓਹੀ ਪੂਜਨੀਕ ਬਾਬਾ ਰੰਜਕਦਾਸ ਜੀ। ਅੱਜ ਹੀ ਮੇਰੀ ਬਰਸੀ ਮਨਾਈ ਜਾ ਰਹੀ ਐ।

ਹੈ? ਦੇਖਣਾ ਚਾਹੁੰਦੇ ਹੋ?

ਆਓ ਫੇਰ ਡੇਰੇ ਲੈ ਚੱਲਾਂ। ਊਂ ਤਾਂ ਮੈਂ ਝੰਡੇ ਅਮਲੀ ਵਾਂਗੂੰ ਸਾਰੀ ਰਾਮ-ਲੀਲ੍ਹਾ ਆਪ ਈ ਸੁਣਾ ਦਿਊਂ। ਜੇ ਕੁਛ ਪੁੱਛਣਾ ਵੀ ਹੋਵੇ ਤਾਂ ਉੱਚੀ ਬੋਲਿਓ। ਮੈਨੂੰ ਵੀ ਅੱਜ ਦੇ ਨੇਤਾਵਾਂ ਵਾਂਗ ਉੱਚਾ ਈ ਸੁਣਦੈ।

ਆਹ ਦੇਖੋ! ਮੇਰੀ ਬਰਸੀ ਦਾ ਰੌਣਕ-ਮੇਲਾ। ਮਰਕੇ ਚੀਮਿਆਂ ਆਲੇ ਮੇਲੇ ਜਿੰਨਾ 'ਕੱਠ ਐ। ਇੱਥੇ ਤੁਹਾਨੂੰ ਮਨੁੱਖ ਦੀ ਹਰ ਬਰੈਟੀ ਮਿਲਜੂ। ਮੇਰੀ ਸੇਵਾ ਭਾਵਨਾ 'ਚ ਅੰਨ੍ਹੇ ਹੋਏ ਵੀ ਮਿਲ ਜਾਣਗੇ। ਕਈ ਹੀਰ ਤੇ ਰਾਂਝਿਆਂ ਦੇ ਇਸ਼ਕ ਪੇਚੇ ਲੜਾਉਣ ਲਈ ਵੀ ਇਹ ਡੇਰਾ ਬੇਲੇ ਦਾ ਕੰਮ ਸਾਰ ਦਿੰਦੈ। ਕਈ ਵਿਚਾਰੇ ਟੱਲੀ ਛੜੇ ਵਰਗੇ ਵੀ ਲੋਕਾਂ ਦੀਆਂ ਤੀਵੀਆਂ 'ਤੇ ਅੱਖਾਂ ਤੱਤੀਆਂ ਕਰਕੇ ਬੁੱਤਾ ਸਾਰਨ ਆ ਜਾਂਦੇ ਨੇ। ਜੇ ਮੌਕਾ ਲੱਗੇ ਤਾਂ ਚੂੰਡੀ-ਚੱਪਾ ਵੀ ਵੱਢ ਜਾਂਦੇ ਨੇ। ਤੇ...।

ਹੈਂ...? ਹੈਂ? ਕੀ ਕਿਹਾ?

ਅੱਛਿਆ, ਅੱਛਿਆ! ਸਮਝ ਗਿਆ। ਗੁੱਸਾ ਨਾ ਮੰਨਿਓਂ! ਮੈਂ, ਸੋਨੂੰ ਦੱਸਿਐ ਵੀ 'ਉਨ੍ਹਾਂ' ਵਾਂਗ ਘੱਟ ਈ ਸੁਣਦੈ। ਅੱਛਿਆ, ਤੁਹਾਡੀ ਮਰਜ਼ੀ। ਜੇ ਮੇਰੀ ਕਹਾਣੀ ਸੁਣਨੀ ਈ ਐ ਤਾਂ ਉਹ ਵੀ ਸੁਣਾ ਦਿੰਨਾਂ। ਹੁਣ ਕਿਹੜਾ ਆਪਣਾ ਆਰਤੀ ਦਾ ਟੈਮ ਖੁੰਝਦਾ ਜਾਂਦੈ। ਨਾ ਹੀ ਆਪਾਂ ਗਜਾ ਨੂੰ ਜਾਣੈ। ਹੁਣ ਤਾਂ ਆਪਣਾ ਅਸ਼ੀਰਵਾਦ ਦੇਣ ਦਾ ਵੀ ਪੱਕਾ ਟੈਮ ਬੰਨ੍ਹਿਆ ਹੋਇਐ। ਉਹ ਫੇਰ ਦੱਸੂੰ। ਹਾਂ ਸੱਚ! ਮੇਰੀ ਕਹਾਣੀ। ਲੈ ਸੁਣੋ।

ਅਸੀਂ ਤਾਂ ਮੇਰੇ ਕੰਜਰ ਬਾਪ ਦੇ ਤਿੰਨ ਪਤੰਦਰ ਜੰਮੇ ਸੀ। ਮੈਂ ਵੱਡਾ, ਦੋ ਮੈਥੋਂ ਛੋਟੇ। ਲੈ... ਐਂ...ਹੱਸਣ ਆਲੀ ਜਾਂ ਗੰਭੀਰ ਹੋ ਕੇ ਸੋਚਣ ਆਲੀ ਇਹਦੇ 'ਚ ਕੋਈ ਗੱਲ ਨੀ। ਮੇਰੇ ਬਾਪੂ ਨੂੰ ਸਾਰਾ ਪਿੰਡ ਈ ਕੰਜਰ ਕਹਿੰਦਾ ਸੀ। ਕੰਜਰ ਕਹੇ ਵੀ ਕਿਉਂ ਨਾ ਉਹਨੇ ਕੰਮ ਈ ਕੰਜਰਾਂ ਆਲ਼ੇ ਕੀਤੇ ਸੀ। ਉਹ ਵੀ ਸੁਣ ਲਓ ਕਿਉਂ? ਮੇਰੇ ਬਾਪ ਦੇ ਨਸ਼ੇ-ਪੱਤੇ ਕਰਕੇ ਕਿਸੇ ਨੇ ਡੋਲਾ ਨਹੀਂ ਸੀ ਤੋਰਿਆ। ਫੇਰ ਬਾਪੂ ਨੇ 'ਮਰਦੀ ਨੇ ਅੱਕ ਚੱਬਿਆ, ਹਾਰ ਕੇ ਛੜੇ ਜੇਠ ਨਾਲ ਲਾਈਆਂ' ਵਾਲੀ ਗੱਲ ਕਰਕੇ ਸਾਡੇ ਗੁਆਂਢੀ ਪਿੰਡੋਂ ਡੂੰਮਾਂ ਦੀ ਕੁੜੀ ਕੱਢ ਲਿਆਇਆ ਸੀ। ਬਾਪੂ ਮਿਰਜ਼ੇ ਵਾਂਗੂੰ ਬੁੱਧੂ ਵੀ ਨਹੀਂ ਸੀ ਬਈ ਕਿਸੇ ਜੰਡ ਥੱਲੇ ਦਮ ਲੈਣ ਲਈ ਬੈਠ ਜਾਂਦਾ। ਉਹ ਤਾਂ ਪੂਰਾ ਸੱਤਾਂ ਪੱਤਣਾਂ ਦਾ ਤਾਰੂ ਸੀ। ਰਾਤੋਂ-ਰਾਤ ਸਾਡੀ ਮਾਂ ਵੀਹ ਜੂਹਾਂ ਟਪਾ ਦਿੱਤੀ। ਸਵੇਰ ਨੂੰ ਡੂੰਮ ਅੱਧਾ ਪਿੰਡ ਲੈ ਕੇ ਸਾਡੇ ਘਰ ਆ ਵੜੇ। ਹੁਣ ਬਾਪੂ ਉਹਨਾਂ ਨੂੰ ਕਿੱਥੋਂ ਮਿਲਣਾ ਸੀ ਜਿਵੇਂ ਕਹਿੰਦੇ ਨੇ, 'ਉੱਡਦੀ ਧੂੜ ਦਿਸੇ, ਪੀਰ ਨਜ਼ਰ ਨੀ ਆਉਂਦਾ' ਵਾਂਗ ਬਾਪੂ ਤਾਂ ਹਵਾ ਨੂੰ ਗੰਢਾਂ ਦੇ ਗਿਆ ਸੀ। ਡੂੰਮ ਕਿੰਨੇ ਹੀ ਦਿਨ ਲਾਹਵਾਂ ਦੇ ਪਿੰਡਾਂ ਵਿੱਚ ਬਾਪੂ ਦੀਆਂ ਪੈੜਾਂ ਸੁੰਘਦੇ ਫਿਰਦੇ ਰਹੇ। ਜਦ ਕੁਛ ਹੱਥ ਪੱਲੇ ਨਾ ਪਿਆ ਤਾਂ ਮੂਤ ਦੀ ਝੱਗ ਵਾਂਗ ਆਪੇ ਬੈਠ ਗਏ।

ਇੱਕ ਮਿੰਟ... ਓਧਰ ਦੇਖੋ! ਓ...ਹ ....ਆਉਂਦੀਆਂ ਨੇ ਸੁਲਫ਼ੇ ਦੀ ਲਾਟ ਵਰਗੀਆਂ। ਓਹ ਦੇਖਦਿਓਂ, ਸਾਰਿਆਂ ਤੋਂ ਮੂਹਰੇ

ਬੇਸ਼ੱਕ ਭਾਵੇਂ ਪਿੰਡ ਦੀ ਇਕ ਇਕ 'ਵਾਜ਼ ਨੂੰ ਭੁੱਲ ਵੀ ਜਾਵਾਂ,
'ਵਾਜ਼ ਨੂੰ ਸੁਣਕੇ ਅੱਗਿਓਂ ਕਰਨੀ ਹੋਅ ਨਹੀਂ ਭੁੱਲਦੀ ਮੈਨੂੰ। -ਇਰਸ਼ਾਦ ਸੰਧੂ

ਲਾਲ ਚੁੰਨੀ ਆਲ਼ੀ।

ਹਾਂ ਹਾਂ ਓਹੀ!

ਉਹ ਅੱਜ-ਕੱਲ੍ਹ ਬਾਬੇ ਨੌਮੀ ਦਾਸ ਤੋਂ ਸ਼ਾਮ ਨੂੰ 'ਅਸ਼ੀਰਵਾਦ' ਲੈਣ ਆਉਂਦੀ ਹੁੰਦੀ ਐ। ਪਹਿਲਾਂ ਕਈ ਮਹੀਨੇ ਮੈਥੋਂ ਵੀ ਬੜਾ ਅਸ਼ੀਰਵਾਦ ਲਿਐ। ਕਈਆਂ ਨੂੰ ਤਾਂ ਸਾਡੀ ਭਵੂਤੀ ਨੇ ਪੁੱਤਰ ਫਲ ਵੀ ਦਿੱਤੈ।

ਹੈਂ ਕੀ ਕਿਹਾ? ਫਸਦੀਆਂ?

ਲੈ ਫਸਣ ਨੂੰ ਕੀ ਐ, ਬੱਸ ਗਿੱਦੜਸਿੰਗੀ ਚਾਹੀਦੀ ਐ। ਹਰੇਕ ਬਿਜਨਸ ਨੂੰ ਚਲਾਉਣ ਦੀ ਗਿੱਦੜਸਿੰਗੀ ਹੁੰਦੀ ਐ ਗੁਰਮੁਖੋ! ਜਿੰਨੀ ਕੋਈ ਗਿੱਦੜਸਿੰਗੀ ਚੰਗੀ ਲਾਉਣ ਜਾਣਦਾ ਹੋਊ, ਓਨਾ ਈ ਕਾਮਯਾਬ ਹੋਊ।

ਓਹ ਦੇਖਦੈਂ ਬਾਮਣੀ! ਉਹ ਸਾਡੀ ਪੱਕੀ ਅਜੈਂਟ ਐ। ਸਾਰੇ ਪਿੰਡ ਦੀ ਖ਼ਬਰਸਾਰ ਏਸੇ ਦੇ ਜਰੀਏ ਆਉਂਦੀ ਐ। ਰੱਬ ਨੂੰ ਟਾਕੀਆਂ ਲਾਉਣ ਤੱਕ ਜਾਂਦੀ ਐ। ਇਹ ਜਿਨ੍ਹਾਂ ਨੂੰ ਡੇਰੇ ਲੈ ਕੇ ਆਉਂਦੀ ਐ, ਉਨ੍ਹਾਂ ਤੋਂ ਸੀ. ਆਈ. ਡੀ. ਆਲਿਆਂ ਵਾਗੂੰ ਪਹਿਲਾਂ ਈ ਸਾਰਾ ਭੇਤ-ਸੇਤ ਲੈ ਲੈਂਦੀ ਐ। ਓਹੀ ਗੱਲਾਂ ਜਦੋਂ ਅਸੀਂ...।

ਓਹ ਖੜ੍ਹ ਵੀ ਜਾਹ...। ਚੰਗਾ ਲੈ ਬਾਪੂ ਆਲ਼ੀ ਸੁਣ ਲੈ!

ਕਈ ਮਹੀਨੇ ਬਾਪੂ ਦੀ ਕਿਸੇ ਨੂੰ ਉੱਘ-ਸੁੱਘ ਈ ਨੀ ਲੱਗੀ। ਥੋਨੂੰ ਦੱਸਿਐ ਬਾਪੂ ਵੀ ਪੂਰਾ ਕੰਜਰ ਸੀ। ਦੋਵਾਂ ਪਿੰਡਾਂ ਦੀ ਕਿਸੇ ਬੰਦੇ ਵਿੱਚੋਂ ਦੀ ਵਾਰ-ਸਾਰ ਲੈਂਦਾ ਰਿਹਾ। ਜਦ ਗੱਲ ਪੂਰੀ ਠੰਢੀ ਪੈ ਗਈ ਤਾਂ ਇੱਕ ਦਿਨ ਬਾਪੂ ਨੇ ਸਵੇਰੇ-ਸਾਝਰੇ ਹੀ ਨੂੰਹ ਤੋਂ ਮਾਂ ਦੇ ਪੈਰੀਂ ਹੱਥ ਲਿਆ ਲਵਾਏ। ਪਿੰਡ ਵਿੱਚ ਪਹਿਲਾਂ-ਪਹਿਲਾਂ ਤਾਂ ਮੁਰਗਿਆਂ ਵਿੱਚ ਬਿੱਲਾ ਆ ਵੜਨ ਵਾਂਗ 'ਕੁਰਰ... ਕੁਰਰ...' ਜਿਹੀ ਹੋਈ। ਜਦ ਬਾਪੂ ਨੇ ਦੇਸੀ ਦਾ ਅਧੀਆ ਲਾ ਕੇ, ਹੱਥ 'ਚ ਗੰਡਾਸਾ ਫੜਕੇ ਬੀਹੀ ਵਿੱਚ ਜਾ ਲਲਕਾਰਾ ਮਾਰਿਆ, ''ਕਿਹੜਾ ਮੇਰਾ ਸਾਲ਼ਾ ਕੁਛ ਕਹਿਦੂ। ਜਾਂ ਤਾਂ ਪ੍ਰਹੁਣੇ ਨੂੰ ਆਪਣੀਆਂ ਕੁੜੀਆਂ ਦਾ ਸਾਕ ਦਿੰਦੇ। ਜਦੋਂ ਹੁਣ ਸੋਡਾ ਜਮਾਈ, ਸੋਡੀ ਛੋਟੀ ਨੂੰ ਕੱਢ ਲਿਆਇਆ, ਹੁਣ ਕਿਉਂ ਬੋਲਦੇ ਓਂ।'' ਸਾਰੇ ਵਿਹੜੇ 'ਚ ਸਨਾਟਾ ਛਾ ਗਿਆ। ਸਾਲ਼ੇ, ਸਾਰੇ ਗਿੱਦੜਾਂ ਵਾਂਗ ਘੁਰਨਿਆਂ 'ਚ ਜਾ ਵੜੇ। ਬਾਪੂ ਨੂੰ ਸਾਰਾ ਪਿੰਡ ਕੰਜਰ ਕਹਿਣ ਲੱਗ ਪਿਆ।

ਫੇਰ ਅੱਗੇ ਕੰਜਰ ਦੇ, ਕੰਜਰ ਪੁੱਤ ਅਸੀਂ ਜੰਮ ਪਏ। ਉਂਝ ਵੀ ਮੇਰੇ ਨਾਮ ਰੰਜਕ ਦਾਸ ਦੇ ਅੱਖਰਾਂ ਨੂੰ ਜੇ ਤੁਸੀਂ ਉਲਟਾ ਕਰਕੇ ਪੜ੍ਹੋਂ ਤਾਂ ਕੰਜਰ ਦਾਸ ਹੀ ਬਣਦੈ। ਊਂ ਵੀ ਸਾਨੂੰ ਇਹ ਕੰਜਰ ਦੀ ਅੱਲ ਵਿਰਸੇ ਵਿੱਚ ਹੀ ਮਿਲ ਗਈ ਸੀ।

ਪਹਿਲਾਂ ਤਾਂ ਕੰਜਰਾਂ ਆਲ਼ਾ ਕੰਮ ਮੈਂ ਆਪਣੇ ਵਿਹੜੇ ਵਿੱਚ ਹੀ ਕੀਤਾ ਸੀ। ਦੂਜਾ ਕੰਮ ਟਰੱਕਾਂ...।

ਓਹ ਖੜ੍ਹ ਵੀ ਜਾਹ ਪਤੰਦਰਾ! ਕਿਉਂ ਅੱਸਰ ਝੋਟੀ ਦੇ ਥਣਾਂ ਨੂੰ ਹੱਥ ਲਾਉਣ ਵਾਂਗੂੰ ਟੱਪੀ ਜਾਨੈਂ। ਤੈਨੂੰ ਕਹਿਤਾ ਵੀ ਸਾਰੀ ਸੁਣਾਊਂ ਕਹਾਣੀ ਤੈਨੂੰ, ਵਾਰਿਸ ਦੀ ਹੀਰ ਵਾਂਗੂੰ...।

ਹਾਂ ਉਹ ਸਾਡੇ ਗੁਆਂਢੀਆਂ ਦੀ ਬਹੂ ਸੀ। ਕੰਜਰ ਦੀ ਬੜੇ ਮੋਸ਼ਨ ਕਰਿਆ ਕਰੇ। ਜਦੋਂ ਕਦੇ ਮੂਹਰ ਦੀ ਮਿਗ਼ਰਾਈ ਵਾਂਗੂੰ ਤਰਦੀ ਲੰਘ ਜਾਂਦੀ, ਦਿਲ ਧੈਂਅ ਕਰਕੇ ਬੈਠ ਜਾਂਦਾ। ਪਹਿਲਾਂ ਤਾਂ ਮੈਂ ਦੇਖਿਆ ਕੁਛ ਚਿਰ। ਜਦ ਉਹ ਵੱਤ ਸਿਰ ਜੇ ਲੱਗੀ, ਆਪਾਂ ਪਾ 'ਤੀ ਫੇਰ ਸਿਰ 'ਚ ਭਵੂਤੀ ਓਹਦੇ। ਫੇਰ ਤਾਂ ਬੱਕਰੀ ਦੇ ਮੇਮਣੇ ਵਾਂਗੂ 'ਮੈਂ-ਮੈਂ' ਕਰਦੀ ਫਿਰਿਆ ਕਰੇ। ਮੈਂ ਕਿਹਾ ਕਾਹਨੂੰ ਪੁੱਛਦੈ, ਐਸੀ ਲਾਈ ਚਾਟ 'ਤੇ, ਸਾਡੇ ਘਰ ਦੇ ਕੌਲ਼ੇ ਈ ਚੱਟਦੀ ਫਿਰੀ ਜਾਇਆ ਕਰੇ ਸਾਰਾ ਦਿਨ।

ਇੱਕ ਦਿਨ ਆਪਾਂ ਜਾਨੀ ਚੋਰ ਵਾਂਗੂੰ ਦੇਖ ਕੇ ਆਲ਼ਾ-ਦੁਆਲ਼ਾ ਦੁਪਹਿਰੇ ਈ ਜਾ ਧੁਖਾਈ ਧੂਣੀ। ਅਜੇ ਮੰਤਰ ਪੜ੍ਹਨ ਈ ਲੱਗੇ ਸੀ 'ਪਹਿਲੀ ਚੋਰੀ, ਪਹਿਲਾ ਛਾਪਾ' ਵਾਂਗੂ ਉਹਦੇ ਘਰ ਆਲ਼ੇ ਦੀ ਪੈ ਗਈ ਰੇਡ। ਪਤਾ ਨੀ ਪਤੰਦਰ ਕਿੱਥੋਂ ਕੁੱਤੇ ਵਾਂਗੂ ਪੈੜ ਸੁੰਘਦਾ ਆਇਆ ਸੀ। ਹੱਥ 'ਚ ਸਾਲ਼ੇ ਦੇ ਡਾਂਗ। ਦੋ ਨਾਲ ਚਾਚੇ ਦੇ ਮੁੰਡੇ। ਆਪਾਂ ਤਾਂ ਬਲੈਕੀਆਂ ਦੇ ਭੁੱਕੀ ਦੀ ਬੋਰੀ ਛੱਡ ਕੇ ਭੱਜਣ ਆਲਿਆਂ ਵਾਂਗੂ ਓਥੀ ਸਾਰਾ ਕੁਝ ਛੱਡ ਕੇ ਚਿੱਤੜ-ਅੱਡੀਆਂ ਲਾ ਗਏ। ਆਪਣੇ ਭੱਜੇ ਜਾਂਦੇ ਦੇ ਇੱਕ ਡਾਂਗ ਤਾਂ ਜਰੂਰ ਵੱਜੀ ਪਰ ਆਪਾਂ ਹਾਕੀ ਦੀ ਗੇਂਦ ਵਾਂਗੂੰ ਤਿੰਨਾਂ ਨੂੰ ਝਕਾਨੀ ਜੀ ਦੇ ਕੇ ਵਿਚਕਾਰ ਦੀ ਲੰਘੇ ਆਏ।

ਕੀ ਕਿਹਾ? ਡਾਂਗ?

ਲੈ ਇੱਕ ਡਾਂਗ ਨਾਲ ਆਪਾਂ ਨੂੰ ਕੀ ਹੁੰਦੈ। ਇਹ ਤਾਂ ਆਪਣੀ ਖੁਰਾਕ ਐ। ਨਾਲੇ ਕੰਜਰਾਂ ਦੇ ਡਾਂਗਾਂ ਈ ਪੈਂਦੀਆਂ ਨੇ, ਹੋਰ ਆਪਣੇ ਕਿਹੜਾ ਭੈਣ ਦੀ ਨੋਟਾਂ ਆਲ਼ੇ ਹਾਰ ਪੈਣਗੇ? ਹੈਂ!

ਲੈ ਅੱਗੇ ਸੁਣੋ ਫੇਰ ਕਹਾਣੀ। ਓਥੋਂ ਫੇਰ ਮੈਂ ਜਿਉਂ ਭੱਜਿਆ, ਆਪਾਂ ਟਰੱਕ ਡਰਾਈਵਰੀ ਨੂੰ ਮੱਥਾ ਆ ਟੇਕਿਆ...।

ਕੀ...?

ਲੈ ਪਿੰਡ ਛੱਡਣ ਨੂੰ ਕਿਹੜਾ ਆਪਣਾ ਝੋਨੇ 'ਚੋਂ ਪਾਣੀ ਸੁੱਕਦਾ ਸੀ ਨੰਗਾਂ ਦਾ...। ਚੁੱਪ ਕਰਕੇ ਅੱਗੇ ਸੁਣੋ ਕਹਾਣੀ।

ਟਰੱਕਾਂ 'ਤੇ ਕੀਤੀ ਫੇਰ ਆਪਾਂ ਤਿੰਨ-ਚਾਰ ਸਾਲ ਡਰੈਵਰੀ ਡਟ ਕੇ। ਨਾਲੇ ਤਾਂ ਤੀਵੀਆਂ ਨਾਲ ਵਾਧੂ ਸਰਕਸ ਖੇਡਦੇ। ਨਾਲੇ ਨਸ਼ਾ-ਪੱਤਾ ਖੁੱਲ੍ਹਾ...।

ਇੱਕ ਮਿੰਟ, ਇੱਕ ਮਿੰਟ। ਓਧਰ ਦੇਖੋ।

ਏ... ਏ.. .ਓ...ਹ ਦੇ...ਖ। ਓਹ ਚਿੱਟੇ ਸੂਟ ਆਲ਼ੀ ਸਿੰਘਣੀ। ਗਾਤਰਾ ਦੇਖ ਕਿਵੇਂ ਲਮਕਾਇਐ। ਤੁਸੀਂ ਹੈਰਾਨ ਹੋਗੇ। ਕਹੋਂਗੇ ਬੂਬਣਾ ਸਾਲਾ ਉਈਂ 'ਉੱਘ ਦੀਆਂ ਪਤਾਲ' ਮਾਰੀ ਜਾਂਦੈ। ਇਹ ਗੱਲ ਹੈ ਸੱਚੀ, ਤੁਸੀਂ ਚਾਹੇ ਝੂਠ ਮੰਨੋ। ਆਹ ਗਾਤਰੇ ਦੀ ਤਾਂ ਕਿਲਾ-ਕੰਧ ਇਹਨੇ ਉਈਂ ਕੱਢ ਛੱਡੀ ਐ, ਵਿਚੋਂ ਇਹਦੇ ਵੀ ਸੌ ਪਾੜ ਖੁੱਲ੍ਹੇ ਨੇ। ਇੱਕ ਦਿਨ ਮੇਰੇ ਕੋਲ ਆਈ 'ਕੱਲੀ। ਟੇਕ ਕੇ ਦਸ ਰੁਪਏ ਮੱਥਾ ਮੂਹਰੇ ਬੈਠ ਗਈ, ਫੋਟੋ ਖਿਚਾਉਣ ਆਲਿਆਂ ਵਾਂਗੂ। ਮੈਂ ਕਿਹਾ, ''ਦੱਸ ਬੀਬਾ ਕੀ ਦੁੱਖ ਐ।'' ਪਹਿਲਾਂ ਤਾਂ ਬੋਲੀ ਨੀ। ਪੰਦਰਾਂ ਸਾਲ ਦੀ ਕੁੜੀ ਵਾਂਗੂ ਨਖਰੇ 'ਚ ਵਟ ਜੇ ਕਰੀਂ ਜਾਵੇ। ਜਦੋਂ ਮੈਂ ਹੱਸ ਕੇ ਕਿਹਾ, '' ਬੀਬਾ ਖੁੱਲ੍ਹ ਕੇ ਦੱਸ ਕੀ ਦੁੱਖ ਐ, ਸੰਤਾਂ ਕੋਲੇ ਹਰ ਮਰਜ਼ ਦੀ ਦਾਰੂ ਐ।'' ਤਾਂ ਉਹ ਵੀ ਬੁੱਲ੍ਹ ਜੇ ਮਰੋੜਦੀ, ਫੋਕਾ ਜਾ ਹੱਸਦੀ ਕਹਿੰਦੀ, ''ਬੱਚੇ ਦਾ ਦਾਨ ਬਖਸ਼ੋ ਜੀ।''

ਮੈਂ ਕਿਹਾ, ''ਘਰ ਆਲ਼ਾ?''

ਕਹਿੰਦੀ, ''ਉਹ ਤਾਂ ਜੀ ਮਿੱਸ ਭੜਾਕੈ।''

ਫੇਰ ਆਪਾਂ ਝੋਟੇ, ਢੱਠਿਆਂ ਵਾਂਗੂ ਮਨਜ਼ੂਰਸ਼ੁਦਾ ਦਾਗ ਦੇ ਕੇ ਛੱਡੇ ਈ ਹੁੰਨੇ ਆਂ। ਸਾਲ ਬਾਅਦ ਉਹਨਾਂ ਦੇ ਘਰ ਦੀ ਦੇਹਲੀ ਵਧ 'ਗੀ।

ਹੁਣ ਇਧਰ ਸੁਣੋ! ਬਰੇਟਿਆਂ ਤੋਂ ਮੈਂ ਰਾਤ ਨੂੰ ਪੱਥਰ ਲਾਹ ਕੇ ਮੁੜਿਆ ਸੀ। ਮੈਨੂੰ ਪੂਰੀ ਕਾਹਲ। ਉੱਪਰੋਂ ਮੀਂਹ ਹਨੇਰੀ ਜੋਰਾਂ ਦੀ। ਓਧਰੋਂ ਮੈਂ ਰਸਤੇ 'ਚੋਂ ਕਿਸੇ ਪਿੰਡੋਂ ਟੈਮ ਚੱਕਣਾ। ਇੱਕ ਟੁੱਟੀ

ਸੀ ਕਲ ਕਲ ਕਰ ਰਹੇ ਝਰਨੇ ਦੇ ਵਾਂਗੂੰ ਜ਼ਿੰਦਗੀ ਮੇਰੀ,
ਰੁਕੀ ਇਸ ਦੀ ਰਵਾਨੀ ਹੈ, ਤੇਰੇ ਤੁਰ ਜਾਣ ਦੇ ਮਗਰੋਂ। -ਗੁਰਜੀਤ ਸਹੋਤਾ

ਜਿਹੀ ਮਰੂਤੀ ਆਲਾ ਸਾਇਡ ਨਾ ਦੇਵੇ। ਮੈਂ ਪਹਿਲਾਂ ਤਾਂ ਗੱਡੀ ਥੋੜ੍ਹਾ ਜਾ ਪਿੱਛੇ ਕਰਲੀ। ਫੇਰ ਮੈਂ ਦਵੱਲ ਤੀ। ਦੂਰੋਂ ਈ ਦੇ ਹਾਰਨ 'ਤੇ ਹਾਰਨ, ਦੇ ਹਾਰਨ 'ਤੇ ਹਾਰਨ। ਜਦੋਂ ਉਹਨੇ ਮਾੜੀ ਜੀ ਇੱਕ ਪਾਸੇ ਕੀਤੀ, ਆਪਾਂ ਮਾਰਿਆ ਐਸਾ ਕੱਟ, ਗੱਡੀ ਰਜਾਈ ਵਾਂਗੂ 'ਕੱਠੀ ਕਰਤੀ। ਆਪਾਂ ਨੇ ਦਵੱਲ ਤੀ ਫੇਰ ਗੱਡੀ। ਰਾਤ ਨੂੰ ਓਸ ਪਿੰਡੋਂ ਟੈਮ ਚੱਕਿਆ 'ਤੇ ਸਵੇਰੇ ਚਾਰ ਵਜਦੇ ਨੂੰ ਫੇਰ ਨਿਕਲਗੇ।

ਕੀ ਮਰਿਆ?

ਲੈ ਮਰਨ ਕਿਹੜਾ! ਉਹਦਾ ਤਾਂ ਐਂ ਕਚੂਮਰ ਨਿਕਲ ਗਿਆ ਸੀ ਜਿਵੇਂ ਗੰਢੇ ਉੱਤੋਂ ਦੀ ਟਰਾਲੀ ਦਾ ਟੈਰ ਲੰਘਿਆ ਹੁੰਦੈ। ਆਪਾਂ ਸੋਚਿਆ, 'ਭੈਣ ਮਰਾਵੇ ਲੱਡੇ ਆਲਾ ਬਾਣੀਆ। ਆਪਣੀ ਕਿਹੜਾ ਗੱਡੀ ਐ। ਆਪੇ ਮਾਲਕ ਸਾਲਾ ਫਸੇ, ਚਾਹੇ ਛੁਟੇ, ਆਪਾਂ ਨੂੰ ਕੀ!' ਆਪਾਂ ਛੱਡਕੇ ਰਸਤੇ 'ਚ ਗੱਡੀ 'ਹੀਰੇ ਨੀ ਰਾਂਝਾ ਜੋਗੀ ਹੋ ਗਿਆ' ਡੇਰੇ ਆ ਬੈਠੇ। ਡੇਰੇ ਆਲ਼ੇ ਸਾਧ ਨਾਲ ਆਪਣੀ ਚੰਗੀ ਸੱਥਰੀ ਪੈਂਦੀ ਸੀ। ਆਉਂਦੇ-ਜਾਂਦੇ ਉਹਦੇ ਕੋਲੇ ਖੜ੍ਹਦੇ, ਸਾਧ ਨੂੰ ਚੰਗਾ ਅਸਲੀ ਮਾਲ ਖਵਾਉਂਦੇ। ਸਾਧ ਨੂੰ ਦੱਸੀ ਸਾਰੀ ਗੱਲ। ਸਾਧ ਕਹਿੰਦਾ, ''ਕੋਈ ਗੱਲ ਨੀ ਪੁੱਤਰਾ। ਡੇਰੇ ਅਹੇ ਜੇ ਲੁੰਗ-ਲਾਣੇ ਲਈ ਈ ਹੁੰਦੇ ਨੇ। ਨਾਲੇ ਤੂੰ ਟਰੱਕਾਂ 'ਚੋਂ ਕੀ ਕੱਢੇਂਗਾ। ਐਮੇਂ ਦਿਨ-ਰਾਤ ਖਪਾ-ਖੂਨ ਹੋਇਆ ਰਹਿਨੈਂ। ਕਿਸੇ ਡੇਰੇ 'ਚ ਬੈਠ ਕੇ 'ਸਾਨ੍ਹਪੁਣਾ' ਕਰ। ਜਦ ਮੈਂ ਉਹਦੇ ਸਾਨ੍ਹਪੁਣਾ ਕਹਿਣ 'ਤੇ ਹੈਰਾਨੀ ਨਾਲ ਵੇਖਿਆ ਤਾਂ ਉਹਨੇ ਰਮਜ਼ ਸਮਝਾਈ, ਸਾਧਪੁਣਾ ਅਸਲ 'ਚ ਸਾਨ੍ਹਪੁਣਾ ਈ ਹੁੰਦੈ।

ਕੀ ਕਿਹਾ ਬਾਬਿਓ?

ਸੋਨੂੰ ਦੱਸਿਐ ਵੀ... ਹਾਂ...! ਲੈ ਸਾਧ ਤਾਂ ਆਪ ਸਾਡੀ ਵਰੈਟੀ ਦਾ ਈ ਸੀ। ਤੀਵੀਂ ਮਗਰ ਐਂ ਭਜਦਾ ਸੀ ਜਿਵੇਂ ਕਬੱਡੀ ਦਾ ਜਾਫ਼ੀ ਧਾਵੀ ਨੂੰ ਫੜਨ ਭਜਦੈ। ਘਰੋਂ ਵੀ ਆਪਣੀ ਵੱਡੀ ਭਾਬੀ ਨਾਲ ਖੇਹ ਖਾਂਦਾ ਛਿੱਤਰ ਖਾ ਕੇ ਈ ਭੱਜਿਆ ਸੀ। ਓਹ... ਦੇਖਦਿਓਂ ਮੇਰਾ ਚੇਲਾ, ਜਿਹੜਾ ਹੁਣ ਮਹੰਤ ਬਣਿਆ ਬੈਠੈ। ਉਨ੍ਹਾਂ ਦੇ ਘਰ ਵੀ ਸਾਲੇ ਦੇ ਚੂਹੇ ਭੁੱਖੇ ਮਰਦੇ ਸੀ। ਭੁੱਖਾ ਮਰਦਾ ਚਰ੍ਹੀ ਦੇ ਸੁੱਕੇ ਟਾਂਡੇ ਵਾਂਗੂ ਹੋਇਆ ਪਿਆ ਸੀ। ਹੁਣ ਦੇਖਦਿਓਂ ਕਿਵੇਂ ਨੂਰ ਝਲਕਦੈ ਚਿਹਰੇ 'ਤੋਂ। ਜੇ ਕਬੀਲਦਾਰੀ ਦੇ ਗਧੀ-ਗੇੜ 'ਚ ਪਿਆ ਰਹਿੰਦਾ, ਨੇਰ੍ਹਾ ਢੋਂਦਾ ਛੜਾ ਈ ਤੁਰ ਜਾਂਦਾ ਜੱਗ ਤੋਂ। ਅੱਜ ਇਹਨੇ 'ਕੱਲੇ ਨੇ ਈ ਦੇਖਲੈ... ਹਾਂ...।

ਓਹ! ਹਾਂ! ਚਲ ਕੋਈ ਨਾ। ਗੱਲ ਸਾਲੀ ਉਂਈ ਮੀਂਹ 'ਚ ਤਿਲਕਦੇ ਅਮਲੀ ਦੇ ਸਾਈਕਲ ਵਾਂਗੂੰ ਹੋਰ ਈ ਪਾਸੇ ਤਿਲਕ ਜਾਂਦੀ ਐ।

ਹਾਂ! ਉਸਤਾਦ ਕਹਿੰਦਾ, ''ਮਨ-ਮਰਜੀ ਕਰਨ ਦੀ ਪੱਕੀ ਮਨਜੂਰੀ ਐਨ ਮੋਹਰ ਲਾ ਕੇ। ਤੈਨੂੰ ਕਿਸੇ ਚੀਜ ਦੇ ਮਗਰ ਭੱਜਣ ਦੀ ਲੋੜ ਨੀ। ਜਿਹੜੀ ਚੀਜ ਨੂੰ ਜੀਅ ਕਰੂ ਬੱਸ ਮੂੰਹੋਂ ਬਚਨ ਕੱਢਣੇ ਨੇ। ਇੱਕ ਦੀਆਂ ਦੋ-ਦੋ ਆਉਂਣਗੀਆਂ ਭੱਜੀਆਂ।''

ਕੀ ਕਿਹਾ ਮਾੜਾ ਜਾ ਉੱਚੀ ਬੋਲ। ਸੋਨੂੰ ਕਿ ਵੀ ਮੈਨੂੰ ਹਾਂ...ਅ...ਥੇ ਆ!

ਗਿੱਦੜਸਿੰਗੀ? ਗਿੱਦੜਸਿੰਗੀ ਕਿਹਾ, ਬੜੀ ਕਿਹਾ। ਅਹੀ ਜੀ ਦੱਸੀ ਉਸਤਾਦ ਨੇ ਗਿੱਦੜਸਿੰਗੀ, ਮਰਕੇ ਰੰਗਲ-ਮੰਗਲ ਹੋ ਗਏ। ਜਿਹੜੀ ਮਾਈ ਕੇਰਾਂ ਸਾਡੇ ਭਰਮ-ਜਾਲ 'ਚ ਫਸ ਜੇ, ਉਹਦੇ ਤਾਂ ਅਸੀਂ ਅਹਿਆ ਜਾ ਪਾਉਣਿਆਂ ਨਾਗਵਲ, ਬੱਸ ਸਾਡੇ ਕਿੱਲੇ ਦੇ ਈ ਆਲੇ-ਦੁਆਲੇ ਗੇੜੇ ਕੱਢਦੀ ਰਹਿੰਦੀ ਐ।

ਦੇਖੋ! ਦੇਖੋ! ਉਧਰ ਦੇਖੋ। ਓ...ਹ ਓਹੀ ਸਿੰਘਣੀ। ਕਿਉਂ? ਮੰਨਦਿਓਂ ਨਾ ਬਾਬੇ ਰੰਜਕਦਾਸ ਨੂੰ। ਰਗੜਦੀ ਐ ਨਾ ਮੇਰੀ ਸਮਾਧ 'ਤੇ ਮੱਥਾ। ਨਾਲੇ ਸੋਡੀਆਂ ਸੇਹਰਿਆਂ ਨਾਲ ਵਿਆਹ ਦੇ ਲਿਆਂਦੀਆਂ ਪਰਖਲਿਓ, ਜੇ ਨਾ ਪੰਜ ਦਿਨਾਂ 'ਚ ਸੋਨੂੰ ਦੁੱਧੋਂ ਹਟੀ ਮੱਝ ਦੇ ਕੱਟੇ ਵਾਂਗੂੰ ਭੁੱਲ ਜਾਣ।

ਇੱਕ ਗੱਲ ਹੋਰ ਐ ਪਰਦੇ ਆਲ਼ੀ। ਬਾਮਣੀ ਵਾਂਗੂੰ ਇਹ ਵੀ ਸਾਡੀ ਏਜੰਟ ਐ, ਦੂਜੇ ਨੰਬਰ ਦੀ। ਊਂ ਇਹਨੇ ਕੰਮ ਪਹਿਲੇ ਨੰਬਰ ਆਲ਼ੇ ਕੀਤੇ ਨੇ। ਇਹਨੇ ਤਾਂ ਆਪਣੀਆਂ ਰਿਸ਼ਤੇਦਾਰੀਆਂ 'ਚ ਵੀ ਸਾਡੀ ਐਸੀ ਮਹਿਮਾ ਗਾਈ, ਹੋਰ ਪਿੰਡਾਂ ਦੇ ਲੋਕ ਵੀ ਸਾਡੇ ਪੈਰਾਂ ਨੂੰ ਆ ਡਿੱਗੇ। ਆਹ ਦੇਖਦਿਓਂ ਦੋ ਕਮਰੇ। ਓਹ ਆਹ... ਯਾਰ, ਜਿਹੜੇ ਇੱਧਰ ਨਮੇਂ ਪਏ ਨੇ। ਹਾਂ, ਹਾਂ ਇਹੀ। ਇਹ ਏਸੇ ਦੀ ਮਿਹਰਬਾਨੀ ਦੇ ਨੇ।

ਕੀ ਪੈਸੇ?

ਲੈ ਇਹ ਕਿਉਂ ਪੈਸੇ ਦਿਉ। ਇਹਦੇ ਕੀ ਪੁੱਠੇ ਦਿਨ ਆਏ ਨੇ। ਸਾਡੀ ਅਸਲੀਅਤ ਦਾ ਤਾਂ ਇਹਨੂੰ ਪਤਾ ਈ ਐ। ਸਮਗਾਂ ਇਹਨੂੰ ਤਾਂ ਅਸੀਂ ਹੱਥ ਝਾੜਦੇ ਰਹੇ ਆਂ, ਜਿਵੇਂ ਭਾੜਾ ਪਾ ਕੇ ਮੱਝ ਦੀ ਧਾਰ ਕੱਢ ਲਈਂ ਦੀ ਐ। ਇਹਨੇ ਤਾਂ ਸਾਨੂੰ ਮੁਰਗੇ ਫਸਾਏ ਸੀ।

ਕੀ ਕਿਹਾ?

ਹਾਂ, ਹਾਂ, ਇਹੀ ਦੱਸਣ ਲੱਗਿਆਂ। ਇਹ ਤਿੰਨ ਕੇਸ ਲਿਆਈ ਮੁੰਡੇ ਦੀ ਦਾਤ ਲੈਣ ਆਲ਼ੇ। ਆਪਾਂ ਨੇ ਤਿੰਨਾਂ ਨੂੰ ਈ ਮੁੰਡਾ ਹੋਣ ਦੇ ਬਚਨ ਕਰਤੇ। ਆਪਣੇ ਨਿਕਲਣ ਲਈ ਮੋਰੀਆਂ ਪਹਿਲਾਂ ਈ ਰੱਖ ਲਈਆਂ...।

ਕੀ ਕਿਹਾ? ਉੱਚਾ ਬੋਲ।

ਅੱਛਿਆ ਮੋਰੀਆਂ! ਮੋਰੀਆਂ ਨੀ ਸਮਝਦਾ ਤੂੰ। ਮੋਰੀਆਂ ਇਹ ਤੀ, ਬਈ ਬੱਚਾ ਹੋਣ ਆਲ਼ੀ ਤੀਵੀਂ ਕਿਸੇ ਸ਼ਰਾਬੀ ਨਾਲ ਜ਼ਬਾਨ ਸਾਂਝੀ ਨਾ ਕਰੇ। ਸਵੇਰੇ ਉੱਠ ਕੇ ਰੋਜ਼ ਸੂਰਜ ਨੂੰ ਮੱਥਾ ਟੇਕੇ। ਬਾਂਝ ਤੀਵੀਂ ਦੇ ਹੱਥ ਦਾ ਨਾ ਖਾਵੇ।

ਕਾਹਨੂੰ ਪੁੱਛਦੈਂ ਫੇਰ! ਐਸਾ ਹੋਇਆ ਚਮਤਕਾਰ, ਤਿੰਨਾਂ 'ਚੋਂ ਇੱਕ ਦੇ ਮੁੰਡਾ ਹੋ ਗਿਆ। ਆਇਆ ਫੇਰ ਉਹ ਢੋਲ ਵਜਾਉਂਦਾ ਜਿਵੇਂ ਦਿੱਲੀ ਆਲ਼ਾ ਲਾਲ ਕਿਲਾ ਫ਼ਤਿਹ ਕਰ ਲਿਆ ਹੋਵੇ। ਕਹਿੰਦਾ, ''ਦੱਸੋ ਬਾਬਾ ਜੀ ਸੇਵਾ?'' ਆਪਾਂ ਕਹਿਤਾ ਫੇਰ, ''ਭਗਤਾ ਸੰਗਤਾਂ ਲਈ ਇੱਕ ਕਮਰਾ ਪਵਾ ਦੇ।'' ਉਹ ਖੱਬਾ ਕਮਰਾ ਓਸੇ ਨੇ ਪਵਾਇਐ ਫੇਰ। ਵਟ ਕੱਢਤੇ।

ਹਾਂ, ਹਾਂ, ਉਹ ਵੀ ਆਏ ਸੀ ਮੂੰਹ ਜਾ ਲਟਕਾਈਂ ਜਿਵੇਂ ਸਾਲਿਆਂ ਨੂੰ ਮੰਡੀ 'ਚ ਮਿਰਚਾਂ ਦਾ ਭਾਅ ਘੱਟ ਮਿਲਿਆ ਹੋਵੇ। ਆ ਕੇ ਉਲਾਂਭਾ ਜਾ ਦੇਣ ਆਲਿਆਂ ਵਾਂਗੂੰ ਕਹਿੰਦੇ, ''ਸਾਡੇ ਤਾਂ ਜੀ ਕੁੜੀ ਹੋ ਗੀ।''

ਆਪਾਂ ਨੇ ਫਸਾ ਲਏ ਫੇਰ ਉਨ੍ਹਾਂ ਘੁੰਡੀਆਂ 'ਚ ਈ। ਇੱਕ ਤਾਂ ਪਹਿਲਾਂ ਈ ਮੰਨ ਗਈ ਸੀ। ਕਹਿੰਦੀ, ''ਫਲਾਣਾ ਆਇਆ ਸੀ ਸ਼ਰਾਬ ਪੀ ਕੇ, ਮੈਂ ਤਾਂ ਗ਼ਲਤੀ ਨਾਲ ਉਹਦੇ ਨਾਲ ਬੋਲ ਪਈ।''

ਦੂਜੀ ਲੀਹ 'ਤੇ ਈ ਨਾ ਲੱਗੇ। ਕੋਈ ਗੱਲ ਈ ਨਾ ਮੰਨੇ। ਫੇਰ ਆਪਾਂ ਵੀ ਗਿੱਦੜਸਿੰਗੀ ਜਾਣਦੇ ਸੀ। ਫੇਰ ਮੰਨ ਗੀ। ਕਹਿੰਦੀ, ਇਕ ਦਿਨ ਸੂਰਜ ਨੂੰ ਪਾਣੀ ਦੇਣ ਦੀ ਭੁੱਲ ਤਾਂ ਹੋ ਗਈ ਹੋਵੇ ਕਹਿ ਨੀ ਸਕਦੀ।''

ਮਾਂ ਜਿਹੜੇ ਸੁੱਕ-ਮਾਂਜ ਬਣਾ ਕੇ, ਥਾਂ ਪੁਰ ਥਾਂ ਸੀ ਰੋਜ਼ ਟਿਕਾਉਂਦੀ,
ਅੱਜ ਤੀਕਰ ਵੀ ਚਮਕਣ ਭਾਂਡੇ-ਯਾਦਾਂ ਦੀ ਪੜਛੱਤੀ ਉੱਤੇ!!

ਬੱਸ ਆਪਣੇ ਲਈ ਤਾਂ ਫੇਰ ਐਨੀ ਓ ਆਂਟ ਵਾਧੂ ਸੀ। ਕਰਾ ਤੀ ਤਸੱਲੀ।

ਓਏ ਆਹੋ ਯਾਰ ਸਬਰ ਤਾਂ ਕਰ। ਊਈਂ ਸੂਣ ਆਲੀ ਮੱਝ ਵਾਂਗੂੰ ਮਿੱਟੀ ਜੀ ਪੱਟੀ ਜਾਨੈ।

ਇੱਕ ਮਿੰਟ, ਦਿਖਾ ਈ ਦਿੰਨਾਂ ਪਹਿਲਾਂ ਸੋਨੂੰ। ਏ... ਓ...ਹ, ਜਿਹੜੀ ਲੰਗਰ ਦੀਆਂ ਰੋਟੀਆਂ ਲਾਹੁਣ ਲੱਗੀ ਐ, ਚਿੱਟੀ ਜੀ ਚੁੰਨੀ ਆਲ਼ੀ ਗੁਲਾਬ ਕੌਰ। ਜੀਹਦੇ ਉਪਰਲੇ ਬੁਲ੍ਹ 'ਤੇ ਕਾਲਾ ਜਾ ਤਿਣ ਐ।

ਹਾਂ ਹਾਂ ਓਹੀ। ਇਹ ਸਾਥੋਂ ਦੂਏ-ਤੀਏ ਦਿਨ ਨਜ਼ਰ ਦਾ ਪਾਣੀ ਕਰਵਾਉਣ ਆਉਂਦੀ ਹੁੰਦੀ ਸੀ। ਹੌਲੀ-ਹੌਲੀ ਇਹਨੇ ਆਪਣੇ ਚਾਚੇ ਦੀ ਨੂੰਹ ਨੂੰ ਵੀ ਭਾੜਾ ਪਾ ਲਿਆ ਸੀ। ਫੇਰ ਵਾਰੀ-ਵਾਰੀ ਪਾਣੀ ਕਰਵਾਉਣ ਆਉਂਦੀਆਂ। ਪਹਿਲਾਂ ਇੱਕ ਗੱਲ ਸੋਨੂੰ ਹੋਰ ਦੱਸਾਂ। ਹੈਰਾਨ ਕਰਨ ਆਲੀ। ਇੱਕ ਇਹਦੀ ਕੁੜੀ ਸੀ ਚੌਦਾਂ-ਪੰਦਰਾਂ ਸਾਲਾਂ ਦੀ। ਇਹਦੀ ਬੁੱਕਲ ਓਹਦੇ ਨਾਲ ਵੀ ਖੁੱਲ੍ਹੀ ਹੋਈ ਸੀ। ਜਦੋਂ ਆਉਂਦੀ, ਨਾਲ ਕੁੜੀ ਨੂੰ ਲੈ ਕੇ ਆਉਂਦੀ। ਕੁੜੀ ਕਰਕੇ ਇਹਦੇ ਘਰ ਆਲ਼ਾ ਵੀ ਸ਼ੱਕ ਨੀ ਕਰਦਾ ਸੀ। ਇਹਦੀ ਕੁੜੀ ਦਾ ਟਾਂਕਾ ਵੀ ਆਪਾਂ ਨੇ ਈ ਫਿੱਟ ਕਰਵਾਇਆ ਸੀ, ਨੰਬਰਦਾਰਾਂ ਦੇ ਮੁੰਡੇ ਗੁਰਮੁਖ ਨਾਲ। ਗੁਰਮੁਖ ਵੀ ਫੇਰ ਆਪਣਾ ਵਿਸ਼ਵਾਸ ਯੋਗ ਚੇਲਾ ਬਣ ਗਿਆ ਸੀ।

ਹਾਂ ਸੱਚ! ਇੱਕ ਦਿਨ ਇਹ ਪਾਣੀ ਕਰਾਉਣ ਆਈ ਸਿਖਰ ਦੁਪਹਿਰੇ। ਇਹਦੀ ਕੁੜੀ ਬਾਹਰ ਬਰਾਂਡੇ 'ਚ ਗੁਰਮੁਖ ਨਾਲ ਗੱਲੀਂ ਪੈ ਗਈ। ਅਸੀਂ ਅੰਦਰ ਬਾਰ ਅੜਾ ਕੇ ਮੰਤਰ ਪੜ੍ਹਨ ਲੱਗ ਗਏ।

ਇਹਦੇ ਘਰ ਆਲ਼ੇ ਨੂੰ ਪਤਿਉਰੇ ਨੂੰ ਪਤਾ ਨੀ ਕਿੱਥੋਂ ਸੀ. ਆਈ. ਡੀ. ਮਿਲ ਗਈ, ਡਾਂਗ ਚੁੱਕ ਕੇ ਆ ਗਿਆ। ਮੈਨੂੰ ਤਾਂ ਨੀ ਓਹਨੇ ਕੁਛ ਕਿਹਾ ਪਰ ਦੋਹਾਂ ਮਾਵਾਂ ਧੀਆਂ ਨੂੰ ਇੱਥੋਂ ਕੁੱਟਦਾ ਈ ਲੈ ਕੇ ਗਿਆ।

ਕੁੱਤੇ ਦੀ ਸੁੰਘਣੀ ਆਲ਼ਿਆਂ ਨੇ ਪਤਾ ਨੀ ਕਿਵੇਂ ਸੁੰਘੀ। ਗੱਲ ਤਾਂ ਹਨੇਰੀ ਦੇ ਰੇਤੇ ਵਾਂਗੂੰ ਪਿੰਡ ਦੇ ਹਰੇਕ ਘਰ ਦੇ ਵਿਹੜੇ 'ਚ ਜਾ ਖਿਲਰੀ। ਫੇਰ ਹੌਲੀ-ਹੌਲੀ ਆਪੇ ਠੰਡੀ ਹੋ ਗਈ।

ਕੇਰਾਂ ਮਾਘ ਦਾ ਮਹੀਨਾ। ਫੇਰ ਪਾਲਾ! ਕਾਹਨੂੰ ਪੁੱਛਦੈ! ਤੁਰੇ ਫਿਰਦੇ ਬੰਦਿਆਂ ਦਾ ਖ਼ੂਨ ਜੰਮਦਾ ਸੀ। ਓਦੋਂ ਚੇਲਾ ਮੇਰਾ ਪਿੰਡ ਗਿਆ ਹੋਇਆ ਸੀ। ਰਾਤ ਵੀ ਸਾਲੀ ਗਾਮੋਂ ਝਿਉਰੀ ਵਰਗੀ। ਐ...ਨ ਕਾਲੀ ਕਲੂਟੀ। ਕੋਈ ਚੰਨ ਨਾ ਤਾਰਾ। ਮੈਂ ਔਹ ਕਮਰੇ 'ਚ ਪਿਆ ਸੀ। ਰਾਤ ਦਾ ਵੱਜਿਆ ਹੋਣੈ ਓਦੋਂ ਮੈਨੂੰ ਲਗਦੈ ਬਾਰਾਂ-ਇੱਕ। ਮੇਰੇ ਕਮਰੇ ਦਾ ਬਾਰ ਖੜਕਿਆ। ਜਦੋਂ ਕਈ ਵਾਰੀ ਖੜਕਿਆ ਫੇਰ ਮੈਂ ਸੋਚਿਆ, ਵੀ 'ਐਨੀ ਰਾਤ ਨੂੰ ਕੌਣ ਹੋ ਸਕਦੈ?' ਮਨ 'ਚ ਆਈ ਵੀ 'ਕਿਤੇ ਕੋਈ ਭਗਤਣੀ ਨਾ ਹੋਵੇ?' ਊਂ ਭਗਤਣੀਆਂ ਵੀ ਕਈ ਵਾਰ ਮੇਰੇ ਕੋਲ ਰਾਤ ਨੂੰ ਆ ਜਾਂਦੀਆਂ ਸੀ। ਦਿਮਾਗ ਸਾਲਾ ਫੇਰ ਗੱਲ ਕੱਟ ਗਿਆ, ਵੀ 'ਉਹ ਤਾਂ ਮੈਨੂੰ ਪਹਿਲਾਂ ਦਸਦੀਆਂ ਨੇ। ਨਾਲੇ ਡੇਰੇ ਦਾ ਬਾਰ ਖੁੱਲ੍ਹਾ ਰੱਖਣ ਨੂੰ ਕਹਿੰਦੀਆਂ ਨੇ।' ਮਨ ਕਹੇ, 'ਨਾਂਹ, ਉਹ ਤਾਂ ਨੀ ਹੋ ਸਕਦੀਆਂ।' ਸਾਲੀ ਸੋਚ, ਥਾਲ 'ਚ ਪਾਏ ਪਾਣੀ ਵਾਂਗੂੰ ਕਦੇ ਇਧਰ, ਕਦੇ ਓਧਰ। ਫੇਰ ਸੋਚਿਆ, 'ਮਨਾਂ ਕਿਸੇ ਭਗਤਣੀ ਨੂੰ ਹਥੌਲਾ ਕਰਵਾਉਣ ਦੀ ਐਮਰਜੈਂਸੀ ਵੀ ਹੋ ਸਕਦੀ ਐ। ਸੰਗਤਾਂ ਦੇ 'ਕੰਮ' ਆਉਣਾ ਤਾਂ ਆਪਣਾ ਕੰਮ ਐ, ਚਲ ਬਾਰ ਖੋਲ੍ਹ।

ਜਦੋਂ ਮੈਂ ਖੋਲ੍ਹਿਆ ਬਾਰ! ਮੇਰੇ ਤਾਂ ਖਾਨਿਓਂ ਗਈਆਂ। ਸਾਲੇ ਮਾਘ ਦੇ ਮਹੀਨੇ 'ਚ ਵੀ ਪਸੀਨੇ ਆਉਣ। ਮੇਰੇ ਤਾਂ ਮੂੰਹ 'ਚੋਂ ਬੋਲ ਈ ਨਾ ਨਿੱਕਲੇ। ਬਾਰ 'ਚ ਖੜ੍ਹਾ ਗੁਲਾਬ ਕੌਰ ਦਾ ਘਰ ਆਲ਼ਾ ਤੇ ਉਹਦੇ ਚਾਚੇ ਦਾ ਮੁੰਡਾ, ਮੇਰੇ ਕਣੀ ਸਾਲੇ ਭੀਸਰੇ ਸਾਨ੍ਹ ਵਾਂਗੂੰ ਝਾਕੀ ਜਾਣ। ਸੋਚਿਆ, 'ਮਨਾਂ ਹੁਣ ਨੀ ਖ਼ੈਰ, ਭੱਜਲੈ।' ਜਦੋਂ ਲੱਗਿਆ ਭੱਜਣ, ਇੱਕ ਨੇ ਮੈਨੂੰ ਮਾਰ ਕੇ ਜੱਫਾ ਓਥੀ ਸਿੱਟ ਲਿਆ। ਕਹਿੰਦਾ, ''ਬੂਬਨਿਆ ਸਾਧਾ, ਸਾਰੇ ਪਿੰਡ ਦੀਆਂ ਤੀਮੀਂਆਂ ਖ਼ਰਾਬ ਕਰਤੀਆਂ, ਹੁਣ ਦੇ ਦੇਣ ਸਾਰੀਆਂ ਦਾ। ਲੇਖੇ ਇਥੀ ਹੋਣਗੇ।'' ਮੈਂ ਬਥੇਰੇ ਡਰਾਵੇ ਵੀ ਦਿੱਤੇ, ਹੱਥ ਵੀ ਜੋੜੇ। ਕਾਹਨੂੰ ਮੰਨਦੇ ਨੇ ਸਾਲੇ। ਇੱਕ ਨੇ ਮੈਨੂੰ ਦੱਬੀਂ ਰੱਖਿਆ, ਦੂਜੇ ਨੇ ਗਲਗੂਠਾ ਦੇਤਾ। ਆਪਾਂ ਨੂੰ ਪਹੁੰਚਾ ਦਿੱਤਾ ਫੇਰ ਬਿਨਾਂ ਟਿਕਟੋਂ ਪਰਲੋਕ 'ਚ।

ਕੀ ਕਿਹਾ? ਚੋਲਾ?

ਓਹ ਕਾਹਨੂੰ। ਚੋਲਾ ਛੱਡਣ ਨੂੰ ਕਿਹੜਾ ਆਪਾਂ ਬਾਬੇ ਨਾਨਕ ਹੋਰੀਂ ਸੀ। ਇਹ ਤਾਂ ਸਾਰੀ ਮਿਹਰਬਾਨੀ ਇਨ੍ਹਾਂ ਦੀਓ ਐ। ਇਹਨਾਂ ਨੇ ਮੈਨੂੰ ਚੱਕਿਆ ਓਥੋਂ, ਲਿਆ ਕੇ ਮੰਜੇ 'ਤੇ ਪਾ ਤਾ। ਉੱਪਰ ਦੇ ਦਿੱਤੀ ਰਜਾਈ। ਵੱਡੀ ਸਾਰੀ ਧੂਫ਼ ਸਿਰਹਾਣੇ ਜਗਾਤੀ। ਇੱਕ-ਦੋ ਆਹ ਜੰਤਰੀਆਂ ਜੀਆਂ ਰੱਖ 'ਤੀਆਂ ਸਿਰਹਾਣੇ। ਚਲੋ ਇਹ ਕੰਮ ਤਾਂ ਇਹਨਾਂ ਨੇ ਬੜਾ ਕੰਮ ਦਾ ਕੀਤਾ। ਚਾਹੇ ਆਪਣੀ ਬੱਚਤ ਲਈ ਓ ਕੀਤਾ ਹੋਵੇ। ਮੇਰੀ ਬੇਜਤੀ ਹੋਣੋਂ ਜਰੂਰ ਬਚ 'ਗੀ। ਲੋਕਾਂ ਨੇ ਸਮਝ ਲਿਆ ਸਾਧ ਚੋਲ਼ਾ ਛੱਡ ਗਿਆ। ਹੁਣ ਤੁਸੀਂ ਆਪ ਦੇਖਲੋ, ਬਣਿਆ ਪਿਆ ਨਾ ਮਰਕੇ ਚੀਮਿਆਂ ਆਲ਼ਾ ਮੇਲਾ। ਆਹ ਹੁਣ ਜਿਹੜੇ ਪੰਜ-ਸੱਤ ਕਮਰੇ ਪਾਏ ਨੇ, ਅੰਗਰੇਜ਼ੀ ਜੋੜੀਆਂ ਆਲ਼ੇ, ਇਹ ਵੀ ਮੇਰੀ ਸਮਾਧ 'ਤੇ ਸੁੱਖਣਾ ਸੁੱਖਣ ਆਲ਼ਿਆਂ ਨੇ ਈ ਪਾਏ ਨੇ। ਹੁਣ ਤਾਂ ਮੇਰਾ ਨਾਂ ਰਬੜ ਵਾਂਗੂੰ ਲੋਕਾਂ ਨੇ ਹੋਰ ਵੀ ਵਧਾ ਦਿੱਤਾ, 'ਜਤੀ-ਸਤੀ ਸੰਤ ਬਾਬਾ ਰੰਜਕ ਦਾਸ ਜੀ।' ਲੋਕਾਂ ਨੂੰ ਐਂ ਪਤਾ ਨੀ ਵੀ ਬਾਬਾ ਤਾਂ ਸਾਡੀਆਂ ਤੀਵੀਂਆਂ ਨੂੰ 'ਅਸ਼ੀਰਵਾਦ' ਦਿੰਦਾ ਮਰਿਐ। ਹਾ... ਹਾ... ਹਾ...।

ਕੀ ਕਿਹਾ?

ਸੋਡੇ ਤੋਂ ਡਰ?

ਲੈ ਸੋਡੇ ਤੋਂ ਮੈਨੂੰ ਕਾਹਦਾ ਡਰ ਐ ਬਈ? ਜਿੰਨੀਆਂ ਗੱਲਾਂ ਮੈਂ ਦੱਸੀਆਂ ਨੇ, ਤੁਸੀਂ ਇੱਕ ਵੀ ਕਹਿ ਕੇ ਦੇਖੋ ਮੇਰੇ ਭਗਤਾਂ ਨੂੰ, ਜੇ ਨਾ ਸੋਨੂੰ ਪਿੰਡੋਂ ਕੱਢ ਦੇਣ। ਇਹ ਗਿੱਦੜਸਿੰਗੀਆਂ ਕੋਈ ਐਸੀਆਂ-ਵੈਸੀਆਂ ਨੀ ਲਾਈਆਂ ਹੁੰਦੀਆਂ ਸਾਡੀਆਂ। ਅਸੀਂ ਤਾਂ ਵੱਡਿਆਂ-ਵੱਡਿਆਂ ਦੀ ਘੀਸੀ ਕਰਾ ਦਿੰਨਿਆਂ। ਤੁਸੀਂ ਦੋ ਟੋਟਰੂ ਤਾਂ ਕੀ ਮੇਰਾ ਫਰਮਾਂਹ ਪੱਟ ਦੋਂਗੇ।

ਊਂ ਇੱਕ ਗੱਲ ਜ਼ਰੂਰ ਐ। ਜੇ ਇਹ ਲੋਕ ਮੇਰਾ ਨਾਂ ਪੁੱਠਾ ਕਰਕੇ ਪੜ੍ਹ ਲੈਣ ਤਾਂ ਇਹਨਾਂ ਨੂੰ ਸਮਝ ਜ਼ਰੂਰ ਲੱਗ ਜੇ। ਪਰ ਅਸੀਂ ਲੋਕਾਂ ਨੂੰ ਐਸੀ ਪੁੱਠੀ ਭਮਾਲੀ ਦਿੰਨਿਆਂ, ਇਹ ਨਾਮ ਪੁੱਠਾ ਕਰਕੇ ਪੜ੍ਹਨਾ ਤਾਂ ਕੀ, ਪੁੱਠੇ ਪਾਸਿਓਂ ਦੇਖਦੇ ਵੀ ਨੀ।

ਚਲੋ ਛੱਡੋ ਇਨ੍ਹਾਂ ਗੱਲਾਂ ਨੂੰ ਹੁਣ ਮੇਰਾ ਓਧਰ ਸਵਰਗਾਂ 'ਚ ਵੀ ਅਸ਼ੀਰਵਾਦ ਦੇਣ ਦਾ ਟੈਮ ਹੋਇਆ ਪਿਐ। ਓਧਰ ਵੀ ਮੈਂ ਜਾ ਕੇ...। ਸੋਨੂੰ ਦੱਸਿਐ ਵੀ ਓਥੇ ਤਾਂ ਆਪਣਾ ਪੱਕਾ ਟੈਮ ਬੰਨ੍ਹਿਆ ਹੋਇਐ। ਮੈਂ...।

ਕੀ ਕਿਹਾ?

ਓਹ ਨਹੀਂ! ਤੁਸੀਂ ਕੀ ਕਰੋਂਗੇ ਮਿੱਟੀ ਦੇ ਭੂੰਡੋ।

ਬਗਾਵਤ ਜਨਮ ਲੈਂਦੀ ਹੈ, ਜਦੋਂ ਮੈਂ ਮੁਸਕਾਉਂਦਾ ਹਾਂ।
ਜੁਆਨੀ ਨੱਚ ਉਠਦੀ ਹੈ, ਜਦੋਂ ਮੈਂ ਗੀਤ ਗਾਉਂਦਾ ਹਾਂ। -(ਅਗਲੇ ਸਫ਼ੇ 'ਤੇ)

ਓ ਅਸ਼ਕੇ! ਔਹ ਦੇਖੋ! ਔਹ ਸੋਡੇ ਆਲ਼ੀਆਂ ਵੀ ਆਉਂਦੀਆਂ ਨੇ ਪਰਾਂਤਾਂ 'ਚ ਦਾਣੇ ਪਾਈਂ। ਉਨ੍ਹਾਂ ਨੂੰ ਰੋਕ ਕੇ ਦੇਖੋ ਪਹਿਲਾਂ ਤਾਂ। ਉਰ੍ਹਾਂ ਨੂੰ ਹੋ ਸੋਨੂੰ ਪਰਦੇ ਆਲ਼ੀ ਗੱਲ ਦੱਸਾਂ। ਹੁਣ ਇਹ ਵੀ ਬਾਬੇ ਤੋਂ 'ਅਸ਼ੀਰਵਾਦ' ਲੈਣ ਆਉਂਦੀਆਂ ਹੁੰਦੀਆਂ ਨੇ।

ਚੰਗਾ ਭਗਤੋ! ਹੁਣ ਮੈਂ ਚੱਲਿਆ। ਓ. ਕੇ. ਬਾਏ-ਬਾਏ...!

ਕੀ...?

ਨਹੀਂ ਹੋਰ ਟੈਮ ਨੀ। ਮੈਂ ਓਧਰ ਵੀ ਜਾ ਕੇ 'ਅਸ਼ੀਰਵਾਦ'... ਹਰੀ ਓ... ਮ...!!

ਕਹਾਣੀ

# ਸੂਹਣ ਦਾ ਮੁੱਠਾ

## ਪਰਮਿੰਦਰ ਕੌਰ ਸਵੈਚ



ਪਰਮਿੰਦਰ ਕੌਰ ਸਵੈਚ

ਅੱਜ ਮੈਂ ਬਹੁਤ ਦਿਨਾਂ ਬਾਅਦ ਸ਼ੌਪਿੰਗ ਮੌਲ਼ ਗਈ ਹਾਂ, ਨਹੀਂ ਤਾਂ ਨੇੜੇ ਦੇ ਗਰੋਸਰੀ ਸਟੋਰ ਜਾਂਦੀ ਹਾਂ, ਖਾਣ ਪੀਣ ਦੀਆਂ ਜ਼ਰੂਰੀ ਚੀਜ਼ਾਂ ਲੈ ਕੇ ਮੁੜ ਆਉਂਦੀ ਹਾਂ। ਕੋਵਿਡ ਨੇ ਘਰਾਂ ਵਿੱਚ ਅਜਿਹਾ ਬੰਦ ਕੀਤਾ ਹੈ ਕਿ ਹੁਣ ਤਾਂ ਰੂਹ ਵੀ ਨਹੀਂ ਕਰਦੀ ਕਿ ਬੇਲੋੜਾ ਬਾਹਰ ਜਾਇਆ ਜਾਵੇ। ਸੁਰਬੀਨ ਮੈਨੂੰ ਕਈ ਵਾਰ ਕਹਿ ਚੁੱਕੀ ਹੈ ਸ਼ੌਪਿੰਗ ਮਾਲ ਜਾਣ ਲਈ, ਪਰ ਮੈਂ ਹਰ ਸਮੇਂ ਟਾਲ-ਮਟੋਲ ਹੀ ਕਰਦੀ ਰਹਿੰਦੀ ਹਾਂ। ਅੱਜ ਜਦ ਉਸਨੇ ਖਹਿੜਾ ਹੀ ਨਾ ਛੱਡਿਆ ਤਾਂ ਅਣਮੰਨੇ ਜਿਹੇ ਦਿਲ ਨਾਲ ਉਹਦਾ ਦਿਲ ਰੱਖਣ ਲਈ ਮੈਂ ਮੌਲ਼ ਆ ਗਈ ਹਾਂ। ਸੁਰਬੀਨ ਨੇ ਵੱਖ ਵੱਖ ਸਟੋਰਾਂ ਵਿੱਚੋਂ ਕਾਫ਼ੀ ਸਮਾਨ ਖ਼੍ਰੀਦਿਆ, ਪਰ ਮੈਂ ਆਪ ਕੁੱਝ ਵੀ ਖ਼੍ਰੀਦਣ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਈ। ਸਟੋਰਾਂ ਵਿੱਚ ਫਿਰਦਿਆਂ ਜਦੋਂ ਇੰਡੀਆ ਬਜ਼ਾਰ ਹੋਲ-ਸੇਲ ਨਜ਼ਰ ਆਇਆ ਤਾਂ ਸੁਭਾਵਕ ਹੀ ਮੈਂ ਉਧਰ ਨੂੰ ਅਹੁਲ ਗਈ ਤਾਂ ਸੁਰਬੀਨ ਨੇ ਮੇਰੀਆਂ ਅੱਖਾਂ ਦੀ ਚਮਕ ਦੇਖ ਕੇ ਕਿਹਾ, "ਮਾਂ ਘਰੋਂ ਤਾਂ ਮੌਲ਼ ਆਉਣ ਨੂੰ ਵੀ ਤਿਆਰ ਨਹੀਂ ਸੀ, ਹੁਣ ਐਥੋਂ ਕੀ ਲੈਣੈ?"

"ਸੁਰਬੀਨ, ਲੈਣਾ ਤਾਂ ਕੁਸ਼ ਨਹੀਂ, ਪਰ ਉਂਜ ਹੀ ਪ੍ਰਦੇਸਾਂ ਵਿੱਚ ਆ ਕੇ ਇੰਡੀਆ ਦੀਆਂ ਚੀਜ਼ਾਂ ਦੇਖਣ ਨੂੰ ਦਿਲ ਕਰ ਆਉਂਦੈ।" ਮੈਂ ਹਾਉਂਕਾ ਜਿਹਾ ਲੈ ਕੇ ਕਿਹਾ।

"ਜੇ ਕੁਸ਼ ਲੈਣਾ ਨਹੀਂ ਫਿਰ ਟਾਈਮ ਖ਼ਰਾਬ ਕਿਉਂ ਕਰਦੇ ਓਂ?" ਸੁਰਬੀਨ ਨੇ ਲਾਪ੍ਰਵਾਹੀ ਨਾਲ ਕਿਹਾ।

ਮੈਂ ਉਸਦੇ ਰੋਕਦੇ ਰੋਕਦੇ ਸਟੋਰ ਵਿੱਚ ਵੜ ਗਈ। ਸਟੋਰ ਵਿੱਚ ਹਰ ਤਰ੍ਹਾਂ ਦੀਆਂ ਚੀਜ਼ਾਂ ਵੱਖਰੀ ਵੱਖਰੀ ਲਾਈਨ ਵਿੱਚ ਸ਼ੈਲਫਾਂ ਤੇ ਸਲੀਕੇ ਨਾਲ ਚਿਣੀਆਂ ਪਈਆਂ ਹਨ। ਮੇਰਾ ਹਰ ਚੀਜ਼ ਦੇਖ ਕੇ ਖ਼੍ਰੀਦਣ ਨੂੰ ਦਿਲ ਕਰਦਾ ਹੈ ਚਾਹੇ ਅਚਾਰ, ਚਟਨੀਆਂ, ਮਸਾਲੇ, ਦਾਲਾਂ, ਭਾਂਡੇ, ਖੁਰਪੇ, ਦਾਤੀਆਂ ਆਦਿ ਕਿੰਨਾ ਈ ਕੁੱਝ। ਹੁਣ ਮੇਰੇ ਬੱਚੇ ਵੱਡੇ ਹੋ ਗਏ ਹਨ, ਇਹ ਘਰ ਵਿੱਚ ਮੇਰਾ ਖ਼੍ਰੀਦਿਆ ਵਾਧੂ ਘਾਟੂ ਸਮਾਨ ਰੱਖਣਾ ਪਸੰਦ ਨਹੀਂ ਕਰਦੇ। ਸੁਰਬੀਨ ਤਾਂ ਕਈ ਵਾਰੀ ਲੜ ਵੀ ਪੈਂਦੀ ਐ।

ਖਿਝੀ ਹੋਈ ਕਹਿ ਦਿੰਦੀ ਐ, "ਮਾਂ ਜਿੰਨਾ ਘਰ ਵਿੱਚ ਵਾਧੂ ਸਮਾਨ ਹੁੰਦੈ ਨਾ, ਓਨਾ ਬੰਦਾ ਵੱਧ ਬਿਮਾਰ ਰਹਿੰਦੈ।"

"ਨੀਂ ਧੀਏ, ਮੈਂ ਤਾਂ ਇਹ ਸਾਰਾ ਕੁੱਝ ਰੀਝਾਂ ਨਾਲ...।"

"ਪਹਿਲਾਂ ਮਾਂ ਸਮਾਨ ਨੂੰ ਰੱਖਣ ਦਾ ਫ਼ਿਕਰ, ਫਿਰ ਸਾਂਭਣ ਦਾ ਫ਼ਿਕਰ ਤੇ ਫਿਰ ਚੀਜ਼ਾਂ ਦੀ ਸਫ਼ਾਈ ਦਾ ਫ਼ਿਕਰ। ਜੇ ਕੁੱਝ ਹੋਰ ਨਵਾਂ ਲੈ ਆਏ ਫਿਰ ਪੁਰਾਣੇ ਨੂੰ ਸਿੱਟਣ ਦਾ ਫ਼ਿਕਰ। ਪਹਿਲਾਂ ਈ ਘਰ ਭਰੀ ਬੈਠੇ ਓਂ, ਲੋੜ ਦੀਆਂ ਚੀਜ਼ਾਂ ਈ ਲੈਣੀਆਂ ਚਾਹੀਦੀਆਂ ਨੇ।" ਉਹ ਤਲਖ਼ ਹੋ ਕੇ ਕਹਿੰਦੀ ਹੈ।

ਗੱਲ ਤਾਂ ਉਹਦੀ ਵੀ ਠੀਕ ਈ ਐ, ਐਵੇਂ ਘਰ ਵਿੱਚ ਕੁੱਝ ਨਾ ਕੁੱਝ ਨਵਾਂ ਲਿਆ ਰੱਖਦੀ ਆਂ। ਅੱਜ ਵੀ ਸਟੋਰ ਵਿੱਚ ਚੀਜ਼ਾਂ ਦੇਖ-ਦੇਖ ਮਨ ਨੂੰ ਉਹੀ ਪੁਰਾਣਾ ਪੰਜਾਬ ਦਾ ਅਹਿਸਾਸ ਜਿਹਾ ਹੋ ਰਿਹਾ ਹੈ, ਮੇਰੇ ਝੁਕਾਅ ਨੂੰ ਦੇਖ ਕੇ ਸੁਰਬੀਨ ਫਟਾਫਟ ਦਰਵਾਜ਼ੇ ਤੇ ਜਾ ਕੇ ਖੜ੍ਹ ਗਈ ਹੈ। ਉਹਨੂੰ ਪਤਾ ਹੈ ਕਿ ਮਾਂ ਨੇ ਇੱਥੋਂ ਨਿਕਲਣਾ ਨਹੀਂ। ਮੈਂ ਅਣਮੰਨੇ ਦਿਲ ਨਾਲ ਬਾਹਰ ਨੂੰ ਤੁਰ ਪੈਂਦੀ ਹਾਂ। ਆਲ਼ਾ ਦੁਆਲ਼ਾ ਦੇਖਦੀ ਹੋਈ ਜਦੋਂ ਦਰਵਾਜ਼ੇ ਦੇ ਕੋਲ਼ ਸੱਜੇ ਪਾਸੇ ਨੂੰ ਨਿਗ੍ਹਾ ਮਾਰੀ ਤਾਂ ਤੀਲਾਂ ਵਾਲ਼ੀਆਂ ਸੂਹਣਾਂ ਪਈਆਂ ਦੇਖ ਕੇ ਝੱਟ ਚੁੱਕਣ ਲੱਗਦੀ ਹਾਂ ਕਿ ਕਿਹੜੀ ਵਧੀਆ ਹੈ। ਸਾਡੇ ਇਲਾਕੇ (ਮਾਲਵੇ) ਵਿੱਚ ਝਾੜੂ ਜਾਣੀ ਲੰਬੀਆਂ ਤੀਲਾਂ ਵਾਲੇ ਝਾੜੂ ਨੂੰ ਸੂਹਣ ਕਹਿੰਦੇ ਹਨ।

ਸੁਰਬੀਨ ਨੇ ਪਿੱਠ ਘੁਮਾ ਕੇ ਦੇਖੀ ਤਾਂ ਮੇਰੇ ਹੱਥ ਵਿੱਚ ਮੇਰੇ ਪਸੰਦ ਦੀਆਂ ਦੋ ਸੂਹਣਾਂ ਹਨ।

"ਮਾਂ, ਰੱਖੋ ਇਹਨਾਂ ਨੂੰ ਐਥੇ, ਆਜੋ ਮੈਂ ਚੱਲੀ ਆਂ ਗੱਡੀ ਵਿੱਚ, ਲੇਟ ਹੋ ਰਹੇ ਆਂ" ਕਹਿ ਕੇ ਪਾਰਕਿੰਗ ਲਾਟ ਵੱਲ ਨੂੰ ਚਲੀ ਗਈ।

ਮੈਂ ਉਸਦੀ ਕਾਹਲ਼ੀ ਨੂੰ ਦੇਖਦੀ ਹੋਈ ਫਟਾਫਟ ਕਾਊਂਟਰ ਤੇ ਜਾਂਦੀ ਹਾਂ ਤੇ ਦੋਨੋਂ ਸੂਹਣਾਂ ਦਾ ਬਿੱਲ ਦੇ ਕੇ ਅੰਦਰੋਂ ਸੁਰਬੀਨ ਦੀਆਂ ਦਲੀਲਾਂ ਤੋਂ ਡਰਦੀ ਅਤੇ ਚਿਹਰੇ 'ਤੇ ਖੁਸ਼ੀ ਲਿਆ ਕੇ ਗੱਡੀ ਵਿੱਚ ਜਾ ਬੈਠਦੀ ਹਾਂ।

ਸੁਰਬੀਨ ਮੇਰੇ ਹੱਥ ਵਿੱਚ ਸੂਹਣਾਂ ਦੇਖ ਕੇ, "ਮਾਂ ਮੇਰੇ ਕਹੇ 'ਤੇ ਹਟੇ ਨਹੀਂ," ਹੈਰਾਨ ਹੋ ਕੇ ਉਸਨੇ ਹੱਸ ਕੇ ਕਿਹਾ, "ਨਾ ਇਹ ਦੋ ਕੀ ਕਰਨੀਆਂ ਸੀ?"

"ਪੁੱਤ, ਅਸੀਂ ਇੱਕ ਦੇ ਨਾਲ ਅੰਦਰੋਂ ਸੁੰਭਰਦੇ ਹੁੰਦੇ ਸੀ ਅਤੇ ਇੱਕ ਨਾਲ ਬਾਹਰੋਂ।" ਮੈਂ ਚਾਅ ਦੇ ਨਾਲ ਜਵਾਬ ਦਿੱਤਾ।

"ਮਾਂ, ਇੱਥੇ ਤੂੰ ਇਨ੍ਹਾਂ ਨਾਲ, ਨਾ ਬਾਹਰ ਸੁੰਭਰਨਾ ਹੈ ਤੇ ਨਾ ਅੰਦਰ, ਐਵੇਂ ਜੰਕ ਨਾਲ ਘਰ ਭਰੀ ਜਾਨੈਂ ਓ। ਹੁਣ ਇਹ ਰੁਲ਼ਦੀਆਂ ਫਿਰਨਗੀਆਂ ਘਰ ਵਿੱਚ, ਕਦੇ ਕਿਸੇ ਖੂੰਜੇ, ਕਦੇ ਕਿਸੇ ਖੂੰਜੇ।"

"ਗੱਲ ਤਾਂ ਤੇਰੀ ਠੀਕ ਐ ਸੁਰਬੀਨ।"

"ਮਾਂ ਘਰ ਸਾਫ਼ ਕਰਨ ਲਈ ਤਾਂ ਵੈਕਿਊਮ ਵਰਤਦੇ ਹਾਂ, ਤੇਰੀਆਂ ਸੂਹਣਾਂ ਨੇ ਨੀ ਕੁੱਝ ਕਰਨਾ।" ਮੈਂ ਅਣਸੁਣੀ ਕਰ ਦਿੰਦੀ ਹਾਂ।

ਮੇਰੇ ਸਿਰ ਨੂੰ ਕਲਮ ਕਰਕੇ, ਖੁਸ਼ੀ ਵਿਚ ਮਰ ਗਿਆ ਕਾਤਲ,
ਮੇਰੀ ਤੋਬਾ, ਕਤਲ ਹੋ ਕੇ ਵੀ ਮੈਂ ਕਾਤਲ ਕਹਾਉਂਦਾ ਹਾਂ। -ਨਰਿੰਜਨ ਸਿੰਘ ਨੂਰ

ਜਲਦੀ ਹੀ ਅਸੀਂ ਘਰ ਪਹੁੰਚ ਜਾਂਦੀਆਂ ਹਾਂ ਤਾਂ ਸੁਰਬੀਨ ਫਟਾਫਟ ਗਰੋਸਰੀ ਲੁਹਾ ਕੇ ਰੂਮ ਵਿਚ ਤਿਆਰ ਹੋਣ ਚਲੀ ਜਾਂਦੀ ਹੈ ਤੇ ਕੁੱਝ ਚਿਰ ਬਾਅਦ ਆ ਕੇ, "ਮਾਂ ਮੈਂ ਦੋਸਤਾਂ ਨਾਲ ਬਾਹਰ ਚੱਲੀ ਆਂ, ਦੋ-ਤਿੰਨ ਘੰਟੇ ਲੱਗ ਜਾਣਗੇ।" ਚਲੀ ਜਾਂਦੀ ਹੈ।

"ਚੰਗਾ", ਕਹਿ ਕੇ ਮੈਂ ਸੂਹਣਾਂ ਦੀ ਦੁਨੀਆਂ ਵਿਚ ਗੁਆਚ ਜਾਂਦੀ ਹਾਂ। ਸਾਡੀ ਦਾਦੀ ਇਹਨਾਂ ਸੂਹਣਾਂ ਨੂੰ ਘਰ ਦਾ ਰੰਗ ਭਾਗ ਸਮਝਦੀ ਹੁੰਦੀ ਸੀ। ਜੇ ਕਿਤੇ ਸੂਹਣ ਦੀਆਂ ਤੀਲਾਂ ਖਿੰਡ ਜਾਣੀਆਂ ਤਾਂ ਬੀਬੀ ਨਾਲ ਬਹੁਤ ਲੜਦੀ ਹੁੰਦੀ ਸੀ, ਗੁੱਸੇ 'ਚ ਕਹਿਣਾ, "ਜੇ ਇੱਕ ਇੱਕ ਤੀਲਾ ਕਰਕੇ ਖਿੰਡਾ ਦਿੱਤੀਆਂ ਤਾਂ ਸੋਥਾ ਕਿੱਥੋਂ ਰਹੂ, ਮੈਂ ਤਾਂ ਇੱਕ ਇੱਕ ਕਰਕੇ ਸਾਰੇ ਟੱਬਰ ਨੂੰ ਜੂੜੇ 'ਚ ਬੰਨ੍ਹਿਆਂ ਹੋਇਐ, ਤੈਂ ਇਹਦਾ ਖਿਆਲ ਰੱਖਣੈ। ਤੂੰ ਸਭ ਨਾਲੋਂ ਵੱਡੀ ਐਂ" ਬੀਬੀ ਨੇ ਹਾਂ ਵਿੱਚ ਸਿਰ ਹਿਲਾ ਦੇਣਾ ਤੇ ਇਕੱਲੀ ਇਕੱਲੀ ਤੀਲ ਇਕੱਠੀ ਕਰਦੀ ਫਿਰਨਾ। ਸੂਹਣ ਘਸ-ਘਸ ਕੇ ਚਾਰ ਚਾਰ ਇੰਚ ਦੀ ਤਾਂ ਰਹਿ ਜਾਣੀ ਪਰ ਮਜ਼ਾਲ ਐ ਕਿ ਤੀਲੀਆਂ ਖਿੰਡ ਜਾਣ। ਬੱਚਦੇ ਮੁੱਠੇ ਨੂੰ ਵੀ ਫਿਰ ਪਤੀਲੇ ਮਾਂਜਣ ਨੂੰ ਰੱਖ ਲੈਣਾ। ਕਈ ਵਾਰ ਜੇ ਅੰਦਰਲੀ ਸੂਹਣ ਨਾਲ ਬਾਹਰ ਭੋਰਾ ਵੀ ਸੁੰਭਰਨਾ ਤਾਂ ਦਾਦੀ ਨੇ ਮੰਜੇ 'ਤੇ ਬੈਠੀ ਨੇ ਹੀ ਆਪਣੀ ਖੂੰਢੀ ਮੰਜੀ ਦੀ ਦੌਣ ਤੇ ਮਾਰਕੇ  ਕਹਿਣਾ, "ਨੀ ਸੁਰਜੀਤੋ ਥੋਨੂੰ ਅਕਲ ਨੀ, ਬਾਹਰ ਦਾ ਗੰਦ ਹੁਣ ਅੰਦਰ 'ਕੱਠਾ ਕਰਨੈ।" ਉਹਨਾਂ ਝੱਟ ਸੂਹਣ ਬਦਲ ਦੇਣੀ। ਦਾਦੀ ਦਾ ਘਰ ਵਿੱਚ ਬਹੁਤ ਰੋਹਬ ਹੁੰਦਾ ਸੀ, ਸਾਰਾ ਟੱਬਰ ਤਾਂ ਉਸਨੂੰ ਪੁੱਛ ਕੇ ਗੱਲ ਕਰਦਾ ਹੀ ਸੀ। ਸਗੋਂ ਆਂਢ ਗੁਆਂਢ ਵਿੱਚ ਵੀ ਦਾਦੀ ਦੀ ਹਰ ਚੰਗੀ ਮਾੜੀ ਸਲਾਹ ਵਿੱਚ ਪੁੱਛ-ਗਿੱਛ ਹੁੰਦੀ ਸੀ। ਦੋਨੋਂ ਚਾਚੀਆਂ ਅਤੇ ਬੀਬੀ ਤਾਂ ਡਰਦੀਆਂ ਈ ਬਹੁਤ ਸੀ। ਇੱਜ਼ਤ ਵੀ ਬਹੁਤ ਕਰਦੀਆਂ ਸਨ। ਉਹ ਵੀ ਸਾਰਿਆਂ ਨੂੰ ਦਿਲੋਂ ਪਿਆਰ ਕਰਦੀ ਸੀ ਪਰ ਮੂੰਹ ਦੀ ਕਸੈਲੀ ਜ਼ਰੂਰ ਸੀ। ਸਾਰਿਆਂ ਦੀਆਂ ਲੋੜਾਂ ਦਾ ਵੀ ਖਿਆਲ ਰੱਖਦੀ। ਲੋੜਾਂ ਵੀ ਕਾਹਦੀਆਂ ਹੁੰਦੀਆਂ ਸੀ, ਤਿੰਨ ਵੇਲ਼ੇ ਦੀ ਰੋਟੀ, ਵਰ੍ਹੇ ਛਮਾਹੀ ਇੱਕ ਇੱਕ ਸੂਟ ਤੇ ਜੁੱਤੀਆਂ ਦਾ ਜੋੜਾ।

ਇੱਕ ਵਾਰ ਮੇਰੇ ਚਾਚੇ ਦੇ ਮੁੰਡੇ ਨੇ ਖੇਡਦੇ ਖੇਡਦੇ ਨੇ ਪਤਾ ਨਹੀਂ ਕਿੱਥੋਂ ਸੂਹਣ ਲਿਆ ਕੇ ਖੂੰਜੇ ਵਿੱਚ ਖੜ੍ਹੀ ਕਰ ਦਿੱਤੀ ਤਾਂ ਮੇਰੀ ਦਾਦੀ ਤਾਂ ਸਾਰਿਆਂ ਦੇ ਗ਼ਲ਼ ਪੈ ਗਈ। ਕਹਿੰਦੀ, "ਇਹ ਤਾਂ ਬਹੁਤ ਮਾੜਾ ਹੁੰਦੈ।" ਮੈਂ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ। ਮੈਨੂੰ ਗੱਲਾਂ ਦੀ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗ ਪਈ ਸੀ। ਨਵਾਂ ਸਮਝਣ ਦੀ ਹਰਵਕਤ ਉਤਸੁਕਤਾ ਹੁੰਦੀ ਸੀ। ਉਦੋਂ ਤਾਂ ਦਾਦੀ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਸੀ ਪਰ ਦੂਜੇ ਤੀਜੇ ਦਿਨ ਮੈਂ ਦਾਦੀ ਤੋਂ ਕਹਾਣੀਆਂ ਸੁਣਨ ਦੇ ਬਹਾਨੇ, ਦਾਦੀ ਦੀ ਗੋਦੀ ਵਿੱਚ ਸਿਰ ਰੱਖ ਕੇ ਪੈ ਗਈ ਤਾਂ ਮੈ ਲਾਡ ਨਾਲ ਉਹ ਨੂੰ ਪੁੱਛਿਆ, "ਬੇਬੇ ਥੋਨੂੰ ਹਰ ਵਕਤ ਝਾੜੂ ਦਾ ਕਿਉਂ ਐਨਾ ਫਿਕਰ ਰਹਿੰਦੈ?"

ਉਹ ਕਹਿੰਦੀ, "ਧੀਏ ਇਹੀ ਤਾਂ ਹੈ ਜੋ ਸਾਡੇ ਘਰ ਦਾ ਸਾਰਾ ਦਲਿੱਦਰ 'ਕੱਠਾ ਕਰਕੇ ਬਾਹਰ ਸਿੱਟਦਾ ਰਹਿੰਦੈ, ਜੇ ਘਰ ਵਿੱਚ ਗੰਦ ਪਿਆ ਰਹੇ ਤਾਂ ਸੌ ਬਿਮਾਰੀ ਲੱਗੂ, ਨਾਲੇ ਧੀਏ ਦੇਖਣ ਨੂੰ ਘਰ ਸਾਫ਼ ਸੁਥਰਾ ਲੱਗਦੈ।

"ਬੇਬੇ, ਤੁਸੀਂ ਕਹਿੰਦੇ ਸੀ ਕਿ ਸੂਹਣ ਖੜ੍ਹੀ ਕਰਨੀ ਬਹੁਤ ਮਾੜੀ ਹੁੰਦੀ ਐ, ਉਹ ਕਿਵੇਂ?"

"ਜ਼ਿੰਦਗੀ ਵਿੱਚ ਅਸੀਂ ਇਹ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਬਹੁਤ ਕੁੱਝ ਸਿੱਖਦੇ ਆਂ ਪੁੱਤ।"

"ਉਹ ਕਿਵੇਂ?" ਮੈਂ ਉਤਸੁਕਤਾ ਨਾਲ ਪੁੱਛਿਆ।

"ਧੀਏ, ਜੇ ਸੂਹਣ ਦਾ ਮੁੱਠਾ ਉੱਤੇ ਨੂੰ ਐ ਤਾਂ ਤੀਲੀਆਂ ਨੇ ਮੁਚ ਜਾਣੈ, ਝੁਕ ਜਾਣੈ ਜਾਂ ਟੁੱਟ ਜਾਣੈ, ਜੇ ਖੜ੍ਹੀ ਸੂਹਣ ਦਾ ਮੁੱਠਾ ਥੱਲੇ ਨੂੰ ਹੋਵੇ ਤਾਂ 'ਕੱਲੀ 'ਕੱਲੀ ਤੀਲੀ ਬਿਖ਼ਰ ਕੇ ਥਾਂ ਥਾਂ ਰੁਲ਼ਦੀ ਫਿਰੂ। ਇਹੀ ਗੱਲ ਪਰਿਵਾਰਾਂ ਦੀ ਆ, ਨਾ ਪਰਿਵਾਰ ਦੇ ਜੀਆਂ ਦਾ ਮੁਚਣਾ, ਝੁਕਣਾ, ਟੁੱਟਣਾ ਤੇ ਬਿੱਖਰਨਾ ਚੰਗਾ, ਨਾ ਹੀ ਸਭ ਦੇ ਮੂੰਹ ਪਰ੍ਹੇ-ਪਰ੍ਹੇ ਹੋ ਜਾਣ ਇਹ ਚੰਗੈ। ਪੁੱਤ ਮੈਂ ਨੀਂ ਚਾਹੁੰਦੀ ਕਿ ਸਾਡੇ ਬੈਠੇ ਬਿਠਾਏ ਇਹ ਹੋਵੇ।"

"ਆਪਣੇ ਘਰ ਵਿੱਚ ਮੁੱਠਾ ਕਿਹੜਾ?" ਮੈਂ ਸੁਭਾਵਕ ਹੀ ਆਪਣੀ ਨਾਸਮਝੀ ਮੁਤਾਬਕ ਪੁੱਛਿਆ।

"ਮੈਂ ਤੇ ਤੇਰੇ ਦਾਦਾ ਜੀ, ਜਿਹੜੇ ਇਹ ਘਰ ਸੰਭਾਲਣ ਦੀ ਕੋਸ਼ਿਸ਼ ਕਰਦੇ ਹਾਂ। ਮੈਨੂੰ ਤਾਂ ਪੁੱਤ ਇਹ ਸੂਹਣ ਹੀ ਘਰ ਵਿੱਚ ਏਕੇ ਦਾ ਝਾਉਲਾ ਪਾਉਂਦੀ ਦੀਂਹਦੀ ਆ। ਸਾਰੀਆਂ ਤੀਲੀਆਂ 'ਕੱਠੀਆਂ ਹੋ ਕੇ ਮਿੰਟੋਂ-ਮਿੰਟੀਂ ਸਾਰਾ ਗੰਦ ਹੂੰਝ ਦਿੰਦੀਆਂ ਨੇ, ਭਲਾ 'ਕੱਲੀ 'ਕੱਲੀ ਕਰ ਲਊ ਇਹ ਸਾਰਾ ਕੰਮ। ਉਹੀ ਗੱਲ ਪਰਿਵਾਰਾਂ ਦੀ ਐ, ਸਾਰੇ ਮਿਲਕੇ ਰਹਿਣ, ਹਮੇਸ਼ਾਂ ਤਰੱਕੀ ਵੱਲ ਜਾਂਦੇ ਨੇ। ਅਸੀਂ ਤਾਂ ਇਵੇਂ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਲੈ ਕੇ ਜ਼ਿੰਦਗੀ ਬਸਰ ਕਰਦੇ ਆਂ, ਮੇਰੀ ਮਾਂ ਵੀ ਇਵੇਂ ਸਮਝਾਉਂਦੀ ਸੀ ਤੇ ਦਾਦੀ ਵੀ।" ਦਾਦੀ ਨੇ ਸਹਿਜ ਸੁਭਾਵਕ ਹੀ ਇਹ ਸਾਰਾ ਕੁੱਝ ਕਹਿ ਦਿੱਤਾ। ਮੈਨੂੰ ਇਕਦਮ ਯਾਦ ਆਇਆ, "ਬੇਬੇ, ਇੱਕ ਦਿਨ ਬਾਪੂ ਜੀ ਮੱਘਰ ਚਾਚੇ ਨੂੰ ਖੜ੍ਹੀ ਸੂਹਣ ਕਿਉਂ ਕਹਿੰਦੇ ਸੀ।" ਮੈਂ ਉਤਸੁਕਤਾ ਨਾਲ ਪੁੱਛਿਆ। ਬੇਬੇ ਹੱਸਣ ਲੱਗ ਪਈ, ਕਹਿੰਦੀ ਉਹ ਤਾਂ ਢੈਅ-ਜਾਣਾ, ਹੈ ਹੀ ਖੜ੍ਹੀ ਸੂਹਣ, ਕਲੇਸ਼ੀ ਕਿਤੇ ਦਾ, ਕਿਤੇ ਨਾ ਕਿਤੇ ਟੰਗ ਫਸਾਈ ਰੱਖਦੈ। ਮੇਰੇ ਹੱਕੇ-ਬੱਕੇ ਭੋਲ਼ੇ ਜਿਹੇ ਮੂੰਹ ਵੱਲ ਦੇਖ ਕੇ ਕਹਿੰਦੀ, "ਪੁੱਤ ਜਿਹੜਾ ਬੰਦਾ ਐਵੇਂ ਵਾਧੂ ਦੀ ਲੜਾਈ ਮੁੱਲ ਲੈਂਦਾ ਰਹਿੰਦਾ, ਉਹਨੂੰ ਕਹਿ ਦਿੰਦੇ ਨੇ, ਇਹ ਤਾਂ ਹਰਵਕਤ ਖੜ੍ਹੀ ਸੂਹਣ ਰੱਖਦੈ।" ਸਾਨੂੰ ਤਾਂ ਉਦੋਂ ਦਾਦੀ ਦੀਆਂ ਕਹਾਣੀਆਂ ਸੁਣਨ ਦਾ ਚਾਅ ਹੁੰਦਾ ਸੀ, ਉਹਨਾਂ ਦੇ ਅਰਥ ਜਾਂ ਸਿੱਟਾ ਕੱਢਣਾ ਅੱਥਰੀ ਜਵਾਨੀ ਵਿੱਚ ਕੀ ਮਾਅਨੇ ਰੱਖਦੈ। ਉਂਜ ਵੀ ਜ਼ਿੰਦਗੀ ਦੀ ਭੱਜ ਨੱਠ ਵਿੱਚ ਇਹ ਨਿਗੂਣੀਆਂ ਜਿਹੀਆਂ ਗੱਲਾਂ ਬਾਰੇ ਸੋਚਣ ਦਾ ਸਮਾਂ ਹੀ ਨਹੀਂ ਹੁੰਦਾ ਸੀ। ਪਰ ਅੱਜ ਸੂਹਣਾਂ ਦੇਖ ਕੇ ਖਿਆਲ ਉਡਾਰੀਆਂ ਮਾਰਦੇ ਫਿਰ ਰਹੇ ਹਨ।

ਮੈਂ ਚਾਹ ਬਣਾ ਲਈ ਤੇ ਪੀਣ ਲਈ ਸੋਫ਼ੇ 'ਤੇ ਬੈਠ ਕੇ ਟੀ.ਵੀ. ਦਾ ਬਟਨ ਖ਼ਬਰਾਂ ਸੁਣਨ ਲਈ ਦੱਬਿਆ ਹੈ ਤਾਂ ਪੰਜਾਬੀ ਚੈਨਲ 'ਤੇ ਇੱਕ ਨਵੀਂ ਪਾਰਟੀ ਦਾ ਲੀਡਰ ਭਾਸ਼ਨ ਕਰ ਰਿਹਾ ਹੈ। ਮੇਰਾ ਧਿਆਨ ਉਹਦੇ ਪਿੱਛੇ ਬੈਨਰ 'ਤੇ ਬਣੇ ਝਾੜੂ 'ਤੇ ਚਲਾ ਜਾਂਦਾ ਹੈ। ਮੇਰਾ ਧਿਆਨ ਫਿਰ ਅਤੀਤ ਵਿੱਚ ਗੁਆਚ ਜਾਂਦਾ ਹੈ ਜਦੋਂ ਨਵਾਂ ਨਵਾਂ ਇਸ ਪਾਰਟੀ ਦਾ ਬੋਲਬਾਲਾ ਹੋਇਆ ਸੀ। ਪ੍ਰਵਾਸੀ ਭਾਰਤੀਆਂ ਨੂੰ ਤਾਂ ਐਂ ਲੱਗਦਾ ਸੀ ਕਿ ਹੁਣ ਝਾੜੂ ਨੇ ਤਾਂ ਸਾਰੇ ਭਾਰਤ ਦਾ ਗੰਦ-ਮੰਦ ਹੂੰਝ ਕੇ ਸਾਫ਼ ਕਰ ਦੇਣਾ ਹੈ। ਮੈਨੂੰ ਯਾਦ ਹੈ ਕਿ ਕਈ ਸੁਹਿਰਦ ਲੋਕ ਕਹਿੰਦੇ ਸਨ ਕਿ ਜਦੋਂ ਸਾਰਾ ਸਿਸਟਮ ਉਲਝਿਆ ਹੋਵੇ ਤਾਂ ਉਹ ਇਕੱਲੀ ਪਾਰਟੀ ਕੁੱਝ ਨੀ ਕਰ ਸਕਦੀ ਪਰ ਦੇਸ਼-ਪ੍ਰੇਮ ਵਿੱਚ ਭਾਵਕ ਹੋਏ ਲੋਕ ਇੱਕ ਦੂਜੇ ਦੇ ਗ਼ਲ਼ ਪੈ ਜਾਂਦੇ ਸਨ ਕਿ ਤੁਸੀਂ ਕੁੱਝ ਪੌਜੇਟਿਵ ਨਹੀਂ ਸੋਚ ਸਕਦੇ। ਪੰਜਾਬੀਆਂ ਦਾ ਸੁਭਾਅ ਹੈ ਕਿਸੇ ਦੀ ਅੰਡ ਕਿਸੇ ਦੀ ਪੰਡ, ਬੋਝਾ ਆਪਦੇ ਸਿਰ


ਉਜਾੜਾ ਪਾਉਣ ਦੀ ਮਨਸ਼ਾ, ਬਣੀ ਜਦ ਦੀ ਹਕੂਮਤ ਦੀ।
ਹਰਿਕ ਪਾਸੇ ਸਦਾਅ ਗੂੰਜੀ, ਉਦੋਂ ਯਾਰੋ ਖ਼ਿਲਾਫ਼ਤ ਦੀ। -(ਅਗਲੇ ਸਫ਼ੇ 'ਤੇ)

'ਤੇ। ਇਹ ਬੈਠੇ ਤਾਂ ਹਜ਼ਾਰਾਂ ਮੀਲ ਦੂਰ ਹਨ, ਕਰ ਕੁੱਝ ਸਕਦੇ ਨਹੀਂ, ਕਰਨਾ ਤਾਂ ਭਾਰਤੀਆਂ ਨੇ ਹੀ ਹੈ ਪਰ ਇਹ ਐਥੇ ਇੱਕ ਦੂਜੇ ਨਾਲ ਬਹਿਸੀ ਜਾਣਗੇ। ਕਈ ਵਾਰ ਰੇਡਿਓ ਟਾਕ-ਸ਼ੋਆਂ ਤੇ ਕੈਨੇਡਾ ਦੇ ਮਸਲੇ ਤੇ ਕੋਈ ਕਾਲਰ ਆਉਂਦਾ ਹੀ ਨਹੀਂ, ਹੋਸਟ ਬੱਸ ਇੰਡੀਆ ਦੀ ਗੱਲ ਤੋਰ ਦੇਣ, ਮੂਹਰੇ ਤੋਂ ਮੂਹਰੇ ਲੜਨ ਨੂੰ ਤਿਆਰ ਬੈਠੇ ਹੁੰਦੇ ਨੇ। ਕਈ ਵਾਰ ਤਾਂ ਹੋਸਟ ਵੀ ਸਵਾਦ ਲੈਣ ਨੂੰ ਜਾਂ ਟਾਈਮ ਪਾਸ ਕਰਨ ਨੂੰ ਛੂਰਲੀ ਛੱਡ ਦਿੰਦੇ ਨੇ, ਫੇਰ ਤਾਂ ਬੱਸ... ਕੁੱਝ ਨਾ ਪੁੱਛੋ। ਕਈ ਤਾਂ ਉਦੋਂ ਦੇ ਲੜੇ ਅੱਜ ਤੱਕ ਨੀ ਬੋਲੇ ਹੋਣੇ। ਕਈ ਕਹਿੰਦੇ ਅਸੀਂ ਤਾਂ ਲਾਲ-ਝੰਡੇ ਵਾਲਿਆਂ ਦੇ ਮਗਰ ਫਿਰ ਫਿਰ ਕੇ ਸਾਰੀ ਉਮਰ ਜੁੱਤੀਆਂ ਤੁੜਾ ਲਈਆਂ, ਇਹ ਆਪ ਕੁਛ ਕਰਦੇ ਨਹੀਂ, ਦੂਜਿਆਂ ਵਿੱਚ ਵੀ ਅੜਿੱਕੇ ਅੜਾਈ ਜਾਂਦੇ ਨੇ। ਅੱਜ ਕੱਲ੍ਹ ਟੀ.ਵੀ. ਵੱਲ ਦੇਖ ਕੇ ਮੈਨੂੰ ਵੀ ਵਹਿਮ ਜਿਹਾ ਹੀ ਰਹਿੰਦੈ ਕਿ ਤਸਵੀਰਾਂ ਵਿੱਚ ਤਾਂ ਇਹ ਨਵੀਂ ਪਾਰਟੀ ਵਾਲਿਆਂ ਨੇ ਵੀ ਖੜ੍ਹੀ ਸੂਹਣ ਹੀ ਰੱਖੀ ਐ, ਸੁੱਖ ਰਹੇ, ਨਾ ਜਾਣੀਏ ਕਿਤੇ ਦਾਦੀ ਦੀ ਗੱਲ ਪੂਰੀ ਹੋ ਜਾਵੇ।

ਇਹਨਾਂ ਹੀ ਗੱਲਾਂ ਵਿੱਚੋਂ ਮੇਰੀ ਸੁਰਤੀ ਫਿਰ ਨਵੀਆਂ ਲਿਆਂਦੀਆਂ ਸੂਹਣਾਂ ਵੱਲ ਚਲੀ ਜਾਂਦੀ ਹੈ। ਮਨ ਵਿੱਚ ਸਵਾਲ ਉੱਠਦਾ ਹੈ ਇਹ ਬੇਲੋੜੀਆਂ ਕੀ ਕਰਨੀਆਂ ਹਨ? ਹੁਣ ਤਾਂ ਦਾਦੀ ਵਾਲਾ ਜ਼ਮਾਨਾ ਵੀ ਨਹੀਂ ਰਿਹਾ, ਤੇ ਉੱਤੋਂ ਕੈਨੇਡਾ ਵਿੱਚ, ਉਸੇ ਸਮੇਂ ਸੋਚ ਪਲਟਾ ਖਾਂਦੀ ਹੈ, ਇਹ ਮੈਂ ਕਿਸੇ ਕੰਮ ਲਈ ਥੋੜ੍ਹਾ ਖ੍ਰੀਦੀਆਂ ਨੇ, ਮੈਂ ਤਾਂ ਇਹਨਾਂ ਨੂੰ ਦੇਖ-ਦੇਖ ਕੇ ਦਾਦੀ ਵਾਂਗ ਆਪਣਾ ਪਰਿਵਾਰ ਸਾਂਭਣਾ ਚਾਹੁੰਦੀ ਹਾਂ। ਜੇ ਮੇਰੇ ਇਹ ਸਾਹਮਣੇ ਹੋਣਗੀਆਂ ਤਾਂ ਹਰਵਕਤ ਮੈਨੂੰ ਮੇਰਾ ਫਰਜ਼ ਯਾਦ ਕਰਾਉਣਗੀਆਂ। ਇਹਨਾਂ ਹੀ ਭੰਨਾਂ-ਘੜਤਾਂ ਵਿੱਚ ਘੜੀ ਵੱਲ ਦੇਖਿਆ ਤਾਂ ਛੇ ਵੱਜ ਚੁੱਕੇ ਹਨ ਤਾਂ ਜਲਦੀ ਜਲਦੀ ਰੋਟੀ ਟੁੱਕ ਦੇ ਆਹਰੇ ਲੱਗਦੀ ਹਾਂ। ਸੁਰਬੀਨ ਦੇ ਡੈਡੀ ਸੱਤ ਕੁ ਵਜੇ ਕੰਮ ਤੋਂ ਆਉਂਦੇ ਹਨ, ਬੱਚੇ ਵੀ ਕੰਮਾਂ ਕਾਰਾਂ ਤੋਂ ਉਦੋਂ ਹੀ ਪਹੁੰਚਦੇ ਨੇ। ਅਸੀਂ ਸਾਰਿਆਂ ਨੇ ਅੱਠ ਵਜੇ ਤੋਂ ਪਹਿਲਾਂ ਪਹਿਲਾਂ ਰੋਟੀ ਖਾਣੀ ਹੁੰਦੀ ਹੈ। ਸਾਰੇ ਅੱਗੜ-ਪਿੱਛੜ ਪਹੁੰਚ ਕੇ ਨਹਾ ਧੋ ਕੇ ਸੋਫਿਆਂ 'ਤੇ ਬੈਠ ਗਏ ਹਨ, ਸਭ ਆਪਣੇ ਫ਼ੋਨਾਂ 'ਤੇ ਚੈਟ ਕਰ ਰਹੇ ਹਨ। ਉਹ ਆਪਣੇ-ਆਪਣੇ ਫ਼ੋਨਾਂ ਨੂੰ ਦੇਖ ਕੇ ਕਦੇ ਮੁਸਕਰਾ ਲੈਂਦੇ ਹਨ ਅਤੇ ਕਦੇ ਗੰਭੀਰ ਹੋ ਜਾਂਦੇ ਹਨ। ਉਸੇ ਸਮੇਂ ਮੈਨੂੰ ਚਾਚਾ ਮੱਘਰ ਯਾਦ ਆ ਜਾਂਦਾ ਹੈ, ਲੱਗਦਾ ਹੈ ਕਿ ਅੱਜ ਦਾ ਸ਼ੋਸ਼ਲ-ਮੀਡੀਆ ਜਮ੍ਹਾਂ ਚਾਚਾ ਮੱਘਰ ਹੀ ਤਾਂ ਹੈ ਜੋ ਨਵੀਂ-ਪੀੜ੍ਹੀ ਵਿੱਚ ਆ ਬੈਠਾ ਹੈ। ਮੈਂ ਕਿਚਨ ਟੇਬਲ ਤੇ ਖਾਣਾ ਪਰੋਸ ਦਿੱਤਾ ਹੈ ਤੇ ਸਭ ਨੂੰ ਵਾਰੀ ਵਾਰੀ ਖਾਣ ਲਈ ਕਹਿ ਚੁੱਕੀ ਹਾਂ, ਉਹ ਉੱਥੋਂ ਉੱਠ ਨਹੀਂ ਰਹੇ। ਉਹਨਾਂ ਦੀ ਅਣਸੁਣੀ ਕਰਕੇ ਮੇਰੇ ਅੰਦਰ ਖੌਰੂ ਉੱਠ ਖੜ੍ਹਦਾ ਹੈ ਕਿ ਇਹ ਫ਼ੋਨਾਂ ਤੇ ਬੈਠੇ ਖੜ੍ਹੀ ਸੂਹਣ ਦੇ ਤੀਲੇ ਹੀ ਹਨ ਜੋ ਇਸ ਘਰ ਵਿੱਚ ਰਹਿੰਦੇ ਹੋਏ ਵੀ ਇੱਕ ਦੂਜੇ ਤੋਂ ਦੂਰ ਆਪਣੇ-ਆਪਣੇ ਖਿਆਲਾਂ ਦੀ ਦੁਨੀਆਂ ਵਿੱਚ ਬਿਖਰਦੇ ਜਾ ਰਹੇ ਹਨ।

ਕਹਾਣੀ

# ਉਮਰੋਂ ਲੰਮੀ ਉਡੀਕ



ਪ੍ਰਤਾਪ "ਪਾਰਸ" ਗੁਰਦਾਸਪੁਰੀ

ਇਕ ਬੀਬੀ ਜਿਹੀ ਦਾੜ੍ਹੀ ਵਾਲੇ ਭਲੇ ਪੁਰਸ਼ ਨੂੰ ਰੋਜ਼ਾਨਾ ਦਿਨ ਚੜ੍ਹੇ ਹੀ ਇਸ ਪਾਰਕ ਵਿੱਚ ਆ ਕੇ ਪਾਰਕ ਵਿੱਚ ਲੱਗੇ ਝੂਲਿਆਂ ਅਤੇ ਬੱਚਿਆਂ ਦੇ ਖੇਲ੍ਹਣ ਵਾਲੇ ਹੋਰ ਕਈ ਖਿਲੌਣਿਆਂ ਨੂੰ ਬਾਰ-ਬਾਰ ਹੱਥਾਂ ਵਿੱਚ ਲੈਣਾ ਤੇ ਚੁੰਮਦੇ ਵੇਖ ਕੇ ਮੈਂ ਇਕ ਦਿਨ ਰਹਿ ਨਾ ਸਕਿਆ। "ਬਾਪੂ ਜੀ ਮੈਂ ਕਈ ਦਿਨਾਂ ਤੋਂ ਇਹ ਲਗਾਤਾਰ ਵੇਖ ਰਿਹਾ ਹਾਂ, ਤੁਸੀਂ ਬਿਨਾਂ ਨਾਗਾ ਇਸ ਪਾਰਕ ਵਿਚ ਦਿਨ ਚੜ੍ਹੇ ਹੀ ਆਉਂਦੇ ਹੋ ਅਤੇ ਆ ਕੇ ਇਨ੍ਹਾਂ ਸਾਰਿਆਂ ਝੂਲਿਆਂ, ਖਲੌਣਿਆਂ ਨੂੰ ਦੁਲਾਰਦੇ ਹੋ ਫਿਰ ਚੁੰਮਦੇ ਹੋ, ਫਿਰ ਇਕ ਪਾਸੇ ਉਦਾਸੀ ਵਿਚ ਬੈਠ ਜਾਂਦੇ ਹੋ ਤੇ ਸਾਰਾ-ਸਾਰਾ ਦਿਨ ਇਥੇ ਹੀ ਬੈਠੇ ਰਹਿੰਦੇ ਹੋ, ਕੀ ਮੈਂ ਇਸਦਾ ਕਾਰਨ ਜਾਣ ਸਕਦਾ ਹਾਂ?"

ਮੇਰੀ ਏਨੀ ਗੱਲ ਪੁੱਛਣ 'ਤੇ ਜਿਵੇਂ ਉਸ ਭਲੇ ਪੁਰਸ਼ ਦੀਆਂ ਅੱਖਾਂ ਵਿਚੋਂ ਹੰਝੂਆਂ ਦੇ ਪਰਨਾਲੇ ਛੁੱਟ ਗਏ ਹੋਣ। "ਪੁੱਤਰਾ ਇਸ ਪਾਰਕ ਨਾਲ ਅਤੇ ਇਨ੍ਹਾਂ ਸਾਰੀਆਂ ਚੀਜ਼ਾਂ ਨਾਲ ਮੇਰਾ ਬਹੁਤ ਗੂੜਾ ਸਬੰਧ ਈ, ਹੁਣ ਮੇਰੀ ਦੁਨੀਆਂ ਇਥੇ ਹੀ ਵੱਸਦੀ ਏ, ਮੈਂ ਇਥੇ ਆ ਕੇ ਇੰਜ ਮਹਿਸੂਸ ਕਰਦਾ ਜਿਵੇਂ ਮੈਂ ਆਪਣੇ ਪਰਿਵਾਰ ਵਿਚ ਬੈਠਾ ਹੋਵਾਂ।"

ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਬਾਪੂ ਮੈਨੂੰ ਸਾਰਾ ਦੁੱਖ ਇਕੋ ਸਾਹੇ ਹੀ ਦੱਸਣਾ ਚਾਹੁੰਦਾ ਹੋਵੇ।

ਪੁੱਤਰਾ ਅੱਜ ਦੇ ਇਸ ਦੌਰ ਵਿੱਚ ਕਿਸੇ ਦਾ ਦਰਦ ਕੌਣ ਸੁਣਦਾ ਏ, ਪਰ ਜੇ ਤੂੰ ਪੁੱਛਿਆ ਏ ਤਾਂ ਤੂੰ ਸੁਣਨਾ ਵੀ ਜਰੂਰ ਚਾਹੇਂਗਾ- ਇਹ ਮੈਂ ਸਮਝਦਾ ਹਾਂ।

ਮੈਂ ਇਸ ਪਾਰਕ ਦੇ ਪਿਛਲੇ ਪਾਸੇ ਰੋਜ਼ਗਾਰ ਦਫ਼ਤਰ ਵਿਚ ਨੌਕਰੀ ਕਰਿਆ ਕਰਦਾ ਸੀ। ਮੇਰੀ ਘਰਵਾਲੀ ਵੀ ਮੇਰੇ ਨਾਲ ਮੇਰੇ ਦਫ਼ਤਰ ਵਿਚ ਹੀ ਨੌਕਰੀ ਕਰਿਆ ਕਰਦੀ ਸੀ। ਅਸੀਂ ਇਕੱਠੇ ਹੀ ਇਸ ਪਾਰਕ ਵਿੱਚ ਬੈਠ ਕੇ ਦੁਪਹਿਰ ਦਾ ਖਾਣਾ ਖਾਇਆ ਕਰਦੇ ਸੀ, ਸਾਡੀ ਇਕਲੌਤੀ ਸੰਤਾਨ ਸਾਡਾ ਬੇਟਾ ਨਵਜੋਤ ਜਦ ਸ਼ਾਮ ਨੂੰ ਬਾਹਰ ਜਾਣ ਦੀ ਜ਼ਿੱਦ ਕਰਦਾ ਤਾਂ ਅਸੀਂ ਦੋਵੇਂ ਪਤੀ-ਪਤਨੀ ਉਸਨੂੰ ਇਥੇ ਲੈ ਆਉਂਦੇ ਉਹ ਇਥੇ ਇਨ੍ਹਾਂ ਝੂਲਿਆਂ 'ਤੇ ਝੂਟੇ ਬੜੇ ਸ਼ੌਕ ਨਾਲ ਲੈਂਦਾ। ਇਨ੍ਹਾਂ ਘੁੱਗੂਆਂ-ਘੋੜਿਆਂ ਨਾਲ ਬਹੁਤ ਖੇਲਦਾ ਅਸੀਂ ਉਸਨੂੰ ਖੁਸ਼ ਹੁੰਦੇ ਵੇਖ ਦੁੱਗਣੇ ਖੁਸ਼ ਹੁੰਦੇ। ਇਹ ਕੰਮ ਨਿਰੰਤਰ ਉਸਦੀ ਪਲੱਸ-ਟੂ ਦੀ ਪੜ੍ਹਾਈ ਤੱਕ ਤਕਰੀਬਨ ਚੱਲਦਾ ਹੀ ਰਿਹਾ, ਬੇਸ਼ੱਕ ਉਸਦੀਆਂ ਖੇਡਾਂ ਵਿਚ ਉਮਰ ਨਾਲ ਥੋੜ੍ਹੀ-ਬਹੁਤੀ ਤਬਦੀਲੀ ਆਉਂਦੀ ਰਹੀ ਪਰ ਇਨ੍ਹਾਂ ਝੂਲਿਆਂ 'ਤੇ ਇਨ੍ਹਾਂ ਖਲੌਣਿਆਂ ਨਾਲ ਨਵਜੋਤ ਦਾ ਪਿਆਰ ਤੇ ਲਗਾਓ ਓਦਾਂ ਹੀ ਰਿਹਾ। ਪਲੱਸ-ਟੂ ਕਰਨ ਤੋਂ ਬਾਅਦ ਨਵਜੋਤ ਨੇ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦਾ ਫੈਸਲਾ ਕਰ ਲਿਆ, ਅਸੀਂ ਉਸਦੇ ਇਸ ਫੈਸਲੇ ਅੱਗੇ ਕੁਝ ਨਾ ਕਰ ਸਕੇ ਅਤੇ ਸਾਰਾ ਜੋੜਿਆ ਹੋਇਆ ਪੈਸਾ ਲਗਾ ਕੇ ਉਸਦਾ ਵਿਦੇਸ਼ ਜਾਣ ਦਾ ਪ੍ਰਬੰਧ ਕਰ ਦਿੱਤਾ। ਜਲਦੀ ਹੀ ਉਹ ਪੜ੍ਹਾਈ ਕਰਨ ਲਈ ਕਨੈਡਾ ਚਲਾ ਗਿਆ।

ਪਲਾਂ ਅੰਦਰ ਵਹਾ ਦਿੰਦੀ ਹੈ ਦਰਿਆ ਖ਼ੂਨ ਦੇ 'ਫ਼ੈਸਲ',
ਬੜੀ ਮਾੜੀ ਰਹੀ ਫ਼ਿਤਰਤ ਸਦਾ ਤੋਂ ਹੀ ਸਿਆਸਤ ਦੀ। -ਨਵਾਬ ਫ਼ੈਸਲ ਖ਼ਾਨ

ਇਕ ਸਾਲ ਤੱਕ ਉਹ ਵਧੀਆ ਤਰੀਕੇ ਨਾਲ ਪੜ੍ਹਾਈ ਕਰਦਾ ਰਿਹਾ ਅਤੇ ਸਾਡੇ ਸੰਪਰਕ ਵਿਚ ਰਿਹਾ ਉਸ ਤੋਂ ਬਾਅਦ ਪਤਾ ਨਹੀਂ ਕੀ ਹੋਇਆ ਉਸਦਾ ਸੰਪਰਕ ਕਿਸੇ ਬੁਰੀ ਸੰਗਤ ਵਾਲੇ ਮੁੰਡਿਆਂ ਨਾਲ ਹੋ ਗਿਆ, ਜੋ ਨਸ਼ੇ ਆਦਿ ਕਰਦੇ ਅਤੇ ਵੇਚਦੇ ਸਨ, ਹੋਰ ਵੀ ਕਈ ਤਰ੍ਹਾਂ ਦੇ ਜ਼ੁਰਮ ਕਰਨ ਦੇ ਆਦੀ ਸਨ। ਜੋ ਮੈਨੂੰ ਬਾਅਦ ਵਿਚ ਪਤਾ ਚੱਲਿਆ। ਨਤੀਜਾ ਇਹ ਹੋਇਆ ਕਿ ਨਵਜੋਤ ਨੇ ਸਾਨੂੰ ਕਈ-ਕਈ ਦਿਨ ਤੱਕ ਫ਼ੋਨ ਨਾ ਕਰਨਾ ਜੇ ਅਸੀਂ ਫ਼ੋਨ ਕਰਨਾ ਤਾਂ ਉਸਨੇ ਸਾਡਾ ਫ਼ੋਨ ਅਟੈਂਡ ਹੀ ਨਾ ਕਰਨਾ। ਅਸੀਂ ਦੋਵੇਂ ਮੀਆਂ-ਬੀਵੀ ਸੋਚਾਂ ਦੇ ਸਮੁੰਦਰ ਵਿਚ ਦਿਨ-ਰਾਤ ਡੁੱਬੇ ਰਹਿੰਦੇ ਸਾਡੀ ਕਿਤੇ ਕੋਈ ਵਾਹ ਪੇਸ਼ ਨਾ ਜਾਂਦੀ, ਉਸ ਦੇਸ਼ ਵਿਚ ਕੋਈ ਆਪਣਾ ਵੀ ਤਾਂ ਨਹੀਂ ਸੀ ਜਿਸਨੂੰ ਫ਼ੋਨ ਕਰਕੇ ਅਸੀਂ ਆਪਣੇ ਨਵਜੋਤ ਬਾਰੇ ਖ਼ਬਰ-ਸਾਰ ਪੁੱਛ ਲੈਂਦੇ। ਫਿਕਰਾਂ ਵਿਚ ਡੁੱਬੀ-ਡੁੱਬੀ ਇਕ ਦਿਨ ਨਵਜੋਤ ਦੀ ਮਾਂ ਮੈਨੂੰ ਸੋਚਾਂ ਦੇ ਸਮੁੰਦਰ ਵਿਚ ਇੱਕਲੇ ਨੂੰ ਛੱਡ ਕੇ ਆਪਣਾ ਹੱਥ ਮੈਥੋਂ ਸਦਾ ਲਈ ਛੁਡਾ ਕੇ ਇਸ ਦੁਨੀਆਂ ਵਿਚੋਂ ਸਦਾ ਲਈ ਤੁਰ ਗਈ। ਮੈਂ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਨਵਜੋਤ ਨਾਲ ਸੰਪਰਕ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ। ਅਖ਼ੀਰ ਨਵਜੋਤ ਤੋਂ ਬਿਨਾਂ ਹੀ ਉਸਦੀ ਮਾਂ ਦਾ ਅੰਤਿਮ ਸਸਕਾਰ ਕਰਨਾ ਪਿਆ ਜੋ ਮੇਰੇ ਲਈ ਬਹੁਤ ਵੱਡਾ ਦੁੱਖ ਸੀ।

ਹੁਣ ਮੈਂ ਬਿੱਲਕੁੱਲ ਇਕੱਲਾ ਰਹਿ ਗਿਆ ਸਾਂ ਕਿਉਂਕਿ ਰਿਸ਼ਤੇਦਾਰ ਦੋ-ਦੋ ਚਾਰ-ਚਾਰ ਦਿਨ ਮੇਰੇ ਕੋਲ ਰਹਿ ਕੇ ਆਪੋ-ਆਪਣੇ ਕੰਮਾਂ-ਕਾਰਾਂ ਵਿਚ ਰੁੱਝ ਗਏ ਸਨ ਬੱਸ ਇਕ ਮੈਂ ਹੀ ਰਹਿ ਗਿਆ ਸੀ ਇਸ ਅਸਹਿ ਅਤੇ ਅਕਹਿ ਦਰਦ ਨਾਲ ਜੂਝਣ ਲਈ। ਮੈਂ ਤਾਂ ਜਿਵੇਂ ਹੁਣ ਸਾਹ ਹੀ ਪੂਰੇ ਕਰ ਰਿਹਾ ਹੋਵਾਂ ਕਿਸੇ ਪਾਸੇ ਕੋਈ ਆਸ ਦੀ ਕਿਰਨ ਦਿਖਾਈ ਨਹੀਂ ਦੇ ਰਹੀ ਸੀ, ਬੱਸ ਹੁਣ ਦਿਲ ਇਹ ਹੀ ਲੋਚ ਰਿਹਾ ਸੀ ਕਿ ਮੇਰਾ ਨਵਜੋਤ ਕਿਤੋਂ ਉੱਡ ਕੇ ਆ ਜਾਵੇ ਅਤੇ ਮੈਂ ਉਸਨੂੰ ਘੁੱਟ ਕੇ ਗਲਵਕੜੀ ਪਾਵਾਂ ਤੇ ਸਾਲਾਂ ਦੇ ਰੁੱਕੇ ਹੋਏ ਸਾਰੇ ਹੰਝੂ ਉਸਦੇ ਗਲ ਲੱਗਕੇ ਵਹਾਅ ਦੇਵਾਂ। ਪਰ ਪੁੱਤਰਾ ਇਥੇ ਵੀ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ, ਅਚਾਨਕ ਇਕ ਦਿਨ ਮੇਰੇ ਫ਼ੋਨ ਉੱਤੇ ਇਕ ਵਿਦੇਸ਼ ਦੇ ਨੰਬਰ ਤੋਂ ਫ਼ੋਨ ਆਇਆ "ਕੀ ਤੁਸੀਂ ਨਵਜੋਤ ਦੇ ਘਰੋਂ ਬੋਲ ਰਹੇ ਹੋ," ਮੈਂ ਨਵਜੋਤ ਦਾ ਨਾਂ ਸੁਣ ਕੇ ਜਕਦਮ ਉੱਠ ਕੇ ਬੈਠ ਗਿਆ ਕਿ ਇਹ ਕੋਈ ਬੰਦਾ ਮੇਰੀ ਮੇਰੇ ਨਵਜੋਤ ਨਾਲ ਗੱਲ ਕਰਾਉਣ ਲੱਗਾ ਹੈ , "ਹਾਂ, ਹਾਂ ਜੀ! ਮੈਂ ਨਵਜੋਤ ਦਾ ਡੈਡੀ ਹੀ ਬੋਲ ਰਿਹਾ ਹਾਂ ਕਰਵਾਓ ਗੱਲ ਮੇਰੀ ਮੇਰੇ ਨਵਜੋਤ ਨਾਲ" "ਸੌਰੀ ਅੰਕਲ ਜੀ, ਨਵਜੋਤ ਸ਼ਾਇਦ ਹੁਣ ਤੁਹਾਡੇ ਨਾਲ ਕਦੀ ਵੀ ਗੱਲ ਨਹੀਂ ਕਰ ਸਕੇਗਾ ਕਿਉਂਕਿ ਨਵਜੋਤ ਨਸ਼ੇ ਦੀ ਓਵਰ ਡੋਜ਼ ਲੈਣ ਕਰਕੇ ਹੁਣ ਇਸ ਦੁਨੀਆਂ ਵਿਚ ਨਹੀਂ ਰਿਹਾ। ਮੈਂ ਇਹ ਕੀ ਸੁਣ ਰਿਹਾ ਸੀ ਮੇਰਾ ਦਿਮਾਗ ਜਿਵੇਂ ਸੁੰਨ ਹੋ ਗਿਆ ਸੀ ਮੈਨੂੰ ਕੁਝ ਨਹੀਂ ਸਮਝ ਨਹੀਂ ਲੱਗ ਰਹੀ ਸੀ। ਨਵਜੋਤ ਦੀ ਮੌਤ ਦੇ ਦੁੱਖ ਦੇ ਨਾਲ ਨਾਲ ਇਕ ਹੋਰ ਦੁੱਖ ਜੋ ਮੇਰੇ ਘਰ ਦੇ ਚਿਰਾਗ ਉੱਤੇ ਇਕ ਨਸ਼ੇ ਦੇ ਸੇਵਨ ਕਰਨ ਦਾ ਧੱਬਾ ਲੱਗ ਰਿਹਾ ਸੀ ਪਰ ਇਹ ਸੱਚ ਸੀ ਤੇ ਸੱਚ ਨੂੰ ਮੰਨਣਾ ਹੀ ਪੈਣਾ ਸੀ।

ਮੈਂ ਇੱਕਲਾ ਅਤੇ ਇਸ ਬਜ਼ੁਰਗੀ ਵਿਚ ਹੋਣ ਕਰਕੇ ਬਹੁਤੀ ਨੱਠ-ਭੱਜ ਨਾ ਕਰ ਸਕਿਆ, ਅਖ਼ੀਰ ਮੈਂ ਉਥੋਂ ਦੀ ਸਰਕਾਰ ਵੱਲੋਂ ਪੁੱਛੇ ਜਾਣ 'ਤੇ ਕਿ ਜੇਕਰ ਤੁਸੀਂ ਚਾਹੋ ਤਾਂ ਤੁਸੀਂ ਇਸ ਦਾ ਸਸਕਾਰ ਇਥੇ ਵੀ ਕਰਵਾ ਸਕਦੇ ਹੋ 'ਤੇ ਸਹਿਮਤੀ ਦੇ ਦਿੱਤੀ। ਚਾਵਾਂ ਅਤੇ ਰੀਝਾਂ ਦੇ ਲੱਖਾਂ ਸੁਪਨੇ ਸਜਾ ਕੇ ਤੋਰੇ ਪੁੱਤ ਦੀਆਂ ਅਸਥੀਆਂ ਨਵਜੋਤ ਦੇ ਕਿਸੇ ਜਾਣਕਾਰ ਲੜਕੇ ਦੇ ਹੱਥੀਂ ਘਰ ਪਹੁੰਚ ਗਈਆਂ, ਕੁਝ ਦਿਨ ਉਨ੍ਹਾਂ ਅਸਥੀਆਂ ਨੂੰ ਆਪਣੇ ਹੰਝੂਆਂ ਨਾਲ ਠੰਡਾ ਕਰਕੇ ਕੀਰਤਪੁਰ ਸਾਹਿਬ ਵਹਾਅ ਆਇਆ।

ਹੁਣ ਆਪਣੀ ਮੌਤ ਦਾ ਰਾਹ ਤੱਕਦਾ-ਤੱਕਦਾ ਤੇ ਕਦੇ ਨਾ ਮੁੱਕਣ ਵਾਲੀ ਉਡੀਕ ਵਿਚ ਇਸ ਪਾਰਕ ਵਿੱਚ ਆ ਜਾਨਾ, ਜਿੱਥੇ ਕੁਝ ਸਮੇਂ ਲਈ ਮੈਂ ਆਪਣੀ ਘਰਦੀ ਅਤੇ ਆਪਣੇ ਨਵਜੋਤ ਨੂੰ ਇਥੇ ਮਹਿਸੂਸ ਕਰਦਾ ਹਾਂ। ਮੈਂ ਇਨ੍ਹਾਂ ਪੰਘੂੜਿਆਂ ਨੂੰ ਦੁਲਾਰਦੇ ਹੋਏ ਨਵਜੋਤ ਦੇ ਬਚਪਨ ਵਾਲੇ ਕੂਲੇ-ਕੂਲੇ ਹੱਥਾਂ ਦੀ ਛੋਹ ਮਹਿਸੂਸ ਕਰਦਾ ਹਾਂ। ਰਾਤ ਢਲੇ ਤੋਂ ਫਿਰ ਉਸ ਦਰਦ ਕੋਠੜੀ ਵਿਚ ਕੈਦ ਹੋ ਜਾਂਦਾ ਹਾਂ ਅਤੇ ਅਗਲੀ ਸਵੇਰ ਦਾ ਇੰਤਜ਼ਾਰ ਕਰਦਾ ਰਹਿੰਦਾ ਹਾਂ।

ਮੇਰਿਆ ਪੁੱਤਰਾ! ਜੇ ਤੂੰ ਕੋਈ ਬੁੱਧੀਜੀਵੀ ਏ ਜਾਂ ਕੋਈ ਲੇਖਕ ਏਂ ਤਾਂ ਮੇਰਾ ਦੁੱਖ ਇਹ ਦੁਨੀਆਂ ਤੱਕ ਪਹੁੰਚਾ ਦੇਵੀਂ ਜੋ ਚਾਈਂ-ਚਾਈਂ ਆਪਣੀਆਂ ਇਕਲੌਤੀਆਂ ਔਲਾਦਾਂ ਵੀ ਬੱਚਿਆਂ ਪਿੱਛੇ ਲੱਗ ਕੇ ਆਪਣੀਆਂ ਅੱਖਾਂ ਤੋਂ ਦੂਰ ਵਿਦੇਸ਼ ਤੋਰੀ ਜਾ ਰਹੇ ਨੇ। ਵਿਦੇਸ਼ਾਂ ਵਿਚ ਗਏ ਬੱਚੇ ਵਾਪਸ ਨਹੀਂ ਮੁੜਨੇ ਕਿਉਂਕਿ ਜੇਕਰ ਉਹ ਪੜ੍ਹ ਲਿਖਕੇ ਨੌਕਰੀ-ਪੇਸ਼ੇ 'ਤੇ ਲੱਗ ਗਏ ਤਾਂ ਉਹ ਉੱਥੇ ਦੇ ਹੀ ਹੋ ਕੇ ਰਹਿ ਜਾਣਗੇ ਅਤੇ ਜੇਕਰ ਉਹ ਮੇਰੇ ਨਵਜੋਤ ਦੀ ਤਰ੍ਹਾਂ ਕਿਸੇ ਬੁਰੀ ਸੰਗਤ ਵਿਚ ਫੱਸ ਗਏ ਤਾਂ ਫਿਰ ਇਕ ਦਿਨ ਮਾਂ-ਬਾਪ ਲਈ ਇਕ ਗਹਿਰੇ ਸਦਮੇ ਨਾਲ ਉਨ੍ਹਾਂ ਦੀਆਂ ਯਾਦਾਂ ਹੀ "ਉਮਰੋਂ ਲੰਮੀ ਉਡੀਕ" ਦੇ ਰੂਪ ਵਿਚ ਘਰ ਪਰਤਣਗੀਆਂ।

ਸਾਰੀ ਦਰਦ ਕਹਾਣੀ ਸੁਣਨ ਤੋਂ ਬਾਅਦ ਦਿਨ ਢਲਦੇ ਅਸੀਂ ਦੋਵੇਂ ਆਪੋ-ਆਪਣੇ ਘਰ ਨੂੰ ਚਲੇ ਗਏ ਪਰ ਸਾਰੀ ਰਾਤ ਉਸ ਬਜ਼ੁਰਗ ਦੇ ਦੁੱਖਾਂ ਦੀ ਦਾਸਤਾਨ ਨੂੰ ਇਕ ਕਹਾਣੀ ਦਾ ਰੂਪ ਦੇ ਕੇ ਤੇ ਇਹ ਕਹਾਣੀ ਉਸ ਬਜ਼ੁਰਗ ਨੂੰ ਸੁਣਾਉਣ ਲਈ ਅਗਲੀ ਸਵੇਰ ਦਾ ਇੰਤਜ਼ਾਰ ਕਰਨ ਲੱਗਾ।

ਪਰ ਮੇਰੀ ਬਦਕਿਸਮਤੀ ਇਹ ਰਹੀ ਕਿ ਮੇਰੀ ਇਸ ਕਹਾਣੀ ਨੂੰ ਜਨਮ ਦੇਣ ਵਾਲਾ ਉਹ ਬਜ਼ੁਰਗ ਅੱਜ ਇਸ ਪਾਰਕ ਵਿਚ ਨਹੀਂ ਪਹੁੰਚ ਸਕਿਆ।

(ਸਫ਼ਾ 146 ਤੋਂ ਜਾਰੀ)

ਕਲਮਕਾਰਾਂ ਅਤੇ ਕਰਿਆਣਾ ਵਿਕਰੇਤਿਆਂ) ਲਈ ਜੂਝਦੀ ਰਹੀ ਹੋਵੇਗੀ!

ਇਸ ਲਈ ਐਤਕੀਂ ਸ਼ਿਵ ਨਾਥ ਮੁਹਾਲੀ ਜੀ ਨੂੰ ਟਿਕਿਆ ਗਿਆ ਸੀ। ਜਿਹਨਾਂ ਨੂੰ ਇਸ ਲਈ ਉਹਨਾਂ ਦੇ ਹੱਕ ਨਾਲ 12 ਮਾਰਚ 2023 ਨੂੰ ਚੰਡੀਗੜ੍ਹ ਵਿਖੇ 'ਭਗਤ ਸਿੰਘ ਅਤੇ ਵਰਤਮਾਨ' ਦੇ ਵਿਸ਼ੇ ਉੱਪਰ ਹੋਈ ਗੋਸ਼ਟੀ ਦੌਰਾਨ, ਕਲਾ ਭਵਨ, ਚੰਡੀਗੜ੍ਹ ਵਿਖੇ ਦਰਸ਼ਨ ਸਿੰਘ ਢਿੱਲੋਂ, ਮੁਰਾਦਵਾਲਾ, ਗੁਰਨਾਮ ਕੰਵਰ, ਹਰਮੋਹਿੰਦਰ ਕਾਲੜਾ, ਚਮਨ ਲਾਲ ਦਿੱਲੀ ਅਤੇ ਹੋਰ ਸਾਥੀਆਂ ਦੀ ਹਾਜ਼ਰੀ ਵਿਚ ਨਿਵਾਜ਼ਿਆ ਗਿਆ।

ਹਾਜ਼ਰੀਨ:

ਇਸ ਇਤਿਹਾਸਕ ਸਮਾਗਮ 'ਚ ਸ਼ਾਮਲ ਹੋਣ ਲਈ ਡਾ: ਦੀਪਕ ਮਨਮੋਹਨ ਸਿੰਘ,

(ਬਾਕੀ ਸਫ਼ਾ 210 ਉਪਰ)

ਤੂੰ ਸਾਨੂੰ ਪੁੱਛ ਨਾ ਜਿਹੜੀ ਸਾਡੇ ਨਾਲ ਬੀਤੀ ਹੈ,
ਸੰਤਾਲ਼ੀ ਤੇ ਚੁਰਾਸੀ ਦੇ ਅਜੇ ਤਕ ਜ਼ਖ਼ਮ ਅੱਲ੍ਹੇ ਨੇ। -ਗੁਰਦੀਸ਼ ਕੌਰ ਗਰੇਵਾਲ

ਕਹਾਣੀ

# ਕੈਦ-ਏ-ਮੁਹੱਬਤ


ਪਰਦੀਪ ਮਹਿਤਾ 'ਦੀਪ'

ਪਰਦੀਪ ਮਹਿਤਾ 'ਦੀਪ'

ਮੇਰੇ ਖ਼ਤ ਵਿੱਚ ਲਿਪਟਿਆ ਇਹ ਸੂਹਾ ਸੁੱਕਿਆ ਹੋਇਆ ਗੁਲਾਬ ਦੇਖ, ਯਾਦ ਆਇਆ ਤੈਨੂੰ "ਮੁਹੱਬਤੀ ਦਿਵਸ, ਵੈਲਨਟਾਈਨ ਡੇ"

ਤੂੰ ਜਦ ਆਹ ਖਤ ਪੜ੍ਹ ਰਿਹਾ ਹੋਵੇਂਗਾ ਮੈਂ ਤੇਰੀ ਮੁਹੱਬਤ ਦੀ ਕੈਦ ਤੋਂ ਦੂਰ ਬਹੁਤ ਦੂਰ ਜਾ ਚੁੱਕੀ ਹੋਵਾਂਗੀ, ਤੇਰਾ ਸੋਨੇ ਦਾ ਪਿੰਜਰਾ ਤੋੜ, ਆਪੂੰ ਬਣਾਏ ਰਿਸ਼ਤੇ ਤਿਆਗ।... ਨਹੀਂ... ਨਹੀਂ... ਮੈਂ ਇੰਨੀ ਬੁਜ਼ਦਿਲ ਨਹੀਂ ਕਿ ਆਪਣੀ ਜੀਵਨ ਲੀਲਾ ਸਮਾਪਤ ਕਰ ਲਵਾਂ। ਤੈਨੂੰ ਪਤਾ ਹੀ ਹੈ ਕਿ ਮੌਤ ਤੋਂ ਮੈਂ ਕਿੰਨਾ ਡਰਦੀ ਹਾਂ। ਮੈਂ ਤਾਂ ਜਿਉਣਾ ਹੈ...। ਮੇਰਾ ਪਿੱਛਾ ਕਰਨਾ ਬੇਕਾਰ ਹੋਵੇਗਾ। ਮੱਥੇ ਤਿਊੜੀਆਂ ਪਾ, ਪੈਰ ਪਟਕ, ਸ਼ਬਦਾਂ ਵਿੱਚ ਜਹਿਰ ਘੋਲ ਕਹੇਂਗਾ, "ਦਿਖਾਤੀ ਨਾ ਜਾਤ... ਰਹੀ ਨਾ ਉਹੀ ਵਿਹੜੇ ਆਲੀ।" "ਹਾਂ ਮੈਨੂੰ ਆਪਣੀ ਜਾਤ 'ਤੇ ਓਨਾ ਹੀ ਮਾਨ ਹੈ ਜਿਨ੍ਹਾਂ ਤੈਨੂੰ ਆਪਣੀ ਉੱਚ-ਜਾਤ 'ਤੇ ਹੰਕਾਰ। ਚੱਲ ਛੱਡ..... ਆਹ ਖਤ ਲਿਖਣ ਦਾ ਮੇਰਾ ਮਕਸਦ ਤੈਨੂੰ ਕੁੱਝ ਜਤਾਉਣਾ ਨਹੀਂ ਅਤੇ ਨਾ ਹੀ ਤੇਰੇ ਹਊਮੈ ਨੂੰ ਜ਼ਖ਼ਮੀ ਕਰਨਾ ਹੈ ਮੈਂ ਤਾਂ ਆਪ ਸਾਰੀ ਦੀ ਸਾਰੀ ਛਲਣੀ ਹੋਈ ਪਈ ਹਾਂ। ਮੇਰੇ ਆਪੇ ਵਿਚ ਮੇਰਿਆਂ ਰੋਮਾਂ ਨਾਲੋਂ ਵੀ ਵੱਧ ਛੇਦ ਹੋਏ ਪਏ ਨੇ। ਮੈਂ ਤਾਂ ਤੈਨੂੰ ਅਪਣੇ ਬਦਤਰ ਹੋਏ ਹਾਲਾਤਾਂ ਤੋਂ ਜਾਣੂ ਕਰਵਾਉਣਾ ਚਾਹੁੰਦੀ ਹਾਂ- ਜਿਹੜੇ ਇਕੋ ਛੱਤ ਹੇਠਾਂ ਰਹਿੰਦੇ ਹੋਏ ਵੀ ਤੂੰ ਕਦੇ ਮਹਿਸੂਸ ਨਹੀਂ ਕੀਤੇ ਜਾਂ ਸਮਝੋ ਜਾਣ ਬੁਝ ਕੇ ਅਣਗੌਲੇ ਕਰ ਦਿੱਤੇ! ਤੈਨੂੰ ਯਾਦ ਹੈ? ਕਾਲਜ ਦੇ ਦਿਨਾਂ ਵਿਚ ਤੂੰ ਮੈਨੂੰ ਮੁਹੱਬਤੀ ਖ਼ਤ ਲਿਖਣ ਦੀ ਜ਼ਿੱਦ ਕਰਦਾ ਹੁੰਦਾ ਸੀ ਤਾਂ ਮੈਂ ਤੈਨੂੰ ਹੱਸ ਕੇ ਆਖ ਦਿੰਦੀ ਸੀ, "ਮੇਰੇ ਨੈਣੋਂ ਸੇ ਪੜ੍ਹ ਲੈ ਮੇਰੇ ਮਨ ਦੀ ਇਬਾਰਤ।" ਤੇ ਸ਼ਾਇਦ ਤੂੰ ਪੜ੍ਹ ਵੀ ਲੈਂਦਾ ਸੀ। ਹੁਣ ਹਾਲਾਤ ਇੰਨੇ ਬਦਬਖ਼ਤ ਹੋ ਗਏ ਹਨ ਕਿ ਮੈਨੂੰ ਆਪਣਾ ਆਪਾ ਦੱਸਣ ਲਈ ਖ਼ਤ ਲਿਖਣਾ ਪੈ ਰਿਹਾ ਹੈ। ਖੈਰ, ਹੁਣ ਮੈਂ ਤੇਰੇ ਤੋ ਜਿੰਨਾ ਦੂਰ ਜਾਣ ਜਾਂ ਕਹਿ ਲਵੋ ਖਹਿੜਾ ਛੁਡਾਉਣ ਬਾਰੇ ਸੋਚ ਰਹੀ ਹਾਂ, ਮੈਨੂੰ ਉਨ੍ਹਾਂ ਹੀ ਸਕੂਨ ਮਿਲ ਰਿਹਾ ਹੈ। ਮੈਂ ਹਲਕੀ-ਫੁਲਕੀ ਮਹਿਸੂਸ ਕਰ ਰਹੀ ਹਾਂ। ਲਗਦੈ ਜਿਵੇਂ ਵਰਿਆਂ ਪਿਛੋਂ ਮਾੜੇ ਸੁਫ਼ਨਿਆ ਤੋਂ ਜਾਗੀ ਹੋਵਾਂ। ਮੈਂ ਤਾਂ ਪੂਰਾ ਸਾਹ ਲੈਣਾ ਵੀ ਭੁੱਲ ਗਈ ਸੀ। ਮੈਂ ਜਿਉਂ-ਜਿਉਂ ਖ਼ਤ ਝਰੀਟ ਰਹੀ ਹਾਂ ਪਿਛਲਾ ਸਭ ਕੁਝ ਭੁਲਦਾ ਜਾ ਰਿਹਾ ਹੈ। ਬਹੁਤ ਜ਼ੋਰ ਦੇਣ 'ਤੇ ਵੀ ਤੇਰਾ ਚਿਹਰਾ... ਤੇਰਾ ਪਰਿਵਾਰ... ਤੇਰਾ ਘਰ ਮੈਨੂੰ ਯਾਦ ਨਹੀਂ ਆ ਰਿਹਾ ਹੈ... ਧੁੰਦਲਾ-ਧੁੰਦਲਾ ਵੀ ਨਹੀਂ। ਮੇਰੇ ਜਿਵੇਂ ਪਰ ਉੱਘ ਆਏ ਹੋਣ। ਰੁਮਕਦੀ ਹਵਾ, ਪੰਛੀਆਂ ਦੀ ਚਹਿਚਹਾਟ... ਸੂਰਜ ਦੀ ਕੋਸੀ-ਕੋਸੀ ਧੁੱਪ... ਖਿੜਿਆ ਚੌਗਿਰਦਾ.... ਉੱਡਦੀਆਂ ਤਿਤਲੀਆਂ ਸਭ ਕੁਝ ਤਾਂ ਹੈ... ਸਿਰਫ਼ ਮੈਂ ਹੀ ਮਨਫ਼ੀ ਸੀ ਕਾਇਨਾਤ ਦੇ ਨਾਦ ਵਿੱਚੋਂ... ਲੰਬੇ ਸਮੇਂ ਤੋਂ। ਆਪਣੇ ਪੋਟਿਆਂ ਨਾਲ ਚਿਹਰੇ ਨੂੰ ਛੁਹਿਆ ਜਿਵੇਂ ਯੁਗੜੇ ਬੀਤ ਗਏ। ਸ਼ੁਕਰ ਹੈ ਕਿ ਮੈਂ ਅਜੇ ਜਿਉਂਦੀ ਹਾਂ ਮੋਈ ਨਹੀਂ।

ਜਿੰਦਗੀ ਪਿਆਰ ਕਰਨ ਲਈ ਹੀ ਬਹੁਤ ਥੋੜ੍ਹੀ ਹੁੰਦੀ ਹੈ। ਤੂੰ ਨਫ਼ਰਤ ਕਰਨ ਲਈ ਐਨਾ ਸਮਾਂ ਪਤਾ ਨਹੀਂ ਕਿੱਥੋਂ ਕੱਢ ਲਿਆ। ਪਰ ਤੂੰ ਕੀ ਸਮਝੇਗਾ ਪਿਆਰ ਨੂੰ, ਮੁਹੱਬਤ ਤਾਂ ਕੋਈ ਦਿਲਦਾਰ ਹੀ ਸਮਝ ਸਕਦੈ ਪਰ ਤੂੰ ਤਾਂ ਸਮਾਜ ਦੀ ਸੌੜੀ ਸੋਚ ਪਿੱਛੇ ਲੱਗ ਕੇ ਆਪਣਾ ਸੋਨੇ ਜਿਹਾ ਦਿਲ ਮਿੱਟੀ ਤੁਲ ਕਰ ਲਿਆ। ਤੂੰ ਤਾਂ ਜਾਤ-ਪਾਤ ਦੇ ਵਿਊ-ਚੱਕਰ ਤੋਂ ਹੀ ਬਾਹਰ ਨਹੀਂ ਆ ਸਕਿਆ।

ਮੇਰੀ ਜਾਤ, ਹਾਂ ਮੇਰੀ ਨੀਵੀਂ-ਜਾਤ ਹੈ। ਪਰਿਵਾਰ ਵਾਲਿਆਂ ਨੂੰ ਤਾਂ ਛੱਡ ਤੂੰ ਵੀ ਮੈਨੂੰ ਭੰਡਣਾ ਸ਼ੁਰੂ ਕਰ ਦਿੱਤਾ। ਮੈਂ ਕੌਣ ਹਾਂ... ਤੈਨੂੰ ਪਹਿਲਾਂ ਨਹੀਂ ਸੀ ਪਤਾ? ਮੇਰੀਆਂ ਰਗਾਂ ਵਿੱਚ ਕਿਹੜੀ ਜਾਤ ਦਾ ਖ਼ੂਨ ਦੌੜਦੈ ਤੈਨੂੰ ਹੁਣ ਪਤਾ ਲੱਗਿਐ?

ਕਾਲਜ ਦੇ ਦਿਨਾਂ ਵਿੱਚ ਜਦੋਂ ਤੂੰ ਜਾਤ-ਪਾਤ ਤੋਂ ਉੱਚੇ ਉੱਠਣ ਦਾ ਹੋਕਾ ਦਿੰਦਾ... ਤਾਂ ਮੈਨੂੰ ਲੱਗਦਾ ਜਿਵੇਂ ਤੂੰ ਆਹ ਪਾਖੰਡ ਖ਼ਤਮ ਕਰਨ ਲਈ ਹੀ ਸ਼ਾਇਦ ਧਰਤੀ 'ਤੇ ਆਇਐਂ, ਮੈਂ ਸਾਰੀ ਦੀ ਸਾਰੀ, ਤੇਰੀ ਕਵਿਤਾ ਨਾਲ ਨਸ਼ਿਆ ਜਾਂਦੀ, ਲਗਦਾ ਜਿਵੇਂ ਪੀੜ੍ਹੀਆਂ ਤੋਂ ਦੱਬੇ-ਕੁਚਲੇ ਅਸੀਂ ਲੋਕ ਵੀ ਮਾਨਵ ਕਹਾਉਣ ਦਾ ਹੱਕ ਰਖਦੇ ਹਾਂ। ਮੇਰਾ ਦਿਲ ਬਾਰ-ਬਾਰ ਤੈਨੂੰ ਸਜਦਾ ਕਰਦਾ। ਮੇਰੇ ਮਨ ਵਿੱਚ ਤੇਰੇ ਪ੍ਰਤੀ ਅਥਾਹ ਸ਼ਰਧਾ ਪੈਦਾ ਹੋ ਗਈ। ਇਹ ਸਭ ਕੁੱਝ ਕਦੋਂ ਮੁਹੱਬਤ ਵਿੱਚ ਬਦਲ ਗਿਆ ਮੈਨੂੰ ਪਤਾ ਹੀ ਨਹੀਂ ਲੱਗਿਆ। ਤੇਰਾ ਮੇਰੇ ਪ੍ਰਤੀ ਝੁਕਾਅ ਤਾਂ ਦੇਰਾਂ ਤੋਂ ਸਮਝ ਰਹੀ ਸੀ... ਪਰ ਮੈਂ ਆਪਣੀਆਂ ਸੀਮਾਵਾਂ ਜਾਣਦੀ ਸੀ... ਤੇ ਉੱਚ ਜਾਤਾਂ ਦੀ ਸਾਡੇ ਲੋਕਾਂ ਪ੍ਰਤੀ ਸੋਚ ਕਿਸ ਤੋਂ ਗੁੱਝੀ ਹੈ? ਪੁਰਖਿਆਂ ਤੋਂ ਉੱਚ ਜਾਤਾਂ ਦੁਆਰਾ ਸਾਡੇ ਲੋਕਾਂ ਦੇ ਨਾ ਕੇਵਲ ਆਰਥਿਕ ਸਗੋਂ ਸਰੀਰਕ ਸ਼ੋਸ਼ਣ ਦੇ ਅਨੇਕਾਂ ਅਨੇਕ ਘ੍ਰਿਣਤ ਕਿੱਸੇ ਅਕਸਰ ਸੁਣਨ ਨੂੰ ਮਿਲਦੇ। ਅਸੀਂ ਕਸੀਸ ਵੱਟ ਕੇ ਰਹਿ ਜਾਂਦੇ। ਵਿਹੜੇ ਦੀਆਂ ਬੁੜ੍ਹੀਆਂ ਬੁੱਲ੍ਹ ਚਿੱਥ ਉਹਨਾਂ ਨਾਲ ਹੋਏ ਧੱਕੇ ਦਾ ਬਿਰਤਾਂਤ ਸੁਣਾਉਂਦੀਆਂ ਤਾਂ ਕੁੜੀਆਂ ਧੁਰ ਅੰਦਰੋਂ ਹਿਲ ਜਾਂਦੀਆਂ। ਕਈ ਪਕੇਰੀ ਉਮਰ ਦੀਆਂ ਔਰਤਾਂ ਮੂੰਹ ਵਿੱਚ ਚੁੰਨੀ ਪਾ ਛਿੱਦਾ ਜਿਹਾ ਹੱਸਦੀਆਂ ਜਿਵੇਂ ਆਖ ਰਹੀਆਂ ਹੋਣ, 'ਹੁਣ ਕਿਹੜਾ ਹਟ ਗਿਆ ਸਭ ਕੁਝ।' ਪੀੜ੍ਹੀ-ਦਰ-ਪੀੜ੍ਹੀ ਪ੍ਰਮਾਤਮਾ ਦੀ ਮਰਜ਼ੀ ਸਮਝ ਸਭ ਕੁਝ ਪਤਾ ਨਹੀਂ ਕਿਉਂ ਝਲਦੇ ਰਹੇ ਲੋਕ? ਨਵੀਂ ਪੀੜ੍ਹੀ ਕ੍ਰਾਂਤੀ ਕਰਨਾ ਲੋਚਦੀ, ਭਾਂਬੜ ਮੱਚਦੇ ਪਰ ਆਰਥਿਕ ਤੰਗੀਆਂ ਤੁਰਸ਼ੀਆਂ ਅੱਗੇ ਸਭ ਬੇਬਸ ਹੋ ਜਾਂਦੇ। ਜਿਲਤ ਦਾ ਕੌੜਾ ਘੁੱਟ ਭਰ ਗੋਲੀ-ਧੰਦਾ ਕਰਦੇ... ਸ਼ੋਸ਼ਿਤ ਹੁੰਦੇ ਰਹਿੰਦੇ... ਸਾਧਨਾਂ ਤੇ ਤੁਸੀਂ ਕਾਬਜ਼ ਹੋ... ਸਾਡੀ ਲੁੱਟ ਕਰਨਾ ਤੁਹਾਡਾ ਅਧਿਕਾਰ ਹੈ। ਸਭ ਕੁੱਝ ਪਤਾ ਹੋਣ ਦੇ ਬਾਵਜੂਦ ਮੇਰਾ ਤੇਰੇ ਪ੍ਰਤੀ ਝੁਕਾਅ ਪਤਾ ਨਹੀਂ ਕਿਉਂ ਵੱਧਦਾ ਗਿਆ। ਸਮਾਜ ਨੇ ਬਥੇਰਾ ਸਮਝਾਇਆ 'ਬੇਟੀ ਇਹ ਲੋਕ ਸਾਨੂੰ ਵਰਤਣਾ ਹੀ ਜਾਣਦੇ ਨੇ... ਇਹਨਾਂ ਦੇ ਘਰਾਂ ਵਿੱਚ ਸਾਡਾ ਜਾਣਾ ਵਰਜਿਤ ਹੈ... ਤੂੰ ਵਿਆਹ ਕਰਕੇ ਇਹਨਾਂ ਦੇ ਦਿਲਾਂ ਵਿਚ ਵਸਣ ਦੇ ਸੁਫ਼ਨੇ ਸਿਰਜ ਰਹੀ ਹੈਂ... ਪਛਤਾਏਂਗੀ।' ਮਾਪਿਆਂ ਦੀ ਧੂਹ-ਘੜੀਸ, ਮੁਹੱਲੇ ਦੇ ਛੋਹਰਿਆਂ ਦੇ ਗੰਦੇ ਬੋਲ... ਤੇਰੇ ਹੌਂਸਲੇ ਨਾਲ ਪਤਾ ਨਹੀਂ ਮੈਂ ਕੀ ਕੀ ਜਰ ਗਈ... ਕਦੇ ਚਿਤਾਰਿਆ ਨਹੀਂ.. ਪਰ ਤੂੰ ਕੀ ਜਾਣੇ। ਤੇਰੇ ਧਰਵਾਸੇ ਮੈਂ ਆਪਣੀ ਬੇੜੀ ਇਸ਼ਕ ਝਨਾਵੀਂ ਠੇਲ੍ਹ ਦਿੱਤੀ।

ਉਹ ਸਾਥੋਂ ਦੂਰ ਹੁੰਦੇ ਜਾ ਰਹੇ ਨੇ।
ਬੜੇ ਮਜ਼ਬੂਰ ਹੁੰਦੇ ਜਾ ਰਹੇ ਨੇ। -(ਅਗਲੇ ਸਫ਼ੇ 'ਤੇ)

ਮੈਂ ਜਾਣ-ਬੁੱਝ ਕੇ ਘਰੋਂ ਕੋਈ ਨਾ ਕੋਈ ਚੀਜ਼ ਬਣਾ ਕੇ ਲੈ ਜਾਂਦੀ। ਜਦੋਂ ਤੂੰ ਮੈਥੋਂ ਖੋਹ ਕੇ ਖਾ ਜਾਂਦਾ ਤਾਂ ਲਗਦਾ ਜਾਤ-ਪਾਤ ਸਭ ਅਡੰਬਰ ਹਨ। ਸੱਚ ਮੈਂ ਸਮਝੀ ਨਹੀਂ... ਜਾਂ ਤੂੰ ਮੇਰੀ ਮਤ ਮਾਰ ਦਿੱਤੀ। ਅਖ਼ੀਰ ਬਸਤੀ ਦੀ ਇੱਜਤ ਦਾਅ 'ਤੇ ਲਗਾ... ਮੈਂ ਤੇਰੇ ਨਾਲ ਤੁਰ ਪਈ ਚੀਕਾਂ ਰੌਲੀ ਪਿੱਛੇ ਛੱਡ... ਛੋਟੀਆਂ ਭੈਣਾਂ... ਮਾਪੇ... ਸਮਾਜ... ਸਭ ਕੁੱਝ ਛੱਡ ਮੈਂ ਰੀਤੂ ਰਾਣੀ ਤੋਂ ਰੀਤੂ ਕੌਰ ਬਣ ਗਈ। ਲਗਿਆ ਬਸਤੀ ਦੀਆਂ ਸੌੜੀਆਂ ਸੋਚਾਂ, ਗੰਦਗੀ, ਭਿੱਟੇ ਆਚਰਣ, ਜਿਲਤਾਂ ਤਿਆਗ ਜਿਵੇਂ ਮੈਂ ਕੋਈ ਤਿਲਸਮੀ ਸੰਸਾਰ ਵਿੱਚ ਪ੍ਰਵੇਸ਼ ਕਰ ਰਹੀ ਹੋਵਾਂ। ਉਫ, ਤੇਰੇ ਘਰ ਉੱਠਿਆ ਤੁਫਾਨ। ਆਹ ਸੀ? ਤੇਰੇ ਘਰਦਿਆਂ ਦੀ ਸਹਿਮਤੀ? ਮੇਰਾ ਬਾਥਰੂਮ ਅਲੱਗ, ਰਸੋਈ ਵਿੱਚ ਮੈਂ ਰੋਟੀ ਨਹੀਂ ਪਕਾ ਸਕਦੀ, ਮੇਰੇ ਕਪੜੇ ਵਾਸ਼ਿੰਗ ਮਸ਼ੀਨ ਵਿੱਚ ਨਹੀਂ ਪੈਣਗੇ... ਕੀ ਕੀ ਨਹੀਂ ਹੋਇਆ ਮੇਰੇ ਨਾਲ?

''ਨੋਟਾਂ ਪਿੱਛੇ ਆਈ ਐ।''

''ਪਿਉ ਦੀ ਸ਼ਕਲ ਦੇਖੀ ਐ? ਕੱਚਾ ਬੇਰ ਲੈਕੇ ਖਾਣ ਨੂੰ ਜੀ ਨੀ ਕਰਦਾ... ਧੀ ਗੋਰੀ ਦੁੱਧ ਵਰਗੀ... ਸਾਲੀ ਹਾਈਬ੍ਰਿਡ ਹੋਊ... ਨੀਚ... ਛੋਟੇ ਲੋਕ... ਭੈਣ...

ਸਾਡੇ ਜਾਹਲ ਲੋਕਾਂ ਦੇ ਗੰਦ ਬਕਣ ਨੂੰ ਵੀ ਮਾਤ ਪਾ ਰਹੇ ਸਨ। ਤੇਰੀ ਉੱਚ ਬਰਾਦਰੀ ਦੇ ਸੱਭਿਅਕ ਲੋਕ... ਦਾਦੀ ਬਹੁਤ ਚੇਤੇ ਆਉਂਦੀ ਅਕਸਰ ਉਹ ਆਖਿਆ ਕਰਦੀ ਸੀ; 'ਤੁਰਜਾ ਬਰਮਾਂ ਨੂੰ ਕਰਮ ਜਾਣਗੇ ਨਾਲੇ।'

ਤਿੰਨ ਮਹੀਨਿਆਂ ਪਿੱਛੋਂ ਤੇਰੇ ਘਰਦਿਆਂ ਨੇ ਅੱਡ ਕਰਕੇ ਫਾਹਾ ਵਢੱਤਾ। ਸੋਚਿਆ ਸੀ ਚਲੋ ਹੁਣ ਆਪਾਂ ਨਵੀਂ ਜਿੰਦਗੀ ਸ਼ੁਰੂ ਕਰਾਂਗੇ... ਤੇਰੀ ਮਜ਼ਬੂਰੀ ਮੈਂ ਸਮਝਦੀ... ਤੂੰ ਵੀ ਬੇਬਸ ਸੀ। ਨਵਾਂ ਆਲ੍ਹਣਾ ਮੈਂ ਅਤੇ ਤੂੰ... ਸਾਡਾ ਪਿਆਰ... ਰਾਤ ਗਈ ਸੋ ਬਾਤ ਗਈ।

ਪਰ ਤੂੰ ਤਾਂ ਜਿਵੇਂ ਪਿੱਛੇ ਹੀ ਗੁੰਮ ਹੋ ਗਿਆ। ਮੇਰਾ ਰੰਗ ਰੂਪ, ਮੇਰੀਆਂ ਡਿਗਰੀਆਂ, ਮੇਰੀ ਲਿਆਕਤ, ਮੇਰੀ ਪਾਕਿ-ਮੁਹੱਬਤ, ਤੇਰੇ ਵਾਅਦੇ ਸਭ ਨੂੰ ਜਿਵੇਂ ਗ੍ਰਹਿਣ ਹੀ ਲੱਗ ਗਿਆ। ਮੈਂ ਆਪਣੀ ਬੋਲੀ, ਪਹਿਰਾਵਾ, ਖਾਣ-ਪੀਣ ਸਭ ਤਿਆਗ ਦਿੱਤਾ। ਬਚਪਨ ਤੋਂ ਦੇਖਦੀ ਆ ਰਹੀ ਰਾਮ-ਲੀਲ੍ਹਾ ਵੀ ਤੇਰੇ ਮੂੰਹ ਬਣਾਉਣ 'ਤੇ ਦੇਖਣੀ ਬੰਦ ਕਰ ਦਿੱਤੀ ਅਖੇ ''ਕੀ ਹੈ ਇਹਦੇ 'ਚ ਬਸ ਸੌਡੇ ਆਲੇ ਨੇ ਲਿਖੀ ਐ... ਬਸ ਏਸੇ ਲਈ ਤੁਰੇ ਫਿਰੋ।''

ਤਿੱਥ ਤਿਉਹਾਰਾਂ 'ਤੇ ਤੇਰਾ ਜਾਣ-ਬੁੱਝ ਕੇ ਸ਼ਰਾਬ ਪੀਣਾ... ਮੇਰੀ ਜੋਤ-ਬੱਤੀ ਲਗਾਉਣ 'ਤੇ ਬੋਲਣਾ, ਵਰਤ ਵਾਲੇ ਦਿਨ ਗ੍ਰਹਿਸਥ ਦੀ ਜਿਦ।

ਹੋਰ ਤਾਂ ਹੋਰ ਮੇਰੀ ਨੌਕਰੀ ਤੋਂ ਹਟਾਉਣ ਲਈ ਵਰਤੀ ਭਾਸ਼ਾ "ਤੇਰਾ ਕੀ ਪਤੈ ਕਿਸੇ ਹੋਰ ਨਾਲ ਲਮਕਜੇਂ, ਥੋਡਾ ਵਿਹੜੇ ਵਾਲੀਆਂ 'ਤੇ ਕੀ ਭਰੋਸਾ" ਮੈਂ ਪਤਾ ਨਹੀਂ ਕਿੰਨੇ ਕੁ ਦਿਨ ਰੋਂਦੀ ਰਹੀ ਸੀ।

ਜੇ ਮੈਂ ਕਹਾਂ 'ਤੁਹਾਡੀਆਂ ਜਿਹੜੀਆਂ ਸੀਰੀ-ਪਾਲੀ ਤਾਂ ਕੀ ਭਈਏ ਵੀ ਨੀ ਛਡਦੀਆਂ।'

ਤਿੰਨ ਸਾਲ ਪੂਰੇ, ਤਿੰਨ ਸਾਲ ਮੈਂ ਤਿਲ-ਤਿਲ ਕਰਕੇ ਮਰੀ ਹਾਂ। ਕੱਪੜੇ ਤੇਰੀ ਪੰਸਦ ਦੇ, ਮੇਕਅੱਪ ਜਿਵੇਂ ਤੂੰ ਚਾਹੇ, ਜੇ ਕਦੇ ਆਪਣੀ ਮਰਜ਼ੀ ਕਰ ਬੈਠਾਂ ''ਆਹ ਕੀ ਸਾਂਗ ਧਾਰਿਐ ਵਿਹੜੇ ਵਾਲੀਆਂ ਵਾਂਗੂ।"

ਮੈਂ ਤੇਰੀ ਮੁਥਾਜ ਹੋ ਕੇ ਰਹਿ ਗਈ... ਤੇਰੀ ਗੋਲ੍ਹੀ... ਤੈਨੂੰ ਯਾਦ ਹੈ ਮੇਰੇ ਹੱਥ ਚੁੰਮਦਿਆ ਤੂੰ ਕਿਹਾ ਸੀ '"ਆਵਦੀ ਜਾਤ 'ਚ ਵਿਆਹ ਕਰਵਾਕੇ ਪੋਚੇ ਲਾਉਂਦੀ ਮਰਜੇਂਗੀ, ਜੇ ਨੌਕਰੀ ਨਾ ਮਿਲੀ ਤਾਂ... ਨਾਲੇ ਸੇਠ ਖਾਣ ਨੂੰ ਪਿਆ ਕਰਨਗੇ...'' ਤੇਰੇ ਘਰ ਨਿਰੀ ਮਸ਼ੀਨ ਬਣਾ ਕੇ ਰੱਖ ਦਿੱਤਾ ਮੈਨੂੰ... ਸਵੇਰ ਤੋਂ ਸ਼ਾਮ... ਘ੍ਰਿਣਾ ਅਲੱਗ।

ਪਰ ਹੁਣ ਤਾਂ ਹੱਦ ਹੀ ਹੋ ਗਈ। ਮੇਰਾ ਮਾਂ ਬਣਨ ਦਾ ਸੁਪਨਾ ਵੀ ਤੂੰ ਤੋੜਤਾ, ਮੇਰਾ ਅੰਤਮ ਜਤਨ ਤੇਰੇ ਨਾਲ ਰਹਿਣ ਦਾ... ਸ਼ਰਮ ਤਾਂ ਕਰ ਲੈਂਦਾ... ਤੇਰੇ ਦੰਦਲ ਕਿਉਂ ਨਾ ਪਈ ਜਦੋਂ ਤੂੰ ਆਖ ਰਿਹਾ ਸੀ ''ਜੇ ਕੁੜੀ ਜੰਮਪੀ ਤਾਂ ਵਿਆਹ ਕਿਵੇਂ ਕਰਾਂਗੇ... ਜਾਤ ਕੀ ਦਸੇਂਗੀ...?''

ਪਿੰਜਰੇ ਵਿੱਚੋਂ ਛੁਟਿਆ ਪਰਿੰਦਾ ਹਮੇਸ਼ਾ ਆਪਣੇ ਆਲ੍ਹਣੇ ਵੱਲ ਹੀ ਉਡਦਾ ਹੈ..। ਇਹ ਉਹਦੀ ਕਿਸਮਤ ਹੁੰਦੀ ਹੈ ਕਿ ਆਲ੍ਹਣਾ ਉਸਨੂੰ ਠਾਹਰ ਦੇਵੇ ਜਾ ਨਾ... ਸੋਨੇ ਦੀ ਕੈਦ ਵਿਚਲੀ ਜਿੰਦਗੀ ਨਾਲੋਂ ਤਿਣਕਾ ਤਿਣਕਾ ਠਾਹਰ ਲੱਖ ਦਰਜ਼ਾ ਚੰਗੀ... ਅਲਵਿਦਾ- ਰੀਤੂ ਕੌਰ... ਨਹੀਂ... ਨਹੀਂ... ਰੀਤੂ ਰਾਣੀ।

ਕਹਾਣੀ

# ਨੀਚੇ ਵਾਲ਼ੇ

## ਬੂਟਾ ਸਿੰਘ ਚੌਹਾਨ



ਬੂਟਾ ਸਿੰਘ ਚੌਹਾਨ

ਮੇਰੀ ਭਤੀਜੀ ਦਾ ਫੋਨ ਆਇਆ। ਕਹਿ ਰਹੀ ਸੀ, ''ਚਾਚਾ ਜੀ! ਮੈਂ ਕੱਲ੍ਹ ਹਿਮਾਚਲ ਆਲ਼ੇ ਘਰੇ ਗਈ ਸੀ। ਦੋ ਦਿਨ ਰਹਿ ਕੇ ਆਏ ਆਂ ਅਸੀਂ। ਤੁਹਾਡਾ ਕੰਮ ਕਰ ਦਿੱਤਾ। ਲੋਹਾ ਗਰਮ ਐ। ਜਿੰਨਾ ਮਰਜ਼ੀ ਮੋੜ ਲਿਓ ਪਰ ਗੁੰਜਨ ਜਿਹੜਾ ਕੰਮ ਕਹੇ, ਹਾਂ ਕਹਿ ਦਿਓ।''

''ਕੰਮ ਕੀ ਐ?''

''ਕੰਮ ਥੋਨੂੰ ਆਪੇ ਪਤਾ ਲੱਗ ਜੂ। ਮੇਰੇ ਰਾਹ ਆਲ਼ੇ ਕਮਰੇ ਦੀ ਚਾਬੀ ਗੁੰਜਨ ਕੇ ਘਰੇ ਐ। ਰਸੋਈ ਕਮਰੇ ਦੇ ਅੰਦਰੋਂ ਖੁਲ੍ਹਦੀ ਐ।''

ਮੇਰੀ ਇਹ ਭਤੀਜੀ ਚੰਡੀਗੜ੍ਹ ਵਿਆਹੀ ਹੋਈ ਐ। ਮੁੰਡਾ-ਕੁੜੀ ਬਾਹਰ ਗਏ ਹੋਏ ਹਨ। ਆਪ ਅਜੇ ਪਿਛਲੇ ਸਾਲ ਹੀ ਸੇਵਾਮੁਕਤ ਹੋਈ ਹੈ। ਉਸਦਾ ਘਰਵਾਲ਼ਾ ਦੋ ਸਾਲ ਪਹਿਲਾਂ ਸੇਵਾਮੁਕਤ ਹੋ ਗਿਆ ਸੀ। ਸੈਰ ਕਰਨ ਵਿਚ ਮੇਰੀ ਭਤੀਜੀ ਦਾ ਬਹੁਤ ਵਿਸ਼ਵਾਸ ਐ। ਪ੍ਰਾਹੁਣਾ ਉਹਦੀ ਕੋਈ ਗੱਲ ਨਹੀਂ ਮੋੜਦਾ। ਥੋੜ੍ਹਾ ਜਿਹਾ ਰੰਗ ਦਾ ਪੱਕਾ ਹੈ।

ਉਹ ਟੁਰ ਚੱਲੇ ਨੇ ਮਿਟ ਚਲੀਆਂ ਨੇ ਆਸਾਂ,
ਇਹ ਸ਼ੀਸ਼ੇ ਚੂਰ ਹੁੰਦੇ ਜਾ ਰਹੇ ਨੇ। -ਚਾਨਣ ਗੋਬਿੰਦਪੁਰੀ

ਮੇਰੀ ਭਤੀਜੀ ਨੇ ਪਿਛਲੇ ਸਾਲ ਪਾਉਂਟਾ ਸਾਹਿਬ ਨੂੰ ਜਾਣ ਵਾਲ਼ੀ ਸੜਕ 'ਤੇ ਕੁਮਾਰ ਮੰਡੀ ਤੋਂ ਵੀਹ ਕੁ ਕਿਲੋਮੀਟਰ ਦੂਰ ਮੁੱਖ ਮਾਰਗ ਤੋਂ ਥੋੜ੍ਹਾ ਜਿਹਾ ਹਟ ਕੇ ਛੋਟੇ ਜਿਹੇ ਫਲੈਟ ਦੀ ਜਗ੍ਹਾ ਲਈ ਸੀ ਅਤੇ ਫਲੈਟ ਬਣਾ ਵੀ ਲਿਆ ਸੀ। ਮੈਂ ਇਕ ਵਾਰ ਚੰਡੀਗੜ੍ਹ ਗਿਆ ਸੀ। ਅਗਲੇ ਦਿਨ ਮੈਨੂੰ ਉਹ ਫਲੈਟ ਵਿਖਾਉਣ ਲੈ ਗਈ ਸੀ।

ਆਲ਼ੇ-ਦੁਆਲ਼ੇ ਦਾ ਮਾਹੌਲ ਬੜਾ ਰਮਣੀਕ ਸੀ। ਉੱਚੇ-ਉੱਚੇ ਪਹਾੜ। ਲੰਬੇ-ਲੰਬੇ ਚੀਲ੍ਹ ਦੇ ਦਰੱਖ਼ਤ। ਨਿੱਕੀਆਂ-ਨਿੱਕੀਆਂ ਖੇਤਾਂ ਦੀਆਂ ਕਿਆਰੀਆਂ। ਟਮਾਟਰ ਤੇ ਪਹਾੜੀ ਮਿਰਚਾਂ ਦੀ ਖੇਤੀ। ਕਿਸਾਨਾਂ ਨੇ ਮੁੱਖ ਮਾਰਗ 'ਤੇ ਟਮਾਟਰ ਤੇ ਪਹਾੜੀ ਮਿਰਚਾਂ ਦੇ ਅੱਡੇ ਲਾਏ ਹੋਏ ਸਨ। ਪੰਜਾਬ ਨਾਲ਼ੋਂ ਅੱਧੇ ਭਾਅ ਤੋਂ ਵੀ ਘੱਟ ਉਹ ਦੋਵੇਂ ਚੀਜ਼ਾਂ ਵੇਚਦੇ ਸਨ।

ਮੈਨੂੰ ਉੱਥੋਂ ਦਾ ਮਾਹੌਲ ਚੰਗਾ ਲੱਗਿਆ ਸੀ। ਖ਼ਾਸ ਕਰਕੇ ਮੌਸਮ। ਉਦੋਂ ਪੰਜਾਬ ਗਰਮੀ ਕਾਰਨ ਸੇਕ ਦੀ ਭੱਠੀ 'ਚ ਸੁਲ਼ਘ ਰਿਹਾ ਸੀ ਪਰ ਹਿਮਾਚਲ 'ਚ ਬੜਾ ਠੰਢਾ ਮੌਸਮ ਸੀ। ਮੈਂ ਉੱਥੇ ਕਈ ਘਰਾਂ 'ਚ ਗਿਆ। ਕਿਸੇ ਘਰੇ ਵੀ ਪੱਖਾ ਨਹੀਂ ਸੀ ਲੱਗਿਆ ਅਤੇ ਮੇਰੀ ਭਤੀਜੀ ਦੇ ਫਲੈਟ ਵਿਚ ਵੀ ਪੱਖਾ ਨਹੀਂ ਸੀ।

ਮੇਰੀ ਭਤੀਜੀ ਸਮੇਂ ਦੀ ਨਬਜ਼ ਜ਼ਿਆਦਾ ਸਮਝਦੀ ਹੈ। ਉਸਨੇ ਚਾਰ ਪੈਸੇ ਖ਼ਰਚ ਕਰਕੇ ਸਰਕਾਰੀ ਹਸਪਤਾਲ ਦੇ ਤਿੰਨ ਡਾਕਟਰਾਂ ਦੇ ਬੋਰਡ ਤੋਂ ਸਰਟੀਫਿਕੇਟ ਲੈ ਲਿਆ ਸੀ ਕਿ ਉਸਨੂੰ ਐਲਰਜੀ ਹੈ ਅਤੇ ਹਿਮਾਚਲ 'ਚ ਰਹਿ ਕੇ ਉਹ ਤੰਦਰੁਸਤ ਰਹਿ ਸਕਦੀ ਹੈ ਨਿਯਮਾਂ ਅਨੁਸਾਰ ਪੰਜਾਬ ਦਾ ਕੋਈ ਆਦਮੀ ਹਿਮਾਚਲ 'ਚ ਪਲਾਟ ਨਹੀਂ ਖ਼ਰੀਦ ਸਕਦਾ ਪਰ ਡਾਕਟਰਾਂ ਦੇ ਸਰਟੀਫਿਕੇਟ ਕਾਰਨ ਨਿੱਜੀ ਰਿਹਾਇਸ਼ ਲਈ ਉਹ ਇਕ ਪਲਾਟ ਲੈ ਕੇ ਮਕਾਨ ਉਸਾਰ ਸਕਦਾ ਹੈ।

ਬੂਟਾ ਸਿੰਘ ਚੌਹਾਨ: ਬੂਟਾ ਸਿੰਘ ਚੌਹਾਨ ਪੰਜਾਬੀ ਗ਼ਜ਼ਲ ਦੇ ਨਾਮਵਰ ਹਸਤਾਖ਼ਰ ਤਾਂ ਹੈ ਹੀ ਹਨ, ਹੁਣ ਉਸ ਚਾਰ ਨਾਵਲ ਅਤੇ ਬਹੁਤ ਸਾਰੀਆਂ ਕਹਾਣੀਆਂ ਲਿਖ ਕੇ ਇੱਕ ਸਥਾਪਿਤ ਗਲਪਕਾਰ ਵਜੋਂ ਵੀ ਆਪਣੀ ਪਛਾਣ ਬਣਾ ਲਈ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਦੋ ਦਰਜ਼ਨ ਪੁਸਤਕਾਂ ਦਾ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਇਸ ਲੇਖਕ ਦਾ ਪਲੇਠਾ ਕਹਾਣੀ-ਸੰਗ੍ਰਹਿ 'ਪੁਰਾਣੀ ਇਮਾਰਤ' ਸੰਨ 2007 ਵਿਚ ਛਪਿਆ ਸੀ ਅਤੇ ਨਵਾਂ ਕਹਾਣੀ-ਸੰਗ੍ਰਹਿ 'ਵਿੱਚਲੀ ਗੱਲ' ਅਜੇ ਛਪਾਈ ਅਧੀਨ ਹੈ। ਨਾਗਮਣੀ ਸਮੇਤ ਪੰਜਾਬੀ ਦੇ ਭਾਸ਼ਾ ਦੇ ਸਾਰੇ ਉੱਚ ਕੋਟੀ ਦੇ ਪਰਚਿਆਂ ਨੇ ਉਸਦੀਆ ਕਹਾਣੀਆਂ ਨੂੰ ਬਹੁਤ ਉਚੇਚ ਨਾਲ ਛਾਪਿਆ ਹੈ। ਆਪਣੀ ਬਹੁ-ਪੱਖੀ ਸਾਹਿਤਕ ਪ੍ਰਤਿਭਾ ਦੇ ਬਲਬੂਤੇ 'ਤੇ ਭਾਰਤੀ ਸਾਹਿਤ ਅਕਾਦਮੀ ਵਿਚ ਪੰਜਾਬ ਸਰਕਾਰ ਦੀ ਪ੍ਰਤੀਨਿੱਧਤਾ ਕਰ ਰਿਹਾ ਹੈ। ਉਸਦਾ ਕਹਿਣਾ ਹੈ ਕਿ 'ਉਹ ਕਹਾਣੀ ਲਿਖਦਾ ਨਹੀ ਸਗੋਂ ਕਹਾਣੀ ਉਸਾਰਦਾ ਹੈ ਅਤੇ ਇਸ ਉਸਾਰ ਦੀ ਪ੍ਰਕਿਰਿਆਂ ਵਿੱਚ ਮਨੁੱਖੀ ਜੀਵਨ-ਜਾਂਚ ਦਾ ਨਵਾਂ ਉਸਾਰ ਵੀ ਸ਼ਾਮਿਲ ਹੁੰਦਾ ਹੈ।'- ਨਿਰੰਜਣ ਬੋਹਾ

ਮੈਂ ਵੀ ਸੌ ਕੁ ਗਜ਼ ਜਗ੍ਹਾ ਲੈ ਕੇ ਨਿੱਕਾ ਜਿਹਾ ਫਲੈਟ ਬਣਾਉਣ ਦੀ ਇੱਛਾ ਜ਼ਾਹਿਰ ਕੀਤੀ। ਮੇਰੀ ਭਤੀਜੀ ਨੇ ਬਾਹਰ ਨਿਕਲ਼ ਕੇ ਗੁੰਜਨ ਨੂੰ ਆਵਾਜ਼ ਮਾਰ ਦਿੱਤੀ ਸੀ। ਗੁੰਜਨ ਦਾ ਘਰ ਸਾਹਮਣੇ ਹੀ ਸੀ। ਉਹ ਆ ਗਿਆ ਸੀ। ਉਹਦਾ ਸਰੀਰ ਤੀਰ-ਕਮਾਨ ਵਾਂਗੂੰ ਮੁੜਿਆ ਹੋਇਆ ਸੀ ਅਤੇ ਮੋਰ ਬਾਹਰ ਨਿਕਲ਼ੇ ਹੋਏ।

ਗੁੰਜਨ ਆਇਆ ਤਾਂ ਮੇਰੀ ਭਤੀਜੀ ਨੇ ਚਾਹ ਬਣਾ ਦਿੱਤੀ। ਜਦੋਂ ਉਸ ਨਾਲ਼ ਪਲਾਟ ਦੀ ਗੱਲ ਕੀਤੀ ਤਾਂ ਉਹਨੇ ਆਵਦੀ ਹਿੱਕ ਨਾਲ ਲੱਗਿਆ ਹੋਇਆ ਸਿਰ ਚੁਕਿਆ ਤੇ ਬੋਲਿਆ, ''ਅਬ ਹਮ ਗਜ਼ ਕਾ ਚਾਰ ਹਜ਼ਾਰ ਲੇਂਗੇ।''

ਮੇਰੀ ਭਤੀਜੀ ਨੇ ਉਸਨੂੰ ਹਿੰਦੀ 'ਚ ਕਿਹਾ, ''ਛੇ ਮਹੀਨਿਆਂ 'ਚ ਏਨੇ ਭਾਅ ਕਿੱਥੋਂ ਵਧਗੇ? ਉਦੋਂ ਤੈਂ ਤਿੰਨ ਹਜ਼ਾਰ ਗਜ਼ ਦਿੱਤਾ ਸੀ। ਹੁਣ ਸੌ-ਦੋ ਸੌ ਰੁਪਏ ਗਜ਼ ਕੇ ਔਰ ਲੇ ਲੇ।''

ਪਰ ਉਹ ਨਹੀਂ ਮੰਨਿਆ। ਉੱਠ ਕੇ ਬਿਨਾਂ ਕੁਝ ਕਿਹਾਂ ਚਲਿਆ ਗਿਆ। ਮੈਂ ਆਉਣ ਲੱਗਿਆ। ਗੁੰਜਨ ਆਪਣੇ ਘਰ ਦੇ ਅੱਗੇ ਖੜ੍ਹਾ ਸੀ। ਉਹਨੇ ਮੇਰੇ ਨਾਲ਼ ਅੱਖ ਨਹੀਂ ਮਿਲਾਈ। ਗੁੰਜਨ ਕੋਲ਼ ਉਸਦਾ ਮੁੰਡਾ ਵੀ ਖੜ੍ਹਾ ਸੀ। ਨਾਲ਼ ਇਕ ਸੱਤ-ਅੱਠ ਸਾਲ ਦਾ ਜੁਆਕ ਸੀ, ਜਿਸਦੇ ਮੈਲ਼ਾ-ਕੁਚੈਲ਼ਾ ਕਮੀਜ਼ ਪਾਇਆ ਹੋਇਆ ਸੀ ਅਤੇ ਗੋਡਿਆਂ ਤੱਕ ਨੀਵੀਂ ਨੀਕਰ ਪਾਈ ਹੋਈ ਸੀ।

ਮੇਰੀ ਭਤੀਜੀ ਨੇ ਚੰਡੀਗੜ੍ਹ ਤੱਕ ਆਉਣਾ ਸੀ। ਕੱਲ੍ਹ ਉਹ ਮੇਰੇ ਨਾਲ਼ ਹੀ ਆਈ ਸੀ। ਕਹਿਣ ਲੱਗੀ, ''ਵੇਖੋ ਪਹਾੜੀਆ ਕਿਵੇਂ ਲਾਲਚ ਕਰਦੈ। ਪਹਿਲਾਂ ਕਹਿੰਦਾ ਸੀ ਹਮਾਰੇ ਏਕ-ਦੋ ਪਲਾਟ ਔਰ ਵਿਕਵਾ ਦੋ। ਹੁਣ ਦੇਖੋ ਲੋਹੇ ਦਾ ਥੰਮ੍ਹ ਬਣ ਗਿਐ।''

ਰਸਤੇ 'ਚ ਉਸਨੇ ਦੱਸਿਆ ਕਿ ਗੁੰਜਨ ਵਣ ਵਿਭਾਗ ਵਿਚੋਂ ਸੇਵਾ ਮੁਕਤ ਹੋਇਆ ਸੇਵਾਦਾਰ ਹੈ। ਉਹ ਜੰਗਲੀ ਮੁਰਗਾ ਬਹੁਤ ਵਧੀਆ ਬਣਾਉਂਦਾ ਸੀ, ਜਿਸ ਕਰਕੇ ਇਕ ਵੱਡਾ ਅਫ਼ਸਰ ਉਸ 'ਤੇ ਦਿਆਲ ਹੋ ਗਿਆ ਸੀ ਤੇ ਕਿਸੇ ਨਾ ਕਿਸੇ ਤਰ੍ਹਾਂ ਉਸਨੇ ਚਾਰ ਪਹਾੜ ਗੁੰਜਨ ਨੂੰ ਦਿਵਾ ਦਿੱਤੇ ਸਨ।

ਗੁੰਜਨ ਦੀ ਘਰਵਾਲ਼ੀ ਮਰੀ ਹੋਈ ਹੈ। ਉਹਦਾ ਇਕ ਮੁੰਡਾ ਹੈ, ਜੋ ਵਿਆਹਿਆ-ਵਰਿਆ ਹੋਇਆ ਹੈ। ਇਹ ਇਕ ਪਹਾੜ ਦੇ ਕੇ ਉਸਨੇ ਉਸਨੂੰ ਅੱਡ ਕਰ ਦਿੱਤਾ ਹੈ। ਉਨ੍ਹਾਂ ਨਾਲ਼ ਉਸਦਾ ਵਰਤ-ਵਰਤਾਰਾ ਨਹੀਂ। ਗੁੰਜਨ ਦੀ ਨੂੰਹ ਉਸਨੂੰ ਘਰੇ ਵੀ ਵੜਨ ਨਹੀਂ ਦਿੰਦੀ।

ਛੋਟਾ ਮੁੰਡਾ ਗੁੰਜਨ ਨਾਲ਼ ਰਹਿੰਦਾ ਹੈ। ਉਹ ਗੂੰਗਾ ਹੈ। ਕਦੇ ਉਹ ਵਿਆਹਿਆ ਹੋਇਆ ਸੀ ਪਰ ਉਸਦੀ ਘਰਵਾਲ਼ੀ ਛੱਡ ਕੇ ਚਲੀ ਗਈ ਹੈ ਤੇ ਇਕ ਜੁਆਕ ਹੈ, ਜੋ ਇਨ੍ਹਾਂ ਨਾਲ਼ ਹੀ ਰਹਿੰਦਾ ਹੈ। ਗੁੰਜਨ ਦੇ ਮੁੰਡੇ ਦਾ ਤਲਾਕ ਵੀ ਨਹੀਂ ਹੋਇਆ ਪਰ ਘਰਵਾਲ਼ੀ ਨੇ ਹੋਰ ਵਿਆਹ ਕਰਵਾ ਲਿਆ ਹੈ। ਉਹ ਹਿਸਾਰ ਵਿਆਹੀ ਹੋਈ ਹੈ। ਕਾਨੂੰਨਨ ਤੌਰ 'ਤੇ ਤਾਂ ਉਹ ਵਿਆਹ ਨਹੀਂ ਕਰਵਾ ਸਕਦੀ। ਵਿਆਹ ਕਰਵਾਉਣ ਵਾਲ਼ਾ ਵਿਚੋਲਾ ਅਤੇ ਬਾਰਾਤੀ ਸਾਰੇ ਅੰਦਰ ਹੋ ਸਕਦੇ ਹਨ।

''ਪਰ ਚਾਚਾ ਜੀ ਇਹ ਪੇਂਡੂ ਆਦਮੀ ਨੇ। ਇਨ੍ਹਾਂ ਨੂੰ ਕਾਨੂੰਨਾਂ ਦਾ ਕੀ ਪਤੈ। ਇਕ ਪਹਾੜ 'ਤੇ ਦਸ-ਪੰਦਰਾਂ ਕਿਆਰੀਆਂ ਇਨ੍ਹਾਂ ਦੀਆਂ ਬਣਾਈਆਂ ਹੋਈਆਂ ਨੇ। ਖੁਰਪਿਆਂ ਨਾਲ ਗੁੱਡ ਕੇ ਪੱਥਰ ਕੱਢ ਕੇ ਬਾਹਰ ਸੁੱਟ ਦਿੰਦੇ ਨੇ। ਮਿੱਟੀ ਉਪਜਾਊ ਬਹੁਤ ਹੈ। ਸ਼ਾਮ ਨੂੰ ਟਮਾਟਰਾਂ ਦੇ ਬੂਟਿਆਂ 'ਤੇ ਫੁੱਲ ਲੱਗੇ ਹੁੰਦੇ ਨੇ। ਤੜਕੇ ਬੂਟਾ ਟਮਾਟਰਾਂ ਨਾਲ਼ ਭਰਿਆ ਹੁੰਦਾ ਹੈ।''

''ਗੁੰਜਨ ਦਾ ਗੂੰਗਾ ਮੁੰਡਾ ਚੀਲ੍ਹ ਦੇ ਦਰੱਖ਼ਤਾਂ ਦੀਆਂ

ਕਈ ਵਾਰੀ ਕਈ ਚਿੜੀਆਂ ਪਹਾੜੋਂ ਹੋਰ ਵੀ ਆਈਆਂ,
ਕਦੇ ਪਰ ਮੇਰਿਆਂ ਰੁੱਖਾਂ 'ਤੇ, ਮੁੜ ਰੌਣਕ ਨਹੀਂ ਆਈ। -ਜਗਤਾਰ

ਟਾਹਣੀਆਂ ਲਾ-ਲਾ ਕੇ ਟਮਾਟਰਾਂ ਦੇ ਬੂਟਿਆਂ ਨੂੰ ਸਹਾਰੇ ਲਾ-ਲਾ ਕੇ ਪੰਜ-ਪੰਜ ਫੁੱਟ ਦੇ ਕਰ ਲੈਂਦਾ ਹੈ। ਹਰ ਰੋਜ਼ ਤਿੰਨ-ਤਿੰਨ ਚਾਰ-ਚਾਰ ਟੋਕਰੇ ਟਮਾਟਰਾਂ ਦੇ ਤੋੜਦੇ ਨੇ। ਪਹਾੜੀ ਮਿਰਚਾਂ ਬਹੁਤ ਲਹਿੰਦੀਆਂ ਨੇ। ਸ਼ਹਿਰੋਂ ਇਕ ਟੈਂਪੂ ਵਾਲਾ ਰੋਜ਼ ਤੋਲ ਕੇ ਲੈ ਜਾਂਦਾ ਹੈ। ਗੁੰਜਨ ਦੀ ਪੈਨਸ਼ਨ ਆਉਂਦੀ ਹੈ, ਜੋ ਸਾਰੀ ਬੈਂਕ ਵਿਚ ਜਮ੍ਹਾਂ ਹੁੰਦੀ ਹੈ। ਘਰ ਦਾ ਖਰਚਾ ਬਾਹਰੋਂ ਚਲਾਉਂਦੇ ਨੇ। ਦੋ ਗਾਵਾਂ ਰੱਖੀਆਂ ਹੋਈਆਂ ਨੇ। ਗੂੰਗਾ ਤੇ ਉਹਦਾ ਮੁੰਡਾ ਚਾਰ ਲਿਆਉਂਦੇ ਨੇ। ਹਰਾ-ਚਾਰਾ ਪਹਾੜਾਂ 'ਤੇ ਆਮ ਹੈ। ਦੁੱਧ ਦੇ ਪੈਸੇ ਵੀ ਕਾਫ਼ੀ ਵੱਟਦੇ ਨੇ।''

ਮੈਂ ਕਿਹਾ, ''ਗਾਵਾਂ ਦਿਸੀਆਂ ਤਾਂ ਹੈ ਨਈਂ?''

ਮੇਰੀ ਭਤੀਜੀ ਨੇ ਦੱਸਿਆ, ''ਇਨ੍ਹਾਂ ਦੇ ਦੋ-ਤਿੰਨ ਕਮਰੇ, ਜਿੱਥੇ ਘਰ ਪਾਇਆ ਹੋਇਆ ਹੈ, ਉਸਦੇ ਹੇਠਾਂ ਢਲਾਣ ਵਿਚ ਹਨ। ਉੱਤੋਂ ਪੌੜੀਆਂ ਉਤਰਦੀਆਂ ਹਨ। ਪਿਉ-ਪੁੱਤ ਸ਼ਰਾਬ ਵੀ ਪੀਂਦੇ ਹਨ। ਹਰ ਰੋਜ਼ ਲਿਆਉਂਦੇ ਹਨ। ਗੁੰਜਨ ਮੀਟ ਦਾ ਵੀ ਸ਼ੌਕੀਨ ਹੈ। ਦੂਰੋਂ-ਦੂਰੋਂ ਜੰਗਲੀ ਮੁਰਗਾ ਮਾਰ ਲਿਆਉਂਦਾ ਹੈ। ਇਕ ਪੁਰਾਣਾ ਫਰਿੱਜ ਲੈ ਕੇ ਰੱਖਿਆ ਹੋਇਆ ਹੈ। ਇੱਧਰਲਾ ਜੰਗਲੀ ਮੁਰਗਾ ਪੰਜ-ਛੇ ਕਿਲੋ ਦਾ ਹੁੰਦਾ ਹੈ। ਉਂਝ ਤਾਂ ਜੰਗਲੀ ਮੁਰਗਾ ਮਾਰਨ 'ਤੇ ਮਨਾਹੀ ਹੈ ਪਰ ਇਹ ਵਣ ਵਿਭਾਗ 'ਚ ਰਿਹਾ ਹੋਣ ਕਰਕੇ ਅਫ਼ਸਰ ਇਹਨੂੰ ਜਾਣਦੇ ਨੇ। ਉਹ ਹੁਣ ਵੀ ਕਦੇ-ਕਦੇ ਇਹਨੂੰ ਮੁਰਗਾ ਬਣਾਉਣ ਵਾਸਤੇ ਲੈ ਜਾਂਦੇ ਨੇ। ਜੰਗਲੀ ਮੁਰਗੇ ਦਾ ਮਾਸ ਸਖ਼ਤ ਬਹੁਤ ਹੁੰਦਾ।

ਛੇਤੀ-ਛੇਤੀ ਗਲ਼ਦਾ ਨਹੀਂ ਪਰ ਗੁੰਜਨ ਕੋਲ ਬਣਾਉਣ ਦੇ ਤਰੀਕੇ ਨੇ। ਮੈਨੂੰ ਵੀ ਉਸਨੇ ਇਕ ਵਾਰ ਡੋਲੂ ਭਰ ਕੇ ਦਿੱਤਾ ਸੀ। ਮੈਂ ਚੰਡੀਗੜ੍ਹ ਕਦੇ ਉਸ ਨਾਲ਼ ਦਾ ਟੇਸਟੀ ਮੁਰਗਾ ਕਦੇ ਨਹੀਂ ਖਾਧਾ।''

ਫੇਰ ਉਹ ਹੱਸਣ ਲੱਗ ਪਈ। ਕਹਿੰਦੀ, ''ਚਾਚਾ ਜੀ! ਇੱਥੇ ਘਰ ਪਾ ਲਵੋ। ਯੁੱਗ ਨੂੰ ਯੁੱਗ ਟੱਕਰ ਜਾਵੇਗਾ। ਮੌਜਾਂ ਲੱਗ ਜਾਣਗੀਆਂ। ਗੁੰਜਨ ਨੂੰ ਦੂਜੇ-ਤੀਜੇ ਦਿਨ ਪਊਆ ਦੇ ਦਿਆ ਕਰਿਉ। ਜੰਗਲੀ ਮੁਰਗਾ ਇਹਨੇ ਨੀ ਮੁੱਕਣ ਦੇਣਾ। ਦਿਲ ਕਰਿਆ ਕੱਪੜੇ ਸਵਾ ਦਿਆ ਕਰਿਉ।''

ਸਾਰੇ ਰਾਹ ਗੁੰਜਨ ਦੀਆਂ ਗੱਲਾਂ ਹੁੰਦੀਆਂ ਰਹੀਆਂ। ਮੈਂ ਉਸਨੂੰ ਚੰਡੀਗੜ੍ਹ ਛੱਡ ਕੇ ਪਿੰਡ ਆ ਗਿਆ।

ਮੇਰੀ ਭਤੀਜੀ ਨੇ ਐਲਰਜ਼ੀ ਹੋਣ ਦਾ ਜਾਅਲੀ ਸਰਟੀਫਿਕੇਟ ਬਣਾ ਕੇ ਇਹ ਜਗ੍ਹਾ ਲਈ ਸੀ ਪਰ ਮੈਨੂੰ ਇਹ ਸਮੱਸਿਆ ਨਹੀਂ ਸੀ ਆਉਣੀ। ਮੇਰੇ ਚੜ੍ਹਦੇ ਤੇ ਉਤਰਦੇ ਸਿਆਲ਼ ਦੋ-ਦੋ ਮਹੀਨੇ ਬੜੇ ਔਖੇ ਲੰਘਦੇ ਸਨ। ਅਕਸਰ ਹੀ ਰਾਤ ਨੂੰ ਸਾਹ ਉੱਖੜ ਜਾਂਦਾ। ਟਿਕਾਉਣ ਵਾਸਤੇ ਗੋਲ਼ੀਆਂ ਲੈਣੀਆਂ ਪੈਂਦੀਆਂ। ਗੋਲ਼ੀਆਂ ਲੈਣ ਪਿੱਛੋਂ ਦੋ-ਦੋ ਤਿੰਨ-ਤਿੰਨ ਘੰਟੇ ਨੀਂਦ ਨਾ ਆਉਂਦੀ। ਕਈ ਵਾਰ ਰਾਤ ਨੂੰ ਮੁਹੱਲੇ ਦੇ ਡਾਕਟਰ ਨੂੰ ਜਗਾਉਣਾ ਪੈਂਦਾ। ਉਹ ਟੀਕਾ ਲਾਉਂਦਾ। ਜ਼ਿਆਦਾ ਸਰਦੀ ਹੁੰਦੀ। ਧੁੰਦਾਂ ਪੈਂਦੀਆਂ। ਦੋ-ਦੋ ਟੀਕੇ ਵੀ ਲਾਉਣੇ ਪੈਂਦੇ। ਫੇਰ ਤੜਕੇ ਛੇਤੀ-ਛੇਤੀ ਅੱਖ ਨਾ ਖੁੱਲ੍ਹਦੀ।

ਮੈਂ ਜ਼ਿਲ੍ਹਾ ਪੱਤਰਕਾਰ ਸੀ। ਤੜਕੇ ਸਾਰੇ ਅਖ਼ਬਾਰ ਪੜ੍ਹਨੇ ਹੁੰਦੇ। ਵੇਖਣਾ ਪੈਂਦਾ ਕਿ ਸਾਡੇ ਕੋਲ਼ੋਂ ਇਲਾਕੇ ਦੀ ਕਿਹੜੀ ਖ਼ਬਰ ਮਿਸ ਹੋ ਗਈ ਹੈ ਜਾਂ ਜਿਹੜੀ ਅਸੀਂ ਛਾਪੀ ਹੈ, ਉਹ ਕਿਸੇ ਹੋਰ ਅਖ਼ਬਾਰ ਵਿਚ ਛਪੀ ਹੈ ਜਾਂ ਨਹੀਂ? ਛਪੇ ਹੋਏ ਇਸ਼ਤਿਹਾਰਾਂ 'ਤੇ ਵੀ ਨਿਗ੍ਹਾ ਮਾਰਨੀ ਪੈਂਦੀ। ਦਫ਼ਤਰ ਜਾ ਕੇ ਸਭ ਤੋਂ ਪਹਿਲਾਂ ਸਾਰੇ ਅਖ਼ਬਾਰ ਪੜ੍ਹ ਕੇ ਸਮੀਖਿਆ ਭੇਜਣੀ ਪੈਂਦੀ, ਜਿਸਦਾ ਮਤਲਬ ਹੁੰਦਾ ਹੋਰਾਂ ਅਖ਼ਬਾਰਾਂ ਦੇ ਮੁਕਾਬਲੇ ਸਾਡੀ ਕਾਰਗੁਜ਼ਾਰੀ ਕਿੰਨੀ ਬਿਹਤਰ ਰਹੀ ਹੈ ਜਾਂ ਕਿੰਨੀ ਨਖਿੱਧ ਰਹੀ ਹੈ?

ਫੋਨ 'ਤੇ ਮੇਰੀ ਭਤੀਜੀ ਨਾਲ਼ ਗੱਲ ਹੁੰਦੀ ਰਹਿੰਦੀ ਸੀ। ਉਹ ਮੈਥੋਂ ਪਿੱਛੋਂ ਦੋ-ਤਿੰਨ ਵਾਰ ਗਈ ਸੀ ਪਰ ਗੁੰਜਨ ਪੈਸਾ ਵੀ ਘਟ ਨਹੀਂ ਸੀ ਰਿਹਾ। ਚਾਰ ਹਜ਼ਾਰ ਗਜ਼ 'ਤੇ ਅੜਿਆ ਹੋਇਆ ਸੀ ਅਤੇ ਬਿਆਨਾ ਲੈ ਕੇ ਰਜਿਸਟਰੀ ਵੀ ਤੁਰੰਤ ਕਰਵਾਉਣ ਲਈ ਕਹਿੰਦਾ ਸੀ। ਉਹ ਵੀ ਪੂਰੇ ਪੈਸਿਆਂ 'ਚ।

ਪਰ ਮੇਰੀ ਭਤੀਜੀ ਨੇ ਉਸਦੀ ਕਮਜ਼ੋਰੀ ਲੱਭ ਲਈ ਸੀ। ਉਹਨੇ ਪਹਿਲਾਂ ਤਾਂ ਗੱਲ ਮੇਰੇ ਪੱਲੇ ਨਹੀਂ ਪਾਈ। ਫੇਰ ਪਿੱਛੋਂ ਕਹਿੰਦੀ, ''ਮੈਂ ਤੁਹਾਨੂੰ ਦੱਸ ਤਾਂ ਦਿੰਦੀ ਹਾਂ ਪਰ ਜੇ ਤੁਸੀਂ ਨਾ ਹੀ ਪੁੱਛੋ ਤਾਂ ਚੰਗਾ ਹੈ। ਤੁਸੀਂ ਸੱਚ ਦੇ ਪੁਜਾਰੀ ਹੋ ਪਰ ਹੁਣ ਦੀ ਜ਼ਿੰਦਗੀ ਵਿਚ ਲੋੜ ਮੁਤਾਬਿਕ ਝੂਠ ਵੀ ਬੋਲਣਾ ਪੈਂਦਾ ਹੈ। ਤੁਸੀਂ ਹੁਣ ਤੱਕ ਨੁਕਸਾਨ ਹੀ ਸੱਚ ਬੋਲ ਕੇ ਉਠਾਏ ਨੇ।''

ਮੇਰੇ ਜ਼ਿਆਦਾ ਪੁੱਛਣ 'ਤੇ ਉਸਨੇ ਦੱਸ ਹੀ ਦਿੱਤਾ ਸੀ ਕਿ ਗੁੰਜਨ ਆਪਣੇ ਗੂੰਗੇ ਮੁੰਡੇ ਨੂੰ ਵਿਆਹੁਣਾ ਚਾਹੁੰਦਾ ਹੈ। ਜੇ ਤੁਸੀਂ ਉਸਨੂੰ ਜਾ ਕੇ ਵਿਸ਼ਵਾਸ ਦਿਵਾ ਦਿੱਤਾ ਕਿ ਮੈਂ ਉਸਨੂੰ ਸਾਕ ਕਰਵਾ ਦੇਵਾਂਗਾ ਤਾਂ ਉਹ ਤੁਹਾਨੂੰ ਮੂੰਹ ਮੰਗੇ ਭਾਅ 'ਤੇ ਹੀ ਪਲਾਟ ਦੇ ਦੇਵੇਗਾ ਪਰ ਮੈਂ ਆਪਣੀ ਭਤੀਜੀ ਨੂੰ ਕਿਵੇਂ ਕਹਿੰਦਾ ਕਿ ਮੈਂ ਉਸਨੂੰ ਸਾਕ ਕਰਵਾ ਦੇਵਾਂਗਾ? ਪੰਜਾਬ ਦਾ ਕੋਈ ਗਰੀਬ ਤੋਂ ਗਰੀਬ ਆਦਮੀ ਵੀ ਹਿਮਾਚਲ 'ਚ ਆਵਦੀ ਧੀ ਵਿਆਹੁਣ ਲਈ ਤਿਆਰ ਨਹੀਂ ਸੀ ਹੋਣਾ। ਨਾਲ਼ੇ ਫੇਰ ਉਹ ਵੀ ਗੂੰਗੇ ਮੁੰਡੇ ਨੂੰ।

ਜਦੋਂ ਮੈਂ ਮਕਾਨ ਬਣਨ ਵੇਲ਼ੇ ਇਕ ਵਾਰ ਗਿਆ ਸੀ ਤਾਂ ਗੂੰਗਾ ਕੋਈ ਗੱਲ ਦੱਸ ਰਿਹਾ ਸੀ। ਉਹ ਲਗਾਤਾਰ ਇਕੋ ਲਫ਼ਜ਼ ਬੋਲਦਾ ਸੀ 'ਪੀ ਕੇ, ਪੀ ਕੇ, ਪੀ ਕੇ, ਪੀ ਕੇ।' ਅਤੇ ਫੇਰ ਇਸ਼ਾਰਿਆਂ ਨਾਲ਼ ਗੱਲ ਸਮਝਾਉਂਦਾ ਸੀ। ਉਸਨੂੰ 'ਪੀ ਕੇ ਪੀ ਕੇ' ਤੋਂ ਬਿਨਾਂ ਕੋਈ ਹੋਰ ਸ਼ਬਦ ਨਹੀਂ ਸੀ ਕਹਿਣਾ ਆਉਂਦਾ। ਉਸਨੇ ਇਕ ਵਾਰ ਦੱਸਿਆ ਸੀ ਕਿ ਥਾਣੇ ਵਾਲ਼ੇ ਆਏ ਸਨ। ਉਨ੍ਹਾਂ ਨੇ ਕਿਸ ਤਰ੍ਹਾਂ ਪਹਾੜ 'ਤੋਂ ਸਰਕਾਰੀ ਦਰੱਖ਼ਤ ਵੱਢਣ ਵਾਲ਼ਿਆਂ ਨੂੰ ਕੁੱਟਿਆ ਸੀ। ਗੁੰਜਨ ਨੇ ਸਾਨੂੰ ਗੱਲ ਦੱਸ ਦਿੱਤੀ ਸੀ ਪਰ ਗੂੰਗੇ ਮੁੰਡੇ ਨੇ ਇਸ਼ਾਰਿਆਂ ਨਾਲ਼ ਇਹ ਸਮਝਾ ਦਿੱਤਾ ਸੀ ਕਿ ਦਰੱਖ਼ਤ ਕੱਟਣ ਵਾਲ਼ੇ ਆਦਮੀ ਨੂੰ ਕਿਵੇਂ ਤੇ ਕਿੰਨਾ ਕੁੱਟਿਆ ਸੀ? ਤੇ ਫਿਰ ਕਿਸ ਤਰ੍ਹਾਂ ਉਹ ਕਈ ਦਿਨ ਲੰਗੜਾ ਕੇ ਤੁਰਦਾ ਰਿਹਾ ਸੀ। ਗੂੰਗੇ ਨੇ ਕੁੱਟੇ ਹੋਏ ਬੰਦੇ ਵਾਂਗ ਤੁਰ ਕੇ ਵੀ ਵਿਖਾਇਆ ਸੀ ਪਰ ਗੂੰਗਾ ਮੁੰਡਾ ਔਰਤਾਂ ਵਾਂਗ ਘਰ ਸਾਂਭਦਾ ਸੀ। ਸਫ਼ਾਈ ਕਰਦਾ ਸੀ। ਕੱਪੜੇ ਧੋਂਦਾ ਸੀ। ਰੋਟੀ-ਚਾਹ ਬਣਾਉਂਦਾ ਸੀ। ਆਪਣੇ ਮੁੰਡੇ ਨੂੰ ਕੁੱਟ-ਕੁੱਟ ਕੇ ਦੂਜੇ-ਤੀਜੇ ਦਿਨ ਨਵਾਉਂਦਾ ਸੀ।

ਗਰਮੀਆਂ ਦੇ ਦਿਨ ਸਨ। ਮੈਂ ਸਰਦੀਆਂ ਤੋਂ ਪਹਿਲਾਂ-ਪਹਿਲਾਂ ਮਕਾਨ ਬਣਾਉਣਾ ਚਾਹੁੰਦਾ ਸੀ। ਇਸੇ ਦਸੰਬਰ ਵਿਚ ਮੈਂ ਸੇਵਾ ਮੁਕਤ ਹੋ ਜਾਣਾ ਸੀ। ਮੇਰੇ ਕੋਲ ਕਿਸੇ ਚੀਜ਼ ਦੀ ਘਾਟ ਨਹੀਂ ਸੀ। ਮੈਂ ਸਿਰਫ਼ ਜਿਉਣਾ ਚਾਹੁੰਦਾ ਸੀ-ਤੰਦਰੁਸਤ ਰਹਿ ਕੇ। ਉਹ ਹਿਮਾਚਲ ਵਿਚ ਹੀ ਸੰਭਵ ਹੋ ਸਕਦਾ ਸੀ।

ਮੈਂ ਤਾਂ ਗੁੰਜਨ ਦੇ ਮੂੰਹ ਮੰਗੇ ਪੈਸੇ ਦੇਣ ਲਈ ਵੀ ਤਿਆਰ ਸੀ ਪਰ ਮੇਰੀ ਭਤੀਜੀ ਜ਼ੋਰ ਪਾ ਰਹੀ ਸੀ ਕਿ ਮੈਨੂੰ ਮੂੰਹ ਮੰਗੇ ਪੈਸੇ ਨਹੀਂ ਦੇਣੇ ਚਾਹੀਦੇ। ਜੇ ਕੋਈ ਵੱਡੀ ਉਮਰ ਦੀ ਕੁੜੀ ਮਿਲਦੀ ਹੈ,

ਸਭ ਤੋਂ ਸੋਹਣਾ, ਜਗ ਤੋਂ ਵੱਖਰਾ ਚੇਤ ਬਹਾਰਾਂ ਵਾਂਗੂੰ।
ਮੇਰੇ ਲਈ ਤੇ ਪਿੰਡ ਸੀ ਮੇਰਾ ਗੂੜ੍ਹੇ ਯਾਰਾਂ ਵਾਂਗੂੰ। -ਇਰਸ਼ਾਦ ਸੰਧੂ

ਉਹ ਭਾਵੇਂ ਜਿਹੜੀ ਮਰਜ਼ੀ ਜਾਤ ਦੀ ਹੋਵੇ, ਗੁੰਜਨ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਤਾਂ ਅੱਧਾ ਪਹਾੜ ਕੁੜੀ ਦੇ ਨਾਂ ਲਵਾਉਣ ਨੂੰ ਵੀ ਤਿਆਰ ਹੈ। ਪਰ ਕੁੜੀ ਦੇ ਨਾਂ ਪਹਾੜ ਵਿਆਹ ਤੋਂ ਪਿੱਛੋਂ ਹੋਵੇਗਾ, ਜਦੋਂ ਕਾਗ਼ਜ਼ਾਂ ਵਿਚ ਉਹ ਗੁੰਜਨ ਦੀ ਨੂੰਹ ਬਣ ਜਾਵੇਗੀ।

ਮੇਰੇ ਦਫ਼ਤਰ ਵਿਚ ਕਾਫ਼ੀ ਪਿੰਡਾਂ ਦੇ ਪੰਚਾਂ-ਸਰਪੰਚਾਂ ਦੀ ਆਉਣੀ-ਜਾਣੀ ਸੀ। ਮੈਂ ਕਈਆਂ ਨੂੰ ਕਹਿ ਵੀ ਰੱਖਿਆ ਸੀ।

ਕਈਆਂ ਦੀ ਅੱਗੇ ਗੱਲ ਵੀ ਚਲਾਈ ਹੋਈ ਸੀ ਪਰ 'ਹਾਂ' ਅਜੇ ਤੱਕ ਕਿਸੇ ਦੀ ਨਹੀਂ ਸੀ ਆਈ।

ਮੈਂ ਸੋਚ ਰਿਹਾ ਸੀ ਕਿ ਗੱਲ ਵਿਚ-ਵਿਚਾਲੇ ਰੱਖ ਲਵਾਂਗਾ। ਵਾਅਦਾ ਨਹੀਂ ਕਰਾਂਗਾ। ਜੇ ਪੈਸੇ ਘਟਾਏ, ਤਾਂ ਵੀ ਠੀਕ ਹੈ। ਨਾ ਘਟਾਏ, ਤਾਂ ਵੀ ਠੀਕ ਹੈ।

ਮੈਂ ਚਲਿਆ ਗਿਆ। ਮੇਰੇ ਜਾਂਦੇ ਨੂੰ ਗੁੰਜਨ ਦਾ ਗੂੰਗਾ ਮੁੰਡਾ ਆਪਣੇ ਘਰ ਅੱਗੇ ਮੰਜਾ ਡਾਹੀ ਬੈਠਾ ਸੀ। ਉਹਦਾ ਮੁੰਡਾ ਸਾਹਮਣੇ ਸਰਕਾਰੀ ਨਲਕੇ 'ਤੇ ਬਾਲਟੀ 'ਚ ਪਾਣੀ ਭਰ ਰਿਹਾ ਸੀ। ਦੋ ਛੋਟੀਆਂ-ਛੋਟੀਆਂ ਬਾਲਟੀਆਂ ਉਹਨੇ ਕੋਲ ਰੱਖੀਆਂ ਹੋਈਆਂ ਸਨ। ਮੈਂ ਉਨ੍ਹਾਂ ਤੋਂ ਚਾਬੀ ਲੈ ਕੇ ਕਮਰਾ ਖੋਲ੍ਹ ਲਿਆ। ਦੋਵੇਂ ਪਾਸੇ ਵਾਲੀਆਂ ਤਾਕੀਆਂ ਵੀ ਖੋਲ੍ਹ ਦਿੱਤੀਆਂ ਤਾਂ ਕਿ ਬੰਦ ਪਏ ਕਮਰੇ ਦੀ ਹੁੰਮਸ ਨਿਕਲ ਜਾਵੇ। ਜਾਲ਼ੀ ਵਾਲ਼ੀ ਤਾਕੀ ਮੈਂ ਬੰਦ ਰੱਖੀ। ਉੱਥੇ ਬਾਂਦਰ ਏਨੇ ਸ਼ੈਤਾਨ ਸਨ ਕਿ ਪਤਾ ਹੀ ਨਹੀਂ ਸੀ ਲੱਗਣ ਦਿੰਦੇ ਕਿ ਕਦੋਂ ਕਮਰੇ 'ਚ ਆ ਗਏ ਅਤੇ ਰਸੋਈ 'ਚ ਵੜ ਕੇ ਜੋ ਕੁਝ ਹੱਥ ਲਗਦਾ ਸੀ, ਸਭ ਕੁਝ ਖਾ ਜਾਂਦੇ ਸਨ। ਕਈ ਵਾਰੀ ਕਮਰੇ 'ਚ ਪਏ ਕੱਪੜੇ ਵੀ ਲੈ ਜਾਂਦੇ।

ਥੋੜ੍ਹੇ ਜਿਹੇ ਚਿਰ ਪਿੱਛੋਂ ਗੁੰਜਨ ਆਇਆ। ਉਹ ਬੜੀ ਅਪਣੱਤ ਨਾਲ ਮੈਨੂੰ ਮਿਲਿਆ। ਉਹਦੀਆਂ ਅੱਖਾਂ 'ਚ ਆਸ ਸੀ। ਮੈਂ ਕਿਹਾ, ''ਗੁੰਜਨ! ਪਹਾੜੀ ਮੁਰਗਾ ਹੈ?''

''ਹਾਂ।''

''ਬਣਾ ਲੈ ਫੇਰ। ਦੂਸਰੀ ਚੀਜ਼ ਮੈਂ ਲੇਕਰ ਆਇਆ ਹੂੰ।'' ਗੁੰਜਨ ਦੀਆਂ ਅੱਖਾਂ ਵਿਚ ਲਿਸ਼ਕ ਆ ਗਈ। ਮੈਂ ਉਸਨੂੰ ਸੌ ਰੁਪਿਆ ਦੇ ਦਿੱਤਾ ਤਾਂ ਕਿ ਉਹ ਦੁਕਾਨ ਤੋਂ ਘਿਉ, ਮਸਾਲਾ ਤੇ ਲੋੜੀਂਦਾ ਸਾਮਾਨ ਲੈ ਆਵੇ।

ਗੁੰਜਨ ਜਾਣ ਤੋਂ ਪਹਿਲਾਂ ਆਪਣੇ ਗੂੰਗੇ ਮੁੰਡੇ ਨੂੰ ਕੱਟਣ ਲਈ ਗੰਢੇ ਫੜਾ ਗਿਆ ਅਤੇ ਚਾਰ-ਪੰਜ ਟਮਾਟਰ ਵੀ।

ਪੰਦਰਾਂ-ਵੀਹ ਮਿੰਟਾਂ ਪਿੱਛੋਂ ਉਹ ਆਇਆ ਅਤੇ ਮੁਰਗਾ ਬਣਾਉਣ ਲੱਗ ਪਿਆ। ਮੈਨੂੰ ਕਮਰੇ 'ਚ ਬੈਠੇ ਨੂੰ ਕੂਕਰ ਦੀਆਂ ਸੀਟੀਆਂ ਸੁਣਨ ਲੱਗੀਆਂ। ਸੋਚਣ ਲੱਗਿਆ ਕਿ ਹਿਮਾਚਲ ਦੇ ਸ਼ਹਿਰ ਪਿੰਡਾਂ 'ਚ ਵੀ ਆ ਵੜੇ ਨੇ। ਗੁੰਜਨ ਦੇ ਘਰੇ ਟੀ.ਵੀ. ਵੀ ਸੀ। ਕੋਠੇ 'ਤੇ ਲੱਗਿਆ ਐਨਟੀਨਾ ਇਸ ਗੱਲ ਦੀ ਗਵਾਹੀ ਭਰਦਾ ਸੀ।

ਅੱਧੇ ਕੁ ਘੰਟੇ ਬਾਅਦ ਗੁੰਜਨ ਮੇਰੇ ਕੋਲ ਆਇਆ। ਉਸਦੇ ਹੱਥ 'ਚ ਸਟੀਲ ਦਾ ਗਿਲਾਸ ਸੀ। ਉਹਨੇ ਗਿਲਾਸ 'ਤੇ ਅੱਧ ਤੋਂ ਵੀ ਹੇਠਾਂ ਹੱਥ ਲਾਇਆ ਕਿ ਉਸ ਵਿਚ ਏਨੀ ਕੁ ਸ਼ਰਾਬ ਪਾ ਦੇਵਾਂ। ਉਸਨੇ ਦੱਸਿਆ ਕਿ ਇਸ ਤੋਂ ਵੱਧ ਪੀ ਕੇ ਉਸਦਾ ਗੂੰਗਾ ਮੁੰਡਾ ਸ਼ਰਾਬੀ ਹੋ ਜਾਂਦਾ ਹੈ ਤੇ ਉਸਨੂੰ ਬੜਾ ਤੰਗ ਕਰਦਾ ਹੈ।

ਮੈਂ ਬੈੱਡ 'ਤੇ ਬੈਠਾ ਸੀ। ਮੇਰੇ ਅੱਗੇ ਮੇਜ਼ ਡਿਹਾ ਹੋਇਆ ਸੀ ਪਰ ਗੁੰਜਨ ਨੇ ਆਪਣੀ ਕੁਰਸੀ ਖਿੱਚ ਕੇ ਕਾਫ਼ੀ ਦੂਰ ਕਰ ਲਈ ਸੀ ਅਤੇ ਵੱਡੀ ਕੌਲੀ ਵਿਚ ਉਹ ਮੀਟ ਪਾ ਕੇ ਲਿਆਇਆ ਸੀ ਅਤੇ ਇਕ ਵੱਡੀ ਕੌਲੀ ਰਸੋਈ ਵਿਚ ਰੱਖ ਆਇਆ ਸੀ। ਮੇਰੇ ਕਹਿਣ 'ਤੇ ਉਹਨੇ ਇਕ ਬ੍ਰੈੱਡਾਂ ਦਾ ਡੱਬਾ ਵੀ ਦੁਕਾਨ ਤੋਂ ਲਿਆ ਦਿੱਤਾ ਸੀ। ਸੋਚਿਆ ਸੀ, ਰੋਟੀ ਦਾ ਤਰੱਦਦ ਮੈਥੋਂ ਨਹੀਂ ਹੋ ਸਕਣਾ। ਆਪਣੇ ਘਰੋਂ ਦੁੱਧ ਵੀ ਉਸਨੇ ਲਿਆ ਦਿੱਤਾ ਸੀ।

ਮੈਂ ਗੁੰਜਨ ਨੂੰ ਪੈੱਗ ਫੜਾਇਆ ਤਾਂ ਉਹਨੇ ਖਾਲੀ ਕਰਕੇ ਗਿਲਾਸ ਹੇਠਾਂ ਰੱਖ ਦਿੱਤਾ ਅਤੇ ਫੇਰ ਮੈਨੂੰ ਕਹਿਣ ਲੱਗਿਆ, ''ਆਪ ਕੀ ਭਤੀਜੀ ਨੇ ਮੁਝੇ ਬਤਾਇਆ ਥਾ ਕਿ ਆਪ ਮੇਰੇ ਲੜਕੇ ਕੀ ਸ਼ਾਦੀ ਕਰਵਾ ਸਕਤੇ ਹੋ?''

ਮੈਂ ਕਿਹਾ, ''ਯਤਨ ਕਰ ਰਹਾ ਹੂੰ। ਮੈਂ ਚਾਹਤਾ ਹੂੰ ਕਿ ਆਪ ਕਾ ਕਾਮ ਹੋ ਜਾਏ। ਆਪ ਕਾ ਘਰ ਵਸ ਜਾਏ ਪਰ ਸਮਾਂ ਤੋ ਲਗੇਗਾ ਹੀ।''

''ਹਾਂ ਹਾਂ, ਸਮਾਂ ਤੋਂ ਲਗਤਾ ਹੀ ਹੈ। ਸ਼ਾਦੀ ਕੀ ਬਾਤ ਛੋਟੀ ਤੋ ਨਹੀਂ ਹੋਤੀ। ਬਹੁਤ ਬੜੀ ਬਾਤ ਹੈ। ਫਿਰ ਮੇਰਾ ਲੜਕਾ ਬੋਲ ਵੀ ਨਹੀਂ ਸਕਤਾ। ਇਧਰ ਭੀ ਹਮਨੇ ਬਹੁਤ ਕੋਸ਼ਿਸ਼ ਕੀ ਪਰ ਕੋਈ ਲੜਕੀ ਵਾਲ਼ਾ ਮਾਨਤਾ ਹੀ ਨਹੀਂ। ਹਮ ਬ੍ਰਾਹਮਣ ਹੈ। ਯੇ ਵੀ ਚਾਹਾ ਕਿ ਕਿਸੀ ਵੀ ਜਾਤ ਕੀ ਲੜਕੀ ਹੋ, ਲੇਕਿਨ ਮੇਰਾ ਬੜਾ ਲੜਕਾ ਇਤਨਾ ਚਾਲਾਕ ਹੈ ਕਿ ਯਹਾਂ ਭੀ ਬਾਤ ਚਲਤੀ ਹੈ, ਵਹਾਂ ਕੋਈ ਨਾ ਕੋਈ ਵਾਹਧਾ ਡਾਲ ਦੇਤਾ ਹੈ। ਉਸਕੀ ਘਰਵਾਲ਼ੀ ਬਹੁਤ ਖ਼ਤਰਨਾਕ ਔਰਤ ਹੈ। ਅਪਨੇ ਕਿਸੇ ਬੱਚੇ ਕੋ ਵੀ ਹਮਾਰੇ ਘਰ ਨਹੀਂ ਆਨੇ ਦੇਤੀ ਔਰ ਚਾਹਤੀ ਹੈ ਕਿ ਹਮ ਤੀਨੋਂ ਕਿਸੀ ਨਾ ਕਿਸੀ ਤਰ੍ਹਾ ਮਰ ਜਾਏਂ ਔਰ ਵੋਹ ਹਮਾਰੇ ਪਹਾੜੋਂ ਕੀ ਅਕੇਲੀ ਮਾਲਿਕ ਬਨ ਜਾਏ ਪਰ ਕਿਆ ਕਰੇਂ?

ਕੋਈ ਬਾਤ ਹੀ ਨਹੀਂ ਬਨਤੀ। ਦੂਰ-ਦਰਾਜ ਕੇ ਲੋਗ ਬਹੁਤ ਆਤੇ ਹੈਂ। ਪੈਸੇ ਲੇਕਰ ਲੜਕੀ ਲਾਨੇ ਕੀ ਬਾਤ ਕਰਤੇ ਹੈਂ ਪਰ ਅਗਰ ਲੜਕੀ ਪਹਿਲੇ ਕੀ ਤਰ੍ਹਾ ਨਾ ਵਸੀ ਤੋ ਹਮਾਰਾ ਪੈਸਾ ਭੀ ਜਾਏਗਾ ਔਰ ਮੁਫ਼ਤ ਮੇਂ ਬੇਇੱਜ਼ਤੀ ਵੀ ਹੋ ਜਾਏਗੀ। ਆਪ ਕੀ ਭਤੀਜੀ ਨੇ ਬਤਾਇਆ ਕਿ ਆਪ ਕੀ ਪੰਜਾਬ ਮੇਂ ਬਹੁਤ ਚਲਤੀ ਹੈ। ਸੋਚਾ, ਆਪ ਜੋ ਬਾਤ ਕਰੇਂਗੇ, ਵੋਹ ਪੱਕੀ ਹੋਗੀ। ਹਮਾਰਾ ਕੋਈ ਨੁਕਸਾਨ ਨਹੀਂ ਹੋਗਾ ਲੇਕਿਨ ਮੈਂ ਆਪ ਕੇ ਸਾਥ ਏਕ ਵਾਅਦਾ ਕਰਤਾ ਹੂੰ ਕਿ ਲੜਕੀ ਕੋ ਕੋਈ ਤਕਲੀਫ਼ ਨਹੀਂ ਹੋਗੀ। ਹਮ ਉਸਸੇ ਖੇਤ ਕਾ ਕਾਮ ਨਹੀਂ ਕਰਵਾਏਂਗੇ। ਘਰ ਮੇਂ ਰੋਟੀ ਬਨਾਨੇ ਕਾ ਕਾਮ ਹੀ ਕਰਾਏਂਗੇ। ਕਾਮ ਤੋ ਮੇਰਾ ਲੜਕਾ ਹੀ ਬਹੁਤ ਕਰਤਾ ਹੈ। ਖੇਤੀ ਬਹੁਤ ਅੱਛੀ ਕਰਤਾ ਪਰ ਕਿਆ ਕਰੇਂ, ਉਸਕਾ ਘਰ ਉੱਜੜ ਗਿਆ ਹੈ। ਮੁਝੇ ਇਸ ਬਾਤ ਕਾ ਬਹੁਤ ਦੁੱਖ ਹੈ। ਮੈਂ ਕਿਆ ਕਰੂੰ। ਯਹਾਂ ਵੋਹ ਹਿਸਾਰ ਮੇਂ ਗਈ ਹੈ, ਹਮਾਰੀ ਵਹਾਂ ਰਿਸ਼ਤੇਦਾਰੀਆਂ ਭੀ ਹੈਂ। ਸ਼ਾਦੀਆਂ ਔਰ ਦੁਖ-ਸੁਖ ਮੇਂ ਵਹਾਂ ਜਾਨਾ ਭੀ ਪੜਤਾ ਹੈ ਲੇਕਿਨ ਬਹੁਤ ਸ਼ਰਮ ਆਤੀ ਹੈ ਸਾਲ਼ੇ ਨੀਚੇ ਵਾਲ਼ੋਂ ਨੇ ਹਮਾਰੇ ਸਿਰ ਸੇ ਪਗੜੀ ਉਤਾਰ ਲਈ ਹੈ। ਜਿਤਨੇ ਪਹਾੜ ਮੇਰੇ ਪਾਸ ਹੈਂ, ਹਮਾਰੇ ਇਧਰਲੇ ਪਚਾਸ ਗਾਉਂ ਮੇਂ ਕਿਸੀ ਕੇ ਪਾਸ ਨਹੀਂ। ਪੈਸਾ ਭੀ ਆਪ ਕੀ ਕਿਰਪਾ ਸੇ ਬਹੁਤ ਹੈ। ਪੰਦਰਾ-ਬੀਸ ਵਰਸ਼ ਹੋ ਗਏ ਹੈਂ ਮੁਝੇ ਨੌਕਰੀ ਛੋੜੀ ਕੋ। ਮੈਂ ਕਭੀ ਬੈਂਕ ਸੇ ਏਕ ਪੈਸਾ ਵੀ ਨਿਕਲਵਾ ਕਰ ਨਹੀਂ ਲਾਇਆ।''

ਮੈਂ ਗੁੰਜਨ ਤੋਂ ਗਿਲਾਸ ਮੰਗ ਕੇ ਇਕ ਪੈੱਗ ਹੋਰ ਪਾ ਕੇ ਦਿੱਤਾ। ਵੇਖਿਆ, ਉਸਨੂੰ ਨਸ਼ਾ ਹੋ ਗਿਆ ਸੀ। ਉਹਦੀਆਂ ਗੱਲਾਂ 'ਚ ਗੁੱਸਾ ਝਲਕਣ ਲੱਗ ਪਿਆ ਸੀ। ਪਤਾ ਨਹੀਂ ਮਨ ਦੇ ਕਿਸੇ ਕੋਨੇ

ਕੈਸੀ ਗੱਲ 'ਤੇ ਮਨ ਨੂੰ ਵਿਰਦੇ ਦੇਖ ਰਿਹਾਂ।
ਪੱਥਰ ਹੁੰਦੇ ਜਾਂਦੇ ਹਿਰਦੇ ਦੇਖ ਰਿਹਾਂ। -(ਅਗਲੇ ਸਫ਼ੇ 'ਤੇ)

ਵਿਚ ਗੁੱਸਾ ਕਿੰਨੀ ਕੁ ਦੇਰ ਦਾ ਪਲ਼ ਰਿਹਾ ਸੀ। ਮੈਂ ਸੋਚਿਆ, ਮਨੁੱਖ ਦੀਆਂ ਕਦੇ ਸਾਰੀਆਂ ਇੱਛਾਵਾਂ ਪੂਰੀਆਂ ਨਹੀਂ ਹੁੰਦੀਆਂ। ਕੋਈ ਨਾ ਕੋਈ ਕਮੀ ਹੁੰਦੀ ਹੈ, ਜਿਹੜੀ ਉਸਦੀ ਖ਼ੁਸ਼ੀ ਨੂੰ ਸੂਲ਼ੀ ਚਾੜ੍ਹੀ ਰੱਖਦੀ ਹੈ, ਉਸਦੇ ਜੀਵਨ ਨੂੰ ਅਗੜਾ-ਦੁਗੜਾ ਕਰ ਦਿੰਦੀ ਹੈ। ਆਲ਼ੇ-ਦੁਆਲ਼ੇ 'ਚ ਉਸਦੀ ਅੱਖ ਵੀ ਨੀਵੀਂ ਕਰ ਦਿੰਦੀ ਹੈ। ਸਿਰ ਝੁਕਾ ਕੇ ਤੁਰਨ ਲਈ ਮਜਬੂਰ ਕਰ ਦਿੰਦੀ ਹੈ।

ਗੁੰਜਨ ਨੇ ਦੋ ਘੁੱਟਾਂ ਭਰੀਆਂ। ਗਿਲਾਸ ਕੁਰਸੀ ਦੇ ਪਾਵੇ ਕੋਲ਼ ਰੱਖ ਦਿੱਤਾ ਤੇ ਫੇਰ ਬੋਲਿਆ, ''ਸਾਲ਼ੇ ਨੀਚੇ ਵਾਲ਼ੋਂ ਨੇ ਹਮਾਰਾ ਜੀਨਾ ਮੁਸ਼ਕਿਲ ਕਰ ਦੀਆ ਹੈ। ਆਪ ਚਾਹੇ ਕੁਛ ਭੀ ਕਰੋ, ਮੈਂ ਪੰਚਾਇਤ ਮੇਂ ਆਪ ਕੇ ਪਾਉਂ ਪੜਨੇ ਕੇ ਲੀਏ ਭੀ ਤਿਆਰ ਹੂੰ। ਆਪ ਹਮਾਰਾ ਕਾਮ ਕਰ ਦੋ। ਹਮ ਆਪ ਕਾ ਅਹਿਸਾਨ ਨਹੀਂ ਭੂਲੇਂਗੇ। ਆਪ ਜਿਤਨਾ ਚਾਹੇਂ, ਪਲਾਟ ਹਮ ਸੇ ਲੇ ਲੋ। ਰੇਟ ਕੀ ਕੋਈ ਬਾਤ ਨਹੀਂ। ਆਪ ਜਿਤਨੇ ਖ਼ੁਸ਼ ਹੋ ਕੇ ਦੋਗੇ, ਹਮ ਲੇ ਲੇਂਗੇ। ਕਿਆ ਫ਼ਰਕ ਪੜਤਾ ਹੈ। ਆਪ ਪੂਛੇਂ ਤੋ ਹਮੇਂ ਪੈਸੇ ਕੀ ਅਬ ਜ਼ਰੂਰਤ ਹੀ ਨਹੀਂ। ਹਮਾਰੀ ਤੋ ਏਕ ਹੀ ਜ਼ਰੂਰਤ ਕਿ ਹਮ ਸਿਰ ਉਠਾ ਸਕੇਂ। ਆਪ ਪੈਸੇ ਕਾ ਫ਼ਿਕਰ ਮਤ ਕਰਨਾ। ਲੜਕੀ ਵਾਲ਼ੇ ਜਿਤਨੇ ਚਾਹੇਂਗੇ, ਹਮ ਦੇ ਦੇਂਗੇ। ਲੇਕਿਨ ਇਸ ਬਾਤ ਕਾ ਖ਼ਯਾਲ ਰਖਨਾ ਕਿ ਏਕ ਵਾਰ ਲੜਕੀ ਆ ਕਰ ਜਾਏ ਨਾ। ਆਤੀ-ਜਾਤੀ ਰਹੇ, ਕੋਈ ਬਾਤ ਨਹੀਂ। ਲੇਕਿਨ ਹਮੇਂ ਸ਼ਰਮਿੰਦਗੀ ਨਾ ਉਠਾਨੀ ਪੜੇ ਪਹਿਲੇ ਕੀ ਤਰ੍ਹਾਂ।''

''ਐਸੀ ਬਾਤ ਨਹੀਂ ਹੋਗੀ।'' ਮੈਂ ਕਿਹਾ, ''ਬਾਤ ਹੋਗੀ ਤੋ ਈਂਟ ਕੀ ਤਰ੍ਹਾਂ ਪੱਕੀ ਹੋਗੀ। ਆਪ ਹਮਾਰੇ ਪਿਤਾ ਸਮਾਨ ਹੈਂ। ਹਮ ਯਹਾਂ ਦੋਸਤੀ ਬੜ੍ਹਾਨੇ ਕੇ ਲੀਏ ਆਨਾ ਚਾਹਤੇਂ ਹੈਂ। ਪੈਸਾ ਤੋ ਮੇਰੇ ਪਾਸ ਭੀ ਬਹੁਤ ਹੈਂ। ਆਪ ਫ਼ਿਕਰ ਮਤ ਕਰੋ।''

ਗੁੰਜਨ ਨੇ ਪੈੱਗ ਖ਼ਤਮ ਕਰਕੇ ਗਿਲਾਸ ਹੇਠਾਂ ਰੱਖ ਦਿੱਤਾ ਸੀ। ਮੈਂ ਉਸਤੋਂ ਗਿਲਾਸ ਫੇਰ ਮੰਗਿਆ। ਉਸਨੇ ਸੱਜੇ ਹੱਥ ਦੀ ਪਹਿਲੀ ਉਂਗਲੀ ਦੇ ਪਹਿਲੇ ਪੋਟੇ 'ਤੇ ਅੰਗੂਠਾ ਲਾ ਕੇ ਕਿਹਾ, ''ਇਤਨੀ ਕੁ ਡਾਲਨਾ, ਮੈਂ ਜ਼ਿਆਦਾ ਨਹੀਂ ਪੀਤਾ।''


ਮੇਰਾ ਪਾਇਆ ਹੋਇਆ ਪੈੱਗ ਉਸਨੇ ਪੀ ਲਿਆ ਤੇ ਗਿਲਾਸ ਧੋ ਕੇ ਰਸੋਈ ਵਿਚ ਰੱਖ ਆਇਆ ਤੇ ਫੇਰ ਕਮਰੇ 'ਚ ਆ ਕੇ ਕਹਿਣ ਲੱਗਿਆ, ''ਸਰਦਾਰ ਜੀ! ਆਪ ਹਮਾਰੇ ਲੜਕੇ ਵਾਲ਼ਾ ਕਾਮ ਕਰ ਦੋ। ਹਮ ਨੀਚੇ ਵਾਲ਼ੋਂ ਕੋ ਕਹਿਨੇ ਵਾਲ਼ੇ ਹੋ ਜਾਏਂਗੇ ਕਿ ਲੋ ਸਾਲ਼ੋ ਨੀਚੇ ਵਾਲ਼ੋ, ਆਪ ਹਮਾਰੇ ਲੜਕੇ ਕੀ ਘਰਵਾਲ਼ੀ ਲੇਗੇ ਥੇ। ਲੋ, ਹਮ ਭੀ ਅਬ ਨੀਚੇ ਵਾਲ਼ੀ ਲੇ ਆਏ ਹੈਂ।''

ਗੁੰਜਨ ਗੁੱਸੇ ਵਿਚ ਆ ਗਿਆ ਸੀ, ਜਿਵੇਂ ਉਹਦੀ ਨੂੰਹ ਨੂੰ ਲਿਜਾਣ ਵਾਲੇ ਸਾਹਮਣੇ ਖੜ੍ਹੇ ਹੋਣ। ਉਹ ਉਨ੍ਹਾਂ ਨੂੰ ਲਲਕਾਰ ਰਿਹਾ ਹੋਵੇ। ਫੇਰ ਉਹ ਕਮਰੇ ਦਾ ਦਰਵਾਜ਼ਾ ਭੇੜ ਕੇ ਬਾਹਰ ਚਲਿਆ ਗਿਆ।

ਕਹਾਣੀ

# ਤੋਤਾ ਮੈਨਾ ਦੀ ਕਹਾਣੀ

## ਬਲਦੇਵ ਸਿੰਘ ਧਾਲੀਵਾਲ



ਬਲਦੇਵ ਸਿੰਘ ਧਾਲੀਵਾਲ

'ਤੋਤਾ ਮੈਨਾ ਦੀ ਕਹਾਣੀ ਤੋ ਪੁਰਾਣੀ, ਪੁਰਾਣੀ ਹੋ ਗਈ' ਕਿਸੇ ਫ਼ਿਲਮੀ ਗਾਣੇ ਵਾਲੀ ਰਿੰਗਟੋਨ ਵਜਦੀ ਹੈ। ਸੁਣ ਕੇ ਮੈਂ ਤ੍ਰਬਕਿਆ ਹਾਂ। ਮੈਨੂੰ ਪਤਾ ਹੈ ਕੌਣ ਹੋਵੇਗਾ। ਇਹ ਰਿੰਗਟੋਨ ਇਕ ਸਪੈਸ਼ਲ ਕਾਲਰ ਲਈ ਸੈੱਟ ਕੀਤੀ ਹੋਈ ਹੈ, ਐਵੇਂ ਸ਼ਰਾਰਤ ਨਾਲ।

''ਮਾ...ਇ...ਨਾ'' ਮੋਬਾਈਲ ਅੰਗਰੇਜ਼ੀ ਲਹਿਜੇ ਵਿਚ ਬੋਲਦਾ ਹੈ। ਮੈਨਾ ਹੀ ਹੈ। ਉਸ ਦਾ ਨਾਂ ਸਕਰੀਨ ਉਤੇ ਵੀ ਜਗਬੁਝ-ਜਗਬੁਝ ਕਰ ਰਿਹਾ ਹੈ। ਉਸ ਦਾ ਨਾਂ ਵੇਖ ਕੇ ਮੇਰੇ ਕੰਨਾਂ ਨੂੰ ਦਿਲ ਦੀ ਫੜੱਕ ਫੜੱਕ ਸੁਣਨ ਲੱਗੀ ਹੈ ਜਿਵੇਂ ਕਿਸੇ ਇਮਤਿਹਾਨ ਦਾ ਨਤੀਜਾ ਸੁਣਨ/ਵੇਖਣ ਵੇਲੇ ਹੁੰਦਾ ਹੈ। ਹੁਣ ਵੀ ਨਤੀਜਾ ਹੀ ਤਾਂ ਨਿਕਲਣ ਵਾਲਾ ਹੈ, ਮੈਨਾ ਦੀ ਹਾਂ ਜਾਂ...। ਨਾਂਹ ਸ਼ਬਦ ਸੋਚਾਂ ਵਿਚ ਲਿਆਉਣ ਲਈ ਵੀ ਮਨ ਤਿਆਰ ਨਹੀਂ। ਮੈਨਾ ਨਾਲ ਇੰਨਾ ਕੁਝ ਜੁੜ ਚੁੱਕਿਆ ਹੈ। ਉਂਜ ਵੀ ਇਹ ਕੰਨ ਨਾਂਹ ਸੁਣਨ ਦੇ ਤਾਂ ਆਦੀ ਹੀ ਨਹੀਂ ਰਹੇ। ਜੋ ਸੋਚਿਆ ਉਹ ਹਾਸਿਲ ਕਰ ਕੇ ਹੀ ਦਮ ਲਿਆ ਹੈ। ਫਿਰ ਇਸ ਵਾਰ...।

''ਹਾਂ ਬਈ ਮਨਮੀਤ...?'' ਮੈਂ ਦਿਲ ਨੂੰ ਸੰਭਾਲਦਿਆਂ, ਬੋਲਾਂ ਨੂੰ ਥਿੜਕਣ ਤੋਂ ਬਚਾਉਂਦਿਆਂ, ਪੂਰੇ ਸਹਿਜ ਨਾਲ ਉਸ ਨੂੰ ਪੂਰੇ ਨਾਂ ਨਾਲ ਬੁਲਾਉਂਦਾ ਪੁਛਦਾ ਹਾਂ।

''ਘਰ ਹੋ ਨਾ?... ਆ-ਜਾਂ ਮੈਂ?'' ਉਸ ਦਾ ਲਹਿਜ਼ਾ ਪੁੱਛਣ ਦੀ ਥਾਂ ਦੱਸਣ ਵਾਲਾ ਹੈ ਜਿਵੇਂ ਕਹਿ ਰਹੀ ਹੋਵੇ ਤਿਆਰ ਰਹੋ ਸ੍ਰੀਮਾਨ ਮੈਂ ਆ ਰਹੀ ਹਾਂ। ਉਸ ਦੇ ਬੋਲਾਂ ਵਿਚੋਂ ਮੈਨੂੰ ਮਸ਼ਕਰੀ ਜਿਹੀ ਵਾਲੀ ਸੁਰ ਝਲਕਦੀ ਮਹਿਸੂਸ ਹੋਈ ਹੈ। ਅੱਗੇ ਤਾਂ ਉਹ ਹਮੇਸ਼ਾਂ 'ਸਬਮਿਸਵ' ਜਿਹੀ ਟੋਨ ਵਿਚ ਪੁਛਦੀ ਹੁੰਦੀ ਹੈ, ''ਸਰ ਮੇ ਆਈ ਕੰਮ'' ਜਿਵੇਂ ਕੋਈ ਕਮਰੇ 'ਚ ਵੜ੍ਹਨ ਵੇਲੇ ਪੁਛਦਾ ਹੁੰਦਾ ਹੈ।

''ਸ਼ਿਓਰ...ਸ਼ਿਓਰ... ਵੈੱਲ-ਕਮ, ਐਨੀ ਗੁੱਡ ਨਿਊਜ਼?'' ਮੈਂ ਆਪਣੀ ਉਤੇਜਨਾ ਨੂੰ ਬੰਨ੍ਹ ਨਹੀਂ ਮਾਰ ਸਕਿਆ। ਆਪਣੇ ਰਿਜਰਵ ਸੁਭਾਅ ਦੇ ਉਲਟ ਉਪਨਲੀ ਪੁੱਛ ਬੈਠਾ ਹਾਂ।

''ਸਰਪ੍ਰਾਈਜ਼ ਐ... ਰੀਅਲੀ ਬਿੱਗ ਵੰਨ... ਫਾਰ ਯੂਅਰ ਇਨਫਰਮੇਸ਼ਨ ਮੰਮੀ-ਪਾਪਾ ਵੀ ਨਾਲ ਆ ਰਹੇ ਨੇ, ਕਹਿੰਦੇ ਮੂੰਹ ਮਿੱਠਾ ਕਰਾਉਣਾ... ਓ.ਕੇ... ਟੇਕ ਕੇਅਰ... ਸੀ ਯੂ।'' ਕਹਿੰਦਿਆਂ ਉਸ ਨੇ ਫ਼ੋਨ ਕੱਟ ਦਿੱਤਾ ਹੈ। ਇਹ ਮੇਰਾ ਭੁਲੇਖਾ ਹੈ ਜਾਂ ਸੱਚ ਮੈਨੂੰ ਅੰਤ ਵਿਚ ਕੋਈ ਨਖ਼ਰੇ ਭਰੀ 'ਪੁ..ਅ..ਚ' ਵਰਗੀ ਆਵਾਜ਼ ਵੀ ਸੁਣੀ ਹੈ।

ਅਚੰਭਿਤ ਜਿਹਾ ਹੋਇਆ ਮੈਂ ਮਨਮੀਤ ਦੇ ਇਕ-ਇਕ ਸ਼ਬਦ ਨੂੰ ਰਿੜਕ ਰਿਹਾ ਹਾਂ। ਮਨੋਵਿਗਿਆਨ ਦੇ ਵਿਸ਼ੇ ਨੇ ਇਹ ਮੇਰੀ ਆਦਤ ਹੀ ਬਣਾ ਦਿੱਤੀ ਹੈ। ਅੱਜ ਉਸਨੇ ਸੰਬੋਧਨ ਵੀ ਸਰ ਕਹਿ ਕੇ ਨਹੀਂ ਕੀਤਾ। ''ਘਰ...ਆ-ਜਾਂ'' ''ਮੂੰਹ ਮਿੱਠਾ'' ਸਾਰੇ ਦੇ ਸਾਰੇ ਸ਼ਬਦ ਉਸ ਦੇ ਅਚੇਤ ਮਨ ਦੀ ਕਿਸੇ ਅਨੋਖੀ ਤਾਂਘ ਦੀ ਬਾਤ ਪਾ ਰਹੇ ਪ੍ਰਤੀਤ ਹੁੰਦੇ ਹਨ। ਸ਼ਾਇਦ ਉਸ ਦੀ ਇਸ ਘਰੇ ਆ ਵੱਸਣ ਦੀ ਮੂੰਹ ਜ਼ੋਰ ਇੱਛਾ ਦਾ ਪ੍ਰਗਟਾਵਾ। ਹੁਣ ਸ਼ਾਇਦ ਦੀ ਤਾਂ ਖ਼ੈਰ

ਇਸ ਤੋਂ ਵੱਡਾ ਸਬਰ ਭਲਾ ਕੀ ਕਰ ਸਕਦਾ,
ਅੱਖੀਂ ਆਪਣੇ ਸੁਪਨੇ ਕਿਰਦੇ ਦੇਖ ਰਿਹਾਂ। -ਮੁਰੀਦ ਸੰਧੂ

ਗੁੰਜਾਇਸ਼ ਹੀ ਨਹੀਂ ਰਹਿ ਗਈ। ਯੂਨੀਵਰਸਿਟੀ ਦੀ ਪ੍ਰੋਫੈਸਰੀ ਅਤੇ ਮਨੋਵਿਗਿਆਨ ਦੇ ਵਿਸ਼ੇ ਦਾ ਰਿਮੋਟ ਹੱਥ ਵਿਚ ਹੋਵੇ ਤਾਂ ਮਨ-ਚਾਹੇ ਚੈਨਲ ਕਿਉਂ ਨਹੀਂ ਚੱਲਣਗੇ ? 'ਮਨਮੀਤ ਕੀ...।' ਸੋਚ ਕੇ ਮੈਨੂੰ ਆਪਣੇ ਆਪ ਉਤੇ ਅਭਿਮਾਨ ਵਰਗਾ ਮਾਣ ਮਹਿਸੂਸ ਹੋਇਆ ਹੈ।

"ਸਰਪ੍ਰਾਈਜ਼!!!..." ਮਨਮੀਤ ਦੇ ਬੋਲਾਂ ਨੂੰ ਮਨ ਹੀ ਮਨ ਵਿਚ ਦੁਹਰਾਉਂਦਾ ਸੋਚਦਾ ਹਾਂ, 'ਹੁਣ ਕਾਹਦਾ ਸਰਪ੍ਰਾਈਜ਼ ਰਹਿ ਗਿਆ ਡੀਅਰ, ਸਭ ਕੁਝ ਤਾਂ ਚਿੱਟੇ ਦਿਨ ਵਾਂਗ ਸਪੱਸ਼ਟ ਐ। ਘਰਦਿਆਂ ਤੋਂ ਹਰੀ ਝੰਡੀ ਮਿਲ ਗਈ ਹੋਏਗੀ ਤੇ ਕੱਤਣੀ ਨੂੰ ਫੁੱਲ ਲੱਗਣ ਦੀਆਂ ਤਿਆਰੀਆਂ ਹੋਣਗੀਆਂ।' ਇਸ ਕਾਵਿਕ ਜਿਹੇ ਖ਼ਿਆਲ ਨਾਲ ਮੇਰੀਆਂ ਸੋਚਾਂ ਸਰੂਰੀਆਂ ਗਈਆਂ ਹਨ, ਦਿਲ ਨੂੰ ਕਰਾਰ ਆ ਗਿਆ ਹੈ, ਬੁੱਲ੍ਹਾਂ ਉਤੇ ਮੁਸਕਣੀ ਖੇਡਣ ਲੱਗੀ ਹੈ।

'ਲਓ ਜਿੱਤੀ ਗਈ ਏਹ ਜੰਗ ਵੀ, ਜਿੱਤੀ ਹੀ ਜਾਣੀ ਸੀ। ਹਾਰਨ ਵਾਲੇ ਖ਼ਾਨਦਾਨ ਵਿਚ ਤਾਂ ਮੈਂ ਜੰਮਿਆਂ ਹੀ ਨਹੀਂ। ਮੇਰੇ ਪੁਰਖਿਆਂ ਨੂੰ ਐਵੇਂ ਤਾਂ ਨੀ ਜਗੀਰਾਂ ਹਾਸਿਲ ਹੁੰਦੀਆਂ ਰਹੀਆਂ। ਐਵੇਂ ਤਾਂ ਨੀ ਇਲਾਕੇ ਵਿਚ ਨਿਰਾਲੀ ਸ਼ਾਨ ਦਾ ਪਰਚਮ ਲਹਿਰਦਾ ਰਿਹਾ।' 'ਸਰਦਾਰਾਂ ਦਾ ਘਰ' ਉਂਜ ਈ ਤਾਂ ਨਹੀਂ ਕਿਹਾ ਜਾਣ ਲੱਗ ਪਿਆ ਪਿੰਡ ਵਿਚ। ਜੱਟ ਤਾਂ ਭਾਵੇਂ ਉਥੇ ਸਾਰੇ ਹੀ ਸਨ ਪਰ ਸਰਦਾਰ ਜੱਟਾਂ ਦਾ ਤਾਂ ਸਾਡਾ ਇਕੋ ਘਰ ਹੀ ਸੀ।' ਇਉਂ ਸਰਦਾਰਾਂ ਵਾਂਗੂੰ ਸੋਚਣਾ ਮੈਨੂੰ ਗੁੜ੍ਹਤੀ ਵਿਚ ਹੀ ਮਿਲਿਆ ਹੈ। 'ਆਮ ਜੱਟਾਂ ਵਾਂਗ ਸੋਚਣ' ਵਾਲੇ ਦੀ ਸਾਡੇ ਘਰ ਵਿਚ ਹੁੰਦੀ ਟੋਕਾ-ਟੁਕਾਈ ਬਚਪਨ ਤੋਂ ਹੀ ਵੇਖਦਾ ਆਇਆ ਹਾਂ। ਉਹ ਗੱਲ ਮੈਨੂੰ ਹੁਣ ਵੀ ਯਾਦ ਆ ਰਹੀ ਹੈ ਜਿਹੜੀ ਮੇਰੀ ਚੜ੍ਹਦੀ ਉਮਰ ਵੇਲੇ ਵਾਪਰੀ ਸੀ। ਮੇਰੀ ਹੁੰਦੜਹੇਲ ਜਵਾਨੀ ਵੱਲ ਵੇਖ ਕੇ ਸਾਡਾ ਰੋਟੀ-ਟੁੱਕ ਕਰਨ ਵਾਲੀ ਮਹਿਰੀ ਨੇ ਮਾਂ ਨੂੰ ਕਿਸੇ ਕੁੜੀ ਦੀ ਦੱਸ ਪਾਉਣੀ ਚਾਹੀ ਸੀ।

"ਕੁੜੇ ਸਰਦਾਰਾਂ ਦੀ ਕਾਕੀ ਐ?" ਮਾਂ ਨੇ ਦੂਹਰਾ ਕੇ ਅੰਤਰਾ ਲੈਣਾ ਚਾਹਿਆ ਸੀ।

"ਨਈ ਬੀਬੀ ਜੀ, ਜੱਟਾਂ ਦੀ ਈ ਐ, ਊਂਅ ਸੁੱਖ ਨਾ ਜ਼ਮੀਨ-ਜਾਇਦਾਦ ਬਥੇਰੀ ਐ, ਘਰ ਭਰ ਦੇਣਗੇ ਲੈਣ-ਦੇਣ ਨਾ, ਕੁੜੀ ਵੀ ਜਾਣੀਦੀ ਹੱਥ ਲਾਇਆਂ ਮੈਲੀ ਹੋਣ ਵਾਲੀ ਐ।"

"ਹੇ ਖਾਂ, ਅਖੇ ਨਾ ਅਕਲ ਨਾ ਮੌਤ, ਕੁੜੇ ਕਿਤੇ ਮੋਰੀ ਦੀ ਇੱਟ ਚੁਬਾਰੇ ਨੂੰ ਲੱਗੀ ਐ ਭਲਾ? ਅੱਗੇ ਤੋਂ ਨਾ ਐਹੋ ਜਿਹਾ ਕਮਲ ਕੁੱਟੀਂ ਕਦੇ ਮੇਰੇ ਸਾਹਮਣੇ, ਨਹੀਂ ਤਾਂ ਫਿਰ ਮੈਥੋਂ ਬੁਰਾ ਕੋਈ ਨਹੀਂ।" ਮਾਂ ਨੇ ਮਹਿਰੀ ਦੀ ਥਾਏਂ ਖੁੰਬ ਠੱਪ ਦਿੱਤੀ ਸੀ। ਫਿਰ ਮਹਿਰੀ ਨੇ ਤਾਂ ਕੀ ਪਿੰਡ ਦੇ ਕਿਸੇ ਹੋਰ ਨੇ ਵੀ ਅਜਿਹਾ 'ਕਮਲ ਕੁੱਟਣ' ਦੀ ਜ਼ੁਅਰਤ ਨਹੀਂ ਸੀ ਕੀਤੀ। ਇਸ ਨਾਲ ਮੈਨੂੰ ਵੀ ਕੰਨ ਹੋ ਗਏ ਸਨ ਕਿ ਸਰਦਾਰੀ ਕੀ ਹੁੰਦੀ ਹੈ ਅਤੇ ਇਨ੍ਹਾਂ ਮਾਮਲਿਆਂ ਵਿਚ ਮਾਂ ਵਾਂਗ ਕਿਵੇਂ ਸੋਚਣਾ ਹੈ।

ਫਿਰ ਜਦੋਂ ਮੈਂ ਯੂਨੀਵਰਸਿਟੀ ਵਿਚ ਲੈਕਚਰਾਰ ਆ ਲੱਗਾ ਤਾਂ 'ਚੁਬਾਰਾ' ਹੋਰ ਵੀ ਉੱਚਾ ਹੋ ਗਿਆ। ਕਿੰਨੀਆਂ ਹੀ ਲੰਮੀਆਂ-ਲੰਝੀਆਂ, ਗੋਰੀਆਂ-ਚਿੱਟੀਆਂ, ਪਤਲੀਆਂ-ਪਤੰਗਾਂ ਮੈਂ ਅੱਖਾਂ ਹੇਠੋਂ ਦੀ ਕੱਢੀਆਂ ਹੋਣਗੀਆਂ ਪਰ ਅੰਤ ਰੱਦ ਕਰ ਦਿੱਤੀਆਂ। ਕੋਈ ਵੀ ਮੈਨੂੰ ਆਪਣੀ ਅੰਦਰਲੀ ਸਰਦਾਰੀ ਦੇ ਮੇਚ ਦੀ ਨਾ ਜਾਪਦੀ। ਚਾਲੀਵਾਂ ਲੰਘਦਿਆਂ ਕਿਤੇ ਅੰਦਰੋਂ ਇਹ ਅਵਾਜ਼ ਵੀ ਸੁਣਨ ਲੱਗੀ ਸੀ ਕਿ ਸ਼ਾਇਦ ਸੰਸਾਰ ਵਿਚ ਏਹੋ ਜਿਹੀ ਕੋਈ ਹੋਣੀ ਹੀ ਨਹੀਂ। ਪਰ ਨਹੀਂ, ਇਹ ਸੱਚ ਨਹੀਂ ਸੀ, ਪਹਿਲੀ ਵਾਰ ਮਨਮੀਤ ਨੂੰ ਵੇਖ ਕੇ ਅਜਿਹਾ ਹੀ ਜਾਪਿਆ ਸੀ। ਕਾਮਨਾ ਦੇ ਸੁੱਕੇ ਬਾਗ ਜਿਵੇਂ ਪਲਾਂ ਵਿਚ ਹਰੇ ਹੋ ਗਏ ਸਨ।

ਮੇਰੀ ਪੀ-ਐਚ.ਡੀ. ਦੀ ਪੁਰਾਣੀ ਸਟੂਡੈਂਟ ਗੁਰਜੋਤ ਨਾਲ ਉਹ ਮੈਨੂੰ ਉਚੇਚ ਨਾਲ ਮਿਲਣ ਆਈ ਸੀ। ਗੁਰਜੋਤ ਨੇ ਦੱਸਿਆ ਸੀ ਕਿ ਮਨਮੀਤ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸਾਈਕਾਲੋਜੀ ਵਿਚ ਪੋਸਟ-ਗ੍ਰੈਜੂਏਸ਼ਨ ਕੀਤੀ ਸੀ। ਪੀ-ਐਚ.ਡੀ. ਕਰਨਾ ਚਾਹੁੰਦੀ ਸੀ ਪਰ ਉਥੇ ਕੋਈ ਗਾਈਡ ਨਹੀਂ ਸੀ ਮਿਲ ਸਕਿਆ। ਇਸ ਲਈ ਹੁਣ ਸਾਡੀ ਯੂਨੀਵਰਸਿਟੀ ਆਈ ਸੀ।

ਪਰ ਮੈਨੂੰ ਤਾਂ ਜਿਵੇਂ ਉਹ ਕੁਝ ਵੀ ਨਹੀਂ ਸੀ ਸੁਣ ਰਿਹਾ ਜੋ ਗੁਰਜੋਤ ਦੱਸ ਰਹੀ ਸੀ। ਮੇਰੀ ਸੁਰਤ ਤਾਂ ਮਨਮੀਤ ਦੇ ਸੁਹਜ ਅਤੇ ਸਲੀਕੇ ਉਤੇ ਟਿਕੀ ਹੋਈ ਸੀ। ਉਸ ਨੇ ਪੂਰੀਆਂ ਬਾਹਾਂ ਵਾਲਾ ਘੇਰੇਦਾਰ ਸਫ਼ੈਦ ਰੰਗ ਦਾ ਅਨਾਰਕਲੀ ਸਟਾਈਲ ਕੁੜਤਾ ਪਾਇਆ ਹੋਇਆ ਸੀ। ਰੇਬਦਾਰ ਪਜ਼ਾਮੀ ਅਤੇ ਕਢਾਈਦਾਰ ਜੁੱਤੀ ਖ਼ੂਬ ਜਚ ਰਹੀ ਸੀ। ਵੱਡੇ ਪਨ੍ਹੇ ਦੇ ਦੁਪੱਟੇ ਨਾਲ ਉਸ ਨੇ ਅੱਧਾ ਕੁ ਸਿਰ ਢਕ ਕੇ ਘੁੰਢ ਕੱਢਣ ਵਾਂਗ ਦੁਪੱਟਾ ਤਿਰਛਾ ਜਿਹਾ ਕੀਤਾ ਹੋਇਆ ਸੀ। ਛੱਲਾ, ਮਹੀਨ ਚੇਨੀ ਅਤੇ ਮੋਤੀਆਂ ਵਾਲੇ ਲੌਂਗ ਸ਼ੇਪ ਟਾਪੱਸਾਂ ਨਾਲ ਉਸ ਦਾ ਹੁਸਨ ਹੋਰ ਨਿੱਖਰ ਆਇਆ ਸੀ। ਲਿਪਸਟਿੱਕ ਏਨੀ ਮੱਧਮ ਗੁਲਾਬੀ ਕਿ ਹੋਠਾਂ ਦੇ ਕੁਦਰਤੀ ਰੰਗ ਨਾਲ ਇਕਮਿਕ ਹੋ ਗਈ ਜਾਪਦੀ ਸੀ। ਵੇਖਣ ਵਾਲੇ ਦਾ ਮਨ ਉਸ ਦੇ ਕਿਸੇ ਅੰਗ ਦੀ ਛੋਟੀ ਜਿਹੀ ਝਲਕ ਲਈ ਤੜਪ ਉਠਦਾ ਪਰ ਉਸ ਨੇ ਆਪਣੇ ਜੋਬਨ ਨੂੰ ਇਉਂ ਸਾਂਭ ਰੱਖਿਆ ਸੀ ਕਿ ਹਵਾ ਵੀ ਸਿਰਫ ਹੱਥਾਂ ਅਤੇ ਚਿਹਰੇ ਨੂੰ ਰਤਾ-ਮਾਸਾ ਛੂਹ ਸਕਦੀ।

ਜੇ ਕਿਤੇ ਮਾਂ ਉਸ ਦੀ ਅਜਿਹੀ ਫੱਬਤ ਨੂੰ ਤੱਕ ਲੈਂਦੀ ਤਾਂ ਉਸ ਦੇ ਮੂੰਹੋਂ ਸੁਤੇ-ਸਿੱਧ ਹੀ ਨਿਕਲਣਾ ਸੀ, "ਕਾਕਾ ਜੀ ਏਹ ਹੁੰਦੈ ਸਰਦਾਰੀ ਰੂਪ।"

ਮਨਮੀਤ ਵੱਲ ਵੇਖਦਿਆਂ ਮੈਂ ਮੰਤਰ-ਮੁਗਧ ਸਾਂ ਪਰ ਗੁਰਜੋਤ ਲਗਾਤਾਰ ਤਨਜ਼ੀ ਜਿਹਾ ਮੁਸਕਰਾ ਰਹੀ ਸੀ। ਇਸ ਲਈ ਮੈਨੂੰ ਵੀ ਝਟਕੇ ਨਾਲ ਵਿਹਾਰੀ ਦੁਨੀਆਂ ਵਿਚ ਆਉਣਾ ਪਿਆ। ਫਿਰ ਮੈਂ ਆਪਣੀਆਂ ਸ਼ਰਤਾਂ ਦਸਦਾ ਗਿਆ ਅਤੇ ਮਨਮੀਤ ਸਿਰ ਦੇ ਹਲਕੇ ਜਿਹੇ ਅਦਾਇਗੀ ਭਰੇ ਇਸ਼ਾਰੇ ਨਾਲ ਸਭ ਕਬੂਲ ਕਰਦੀ ਰਹੀ। ਸ਼ਾਇਦ ਕਿਸੇ ਵੀ ਕੀਮਤ ਉਤੇ ਉਹ ਮੇਰੀ ਨਾਂਹ ਨਹੀਂ ਸੁਣਨਾ ਚਾਹੁੰਦੀ ਸੀ। ਉਸ ਦੀ ਕੰਮਜ਼ੋਰੀ ਮੈਂ ਭਾਂਪ ਲਈ ਸੀ।

"ਸਰ ਜਿਸ ਟਾਪਿਕ ਬਾਰੇ ਮੈਂ ਕੰਮ ਕਰਨ ਦਾ ਮਨ ਬਣਾਇਐ, ਸ਼ਾਇਦ ਕੋਈ ਵੀ ਮੈਰਿਡ ਟੀਚਰ ਉਸ ਸਬੰਧੀ ਬਾਇਸ ਹੋਏ ਬਿਨਾ ਸੋਚ ਨਹੀਂ ਸਕੇਗਾ। ਸਿਰਫ਼ ਤੁਸੀਂ ਹੀ ਅਜਿਹੇ ਕੰਪਲੈਕਸ ਤੋਂ ਮੁਕਤ ਹੋ ਕੇ ਮੈਨੂੰ ਠੀਕ ਸੁਜੈਸ਼ਨਜ਼ ਦੇ ਸਕੋਗੇ, ਮੇਰਾ ਇਹ ਵਿਸ਼ਵਾਸ ਹੈ।" ਉਸ ਨੇ ਭਾਵੇਂ ਇਹ ਸਭ ਮੇਰੀ ਵਡਿਆਈ ਖਾਤਰ ਹੀ ਕਿਹਾ ਹੋਵੇ ਪਰ ਕਹਿਣ ਦਾ ਅੰਦਾਜ਼ ਮੈਨੂੰ ਲਾ-ਜਵਾਬ ਲੱਗਿਆ ਸੀ। ਆਪਣੀਆਂ ਪਤਲੀਆਂ ਗੋਰੀਆਂ ਉਂਗਲਾਂ ਦੀ ਅਦਾਇਗੀ ਨਾਲ ਉਹ ਇਉਂ ਦੱਸ ਰਹੀ ਸੀ ਕਿ ਮੈਨੂੰ ਪਲ ਦੀ ਪਲ ਫ਼ਿਲਮ 'ਉਮਰਾਓ ਜਾਨ' ਵਿਚਲਾ ਰੇਖਾ ਦਾ ਜਲਵਾ, 'ਦਿਲ ਚੀਜ਼ ਕਿਆ ਹੈ, ਆਪ ਮੇਰੀ ਜਾਨ ਲੀ-ਜੀਏ' ਸੰਜੀਵ ਹੋ ਗਿਆ ਜਾਪਿਆ।

"ਕੀ ਟਾਪਿਕ ਸੋਚਿਐ?" ਮੈਂ ਆਪਣੀ ਉਤਸੁਕਤਾ ਛੁਪਾ

ਕਮਾਈ ਜੋ ਕਰੀਦੀ ਹੈ ਉਹ ਸਭ ਸਰਕਾਰ ਦੇ ਲੇਖੇ।
ਬਚੇ ਜੋ ਵੀ ਉਹ ਹੋ ਜਾਂਦਾ ਹੈ ਇਸ ਬਾਜ਼ਾਰ ਦੇ ਲੇਖੇ। -(ਅਗਲੇ ਸਫ਼ੇ 'ਤੇ)

ਨਾ ਸਕਿਆ।

"ਸਰ ਟਾਪਿਕ ਹੈ, ਤੋਤਾ ਮੈਨਾ ਦੀਆਂ ਲੋਕ-ਕਥਾਵਾਂ ਦਾ ਰਾਜਨੀਤਿਕ ਅਵਚੇਤਨ: ਸਮਕਾਲੀ ਸਮਾਜਿਕ ਸੰਦਰਭ ਵਿਚ।"

"ਰੀਅਲੀ ਇਨੋਵੇਟਿਵ!!, ਕੀ ਹਾਈਪੋਥੀਸਿਸ ਹੈ ਮੁਢਲੇ ਤੌਰ ਤੇ?" ਮੇਰੀ ਜਗਿਆਸਾ ਜਾਗ ਉੱਠੀ ਸੀ।

"ਸਰ ਇੰਨ ਮਾਈ ਓਪੀਨੀਅਨ, ਬੇਵਫ਼ਾਈ ਜਾਂ ਧੋਖੇ ਦਾ ਮਸਲਾ ਜੈਂਡਰ ਬੇਸਿਡ ਨਹੀਂ ਜਾਪਦਾ। ਔਰਤ-ਮਰਦ ਦੋਵੇਂ ਪ੍ਰਸਥਿਤੀਆਂ ਵੱਸ ਚਲਿੱਤਰ ਕਰਦੇ ਆਏ ਐ। ਧੋਖਾ ਕਰਨ ਵਾਲੀ ਧਿਰ ਓਨੀ ਕੁ ਹੀ ਸਫ਼ਲ ਹੁੰਦੀ ਐ ਜਿੰਨੀ ਕੁ ਉਹ ਦੂਜੀ ਧਿਰ ਦੀਆਂ ਕਮਜ਼ੋਰੀਆਂ ਅਤੇ ਸੁਪਨਿਆਂ ਨੂੰ ਸਮਝ ਕੇ ਦਾਅ ਖੇਡਣ ਦੇ ਯੋਗ ਹੁੰਦੀ ਐ। ਸਰ, ਏਹ ਧਾਰਨਾ ਮੈਨੂੰ ਸਮਕਾਲੀ ਸਮਾਜਿਕ ਪ੍ਰਸੰਗ ਵਿਚ ਵੀ ਰੈਲੇਵਿੰਟ ਪ੍ਰਤੀਤ ਹੁੰਦੀ ਐ।" ਨਪੇ-ਤੁਲੇ ਸ਼ਬਦਾਂ ਵਿਚ ਆਪਣੇ ਵਿਸ਼ੇ ਬਾਰੇ ਗੱਲ ਕਰਦੀ ਉਹ ਮੈਨੂੰ ਬਹੁਤ ਪੁਖ਼ਤਾ ਸੋਚ ਵਾਲੀ ਲੱਗੀ ਸੀ। ਇਹੋ ਜਿਹੀ ਪੁਖ਼ਤਗੀ ਲੰਮੇ ਅਭਿਆਸ ਨਾਲ ਆਉਂਦੀ ਹੁੰਦੀ ਹੈ ਪਰ ਉਹ ਤਾਂ ਆਰੰਭ ਵਿਚ ਹੀ...। ਜਾਪਿਆ ਸੂਰਤ ਅਤੇ ਸੀਰਤ ਦਾ ਅਦਭੁੱਤ ਸੁਮੇਲ ਸੀ ਮਨਮੀਤ। ਅੰਦਰੋ-ਅੰਦਰੀ ਮੈਂ ਹੁਣ ਉਸ ਬਾਰੇ 'ਪੋਜੈਸਿਵ' ਹੋ ਕੇ ਸੋਚ ਰਿਹਾ ਸੀ। ਡੌਕਟਰੇਟ ਤੋਂ ਬਾਅਦ ਮੈਂ ਉਸ ਨੂੰ ਵਿਭਾਗ ਵਿਚ ਹੀ ਸੈੱਟ ਕਰਵਾ ਲਵਾਂਗਾ। ਮਨੋਵਿਗਿਆਨ ਦੇ ਵੱਟਿਆਂ ਨਾਲ ਵੀ ਮੈਂ ਨਾਪ-ਤੋਲ ਕੇ ਵੇਖਿਆ ਤਾਂ ਇਹੀ ਸਿੱਟਾ ਨਿਕਲਿਆ ਕਿ ਮਨਮੀਤ ਭਾਵੇਂ ਓਵਰ ਅੰਬੀਸ਼ੀਅਸ ਵੀ ਹੋਵੇ ਪਰ 'ਸਬਮਿਸਵ' ਅਤੇ ਰਉਂ-ਰੁਖ ਚੱਲਣ ਵਾਲੀ ਹੋਵੇਗੀ। ਬਹੁਤ ਛੇਤੀ ਮੇਰੀ ਸ਼ਖ਼ਸੀਅਤ ਦੇ ਢਾਂਚੇ ਵਿਚ ਢਲ ਕੇ ਮੇਰਾ ਹੀ ਰੂਪ ਹੋ ਜਾਵੇਗੀ। ਏਸੇ ਦੀ ਤਾਂ ਮੈਨੂੰ ਭਾਲ ਸੀ। ਆਹ ਤਾਂ ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ ਵਾਲੀ ਗੱਲ ਹੋ ਨਿੱਬੜੀ ਸੀ।

ਕੁਝ ਦਿਨਾਂ ਵਿਚ ਹੀ ਮਨਮੀਤ ਕੰਮ ਨੂੰ ਇਉਂ ਜੁਟ ਪਈ ਕਿ ਥੀਸਿਜ਼ ਉਸ ਲਈ ਮੱਛੀ ਦੀ ਅੱਖ ਅਤੇ ਉਹ ਖ਼ੁਦ ਅਰਜਨ ਦਾ ਤੀਰ ਜਾਪਣ ਲੱਗੀ। ਛੁੱਟੀ ਵਾਲੇ ਦਿਨ ਵੀ ਕੰਮ ਨੂੰ ਜੁਟੀ ਰਹਿੰਦੀ। ਸ਼ਾਮ ਨੂੰ ਮੇਰੇ ਕੈਂਪਸ ਵਾਲੇ ਘਰ ਆ ਕੇ ਵੀ ਡਿਸਕਸ ਕਰਦੀ ਰਹਿੰਦੀ। ਮੇਰੀ ਮਨੋਵਿਗਿਆਨਕ ਸੂਝ ਦਸਦੀ ਸੀ ਕਿ ਪਹਿਲਾਂ ਮੇਰੇ ਵਿਚ ਅਤੇ ਫਿਰ ਮੇਰੇ ਘਰ ਵਿਚ ਉਸ ਦੀ ਰੁਚੀ ਵਧਣ ਲੱਗ ਪਈ ਸੀ। ਥੀਸਿਸ ਬਾਰੇ ਗੱਲ ਕਰਦਿਆਂ ਕਰਦਿਆਂ ਅਚਾਨਕ ਉਹ ਆਨੀਂ-ਬਹਾਨੀਂ ਮੇਰੇ ਨਿੱਜੀ ਅਤੇ ਪਰਿਵਾਰਕ ਪਿਛੋਕੜ ਦੀ ਜਾਣਕਾਰੀ ਲੈਣ ਲੱਗ ਜਾਂਦੀ।

"ਸਰ, ਪੇਰੈਂਟਸ ਨੇ ਕਦੇ ਸੋਡੀ ਮੈਰਿਜ਼ ਲਈ ਜ਼ੋਰ ਨੀ ਪਾਇਆ?" ਸਿੱਧਾ ਅੱਖਾਂ 'ਚ ਝਾਕਦਿਆਂ ਉਹ ਅਪਣੱਤ ਨਾਲ ਪੁਛਦੀ।

"ਬਹੁਤ ਪ੍ਰੈਸ਼ਰ ਪਾਉਂਦੇ ਐ, ਪਰ ਕੋਈ ਕੁੜੀ ਅਪੀਲ ਕਰਦੀ ਤਾਂ ਈ ਗੱਲ ਤੁਰਦੀ ਨਾ ਅੱਗੇ।" ਮੈਂ ਦਸਦਾ।

"ਵੈਰੀ ਮੱਚ ਰਾਈਟ ਸਰ, ਕੋਈ ਲੱਖਾਂ 'ਚੋਂ ਇਕ ਹੀ ਸੋਡੇ ਨਾਲ ਵਰ ਮੇਚ ਸਕਦੀ ਐ। ਤੁਸੀਂ ਤਾਂ ਜਿਸ 'ਤੇ ਉਂਗਲ ਰੱਖ ਦੇਵੋਂ ਉਸ ਦੀ ਹਾਂ ਹੋਏਗੀ, ਮੇਰਾ ਯਕੀਨ ਐ, ਸਰ।" ਉਹ ਮੁਸਕੁਰਾਉਂਦਿਆਂ ਮੇਰੀ ਵਡਿਆਈ ਦੇ ਪੁਲ ਉਸਾਰਨ ਲਗਦੀ।

ਮੈਂ ਅੰਦਰੋਂ ਖ਼ੁਸ਼ ਸਾਂ। ਮੇਰਾ ਰਿਮੋਟ ਪੂਰੀ ਤਰ੍ਹਾਂ ਕੰਮ ਕਰ ਰਿਹਾ ਸੀ ਅਤੇ ਮਨਮੀਤ ਉਸੇ ਦਿਸ਼ਾ ਵੱਲ ਤੁਰ ਪਈ ਸੀ ਜਿਧਰ ਮੈਂ ਤੋਰਨਾ ਚਾਹੁੰਦਾ ਸਾਂ। ਉਸ ਸਮੇਂ ਤਾਂ ਮੇਰੀ ਹੈਰਾਨੀ ਦੀ ਹੱਦ ਹੀ ਨਾ ਰਹਿੰਦੀ ਜਦੋਂ ਮਨਮੀਤ ਮੇਰੀਆਂ ਉਹ ਇੱਛਾਵਾਂ ਵੀ ਸਮਝ ਲੈਂਦੀ ਜਿਹੜੀਆਂ ਮੈਂ ਅਜੇ ਕਿਸੇ ਵੀ ਜੈਸਚਰ ਨਾਲ ਬਾਹਰ ਨਾ ਵਿਖਾਲੀਆਂ ਹੁੰਦੀਆਂ।

"ਸਰ, ਚਾਹ ਪੀਣ ਦਾ ਮਨ ਐ?" ਕਈ ਵਾਰ ਕੰਮ ਕਰਦਿਆਂ ਕਰਦਿਆਂ ਉਹ ਅਚਾਨਕ ਪੁੱਛਦੀ ਅਤੇ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਕਿਚਨ ਵੱਲ ਜਾਣ ਲਈ ਉੱਠ ਪੈਂਦੀ।

"ਕੈਸਾ ਟਾਪਿਕ ਚੁਣ ਬੈਠੀ ਮੈਂ, ਕੰਪਲੈਕਸ ਪ੍ਰਾਬਲੈਮ ਹੈ ਸਰ, ਹਿਊਮਨ ਬਿਹੇਵੀਅਰ ਬਾਰੇ ਪਰਡਿਕਟ ਕਰਨਾ, ਏਥੇ ਆ ਕੇ ਤਾਂ ਵਿਚਾਰੀ ਸਾਈਕਾਲੋਜੀ ਦੀ ਵੀ ਬਰੇਕ ਲੱਗ ਜਾਂਦੀ ਐ; ਆਈ ਥਿੰਕ ਪਹਿਲਾਂ ਚਾਹ ਪੀਨੇ ਆਂ, ਫਿਰ ਤਾਜ਼ਾ ਦਮ ਹੋ ਕੇ ਇਸ ਮਸਲੇ ਨਾਲ ਦੋ-ਚਾਰ ਹੋਵਾਂਗੇ।" ਕਹਿੰਦਿਆਂ ਉਹ ਕਿਚਨ ਵਿਚ ਚਲੀ ਜਾਂਦੀ।

ਮੈਂ ਅਧਲੇਟੀ ਹਾਲਤ ਵਿਚ ਸੋਫ਼ੇ ਉਤੇ ਬੈਠਾ ਉਸ ਦੀ ਨਿੱਕੀ ਤੋਂ ਨਿੱਕੀ ਹਰਕਤ ਨੂੰ ਨਿਹਾਰਦਾ ਰਹਿੰਦਾ। ਉਹ ਟੀ-ਪੈਨ ਚਕਦੀ, ਪਾਣੀ ਪਾਉਂਦੀ, ਗੈਸ ਉਤੇ ਧਰਦੀ ਤਾਂ ਕਿਸੇ ਵੀ ਚੀਜ਼ ਦਾ ਭੋਰਾ-ਭਰ ਖੜਕਾ ਨਾ ਹੋਣ ਦਿੰਦੀ। ਇਉਂ ਲਗਦਾ ਜਿਵੇਂ ਕਿਸੇ ਗੈਬੀ ਸ਼ਕਤੀ ਨੇ ਚਾਹ ਬਣਾ ਕੇ ਕੱਪਾਂ ਵਿਚ ਪਾ ਦਿੱਤੀ ਹੋਵੇ। ਘਰ ਵਿਚ ਇਸ ਕਿਸਮ ਦੀ ਬੇ-ਆਵਾਜ਼ ਨਾਰੀ-ਹੋਂਦ ਦੀ ਤਾਂ ਮੈਂ ਵੀ ਕਲਪਨਾ ਨਹੀਂ ਕਰ ਸਕਿਆ ਸਾਂ ਕਿ ਉਹ ਹਵਾ ਵਾਂਗ ਮਹਿਸੂਸ ਹੋਵੇ, ਸੁਖ ਦੇਵੇ ਪਰ ਨਜ਼ਰ ਨਾ ਆਵੇ। ਟਰੇਅ ਵਿਚ ਕੇਤਲੀ, ਕੱਪ, ਮਿਲਕ ਪੱਾਟ, ਸ਼ੂਗਰ ਕਿਊਬਜ਼ ਦਾ ਪੈਕ, ਬਿਸਕੁਟ ਅਤੇ ਨੈਪਕਿਨ ਰੱਖੀ ਉਹ ਕਿਸੇ ਸਟੇਜੀ ਅਦਾਕਾਰ ਵਾਂਗ ਇਉਂ ਅਡੋਲ ਜਿਹੀ ਤੁਰੀ ਆਉਂਦੀ ਦਿਸਦੀ ਕਿ ਵੇਖ ਕੇ ਮਨ ਸਕੂਨ ਨਾਲ ਭਰ ਜਾਂਦਾ। 'ਮਨਮੀਤ ਵਿਚ ਏਹ ਕੋਈ ਅਨੋਖੀ ਹੀ ਸੈਂਸ ਸੀ ਕਿ ਛਲੇਡੇ ਵਾਂਗ ਸਾਹਮਣੇ ਵਾਲੇ ਦੀ ਇੱਛਾ ਅਨੁਕੂਲ ਰੂਪ ਧਾਰ ਲੈਂਦੀ ਐ।' ਇਹ ਵਿਚਾਰ ਅਕਸਰ ਮਨ ਵਿਚ ਆਉਂਦਾ। 'ਇਹ ਸਭ ਕਿੱਥੋਂ ਸਿਖਿਐ ਮਨਮੀਤ?' ਹਰ ਵਾਰ ਇਹ ਜਾਨਣਾ ਚਾਹੁੰਦਾ ਪਰ ਪੁਛਦਾ ਨਾ। ਮੇਰਾ ਅੰਦਰਲਾ ਲੋਚਦਾ 'ਕਾਸ਼ ਏਹ ਥੀਸਿਸ ਵਰਕ ਇਉਂ ਹੀ ਚਲਦਾ ਰਹੇ, ਉਮਰ ਭਰ ਕਦੇ ਨਾ ਮੁੱਕੇ। ਕਿਸੇ ਮਨੋਵਿਗਿਆਨੀ ਨੇ ਠੀਕ ਹੀ ਕਿਹਾ ਹੈ ਕਿ ਮਨ ਚਾਹੀ ਸਥਿਤੀ ਵਿਚ ਕੰਮ ਵੀ ਖੇਡ ਬਣ ਜਾਂਦਾ ਹੈ।' ਸੱਚ ਹੀ ਤਾਂ ਸੀ। ਥਕਾਵਟ ਸ਼ਬਦ ਤਾਂ ਸਾਡੀ ਸੋਚ ਦੀ ਡਿਕਸ਼ਨਰੀ ਵਿਚੋਂ ਜਿਵੇਂ ਗਾਇਬ ਹੀ ਹੋ ਗਿਆ ਸੀ।

"ਮਨਮੀਤ ਤੈਨੂੰ ਥੀਸਿਸ ਸਬਮਿਟ ਕਰਨ ਦੀ ਏਨੀ ਕਾਹਲੀ ਕਿਉਂ ਐਂ? ਕੋਈ ਪ੍ਰੈਸ਼ਰ ਐ?" ਮਨਮੀਤ ਦੇ ਚਲੇ ਜਾਣ ਦੇ ਖ਼ਿਆਲ ਨਾਲ ਭੈਅ ਆਉਣ ਲਗਦਾ ਤਾਂ ਮੇਰੇ ਤੋਂ ਪੁੱਛਿਆ ਜਾਂਦਾ।

"ਯੈਸ ਸਰ, ਓਹੀ ਪ੍ਰਾਬਲੈਮ ਵਿਆਹ ਵਾਲੀ ਜਿਹੜੀ ਭਾਰਤ ਦੀਆਂ ਨੱਬੇ ਪਰਸੈਂਟ ਕੁੜੀਆਂ ਦੇ ਸਿਰ ਤੇ ਤਲਵਾਰ ਵਾਂਗੂੰ ਲਟਕਦੀ ਰਹਿੰਦੀ ਐ। ਮੇਰੀ ਉਮਰ ਵਧਦੀ ਐ, ਤੇ ਪੇਰੈਂਟਸ ਦੀ ਹਾਈਪਰਟੈਨਸ਼ਨ। ਬੱਸ ਗਿਣਤੀ-ਮਿਣਤੀ ਦਾ ਮੰਗਵਾਂ ਟੈਮ ਹੀ ਮਿਲਿਐ ਮਸਾਂ।" ਉਸ ਨੇ ਬਾਦਲੀਲ ਢੰਗ ਨਾਲ ਦਸਦਿਆਂ ਕੱਪ ਬੁੱਲ੍ਹਾਂ ਨੂੰ ਛੁਹਾਇਆ ਅਤੇ ਬਿਨਾਂ ਸੁੜਾਕਾ ਮਾਰਿਆਂ ਸਹਿਜ ਅਤੇ ਸਲੀਕੇ ਨਾਲ ਚੁਸਕੀ ਲਈ।

"ਯੂ ਆਰ ਵੈਰੀ ਮੱਚ ਰਾਈਟ, ਮੇਰੀ ਇਕ ਸਟੂਡੈਂਟ ਨੂੰ ਤਾਂ ਵਿਆਹ ਕਰਕੇ ਪੀ-ਐੱਚ.ਡੀ. ਅਧਵਾਟੇ ਹੀ ਛੱਡਣੀ ਪੈ ਗਈ

ਹੈ ਇਕ ਧਿਰ ਹੋਰ ਵੀ ਜਿਹੜੀ ਅਸਾਂ ਦਾ ਖ਼ੂਨ ਪੀਂਦੀ ਹੈ,
ਬੜਾ ਕੁਝ ਆਸਥਾ ਲਾਉਂਦੀ ਕਿਸੇ ਦਰਬਾਰ ਦੇ ਲੇਖੇ। -ਦਵਿੰਦਰ ਗੌਤਮ

ਸੀ।" ਮੈਂ ਆਪਣਾ ਖਦਸ਼ਾ ਦੱਸਿਆ।

"ਨੋਹ ਸਰ, ਏਸ ਪੱਖੋਂ ਮੈਂ ਡੈਫੀਨੇਟਲੀ ਕਲੀਅਰ ਤੇ ਅਸੱਰਟਿਵ ਆਂ, ਮੈਂ ਪੇਰੈਂਟਸ ਨੂੰ ਪੂਰੀ ਰਸਪੈਕਟ ਦਿੰਦੀ ਆਂ ਪਰ ਮੇਰੀ ਮਰਜ਼ੀ ਤੋਂ ਬਿਨਾਂ ਕੁਝ ਨਈਂ ਹੋ ਸਕਦਾ ਘਰ ਵਿਚ। ਯੂ ਨੋ ਸਰ ਅਰੇਂਜਡ ਮੈਰਿਜ਼ ਨੇ ਗੁਰਜੋਤ ਦੀਦੀ ਦੀ ਗਰੋਥ ਨੂੰ ਕਿਵੇਂ ਸਟੱਕ ਕੀਤਾ ਐ। ਵਿਚਾਰੀ ਪੰਜਾਂ ਸਾਲਾਂ ਤੋਂ ਪੀ-ਐਚ.ਡੀ. ਵਿਚ ਅਟਕੀ ਹੋਈ ਐ। ਸਰ ਮੇਰੀਆਂ ਫਲਾਈਟਸ ਜ਼ਰਾ ਉੱਚੀਆਂ ਤੇ ਹੋਰ ਨੇ।" ਮਨਮੀਤ ਦੀਆਂ ਅੱਖਾਂ ਵਿਚ ਸਵੈ-ਵਿਸ਼ਵਾਸ ਦੀ ਲਿਸ਼ਕਵੀਂ ਲਕੀਰ ਵੇਖ ਕੇ ਮੈਨੂੰ ਭੈਅ ਜਿਹਾ ਮਹਿਸੂਸ ਹੋਇਆ। ਇਸ ਲਈ ਮੈਂ ਦੁਹਰਾ ਕੇ ਪੁੱਛਿਆ, "ਹੋਰ ਮੀਨਜ਼?" "ਐਨੀ ਥਿੰਗ ਅਲਟਰਾ-ਮਾਡਰਨ?"

"ਸਰ ਨਾਟ ਸੋ ਕਾਲਡ ਅਲਟਰਾ-ਮਾਡਰਨ, ਬੱਟ ਅਕਡੈਮਿਕ। ਟੂ ਬੀ ਵੈਰੀ ਫਰੈਂਕ ਮੇਰੀ ਅੰਬੀਸ਼ਨ ਇਸ ਫੀਲਡ ਵਿਚ ਬਹੁਤ ਉਤਾਂਹ ਤੱਕ ਜਾਣ ਦੀ ਐ। ਏਸੇ ਲਈ ਮੈਰਿਜ਼ ਵੀ ਇਹੀ ਸੋਚ ਕੇ ਕਰਨੀ ਐਂ ਕਿ ਪੋਸਟ-ਡੌਕਟਰੇਟ ਵਾਲੀ ਰਿਸਰਚ ਲਈ ਯੂਨੀਵਰਸਿਟੀ ਕੈਂਪਸ ਵਰਗਾ ਮਾਹੌਲ ਮਿਲੇ। ਕੰਪੇਨੀਅਨ ਮਚਿਉਰ ਹੋਵੇ ਮੇਰੇ ਸੁਪਨਿਆਂ ਦੀ ਪੂਰਤੀ ਲਈ ਮੱਦਦਗਾਰ ਬਣਨ ਵਾਲਾ, ਸੌਹਰੇ ਪਰਿਵਾਰ ਦੀ ਲਾਇਬਿਲਿਟੀਜ਼ ਘੱਟ ਤੋਂ ਘੱਟ ਹੋਣ, ਆਪਣੇ ਸਬਜੈਕਟ ਉਤੇ ਮੈਂ ਕੰਨਸਟ੍ਰੇਟ ਕਰ ਸਕਾਂ... ਸੋਡੇ ਵਾਂਗ ਹੀ... ਯੂ ਨੋ ਵੈਰੀ ਵੈੱਲ ਸਰ... ਨੋ ਨੀਡ ਟੂ ਐਕਸਪਲੇਨ।" ਕਹਿੰਦਿਆਂ ਉਹ ਸਹਿਵਨ ਹੀ ਡਰਾਇੰਗ ਰੂਮ ਦੀ ਉਸ ਕੰਧ ਵੱਲ ਵੇਖਣ ਲੱਗੀ ਜਿਸ ਉਤੇ ਮੇਰੀ ਫੋਟੋ ਲੱਗੀ ਹੋਈ ਸੀ। ਇਤਫ਼ਾਕ ਦੀ ਗੱਲ ਹੀ ਸੀ ਕਿ ਉਹ ਪਿਕਚਰ ਮੈਂ ਕਦੇ ਮੈਟਰੀਮੋਨੀਅਲ ਪਰਪਜ਼ ਨਾਲ ਖਿਚਵਾਈ ਸੀ।

ਕੋਈ ਕੰਵਾਰੀ ਕੁੜੀ ਭਲਾ ਇਸ ਤੋਂ ਵੱਧ ਹੋਰ ਕੀ ਕਹਿ ਸਕਦੀ ਸੀ? ਮਨਮੀਤ ਦੇ ਉੱਤਰ ਵਿਚ ਸਭ ਕੁਝ ਤਾਂ ਚਿੱਟੇ ਦਿਨ ਵਾਂਗ ਸਪੱਸ਼ਟ ਸੀ। ਆਪਣੀ ਮਨੋਵਿਸ਼ਲੇਸ਼ਣੀ ਸੂਝ ਦੇ ਘੋੜੇ ਹੋਰ ਭਜਾਉਣ ਦੀ ਮੈਨੂੰ ਭਲਾ ਹੁਣ ਕੀ ਲੋੜ ਸੀ? ਹੁਣ ਤਾਂ ਜੰਗ ਜਿੱਤ ਚੁੱਕੀਆਂ ਫ਼ੌਜਾਂ ਦੇ ਅਰਾਮ ਕਰਨ ਦਾ ਸਮਾਂ ਸੀ। ਮੈਂ ਸੋਫ਼ੇ ਉੱਤੇ ਪਸਰ ਕੇ ਬੈਠਦਿਆਂ ਢੋਹ ਉੱਤੇ ਰੱਖਿਆ ਸਿਰ ਢਿੱਲਾ ਛੱਡ ਦਿੱਤਾ।

"ਸਰ ਜੇ ਰਿਲੈਕਸ ਹੋ ਗਏ ਤਾਂ ਫਿਰ ਚਾਹ ਪੀਤੀ ਦਾ ਲਾਭ ਉਠਾਇਆ ਜਾਵੇ ਹੁਣ?" ਮੁਸਕਰਾਉਂਦਿਆਂ ਮਨਮੀਤ ਨੇ ਆਪਣੇ ਚੈਪਟਰ ਦਾ ਖਰੜਾ ਮੇਰੇ ਵੱਲ ਸਰਕਾ ਦਿੱਤਾ।

"ਓ... ਸ਼ਿਓਰ।" ਮੈਂ ਸਿੱਧਾ ਹੋ ਕੇ ਬੈਠਦਿਆਂ ਕਿਹਾ, "ਮਨਮੀਤ ਏਸ ਗੱਲੋਂ ਤਾਂ ਤੇਰਾ ਥੈਂਕਸ ਕਰਨਾ ਬਣਦੈ। ਸੱਚੀ ਗੱਲ ਐ ਕਿ ਮੈਂ ਆਪਣੀ ਖੋਜ ਦੇ ਕੰਮ ਵਿਚ ਢਿੱਲਾ ਪੈਣ ਲੱਗ ਪਿਆ ਸੀ। ਤੇਰੇ ਆਉਣ ਨਾਲ ਫੇਰ ਫੁਰਤੀ ਮਹਿਸੂਸ ਹੋਣ ਲੱਗੀ ਐ। ਇਉਂ ਰਲ-ਮਿਲ ਕੇ ਆਪਾਂ ਬਹੁਤ ਕੁਝ ਨਵਾਂ ਅਚੀਵ ਕਰ ਸਕਦੇ ਹਾਂ।" ਮੇਰੀ ਪ੍ਰਸੰਸਾ ਦਾ ਤੀਰ ਐਨ ਟਿਕਾਣੇ ਜਾ ਲੱਗਾ। ਮਨਮੀਤ ਦੀਆਂ ਤਰਲ ਹੋਈਆਂ ਨਜ਼ਰਾਂ ਨੇ ਇਸ ਗੱਲ ਦੀ ਗਵਾਹੀ ਭਰੀ।

"ਮੈਂ ਕੀ ਆਂ ਸਰ, ਸਭ ਸੋਡਾ ਪਰਤਾਪ ਐ ਜੀ। ਬਾਕੀ ਆਪਾਂ ਤਾਂ ਖੈਰ ਯਤਨ ਹੀ ਕਰ ਸਕਦੇ ਆਂ, ਕੀ ਪਤੈ ਫਿਊਚਰ ਦੀ ਕੁੱਖ ਵਿਚ ਕੀ ਐ?" ਮਨਮੀਤ ਬੇਵਜ੍ਹਾ ਨਿਰਾਸ਼ ਜਿਹੀ ਹੋ ਗਈ। ਸ਼ਾਇਦ ਮੇਰੀ 'ਓਵਰ ਪੋਜੈਸਵਨੈੱਸ' ਤੋਂ ਘਬਰਾ ਗਈ ਹੋਵੇ। ਉਸ ਦਾ ਧਿਆਨ ਬਦਲਣ ਲਈ ਮੈਂ ਚੈਪਟਰ ਉਤੇ ਨਜ਼ਰ ਘੁੰਮਾਉਂਦਿਆਂ ਪੁੱਛਿਆ, "ਮਨਮੀਤ ਆਪਾਂ ਹਾਈਪੋਥੀਸਿਸ ਨੂੰ ਥੀਸਸ ਵਿਚ ਬਦਲਣ ਲਈ ਕਿਸ ਕਥਾ ਨੂੰ ਬੇਸ ਬਣਾ ਰਹੇ ਆਂ ਭਲਾ?"

"ਸਰ, ਓਹੀ ਕਿਸਾਨ ਦੀ ਤੀਵੀਂ ਵਾਲੀ ਕਥਾ ਨੂੰ। ਸੋਕੇ ਦੇ ਦਿਨਾਂ ਵਿਚ ਹਟਵਾਣੀਏਂ ਤੋਂ ਅਨਾਜ ਲੈਣ ਲਈ ਆਪਣੇ ਰੂਪ ਦੀ ਜੁਗਤ ਵਰਤਦੀ ਹੈ। ਫਸਲ ਆਉਣ ਤੱਕ ਹਟਵਾਣੀਏਂ ਨੂੰ ਲਾਰਿਆਂ-ਲੱਪਿਆਂ ਨਾਲ ਟਾਲ ਕੇ ਆਪਣਾ ਜਤ-ਸਤ ਵੀ ਕਾਇਮ ਰੱਖਦੀ ਐ ਅਤੇ ਪਰਿਵਾਰ ਦਾ ਔਖਾ ਵਕਤ ਵੀ ਲੰਘਾ ਲੈਂਦੀ ਐ।" ਮਨਮੀਤ ਕਥਾ ਦਾ ਤੱਤ-ਸਾਰ ਦਸਦੀ ਹੈ।

"ਠਕਿ... ਇਸ ਵਿਚ ਸੱਤਾਵਾਨ ਅਤੇ ਸੱਤਾਹੀਨ ਦੇ ਹਿਤਾਂ ਦਾ ਸੰਘਰਸ਼ ਵੀ ਹੈ ਅਤੇ ਆਪਣਾ-ਆਪਣਾ ਕੰਮ ਕੱਢਣ ਦੇ ਹੁਨਰ ਦੀ ਵਰਤੋਂ ਦਾ ਕਮਾਲ ਵੀ... ਯੂ ਆਰ ਐਬਸੋਲਿਊਟਲੀ ਕੁਰੈਕਟ।" ਮੈਂ ਮਨਮੀਤ ਨੂੰ ਦਾਦ ਦੇਣ ਵਾਂਗ ਕਿਹਾ।

"ਸਰ ਮੋਰ-ਓਵਰ, ਇਕ ਕੋਣ ਤੋਂ ਤੀਵੀਂ ਧੋਖੇਬਾਜ ਲਗਦੀ ਐ, ਦੂਜੇ ਤੋਂ ਹਟਵਾਣੀਆਂ ਅਤੇ ਤੀਜੇ ਤੋਂ ਕਿਸਾਨ ਜਿਹੜਾ ਪਤਨੀ ਤੇ ਸ਼ੱਕ ਵੀ ਕਰਦੈ ਅਤੇ ਮਤਲਬ ਕੱਢਣ ਲਈ ਉਸ ਦੀ ਵਰਤੋਂ ਵੀ ਕਰਦੈ। ਆਈ ਥਿੰਕ ਮਾਮਲਾ ਬਹੁਤ ਕੰਪਲੈਕਸ ਐ। ਮੇਰੇ ਵਿਚਾਰ ਵਿਚ ਸੱਚ ਜਾਨਣ ਲਈ ਸਾਨੂੰ ਸਾਰੇ ਕੋਣਾਂ ਤੋਂ ਖੜ੍ਹ ਕੇ ਵੇਖਣਾ ਪਵੇਗਾ, ਐਮ ਆਈ ਰਾਈਟ ਸਰ? ਮਨਮੀਤ ਨੇ ਮੇਰੇ ਵੱਲ ਇਸ ਤਰ੍ਹਾਂ ਤੱਕਿਆ ਜਿਵੇਂ ਕਹਿਣਾ ਚਾਹੁੰਦੀ ਹੋਵੇ ਆਪਣੇ ਵਿਚ ਹੁਣ ਦੋ ਰਾਵਾਂ ਦੀ ਗੁੰਜਾਇਸ਼ ਕਿੱਥੇ ਹੈ? ਜਾਂ ਸ਼ਾਇਦ ਮੈਂ ਹੀ ਉਸ ਦੀਆਂ ਨਜ਼ਰਾਂ ਦੇ ਇਹ ਅਰਥ ਕੱਢੇ।

ਕੀ ਅਸੀਂ ਸੱਚਮੁੱਚ ਇਕੋ ਤਰ੍ਹਾਂ ਹੀ ਸੋਚਣ ਲੱਗ ਪਏ ਸਾਂ ? ਇਕ ਮਨੋਵਿਗਿਆਨੀ ਦੇ ਤਰਕ ਨਾਲ ਸੋਚਦਿਆਂ ਮੈਨੂੰ ਇਹ ਅਣਹੋਣੀ ਜਿਹੀ ਗੱਲ ਜਾਪੀ। ਭਲਾ ਦੋ ਵਿਅਕਤੀਆਂ ਦਾ ਨਜ਼ਰੀਆ ਇਕੋ ਕਿਵੇਂ ਹੋ ਸਕਦਾ ਹੈ? ਉਹ ਵੀ ਜੇ ਦੋਵੇਂ ਤੀਵੀਂ-ਮਰਦ ਹੋਣ? 'ਚਲੋ ਅਲੋਕਾਰ ਹੀ ਸਹੀ ਅਲੋਕਾਰੀ ਗੱਲਾਂ ਵੀ ਤਾਂ ਇਸੇ ਜਗਤ ਵਿਚ ਵਾਪਰਦੀਆਂ ਹਨ।' ਸੋਚਦਿਆਂ ਮੈਂ ਆਪਣੀ ਸ਼ੱਕੀ ਦੁਬਿਧਾ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਸ਼ਾਂਤ ਹੋ ਕੇ ਸੋਚਦਾ ਤਾਂ ਜਾਪਦਾ ਕਿ ਮੈਨੂੰ ਮਨੋਵਿਗਿਆਨ ਦੇ ਫੋਬੀਏ ਨੇ ਘੇਰ ਲਿਆ ਸੀ। ਮੈਨੂੰ ਆਮ ਗੱਲਾਂ ਅਤੇ ਹਰਕਤਾਂ ਦੇ ਵੀ ਡੂੰਘੇ ਮੀਨਿੰਗ ਭਾਲਣ ਦੀ ਬਿਮਾਰੀ ਲੱਗ ਗਈ ਸੀ। ਥੀਸਸ ਮੁਕੰਮਲ ਕਰਨ, ਟਾਈਪ ਕਰਾਉਣ ਅਤੇ ਜਲਦੀ ਸਬਮਿਟ ਕਰਨ ਦੇ ਝੰਜਟਾਂ ਵਿਚ ਉਲਝੀ ਮਨਮੀਤ ਕਿਤੇ ਮੇਰੇ ਵੱਲੋਂ ਰਤਾ ਕੁ ਬੇਧਿਆਨੀ ਹੋ ਜਾਂਦੀ ਤਾਂ ਮੈਂ ਇਸ ਨੂੰ ਕੋਈ ਹੋਰ ਹੀ ਅਰਥ ਦੇਣ ਲਗਦਾ।

"ਮਨਮੀਤ ਕੀ ਤੂੰ ਲੋੜ ਤੋਂ ਵੱਧ ਕਾਹਲ ਨਈਂ ਕਰ ਰਹੀ?" ਮੇਰੀ ਆਵਾਜ਼ ਵਿਚੋਂ ਤਲਖ਼ੀ ਝਲਕਣ ਲੱਗੀ ਸੀ।

"ਸਰ, ਸੌਰੀ, ਯੂ ਨੋ, ਸਿਆਲ ਭੱਜਿਆ ਜਾ ਰਿਹੈ, ਏਸ ਵਾਰ ਮੈਂ ਇਸ ਨੂੰ ਇਉਂ ਸੁੱਕਾ ਨਈਂ ਲੰਘਣ ਦੇਣਾ, ਜੇ ਜ਼ਰਾ ਕੁ ਵੀ ਕੰਮ ਅੜਿਆ ਰਹਿ ਗਿਆ ਤਾਂ ਵਿਆਹ 'ਚ ਬੀ ਦਾ ਲੇਖਾ ਪੈ ਜਾਣੈਂ। ਸੋ ਹਰ ਹੀਲੇ ਕੰਮ ਫਿਨਿਸ਼ ਕਰਨੈ, ਪਲੀਜ਼ ਹੈਲਪ ਮੀ ਸਰ।" ਮਨਮੀਤ ਦਾ ਤਰਲਾ ਮੇਰੀ ਸਾਰੀ ਤਲਖ਼ੀ ਡੀਕ ਗਿਆ। ਮੈਂ ਫਿਰ ਸਹਿਜ ਹੋ ਗਿਆ।

ਆਪਣਾ ਕੰਮ ਮੁਕਾ ਕੇ ਜਿਸ ਦਿਨ ਮਨਮੀਤ ਜਾਣ ਤੋਂ ਪਹਿਲਾਂ ਮਿਲਣ ਆਈ ਉਸ ਦਿਨ ਗੁਰਜੋਤ ਵੀ ਨਾਲ ਸੀ। ਪਤਾ ਨਹੀਂ ਅਜਿਹੇ ਖਾਸ ਮੌਕੇ ਉਹ ਗੁਰਜੋਤ ਨੂੰ ਨਾਲ ਕਿਉਂ ਲੈ ਆਈ

ਜਦੋਂ ਪੁੱਛਦਾ ਤਬੀਬਾਂ ਨੂੰ ਮੈਂ ਮੁੱਲ ਦਿਲ ਦੀ ਦਵਾਈ ਦਾ,
ਨਵੇਂ ਕੁਝ ਹੋਰ ਦੱਸਦੇ ਨੇ, ਪੁਰਾਣੇ ਹੋਰ ਦੱਸਦੇ ਨੇ। -ਗੁਰਦਾਸ ਰਾਮ ਆਲਮ

ਸੀ। ਕੋਈ ਵੀ ਗੱਲ ਖੁੱਲ੍ਹ ਕੇ ਨਹੀਂ ਸੀ ਹੋ ਰਹੀ।

"ਲੈ ਬਈ ਮਨਮੀਤ ਤੇਰਾ ਟਾਰਗੈਟ ਤਾਂ ਪੂਰਾ ਹੋ ਗਿਐ, ਹੁਣ ਲੱਡੂ ਕਦੋਂ ਖੁਆ ਰਹੀ ਐਂ?" ਕੁਦਰਤੀ ਜਿਹੜੀ ਗੱਲ ਮੈਂ ਪੁੱਛਣੀ ਸੀ ਉਹ ਗੁਰਜੋਤ ਨੇ ਪੁੱਛ ਕੇ ਮੇਰਾ ਕੰਮ ਸੁਖਾਲਾ ਕਰ ਦਿੱਤਾ।

"ਬੱਸ ਵਾਈਵਾ ਹੋਣ ਤੋਂ ਪੰਦਰਾਂ ਦਿਨ ਬਾਅਦ ਤਿਆਰ ਰਹਿਣਾ।" ਹਸਦਿਆਂ ਮਨਮੀਤ ਨੇ ਕਿਹਾ ਗੁਰਜੋਤ ਨੂੰ ਪਰ ਜਿਵੇਂ ਸੁਣਾਇਆ ਮੈਨੂੰ। ਮੈਂ ਸਮਝ ਗਿਆ। ਹੁਣ ਇਸ ਬਾਰੇ ਹੋਛੇ ਢੰਗ ਨਾਲ ਕੋਈ ਗੱਲ ਕਰਨ ਦੀ ਜ਼ਰੂਰਤ ਵੀ ਨਹੀਂ ਸੀ। ਅਸੀਂ ਸਰਸਰੀ ਗੱਲਾਂ ਕਰਦੇ ਰਹੇ।

ਮਨਮੀਤ ਦੇ ਜਾਣ ਤੋਂ ਪਿੱਛੋਂ ਇਕ ਦਿਨ ਮਨ ਵਿਚ ਆਈ ਕਿ ਮਾਂ ਨਾਲ ਅੰਦਰਲੀ ਗੱਲ ਸਾਂਝੀ ਕਰਕੇ ਕਹਾਂ, "ਮਾਂ ਮੈਨੂੰ ਤੇਰੀਆਂ ਤੇ ਮੇਰੀਆਂ ਸੋਚਾਂ ਦੇ ਮੇਚ ਦੀ ਕੁੜੀ ਮਿਲ ਗਈ ਐ, ਹੈ ਤਾਂ ਜੱਟਾਂ ਦੀ ਕੁੜੀ ਪਰ ਸਰਦਾਰਾਂ ਦੀ ਧੀ ਤੋਂ ਚਾਰ ਰੱਤੀਆਂ ਵੱਧ ਐ। ਸੁਹਜ-ਸਲੀਕਾ ਸਰਦਾਰਨੀਆਂ ਵਾਲਾ ਅਤੇ ਅਕਲ ਇੱਕੀਵੀਂ ਸਦੀ ਦੀਆਂ ਕੁੜੀਆਂ ਵਾਲੀ, ਹੈ ਨਾ ਕਮਾਲ?" ਫਿਰ ਰੁਕ ਗਿਆ। ਸੋਚਿਆ ਪਹਿਲਾਂ ਪੱਕੀ ਤਰ੍ਹਾਂ ਹਾਂ ਹੋ ਜਾਵੇ ਫਿਰ ਅਚਾਨਕ ਸਰਪ੍ਰਾਈਜ਼ ਦੇਵਾਂਗਾ।

ਅੰਤ ਮਨਮੀਤ ਦਾ ਵਾਈਵਾ ਵੀ ਹੋ ਗਿਆ ਅਤੇ ਉਸ ਤੋਂ ਪਿੱਛੋਂ ਘਰੇ ਗਈ ਨੂੰ ਵੀ ਮਹੀਨਾ ਹੋ ਚੱਲਿਆ ਸੀ ਪਰ ਅਜੇ ਕੋਈ ਪਾਜ਼ੇਟਿਵ ਖ਼ਬਰ ਨਹੀਂ ਆਈ ਸੀ। ਮਨ ਵਿਚ ਕਈ ਵਾਰ ਸ਼ੱਕ ਦਾ ਨਾਗ ਫ਼ਨ ਚੁਕਦਾ ਤਾਂ ਉਸ ਨੂੰ ਸ਼ਾਂਤ ਕਰਨ ਲਈ ਗੱਲ ਨੂੰ ਦੂਜੇ ਕੋਣ ਤੋਂ ਖੜ੍ਹ ਕੇ ਵੇਖਣ ਲਗਦਾ, 'ਘਰ ਦੇ ਉਮਰ ਦੇ ਪਾੜੇ ਵਾਲਾ ਇਸ਼ੂ ਨਾ ਬਣਾ ਕੇ ਬੈਠ ਗਏ ਹੋਣ, ਸ਼ਾਇਦ ਉਹ ਕਨਵਿੰਸ ਕਰ ਰਹੀ ਹੋਵੇ।' ਕਦੇ ਖੁਦ ਫ਼ੋਨ ਕਰ ਕੇ ਪੁੱਛਣ ਦਾ ਖ਼ਿਆਲ ਆਉਂਦਾ ਪਰ ਉਸੇ ਵੇਲੇ ਅੰਦਰ ਸਰਦਾਰੀ ਵਾਲੀ ਈਗੋ ਦੀ ਚੰਗਿਆੜੀ ਮੱਘਣ ਲੱਗ ਪੈਂਦੀ। ਇਸ ਤਰ੍ਹਾਂ ਪਹਿਲ ਕਰਕੇ ਚਾਹਤ ਵਿਖਾਉਣੀ ਤਾਂ ਝੁਕਣ ਵਾਲੀ ਗੱਲ ਸਮਝੀ ਜਾਣੀ ਸੀ।

ਇਕ ਦਿਨ ਟੇਢੇ ਢੰਗ ਨਾਲ ਗੁਰਜੋਤ ਤੋਂ ਪਤਾ ਕਰਨ ਦਾ ਯਤਨ ਕੀਤਾ, "ਗੁਰਜੋਤ ਤੇਰੀ ਸਹੇਲੀ ਦੇ ਲੱਡੂਆਂ ਦੀ ਕੋਈ ਖ਼ਬਰਸਾਰ ਬਈ?" ਮੈਂ ਹਾਸੇ ਹਾਸੇ 'ਚ ਕਿਹਾ।

"ਕੀ ਪਤੈ ਸਰ, ਫ਼ੋਨ ਵੀ ਨਹੀਂ ਲੈ ਰਹੀ, ਸ਼ਾਇਦ ਨੰਬਰ ਬਦਲ ਗਿਐ।" ਖੁਦ ਗੁਰਜੋਤ ਨੇ ਵੀ ਹੈਰਾਨੀ ਜ਼ਾਹਰ ਕੀਤੀ।

"ਹੁਣ ਕਾਹਦੇ ਵਿਚ ਬਿਜ਼ੀ ਹੋਵੇਗੀ?" ਮੈਂ ਕੋਈ ਰਾਜ਼ ਕਢਵਾਉਣ ਦੇ ਇਰਾਦੇ ਨਾਲ ਪੁਛਿਆ।

"ਕੋਈ ਨਵਾਂ ਰੋਲ ਕਰ ਰਹੀ ਹੋਵੇਗੀ ਸਰ।" ਕਹਿਕੇ ਉਹ ਖਿੜਖਿੜਾਕੇ ਹੱਸ ਪਈ।

"ਨਵਾਂ ਰੋਲ?" ਮੈਂ ਕੁਝ ਹੋਰ ਹੀ ਸੋਚ ਕੇ ਸੀਰੀਅਸ ਹੋ ਗਿਆ।

"ਜਸਟ ਜੋਕਿੰਗ ਸਰ, ਅਸਲ ਵਿਚ ਇਹ ਮਨਮੀਤ ਦਾ ਈਡੀਅਮ ਐ, ਕਾਲਜ ਵਿਚ ਥੀਏਟਰ ਕਰਦੀ ਹੁੰਦੀ ਸੀ। ਹਰੇਕ ਕੰਮ ਨੂੰ ਰੋਲ ਹੀ ਆਖਦੀ ਹੁੰਦੀ ਸੀ, ਅਖੇ ਅਨਾਰਕਲੀ ਦਾ ਰੋਲ ਕਰ ਰਹੀ ਆਂ, ਐਮ.ਏ. ਕਰਨ ਦਾ ਰੋਲ ਕਰ ਰਹੀ ਆਂ, ਰਿਸਰਚ ਸਕਾਲਰ ਦਾ ਰੋਲ ਕੀਤਾ ਜਾ ਰਿਹੈ। ਬਹੁਤ ਫ਼ਨੀ ਕਿਸਮ ਦੀ ਐ ਸਰ ਮੈਨਾ ਤਾਂ।" ਗੁਰਜੋਤ ਨੇ ਹੱਸ ਹੱਸ ਲੋਟ-ਪੋਟ ਹੁੰਦਿਆਂ ਨਵਾਂ ਰਹੱਸ ਜਿਹਾ ਪੈਦਾ ਕਰ ਦਿੱਤਾ।

ਗੁਰਜੋਤ ਦੀਆਂ ਹਾਸੇ-ਹਾਸੇ ਵਿਚ ਕੀਤੀਆਂ ਗੱਲਾਂ ਨੇ ਮੇਰੇ ਦਿਮਾਗ ਨੂੰ ਹੋਰ ਹੀ ਦਲੀਲਾਂ ਵਿਚ ਪਾ ਦਿੱਤਾ। 'ਕਦੇ ਥੀਏਟਰ ਕਰਨ ਦੀ ਗੱਲ ਸਾਂਝੀ ਤਾਂ ਕੀਤੀ ਨਈਂ ਮਨਮੀਤ ਨੇ?' ਮੈਂ ਇਸ ਭੇਤ ਦੇ ਅਰਥ ਲੱਭਣ ਲੱਗਿਆ। ਕਦੇ ਕਦੇ ਆਪਣੀ ਮਨੋਵਿਗਿਆਨਕ ਸੂਝ ਥੋਥੀ ਜਾਪਣ ਲਗਦੀ। ਅਜੀਬ ਜਿਹੀ ਉਧੇੜ-ਬੁਣ ਵਿਚ ਸਾਂ ਕਿ ਅੱਜ ਸਵੇਰੇ ਮਨਮੀਤ ਦੀ ਫ਼ੋਨ ਕਾਲ ਨੇ 'ਸਰਪ੍ਰਾਈਜ਼' ਦੇ ਦਿੱਤਾ। ਉਸ ਦੇ ਦੋ ਬੋਲਾਂ ਨੇ ਸਭ ਸ਼ੰਕਿਆਂ ਦੀ ਮੈਲ ਨੂੰ ਧੋ ਦਿੱਤਾ ਹੈ।

ਮੈਂ ਕਾਹਲੀ ਨਾਲ ਤਿਆਰ ਹੋਣ ਲਗਦਾ ਹਾਂ। ਤਿਆਰ ਤਾਂ ਭਾਵੇਂ ਪਹਿਲਾਂ ਹੀ ਸਾਂ ਪਰ ਹੁਣ ਰਤਾ ਵੱਖਰੀ ਤਰ੍ਹਾਂ ਦੀ ਤਿਆਰੀ ਕਰਨੀ ਹੈ। ਚਾਹੁੰਦਾ ਹਾਂ ਮਨਮੀਤ ਦੇ ਮਾਪਿਆਂ ਨੂੰ ਵੀ ਪਹਿਲੀ ਨਜ਼ਰੇ ਜਚ ਜਾਵਾਂ। ਕੱਪੜਿਆਂ ਵਾਲੀ ਅਲਮਾਰੀ ਖੋਲ੍ਹੀ ਹੈ। ਪੱਗਾਂ ਦੇ ਢੇਰ ਹੇਠਾਂ ਦੱਬੀ ਪਈ ਗੁਲਾਬੀ ਰੰਗ ਦੀ ਪੱਗ ਛਾਂਟ ਲਈ ਹੈ। ਇਸ ਨਾਲ ਹਲਕੇ ਲੈਮਨ ਰੰਗ ਦੀ ਸਿਲਕੀ ਕਮੀਜ਼ ਠੀਕ ਰਹੇਗੀ। ਪਤਾ ਨਹੀਂ ਕਦੇ ਕੀ ਸੋਚ ਕੇ ਲਈ ਹੋਵੇਗੀ, ਉਂਜ ਇਸ ਦੀ ਲਿਸ਼ਕਵੀਂ ਆਭਾ ਕਰਕੇ ਕਦੇ ਵਿਭਾਗ ਜਾਂਦਾ ਨਹੀਂ ਪਾ ਸਕਿਆ। ਕਮੀਜ਼-ਪੱਗ ਨਾਲ ਹਲਕੇ ਬ੍ਰਾਊਨ ਕਲਰ ਦਾ ਕੋਟ-ਪੈਂਟ ਮੈਚ ਕਰਦਾ ਹੈ। ਇਹ ਸਾਰੇ ਰੰਗ ਹੀ ਸ਼ਗਨਾਂ ਵਾਲੇ ਹੋਣ ਕਰਕੇ ਚੁਣੇ ਹਨ। ਚਿਰਾਂ ਪਿੱਛੋਂ ਲੰਮੀ ਤਿੱਖੀ ਨੋਕ ਵਾਲੇ ਲੂਈ ਫਿਲਿਪ ਦੇ ਬੂਟਾਂ ਨੂੰ ਡੱਬੇ ਵਿਚੋਂ ਕੱਢਿਆ ਹੈ। ਪੂਰੀ ਰੀਝ ਨਾਲ ਚਿਣ ਚਿਣ ਕੇ ਪੱਗ ਬੰਨ੍ਹ ਲਈ ਹੈ। ਮਨ ਦੀ ਤਸੱਲੀ ਲਈ ਪਹਿਲਾਂ ਹੀ ਪ੍ਰੈਸ ਦਾਹੜੀ ਦੇ ਵਾਲਾਂ ਨੂੰ ਡੋਰੀ ਹੇਠ ਕਰਨ ਲਈ ਸਲਾਈ ਫੇਰਦਾ ਹਾਂ। ਚੈਨਲ-ਫਾਈਵ ਬਰਾਂਡ ਦੇ ਸੈਂਟ ਦਾ ਸਪਰੇਅ ਕਰਦਿਆਂ ਮਨ ਵਿਚ ਲਤੀਫ਼ੇ ਵਰਗਾ ਖ਼ਿਆਲ ਆਇਆ ਹੈ, 'ਹੁਣ ਤਾਂ ਬੱਸ ਕਲਗੀ ਲਾਉਣ ਦੀ ਕਸਰ ਐ।' ਸ਼ੀਸ਼ਾ ਤੱਕਦਿਆਂ ਮੇਰਾ ਹਾਸਾ ਨਿਕਲ ਗਿਆ ਹੈ। 'ਪੁੱਤ ਸਰਦਾਰਾਂ ਦੇ...' ਆਪਣੀ ਸਰਦਾਰੀ ਵਾਲੀ ਟੌਅਰ ਵੇਖ ਕੇ ਇਕ ਪੁਰਾਣਾ ਗੀਤ ਆਪਮੁਹਾਰੇ ਬੁੱਲ੍ਹਾਂ ਉਤੇ ਨੱਚਣ ਲੱਗ ਪਿਆ ਹੈ।

ਕੰਧ ਤੇ ਲੱਗੇ ਕਲਾਕ ਵੱਲ ਝਾਤੀ ਮਾਰਦਾ ਹਾਂ। ਸਮਾਂ ਠਹਿਰ ਗਿਆ ਲਗਦਾ ਹੈ। ਟਾਈਮ ਪਾਸ ਕਰਨ ਲਈ ਡਰਾਇੰਗ ਰੂਮ ਵਿਚ ਆ ਕੇ ਟੀ.ਵੀ. ਆਨ ਕਰ ਲਿਆ ਹੈ ਪਰ ਉਸ ਵਿਚ ਮਨ ਨਹੀਂ ਲੱਗ ਰਿਹਾ। ਫਿਰ ਏਧਰ ਓਧਰ ਟਹਿਲ ਕਦਮੀ ਕਰਨ ਲਗਦਾ ਹਾਂ। 'ਟ...ਅ...ਨ' ਬੈੱਲ ਹੋਈ ਹੈ।

ਕਿਸਮਤ ਪੁੜੀ ਖੋਹਲਣ ਵਾਂਗ ਸੰਭਲ ਕੇ ਬੂਹਾ ਖੋਹਲਦਾ ਹਾਂ। ਵੇਖ ਕੇ ਅਚੰਭਾ ਹੁੰਦਾ ਹੈ। ਮਨਮੀਤ ਦੀ ਥਾਂ ਬਾਹਰ ਕੋਈ ਹੋਰ ਹੀ ਪਲੱਸ-ਟੂ ਪਾਸ ਚੁਲਬਲੀ ਜਿਹੀ ਕੁੜੀ ਖੜ੍ਹੀ ਹੈ। ਸਕਾਈ ਬਲੂ ਜੀਨ ਨਾਲ ਉਸ ਨੇ ਕਾਲੇ ਰੰਗ ਦਾ ਸਕਿੱਨ ਫਿੱਟ ਟੱਪ ਪਾਇਆ ਹੋਇਆ ਹੈ। ਕੰਨਾਂ ਵਿਚ ਆਰਟੀਫਿਸ਼ੀਅਲ ਜਾਪਦੀਆਂ ਛੋਟੀਆਂ ਛੋਟੀਆਂ ਲਮਕਵੀਆਂ ਡੰਡੀਆਂ ਹਨ। ਡੀਪ ਗਲੇ ਦੇ ਟੱਪ ਵਿਚੋਂ ਜੋਬਨ ਡੁੱਲ੍ਹ ਡੁੱਲ੍ਹ ਜਾਂਦਾ ਹੈ। 'ਏਹ ਕੀ ਕਮਲ ਕੁੱਟਿਐ ਅੱਜ ਏਹਨੇ, ਰੱਬਿਸ਼, ਨੌਨ ਸੈਂਸ' ਮਨਮੀਤ ਦਾ ਨਵਾਂ ਰੂਪ ਵੇਖ ਕੇ ਗਾਲ੍ਹ ਵਰਗਾ ਖ਼ਿਆਲ ਮੇਰੇ ਅੰਦਰੋਂ ਕਰੰਟ ਵਾਂਗ ਲੰਘਿਆ ਹੈ। ਮਨਮੀਤ ਵੱਲੋਂ ਧਿਆਨ ਹਟਾ ਕੇ ਮੈਂ ਉਸ ਦੇ ਪਿੱਛੇ ਖੜ੍ਹੇ ਮੰਮੀ-ਪਾਪਾ ਨੂੰ ਰਤਾ ਕੁ ਝੁਕਦਿਆਂ ਸਤਿ ਸ੍ਰੀ ਅਕਾਲ ਆਖਦਾ ਹਾਂ। ਉਹ ਮੱਧਲੀ ਕਿਸਾਨੀ ਦੇ ਪਿਛੋਕੜ ਵਾਲੇ ਸਿੱਧੇ-ਸਾਧੇ ਜੱਟ-ਬੂਟ ਜਾਪਦੇ ਹਨ।

ਜ਼ੁਲਮ ਦੀ ਨ੍ਹੇਰੀ ਝੁਲਦੀ, ਲੱਗੀ ਕਹਿਰ ਕਮਾਉਣ।
ਬੋਹੜ ਜਿਹੇ ਕਿਰਦਾਰ ਵੀ, ਲੱਗੇ ਨੀਵੇਂ ਪਾਉਣ। -(ਅਗਲੇ ਸਫ਼ੇ 'ਤੇ)

ਡਰਾਇੰਗ ਰੂਮ ਵਿਚ ਬੈਠਦਿਆਂ ਹੀ ਮਨਮੀਤ ਦਾ ਪਾਪਾ ਦੋਵੇਂ ਹੱਥ ਜੋੜ ਕੇ ਬੋਲਣ ਲੱਗ ਜਾਂਦਾ ਹੈ, "ਪ੍ਰੋ. ਸਾਹਿਬ ਮੈਨਾ ਤਾਂ ਦਿਨ ਰਾਤ ਥੋਡਾ ਗੁਣ-ਗਾਣ ਕਰਦੀ ਨ੍ਹੀਂ ਥੱਕਦੀ। ਬਹੁਤ ਮੱਦਤ ਕੀਤੀ ਤੁਸੀਂ ਏਹਨੂੰ ਸਿਖ਼ਰਲੇ ਡੰਡੇ ਤੇ ਅਪੜਾਉਣ ਲਈ। ਸਿਆਣੇ ਆਂਹਦੇ ਐ ਬੱਚੇ ਤੇ ਟੀਚਰ ਦਾ ਹੱਕ ਮਾਪਿਆਂ ਤੋਂ ਵੀ ਵੱਧ ਹੁੰਦੈ। ਧੰਨਭਾਗ ਐ ਜੀ ਸਾਡੇ ਜਿਹੜਾ ਸੋਡੇ ਨਾਲ ਮੇਲ-ਮਿਲਾਪ ਦਾ ਸਬੱਬ ਬਣਿਐਂ।"

ਫਿਰ ਉਹ ਖੁਸ਼ੀ ਨਾਲ ਕੰਬਦੇ ਹੱਥਾਂ ਨਾਲ ਲਿਫ਼ਾਫ਼ੇ ਵਿਚੋਂ ਡਰਾਈ ਫਰੂਟ ਦਾ ਬਹੁਤ ਖ਼ੂਬਸੂਰਤ ਪੈਕ ਕੱਢ ਕੇ ਮੇਰੇ ਵੱਲ ਵਧਾਉਂਦਾ ਹੈ। ਸ਼ਰਮਾਉਣ ਦੀ ਥਾਂ ਮਨਮੀਤ ਹੱਸਦਿਆਂ-ਹੱਸਦਿਆਂ ਸਭ ਕੁਝ ਗਹੁ ਨਾਲ ਵੇਖ ਰਹੀ ਹੈ। ਨਿਮਰ ਜਿਹਾ ਹੋ ਕੇ ਮੈਂ ਪੈਕ ਫੜ੍ਹ ਕੇ ਮੇਜ਼ ਉਤੇ ਰੱਖ ਲੈਂਦਾ ਹਾਂ। ਪੈਕ ਦੇ ਟ੍ਰਾਂਸਪੈਰੰਟ ਕਵਰ ਵਿਚੋਂ ਮੈਨੂੰ ਇਕ ਕਾਰਡ ਨਜ਼ਰ ਆਉਂਦਾ ਹੈ। ਚੋਰੀ ਅੱਖ ਮਨਮੀਤ ਵੱਲ ਤਕਦਾ ਮੈਂ ਕਾਰਡ ਪੜ੍ਹਨ ਦਾ ਯਤਨ ਕਰਦਾ ਹਾਂ। 'ਦਿਲਜੀਤ ਵੈਡਜ਼ ਮਨਮੀਤ...' ਪੜ੍ਹ ਕੇ ਮੈਨੂੰ ਤਰੇਲੀ ਆ ਗਈ ਹੈ। "ਸਰਪ੍ਰਾਈਜ਼... ਰੀਅਲੀ ਬਿੱਗ ਵੰਨ...!!!" ਕਹਿੰਦਿਆਂ ਮੈਂ ਕੱਚਾ ਜਿਹਾ ਹਾਸਾ ਹਸਦਿਆਂ ਮਨਮੀਤ ਵੱਲ ਵੇਖਦਾ ਹਾਂ।

"ਸਰ...ਦਿਲਜੀਤ ਵਾਜ ਮਾਈ ਕਲਾਸ ਫੈਲੋ, ਇਨਫੈਕਟ ਮੋਰ ਦੈਨ... ਨੈੱਟ ਕਲੀਅਰ ਕਰਕੇ ਉਸ ਨੂੰ ਪੰਜਾਬ ਯੂਨੀਵਰਸਿਟੀ ਵਿਚ ਅਪੌਇੰਟਮੈਂਟ ਮਿਲ ਗਈ ਐ। ਹਾਰਡ ਵਰਕਿੰਗ ਤੇ ਨਾਈਸ ਫੈਲੋ ਐ... ਜਵਾਂ ਸੋਡੇ ਵਾਂਗ ਹੀ। ਹੀ ਵਾਜ ਜਸਟ ਵੇਟਿੰਗ ਫਾਰ ਮਾਈ ਡੌਕਟਰੇਟ। ਥੈਂਕਸ ਏ ਲੌਟ ਸਰ" ਮੰਦ-ਮੰਦ ਮੁਸਕਰਾਉਂਦਿਆਂ ਉਹ ਸਭ ਕੁਝ ਦੱਸ ਰਹੀ ਹੈ ਜਿਸ ਦੀ ਪੂਰੇ ਤਿੰਨ ਸਾਲ ਭਾਫ਼ ਵੀ ਨਹੀਂ ਨਿਕਲਣ ਦਿੱਤੀ।

"ਸਰ, ਵੰਨ ਇਨਟਰੱਸਟਿੰਗ ਥਿੰਗ, ਹੀ ਇਜ਼ ਫੌਂਡ ਆਫ ਮਾਡਰਨ ਡਰੈਸਜ਼, ਓਹਦੇ ਲਈ ਏਹ..." ਉਸ ਨੇ ਆਪਣੇ ਦੋਹਾਂ ਹੱਥਾਂ ਨੂੰ ਸਿਰ ਤੋਂ ਪੈਰਾਂ ਵੱਲ ਲਿਜਾਂਦਿਆਂ ਆਪਣੇ ਨਵੇਂ 'ਰੋਲ' ਦੀ ਵਿਆਖਿਆ ਕਰਨੀ ਚਾਹੀ ਪਰ ਮੇਰੀ ਹੁਣ ਉਸ ਦੀ ਅਜਿਹੀ ਬਕਬਕ ਵਿਚ ਕੋਈ ਰੁਚੀ ਨਹੀਂ ਹੈ।

'ਡਰਾਮੇਬਾਜ਼...' ਮੈਂ ਆਪਣੇ ਲਾਵੇ ਨੂੰ ਮਸਾਂ ਹੀ ਅੰਦਰ ਸਾਂਭਦਾ ਹਾਂ। ਬਾਹਰੋਂ ਸਹਿਜ ਦਿਸਣ ਦਾ ਯਤਨ ਕਰਦਾ ਹਾਂ ਪਰ ਅੰਦਰੋਂ ਕਿਸੇ ਹਾਰੇ ਹੋਏ ਯੋਧੇ ਵਾਂਗ ਬਦਲੇ ਦੀ ਅੱਗ ਵਿਚ ਸੜ ਭੁੱਜ ਰਿਹਾ ਹਾਂ। ਉਨ੍ਹਾਂ ਛੋਟੇ ਲੋਕਾਂ ਸਾਹਮਣੇ ਨਿਤਾਣਾ ਨਹੀਂ ਦਿਸਣਾ ਚਾਹੁੰਦਾ। ਸੋਚਦਾ ਹਾਂ, 'ਜਦੋਂ ਮੌਕਾ ਬਣਿਆਂ ਤਾਂ ਦੱਸੂੰਗਾ' ਕੁੱਤੀਏ, ਏਸ ਕਹਾਣੀ ਨੂੰ ਖ਼ਤਮ ਹੋਈ ਨਾ ਸਮਝ ਲਈਂ, ਯਾਦ ਰੱਖੀਂ ਭਜਦਿਆਂ ਨੂੰ ਵਾਹਣ ਇਕੋ ਜਿਹੇ ਹੁੰਦੇ ਐ। ਸਾਹ ਫੁੱਲਣ ਨਾਲ ਮੇਰੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਹੈ। ਸੀਨੇ ਉਤੇ ਕੋਈ ਲੱਖਾਂ ਮਣ ਬੋਝ ਆ ਪਿਆ ਹੈ। ਇਉਂ ਲਗਦਾ ਹੈ ਜਿਵੇਂ ਸਿਖਰੋਂ ਡਿੱਗੇ ਚੁਬਾਰੇ ਦੇ ਮਲਬੇ ਥੱਲੇ ਦੱਬਿਆ ਬਾਹਰ ਨਿਕਲਣ ਲਈ ਪੂਰੇ ਤਾਣ ਨਾਲ ਕਰਾਹੁਣ ਦਾ ਯਤਨ ਕਰ ਰਿਹਾ ਹੋਵਾਂ ਪਰ ਮੇਰੀ ਆਵਾਜ਼ ਸੰਘ ਵਿਚ ਫਸੀ ਪਈ ਹੋਵੇ।

ਕਹਾਣੀ

# ਮੈਂ ਆਪ ਨਾ ਲਾਈਆ ਵੇ

## ਡਾ. ਬਲਵੀਰ ਕੌਰ ਰੀਹਲ



ਡਾ. ਬਲਵੀਰ ਕੌਰ ਰੀਹਲ

ਡਾ. ਬਲਵੀਰ ਕੌਰ ਰੀਹਲ: ਪੰਜਾਬੀ ਕਹਾਣੀ, ਸਾਹਿਤ ਸਮੀਖਿਆ, ਕਵਿਤਾ ਤੇ ਵਾਰਤਕ ਦੇ ਖੇਤਰ ਵਿਚ ਚੰਗਾ ਨਾਂ ਥਾਂ ਰੱਖਣ ਵਾਲੀ ਸਾਹਿਤਕ-ਸ਼ਖ਼ਸੀਅਤ ਹਨ। ਹੁਣ ਤੱਕ ਚਾਰ ਮੌਲਿਕ, ਅੱਠ ਸੰਪਾਦਿਤ ਤੇ ਦੋ ਅਨੁਵਾਦਕ ਪੁਸਤਕਾਂ ਛੱਪ ਚੁੱਕੀਆਂ ਹਨ। ਉਸਦਾ ਕਹਾਣੀ ਸੰਗ੍ਰਹਿ 'ਮੈਂ ਗੌਤਮ ਨਹੀਂ ਹੈ'ਨਕਾਫੀ ਚਰਚਿਤ ਰਿਹਾ ਹੈ। ਉਸ ਨਾਰੀ ਰਚਿਤ ਪੰਜਾਬੀ ਕਹਾਣੀਆਂ ਦੇ ਵੱਡ-ਅਕਾਰੀ ਸੰਗ੍ਰਹਿ 'ਮੇਰੀ ਧਰਤੀ ਮੇਰਾ ਅੰਬਰ' ਦਾ ਸੰਪਾਦਨ ਵੀ ਕੀਤਾ ਹੈ, ਜਿਸ ਵਿਚ 39 ਪ੍ਰਮੁੱਖ ਨਾਰੀ ਕਥਾਕਾਰਾਂ ਦੀਆਂ ਕਹਾਣੀਆਂ ਸ਼ਾਮਿਲ ਹਨ। ਉਸਦੀਆਂ ਕਹਾਣੀਆਂ ਦੇ ਵਿਸ਼ੇ ਔਰਤ ਨਾਲ ਹੁੰਦੇ ਸਮਾਜਿਕ ਅਨਿਆਂ ਤੋਂ ਲੈ ਕੇ ਸਮਾਜ ਤੇ ਆਰਥਿਕ ਖੇਤਰ ਵਿਚ ਹੋਣ ਵੀ ਹਰ ਵਿਤਕਰੇਬਾਜ਼ੀ ਤੇ ਜ਼ਬਰ- ਜ਼ੁਲਮ ਦੇ ਖਿਲਾਫ਼ ਭੁਗਤਦੇ ਹਨ।-ਨਰਿੰਜਨ ਬੋਹਾ

ਮੈਂ ਜਦੋਂ ਸ਼ਾਮ ਨੂੰ ਸੈਰ ਕਰਨ ਘਰੋਂ ਦੂਰ ਤੱਕ ਜਾਂਦੀ ਹਾਂ, ਮੇਰੀ ਸੁਰਤੀ ਕੁਦਰਤ ਨਾਲ ਇੱਕਮਿਕ ਹੋ ਜਾਂਦੀ ਹੈ। ਕੁੱਝ ਪਲਾਂ ਲਈ ਮੈਂ ਕੁਦਰਤ ਹੀ ਕੁਦਰਤ ਹੋ ਜਾਂਦੀ ਹਾਂ। ਮਨ ਮੇਰਾ ਨੱਚ ਉੱਠਦਾ ਹੈ, ਸੂਰਜ ਦਾ ਡੁੱਬਣਾ, ਉਹਦਾ ਖ਼ੂਬਸੂਰਤ ਰੰਗ ਮੈਂ ਆਪਣੇ ਕਲਾਵੇ ਵਿਚ ਭਰ ਲੈਂਦੀ ਹਾਂ।

ਪਲਾਂ ਛਿਣਾਂ ਵਿਚ ਹੀ ਡੁੱਬਦਾ ਸੂਰਜ ਨਜ਼ਰੋਂ ਉਹਲੇ ਹੋ ਗਿਆ, ਅਕਾਸ਼ 'ਤੇ ਲਾਲੀ ਜਿਹੀ ਭਾਅ ਮਾਰਦੀ ਬਚ ਗਈ ਹੈ। ਮੇਰੀਆਂ ਨਜ਼ਰਾਂ ਵਾਰ-ਵਾਰ ਅਕਾਸ਼ ਦਾ ਨਜ਼ਾਰਾ ਤੱਕ ਰਹੀਆਂ ਹਨ। ਪੰਛੀ ਡਾਰਾਂ ਬਣਾ-ਬਣਾ ਕੇ ਘਰਾਂ ਨੂੰ ਜਾ ਰਹੇ ਹਨ। ਉਹ ਕਦੇ ਇਕੱਲੇ ਨਹੀਂ ਉੱਡਦੇ, ਅਸਮਾਨ ਵਿਚ ਆਪਣੀਆਂ ਜੋੜੀਆਂ ਨਾਲ ਉੱਡ ਕੇ ਮੰਜ਼ਿਲ 'ਤੇ ਪਹੁੰਚਦੇ ਹਨ।

ਜੱਸੀ ਮੈਨੂੰ ਘਰ ਨੂੰ ਪਰਤਦਿਆਂ ਗਲੀ ਦੇ ਮੋੜ 'ਤੇ ਮਿਲਦੀ ਹੈ। ਪੰਛੀਆਂ ਵਾਂਗ ਉਹਦੀ ਕੋਈ ਜੋੜੀ ਨਹੀਂ, ਇਕੱਲੀ ਹੀ ਤੁਰੀ ਜਾਂਦੀ ਸੀ। ਇੱਕ ਦਿਨ ਮੈਂ ਗੌਰ ਨਾਲ ਉਹਦੇ ਮੂੰਹ ਵੱਲ ਵੇਖਿਆ, ਮੂੰਹੋਂ ਤਾਂ ਹੁਣ ਉਹ ਉਤਾਰ ਹੋ ਗਈ ਹੈ। ਚਿਹਰੇ 'ਤੇ ਝੁਰੜੀਆਂ ਸਾਫ਼ ਦਿਸਦੀਆਂ ਹਨ। ਮੈਂ ਉਹਨੂੰ ਸਰਸਰਾ ਜਿਹਾ ਬੁਲਾਇਆ ਤੇ ਅਗਾਂਹ ਲੰਘ ਗਈ।

ਅਗਲੇ ਦਿਨ ਮੈਂ ਆਪਣੇ ਰੁਟੀਨ ਨਾਲ ਹੀ ਸੈਰ ਕਰਨ ਜਾਂਦੀ ਹਾਂ, ਪਰ ਅੱਜ ਮੈਨੂੰ ਮੋੜ 'ਤੇ ਜੱਸੀ ਨਹੀਂ ਮਿਲੀ।

ਪੱਠਿਆਂ ਦਾ ਰੇੜ੍ਹਾ ਲੈ ਕੇ ਜਾਂਦਾ ਭਾਗ ਸਿੰਘ ਮਿਲ ਪਿਆ ਹੈ। ਭਾਗ ਸਿੰਘ ਬੁੱਢਾ ਭਾਵੇਂ ਹੋ ਗਿਆ ਹੈ, ਅੱਖ ਉਹਦੀ ਅਜੇ ਵੀ ਅੰਬਰੋਂ ਚਿੜ੍ਹੀਆਂ ਲਾਹੁਣ ਵਾਲੀ ਹੈ।

ਬਾਜ਼ਾ,ਗਿਰਝਾਂ ਖ਼ੌਫ਼ ਦਾ, ਆਲਮ ਕੀਤਾ ਕਾਇਮ,
ਪਰ ਨਾ ਭੁੱਲਣ ਪੰਛੀਆਂ ਨੂੰ, ਵਿਰਸੇ ਦੇ ਗਾਉਣ। -ਅਮਨਦੀਪ ਸਿੰਘ ਅਮਨ

ਕਿਸੇ-ਕਿਸੇ ਦਿਨ ਜੱਸੀ ਮਿਲ ਪੈਂਦੀ ਹੈ ਤੇ ਵਿਚ-ਵਿਚਾਲੇ ਭਾਗ ਸਿੰਘ ਵੀ ਮਿਲਦਾ ਰਹਿੰਦਾ ਹੈ। ਖੇਤਾਂ ਨੂੰ ਫ਼ਸਲਬਾੜੀ ਦਾ ਕੰਮ ਕਰਨ ਤੁਰਿਆ ਹੀ ਰਹਿੰਦਾ ਹੈ।

ਘਰ ਪਹੁੰਚ ਕੇ ਮੈਂ ਰੋਜ਼ ਕੋਈ ਨਾ ਕੋਈ ਜੱਸੀ ਦੀ ਗਿਣਤੀ-ਮਿਣਤੀ ਕਰਨ ਲੱਗ ਪੈਂਦੀ ਹਾਂ। ਕਦੇ-ਕਦੇ ਉੱਚੀ ਅਵਾਜ਼ ਵਿਚ ਵਡਾਲੀ ਦਾ ਗੀਤ ਪੂਰੇ ਵਜ਼ਦ ਵਿਚ ਆ ਕੇ ਸੁਣਦੀ ਹਾਂ।

'ਮੈਂ ਆਪ ਨਾ ਲਾਈਆ ਵੇ...'

ਸੈਰੋਂ ਮੁੜਦਿਆਂ ਆ ਕੇ ਅਜੇ ਮੁੜਕਾ ਹੀ ਸੁਕਾਇਆ ਸੀ, ਪਾਠੀ ਰਹਿਰਾਸ ਸਾਹਿਬ ਦਾ ਪਾਠ ਪੜ੍ਹਨਾ ਆਰੰਭ ਕਰਦਾ ਹੈ। ਸਪੀਕਰ ਵੱਜਣ ਨਾਲ ਹੀ ਮੈਂ ਗੀਤ ਬੰਦ ਕਰ ਦਿੰਦੀ ਹਾਂ, ਸਪੀਕਰ ਦੀ ਆਵਾਜ਼ ਨਾਲ ਹੀ ਮੇਰੀ ਤਾਰ ਫਿਰ ਜੱਸੀ ਨਾਲ ਜੁੜ ਜਾਂਦੀ ਹੈ।

ਇਹ ਤਾਰਾਂ ਵੀ ਕਮਾਲ ਦੀਆਂ ਹਨ, ਪਤਾ ਨਹੀਂ ਕਿਹੜੇ ਵੇਲੇ ਕਿਹਦੇ ਨਾਲ ਜੁੜ ਜਾਣ।

ਭਾਗ ਸਿੰਘ ਦੋ ਵੇਲੇ ਨੇਮ ਨਾਲ ਗੁਰੂ ਘਰ ਜਾਂਦਾ ਹੈ, ਬਹੁਤ ਸੇਵਾ ਕਰਦਾ ਹੈ। ਉਹਦੀ ਸੇਵਾ ਭਾਵਨਾ ਤੋਂ ਖ਼ੁਸ਼ ਹੋ ਕੇ ਸੰਗਤ ਨੇ ਉਹਨੂੰ ਗੁਰੂ ਘਰ ਦਾ ਪ੍ਰਧਾਨ ਬਣਾ ਦਿੱਤਾ ਹੈ। ਭਾਗ ਸਿੰਘ ਕੋਲ ਗੁਰੂ ਘਰ ਦੀ ਗੋਲਕ ਦੀ ਚਾਬੀ ਵੀ ਆ ਗਈ ਹੈ। ਹੁਣ ਉਹਦੇ ਹੁਕਮ ਤੋਂ ਬਗ਼ੈਰ ਗੋਲਕ ਨਹੀਂ ਖੋਲੀ ਜਾਂਦੀ। ਭਾਗ ਸਿੰਘ ਚਾਬੀਆਂ ਤਾਂ ਕਈ ਸੰਭਾਲੀ ਬੈਠਾ ਹੈ। ਬਹੁਤੇ ਤਾਲੇ...

ਸਾਂਝਾ ਗੁਰੂ-ਘਰ ਤਾਂ ਪੁਰਾਣੇ ਸਮਿਆਂ ਦੀਆਂ ਗੱਲਾਂ ਹੋ ਗਈਆਂ ਹਨ। ਮੈਂ ਵੀ ਕਦੇ ਅੱਗਿਓ ਲੰਘਾ ਤਾਂ ਬਾਹਰੋਂ ਹੀ ਸਿਰ ਨਿਵਾ ਕੇ ਲੰਘ ਜਾਂਦੀ ਹਾਂ। ਇੱਕ ਦਿਨ ਮਨ ਕੀਤਾ ਅੰਦਰ ਜਾ ਕੇ ਮੱਥਾ ਟੇਕ ਆਵਾਂ।

ਵਾਹਵਾਂ ਰੌਣਕ ਲੱਗੀ ਪਈ ਸੀ। "ਕੁੜੇ ਕੁੜੀਏ ਤੂੰ ਵੀ ਆ ਜਾਇਆ ਕਰ, ਸੇਵਾ ਕਰਨ" ਜੱਸੀ ਨੇ ਮੈਨੂੰ ਪੰਗਤ ਵਿਚ ਬੈਠ ਕੇ ਚਾਹ ਪਕੌੜਿਆ ਦਾ ਲੰਗਰ ਛਕਣ ਦਾ ਇਸ਼ਾਰਾ ਕੀਤਾ।

"ਆਂਟੀ ਮੈਂ ਲੰਗਰ ਛਕ ਕੇ ਜਾਮਾਂਗੀ, ਤੁਸੀਂ ਚਿੰਤਾ ਨਾ ਕਰੋ"

ਜੱਸੀ ਹਰ ਇੱਕ ਦੇ ਮੋਹਰਿਓਂ ਖਾਲੀ ਬਰਤਨ ਚੁੱਕ-ਚੁੱਕ ਕੇ ਧੋ ਰਹੀ ਸੀ।

ਲੰਗਰ ਹਾਲ ਵਿਚੋਂ ਅਵਾਜ਼ਾਂ ਆ ਰਹੀਆਂ ਸਨ, 'ਜੱਪੋ! ਸਤਿਨਾਮ ਵਾਹਿਗੁਰੂ, ਵਾਹਿਗੁਰੂ ਜੀ, ਜੱਪੋ...'

ਮੈਂ ਮੱਥਾ ਟੇਕਿਆ ਲੰਗਰ ਛਕਿਆ, ਘਰ ਆ ਕੇ ਲੰਮੀ ਪੈ ਗਈ। ਮੇਰੀ ਅੱਖ ਨਹੀਂ ਲੱਗ ਰਹੀ, ਅੱਖ ਲੱਗੇ ਵੀ ਕਿਵੇਂ, ਸੁਰਤੀ ਤਾਂ ਘੁੰਮ ਰਹੀ ਆ ਜੱਸੀ ਵੱਲ।

ਜੱਸੀ ਬਹੁਤ ਸੋਹਣੇ ਘਰ ਵਿਚ ਰਹਿ ਰਹੀ ਹੈ, ਹੱਥ ਲਾਇਆ ਹੀ ਘਰ ਮੈਲਾ ਹੁੰਦਾ, ਲਿਸ਼ਕਾ ਮਾਰਦਾ ਹੈ। ਮੈਨੂੰ ਉਹਦਾ ਮੁੰਡਾ ਵੀ ਕਦੇ-ਕਦੇ ਐਕਟਿਵਾ 'ਤੇ ਸ਼ਹਿਰ ਨੂੰ ਜਾਂਦਾ ਮਿਲ ਪੈਂਦਾ ਹੈ। 'ਆਈਲਸ' ਕਰਦਾ ਹੈ। ਜੱਸੀ ਨੇ ਕੁੜੀ ਜਲਦੀ-ਜਲਦੀ ਵਿਆਹ ਦਿੱਤੀ ਹੈ।

ਜੱਸੀ ਦਾ ਪਤੀ ਪੰਜੀਂ-ਦਸੀਂ ਸਾਲੀਂ ਗੇੜਾ ਮਾਰਦਾ ਹੈ। ਵਿਚਾਰੀ ਸੁੱਖਣਾ ਸੁੱਖਦੀ ਰਹਿੰਦੀ ਹੈ।

'ਸੱਚੇ ਪਾਤਸ਼ਾਹ ਮਿਹਰ ਕਰੀ, ਕਿਤੇ ਠੰਡਾ ਬੁੱਲਾ...'

ਜਦੋਂ ਉਹਦੀ ਸੁੱਖੀ ਸੁੱਖਣਾ ਪੂਰੀ ਹੋ ਜਾਂਦੀ ਹੈ ਤਾਂ, ਹਾੜੀ-ਸੌਣੀ ਜੱਸੀ ਘਰ ਪੰਜ ਸਿੰਘ ਬੁਲਾ ਕੇ ਉਹਨਾਂ ਨੂੰ ਬ੍ਰਹਮ ਭੋਜ ਛਕਾਉਂਦੀ ਹੈ। ਇਹਨਾਂ ਪੰਜਾਂ ਵਿਚ ਭਾਗ ਸਿੰਘ ਮੋਹਰੀ ਹੁੰਦਾ ਹੈ। ਪੰਜਾਂ ਵਿਚ ਪ੍ਰਮੇਸ਼ਰ ਦਾ ਵਾਸਾ...

ਜੱਸੀ ਮੁੰਡੇ ਨੂੰ ਕੋਲ ਬਿਠਾ ਕੇ ਸਮਝਾ ਰਹੀ ਹੈ, "ਘਰ ਆਈ ਸੰਗਤ ਦਾ ਖ਼ਿਆਲ ਰੱਖਣਾ ਹੈ ਕਿਤੇ ਕੋਈ ਕੁਤਾਹੀ ਨਾ ਹੋ ਜਾਵੇ..."

ਭਾਗ ਸਿੰਘ ਅਰਦਾਸਾਂ ਸੋਧਦਾ ਹੈ, ਮੁੰਡਾ ਹੱਥਾਂ 'ਤੇ ਪਾਣੀ ਪਾਉਂਦਾ ਹੈ, ਪਾਣੀ ਦੀ ਚੂਲੀ ਲੈ ਕੇ ਮੂੰਹ ਹੱਥ ਸਾਫ਼ ਕਰਦਾ ਹੈ ਤੇ ਮੋਢੇ 'ਤੇ ਰੱਖੇ ਪਰਨੇ ਨਾਲ ਹੱਥ ਪੂੰਝ ਲੈਂਦਾ ਹੈ। ਜੱਸੀ ਘਰੋਂ ਜਾ ਰਹੀ ਸਾਧ-ਸੰਗਤ ਲਈ ਨਿਮਰਤਾ ਸਹਿਤ ਹੱਥ ਜੋੜ ਕੇ ਖੜੀ ਹੈ। ਪ੍ਰਮਾਤਮਾ ਨੂੰ ਧਿਆਉਂਦੀ ਵਾਪਸ ਮੁੜ ਆਉਂਦੀ ਹੈ ਤੇ ਇਕ ਲੰਬਾ ਜਿਹਾ ਹਉਕਾ ਲੈ... ਬੂਹਾ ਬੰਦ ਕਰ ਦਿੰਦੀ ਹੈ।

ਸਮਾਂ ਲੰਘੀ ਜਾ ਰਿਹਾ ਹੈ, ਭਲਾ ਕਦੇ ਸਮਾਂ ਵੀ ਕਿਸੇ ਲਈ ਖੜ੍ਹਿਆ ਹੈ, ਜੱਸੀ ਇੱਕ ਹੋਰ ਲੰਮਾ ਜਿਹਾ ਹਉਕਾ ਲੈਂਦੀ ਹੈ।

ਹੁਣ ਜੱਸੀ ਹਾੜ੍ਹੀ-ਸੌਣੀ ਸੁੱਖਣਾ ਨਹੀਂ ਪੂਰੀ ਕਰਦੀ, ਹਰੇਕ ਮਹੀਨੇ ਇਕੱਲੇ ਇੱਕੋ ਮਹਾਂਪੁਰਸ਼ ਨੂੰ ਪ੍ਰਸ਼ਾਦਾ ਛਕਾ ਦਿੰਦੀ ਹੈ। ਭਾਗ ਸਿੰਘ ਦੇ ਜੂਠੇ ਬਰਤਨ ਜੱਸੀ ਝੁਕ ਕੇ ਚੁੱਕਣ ਲੱਗੀ ਤਾਂ, ਭਾਗ ਸਿੰਘ ਦੀ ਨਿਗਾਹ ਡੀਪਨੈੱਕ ਤੋਂ ਅਗਾਂਹ ਜੱਸੀ ਦੇ ਜਿਸਮ ਦੀ ਸਕਰੀਨਿੰਗ ਕਰ ਗਈ।

ਭਾਗ ਸਿੰਘ ਨੂੰ ਇੱਕ ਦਮ ਝਟਕਾ ਜਿਹਾ ਲੱਗਿਆ। ਭਾਗ ਸਿੰਘ ਦੀ ਪੂਰੀ ਦੇਹ ਕੰਬ ਜਿਹੀ ਗਈ। ਬ੍ਰਹਮ ਭੋਜ ਛਕਣ ਤੋਂ ਬਾਅਦ ਉਹ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਮਸੀਂ ਕਰ ਸਕਿਆ ਤੇ ਤੁਰਨ ਲੱਗਾ ਜੱਸੀ ਦੇ ਸਿਰ ਵੱਲ ਪਿਆਰ ਨਾਲ ਵਧਿਆ ਹੱਥ ਪਿਛਾਂਹ ਨੂੰ ਕਰ ਕੇ ਚਲਿਆ ਗਿਆ।

ਭਾਗ ਸਿੰਘ ਸਾਰੀ ਰਾਤ ਉੱਸਲਵੱਟੇ ਲੈਂਦਾ ਰਿਹਾ। ਜੱਸੀ ਦਾ ਹੁਣ ਨਿੱਤਨੇਮ ਵਧ ਗਿਆ ਹੈ, ਲੱਗਦਾ ਪ੍ਰਮਾਤਮਾ ਨੇ ਉਹਦੀ ਗੱਲ ਨੇੜੇ ਹੋ ਕੇ ਸੁਣ ਲਈ ਹੈ। ਭਾਗ ਸਿੰਘ ਦੇ ਪੂਰੇ ਸਰੀਰ ਵਿਚ ਸਾਰੀ ਰਾਤ ਖ਼ੂਨ ਤੇਜ਼ ਦੌਰਾ ਕਰਦਾ ਰਿਹਾ। ਦਿਨੋਂ-ਦਿਨ ਭਾਗ ਸਿੰਘ ਦਾ ਜੱਸੀ ਦੇ ਘਰ ਆਉਣਾ ਜਾਣਾ ਵਧ ਗਿਆ। ਜਦੋਂ ਜੱਸੀ ਦਾ ਮੁੰਡਾ ਘਰ ਨਾ ਹੁੰਦਾ ਤਾਂ ਉਹ ਹੌਲੀ ਜਿਹੇ ਫ਼ੋਨ ਕਰਕੇ ਉਹਨੂੰ ਬੁਲਾ ਲੈਂਦੀ... ਜਾਂ ਭਾਗ ਸਿੰਘ ਆਪਣੇ ਘਰ...

ਸਾਲ ਵਿਚ ਦੋ ਅਜਿਹੇ ਮੌਕੇ ਆਉਂਦੇ, ਜਦੋਂ ਪਿੰਡ ਦੀ ਸੰਗਤ ਦੂਰ ਇੱਕ ਮੇਲੇ 'ਤੇ ਇਕੱਠੀ ਹੋ ਕੇ ਜਾਂਦੀ ਤੇ ਪਿੰਡ ਵਲੋਂ ਸਾਂਝਾ ਲੰਗਰ ਬਾਬੇ ਨਾਲ ਰਲ ਕੇ ਲਾਉਂਦੀ।

"ਮੇਰੀ ਸਿਹਤ ਠੀਕ ਨਹੀਂ ਹੈ" ਭਾਗ ਸਿੰਘ ਸਿਹਤ ਖਰਾਬ ਹੋਣ ਦਾ ਬਹਾਨਾ ਲਾ ਕੇ ਅੱਜ ਘਰੇ ਹੀ ਰੁਕ ਗਿਆ। ਮਗਰੋਂ ਭਾਗ ਸਿੰਘ ਨੇ ਜੱਸੀ ਨੂੰ ਫ਼ੋਨ ਕਰਕੇ ਆਪਣੇ ਘਰ ਹੀ ਬੁਲਾ ਲਿਆ। ਦੋਵੇਂ ਫਟਾਫਟ ਆਪੋ ਆਪਣੇ ਕੱਪੜੇ ਸਿੱਧੇ ਕਰ ਰਹੇ ਸਨ, ਜੱਸੀ ਨੇ ਚਾਦਰ ਵੀ ਚੰਗੀ ਤਰ੍ਹਾਂ ਵਿਛਾ ਦਿੱਤੀ। ਜਾਂਦੀ ਹੋਈ ਨੇ ਸੁਆਰ ਕੇ ਸਿਰ 'ਤੇ ਚੁੰਨੀ ਲੈ ਲਈ।

ਹੌਲੀ-ਹੌਲੀ ਭਾਗ ਸਿੰਘ ਦੇ ਪਰਿਵਾਰ ਤੱਕ ਵੀ ਗੱਲ ਪੁੱਜਦੀ-ਪੁੱਜਦੀ ਪਹੁੰਚ ਗਈ। ਚੇਤ ਚੌਦੇ ਦੇ ਦਿਨ ਭਾਗ ਸਿੰਘ ਦਾ ਪਰਿਵਾਰ ਜਠੇਰਿਆਂ ਦੀਆਂ ਸਮਾਧਾਂ ਲਈ ਲੰਗਰ ਤਿਆਰ ਕਰੀ ਬੈਠਾ ਸੀ।

"ਤੁਸੀਂ ਜਾ ਆਵੋ ਮੈਂ ਘਰ ਦੀ ਰਾਖੀ ਕਰਾਗਾਂ, ਨਾਲੇ ਅੱਜ ਮੇਰੀ ਤਬੀਅਤ ਠੀਕ ਨਹੀਂ ਹੈ" ਭਾਗ ਸਿੰਘ ਜਾਣ ਤੋਂ ਮਨਾ ਕਰ

ਕਾਲੀ ਰਾਤ ਅਜੇ ਵੀ ਭਾਵੇਂ ਜਾਰੀ ਹੈ।
ਫਿਰ ਵੀ ਜੁਗਨੂੰ ਨ੍ਹੇਰੇ ਉੱਤੇ ਭਾਰੀ ਹੈ। -(ਅਗਲੇ ਸਫ਼ੇ 'ਤੇ)

ਰਿਹਾ ਹੈ।

ਸ਼ਾਮੀ ਭਾਗ ਸਿੰਘ ਨੇ ਜੱਸੀ ਨੂੰ ਘਰ ਆਉਣ ਦਾ ਸੁਨੇਹਾ ਦੇ ਦਿੱਤਾ ਸੀ, ਜੱਸੀ ਨੇ ਭਾਗ ਸਿੰਘ ਨੂੰ ਫੋਨ ਕੀਤਾ, ਪਤਾ ਕਰੇ ਘਰੋਂ ਸਾਰੇ ਚਲੇ ਗਏ ਜਾਂ ਨਹੀਂ, ਭਾਗ ਸਿੰਘ ਦਾ ਨਹਾਉਣ ਗਏ ਦਾ ਫੋਨ ਉਹਦੇ ਵੱਡੇ ਮੁੰਡੇ ਨੇ ਚੁੱਕ ਲਿਆ ਸੀ। ਜਦੋਂ ਜੱਸੀ ਦਾ ਫੋਨ ਆਇਆ ਤਾਂ ਵੱਡੇ ਮੁੰਡੇ ਨੇ ਉਹਨੂੰ, ''ਹੂੰ-ਹੀ'' ਕੀਤੀ ਸੀ। ਜੱਸੀ ਸਮਝ ਗਈ ਭਾਗ ਸਿੰਘ ਨੇ ਹਾਂ ਕਰ ਦਿੱਤੀ ਹੈ। ਅੱਜ ਘਰ ਕੋਈ ਨਹੀਂ ਹੋਵੇਗਾ।

ਜੱਸੀ ਫਟਾਫਟ ਤਿਆਰ ਹੋ ਗਈ ਸੀ। ਉਹਨੇ ਡਿਉਡਰੈਟ ਲਾਇਆ, ਬੁੱਲਾਂ 'ਚ ਬੁੱਲ ਲੈ ਕੇ ਲਿਪਸਟਿਕ ਠੀਕ ਕੀਤੀ। ਸਿਰ 'ਤੇ ਚੁੰਨੀ ਲੈ ਕੇ ਕਾਹਲੇ-ਕਾਹਲੇ ਕਦਮੀ ਭਾਗ ਸਿੰਘ ਦੇ ਘਰ ਵੱਲ ਨੂੰ ਤੁਰ ਪਈ।

ਭਾਗ ਸਿੰਘ ਵੀ ਬੌਡੀ ਸਪ੍ਰੇਅ ਲਾ ਕੇ ਸੋਫ਼ੇ 'ਤੇ ਬੈਠਾ ਉਡੀਕ ਦੇ ਪਲ ਗਿਣ ਰਿਹਾ ਸੀ।

ਪਰਿਵਾਰ ਤਾਂ ਲੰਗਰ ਤਿਆਰ ਕਰ ਕੇ ਸਵੇਰੇ ਹੀ ਘਰੋਂ ਚਲਿਆ ਗਿਆ ਸੀ। ਦੁਪਹਿਰ ਦਾ ਟਿਕ-ਟਿਕਾਅ ਹੋ ਗਿਆ ਸੀ। ਜੱਸੀ ਨੇ ਆਲਾ-ਦੁਆਲਾ ਵੇਖਿਆ ਭਾਗ ਸਿੰਘ ਨੇ ਜੱਸੀ ਨੂੰ ਅੰਦਰ ਵਾੜ ਕੇ ਝੱਟ ਬਾਹਰਲਾ ਗੇਟ ਬੰਦ ਕਰ ਲਿਆ।

ਹਾਬੜੇ ਹੋਏ ਭਾਗ ਸਿੰਘ ਨੇ ਉਹਨੂੰ ਝੱਟ ਬਾਹਾਂ ਵਿਚ ਘੁੱਟ ਲਿਆ। ਹੁਣ ਜੱਸੀ ਤੇ ਭਾਗ ਸਿੰਘ ਇੱਕ ਦੂਜੇ ਦੇ ਸਾਹਾਂ ਤੋਂ ਵੀ ਨੇੜੇ ਸਨ। ਭਾਗ ਸਿੰਘ ਦੇ ਫੋਨ 'ਤੇ ਵੀਡੀਓ ਚੱਲ ਰਹੀ ਹੈ।

ਇੰਨੇ ਨੂੰ ਬਾਹਰੋਂ ਗੇਟ ਖੜਕਣ ਦੀ ਆਵਾਜ਼ ਆ ਗਈ। ਸਾਰਾ ਪਰਿਵਾਰ ਪਲੈਨਿੰਗ ਕਰਕੇ ਗਿਆ ਸੀ, ਅੱਜ ਭਾਗ ਸਿੰਘ ਦੀ ਬਿਗੜੀ ਹੋਈ ਸਿਹਤ ਠੀਕ ਕਰਨੀ ਹੈ।

ਜੋ ਜੂਤ-ਪਤਾਣ ਹੋਈ ਸਾਰਾ ਪਿੰਡ ਥੂਹ-ਥੂਹ ਕਰ ਰਿਹਾ ਸੀ। ਗੁਰਦੁਆਰੇ ਦੀ ਕਮੇਟੀ ਨੇ ਭਾਗ ਸਿੰਘ ਕੋਲੋਂ ਗੋਲਕ ਦੀਆਂ ਚਾਬੀਆਂ ਵਾਪਸ ਲੈ ਲਈਆ। ਪ੍ਰਧਾਨਗੀ ਵੀ ਖੁੱਸ ਗਈ।

ਹੁਣ ਜੱਸੀ ਬਹੁਤ ਉਦਾਸ ਰਹਿਣ ਲੱਗੀ। ਕਿਸੇ ਲਈ ਕੋਈ ਅਰਦਾਸ ਨਹੀਂ ਸੀ ਕਰਦੀ, ਨਾ ਹੀ ਉਹਨੂੰ ਪ੍ਰਦੇਸ ਵਸਦੇ ਪਤੀ ਦੇ ਫੋਨ ਦੀ ਉਡੀਕ ਸੀ। ਜ਼ਮੀਨ ਦਾ ਠੇਕਾ ਆਈ ਜਾ ਰਿਹਾ ਸੀ। ਉਹ ਕੋਈ ਸੁੱਖਣਾ ਵੀ ਨਹੀਂ ਸੁੱਖਦੀ, ਜਿਹਨੂੰ ਪੂਰੀ ਕਰਵਾਉਣ ਲਈ ਉਹਨੂੰ ਗੁਰੂ-ਘਰ ਜਾਣ ਦੀ ਜ਼ਰੂਰਤ ਸੀ। ਜੱਸੀ ਦੇ ਮੁੰਡੇ ਦੇ ਆਇਲਟਸ ਵਿਚੋਂ ਵਧੀਆ ਬੈਂਡ ਆ ਗਏ।

ਕਈ ਦਿਨਾਂ ਮਗਰੋਂ ਜੱਸੀ ਮੈਨੂੰ ਸੈਰ ਤੋਂ ਵਾਪਸ ਆਉਂਦੀ ਰਸਤੇ ਵਿਚ ਟੱਕਰ ਗਈ। ਉਹਦੇ ਚਿਹਰੇ 'ਤੇ ਪਹਿਲਾਂ ਵਾਲੀ ਚਮਕ ਨਹੀਂ ਸੀ। ਲੋਕੀਂ ਹੌਲੀ-ਹੌਲੀ ਗੱਲਾਂ ਭੁੱਲ ਰਹੇ ਹਨ। ਪਰ ਕਦੇ-ਕਦੇ ਪਿੰਡ ਵਾਲੇ ਭਾਗ ਸਿੰਘ ਦੇ ਮੁੰਡੇ ਨੂੰ ਛੇੜ ਲੈਂਦੇ ਹਨ, ''ਕਿੱਦਾਂ 'ਨਵੀਂ ਮੰਮੀ' ਦਾ ਕੀ ਹਾਲ ਐ?'' ਉਹਨੂੰ ਛੇੜ ਕੇ ਮੁੰਡੇ ਅਗਾਂਹ ਲੰਘ ਜਾਂਦੇ। ਭਾਗ ਸਿੰਘ ਦਾ ਮੁੰਡਾ ਮੂੰਹ ਵਿਚ ਹੀ ਆਪਣੇ ਬੁੜ੍ਹੇ ਨੂੰ ਮੋਟੀ ਜਿਹੀ ਗਾਲ੍ਹ ਕੱਢਦਾ।

ਕੁੱਝ ਵਰ੍ਹਿਆਂ ਤੋਂ ਭਾਗ ਸਿੰਘ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਕੇ ਪਿੰਡ ਰਹਿਣ ਲੱਗ ਪਿਆ।

ਲੋਕੀਂ ਦੇਸ਼ਾਂ-ਵਿਦੇਸ਼ਾਂ ਤੋਂ ਪਿੰਡ ਨੂੰ ਆਉਂਦੇ। ਸਾਲ ਵਿਚ ਦੋ ਪ੍ਰੋਗਰਾਮਾਂ 'ਤੇ ਪਿੰਡ ਵਾਲੇ ਰਸਦ ਇਕੱਠੀ ਕਰ ਕੇ 'ਕਲਮਾਂ-ਮੌੜ' 'ਤੇ ਲੰਗਰ ਲਾਉਣ ਜਾਂਦੇ ਹਨ। ਡੇਰੇ ਵਾਲਾ ਬਾਬਾ ਹੌਲੀ-ਹੌਲੀ ਸੰਗਤ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬ ਹੋ ਰਿਹਾ ਹੈ।

ਭਾਗ ਸਿੰਘ ਵੀ ਰਸਦ ਲਿਜਾ ਕੇ ਲੰਗਰ ਵਿਚ ਖੂਬ ਸੇਵਾ ਕਰਦਾ ਹੈ। ਬਾਬੇ ਨੇ ਇਸ ਲੰਗਰ ਸੇਵਾ ਤੋਂ ਹੀ ਹੌਲੀ-ਹੌਲੀ ਵੱਡਾ ਗੁਰੂ ਘਰ ਬਣਾ ਲਿਆ ਹੈ। ਹੁਣ ਤਾਂ ਚਾਰੇ ਪਾਸੇ ਬਾਬੇ ਦੀ ਹੀ ਮਹਿਮਾ ਹੈ।

ਲੰਗਰਾਂ ਦੌਰਾਨ ਹੀ ਇਕੱਠ ਵਿਚ ਜੁੜੀ ਭੀੜ ਵਿੱਚ ਬਾਬੇ ਦਾ ਮੁੰਡਾ ਸ਼ਬਦ ਪੜ੍ਹਿਆ ਕਰਦਾ ਸੀ। ਇੱਥੋਂ ਹੀ ਹੌਲੀ-ਹੌਲੀ ਉੱਭਰਦਾ ਸਟਾਰ ਬਣ ਰਿਹਾ ਹੈ। ਸਟਾਰ ਤਾਂ ਬਣਾ ਦਿੱਤਾ ਚੜ੍ਹਾਵੇ ਦੀ ਮਾਇਆ ਨੇ।

ਬਾਬੇ ਨੇ ਲੰਗਰ ਦੇ ਨਾਂ 'ਤੇ ਪੈਸਾ ਇਕੱਠਾ ਕਰਕੇ ਮੁੰਡੇ ਦੀ ਗਾਇਕੀ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ ਹੈ। ਹੁਣ ਉਹ ਮੁਫ਼ਤ ਵਿਚ ਨਹੀਂ ਗਾਉਂਦਾ। ਬੁਕਿੰਗ ਕਰਵਾਉਣੀ ਪੈਂਦੀ ਹੈ ਪਹਿਲਾਂ।

ਭਾਗ ਸਿੰਘ ਲੰਗਰ ਤਿਆਰ ਕਰ ਰਹੇ ਹਲਵਾਈਆਂ ਨਾਲ ਕੰਮ ਕਰਵਾਉਣ ਨੂੰ ਨੱਠਾ-ਭੱਜਾ ਫਿਰਦਾ ਹੈ। ਭਾਗ ਸਿੰਘ ਸਾਰੀ ਉਮਰ ਤਾਂ ਕਿਰਾਏ ਦੇ ਮਕਾਨਾਂ ਵਿੱਚ ਹੀ ਰਿਹਾ ਹੈ। ਕਦੇ ਕਿਤੇ ਬਦਲੀ ਹੋ ਗਈ ਕਦੇ ਕਿਤੇ। ਪਟਿਆਲੇ ਜਿਸ ਮਕਾਨ ਵਿੱਚ ਉਹ ਰਹਿੰਦਾ ਸੀ ਉਹ ਬੀਬੀ ਵੀ ਸੰਗਤ ਨਾਲ ਹਰ ਸਾਲ ਮੇਲੇ ਵਿੱਚ ਦੋ ਵਾਰੀ ਆਉਂਦੀ ਹੈ। ਬਾਬੇ ਦਾ ਸਾਰਾ ਪਰਿਵਾਰ ਭਾਗ ਸਿੰਘ ਨੂੰ ਚਾਚਾ ਜੀ, ਚਾਚਾ ਜੀ ਆਖਦਾ ਅੱਗੇ-ਪਿੱਛੇ ਘੁੰਮਦਾ ਹੈ।

ਸਾਰੀ ਸੰਗਤ ਦੋ-ਤਿੰਨ ਦਿਨਾਂ ਵਿੱਚ ਮੇਲਿਓਂ ਵਾਪਸ ਮੁੜ ਗਈ ਹੈ। ਭਾਗ ਸਿੰਘ ਦੀ ਮਕਾਨ ਮਾਲਕਣ ਕਹਿੰਦੀ, ''ਮੇਰੀ ਤਬੀਅਤ ਠੀਕ ਨਹੀਂ ਅਜੇ ਸਫ਼ਰ ਨਹੀਂ ਕਰ ਹੋਣਾ'' ਭਾਗ ਸਿੰਘ ਦੀ ਮਕਾਨ ਮਾਲਕਣ ਰਹਿ ਗਈ ਹੈ। ਸੰਗਤ ਨਾਲ ਵਾਪਸ ਨਹੀਂ ਮੁੜੀ। ਭਾਗ ਸਿੰਘ ਪਹਿਲਾਂ ਨੌਕਰੀ ਕਰਦਾ ਸੀ। ਮਕਾਨ ਮਾਲਕਣ ਉਦੋਂ ਦੀ ਹੀ...

''ਕੁੜੀਓ ਆਂਟੀ ਆਪਣੀ ਨੂੰ ਘਰ ਨੂੰ ਨਾਲ ਲੈ ਜਾਵੋ ਇਹਦੀ ਸਿਹਤ ਠੀਕ ਨਹੀਂ ਹੈ।''

''ਅੱਛਾ ਚਾਚਾ ਜੀ ਲੈ ਜਾਂਦੇ ਹਾਂ।''

ਕੁੜੀਆਂ ਭਾਗ ਸਿੰਘ ਦੀ ਮਕਾਨ ਮਾਲਕਣ ਨੂੰ ਆਪਣੀ ਕੋਠੀ ਵਿਚ ਨਾਲ ਹੀ ਲੈ ਜਾਂਦੀਆਂ ਹਨ। ''ਆਂਟੀ ਜੀ! ਤੁਸੀਂ ਕੋਨੇ ਵਾਲੇ ਕਮਰੇ ਵਿਚ ਅਰਾਮ ਕਰ ਲਵੋ।''

ਮਕਾਨ ਮਾਲਕਣ ਸਮਾਨ ਰੱਖਦੀ ਹੈ, ''ਆਂਟੀ ਜੀ ਤੁਸੀਂ ਅਰਾਮ ਕਰੋ ਜੇ ਸਿਹਤ ਠੀਕ ਨਾ ਹੋਈ ਤਾਂ ਦੱਸ ਦੇਣਾ, ਮੈਂ ਤੁਹਾਡੇ ਲਈ ਚਾਹ ਬਣਾ ਕੇ ਲਿਆਉਂਦੀ ਹਾਂ।''

ਭਾਗ ਸਿੰਘ ਦੀ ਮਕਾਨ ਮਾਲਕਣ ਸਿਰ ਨੂੰ ਚੁੰਨੀ ਨਾਲ ਬੰਨ ਕੇ ਕਮਰੇ ਵਿਚ ਲੰਮੀ ਪੈ ਜਾਂਦੀ ਹੈ। ਕੁੜੀਆਂ ਆਪਣੇ ਕੰਮਾਕਾਰਾਂ ਵਿਚ ਲੱਗ ਜਾਂਦੀਆਂ ਹਨ।

ਸ਼ਾਮ ਨੂੰ ਭਾਗ ਸਿੰਘ ਕੋਠੀ ਵਿੱਚ ਆ ਕੇ ਕੁੜੀਆਂ ਨੂੰ ਪੁੱਛਦਾ ਹੈ, ''ਆਂਟੀ ਤੁਹਾਡੀ ਦੀ ਸਿਹਤ ਠੀਕ ਨਹੀਂ ਸੀ, ਕਿੱਧਰ ਹੈ? ਕੋਈ ਦਵਾ ਦਾਰੂ ਹੀ ਲਿਆ ਦੇਣੀ ਸੀ।''

ਭਾਗ ਸਿੰਘ ਅੱਖ ਬਚਾ ਕੇ ਪੋਲੇ-ਪੋਲੇ ਪੈਰੀਂ ਮਕਾਨ ਮਾਲਕਣ ਦੇ ਕਮਰੇ ਵਿੱਚ ਚਲਾ ਜਾਂਦਾ ਹੈ।

''ਐਥੇ ਚਾਚਾ ਜੀ ਆਏ ਸਨ, ਕਿੱਧਰ ਗਏ?''

''ਪਤਾ ਨਹੀਂ'' ਦੂਜੀ ਕੁੜੀ ਜੁਆਬ ਦਿੰਦੀ ਹੈ। ਚਾਹ ਠੰਡੀ ਹੋ ਰਹੀ ਹੈ।

ਕਰ ਨਾ ਚਿੰਤਾ 'ਰਜਨੀ' ਇਹਨਾਂ ਚਿੜੀਆਂ ਦੀ,
ਹੁਣ ਵੀ ਬਾਜ਼ਾਂ ਨਾਲ਼ ਲੜਾਈ ਜਾਰੀ ਹੈ। -ਰਜਨੀ ਸ਼ਰਮਾ

ਭਾਗ ਸਿੰਘ ਨੂੰ ਲੱਭਦਾ-ਲੱਭਦਾ ਪਰਿਵਾਰ ਕਮਰੇ ਵੱਲ ਨੂੰ ਵਧਦਾ ਹੈ। ਬਥੇਰਾ ਰੌਲਾ ਪਾਇਆ, ਅਖੀਰ ਕੁੰਡਾ ਤੋੜ ਕੇ ਦੋਹਾਂ ਨੂੰ ਬਾਹਰ ਕੱਢਿਆ...

ਹੁਣ ਭਾਗ ਸਿੰਘ ਕਿਸੇ ਮੇਲੇ 'ਤੇ ਨਹੀਂ ਜਾਂਦਾ ਉਸ 'ਤੇ ਪਾਬੰਦੀ ਲੱਗ ਚੁੱਕੀ ਹੈ ਤੇ ਉਹ ਜੱਸੀ ਨਾਲ ਫਿਰ ਨਜ਼ਰਾਂ ਮਿਲਾਉਣ ਦੀ ਤਾਕ ਵਿਚ ਹੈ... ਪਰ ਜੱਸੀ ਮੈਨੂੰ ਸਿਰ 'ਤੇ ਸੁਆਰ ਕੇ ਚੁੰਨੀ ਲਈ ਮੋੜ ਤੇ ਮਿਲੀ ਤੇ ਅਗਾਂਹ ਲੰਘ ਗਈ।

ਕਹਾਣੀ

# ਜੰਮਣ ਭੋਂਇ ਦੀ ਮਿੱਟੀ

**ਬਲਵਿੰਦਰ ਸਿੰਘ ਭੁੱਲਰ**



ਬਲਵਿੰਦਰ ਸਿੰਘ ਭੁੱਲਰ

ਬਾਬਾ ਇੰਦਰ ਸਿੰਘ ਸੁੱਖ ਨਾਲ ਇੱਕ ਸਦੀ ਦੀ ਉਮਰ ਭੋਗ ਕੇ ਆਪਣਾ ਰਸਦਾ-ਵਸਦਾ ਪਰਿਵਾਰ ਛੱਡ ਕੇ ਚੱਲ ਵਸਿਆ ਸੀ। ਏਨੀ ਲੰਬੀ ਜਿੰਦਗੀ 'ਚ ਉਸਨੇ ਬਹੁਤ ਚੰਗੇ ਮਾੜੇ ਦਿਨ ਅਤੇ ਉਤਰਾਅ ਚੜਾਅ ਵੇਖੇ ਸਨ। ਮਰਨ ਸਮੇਂ ਉਹ ਬਹੁਤ ਸੋਹਣਾ ਸਮਾਂ ਬਤੀਤ ਕਰ ਰਿਹਾ ਸੀ। ਉਸਦੇ ਚਾਰੇ ਪੁੱਤਰ ਵੀ ਅੱਗੇ ਪੋਤੇ-ਦੋਹਤਿਆਂ ਵਾਲੇ ਹੋ ਗਏ ਸਨ। ਜੀਵਨ ਸਾਥਣ ਵੀਹ ਕੁ ਸਾਲ ਪਹਿਲਾਂ ਵਿਛੋੜਾ ਦੇ ਗਈ ਸੀ। ਉਹ ਵੀ ਦਰਵੇਸ਼ ਕਿਸਮ ਦੀ ਬੁੜ੍ਹੀ ਸੀ। ਹਰ ਸਮੇਂ 'ਵਾਖਰੂ ਵਾਖਰੂ' ਕਰਦੀ ਰਹਿੰਦੀ, ਕੌੜਾ ਲਫ਼ਜ ਤਾਂ ਉਸਦੇ ਮੂੰਹੋਂ ਕਦੇ ਸੁਣਿਆਂ ਹੀ ਨਹੀਂ ਸੀ। ਆਂਢ-ਗੁਆਂਢ ਦੀਆਂ ਜਨਾਨੀਆਂ ਉਹਨੂੰ 'ਅੰਮਾਂ ਜੀ ਅੰਮਾਂ ਜੀ' ਕਰਦੀਆਂ ਨਾ ਥੱਕਦੀਆਂ। ਉਹ ਵੀ ਦੁੱਧੀਂ ਪਲੋਂ ਤੇ ਪੁੱਤੀਂ ਫਲੋਂ ਦੀਆਂ ਅਸੀਸਾਂ ਦਿੰਦੀ। ਉਸਦੀ ਉਮਰ ਵੀ ਅੱਸੀਆਂ ਦੇ ਨੇੜੇ ਪਹੁੰਚ ਗਈ ਸੀ, ਜਦੋਂ ਕੈਂਸਰ ਦੀ ਨਾਮੁਰਾਦ ਬੀਮਾਰੀ ਨੇ ਉਸਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਦੋ ਕੁ ਸਾਲ ਵਿੱਚ ਹੀ ਇਹ ਬੀਮਾਰੀ ਉਸਨੂੰ ਖਾ ਹੀ ਗਈ। ਉਸਦੇ ਤੁਰ ਜਾਣ ਬਾਅਦ ਬਾਬਾ ਇੰਦਰ ਸਿੰਘ ਨੂੰ ਇੱਕ ਵਾਰ ਤਾਂ ਇਕੱਲਤਾ ਜਿਹੀ ਮਹਿਸੂਸ ਹੋਈ, ਪਰ ਨੂੰਹਾਂ-ਪੁੱਤਾਂ ਵੱਲੋਂ ਕੀਤੀ ਜਾਂਦੀ ਸੇਵਾ ਸਦਕਾ ਉਹ ਮੁੜ ਹੌਸਲਾ ਫੜ ਗਿਆ ਸੀ।

ਲੰਬੀ ਉਮਰ ਸਦਕਾ ਸਾਰਾ ਪਿੰਡ ਇੰਦਰ ਸਿੰਘ ਨੂੰ ਸਤਿਕਾਰ ਵਜੋਂ ਬਾਬਾ ਜੀ ਕਹਿ ਕੇ ਹੀ ਬੁਲਾਉਂਦਾ ਸੀ। ਪਿੰਡ ਵਿੱਚ ਉਸਦੀ ਬਹੁਤ ਮਾਣ ਇੱਜ਼ਤ ਸੀ। ਕਿਸੇ ਨੇ ਪਿੰਡ ਜਾਂ ਇਲਾਕੇ ਨਾਲ ਸਬੰਧਤ ਕੋਈ ਭੁੱਲੀ ਵਿਸਰੀ ਗੱਲ ਸਪਸ਼ਟ ਕਰਨੀ ਹੁੰਦੀ ਤਾਂ ਦੂਜਾ ਉਸਨੂੰ ਕਹਿੰਦਾ, ''ਬਾਬਾ ਇੰਦਰ ਸਿੰਘ ਨੂੰ ਪੁੱਛੋ। ਉਹ ਹੀ ਦੱਸ ਸਕਦੈ। ਉਹਨੇ ਸਭ ਕੁਛ ਅੱਖੀਂ ਤੱਕਿਆ ਹੋਇਐ।'' ਉਸਨੇ ਬਲਦਾਂ ਊਠਾਂ ਦੇ ਹਲਾਂ ਤੋਂ ਕੰਬਾਈਨਾਂ ਤੱਕ ਦਾ ਸਮਾਂ, ਫੱਟੀਆਂ ਵਾਲੇ ਸਕੂਲਾਂ ਤੋਂ ਸਮਾਰਟ ਸਕੂਲਾਂ ਤੱਕ, ਗੱਡਿਆਂ ਤੋਂ ਜਹਾਜ਼ਾਂ ਤੱਕ, ਬਾਜਰੇ ਦੀਆਂ ਰੋਟੀਆਂ ਤੋਂ ਪੀਜ਼ਿਆਂ ਤੱਕ ਦਾ ਸਮਾਂ ਵੇਖਿਆ ਹੋਇਆ ਸੀ। ਯਾਦਾਸ਼ਤ ਵੀ ਉਸਦੀ ਬਹੁਤ ਚੰਗੀ ਸੀ, ਗੱਲ ਕਰਦਾ ਉਹ ਦੁੱਧੋਂ ਪਾਣੀ ਨਿਤਾਰ ਦਿੰਦਾ ਸੀ। ਸੱਚ ਕਹਿਣਾ ਵੀ ਉਸਦਾ ਵੱਡਾ ਗੁਣ ਸੀ। ਕਿਸੇ ਦੇ ਗੋਡੇ ਲੱਗੇ ਗਿੱਟੇ ਲੱਗੇ ਉਹ ਸੱਚੀ ਗੱਲ ਕਹਿਣ ਵੇਲੇ ਸੰਕੋਚ ਨਹੀਂ ਸੀ ਕਰਦਾ।

ਪੋਹ ਦੀ ਠੰਢੀ ਰਾਤ ਲੰਘੀ ਤਾਂ ਸੁਬਾ ਦੇ ਨਿੱਤਨੇਮ ਉਪਰੰਤ ਗੁਰਦੁਆਰੇ ਦੇ ਭਾਈ ਜੀ ਨੇ ਸਪੀਕਰ ਤੋਂ ਪਿੰਡ ਨੂੰ ਜਾਣਕਾਰੀ ਦਿੱਤੀ ਕਿ ਭਾਈ ਬਾਬਾ ਇੰਦਰ ਸਿੰਘ ਜੀ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਇਹ ਸੁਣਦਿਆਂ ਹੀ ਪਿੰਡ ਦੇ ਲੋਕ ਉਹਨਾਂ ਦੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ। ਬਾਬਾ ਜੀ ਦਾ ਪਰਿਵਾਰ ਭਾਵੇਂ ਉਹਨਾਂ ਦੇ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸੀ, ਪਰ ਮੌਤ ਤਾਂ ਮੌਤ ਹੀ ਹੁੰਦੀ ਹੈ। ਘਰ ਦਾ ਕੋਈ ਜੀਅ ਜਦੋਂ ਸਦਾ ਲਈ ਵਿਛੜਦਾ ਹੈ ਤਾਂ ਦੁੱਖ ਜ਼ਰੂਰ ਹੁੰਦਾ ਹੈ। ਕਹਿੰਦੇ ਨੇ ਦਰਖ਼ਤ ਦੀ ਟਾਹਣੀ ਟੁੱਟੇ ਤਾਂ ਉਸ ਵਿੱਚੋਂ ਵੀ ਵਿਛੋੜੇ ਦਾ ਪਾਣੀ ਸਿੰਮਦੈ, ਇਨਸਾਨ ਦਾ ਵਿਛੜਨਾ ਤਾਂ ਵੱਡੀ ਗੱਲ ਐ। ਦੁਪਹਿਰ ਤੱਕ ਰਿਸ਼ਤੇਦਾਰ ਵੀ ਪਹੁੰਚ ਗਏ। ਬਾਬਾ ਇੰਦਰ ਸਿੰਘ ਨੂੰ ਅਖ਼ੀਰਲਾ ਇਸ਼ਨਾਨ ਕਰਵਾਇਆ ਗਿਆ। ਉਸਦੇ ਚਿੱਟਾ ਕੁੜਤਾ ਪਜਾਮਾ ਪਾ ਕੇ ਉਪਰ ਦੀ ਪਾਈ ਕ੍ਰਿਪਾਨ ਦਾ ਕਾਲਾ ਗਾਤਰਾ ਵਿਸ਼ੇਸ਼ ਖਿੱਚ ਪਾ ਰਿਹਾ ਸੀ। ਨੀਲੀ ਦਸਤਾਰ ਬੰਨ੍ਹ ਦਿੱਤੀ। ਦੁੱਧ ਚਿੱਟਾ ਦਾਹੜਾ ਕੰਘੇ ਨਾਲ ਵਾਹ ਕੇ ਸਿੱਧਾ ਕਰ ਦਿੱਤਾ। ਅਰਥੀ 'ਤੇ ਪਿਆ ਬਾਬਾ ਇੰਦਰ ਸਿੰਘ ਇਉਂ ਲਗਦਾ ਸੀ, ਕਿ ਹੁਣੇ ਉੱਠ ਕੇ ਪੁੱਛੂ, ''ਭਾਈ 'ਕੱਠ ਜਾ ਕਿਵੇਂ ਹੋਇਐ।'' ਪਰ ਉੱਠਣਾ ਕਿੱਥੇ ਸੀ, ਇਹ ਤਾਂ ਬਾਬੇ ਦਾ ਕਲਬੂਤ ਹੀ ਸੀ, ਪੰਖੇਰੂ ਤਾਂ ਕਦੋਂ ਦਾ ਉਡਾਰੀ ਮਾਰ ਗਿਆ ਸੀ।

ਬਾਬੇ ਦੇ ਪੁੱਤਰਾਂ ਨੇ ਅਰਥੀ ਚੁੱਕੀ ਤੇ ਸਮਸ਼ਾਨ ਘਾਟ ਵੱਲ ਤੁਰ ਪਏ। ਗੁਰਦੁਆਰੇ ਦਾ ਭਾਈ ਜੀ ਹਰਮੋਨੀਅਮ ਨੂੰ ਪਰਨੇ ਨਾਲ ਬੰਨ੍ਹ ਕੇ ਗਲ ਵਿੱਚ ਪਾਈ ਮਜ਼ਲਸ ਨਾਲ ਸ਼ਬਦ ਕੀਰਤਨ ਕਰਦਾ ਤੁਰਿਆ ਜਾ ਰਿਹਾ ਸੀ, ਦੂਜਾ ਸਿੰਘ ਢੋਲਕੀ ਵਜਾ ਰਿਹਾ ਸੀ। ਇੱਕ ਹੋਰ ਚਿਮਟਾ ਵਜਾ ਰਿਹਾ ਸੀ। ਬਾਬਾ ਇੰਦਰ ਸਿੰਘ ਦੀ ਅਰਥੀ ਨੂੰ ਨਗਰ ਕੀਰਤਨ ਦੀ ਸ਼ਕਲ ਵਿੱਚ ਆਖ਼ਰੀ ਵਿਦਾਇਗੀ ਲਈ ਲਿਜਾਇਆ ਜਾ ਰਿਹਾ ਸੀ। ਵੱਡੀ ਗਿਣਤੀ ਵਿੱਚ ਮਰਦ-ਔਰਤਾਂ ਵੀ ਅਰਥੀ ਮਗਰ 'ਵਾਹਿਗੁਰੂ ਵਾਹਿਗੁਰੂ' ਕਰਦੇ ਚੱਲ ਰਹੇ ਸਨ। ਵਾਰੀ-ਵਾਰੀ ਪਿੰਡ ਵਾਸੀ ਅਰਥੀ ਨੂੰ ਹੱਥ ਦਾ ਸਹਾਰਾ ਦੇ ਰਹੇ ਸਨ, ਜਿਵੇਂ ਉਹ ਬਾਬਾ ਜੀ ਤੋਂ ਆਸ਼ੀਰਵਾਦ ਲੈਂਦੇ ਹੋਣ। ਸ਼ਮਸ਼ਾਨ ਘਾਟ ਪਹੁੰਚ ਕੇ ਮ੍ਰਿਤਕ ਸਰੀਰ ਨੂੰ ਲੱਕੜਾਂ 'ਤੇ ਸਜਾਕੇ ਰੱਖ ਦਿੱਤਾ ਗਿਆ। ਪੁੱਤਰਾਂ ਨੇ ਮੂੰਹ 'ਚ ਦੇਸੀ ਘਿਓ ਪਾਇਆ। ਚਿਖ਼ਾ 'ਤੇ ਖੁਸ਼ਬੂਦਾਰ ਸਮੱਗਰੀ ਖਿਲਾਰੀ ਗਈ। ਚੰਦਨ ਦੀ ਲੱਕੜ ਦਾ ਇੱਕ ਟੁਕੜਾ ਵੀ ਰੱਖ ਦਿੱਤਾ ਗਿਆ। ਜਦ ਅਗਨੀ ਵਿਖਾਉਣ ਦੀ ਮੁਕੰਮਲ ਤਿਆਰੀ ਹੋ ਗਈ ਤਾਂ ਬਾਬਾ ਜੀ ਦਾ ਵੱਡਾ ਪੁੱਤਰ ਸੁਰਮੁੱਖ ਸਿੰਘ ਅਗਾਂਹ ਹੋਇਆ। ਉਸਦੇ ਹੱਥ ਵਿੱਚ ਇੱਕ ਛੋਟਾ ਜਿਹਾ ਪਲਾਸਟਿਕ ਦਾ ਡੱਬਾ ਸੀ। ਉਸਨੇ ਡੱਬਾ ਖੋਹਲਿਆ ਤੇ ਉਸ ਵਿਚਲੀ ਮਿੱਟੀ ਵਰਗੀ ਕੋਈ ਵਸਤੂ ਉਸਨੇ ਸਾਰੀ ਚਿਤਾ 'ਤੇ ਬਿਖੇਰ ਦਿੱਤੀ। ਫੇਰ ਚਿਤਾ ਨੂੰ ਅਗਨੀ ਵਿਖਾਈ ਗਈ। ਪਾਠੀ ਸਿੰਘ ਨੇ ਕੀਰਤਨ ਸੋਹਿਲਾ ਦਾ ਪਾਠ ਕੀਤਾ ਤੇ ਅਰਦਾਸ ਕੀਤੀ। ਲੋਕ ਘਰਾਂ ਨੂੰ ਤੁਰ ਗਏ। ਸੁਰਮੁਖ ਸਿੰਘ ਦੀ ਆਖ਼ਰੀ ਰਸਮ ਸਾਰਿਆਂ

ਚਾਰ ਦਹਾਕੇ ਬੀਤ ਗਏ ਪਰ ਜ਼ਖ਼ਮ ਅਜੇ ਵੀ ਅੱਲੇ।
ਗਰਮ ਹਵਾਵਾਂ ਵਗੀਆਂ ਸਨ ਜਦ ਹਰਿਮੰਦਰ ਦੇ ਵੱਲੇ। (ਅਗਲੇ ਸਫ਼ੇ 'ਤੇ)

ਲਈ ਇੱਕ ਬੁਝਾਰਤ ਬਣੀ ਹੋਈ ਸੀ, ਉਸਨੇ ਸਭ ਤੋਂ ਮਗਰੋਂ ਅਜਿਹੀ ਕਿਹੜੀ ਸਮੱਗਰੀ ਬਿਖੇਰੀ ਸੀ। ਲੋਕਾਂ ਨੇ ਅਜਿਹੀ ਰਸਮ ਪਹਿਲੀ ਵਾਰ ਹੀ ਵੇਖੀ ਸੀ।

ਬਾਬਾ ਇੰਦਰ ਸਿੰਘ ਦਾ ਜਨਮ ਇੱਕ ਚੰਗੇ ਅਮੀਰ ਖ਼ਾਨਦਾਨ ਵਿੱਚ ਹੋਇਆ ਸੀ। ਉਸਦਾ ਬਾਪ ਪਹਾੜਾ ਸਿੰਘ ਸਿਆਲਕੋਟ ਦੇ ਨੇੜਲੇ ਪਿੰਡ ਮਨਸੂਰਪੁਰ ਦਾ ਲੰਬੜਦਾਰ ਹੁੰਦਾ ਸੀ। ਉਸ ਕੋਲ ਛੇ ਮੁਰੱਬੇ ਜ਼ਮੀਨ ਸੀ। ਸੀਰੀ ਪਾਲੀ ਕਾਮੇ ਉਹਦੇ ਖੇਤਾਂ ਵਿੱਚ ਕੰਮ ਕਰਦੇ ਅਤੇ ਉਹ ਤਾਂ ਸ਼ੌਕ ਨਾਲ ਹੀ ਗੇੜਾ ਮਾਰਦਾ। ਲੰਬੇ ਕੱਦ ਅਤੇ ਭਰਵੇਂ ਸਰੀਰ ਦਾ ਪਹਾੜਾ ਸਿੰਘ ਤੁਰਲੇ ਵਾਲੀ ਪੱਗ ਬੰਨ੍ਹਦਾ। ਧੂਹਵਾਂ ਚਾਦਰਾ ਬੰਨ੍ਹਦਾ, ਗਾਤਰੇ ਵਾਂਗ ਉਹ ਰਿਵਾਲਵਰ ਪਾ ਕੇ ਰਖਦਾ। ਘੋੜੀ 'ਤੇ ਉਹ ਕੇਵਲ ਆਪਣੇ ਖੇਤ ਹੀ ਨਹੀਂ ਸਗੋਂ ਨਾਲ ਲਗਦੇ ਪਿੰਡਾਂ ਮੁਕੰਦਪੁਰ, ਜੌਹਲਾਂ, ਸਰੀਂਹ, ਬੰਗੇ, ਰੁੜਕਾ ਵਿੱਚ ਵੀ ਗੇੜਾ ਲਾਉਂਦਾ। ਉਸਦੀ ਸਰਕਾਰੇ ਦਰਬਾਰੇ ਵੀ ਚੰਗੀ ਚਲਦੀ ਸੀ। ਉਹ ਆਵਦੇ ਪਿੰਡ ਵਿੱਚ ਹਰ ਸਾਲ ਛਿੰਝ ਕਰਵਾਉਂਦਾ। ਦੂਰੋਂ ਦੂਰੋਂ ਚੋਟੀ ਦੇ ਪਹਿਲਵਾਨ ਪਹੁੰਚਦੇ... ਅਖਾੜਾ ਪੁੱਟਿਆ ਜਾਂਦਾ... ਮੱਲ ਪੱਟਾਂ ਨੂੰ ਤੇਲ ਲਾਉਂਦੇ... ਡੰਡ ਬੈਠਕਾਂ ਮਾਰਦੇ... ਦੁੱਧ ਦੀਆਂ ਬਾਲਟੀਆਂ ਤੇ ਘਿਓ ਦੇ ਪੀਪੇ ਖਾਲੀ ਕਰ ਦਿੰਦੇ... ਢੋਲੀ ਢੋਲ ਤੇ ਡੱਗਾ ਲਾਉਂਦਾ... ਮੱਲ ਘੁਲਦੇ... ਦਰਸ਼ਕ ਲਲਕਾਰੇ ਮਾਰਦੇ... ਪਹਾੜਾ ਸਿੰਘ ਘੁਲਦੇ ਮੱਲਾਂ ਦੁਆਲੇ ਅਖਾੜੇ ਵਿੱਚ ਗੇੜਾ ਲਾਉਂਦਾ... ਜਿੱਤ ਹਾਸਲ ਕਰਨ ਵਾਲੇ ਮੱਲ ਨੂੰ ਨਕਦ ਇਨਾਮ ਦਿੰਦਾ... ਸਾਰੇ ਮੱਲਾਂ ਨੂੰ ਪੰਜ-ਪੰਜ ਸੇਰ ਘਿਓ ਦਿੰਦਾ... ਖੁਸ਼ ਕਰਕੇ ਤੋਰਦਾ...। ਦੂਰ ਦੂਰ ਤੱਕ ਮਨਸੂਰਪੁਰ ਦੀ ਛਿੰਝ ਦੀ ਚਰਚਾ ਹੁੰਦੀ ਰਹਿੰਦੀ ਸੀ।

ਇੰਦਰ ਸਿੰਘ ਛੇ ਸਾਲ ਦਾ ਹੋਇਆ ਤਾਂ ਉਸਨੂੰ ਪਿੰਡ ਦੇ ਸਕੂਲ ਵਿੱਚ ਪੜ੍ਹਨ ਲਾ ਦਿੱਤਾ ਸੀ। ਉਹਦੀ ਜਮਾਤ ਵਿੱਚ ਗੁਜਰ ਸਿੰਘ, ਸਿਰਾਜ, ਰਫ਼ੀਕ, ਹਮੀਦ, ਕੁੜੀਆਂ ਸਕੀਨਾ, ਹਸ਼ਮਤੇ, ਰਸੂਲਾਂ ਆਦਿ ਪੜ੍ਹਦੇ ਸਨ। ਸਾਰਿਆਂ ਦਾ ਬਹੁਤ ਪਿਆਰ ਸੀ। ਸਾਰੇ ਇਕੱਠੇ ਹੀ ਖੇਡਦੇ, ਪੜ੍ਹਦੇ ਤੇ ਖਾਂਦੇ ਪੀਂਦੇ ਸਨ। ਧਰਮਾਂ-ਜਾਤਾਂ-ਗੋਤਾਂ ਦੇ ਫ਼ਰਕ ਦਾ ਉਹਨਾਂ ਨੂੰ ਕੋਈ ਇਲਮ ਤੱਕ ਨਹੀਂ ਸੀ। ਸੰਨ ਸੰਤਾਲੀ ਆਇਆ ਤਾਂ ਇੱਕ ਧਾਰਮਿਕ ਵੰਡੀਆਂ ਦੀ ਹਨੇਰੀ ਉੱਠੀ। ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਚੜ੍ਹਦੇ-ਪੰਜਾਬ ਦੇ ਮੁਸਲਮਾਨ ਉੱਜੜ ਦੇ ਲਹਿੰਦੇ-ਪੰਜਾਬ ਵੱਲ ਜਾਣ ਲੱਗੇ ਅਤੇ ਲਹਿੰਦੇ-ਪੰਜਾਬ ਦੇ ਹਿੰਦੂ ਤੇ ਸਿੱਖ ਚੜ੍ਹਦੇ-ਪੰਜਾਬ ਵੱਲ ਜਾਣ ਲੱਗੇ। ਕੁੱਝ ਸ਼ਰਾਰਤੀ ਲੋਕਾਂ ਵੱਲੋਂ ਪੈਦਾ ਕੀਤੀ ਨਫ਼ਰਤ ਸਦਕਾ ਦੋਵੇਂ ਪਾਸੀਂ ਕਤਲੋਗ਼ਾਰਤ ਸ਼ੁਰੂ ਹੋ ਗਈ। ਮਨਸੂਰਪੁਰ ਦੇ ਲੋਕਾਂ ਵਿੱਚ ਬਹੁਤ ਮੁਹੱਬਤ ਸੀ, ਇਹ ਪਿੰਡ ਪਾਕਿਸਤਾਨ ਵਿੱਚ ਰਹਿ ਗਿਆ ਸੀ। ਉੱਥੇ ਵੱਸਦੇ ਹਿੰਦੂਆਂ ਸਿੱਖਾਂ ਨੇ ਪਿੰਡ ਛੱਡਣ ਲਈ ਤਿਆਰੀ ਕਰਨੀ ਸ਼ੁਰੂ ਕੀਤੀ। ਉਹ ਪਹਾੜਾ ਸਿੰਘ ਲੰਬਰਦਾਰ ਦੀ ਹਵੇਲੀ ਵਿੱਚ ਇਕੱਠੇ ਹੋਏ। ਇਹ ਪਤਾ ਲਗਦਿਆਂ ਹੀ ਪਿੰਡ ਦੇ ਮੋਹਤਬਰ ਮੁਸਲਮਾਨ ਕਰੀਮ ਬਖ਼ਸ਼, ਨੂਰਦੀਨ, ਤਾਜ਼ਦੀਨ ਹੋਰੀਂ ਆ ਪਹੁੰਚੇ। ਉਹ ਕਹਿਣ ਲੱਗੇ ਕਿ ਉਹਨਾਂ ਨੂੰ ਪਿੰਡ ਨਹੀਂ ਛੱਡਣਾ ਚਾਹੀਦਾ, ਅਸੀਂ ਪੂਰੀ ਹਿਫ਼ਾਜਤ ਕਰਾਂਗੇ। ਕੋਈ ਓਹਨਾਂ ਦੀ ਵਾਅ ਵੱਲ ਨਹੀਂ ਝਾਕ ਸਕਦਾ। ਬੇਫ਼ਿਕਰ ਹੋ ਕੇ ਆਪੋ ਆਪਣੇ ਘਰੀਂ ਰਹੋ। ਪਿੰਡ ਵਾਸੀਆਂ ਦੇ ਪਿਆਰ ਤੇ ਭਰੋਸੇ ਸਦਕਾ ਉਹਨਾਂ ਪਿੰਡ ਨਾ ਛੱਡਣ ਦਾ ਫ਼ੈਸਲਾ ਕਰ ਹੀ ਲਿਆ। ਦੋ ਦਿਨ ਉਹ ਸ਼ਾਂਤੀ ਨਾਲ ਰਹੇ। ਫੇਰ ਆਂਢ-ਗੁਆਂਢ ਦੇ ਪਿੰਡਾਂ ਦੇ ਕੁੱਝ ਸ਼ਰਾਰਤੀ ਮੁਸਲਮਾਨ ਨੌਜਵਾਨਾਂ ਨੇ ਇਕੱਠੇ ਹੋ ਕੇ ਮਨਸੂਰਪੁਰ ਤੇ ਹਮਲਾ ਕਰ ਦਿੱਤਾ। ਉਹ ਬਰਛੇ, ਕ੍ਰਿਪਾਨਾਂ, ਡਾਂਗਾਂ ਨਾਲ ਲੈਸ ਹੋ ਕੇ ਨਾਅਰੇ ਮਾਰਦੇ ਹੋਏ ਆਏ। ਉਹਨਾਂ ਮਨਸੂਰਪੁਰ ਵਾਸੀਆਂ ਨੂੰ ਬੁਰਾ ਭਲਾ ਬੋਲਿਆ ਕਿ ਉਹਨਾਂ ਹੁਣ ਤੱਕ ਕਾਫ਼ਰਾਂ ਨੂੰ ਕਿਉਂ ਨਹੀਂ ਮੁਕਾਇਆ। ਪਿੰਡ ਦੇ ਲੋਕਾਂ ਨੇ ਉਹਨਾਂ ਦੇ ਮੂਹਰੇ ਹੋ ਕੇ ਰੋਕਣ ਦਾ ਯਤਨ ਤਾਂ ਕੀਤਾ, ਪਰ ਨਫ਼ਰਤ ਦੇ ਡੰਗੇ ਇਹ ਸ਼ਰਾਰਤੀ ਰੁਕਣ ਵਾਲੇ ਨਹੀਂ ਸੀ। ਉਹ ਪਿੰਡ ਦੀਆਂ ਗਲੀਆਂ ਵਿੱਚ ਜਾ ਵੜੇ।

ਲੰਬੜਦਾਰ ਪਹਾੜਾ ਸਿੰਘ ਦੇ ਘਰ ਕਾਫ਼ੀ ਹਿੰਦੂ ਸਿੱਖ ਇਕੱਠੇ ਹੋਏ ਬੈਠੇ ਸਨ। ਹਮਲਾਵਰਾਂ ਨੇ ਇੱਕਦਮ ਹੱਲਾ ਬੋਲਿਆ ਤੇ ਕਤਲੋਗਾਰਤ ਸ਼ੁਰੂ ਕਰ ਦਿੱਤੀ। ਪਹਾੜਾ ਸਿੰਘ ਦੇ ਢਿੱਡ ਵਿੱਚ ਬਰਛਾ ਮਾਰਿਆ ਤੇ ਉਹ ਥਾਏਂ ਈ ਢੇਰੀ ਹੋ ਗਿਆ। ਕਿਸੇ ਤੇ ਕ੍ਰਿਪਾਨ ਦਾ ਵਾਰ ਕਰਕੇ ਧੌਣ ਵੱਢ ਦਿੱਤੀ, ਕਿਸੇ ਦੇ ਸਿਰ 'ਚ ਸੋਟਾ ਮਾਰ ਕੇ ਸਿਰ ਫੇਹ ਦਿੱਤਾ, ਕਿਸੇ ਦੇ ਢਿੱਡ ਵਿੱਚ ਛੁਰਾ ਮਾਰਿਆ। ਸੱਤ ਕੁ ਸਾਲ ਦਾ ਇੰਦਰ ਸਿੰਘ ਆਪਣੀਆਂ ਅੱਖਾਂ ਨਾਲ ਵੇਖਦਾ ਹੋਇਆ ਡਰਿਆ ਖੜਾ ਸੀ। ਇੱਕ ਨੌਜਵਾਨ ਨੇ ਉਸਦੀ ਮਾਂ 'ਤੇ ਕ੍ਰਿਪਾਨ ਨਾਲ ਵਾਰ ਕੀਤਾ, ਉਸਦੀ ਗਰਦਨ ਵੱਢ ਦਿੱਤੀ। ਇਹ ਵੇਖਦਿਆਂ ਇੰਦਰ ਦੀ ਝੰਗਿਆੜ ਨਿਕਲ ਗਈ। ਇਨੇ ਇੱਕ ਨੌਜਵਾਨ ਹਮਲਾਵਰ ਨੇ ਇੰਦਰ ਦੇ ਢਿੱਡ ਵਿੱਚ ਛੁਰਾ ਮਾਰਿਆ ਤੇ ਉਹ ਡਿੱਗ ਪਿਆ। ਹਮਲਾ ਕਰਨ ਵਾਲੇ ਅੱਧੇ ਕੁ ਘੰਟੇ ਵਿੱਚ ਆਪਣਾ ਕੰਮ ਮੁਕਾ ਕੇ ਤੁਰ ਗਏ। ਕੁਝ ਸਮੇਂ ਬਾਅਦ ਫੌਜ ਤੇ ਪੁਲਿਸ ਦੇ ਜਵਾਨ ਪਹੁੰਚ ਗਏ। ਉਹਨਾਂ ਸਹਿਕਦੇ ਕੁੱਝ ਮਰਦ ਔਰਤਾਂ ਅਤੇ ਬੱਚਿਆਂ ਨੂੰ ਗੱਡੀਆਂ ਵਿੱਚ ਪਾ ਕੇ ਸਿਆਲਕੋਟ ਦੇ ਹਸਪਤਾਲ ਵਿੱਚ ਪਹੁੰਚਾਇਆ, ਜਿਹਨਾਂ ਵਿੱਚ ਇੰਦਰ ਸਿੰਘ ਅਤੇ ਉਸਦਾ ਤਾਇਆ ਕਰਮ ਸਿੰਘ ਵੀ ਸ਼ਾਮਲ ਸਨ। ਸਾਰੇ ਪਰਿਵਾਰ ਚੋਂ ਸਿਰਫ਼ ਇਹ ਦੋਵੇਂ ਹੀ ਜਿੰਦਾ ਬਚੇ ਸਨ।

ਕਈ ਦਿਨ ਉਹ ਹਸਪਤਾਲ ਵਿੱਚ ਇਲਾਜ ਕਰਵਾਉਂਦੇ ਰਹੇ, ਪਰ ਉਹਨਾਂ ਨੂੰ ਮੌਤ ਸਿਰ ਤੇ ਖੜੀ ਹੀ ਦਿਖਾਈ ਦਿੰਦੀ ਸੀ। ਕਰਮ ਸਿੰਘ ਨੇ ਲਹਿੰਦਾ-ਪੰਜਾਬ ਛੱਡ ਜਾਣ ਦਾ ਮਨ ਬਣਾ ਲਿਆ ਸੀ। ਜਦ ਉਹ ਕੁੱਝ ਤੁਰਨ-ਫਿਰਨ ਜੋਗੇ ਹੋਏ ਤਾਂ ਹਸਪਤਾਲ ਤੋਂ ਨਿਕਲ ਕੇ ਆਪਣੇ ਪਿੰਡ ਵੱਲ ਚੱਲ ਪਏ। ਉਹ ਰਸਤੇ ਵਿੱਚ ਹੀ ਸਨ, ਦਸ ਕੁ ਗੱਡਿਆਂ ਦਾ ਇੱਕ ਕਾਫ਼ਲਾ ਆਉਂਦਾ ਦਿਸਿਆ। ਉਹ ਲੋਕ ਵੀ ਆਪਣਾ ਘਰ ਬਾਰ ਛੱਡ ਕੇ ਚੜ੍ਹਦੇ-ਪੰਜਾਬ ਵੱਲ ਜਾ ਰਹੇ ਸਨ। ਗੱਡਿਆਂ 'ਤੇ ਉਹਨਾਂ ਸਮਾਨ ਲੱਦਿਆਂ ਹੋਇਆ ਸੀ। ਬੱਚੇ ਬਿਠਾਏ ਹੋਏ ਸਨ। ਮਰਦ ਤੇ ਔਰਤਾਂ ਨਾਲ ਨਾਲ ਪੈਦਲ ਚੱਲ ਰਹੇ ਸਨ। ਕਰਮ ਸਿੰਘ ਨੂੰ ਉਹਨਾਂ ਦਾ ਕੁੱਝ ਸਹਾਰਾ ਜਿਹਾ ਲੱਗਿਆ। ਉਹ ਵੀ ਆਪਣੇ ਭਤੀਜੇ ਇੰਦਰ ਨੂੰ ਲੈ ਕੇ ਇਸ ਕਾਫ਼ਲੇ ਵਿੱਚ ਹੀ ਰਲ ਗਿਆ। ਤੁਰਦੇ-ਤਰਾਂਉਂਦੇ ਦਿਨ ਛਿਪਦੇ ਨੂੰ ਕਾਫ਼ਲਾ ਨਾਰੋਵਾਲ ਦੇ ਨਜ਼ਦੀਕ ਪਹੁੰਚ ਗਿਆ। ਕਾਫ਼ਲੇ ਵਿੱਚ ਸ਼ਾਮਲ ਲੋਕਾਂ ਨੂੰ ਲੱਗ ਰਿਹਾ ਸੀ ਕਿ ਉਹ ਹੁਣ ਸਰਹੱਦ ਦੇ ਨੇੜੇ ਹੀ ਪਹੁੰਚ ਗਏ ਹਨ ਅਤੇ ਛੇਤੀ ਹੀ ਚੜ੍ਹਦੇ-ਪੰਜਾਬ ਵਿੱਚ ਪਹੁੰਚ ਕੇ ਸੁਰੱਖਿਅਤ ਹੋ ਜਾਣਗੇ। ਪਰ ਮਾੜਾ ਵਕਤ ਅਜੇ ਮੁੱਕਿਆ ਨਹੀਂ ਸੀ। ਨਾਰੋਵਾਲ ਦੇ ਪਿਛਲੇ ਪਾਸੇ ਹੀ ਉਹਨਾਂ ਪਿੰਡਾਂ ਦੇ ਲੋਕਾਂ ਨੇ ਹਥਿਆਰਾਂ ਨਾਲ ਕਾਫ਼ਲੇ 'ਤੇ ਹੱਲਾ-ਬੋਲ ਦਿੱਤਾ। ਮਰਦ ਔਰਤਾਂ ਬੱਚਿਆਂ ਨੂੰ ਵੱਢ-ਵੱਢ ਸੁੱਟਣ ਲੱਗੇ, ਗੱਡਿਆਂ ਤੋਂ ਸਮਾਨ ਲੁੱਟਣਾ ਸ਼ੁਰੂ ਕਰ ਦਿੱਤਾ।

ਗ਼ਲਤ ਸਿਆਸਤਦਾਨ ਸੀ ਜਾਂ ਫਿਰ ਪੈਰੋਕਾਰ ਜੋ ਕੌਮੀ,
ਐਪਰ ਅਜ ਤਕ ਪੀੜ ਅਨੋਖੀ ਸਾਡੇ ਦਿਲ ਨੂੰ ਸੱਲੇ। -ਕਰਨਜੀਤ ਦਰਦ

ਕਰਮ ਸਿੰਘ ਤੇਜ਼ੀ ਨਾਲ ਇੰਦਰ ਦੀ ਬਾਂਹ ਫੜ ਕੇ ਭੱਜਿਆ, ਨੇੜੇ ਹੀ ਉਹ ਸਣ ਦੇ ਖੇਤ ਵਿੱਚ ਲੁਕ ਗਏ। ਓਧਰੋਂ ਮੀਂਹ ਵੀ ਸ਼ੁਰੂ ਹੋ ਗਿਆ। ਉਹ ਦੋਵੇਂ ਮੀਂਹ 'ਚ ਸਾਰੀ ਰਾਤ ਸਣ 'ਚ ਲੁਕੇ ਬੈਠੇ ਰਹੇ। ਪਹੁ ਫੁੱਟਦੀ ਨਾਲ ਸੁਭਾ ਜਦੋਂ ਉਹਨਾਂ ਚਾਰ ਚੁਫੇਰੇ ਕੁੱਝ ਸ਼ਾਂਤੀ ਜਿਹੀ ਵੇਖੀ ਤਾਂ ਉਹ ਸਣ ਚੋਂ ਨਿਕਲ ਕੇ ਹੌਲੀ ਹੌਲੀ ਸਰਹੱਦ ਵੱਲ ਖੜੇ ਸਰਕੜੇ ਵਿੱਚ ਜਾ ਵੜ੍ਹੇ। ਭੁੱਖੇ ਤਿਹਾਏ ਤਾਇਆ ਭਤੀਜਾ ਸਰਕੜੇ ਵਿਚਦੀ ਕਦੇ ਪਾਣੀ 'ਚ ਕਦੇ ਸੁੱਕੀ ਥਾਂ ਤੁਰਦੇ ਹੋਏ ਸਰਹੱਦ ਪਾਰ ਕਰ ਹੀ ਗਏ। ਉਹ ਚੜ੍ਹਦੇ-ਪੰਜਾਬ ਦੇ ਡੇਰਾ ਬਾਬਾ ਨਾਨਕ ਪਹੁੰਚ ਗਏ ਸਨ। ਪਿੰਡ ਦੇ ਬਾਹਰ ਇੱਕ ਬੋਹੜ ਹੇਠ ਖੜੇ ਕੁੱਝ ਬਜ਼ੁਰਗਾਂ ਨੇ ਉਹਨਾਂ ਨੂੰ ਪੁੱਛਿਆ ਤਾਂ ਕਰਮ ਸਿੰਘ ਨੇ ਸਾਰੀ ਕਹਾਣੀ ਸੁਣਾ ਦਿੱਤੀ ਕਿ ਉਹ ਕਿਵੇਂ ਬਚ ਕੇ ਆਏ ਹਨ। ਬਜ਼ੁਰਗਾਂ ਨੇ ਉਹਨਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਾਇਆ। ਜਿੱਥੇ ਉਹਨਾਂ ਲੰਗਰ ਪਾਣੀ ਛਕਿਆ। ਪਿੰਡ ਵਾਲਿਆਂ ਨੇ ਉਹਨਾਂ ਨੂੰ ਪਹਿਨਣ ਲਈ ਕੱਪੜੇ ਲਿਆ ਕੇ ਦਿੱਤੇ।

ਮੁਰੱਬਿਆਂ ਦੇ ਮਾਲਕ ਪਰਿਵਾਰ ਦੇ ਇਹ ਦੋ ਮੈਂਬਰ ਆਪਣੀ ਜ਼ਮੀਨ ਜਾਇਦਾਦ, ਪਸ਼ੂ ਡੰਗਰ ਤੇ ਭਰਿਆ ਭਰਾਇਆ ਘਰ ਬਾਰ ਛੱਡ ਕੇ ਆਪਣੀ ਜਾਨ ਲੈ ਕੇ ਇੱਥੇ ਪਹੁੰਚੇ ਸਨ। ਜਿਸ ਘਰੋਂ ਰੋਜ਼ਾਨਾ ਦਰਜਨਾਂ ਕਾਮੇ ਆਪਣੇ ਪਰਿਵਾਰ ਪਾਲਦੇ ਸਨ, ਉਸ ਘਰ ਦੇ ਮੈਂਬਰ ਬਿਗਾਨਿਆਂ ਮੂਹਰੇ ਹੱਥ ਅੱਡ ਰਹੇ ਸਨ, ਲੋਕਾਂ ਦੇ ਲਾਹੇ ਹੋਏ ਕੱਪੜੇ ਪਾਉਣ ਲਈ ਮਜ਼ਬੂਰ ਸਨ। ਕੋਈ ਦੋ ਕੁ ਹਫ਼ਤੇ ਉਹ ਗੁਰਦੁਆਰਾ ਸਾਹਿਬ ਰਹੇ। ਇਸ ਉਪਰੰਤ ਉਹ ਜਲੰਧਰ ਵਿਖੇ ਲਗਾਏ ਇੱਕ ਕੈਂਪ ਵਿੱਚ ਚਲੇ ਗਏ। ਉੱਜੜ ਕੇ ਪਹੁੰਚੇ ਹਿੰਦੂਆਂ ਸਿੱਖਾਂ ਨੂੰ ਇੱਥੇ ਇਕੱਠੇ ਕੀਤਾ ਜਾ ਰਿਹਾ ਸੀ ਤਾਂ ਜੋ ਉਹਨਾਂ ਨੂੰ ਕਿਤੇ ਨਾ ਕਿਤੇ ਵਸਾਇਆ ਜਾ ਸਕੇ। ਕੋਈ ਇੱਕ ਮਹੀਨਾ ਉਹਨਾਂ ਨੂੰ ਇਸ ਕੈਂਪ ਵਿੱਚ ਰਹਿਣਾ ਪਿਆ। ਉਸਤੋਂ ਬਾਅਦ ਉਹਨਾਂ ਨੂੰ ਸੁਨਾਮ ਦੇ ਨਜ਼ਦੀਕ ਪਿੰਡ ਚੀਮਾ ਵਿਖੇ ਅੱਠ ਏਕੜ ਜ਼ਮੀਨ ਅਲਾਟ ਹੋ ਗਈ। ਆਖ਼ਰ ਛੇ ਮੁਰੱਬਿਆਂ ਵਾਲਾ ਲੰਬੜਦਾਰ ਦਾ ਪਰਿਵਾਰ ਅੱਠ ਕਿੱਲਿਆਂ 'ਤੇ ਸੀਮਤ ਹੋ ਕੇ ਰਹਿ ਗਿਆ।

ਕਰਮ ਸਿੰਘ ਨੇ ਆਪਣੇ ਭਤੀਜੇ ਇੰਦਰ ਸਿੰਘ ਨੂੰ ਪੜ੍ਹਣ ਲਾ ਦਿੱਤਾ। ਆਪ ਖੇਤੀ ਦਾ ਕੰਮ ਵਿੱਢ ਲਿਆ। ਦਿਨ ਰਾਤ ਮਿਹਨਤ ਕੀਤੀ, ਜ਼ਮੀਨ ਅਤੇ ਇੱਥੋਂ ਉੱਜੜ ਕੇ ਗਏ ਚੱਘੜ ਖਾਨ ਦਾ ਮਕਾਨ ਤਾਂ ਉਸਨੂੰ ਮਿਲ ਗਿਆ ਸੀ, ਪਰ ਘਰ ਦਾ ਕੋਈ ਸਮਾਨ ਉਹਨਾਂ ਦੇ ਹੱਥ ਨਾ ਆਇਆ। ਪਿੰਡ ਵਾਸੀਆਂ ਨੇ ਸਮਰੱਥਾ ਅਨੁਸਾਰ ਉਹਨਾਂ ਦੀ ਮੱਦਦ ਵੀ ਕੀਤੀ। ਕਿਸੇ ਨੇ ਚਾਰ ਭਾਂਡੇ ਦੇ ਦਿੱਤੇ, ਕਿਸੇ ਨੇ ਦੋ ਬਿਸਤਰੇ ਦਿੱਤੇ, ਕਿਸੇ ਨੇ ਮੰਜੇ ਅਤੇ ਕਿਸੇ ਨੇ ਕੁੱਝ ਚਿਰ ਢਿੱਡ ਭਰਨ ਲਈ ਚਾਰ ਮਣ ਦਾਣੇ ਦੇ ਦਿੱਤੇ। ਕਰਮ ਸਿੰਘ ਨੇ ਸਬਰ ਕਰਦਿਆਂ ਰੱਜ ਕੇ ਮਿਹਨਤ ਕੀਤੀ। ਕੁੱਝ ਸਾਲਾਂ ਵਿੱਚ ਉਹਨੇ ਘਰ ਵਰਤੋਂ ਦੀ ਹਰ ਚੀਜ਼ ਵਸਤ ਸਮੇਤ, ਮੱਝਾਂ ਅਤੇ ਬਲਦ ਵੀ ਖਰੀਦ ਲਏ। ਇੰਦਰ ਸਿੰਘ ਗੱਭਰੂ ਹੋਇਆ ਤਾਂ ਉਸਨੇ ਪੜ੍ਹਾਈ ਛੱਡ ਕੇ ਖੇਤੀ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਉਹ ਹੁਣ ਚੰਗਾ ਖਾਂਦੇ ਪੀਂਦੇ, ਚੰਗਾ ਪਹਿਨਦੇ। ਇੰਦਰ ਸਿੰਘ ਦਾ ਵਿਆਹ ਹੋ ਗਿਆ। ਉਹਨਾਂ ਦੇ ਘਰ ਚਾਰ ਪੁੱਤਰ ਹੋਏ ਵੱਡਾ ਸੁਰਮੁਖ ਸਿੰਘ, ਗੁਰਦਿਆਲ ਸਿੰਘ, ਗੁਰਾਂਦਿੱਤਾ ਸਿੰਘ ਤੇ ਬਹਾਦਰ ਸਿੰਘ। ਸਮਾਂ ਪਾ ਕੇ ਉਹ ਵੀ ਕੰਮ ਨੂੰ ਹੱਥ ਪਾਉਣ ਲੱਗ ਪਏ। ਹੁਣ ਕਮਾਈ ਕਰਨ ਵਾਲੇ ਛੇ ਜਣੇ ਹੋ ਗਏ ਸਨ। ਪੁੱਤਰਾਂ ਦੇ ਵਿਆਹ ਹੋ ਗਏ ਤਾਂ ਘਰ ਸੰਭਾਲਣ ਵਾਲੀਆਂ ਵੀ ਪੰਜ ਔਰਤਾਂ ਘਰ ਦੇ ਕੰਮ ਦਾ ਗਾਹ ਪਾਈ ਰਖਦੀਆਂ। ਹੁਣ ਉਹ ਜ਼ਮੀਨ ਖਰੀਦਣ ਵਾਲੇ ਵੀ ਹੋ ਗਏ ਸਨ, ਹਰ ਸਾਲ ਇੱਕ ਦੋ ਕਿੱਲੇ ਖਰੀਦਦੇ ਰਹਿੰਦੇ। ਤਿੰਨ ਕੁ ਦਹਾਕਿਆਂ ਵਿੱਚ ਉਹਨਾਂ ਜ਼ਮੀਨ ਵੀ ਚੌਗੁਣੀ ਕਰ ਲਈ, ਟਰੈਕਟਰ ਸਮੇਤ ਸਾਰੀ ਮਸ਼ੀਨਰੀ ਖਰੀਦ ਲਈ। ਇੰਦਰ ਸਿੰਘ ਦੇ ਪੋਤੇ ਪੋਤੀਆਂ ਦੇ ਵੀ ਵਿਆਹ ਹੋ ਗਏ। ਉਹਨਾਂ ਦਾ ਪਰਿਵਾਰ ਪਿੰਡ ਦੇ ਵੱਡੇ ਲਾਣਿਆਂ ਵਿੱਚ ਗਿਣਿਆਂ ਜਾਣ ਲੱਗਿਆ।

ਇੰਦਰ ਸਿੰਘ ਬਿਰਧ ਅਵਸਥਾ ਵਿੱਚ ਚਲਾ ਗਿਆ ਸੀ। ਜਦੋਂ ਕਦੇ ਉਸਨੂੰ ਆਪਣੇ ਪਿਤਾ ਅਤੇ ਮਨਸੂਰਪੁਰ ਵਿੱਚ ਬਿਤਾਏ ਦਿਨ ਯਾਦ ਆਉਂਦੇ ਤਾਂ ਉਹ ਮਾਣ ਜਿਹਾ ਮਹਿਸੂਸ ਕਰਦਾ। ਫੇਰ ਅੱਖਾਂ ਸਾਹਮਣੇ ਮਾਂ-ਬਾਪ ਸਮੇਤ ਵੱਢ-ਵੱਢ ਸੁੱਟੇ ਘਰ ਦੇ ਮੈਂਬਰ ਅਤੇ ਭਰਿਆ ਭਰਾਇਆ ਘਰ-ਬਾਰ ਛੱਡਣ ਦੀ ਯਾਦ ਤਾਜ਼ਾ ਹੋ ਜਾਂਦੀ। ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ। ਪਰਿਵਾਰ ਵਾਲਿਆਂ ਕੋਲ ਉਹ ਇਹਨਾਂ ਯਾਦਾਂ ਨੂੰ ਨਾ ਫਰੋਲਦਾ, ਆਪਣੇ ਦਿਲ ਵਿੱਚ ਹੀ ਦਬਾਈ ਰਖਦਾ। ਵੰਡ ਨੂੰ ਵੀ ਹੁਣ ਕਈ ਦਹਾਕੇ ਲੰਘ ਗਏ। ਦੋਵਾਂ ਦੇਸਾਂ ਦੀਆਂ ਲੜਾਈਆਂ ਵੀ ਹੋਈਆਂ, ਸਰਹੱਦਾਂ 'ਤੇ ਹਮੇਸ਼ਾਂ ਮਹੌਲ ਤਨਾਅ ਵਾਲਾ ਬਣਿਆ ਰਹਿੰਦਾ। ਪਰ ਚੜ੍ਹਦੇ ਅਤੇ ਲਹਿੰਦੇ-ਪੰਜਾਬ ਦੇ ਲੋਕ ਇੱਕ ਦੂਜੇ ਨੂੰ ਮਿਲਣ ਲਈ ਤਾਂਘਦੇ ਰਹਿੰਦੇ ਸਨ। ਸਮਾਂ ਪਾ ਕੇ ਵੀਜ਼ਾ ਲੈ ਕੇ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਜਥਿਆਂ ਨੂੰ ਪ੍ਰਵਾਨਗੀ ਮਿਲਣ ਲੱਗ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾ ਜਨਮ ਦਿਵਸ ਲਈ ਚੜ੍ਹਦੇ-ਪੰਜਾਬ ਤੋਂ ਜਥਾ ਨਨਕਾਣਾ ਸਾਹਿਬ ਪਾਕਿਸਤਾਨ ਲਈ ਭੇਜਿਆ ਜਾਣਾ ਸੀ। ਇੰਦਰ ਸਿੰਘ ਦੇ ਵੱਡੇ ਪੁੱਤਰ ਸੁਰਮੁਖ ਸਿੰਘ ਨੇ ਵੀ ਪਾਸਪੋਰਟ ਜਮਾਂ ਕਰਵਾ ਕੇ ਦਰਖ਼ਾਸਤ ਦੇ ਦਿੱਤੀ। ਉਸਦਾ ਪੰਦਰਾਂ ਦਿਨ ਦਾ ਵੀਜ਼ਾ ਲੱਗ ਗਿਆ। ਸੁਰਮੁਖ ਸਿੰਘ ਨੇ ਪਾਕਿਸਤਾਨ ਦੀ ਧਰਤੀ ਤੇ ਪਹਿਲੀ ਵਾਰ ਪੈਰ ਧਰਨਾ ਸੀ, ਪਰ ਉਸਨੂੰ ਇਸ ਗੱਲੋਂ ਖ਼ੁਸ਼ੀ ਸੀ ਕਿ ਉਹ ਗੁਰੂ ਸਾਹਿਬ ਦੇ ਜਨਮ ਅਸਥਾਨ ਦੇ ਦਰਸ਼ਨ ਕਰ ਸਕੇਗਾ। ਉਸ ਇਲਾਕੇ ਵਿੱਚ ਜਾਵੇਗਾ ਜਿੱਥੇ ਉਸਦੇ ਵਡੇਰੇ ਰਹਿੰਦੇ ਸਨ।

ਬਾਬਾ ਇੰਦਰ ਸਿੰਘ ਨੇ ਪਾਕਿਸਤਾਨ ਜਾਣ ਤੋਂ ਇੱਕ ਦਿਨ ਪਹਿਲਾਂ ਸੁਰਮੁਖ ਸਿੰਘ ਨੂੰ ਬੁਲਾ ਕੇ ਆਪਣੇ ਕੋਲ ਬਿਠਾਇਆ। ਉਸਨੂੰ ਪਿੰਡ ਮਨਸੂਰਪੁਰ ਬਾਰੇ ਜਾਣਕਾਰੀ ਦਿੱਤੀ। ਨਨਕਾਣਾ ਸਾਹਿਬ ਤੋਂ ਪਿੰਡ ਨੂੰ ਜਾਣ ਵਾਲਾ ਰਾਹ ਸਮਝਾਇਆ। ਫੇਰ ਕਿਹਾ, ''ਪੁੱਤਰਾ! ਹੁਣ ਚੱਲਿਆ ਤਾਂ ਹੈ, ਮਨਸੂਰਪੁਰ ਜ਼ਰੂਰ ਜਾ ਕੇ ਆਵੀਂ। ਉੱਥੇ ਆਪਣੇ ਵੱਡਿਆਂ ਦਾ ਵਸੇਬਾ ਰਿਹਾ ਹੈ। ਮੇਰੀ ਉਹ ਜਨਮ ਭੂਮੀ ਹੈ। ਆਪਣਾ ਘਰ ਅਜੇ ਹੋਵੇਗਾ। ਉੱਥੇ ਜਾਈਂ ਤੇ ਉਸ ਧਰਤੀ ਨੂੰ ਨਮਸਕਾਰ ਕਰੀਂ। ਉੱਥੋਂ ਦੇ ਲੋਕਾਂ ਨੂੰ ਪਿਆਰ ਸਤਿਕਾਰ ਨਾਲ ਮਿਲੀਂ, ਉਹ ਮੇਰੇ ਉਹਨਾਂ ਸਾਥੀਆਂ ਦੇ ਵਾਰਸ ਹੀ ਹੋਣਗੇ ਜਿਹਨਾਂ ਨਾਲ ਮੈਂ ਰਲ ਕੇ ਬਚਪਨ 'ਚ ਖੇਡਿਆ ਤੇ ਖਾਧਾ ਪੀਤਾ ਸੀ। ਹਾਂ! ਇੱਕ ਗੱਲ ਧਿਆਨ ਨਾਲ ਸੁਣ ਲੈ, ਮਨਸੂਰਪੁਰ ਵਾਲੇ ਆਪਣੇ ਘਰ ਦੀ ਮਿੱਟੀ ਜ਼ਰੂਰ ਲੈ ਕੇ ਆਵੀਂ'' ਇਹ ਸਮਝਾਉਂਦਿਆਂ ਇੰਦਰ ਸਿੰਘ ਦੀਆਂ ਕਈ ਵਾਰ ਅੱਖਾਂ ਨਮ ਹੋਈਆਂ ਤੇ ਉਸਨੇ ਗਲ ਵਿੱਚ ਪਾਏ ਪਰਨੇ ਨਾਲ ਪੂੰਝੀਆਂ।

ਅਗਲੇ ਦਿਨ ਸੁਰਮੁਖ ਸਿੰਘ ਤਿਆਰ ਹੋ ਕੇ ਅੰਮ੍ਰਿਤਸਰ

ਜੂਨ ਚੁਰਾਸੀ ਭੁੱਲ ਨਾ ਹੋਵੇ, ਜਿਸ ਵਿਚ ਗੁੰਮੇ ਸਾਡੇ ਹਾਸੇ,
ਕਤਲ ਹੋਈ ਸੀ ਮਾਨਵਤਾ ਜਦ, ਭੈ ਦੇ ਮੰਜ਼ਰ ਸੀ ਹਰ ਪਾਸੇ। -(ਅਗਲੇ ਸਫ਼ੇ 'ਤੇ)

ਪਹੁੰਚ ਗਿਆ, ਜਿੱਥੋਂ ਨਨਕਾਣਾ ਸਾਹਿਬ ਜਾਣ ਵਾਲਾ ਜਥਾ ਇਕੱਠਾ ਹੋ ਕੇ ਅਟਾਰੀ ਬਾਰਡਰ 'ਤੇ ਪੁੱਜਾ। ਸਰਹੱਦਾਂ ਤੇ ਕਾਗਜ਼ਾਂ ਦੀ ਪੜਤਾਲ ਕੀਤੀ ਜਾਣੀ ਸੀ, ਸੁਰਮੁਖ ਸਿੰਘ ਦਾ ਦਿਲ ਧੜਕਣ ਲੱਗਾ ਕਿ ਜੇ ਕਾਗਜ਼ਾਂ ਵਿੱਚ ਕੋਈ ਕਮੀ ਹੋਈ ਤਾਂ ਇੱਥੋਂ ਨਾ ਮੁੜਣਾ ਪੈ ਜਾਏ। ਉਸਨੇ ਉਦੋਂ ਵਾਹਿਗੁਰੂ ਦਾ ਸ਼ੁਕਰ ਕੀਤਾ, ਜਦ ਸਾਰੇ ਕਾਗਜ਼ ਠੀਕ ਪਾਏ ਗਏ ਅਤੇ ਉਸਨੂੰ ਪਾਕਿਸਤਾਨ ਵਿੱਚ ਦਾਖ਼ਲ ਹੋਣ ਦੀ ਮਨਜ਼ੂਰੀ ਦੇ ਦਿੱਤੀ। ਉਹ ਅੰਗਰੇਜ਼ ਹਕੂਮਤ ਵੱਲੋਂ ਖਿੱਚੀ ਲਕੀਰ ਟੱਪਣ ਲੱਗਾ ਤਾਂ ਉਸਨੇ ਬ੍ਰਿਟਿਸ਼ ਸਰਕਾਰ ਨੂੰ ਮਨ 'ਚ ਕਈ ਗਾਲ੍ਹਾਂ ਕੱਢੀਆਂ। ਜਿਹਨਾਂ ਇਹ ਦੂਰੀਆਂ ਬਣਾ ਦਿੱਤੀਆਂ ਸਨ। ਪਾਕਿਸਤਾਨ ਵਾਲਿਆਂ ਨੇ ਵੀ ਕਾਗਜ਼ਾਂ ਦੀ ਪੜਤਾਲ ਕਰਕੇ ਅੱਗੇ ਜਾਣ ਦਾ ਇਸ਼ਾਰਾ ਕਰ ਦਿੱਤਾ। ਓਧਰ ਗੁਰਦੁਆਰਾ ਨਨਕਾਣਾ ਸਾਹਿਬ ਪਾਕਿਸਤਾਨ ਵੱਲੋਂ ਬੱਸਾਂ ਦਾ ਇੰਤਜ਼ਾਮ ਕੀਤਾ ਹੋਇਆ ਸੀ, ਜਿਹਨਾਂ ਵਿੱਚ ਸਵਾਰ ਹੋ ਕੇ ਉਹ ਨਨਕਾਣਾ ਸਾਹਿਬ ਪਹੁੰਚ ਗਏ। ਸਭ ਤੋਂ ਪਹਿਲਾਂ ਸੁਰਮੁਖ ਸਿੰਘ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਵਿਖੇ ਨਤਮਸਤਕ ਹੋਇਆ। ਦੋ ਦਿਨ ਉੱਥੇ ਰਿਹਾ, ਗੁਰੂ ਘਰ ਸੇਵਾ ਕੀਤੀ ਦੂਜੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ।

ਇਸ ਤੋਂ ਬਾਅਦ ਸੁਰਮੁਖ ਸਿੰਘ ਨੇ ਇੱਕ ਟੈਕਸੀ ਕਰਵਾਈ। ਮਨਸੂਰਪੁਰ ਪਹੁੰਚ ਗਿਆ। ਪਿੰਡ ਦੀ ਸੱਥ ਵਿੱਚ ਜਾ ਕੇ ਜਦ ਉਸਨੇ ਆਪਣੇ ਬਾਰੇ ਦੱਸਿਆ, ''ਉਹ ਪਹਾੜਾ ਸਿੰਘ ਲੰਬੜਦਾਰ ਦਾ ਪੋਤਰਾ ਸੁਰਮੁਖ ਸਿੰਘ ਐ, ਇੰਦਰ ਸਿੰਘ ਦਾ ਪੁੱਤਰ'' ਤਾਂ ਸੁਣਨ ਵਾਲਿਆਂ ਨੇ ਉੱਠ ਕੇ ਉਸਨੂੰ ਹਿੱਕ ਨਾਲ ਲਾਇਆ। ਬਜ਼ੁਰਗਾਂ ਨੇ ਮਾੜੇ ਵਕਤ ਨੂੰ ਯਾਦ ਕਰਕੇ ਅੱਖਾਂ 'ਚੋਂ ਹੰਝੂ ਕੇਰੇ ਤੇ ਸੁਰਮੁਖ ਸਿੰਘ ਨੇ ਰੋਂਦਿਆਂ ਹਟਕੋਰੇ ਲਏ। ਬਜ਼ੁਰਗ, ਸੁਰਮੁੱਖ ਸਿੰਘ ਨੂੰ ਲੈ ਕੇ ਉਹਨਾਂ ਦੇ ਘਰ ਵੱਲ ਤੁਰੇ, ਰਾਹ ਵਿੱਚ ਜਿਸਨੂੰ ਵੀ ਪਤਾ ਲਗਦਾ ਨਾਲ ਤੁਰ ਪੈਂਦਾ। ਘਰ ਤੱਕ ਪਹੁੰਚਦਿਆਂ ਕਈ ਦਰਜ਼ਨ ਮਰਦ-ਔਰਤਾਂ ਤੇ ਬੱਚੇ ਇਕੱਠੇ ਹੋ ਗਏ। ਉਹਨਾਂ ਦਾ ਘਰ ਫਿਰੋਜ਼ਪੁਰ ਤੋਂ ਉੱਜੜ ਕੇ ਗਏ ਮੇਹਰਦੀਨ ਦੇ ਪਰਿਵਾਰ ਨੂੰ ਅਲਾਟ ਹੋ ਗਿਆ ਸੀ।

ਮੇਹਰਦੀਨ ਦਾ ਵੀ ਕਾਫ਼ੀ ਵੱਡਾ ਪਰਿਵਾਰ ਸੀ। ਉਸਦੇ ਪੁੱਤ-ਨੂੰਹਾਂ ਪੋਤੇ-ਪੋਤੀਆਂ ਨਾਲ ਘਰ ਭਰਿਆ ਪਿਆ ਸੀ। ਇੱਕ ਪਾਸੇ ਹਥਣੀਆਂ ਵਰਗੀਆਂ ਮੱਝਾਂ ਖੜੀਆਂ ਸਨ, ਬਲਦਾਂ ਦੀ ਦਰਸ਼ਨੀ ਜੋੜੀ ਦੀਆਂ ਟੱਲੀਆਂ ਖੜਕ ਰਹੀਆਂ ਸਨ। ਸੁਰਮੁਖ ਸਿੰਘ ਬਾਰੇ ਦੱਸਣ 'ਤੇ ਮੇਹਰਦੀਨ ਦੇ ਪਰਿਵਰ ਨੂੰ ਖੁਸ਼ੀਆਂ ਚੜ੍ਹ ਗਈਆਂ। ਸਾਰਾ ਟੱਬਰ ਸੇਵਾ ਵਿੱਚ ਭੱਜਿਆ ਫਿਰਦਾ ਸੀ... ਕੋਈ ਮੰਜੇ ਡਾਹ ਰਿਹਾ ਸੀ... ਕੋਈ ਪਾਣੀ ਪਿਲਾ ਰਿਹਾ ਸੀ... ਔਰਤਾਂ ਦੁੱਧ ਚਾਹ ਗਰਮ ਕਰਨ ਲੱਗ ਗਈਆਂ ਸਨ... ਕੰਮ ਕਰਦੇ ਕਰਦੇ ਉਹ ਭੱਜ ਕੇ ਸੁਰਮੁਖ ਸਿੰਘ ਕੋਲ ਆ ਜਾਂਦੇ...ਉਸਦੇ ਬੋਲਾਂ ਨੂੰ ਸੁਣਦੇ... ਟਿਕਟਿਕੀ ਲਾ ਕੇ ਉਸਦਾ ਮੂੰਹ ਤਕਦੇ... ਵਿਹੜਾ ਮੰਜਿਆਂ ਨਾਲ ਭਰ ਗਿਆ... ਵਿਚਾਲੇ ਸੁਰਮੁਖ ਸਿੰਘ ਬੈਠਾ ਸੀ...। ਮਨਸੂਰਪੁਰ ਦੇ ਲੋਕ ਇਉਂ ਮਹਿਸੂਸ ਕਰ ਰਹੇ ਸਨ ਜਿਵੇਂ ਪਹਾੜਾ ਸਿੰਘ ਹੀ ਮੁੜ ਆਇਆ ਹੋਵੇ... ਵੰਡ ਦੀ ਗੱਲ ਛਿੜਦੀ... ਦੁਖਾਂ ਨੂੰ ਯਾਦ ਕਰਦੇ... ਔਰਤਾਂ ਮਰਦ ਅੱਖਾਂ ਪੂੰਝਦੇ... ਪਿੰਡ ਦੇ ਬੱਚੇ ਸੁਰਮੁਖ ਸਿੰਘ ਦੀ ਗੋਦ ਵਿੱਚ ਬੈਠ ਕੇ ਤਸਵੀਰਾਂ ਖਿਚਾ ਰਹੇ ਸਨ... ਮਹੌਲ ਕਦੇ ਵਿਆਹ ਵਰਗਾ ਹੋ ਜਾਂਦਾ ਅਤੇ ਕਦੇ ਉਦਾਸੀ ਵਾਲਾ।

ਸੁਰਮੁਖ ਸਿੰਘ ਨੇ ਆਪਣੇ ਪਿਤਾ ਇੰਦਰ ਸਿੰਘ ਦੇ ਹਾਣੀਆਂ ਦੇ ਨਾਂ ਦਸਦਿਆਂ ਉਹਨਾਂ ਬਾਰੇ ਪੁੱਛਿਆ ਤਾਂ ਉਹਨਾਂ ਦੇ ਪੁੱਤ-ਪੋਤੇ ਤਾਂ ਕੋਲ ਹੀ ਬੈਠੇ ਸਨ। ਉਹਨਾਂ ਦੱਸਿਆ ਕਿ ਉਸ ਸਮੇਂ ਦਾ ਇੱਕ ਬਜੁਰਗ ਬਰਕਤ ਖ਼ਾਨ ਜਿਉਂਦਾ ਹੈ, ਜਿਸਨੇ ਸਭ ਕੁੱਝ ਆਪਣੇ ਅੱਖੀਂ ਵੇਖਿਆ ਹੈ। ਪਰ ਉਹ ਤੁਰ ਫਿਰ ਨਹੀਂ ਸਕਦਾ, ਮੰਜੇ 'ਤੇ ਹੀ ਪਿਆ ਹੈ। ਸੁਰਮੁੱਖ ਸਿੰਘ ਨੇ ਉਸਦੇ ਘਰ ਜਾਣ ਦੀ ਇੱਛਾ ਜ਼ਾਹਰ ਕੀਤੀ ਤਾਂ ਕਈ ਬਜੁਰਗ ਉਸਨੂੰ ਲੈ ਕੇ ਤੁਰ ਪਏ। ਬਰਕਤ ਖ਼ਾਨ ਆਮ ਕਿਸਾਨ ਪਰਿਵਾਰ ਨਾਲ ਸਬੰਧਤ ਸੀ, ਉਹਨਾਂ ਦੇ ਘਰ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਸੀ। ਉਹ ਦਰਵਾਜ਼ੇ ਵਿੱਚ ਮੰਜੇ ਤੇ ਪਿਆ ਸੀ। ਉਸ ਦੇ ਕੋਲ ਹੀ ਹੁੱਕਾ ਤੇ ਮੇਜ਼ ਉੱਤੇ ਪਾਣੀ ਵਾਲੀ ਗੜਵੀ ਰੱਖੀ ਹੋਈ ਸੀ। ਜਦ ਉਸਨੂੰ ਦੱਸਿਆ ਕਿ ਪਹਾੜਾ ਸਿੰਘ ਦਾ ਪੋਤਾ, ਇੰਦਰ ਸਿੰਘ ਦਾ ਮੁੰਡਾ ਸੁਰਮੁਖ ਸਿੰਘ ਚੜ੍ਹਦੇ-ਪੰਜਾਬ 'ਚੋਂ ਆਇਆ ਹੈ, ਤਾਂ ਉਹ ਦਿਲ ਨੂੰ ਕਰੜਾ ਕਰਦਿਆਂ ਉੱਠ ਕੇ ਬੈਠ ਗਿਆ। ਸੁਰਮੁਖ ਸਿੰਘ ਨੇ ਉਸਦੇ ਪੈਰੀਂ ਹੱਥ ਲਾਏ ਤਾਂ ਉਸਨੇ ਬਾਂਹ ਫੜ ਕੇ ਆਪਣੇ ਨਾਲ ਘੁੱਟ ਲਿਆ ਤੇ ਭੁੱਬਾਂ ਮਾਰਨ ਲੱਗਾ। ਉਹ ਕਦੇ ਸੁਰਮੁਖ ਦੇ ਸਿਰ 'ਤੇ ਹੱਥ ਫੇਰਦਾ, ਕਦੇ ਪਿੱਠ 'ਤੇ, ਕਦੇ ਬਾਹਾਂ ਘੁੱਟ ਘੁੱਟ ਵੇਖਦਾ, ਕਦੇ ਹੱਥ ਫੜ ਕੇ ਮੱਥੇ ਨਾਲ ਲਾਉਂਦਾ- ਜਿਵੇਂ ਇਹਨਾਂ ਅੰਗਾਂ 'ਚੋਂ ਇੰਦਰ ਸਿੰਘ ਨੂੰ ਭਾਲ ਰਿਹਾ ਹੋਵੇ। ਬਰਕਤ ਖ਼ਾਨ ਨੇ ਦੱਸਿਆ ਕਿ ਉਹ ਅਤੇ ਇੰਦਰ 'ਕੱਠੇ ਹੀ ਪੜ੍ਹਦੇ ਸੀ ਇੱਕ ਜਮਾਤ ਵਿੱਚ। ਸਾਡਾ ਬਾਹਲਾ ਪਿਆਰ ਸੀ। ਉਸਨੇ ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਯਾਦ ਕੀਤੀਆਂ, ਹੰਝੂ ਕੇਰ-ਕੇਰ ਕੇ ਮਨ ਹੌਲਾ ਕੀਤਾ। ਫੇਰ ਦੋਵੇਂ ਹੱਥ ਫੈਲਾ ਕੇ ਉੱਪਰ ਵੱਲ ਚੁਕਦਿਆਂ ਦੁਆ ਕੀਤੀ, ''ਅੱਲਾ! ਸ਼ੁਕਰ ਐ ਤੇਰਾ, ਮੇਰੀ ਆਖ਼ਰੀ ਇੱਛਾ ਪੂਰੀ ਹੋ ਗਈ। ਭਾਵੇਂ ਮੇਰਾ ਯਾਰ ਇੰਦਰ ਤਾਂ ਨਹੀਂ ਮਿਲਿਆ, ਪਰ ਓਹਦੀ ਔਲਾਦ ਨੇ ਮੇਰੇ ਸੀਨੇ ਨਾਲ ਲੱਗ ਕੇ ਸੁਖ ਸ਼ਾਂਤੀ ਦਿੱਤੀ ਐ। ਤਸੱਲੀ ਹੋਈ ਐ ਕਿ ਉਸਦਾ ਪਰਿਵਾਰ ਖੁਸ਼ੀਆਂ ਨਾਲ ਚੜ੍ਹਦੇ-ਪੰਜਾਬ ਵਿੱਚ ਵਸਦਾ-ਰਸਦਾ ਹੈ, ਹੁਣ ਮੇਰੀ ਜਾਨ ਵੀ ਸੌਖੀ ਨਿਕਲ ਜੂ।''

ਸੁਰਮੁਖ ਸਿੰਘ ਨੂੰ ਜਦ ਪਿੰਡ ਦੇ ਲੋਕ ਚਾਵਾਂ ਨਾਲ ਉਹਨਾਂ ਦੇ ਵਡੇਰਿਆਂ ਦੀ ਰਿਹਾਇਸ਼ ਤੋਂ ਵਿਦਾ ਕਰਨ ਲੱਗੇ ਤਾਂ ਉਸਨੇ ਇੱਕ ਪਲਾਸਟਿਕ ਦਾ ਡੱਬਾ ਕੱਢਿਆ ਅਤੇ ਵਿਹੜੇ ਵਿੱਚੋਂ ਲੋਕਾਂ ਦੇ ਪੈਰਾਂ ਦੀ ਧੂੜ ਵਾਲੀ ਮਿੱਟੀ ਡੱਬੇ ਵਿੱਚ ਪਾ ਲਈ। ਵਾਪਸ ਆ ਕੇ ਉਸਨੇ ਆਪਣੇ ਪਿਤਾ ਨੂੰ ਮਨਸੂਰਪੁਰ ਦੇ ਲੋਕਾਂ ਵੱਲੋਂ ਮਿਲੇ ਪਿਆਰ ਸਤਿਕਾਰ, ਘਰ ਦੇ ਹਾਲਾਤ, ਬਰਕਤ ਖ਼ਾਨ ਦੀਆਂ ਗੱਲਾਂ ਸੁਣਾਈਆਂ ਤਾਂ ਇੰਦਰ ਸਿੰਘ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਉਹ ਖ਼ੁਦ ਹੀ ਜਾ ਕੇ ਆਇਆ ਹੋਵੇ। ਸੁਰਮੁਖ ਸਿੰਘ ਨੇ ਮਿੱਟੀ ਵਾਲਾ ਡੱਬਾ ਫੜਾਇਆ ਤਾਂ ਉਸਨੇ ਡੱਬੇ ਨੂੰ ਮੱਥੇ ਨਾਲ ਲਾਇਆ ਅਤੇ ਫੇਰ ਖੋਹਲ ਕੇ ਉਸ ਵਿੱਚੋਂ ਇੱਕ ਚੁਟਕੀ ਮਿੱਟੀ ਕੱਢ ਕੇ ਆਪਣੇ ਸਿਰ ਵਿੱਚ ਪਾ ਲਈ। ਇਸ ਉਪਰੰਤ ਡੱਬਾ ਬੰਦ ਕਰਦਿਆਂ ਸੁਰਮੁਖ ਸਿੰਘ ਨੂੰ ਕਿਹਾ, ''ਆਹ ਲੈ ਪੁੱਤਰਾ! ਇਹ ਸਾਂਭ ਲੈ। ਜਦ ਮੇਰਾ ਸਸਕਾਰ ਕਰਨ ਲੱਗੇ ਉਦੋਂ ਇਹ ਮਿੱਟੀ ਮੇਰੀ ਚਿਤਾ ਵਿੱਚ ਪਾ ਦੇਵੀਂ। ਇਹ ਮੇਰੀ ਜਨਮ ਭੋਂਇ ਦੀ ਮਿੱਟੀ ਐ।''

ਕਿੰਨੇ ਚਿਰ ਤਕ ਹੋਰ ਦਬਾ ਕੇ ਰੱਖੋਗੇ ਇਤਿਹਾਸ ਅਸਾਡਾ,
ਕਿਸ ਨੇ ਕੀ ਕੀ ਕੀਤਾ, ਇਸਦੇ ਵਕਤ ਕਰੇਗਾ ਆਪ ਖ਼ੁਲਾਸੇ। -ਅਮਰਪ੍ਰੀਤ ਸਿੰਘ ਝਤਿ

ਕਹਾਣੀ

# ਗਾਨੀ

## ਭੁਪਿੰਦਰ ਫ਼ੌਜੀ



ਭੁਪਿੰਦਰ ਫ਼ੌਜੀ

ਭੁਪਿੰਦਰ ਫੌਜ਼ੀ: ਜੀਵਨ ਦੇ ਮਹੱਤਵਪੂਰਨ ਸਰੋਕਾਰਾਂ ਨੂੰ ਅਤੇ ਵਿਗਿਆਨਕ ਨਜ਼ਰੀਏ ਨਾਲ ਕਹਾਣੀ ਲਿਖਣ ਵਾਲਾ ਕਹਾਣੀਕਾਰ ਹੈ। ਉਸਨੇ ਆਪਣੇ ਫੌਜ਼ ਦੇ ਦਿਨਾਂ ਵਿੱਚ ਫੌਜ਼ੀ ਅਫ਼ਸਰਾਂ ਵੱਲੋਂ ਸਿਪਾਹੀ-ਜਵਾਨਾਂ ਨਾਲ ਹੁੰਦੀ ਬਦਸਲੂਕੀ, ਜ਼ਲਾਲਤ ਅਤੇ ਜਾਤੀ ਵਿਤਕਰੇ ਖਿਲਾਫ਼ ਕਲਮ ਚੁੱਕ ਕਹਾਣੀਆਂ ਲਿਖੀਆਂ, ਜੋ ਉਸਦੇ ਕਹਾਣੀ ਸੰਗ੍ਰਹਿ 'ਕੋਰਟ ਮਾਰਸ਼ਲ' ਰਾਹੀਂ ਲੋਕ-ਕਚਹਿਰੀ ਵਿੱਚ ਆਈਆਂ। ਇਥੋਂ ਹੀ ਕਹਾਣੀਕਾਰ ਵਜੋਂ ਭੁਪਿੰਦਰ ਫ਼ੌਜੀ ਦੀ ਪਹਿਚਾਣ ਬਣੀ। ਹੁਣ ਵੀ ਆਪਣੇ ਵਿਗਿਆਨਕ ਨਜ਼ਰੀਏ, ਸੁਹਿਰਦਤਾਂ ਅਤੇ ਸੰਵੇਦਨਸ਼ੀਲਤਾਂ ਨਾਲ ਜਦ ਕਹਾਣੀ ਲਿਖਦੈ ਪਾਠਕ ਉਸਨੂੰ ਰੂਹ ਨਾਲ ਪੜ੍ਹਦੈ। -ਦਰਸ਼ਨ ਜੋਗਾ

ਬੰਤ ਸਿੰਘ ਦੇ ਹੱਥ ਵਿੱਚ ਤਲਵਾਰ ਫੜੀ ਹੋਈ ਸੀ। ਉਹ ਪਿੰਡ ਨਹੀਂ ਗਿਆ ਖੇਤਾਂ ਵੱਲ ਨੂੰ ਹੋ ਤੁਰਿਆ। ਤਲਵਾਰ ਦੀ ਤੇਜ਼ ਧਾਰ ਉੱਤੇ ਲੱਗਿਆ ਲਹੂ ਸੁੱਕ ਗਿਆ ਸੀ। ਉਸ ਦੇ ਸਿਰ ਤੋਂ ਮੜਾਸਾ ਵੀ ਕਿਧਰੇ ਲਹਿ ਗਿਆ, ਸਿਰ ਦੇ ਵਾਲ ਖਿਲਰੇ ਪਏ ਸਨ। ਪੈਰਾਂ ਵਿੱਚ ਜੋੜਾ ਵੀ ਨਹੀਂ ਸੀ। ਉਸਦੇ ਬੰਨਿਆ ਚਾਦਰਾ ਝਾੜੀਆਂ ਵਿੱਚ ਫਸ ਕਈ ਥਾਵਾਂ ਤੋਂ ਫਟ ਗਿਆ। ਟਿੱਬਿਆਂ ਵਿੱਚ ਦੀ ਭੱਖੜੇ, ਅਲੇਹੇ ਨੇ ਉਸਦੇ ਲੱਤਾਂ ਤੇ ਪੈਰ ਬਿੰਨ ਦਿੱਤੇ ਸਨ।... ਇਹ ਜ਼ਖ਼ਮ ਤਾਂ ਉਸ ਲਈ ਕੁੱਝ ਵੀ ਨਹੀਂ ਸਨ...।

ਖੇਤਾਂ ਵਿੱਚ ਕੜਬ, ਕਪਾਹ ਤੇ ਗੁਆਰਾ ਬੰਦੇ ਦੇ ਸਿਰ ਉਪਰੋਂ ਦੀ ਲੰਘ ਗਿਆ ਸੀ। ਬੰਤ ਸਿੰਘ ਆਪਣੇ ਖੇਤ ਤੂਤ ਹੇਠ ਲੱਗੇ ਖੂਹ ਦੀ ਕੰਧ ਉੱਤੇ ਜਾ ਬੈਠਾ ਉਹ ਉੱਚੀ-ਉੱਚੀ ਰੋਣ ਲੱਗਾ... ਪਾਗਲਾਂ ਵਾਂਗ ਸਿਰ, ਦਾੜ੍ਹੀ ਦੇ ਵਾਲ ਪੱਟਣ ਲੱਗ ਪਿਆ...।

"ਓਹੇ ਡਾਡਿਆ ਰੱਬਾ ਮੈਂ ਤੇਰਾ ਕੀ ਬਿਗਾੜਿਆ ਤੀ...! ਤੂੰ ਮੇਰੀ ਦੁਨੀਆਂ ਹੀ ਉਜਾੜ 'ਤੀ....।" ਉਹ ਗੋਡਿਆਂ ਭਾਰ ਬੈਠ ਕੇ ਅਸਮਾਨ ਵੱਲ ਹੱਥ ਕਰਕੇ ਰੱਬ ਨੂੰ ਕੋਸਣ ਲੱਗਿਆ। ਉਹਦੇ ਹੱਥਾਂ ਵਿੱਚ ਰੁੱਗ ਸਿਰ ਤੇ ਦਾੜ੍ਹੀ ਦੇ ਵਾਲਾਂ ਦਾ ਸੀ ਦਾੜ੍ਹੀ ਵਿੱਚੋਂ ਤਾਂ ਲਹ ਵੀ ਸਿੰਮ ਰਿਹਾ ਸੀ। ਉਸ ਨੂੰ ਆਪਣੇ ਵਿਆਹ ਵਾਲੇ ਦਿਨ ਯਾਦ ਆਉਣ ਲੱਗੇ...। ਜਲੂਰਦੀਨ ਉਸ ਦਾ ਨੇੜਲਾ ਮਿੱਤਰ ਸੀ। ਬਚਪਨ ਵਿੱਚ ਉਹ ਦੋਵੇਂ ਇਕੱਠੇ ਪਸ਼ੂ ਚਾਰਦੇ ਹੁੰਦੇ। ਬੰਤ ਮੱਝਾਂ ਲੈ ਕੇ ਜਾਂਦਾ ਜਲੂਰਦੀਨ ਭੇਡਾਂ ਤੇ ਬੱਕਰੀਆਂ ਦਾ ਇੱਜੜ ਚਰਾਉਂਦਾ। ਦੁਪਹਿਰ ਦੀ ਚਾਹ ਲਈ ਦੁੱਧ ਜਲੂਰਦੀਨ ਦੀਆਂ ਬੱਕਰੀਆਂ, ਭੇਡਾਂ ਚੋਅ ਕੇ ਹੀ ਬਣਾਉਂਦੇ। ਬੰਤ ਉਨ੍ਹਾਂ ਦੀਆਂ ਲੱਤਾਂ ਫੜ ਲੈਂਦਾ ਉਹ ਜ਼ਰਕ-ਜ਼ਰਕ ਕੁੰਡਾ ਲੱਗੀ ਪਤੀਲੀ ਵਿੱਚ ਧਾਰਾਂ ਮਾਰਦਾਰਹਿੰਦਾ...।

ਜਵਾਨੀ ਪਹਿਰ ਉਹ ਖੇਤੀ ਦੇ ਕੰਮ ਵੀ ਰਲ ਮਿਲ ਕਰਦੇ। ਬੰਤ ਕੋਲ ਆਪਣੀ ਜ਼ਮੀਨ ਸੀ। ਜਲੂਰਦੀਨ ਕੇ ਵੰਡਾਈ ਤੇ ਵਾਹ ਬੀਜ ਲੈਂਦੇ। ਬੰਤਾ ਕਦੇ ਜਲੂਰਦੀਨ ਦੇ ਘਰ ਰਾਤ ਨੂੰ ਸੌਂ ਜਾਂਦਾ ਕਦੇ ਜਲੂਰਦੀਨ ਬੰਤੇ ਘਰ ਕਿਸੇ ਨੂੰ ਗਿਲ-ਸ਼ਿਕਵਾ ਨਹੀਂ ਹੁੰਦੀ। ਦੋਵਾਂ ਦੇ ਪਰਿਵਾਰ ਇੰਝ ਵਿਚਰਦੇ ਜਿਵੇਂ ਸਰੀਕੇ-ਕਬੀਲੇ ਚੋਂ ਹੋਣ...।

ਬੰਤੇ ਦੇ ਵਿਆਹ ਦੀ ਖ਼ੁਸ਼ੀ ਵੀ ਜਲੂਰਦੀਨ ਨੂੰ ਸਭ ਤੋਂ ਵੱਧ ਸੀ। ਵਿਆਹ ਵਿੱਚ ਭੱਜ-ਭੱਜ ਕੰਮ ਕਰਦਾ ਰਿਹਾ। ਕਦੇ ਮਸ਼ਕਰੀ ਕਰਦਾ ਜਲੂਰਦੀਨ ਆਖ ਦਿੰਦਾ, "ਸਾਲਿਆ ਵਿਆਹ ਤੋਂ ਬਾਅਦ ਤਾਂ ਜੁਲਾਹੇ ਨੂੰ ਸਿਆਨਣਾ ਵੀ ਨਹੀਂ ਤੈਂ।"

"ਓ ਕੰਜ਼ਰਾਂ ਆਪਾਂ ਤਾਂ ਇੱਥੇ ਹੀ ਖੇਤਾਂ ਵਿੱਚ ਮਿੱਟੀ ਛਾਨਣੀ ਹੈ। ਜਿਹੜੀ ਨਵੀਂ ਆਉ ਉਹ ਵੀ ਇੱਥੇ ਹੀ ਖੇਤਾਂ ਦੀਆਂ ਵੱਟਾਂ ਮਿੱਧਿਆ ਕਰੂ।" ਬੰਤ ਜਵਾਬ ਦਿੰਦਾ।

"ਦੇਖਾਂਗੇ ਜਦੋਂ ਸਵਾਤ ਚੋਂ ਬਾਹਰ ਕੱਢੇਗਾ... ਅੰਦਰ ਹੀ ਲਕੋ ਕੇ ਰੱਖਿਆ ਕਰੇਗਾ।"

"ਮੈਂ ਤਾਂ ਵਿਹੜ੍ਹੀ 'ਤੇ ਤੇਰੇ ਤੋਰਿਆ ਕਰੂੰ ਨਾ.ਲੇ ਤੇਰੀ ਮੁਸਲੀ ਵੀ ਤਾਂ ਛੇ ਮਹੀਨਿਆਂ ਨੂੰ ਆਉਣ ਆਲੀ ਏ, ਦੋਵੇਂ ਖੇਤਾਂ ਵਿੱਚ ਵਿਹੜ੍ਹੀਆਂ ਕਰਿਆ ਕਰਾਂਗੇ। ਚਾਰੇ ਮਿਲ ਕੇ ਗਵਾਰਾ ਤੇ ਕੜਬ ਵੱਡਿਆ ਕਰਾਂਗੇ।" ਖੇਤਾਂ ਵਿੱਚ ਕੰਮ ਕਰਨ ਦੀ ਸਾਂਝ ਨੂੰ ਬਿਆਨ ਕੀਤਾ।

ਜਿੰਨ੍ਹੇ ਦਿਨ ਬੰਤ ਦੇ ਘਰ ਮਿਠਾਈ ਪੱਕਦੀ ਰਹੀ, ਜਲੂਰਦੀਨ ਕੜਾਹੀ 'ਤੇ ਹੀ ਰਿਹਾ। ਉਸ ਦੀ ਮਾਂ ਕੋ.ਲ ਮਿਠਾਈ ਵਾ.ਲੇ ਕਮਰੇ ਦੀ ਚਾਬੀ ਸੀ। ਜਲੂਰਦੀਨ ਦਾ ਸਾਰਾ ਪਰਿਵਾਰ ਉਨ੍ਹਾਂ ਦੇ ਘਰ ਵਿਆਹ ਵਿੱਚ ਸ਼ਰੀਕ ਸੀ। ਉੱਥੇ ਹੀ ਖਾਂਦੇ-ਪੀਂਦੇ ਸਨ। ਸਾਰੇ ਪਿੰਡ ਵਿੱਚ ਲੋਕਾਂ ਦੀ ਆਪਸ ਵਿੱਚ ਸਾਂਝ ਬਣੀ ਹੋਈ ਸੀ।ਹਿੰਦੂ, ਸਿੱਖ, ਮੁਸਲਮਾਨ ਵਿਆਹ-ਸ਼ਾਦੀਆਂ ਵਿੱਚ ਇੱਕਠੇ ਹੁੰਦੇ ਰਲ-ਮਿਲ ਤਿਥ-ਤਿਉਹਾਰ ਮਨਾਉਂਦੇ...।

ਅੱਜ ਬੰਤੇ ਦੀ ਜੰਝ ਚੜ੍ਹੀ ਸਾਰੇ ਬਹੁਤ ਖ਼ੁਸ਼ ਸਨ। ਬਰਾਤ ਵਿੱਚ ਸਭ ਨੇ ਮਾਵਾ ਦਿੱਤੀਆਂ ਤੁਰਲੇ ਵਾਲੀਆਂ ਪੱਗਾਂ ਸਿਰਾਂ ਉਪਰ ਸਜਾਈਆਂ ਹੋਈਆਂ ਸਨ। ਪਿੰਡ ਦੇ ਹਰ ਘਰ ਵਿੱਚੋਂ ਇਕ ਬੰਦਾ ਜੰਝ ਵਿੱਚ ਸ਼ਾਮਲ ਸੀ। ਸ਼ਰੀਕੇ ਦੇ ਦੋ-ਤਿੰਨ ਵੀ ਸਨ। ਜਲੂਰਦੀਨ ਦਾ ਬਾਪੂ ਕਰਮਦੀਨ ਵੀ ਅੱਜ ਦਾੜ੍ਹੀ ਦੇ ਖਤ ਕਢਵਾਈ ਜਾਂਝੀ ਬਣਿਆ ਹੋਇਆ ਸੀ। ਸਾਰੀ ਜੰਝ ਵੀਹ ਮੀਲ ਦੂਰ ਪਿੰਡ ਹਰਿਆਉ ਵੱਲ ਨੂੰ ਊਠਾਂ, ਘੋੜਿਆਂ, ਗੱਡਿਆਂ ਨੂੰ ਸ਼ਿੰਗਾਰ ਕੇ ਤੁਰ ਪਈ। ਇੱਕ ਗੱਡਾ ਜਿਸਨੂੰ ਚੰਗੀ ਤਰ੍ਹਾਂ ਸ਼ਿੰਗਾਰਿਆ ਗਿਆ, ਬਲਦਾ ਗਲ ਘੁਗਰੂਆਂ ਦੀ ਘੰਗਰਾਲ, ਨਵੇਂ ਰੱਸੇ, ਤੇਲ ਨਾ.ਲ ਸਿੰਗ ਚੋਪੜੇ ਗਏ, ਨਵੇਂ ਝੁੱਲ ਪਾਏ ਗਏ। ਇਹ ਗੱਡਾ ਨਵੀਂ ਵਹੁਟੀ ਲਿਆਉਣ ਲਈ ਸੀ। ਉਸ ਵਿੱਚ ਬੰਤ ਸਿੰਘ ਤੇ ਜਲੂਰਦੀਨ ਬੈਠੇ ਸਨ। ਬਰਾਤੀਆਂ ਦੇ ਰਸਤੇ ਵਿੱਚ ਖਾਣ-ਪਾਣ ਦਾ ਸਮਾਨ ਵੀ ਗੱਡੇ ਵਿੱਚ ਰੱਖਿਆ ਹੋਇਆ ਸੀ। ਜੰਝ ਦੇ ਸਵਾਗਤ ਲਈ ਰਾਹ ਦੇ ਵਿੱਚ ਪਿੰਡ ਦੇ ਮੋਹਤਵਰ ਬੰਦੇ ਬਰਾਤ ਨੂੰ ਲੈਣ ਲਈ ਖੜ੍ਹੇ ਸਨ। ਪਿੰਡ ਦੀ ਧਰਮਸ਼ਾਲਾ ਵਿੱਚ ਜੰਝ ਨੂੰ ਠਹਿਰਾਇਆ ਗਿਆ। ਜਾਂਝੀਆਂ ਦੇ ਨਹਾਉਣ ਲਈ ਖੂਹ ਤੋਂ ਪਰੀਹੇ ਪਾਣੀ ਭਰ-ਭਰ ਦੇ ਰਹੇ ਸੀ। ਨਹਾਕੇ ਨਵੇਂ ਕੱਪੜੇ ਪਾ ਜਾਂਝੀਆਂ ਨੇ ਮੁੱਛਾਂ ਨੂੰ ਫਿਰ ਤਾਓ ਦੇਣੇ ਸ਼ੁਰੂ ਕਰ ਦਿੱਤੇ...।

ਪੂਰੇ ਤਿੰਨ ਦਿਨ ਜੰਝ ਰੁਕੀ। ਬਹੁਤ ਸੇਵਾ ਕੀਤੀ ਕੁੜੀਆਂ

ਮੌਤ ਸੀ ਤੇ ਦਰਦ ਸੀ ਬਸ, ਖ਼ੌਫ਼ ਦਹਿਸ਼ਤ ਦਾ ਚੁਰਾਸੀ।
ਦੇਖਿਆ ਤੇ ਸਹਿ ਲਿਆ ਮੰਜ਼ਰ, ਲਿਆ ਹੰਢਾ ਚੁਰਾਸੀ। -(ਅਗਲੇ ਸਫ਼ੇ 'ਤੇ)

ਸਿਠਣੀਆਂ ਗਾਉਂਦੀਆਂ ਮਸ਼ਕਰੀਆਂ ਕਰਦੀਆਂ। ਜਲੂਰਦੀਨ ਵਰਗੇ ਵੀ ਮਸ਼ਕਰੀਆਂ ਕਰਦੇ ਰਹੇ। ਬੰਤ ਸਿੰਘ ਦੇ ਮਾਮਿਆਂ ਤੇ ਬਾਪੂ ਦੇਬੂ (ਗੁਰਦੇਵ ਸਿੰਘ) ਦਾ ਚਿੱਟਾ ਕੁੜਤਾ ਔਰਤਾਂ ਨੇ ਹਲਦੀ ਦੇ ਲਿਬੜੇ ਹੋਏ ਹੱਥਾਂ ਨਾਲ ਪਿੱਛੇ ਥਾਪੇ ਮਾਰ ਕੇ ਪੀਲਾ ਕਰ ਦਿੱਤਾ ਸੀ। ਦੁਪਹਿਰ ਵੇਲੇ ਤੋਂ ਗੱਡੇ ਦੇ ਪਹੀਆਂ 'ਤੇ ਖੂਹ ਚੋਂ ਭਰ-ਭਰ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ ਸੀ ਤਾਂ ਜੋ ਤਿੰਨ ਦਿਨਾਂ ਤੋਂ ਖੜ੍ਹੇ ਗੱਡੇ ਦੇ ਪਹੀਆਂ ਦੀ ਸੁੱਕੀ ਲੱਕੜ ਚੀਕਣੋ ਬੰਦ ਹੋ ਜਾਵੇ। ਬਲਦਾਂ-ਊਠਾਂ, ਘੋੜਿਆਂ ਨੂੰ ਦਾਣਾ-ਪਾਣੀ ਪਾਇਆ ਗਿਆ। ਬਰਾਤੀਆਂ ਲਈ ਖਾਣ ਲਈ ਮਠਿਆਈਆਂ ਗੱਡੇ ਵਿੱਚ ਰੱਖ ਦਿੱਤੀਆਂ। ਪਿਛਲੇ ਜਿਹੇ ਪਹਿਰ ਬੰਤਾ ਜੀਤੋ ਨੂੰ ਵਿਆਹ ਕੇ ਗੱਡੇ ਵਿੱਚ ਬੈਠ ਗਿਆ। ਜੀਤੋ ਕਦੇ-ਕਦੇ ਚੋਰੀ ਅੱਖ ਨਾਲ ਬੰਤੇ ਵੱਲ ਦੇਖਦੀ ਕਿਹੋ-ਜਿਹਾ ਹੈ ਉਸ ਦੇ ਸੁਪਨਿਆਂ ਦਾ ਰਾਜ ਕੁਮਾਰ। ਬੰਤਾ ਉਸ ਵੱਲ ਦੇਖ ਕੇ ਮੁਸ਼ਕੜੀਏ ਜਿਹੇ ਹੱਸਦਾ ਮਨ ਹੀ ਮਨ ਲੱਡੂ ਫੁੱਟਦੇ...। ਜਲੂਰਦੀਨ ਅਤੇ ਉਸ ਦੇ ਸਾਥੀ ਗੱਡੇ ਦੇ ਮੂਹਰੇ ਭੰਗੜਾ ਪਾ ਰਹੇ ਸਨ। ਰਾਤ ਦਾ ਪਹਿਲਾ ਪਹਿਰ ਖ਼ਤਮ ਹੋਣ ਵਾਲ਼ਾ ਸੀ ਬਰਾਤ ਘਰ ਪਹੁੰਚ ਗਈ ਸਾਰਾ ਪਿੰਡ ਇਕੱਠਾ ਹੋ ਗਿਆ, ਜਿਵੇਂ ਵਾਪਸ ਆਈ ਬਰਾਤ ਦਾ ਸਵਾਗਤ ਕਰ ਰਿਹਾ ਹੋਵੇ। ਖ਼ੁਸ਼ੀ ਦੇ ਮਾਹੌਲ ਵਿੱਚ ਭੰਗੜੇ ਪਾਏ ਗਏ। ਸ਼ਰਾਬ ਦੇ ਗ਼ਲਾਸ ਖੜਕਣ ਲੱਗ ਪਏ...। ਮੇਲ ਵਿੱਚ ਆਈਆਂ ਔਰਤਾਂ ਨੇ ਗਿੱਧੇ ਪਾਏ। ਬੰਤੇ ਦੇ ਦੋਸਤ ਉਸ ਨੂੰ ਛੇੜਦੇ "ਭਾਬੀ ਤੋਂ ਹਾਰ ਨਹੀਂ ਮੰਨਣੀ ਸੁਹਾਗ ਰਾਤ ਨੂੰ...।"

ਬੰਤ ਦਾ ਵਿਆਹਕ ਜੀਵਨ ਬਹੁਤ ਵਧੀਆ ਲੰਘ ਰਿਹਾ ਸੀ। ਵਿਆਹ ਤੋਂ ਕੁੱਝ ਕੁ ਦਿਨਾਂ ਬਾਅਦ ਹੀ ਜੀਤੋ ਉਸ ਨਾਲ਼ ਖੇਤੀ ਦੇ ਕੰਮ ਵਿੱਚ ਜੁਟ ਗਈ। ਘਰ ਦਾ ਸਾਰਾ ਕੰਮ ਜਾਣਦੀ ਸੀ। ਬੰਤ ਖੇਤ ਕੰਮ ਕਰਦਾ ਜੀਤੋ ਭੱਤਾ ਲੈ ਕੇ ਆਉਂਦੀ ਉਸ ਦੇ ਬਰਾਬਰ ਖੇਤ ਕੰਮ ਕਰਦੀ। ਜਦੋਂ ਜਿਆਦਾ ਕੰਮ ਹੋ ਜਾਂਦਾ ਜਲੂਰਦੀਨ ਨੂੰ ਨਾਲ ਲੈ ਜਾਂਦੇ ਮਸ਼ਕਰੀਆਂ ਕਰਦਿਆਂ-ਕਰਦਿਆਂ ਕੰਮ ਨਬੇੜ ਦਿੰਦੇ। ਜਲੂਰਦੀਨ ਦਾ ਵਿਆਹ ਬੰਤ ਦੇ ਵਿਆਹ ਤੋਂ ਸੱਤ ਮਹੀਨੇ ਬਾਅਦ ਹੋਇਆ। ਬੰਤ ਤੋਂ ਉਸ ਦੇ ਵਿਆਹ ਦਾ ਚਾਅ ਨਹੀਂ ਚੱਕਿਆ ਜਾ ਰਿਹਾ ਸੀ। ਉਸ ਦਾ ਸਾਰਾ ਪਰਿਵਾਰ ਸ਼ਾਮਲ ਸੀ। ਬੰਤ ਤੇ ਉਸ ਦੀ ਘਰਵਾਲੀ ਜੀਤੋ ਮੋਹਰੀ ਸਨ...।

*****

ਕੜ੍ਹਬ ਵਿੱਚ ਕੁੱਝ ਹਲਚਲ ਹੋਈ ਬੰਤ ਦਾ ਧਿਆਨ ਉਧਰ ਨੂੰ ਗਿਆ। ਕੜ੍ਹਬ ਦੇ ਟਾਂਡੇ ਹਿੱਲੇ ਤੇ ਸ਼ਾਂਤ ਹੋ ਗਏ। ਇੱਕ ਵਾਰ ਤਾਂ ਉਸ ਦਾ ਦਿਲ ਕੀਤਾ ਕੀ ਉਹ ਜਾ ਕੇ ਦੇਖੇ ਪਰ ਉਸ ਦੇ ਸਰੀਰ ਵਿੱਚ ਹਿੰਮਤ ਨਹੀਂ ਸੀ। ਕਦੇ-ਕਦੇ ਉਸ ਦਾ ਦਿਲ ਕਰਦਾ ਕੀ ਉਹ ਆਪਣੇ-ਆਪ ਨੂੰ ਖ਼ਤਮ ਕਰ ਲਵੇ। ਕੀ ਰੱਖਿਆ ਸੀ ਉਸ ਦਾ ਇਸ ਦੁਨੀਆਂ ਵਿੱਚ... ਉਹ ਫਿਰ ਬੀਤੇ ਕੱਲ੍ਹ ਵਿੱਚ ਗੁਆਚ ਗਿਆ...।

ਜਲੂਰਦੀਨ ਤੇ ਬੰਤ ਦਾ ਪਰਿਵਾਰ ਮਿਲਕੇ ਖੇਤਾਂ ਵਿੱਚ ਕੰਮ ਕਰਦੇ। ਦੁੱਖ-ਸੁੱਖ ਵਿੱਚ ਸਰੀਕ ਹੁੰਦੇ। ਜੀਤੋ ਦੀ ਕੁੱਖੋਂ ਜਦ ਵੱਡੀ ਕੁੜੀ ਭੋਲੀ ਪੈਦਾ ਹੋਈ ਸੀ। ਬੰਤ ਦੇ ਘਰ ਦਾ ਸਾਰਾ ਕੰਮ ਜਲੂਰਦੀਨ ਦੇ ਘਰਵਾਲੀ ਨਸੀਬੋ ਕਰਦੀ ਕਿੰਨ੍ਹੇ ਖ਼ੁਸ਼ ਸਨ ਦੋਵੇਂ ਪਰਿਵਾਰ। ਜਲੂਰਦੀਨ ਦੀ ਮਾਂ ਹੀ ਸਾਰੇ ਪਿੰਡ ਵਿੱਚ ਦਾਈ ਦਾ ਕੰਮ ਕਰਦੀ ਸੀ...। ਬੰਤ ਖੇਤੋਂ ਜਦ ਘਰ ਆ ਜਾਂਦਾ ਤਾਂ ਭੋਲੀ ਨੂੰ ਗੋਦੀਓਂ ਨਹੀਂ ਉਤਾਰਦਾ ਸੀ ਬੜਾ ਮੋਹ ਕਰਦਾ ਸੀ। ਨਸੀਬੋ ਕੁੜੀ ਨੂੰ ਆਪਣੇ ਘਰ ਲੈ ਜਾਂਦੀ। ਦੋਵੇਂ ਪਰਿਵਾਰ ਮੋਹ ਦੀਆਂ ਤੰਦਾਂ ਵਿੱਚ ਬੱਝੇ ਹੋਏ ਸਨ। ਜਲੂਰਦੀਨ ਦੇਘਰ ਵੀ ਕੁੜੀ ਨੇ ਜਨਮ ਲਿਆ। ਸਮਾਂ ਤੁਰਦਾ ਗਿਆ ਬੰਤ ਪੰਜ ਬੱਚਿਆਂ ਦਾ ਬਾਪ ਬਣਿਆ - ਤਿੰਨ ਕੁੜੀ ਦੋ ਮੁੰਡੇ। ਜਲੂਰਦੀਨ ਦੇ ਘਰ ਸੱਤ ਬੱਚੇ - ਤਿੰਨ ਮੁੰਡੇ ਤੇ ਚਾਰ ਕੁੜੀਆਂ ਪੈਦਾ ਹੋਈਆਂ। ਬੰਤ ਦੀਆਂ ਤਿੰਨ ਕੁੜੀਆਂ ਹੀ ਜਿੰਦਾ ਰਹੀਆਂ ਤੇ ਜਲੂਰਦੀਨ ਦੇ ਦੋ ਮੁੰਡੇ ਦੋ ਕੁੜੀਆਂ ਬਚੇ, ਬਾਕੀ ਸਭ ਬਿਮਾਰੀਆਂ ਨੇ ਨਿੰਗਲ ਲਏ...। ਸਮਾਂ ਲੰਘਦਾ ਗਿਆ...।

"ਸਾਡੀ ਦੋਸਤੀ ਸਾਡੀ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਪਤਾ ਨ੍ਹੀਂ ਕਿਸ ਦੈਂਤ ਨੇ ਨਿੰਘਲ ਲਿਆ। ਸਭ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਹੱਥਾਂ ਵਿੱਚ ਖ਼ੂਨੀ ਹਥਿਆਰ ਲੈ ਕੇ ਪਿੰਡਾਂ ਦੀਆਂ ਗਲੀਆਂ ਲਹੂ-ਲੁਹਾਣ ਹੋ ਗਈਆਂ...। ਇੱਜ਼ਤਾਂ ਦੇ ਰਾਖੇ ਇੱਜ਼ਤਾਂ ਲੁੱਟਣ ਲੱਗ ਪਏ...।" ਬੰਤ ਦੇ ਅੰਦਰੋਂ ਇੱਕ ਵੱਡਾ ਸਾਰਾ ਹਉਕਾ ਨਿੱਕਲਿਆ। ਦੰਦਾਂ ਹੇਠ ਜੀਭ ਲੈ ਕੇ ਕਸੀਸ ਵੱਟੀ ਜਿਵੇਂ ਕਿਸੇ ਡੂੰਘੇ ਜ਼ਖ਼ਮ 'ਚੋਂ ਦਰਦ ਉਠਿਆ ਹੋਵੇ। ਸਿਰ ਫੜਕੇ ਬੈਠ ਗਿਆ। ਕੰਨਾਂ ਵਿੱਚ "ਸੋ ਨਿਹਾਲ ਸਤਿ ਸ੍ਰੀ ਅਕਾਲ - ਅੱਲਾ-ਹੂ-ਅਕਬਰ" ਦੀਆਂ ਆਵਾਜ਼ਾਂ ਸ਼ੋਰ ਮਚਾਉਣ ਲੱਗੀਆਂ। ਚੌਹਾਂ ਪਾਸਿਆਂ ਤੋਂ ਉਸ ਨੂੰ ਜਿਵੇਂ ਘੇਰ ਲਿਆ ਹੋਵੇ। ਖ਼ੂਨੀ ਹੱਥ, ਹਥਿਆਰ ਲਈ ਉਸਦੇ ਘਰ ਵੱਲ ਵਧ ਰਹੇ ਹੋਣ...। ਉਸਨੇ ਸਿਰ ਉੱਪਰ ਚੁੱਕ ਕੇ ਦੇਖਿਆ ਕੋਈ ਨਹੀਂ ਸੀ। ਇਹ ਤਾਂ ਉਸਦਾ ਭੁਲੇਖਾ ਸੀ। ਉਹ ਬੀਤੇ ਦਿਨਾਂ ਵਿੱਚ ਘੁੰਮਣ ਲੱਗਾ। ਜਲੂਰਦੀਨ ਤੇ ਬੰਤਾ ਖੇਤ ਇਸੇ ਥਾਂ ਜਿੱਥੇ ਅੱਜ ਬੰਤਾ ਬੈਠਾ ਹੈ, ਗੱਲਾਂ ਕਰ ਰਹੇ ਸਨ। ਦੋਵੇਂ ਮੁਲਕਾਂ ਦੇ ਵਟਵਾਰੇ ਦੀਆਂ...।

ਇੱਕ ਸਿਆਸੀ ਹਨੇਰੀ ਅਜਿਹੀ ਝੁੱਲੀ... ਕੁਰਸੀ ਦੀ ਲਾਲਸਾ ਖ਼ਾਤਰ ਇਨਸਾਨੀਅਤ ਦਾ ਘਾਣ ਕਰਵਾਉਣ ਲੱਗੇ। ਮੁੱਦਤਾਂ ਤੋਂ ਬਣੀ ਭਾਈਚਾਰਕ ਸਾਂਝ ਦੇ ਬੁਣੇ ਹੋਏ ਕੱਚੇ ਧਾਗੇ ਦੇ ਪੱਕੇ ਗਲੋਟੇ ਪਲਾਂ ਵਿੱਚ ਉੱਧੜਣ ਲੱਗ ਪਏ। ਇਸਦੇ ਸੇਕ ਨੇ ਪੰਜਾਬ ਦੇ ਹਰ ਪਿੰਡ ਨੂੰ ਆਪਣੇ ਲਪੇਟੇ ਵਿੱਚ ਲੈ ਲਿਆ। ਪੰਜਾਬ ਨਾਲ਼ ਪੰਜਾਬ ਭਿੜ ਪਿਆ। ਇਸ ਜ਼ਹਿਰੀਲੇ ਧੂੰਏ ਤੋਂ ਤਲਵੰਡੀ ਵੀ ਨਹੀਂ ਬਚ ਸਕਿਆ। ਹਰਿਆਉ-ਡਸਕੇ ਵਰਗੇ ਪਿੰਡਾਂ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਦੇ ਟਕਰਾਓ ਦੀਆਂ ਗੱਲਾਂ ਆਮ ਸੁਣਨ ਨੂੰ ਮਿਲਦੀਆਂ ਸਨ। ਜਿਸ ਦਿਨ ਦਾ ਇਹ ਐਲਾਨ ਹੋਇਆ ਸੀ ਮੁਸਲਮਾਨਾਂ ਦਾ ਅਲੱਗ ਦੇਸ਼ ਪਾਕਿਸਤਾਨ ਬਣਾ ਦਿੱਤਾ ਹੈ, ਸਾਰੇ ਮੁਸਲਿਮ ਉੱਥੇ ਜਾਣਗੇ ਤੇ ਹਿੰਦੂ ਇਧਰ ਆਉਣਗੇ। ਪਿੰਡਾਂ ਵਿੱਚ ਮਾਤਮ ਛਾ ਗਿਆ। ਮੁਸਲਿਮ ਲੋਕਾਂ ਨੇ ਆਪਣਾ ਸਮਾਨ ਬੰਨਣਾ ਸ਼ੁਰੂ ਕਰ ਦਿੱਤਾ। ਲਾਹੌਰ ਨੂੰ ਜਾਣ ਵਾਲੀ ਰੇਲ ਗੱਡੀ ਚੜ੍ਹਨ ਲੱਗੇ। ਇੱਕ ਚਿੰਗਾਰੀ ਅਜਿਹੀ ਲੱਗੀ ਲਾਹੌਰ ਜਾਣ ਵਾਲੀ ਗੱਡੀ ਵਿੱਚ ਹਿੰਦੂ-ਸਿੱਖਾਂ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਦਿੱਤਾ। ਆਪਣੇ ਪੰਜਾਬ ਦੀ ਵੱਢ-ਟੁੱਕ ਕਰ ਦਿੱਤੀ। ਮੁਸਲਿਮ ਲੋਕਾਂ ਦਾ ਕਤਲੇਆਮ ਹੋਇਆ ਉਨ੍ਹਾਂ ਨੂੰ ਲੁੱਟਿਆ ਗਿਆ ਧੀਆਂ-ਭੈਣਾਂ ਦੀਆਂ ਇੱਜ਼ਤਾਂ ਨਾਲ ਖੇਡਿਆ ਗਿਆ...। ਖ਼ਬਰ ਇਹ ਫੈਲੀ ਸੀ ਕਿ ਲਾਹੌਰ ਤੋਂ ਆਉਣ ਵਾਲੀ ਗੱਡੀ ਵਿੱਚੋਂ ਹਿੰਦੂ-ਸਿੱਖਾਂ ਨੂੰ ਉਤਾਰ ਕੇ ਮਾਰਿਆ ਗਿਆ ਹੈ, ਧੀਆਂ ਭੈਣਾਂ ਦੀ ਇੱਜ਼ਤ...। ਸਿਆਸੀ ਤੇ ਚਲਾਕ ਲੋਕਾਂ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਸਿੱਖਾਂ ਤੇ ਮੁਸਲਮਾਨਾਂ ਵਿਚਾਲੇ ਪਿੰਡਾਂ ਵਿੱਚ ਦੰਗੇ ਭੜਕ ਗਏ। ਦੋਵੇ ਕੌਮਾਂ ਇੱਕ ਦੂਜੇ ਦੇ ਖ਼ੂਨ ਦੀਆਂ ਪਿਆਸੀਆਂ ਹੋ ਗਈਆਂ...।

ਜ਼ਖ਼ਮ ਅੱਲ੍ਹੇ ਰਹਿਣਗੇ ਇਹ, ਸੀਨਿਆਂ ਵਿਚ ਚੀਸ ਰਹਿਣੀ,
ਰੂਹ ਮੇਰੇ ਪੰਜਾਬ ਦੀ, ਹੁਣ ਵੀ ਰਹੀ ਕੰਬਾ ਚੁਰਾਸੀ। -ਬਲਜਿੰਦਰ ਸਿੰਘ ਬਾਲੀ ਰੇਤਗੜ੍ਹ

"ਜਲੂਰ ਲਗਦਾ ਹੁਣ ਸੋਨੂੰ ਵੀ ਪਾਕਿਸਤਾਨ ਜਾਣਾ ਪਊ ਹਲਾਤ ਬਹੁਤ ਖ਼ਰਾਬ ਹੋਏ ਪਏ ਨੇ, ਕੋਈ ਪਤਾਂ ਨ੍ਹੀਂ ਕਦੋਂ ਕੋਈ ਅਨਹੋਣੀ ਵਾਪਰ ਜਾਏ।" ਜਲੂਰਦੀਨ ਅਤੇ ਬੰਤਾ ਖੂਹ ਤੇ ਬੈਠੇ ਗੱਲਾਂ ਕਰ ਰਹੇ ਸਨ।

"ਅਸੀਂ ਕਿਤੇ ਨਹੀਂ ਜਾਣਾ ਇੱਥੇ ਹੀ ਰਹਾਂਗੇ। ਅਸੀਂ ਨਹੀਂ ਜਾਣਦੇ ਪਾਕਿਸਤਾਨ ਨੂੰ ਬੱਸ ਤਲਵੰਡੀ ਹੀ ਸਾਡਾ ਦੇਸ਼ ਹੈ। ਤੂੰ ਕੱਢਣਾ ਚਾਹੁੰਨਾ ਤਾਂ ਦੱਸ।" ਜਲੂਰਦੀਨ ਨੇ ਗੁੱਸਾ ਜ਼ਾਹਿਰ ਕੀਤਾ।

"ਤੂੰ ਤਾਂ ਮੇਰਾ ਭਾਈ ਏ! ਮੈਂ ਤਾਂ ਆਏਂ ਕਹਿੰਦਾ ਸੀ ਆਪਣੇ ਪਿੰਡ ਦੇ ਤਕਰੀਬਨ ਸਾਰੇ ਘਰ ਚਲੇ ਗਏ, ਪੰਜ ਸੱਤ ਘਰ ਰਹਿ ਗਏ ਨੇ। ਥੋਨੂੰ ਲੋਕ ਦੁਸ਼ਮਣ ਦੀ ਨਜ਼ਰ ਨਾਲ਼ ਦੇਖਦੇ ਨੇ। ਭੂਸਰੇ ਹੋਏ ਲੋਕਾਂ ਦਾ ਕੋਈ ਪਤਾ ਨਹੀਂ ਕਦੋਂ ਆ ਧਮਕਣ।" ਬੰਤ ਨੇ ਚਿੰਤਾ 'ਚ ਕਿਹਾ।

"ਜਿਹੜੇ ਗਏ ਨੇ ਉਹ ਕਿਹੜਾ ਸਹੀ ਸਲਾਮਤ ਪਹੁੰਚ ਗਏ। ਰਾਹ ਦੇ ਵਿੱਚ ਹੀ ਲੁੱਟ ਲਏ ਜਾਂਦੇ ਨੇ ਬਹੁਤਿਆਂ ਨੂੰ ਤਾਂ ਆਪਣੀ ਜਾਨ ਤੋਂ ਹੱਥ ਧੋਣੇ ਪਏ ਨੇ। ਜੇ ਇੰਝ ਹੀ ਮਰਨਾ ਹੈ ਤਾਂ ਇੱਥੇ ਆਪਣੀ ਤਲਵੰਡੀ ਵਿੱਚ ਹੀ ਮਰਾਗੇ, ਜਿੱਥੇ 'ਕੱਠੇ ਖੇਡੇ ਜਵਾਨ ਹੋਏ...।" ਜਲੂਰਦੀਨ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ।

"ਮੇਰੇ ਹੁੰਦੇ ਤੇਰੇ ਘਰ ਵੱਲ ਕੋਈ ਨਹੀਂ ਝਾਕ ਸਕਦਾ।" ਬੰਤ ਨੇ ਜਵਾਬ ਦਿੱਤਾ। ਦਿਨੋ-ਦਿਨ ਟਕਰਾਓ ਵਧਦਾ ਜਾ ਰਿਹਾ ਸੀ। ਹਿੰਦੂ, ਸਿੱਖ ਮੁਸਲਮਾਨਾਂ ਨੂੰ ਮਾਰਦੇ ਤੇ ਲੁਟਦੇ ਉਹ ਉਨ੍ਹਾਂ ਨੂੰ...। ਪਿੰਡਾਂ ਦੇ ਪਿੰਡ ਉਜੜ ਰਹੇ ਸਨ...। ਰਾਤ ਦਾ ਦੂਸਰਾ ਪਹਿਰ ਸੀ ਕਾਲ਼ੀ ਰਾਤ ਤਲਵੰਡੀ ਵਿੱਚ ਹਾਹਾਕਾਰ ਮੱਚ ਗਈ। ਰਹਿੰਦੇ ਮੁਸਲਮਾਨਾਂ ਦੇ ਘਰਾਂ 'ਤੇ ਹਮਲਾ ਕਰ ਦਿੱਤਾ। "ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।" ਦੇ ਜੈਕਾਰਿਆਂ ਨੇ ਸੁੱਤਾ ਪਿੰਡ ਦੱਬ ਲਿਆ। ਮੁਸਲਮਾਨਾਂ ਦੇ ਬੱਚੇ, ਬੁੱਢੇ, ਜਵਾਨਾਂ ਨੂੰ ਗਾਜਰਾਂ-ਮੂਲੀਆਂ ਦੀ ਤਰ੍ਹਾਂ ਵੱਢ ਦਿੱਤਾ। ਜਵਾਨ ਕੁੜੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ... ਬਾਅਦ ਵਿੱਚ ਕਤਲ ਕਰ ਦਿੱਤਾ। ਘਰ ਲੁੱਟੇ ਗਏ। ਜਲੂਰਦੀਨ ਦਾ ਘਰ ਅੱਗ ਦੀਆਂ ਲਪਟਾਂ ਨੇ ਆਪਣੇ ਅੰਦਰ ਸਮੇਟ ਲਿਆ। ਬੰਤ, ਜਲੂਰਦੀਨ ਦੇ ਟੱਬਰ ਨੂੰ ਬਚਾਉਣ ਲਈ ਕੰਧ ਤਾਂ ਬਣਿਆ, ਪਰ ਬਹੁਤੀ ਦੇਰ ਨਾ ਟਿਕ ਸਕਿਆ। ਉਹ ਪੰਜ-ਸੱਤ ਬੰਦੇ ਕਿੰਨੀ ਦੇਰ ਪੱਚੀ-ਤੀਹ ਬੰਦਿਆਂ ਦਾ ਮੁਕਾਬਲਾ ਕਰਦੇ। ਉਹ ਫਿਰ ਵੀ ਕੁੜੀਆਂ ਤੇ ਉਸ ਦੇ ਘਰਵਾਲੀ ਨੂੰ ਘਰੋਂ ਭਜਾਉਣ ਵਿੱਚ ਸਫ਼ਲ ਰਿਹਾ। ਜਿਸ ਦੀ ਬਦੌਲਤ ਉਸ ਨੂੰ ਗਹਿਰੀਆਂ ਸੱਟਾਂ ਵੀ ਲੱਗੀਆਂ ਉਹ ਬੇਸੁੱਧ ਹੋ ਕੇ ਧਰਤੀ ਤੇ ਡਿੱਗ ਪਿਆ ਸੀ। ਬੰਤ ਨੇ ਆਪਣੇ ਮਿੱਤਰ ਤੇ ਉਸਦੇ ਮੁੰਡੇ, ਭਰਾਵਾਂ ਤੇ ਮਾਂ-ਪਿਉ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਕਤਲ ਹੁੰਦੇ ਤੱਕਿਆ ਸੀ। ਜਲੂਰਦੀਨ ਦੀ ਘਰਵਾਲੀ ਤੇ ਕੁੜੀਆਂ ਪਿੱਛੇ ਦੰਗਈ ਲੱਗ ਗਏ।

"ਓਏ ਛੱਡਿਓ ਨਾ ਮੁਸਲੀਆਂ ਨੂੰ ਇਨ੍ਹਾਂ ਨੇ ਸਾਡੇ ਲੋਕਾਂ ਤੇ ਧੀਆਂ ਦੀਆਂ ਇਜ਼ਤਾਂ ਲੁਟੀਆਂ ਨੇ ਮੌਤ ਦਾ ਬਦਲਾ ਮੌਤ... ਇੱਜ਼ਤ ਦਾ ਬਦਲਾ ਇੱਜ਼ਤ। ਅੱਜ ਇਨ੍ਹਾਂ ਨੂੰ ਭਜਾ-ਭਜਾ ਕੇ...।" ਖ਼ੂਨ ਨਾਲ ਰੰਗੀ ਨੰਗੀ ਤਲਵਾਰ ਵਾਲੇ ਦੰਗਈ ਨੇ ਸਾਥੀਆਂ ਨੂੰ ਆਦੇਸ਼ ਦਿੰਦੇ ਕਿਹਾ। ਜਲੂਰਦੀਨ ਦੀ ਘਰਵਾਲੀ ਨੂੰ ਪਤਾ ਸੀ ਹੁਣ ਇਨ੍ਹਾਂ ਤੋਂ ਬਚਣਾ ਮੁਸ਼ਕਿਲ ਹੈ। ਉਹ ਸਾਹੋ-ਸਾਹੀ ਹੋਈਆਂ ਸੱਤੇ ਔਰਤਾਂ ਪਿੱਪਲ ਹੇਠਾਂ ਰੁਕ ਗਈਆਂ। ਜਲੂਰਦੀਨ ਦੀ ਘਰਵਾਲੀ ਨੇ ਸਾਰਿਆਂ ਨੂੰ ਇੱਕ ਗੱਲ ਸਮਝਾਈ...।

"ਵੇ ਹਲਕੇ ਕੁਤਿਓ ਅੱਜ ਤੁਸੀ ਮਾਂਵਾਂ-ਭੈਣਾਂ ਦੇ ਖ਼ਸਮ ਬਣਦੇ ਫਿਰਦੇ ਹੋ। ਸੋਨੂੰ ਪਿੰਡ ਦੀਆਂ ਧੀਆਂ-ਭੈਣਾਂ ਦੀ ਇਜ਼ਤ ਹੀ ਲੁਟਣ ਨੂੰ ਮਿਲੀ ਹੈ। ਸੋਡੀਆਂ ਧੀਆਂ-ਭੈਣਾਂ ਨਾਲ਼ ਵੀ ਕੱਲ੍ਹ ਆਏਂ ਹੋ ਸਕਦਾ ਆ। ਆਪਣੇ ਆਪ ਨੂੰ ਸਿੱਖ ਅਖਵਾਉਂਦੇ ਹੋ ਸਿੱਖ ਤਾਂ ਇਜ਼ਤਾਂ ਖ਼ਾਤਰ ਜਾਨ ਦੇ ਦਿੰਦੇ ਨੇ ਤੁਸੀਂ....।"

"ਫੜ ਲਓ ਓ ਮੁਸਲੀਆਂ ਨੂੰ, ਬੜੀਆਂ ਬੱਕ-ਬੱਕ ਕਰਦੀਆਂ ਨੇ।" ਉਨ੍ਹਾਂ ਵਿੱਚੋਂ ਇੱਕ ਦੰਗਈ ਦੀ ਆਵਾਜ਼ ਆਈ।

"ਹੈ ਕਿਸੇ ਵਿੱਚ ਹਿੰਮਤ ਜੋ ਸਾਡੇ ਮਗਰ ਆਵੇ...।" ਨਸੀਬੋ ਗਰਜ਼ਵੀ ਆਵਾਜ਼ 'ਚ ਬੋਲੀ। ਸਾਰੇ ਇੱਕ ਦਮ ਸਹਿਮ ਗਏ। ਹੌਲ਼ੀ-ਹੌਲ਼ੀ ਅੱਗੇ ਵਧਣ ਲੱਗੇ।

"ਫੜ ਲਓ ਨਾ, ਓ ਕਿਉਂ ਡਰੀ ਜਾਨੇ ਓ।" ਇੱਕ ਅੱਗੇ ਵਧਿਆ ਦੂਸਰੇ ਨਾਲ ਤੁਰ ਪਏ। ਨਸੀਬੋ ਨੇ ਆਪਸ ਵਿੱਚ ਸਾਰੀਆਂ ਦੀਆਂ ਬਾਂਹਾਂ ਫੜੀਆਂ ਤੇ ਸਾਰੀਆਂ ਨੇ ਇੱਕਠੀਆਂ ਹੀ ਖ਼ੂਹ 'ਚ ਛਾਲ ਮਾਰ ਦਿੱਤੀ...।

"ਆ ਜਾਓ ਸਾਲਿਓ! ਭੈਣ ਦੇ ਖ਼ਸਮੋ...।" ਸਾਂਤ ਖ਼ੂਹ ਦਾ ਪਾਣੀ ਖੜਾਕ ਨਾਲ਼ ਹਿੱਲਿਆ। ਲਹਿਰਾਂ ਉੱਠੀਆਂ ਕੁੱਝ ਸਮੇਂ ਬਾਅਦ ਪਾਣੀ ਸ਼ਾਂਤ ਹੋ ਗਿਆ। ਸ਼ਿਕਾਰੀ ਨਿਰਾਸ਼ ਹੋ ਕੇ ਮੁੜ ਆਏ...। ਦਿਨ ਚੜ੍ਹਿਆਂ ਗਲੀਆਂ ਦੇ ਵਿੱਚ ਵੱਡੀਆਂ-ਟੁੱਕੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ। ਤਲਵੰਡੀ ਲਹੂ-ਲੁਹਾਨ ਸੀ। ਇਕੇ ਦਾ ਸਿਰ ਧੜ ਨਾਲੋਂ ਵੱਖ ਸੀ ਕਿਸੇ ਦੀ ਬਾਂਹ ਕਿਤੇ ਲੱਤ ਕਿਤੇ, ਕਈਆਂ ਦੀਆਂ ਤਾਂ ਢਿੱਡ ਵਿੱਚੋਂ ਆਂਦਰਾਂ ਬਾਹਰ ਨਿੱਕਲੀਆਂ ਪਈਆਂ ਸਨ। ਕੁੱਤੇ ਖਿਚਣ ਦੀ ਕੋਸ਼ਿਸ਼ ਕਰ ਰਹੇ ਸਨ...।

ਬੰਤ ਕਈ ਦਿਨਾਂ ਬਾਅਦ ਠੀਕ ਹੋਇਆ। ਪਿੰਡ ਦੇ ਹਾਲਾਤ ਹੋਰ ਵੀ ਵਿਗੜ ਰਹੇ ਸਨ। ਇਸ ਘਟਨਾ ਤੋਂ ਬਾਅਦ ਬਦਲਾ ਲਊ ਨੀਤੀ ਨਾਲ਼ ਮੁਸਲਮਾਨਾਂ ਨੇ ਵੀ ਪਿੰਡ ਉੱਤੇ ਹਮਲੇ ਕੀਤੇ ਸੀ ਕਈ ਕਤਲ ਹੋਏ। ਮੁਟਿਆਰ ਕੁੜੀਆਂ ਚੁੱਕ ਕੇ ਲੈ ਗਏ। ਇੱਜ਼ਤਾਂ ਨਾਲ਼ ਖੇਡ ਕੇ ਕਤਲ ਕਰਕੇ ਸੁੱਟ ਦਿੰਦੇ। ਸਾਰਾ ਪਿੰਡ ਜਾਗਦਾ ਰਹਿੰਦਾ। ਧਾੜਵੀਆਂ ਦੇ ਹਮਲੇ ਦਿਨ ਪ੍ਰਤੀ ਦਿਨ ਵਧਦੇ ਜਾ ਰਹੇ ਸਨ। ਬਹੁਤੇ ਲੋਕਾਂ ਨੇ ਘਰ ਛੱਡ ਦਿੱਤੇ ਸੁਰੱਖਿਅਤ ਥਾਂਵਾਂ ਵੱਲ ਨੂੰ ਕਾਫ਼ਲੇ ਬਣਾ ਤੁਰ ਪਏ। ਤਲਵੰਡੀ ਉਜੜ ਰਹੀ ਸੀ। ਮਹਿਫ਼ੂਜ਼ ਉਹ ਵੀ ਨਹੀਂ ਸੀ ਰਹਿੰਦੇ...। ਪਿੰਡ ਦੇ ਬਾਹਰਲੇ ਖੂਹਾਂ 'ਚੋਂ ਬਦਬੂ ਮਾਰਨ ਲੱਗ ਗਈ। ਉਨ੍ਹਾਂ ਵਿੱਚ ਲਾਸ਼ਾਂ ਤੈਰਦੀਆਂ ਸਨ। ਪਿੰਡ ਦੇ ਵਿੱਚਕਾਰ ਦਾ ਖ਼ੂਹ ਬਚਿਆ ਸੀ ਜਿਸ ਦਾ ਲੋਕ ਪਾਣੀ ਪੀਂਦੇ। ਉਸ ਖ਼ੂਹ ਤੇ ਹਰ ਸਮੇਂ ਨਿਗਰਾਨੀ ਰੱਖੀ ਜਾ ਰਹੀ ਸੀ, ਕੋਈ ਜ਼ਹਿਰ ਨਾ ਮਿਲਾ ਦੇਵੇ। ਹਮਲੇ ਵਧਦੇ ਜਾ ਰਹੇ ਸੀ...।

ਅੱਜ ਪਿੰਡ ਦੀ ਸੱਥ ਵਿੱਚ ਸਾਰੇ ਪਿੰਡ ਦੇ ਲੋਕਾਂ ਦਾ ਇੱਕਠ ਕੀਤਾ ਗਿਆ। ਗੁਰਮੁੱਖ ਸਿੰਘ ਜੋ ਅੰਮ੍ਰਿਤਧਾਰੀ ਸਿੱਖ ਸੀ ਨੇ ਸਭ ਨੂੰ ਸੰਬੋਧਨ ਹੁੰਦਿਆਂ ਕਿਹਾ, "ਸਾਧ ਸੰਗਤ ਜੀ ਆਪਣੇ ਉਪਰ ਬਹੁਤ ਮੁਸੀਬਤਾਂ ਆ ਰਹੀਆਂ ਹਨ ਆਏ ਦਿਨ ਹਮਲੇ ਹੋ ਰਹੇ ਹਨ, ਕਤਲ ਹੋ ਰਹੇ ਹਨ, ਧੀਆਂ-ਭੈਣਾਂ ਦੀਆਂ ਇਜ਼ਤਾਂ ਨਾਲ਼ ਖਿਲਵਾੜ ਕੀਤਾ ਜਾ ਰਿਹਾ। ਜਿਹੜੇ ਗੁਰਮੁੱਖ ਪਿਆਰੇ ਪਿੰਡ ਛੱਡਕੇ ਤੁਰ ਗਏ, ਪੂਰੇ ਦੇ ਪੂਰੇ ਪਰਿਵਾਰ ਕਮੀਨਿਆਂ ਨੇ ਖ਼ਤਮ ਕਰ ਦਿੱਤੇ...।" ਉਸ ਦੇ ਸੰਘ ਵਿੱਚ ਬੋਲ ਅਟਕ ਗਏ ਬੁੱਲ੍ਹ ਤਾਂ ਹਿੱਲੇ ਆਵਾਜ਼ ਨਹੀਂ ਨਿੱਕਲੀ ਅੱਖਾਂ ਸਿੰਮ ਪਈਆਂ। ਹੋਰ ਲੋਕ ਵੀ ਭਾਵੁਕ ਹੋ ਗਏ।

ਕਿਸ ਦੱਸਿਆ ਸੀ ਜ਼ੁਲਮਾਂ ਦਾ ਤੂੰ ਲਿਖ ਦੇ ਕਿੱਸਾ।
ਨੈਣੀਂ ਹੰਝੂ ਭਰ ਕੇ ਸਾਡੇ ਪੂੰਝੇ ਨਾ ਕਿਉਂ? -(ਅਗਲੇ ਸਫ਼ੇ 'ਤੇ)

"ਆਪਾਂ ਨੂੰ ਇਨ੍ਹਾਂ ਨੇ ਮਾਰ ਦੇਣਾ ਹੈ। ਹੱਥ 'ਤੇ ਹੱਥ ਧਰੇ ਕੁੱਝ ਨਹੀਂ ਹੋਣਾ, ਆਪਾਂ ਨੂੰ ਵੀ ਹੁਣ ਉਨ੍ਹਾਂ ਨਾਲ ਸਿੱਧਾ ਟੱਕਰਨਾ ਪਊਗਾ...।" ਉਹ ਬੋਲ ਰਿਹਾ ਸੀ ਲੋਕ ਬੜੇ ਗੰਭੀਰ ਹੋਕੇ ਸੁਣ ਰਹੇ ਸਨ। ਲੋਕਾਂ ਵਿੱਚ ਇੱਕ ਤਰ੍ਹਾਂ ਜੋਸ਼ ਭਰਿਆ ਜਾ ਰਿਹਾ ਸੀ। ਬਹੁਤ ਸਾਰੀਆਂ ਸੁਲਾਹਾਂ ਹੋਈਆਂ। ਇੱਕ ਤਰ੍ਹਾਂ ਅਜਿਹਾ ਫੈਸਲਾ ਹੋਇਆ "ਹੁਣ ਆਪਾਂ ਮਰਨਾ ਤਾਂ ਹੈ, ਮਾਰ ਕੇ ਹੀ ਮਰੀਏ...।" ਹਰ ਰੋਜ਼ ਹੋ ਰਹੇ ਜਾਨੀ ਤੇ ਮਾਲੀ ਨੁਕਸਾਨ ਨੂੰ ਧਿਆਨ ਰੱਖਦੇ ਸਭ ਨੇ ਫੈਸਲਾ ਲਿਆ।

"ਆਪਣੀਆਂ ਔਰਤਾਂ, ਬੱਚਿਆਂ ਤੇ ਮੁਟਿਆਰ ਕੁੜੀਆਂ ਦਾ ਕੀ ਕਰੀਏ? ਉਨ੍ਹਾਂ ਦੀ ਰਾਖੀ ਕੌਣ ਕਰੂ?" ਬੰਤ ਨੇ ਗੰਡਾਸੇ ਨੂੰ ਹੱਥ ਨਾਲ ਸਾਫ਼ ਕਰਦਿਆਂ ਕਿਹਾ। ਰਾਖੀ ਤੇ ਗੱਲ ਆਕੇ ਰੁੱਕ ਗਈ।

"ਇਨ੍ਹਾਂ ਸਭ ਨੂੰ ਕੁਰਬਾਨੀ ਦੇਣੀ ਪਊ।" ਸਿਆਣੀ ਉਮਰ ਦੇ ਬੰਦੇ ਨੇ ਮੜ੍ਹਾਸਾ ਠੀਕ ਕਰਦਿਆਂ ਕਿਹਾ।

"ਇਸ ਖੂਹ ਦੇ ਵਿੱਚ ਔਰਤਾਂ ਆਪਣਿਆਂ ਬੱਚਿਆਂ ਨੂੰ ਲੈਕੇ ਛਾਲ ਮਾਰਨਗੀਆਂ ਜਾਂ ਘਰ ਅੰਦਰ ਹੀ ਉਨ੍ਹਾਂ ਨੂੰ ਆਪਣੇ ਹੱਥੀਂ ਜ਼ਹਿਰ ਦਿੱਤਾ ਜਾਵੇ। ਆਪਣਾ ਡੰਗਰ-ਵੱਛਾ ਖੋਲ੍ਹ ਦਿੱਤਾ ਜਾਵੇ। ਘਰਾਂ ਨੂੰ ਅੱਗ ਲਾ ਕੇ ਦੁਸ਼ਮਣਾਂ ਨੂੰ ਟੱਕਰਨ ਲਈ ਸੂਰਜ ਦੀ ਪਹਿਲੀ ਕਿਰਨ ਨਾਲ ਤਲਵੰਡੀ ਛੱਡ ਦੇਣੀ ਏ, ਆਪਣੇ ਹਥਿਆਰ ਤੇਜ਼ ਕਰ ਲਓ...।" ਇਹ ਕਿਹੋ ਜਿਹੇ ਦਿਨ ਆ ਗਏ ਸਨ ਆਪਣੇ ਧੀਆਂ-ਪੁੱਤਰਾਂ ਨੂੰ ਹੱਥੀਂ ਜ਼ਹਿਰ ਦੇਣਾ ਪੈ ਰਿਹਾ ਸੀ। ਤੀਲ੍ਹਾ-ਤੀਲ੍ਹਾ ਇੱਕਠਾ ਕਰਕੇ ਬਣਾਏ ਘਰ ਨੂੰ ਖੁਦ ਹੀ ਅੱਗ ਲਾਉਣੀ ਪੈ ਰਹੀ ਸੀ।

ਇਕੱਠ ਵਿੱਚ ਬੈਠੀਆਂ ਔਰਤਾਂ ਨੇ ਆਪਣੇ ਧੀਆਂ-ਪੁੱਤਰਾਂ ਨੂੰ ਕਲੇਜੇ ਨਾਲ ਲਾ ਲਿਆ। ਬਹੁਤਿਆਂ ਦੀ ਸਹਿਮਤੀ ਹੋ ਗਈ। ਸੁਲਾਹ ਤਾਂ ਇਹ ਵੀ ਆਈ ਸੀ ਕਿ 'ਪਿੰਡ ਦੀ ਸੱਥ ਦੇ ਵਿੱਚ ਲੱਕੜਾਂ ਦੀ ਵੱਡੀ ਸਾਰੀ ਚਿਤਾ ਤਿਆਰ ਕੀਤੀ ਜਾਵੇ, ਉਸ ਵਿੱਚ ਔਰਤਾਂ ਆਪਣੇ ਬੱਚਿਆਂ ਨੂੰ ਲੈ ਕੇ ਜਿੰਦਾ ਸਤੀ ਹੋ ਜਾਣ।" ਇਸ ਤੇ ਬਹੁਤੀ ਸਹਿਮਤੀ ਨਹੀਂ ਸੀ ਬਣੀ।

ਕੜ੍ਹਬ ਦੇ ਟਾਂਡੇ ਹਿੱਲੇ ਬੰਤਾ ਬੀਤੇ ਵਿੱਚੋਂ ਬਾਹਰ ਨਿੱਕਲ ਆਇਆ। ਉਸ ਦਾ ਧਿਆਨ ਉਧਰ ਵੱਲ ਨੂੰ ਹੋ ਗਿਆ। ਕੜ੍ਹਬ ਅੰਦਰ ਕੁੱਝ ਹੱਲ-ਚੱਲ ਹੋ ਰਹੀ ਸੀ। ਉਸ ਨੂੰ ਕਿਸੇ ਦੇ ਹੋਣ ਦਾ ਝੌਲਾ ਪਿਆ। ਉਹ ਤਲਵਾਰ ਨੂੰ ਹੱਥ ਪਾ ਕੇ... ਉਧਰ ਨੂੰ ਤੁਰ ਪਿਆ। ਜਿਵੇਂ ਕਿਸੇ ਦਾ ਸ਼ਿਕਾਰ ਕਰਨਾ ਹੋਵੇ। ਜਿਵੇਂ-ਜਿਵੇਂ ਉਹ ਅੱਗੇ ਵਧਦਾ ਗਿਆ ਉਸ ਨੂੰ ਕੱਪੜਿਆਂ ਦੀ ਇੱਕ ਗੰਢ ਜਿਹੀ ਦਿਖਾਈ ਦੇਣ ਲੱਗੀ। ਜਿਸ ਤੋਂ ਉਸ ਨੇ ਅੰਦਾਜ਼ਾ ਲਾ ਲਿਆ ਕੋਈ ਹੈ। ਉਹ ਬੋਚ-ਬੋਚ ਪੱਬ ਧਰਦਾ ਅੱਗੇ ਵੱਧਦਾ ਗਿਆ, ਉਹ ਕੱਪੜਿਆਂ ਦੀ ਗੰਢ ਹੋਰ ਵੱਡੀ ਹੁੰਦੀ ਗਈ। ਕੁੱਝ ਕੁ ਕਦਮਾਂ ਦੀ ਵਿੱਥ ਰਹਿ ਗਈ। ਉਹ ਕੱਪੜਿਆਂ ਦੀ ਗੰਢ ਸਾਫ਼ ਨਜ਼ਰ ਆਉਣ ਲੱਗੀ, ਉਸ ਵਿੱਚ ਹਲਚਲ ਹੋਈ। ਬੰਤ ਨੇ ਮਾਰਨ ਲਈ ਤਲਵਾਰ ਉੱਪਰ ਚੁੱਕ ਲਈ। ਉਹ ਕੋਈ ਕੱਪੜਿਆਂ ਦੀ ਗੰਢ ਨਹੀਂ ਸੀ ਕੋਈ ਗੁੱਛਾ-ਮੁੱਛਾ ਜਿਹਾ ਹੋ ਕੇ ਪਿਆ ਸੀ। ਆਪਣੇ ਸਰੀਰ ਨੂੰ ਡਰ ਦ ਮਾਰੇ ਪੂਰਾ ਢੱਕ ਰੱਖਿਆ ਸੀ।

"ਕੌਣ ਆ!" ਬੰਤ ਨੇ ਬੋਲਿਆ। ਉਧਰੋਂ ਕੋਈ ਜਵਾਬ ਨਹੀਂ ਆਇਆ। ਉਸਨੇ ਕੱਪੜਾ ਹੋਰ ਜ਼ੋਰ ਦੀ ਫੜ ਲਿਆ। ਸਿਸਕੀਆਂ ਦੀ ਆਵਾਜ਼ ਆਉਣ ਲੱਗੀ ਜਿਵੇਂ ਪੋਹ ਦੀ ਠੰਡ ਵਿੱਚ ਕਾਂਬਾ ਛਿੜ ਜਾਂਦਾ ਹੈ।

"ਮੈਂ ਪੁੱਛਿਆ ਕੌਣ ਆ।" ਉਸ ਨੇ ਤਲਵਾਰ ਦੀ ਨੋਕ ਨਾਲ ਕੱਪੜਾ ਹਟਾਉਣ ਦੀ ਕੋਸ਼ਿਸ਼ ਕੀਤੀ। ਗੱਲ ਨਾ ਬਣੀ। ਫਿਰ ਉਸ ਨੇ ਇੱਕ ਹੱਥ ਨਾਲ ਕੱਪੜਾ ਖਿੱਚ ਲਿਆ। ਉਹ ਦੰਗ ਰਹਿ ਗਿਆ। ਕੱਪੜੇ ਫਟੇ, ਵਾਲ ਉਲਝੇ, ਥਾਂ-ਥਾਂ ਤੋਂ ਜ਼ਖਮੀ ਸਰੀਰ ਵਿੱਚੋਂ ਸਿੰਮ ਰਿਹਾ ਲਹੂ, ਚਿਹਰਾ ਪੀਲਾ ਪਿਆ ਹੋਇਆ ਸੀ। ਇੱਕ ਪੱਚੀ-ਛੱਬੀ ਸਾਲ ਦੀ ਔਰਤ ਤੇ ਉਸਦੀ ਗੋਦੀ ਵਿੱਚ ਇੱਕ ਪੰਜ ਕੁ ਮਹੀਨਿਆਂ ਦਾ ਬੱਚਾ ਸੀ। ਉਸ ਨੇ ਬੱਚੇ ਨੂੰ ਘੁੱਟ ਕੇ ਫੜ ਲਿਆ। ਉਸ ਦੇ ਮੂੰਹ ਚੋਂ ਸਿਸਕੀਆਂ ਤੋਂ ਬਿਨਾਂ ਕੁੱਝ ਨਹੀਂ ਸੀ ਨਿੱਕਲ ਰਿਹਾ। ਬੰਤ ਦੇ ਹੱਥ ਚੁੱਕੀ ਹੋਈ ਤਲਵਾਰ ਹੇਠਾਂ ਆ ਗਈ।

"ਕਿਧਰੋਂ ਆਈਂ ਐਂ ਤੂੰ...।" ਉਸ ਨੇ ਕੋਈ ਜਵਾਬ ਨਾ ਦਿੱਤਾ। ਸ਼ਾਇਦ ਉਹ ਜਵਾਬ ਦੇਣ ਜੋਗੀ ਹੈ ਵੀ ਨਹੀਂ ਸੀ। ਬੰਤ ਦੀਆਂ ਨਜ਼ਰਾਂ ਨੇ ਉਸ ਨੂੰ ਤਰਸ ਭਰੀਆਂ ਨਜ਼ਰਾਂ ਨਾਲ ਦੇਖਿਆ। ਉਹ ਖੂਹ ਤੋਂ ਪਾਣੀ ਭਰ ਲਿਆਇਆ।

"ਲੈ ਪਾਣੀ ਪੀ ਲੈ।" ਬੰਤ ਨੇ ਬੈਠ ਕੇ ਉਸ ਵੱਲ ਮਿੱਟੀ ਦਾ ਪਾਣੀ ਵਾਲਾ ਭਾਂਡਾ ਕੀਤਾ। ਉਹ ਟੱਸ ਤੋਂ ਮੱਸ ਨਾ ਹੋਈ। ਬੰਤ ਨੇ ਉਸ ਦਾ ਸਿਰ ਗੋਡਿਆਂ ਤੇ ਰੱਖ ਲਿਆ। ਮੂੰਹ ਨੂੰ ਪਾਣੀ ਲਾ ਦਿੱਤਾ। ਉਸ ਦੇ ਅੰਦਰ ਦੋ-ਚਾਰ ਘੁੱਟ ਮਸਾਂ ਹੀ ਲੰਘੇ। ਬੰਤ ਨੇ ਉਸ ਦੇ ਮੂੰਹ ਤੇ ਵੀ ਪਾਣੀ ਦੇ ਛਿੱਟੇ ਮਾਰ ਦਿੱਤੇ। ਬੰਤ ਨੇ ਬੱਚੇ ਨੂੰ ਪਾਣੀ ਪਿਆਉਣ ਲਈ ਆਪਣੀ ਗੋਦੀ ਵਿੱਚ ਚੁੱਕ ਲਿਆ। ਉਸ ਵਿੱਚ ਕੋਈ ਹਰਕਤ ਨਹੀਂ ਸੀ ਉਹ ਠੰਡਾ ਹੋਇਆ ਪਿਆਸੀ...।

"ਓ ਮੇਰੇ ਮਾਲਕਾ...।" ਉਸਦੇ ਮੂੰਹੋਂ ਇਹ ਸ਼ਬਦ ਆਪ ਮੁਹਾਰੇ ਨਿੱਕਲੇ ਤੁਰੇ। ਉਹ ਔਰਤ ਨੂੰ ਚੁੱਕ ਕੇ ਤੂਤ ਦੀ ਛਾਂਵੇ ਲੈ ਗਿਆ। ਘਾਹ ਦਾ ਵਿਛਾਉਣਾ ਜਿਹਾ ਬਣਾ ਕੇ ਪਾ ਦਿੱਤਾ ਤੇ ਦੋ-ਘੁੱਟ ਪਾਣੀ ਹੋਰ ਪਿਲਾ ਦਿੱਤਾ। ਨਾਲ ਉਸ ਦੇ ਬੱਚੇ ਨੂੰ ਪਾ ਦਿੱਤਾ। ਪਾਣੀ ਪੀ ਕੇ ਉਸ ਨੂੰ ਥੋੜ੍ਹੀ ਜਿਹੀ ਸੁਰਤ ਆਈ ਸੀ। ਬੰਤ ਨੇ ਉਸਦੇ ਤੱਪਦੇ ਮੱਥੇ ਤੇ ਪਾਣੀ ਨਾਲ ਭਿਉਂਕੇ ਆਪਣੇ ਪਰਨੇ ਦੇ ਲੜ ਤੋਂ ਪੱਟੀ ਪਾੜਕੇ ਰੱਖ ਦਿੱਤੀ। ਜਿਸ ਨਾਲ ਉਸ ਨੂੰ ਥੋੜ੍ਹੀ ਰਾਹਤ ਮਿਲੀ। ਜਿਹੜੇ ਉਸ ਨੂੰ ਗਹਿਰੇ ਜ਼ਖਮ ਲੱਗੇ ਪਾਣੀ ਨਾਲ ਭਿਉਂਕੇ ਪੱਟੀਆਂ ਬੰਨ ਦਿੱਤੀਆਂ। ਉਸ ਦਾ ਜ਼ਖ਼ਮੀ ਸਰੀਰ ਉਸ ਨਾਲ ਜੋ ਵੀ ਬੀਤਿਆ ਉਸ ਦੀ ਕਹਾਣੀ ਬਿਆਨ ਕਰ ਰਿਹਾ ਸੀ। ਪਰਨੇ ਨਾਲ ਉਸਦੇ ਸਰੀਰ ਨੂੰ ਢੱਕ ਦਿੱਤਾ। ਬੰਤ ਨੇ ਇਹ ਤਾਂ ਅੰਦਾਜ਼ਾ ਲਾ ਲਿਆ ਸੀ ਕਿ "ਇਹ ਔਰਤ ਮੁਸਲਮਾਨ ਹੈ...।"

"ਕਿੰਨ੍ਹੇ ਲੋਕ ਤਬਾਹ ਕਰ ਦਿੱਤੇ ਨੇ ਇਸ ਨਫ਼ਰਤ ਦੀ ਅੱਗ ਨੇ।" ਕਦੇ ਉਹ ਉਸ ਵੱਲ ਤੱਕਦਾ, ਕਦੇ ਲੋਥ ਬਣੇ ਬੱਚੇ ਵੱਲ। ਉਹ ਆਪਣੇ-ਆਪ ਨਾਲ ਗੱਲਾਂ ਕਰਦਾ ਬੀਤੇ ਵਿੱਚ ਗੁਆਚ ਗਿਆ। ਇੱਕ ਹਾਉਕਾ ਲਿਆ...।

ਉਹ ਰਾਤ ਤਲਵੰਡੀ ਲਈ ਬਹੁਤ ਦੁੱਖਦ ਰਾਤ ਸੀ। ਸ਼ਾਇਦ ਹੀ ਕਦੇ ਦੁਨੀਆਂ ਵਿੱਚ ਹੋਇਆ ਹੋਵੇ। ਆਪਣੇ ਡੰਗਰ-ਪਸ਼ੂਆਂ ਦੇ ਲੋਕਾਂ ਨੇ ਰੱਸੇ ਖੋਲ੍ਹ ਦਿੱਤੇ। ਢਿੱਡੋਂ ਜੰਮੇ ਨੂੰ ਲੋਕ ਹੱਥੀਂ ਜ਼ਹਿਰ ਦੇਣ ਲੱਗੇ...।

"ਸ਼ਿੰਦਰ ਦੇ ਬਾਪੂ! ਤੂੰ ਪਹਿਲਾਂ ਮੈਨੂੰ ਜ਼ਹਿਰ ਦੇਈਂ ਮੈਥੋਂ ਢਿੱਡੋਂ ਜੰਮੀਆਂ ਅੱਖਾਂ ਸਾਹਮਣੇ ਤੜਫ਼-ਤੜਫ਼ ਮਰਦੀਆਂ ਨਹੀਂ ਦੇਖੀਆਂ ਜਾਣੀਆਂ...।" ਜੀਤੋ ਦੇ ਸੰਗ 'ਚ ਬੋਲ ਅਟਕ ਗਏ। ਬੰਤ

ਜੇ ਤੈਨੂੰ ਏਨੀ ਹਮਦਰਦੀ ਸੀ ਨਾਲ ਅਸਾਡੇ,
ਨੈਣੋਂ ਵਹਿੰਦੇ ਦਰਿਆ ਫਿਰ ਤੂੰ ਰੋਕੇ ਨਾ ਕਿਉਂ? -ਸੰਦੀਪ ਕੌਰ ਚੀਮਾ

ਨੇ ਉਸ ਨੂੰ ਘੁੱਟ ਕੇ ਸੀਨੇ ਨਾਲ਼ ਲਾ ਲਿਆ।

"ਮੈਂ ਕਿਵੇਂ ਦੇਖੂ! ਤੂੰ ਇਨ੍ਹਾਂ ਨੂੰ ਲੈ ਕੇ ਖੂਹ ਵਿੱਚ ਛਾਲ ਮਾਰ ਦੇਈਂ।"

"ਨਹੀਂ ਮੈਥੋਂ ਇਹ ਨਹੀਂ ਹੋਣਾ। ਤੂੰ ਪਹਿਲਾਂ ਮੈਨੂੰ ਮਾਰ ਦੇਈਂ।" ਜੀਤੋ ਨੇ ਚੂੰਨੀ ਦੇ ਲੜ ਨਾਲ਼ ਅੱਖਾਂ ਸਾਫ਼ ਕੀਤੀਆਂ। ਕੁੜੀਆਂ ਘਰ ਦੇ ਵਿਹੜੇ ਵਿੱਚ ਇੱਕ ਮੰਜੇ ਤੇ ਬੈਠੀਆਂ ਇੱਕ ਦੂਜੇ ਵੱਲ ਦੇਖ ਰਹੀਆਂ ਸਨ। ਹਨੇਰਾ ਗਹਿਰਾ ਹੋ ਰਿਹਾ ਸੀ ਰਾਤ ਅੱਧੀ ਲੰਘਣ ਵਾਲ਼ੀ ਸੀ। ਸਾਰੇ ਪਰਿਵਾਰ ਨੇ ਅੱਜ ਇੱਕਠਿਆਂ ਬੈਠਕੇ ਰੋਟੀ ਖਾਧੀ। ਕਿਨ੍ਹੀ ਦੇਰ ਤੱਕ ਉਹ ਗੱਲਾਂ ਕਰਦੇ ਰਹੇ। ਤਿੰਨੇ ਕੁੜੀਆਂ ਨੂੰ ਬੰਤ ਨੇ ਘੁੱਟਕੇ ਕਾਲਜੇ ਨਾਲ਼ ਲਾਇਆ। ਉਨ੍ਹਾਂ ਦੇ ਮੱਥੇ ਨੂੰ ਚੁੰਮਿਆ। ਜੀਤੋ ਨੇ ਕੁੜੀਆਂ ਦੇ ਸਿਰ ਤੇ ਹੱਥ ਧਰਿਆ ਤੇ ਕਮਰੇ ਦੇ ਅੰਦਰ ਚਲੀ ਗਈ। ਬੰਤ ਕੁੜੀਆਂ ਨੂੰ ਲੈ ਕੇ ਘਰ ਦੀ ਦੇਹਲੀ ਤੋਂ ਬਾਹਰ ਨਿੱਕਲ ਕੇ ਖੂਹ ਵੱਲ ਨੂੰ ਹੋ ਤੁਰਿਆ...।

ਖੂਹ ਤੇ ਜਾ ਕੇ ਬੰਤ ਨੇ ਕੁੜੀਆਂ ਨੂੰ ਘੁੱਟ ਕੇ ਸੀਨੇ ਨਾਲ਼ ਲਾਇਆ। ਹੰਝੂਆਂ ਨਾਲ਼ ਸਾਰਿਆਂ ਦੀਆਂ ਅੱਖਾਂ ਭਿੱਜ ਗਈਆਂ। ਤਿੰਨਾਂ ਨੂੰ ਖੂਹ ਦੇ ਕਿਨਾਰੇ ਖੜ੍ਹਾ ਕਰ ਦਿੱਤਾ। ਬੰਤ ਨੇ ਉਨ੍ਹਾਂ ਨੂੰ ਧੱਕਾ ਮਾਰ ਦਿੱਤਾ, ਪਾਣੀ ਛਲਕਿਆ। ਰੋਣ ਦੀਆਂ ਆਵਾਜ਼ਾਂ ਆਈਆਂ। ਖੂਹ ਦੀਆਂ ਕੰਧਾਂ ਨਾਲ਼ ਟਕਰਾਉਂਦੀਆਂ ਰਹੀਆਂ... ਖੂਹ ਸ਼ਾਂਤ ਹੋ ਗਿਆ...। ਬੰਤ ਨੇ ਪਿੱਛੇ ਮੁੜਕੇ ਨਹੀਂ ਦੇਖਿਆ ਉਹ ਘਰ ਨੂੰ ਭੱਜ ਆਇਆ। ਜੀਤੋ ਦੇ ਗਲ ਲੱਗ ਕੇ ਰੋਣ ਲੱਗ ਪਿਆ। ਜੀਤੋ ਨੇ ਚੁੰਨੀ ਦੇ ਲੜ੍ਹ ਨਾਲ਼ ਬੰਨੀ ਜ਼ਹਿਰ ਦੀ ਪੁੜੀ ਬੰਤ ਦੇ ਹੱਥ ਤੇ ਧਰ ਦਿੱਤੀ।

"ਸ਼ਿੰਦਰ ਦੇ ਬਾਪੂ! ਲਓ ਹੁਣ ਮੈਨੂੰ ਵੀ ਮੁਕਤੀ ਦੇ ਦਿਓ।"

"ਮੈਥੋਂ ਇਹ ਨਹੀਂ ਹੋਣਾ! ਮੈਂ ਤੈਨੂੰ ਅੱਖਾਂ ਮੂਹਰੇ ਤੜਫਦੀ ਨੂੰ ਨਹੀਂ ਦੇਖ ਸਕਦਾ।" ਉਸ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲੇ ਜੀਤੋ ਦੀ ਹਿੱਕ ਤੇ ਜਾ ਡਿੱਗੇ। ਜੀਤੋ ਨੂੰ ਸੀਨੇ ਨਾਲ਼ ਜ਼ੋਰ ਦੀ ਘੁੱਟ ਲਿਆ।

"ਹੁਣ ਚਾਰਾ ਵੀ ਤਾਂ ਕੋਈ ਨਹੀਂ।" ਰਾਤ ਦਾ ਆਖ਼ਰੀ ਪਹਿਰ ਵੀ ਖ਼ਤਮ ਹੋਣ ਵਾਲ਼ਾ ਸੀ।

"ਪਹਿਲਾਂ ਹੱਥੀਂ ਪਾਲ਼ੀਆਂ ਧੀਆਂ ਨੂੰ ਖੂੰਹ 'ਚ ਧੱਕਾ ਦੇ ਕੇ ਆਇਆ ਹਾਂ ਹੁਣ ਤੈਨੂੰ...।" ਉਸਦੇ ਸੰਘ ਵਿੱਚ ਬੋਲ ਅਟਕ ਗਏ। ਜੀਤੋ ਕਮਰੇ ਅੰਦਰ ਗਈ ਤਲਵਾਰ ਚੁੱਕ ਲਿਆਈ- "ਲੈ ਇਸ ਨਾਲ਼ ਮੇਰਾ ਸਿਰ ਕ਼ਲਮ ਕਰ ਦੇ, ਮੈਂ ਬਹੁਤਾ ਤੜਫਾਂਗੀ ਨਹੀਂ।" ਉਸ ਨੇ ਤਲਵਾਰ ਬੰਤ ਵੱਲ ਕਰ ਦਿੱਤੀ। ਗਰਦਨ ਝੁਕਾ ਕੇ ਗੋਡਿਆਂ ਭਾਰ ਬੈਠ ਗਈ।

"ਜੀਤੋ ਮੈਂ ਤੇਰੀ ਗਰਦਨ ਕਿਵੇਂ ਵੱਢ ਦੇਵਾਂ। ਆਪਣੇ ਹੱਥੀਂ ਜ਼ਹਿਰ ਕਿਵੇਂ ਦੇਵਾਂ...।"

"ਜੇ ਤੂੰ ਮੈਨੂੰ ਨਹੀਂ ਮਾਰੇਗਾ! ਮੁਸਲੇ ਮੈਨੂੰ ਨੋਚ-ਨੋਚ ਖਾ ਜਾਣਗੇ...।"

ਹਰ ਰੋਜ਼ ਵਾਪਰ ਰਹੀਆਂ ਘਟਨਾਵਾਂ ਦੇ ਦ੍ਰਿਸ਼ ਜੀਤੋ ਦੀਆਂ ਕਹੀਆਂ ਗੱਲਾਂ ਨਾਲ਼ ਬੰਤ ਦੇ ਅੱਖਾਂ ਮੂਹਰੇ ਘੁੰਮਣ ਲੱਗੇ।

ਬੰਤ ਨੇ ਜੀਤੋ ਦੇ ਹੱਥਾਂ 'ਚੋਂ ਤਲਵਾਰ ਚੁੱਕ ਲਈ, ਜੀਤੋ ਨੂੰ ਖੜ੍ਹੀ ਕਰਕੇ ਘੁੱਟ ਕੇ ਗਲਵੱਕੜੀ ਵਿੱਚ ਲੈ ਲਿਆ। ਸਿਰ ਚੁੰਮਿਆ। ਕਿਨ੍ਹਾਂ ਚਿਰ ਦੋਵੇਂ ਇੱਕ ਦੂਜੇ ਦੀਆਂ ਬਾਂਹਵਾਂ ਵਿੱਚ ਲਿਪਟੇ ਰਹੇ। ਅੱਖਾਂ ਨਮ ਹੁੰਦੀਆਂ ਰਹੀਆਂ। ਗਲਵੱਕੜੀ ਖੁੱਲ੍ਹੀ, ਜੀਤੋ ਫਿਰ ਸਿਰ ਝੁਕਾ ਕੇ ਗੋਡਿਆਂ ਭਾਰ ਬੈਠ ਗਈ। ਬੰਤ ਨੇ ਤਲਵਾਰ ਨੂੰ ਦੋਵਾਂ ਹੱਥਾਂ ਨਾਲ਼ ਉਪਰ ਚੁੱਕ ਲਿਆ, ਕਿਨ੍ਹਾਂ ਚਿਰ ਉਹ ਉਸ ਦੀ ਗਰਦਨ ਵੱਲ ਤੱਕਦਾ ਰਿਹਾ। ਗਰਦਨ ਵਿੱਚ ਪਾਈ ਗਾਨੀ ਨੂੰ ਦੇਖਦਾ ਰਿਹਾ, ਜੋ ਉਸ ਨੇ ਬੜੇ ਚਾਵਾਂ ਨਾਲ਼ ਕੁੱਝ ਸਾਲ ਪਹਿਲਾਂ ਜੀਤੋ ਨੂੰ ਮੇਲੇ ਤੋਂ ਲਿਆਕੇ ਦਿੱਤੀ ਸੀ...।

"ਮੈਨੂੰ ਮੁਆਫ਼ ਕਰੀ ਜੀਤੋ...।" ਉਸਨੇ ਨਾ ਚਾਹੁੰਦਿਆਂ ਵੀ ਤਲਵਾਰ ਦਾ ਵਾਰ ਜ਼ੋਰ ਦੀ ਜੀਤੋ ਦੀ ਗਰਦਨ ਤੇ ਮਾਰਿਆ। ਸਿਰ ਧੜ ਨਾਲ਼ੋਂ ਅਲੱਗ ਹੋ ਕੇ ਡਿੱਗ ਪਿਆ। ਲਹੂ ਦਾ ਫ਼ੁਆਰਾ ਫੁੱਟਿਆ...। ਕੁੱਝ ਪਲ ਧੜ ਵਿੱਚ ਹਰਕਤ ਹੋਈ ਫਿਰ ਠੰਡਾ ਹੋ ਗਿਆ। ਬੰਤ ਦੀਆਂ ਅੱਖਾਂ ਵਿੱਚੋਂ ਹੰਝੂ ਦੇ ਪਰਨਾਲੇ ਵਗ ਤੁਰੇ। ਉਸਨੇ ਜੀਤੋ ਦੇ ਸਿਰ ਵੱਲ ਤੱਕਿਆ ਉਸ ਦੀਆਂ ਅੱਖਾਂ ਖੁੱਲ੍ਹੀਆਂ ਸਨ, ਜਿਵੇਂ ਕਹਿ ਰਹੀ ਹੋਵੇ ਤੂੰ ਮੇਰੇ ਬੋਲ਼ ਪੁਗਾ ਦਿੱਤੇ...। ਬੰਤ ਦੀ ਨਜ਼ਰ ਗਲ ਵਿੱਚੋਂ ਡਿੱਗੀ ਲਹੂ ਭਿੱਜੀ ਗਾਨੀ ਤੇ ਪਈ। ਉਸਨੇ ਚੁੱਕ ਕੇ ਜੇਬ ਵਿੱਚ ਪਾ ਲਈ। ਘਰ ਵਿੱਚੋਂ ਲੱਕੜ-ਤਿੱਬੜ ਇੱਕਠਾ ਕੀਤਾ ਜੀਤੋ ਦੀ ਲਾਸ਼ ਨੂੰ ਘਰ ਦੇ ਅੰਦਰ ਰੱਖ, ਘਰ ਅੱਗ ਦੀ ਭੇਟ ਚੜ੍ਹਾ ਦਿੱਤਾ। ਤਲਵੰਡੀ ਦੇ ਘਰਾਂ ਵਿੱਚੋਂ ਅੱਗ ਦੇ ਭਾਬੜ ਉੱਠ ਰਹੇ ਸਨ, ਧੂੰਆਂ ਆਸਮਾਨ ਛੂਹ ਰਿਹਾ ਸੀ...।

"ਪਾਣੀ...!" ਬੰਤ ਕੋਲ ਪਈ ਉਸ ਔਰਤ ਨੇ ਆਪਣੇ ਬੁੱਲ੍ਹ ਫੜਫੜਾਏ। ਬੰਤ ਦਾ ਧਿਆਨ ਉਸ ਵੱਲ ਗਿਆ। ਬੰਤ ਪਾਣੀ ਭਰ ਲਿਆਇਆ।

"ਲੈ ਪਾਣੀ ਪੀ ਲੈ।" ਬੰਤ ਨੇ ਉਸ ਨੂੰ ਬਾਂਹ ਦਾ ਸਹਾਰਾ ਦੇ ਕੇ ਬੈਠੀ ਕੀਤਾ। ਉਸਦੇ ਤੱਪਦੇ ਸਰੀਰ ਨੂੰ ਪਹਿਲਾਂ ਨਾਲੋਂ ਰਾਹਤ ਮਿਲੀ ਸੀ। ਭਾਂਡਾ ਬੰਤ ਨੇ ਮੂੰਹ ਨੂੰ ਲਾ ਦਿੱਤਾ। ਅੱਖਾਂ ਨਾਲ਼ ਬੰਤ ਦਾ ਸ਼ੁਕਰੀਆ ਕੀਤਾ। ਉਸ ਨੇ ਬੱਚੇ ਵੱਲ ਨਿਗਾਹ ਮਾਰੀ। ਚੁੱਕ ਕੇ ਛਾਤੀ ਨਾਲ ਲਾ ਲਿਆ। ਦੁੱਧ ਪਿਲਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਮੂੰਹ ਨਾ ਖੋਲ੍ਹਿਆ।

"ਲੈ ਮੇਰੇ ਪੁੱਤ ਦੁੱਧ ਪੀ ਲੈ...।" ਬਾਹਾਂ ਨਾਲ਼ ਹੁਲਾਰੇ ਦਿੱਤੇ। ਸ਼ਾਇਦ ਕੋਈ ਹਰਕਤ ਹੋਵੇ। ਬੱਚੇ ਵਿੱਚ ਕੋਈ ਹਰਕਤ ਨਾ ਹੋਈ।

"ਇਹ ਦੁੱਧ ਕਿਉਂ ਨਹੀਂ ਪੀਂਦਾ...।" ਉਸਨੇ ਉਸ ਵੱਲ ਤੱਕਦਿਆਂ ਕਿਹਾ।

"ਇਹ ਹੁਣ ਕਦੇ ਵੀ ਦੁੱਧ ਨਹੀਂ ਪੀਊਗਾ...।"

"ਕਿਉਂ ਨਹੀਂ ਪੀਊ...?"

"ਇਹ ਤੈਨੂੰ ਛੱਡਕੇ ਜਾ ਚੁੱਕਾ ਹੈ।" ਬੰਤ ਨੇ ਦਬੀ ਜਿਹੀ ਆਵਾਜ਼ ਵਿੱਚ ਉੱਤਰ ਦਿਤਾ। ਉਸ ਔਰਤ ਦੀਆਂ ਭੁੱਬਾਂ ਨਿੱਕਲ ਗਈਆਂ। ਉਸਨੇ ਪਿੰਡੇ ਨੂੰ ਟਟੋਲ ਕੇ ਦੇਖਿਆ। ਉਹ ਠੰਡਾ ਸੀ। ਘੁੱਟਕੇ ਸੀਨੇ ਨਾਲ਼ ਲਾ ਲਿਆ। ਹੰਝੂਆਂ ਦਾ ਮੀਂਹ ਵਹਿਣ ਲੱਗਿਆ। ਬੰਤ ਨੇ ਉਸਨੂੰ ਹੌਂਸਲਾ ਦਿੰਦਿਆਂ ਹੱਥ ਉਸ ਦੇ ਮੋਢੇ ਤੇ ਰੱਖਕੇ ਥਪਥਪਾਇਆ।

"ਤੂੰ ਕੌਣ ਆ! ਇੱਥੇ ਕਿਵੇਂ ਆਈ।" ਬੰਤ ਨੇ ਉਸ ਨੂੰ ਧਰਵਾਸ ਦਿੰਦਿਆ ਕਿਹਾ। ਪਹਿਲਾਂ ਉਸਦੇ ਮੂੰਹ ਵਿੱਚੋਂ ਕੋਈ ਬੋਲ ਨਾ ਨਿੱਕਲਿਆ ਫਿਰ ਹੌਲ਼ੀ-ਹੌਲ਼ੀ ਬੋਲ਼ੀ, "ਮੇਰਾ ਨਾਂ ਨਸ਼ੀਰਾਂ ਏ, ਮੈਂ ਕੋਟਲੀ ਪਿੰਡ ਦੇ ਮੁਸਲਮਾਨਾਂ ਦੇ ਘਰਾਂ ਚੋਂ ਹਾਂ।" ਮੁਸਲਮਾਨ ਸ਼ਬਦ ਉਸਨੇ ਡਰਦੀ-ਡਰਦੀ ਨੇ ਕਿਹਾ।

"ਤੇਰੇ ਮੁਸਲਮਾਨ ਹੋਣ ਦਾ ਤਾਂ ਮੈਂ ਅੰਦਾਜ਼ਾ ਲਾ ਲਿਆ ਸੀ। ਤੇਰਾ ਇਹ ਹਾਲ ਕਿਵੇਂ ਹੋਇਆ...।" ਬੰਤ ਨੇ ਜਿਵੇਂ ਉਸ ਦੀ ਕੋਈ

ਤੇਰੇ ਵੱਲ ਖਿੱਚਿਆ ਜਾਣਾ ਇਹ ਫ਼ਿਤਰਤ ਨਹੀਂ ਮੁਹੱਬਤ ਦੀ,
ਜਿਵੇਂ ਇਕ ਖੌਲਦਾ ਸਾਗਰ ਕਿਨਾਰੇ ਤੋੜ ਬਹਿੰਦਾ ਹੈ। -ਅਮਰਿੰਦਰ ਸੰਧੂ

ਦੁੱਖਦੀ ਰਗ ਦੱਬ ਦਿੱਤੀ ਹੋਵੇ। ਉਸ ਨੇ ਇੱਕ ਵੱਡਾ ਸਾਰਾ ਹਉਂਕਾ ਲਿਆ। ਬੋਲਣਾ ਸ਼ੁਰੂ ਕੀਤਾ, "ਅਸੀਂ ਆਪਣਾ ਪਿੰਡ ਛੱਡਕੇ ਨਵੇਂ ਬਣੇ ਮੁਲਕ ਪਾਕਿਸਤਾਨ ਨੂੰ ਕਾਫ਼ਲਾ ਬਣਾਕੇ ਤੁਰੇ ਸਾਂ। ਅਸੀਂ ਘਰੋਂ ਡੰਗਰ ਪਸ਼ੂ ਭਾਂਡਾ-ਠੀਕਰ, ਕੱਪੜਾ-ਲੱਤਾ ਗੱਡਿਆਂ ਉੱਤੇ ਤੇ ਸਿਰਾਂ ਉਪਰ ਰੱਖ ਕੇ ਜਾ ਰਹੇ ਸੀ। ਕੋਈ ਪੰਜਾਹ ਘਰ ਸੀ। ਰਸਤੇ ਵਿੱਚ ਸਾਡੇ ਤੇ ਹਿੰਦੂ-ਸਿੱਖਾਂ ਨੇ ਹਮਲਾ ਕਰ ਦਿੱਤਾ। ਸਾਡਾ ਸਭ ਕੁੱਝ ਲੁੱਟ ਲਿਆ। ਸਭ ਦੀ ਵੱਢ-ਕੁੱਟ ਕੀਤੀ ਗਈ ਜ਼ਾਲਮਾਂ ਨੇ ਬੱਚਿਆਂ ਤੇ ਵੀ ਤਰਸ ਨਾ ਕੀਤਾ। ਕੁੜੀਆਂ, ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ। ਮੇਰੀਆਂ ਅੱਖਾਂ ਦੇ ਸਾਹਮਣੇ ਮੇਰੀ ਨੌਂ ਸਾਲ ਦੀ ਬੱਚੀ ਫ਼ਾਤਿਮਾ ਨੂੰ ਭੁੱਖੇ ਬਘਿਗਾੜਾਂ ਵਾਂਗ ਚਿੰਬੜ ਗਏ...। ਬੜੀ ਬੇਰਹਿਮੀ ਨਾਲ਼ ਉਸ ਦੇ ਅੰਗਾਂ ਨੂੰ ਕੱਟ ਕੇ ਕਤਲ ਕਰ ਦਿੱਤਾ...। ਫ਼ਾਤਿਮਾ ਦੇ ਅੱਬਾ ਹੋਰਾਂ ਨੇ ਸਾਨੂੰ ਬਚਾਉਣ ਲਈ ਬਹੁਤ ਜ਼ੋਰ ਲਾਇਆ। ਤਲਵਾਰਾਂ ਤੇ ਗੰਡਾਸਿਆਂ ਨੇ ਉਨ੍ਹਾਂ ਨੂੰ ਵੱਢ ਦਿੱਤਾ। ਮੈਂ ਆਪਣੀ ਜਾਣ ਬਚਾਉਣ ਲਈ ਭੱਜੀ ਪਰ...।" ਉਹ ਬੋਲਦੀ-ਬੋਲਦੀ ਰੁਕ ਗਈ। ਉਸ ਦੇ ਅੰਦਰੋਂ ਆਵਾਜ਼ ਨਾ ਨਿੱਕਲੀ।

"ਨਸ਼ੀਰਾਂ ਲੈ ਪਾਣੀ ਪੀ ਲੈ।" ਬੰਤ ਨੇ ਪਾਣੀ ਉਸਦੇ ਬੁੱਲਾਂ ਨੂੰ ਲਾ ਦਿੱਤਾ। ਦੋ ਘੁੱਟ ਅੰਦਰ ਲੰਘਾਏ।

"ਫਿਰ ਕੀ ਹੋਇਆ?" ਜਿਵੇਂ ਬੰਤ ਨੂੰ ਉਸ ਬਾਰੇ ਜਾਣਨ ਦੀ ਕਾਹਲ ਹੋਵੇ।

"ਮੈਂ ਗੋਦੀ ਵਾਲ਼ੇ ਬੱਚੇ ਨੂੰ ਲੈ ਕੇ ਟਿੱਬਿਆਂ ਵਿੱਚ ਦੀ ਭੱਜੀ, ਪੰਜ-ਸੱਤ ਬੰਦਿਆਂ ਨੇ ਮੈਨੂੰ ਘੇਰ ਲਿਆ। ਮੈਂ ਬੜੀਆਂ ਤਰਲੇ ਮਿਨਤਾਂ ਕੀਤੀਆਂ, ਪੈਰ ਫੜੇ...। ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ। ਮੇਰੇ ਗੋਦੀ ਚੁੱਕੇ ਬੱਚੇ ਨੂੰ ਮੇਰੀਆਂ ਬਾਂਹਾਂ ਚੋਂ ਖੋਹ ਕੇ ਪਰ੍ਹਾਂ ਵਗਾਹ ਮਾਰਿਆ। ਉਹ ਰੋਂਦਾ ਰਿਹਾ, ਚੀਕਦਾ ਰਿਹਾ ਕਿਸੇ ਨੂੰ ਤਰਸ ਨਾ ਆਇਆ। ਜ਼ਾਲਮਾਂ ਨੇ ਮੇਰੇ ਨਾਲ਼...।" ਉਹ ਕੁੱਝ ਦੇਰ ਰੁਕੀ ਰਹੀ। ਫਿਰ ਬੋਲ਼ੀ, "ਕੋਈ ਭਲਾ ਸਿੱਖ ਆਇਆ ਜਿਸ ਨੇ ਉਨ੍ਹਾਂ ਨੂੰ ਲਲਕਾਰਿਆ ਤੇ ਤਲਵਾਰਾਂ ਦੇ ਵਾਰ ਕਰ ਦਿੱਤੇ, ਉਹ ਭੱਜ ਗਏ। ਮੇਰਾ ਬੱਚਾ ਮੇਰੀ ਗੋਦੀ ਦੇ ਵਿੱਚ ਫੜਾ ਦਿੱਤਾ ਤੇ ਚਲਿਆ ਗਿਆ...। ਮੈਂ ਬੱਚੇ ਨੂੰ ਘੁੱਟ ਕੇ ਸੀਨੇ ਨਾਲ ਲਾਇਆ। ਲਹੂ ਸਿੰਮ ਰਹੀਆਂ ਛਾਤੀਆਂ ਨੂੰ ਉਹਦੇ ਮੂੰਹ ਵਿੱਚ ਪਾ ਦਿੱਤਾ...। ਮੈਂ ਬੱਚੇ ਨੂੰ ਚੁੱਕ ਕੇ ਲੁਕਦੀ-ਛਿਪਦੀ, ਵਾਹਣੋ-ਵਾਹਣੀ ਹੋ ਕੇ ਇੱਥੇ ਪਹੁੰਚ ਗਈ। ਦੋ ਦਿਨਾਂ ਤੋਂ ਇੱਥੇ ਹਾਂ। ਅੱਗੇ ਜਾਣ ਦੀ ਸਰੀਰ ਵਿੱਚ ਹਿੰਮਤ ਨਹੀਂ ਸੀ।"

"ਗੋਦੀ ਵਾਲ਼ਾ ਬੱਚਾ ਕਿਵੇਂ ਮਰ ਗਿਆ...।" ਬੰਤ ਨੇ ਜਿਵੇਂ ਫਿਰ ਕਿਸੇ ਰਗ ਨੂੰ ਦਬਾ ਦਿੱਤਾ। ਉਹ ਬੱਚੇ ਦੇ ਵਾਲਾਂ ਵਿੱਚ ਆਪਣਾ ਹੱਥ ਫੇਰ ਰਹੀ ਸੀ। ਹੰਝੂਆਂ ਦਾ ਹੜ੍ਹ ਅੱਖਾਂ ਵਿੱਚੋਂ ਵਹਿਣ ਲੱਗਾ।

"ਬੱਚਾ ਭੁੱਖ ਦਾ ਮਾਰਿਆ ਵਾਰ-ਵਾਰ ਰੋ ਰਿਹਾ ਸੀ। ਮੈਨੂੰ ਇੱਥੇ ਕਿਸੇ ਦੀ ਪੈੜ ਚਾਲ ਸੁਣਾਈ ਦਿੱਤੀ। ਮੈਂ ਰੋਂਦੇ ਬੱਚੇ ਦੇ ਮੂੰਹ ਨੂੰ ਹੱਥ ਨਾਲ਼ ਬੰਦ ਕਰ...।" ਬੰਤ ਦੇ ਸਰੀਰ ਵਿੱਚ ਇੱਕ ਝੁਣ-ਝੁਣੀ ਦੌੜੀ।

"ਇਹ ਕਿਹੋ ਜਿਹਾ ਮੰਜ਼ਰ ਹੈ...।"

"ਚੱਲ ਨਸ਼ੀਰਾਂ ਬੱਚੇ ਨੂੰ ਦੱਬ ਦਿੰਦੇ ਹਾਂ...। ਮੇਰਾ ਵੀ ਇਸ ਜ਼ੁਲਮ ਦੀ ਅੱਗ ਨੇ ਸਭ ਕੁੱਝ ਖੋਹ ਲਿਆ। ਮੈਂ ਵੀ ਤੇਰੇ ਵਰਗਾ ਹਾਂ।" ਉਹ ਬੱਚਾ ਦੱਬਣ ਲਈ ਟੋਆ ਪੁੱਟਦਿਆਂ, ਨਸ਼ੀਰਾਂ ਨੂੰ ਆਪਣੀ ਸਾਰੀ ਦਾਸਤਾ ਸੁਣਾਈ।

"ਜਦੋਂ ਮੈਂ ਘਰ ਨੂੰ ਅੱਗ ਲਾ ਕੇ ਬਾਹਰ ਨਿੱਕਲਿਆ, ਪਿੰਡ ਦੇ ਘਰਾਂ ਵਿੱਚ ਅੱਗ ਦੇ ਭਾਂਬੜ ਮੱਚ ਰਹੇ ਸੀ। ਮੇਰੇ ਹੱਥ ਵਿੱਚ ਲਹੂ ਨਾਲ਼ ਭਿੱਜੀ ਹੋਈ ਆਹੀ ਤਲਵਾਰ ਤੀ। ਲੋਕ ਸੱਥ ਵਿੱਚ ਇਕੱਠੇ ਹੋਣ ਲੱਗ ਪਏ। ਸਭ ਦੇ ਹੱਥ ਵਿੱਚ ਖ਼ੂਨੀ ਹਥਿਆਰ।ਸਾਨੂੰ ਭਿਣਕ ਪਈ ਡਸਕੇ ਵੱਲੋਂ ਮੁਸਲਮਾਨਾਂ ਦਾ ਕਾਫਲਾ ਆ ਰਿਹਾ ਹੈ। ਅਸੀਂ ਸਾਰਿਆਂ ਨੇ ਉਧਰ ਜਾਣ ਦੀ ਤਿਆਰੀ ਕਰ ਲਈ। ਕੁਛ ਦੂਰ ਹੀ ਗਏ। ਸਾਨੂੰ ਮੁਸਲਮਾਨਾਂ ਦਾ ਕਾਫਲਾ ਦਿਖਾਈ ਦਿੱਤਾ। ਸਭ ਮਰਨ-ਮਾਰਨ ਹੀ ਆਏ।"

"ਓ ਅੱਜ ਬਚਕੇ ਨਾ ਜਾਣ। ਸਾਨੂੰ ਇਨ੍ਹਾਂ ਨੇ ਬਰਬਾਦ ਕਰ ਦਿੱਤਾ ਏ...।" ਸਿੱਖ ਜਿਊਣ ਸਿਓਂ ਤਲਵਾਰ ਹਵਾ ਵਿੱਚ ਘੁੰਮਾਉਂਦੇ ਗੁੱਸੇ ਨਾਲ ਬੋਲਿਆ।

"ਅਸੀਂ ਕਾਫ਼ਲੇ ਤੋਂ ਕੁੱਝ ਕਰਮਾਂ ਦੂਰ ਰਹਿ ਗਏ। ਸਾਰੇ ਮੁਸਲਮਾਨਾਂ 'ਤੇ ਹੱਲਾ ਬੋਲਣ ਲਈ ਦੌੜੇ... ਉਨ੍ਹਾਂ ਦੇ ਹੱਥਾਂ ਵਿੱਚ ਵੀ ਹਥਿਆਰ ਫੜੇ ਹੋਏ ਸਨ।" ਬੰਤ ਨੇ ਟੋਆ ਪੁੱਟ ਦਿੱਤਾ। ਨਸ਼ੀਰਾਂ ਉਸ ਦੀਆਂ ਗੱਲਾਂ ਨੂੰ ਬੜੇ ਗਹੁ ਨਾਲ਼ ਸੁਣ ਰਹੀ ਸੀ। ਬੰਤ ਦਾ ਬੋਲਦੇ-ਬੋਲਦੇ ਦਾ ਮਨ ਭਰ ਆਇਆ।

"ਨਸ਼ੀਰਾਂ ਲਿਆ ਬੱਚੇ ਨੂੰ ਟੋਏ ਵਿੱਚ ਰੱਖ।" ਨਸ਼ੀਰਾਂ ਨੇ ਬੱਚੇ ਨੂੰ ਸੀਨੇ ਨਾਲ਼ ਲਾਇਆ ਆਪਣੀ ਚੁੰਨੀ ਵਿੱਚ ਲਪੇਟ ਕੇ ਟੋਏ ਵਿੱਚ ਰੱਖ ਦਿੱਤਾ। ਦੋਵੇਂ ਮਿੱਟੀ ਪਾਉਣ ਲੱਗ ਪਏ। ਨਸ਼ੀਰਾਂ ਦੀਆਂ ਭੁੱਬਾਂ ਨਿੱਕਲ ਗਈਆਂ। ਬੰਤ ਨੇ ਮੋਢੇ ਤੇ ਹੱਥ ਰੱਖਕੇ ਦਿਲਾਸਾ ਦਿੱਤਾ। ਕਿੰਨਾ ਚਿਰ ਦੋਵਾਂ ਵਿੱਚ ਚੁੱਪ ਪਸਰੀ ਰਹੀ।

"ਨਸ਼ੀਰਾਂ ਹੁਣ ਤੂੰ ਕਿੱਥੇ ਜਾਏਗੀ।" ਬੰਤ ਨੇ ਚੁੱਪ ਨੂੰ ਤੋੜਿਆ।

"ਮੇਰਾ ਹੁਣ ਕੌਣ ਆ ਇੱਥੇ! ਸਭ ਉੱਜੜ ਗਿਆ...।" ਨਸ਼ੀਰਾਂ ਨੇ ਖੱਬਲ ਦੀਆਂ ਤਿੜ੍ਹਾਂ ਹੱਥ ਨਾਲ਼ ਮਰੋੜੀਆਂ।

"ਕੋਈ ਨੀਂ ਹੌਸਲਾ ਰੱਖ...।"

"ਫਿਰ ਕੀ ਹੋਇਆ ...।" ਨਸ਼ੀਰਾਂ ਨੇ ਬੰਤ ਦੀ ਆਪ-ਬੀਤੀ ਬਾਰੇ ਅਗਾਹਾਂ ਪੁੱਛਿਆ।

"ਸਾਡੀਆਂ ਤਲਵਾਰਾਂ ਮੁਸਲਮਾਨਾਂ ਦੇ ਡੱਕਰੇ ਕਰਨ ਨੂੰ ਹਵਾ ਵਿੱਚ ਉਠੀਆਂ। ਮਾਰੂ ਧਰਤੀ ਲਹੂ ਨਾਲ਼ ਸਿੰਝਣੀ ਤੀ। ਸਾਡੇ 'ਤੇ ਮਰਨ-ਮਾਰਨ ਦਾ ਭੂਤ ਸਵਾਰ। ਅਸੀਂ ਤਾਂ ਆਪਣੀ ਦੁਨੀਆਂ ਉਜਾੜ ਆਏ। ਦੁਸ਼ਮਣ ਨੂੰ ਉਜਾੜਣਾ...। ਐਨ ਮੌਕੇ 'ਤੇ ਫ਼ੌਜੀ ਟਰੱਕ ਸਾਡੇ ਵਿਚਾਲੇ ਆਕੇ ਰੁੱਕ ਗਏ। ਉਨ੍ਹਾਂ ਨੂੰ ਪਾਕਿਸਤਾਨ ਭੇਜਣ ਲਈ ਕੈਂਪਾਂ ਵਿੱਚ ਲੈ ਗਏ। ਸਾਨੂੰ ਘਰਾਂ ਨੂੰ ਜਾਣ ਲਈ ਕਿਹਾ।

"ਓ ਕਿਉਂ ਤੁਸੀਂ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਬਣੇ ਹੋਂ। ਮੁਲਕ ਵੰਡੇ ਗਏ ਅੰਗਰੇਜ਼ ਚਲੇ ਗਏ। ਮੁਸਲਮਾਨਾਂ ਨੂੰ ਪਾਕਿਸਤਾਨ ਭੇਜਿਆ ਜਾ ਰਿਹਾ। ਚੰਦਰੀ ਸਿਆਸਤ ਨੇ ਸਭ ਖ਼ਤਮ ਕਰ ਦਿੱਤਾ। ਆਪਣਿਆਂ ਹੱਥੋਂ ਆਪਣੇ ਮਰਵਾ ਦਿੱਤੇ... ਤੁਸੀਂ ਅਨਜਾਣਾਂ ਨੇ ਖ਼ੂਨ ਨਾਲ਼ ਧਰਤੀ-ਮਾਂ ਨੂੰ ਲਾਲ ਕਰ ਦਿੱਤਾ... ਨੁਕਸਾਨ ਤੁਹਾਡਾ ਫ਼ਾਇਦਾ ਕੋਈ ਹੋਰ ਲੈ ਗਿਆ... ਜਾਓ ਆਪਣੇ ਘਰਾਂ ਨੂੰ ਆਪਣੀ ਜ਼ਿੰਦਗੀ ਜੀਓ...।" ਫ਼ੌਜੀ ਅਫ਼ਸਰ ਨੇ ਦੋ ਮੁਲਕ ਬਣ ਜਾਣ ਦੀ ਗੱਲ ਸਮਝਾਈ।

"ਮੇਰੀਆਂ ਧਾਹਾਂ ਨਿੱਕਲ ਗਈਆਂ। ਅਸੀਂ ਆਪਣੇ ਹੱਥੀਂ

ਸੰਵਾਰੇ ਤੋਂ ਬਿਨਾ ਵੀ ਹੈ, ਸਜਾਏ ਤੋਂ ਬਿਨਾ ਵੀ ਹੈ।
ਕਿਸੇ ਦੇ ਰੂਪ ਦਾ ਜਾਦੂ, ਜਗਾਏ ਤੋਂ ਬਿਨਾ ਵੀ ਹੈ। -(ਅਗਲੇ ਸਫ਼ੇ 'ਤੇ)

ਆਪਣਾ ਸਭ ਕੁੱਝ ਉਜਾੜ ਆਏ। ਕਿਵੇਂ ਘਰ ਨੂੰ ਮੁੜਦਾ, ਤਲਵੰਡੀ ਤਾਂ ਉੱਜੜ ਚੁੱਕੀ ਸੀ। ਮੈਨੂੰ ਕੁੱਝ ਸਮਝ ਨਹੀ ਆਇਆ ਮੈਂ ਉੱਥੋਂ ਭੱਜਿਆ ਖੇਤ ਆ ਗਿਆ। ਆਪਣੇ-ਆਪ ਨੂੰ ਖ਼ਤਮ ਕਰਨ ਲਈ ਸੋਚਦਾ ਰਿਹਾ। ਆ ਤਲਵਾਰ ਮੈਂ ਆਪਣੇ ਢਿੱਡ ਵਿੱਚ ਦੀ ਕੱਢ ਲੈਣੀ ਤੀ ਜਾਂ ਖੂਹ ਵਿੱਚ ਛਾਲ ਮਾਰ ਦਿੰਦਾ...।" ਬੰਤ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਡਿੱਗਣ ਲੱਗੇ। ਉਹ ਬੋਲਦਾ-ਬੋਲਦਾ ਰੁੱਕ ਗਿਆ। ਨਸ਼ੀਰਾਂ ਨੇ ਉਸਦੇ ਮੋਢੇ 'ਤੇ ਹਮਦਰਦੀ ਭਰਿਆ ਹੱਥ ਰੱਖਿਆ। ਬੰਤ ਨੇ ਨਸ਼ੀਰਾਂ ਵੱਲ ਤੱਕਿਆ। ਨਸ਼ੀਰਾਂ ਵਿੱਚੋਂ ਉਸ ਨੂੰ ਜੀਤੋ ਦੀ ਝਲਕ ਦਿਖਾਈ ਦਿੱਤੀ। ਉਸਨੇ ਜੇਬ ਵਿੱਚੋਂ ਗਾਨੀ ਕੱਢੀ ਨਸ਼ੀਰਾਂ ਦੇ ਗਲ ਵਿੱਚ ਪਾ ਦਿੱਤੀ...।

ਕਹਾਣੀ

# ਪਾਤਸ਼ਾਹ

ਭੁਪਿੰਦਰ ਸਿੰਘ ਮਾਨ,
ਮੌੜ ਮੰਡੀ, ਬਠਿੰਡਾ



ਭੁਪਿੰਦਰ ਸਿੰਘ ਮਾਨ

ਭੁਪਿੰਦਰ ਸਿੰਘ ਮਾਨ: ਕਹਾਣੀਆਂ ਲਿਖਦਾ-ਲਿਖਦਾ ਬੀਤੇ ਕੁਝ ਸਾਲਾਂ ਤੋਂ ਨਾਵਲ ਵੱਲ ਪਰਤਿਆ ਹੈ। ਉਸਨੂੰ ਪੇਂਡੂ ਜੀਵਨ ਦੀ ਸਮਝ ਹੀ ਨਹੀ ਪੇਂਡੂ ਸਭਿਆਚਾਰ, ਉਸ ਵਿਚਲੀਆਂ ਡੂਘਾਈਆਂ ਅਤੇ ਕਮੀਨਗੀਆਂ-ਕਮਜ਼ੋਰੀਆਂ ਉਪਰ ਮਜ਼ਬੂਤ ਪਕੜ ਹੈ। ਉਹ ਸਮਾਜ ਦੇ ਹਰ ਵਰਤਾਰੇ ਨੂੰ ਕੈਹਰੀ ਅਤੇ ਗਹਿਰੀ ਅੱਖ ਨਾਲ ਮਾਪਦਾ ਆਪਣੇ ਸੁਭਾਅ ਮੁਤਾਬਕ ਬਹੁਤ ਗਹਿ-ਗੰਭੀਰ ਗੱਲ ਕਹਿ ਜਾਂਦਾ ਹੈ। ਉਸਨੇ ਦੋ ਨਾਵਲ ਪਾਠਕਾਂ ਨੂੰ ਦਿਤੇ ਹਨ 'ਜਾਂਬਾਜ਼' ਅਤੇ 'ਆਸ਼ਰਮ'। 'ਆਸ਼ਰਮ' ਨਾਵਲ ਨੇ ਸਮਾਜ ਦੇ 'ਵਿਸ਼ੇਸ਼ ਪੱਖ' ਵਲੋਂ ਸਤਾਈਆਂ ਔਰਤਾਂ ਦੀ ਮਨੋ ਅਤੇ ਤਨੋ ਹਾਲਤ ਨੂੰ, ਕਿਸ ਤਰਾਂ ਸੋਸ਼ਿਤ ਕੀਤਾ ਜਾਂਦਾ ਹੈ, ਉਕਰਿਆ ਹੈ। ਅਸੀਂ ਉਹਨਾਂ ਦੀ ਕਹਾਣੀ ਛਾਪਣ 'ਚ ਮਾਣ ਮਹਿਸੂਸ ਕਰ ਰਹੇ ਹਾਂ।- ਦਰਸ਼ਨ

ਕਾਲੀ ਮਰਸੀਡੀਜ਼ ਹਵਾ ਨਾਲ ਗੱਲਾਂ ਕਰਦੀ ਭੱਜੀ ਜਾ ਰਹੀ ਸੀ। ਡਰਾਇਵਰ ਪੂਰੀ ਹੁਸ਼ਿਆਰੀ ਨਾਲ ਕਾਰ ਚਲਾ ਰਿਹਾ ਸੀ। ਬਰਾੜ ਸਾਹਿਬ ਦੇ ਮਨ ਨੂੰ ਧਰਤੀ ਤੋਂ ਗਿੱਠ ਗਿੱਠ ਉਚੀਆਂ ਹੋਈਆਂ ਕਣਕਾਂ ਦੇਖਕੇ ਅਜੀਬ ਜਿਹਾ ਸਕੂਨ ਮਿਲ ਰਿਹਾ ਸੀ। ਉਸਨੂੰ ਬਚਪਨ ਵਿਚ ਬਾਪੂ ਵਲੋਂ ਪਹਿਲੇ ਪਾਣੀ ਤੋਂ ਬਾਅਦ ਕਣਕਾਂ ਵਿਚ ਖਾਦ ਖਿਲਾਰਣ ਦਾ ਸਮਾਂ ਯਾਦ ਆ ਗਿਆ ਸੀ। ਕਣਕ ਨੂੰ ਜਦੋਂ ਪਾਣੀ ਲਗਦਾ ਸੀ ਤਾਂ ਮਿੱਟੀ ਦੀ ਖੁਸ਼ਬੂ ਨਾਲ ਮਨ ਸਰਸ਼ਾਰ ਹੋ ਜਾਂਦਾ ਸੀ। ਥੋੜ੍ਹੇ ਸਮੇਂ ਵਿਚ ਹੀ ਬਾਹਰਲੇ ਦ੍ਰਿਸ਼ ਤੋਂ ਉਸ ਦਾ ਮਨ ਅੱਕ ਗਿਆ। ਉਸਨੇ ਆਪਣਾ ਲੈਪਟਾਪ ਦੁਬਾਰਾ ਖੋਲ੍ਹ ਲਿਆ ਤੇ ਨਵੇਂ ਪ੍ਰੋਜੈਕਟ ਦੇ ਹਿਸਾਬ-ਕਿਤਾਬ ਵਿੱਚ ਜੁੜ ਗਿਆ। ਇਹ ਅਕਸਰ ਹੀ ਹੁੰਦਾ ਸੀ ਕਿ ਉਸਨੂੰ ਕੋਈ ਚੀਜ਼ ਚੰਗੀ ਲੱਗਦੀ, ਪਰ ਥੋੜ੍ਹੇ ਸਮੇਂ ਬਾਅਦ ਉਸ ਦਾ ਮਨ ਅੱਕ ਜਾਂਦਾ ਤੇ ਉਹ ਜ਼ਰਬਾਂ-ਤਕਸੀਮਾਂ ਵਿਚ ਰੁੱਝ ਜਾਂਦਾ। ਵਪਾਰ ਹੀ ਉਸ ਲਈ ਸਭ ਕੁਝ ਸੀ।

ਜ਼ਮੀਨਾਂ ਦੀ ਦਲਾਲੀ ਤੋਂ ਸ਼ੁਰੂ ਹੋਇਆ ਕੰਮ ਕਾਲੋਨੀਆਂ ਦੀ ਮਾਲਕੀ ਤੱਕ ਪਹੁੰਚ ਗਿਆ ਸੀ। ਹੁਣ ਤਾਂ ਉਸ ਨੂੰ ਪ੍ਰਾਪਰਟੀ ਦੇ ਧੰਦੇ ਦਾ ਕਿੰਗ ਮੰਨਿਆ ਜਾਂਦਾ ਸੀ।

ਦਹਾਕੇ ਦੇ ਸਫ਼ਰ ਵਿਚ ਉਸਨੇ ਬੜੇ ਉਤਰਾਅ ਚੜ੍ਹਾ ਦੇਖੇ ਸਨ। ਕਈ ਵਾਰੀ ਉਸ ਨੂੰ ਜ਼ਮੀਰ ਟੁੰਬਦੀ ਕਿ ਉਸ ਦੀ ਬੋਲ-ਬਾਣੀ ਵਿਚ ਖਰ੍ਹਵਾਪਨ ਤੇ ਸੋਚ ਵਿਚ ਝੂਠ ਤੇ ਧੋਖਾ ਹੀ ਬਾਕੀ ਰਹਿ ਗਿਆ ਹੈ। ਪਰ ਲੱਛਮੀ ਦੀ ਬਰਸਾਤ ਦੇਖਕੇ ਉਹ ਸਭ ਕੁਝ ਭੁੱਲ ਜਾਂਦਾ। ਜਿਉਂ ਜਿਉਂ ਧਨ ਦੌਲਤ ਵਿਚ ਵਾਧਾ ਹੁੰਦਾ ਗਿਆ ਤਿਉਂ ਤਿਉਂ ਉਸ ਦਾ ਰੁਤਬਾ ਵੀ ਵਧਦਾ ਜਾ ਰਿਹਾ ਸੀ। ਉਸ ਨੂੰ ਕਾਫ਼ੀ ਸਮੇਂ ਬਾਅਦ ਪਰਸੂ, ਪਰਸਾ, ਪਰਸ ਰਾਮ ਵਾਲੀ ਗੱਲ ਸਮਝ ਆਉਣੀ ਸ਼ੁਰੂ ਹੋਈ ਸੀ। ਉਸਨੇ ਆਪਣੇ ਰੁਤਬੇ ਨੂੰ ਉੱਪਰ ਲੈ ਜਾਣ ਲਈ ਖੁੱਲੇ ਹੱਥ ਨਾਲ ਦਾਨ ਦਖਸ਼ਣਾ ਕਰਨੀ ਸ਼ੁਰੂ ਕਰ ਦਿੱਤੀ ਸੀ। ਉਸ ਦਾ ਪੂਰਾ ਯਤਨ ਹੁੰਦਾ ਕਿ ਸ਼ਹਿਰ ਦੇ ਹਰ ਵੱਡੇ ਸਮਾਗਮ ਵਿੱਚ ਉਸ ਦਾ ਨਾਮ ਬਾਰ ਬਾਰ ਦਾਨੀ ਦੇ ਤੌਰ ਤੇ ਲਿਆ ਜਾਵੇਂ। ਅਕਸਰ ਟੂਰਨਾਮੈਂਟਾਂ ਤੇ ਉਹ ਇਨਾਮ ਵੰਡਣ ਜਾਂਦਾ। ਉਸ ਵੱਲੋਂ ਕੀਤੀ ਆਰਥਿਕ ਸਹਾਇਤਾ ਕਰਕੇ ਬਾਰ-ਬਾਰ ਉਸਦਾ ਨਾਮ ਸਪੀਕਰ ਵਿੱਚ ਗੂੰਜਦਾ ਹੈ। ਉਸ ਦੀ ਧੌਣ ਮਾਣ ਨਾਲ ਆਕੜ ਜਾਂਦੀ। ਕਈ ਵਾਰ ਤਾਂ ਉਸ ਨੂੰ ਲਗਦਾ ਜਿਵੇਂ ਉਹ ਰਾਜਾ ਬਣ ਗਿਆ ਹੋਵੇ ਦੇ ਦਰਬਾਰੀਏ ਉਸ ਦੀ ਜੈ ਜੈ ਕਾਰ ਕਰ ਰਹੇ ਹੋਣ। ਥੋੜ੍ਹੇ ਸਮੇਂ ਛੱਪਰ ਪਾੜ ਕੇ ਮਿਲੀ ਦੌਲਤ ਨੇ ਉਸਨੂੰ ਗਰੂਰ ਨਾਲ ਭਰ ਦਿੱਤਾ ਸੀ। ਅੱਜ ਤਾਂ ਉਹ ਆਪਣੇ ਪਿੰਡ ਇਕ ਬਹੁਤ ਖਾਸ ਕੰਮ ਚਲਿਆ ਸੀ। ਉਸਦੇ ਪੁਸ਼ਤੈਨੀ ਘਰ ਨੂੰ ਢਾਹ ਕੇ ਦੁਬਾਰਾ ਨਵੇਂ ਸਿਰੇ ਤੋਂ ਬਣਾਉਣ ਦਾ ਕੰਮ ਚਲ ਰਿਹਾ ਸੀ। ਅੱਜ ਉਸ ਨੂੰ ਕਈ ਦਿਨਾਂ ਬਾਅਦ ਫ਼ੁਰਸਤ ਮਿਲੀ ਸੀ। ਉਸਨੇ ਯਾਦ ਕੀਤਾ ਕਿ ਉਹ ਸ਼ੁਰੂ-ਸ਼ੁਰੂ ਵਿਚ ਤਾਂ ਇਸ ਘਰ ਨੂੰ ਵੇਚ ਕੇ ਵਪਾਰ ਵਿਚ ਪੈਸੇ ਲਾਉਣਾ ਚਾਹੁੰਦਾ ਸੀ ਪਰ ਉਸ ਸਮੇਂ ਬਾਪੂ ਜੀ ਨਹੀਂ ਮੰਨੇ ਸਨ। ਬਾਪੂ ਜੀ ਨੇ ਨਾ ਘਰ ਛੱਡਿਆ ਅਤੇ ਨਾ ਹੀ ਪਿੰਡ। ਉਹਨਾਂ ਦਾ ਮਨ ਉਸਦੇ ਮਹਿਲ ਵਰਗੇ ਘਰ ਵਿਚ ਕਦੇ ਨਹੀਂ ਲੱਗਿਆ ਸੀ। ਬਸ ਇਕ ਦੋ ਦਿਨ ਰਹਿੰਦੇ ਤੇ ਪਿੰਡ ਭੱਜ ਆਉਂਦੇ। ਉਸ ਨੂੰ ਬੜੀ ਖਿਝ ਚੜਦੀ, ਜੇ ਮਾਂ ਜਿਉਂਦੀ ਹੁੰਦੀ ਤਾਂ ਸ਼ਾਇਦ ਕਦੇ ਉਸ ਕੋਲ ਰਹਿੰਦੇ। ਉਹਨਾਂ ਦੇ ਸੁਰਗਵਾਸ ਹੋਣ ਸਮੇਂ ਜਦੋਂ ਭੋਗ ਤੱਕ ਪਿੰਡ ਰਿਹਾ ਤਾਂ ਉਹਨਾਂ ਦਸ ਦਿਨਾਂ ਵਿਚ ਭਾਈਚਾਰੇ ਦੀ ਅਪਣੱਤ ਨੇ ਉਸਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਆਪਣੇ ਆਪਣੇ ਹੀ ਹੁੰਦੇ ਹਨ। ਪਰ ਨਾਲ ਹੀ ਉਸਦੀ ਹਉਮੈ ਨੂੰ ਠੇਸ ਵੀ ਪੁੰਹਚੀ ਕਿ ਪਿੰਡ ਵਾਲਿਆਂ ਲਈ ਉਸ ਦੀ ਤੱਰਕੀ ਖਾਸ ਮਾਇਨੇ ਨਹੀ ਰੱਖਦੀ। ਉਹ ਤਾਂ ਸਾਰਾ ਸਮਾਂ ਉਸਦੇ ਪਿਉ ਦੀ ਚੰਗਿਆਈ ਦੇ ਗੁਣਗਾਨ ਕਰਦੇ ਰਹਿੰਦੇ। ਕੁਝ ਚਲਾਕ ਜਿਹੇ ਬੰਦਿਆਂ ਨੂੰ ਛੱਡ ਕੇ ਬਾਕੀ ਦੇ ਲਈ ਉਹ 'ਗਿੰਦਾ' ਹੀ ਸੀ, ਨਾ ਕੇ 'ਗੁਰਿੰਦਰ ਸਿੰਘ ਬਰਾੜ'। ਇਸ ਗੱਲ ਨੇ ਉਸਦੇ ਅੰਦਰਲੇ ਬਰਾੜ ਸਾਹਿਬ ਲਈ ਕਾਫ਼ੀ ਤਿੱਖਾ ਨਸ਼ਤਰ ਮਾਰਿਆ ਸੀ। ਉਸ ਦਾ ਸਵੈਮਾਣ ਡੋਲਦਾ ਦਿਖਾਈ ਦੇਣ ਲੱਗਾ। ਅੰਦਰਲਾ ਗਿੰਦਾ ਡਰ ਗਿਆ ਸੀ ਕਿ ਪਿੰਡ ਵਾਲਿਆਂ ਉਸ ਦਾ ਪ੍ਰਾਪਰਟੀ ਕਿੰਗ ਹੋਣ ਦਾ ਦਰਜਾ ਕੋਈ ਖਾਸ ਮਾਇਨੇ ਨਹੀਂ ਰੱਖਦਾ।

ਉਸਨੇ ਸ਼ਰੀਕੇ ਵਾਲਿਆਂ ਨੂੰ ਅਚੰਭਿਤ ਕਰਨ ਲਈ ਭੋਗ

ਜਿਵੇਂ ਫੁੱਲਾਂ ਦੀ ਖੁਸ਼ਬੋਈ ਖਿੰਡਾਏ ਤੋਂ ਬਿਨਾ ਵੀ ਹੈ।
ਦਿਲਾਂ ਵਿਚ ਪਿਆਰ ਓਵੇਂ ਹੀ, ਜਿਤਾਏ ਤੋਂ ਬਿਨਾ ਵੀ ਹੈ। -ਸ. ਨਸੀਮ

ਵਾਲੇ ਦਿਨ ਪੂਰਾ ਜ਼ੋਰ ਲਾ ਦਿੱਤਾ। ਉਹ ਖਾਣ-ਪੀਣ ਦੇ ਪ੍ਰਬੰਧ ਤੋਂ ਲੈ ਕੇ ਇਕੱਠ ਕਰਨ ਤੱਕ ਸਿਰਤੋੜ ਯਤਨ ਕੀਤੇ। ਭੋਗ ਤੇ ਮੰਤਰੀ, ਅਫ਼ਸਰ ਤੇ ਮਸ਼ਹੂਰ ਬੰਦੇ ਪਹੁੰਚੇ। ਵੱਡੇ ਇਕੱਠ ਨੇ ਉਸ ਦੀ ਖਾਸੀ ਠੁੱਕ ਬੰਨ੍ਹ ਦਿੱਤੀ ਸੀ। ਪਿੰਡ ਵਾਲਿਆਂ ਨੇ ਉਸ ਨੂੰ ਸਲਾਹਿਆ ਵੀ ਪਰ ਗਿੰਦੇ ਅੰਦਰਲੇ ਬਰਾੜ ਸਾਹਿਬ ਫੇਰ ਵੀ ਖੁਸ਼ ਨਾ ਹੋਏ। ਉਸ ਨੇ ਉਸੇ ਸਮੇਂ ਹੀ ਫੈਸਲਾ ਕਰ ਲਿਆ ਸੀ ਕਿ ਪਿੰਡ ਵਾਲਿਆਂ ਨੂੰ ਦਸਣਾ ਉਹ ਕੀ ਚੀਜ਼ ਹੈ। ਪ੍ਰਾਪਰਟੀ ਦੇ ਸਰਕਲ ਵਿਚ 'ਪਾਤਸ਼ਾਹ' ਨਾਲ ਮਸ਼ਹੂਰ ਗੁਰਿੰਦਰ ਸਿੰਘ ਬਰਾੜ ਕੋਈ ਅਦਨਾ ਬੰਦਾ ਨਹੀਂ ਹੈ। ਉਸਨੇ ਖਾਸੀ ਸੋਚ ਵਿਚਾਰ ਤੋਂ ਬਾਅਦ ਪਿੰਡ ਵਾਲੇ ਸ਼ਰੀਕਾਂ ਨੂੰ ਥਲੇ ਲਾਉਣ ਹਿੱਤ ਮਹਿਲ ਵਰਗੀ ਹਵੇਲੀ ਨੁਮਾ ਕੋਠੀ ਬਣਾਉਣ ਦੀ ਵਿਉਂਤ ਘੜ ਲਈ ਸੀ। ਉਹ ਚਾਹੁੰਦਾ ਸੀ ਕਿ ਅਜਿਹੀ ਹਵੇਲੀ ਬਣਾਈ ਜਾਵੇ ਕਿ ਲੋਕਾਂ ਦੇ ਮੂੰਹ ਅੱਡੇ ਰਹਿ ਜਾਣ। ਪ੍ਰਸਿੱਧ ਆਰਚੀਟੈਕਟ ਤੋਂ ਨਕਸ਼ਾ ਤਿਆਰ ਕਰਵਾਇਆ। ਦਾਦਿਆ ਵੇਲੇ ਦੇ ਬਣੇ ਪੁਰਾਣੇ ਘਰ ਦਾ ਇੱਕ ਕਮਰਾ ਸਮਾਨ ਰੱਖਣ ਲਈ ਛੱਡ ਕੇ ਬਾਕੀ ਘਰ ਢਾਹ ਦਿੱਤਾ। ਇਕ ਹੋਰ ਨਾਲ ਵਾਲੇ ਗਰੀਬ ਜੱਟ ਦਾ ਘਰ ਮਹਿੰਗੇ ਮੁੱਲ ਤੇ ਖਰੀਦ ਕੇ ਖੁੱਲ੍ਹੀ ਥਾਂ ਤੇ ਮਹਿਲਨੁਮਾ ਕੋਠੀ ਉਸਾਰਨੀ ਸ਼ੁਰੂ ਕਰ ਦਿੱਤੀ ਸੀ। ਉਹ ਹਰ ਰੋਜ਼ ਤਾਂ ਮਿਸਤਰੀਆਂ ਦੇ ਸਿਰ ਤੇ ਖੜ ਨਹੀਂ ਸਕਦਾ ਸੀ ਇਸ ਲਈ ਉਸਨੇ ਕੰਮ ਦੀ ਨਿਗਰਾਨੀ ਲਈ ਜੀਤੀ ਨੂੰ ਪੱਕਾ ਹੀ ਰੱਖ ਲਿਆ। ਜੀਤੀ ਉਹਦਾ ਪੰਜਵੀਂ ਜਮਾਤ ਤੱਕ ਦਾ ਜਮਾਤੀ ਤੇ ਸ਼ਰੀਕੇ ਵਿੱਚੋਂ ਭਰਾ ਲੱਗਦਾ ਸੀ। ਦੋਵਾਂ ਵਿਚ ਪੁਰਾਣੀ ਸਾਂਝ ਸੀ। ਪਰ ਜਦੋਂ ਉਸ ਨੂੰ ਜੀਤੀ 'ਬਾਈ ਜੀ' ਕਹਿੰਦਾ ਤਾਂ ਉਸ ਦੇ ਅੰਦਰਲੇ ਬਰਾੜ ਨੂੰ ਸੱਟ ਵੱਜਦੀ ਕਿ ਨੰਗ ਬੰਦਾ ਵੀ ਬਰਾਬਰੀ ਕਰਦਾ ਹੈ। ਉਸ ਦੇ ਕੰਨ ਤਾਂ ਸਰਦਾਰ ਜੀ ਸਰਦਾਰ ਜੀ ਸੁਣਨ ਦੇ ਆਦੀ ਸਨ। ਉਹ ਪਿੰਡ ਦੇ ਮਾਹੌਲ ਕਰਕੇ ਹੀ ਚੁੱਪ ਹੋ ਜਾਂਦਾ ਸੀ।

ਮਰਸੀਡੀਜ਼ ਦੇ ਤੇਜ਼ ਬਰੇਕ ਲੱਗੇ ਤੇ ਉਹ ਸੋਚਾਂ ਵਿਚੋਂ ਬਾਹਰ ਆ ਗਿਆ। ਉਸਨੇ ਬਾਹਰ ਦੇਖਿਆ ਤਾਂ ਪਿੰਡ ਦੀ ਪੰਜ ਕਿਲੋਮੀਟਰ ਦੀ ਦੂਰੀ ਦਿਖਾ ਰਿਹਾ ਮੀਲ ਪੱਥਰ ਉਸਦੇ ਨਜ਼ਰੀ ਪਿਆ। ਉਹ ਕੋਠੀ ਵਾਰੇ ਸੋਚਣ ਲੱਗਾ। ਲੱਕੜ ਦਾ ਕੰਮ ਇਕ ਦੋ ਦਿਨ ਵਿਚ ਮੁੰਕਮਲ ਹੋ ਜਾਵੇਗਾ। ਪੁਰਾਣੇ ਘਰ ਵਾਲਾ ਕਮਰਾ ਵੀ ਢਾਹਿਆ ਜਾ ਰਿਹਾ ਸੀ। ਉਸ ਦੀ ਸੋਚ ਜੀਤੀ ਵੱਲ ਮੁੜ ਗਈ।

ਉਸਨੂੰ ਯਾਦ ਕਰਕੇ ਉਹ ਇਕ ਵਾਰੀ ਫੇਰ ਮੁਸਕਰਾਇਆ, 'ਦੇਖ ਲਓ ਸਮੇਂ ਸਮੇਂ ਦੀ ਗੱਲ ਹੁੰਦੀ ਹੈ। ਪਿੰਡ ਵਿੱਚ ਸਭ ਤੋਂ ਵੱਡੀ ਢੇਰੀ ਸੀ ਇਹਨਾ ਦੀ। ਇਹਦਾ ਦਾਦਾ ਫੈਲਸੂਫ਼ੀਆਂ ਦਾ ਪੱਟਿਆ ਜ਼ਮੀਨ ਬੈਅ ਕਰਨ ਲੱਗ ਪਿਆ ਸੀ। ਜਦੋਂ ਜ਼ਮੀਨ ਵੇਚ ਕੇ ਆਉਦਾ ਤਾਂ ਡੱਕਿਆ ਹੋਇਆ ਲਲਕਾਰੇ ਮਾਰਦੇ, "ਓਏ ਡਲਿਆਂ ਦੇ ਪੈਸੇ ਮਿਲਦੇ ਨੇ ਜੱਟ ਨੂੰ ਓਏ ਡਲਿਆਂ ਦੇ।"

ਉਹਦੇ ਨਾਲ ਉਹਦੇ ਤਿੰਨ ਚਾਰ ਕੌਲੀ-ਚੱਟ ਯਾਰ ਉਹਦੀ ਹਾਂ ਵਿਚ ਹਾਂ ਮਿਲਾਉਂਦੇ। ਕਦੇ ਉਹ ਗਾਉਣ ਵਾਲਿਆਂ ਦਾ ਖਾੜਾ ਲਵਾਈ ਬੈਠਾ ਹੁੰਦਾ, ਕਦੇ ਉਹਦੀਆਂ ਜਲੇਬੀਆਂ ਸ਼ਹਿਰੋਂ ਆ ਰਹੀਆ ਹੁੰਦੀਆ ਸੀ। ਕਈ ਵਾਰੀ ਖੁਦ ਉਸਦੇ ਪਰਿਵਾਰ ਨੇ ਜੀਤੀ ਦੇ ਦਾਦੇ ਤੋਂ ਪੈਸੇ ਉਧਾਰੇ ਫੜ ਕੇ ਘਰ ਦੀਆਂ ਗਰਜਾਂ ਪੂਰੀਆਂ ਕੀਤੀਆਂ ਸਨ। ਥੋੜ੍ਹੇ ਸਮੇਂ ਵਿੱਚ ਹੀ ਉਹਨੇ ਖਾਸੀ ਜ਼ਮੀਨ ਤੇ ਫੂਕ ਮਾਰ ਦਿੱਤੀ ਸੀ। ਅੱਗੇ ਜੀਤੀ ਦੇ ਬਾਪ ਹੋਰੀ ਤਿੰਨ ਭਰਾ ਸਨ। ਉਹ ਵੀ ਪਿਉ ਦੇ ਨਕਸ਼ੇ ਕਦਮ ਤੇ ਤੁਰ ਪਏ। ਜੀਤੀ ਨੇ ਜਦੋਂ ਤੱਕ ਸੁਰਤ ਸੰਭਾਲ਼ੀ ਉਸ ਸਮੇਂ ਤੱਕ ਉਸਦੇ ਹਿੱਸੇ ਤਿੰਨ ਕਨਾਲਾਂ ਜ਼ਮੀਨ ਤੇ ਘਰ ਦਾ ਇਕ ਹਿੱਸਾ ਹੀ ਪਿਆ ਸੀ।

ਗਰੀਬੀ ਦਾ ਝੰਬਿਆ ਜੀਤੀ ਲੱਕ ਬੰਨ ਕੇ ਕੰਮ ਕਰਦਾ ਪਰ ਜ਼ਿੰਦਗੀ ਦੇ ਚਾਰੇ ਪੱਲੇ ਕਦੇ ਪੂਰੇ ਨਹੀਂ ਪੈਂਦੇ ਸਨ। ਕਬੀਲਦਾਰੀ ਦੀ ਗੱਡੀ ਰੋੜ੍ਹਣ ਲਈ ਉਹ ਦਿਹਾੜੀ 'ਤੇ ਚਲਾ ਜਾਂਦਾ। ਉਹ ਪਿੰਡ ਵਿਚ ਤਾਂ ਕੰਮ ਕਰਵਾ ਆਉਂਦਾ ਪਰ ਸ਼ਹਿਰ ਦੇ ਲੇਬਰ ਚੌਂਕ ਵਿਚ ਨਾ ਖੜਦਾ। ਉਹਦੇ ਵਿਚ ਜੱਟਪੁਣਾ ਹਾਲੇ ਮਰਿਆ ਨਹੀਂ ਸੀ। ਗੁਰਿੰਦਰ ਦੇ ਬਾਪ ਦੇ ਭੋਗ ਸਮੇਂ ਉਸ ਨੇ ਹੀ ਸਾਰਾ ਕੰਮ ਸੰਭਾਲਿਆ ਸੀ। ਉਸਦਾ ਕੰਮ ਤੇ ਇਮਾਨਦਾਰੀ ਨੂੰ ਦੇਖ ਕੇ ਹੀ ਉਸਨੂੰ ਘਰ ਦੀ ਉਸਾਰੀ ਦੀ ਨਿਗਰਾਨੀ ਦਾ ਕੰਮ ਦਿੱਤਾ ਸੀ।

ਉਸਨੂੰ ਉਹ ਦਿਨ ਯਾਦ ਆਇਆ ਜਦੋਂ ਗਲੀ ਵਿੱਚੋਂ ਲੰਘਦੇ ਨੂੰ ਜੀਤੀ ਧੱਕੇ ਨਾਲ ਘਰ ਲੈ ਗਿਆ ਸੀ, ਤਾਂ ਉਸਦੇ ਮੂੰਹ ਦਾ ਸਵਾਦ ਕੁਸੈਲਾ ਕੁਸੈਲਾ ਹੋ ਗਿਆ। ਉਸ ਨੇ ਦੇਖਿਆ ਸੀ ਕਿ ਜੀਤੀ ਦੇ ਘਰੇ ਗੁਰਬਤ ਹਰ ਪਾਸੇ ਫੈਲੀ ਹੋਈ ਸੀ। ਬਿਨਾ ਪਲਸਤਰ ਹੋਏ ਕਮਰੇ ਤੇ ਰਸੋਈ ਦੀ ਬਜਾਏ ਕੰਧੋਲੀ ਦੇ ਉਹਲੇ ਚੁੱਲ੍ਹੇ-ਚੌਂਕੇ ਨੂੰ ਦੇਖਕੇ ਬਰਾੜ ਸਾਹਿਬ ਅੰਦਰਲੇ ਗੁਰਿੰਦਰ ਨੂੰ ਝਟਕਾ ਲੱਗਿਆ ਸੀ। ਉਸਦੇ ਅੰਦਰ ਕੁਝ ਪਿਘਲਿਆ ਵੀ ਸੀ। ਕੰਧੋਲੀ ਦੇ ਪਰਲੇ ਪਾਸੇ ਆਰਜ਼ੀ ਜਿਹੀ ਖ਼ੁਰਲੀ ਤੇ ਬੱਝੀ ਬੌਡੀ ਮੱਝ ਨੇ ਜਦੋਂ ਪਿਸ਼ਾਬ ਨਾਲ ਲਿਬੜੀ ਪੂਛ ਮੱਖੀਆਂ ਉਡਾਉਣ ਦੇ ਲਈ ਘਮਾਈ ਤਾਂ ਕਈ ਛਿੱਟੇ ਉਸ ਉਪਰ ਤੇ ਕਈ ਕੰਧੋਲੀ ਤੇ ਜਾ ਪਏ। ਉਸ ਨੂੰ ਇੱਕ ਵਾਰ ਤਾਂ ਵੱਤ ਆ ਗਿਆ। ਜੀਤੀ ਨੇ ਚਾਹ ਲਈ ਬਹੁਤ ਜ਼ੋਰ ਲਾਇਆ ਪਰ ਉਹ ਜੀਤੀ ਲਈ ਦੁੱਖ ਅਤੇ ਆਪਣੇ ਉਪਰ ਪਏ ਛਿੱਟਿਆ ਕਰਕੇ ਅਜੀਬ ਜਿਹਾ ਮਹਿਸੂਸ ਕਰਦਾ ਉਹਨੀ ਪੈਰੀਂ ਵਾਪਸ ਮੁੜ ਪਿਆ ਸੀ। ਘਰ ਆ ਕੇ ਉਹ ਮਲਮਲ ਕੇ ਨ੍ਹਾਤਾ ਸੀ। ਉਹ ਦ੍ਰਿਸ਼ ਯਾਦ ਕਰਕੇ ਉਸਦਾ ਮਨ ਕਈ ਦਿਨ ਖਰਾਬ ਰਿਹਾ ਸੀ। ਉਸ ਦਿਨ ਉਸਨੂੰ ਜੀਤੀ ਤੇ ਡਾਹਢਾ ਤਰਸ ਆਇਆ। ਅਗਲੇ ਦਿਨ ਉਸਨੇ ਜੀਤੀ ਨੂੰ ਕਹਿ ਦਿੱਤਾ ਕਿ ਕੋਠੀ ਦੀ ਉਸਾਰੀ ਤੋਂ ਬਾਅਦ ਪਿਛਲੇ ਕਮਰੇ ਨੂੰ ਢਾਹ ਗਾਡਰ ਤੇ ਇੱਟਾਂ ਉਹ ਲੈ ਜਾਵੇ ਅਤੇ ਰਸੋਈ ਬਣਾ ਲਵੇ। ਜਦੋਂ ਉਹ ਜੀਤੀ ਨੂੰ ਕਹਿ ਰਿਹਾ ਸੀ ਤਾਂ ਉਸਨੂੰ ਲੱਗਿਆ ਕਿ ਜੀਤੀ ਜਿਵੇਂ ਧਰਤੀ ਨਾਲ ਜਾ ਲੱਗਿਆਂ ਹੋਵੇ ਤੇ ਉਹ ਅਕਾਸ਼ ਤੱਕ ਜਾ ਪਹੁੰਚਿਆ ਹੋਵੇ। ਉਸ ਸਮੇਂ ਉਸ ਅੰਦਰਲਾ ਗੁਰਿੰਦਰ ਫੇਰ ਸੌਂ ਗਿਆ ਸੀ ਤੇ ਪਾਤਸ਼ਾਹ ਠਹਾਕੇ ਮਾਰ ਕੇ ਹੱਸ ਰਿਹਾ ਸੀ।

ਉਹ ਸੋਚਾਂ ਵਿੱਚੋਂ ਉਸ ਸਮੇਂ ਬਾਹਰ ਆਇਆ ਜਦੋਂ ਕਾਰ ਹੁੱਝਕੇ ਨਾਲ ਰੁੱਕੀ। ਉਸਨੇ ਦੇਖਿਆ ਡਰਾਇਵਰ ਅਦਬ ਨਾਲ ਤਾਕੀ ਖੋਲੀ ਖੜਾ ਸੀ। ਉਹ ਆਪਣੇ ਆਪ ਵਿੱਚ ਵਾਪਿਸ ਆ ਗਿਆ। ਉਹ ਆਪਣਾ ਭਾਰਾ ਸਰੀਰ ਸੰਭਾਲਦਾ ਹੋਇਆ ਬਾਹਰ ਨਿਕਲਿਆ। ਕੋਠੀ ਦੇ ਆਲੀਸ਼ਾਨ ਗੇਟ ਨੂੰ ਲੰਘਦੇ ਉਹਦੀ ਧੌਣ ਹੋਰ ਆਕੜ ਗਈ ਸੀ। ਮਿਸਤਰੀਆਂ ਨੇ ਉਸ ਨੂੰ ਦੇਖ ਕੇ ਸਾਸਰੀ 'ਕਾਲ, ਸਾਸਰੀ 'ਕਾਲ ਸਰਦਾਰ ਜੀ ਕਿਹਾ ਤਾਂ ਉਸ ਨੂੰ ਇੱਕ ਵਾਰ ਫੇਰ ਆਪਣਾ ਆਪ ਸੱਚੀ-ਮੁੱਚੀ ਦਾ ਪਾਤਸ਼ਾਹ ਵਰਗਾ ਜਾਪਣ ਲੱਗਾ। ਪੂਰੀ ਕੋਠੀ ਵਿੱਚ ਚੱਕਰ ਮਾਰਨ ਤੋਂ ਬਾਅਦ ਜਦੋਂ ਉਹ ਪਿਛਲੇ ਪਾਸੇ ਗਿਆ ਤਾਂ ਦੇਖਿਆ ਕਮਰਾ ਢਾਹਿਆ ਜਾ ਚੁੱਕਾ ਸੀ। ਜੀਤੀ ਢਾਹੇ ਹੋਏ ਕਮਰੇ ਦਾ ਗਾਡਰ ਵਿਹੜੇ ਵਾਲੇ ਸ਼ਿੰਦਰੀ ਨਾਲ

ਦਿਲ ਵਿਚ ਲਹਿ ਜਾਂਦੈ ਜਦ ਕੋਈ, ਅੱਖਾਂ ਵਿਚ ਜਗਰਾਤੇ ਰਹਿੰਦੇ।
ਵਣਜ ਮੁਹੱਬਤ ਦਾ ਐਸਾ ਹੈ, ਜਿਸ ਵਿਚ ਖਾਲੀ ਖਾਤੇ ਰਹਿੰਦੇ। -ਸਾਬੀ ਸਹੋਤਾ

ਚੁੱਕੀ ਲਈ ਜਾਂਦਾ ਸੀ। ਉਸਨੂੰ ਦੇਖਕੇ ਦੋਵਾਂ ਨੇ ਗਾਡਰ ਹੇਠਾਂ ਰੱਖ ਦਿੱਤਾ। ਦੋਵਾਂ ਨੇ ਉਸਨੂੰ ਸਾਸਰੀ 'ਕਾਲ ਬੁਲਾਈ ਤੇ ਨਾਲ ਹੀ ਸ਼ਿੰਦਰੀ ਨੇ ਗੋਡੇ ਹੱਥ ਲਾ ਦਿੱਤੇ। ਉਸ ਅੰਦਰਲਾ ਬਰਾੜ ਸਾਹਿਬ ਬਾਗੋ-ਬਾਗ ਹੋ ਗਿਆ। ਸ਼ਿੰਦਰੀ ਦੀ ਕੰਬਦੀ ਅਵਾਜ਼ ਉਸਦੇ ਕੰਨਾਂ ਵਿਚ ਪਈ "ਥੋੜਾ ਦੇਣ ਮੈਂ ਸਾਰੀ ਉਮਰ ਨਹੀਂ ਦੇ ਸਕਦਾ ਸਰਦਾਰ ਸਾਹਿਬ।" ਉਹ ਉਸਦੀ ਗੱਲ ਸੁਣ ਕੇ ਹੈਰਾਨ ਹੋ ਗਿਆ ਸੀ। ਉਸਨੇ ਪ੍ਰਸੰਨ ਭਰੀਆਂ ਨਜਰਾਂ ਨਾਲ ਜੀਤੀ ਵਲ ਦੇਖਿਆ। ਜੀਤੀ ਉਸ ਦੀ ਨਜ਼ਰਾਂ ਵਿੱਚਲਾ 'ਪ੍ਰਸੰਨ' ਸਮਝ ਗਿਆ ਸੀ। ਉਸਨੇ ਕਿਹਾ, "ਬਾਈ ਜੀ ਇਹਦੇ ਘਰ ਦਾ ਇਕੋ-ਇਕ ਕਮਰਾ ਐਤਕੀਂ ਮੀਹਾਂ ਵਿਚ ਡਿੱਗ ਗਿਆ ਸੀ। ਸੋ ਆਪਣੇ ਕਮਰੇ ਵਾਲਾ ਸਮਾਨ ਇਹਨੂੰ ਚੁੱਕਾ ਦਿਤਾ।"

ਉਸਦਾ ਮੱਥਾ ਤਿਊੜੀਆਂ ਨਾਲ ਭਰ ਗਿਆ। ਉਸਦੀ ਰੋਬੀਲੀ ਆਵਾਜ਼ ਗੂੰਜੀ, "ਉਹ ਸਮਾਨ ਤਾਂ ਤੈਨੂੰ ਰਸੋਈ ਪਾਉਣ ਲਈ ਦਿੱਤਾ ਸੀ, ਤੂੰ ਅੱਗੇ ਚੁਕਾਈ ਜਾਣਾ, ਵੱਡਾ ਦਾਨੀ।"

ਸ਼ਿੰਦਰੀ ਦੇ ਦੁਬਾਰਾ ਗਾਡਰ ਚੁੱਕਣ ਲਈ ਪਾਏ ਹੱਥ ਆਪਣੇ ਆਪ ਪਿਛੇ ਹੱਟ ਗਏ। ਜੀਤੀ ਨੇ ਸਿਰ ਉਪਰ ਚੁੱਕਿਆ ਤੇ ਕਿਹਾ, "ਬਾਈ ਜੀ ਇਹਨੂੰ ਵਿਚਾਰੇ ਨੂੰ ਬਾਹਲੀ ਲੋੜ ਹੈ। ਇਹਦੇ ਨਿਆਣੇ ਨਿੱਕੇ ਹਨ। ਮੇਰੀ ਰਸੋਈ ਤਾਂ ਬਾਅਦ ਵਿਚ ਵੀ ਪੈ ਜਾਊ। ਇਹਦਾ ਸਿਆਲ ਨਹੀ ਲੰਘਣਾ।"

ਜੀਤੀ ਦੀ ਗੱਲ ਸੁਣ ਕੇ ਉਸ ਦੀਆਂ ਤਿਊੜੀਆਂ ਇਕ ਦਮ ਢਿਲੀਆਂ ਪੈ ਗਈਆਂ। ਉਸਨੂੰ ਲੱਗਿਆ ਜਿਵੇਂ ਧਰਤੀ ਨਾਲ ਜਾ ਲਗਿਆ ਹੋਵੇ, ਤੇ ਪਾਤਸ਼ਾਹ ਓਹਦੇ ਸਾਹਮਣੇ ਖੜਾ ਮੁਸਕਰਾ ਰਿਹਾ ਹੋਵੇ।

ਕਹਾਣੀ

# ਰਾਜੂ

## ਬਲਵਿੰਦਰ ਬਾਲਮ, ਗੁਰਦਾਸਪੁਰ



ਬਲਵਿੰਦਰ ਬਾਲਮ

ਬਲਵਿੰਦਰ ਬਾਲਮ: ਬੀਤੇ 35 ਸਾਲ ਤੋਂ ਹਿੰਦੀ, ਪੰਜਾਬੀ, ਉਰਦੂ 'ਚ ਕਹਾਣੀ, ਗ਼ਜ਼ਲ, ਕਵਿਤਾ, ਫੀਚਰ, ਰਿਪੋਰਟਾਂ ਲਿਖਣ ਵਿਚ ਲਗਾਤਾਰ ਮਸਰੂਫ਼ ਰਹਿੰਦੇ ਹਨ। ਇਹ ਹਿੰਦੀ, ਪੰਜਾਬੀ ਅਤੇ ਇਤਿਹਾਸ 'ਚ ਐਮ.ਏ. ਹਨ। ਪੱਤਰਕਾਰੀ 'ਚ ਵੀ ਨਾਂ ਬੋਲਦਾ ਹੈ। ਐਡੀਟਰ ਹੋਣ ਦੇ ਨਾਤੇ ਇਹਨਾਂ ਦੀ ਇਕ ਖ਼ੂਬੀ ਦੱਸੇ ਬਿਨ ਨਹੀਂ ਰਹਿ ਸਕਦਾ ਜੇ ਇਹਨਾਂ ਤੋਂ ਇਕ ਰਚਨਾ ਮੰਗੋ ਤਾਂ 'ਫੋਟੋ ਕਾਪੀ 'ਤੇ ਫੋਟੋ ਕਾਪੀ ਚਾੜ ਦਿੰਦੇ ਨੇ!" ਹਥਲੀ ਕਹਾਣੀ ਵੀ ਉਹਨਾਂ ਫੋਟੋਕਾਪੀਆਂ ਵਿਚੋਂ ਹੀ ਛਾਂਟ ਕੇ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ।- ਦਰਸ਼ਨ

ਰਾਜੂ ਇਕ ਸਾਲ ਦਾ ਸੀ ਜਦੋਂ ਉਸਨੂੰ ਉਸਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿੱਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਮੇਤ ਜਾਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸਦਾ ਮਾਮਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ।

ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜੂ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ਼ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੱਗੇ ਕੋਈ ਤੇਜ਼ ਨੇਰ੍ਹੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾਗ਼ ਵਿਚ ਕੋਈ ਜਵਾਰਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ-ਸਬੂਤੇ ਮਜ਼ਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ?

ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਤੇਰੇ ਮਾਮਾ-ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮੀਰ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਜੋ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ।

ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨ੍ਹਾਂ ਨੇ ਉਸ ਨਾਲ ਕੋਈ ਬੇਇਨਸਾਫ਼ੀ ਕੀਤੀ ਹੋਵੇ। ਜਿਵੇਂ

ਨਾ ਮੈਨੂੰ ਭਾਲਣਾ ਯਾਰੋ, ਤੁਸੀਂ ਹੁਣ ਤਾਰਿਆਂ ਦੇ ਵਿਚ।
ਮੈਂ ਖ਼ੁਸ਼ਬੂ ਸ਼ਾਇਰੀ ਦੀ ਹਾਂ, ਮਿਲਾਂਗਾ ਨਗ਼ਮਿਆਂ ਦੇ ਵਿਚ। -(ਅਗਲੇ ਸਫ਼ੇ 'ਤੇ)

ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ਼ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨੇ ਦੇ ਬਾਅਦ ਉਹ ਅਪਣੇ ਗੋਦ ਲਏ ਮਾਂ-ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ।

ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂੰਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ-ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ, ਪਰ ਉਸਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉੱਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਉਹ ਪੀ.ਆਰ. ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ-ਮਾਲ ਸੀ। ਉਸ ਦਾ ਛੇ ਫੁੱਟ ਕੱਦ ਕਾਠ, ਭਰਵਾਂ ਸਰੀਰ ਕਿਸੇ ਤੇਜਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਦੀ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਰਾ ਦੇਦਿੰਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਊਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ।

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ ''ਕਿ ਰਾਜੂ, ਤੇਰੇ ਮੰਮੀ-ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਐਹ ਉਨ੍ਹਾਂ ਦਾ ਫੋਨ ਨੰਬਰ ਹੈ।''

ਰਾਜੂ ਦੀ ਮਿਲਣ ਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਘ ਹੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫ਼ੋਨ ਕੀਤਾ,'' ਤਾਂ ਫ਼ੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ਼ ਉਸ ਦੀ ਮਾਂ ਦੀ ਹੀ ਸੀ।

ਰਾਜੂ ਨੇ ਹੌਲੀ ਜਿਹੀ ਰੋਆਂਸੀ ਥਿੜਕਦੀ ਆਵਾਜ਼ ਵਿਚ ਕਿਹਾ, ''ਮਾਂ...!'' ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸ਼ੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂਮੀਗਤ ਅਣਪਛਾਣੀ ਜਗਿਆਸਾਮਈ ਇੱਛਾ ਦੀ ਦਰਦ ਭਰੀ ਲਹਿਰ ਦੌੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, ''ਕੌਣ, ਬੇਟਾ ਤੁਸੀ ਕੌਣ ਬੋਲ ਰਹੇ ਹੋ? ਕਿਸ ਨੂੰ ਮਿਲਣਾ ਏ ਬੇਟਾ?''

''ਮਾਂ... ਮਾਂ... ਮੈਂ... ਮੈਂ... ਰਾਜੂ ਬੋਲ ਰਿਹਾ ਹਾਂ।''

ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਬੁਲ੍ਹਾਂ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸੱਤ-ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਮੀਂਹ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਬਣ ਲੱਗਾ। ਜਿਵੇਂ ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪੁਲਟ ਹੋ ਗਿਆ ਹੋਵੇ, ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖ਼ੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ।

ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਪਲਕ ਇਕ ਲਪਕ

ਹਵਾਓ, ਅਪਣੇ ਦਿਲ ਵਿਚ ਕੋਈ ਭਰਮ ਨਾ ਪਾਲੋ,
ਅਜੇ ਵੀ ਅੱਗ ਬਾਕੀ ਹੈ, ਬੁਝੇ ਅੰਗਾਰਿਆਂ ਦੇ ਵਿਚ। -ਬਲਦੇਵ ਸੀਰਾ

ਦੀ ਤੜਪ ਵਿਚ ਕਿਹਾ, ‘‘ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਐਂ, ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟਕੇ ਜੱਫੀ ਵਿਚ ਲੈ-ਲੈ। ਮੇਰੇ ਪੁੱਤਰ, ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ?

ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੋਏ ਕਿਹਾ, ‘‘ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾਂ।’’

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖੁਸ਼ੀ ਵਿਚ ਮੂਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖੁਸ਼ੀ ਦੇ ਅਸਮਾਨ ’ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜ ਲਈ। ਜਿਵੇਂ ਕਿ ਮੰਦਿਰ ’ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨ ਜਾਣਾ ਹੋਵੇ, ਸਾਕਾਰ ਰੂਪ ਵਿਚ।

ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗ ਦੀ ਖੂਬਸੂਰਤ ਕਾਰ ’ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ ’ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਵਾਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫ਼ੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਝ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ।

ਡੈਡੀ ਅਤੇ ਭੈਣ-ਭਰਾ ਮਿਲਣ- ਖੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਠਾਣ, ਪਕਵਾਣ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਕਲਾਵੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾਮਈ ਲਿਲਕੜੀ ਵਿਚ ਪੁੱਛਿਆ,’’ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?’’

ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ‘‘ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉੱਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉੱਚੇ-ਨੀਵੇਂ ਮਾੜੇ-ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ‘ਪੁੱਤਰ, ਤੇਰੇ ਨਾਲ ਕੌਣ ਏ?’ ਕਿਉਂਕਿ ਉਹ ਮੇਰੇ ਹੁਲੀਆ ਅਤੇ ਘਬਰਾਏ ਚਿਹਰੇ ਤੋਂ ਅੰਦਾਜ਼ਾ ਲਗਾ ਗਈ ਸੀ ਕਿ ਮੇਰੀ ਮਨੋਦਸ਼ਾ ਕੀ ਹੈ?’’

ਮੈਂ ਉਸ ਬਜ਼ੁਰਗ ਔਰਤ ਨੂੰ ਕਿਹਾ, ‘‘ਮੇਰਾ ਇਸ ਦੁਨੀਆਂ ’ਤੇ ਕੋਈ ਨਹੀਂ ਹੈ, ਮੈਂ ਇਕੱਲਾ ਹੀ ਹਾਂ।’’

‘‘ਉਹ ਔਰਤ ਮੈਨੂੰ ਅਪਣੇ ਘਰ ਲੈ ਆਈ। ਉਹ ਇਕੱਲੀ ਹੀ ਰਹਿੰਦੀ ਸੀ। ਉਸ ਨੇ ਮੈਨੂੰ ਪਾਲਿਆ ਪੋਸਿਆ। ਕੁਝ ਸਾਲ ਬਾਅਦ ਉਸਦੀ ਮੌਤ ਹੋ ਗਈ। ਉਹ ਇਕ ਘਰ ਮੇਰੇ ਨਾਮ ਕਰ ਗਈ ਸੀ। ਮੈਂ ਉਹ ਘਰ ਵੇਚ ਕੇ ਟਰਾਂਟੋ ਚਲਾ ਗਿਆ। ਉਥੇ ਜਾ ਕੇ ਬਹੁਤ ਮਿਹਨਤ ਕੀਤੀ। ਕੁਝ ਸਾਲ ਟੈਕਸੀ ਚਲਾਈ ਅਤੇ ਫ਼ਿਰ ਕੁਝ ਸਾਲਾਂ ਬਾਅਦ ਮੈਂ ਇਕ ਟਰੱਕ ਖ਼ਰੀਦ ਲਿਆ। ਹੁਣ ਮੇਰੇ ਕੋਲ ਦੋ ਟਰੱਕ ਹਨ।’’

ਮਾਂ-ਬਾਪ ਅਤੇ ਸਾਰਾ ਪਰਿਵਾਰ ਖੁਸ਼ੀ ਵਿਚ ਮਾਲਾ-ਮਾਲ ਹੋ ਗਏ। ਬੁੱਝਿਆ ਹੋਇਆ ਦੀਪ ਮੁੜ ਜਗ ਪਿਆ। ਖੁਸ਼ੀ, ਰੌਸ਼ਨੀ ਵਿਚ ਤਬਦੀਲ ਹੋ ਕੇ, ਬੁਲੰਦੀ ’ਤੇ ਜਾ ਕੇ ਰੁਕ ਗਈ।

ਕੁਝ ਦਿਨਾਂ ਦੇ ਬਾਅਦ ਰਾਜੂ ਨੇ ਅਪਣੇ ਪਰਿਵਾਰ ਦੀ ਸਹਿਮਤੀ ਨਾਲ ਸ਼ਾਦੀ ਕਰ ਲਈ।

ਕਹਾਣੀ

# ਬਰਲਿਨ ਦੀ ਦੀਵਾਰ

## ਮੁਖਤਿਆਰ ਸਿੰਘ



ਮੁਖਤਿਆਰ ਸਿੰਘ

ਆਸ਼ੀਆਂ, ਦਾਰਾ ਸਿੰਘ ਦੇ ਦਿਲ ’ਚ ਖੁਭੀ ਹੋਈ। ਛੱਡ ਕੇ ਆਉਣ ਦਾ ਮਨ ਨਹੀਂ। ਕੀ ਕਰਦਾ? ਭੈਅ-ਭੀਤ ਮਹੌਲ ’ਚ ਦੌੜਿਆ। ਘੋੜੇ ਦੀ ਟੱਪ-ਟੱਪ ਸੁਣਾਈ ਦਿੰਦੀ।

‘‘ਬਾਬਾ ਜੀ... ਮੂੰਹ ਲਮਕਾਇਐ?’’ ਤੇਜੇ ਨੂੰ ਫ਼ਿਕਰ, ਐਂ ਤਾਂ ਫ਼ਿਕਰ ਕਰਦਾ ਰਹਿੰਦਾ, ਅੱਜ ਜ਼ਿਆਦਾ ਉਦਾਸ ਦਿਸਦੈ।

‘‘ਬਹਿ ਜਾ... ਰੋਂਦੇ ਆਂ ਕਰਮਾਂ ਨੂੰ...।’’ ਨਸੀਬੋ ਨੇ ਦਾਰਾ ਸਿੰਘ ਤੋਂ ਪਹਿਲਾਂ ਭਿੰਮਣਾ ਉਤੇ ਚਾਰੇ ਉਂਗਲਾਂ ਰੱਖ ਕੇ ਵੇਖਿਆ। ‘‘ਛੱਡੋ ਰੋਣੇ-ਧੋਣੇ, ਹੁਣ ’ਚ ਜੀਓ... ਹੁਣ ’ਚ... ਉਂਝ ਕਹਿੰਦੇ ਐ, ਜਿਸ ਲਾਹੌਰ ਨੀ ਦੇਖਿਆ, ਓਹ ਜੰਮਿਆ ਹੀ ਨੀਂ।’’

ਦਾਰਾ ਸਿੰਘ ਦਾ ਝੁਰੜੀਆਂ ਵਾਲਾ ਚਿਹਰਾ ਮੁਸਕਰਾ ਪਿਆ। ਉਸ ਖੰਘ ਕੇ ਗ਼ਲਾ ਸਾਫ ਕਰਦਿਆਂ, ‘‘ਹਾਂ ਠੀਕ... ਸਮਝੋ ਕੇ ਨਈ। ਬਾਗਾਂ ਦਾ ਕਿਆ ਕਹਿਣਾ, ਅਨਾਰਕਲੀ ਬਾਜ਼ਾਰ, ਕਿਲ੍ਹੇ, ਤਿਲ੍ਹੇ ਵਾਲੇ ਖੁਸੇ... ਆਸ਼ੀਆਂ ਦਾ ਹੁਸਨ... ਸ਼ੇਰਸ਼ਾਹ ਸੂਰੀ ਮਾਰਗ ਸਿੱਧਾ ਲਾਹੌਰ...।’’

ਨਸੀਬੋ ਮਸਾਂ ਉਠੀ। ਹੌਲੀ ਹੌਲੀ ਅੰਦਰ ਗਈ। ਉਸ ਅੰਦਾਜ਼ਾ ਲਾ ਲਿਆ, ਗੱਲ਼ਾਂ ’ਚ ਮਸਤ ਹੋ ਜਾਣਗੇ।

ਤੇਜਾ ਨੇੜੇ ਹੁੰਦਿਆਂ, ‘‘ ਐਥੇ ਸੁੱਟ ਪਾਨ ਦੀ ਬੇਗੀ... ਬਾਤ

ਇਸ ਨਾਮੁਰਾਦ ਮਰਜ਼ ਦਾ ਹੈ ਓੜ੍ਹ ਪੋੜ੍ਹ ਕੀ।
ਉਦਰੇਵਿਆਂ ਦੇ ਦਰਦ ਦਾ ਹੁੰਦਾ ਹੈ ਤੋੜ ਕੀ। -(ਅਗਲੇ ਸਫ਼ੇ ’ਤੇ)

ਪਾਓ ਪਿਆਰੇ ਬਾਬਾ ਜੀ ਈ...।"

ਦਾਰਾ ਸਿੰਘ ਮਿੰਨਾ-ਮਿੰਨਾ ਹੱਸਿਆ। ਟੇਢੀ ਅੱਖ ਨਸੀਬੋ ਵੱਲ, "ਆਸ਼ੀਆਂ ਬੀਹੀ 'ਚ ਲੰਘਦੀ। ਸਰਸਰੀ ਵੇਖਿਆ ਜਾਂਦਾ। ਚੁੱਪ ਰਿਹਾ। ਇਕ ਦਿਨ ਉਸ, ਬਰਾਬਰ ਆ ਕੇ ਬੁਰਕੇ ਦਾ ਪੱਲੂ ਚੁੱਕ ਦਿੱਤਾ। ਮੁਸਕਰਾਈ। ਹੈਰਾਨ ਪ੍ਰੇਸ਼ਾਨ ਘਬਰਾ ਗਿਆ। ਪਹਿਲੇ ਝਲਕਾਰੇ, ਸੀਨੇ 'ਚ ਉਕਰੀ ਗਈ। ਧਰਤੀ 'ਤੇ ਅੱਡੀ ਨਾ ਲੱਗੇ। ਹੁਸਨ ਦੀ ਪਰੀ, ਬੁਖ਼ਾਰ ਚੜ੍ਹਾ ਗਈ।"

"ਬਾਬਾ ਜੀ ਤੁਸੀਂ ਉਚੇ ਲੰਮੇ, ਗੋਰੇ ਨਿਸ਼ੋਹ ਜੁਆਨ, ਸ਼ੈਲ-ਸ਼ਬੀਲੇ ਗਭਰੂ...।"

ਨਸੀਬੋ ਹੌਲੀ ਹੌਲੀ ਕੋਲ ਆ ਬੈਠੀ, "ਕਿਆ ਲੱਡੂ ਭੁਰਦੇ ਐ... ਪੁੱਤ ਸਾਡਾ ਖਿਆਲ ਰੱਖਿਐ... ਸ਼ਾਬਾਸ਼ੇ। ਅੱਜ ਕੱਲ ਦੇ ਮੁੰਡੇ, ਬਜ਼ੁਰਗਾਂ ਦੇ ਨੇੜੇ ਨੀ ਢੁਕਦੇ।"

ਦੋਵੇਂ ਗੰਭੀਰ। ਆਪਣੀਆਂ ਗੱਲਾਂ ਛੱਡ, ਹੋਰ ਪਾਸੇ ਧਿਆਨ, "ਲਾਹੌਰ-ਦਿੱਲੀ ਦੀਆਂ ਬਾਤਾਂ ਪਾਉਂਦੇ ਤੀ।" 'ਕਹਿੰਦੇ ਨੇ ਜਿਨਾਹ ਤੇ ਨਹਿਰੂ ਚਾਹੁੰਦੇ ਸੀ, ਪਾਕਿਸਤਾਨ ਖ਼ੁਦ-ਮੁਖ਼ਤਾਰ ਸਟੇਟ ਬਣੇ। ਗਾਂਧੀ ਜੀ ਚਾਹੁੰਦੇ ਸਨ, ਕਾਂਗਰਸ ਅਤੇ ਮੁਸਲਿਮ ਲੀਗ, ਜਿਨਾਹ ਦੀ ਲੀਡਰਸ਼ਿਪ ਵਿਚ ਦੇਸ਼ 'ਤੇ ਹਕੂਮਤ ਕਰੇ ਤੇ ਵੰਡ ਨਾ ਹੋਵੇ। ਮਾਉਂਟਬੈਟਨ ਨੇ ਉਲਟ ਵਾਰ ਕਰਕੇ, ਅਫਸਰਸ਼ਾਹੀ ਰਾਹੀਂ ਨਹਿਰੂ ਤੇ ਪਟੇਲ ਨੂੰ ਭਰਮਾਹ ਕੇ, ਗਾਂਧੀ ਨੂੰ ਮਨਾ ਲਿਆ। ਬੰਗਾਲ ਅਤੇ ਪੰਜਾਬ ਵਿਚੋਂ ਪਾਕਿਸਤਾਨ ਬਣ ਗਿਆ। ਨਾ ਭੁੱਲਣ ਵਾਲਾ ਇਤਹਾਸਿਕ ਨੁਕਸਾਨ।'

ਉਹ ਹਉਕਾ ਲੈ ਚੁੱਪ ਹੋ ਗਏ। ਤੇਜਾ ਜਾਣ ਲੱਗਾ, "ਅੱਛਾ ਜੀ ਫੇਰ ਆਉਂਗਾ।" ਉਸ ਨੇ ਮੋਬਾਇਲ ਤੋਂ ਮੈਸਿਜ਼ ਵੇਖਿਆ, 'ਕਿਤੇ ਕਿਤੇ ਛਿਟੇ, ਕਿਤੇ ਕਿਤੇ ਭਾਰੀ ਬਾਰਸ਼। ਮੌਸਮ ਵੀ ਸਹੀ ਦੱਸਣ ਲੱਗ ਪਏ। ਭਈਏ ਨੂੰ ਵੇਖ ਆਵਾਂ, ਕਣਕ ਨੂੰ ਪਾਣੀ ਨਾ ਲਾ ਦੇਵੇ।'

"ਚੰਗਾ ਜਾਹ...ਫੇ ਆਈਂ ਦਿਲ ਲੱਗਜੂਗਾ... ਕਿਤੇ ਗੜ੍ਹੇ ਨਾ ਪੈ ਜਾਣ... ਇਕ ਫ਼ਸਲ ਖਰਾਬ ਹੋਗੀ, ਸਾਰੀ ਉਮਰ ਨੀ ਉੱਠ ਹੁੰਦਾ...।'

"ਸੁਆਹ ਦਿਲ ਲੱਗਾ ਹੋਇਐ। ਭਰਾ ਤੇ ਭੈਣ ਸਾਂਦਲ ਬਾਰ ਤੋਂ ਮੁਰੱਬੇ ਛੱਡ ਕੇ ਆਈ ਤੀ।" ਨਸੀਬੋ ਆਪਣਾ ਦੁੱਖ ਯਾਦ ਕਰਨ ਲੱਗ ਪਈ।

ਦਾਰਾ ਸਿੰਘ ਨੇ ਚੀਸ ਵੱਟੀ, "ਓ ਨੀਂ ਭੁੱਲਦਾ...।"

ਨਸੀਬੋ ਨੂੰ ਅੰਦਰ ਜਾਣ ਲਈ ਉਠੀ ਵੇਖ, "ਮੱਖੀਆਂ ਤੋਂ ਕਣਸਾਉਂਦੀ ਐਂ?... ਕਨੇਡਾ ਚਲੀ ਜਾਹ... ਪੜਪੋਤਿਆਂ ਨਾਲ ਪਰਚੀ ਰਹੀਂ।"

ਉਹ ਸਪਰਿੰਗ ਵਾਂਗ ਗਰਦਨ ਵਧਾਅ ਝਾਕੀ, "ਤੂੰ ਚਲਾ ਜਾ... ਕਨੇਡਾ ਦਾ ਨਾਂ ਨਾਂਹ ਲਿਆ ਕਰ। ਤੈਨੂੰ ਕਦੀ ਫ਼ੋਨ ਆਇਐ?"

"ਤੂੰ ਗਈ ਤੀ... ਫੇ ਨੱਠ ਕਿਉਂ ਆਈ?"

"ਹੁਣ ਤੂੰ ਵੀ ਆਸ ਨਾ ਕਰ...ਮਰੇ ਚੂਹੇ?"

"ਜਾ ਚਲੀ ਜਾਹ ਮਰੀਏ ਚੂਹੀਏ?"

"ਤੂੰ ਤੇਜੇ ਦਾ ਦਿਲ ਲੁਆਈ ਜਾ... ਆ ਜਾਂਦੈ ਹੁਣੇ।"

"ਆਪਣਾ ਦਿਲ ਲੁਆਉਣ ਆਉਂਦੈ... ਸਮਝੇ ਕੇ ਨਈ, ਮੁੰਡਿਆਂ ਦੀ ਥਾਂ ਖੜ੍ਹਦੈ।"

"ਏਹਦੇ ਨਾਲ ਕੇਹੜਾ ਮੱਥਾ ਮਾਰੇ... ਲੈ ਆ ਗਿਆ। ਮੂਲ ਨਾਲੋਂ ਵਿਆਜ ਪਿਆਰਾ... ਚਾਹੇ ਗੁਆਂਢੀਆਂ ਦਾ ਹੀ ਸਹੀ, ਸਾਂਭ ਲੈਅ।"

ਤੇਜਾ ਚੁੱਪ-ਚੁਪੀਤੇ ਆ ਬੈਠਿਆ, "ਫੇ ਬਾਬਾ ਜੀ...।"

ਦਾਰਾ ਸਿੰਘ ਕੁਝ ਪਲ ਸੋਚ ਕੇ, "ਪੰਜਾਬ ਬੈਂਕ ਆਫ਼ ਲਾਹੌਰ ਤੋਂ ਚਿੱਠੀ ਆ ਗਈ। ਧਰਤੀ 'ਤੇ ਪੈਰ ਨਾ ਲੱਗਣ। ਆਸ਼ੀਆਂ ਕੋਲ ਜਾਣ ਲਈ ਮਨ 'ਚ ਲੱਡੂ ਭੁਰਦੇ। ਨਸੀਬੋ ਨੂੰ ਖੁਸ਼ੀ ਦਾ ਰਾਜ਼ ਨਹੀਂ ਦੱਸਿਆ। ਉਹ ਸਮਝਦੀ ਰਹੀ, ਨੌਕਰੀ ਦੇ ਚਾਅ 'ਚ ਖੁਸ਼ ਹੋਇਆ ਫਿਰਦੈ। ਜੀਅ ਕਰੇ ਕਿਹੜੀ ਘੜੀ, ਉੱਡ ਕੇ ਚਲਾ ਜਾਵਾਂ। ਅੱਤ ਦੀ ਗਰਮੀ, ਲੂਅ ਵਗਦੀ 'ਚ ਲਾਹੌਰ ਜਾਣ ਲਈ ਰੇਲ-ਗੱਡੀ ਚੜ੍ਹ ਗਿਆ, ਸਿੱਧਾ ਸ਼ੇਰਸ਼ਾਹ ਸੂਰੀ ਮਾਰਗ ਨੂੰ ਵੇਖਦਾ। ਜਦੋਂ ਓਹਲਾ ਹੋ ਜਾਂਦਾ ਦਿਲ ਘਾਊਂ-ਮਾਊਂ ਹੋ ਜਾਂਦਾ।"

"ਉਥੇ ਲੋਕਾਂ ਦੇ ਚਿਹਰੇ ਥੋੜ੍ਹੇ ਥੋੜ੍ਹੇ ਬਦਲੇ ਹੋਏ। ਇਨ੍ਹਾਂ ਨੂੰ ਕੀ ਹੋ ਗਿਆ? ਪਹਿਲਾਂ ਵਰਗੇ ਨਹੀਂ। ਕੁਝ ਸਮਝ ਨਾ ਆਈ। ਬੈਂਕ 'ਚ ਹਾਜ਼ਰੀ ਦੇਣ ਚਲਾ ਗਿਆ। ਸਾਰੇ ਹੈਰਾਨ, ਕਿਉਂ ਆ ਗਿਆ। ਪਾਕਿਸਤਾਨ ਬਣਨ ਦੀਆਂ ਅਫਵਾਹਾਂ ਫੈਲੀਆਂ ਹੋਈਆਂ।"

"ਨੌਕਰੀ ਛੱਡਣੀ ਨਹੀਂ ਸੀ।" ਮਨ ਹੀ ਮਨ ਸੋਚਿਆ, "ਵੇਖੀ ਜਾਊ ਜੋ ਹੋਊ। ਬਾਕੀਆਂ ਦੇ ਨਾਲ ਹੀ ਹਾਂ।"

"ਦੋ ਕੁ ਸਾਲ ਪਹਿਲਾਂ ਵੀ ਉਥੇ ਰਹਿ ਆਇਆ ਸੀ। ਉਦੋਂ ਮੈਂ ਨਰਮ ਜਿਹਾ ਇਸ਼ਕ 'ਚ ਪੈਰ ਧਰਿਆ ਹੀ ਸੀ। ਇਕ ਡਾਕਟਰ ਰਾਹੀਂ ਖਾਲਸਾ ਲੀਗ ਦਾ ਮਨੇਜ਼ਰ ਲੱਗ ਗਿਆ। ਫਿਰ ਰੰਗਰੂਟਿੰਗ ਦਫ਼ਤਰ ਵਿੱਚ ਹੌਲਦਾਰ ਕਲੱਰਕ ਭਰਤੀ ਹੋ ਗਿਆ। ਆਸ਼ੀਆਂ ਦੇ ਲਾਗੇ ਚਬੁਰਜੀ ਸ਼ਾਮ ਨਗਰ, ਕਮਰਾ ਲੈ ਲਿਆ। ਉਥੋਂ ਪੂਨੇ ਦੀ ਬਦਲੀ ਹੋ ਗਈ। ਨੌਕਰੀ ਛੱਡ ਪਿੰਡ ਆ ਗਿਆ।"

"ਆਸ਼ੀਆਂ ਨਾਲ ਦੁਬਾਰਾ ਮੇਲ ਹੋਣਾ ਹੀ ਸੀ। ਉਸ ਨੇ ਖ਼ਬਰਦਾਰ ਕੀਤਾ, -ਹਿੰਦੂ-ਸਿੱਖਾਂ ਨੂੰ ਕੱਢਣ ਦੀਆਂ ਸਕੀਮਾਂ ਬਣ ਰਹੀਆਂ ਜੇ।"

"ਸੁਣ ਕੇ ਹੋਸ਼ ਉਡ ਗਏ, ਹੈਂ? ਇਹ ਕੀ ਕਹਿ ਰਹੀ?"

"ਹਾਂ ਜੀ... ਸੱਚ ਹੋਵਣ ਵਾਲਾ।"

"ਕੋਈ ਗੱਲ ਨਾ ਔੜੀ। ਝਕਦੇ-ਝਕਦੇ, 'ਮੇਰੇ ਨਾਲ ਚਲੇਂਗੀ?' ਕਹਿ ਹੋ ਗਿਆ। ਦੂਜੇ ਪਲ ਨਸੀਬੋ ਯਾਦ ਆਈ। ਡਰ ਲੱਗਿਆ। ਉਹ ਸਹਿਣ ਨਹੀਂ ਕਰੇਗੀ।

"ਨਹੀਂ ਜੀ ਦੋਵਾਂ ਨੂੰ ਮਾਰ ਮੁਕਾਵਣਗੇ। ਓਧਰ ਪੱਤ ਰੋਲ ਛੱਡਣਗੇ। ਧਿਆਡੇ ਕੋਲੋਂ ਸੰਭਾਲਿਆ ਨਹੀਓਂ ਜਾਵਣਾ।"

"ਕੁਝ ਸਮਝ ਨਾ ਆਵੇ ਕੀ ਕਰਾਂ। ਸਿਰ ਫੜ ਕੇ ਬੈਠ ਗਿਆ। ਉਸ ਦਿਲਾਸਾ ਦਿੱਤਾ, 'ਅਜੇ ਅਫਵਾਹਾਂ... ਜੇ ਲੋੜ ਪਈ ਕੋਠੜੀ 'ਚ ਲਕੋ ਛੱਡਾਂਗਾ।"

"ਥੋੜ੍ਹਾ ਹੌਸਲਾ ਹੋਇਆ। ਬੈਂਕ ਜਾਣ ਲੱਗ ਪਿਆ।"

ਨਸੀਬੋ ਆ ਕੇ ਕੜਕੀ, "ਰੋਟੀ ਲਿਆਵਾਂ ਕੇ ਗੱਲਾਂ ਹੀ ਖਾਣੀਆਂ...?"

ਤੇਜਾ ਹੌਲੀ ਜਿਹੀ ਖਿਸਕ ਗਿਆ। ਉਹ ਬੇਬੇ ਦੇ ਤੇਵਰ ਜਾਣਦੈ। ਦਾਰਾ ਸਿੰਘ ਨੇ ਮੂੰਹ ਚੁਕਿਆ, "ਤੂੰ ਚੰਗੀ ਰਹੀ, ਸਮਝੇ ਕੇ ਨਈ, ਭੈਣ ਨਾਲ ਨਿਕਲ ਆਈ।"

ਉਹ ਉਦਾਸ ਹੋ ਗਈ। ਚਿਹਰਾ ਬਦਲ ਗਿਆ। ਰੋਟੀ ਲੈਣ ਮੁੜੀ, ਚੇਤਿਆਂ ਦੇ ਵਹਿਣ 'ਚ ਵਹਿ ਗਈ, 'ਭਰਾਵਾਂ ਅਤੇ ਜੀਜੇ ਨੇ

ਉਹਨਾਂ ਦੇ ਆਸ ਪਾਸ ਨੇ ਧੁਨੀਆਂ ਸੁਰੀਲੀਆਂ,
ਅੱਜ ਕਲ ਮੇਰੀ ਆਵਾਜ਼ ਦੀ ਉਹਨਾਂ ਨੂੰ ਲੋੜ ਕੀ। -ਰਾਜਵੰਤ ਰਾਜ

ਰਲ ਕੇ ਸਾਂਦਲ ਬਾਰ ਆਬਾਦ ਕਰਨ ਲਈ ਮੁਰੱਬੇ ਲਏ। ਥੋੜ੍ਹਾ ਚਿਰ ਬਾਅਦ ਜੀਜੇ ਅਤੇ ਉਸ ਦੇ ਪੁੱਤ ਦੀ ਮੌਤ ਹੋ ਗਈ। ਭੈਣ ਮੈਨੂੰ ਆਪਣੇ ਕੋਲ ਨਾਗਰਾ ਚੱਕ-352 ਟੋਭਾ ਟੇਕ ਸਿੰਘ ਲੈ ਗਈ। ਉਨ੍ਹਾਂ ਨੂੰ ਭਿਣਕ ਪਈ। ਰਾਵਲਪਿੰਡੀ ਅਫਵਾਹਾਂ। ਪਾਕਿਸਤਾਨ ਬਣਨ ਤੋਂ ਰੋਕਣ ਲਈ, ਇਕ ਲੀਡਰ ਨੇ ਲਾਹੌਰ ਅਸੰਬਲੀ ਦਾ ਝੰਡਾ ਪਾੜ ਦਿੱਤਾ। ਨਫ਼ਰਤ ਫੈਲ ਗਈ।'

"ਨਸੀਬ ਕੁਰੇ ਰੋਟੀ...?" ਰੋਟੀ ਖਾਣੀ ਯਾਦ ਆਈ।

"ਹੈਂ? ਕੀ... ਭਰਾ-ਭੈਣ... ਲਿਆਨੀਆਂ ਜੀ। ਸਾਂਦਲ ਬਾਰ ਚੇਤੇ ਆ ਗਿਆ।" ਉਸ ਰੋਟੀ ਲਿਆ ਦਿੱਤੀ।

ਕੁਝ ਚਿਰ ਬਾਅਦ ਤੇਜਾ ਪੈਰ ਮਲਦਾ ਆ ਬੈਠਿਆ।

"ਵੇ ਗੱਡ ਹੋਣਿਆਂ, ਕਿਧਰ ਖਿਸਕ ਗਿਆ ਤੀ? ਮੈਂ ਡਾਂਗ ਮਾਰੀ ਤੀ? ਤੇਰੇ ਬਾਬੇ ਨੂੰ ਰੋਟੀ ਪੁੱਛੀ ਤੀ।"

"ਕੁਸ ਨੀ ਕੁਸ ਨੀ ਬੇਬੇ ਜੀ।"

ਨਸੀਬੋ ਹੌਲੀ ਹੌਲੀ ਚਾਹ ਬਣਾਉਣ ਤੁਰ ਪਈ। ਤੇਜੇ ਨੇ ਮੂਡ ਠੀਕ ਵੇਖ, "ਬੇਬੇ ਚਾਹ ਪੀਉਂਗਾ।"

"ਵੇ ਗੱਡ ਹੋਣਿਆਂ ਚਾਹ ਈ ਬਣਾਉਣ ਚਲੀ ਆਂ।"

ਉਹ ਹੱਸ ਕੇ ਦਾਰਾ ਸਿੰਘ ਕੋਲ ਬੈਠ ਗਿਆ, "ਤੁਸੀਂ ਆਸ਼ੀਆਂ ਦੀ ਗੱਲ ਕਰਦੇ ਪਏ...।"

ਦਾਰਾ ਸਿੰਘ ਨੇ ਉਸ ਦੀ ਗੱਲ ਪੂਰੀ ਨਹੀਂ ਹੋਣ ਦਿੱਤੀ। ਲੜੀ ਜੁੜ ਗਈ, "ਚਿਹਰਾ ਨਾਲ ਨਾਲ ਰਹਿੰਦਾ। ਕਿਆ ਦੀਦਾਰ-ਏ-ਹੁਸਨ। ਉਹ ਮੁਸਕਰਾਹਟ ਵਖੇਰ ਨਿਕਲ ਜਾਂਦੀ। ਸੀਨੇ 'ਚ ਖਿਚ ਪੈਂਦੀ। ਅਜੇ ਵੀ ਉਥੇ ਹੀ ਤੁਰਿਆ ਫਿਰਦਾਂ। ਮਨ 'ਚੋਂ ਨਿਕਲਦੀ ਨੀਂ। ਕਹਿੰਦੇ ਐ, 'ਲਾਹੌਰ ਸ਼ਹਿਰ, ਸਵਾ ਪਹਿਰ, ਜ਼ਹਿਰ ਕਹਿਰ।"

ਤੇਜੇ ਨੇ ਬੇਬੇ ਨੂੰ ਚਾਹ ਲਈ ਆਉਂਦੀ ਵੇਖ, "ਵਾਹ ਬੇਬੇ ਜੀ ਛੇਤੀ ਬਣਾ ਲਿਆਏ।"

"ਗੱਡ ਹੋਣਿਆਂ ਗੋਡਿਆਂ ਤੋਂ ਤੁਰ ਨੀ ਹੁੰਦਾ। ਛਾਹ-ਚਾਹ ਕਰੀ ਜਾਨੈ, ਕੀ ਗੱਲ ਵੇ।"

"ਕੁਸ ਨੀ ਬੇਬੇ ਜੀ, ਬਾਬੇ ਤੋਂ ਲਾਹੌਰ ਦੀਆਂ ਗੱਲਾਂ ਪੁੱਛਦਾਂ। ਉਥੇ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੀ ਰਾਜਧਾਨੀ, ਜਿਸ ਨੇ ਆਪਣੇ ਜੀਂਦੇ ਜੀ ਅੰਗਰੇਜ਼ਾਂ ਨੂੰ ਸੱਤਲੁਜ ਨੀਂ ਟੱਪਣ ਦਿੱਤਾ। ਕਾਬਲ-ਤਿੱਬਤ ਤਕ ਰਾਜ ਕਰ ਗਿਆ। ਹੁਣ ਕਿਥੇ ਐ ਪੰਜਾਬ? ਦਿਸਦੈ ਕਿਤੇ? ਓਥੇ ਹੀਰ ਵਾਰਸ, ਬੁੱਲ੍ਹੇ ਸ਼ਾਹ ਦੀਆਂ ਮਜ਼ਾਰਾਂ 'ਤੇ ਜੁੱਤੀ ਲਾਹ ਕੇ ਲੋਕਾਈ ਮੱਥੇ ਟੇਕਦੀ ਏ।"

"ਹਾਂ ਪੁੱਤ ਮੇਰਾ ਸਾਂਦਲ ਬਾਰ 'ਚ ਜੀ ਲੱਗਦਾ। ਦੁੱਲੇ ਭੱਟੀ ਨੂੰ ਲੋਹੜੀ ਦੇ ਗੀਤਾਂ ਨਾਲ ਯਾਦ ਕਰਦੇ।"

ਦਾਰਾ ਸਿੰਘ ਕਾਹਲਾ, "ਦੱਸਦਾਂ ਲਾਹੌਰ ਦਾ ਹਾਲ। ਸਿਲ੍ਹੇ ਮੌਸਮ ਦੇ ਦਿਨਾਂ 'ਚ ਸਵੇਰੇ ਉਠਿਆ। ਸ਼ਹਿਰ ਦੇ ਦੂਜੇ ਪਾਸੇ ਰੌਲਾ ਪੈ ਗਿਆ। ਪਾਕਿਸਤਾਨ ਬਣ ਜਾਣਾ। ਹਿੰਦੂ-ਸਿੱਖਾਂ ਦਾ ਭਾਰਤ। ਇਹ ਕੀ ਹੋ ਗਿਆ?"

"ਬਾਬਾ ਜੀ ਬਚ ਕੇ ਕਿਵੇਂ ਆਏ?"

ਦਾਰਾ ਸਿੰਘ ਦੇ ਅੰਦਰ ਸਾਰੀ ਤਸਵੀਰ ਫੈਲ ਗਈ, ਜਿਹੜੀ ਉਸ ਸਵੇਰ, ਉਹ ਫਟਾ ਫਟ ਤਿਆਰ ਹੋ ਕੇ ਬੈਂਕ ਚਲਾ ਗਿਆ। ਉਥੇ ਇਕ ਦੋ ਮੁਲਾਜ਼ਮ ਆਏ ਹੋਏ। ਉਨ੍ਹਾਂ ਡਰਾਇਆ, "ਏਥੇ ਕਿਉਂ ਆ ਗਿਆ? ਦੌੜ ਜਾ, ਜੇ ਬਚਣੈ। ਅੰਬਰਸਰ ਟੱਪ ਜਾ।"

"ਸਹਿਮ ਗਿਆ। ਸੋਚੀਂ ਪਿਆ, ਕਮਰੇ ਵੱਲ ਦੌੜਿਆ। ਅੱਖਾਂ ਅੱਗੇ ਹਨੇਰਾ ਛਾ ਗਿਆ। ਬਚਾਂਗਾ ਜਾਂ ਨਹੀਂ। ਲੋਕਾਂ ਨੂੰ ਕੀ ਹੋ ਗਿਆ? ਦੁਸ਼ਮਣ ਬਣ ਗਏ। ਭਜਾਅ ਕਿਉਂ ਰਹੇ? ਅੰਗਰੇਜ਼ਾਂ ਨੇ ਪੁਆੜਾ ਪਾਇਆ। ਇਕ ਵਾਰ ਟੱਬਰ 'ਚ ਪਹੁੰਚ ਜਾਵਾਂ? ਮਿਲਣ ਵਾਲੇ ਇਹੋ ਕਹਿਣ, 'ਦੌੜ ਜਾ ਮਾਰਿਆ ਜਾਏਂਗਾ। ਆਵਣ ਵਾਲੇ ਜੇ।"

"ਸਾਹ ਚੜ੍ਹੇ ਹੋਏ, ਕਮਰੇ ਵਿੱਚ ਪਹੁੰਚਿਆ। ਫਟਾ-ਫਟ ਕਪੜਿਆਂ ਦਾ ਝੋਲਾ ਤਿਆਰ ਕਰ ਲਿਆ। ਨਿਕਲਣ ਲੱਗਾ। ਆਸ਼ੀਆਂ ਸਾਹੋ-ਸਾਹ ਹੋਈ ਆ ਪਹੁੰਚੀ। ਉਡੀਕ ਸੀ। ਜੱਫੀ 'ਚ ਕਸੇ ਗਏ। ਇਕ ਦੂਜੇ ਨੂੰ ਕੀ ਕਹਿੰਦੇ? ਅੱਖਾਂ 'ਚੋਂ ਨੀਰ ਵਹਿ ਤੁਰਿਆ। ਬੋਲ ਨਾ ਨਿਕਲ ਸਕੇ। ਜ਼ੁਬਾਨ, ਤਾਲੂਏ ਨਾਲ ਜਾ ਲੱਗੀ।"

ਕੁਝ ਚਿਰ ਪਿੱਛੋਂ ਆਸ਼ੀਆਂ ਨੇ ਹਿੰਮਤ ਕੀਤੀ, "ਨਿਕਲ ਜਾਓ... ਮਹੌਲ ਠੀਕ ਹੋਵਣਗੇ... ਫੇਰ ਆਵਣਾ।"

"ਹਾਂ ਮੈਂ ਆਵਾਂਗਾ... ਜਰੂਰ ਆਵਾਂਗਾ... ਆਪਣਾ ਖਿਆਲ ਰੱਖੀਂ।" ਹੰਝੂਆਂ ਦੀ ਝੜੀ, ਧਰਤੀ ਸਿੰਜੀ ਗਈ। ਚੁੱਪ-ਚਾਪ ਸਿਸਕੀਆਂ ਭਰਦਾ, ਝੋਲਾ ਫੜ ਤੁਰ ਪਿਆ। ਆਸ਼ੀਆਂ ਹਉਂਕੇ ਭਰਦੀ ਵੇਖਦੀ ਰਹਿ ਗਈ। ਮਨ ਨਹੀਂ ਟਿਕਿਆ।

ਜਿਹੜਾ ਵੀ ਬੰਦਾ ਮਿਲਿਆ, ਹੈਰਾਨੀ ਨਾਲ ਵੇਖ ਕੇ, "ਦੌੜ ਜਾ ਦੌੜ ਜਾਹ। ਜਾਨਣੇ ਆਂ ਬੈਂਕ ਵਾਲਾ ਕਲੱਰਕ।"

"ਬਾਬਾ ਜੀ, ਮਨ 'ਚ ਦਹਿਸ਼ਤ, ਦਿਮਾਗ ਘਬਰਾਇਆਹੋਇਆ। ਰਹਿਮ ਕੀਤਾ। ਭੱਜ ਜਾ ਭੱਜ ਜਾ ਕਹਿ ਤਾ। ਚੁਰਾਸੀ ਵੇਲੇ ਆਪਣਿਆਂ ਭੱਜਣ ਨੀ ਦਿੱਤਾ। ਭੁੱਲਗੇ ਗੁਰੂਆਂ ਦੀ ਕਰਬਾਨੀ...।"

"ਪੁੱਤ ਉਦੋਂ ਵੀ ਆਮ ਬੰਦਿਆਂ ਦੀ ਹੀ ਵੱਢ-ਟੁਕ ਹੋਈ।"

"ਬਾਬਾ ਜੀ, ਖ਼ੂਨ ਉਬਾਲੇ ਖਾਂਦੈ। ਕਿਥੇ ਲਿਖਿਐ, ਧਰਮਾਂ-ਜਾਤਾਂ ਦੀ ਆੜ 'ਚ ਬੰਦੇ ਮਾਰੀ ਜਾਓ। ਚਾਚੇ ਦੱਸਿਆ, ਉਹ ਚੁਰਾਸੀ ਵੇਲੇ ਦਿੱਲੀ ਤੋਂ ਕਿਵੇਂ ਬਚ ਕੇ ਆਏ... ਛੱਡੋ, ਤੁਸੀਂ ਸਟੇਸ਼ਨ 'ਤੇ ਕਿਵੇਂ ਪਹੁੰਚੇ?"

"ਅਸੀਂ ਪਹਿਲਾਂ ਨਿਕਲ ਆਏ। ਪਿਛੋਂ ਲੱਖਾਂ 'ਚ ਦੋਵੇਂ ਪਾਸੇ ਬੇਕਸੂਰਾਂ ਦਾ ਕਤਲ ਹੋਇਆ... ਘਬਰਾਇਆ ਤੇ ਡਰਿਆ, ਸੜਕ 'ਤੇ ਟਾਂਗੇ ਦੀ ਉਡੀਕ। ਨਸੀਬੋ ਦਾ ਫਿਕਰ, ਕੀ ਬਣੇਗਾ। ਰੋ ਰੋ ਮਰ ਜਾਊ। ਬੱਚੇ ਨੂੰ ਕੌਣ ਸਾਂਭੂ? ਰੁਲ ਜਾਣਗੇ। ਭੈਣ-ਭਾਈ ਕਿੰਨਾ ਕੁ ਚਿਰ ਸਾਥ ਦੇਣਗੇ। ਕਦੇ ਸੋਚਿਆ ਹੀ ਨਹੀਂ ਸੀ, ਇਕ ਮੁਲਕ ਦੇ ਦੋ ਹੋ ਜਾਣਗੇ। ਆਸ਼ੀਆਂ ਰੋ ਰੋ ਯਾਦ ਕਰੂ।"

"ਕੁਝ ਸਮਝ ਨਹੀਂ ਆ ਰਿਹਾ। ਅਣਹੋਣੀ 'ਚ ਘਿਰ ਗਿਆ। ਕੀ ਕਰਾਂ? ਸ਼ਹਿਰ ਦੇ ਪਰਲੇ ਪਾਸੇ ਡਰਾਉਣੀਆਂ ਖੱਬਰਾਂ, ਹੋਰ ਡਰਾ ਰਹੀਆਂ। ਟਾਂਗਾ ਕੋਈ ਨੀ ਆ ਰਿਹਾ। ਸ਼ਹਿਰ ਬੰਦ ਹੋ ਰਿਹਾ।"

"ਇਕ ਛੇ ਕੁ ਫੁੱਟ ਬੰਦਾ, ਸਾਇਕਲ ਫੜ ਕੇ ਤੁਰਿਆ ਆ ਰਿਹਾ। ਪੁੱਛਣ ਦਾ ਹੌਸਲਾ ਨਹੀਂ ਪਿਆ। ਉਸ ਨੇ ਇਸ਼ਾਰੇ ਨਾਲ ਆਪੇ ਸਮਝਾ ਦਿੱਤਾ, ਸੜਕ 'ਤੇ ਨਾ ਖੜ੍ਹੋ। ਗੇਟ ਪਿਛੇ ਚਲਾ ਜਾਹ।"

"ਟਾਂਗਾ ਚਿਰ ਬਾਅਦ ਆਇਆ। ਦੋ ਸਵਾਰੀਆਂ ਬੈਠੀਆਂ

ਇਨ੍ਹਾਂ ਨਦੀਆਂ 'ਚ ਹੁਣ ਇਹ ਵੀ ਤਮਾਸ਼ਾ ਆਮ ਹੋਵੇਗਾ।
ਕਿ ਹਰ ਖ਼ਾਮੋਸ਼ ਤਲ ਹੇਠ, ਕੋਈ ਕੁਹਰਾਮ ਹੋਵੇਗਾ। -(ਅਗਲੇ ਸਫ਼ੇ 'ਤੇ)

ਹੋਈਆਂ। ਵੇਖ ਕੇ ਹੌਸਲਾ ਹੋਇਆ। ਟਾਂਗੇ ਵਾਲੇ ਨੂੰ ਤਾੜਨਾ, ਕਸਮ ਖਾਹ, ਕਿਤੇ ਰੁਕੇਂਗਾ ਨਹੀਂ।''

''ਮਿਲਣ ਵਾਲਿਆਂ ਨੇ ਡਰਾਇਆ ਹੋਇਆ, 'ਦੌੜ ਜਾ ਦੌੜ ਜਾਹ।' ਕੰਨਾਂ 'ਚ ਗੂੰਜਦਾ। ਫਿਰ ਪੁੱਛਿਆ, 'ਕਸਮ ਖਾਹ, ਕਿਲ੍ਹਾ ਗੁਜ਼ਰ ਖਾਂ ਚੌਂਕ 'ਚ ਖੜ੍ਹਾ ਨਹੀਂ ਕਰੇਂਗਾ।''

ਟਾਂਗੇ ਵਾਲਾ ਘਬਰਾਹਟ ਸਮਝ ਗਿਆ, ''ਆਪਣੀ ਤੇ ਘੋੜੇ ਦੀ ਕਸਮ ਖਾਂਦਾ ਹਾਂ, ਨਹੀਂ ਰੋਕਾਂਗਾ।''

''ਘੋੜਾ ਤੇਜ਼ ਦੌੜਾਅ...। ਤਿੰਨੋਂ ਜਣੇ ਸਹਿਮੇ ਹੋਏ। ਆਪਣੇ ਆਪਣੇ ਖਿਆਲਾਂ 'ਚ ਗੁਆਚ ਗਏ।''

''ਬਾਬਾ ਜੀ ਕਿਸੇ ਰੋਕਿਆ ਨਹੀਂ?''

''ਉਸ ਚੌਂਕ ਤੋਂ ਟਾਂਗਾ ਲੰਘ ਗਿਆ। ਕੋਈ ਕੋਈ ਟਾਂਗਾ ਤੇਜ਼ੀ ਨਾਲ ਆ ਜਾ ਰਿਹਾ। ਦੋ ਤਿੰਨ ਸਵਾਰੀਆਂ ਤੋਂ ਵੱਧ ਨਹੀਂ। ਸਮਾਂ ਰੁਕਿਆ ਮਹਿਸੂਸ ਹੋਇਆ। ਦਿਲ ਧੜਕਣ ਤੋਂ ਬੰਦ ਜਾਪਿਆ। ਦਿਮਾਗ ਸੁੰਨ। ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ। ਮੱਥੇ ਉੱਤੇ ਤਰੇਲੀਆਂ। ਨਾਲ ਬੈਠੀਆਂ ਸਵਾਰੀਆਂ ਵੀ ਇਹੋ ਮਹਿਸੂਸ ਕਰਦੀਆਂ। ਆਪਸ ਵਿਚ ਗੱਲ ਬਾਤ ਕਰਨ ਦਾ ਹੌਸਲਾ ਨਹੀਂ ਪੈ ਰਿਹਾ। ਟੇਢੀ ਅੱਖ ਨਾਲ ਮੁਸਲਮਾਨ ਲੱਗਦੇ ਵੱਲ ਵੇਖਦੇ। ਉਸ ਦਾ ਦਿਲ ਕਿਸੇ ਵੇਲੇ ਵੀ ਬੇਈਮਾਨ ਹੋ ਸਕਦਾ। ਬਗ਼ਲ ਵਿਚੋਂ ਕੱਢ ਕੇ ਮਾਰ ਦੇਵੇ। ਉਸ ਦੇ ਚਿਹਰੇ ਨੂੰ ਧਿਆਨ ਨਾਲ ਜਾਚਿਆ। ਉਹ ਵੀ ਡਰਿਆ ਤੇ ਸਹਿਮਿਆ ਹੋਇਆ।''

ਕਮਾਲ ਖਾਨ ਦੀ ਆਵਾਜ ਨੇ ਚੁਕੰਨੇ ਕਰ ਦਿੱਤਾ, ''ਹੱਟ ਪਿੱਛੇ, ਟਾਂਗਾ ਯਾਰਾਂ ਦਾ।''

''ਸਾਹਮਣੇ ਕੋਈ ਨਹੀਂ। ਸੱਜੇ ਪਾਸੇ ਗਲੀ ਵਿਚੋਂ ਇਕ ਜਣਾ ਕੁੜੀ ਨਾਲ ਨਿਕਲਿਆ। ਉਹ ਟਾਂਗੇ ਨੂੰ ਹੱਥ ਦੇ ਰਹੇ, 'ਮੀਆਂ ਲੈ ਚੱਲ।''

''ਕਮਾਲ ਖਾਨ ਨੇ ਘੋੜਾ ਹੌਲੀ ਕੀਤਾ। ਸਵਾਰੀਆਂ ਡਰ ਗਈਆਂ, 'ਖਾਨ ਤੇਰੀ ਕਸਮ?''

''ਉਸ ਨੇ ਪਿੱਛੇ ਵੇਖਿਆ, 'ਸਰਦਾਰਾ ਧੀ ਦੀ ਪੁਕਾਰ...।''

''ਸਾਰੇ ਚੁੱਪ। ਪਿਓ ਕੁੜੀ ਦੀ ਬਾਂਹ ਫੜ ਕੇ ਟਾਂਗੇ ਕੋਲ ਆਇਆ।ਇਕ ਦਮ ਗਲੀ ਦੇ ਮੋੜ ਤੋਂ ਬੰਦੇ ਆ ਨਿਕਲੇ। ਉਹ ਆਵਾਜ਼ਾਂ ਦੇ ਰਹੇ, 'ਜਾਵੇ ਨਾ ਜਾਵੇ ਨਾ ਫੜ ਲਓ...।''

''ਉਸ ਬੰਦੇ ਤੋਂ ਘਬਰਾਹਟ 'ਚ ਟਾਂਗੇ ਉੱਤੇ ਚੜ੍ਹਿਆ ਨਾ ਗਿਆ। ਦਾਰਾ ਸਿੰਘ ਨੇ ਕੁੜੀ ਦੀ ਬਾਂਹ ਫੜ ਕੇ ਖਿਚ ਲਿਆ। ਉਸ ਦੇ ਮਗਰ ਪਿਓ ਚੜ੍ਹ ਗਿਆ।''

''ਕਮਾਲ ਖਾਨ ਭਜਾਅ ਲੈ। ਹੁਣ ਕਸਮ ਨਾ ਤੋੜੀਂ...। ਕਹਿ ਹੋ ਗਿਆ।'' ਕਮਾਲ ਖਾਨ ਨੇ ਘੋੜਾ ਦੌੜਾਅ ਦਿੱਤਾ।

''ਬਾਬਾ ਜੀ ਤੁਸੀਂ ਰਹਿਮ ਕੀਤਾ। ਲਲਕਾਰਾ ਮਾਰ ਕੇ ਬਿਠਾ ਲਿਆ ਦੀ ਧਿਆਣੀ ਨੂੰ...।''

''ਪੁੱਤਰਾ ਪਛਤਾਵਾ ਰਹਿਣਾ ਤੀ। ਉਂਝ ਅਜੇਹੇ ਵੇਲੇ ਬੰਦਾ ਆਪਣੀ ਜਾਨ ਦਾ ਬਚਾਅ ਕਰਦੈ। ਕਿਸੇ ਦਾ ਕੋਈ ਕੁਝ ਨੀਂ ਲੱਗਦਾ ਹੁੰਦਾ।''

''ਵਾਹ ਬਾਬਾ ਜੀ ਹੁਣ 'ਚ ਤੇ ਬੀਤੇ 'ਚ ਇਹੋ ਕੁਝ ਹੁੰਦਾ ਆਇਆ। ਅੱਗੇ ਕੀ ਬਣਿਆਂ।''

ਕੁਝ ਪਲ ਸੋਚ ਕੇ, ''ਆਸ਼ੀਆਂ ਏਧਰ ਆ ਜਾਂਦੀ... ਤੜਫਣਾ ਨਾ ਰਹਿੰਦੀ।''

''ਬੇਬੇ ਨੇ ਨੀਂ ਤੀ ਰਹਿਣ ਦੇਣਾ। ਥੋਨੂੰ ਘਰੋਂ ਕੱਢ ਦਿੰਦੀ... ਹਾ ਹਾ ਹਾ...।''

''ਵੇਖੀ ਜਾਂਦੀ ਜੋ ਹੁੰਦਾ। ਉਸ ਨੇ ਪਿਆਰ ਹੀ ਏਨਾ ਪਾ ਲਿਆ। ਦਿਲੋਂ ਵੱਖ ਨੀਂ ਹੋ ਰਹੀ।''

''ਬਾਬਾ ਜੀ ਬਚਗੇ, ਬਚਗੇ ਕਲੇਸ਼ ਤੋਂ...।''

ਦਾਰਾ ਸਿੰਘ ਹੱਸ ਪਿਆ, ''ਕਮਾਲ ਖਾਨ ਟਾਂਗੇ ਉੱਤੇ ਖੜਾ ਹੋ ਗਿਆ। ਉਹ ਛਾਂਟਾ ਲਹਿਰਾ ਰਿਹਾ, ''ਹੈ ਕੋਈ...ਮਿਰਜ਼ਾ ਜਾਂਦਾ ਤੈਰਦਾ...।''

''ਉਦੋਂ ਭਾਦੋਂ ਚੜ੍ਹਨ 'ਚ ਅਜੇ ਚਾਰ ਪੰਜ ਦਿਨ ਰਹਿੰਦੇ। ਭਾਦੋਂ ਵਰਗੀ ਗਰਮੀ। ਥੋੜ੍ਹੀ ਥੋੜ੍ਹੀ ਹਵਾ ਰੁਮਕਦੀ। ਤਿੱਖੀ ਧੁੱਪ ਚਿੰਗਿਆੜੇ ਕੱਢਦੀ।''

''ਸੋਚਦਾ ਪਤਾ ਨਹੀਂ ਬਚ ਕੇ ਜਾ ਹੋਵੇਗਾ ਕਿ ਨਹੀਂ। ਕੰਬ ਗਿਆ। ਟਾਂਗੇ ਦੇ ਹਿਚਕੋਲਿਆਂ ਨਾਲ ਸਰੀਰ ਆਪਸ ਵਿਚ ਖਹਿ ਜਾਂਦੇ। ਕੰਬਣੀ ਵੱਖਰੀ ਤਰ੍ਹਾਂ ਦੀ ਹੋਣ ਕਰਕੇ ਮੁਸਲਮਾਨ ਭਾਈ ਨੂੰ ਮਹਿਸੂਸ ਹੋ ਗਈ। ਉਸ ਨੇ ਮੋਢੇ ਉੱਤੇ ਹੱਥ ਰੱਖਿਆ, 'ਭਾਅ ਜੀ ਚਿੰਤਾ ਨਾ ਕਰੋ, ਟੇਸ਼ਨ ਆਵਣ ਵਾਲਾ, ਮੈਂ ਮਲੇਰਕੋਟਲੇ ਜਾਣੈ?''

''ਹੈਰਾਨੀ ਨਾਲ ਉਸ ਵੱਲ ਵੇਖਣ ਲੱਗ ਪਿਆ। ਉਹ ਹੁਣ ਤੱਕ ਚੁੱਪ ਕਿਉਂ ਰਿਹਾ? ਨਾਲ ਜਾਣ ਵਾਲਾ ਸਾਥ ਬਣ ਗਿਆ।''

ਮੁਸਲਮਾਨ ਭਾਈ, ਫਿਕਰ 'ਚ, ''ਭਾਅ ਜੀ ਤੁਸੀਂ ਫਿਕਰ ਕਿਉਂ ਕਰਦੇ ਪਏ ਹੋ। ਫ਼ਿਕਰ ਮੈਨੂੰ ਵੱਢ-ਵੱਢ ਖਾ ਰਿਹੈ ਜਿਸ ਨੇ ਵਾਹਗੇ ਪਾਰ ਜਾਣੈ।'' ਉਸ ਅੱਖਾਂ ਭਰ ਲਈਆਂ।

''ਭਰਾਵਾ ਓਧਰ ਕਿਉਂ ਜਾ ਰਹੇ?''

''ਏਧਰ ਭੈਣ ਨੂੰ ਮਿਲਣ ਆ ਗਿਆ। ਉਹ ਆਉਣ ਨਹੀਂ ਸੀ ਦਿੰਦੇ। ਮੈਂ ਆ ਗਿਆ। ਮੇਰੇ ਬੱਚੇ, ਬੀਵੀ... ਸਾਰਾ ਕੁਝ ਕੋਟਲੇ...।''

ਤੇਜਾ ਹੈਰਾਨ, ''ਵਾਹ ਕੁਦਰਤ... ਭੈਣ ਭਾਈ ਅੱਡੋ-ਅੱਡ ਮੁਲਕਾਂ 'ਚ।''

ਦਾਰਾ ਸਿੰਘ ਉਸ ਮੁਸਲਮਾਨ ਦੇ ਬੋਲ ਦੱਸ ਰਿਹਾ, ''ਵੀਰ ਜੀ ਕੀ ਕਰੀਏ ਸਰਕਾਰਾਂ ਦੀ ਮਰਜ਼ੀ। ਸੁੱਤੇ ਪਿਆਂ ਬਿਜ ਆ ਪਈ। ਪਰਲੋ ਆਉਣ ਵਾਲੀ।''

ਦੂਜਾ ਸਰਦਾਰ ਚੁੱਪ ਨਾ ਰਹਿ ਸਕਿਆ, ''ਭਾਊ ਜੀ ਮੇਰਾ ਵਸ ਚਲੇ, ਅਜੇਹਾ ਕੁਝ ਨਾ ਹੋਣ ਦਿਆਂ। ਮੁਦਤਾਂ ਤੋਂ ਰਹਿਨੇ ਪਏ ਸਾਂ।'' ਅੱਗੇ ਉਸ ਤੋਂ ਬੋਲ ਨਾ ਹੋਇਆ।

ਕਮਾਲ ਖਾਨ ਨੇ ਪਿੱਛੇ ਮੁੜ ਕੇ ਵੇਖਿਆ, ''ਸਟੇਸ਼ਨ ਆਵਣ ਵਾਲਾ ਈ... ਹੌਸਲਾ ਰੱਖੋ।''

''ਟਾਂਗਾ ਸਟੇਸ਼ਨ ਦੇ ਸਾਹਮਣੇ ਜਾ ਰੁਕਿਆ। ਕਮਾਲ ਖਾਨ ਨੇ ਟਾਂਗੇ ਤੋਂ ਉਤਰ ਕੇ ਘੋੜੇ ਨੂੰ ਥਾਪੀ ਦਿੱਤੀ। ਉਸ ਦੇ ਸਿਰ 'ਤੇ ਹੱਥ ਫੇਰ ਕੇ ਕੰਨ ਕੋਲ ਕਿਹਾ, 'ਵਾਹ ਸ਼ੇਰਾ ਕਸਮ ਦੀ ਲਾਜ ਰੱਖ ਛੱਡੀ।' ਉਸ ਨੇ ਪਿਠ 'ਤੇ ਹੱਥ ਫੇਰਿਆ। ਘੋੜੇ ਦੀਆਂ ਨਾਸਾਂ ਵਿਚੋਂ ਤੇਜ਼ ਸਾਹ ਆਉਣ ਨਾਲ ਝੱਗ ਦੀਆਂ ਬੁਲਬੁਲੀਆਂ ਨਿਕਲ ਦੀਆਂ। ਉਹ ਵਾਰੀ ਵਾਰੀ ਪੈਰ ਚੁੱਕ ਕੇ ਉਥੇ ਹੀ ਰੱਖ ਲੈਂਦਾ।'

''ਕਮਾਲ ਖਾਨ ਨੂੰ ਪੈਸੇ ਦੇਣ ਲੱਗੇ। ਉਸ ਨੇ ਕੋਰੀ ਨਾਂਹ ਕਰ ਦਿੱਤੀ, ''ਸਰਦਾਰੋ ਕਸਮ ਦੀ ਲਾਜ ਰਹਿ ਗਈ ਜੇ। ਮੇਰੇ ਇਹੋ ਪੈਹੇ। ਤੁਸਾਂ ਛੇਤੀ ਗੱਡੀ ਚੜ੍ਹੋ। ਕੇ ਪਤੈ? ਏਧਰ ਭੀ ਆਵਣ।''

ਸ਼ਿਕਾਰੀ ਬਾਜ਼ ਨੂੰ ਜੇ ਇਉਂ ਹੀ ਤੂੰ ਅਣਗੌਲਿਆਂ ਕੀਤਾ,
ਤਾਂ ਹਰ ਕੋਈ ਚਿੜੀ ਦਾ, ਸਿਰ ਤੇਰੇ ਇਲਜ਼ਾਮ ਹੋਵੇਗਾ। -ਪ੍ਰੀਤ ਮਨਪ੍ਰੀਤ

"ਉਸ ਨੂੰ ਪੈਸੇ ਦੇਣ ਦੀ ਬਹੁਤ ਕੋਸ਼ਿਸ਼ ਕੀਤੀ। ਉਹ ਅੜਿਆ ਰਿਹਾ, ਮਾਫ਼ ਕਰਿਓ ਭਾਈਓ, ਮੇਰੇ ਵਸ ਹੈ ਨੀਂ। ਮੇਰੇ ਵਸ ਹੁੰਦਾ। ਕਦੀ ਨਾ ਜਾਣ ਦਿੰਦਾ। ਉਸ ਦੇ ਹੰਝੂ ਨਿਕਲ ਆਏ। ਉਸ ਨੇ ਦੋਵੇਂ ਹੱਥ ਉਪਰ ਚੁੱਕ ਕੇ ਅੱਲਾ ਤਾਲਾ ਦਾ ਸ਼ੁਕਰ ਕੀਤਾ। ਉਸ ਨੂੰ ਆਪਣੇ ਦਿਲ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਜਾਪਿਆ। ਉਹ ਖਾਲੀ ਖਾਲੀ ਮਹਿਸੂਸ ਕਰਦਾ ਪਛਤਾ ਰਿਹਾ। ਵਿਛੜ ਕਿਉਂ ਚਲੇ। ਉਹ ਹੌਲਾ ਫੁੱਲ ਹੋਇਆ ਵੀ ਲੁਟਿਆ ਗਿਆ ਜਾਪਦਾ। ਉਸ ਨੇ ਭਾਰੇ ਕਦਮਾਂ ਨਾਲ ਘੋੜੇ ਦੀ ਬੂਥੀ ਦੁਆਲੇ ਬਾਂਹ ਵਲ ਲਈ। ਘੋੜੇ ਨੇ ਹੈਰਾਨੀ ਨਾਲ ਉਸ ਦੀਆਂ ਅੱਖਾਂ ਵੱਲ ਵੇਖਿਆ। ਮੂੰਹ ਨੀਵਾਂ ਕਰਕੇ ਖੜ੍ਹ ਗਿਆ। ਉਸ ਨੇ ਘੋੜੇ ਨੂੰ ਥਾਪੀ ਦਿੱਤੀ, 'ਚੱਲ ਉਇ ਸੂਰਮਿਆਂ ਕਸਮ ਪੁਗਾਅ ਛੱਡੀ। ਹੋਰ ਕੋਈ ਭਰਾ ਉਡੀਕਦਾ ਹੋਏਗਾ।"

"ਸਾਰਿਆਂ ਦੇ ਹੰਝੂ ਕਿਰਦੇ ਰਹੇ। ਕਮਾਲ ਖਾਨ ਤੋਂ ਅਲੱਗ ਹੋਣ ਵੇਲੇ ਕੁਝ ਨਾ ਕਿਹਾ ਗਿਆ ਉਹ ਭਰੀਆਂ ਅੱਖਾਂ ਨਾਲ ਟਾਂਗੇ ਉੱਤੇ ਬੈਠ ਗਿਆ। ਕੁੜੀ ਨੇ ਪਿਓ ਦਾ ਹੱਥ ਫੜਿਆ। ਕਾਹਲੀ ਨਾਲ ਸਟੇਸ਼ਨ ਦੀ ਭੀੜ ਵਿਚ ਜਾ ਰਲੇ। ਕਮਾਲ ਖਾਨ ਉਨ੍ਹਾਂ ਵੱਲ ਵੇਖ ਕੇ ਸੋਚਦਾ, 'ਧੀ ਲਈ ਟਾਂਗਾ ਰੋਕਿਆ ਕਸਮ ਨਹੀਂ ਟੁੱਟੀ...।"

ਤੇਜਾ ਆਫ਼ਰਿਆ ਪਿਆ, "ਰਾਜਨੀਤਕ ਚਾਲਾਂ ਨੀਂ ਸਮਝ ਸਕਦੇ। ਇਨ੍ਹਾਂ ਕੋਲ ਚਾਣਕੀਆ ਸ਼ਾਤਰ। ਥੋੜੇ ਸਾਹਮਣੇ ਮੈਂ ਪੰਜਾਬੀ ਦੀ ਪੀਐਚ. ਡੀ. ਕਰਕੇ ਵਿਹਲਾ। ਕਾਲਜ 'ਚ ਪੰਦਰਾਂ ਹਜ਼ਾਰ ਤੋਂ ਵੱਧ ਨੀ ਦਿੰਦੇ। ਕਹਿੰਦੇ, ਜੁਆਨੀ ਵਿਦੇਸ਼ਾਂ ਨੂੰ ਜਾ ਰਹੀ। ਕਾਲਜਾਂ 'ਚ ਦਾਖਲਾ ਘੱਟ ਗਿਆ। ਹਾਰ ਕੇ ਖੇਤੀ ਕਰਨ ਲੱਗ ਪਿਆ। ਖੇਤੀ 'ਚ ਕਮਾਈ ਨਾਲੋਂ ਵੱਧ ਖਰਚੇ... ਦੱਸੋ ਕਿਧਰ ਜਾਈਏ?"

"ਪੁੱਤ ਸਮਝੇ ਕੇ ਨਈ ਲੋਕਾਂ ਨੂੰ ਭੰਬਲ-ਭੂਸਿਆਂ 'ਚ ਪਾਇਆ ਹੋਇਆ।"

ਸਟੇਸ਼ਨ 'ਤੇ ਭੀੜ ਵੱਧ ਰਹੀ।ਕਿਸੇ ਦੇ ਸਿਰ 'ਤੇ ਬਿਸਤਰਾ।ਕਿਸੇ ਦੇ ਹੱਥਾਂ 'ਚ ਵੱਡੇ ਛੋਟੇ ਝੋਲੇ।ਕਈ ਜਨਾਨੀਆਂ ਦੇ ਕੁਛੜ ਜੁਆਕ।ਕਈਆਂ ਦੀ ਉਂਗਲ ਫੜੀ ਨਿਆਣੇ ਆਲਾ-ਦੁਆਲਾ ਮੁਤਰ ਮੁਤਰ ਝਾਕਦੇ।ਉਨ੍ਹਾਂ ਨੂੰ ਕੋਈ ਸਮਝ ਨਹੀਂ।ਕੀ ਹੋ ਗਿਆ।ਕਿਧਰ ਜਾ ਰਹੇ।ਉਨ੍ਹਾਂ ਨੇ ਇਕ ਹੱਥ ਵਿਚ ਆਪਣੇ ਆਪਣੇ ਖਿਡਾਉਣੇ ਫੜੇ ਹੋਏ।ਇਕ ਬੱਚੀ ਨੇ ਬਲੂੰਗੜਾ ਵੱਖੀ ਨਾਲ ਲਾਇਆ ਹੋਇਆ।

ਮੁਸਲਮਾਨ ਦਾ ਉਦਾਸਿਆ ਚਿਹਰਾ ਵੇਖ ਕੇ, "ਯਾਰ ਚਿੰਤਾ ਨਾ ਕਰ, ਮਲੇਰਕੋਟਲੇ ਛੱਡ ਕੇ ਆਵਾਂਗੇ।"

"ਹੈਂ? ਕੋਟਲੇ ਤਕ...?"

"ਦੂਜੇ ਨੇ ਸਿਰ ਹਿਲਾ ਕੇ ਹਾਂ 'ਚ ਹਾਂ ਮਿਲਾ ਦਿੱਤੀ। ਉਹ ਥੋੜਾ ਸਹਿਜ ਹੋ ਗਿਆ, 'ਮਲੇਰਕੋਟਲੇ ਪਹੁੰਚ ਕੇ ਕੋਈ ਖਤਰਾ ਨਹੀਂ। ਸ਼ਹਿਰ ਨੂੰ ਵਰ ਮਿਲਿਆ ਹੋਇਆ। ਮੁਸਲਮਾਨਾਂ ਦਾ ਕੋਈ ਵੀ ਜਾਨੀ ਤੇ ਮਾਲੀ ਨੁਕਸਾਨ ਨਹੀਂ ਹੋਵੇਗਾ। ਛੋਟੇ ਸਹਿਬਜ਼ਾਦਿਆਂ ਲਈ ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ ਹੋਇਐ।"

"ਪੁੱਤ ਘੋੜੇ ਦੀ ਟੱਪ ਟੱਪ ਸੁਣਦੀ ਐ। ਉਹ ਭੈਅ ਭੀਤ ਸਟੇਸ਼ਨ। ਆਸ਼ੀਆਂ ਦੀ ਚੀਸ ਮਨ ਨੂੰ ਬੇਚੈਨ ਕਰਦੀ, 'ਆਵਾਂਗਾ ਆਸ਼ੀਆਂ ਆਵਾਂਗਾ... ਮੇਰੇ ਦਿਲ 'ਚ ਪਾਕਿਸਤਾਨ ਨਹੀਂ ਬਣਿਆ...ਹੈਂ! ...ਤੇਰੇ ਵੀ...?"

"ਆਵਾਜ ਆਈ... 'ਹਾਂ...ਮੇਰੇ ਦਾਰਿਆ...?"

ਆਸ਼ੀਆਂ ਸਟੇਸ਼ਨ 'ਤੇ, ਉਦਾਸ ਡਰ ਭੈਅ 'ਚ ਬੈਠੀ ਖੜ੍ਹੀ ਭੀੜ ਦੇ ਚਿਹਰਿਆਂ ਨੂੰ ਪਹਿਚਾਣਦੀ ਕਮਲੀ ਹੋਈ ਫਿਰਦੀ। ਉਸ ਨੇ ਬੁਰਕੇ ਦਾ ਪੱਲੂ ਚੁੱਕਿਆ ਹੋਇਆ। ਉਹ ਫਟਾ ਫਟ ਪਰੋਂਠੀਆਂ ਪਕਾ, ਨਵੇਂ ਕੱਢੇ ਰੁਮਾਲ ਵਿਚ ਲਪੇਟ ਕੇ ਦੌੜ ਆਈ।

ਹਾਵੜਾ-ਮੇਲ ਆ ਲੱਗੀ। ਭੀੜ ਦੇ ਚਿਹਰਿਆਂ 'ਤੇ ਆਸ ਦੀ ਕਿਰਨ ਫੈਲ ਗਈ। ਗੱਡੀ ਚੜ੍ਹਨ ਲਈ ਹਫੜਾ ਦਫੜੀ। ਆਸ਼ੀਆਂ ਦੀ ਨਿਗਾਹ ਚੜ੍ਹ ਗਿਆ। ਉਸ ਨੇ ਧੱਕਮ-ਧੱਕੀ ਹੋ ਕੇ ਬਾਂਹ ਆ ਫੜੀ, 'ਦਾਰੇ...।' ਉਸ ਨੇ ਰੁਮਾਲ ਫੜਾਇਆ। ਹੰਝੂਆਂ ਨੇ ਸਭ ਕੁਝ ਧੁੰਦਲਾ ਕਰ ਦਿੱਤਾ। ਪਤਾ ਨਾ ਲੱਗਾ, ਛੇਤੀ 'ਚ ਇਕ ਦੂਜੇ ਨੂੰ ਕੀ ਕਿਹਾ। ਸ਼ਾਇਦ ਕੁਝ ਕਿਹਾ ਹੀ ਨਾ ਗਿਆ ਹੋਵੇ।

"ਬਾਬਾ ਜੀ ਫਿਕਰ ਨਾ ਕਰੋ, ਸ਼ੇਰਸ਼ਾਹ ਸੂਰੀ ਮਾਰਗ ਦਿਲਾਂ ਨੂੰ ਜੋੜਦੈ... ਯੋਰਪ 'ਚ ਦੋਵੇਂ ਜਰਮਨੀਆਂ ਨੂੰ, ਹੱਥੀਂ ਕੀਤੀ ਹੋਈ ਬਰਲਿਨ ਦੀ ਕੰਧ ਤੋੜਨੀ ਪਈ।"

ਦਾਰਾ ਸਿੰਘ ਉਸ ਵੱਲ ਔਲਿਆ, "ਹੈਂ...ਸੱਚੀਂ?" ਉਸ ਨੂੰ ਕਲਾਵੇ 'ਚ ਲੈ ਲਿਆ।

ਨਸੀਬੋ ਸੁਣਕੇ ਕੋਲ ਆ ਖੜੀ, "ਵੇ ਗੱਡ ਹੋਣਿਆਂ...ਆ ਤਾਂ ਸੀਨਾ ਠਾਰਤਾ...।"

ਉਨ੍ਹਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਫੈਲ ਗਈ।

ਕਹਾਣੀ

# ਸੱਖਣੀ

## ਰਣਜੀਤ ਆਜ਼ਾਦ ਕਾਂਝਲਾ



ਰਣਜੀਤ ਆਜ਼ਾਦ ਕਾਂਝਲਾ

ਇਕਲੌਤੇ ਪੁੱਤ ਦੀ ਮਾਂ ਦੇ ਅਕਾਲ ਚਲਾਣੇ ਤੋਂ ਦੋ ਮਹੀਨੇ ਪਿੱਛੋਂ ਬਾਪੂ ਬਿਸ਼ਨ ਸਿਉਂ ਦਾ ਮੰਜਾ ਡੰਗਰਾਂ ਵਾਲੇ ਵਗਲ ਨੁਮਾ ਢਾਰੇ ਵਿਚ ਡਹਿ ਗਿਆ ਸੀ, ਕਿਉਂਕਿ ਬਿਸ਼ਨ ਸਿਉਂ ਅਪਣੇ ਨਾਰੇ ਬਲਦ ਨੂੰ ਸਮੇਂ ਸਿਰ ਖਾਧ ਖੁਰਾਕ, ਪੱਠੇ, ਪਾਣੀ ਵਗੈਰਾ ਪਿਆ ਦਿੰਦਾ ਸੀ! ਕਿੰਨਾ-ਕਿੰਨਾ ਸਮਾਂ ਬਾਪੂ ਬਿਸ਼ਨ ਸਿਉਂ ਅਪਣੇ ਹੱਥੀਂ ਪਾਲ਼ੇ ਨਾਰੇ ਬਲਦ ਦੀ ਮਾਂ ਦੇ ਦੁੱਧ, ਸੀਲਪੁਣੇ ਅਤੇ ਉਹਦੀ ਸੁਨੱਖੀ ਦੇਹ ਦੀਆਂ ਗੱਲਾਂ ਕਰਦਾ ਕਰਦਾ, ਅਪਣੇ ਜੀਵਨ ਦੇ ਪਹਿਲੇ ਸਮੇਂ ਵਿਚ ਗੁਆਚ ਜਾਂਦਾ! ਕਾਲ਼ਾ ਵਹਿਤਕਾ ਗੱਡੀਆਂ ਵਾਲਿਆਂ ਤੋਂ ਖਰੀਦ ਕੇ ਨਾਰੇ-ਕਾਲੇ ਬਲਦਾਂ ਦੀ ਵਧੀਆ ਜੋੜੀ ਬਣਾ ਲਈ ਸੀ! ਕਿਵੇਂ ਟਾਹਲੀ ਵਾਲੇ ਖੇਤ ਵਿਚ ਸਵੱਖਤੇ ਸਾਜਰੇ ਸਿੱਖ ਬੋਲਦੇ ਨਾਲ ਅੱਧ ਰਿੜਕ ਦਾ ਛੰਨਾ ਨਿਰਨੇ ਕਾਲਜੇ ਪੀ ਨਾਰੇ-ਕਾਲੇ ਦੀ ਜੋੜੀ ਨੂੰ

ਜਿਸਨੂੰ ਆਪਾਂ ਤਖ਼ਤ ਬਿਠਾਇਆ, ਉਹ ਬਣਿਆ ਮੱਕਾਰ।
ਸਾਡੇ ਖੋਪਰ ਲਾਹ ਕੇ ਹੱਸੀ, ਜ਼ਾਲਮ ਦੀ ਤਲਵਾਰ। -ਭੁਪਿੰਦਰ ਸੱਗੂ

ਹਲ ਨਾਲ ਜੋੜ ਖੇਤ ਪਹੁੰਚ ਜਾਂਦਾ! ਬ.ਲਦਾਂ ਦੇ ਗਲ ਛਣ-ਛਣ ਕਰਦੀਆਂ ਟੱਲੀਆਂ ਸਵੇਰ ਦੇ ਸੁਹਾਵਣੇ ਮੌਸਮ ਵਿਚ ਇਉਂ ਜਾਪਦੀਆਂ ਜਿਵੇਂ ਕੋਈ ਰਾਗ ਅਲਾਪ ਰਿਹਾ ਹੋਵੇ! ਬਿਸ਼ਨ ਸਿਉਂ ਹੱਥ ਵਿਚ ਪ੍ਰਾਣੀ ਜ਼ਰੂਰ ਰੱਖਦਾ ਸੀ, ਪਰ ਉਹਨੇ ਪ੍ਰਾਣੀ ਕਦੇ ਛੂਹਾ ਕੇ ਵੀ ਨਹੀਂ ਵੇਖੀ ਸੀ, ਕਿਉਂਕਿ ਬਿਸ਼ਨ ਸਿਉਂ ਬਲਦਾਂ ਦੀ ਜੋੜੀ ਨੂੰ ਅਪਣੇ ਪੁੱਤਰਾਂ ਵਾਂਗ ਹੀ ਲਾਡ-ਪਿਆਰ ਕਰਿਆ ਕਰਦਾ ਸੀ!

ਨਾਰਾ ਤੇ ਕਾ.ਲਾ ਹੁਣ ਬਜ਼ੁਰਗ਼ ਹੋ ਗਏ ਸਨ। ਕਾ.ਲਾ ਕੁਝ ਦਿਨ ਬਿਮਾਰ ਰਹਿਣ ਪਿੱਛੋਂ ਚਾਰ ਕੁ ਸਾਲ ਪਹਿਲਾਂ ਰੱਬ ਨੂੰ ਪਿਆਰਾ ਹੋ ਗਿਆ ਸੀ! ਕਾਲੇ ਦੇ ਚਲੇ ਜਾਣ ਦਾ ਬਾਪੂ ਬਿਸ਼ਨ ਸਿਉਂ ਨੂੰ ਵਧੇਰੇ ਦੁੱਖ ਸੀ ਕਿਉਂਕਿ ਹੁਣ ਉਸ ਪਾਸ ਇਕੱਲਾ ਨਾਰਾ ਬਲਦ ਰਹਿ ਗਿਆ ਸੀ!

ਅੱਜ ਸ਼ਾਮ ਨੂੰ ਬਾਪੂ ਨੂੰ ਜਦ ਰੋਟੀ ਦੇਣ ਆਇਆ ਬਾਪੂ ਬਿਸ਼ਨ ਸਿਉਂ ਦਾ ਇੰਸਪੈਕਟਰ ਪੁੱਤ ਨਾਲ ਹੀ ਉਸ ਦੀ ਪਤਨੀ ਵੀ ਸੀ! ਬਾਪੂ ਨੂੰ ਰੋਟੀ ਦੇ ਦੋਵੇਂ ਜੀਅ ਅਪਣੀਆਂ ਗੱਲਾਂ ਵਿਚ ਗੁਲਤਾਨ ਹੋ ਗਏ!

"...ਆਪਣਾ ਇਹ ਬਲਦ ਕਿੰਨਾ ਬੁਢਾ ਹੋ ਗਿਆ! ਨਾ ਤਾਂ ਇਹ ਹੁਣ ਚੱਜ ਨਾਲ ਰੱਜ ਕੇ ਦਾਣਾ-ਹਰਾ ਖਾਂਦੈ ਅਤੇ ਨਾ ਹੀ ਚੰਗੀ ਤਰਾਂ ਉਠ ਬੈਠ ਸਕਦੈ! ਕਿਉਂ ਨਾ ਇਹਦਾ ਆਪਾਂ ਕੱਟੇ ਖਰੀਦਣ ਵਾਲਿਆਂ ਨੂੰ ਰੱਸਾ ਫੜਾ ਦੇਈਏ? ਹੁਣ ਐਵੇਂ ਵਾਧੂ ਕਿੰਨਾ ਹਰਾ ਅਤੇ ਦਾਣਾ ਪਾਉਣਾ ਪੈਂਦੈ ਇਹ ਨੂੰ?" ਬਹੂ ਅਪਣੇ ਪਤੀ ਨਾਲ ਗੱਲ ਕਰ ਰਹੀ ਸੀ ਪਰ ਨਾਲ ਹੀ ਬਾਪੂ ਬਿਸ਼ਨ ਸਿਉਂ ਦੇ ਕੰਨ ਉਹਨਾਂ ਦੀ ਘੁਸਰ-ਮੁਸਰ ਸੁਣ ਰਹੇ ਸਨ! ਉਹ ਧੱਕੇ ਨਾਲ ਹੀ ਰੋਟੀ ਦੀ ਬੁਰਕੀ ਸੰਘ ਵਿਚੋਂ ਹੇਠਾਂ ਧੱਕ ਰਿਹਾ ਸੀ, ਉਹਦਾ ਮਨ ਰੋਟੀ ਖਾਣ ਲਈ ਉੱਕਾ ਨਹੀਂ ਕਰਦਾ ਸੀ!

"...ਕੱਲ੍ਹ ਨੂੰ ਸ਼ਾਇਦ ਕੱਟੇ ਖਰੀਦਣ ਵਾਲੇ ਆਉਣਗੇ, ਉਹਨਾਂ ਨੂੰ ਫੜਾ ਦਿਆਂਗੇ ਨਾਰੇ ਦਾ ਰੱਸਾ...!" ਇਕਲੌਤੇ ਪੁੱਤ ਦੀ ਜ਼ੁਬਾਨ 'ਚੋਂ ਜਦੋਂ ਬਾਪੂ ਬਿਸ਼ਨ ਸਿਉਂ ਨੇ ਇਹ ਬੋਲ ਸੁਣੇ ਤਾਂ ਬਿਸ਼ਨ ਸਿਉਂ ਦੇ ਅਗਲੀ ਬੁਰਕੀ ਸੰਘ ਵਿਚ ਫ਼ਸ ਗਈ ਤੇ ਰੋਟੀ ਖਾਣੀ ਛੱਡ ਵਧੇਰੇ ਭਾਵੁਕ ਹੋ ਗਿਆ!

ਬਹੂ ਥਾਲੀ ਵਿਚ ਬਚੀ ਰੋਟੀ ਤੱਕ ਬੋਲੀ, "ਬਾਪੂ ਜੀ! ਰੋਟੀ ਛੱਡ 'ਤੀ ਹੋਰ ਛੱਕ ਲੈਂਦੇ!" "ਬੱਸ ਭਾਈ ਹੋਰ ਭੁੱਖ ਨਹੀਂ...! ਜਿੰਨੀ ਕੁ ਲੋੜ੍ਹ ਸੀ ਖਾਹ 'ਲੀ!" ਕਹਿ ਬਾਪੂ ਬਿਸ਼ਨ ਸਿਉਂ ਕਿਸੇ ਡੂੰਘੀ ਖਾਮੋਸ਼ੀ ਵਿਚ ਉੱਤਰ ਗਿਆ! "...ਕੱਲ੍ਹ ਨੂੰ ਨਾਰੇ ਬਲਦ ਦਾ ਰੱਸਾ ਕੱਟੇ ਖਰੀਦਣ ਵਾਲਿਆਂ ਨੂੰ ਫੜਾ ਦਿਆਂਗੇ ...!" ਪੁੱਤ ਦੇ ਕਹੇ ਇਹ ਬੋਲ ਬਿਸ਼ਨ ਸਿਉਂ ਦੇ ਦਿਲ-ਦਿਮਾਗ 'ਤੇ ਹਥੌੜੇ ਵਾਂਗ ਵੱਜ ਰਹੇ ਸਨ !

ਇਕਲੌਤਾ ਪੁੱਤ ਤੇ ਬਹੂ ਰਾਣੀ ਰੋਟੀ ਵਾਲੇ ਬਰਤਨ ਚੁੱਕ ਅਪਣੀ ਮਹਿਲਨੁਮਾ ਕੋਠੀ ਵਿਚ ਆ ਵੜੇ!

ਬਾਪੂ ਬਿਸ਼ਨ ਸਿਉਂ ਅਪਣੇ ਪਹਿਲੇ ਜੀਵਨ ਦੇ ਅਤੀਤ ਵਿਚ ਗੁਆਚ ਗਿਆ! "...ਕਿਵੇਂ ਮੈਂ ਨਾਰੇ-ਕਾਲੇ ਬਲਦਾਂ ਦੀ ਜੋੜੀ ਨਾਲ ਭੱਜਿਆ-ਭੱਜਿਆ ਹਲ ਵਾਹੁੰਦਾ ਰਿਹਾ ਹਾਂ! ਖੇਤੀਬਾੜੀ ਦਾ ਸਾਰਾ ਕੰਮ ਇਹਨਾ ਦੇ ਸਿਰ 'ਤੇ ਹੀ ਕਰਦਾ ਰਿਹਾਂ! ਪੰਝੀ ਬਿੱਘੇ ਜ਼ਮੀਨ ਦਾ ਵੱਡਾ ਖੱਤਾ ਦੁਪਿਹਰ ਤੋਂ ਪਹਿਲਾਂ ਨਾਰੇ-ਕਾਲੇ ਦੀ ਜੋੜੀ ਨੇ ਵਾਹ ਛੱਡਣਾ! ਐਨੇ ਕੁ ਸਮੇਂ ਵਿਚ ਗੁਰਨਾਮ ਕੌਰ ਬਿਸ਼ਨ ਸਿਉਂ ਦੀ ਪਤਨੀ ਜਿਸ ਨੂੰ ਬਾਪੂ ਪਿਆਰ ਨਾਲ 'ਗਾਮੋ ' ਕਹਿ ਕੇ ਬੁਲਾਇਆ ਕਰਦਾ ਸੀ, ਉਸ ਨੇ ਰੋਟੀ ਲੈ ਕੇ ਖੇਤ ਪੁੱਜ ਜਾਣਾ! ਗਾਮੋ ਨੇ ਥੱਕੇ ਹਾਰੇ ਨਾਰੇ-ਕਾਲੇ ਦੀ ਜੋੜੀ ਨੂੰ ਪਾਣੀ ਵਿਚ ਦਾਣਾ ਮਿਲਾ ਪਾਣਾ ਬਣਾ ਕੇ ਪਿਲਾ ਦੇਣਾ! ਇਹ ਸਭ ਕੁਝ ਕੱਲ੍ਹ ਵਾਂਗ ਬਾਪੂ ਬਿਸ਼ਨ ਸਿਉਂ ਦੀਆਂ ਅੱਖਾਂ ਅੱਗੇ ਫ਼ਿ.ਲਮ ਦੀ ਝਾਕੀ ਵਾਂਗ ਘੁੰਮ ਗਿਆ! ਘਰ ਵਿਚ ਕੋਈ ਖੁਸ਼ੀ ਹੋਣੀ ਤਾਂ ਚਾਅ ਵਿਚ ਨਾਰੇ-ਕਾਲੇ ਦੀਆਂ ਅੱਖਾਂ ਵਿਚ ਖੁਸ਼ੀ ਝਲਕਦੀ ਬਾਪੂ ਬਿਸ਼ਨ ਸਿਉਂ ਨੇ ਕਿੰਨੇ ਵਾਰ ਵੇਖੀ ਸੀ! ਕਈ ਵਰ੍ਹੇ ਪਹਿਲਾਂ ਵਿਚਕਾਰਲੀ ਬੂਰੀ ਮੱਝ ਜਦ ਮਰੀ ਸੀ ਤਾਂ ਦੋਵੇਂ ਨਾਰੇ-ਕਾਲੇ ਹੁਰੀਂ ਸਿਰ ਸੁੱਟਕੇ ਵੇਖੀ ਜਾਣ ਅਤੇ ਦੋ ਦਿਨ ਕੁਝ ਨਹੀਂ ਸੀ ਖਾਧਾ! ਜਾਨਵਰ/ਪਸ਼ੂ ਵੀ ਖੁਸ਼ੀ-ਗ਼ਮੀ ਦੇ ਮਹੌਲ ਨੂੰ ਸਮਝਦੇ ਤੇ ਮਹਿਸੂਸ ਕਰਦੇ ਨੇ!

ਬਾਪੂ ਬਿਸ਼ਨ ਸਿਉਂ ਨੂੰ ਅਪਣੀ ਮਿਹਨਤ-ਮੁਸ਼ੱਕਤ ਨਾਲ ਗੁਜ਼ਾਰੀ ਜ਼ਿੰਦਗੀ, ਇਕਲੌਤੇ ਪੁੱਤ ਨੂੰ ਉੱਚ ਸਿੱਖਿਆ ਦੀ ਪੜ੍ਹਾਈ ਕਰਵਾ ਕੇ ਚੰਗੀ ਨੌਕਰੀ 'ਤੇ ਲੱਗਣ ਤੱਕ ਤੋਂ ਵਿਆਹੁਣ ਤੱਕ ਦੇ ਸਾਰੇ ਪੜਾਅ ਰਹਿ-ਰਹਿ ਕੇ ਯਾਦ ਆ ਰਹੇ ਸਨ ਤੇ ਗਾਮੋ ਪਤਨੀ ਵੀ!

ਬਾਪੂ ਬਿਸ਼ਨ ਸਿਉਂ ਨੂੰ ਅੱਜ ਸਾਰੀ ਰਾਤ ਨੀਂਦ ਨਾ ਆਈ! "...ਮੈਂ ਅਪਣੇ ਦੁੱਖ-ਸੁੱਖ ਦੇ ਸਾਂਝੀ ਪੁੱਤ ਨਾਰੇ ਬਲਦ ਨੂੰ ਵਿਛੜਦਾ ਕਿਵੇਂ ਸਹਿਣ ਕਰਾਂਗਾ...? ਮੈਥੋਂ ਅਪਣੇ ਨਾਰੇ ਬਲਦ ਦੀ ਜੁਦਾਈ ਸਹਿ ਨਹੀਂ ਹੋਣੀ!" ਏਸੇ ਸੋਚ ਵਿਚ ਬਾਪੂ ਬਿਸ਼ਨ ਸਿਉਂ ਦੇ ਨਾਰੇ ਬਲਦ ਵੱਲ ਵੇਖ਼ ਆਪ ਮੁਹਾਰੇ ਹੰਝੂ ਵਹਿ ਤੁਰੇ!

ਅੱਜ ਮੇਰਾ ਇਹ ਨਾਰਾ ਬਲਦ ਜੀਹਦੇ ਸਹਾਰੇ ਮੈਂ ਅਪਣੀ ਸਾਰੀ ਖੇਤੀਬਾੜੀ ਦਾ ਕੰਮ ਕਰਿਆ ਕਰਦਾ ਸੀ! ਉਹ ਬੁੱਢਾ ਹੋ ਗਿਆ! ਦੋ ਟੋਕਰੇ ਹਰਾ-ਚਾਰਾ ਤੇ ਸੇਰ ਪੱਕਾ ਦਾਣਾ ਪਾਉਣਾ ਇਹਨਾਂ ਲਈ ਭਾਰਾ ਹੋ ਗਿਆ ਹੈ? ਬੁੱਢਾ ਤਾਂ ਮੈਂ ਵੀ ਹੋ ਗਿਆ ਹਾਂ! ਮੈਥੋਂ ਵੀ ਹੁਣ ਕੋਈ ਕੰਮ ਨਹੀ ਹੁੰਦਾ, ਮੈਂ ਵੀ ਇਹਨਾਂ ਲਈ ਬੋਝ ਬਣ ਗਿਆ ਹਾਂ!" ਏਸ ਮਾਰੂ ਉਧੇੜ-ਬੁਣ ਵਿਚ ਅੱਧੀ ਤੋਂ ਵੱਧ ਰਾਤ ਬੀਤ ਗਈ! "...ਮੈਂ ਅਪਣੇ ਹੱਥੀਂ ਪਾ.ਲੇ ਨਾਰੇ ਬਲਦ ਦਾ ਰੱਸਾ ਕਿਵੇਂ ਕੱਟੇ ਖਰੀਦਣ ਵਾਲਿਆਂ ਨੂੰ ਫੜਾਊਂ...? ਮੈਥੋਂ ਨਾਰੇ ਦਾ ਵਿਛੋੜਾ ਝੱਲ ਨਹੀਂ ਹੋਣਾ! ਕਿਉਂ ਨਾ ਮੈਂ ਹੀ ਨਾਰੇ ਦੇ ਵਿਛੜਣ ਤੋਂ ਪਹਿਲਾਂ ਖ਼ੁਦ ਹੀ ਦੂਰ ਚਲਿਆ ਜਾਵਾਂ...? ਅਸੀਂ ਹੁਣ ਇਹਨਾਂ ਲਈ ਦੋਵੇਂ ਜੀਅ ਬੋਝ ਬਣਕੇ ਰਹਿ ਗਏ ਆਂ!"

ਬਾਪੂ ਬਿਸ਼ਨ ਸਿਉਂ ਹੌਸਲਾ ਜਿਹਾ ਕਰਕੇ ਉਠਿਆ ਤੇ ਨਾਰੇ ਬਲਦ ਦੀ ਪਿੱਠ 'ਤੇ ਹੱਥ ਫੇਰਦਾ ਹੋਇਆ ਉਸ ਦੇ ਮੂੰਹ ਪਾਸ ਆ ਗਲ ਲੱਗਦਿਆਂ ਹੀ ਭੁੱਬ ਨਿਕਲ ਗਈ, "ਨਾਰਿਆ ਪੁੱਤਾ! ਮੈਨੂੰ ਮਾਫ਼ ਕਰੀਂ! ਮੈਂ ਬੇਵੱਸ ਆਂ! ਮੈਂ ਬੇਵੱਸ ਤਾਂ ਉਸ ਦਿਨ ਹੀ ਹੋ ਗਿਆ ਸੀ ਜਦ ਏਸ ਇਕਲੌਤੇ ਪੁੱਤ ਨੇ ਇਹ ਕਹਿ ਕੇ ਮੇਰੀ ਮੱਤ ਮਾਰ ਦਿੱਤੀ ਸੀ, "ਸਾਹਾਂ-ਗਰਾਸਾਂ ਦਾ ਕੀ ਪਤੈ ਬਾਪੂ, ਕਦੋਂ ਤੇਰੀ ਹਵਾ 'ਜੀ ਨਿਕਲ 'ਜੇ!" ਤਹਿਸੀਲ ਲਿਜਾ ਕੇ ਸਾਰੀ ਜ਼ਮੀਨ ਅਤੇ ਹੋਰ ਜ਼ਾਇਦਾਤ ਦੀ ਵਸੀਅਤ 'ਤੇ ਅੰਗੂਠਾ ਲਵਾ ਲਿਆ ਸੀ! ਆਪਾਂ ਦੋਵੇਂ ਹੁਣ ਇਹਨਾਂ ਲਈ ਵਾਧੂ ਜਿਹਾ ਬੇਲੋੜਾ ਬੋਝ ਬਣ ਕੇ ਰਹਿ ਗਏ ਆਂ! ਮੈਥੋਂ ਤੇਰਾ ਵਿਛੋੜਾ ਜਿਉਂਦੇ ਜੀਅ ਸਹਿ ਨਹੀਂ ਹੋਣਾ...!" ਕਹਿੰਦਾ ਬਾਪੂ ਨਾਰੇ ਦੇ ਗਲ ਨੂੰ ਚਿੰਬੜ ਗਿਆ! ...ਨਾਰਾ ਵੀ ਅਪਣੀ ਪਸ਼ੂ ਸੋਚਣੀ ਅਨੁਸਾਰ ਸਮਝ ਗਿਆ ਸੀ। ਉਹ ਵੀ ਮੂੰਹ ਲਟਕਾ ਕੇ ਡੌਰ-ਭੌਰ ਵੇਖੀ ਜਾ ਰਿਹਾ ਸੀ!

ਬਾਪੂ ਬਿਸ਼ਨ ਸਿਉਂ ਨਾਰੇ ਬਲਦ ਦੀ ਪਿੱਠ 'ਤੇ ਹੱਥ ਫੇਰ

ਕਲਮਾਂ ਹੋਈਆਂ ਗੂੰਗੀਆਂ, ਗ਼ਮ ਵਿਚ ਚਿੱਤਰਕਾਰ।
ਜ਼ੁਲਮ ਬਿਨਾ ਹੱਦ ਬੰਨਿਓਂ, ਕਰੇ ਸਾਡੇ 'ਤੇ ਵਾਰ। -ਮਹਿੰਦਰ ਦਿਲਬਰ

ਬਗਲੇ ਤੋਂ ਬਾਹਰ ਹੋ ਗਿਆ!

ਰੋਜ਼ ਵਾਂਗ ਸਵੇਰੇ ਇਕਲੌਤਾ ਪੁੱਤ ਬਾਪੂ ਬਿਸ਼ਨ ਸਿਉਂ ਦੀ ਚਾਹ ਲੈ ਕੇ ਆਇਆ, ਦੇਖਿਆ- ਬਾਪੂ ਦੀ ਮੰਜੀ ਸੱਖਣੀ ਸੀ।

ਕਹਾਣੀ

# ਕੈਰੀਅਰ

ਰਛਪਾਲ ਸਿੰਘ
ਚਕਰ



ਡੇਰਾ ਸੰਗਤੀਆਣਾ ਸਾਹਿਬ, ਚਾਰ ਪਿੰਡਾਂ ਦੀ ਹੱਦ ’ਤੇ ਇਕਾਂਤ ਜਗ੍ਹਾ ’ਤੇ ਸਥਾਪਤ ਹੈ। ਨਾਲ ਦੀ ਨਹਿਰ ਲੰਘਦੀ ਹੈ। ਨਹਿਰ ਅਤੇ ਡੇਰੇ ਦੇ ਵਿਚਾਲੇ ਪਿੰਡਾਂ ਦੀਆਂ ਹੱਦਾਂ ਦੀ ਖਾਲੀ ਜ਼ਮੀਨ ਵਿੱਚ ਕਾਫ਼ੀ ਵੱਡਾ ਜੰਗਲ ਹੈ। ਬਹੁਤ ਵੱਡੀ ਸੁੰਦਰ ਇਮਾਰਤ ਵਾਲੇ ਡੇਰੇ ਦੀਆਂ ਪੌੜੀਆਂ ਦੇ ਇਕ ਪਾਸੇ ਧੂੜ-ਗਰਦ ਨਾਲ ਲਿੱਬੜਿਆ 72 ਸਾਲ ਦੀ ਉਮਰ ਦੇ ਕਰੀਬ, ਸਿਰ ’ਤੇ ਗੋਲ ਦੁਮਾਲਾ, ਗ਼ਲ ਦੇ ਪਰਨੇ ਨਾਲ ਮੌਸਕ ਵਾਂਗ ਮੂੰਹ ਲਪੇਟਿਆ ਹੋਇਆ, ਸੁੱਖਾ ਉਰਫ਼ ਸੁਖਜੀਤ ਸਿੰਘ ਸੋਢੀ ਉਦਾਸ ਜਿਹਾ ਗੋਡਿਆਂ ਵਿੱਚ ਸਿਰ ਲਈ ਬੈਠਾ ਹੈ। ਪੈਰਾਂ ਵਿੱਚ ਟੁੱਟੀਆਂ ਚੱਪਲਾਂ, ਗਾਤਰੇ ਕਿਰਪਾਨ ਵੀ ਪਾਈ ਹੈ, ਕੋਲ ਹੀ ਤੂਤ ਦੀ ਛਿਟੀ ਪਈ ਹੈ। ਕੁਝ ਸ਼ਰਧਾਲੂ ਸੇਵਾ ਕਰ ਰਹੇ ਹਨ, 90 ਕੁ ਸਾਲ ਦਾ ਡੇਰਾ ਮੁਖੀ ਪੂਰੀ ਸੱਜ-ਧੱਜ ਨਾਲ ਜਾਂਦਾ ਹੋਇਆ, ਨਿਸ਼ਾਨ ਸਾਹਿਬ ਵੱਲ ਨੂੰ ਹੱਥ ਜੋੜਦਾ ਹੋਇਆ, ਆਪਣੇ ਗੰਨਮੈਨ ਨੂੰ ਤਨਜ਼ ਭਰੇ ਲਹਿਜੇ ਵਿੱਚ ਕਹਿੰਦਾ ਲੰਘ ਜਾਂਦਾ ਹੈ, “ਜੁਆਨਾਂ, ਇਹ ਸੋਢੀ ਸਰਦਾਰਾਂ ਦਾ ਪਾਠੀ, ਖਿਡਾਰੀ-ਲਿਖਾਰੀ, ਅੱਜ ਭਿਖ਼ਾਰੀ ਬਣਿਆ ਬੈਠਾ ਹੈ। ਕੋਈ ਚੱਕਰ ਈ ਹੋਣਾ, 30 ਸਾਲ ਪਹਿਲਾਂ ਵੀ ਇਸਨੂੰ ’84 ਦਾ ਗੇੜ ਪਿਆ ਸੀ, ਹੁਣ ਸੁਣਿਆ ਕਿਸਾਨ ਅੰਦੋਲਨ ਵਿੱਚ ਤਿਹਾੜ ਜੇਲ੍ਹ ਦੇਖ ਆਇਆ।”

ਵਧੀਆ ਪਾਠੀ, ਕਈ ਸਕੂਲਾਂ ਵਿੱਚ ਇਤਿਹਾਸ-ਗੁਰਮੁਖੀ ਦੀ ਪੜ੍ਹਾਈ ਕਰਵਾਉਂਦਾ ਅਤੇ ਸਾਰੀਆਂ ਖੇਡਾਂ ਦਾ ਅਭਿਆਸ ਕਰਵਾ ਕੇ ਚਾਰ-ਪੰਜ ਹਜ਼ਾਰ ਮਹੀਨੇ ਦੇ ਕਮਾ ਕੇ ਔਖੇ-ਸੌਖੇ ਜ਼ਿੰਦਗੀ ਲੰਘਾ ਰਿਹਾ ਸੀ। ਸੁੱਖਾ ਸੋਢੀ ਆਪਣੇ ਦੋ ਪੁੱਤਰਾਂ ਅਤੇ ਤਿੰਨ ਧੀਆਂ ਦੇ ਵਿਆਹ ਸ਼ਾਦੀਆਂ ਕਰਕੇ, ਪੋਤੇ-ਪੋਤੀਆਂ ਖਿਡਾਉਂਦਾ, ਅਜੇ ਰੋਟੀ ਜੋਗਾ ਖ਼ਰਚਾ ਘਰੇ ਦਿੰਦਾ ਸੀ। ਬੇਸ਼ੱਕ ਉਸ ਦੀ ਛੇ ਕਿੱਲੇ ਜ਼ਮੀਨ ’84 ਦੇ ਚੱਕਰ ਵਿਚ ਵਿਕ ਗਈ ਸੀ। ਬਸ ਹੁਣ ਘਰਵਾਲਾ ਥਾਂ ਸੀ, ਜੋ ਉਸ ਦੇ ਬਾਹਰਲੇ ਪਰਵਾਸੀ ਸਕੇ-ਸਬੰਧੀਆਂ ਨਾਲ ਸਾਂਝਾ ਸੀ, ਜਿਸ ਵਿੱਚ ਸਿਰਫ਼ ਉਸ ਨੂੰ ਰਹਿਣ ਦੀ ਹੀ ਇਜਾਜ਼ਤ ਸੀ। ਸਮਾਜ-ਸੁਧਾਰ ਅਤੇ ਪਿੰਡ ਦੇ ਸਾਂਝੇ ਕੰਮਾਂ ਵਿੱਚ ਉਹ ਵੱਧ ਚੜ੍ਹ ਕੇ ਹਿੱਸਾ ਲੈਂਦਾ। ਹੱਥੀਂ ਕੰਮ ਕਰਨ ਦਾ ਤਾਂ ਜਿਵੇਂ ਉਸ ਨੂੰ ਨਸ਼ਾ ਹੀ ਸੀ। ਪਰ ਅੱਜ ਸਮੇਂ ਨੇ ਉਸ ਨੂੰ ਅਜਿਹੇ ਮੋੜ ਉੱਤੇ ਲਿਆ ਕੇ ਖੜ੍ਹਾ ਕਰ ਦਿੱਤਾ ਸੀ ਜਿੱਥੇ ਉਹ ਡੇਰਾ ਮੁਖੀ ਦੇ ਸਵਾਲ ਦਾ ਜਵਾਬ ਤਾਂ ਕੀ ਦੇ ਸਕਦਾ ਸੀ, ਉਸ ਨੂੰ ਆਪਣੇ ਮਨ ਬੁੱਧੀ ਵੱਲੋਂ ਆਪਣੇ ਹੀ ਸਵਾਲਾਂ ਦਾ ਜਵਾਬ ਦੇਣ ਵੱਲੋਂ ਇਨਕਾਰ ਹੋ ਚੁੱਕਾ ਸੀ।...

ਡੇਰੇ ਦੀ ਪਹਿਲੀ ਪੌੜੀ ਤੇ ਬੈਠਾ, ਅੱਜ ਉਹ ਆਪਣੇ ਸਵਾਲਾਂ ਦੀ ਘੁੰਮਣਘੇਰੀ ਵਿੱਚ ਗੋਤੇ ਖਾਂਦਾ ਅਤੀਤ ਵਿਚ ਚਲਾ ਗਿਆ। ’84 ਦੇ ਸਿੱਖ ਕਤਲੇਆਮ, ਜਿਸ ਨੇ ਸਮੁੱਚੀ ਇਨਸਾਨੀਅਤ ਦੀ ਰੂਹ ਝੰਜੋੜ ਕੇ ਰੱਖ ਦਿੱਤੀ ਸੀ, ਇਸੇ ਕਰਕੇ ਹੀ ਪਿੰਡਾਂ ਦੇ ਲੋਕਾਂ ਨੇ ਆਪੋ-ਆਪਣੇ ਤਰੀਕੇ ਨਾਲ ਰੋਸ ਪ੍ਰਗਟ ਕੀਤੇ। ਇਨ੍ਹਾਂ ਰੋਸ ਧਰਨਿਆਂ ਸਮਾਗਮਾਂ ਵਿਚ ਸੋਢੀ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜਿਸ ਦੀ ਵਜ੍ਹਾ ਕਰਕੇ ਹੋਰ 8 ਮੁੰਡਿਆਂ ਸਮੇਤ ਪੁਲੀਸ ਨੇ ਸੋਢੀ ਨੂੰ ‘ਟਾਡਾ’ ਦੀ ਧਾਰਾ ਅਧੀਨ ਕਈ ਕੇਸ ਪਾ ਕੇ, ਉਹਨਾਂ ਨੂੰ ਜੇਲ੍ਹ ਭੇਜ ਦਿੱਤਾ। ਇਸ ਐਕਟ ਅਧੀਨ ਬੇਸ਼ੱਕ ਜੱਜ ਇੰਨੀਆਂ ਲੰਬੀਆਂ ਸਜ਼ਾਵਾਂ ਕਰ ਸਕਦੇ ਹਨ ਕਿ ਸਾਰੀ ਉਮਰ ਜੇਲ੍ਹ ਵਿੱਚ ਵੀ ਕੱਟਣੀ ਪੈ ਸਕਦੀ ਸੀ। ਜਿਵੇਂ ਕਿ ਬਾਹਰਲੀਆਂ ਸਟੇਟਾਂ ਵਿੱਚ ਲੰਮੀਆਂ ਸਜ਼ਾਵਾਂ ਕਈ ਨੌਜਵਾਨ ਕੱਟ ਰਹੇ ਹਨ। ਪਰ ਸੁੱਖੇ ਸੋਢੀ ਦੇ ਪੰਜਾਬ ਦੀਆਂ ਅਦਾਲਤਾਂ ਦੇ ਹੀ ਕੇਸ ਸਨ ਅਤੇ ਉਸਦਾ ਤਿੰਨ ਸਾਲ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਕੇਸ ਬਰੀ ਹੋਣ ਨਾਲ ਖਹਿੜਾ ਛੁੱਟ ਗਿਆ। ਘਰ ਆਉਣ ਤੋਂ ਕਈ ਸਾਲ ਬਾਅਦ ਤੱਕ ਵੀ ਉਸਦਾ ਪੁਲਸ ਅਤੇ ਖਾੜਕੂ ਦੋਨਾਂ ਹੀ ਧਿਰਾਂ ਨੇ ਖਹਿੜਾ ਨਾ ਛੱਡਿਆ। ਫਿਰ ਵੀ ਉਹ ਆਪਣੀ ਸੂਝ ਨਾਲ ਇਨ੍ਹਾਂ ਦੋਨਾਂ ਧਿਰਾਂ ਤੋਂ ਬਚਦਾ ਹੀ ਨੀ ਰਿਹਾ, ਸਗੋਂ ਜਿਸ ਡੇਰੇ ਵਿੱਚ ਅੱਜ ਉਹ ਬੈਠਾ ਸੀ ਇਸ ਡੇਰੇ ਦੇ ਮੁਖੀ ਨੂੰ ਵੀ ਉਸਨੇ ਕਈ ਖਾੜਕੂ ਗਰੁੱਪਾਂ ਤੋਂ ਬਚਾਇਆ ਸੀ। ਕਿਉਂਕਿ ਇਸ ਡੇਰੇ ਵਿੱਚ ਪਹਿਲਾਂ ਨਿਸ਼ਾਨ ਸਾਹਿਬ ਨਹੀਂ ਹੁੰਦੇ ਸੀਲ ਸੁੱਖੇ ਨੇ ਹੀ ਵਿੱਚ ਪੈ ਕੇ ਖਾੜਕੂ ਗਰੁੱਪਾਂ ਨਾਲ ਡੇਰਾ ਮੁਖੀ ਦਾ ਸਮਝੌਤਾ ਕਰਵਾ ਕੇ ਨਿਸ਼ਾਨ ਸਾਹਿਬ ਸੁਸ਼ੋਭਿਤ ਕਰ ਕੇ ਮੁੰਡਿਆਂ ਨਾਲ ਡੇਰਾ ਮੁਖੀ ਦੀ ਨੇੜਤਾ ਕਰਵਾ ਦਿੱਤਾ ਸੀ। ਉਸਦੇ ਨਾਲ ਦੇ ਦੋ-ਤਿੰਨ ਮੁੰਡੇ ਪੁਲੀਸ ਨੇ ਝੂਠੇ ਮੁਕਾਬਲਿਆਂ ਵਿੱਚ ਮਾਰ ਦਿੱਤੇ। ਤਿੰਨ ਸੁੱਖੇ ਦੇ ਯਾਰ ਝੂਠੇ ਕੇਸਾਂ ਦੇ ਵੇਰਵੇ ਅਮਰੀਕਾ ਦੀਆਂ ਅਦਾਲਤਾਂ ਵਿਚ ਦੇ ਕੇ ਉੱਥੇ ਹੀ ਸੈੱਟ ਹੋ ਗਏ ਸਨ। ਸੁੱਖੇ ਸਮੇਤ ਚਾਰ ਹੋਰ ਸਨ ਜੋ ਪਿੰਡ ਵਿੱਚ ਔਖ-ਸੌਖ ਨਾਲ ਆਪਣੀ ਜ਼ਿੰਦਗੀ ਲੰਘਾ ਰਹੇ ਸਨ। ਸੁੱਖੇ ਦੀ ਕਬੀਲਦਾਰੀ ਥੋੜ੍ਹੀ ਬਹੁਤ ਲੀਹ ’ਤੇ ਚੱਲ ਰਹੀ ਸੀ ਕਿਉਂਕਿ ਉਸ ਦਾ ਵੱਡਾ ਬੇਟਾ ਅਤੇ ਨੂੰਹ ਸੇਕਰਡ ਹਾਰਟ ਸਕੂਲ ਵਿਚ ਪੜ੍ਹਾਉਂਦੇ ਸਨ। ਛੋਟੀ ਨੂੰਹ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਸੀ, ਬੇਟਾ ਮੋਗੇ ਦੇ ਕਿਸੇ ਪ੍ਰਾਈਵੇਟ ਕਾਲਜ ਵਿੱਚ ਲੈਕਚਰਾਰ ਸੀ। ਉਨ੍ਹਾਂ ਦੇ ਬੱਚੇ ਆਈਲੈਟਸ ਤੋਂ ਲੈ ਕੇ ਹੋਰ ਕਈ ਆਈ.ਏ.ਐਸ. ਵਰਗੇ ਵੱਡੇ ਇਮਤਿਹਾਨਾਂ ਦੀਆਂ ਤਿਆਰੀਆਂ ਕਰ ਰਹੇ ਸਨ। ਇਕ ਦਿਨ ਅਚਾਨਕ ਹੀ ਇਕ ਨਵੀਂ ਬਿਜ਼ ਆਣ ਪਈ।... ਥਾਣੇਦਾਰ ਤੇ ਹੌਲਦਾਰ ਘਰ ਆਏ ਅਤੇ ਕਹਿਣ ਲੱਗੇ, “ਕੋਈ ਖ਼ਾਸ ਗੱਲ ਨਹੀਂ। ਉਪਰੋਂ ਪੁਰਾਣੇ ਬੰਦਿਆਂ ਬਾਰੇ ਚਿੱਠੀ-ਪੱਤਰ ਆਉਂਦਾ ਰਹਿੰਦਾ ਹੈ। ਥੋੜ੍ਹਾ ਜਿਹਾ ਲਿਖ-ਲੁਖ ਕੇ ਭੇਜਣਾ ਹੁੰਦਾ ਕਿ ਕੋਈ ਪੰਚਾਇਤ ਮੈਂਬਰ, ਨੰਬਰਦਾਰ ਜਾਂ ਸਰਪੰਚ ਦੀ ਮੋਹਰ, ਦਸਤਖ਼ਤ ਕਰਵਾ ਕੇ

ਅਣਖਾਂ ਅਸਾਡੀਆਂ ਨੂੰ, ਪੈਰ ਹੈ ਵੰਗਾਰਿਆ,
ਗੰਧ ਤੇ ਬਾਰੂਦੀ, ਧੂਆਂ ਧੂਆਂ ਅਸਮਾਨ ਹੈ। -ਸਵਰਨ ਕਵਿਤਾ

ਕੰਮ ਖ਼ਤਮ। ਉਸ ਤੋਂ ਬਾਅਦ ਤੁਸੀਂ ਮੌਜਾਂ ਮਾਣੋ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੀਆਂ ਚਿੱਠੀਆਂ ਪਈਆਂ ਸਨ। ਛੱਬੀ ਜਨਵਰੀ ਲਾਲ ਕਿਲੇ ਦੇ ਕਿਸਾਨ ਅੰਦੋਲਨ ਵਾਲੇ ਮਸਲੇ ਨੇ ਨਵੇਂ ਨਾਮ ਜੋੜ ਦਿੱਤੇ ਹਨ।"...

ਸੁੱਖੇ ਲਈ ਕੋਈ ਅਲੋਕਾਰੀ ਗੱਲ ਤਾਂ ਨਹੀਂ ਸੀ ਪਰ ਪਹਿਲਾਂ ਕਈ ਵਾਰ ਜਬਾਨੀ ਹੀ ਪੁਲਸ ਜਾਂ ਸੀ.ਆਈ.ਡੀ. ਵਾਲੇ ਪੰਚਾਇਤ ਜਾਂ ਮੋਹਤਬਰ ਬੰਦਿਆਂ ਤੋਂ ਪੁੱਛ ਕੇ ਮੁੜ ਜਾਂਦੇ ਸਨ, 'ਬੰਦਾ ਠੀਕ ਠਾਕ ਹੈ? ਪਿੰਡ ਹੀ ਰਹਿੰਦਾ ਹੈ?' ਪਰ ਅੱਜ ਕਾਫ਼ੀ ਸਮਾਂ ਲਿਖਤ-ਪੜ੍ਹਤ ਕਰਦੇ ਕਰਦੇ, ਮੁਲਾਜ਼ਮ ਨੇ ਬੱਚਿਆਂ, ਪੋਤੇ-ਪੋਤੀਆਂ, ਕੁੜੀ-ਜੁਆਈਆਂ ਅਤੇ ਦੋਹਤੇ-ਦੋਹਤੀਆਂ ਦੇ ਨਾਂ, ਐਡਰੈੱਸ ਵਿਸਥਾਰ ਵਿੱਚ ਪੁੱਛੇ ਅਤੇ ਲਿਖੇ। ਇਸੇ ਦੌਰਾਨ ਪ੍ਰਿੰਸੀਪਲ ਨੂੰਹ ਜੋ ਚਾਹ ਦੇਣ ਆਈ ਸੀ, ਉਹ ਧਿਆਨ ਨਾਲ ਸੁਣਦੀ ਰਹੀ। ਉਸ ਨੇ ਮੁਲਾਜ਼ਮ ਨੂੰ ਕਿਹਾ, "ਵੀਰ ਜੀ, ਸਾਡੇ ਬੱਚਿਆਂ ਨੂੰ ਪੁਲੀਸ ਰਿਕਾਰਡ ਵਿੱਚ ਕਿਉਂ ਘਸੀਟਦੇ ਹੋ?" ਪੁਲਸ ਮੁਲਾਜ਼ਮ ਨੇ ਅਊਂ-ਗਊਂ ਜਿਹਾ ਕਰ ਦਿੱਤਾ ਅਤੇ ਕਿਹਾ, "ਕਿਸਾਨ ਅੰਦੋਲਨ ਨੇ ਕਈ ਨਾਂ ਅੱਤਵਾਦ, ਨਕਸਲਵਾਦ, ਦਸ ਨੰਬਰੀ ਅਤੇ ਗੈਂਗਸਟਰ ਦੇ ਖਾਤੇ ਪਾ ਦਿੱਤੇ ਹਨ। ਬਾਕੀ ਕੋਈ ਖ਼ਾਸ ਗੱਲ ਨਹੀਂ।" ਇਹ ਕਹਿ ਕੇ ਉਹ ਚਲੇ ਗਏ।...

ਅੱਜ ਸ਼ਿਵਰਾਤਰੀ ਦੀ ਛੁੱਟੀ ਹੋਣ ਕਾਰਨ ਨੌਕਰੀਆਂ ਵਾਲੇ ਬੇਟੇ-ਨੂੰਹਾਂ ਘਰ ਵਿੱਚ ਹੀ ਸਨ। ਤਾਜ਼ੇ ਹਾਲਾਤਾਂ 'ਤੇ ਵਿਚਾਰ-ਵਟਾਂਦਰਾ ਕਰ ਰਹੇ ਸਨ। "ਇਹ ਤਾਂ ਨਵੇਂ ਸਿਰੇ ਤੋਂ ਕੈਂਸਰ ਸ਼ੁਰੂ ਹੋ ਗਿਆ। ਸਾਡੇ ਤਾਂ ਬੱਚਿਆਂ ਦੇ ਕੈਰੀਅਰ ਦਾ ਸਵਾਲ ਹੈ। ਇਸ ਬੁੜ੍ਹੇ ਕਾਰਨ ਬੱਚਿਆਂ ਦਾ ਭਵਿੱਖ ਥੋੜ੍ਹਾ ਖ਼ਰਾਬ ਕਰਨਾ। ਮੰਮੀ ਦੀ ਮੌਤ ਤੋਂ ਪੰਜ ਸਾਲ ਬਾਅਦ ਵੀ ਰੋਟੀ ਪਾਣੀ ਅਤੇ ਕਿਸੇ ਗੱਲੋਂ ਵੀ ਉਲਾਂਭੇ ਵਾਲੀ ਗੱਲ ਨਹੀਂ ਕੀਤੀ, ਪਰ ਆਹ ਬੱਚਿਆਂ ਦਾ ਵੀ ਪੁਲੀਸ ਰਿਕਾਰਡ ਵਿੱਚ ਨਾਮ ਆਵੇ ਇਹ ਸਾਥੋਂ ਬਰਦਾਸ਼ਤ ਨਹੀਂ ਹੋਣਾ।" ਸਰਕਾਰੀ ਨੌਕਰੀ ਵਾਲੀ ਨੂੰਹ ਨੇ ਇਹ ਸ਼ਬਦ ਕਾਫੀ ਗੁੱਸੇ ਵਿੱਚ ਬੋਲੇ ਜਿਸ ਵਿੱਚ ਉਸ ਦੀ ਤਨਖ਼ਾਹ ਵੀ ਬੋਲ ਰਹੀ ਸੀ।

"ਆਖ਼ਿਰ ਬਾਪੂ ਜੀ ਨੇ ਪੰਜਾਬ ਦੇ ਵੱਡੇ ਸੰਘਰਸ਼ਾਂ ਵਿਚ ਨਕਸਲਬਾੜੀ ਸ਼ਹੀਦਾਂ ਤੋਂ ਲੈ ਕੇ ਕਿਸਾਨ ਅੰਦੋਲਨ ਤਕ ਭਾਰੀ ਕੁਰਬਾਨੀਆਂ ਕੀਤੀਆਂ ਹਨ। ਮੋਗੇ ਯੂਨੀਅਨ ਦੇ ਪ੍ਰਧਾਨ ਕਰਕੇ ਨਹੀਂ, ਸਗੋਂ ਮੈਨੂੰ ਬਾਪੂ ਜੀ ਦੀਆਂ ਕੁਰਬਾਨੀਆਂ ਕਰਕੇ ਮਾਣ-ਸਤਿਕਾਰ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਸੰਘਰਸ਼ਾਂ ਵਾਲਿਆਂ ਦੀ ਪੁੱਛਗਿੱਛ ਤਾਂ ਹੁੰਦੀ ਹੀ ਰਹਿੰਦੀ ਹੈ, ਆਪਣੇ ਤੇ ਆਪਣੀਆਂ ਲਹਿਰਾਂ ਵਾਲੇ ਬੇਸ਼ੱਕ ਨਾ ਪੁੱਛਣ, ਪੁਲੀਸ, ਸੀ.ਆਈ.ਡੀ. ਕੇਂਦਰੀ ਏਜੰਸੀਆਂ ਥੋੜ੍ਹੀ-ਬਹੁਤ ਪੁੱਛਗਿੱਛ ਤਾਂ ਕਰਦੀਆਂ ਹੀ ਰਹਿੰਦੀਆਂ ਹਨ। ਆਪਾਂ ਸ਼ਾਂਤੀ ਨਾਲ ਬੈਠ ਕੇ ਵਿਚਾਰ ਲੈਂਦੇ ਹਾਂ।" ਪ੍ਰਾਈਵੇਟ ਕਾਲਜ ਦੀ ਆਰਜ਼ੀ ਨੌਕਰੀ ਵਾਲੇ ਪ੍ਰੋਫ਼ੈਸਰ ਬੇਟੇ ਨੇ ਇਨਕਲਾਬੀ ਸੋਚ ਨਾਲ ਗੱਲ ਕੀਤੀ। ਇਹ ਪ੍ਰੋਫ਼ੈਸਰ ਕਾਲਜ-ਟੀਚਰ ਯੂਨੀਅਨ ਦਾ ਪ੍ਰਧਾਨ ਵੀ ਸੀ। ਹੋਰ ਵੀ ਕਈ ਇਨਕਲਾਬੀ ਜਥੇਬੰਦੀਆਂ ਨਾਲ ਸਬੰਧਤ ਸੀ। ਵਿਚਾਰਾਂ ਹੁੰਦੀਆਂ ਰਹੀਆਂ।

ਸੋਢੀ ਨੂੰ ਵੀ ਇਹ ਸਾਰਾ ਕੁਝ ਸੁਣ-ਸੁਣ ਕੇ ਧੁੜ-ਧੁੜੀਆਂ ਚਲੀਆਂ ਆ ਰਹੀਆਂ ਸਨ। ਉਹ ਸੋਚ ਰਿਹਾ ਸੀ ਕਿ ਉਸ ਨੇ ਆਪਣਾ ਕੈਰੀਅਰ ਬਰਬਾਦ ਕਰਕੇ, ਕਿਹੜੇ ਪੰਜਾਬੀਆਂ ਅਤੇ ਪਰਿਵਾਰਾਂ ਦੇ ਕੈਰੀਅਰ ਬਣਾਉਣ ਲਈ ਇੰਨੀਆਂ ਕੁਰਬਾਨੀਆਂ ਕੀਤੀਆਂ ਸਨ।

ਸਰਕਾਰੀ ਨੌਕਰੀ ਵਾਲੀ ਨੂੰਹ ਨੇ ਸਾਰਿਆਂ ਦੇ ਵਿਚਾਰਾਂ ਨੂੰ ਸੰਖੇਪ ਵਿੱਚ ਦੱਸਦਿਆਂ ਕਿਹਾ, "ਸਾਨੂੰ ਬਾਪੂ ਦੀ ਰੋਟੀ ਪਾਣੀ ਦੀ ਕੋਈ ਬਹੁਤੀ ਸਮੱਸਿਆ ਨਹੀਂ। ਬਾਕੀ ਤੁਸੀਂ ਲੀੜੇ-ਕੱਪੜੇ ਦਾ, ਆਪਣੇ ਰੌਲਾਂ ਦੇ ਪੈਸਿਆਂ ਨਾਲ ਹੀ ਸਾਰ ਲੈਂਦੇ ਹੋ। ਤੁਹਾਨੂੰ ਅਸੀਂ ਨੋ-ਲੋਸ-ਨੋ-ਪਰੌਫਿਟ ਦੇ ਬੇਸ ਉੱਤੇ ਰੱਖਿਆ ਹੋਇਆ ਸੀ। ਹੁਣ ਮਸਲਾ ਸਾਡੀ ਅਤੇ ਤੁਹਾਡੀ ਅਗਲੀ ਨਸਲ ਦੇ ਕੈਰੀਅਰ ਦਾ ਆ ਗਿਆ ਹੈ। ਤੁਸੀਂ ਵੀ ਨਹੀਂ ਚਾਹੋਗੇ ਕਿ ਵਧੀਆ ਕੈਰੀਅਰ ਲਈ ਤਿਆਰੀ ਕਰ ਰਹੇ ਬੱਚਿਆਂ ਦਾ ਭਵਿੱਖ ਤੁਹਾਡੇ ਅੱਤਵਾਦ, ਨਕਸਲਵਾਦ ਅਤੇ ਕਿਸਾਨ ਅੰਦੋਲਨ ਦੇ ਧੱਬੇ ਕਾਰਨ ਬਰਬਾਦ ਹੋਵੇ। ਸੋ ਤੁਸੀਂ ਆਪਣੇ ਆਪ ਹੀ ਦੂਰ ਕਿਸੇ ਡੇਰੇ ਵਿੱਚ ਜਾ ਕੇ ਆਪਣਾ ਸਮਾਂ ਲੰਘਾ ਲਓ। ਜੇ ਚਾਹੋ ਤਾਂ ਹਜ਼ੂਰ ਸਾਹਿਬ ਵੀ ਜਾ ਸਕਦੇ ਹੋ...।"...

ਸੋਢੀ ਕਈ ਤਰ੍ਹਾਂ ਦੇ ਹੁਕਮ-ਹਦਾਇਤਾਂ ਸੁਣਦਾ-ਸੁਣਦਾ, ਬਿਨਾਂ ਹੀ ਕਿਸੇ ਤਿਆਰੀ ਤੋਂ ਘਰੋਂ ਤੁਰ ਪਿਆ, ਸੱਥ ਵਿੱਚ ਜਾ ਕੇ ਬੈਠ ਗਿਆ। ਦੁਪਹਿਰਾ ਲੰਘਾ ਕੇ, ਸ਼ਾਮ ਨੂੰ ਛਿਪਦੇ ਵਾਲੇ ਪਾਸੇ ਮਾਰੂ ਖੇਤ ਵਾਲੀ ਮੋਟਰ ਤੇ ਚਲਾ ਗਿਆ। ਸਾਰੀ ਰਾਤ ਉੱਪਰ ਪਰਨਾ ਲੈ ਕੇ, ਬੇਚੈਨੀ ਵਿੱਚ ਭੁੱਖਾ-ਤਿਹਾਇਆ ਸੌਣ ਦਾ ਬਹਾਨਾ ਕਰਦਾ ਰਿਹਾ। ਬੜੀਆਂ ਵਿਚਾਰਾਂ ਪੰਜਾਬ, ਪੰਥ, ਸਮੁੱਚੀ ਮਨੁੱਖਤਾ ਬਾਰੇ, ਬੁੱਧੀ-ਮੰਡਲਾਂ ਵਿੱਚ ਉਡਾਰੀਆਂ ਲਾਉਂਦੀਆਂ ਰਹੀਆਂ। ਕਿਨ੍ਹਾਂ ਲੋਕਾਂ ਲਈ ਉਸ ਨੇ ਇੰਨੇ ਸੰਘਰਸ਼, ਨਕਸਲਵਾਦ, ਖਾੜਕੂਵਾਦ, ਕਿਸਾਨ ਅੰਦੋਲਨ ਤੱਕ ਜੋ ਉਸ ਦੀ ਜ਼ਿੰਦਗੀ ਦੇ ਦੌਰਾਨ ਲੰਘੇ ਸਨ। ਪਰ ਉਹ ਕਿਨ੍ਹਾਂ ਲੋਕਾਂ ਦਾ ਭਵਿੱਖ ਅਤੇ ਕੈਰੀਅਰ ਬਣਾਉਣ ਲਈ ਲੜੇ ਸਨ। ਅੱਜ ਇਹ ਸਮਝ ਨਹੀਂ ਆ ਰਹੀ? ਇੱਥੋਂ ਤੱਕ ਕਿ ਸਾਰੀ ਰਾਤ ਕਦੇ ਇੱਛਾ-ਮ੍ਰਿਤੂ ਬਾਰੇ, ਕਦੇ ਖ਼ੁਦਕੁਸ਼ੀ ਬਾਰੇ, ਤਰ੍ਹਾਂ-ਤਰ੍ਹਾਂ ਦੇ ਵਿਚਾਰ ਵਾਵਰੋਲੇ ਬਣ ਕੇ ਉਸ ਦੇ ਮਨ ਉੱਤੇ ਚੜ੍ਹਦੇ-ਲਹਿੰਦੇ ਰਹੇ। ਸਵੇਰੇ ਚਾਰ ਕੁ ਵਜੇ ਉੱਠ ਕੇ ਉਹ ਲੁਧਿਆਣਾ-ਮੋਗਾ ਦੀ ਹੱਦ ਤੋਂ, ਪੱਛਮ ਵੱਲ ਬਠਿੰਡੇ ਜ਼ਿਲ੍ਹੇ ਵਿੱਚ ਨੂੰ ਪ੍ਰਵੇਸ਼ ਕਰਦਾ ਹੋਇਆ ਪਹੀਆਂ, ਖਾਲਾਂ, ਕੱਸੀਆਂ, ਸੂਏ ਲੰਘਦਾ ਇਸ ਡੇਰੇ ਤੱਕ ਪਹੁੰਚ ਗਿਆ।

(ਸਫ਼ਾ 175 ਤੋਂ ਜਾਰੀ)

ਸ੍ਰ: ਚਰਨਜੀਤ ਸਿੰਘ ਬਾਠ (ਸੌਗੀ ਕਿੰਗ ਆਫ਼ ਕੈਲੀਫੋਰਨੀਆਂ), ਬੀਬਾ ਅਵਨੀਤ ਕੌਰ ਸਿੱਧੂ ਐਸ.ਐਸ.ਪੀ. ਫਾਜਿਲਕਾ-ਫ਼ਿਰੋਜ਼ਪੁਰ, (ਉਸ ਵੇਲੇ) ਪਿਤਾ ਸ਼੍ਰੀ ਸਿੱਧੂ ਬਠਿੰਡਾ, ਬਖਤੌਰ ਸਿੰਘ ਢਿੱਲੋਂ ਸ਼ਮਾਦਾਨ ਟੀਵੀ ਦੇ ਟਿਪਣੀਕਾਰ ਪ੍ਰਿੰ: ਐੱਸ. ਐੱਸ. ਸੰਘਾ ਅਤੇ ਉਹਨਾਂ ਦਾ ਸਟਾਫ਼, ਕਨਵੀਨਰ ਪ੍ਰਿੰ: ਸ਼ਿੰਦਰਪਾਲ ਮੁਹਾਲੀ, ਦਰਸ਼ਨ ਸਿੰਘ ਬੁੱਟਰ ਪ੍ਰਧਾਨ ਕੇਂਦਰੀ ਸਭਾ ਪੰਜਾਬ, ਬਲਵਿੰਦਰ ਸੰਧੂ ਸ਼੍ਰੋਮਣੀ ਭਾਸ਼ਾ-ਵਿਭਾਗ ਪੰਜਾਬ ਅਵਾਰਡੀ ਕਵੀ, ਕੰਵਰ ਹਰਮੋਹਿੰਦਰ ਸਿੰਘ (ਮਿੱਠਾ) ਪਟਿਆਲ਼ਾ, ਪ੍ਰਿੰ: ਨਵਰਾਜ ਲੱਖੀਆਂ, ਰਾਜੂ ਜਾਖੜ ਤੇ ਉਹਨਾਂ ਦਾ ਮਿੱਤਰ-ਲਾਣਾ, ਡਾ: ਅਜੀਤ ਸਿੰਘ ਬਠਿੰਡਾ - ਮਨੁੱਖੀ ਅਧਿਕਾਰ ਸਭਾ ਪੰਜਾਬ, ਦਵਿੰਦਰ ਜਟਾਣਾ ਰੋਪੜ ਸੀਨੀਅਰ ਮੀਤ ਪ੍ਰਧਾਨ ਐਮਚਿਊਰ ਰੋਇੰਗ ਐਸੋਸੀਏਸ਼ਨ ਪੰਜਾਬ, ਜਗਤਾਰ ਸਿੰਘ ਸੋਖੀ ਮੁਦਕੀ, ਗੁਰਬਚਨ ਸਿੰਘ ਸਰਾਂ ਮੁਰਾਦਵਾਲਾ, ਪ੍ਰੋ: ਕੁਲਵੰਤ ਬਰਾੜ ਅਤੇ ਜਸਵੰਤ ਨਾਹਰ ਪੀ.ਡਬਲਯੂ.ਡੀ. ਦੇ

(ਬਾਕੀ ਸਫ਼ਾ 230 ਉਪਰ)

ਬੜਾ ਹੀ ਫ਼ਰਕ ਹੈ ਸੱਚੀਂ ਇਹ ਕੰਨਾ ਤੇ ਬਿਹਾਰੀ ਦਾ,
ਕਿਸੇ ਦੇ ਕੋਲ ਹੈ ਬਾਣਾ ਕਿਸੇ ਦੇ ਕੋਲ ਬਾਣੀ ਹੈ। -ਵਿਜੇ ਧਾਮੀ

ਕਹਾਣੀ

# ਨਿਆਈਂ ਵਾਲਾ ਟੱਕ

## ਰਵਿੰਦਰ ਰੁਪਾਲ ਕੌਲਗੜ੍ਹ



ਰਵਿੰਦਰ ਰੁਪਾਲ ਕੌਲਗੜ੍ਹ

ਰਵਿੰਦਰ ਰੁਪਾਲ ਕੌਲਗੜ੍ਹ: ਭਾਵੇਂ ਪਿਛਲੇ ਚਾਰ ਸਾਢੇ ਚਾਰ ਦਹਾਕਿਆਂ ਤੋਂ ਪੰਜਾਬੀ ਸਾਹਿਤ ਦੇ ਖੇਤਰ ਨਾਲ ਜੁੜਿਆ ਹੋਇਆ ਹੈ ਪਰ ਉਹ ਸਹਿਜ-ਮੱਤੇ ਤੇ ਧੀਮੀ ਚਾਲ ਵਿਚ ਸਾਹਿਤ ਰਚਣ ਵਾਲਾ ਲੇਖਕ ਹੈ। ਉਸਦੇ ਕਹਾਣੀ-ਸੰਗ੍ਰਹਿ ‘ਨਿਆਈਂ ਵਾਲਾ ਖੇਤ’ ਦੇ ਪ੍ਰਕਾਸ਼ਨ ਤੋਂ ਪਹਿਲਾਂ ਉਹ ਦੋ ਪੁਸਤਕਾਂ ਦਾ ਸੰਪਾਦਨ ਕਰ ਚੁੱਕਾ ਹੈ- ਬਾਲ ਨਾਵਲਾ ਸਮੇਤ ਉਸ ਦੀਆਂ ਮੌਲਿਕ ਪੁਸਤਕਾਂ ਦੀ ਗਿਣਤੀ ਚਾਰ ਬਣਦੀ ਹੈ। ਉਸਦੀਆਂ ਕਹਾਣੀਆਂ ਉਹਨਾਂ ਮਨੋ-ਸਮਾਜਿਕ ਕਾਰਨਾਂ ਦੀ ਨਿਸ਼ਾਨਦੇਹੀ ਉਚੇਚੇ ਤੌਰ ’ਤੇ ਕਰਦੀਆਂ ਹਨ, ਜਿਹੜੇ ਸਾਡੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦੇ ਟੁੱਟਣ ਤੇ ਤਿੜਕਣ ਦਾ ਕਾਰਨ ਹੀ ਨਹੀਂ ਬਣ ਰਹੇ ਸਗੋਂ ਇਹਨਾਂ ਨੂੰ ਪੇਚੀਦਾ ਤੇ ਗੁੰਝਲਦਾਰ ਵੀ ਬਣਾ ਰਹੇ ਹਨ। ਇਹਨਾਂ ਕਹਾਣੀਆਂ ਦੇ ਹਿੱਸੇ ਬਹੁਤ ਸਾਰੇ ਇਨਾਮ ਸਨਮਾਨ ਵੀ ਆਏ ਹਨ।-ਨਰਿੰਜਨ ਬੋਹਾ

ਮੈਨੂੰ, ਪਿੰਡੋਂ ਬਾਹਰਲੇ ਮਾਂਗਟਾਂ ਦੇ ਡੇਰੇ 'ਤੇ, ਮਹਾਂ ਸਿਹੁੰ ਹੋਰਾਂ ਕੰਨ੍ਹੀ ਸੀਰੀ ਰਲ਼ੇ ਨੂੰ ਅਜੇ ਪੂਰੇ ਚਾਰ ਮਹੀਨੇ ਵੀ ਨਹੀਂ ਸਨ ਲੰਘੇ ਕਿ ਇਨ੍ਹਾਂ ਚੌਹਾਂ ਮਹੀਨਿਆਂ 'ਚ ਹਰ ਅੱਠਵੇਂ-ਦਸਵੇਂ ਦਿਨ, ਕਿਸੇ ਨਾ ਕਿਸੇ ਪਿੰਡ ਦੇ ਬੰਦੇ ਕੋਲੋਂ ਜਾਂ ਫਿਰ ਮਹਾਂ ਸਿਹੁੰ ਹੋਰਾਂ ਦੇ ਹੀ ਘਰ ਦੇ ਕਿਸੇ ਮੈਂਬਰ ਕੋਲੋਂ, ਬਾਬੇ ਦਾ ਭੇਜਿਆ ਹੋਇਆ ਸਨੇਹਾ ਲੈ, ਅਕਸਰ ਮੈਨੂੰ ਆ ਹੀ ਮਿਲਦੈ...।

ਅੱਜ ਜਦੋਂ ਮੈਂ ਖੁਰਲ੍ਹੀਆਂ ਸਾਫ਼ ਕਰਨ ਲੱਗਿਆ ਹੋਇਆ ਸਾਂ, ਉਦੋਂ ਮਹਾਂ ਸਿਹੁੰ ਦੇ ਛੋਟੇ ਮੁੰਡੇ ਨੇ ਆਕੇ ਮੈਨੂੰ ਫਿਰ ਕਿਹਾ, ਜੈਲਿਆ, ਤੈਨੂੰ ਬਾਬਾ ਸਾਧੂ ਸਿਉਂ ਬੜਾ ਈ ਚੇਤੇ ਕਰਦਾ ਰਹਿੰਦੈ, ਗੂਹੜਾ ਪਿਆਰ ਲੱਗਦੈ ਥੋਡਾ, ਕਿਸੇ ਦਿਨ ਮਿਲ ਆਈ ਰਿਏ ਟੈਮ ਕੱਢ ਕੇ 'ਵਿਚਾਰੇ' ਨੂੰ, ਬੁੱਢਾ ਸਰੀਰ ਐ, ਕੀ ਭਰੋਸੈ ਕਦੋਂ ਠੰਡਾ ਹੋਜੇ, ਛੋਟੇ ਸਰਦਾਰ ਦੀ ਟਾਂਚ ਜਿਹੀ ਨਾਲ ਕਹੀ ਹੋਈ ਗੱਲ ਸੁਣ ਕੇ, ਕੇਰਾਂ ਤਾਂ ਮੈਨੂੰ ਅੱਚਵੀਂ ਜਿਹੀ ਲਾ ਗਈ।

ਹੂੰ... ਠੰਡਾ... ਠੰਡਾ ਤਾਂ ਉਹ ਉਦੋਂ ਨਹੀਂ ਹੋਇਆ, ਜਦੋਂ ਤਿਲ੍ਹ ਤਿਲ੍ਹ ਉਜੜਕੇ ਆਪਣੇ ਘਰ ਆ ਬੈਠਿਆਂ ਸੀ, ਊਂ ਮੇਰਾ ਕਿਹੜਾ ਚਿੱਤ ਨੀਂ ਕਰਦਾ, ਬਾਬੇ 'ਤੇ ਬੇਬੇ ਨੂੰ ਮਿਲਣ ਜਾਣ ਨੂੰ, ਆਖਰ ਉਹੋ ਦੋਵੇਂ ਜਣੇ, ਮੈਨੂੰ, ਮੇਰੇ ਮਾਂ-ਬਾਪ ਵਾਂਗ ਤਾਂ ਯਾਦ ਆਉਂਦੇ ਨੇ, ਮੈਂ ਕਿਵੇਂ ਭੁੱਲ ਸਕਦਾ ਭਲਾ, ਪਰ ਇਉਂ ਆਪਣੇ ਕੰਮ ਤੋਂ ਕੁਤਾਹੀ ਜਿਹੀ ਕਰਕੇ ਉਨ੍ਹਾਂ ਨੂੰ ਮਿਲਣ ਜਾਣਾ, ਮੈਨੂੰ ਚੰਗਾ ਜਿਹਾ ਨੀਂ ਲੱਗਦਾ, ਫੇਰ ਵੀ ਦੇਖਦਾ ਕਿਸੇ ਦਿਨ ਵੇਹਲ ਜਿਹਾ ਕੱਢਕੇ ਮਿਲ ਆਊ ਉਨ੍ਹਾਂ ਨੂੰ, ਜਿਹੜਾ ਹੁਣ 'ਵਿਚਾਰਾ' ਬਣਿਆ ਬੈਠੈ, ਕਦੇ ਕਿੱਡੇ ਵੱਡੇ ਕੱਠੇ ਟੱਕ ਦਾ ਮਾਲਕ ਹੁੰਦਾ ਸੀ 'ਤੇ ਹੁਣ ਉਸ ਨੂੰ ਹਰੇਕ ਜਣਾ-ਖਣਾ ਵਿਚਾਰਾ ਕਹਿੰਦਾ ਫਿਰਦੈ, ਇਉਂ ਉਨ੍ਹਾਂ ਵਾਰੇ ਸੋਚਦੇ ਨੂੰ, ਮੈਨੂੰ ਬਾਪੂ ਜੀ ਦੀ ਦੱਸੀ ਹੋਈ ਗੱਲ, ਦਿਮਾਗ ਵਿੱਚ ਘੁੰਮਣ ਲੱਗੀ, ਬਾਪੂ ਦੱਸਦਾ ਤੀ, ਬਈ ਜਿਉਂ ਹੀ ਪਿੰਡ ਦੇ ਵੱਡੇ ਸਰਦਾਰ ਨੇ ਆਪਣੀ ਵਾਧੂ ਅਤੇ ਗ਼ੈਰ ਉਪਜਾਊ ਪਈ ਜ਼ਮੀਨ ਵੇਚਣ ਦਾ ਐਲਾਨ ਕਰਿਆ "ਅਖੇ ਮੈਂ ਆਪਣੀ ਜ਼ਮੀਨ ਵੇਚਣੀ ਚਾਹੁੰਨਾ, ਜਿਹੜਾ ਵੀ ਖਰਦੀਣੀ ਚਾਹੁੰਦਾ ਹੋਵੇ, ਮੇਰੀ ਹਵੇਲੀ ਆ ਕੇ ਮੇਰੇ ਨਾਲ ਗੱਲ ਕਰ ਲਵੇ" ਤਿਉਂ ਹੀ ਪਿੰਡ ਦੇ ਕਈ ਕਹਿੰਦੇ ਕਹਾਉਂਦੇ ਜੱਟਾਂ ਨੇ ਸਰਦਾਰ ਦੀ ਹਵੇਲੀ ਨੂੰ ਜਾਣ ਵਾਲੀ ਬੀਹੀ, ਗੇੜੇ ਮਾਰ ਮਾਰਕੇ ਨੀਵੀਂ ਕਰ ਦਿੱਤੀ। ਪਿੰਡ ਦੇ ਸਾਰੇ ਜੱਟ ਆਪੋ-ਆਪਣੇ ਤਰੀਕਿਆਂ ਨਾਲ, ਸਰਦਾਰ ਕੋਲੋਂ ਜ਼ਮੀਨ ਖਰੀਦਣੀ ਨਹੀਂ, ਬਲਕਿ ਹੜੱਪਣੀ ਚਾਹੁੰਦੇ ਸਨ, ਕੁਝ ਕੁ ਜੱਟਾਂ ਨੇ ਆਪਣੇ ਉਨ੍ਹਾਂ ਰਿਸ਼ਤੇਦਾਰਾਂ ਨੂੰ ਵੀ ਸੁਨੇਹੇ ਘੱਲ ਦਿੱਤੇ, ਜਿਨ੍ਹਾਂ ਲੋਕਾਂ ਦੀ ਕਿਸੇ ਵੱਡੇ ਸ਼ਹਿਰ ਨਾਲ ਲੱਗਵੀਂ ਜ਼ਮੀਨ ਪਈ ਸੀ, ਉਹ ਵੀ ਆਪਣੀ ਜ਼ਮੀਨ ਨੂੰ ਦੂਗਣੀ ਤਿੱਗਣੀ ਬਣਾਉਣ ਦੇ ਲਾਲਚ 'ਚ ਆ ਕੇ, ਉਥੇ ਆਪਦੀਆਂ ਮਹਿੰਗੇ ਭਾਅ ਦੀਆਂ ਜ਼ਮੀਨਾਂ ਵੇਚ ਕੇ ਆਪਣੇ ਪਿੰਡ ਵੱਲ ਨੂੰ ਭੱਜੇ ਆਉਣ ਲੱਗੇ, ਤਾਹੀਓਂ ਤਾਂ ਪਿੰਡ 'ਚ, ਅੱਜ ਥਾਂ-ਕੁਥਾਂ ਦੀ ਠੀਕਰੀ 'ਕੱਠੀ ਹੋਈ ਹੋਈ ਐ।

ਫੇਰ ਭਾਵੇਂ ਕੋਈ ਬਾਹਰਲੇ ਪਿੰਡੋਂ ਜੱਟ ਆ ਕੇ ਸਰਦਾਰ ਕੋਲੇ ਜਾਂਦਾ, ਭਾਵੇਂ ਆਪਣੇ ਪਿੰਡ ਦਾ ਕੋਈ ਵੀ ਜੱਟ, ਪਰ ਸਰਦਾਰ ਦਾ ਸਭ ਨੂੰ ਇੱਕੋ ਜੁਆਬ ਹੁੰਦਾ, ਦੇਖੋ ਬਈ ਪਹਿਲਾਂ ਮੈਂ ਪਿੰਡ ਤੋਂ ਪਰ੍ਹੇ-ਪਰ੍ਹੇ ਆਲੀ ਵੇਚਣੀ ਐ, ਪਿੰਡ ਦੇ ਨੇੜੇ ਵਾਲੀ ਜ਼ਮੀਨ ਦਾ ਤਾਂ ਬਾਅਦ ਵਿੱਚ ਸੋਚਾਂਗੇ, ਸਰਦਾਰ ਦਾ ਇਹ ਜੁਆਬ ਸੁਣ ਕੇ ਅੱਗੋਂ ਅਗਲਾ 'ਢੈਲਾ' ਜਿਹਾ ਪੈ ਜਾਂਦਾ, ਜਦੋਂ ਜ਼ਮੀਨ ਵਿਕਣ ਲੱਗ ਪਈ, ਫਿਰ ਕੋਈ ਸਾਲ ਕੁ ਭਰ ਦੇ ਅੰਦਰ ਅੰਦਰ, ਉਸ ਬਿਨਾਂ "ਵੱਟਾਂ ਵਾਲੀ ਜ਼ਮੀਨ" ਵਿੱਚ ਦੂਰ ਦੂਰ ਤੱਕ ਵੱਖੋ-ਵੱਖਰੇ ਜੱਟਾਂ ਦੀਆਂ ਜ਼ਮੀਨਾਂ ਦੀ ਹੱਦ-ਬੰਦੀ ਵਾਲੀਆਂ ਮੋਟੀਆਂ ਮੋਟੀਆਂ ਵੱਟਾਂ ਨਜ਼ਰ ਆਉਣ ਲੱਗੀਆਂ, ਜਿੱਥੇ ਕੁੱਝ ਕੁ ਮਹੀਨੇ ਪਹਿਲੋਂ, ਪਾਣੀ ਵਾਲੀ ਖਾਲ੍ਹ ਦੀ, ਇੱਕ ਵੀ ਵੱਟ ਨਜ਼ਰ ਨਹੀਂ ਸੀ ਆਇਆ ਕਰਦੀ।

ਪਰ ਪਿੰਡ ਦੇ ਨੇੜੇ ਆਲੀ ਜ਼ਮੀਨ, ਅਜੇ ਵੀ ਉਵੇਂ ਦੀ ਉਵੇਂ ਪਈ ਸੀ, ਪਿੰਡ ਦੇ ਬਿਲਕੁਲ ਨੇੜੇ ਇਕ ਬਾਰਾਂ ਕੀਲਿਆ ਦਾ ਕੱਠਾ ਟੱਕ ਸੀ, ਜਿਸ ਨੂੰ ਸਾਰਾ ਪਿੰਡ "ਨਿਆਈਂ ਵਾਲਾ ਟੱਕ" ਬੋਲਦਾ, ਲੋਕੀਂ ਕਹਿੰਦੇ ਸਨ ਕਿ ਜ਼ਮੀਨ ਤਾਂ ਇਹ ਐ ਅਸਲੀ, ਝੋਟੇ ਦੇ ਸਿਰ ਵਰਗੀ, ਜਿਹੜਾ ਵੀ ਇਸ ਨੂੰ ਖਰੀਦ ਗਿਆ ਨਾ, ਓਸ ਦੀ ਜੂਨ ਤਾਂ ਸੁਧਰੇਗੀ ਹੀ ਸੁਧਰੇਗੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਤਾਰ ਜੂ, ਅਗਲਾ ਦੁੱਗਣੀ ਬੀਜੂ, ਚੌਗਣੀ ਵੱਢੂ, ਬਾਕੀ ਤਾਂ ਸਾਰੀ ਧੁੱਧਲ੍ਹ ਐ, ਰੇਤਲੇ ਟਿੱਬੇ ਨੇ, ਉਸ ਵਿੱਚ ਅਗਲਾ ਕੀ ਬੀਜੂ, ਕੀ ਖਾਊ ਕਮਾਊ? ਪਿੰਡ ਦੇ ਜੱਟਾਂ ਤੋਂ ਇਲਾਵਾ ਬਾਹਰੋਂ ਆਉਣ ਵਾਲੇ ਹਰੇਕ ਖਰੀਦਦਾਰ ਦੀ ਕਾਂ-ਅੱਖ, ਪਹਿਲਾਂ ਇਸੇ ਟੱਕ ਉੱਤੇ ਆ ਕੇ ਟਿਕਦੀ ਸੀ।

ਫੇਰ ਪਤਾ ਨਹੀਂ ਲੱਗਿਆ ਕਿ ਸਰਦਾਰ ਨੇ ਓਸ ਟੱਕ ਨੂੰ ਸਾਧੂ ਸਿਉਂ ਤਾਏ ਨੂੰ ਕਿਵੇਂ ਵੇਚ ਦਿੱਤਾ, ਉਦੋਂ ਬਾਕੀ ਜੱਟਾਂ ਵਿੱਚ ਬੜੀ ਘੁਸਰ ਮੁਸਰ ਹੋਈ ਤੀ, ਵਿੱਚੋਂ ਕਈ ਜਣੇ ਤਾਂ ਤਾਈ ਤੇ ਹੀ ਇਲਜ਼ਾਮ ਧਰਨ ਲੱਗ ਪਏ ਤੀ, ਅਖੇ, ਸਰਦਾਰ ਨਾਲ...।

ਪਰ ਉਦੋਂ ਬਹੁਤਾ ਕਿਸੇ ਨੂੰ ਪਤਾ ਨਹੀਂ ਸੀ ਲੱਗਿਆ ਕਿ

ਹੁਸਨ, ਜੋਬਨ, ਨਾਜ਼, ਨਖ਼ਰੇ, ਸ਼ੋਖੀਆਂ, ਮਨਮਾਜ਼ੀਆਂ,
ਮਿਲ ਗਿਆ ਮੈਨੂੰ, ਮੁਹੱਬਤ ਦਾ ਖ਼ਜ਼ਾਨਾ ਮਿਲ ਗਿਆ। -ਰਾਜਵੰਤ ਰਾਜ

ਤਾਇਆ ਇਹ ਜ਼ਮੀਨ ਖ਼ਰੀਦ ਕਿਵੇਂ ਗਿਆ? ਹੋਰ ਕੁੱਝ ਸਮੇਂ ਬਾਅਦ ਪਿੰਡ ਦੇ ਜੱਟਾਂ ਦੀ ਹੈਰਾਨੀ ਵਾਲੀ ਕੋਈ ਹੱਦ ਨਾ ਰਹੀ, ਜਦੋਂ ਤਾਏ ਨੇ ਆਪਣਾ ਪਿੰਡ ਵਾਲਾ ਅੰਦਰਲਾ ਘਰ ਵੇਚਕੇ, ਸਰਦਾਰ ਦੀ ਹਵੇਲੀ ਦੇ ਨਾਲ ਲੱਗਵਾ, ਉਸ ਤੋਂ ਇੱਕ ਬਣਿਆ ਬਣਾਇਆ, ਖੁੱਲ੍ਹੇ ਵਿਹੜੇ ਵਾਲਾ ਘਰ ਵੀ ਮੁੱਲ ਲੈ ਲਿਆ, ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਤਾਏ ਦਾ ਕਿਹੜਾ ਜਾਦੂ ਸਰਦਾਰ ਉੱਤੇ ਅਸਰ ਕਰ ਗਿਆ, ਜਿਹੜੇ ਜੱਟ, ਵਿੱਘੇ ਪਿੱਛੇ ਦਸ ਦਸ ਰੁਪਏ ਫਾਲਤੂ ਦੇਣ ਵਾਲੇ ਸਨ, ਉਨ੍ਹਾਂ ਦੀ ਤੜਫਣਾ ਤਾਂ ਦੇਖੀ ਨਹੀਂ ਸੀ ਜਾ ਰਹੀ, ਉਦੋਂ ਤਾਏ ਦੇ ਘਰੇ ਚੌਥੇ ਮੁੰਡੇ ਦਾ ਜਨਮ ਹੋਇਆ ਸੀ, ਵਿੱਚੋਂ ਕੁਝ ਕੁ ਜੱਟ ਕਹਿੰਦੇ ਫਿਰਦੇ ਸਨ ਕਿ ਜਿੱਦਣ ਇਹੇ ਮੁੰਡੇ ਉਠ ਖੜ੍ਹੇ ਨਾ, ਤਾਂ ਖੇਤੀ ਦੇ ਕੰਮ ਨੂੰ ਤਾਂ ਨੇਰ੍ਹੀਆਂ ਲਿਆ ਦੇਣਗੇ ਨੇਰ੍ਹੀਆਂ, ਫੇਰ ਭਾਵੇਂ ਜਿੰਨੀ ਮਰਜ਼ੀ ਹੋਰ ਜ਼ਮੀਨ ਖ਼ਰੀਦ ਲੈਣ, ਪਤਾ ਨਹੀਂ ਦੂਜੇ ਜੱਟਾਂ ਦਾ ਇਹੇ ਹੌਕਾ ਸੀ ਜਾਂ ਸ਼ਾਬਸ਼ੇ।

"ਉਏ ਜੈਲਿਆ, ਇਹ ਕੀ ਕਰੀਂ ਜਾਨੈ ਉਏ? ਤੈਨੂੰ ਖੁਰਲੀਆਂ 'ਚ ਪਾਕਿਸਤਾਨੀ ਨੂਣ ਸੁੱਟਣ ਨੂੰ ਕਿਹਾ ਤੀ, ਤੇ ਤੂੰ ਆਹ ਕੀ ਕਰਦੈ? ਤੇਰਾ ਧਿਆਨ ਕਿੱਥੇ ਐ?" ਛੋਟੇ ਸਰਦਾਰ ਨੇ ਮੈਨੂੰ ਮੋਢੇ ਤੋਂ ਹਲੂਣਦਿਆਂ ਪੁੱਛਿਆ।

ਮੈਂ ਜਦੋਂ ਆਪਣੇ ਵਜੂਦ 'ਚ ਮੁੜਿਆ ਤਾਂ ਦੇਖਿਆ, ਮੈਂ ਤਾਂ ਦੇਸੀ ਨੂਣ ਦਾ ਉੱਝਲਾਂ ਭਰਕੇ, ਖੁਰਲੀ ਵੱਲ ਲਿਜਾ ਰਿਹਾ ਹਾਂ, ਨਹੀਂ ਸਰਦਾਰ ਜੀ ਕੁੱਝ ਨਹੀਂ, ਐਵੇਂ ਬੇਧਿਆਨਾ ਜਿਹਾ ਹੋ ਗਿਆ ਸਾਂ, ਜਦੋਂ ਮੈਂ ਇਉਂ ਕਿਹਾ ਤਾਂ ਛੋਟਾ ਸਰਦਾਰ ਥੋੜ੍ਹੇ ਹਰਖ 'ਚ ਇਉਂ ਕਹਿ ਕੇ ਚਲਾ ਗਿਆ, "ਧਿਆਨ ਰੱਖਿਆ ਕਰ ਧਿਆਨ, ਪਤਾ ਨਹੀਂ ਕਿਹੜੀਆਂ ਸੋਚਾਂ 'ਚ ਉਲਝਿਆ ਰਹਿੰਨੈ...?"

ਪਾਕਿਸਤਾਨੀ ਨੂਣ ਖੁਰਲੀ 'ਚ ਸੁੱਟਦੇ ਹੋਏ, ਮੈਨੂੰ ਉਹ ਵੇਲਾ ਚੇਤੇ ਆਇਆ, ਜਦੋਂ ਮੈਂ ਬਾਬੇ ਹੋਰਾਂ ਕੰਨ੍ਹੀ ਸੀਰੀ ਰਲ੍ਹਿਆ ਹੁੰਦਾ ਸਾਂ, ਭਾਵੇਂ ਬਾਬੇ ਦੇ ਚਾਰ ਮੁੰਡੇ ਹੀ ਮੁੰਡੇ ਸਨ, ਪਰ ਉਨ੍ਹਾਂ ਚੋਹਾਂ ਮੁੰਡਿਆਂ 'ਚੋਂ ਇੱਕ ਵੀ ਮੁੰਡਾ ਖੇਤੀ-ਬਾੜੀ ਦੇ ਕੰਮ ਧੰਦਿਆਂ ਵਿੱਚ ਨਹੀਂ ਸੀ ਪੈ ਸਕਿਆ, ਬਾਬੇ ਦਾ ਬੜਾ ਮੁੰਡਾ ਕੰਤ ਤਾਂ, ਉਦੋਂ ਘਰੋਂ ਨਿਕਲ ਗਿਆ ਤੀ, ਜਦੋਂ ਉਸ ਨੇ ਇੱਕ ਛੋਟੇ ਜਿਹੇ ਝਗੜੇ ਵਿੱਚ ਗੁਆਂਢੀਆਂ ਦੇ ਮੁੰਡੇ ਦਾ, ਇੱਟ ਮਾਰ ਕੇ ਸਿਰ ਪਾੜ ਦਿੱਤਾ ਸੀ। ਉਹ ਤਾਂ ਉਦੋਂ ਬਾਬੇ ਦੇ ਮਿੰਨਤ ਤਰਲਾ ਕਰਨ ਕਰਕੇ, ਗੱਲ ਕੁੱਝ ਠੰਡੀ ਪੈ ਗਈ ਤੀ, ਨਹੀਂ ਤਾਂ ਪੰਚਾਇਤ ਤੋਂ ਬਾਅਦ ਗੱਲ ਠਾਣੇ ਤੱਕ ਜਾ ਪੁੱਜਦੀ। ਫਿਰ ਘਰੋਂ ਭੱਜੇ ਹੋਏ ਕੰਤ ਦੀ ਕਈ ਦਿਨਾਂ ਤੱਕ ਭਾਲ਼ ਤਾਂ ਹੁੰਦੀ ਰਹੀ, ਪਰ ਉਸ ਦਾ ਕੋਈ ਵੀ ਖੁਰਾ ਖੋਜ ਨਹੀਂ ਮਿਲਿਆ ਕਿ ਉਹ ਕਿਧਰ ਨਿਕਲ ਗਿਐ, ਜਿਊਂਦਾ ਵੀ ਐ ਜਾਂ ਕਿਧਰੇ ਮਰ ਖਪ ਗਿਐ।

ਇਸ ਤਰ੍ਹਾਂ ਬਾਬੇ ਦੀ ਪਹਿਲੀ 'ਆਸ ਦੀ ਕਿਰਨ' ਉੱਤੇ, ਪਾਣੀ ਫਿਰ ਗਿਆ ਸੀ, ਉਦੋਂ ਬਾਬਾ ਸੋਚ ਰਿਹਾ ਸੀ ਕਿ ਕੰਤ ਹੁਣ ਜੁਆਨ ਹੋ ਗਿਐ, ਪੜ੍ਹਨਾ ਲਿਖਣਾ ਤਾਂ ਇਸ ਦੇ ਕਰਮਾਂ ਵਿੱਚ ਹੈ ਨਹੀਂ, ਚਲੋ ਮੇਰੇ ਨਾਲ ਖੇਤੀ ਦੇ ਕੰਮ ਧੰਦਿਆਂ 'ਚ ਹੱਥ ਵਟਾਵੇਗਾ, ਪਰ ਉਹ ਤਾਂ ਘਰੋਂ ਹੀ ਨੱਠ ਗਿਆ ਸੀ, ਬਾਕੀ ਤਿੰਨੋਂ ਅਜੇ ਛੋਟੇ ਸਨ, ਉਹੋ ਖੇਤੀ ਦਾ ਕੰਮ ਨਹੀਂ ਸੀ ਕਰਵਾ ਸਕਦੇ, ਕੰਤ ਦੇ ਘਰੋਂ ਭੱਜਣ ਕਰਕੇ ਕੱਲੇ ਬਾਬੇ ਨੂੰ ਖੇਤੀ ਦੇ ਕੰਮ 'ਚ ਆਉਂਦੀਆਂ ਦਿੱਕਤਾਂ ਕਾਰਨ, ਇੱਕ ਸੀਰੀ ਰੱਖਣ ਦੀ ਲੋੜ ਪੈ ਗਈ, ਬਾਬਾ ਜੀ ਦੀ ਮੇਰੇ ਬਾਪੂ ਨਾਲ ਲਿਹਾਜ਼ ਹੋਣ ਕਰਕੇ, ਉਨ੍ਹਾਂ ਮੈਨੂੰ ਆਪਣੇ ਨਾਲ ਸੀਰੀ ਰੱਖਣ ਲਈ, ਇੱਕ ਦਿਨ ਬਾਪੂ ਹੱਥ ਸੁਨੇਹਾ ਘੱਲਿਆ। ਮੈਂ ਤਾਂ ਅਜੇ ਉਦੋਂ ਸੱਤਵੀਂ ਜਮਾਤ ਵਿੱਚੋਂ ਦੂਜੀ ਵਾਰ ਫੇਲ੍ਹ ਹੋਣ ਕਰਕੇ, ਸਕੂਲੋਂ ਹੱਟਕੇ ਦਿਹਾੜੀ ਦੱਪਾ ਕਰਨ ਜੋਗਾ ਵੀ ਨਹੀਂ ਸਾਂ ਹੋਇਆ ਕਿ ਬਾਪੂ ਦੇ ਮੂੰਹੋਂ 'ਕੱਠਾ ਸਾਲ ਭਰ ਦਾ ਸੀਰਪੁਣਾ ਸੁਣਕੇ ਤਾਂ ਮੈਂ ਡਰ ਹੀ ਗਿਆ ਸਾਂ, ਪਰ ਬਾਪੂ ਜੀ ਨੇ ਨਸੀਹਤਾਂ ਦੇ ਕੇ ਅਤੇ ਪੜ੍ਹਾਈ ਵਿੱਚੋ ਫੇਲ੍ਹ ਹੋਣ ਦੇ, ਤਾਹਨੇ ਮਿਹਣੇ ਜਿਹੇ ਮਾਰ ਕੇ ਮੈਨੂੰ ਬਾਬਾ ਜੀ ਨਾਲ ਸੀਰਪੁਣਾ ਕਰਨ ਲਈ ਮਜ਼ਬੂਰ ਕਰ ਦਿੱਤਾ। ਅਗਲੇ ਦੋ-ਚਾਰ ਦਿਨਾਂ ਮਗਰੋਂ, ਬਾਪੂ ਅਤੇ ਬਾਬੇ ਦੀ ਗਿਟਮਿਟ ਤੋਂ ਬਾਅਦ ਮੈਂ ਬਾਬਾ ਜੀ ਨਾਲ 'ਕੱਠਾ ਸਾਲ ਭਰ ਲਈ ਸੀਰੀ ਜਾ ਰਲ੍ਹਿਆ ਸਾਂ। ਮੈਂ ਸਾਧੂ ਸਿਉਂ ਨੂੰ ਬਾਬਾ ਜੀ ਕਹਿੰਦਾ ਅਤੇ ਉਸ ਦੇ ਮੁੰਡਿਆਂ ਨੂੰ ਚਾਚੇ, ਭਾਵੇਂ ਇੱਕ ਮੈਥੋਂ ਵੱਡਾ, ਇਕ ਮੇਰਾ ਹਾਣੀ ਅਤੇ ਇੱਕ ਮੈਥੋਂ ਛੋਟੀ ਉਮਰ ਦਾ ਸੀ। ਸਮਾਂ ਲੰਘਦੇ ਨੂੰ ਕੀ ਲੱਗਦੈ, ਛੋਟੇ ਚਾਚਿਆਂ ਨਾਲ ਹਾਸੇ ਮਜ਼ਾਕ ਵਿੱਚ ਪਤਾ ਹੀ ਨਹੀਂ ਲੱਗਿਆ ਕਿ ਮੈਨੂੰ ਇਨ੍ਹਾਂ ਕੰਨ੍ਹੀ ਕੰਮ ਕਰਦੇ ਹੋਏ ਨੂੰ, ਛੇ ਮਹੀਨੇ ਕਿਵੇਂ ਨਿਕਲ ਗਏ? ਉਦੋਂ ਤੱਕ ਕੰਤ ਨੂੰ ਘਰੋਂ ਭੱਜੇ ਨੂੰ ਢਾਈ ਸਾਲ ਹੋ ਚੁੱਕੇ ਸਨ। ਬੇਬੇ ਕੰਤ ਨੂੰ ਯਾਦ ਕਰ ਕਰਕੇ ਹਾਉਂਕੇ ਲੈਂਦੀ ਰਹਿੰਦੀ, ਹੰਝੂ ਵਹਾਉਂਦੀ, ਦਿਨ ਗਿਣਦੀ ਨਾ ਭੁੱਲਦੀ। ਕਦੀ ਕਦੀ ਮੈਂ ਉਸ ਦੇ ਮੂੰਹੋਂ ਸੁਣਦਾ, ਕਹਿੰਦੀ ਗੁਆਂਢੀਆਂ ਦਾ ਭੁੰਨਣਾ ਜਦ ਮੇਰੀਆਂ ਅੱਖਾਂ ਮੂਹਰੇ ਆਉਂਦੈ ਨਾ, ਤਾਂ ਮੇਰੇ ਕਾਲਜੇ ਚ ਭਾਂਬੜ ਵਲ੍ਹ ਜਾਂਦੈ ਜਣੀਂ।

ਪਰ ਬਾਬੇ ਨੂੰ ਖੇਤੀ ਦੇ ਕੰਮ ਧੰਦਿਆਂ ਵਿੱਚ ਮੇਰਾ ਸਹਾਰਾ ਮਿਲਣ ਕਰਕੇ, ਕੰਤ ਦੀ ਘੱਟ ਹੀ ਯਾਦ ਆਉਂਦੀ, ਜੇ ਮੈਂ ਕਦੀ ਕੰਤ ਦੀ ਗੱਲ ਛੇੜਦਾ ਵੀ ਤਾਂ ਬਾਬੇ ਦਾ ਵੀ ਪੱਕਾ ਇੱਕੋ ਇੱਕ ਜੁਆਬ ਹੁੰਦਾ, ਆਪੇ ਆਜੂ ਕਿਧਰੋਂ ਧੱਕੇ-ਧੁੱਕੇ ਖਾ ਕੇ, ਜਾਣਾ ਉਨ੍ਹੇ ਕਿਹੜੇ ਖੂਹ 'ਚ ਐ, ਫੇਰ ਜਿਹੜੀਆਂ ਆਦਤਾਂ ਕਰਕੇ, ਉਹ ਸਕੂਲ ਨਹੀਂ ਸੀ ਪੜ੍ਹਨ ਲੱਗਿਆ, ਉਹੀਓ ਆਦਤਾਂ ਹੁਣ ਛੋਟੇ ਚਾਚਿਆਂ ਨੇ ਪਾ ਲਈਆਂ ਸਨ।

ਇੱਕ ਦਿਨ ਸਵੇਰੇ ਸਵੇਰੇ ਜਦੋਂ ਆਪਣੇ ਕੰਮ ਉੱਤੇ ਪਹੁੰਚਿਆ, ਤਾਂ ਉਨ੍ਹਾਂ ਦੇ ਘਰ ਦੀ ਹਾਲਤ ਦੇਖ ਕੇ ਮੈਂ ਹੈਰਾਨ ਰਹਿ ਗਿਆ, ਘਰ 'ਚ ਸੁੰਨ-ਮਸਾਨ ਪਈ ਸੀ, ਘਰ ਦੇ ਸਾਰੇ ਦਰਵਾਜ਼ੇ ਚੌੜ ਚੁਪਟ ਖੁੱਲੇ ਪਏ, ਚੁੱਲ੍ਹੇ ਵਿੱਚੋਂ ਧੂੰਆਂ ਨਿਕਲੇ, ਕੋਲ ਭਾਂਡੇ ਖਿੰਡੇ ਪਏ, ਜਿਵੇਂ ਏਥੇ ਕੋਈ ਯੁੱਧ ਹੋ ਕੇ ਹਟਿਆ ਹੋਵੇ, ਇਹ ਸਭ ਕੁੱਝ ਦੇਖਕੇ ਕੇਰਾਂ ਤਾਂ ਮੈਂ ਡਰ ਗਿਆ, ਪਰ ਫਿਰ ਮੈਂ ਹੌਸਲਾ ਜਿਹਾ ਕਰਕੇ, ਜਦੋਂ ਦੂਜੇ ਪਾਸੇ ਗੁਆਂਢੀਆਂ ਦੇ ਘਰੇ ਇਸ ਕਾਰੇ ਦਾ ਪਤਾ ਕਰਨ ਲਈ ਗਿਆ, ਤਾਂ ਮੈਂ ਦੇਖਿਆ ਕਿ ਬਾਬੇ ਦੇ ਘਰਵਾਲੀ, ਲਾਜੋ ਬੇਬੇ ਤਾਂ ਏਥੇ ਹੀ ਬੈਠੀ ਹੋਈ ਐ, ਇਸ ਤੋਂ ਪਹਿਲਾਂ ਕਿ ਮੈਂ ਕੁੱਝ ਬੋਲਦਾ, ਉਹ ਮੈਨੂੰ ਦੇਖਕੇ, ਹੌਲੀ ਜਿਹੀ ਆਵਾਜ਼ 'ਚ ਆਲਾ ਦੁਆਲਾ ਝਾਕਦੀ ਹੋਈ ਕਹਿਣ ਲੱਗੀ, ਜੈਲੂ ਪੁੱਤ, ਅੱਜ ਤੂੰ ਛੁੱਟੀ ਕਰ ਲੈ, ਬੇਬੇ ਦੇ ਮੂੰਹੋਂ ਛੁੱਟੀ ਦਾ ਸੁਣ ਕੇ ਮੈਨੂੰ ਚਾਅ ਜਿਹਾ ਚੜ੍ਹ ਗਿਆ, ਜਿਵੇਂ ਕਦੀ ਸਕੂਲੋਂ ਛੁੱਟੀ ਮਿਲਣ ਵੇਲੇ ਚੜ੍ਹਦਾ ਹੁੰਦਾ ਸੀ, ਪਰ ਘਰ ਦੀ ਇਸ ਤਰ੍ਹਾਂ ਦੀ ਹਾਲਤ ਦੇਖ ਕੇ ਮੈਂ ਡਰਦਾ ਮਾਰਾ ਬੇਬੇ ਤੋਂ ਕੁੱਝ ਵੀ ਨਹੀਂ ਸਾਂ ਪੁੱਛ ਸਕਿਆ ਤੇ ਗਹਿਰੀਆ ਸੋਚਾਂ ਸੋਚਦਾ ਹੋਇਆ ਆਪਣੇ ਘਰ ਨੂੰ ਵਾਪਸ ਮੁੜ ਆਇਆ ਸਾਂ, ਆਖਰ ਇਹ ਭਾਣਾ ਵਰਤ ਕੀ ਗਿਐ?

ਉਸ ਦਿਨ ਆਥਣ ਤੱਕ ਭਾਵੇਂ ਮੈਂ ਪਿੰਡ 'ਚ ਛਿੜੀ ਹੋਈ ਚਰਚਾ ਸੁਣ ਤਾਂ ਲਈ ਸੀ, ਪਰ ਮੈਂ ਤਾਂ ਆਪਣੇ ਕੰਮ ਉੱਤੇ ਪਹੁੰਚਣਾ

ਪਰਿੰਦੇ ਵੀ ਅਕਾਸ਼ੀਂ ਉੱਡਣ ਜੇ ਬੇਖ਼ੌਫ਼ ਹੋ ਕੇ ਹੁਣ,
ਅਸੀਂ ਵੀ ਆਖੀਏ,ਪਰਵਾਜ਼ ਤੇ ਹਰ ਡਾਰ ਅਪਣੀ ਹੈ। -ਸੁਖਚਰਨ ਸਿੰਘ ਸਿੱਧੂ

ਹੀ ਪਹੁੰਚਣਾ ਸੀ, ਅਗਲੇ ਦਿਨ ਦੋਚਿੱਤੀ ਜਿਹੀ 'ਚ ਮੈਂ ਸਾਂਝਰੇ ਹੀ ਕੰਮ 'ਤੇ ਫਿਰ ਆ ਗਿਆ ਸੀ। ਬਾਬੇ ਕੇ ਘਰ ਪਹੁੰਚਣ 'ਤੇ ਇਵੇਂ ਲੱਗਿਆ, ਜਿਵੇਂ ਕੱਲ੍ਹ ਕੋਈ ਗੱਲ ਈ ਨਹੀਂ ਸੀ ਹੋਈ, ਸਭ ਕੁੱਝ ਉਵੇਂ ਹੀ ਚੱਲ ਰਿਹਾ ਸੀ, ਇਹੇ ਸਭ ਕੁੱਝ ਦੇਖਕੇ ਮੈਂ ਵੀ ਹੌਂਸਲੇ ਜਿਹੇ ਵਿਚ ਆ ਗਿਆ, ਘਰੋਂ ਬਾਬਾ ਜੀ ਮੈਥੋਂ ਪਹਿਲਾਂ ਹੀ ਖੇਤਾਂ ਨੂੰ ਚਲਾ ਗਿਆ ਸੀ, ਪਰ ਮੇਰੇ ਨਾਲ ਕਿਸੇ ਨੇ ਵੀ ਕੋਈ ਗੱਲ ਨਹੀਂ ਸੀ ਕੀਤੀ, ਮੈਂ ਚਾਹ ਨਾਲ ਦੋ ਮਿੱਸੀਆਂ ਰੋਟੀਆਂ ਖਾ ਕੇ ਖੇਤਾਂ ਨੂੰ ਚਲਾ ਗਿਆ, ਜਦੋਂ ਮੈਂ ਖੂਹ ਤੇ ਪਹੁੰਚਿਆ ਤਾਂ ਦੇਖਿਆ ਕਿ ਬਾਬਾ ਜੀ ਤਾਂ ਉਥੇ ਵੀ ਕਿਧਰੇ ਦਿਖਾਈ ਨਹੀਂ ਸੀ ਦੇ ਰਹੇ ਸਨ, ਮੈਂ ਏਧਰ ਓਧਰ ਉਨ੍ਹਾਂ ਨੂੰ ਦੇਖਕੇ 'ਮੋਟਰ-ਕਮਰੇ' ਵਿੱਚੋਂ ਕਹੀ ਚੁੱਕੀ 'ਤੇ ਸਿੱਧਾ ਆਪਣੀ ਪਰਸੋਂ ਵਾਲੀ ਵਿਚਾਲੇ ਛੱਡੀ ਹੋਈ ਖਾਲ੍ਹ ਨੂੰ ਸੰਵਾਰਨ ਚਲਾ ਗਿਆ, ਅਜੇ ਮੈਂ ਦੋ ਢਾਈ ਕਰਮਾਂ ਹੀ ਖਾਲ੍ਹ ਸੰਵਾਰੀ ਹੋਵੇਗੀ ਕਿ ਬਾਬਾ ਜੀ ਪਿਛਲੇ ਪਾਸਿਓਂ ਮੇਰੇ ਕੋਲ ਆ ਗਏ, ਮੈਂ ਉਨ੍ਹਾਂ ਨੂੰ ਓਧਰੋਂ ਆਉਂਦਿਆਂ ਨੂੰ ਦੇਖ ਕੇ ਪੁੱਛਿਆ ਕਿ ਬਾਬਾ ਜੀ ਤੁਸੀਂ ਕਿੱਥੇ ਗਏ ਹੋਏ ਸੀ?

ਕਹਿੰਦੇ "ਮੈਂ, ਸੂਏ ਪਾਰ ਸੰਧੂ ਆੜ੍ਹਤੀਏ ਦੇ ਘਰ ਗਿਆ ਸਾਂ, ਥੋੜ੍ਹੇ ਜਿਹੇ ਪੈਸਿਆਂ ਦੀ ਲੋੜ ਪੈ ਗਈ ਤੀ ਅੱਜ, ਕਿਸੇ ਦੇ ਵਾਪਸ ਮੋੜਨੇ ਨੇ, ਕੱਲ੍ਹ ਪੁਲਸ ਲੈ ਗਈ ਤੀ ਨਾ ਚੁੱਕ ਕੇ ਮੈਨੂੰ, ਕਿਸੇ ਨੇ ਆਪਣੇ ਪੱਲਿਉਂ ਪੈਸੇ ਦੇ ਕੇ, ਮੈਨੂੰ ਪੁਲਸ ਤੋਂ ਛੁਡਵਾਇਐ, ਅੱਜ ਉਸ ਦੇ ਪੈਸੇ ਮੋੜਨ ਜਾਣੈ, ਪਰ ਤੂੰ ਖੁਰਪਾ ਨਹੀਂ ਲਿਆਇਆ ਨਾਲ ਚੁੱਕ ਕੇ, ਮੈਂ ਕਰਵਾ ਦਿੰਦਾ ਕੁੱਝ 'ਉਦੋਂ ਤੱਕ' ਤੇਰੇ ਨਾਲ।

"ਮੈਂ ਖੁਰਪਾ ਤਾਂ ਨਹੀਂ ਲਿਆਇਆ, ਪਰ ਬਾਬਾ ਜੀ ਗੱਲ ਕੀ ਹੋ ਗਈ ਸੀ, ਥੋਨੂੰ ਕੱਲ੍ਹ ਪੁਲਸ ਕਿਉ ਚੱਕ ਕੇ ਲੈ ਗਈ ਤੀ?" ਮੈਂ ਵੱਟ ਉੱਤੇ ਕਹੀ ਰੱਖ ਦੇ ਨੇ, ਫ਼ਿਕਰ ਜਿਹੇ ਵਿੱਚ ਬਾਬਾ ਜੀ ਤੋਂ ਪੁੱਛਿਆ।

ਆਪਣਾ ਕੰਤ ਐ ਨਾ? ਉਨ੍ਹਾਂ ਇਹ ਸ਼ਬਦ ਬਹੁਤ ਹੀ ਪਿਆਰ ਨਾਲ ਬੋਲਿਆ, ਕਹਿੰਦੇ ਉਹੋ "ਖੋਹਾਂ" ਕਰਨ ਲੱਗ ਪਿਐ, ਕਿਸੇ ਨੇ ਉਸ ਨੂੰ ਪਛਾਣ ਕੇ ਠਾਣੇ 'ਚ ਰਪਟ ਲਿਖਾ ਦਿੱਤੀ ਤੀ, ਤਾਂ ਕਰਕੇ ਪੁਲਸ ਮੈਨੂੰ ਲੈ ਗਈ ਤੀ ਕੱਲ੍ਹ, ਪੁਲਿਸ ਮੈਨੂੰ ਕਹਿੰਦੀ, 'ਬਾਬਾ ਅਸੀਂ ਤੇਰੇ ਵਿੱਚੋਂ ਕੰਤ ਕੱਢਣੈ, ਜਿੱਥੋਂ ਮਰਜ਼ੀ ਲਿਆ ਲੱਭ ਕੇ, ਜਿਵੇਂ ਕੰਤ ਮੇਰੀ ਜੇਬ ਵਿੱਚ ਪਾਇਆ ਹੁੰਦੈ'- ਇਹ ਗੱਲ ਹੁਣ ਉਹ ਹਰਖ ਜਿਹੇ 'ਚ ਕਹਿ ਰਹੇ ਸਨ, ਮੈਂ ਉਨ੍ਹਾਂ ਦੇ ਤੇਵਰਾਂ ਦਾ ਉਤਰਾ ਚੜ੍ਹਾਅ ਦੇਖਣ ਲੱਗਾ।

ਉਦੋਂ ਮੈਨੂੰ ਸੱਚਮੁੱਚ ਇਹ ਪਤਾ ਨਹੀਂ ਸੀ ਹੁੰਦਾ ਕਿ ਅਸਲ ਵਿੱਚ 'ਖੋਹਾਂ' ਹੈ ਕਿਹੜੀ ਨੌਕਰੀ? ਪਰ ਬਾਬੇ ਨੇ ਤਾਂ ਬੜੇ ਭੋਲੇ ਭਾਅ ਹੀ ਮੈਨੂੰ ਜੁਆਬ ਦੇ ਦਿੱਤਾ ਸੀ, ਖੋਹਾਂ ਦਾ ਮੈਨੂੰ ਥੋੜ੍ਹੇ ਦਿਨਾਂ ਬਾਅਦ ਉਦੋਂ ਪਤਾ ਲੱਗਿਆ, ਜਦੋਂ ਬਾਬੇ ਨੂੰ ਹਰ ਪੰਦਰਾਂ ਵੀਹਾਂ ਦਿਨਾਂ ਮਗਰੋਂ ਪੁਲਸ ਘਰੇ ਆ ਕੇ ਇਉਂ ਚੱਕ ਕੇ ਲੈ ਜਾਂਦੀ, ਜਿਵੇਂ ਬਾਬਾ ਖੁਦ ਹੀ ਲੁੱਟਾਂ-ਖੋਹਾਂ ਕਰਨ ਜਾਂਦਾ ਹੋਵੇ ਜਾਂ ਮਹੀਨੇ 'ਚ ਇੱਕ ਅੱਧ ਵਾਰ ਤਾਂ ਪੁਲਸ ਦਾ ਬਾਬੇ ਘਰੇ ਆਉਣਾ ਇੰਝ ਹੋ ਗਿਆ ਸੀ, ਜਿਵੇਂ ਕੋਈ ਕਰੀਬੀ ਰਿਸ਼ਤੇਦਾਰ ਮਿਲਣ ਆਉਂਦਾ ਹੁੰਦੈ, ਕੰਤ ਜਿੰਨੀਆਂ ਵੀ ਬਾਹਰ ਵਾਰਦਾਤਾਂ ਕਰਦਾ, ਓਨੀ ਵਾਰ ਹੀ ਘਰੋਂ ਬਾਬੇ ਨੂੰ ਚੱਕਿਆ ਜਾਂਦਾ, ਜਿਵੇਂ ਪੁਲਸ ਨੂੰ ਖਾਣ ਲਈ ਇਹ 'ਖਾਣ' ਲੱਭ ਗਈ ਹੋਵੇ।

ਜਦੋਂ ਤੱਕ ਕਿਸੇ ਸਿਆਣੇ ਬੰਦੇ ਨੇ ਕੰਤ ਨੂੰ ਘਰੋਂ ਬੇਦਖ਼ਲ ਕਰਨ ਦੀ ਦਲੀਲ ਦੱਸੀ, ਉਦੋਂ ਤੱਕ ਸਾਲ ਭਰ ਹੋਰ ਲੰਘ ਗਿਆ ਸੀ, ਹਰ ਵਾਰ ਪੈਸੇ ਦੇ ਕੇ ਬਾਬੇ ਨੂੰ ਪੁਲਸ ਤੋਂ ਛੁਡਵਾਇਆ ਜਾਂਦਾ, ਬਾਬੇ ਸਿਰ ਕਰਜ਼ਾ ਲਗਾਤਾਰ ਚੜ੍ਹ ਰਿਹਾ ਸੀ, ਹਰੇਕ ਵਾਰ ਮੰਡੀ ਫ਼ਸਲ ਸੁੱਟਣ ਵੇਲੇ, ਵੱਟੇ ਹੋਏ ਪੈਸਿਆਂ ਦੇ ਨਾਲ ਨਾਲ ਬਿੱਘਾ ਡੇਢ ਬਿੱਘਾ ਜ਼ਮੀਨ ਗਹਿਣੇ ਕਰਕੇ ਸੰਧੂ ਆੜ੍ਹਤੀਏ ਨਾਲ ਹਿਸਾਬ-ਕਿਤਾਬ ਬਰਾਬਰ ਕਰਨਾ ਪੈਂਦਾ, ਕੋਈ ਅੱਧਾ ਕੁ ਸਾਲ ਹੋਰ ਲੰਘਣ ਤੋਂ ਬਾਅਦ, ਇੱਕ ਦਿਨ ਪਤਾ ਚੱਲਿਆ ਕਿ ਕੰਤ ਇੱਕ ਪੁਲਿਸ ਮੁਕਾਬਲੇ 'ਚ ਜਿਉਂਦਾ ਫੜਿਆ ਗਿਆ, ਭਾਵੇਂ ਇਸ ਗੱਲ ਨੂੰ ਸੁਣ ਕੇ ਬਾਬਾ ਸੁਰਖ਼ਰੂ ਜਿਹਾ ਤਾਂ ਹੋ ਗਿਆ, ਪਰ ਪੁੱਤਰ ਮੋਹ ਨੇ ਉਸ ਦੇ ਲੱਕ ਨੂੰ ਹੋਰ ਕੁੱਬਾ ਕਰ ਦਿੱਤਾ, ਨਾਲੇ ਉਦੋਂ ਤੱਕ ਕੰਤ ਦੇ ਹਿੱਸੇ ਦੀ ਸਾਰੀ ਜ਼ਮੀਨ ਕਦੋਂ ਦੀ ਵਿਕ ਚੁੱਕੀ ਸੀ, ਇਨ੍ਹਾਂ ਦੋਹਾਂ ਤਿੰਨਾਂ ਸਾਲਾਂ ਬਾਅਦ, ਜਦੋਂ ਇਸ ਰੋਲੇ ਰੱਪੇ ਨੂੰ ਕੁੱਝ ਠੱਲ੍ਹ ਪਈ, ਉਦੋਂ ਤੱਕ ਕੰਤ ਤੋਂ ਛੋਟਾ ਚਾਚਾ ਪਰਸੀ ਜੁਆਨ ਹੋ ਗਿਆ ਸੀ, ਭਾਵੇਂ ਪਿੰਡ ਦੇ ਲੋਕ ਹੁਣ ਇਸ ਟੱਬਰ ਤੋਂ ਕੁੱਝ ਭੈ ਜਿਹੀ ਖਾਣ ਲੱਗ ਪਏ ਸਨ, ਵੱਖਰੇਵਾਂ ਵੀ ਬਣਾ ਕੇ ਰੱਖ ਦੇ, ਦੂਜਾ ਪੁਲਸ ਦੇ ਹਊਏ ਕਰਕੇ ਇਸ ਪਰਿਵਾਰ ਨਾਲ ਲੋਕਾਂ ਦੀ ਆਮ ਬੋਲਚਾਲ ਵੀ ਘੱਟ ਹੋ ਗਈ ਸੀ, ਪਰ ਇਸ ਤਰ੍ਹਾਂ ਟਿਕ ਟਿਕਾਅ ਵਾਲਾ ਵਕਤ ਬਹੁਤੀ ਦੇਰ ਨਹੀਂ ਸੀ ਨਿਕਲਿਆ ਕਿ ਛੋਟਾ ਚਾਚਾ ਪਰਸੀ ਪਿੰਡ 'ਚ ਅਵਾਰਾ ਗਰਦੀਆਂ ਕਰਦਾ, ਵਿਹਲਾ ਫਿਰਦਾ ਫਿਰਦਾ ਇੱਕ ਦਿਨ ਆਪਣੇ ਅਜਿਹੇ ਹੱਥ ਦਿਖਾ ਗਿਆ ਕਿ ਸਾਰੇ ਪਿੰਡ 'ਚ ਤਰਾਅ ਤਰਾਅ ਹੋ ਗਈ, ਉਸ ਦਾ ਕਾਰਾ ਤਾਂ ਕੰਤ ਨਾਲੋਂ ਵੱਖਰਾ ਅਤੇ ਭੈੜਾ ਸੀ, ਉਹ ਤਾਂ ਪਿੰਡ ਦੀ ਹੀ ਦੋਹਤੀ ਨੂੰ ਉਧਾਲ ਕੇ ਲੈ ਗਿਆ, ਸਾਰੇ ਪਿੰਡ ਨੇ ਕੁੜੀ ਦੇ ਮਾਮਿਆਂ ਦਾ ਸਾਥ ਦਿੱਤਾ ਅਤੇ ਪਰਸੀ ਦੇ ਇਸ ਕਾਰੇ ਨੂੰ ਬਹੁਤ ਨਿੰਦਿਆ, ਇਸ ਬਦਲੇ ਕੰਤ ਦੇ ਕੰਮਾਂ ਨੂੰ ਸਲਾਹਿਆ ਗਿਆ, ਉਹ ਭਾਵੇਂ ਲੱਖ ਚੋਰੀਆਂ ਕਰਦਾ ਸੀ, ਪਰ ਪਿੰਡ 'ਚ ਉਸ ਦਾ ਅਜਿਹਾ ਕੋਈ ਮਾੜਾ ਕਾਰਨਾਮਾ ਨਹੀਂ ਸੀ ਸੁਣਿਆ, ਪਰਸੀ ਤਾਂ ਪਿੰਡ 'ਚ ਹੀ ਚੰਦ ਚੜ੍ਹਾਅ ਗਿਆ ਸੀ, ਉਹ ਵੀ ਦੋਹਤੀ, ਲੋਕ ਤੋਬਾ-ਤੋਬਾ ਕਰਕੇ ਕੰਨਾਂ ਨੂੰ ਹੱਥ ਲਾਉਂਦੇ।

ਜਿਉਂ ਹੀ ਕੁੜੀ ਦੇ ਮਾਮਿਆਂ ਅਤੇ ਮਾਪਿਆਂ ਨੇ ਠਾਣੇ ਵਿੱਚ ਜਾ ਕੇ ਰਪਟ ਲਿਖਵਾਈ, ਬੱਸ ਅਗਲੀ ਗੱਲ ਤਾਂ ਪੁਲਸ ਨੂੰ ਕੁੱਝ ਪੁੱਛਣ ਦੀ ਲੋੜ ਈ ਨਹੀਂ ਪਈ, ਕਿਉਂਕਿ ਪੁਲਸ ਹਾਲੇ ਉਨ੍ਹਾਂ ਦੇ ਘਰ ਦਾ ਰਸਤਾ ਨਹੀਂ ਸੀ ਭੁੱਲੀ, ਇਸ ਵਾਰ ਦਾ ਤਾਂ ਕੋਈ ਪੁਲਿਸ ਅਫ਼ਸਰ ਬਹੁਤਾ ਹੀ ਕੈੜਾ ਆਇਆ ਹੋਇਆ ਸੀ, ਉਸ ਨੇ ਬੇਬੇ ਸਮੇਤ ਸਾਰੇ ਟੱਬਰ ਨੂੰ ਚੱਕ ਲਿਆ, ਪਰ ਪਰਸੀ ਦਾ ਕੁੱਝ ਪਤਾ ਨਹੀਂ ਸੀ ਲੱਗ ਸਕਿਆ ਕਿ ਉਸ ਨੂੰ ਪਤਾਲ ਨਿੱਗਲ ਗਿਐ ਜਾਂ ਫਿਰ ਉਹ ਗਹਿਰ ਬਣ ਕੇ ਕਿਧਰੇ ਅਸਮਾਨੀ ਚੜ੍ਹ ਗਿਐ।

ਪੁਲਸ ਬਾਬੇ ਨੂੰ ਨਾਲ ਲਿਜਾ ਕੇ ਹਰੇਕ ਰਿਸ਼ਤੇਦਾਰ, ਯਾਰਾਂ-ਦੋਸਤਾਂ ਅਤੇ ਅੰਗਲੀਆ-ਸੰਗਲੀਆਂ ਦੇ ਘਰਾਂ ਵਿੱਚ ਛਾਪੇ ਮਾਰਦੀ ਫਿਰ ਰਹੀ ਸੀ। ਬਾਬੇ ਦੀ ਚਿੱਟੀ ਸਫੈਦ ਬੀਬੀ ਦਾਹੜੀ, ਪੁਲਸ ਦੀਆਂ ਗਾਲ੍ਹਾਂ, ਧੱਕੇ, ਮੁੱਕੀਆਂ ਅਤੇ ਕੁੱਟ ਦਾ ਭਾਰ ਨਹੀਂ ਸੀ ਸਹਿ ਰਹੀ, ਪੂਰੇ ਟੱਬਰ ਦੇ ਬਚਾਅ ਖਾਤਿਰ ਪੈਸਿਆਂ ਦਾ ਬਹੁਤ ਲੱਗੋ ਲੱਗ ਹੋ ਰਿਹਾ ਸੀ। ਸੰਧੂ ਧੜਾ-ਧੜ ਰੁਪਈਏ ਦੇ ਰਿਹਾ ਸੀ, ਇਸ ਕਰਤੂਤ ਲਈ ਹੋਰ ਵੀ ਵੱਧ ਰੁਪਈਆ ਦੀ ਲੋੜ ਸੀ, ਬਾਬੇ ਦਾ ਅੰਗੂਠਾ ਲਗਾਤਾਰ ਗਿੱਲਾ ਰਹਿਣ ਲੱਗਿਆ, ਨੀਲੀ ਸਿਆਹੀ

ਸਵਰਗ ਨਰਕ ਦੇ ਝਗੜੇ ਅੰਦਰ, ਕਿਉਂ ਪਿਆ ਉਮਰ ਗੁਆਨੈਂ,
ਕਲ੍ਹ ਕੀ ਹੋਵੇ? ਕਲ੍ਹ ਵੇਖਾਂਗੇ, ਅੱਜ ਦੋ ਘੜੀਆਂ ਜੀ ਲੈ। -ਕੰਵਰ ਮਹਿੰਦਰ ਸਿੰਘ ਬੇਦੀ

ਉਸ ਉਪਰੋਂ ਸੁੱਕ ਨਹੀਂ ਸੀ ਰਹੀ, ਸੂਏ ਦੇ ਨਾਲ ਵਾਲੇ ਪੰਜਾਂ ਕੀਲਿਆਂ ਉਪਰ ਦੀ ਤਾਂ ਸੰਧੂ ਦੀ ਕਲਮ, ਪਹਿਲਾਂ ਹੀ ਘੁੰਮ ਚੁੱਕੀ ਸੀ, ਜ਼ਮੀਨ ਇਉਂ ਸੁੰਗੜ ਰਹੀ ਸੀ, ਜਿਵੇਂ ਗੁਬਾਰੇ ਵਿੱਚੋਂ ਫੂਕ ਨਿਕਲ ਰਹੀ ਹੋਵੇ, ਆਖ਼ਿਰ ਦਾਣੇ ਵੀ ਬੋਹ.ਲ ਬਣਨੋਂ ਹਟ ਗਏ, ਸੰਧੂ ਦੀ ਟਰਾਲੀ ਦੇ ਖੜ੍ਹਕਦੇ ਕੁੰਡਿਆਂ ਦੀ ਆਵਾਜ਼, ਬਾਬੇ ਦੇ ਖੇਤਾਂ ਵਿੱਚੋਂ ਆਉਣੋਂ ਬੰਦ ਹੋ ਗਈ ਸੀ।

ਜਦੋਂ ਢਾਈ ਤਿੰਨ ਮਹੀਨਿਆਂ ਪਿੱਛੋਂ ਇਸ ਝੁੱਲੇ ਹੋਏ ਝੱਖੜ ਨੂੰ ਕੁਝ ਰੋਕ ਲੱਗੀ, ਉਦੋਂ ਤੱਕ ਹੇਠਲੇ ਤਿੰਨਾਂ ਕੀਲਿਆਂ ਨੂੰ ਪੈਰ ਲੱਗ ਚੁੱਕੇ ਸਨ, ਬਾਕੀ ਦੀ ਬਚੀ-ਖੁਚੀ ਜ਼ਮੀਨ ਵਿਚ ਹੁਣ ਅਸੀਂ ਕੱਖ ਕੰਡਾ ਬੀਜਦੇ ਅਤੇ ਖਾਣ ਪੀਣ ਜੋਗੇ ਦਾਣੇ ਬੀਜ ਛੱਡ ਦੇ। ਹੌਲੀ ਹੌਲੀ ਫ਼ਸਲ ਮੰਡੀ ਵਿੱਚ ਜਾਣੋ ਬੰਦ ਹੋ ਗਈ, ਦਾਣੇ ਖਾਣ ਜੋਗੇ ਮਸਾਂ ਨਿਕਲਦੇ, ਕੱਖ ਕੰਡੇ ਨਾਲ ਡੰਗਰਾਂ ਦਾ ਵੀ ਬੜੀ ਮੁਸ਼ਕਲ ਨਾਲ ਗੁਜ਼ਾਰਾ ਹੁੰਦਾ, ਦਾਣੇ ਵੇਚ ਕੇ ਸਿਰ ਚੜ੍ਹੇ ਹੋਏ ਪੈਸੇ ਉਤਾਰਨ ਵਾਲੀ ਬਾਬੇ ਦੀ ਹੁਣ ਦੂਜੀ ਉਮੀਦ ਉੱਤੇ ਵੀ ਪਾਣੀ ਫਿਰ ਗਿਆ ਸੀ, ਸੁੰਗੜ ਰਹੀ ਜ਼ਮੀਨ ਨੂੰ ਦੇਖ ਕੇ ਇੱਕ ਦਿਨ ਬਾਬੇ ਨੇ ਆਪਣੇ ਭਰੇ ਹੋਏ ਮਨ ਨਾਲ ਮੈਨੂੰ ਆਪਣੀ ਜੀਵਨ ਗਾਥਾ ਦੱਸੀ। ਬਾਬਾ ਕਹਿੰਦਾ, "ਮੈਨੂੰ ਮੇਰੇ ਸੌਤੇਲੇ ਮਾਂ-ਬਾਪ ਵੱਲੋਂ ਇੱਕ ਘਰ ਤੋਂ ਇਲਾਵਾ ਕੱਖ ਵੀ ਨਹੀਂ ਸੀ ਮਿਲਿਆ ਹੋਰ, ਕਹਿੰਦੇ ਤੇਰਾ ਵਿਆਹ ਕਰ ਦਿੱਤੈ ਉਹ ਥੋੜੈ? ਫੇਰ ਮੈਂ ਆਪਣੇ ਸਹੁਰਿਆਂ ਦੀ ਮਦਦ ਨਾਲ ਆਪਣੇ ਸੋਤੇਲੇ ਭਰਾਵਾਂ ਨੂੰ ਕੁੱਝ ਬਣਕੇ ਦਿਖਾਉਣ ਦੀ ਹੱਠ ਕਰਕੇ ਤੇਰੀ ਬੇਬੇ ਦੇ ਦਾਜ ਵਿੱਚ ਆਏ ਸਾਰੇ ਗਹਿਣੇ ਵੀ ਵੇਚੇ ਅਤੇ ਉਸ ਦੇ ਪੇਕਿਆਂ ਤੋਂ ਵੀ ਮਦਦ ਲਈ ਸੀ, ਉਪਰੋਂ ਸਰਦਾਰ ਨੂੰ ਪਹਿਲੇ ਦੋ ਸਾਲ ਦੀ ਵੱਟਤ ਦੇਣੀ ਵੀ ਕੀਤੀ, ਚੋਹਾਂ ਮੁੰਡਿਆਂ ਦਾ ਵਾਸਤਾ ਪਾਇਆ ਸੀ ਕਿ ਕਿਤੇ ਨਾ ਕਿਤੇ ਚੱਜਦੇ ਘਰਾਂ ਵਿੱਚ ਮੰਗੇ ਵਿਆਹੇ ਜਾਣਗੇ, ਫਿਰ ਮੇਰੀ ਲਿਹਾਜ਼ ਤੀ ਸਰਦਾਰ ਨਾਲ ਪੁਰਾਣੀ ਤਾਂ ਕਿਤੇ ਜਾ ਕੇ ਇਸ ਜ਼ਮੀਨ ਦੀ 'ਜਿਸਟਰੀ ਮੇਰੇ ਨਾਂ ਕਰਵਾਈ ਤੀ, ਪਰ ਲੋਕਾਂ ਨੂੰ ਉਦੋਂ ਬੜਾ ਸਾੜਾ ਲੱਗਿਆ ਤੀ ਜਿਵੇਂ ਮੈਂ ਇਹੇ ਟੱਕ ਸਰਦਾਰ ਤੋਂ ਕਿਸੇ ਧੋਖੇ ਨਾਲ, ਆਪਣੇ ਨਾਂ ਕਰਵਾ ਲਿਆ ਹੋਵੇ, ਤੈਨੂੰ ਕੀ ਦੱਸਾਂ ਜੈਲਿਆ, ਇਹਦੇ ਨਾਲੋਂ ਤਾਂ ਸਾਲਾ ਮੈਨੂੰ ਹੀ ਕੋਈ ਵੈਲ-ਵੂਲ ਲੱਗਿਆ ਹੁੰਦਾ, ਸਾਲੀ ਨੂੰ ਖਾ ਕੇ 'ਹੱਗ' ਦਿੰਦਾ, ਫੇਰ ਭੋਰਾ ਦੁੱਖ ਨਹੀਂ ਸੀ ਹੋਣਾ ਮੈਨੂੰ, ਪਰ ਇਹ ਤਾਂ ਭੰਗ ਦੇ ਭਾੜੇ ਹੀ ਪੁਲਸ ਦੀਆਂ ਜੇਬਾਂ 'ਚ ਤੇ ਵਕੀਲਾਂ ਦੀ ਜੇਬਾਂ 'ਚ, ਇਵੇਂ ਡਿੱਗ ਰਹੀ ਐ, ਜਿਵੇਂ ਸਾਲਾ ਨਿਵਾਣ ਵੱਲ ਨੂੰ ਪਾਣੀ ਡਿੱਗਦਾ ਹੁੰਦੈ।" ਇਉਂ ਕਹਿ ਕੇ ਬਾਬਾ ਜੀ ਉਦਾਸ ਹੋ ਗਏ ਸਨ।

ਅੱਜ ਮੇਰੇ ਸਾਹਮਣੇ ਉਸ ਗੱਲ ਦਾ ਭੇਦ ਖੁੱਲ੍ਹ ਗਿਆ ਸੀ ਕਿ ਇਹ ਜ਼ਮੀਨ ਬਾਬੇ ਨੇ ਆਖ਼ਰ ਖ਼ਰੀਦੀ ਕਿਵੇਂ ਸੀ।

ਮੈਂ ਖੇਤਾਂ ਵਿੱਚ ਕੰਮ ਕਰਦਾ ਰਹਿੰਦਾ, ਉਂਝ ਤਾਂ ਬਾਬਾ ਜੀ ਵੀ ਮੇਰੇ ਨਾਲ ਹੀ ਕੰਮ ਕਰਵਾਉਂਦਾ ਰਹਿੰਦਾ, ਬਸ ਹੁਣ ਉਨ੍ਹਾਂ ਦੀ ਮੀਣੇ ਬਲਦ ਵਾਂਗੂੰ ਇਹੋ ਜਿਹੀ ਨੀਵੀਂ ਪੈ ਗਈ ਤੀ ਕਿ ਗਰਦਨ ਹੇਠ ਹੋੜਾ ਦੇਣ 'ਤੇ ਵੀ ਉਹ ਉਪਰ ਨਹੀਂ ਸੀ ਉਠ ਰਹੀ, ਖੇਤ ਵਿੱਚ ਗੇੜਾ ਕੱਢਦਿਆਂ, ਉਨ੍ਹਾਂ ਨੂੰ ਹੌਂਕਣੀ ਚੜ੍ਹ ਜਾਂਦੀ, ਹੁਣ ਤਾਂ ਖੇਤ ਦੀਆਂ ਵੱਟਾਂ ਵੀ ਬਹੁਤ ਨੇੜੇ ਨੇੜੇ ਆ ਗਈਆ ਸਨ, ਜਿਉਂ ਜਿਉਂ ਮੇਰੇ ਘਰਦਾ ਖ਼ਰਚਾ ਅਤੇ ਹੋਰ ਮਜਬੂਰੀਆਂ ਵੱਧ ਰਹੀਆਂ ਸਨ, ਤਿਉਂ ਤਿਉਂ ਬਾਬੇ ਦਾ ਹੱਥ ਤੰਗ ਹੁੰਦਾ ਗਿਆ, ਮੈਨੂੰ ਕਦੀ ਕਦੀ ਬਾਬੇ ਉਪਰ ਬੜਾ ਹੀ ਤਰਸ ਆਉਂਦਾ, ਉਨ੍ਹਾਂ ਦੇ ਅਜਿਹੇ ਹਾਲਾਤ ਦੇਖ ਕੇ ਮੈਂ ਸੋਚਦਾ, ਅਗਲਾ ਸਾਲ ਤਾਂ ਮੈਂ ਬਾਬੇ ਨਾਲ ਮੁਫਤ ਹੀ ਲਾਊਂਗਾ,ਪਰ ਇਨ੍ਹਾਂ ਦਾ ਘਰ, ਘਰ ਹੀ ਬਣਿਆ ਰਹੇ, ਉਜੜੇ ਨਾ।

ਦੂਜੇ ਪਾਸੇ ਮੈਨੂੰ ਪਿੰਡ ਵਾਲਿਆਂ ਤੋਂ ਵੀ ਬਹੁਤ ਗੱਲਾਂ ਸੁਣਨੀਆਂ ਪੈਂਦੀਆਂ, ਸਵੇਰੇ ਸ਼ਾਮ ਬਾਬੇ ਹੋਰਾਂ ਕੰਨ੍ਹੀ ਕੰਮ 'ਤੇ ਆਉਂਦੇ ਜਾਂਦੇ ਨੂੰ ਦੇਖ ਕੇ ਲੋਕੀਂ ਮੈਨੂੰ ਮਿਹਣੇ ਜਿਹੇ ਮਾਰ ਕੇ ਕਹਿੰਦੇ ਸਨ, ਕਿਸੇ ਦਿਨ ਤੇਰੇ ਮੌਰ ਵੀ ਸੇਕੇ ਜਾਣੇ ਨੇ ਜੈਲਿਆ, ਬਚ ਕੇ ਰਿਹਾ ਕਰ, ਇੱਕ ਦਿਨ ਇੱਕ ਜੱਟ ਦੇ ਮਿਹਣੇ ਨੇ ਤਾਂ ਮੇਰੀ ਜਾਨ ਹੀ ਕੱਢ ਦਿੱਤੀ, ਉਹ ਕਹਿੰਦਾ, "ਅਪਦੀ ਹਥੇਲੀ ਉੱਤੇ ਬੀਜ ਲਿਆ ਕਰੋ ਜੋ ਕੁਝ ਬੀਜਣਾ ਹੁੰਦੈ, ਇਹੇ ਥੋਡੀ ਜ਼ਮੀਨ ਨਾਲੋਂ ਤਾਂ ਵੱਡੀ ਐ, ਜ਼ਮੀਨ ਤਾਂ ਹੁਣ ਥੋਡੀ ਹੱਗਣ-ਹੱਗਾਉਣ, ਜੋਗੀ ਵੀ ਨਹੀਂ ਰਹੀ।" ਮੇਰਾ ਦਿਲ ਤਾਂ ਕਰ ਰਿਹਾ ਸੀ ਕਿ ਇਸ ਨੂੰ ਇੱਕ ਤਕੜੀ ਜਿਹੀ ਗਾਲ੍ਹ ਕੱਢਾ, ਪਰ ਲੋਕ ਵੀ ਤਾਂ ਸੱਚ ਬੋਲਦੇ ਸਨ, ਭਾਵੇਂ ਦੋ-ਤਿੰਨ ਵਾਰੀ ਮੈਨੂੰ ਵੀ ਪੁਲਸ ਹੱਥੋਂ ਲੁਕ ਛਿਪ ਕੇ ਹੀ ਬਚਣਾ ਪਿਆ ਸੀ, ਪਰ ਮੈਂ ਲੋਕਾਂ ਦੀ ਬਹੁਤੀ ਪਰਵਾਹ ਨਾ ਕਰਦਾ, ਪਿੰਡ ਦੇ ਲੋਕੀਂ ਮੈਨੂੰ ਪਰਸੀ ਚਾਚੇ ਵਾਰੇ ਜਾਣ ਜਾਣ ਕੇ ਪੁੱਛਦੇ ਰਹਿੰਦੇ, "ਆਉਂਦੈ ਹੋਣੈ ਕਦੀ ਰਾਤ ਬਰਾਤੇ ਘਰੇ?" ਪਰ ਮੈਂ ਝੂਠ ਬੋਲਣ ਤੋਂ ਹਮੇਸ਼ਾ ਗੁਰੇਜ਼ ਕਰਦਾ ਅਤੇ ਜ਼ਿਆਦਾ ਚੁੱਪ ਹੀ ਰਹਿੰਦਾ, ਬਾਬੇ ਦੇ ਘਰ ਨੂੰ ਹੁਣ ਮੈਂ ਆਪਣਾ ਹੀ ਘਰ ਸਮਝਣ ਲੱਗ ਪਿਆ ਸੀ, ਜਿਵੇਂ ਮੈਨੂੰ ਉਸ ਘਰ ਨਾਲ ਪਿਆਰ ਜਿਹਾ ਹੋ ਗਿਆ ਹੋਵੇ ਅਤੇ ਬੇਬੇ ਦੀ ਸੂਝ-ਬੂਝ ਉੱਤੇ ਮੈਂ ਕੁਰਬਾਨ ਜਾਂਦਾ, ਜਿਸ ਨੇ ਆਪਣੇ ਉਜੜਦੇ ਹੋਏ ਘਰ ਨੂੰ ਦੇਖਕੇ ਵੀ ਧੀਰਜ ਦਾ ਪੱਲਾ ਨਹੀਂ ਸੀ ਛੱਡਿਆ, ਭਾਵੇਂ ਇਸ ਵਿਚ ਮੇਰੇ ਵੱਸ ਦਾ ਕੁੱਝ ਵੀ ਨਹੀਂ ਸੀ ਹੋ ਰਿਹਾ, ਪਰ ਮੈਂ ਫਿਰ ਵੀ ਦਿਲੋਂ ਦੁਆਵਾਂ ਦਿੰਦਾ ਰਹਿੰਦਾ।

ਠਾਣਿਉ ਛੁੱਟਕੇ ਆਉਣ ਤੋਂ ਬਾਅਦ ਬੇਬੇ ਦੀ ਹਾਲਤ ਬਹੁਤ ਹੀ ਤਰਸਯੋਗ ਹੋ ਗਈ ਸੀ, ਹੁਣ ਤਾਂ ਉਹ ਪਿੰਡ ਦੀਆਂ ਬੁੜ੍ਹੀਆਂ ਕੁੜੀਆਂ ਕੋਲ ਵੀ ਬੈਠਣੋਂ ਰਹਿ ਗਈ ਸੀ, ਇਸੇ ਕਰਕੇ ਬੇਬੇ ਹੁਣ ਜ਼ਿਆਦਾਤਰ ਘਰ ਹੀ ਰਹਿੰਦੀ ਅਤੇ ਆਪਣੇ ਦੋਵੇਂ ਛੋਟੇ ਮੁੰਡਿਆਂ ਦੇ ਸਿਰਾਂ ਉਪਰ ਹੱਥ ਰੱਖ ਰੱਖਕੇ ਸੌਂਦੀ, ਹਮੇਸ਼ਾ ਅਸੀਸਾਂ ਦਿੰਦੀ, "ਤੱਤੀ ਵਾਉ ਨਾ ਲੱਗ ਈ" ਦਾ ਪਾਠ ਕਰਦੀ, ਰੱਬ ਦਾ ਨਾਂ ਧਿਆਉਂਦੀ ਨਾ ਥੱਕਦੀ, ਉਨ੍ਹਾਂ ਨੂੰ ਚੰਗੀਆਂ ਮੱਤਾਂ ਦਿੰਦੀ, ਪਰ ਉਨ੍ਹਾਂ ਦੇ ਕੋਰੇ ਮਨਾਂ ਉਪਰ ਪੁਲਸ ਦਾ ਹਊਆ, ਸਹਿਮ ਅਤੇ ਡਰ ਇਸ ਕਦਰ ਬੈਠ ਗਿਆ ਕਿ ਉਨ੍ਹਾਂ ਨੂੰ ਕੁੱਝ ਵੀ ਸੁੱਝ ਨਹੀਂ ਸੀ ਰਿਹਾ, ਜਿਵੇਂ ਉਹੋ ਕਿਸੇ ਗੂਹੜੇ ਹਨੇਰੇ ਵਿੱਚ ਭਟਕ ਗਏ ਹੋਣ, ਅਜਿਹੇ ਹੀ ਹਾਲਾਤ ਵਿਚ ਉਲਝੇ ਹੋਏ, ਉਹ ਦੋਵੇਂ ਜਣੇ ਬਾਹਰਲੇ ਮੁਲਕਾਂ ਨੂੰ ਭੇਜਣ ਵਾਲੇ ਇੱਕ ਏਜੰਟ ਦੇ ਧੱਕੇ ਚੜ੍ਹ ਗਏ, ਉਸ ਏਜੰਟ ਨੇ ਕਿਵੇਂ ਨਾ ਕਿਵੇਂ ਕਰਕੇ ਉਨ੍ਹਾਂ ਦੋਵਾਂ ਜਣਿਆਂ ਦੇ ਪਾਸਪੋਰਟ ਤਿਆਰ ਕਰਵਾ ਕੇ ਬਾਬੇ ਅਤੇ ਬੇਬੇ ਨਾਲ ਏਧਰਲੀਆਂ ਓਧਰਲੀਆਂ ਗੱਲਾਂ ਮਾਰਕੇ ਅਤੇ ਗਹਿਣੇ ਪਈ ਜ਼ਮੀਨ ਨੂੰ ਛੁਡਵਾਉਣ ਦਾ ਲਾਲਚ ਦੇ ਕੇ ਬਾਹਰ ਭੇਜਣ ਲਈ ਰਾਜ਼ੀ ਕਰ ਲਿਆ।

ਬਾਬੇ ਅਤੇ ਬੇਬੇ ਨੇ ਆਪਣੇ ਦਿਲ ਉੱਤੇ ਪੱਥਰ ਰੱਖ ਕੇ ਬਾਕੀ ਬਚੀ ਹੋਈ ਜ਼ਮੀਨ ਵੀ ਸੰਧੂ ਕੋਲੇ ਗਹਿਣੇ ਰੱਖ ਕੇ, ਉਸ ਤੋਂ ਪੈਸੇ ਲੈ ਕੇ ਏਜੰਟ ਦੀ ਝੋਲੀ ਪਾ ਦਿੱਤੇ ਅਤੇ ਇੱਕ ਹੋਰ ਆਸ ਜਿਹੀ ਨਾਲ, ਉਨ੍ਹਾਂ ਨੇ ਆਪਣੇ ਦੋਵਾਂ ਮੁੰਡਿਆਂ ਨੂੰ ਬਾਹਰਲੇ ਮੁਲਕ ਮਜ਼ਦੂਰੀ ਕਰਨ ਲਈ ਘੱਲ ਦਿੱਤਾ, ਪਰ ਬਾਹਰ ਕਿਹੜਾ ਹਰੇਕ

ਭੁੱਲ ਭੁਲਾ ਦਿਤੇ ਨੇ ਰਿਸ਼ਤੇ ਦਿਲ ਵਾਲੇ,
ਅਜ ਕਲ਼ ਉਹ ਬਸ ਲੋਕਾਂਚਾਰੀ ਕਰਦਾ ਏ। -(ਅਗਲੇ ਸਫ਼ੇ ’ਤੇ)

ਬੰਦੇ ਨੂੰ ਰਾਸ ਆਉਂਦੈ, ਉਹੋ ਦੋਵੇਂ ਜਣੇ ਓਧਰ ਏਅਰਪੋਰਟ ਉੱਤੇ ਉਤਰਦੇ ਹੀ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤੇ ਗਏ, ਏਧਰ ਏਜੰਟ ਦਾ ਕੋਈ ਥਹੁ-ਪਤਾ ਨਾ ਲੱਗੇ ਕਿ ਉਹ ਮੁੰਡਿਆਂ ਨੂੰ ਇਕ ਵਾਰ ਜਹਾਜ਼ ਚੜ੍ਹਾ ਕੇ ਆਪ ਨਿਕਲ ਕਿਧਰ ਗਿਆ?

ਮਹੀਨੇ ਕੁ ਬਾਅਦ ਉਨ੍ਹਾਂ ਦੀਆਂ ਚਿੱਠੀਆਂ ਬਾਹਰੋਂ ਜੇਲ੍ਹ ਵਿੱਚੋਂ ਆਉਣੀਆਂ ਸ਼ੁਰੂ ਹੋ ਗਈਆ, ਹਰੇਕ ਚਿੱਠੀ ਵਿੱਚ ਪੈਸਿਆਂ ਦੀ ਮੰਗ ਅੱਗੇ ਨਾਲੋਂ ਜ਼ਿਆਦਾ ਕੀਤੀ ਜਾਂਦੀ, ਜਿਵੇਂ ਬਾਬੇ ਨਾਲ ਕੋਈ ਸ਼ਰਾਰਤ ਕਰਦਾ ਹੋਵੇ, ਬਾਬਾ ਹਰੇਕ ਚਿੱਠੀ ਸੰਧੂ ਨੂੰ ਜਾ ਫੜਾਉਂਦਾ, ਹੁਣ ਕਦੀ ਉਹ ਪੈਸੇ ਦਿੰਦਾ, ਕਦੀ ਨਾ, ਹੌਲੀ ਹੌਲੀ ਸੰਧੂ ਆਨਾ-ਕਾਨੀ ਕਰਦਾ ਕਰਦਾ ਆਖਿਰ ਨੂੰ, ਬਾਬੇ ਨੂੰ ਘਰ ਨਾ ਹੋਣ ਦਾ ਬਹਾਨਾ ਲਾ ਕੇ ਬਾਹਰੋਂ ਹੀ ਮੋੜਿਆ ਜਾਂਦਾ, ਅਖ਼ੀਰ ਸਾਰੀ ਜ਼ਮੀਨ ਸੰਧੂ ਦੇ ਨਾਂ ਲੱਗ ਚੁੱਕੀ ਸੀ, ਬਾਬੇ ਦਾ ਘਰ ਵੀ ਸ਼ਾਇਦ ਉਹ ਆਪਣੇ ਨਾਂ ਕਰਵਾ ਜਾਂਦਾ, ਜੇ ਉਹ ਜ਼ਮੀਨ ਤੋਂ ਥੋੜ੍ਹਾ ਹਟਵਾਂ ਨਾ ਹੁੰਦਾ।

ਅੱਧਾ ਪੌਣਾ ਕੀਲਾ ਜਿਹੜਾ ਆਖਰ ਵਿਚ ਸੰਧੂ ਕੋਲੇ ਗਹਿਣੇ ਰੱਖਿਆ ਸੀ, ਉਥੇ ਜਾ ਕੇ ਬਾਬੇ ਦਾ ਹੁਣ ਦਮ ਘੁਟਦਾ, ਅੱਕ ਕੇ ਬਾਬੇ ਨੇ ਇੱਕ ਦਿਨ ਆਪਣੀ ਕਹੀ ਅਤੇ ਖੁਰਪਾ ਦੋਵੇਂ ਹੀ (ਆਪਣੇ) ਖੇਤੋਂ ਚੁੱਕ ਕੇ ਘਰ ਲਿਆ ਰੱਖੇ, ਡੰਗਰ ਵੱਛਾ ਅਤੇ ਬਲਦਾਂ ਦੀ ਜੋੜੀ ਨੂੰ ਵੀ ਵੇਚਣਾ ਪਿਆ, ਮੈਂ ਜਿਹੜਾ ਕਦੇ ਕਿਸੇ ਨਾਲ ਇੱਕ ਸਾਲ ਇੱਕਠਾ ਲਾਉਣ ਤੋਂ ਡਰਦਾ ਹੁੰਦਾ ਸਾਂ, ਬਾਬੇ ਨਾਲ ਲਗਾਤਾਰ ਅੱਠ ਸਾਲ ਕੱਠੇ ਸੀਰਪਣਾ ਕਰ ਗਿਆ, ਇਸ ਲਈ ਉਸੇ ਦਿਨ ਆਥਣੇ ਬਾਬੇ ਨੇ ਮੈਨੂੰ ਵੀ ਆਪਣੀਆਂ ਅੱਖਾਂ ਭਰ ਕੇ ਇਉਂ ਵਿਦਾ ਕੀਤਾ, ਜਿਵੇਂ ਘਰੋਂ ਧੀ ਦੀ ਡੋਲੀ ਤੋਰੀ ਦੀ ਐ, ਮੇਰੀਆਂ ਅੱਖਾਂ ਸਾਹਵੇਂ ਬਾਬੇ ਦੀ ਸਾਰੀ ਜ਼ਮੀਨ ਇੱਕ ਵੱਡੇ ਗੋਲਧਾਰੇ ਤੋਂ ਸੁੰਗੜ ਕੇ, ਇੱਕ ਬਿੰਦੂ ਦਾ ਰੂਪ ਧਾਰਨ ਕਰ ਗਈ, ਹੱਥੋਂ ਕਿਰੀ ਹੋਈ ਜ਼ਮੀਨ ਨੂੰ ਦੇਖ ਕੇ ਬਾਬੇ ਦਾ ਲੱਕ ਟੁੱਟ ਗਿਆ ਅਤੇ ਦਿਨੋਂ ਦਿਨ ਨਿਢਾਲ ਜਿਹਾ ਹੋਣ ਲੱਗਿਆ, ਇੱਕਠਾ ਟੱਕ, ਉਹ ਵੀ ਪਿੰਡ ਦੀ ਫਿਰਨੀ ਉੱਤੇ, ਉਦੋਂ ਬਾਬੇ ਦੇ ਬੋਲ ਸਨ, "ਤੈਨੂੰ ਪਤੈ ਲਾਜੋ, ਦੂਜੀਆਂ ਜੱਟੀਆਂ ਦੀ ਖੇਤਾਂ 'ਚ ਨੂੰ ਭੱਤਾ ਲਿਜਾਂਦੀਆਂ ਦੀ ਭੈਂਅ ਬੋਲ ਜਾਂਦੀ ਐ, ਪਰ ਤੈਨੂੰ ਕਾਹਦਾ ਝੋਰਾ...? ਢਾਈ ਫਰਲਾਂਗ ਤੋਂ ਤਾਂ ਜੱਟ ਘਰੇ ਆ ਕੇ ਗਰਮਾ-ਗਰਮ ਖਾ ਲਿਆ ਕਰੂ, ਅੱਗੋਂ ਬੇਬੇ ਸਿਰਫ਼ ਮੁਸਕਰਾਕੇ ਚੁੱਪ ਕਰ ਜਾਂਦੀ, ਖੇਤਾਂ ਵਿਚ ਖੜ੍ਹੀ ਫ਼ਸਲ ਲਹਿ ਲਹਿਰਾਉਂਦੀ ਨੂੰ ਦੇਖ ਕੇ ਬਾਬੇ ਦੀ ਮੁੱਛ ਨੀਵੀਂ ਨਹੀਂ ਸੀ ਹੋਇਆ ਕਰਦੀ, ਪਿੰਡ ਤੋਂ ਪਰ੍ਹੇ ਵਾਲੀ ਜ਼ਮੀਨ ਖਰੀਦਣ ਵਾਲੇ ਜੱਟ ਹਾਲੇ ਤੱਕ ਵੀ ਰੇਤਲੇ ਟਿੱਬਿਆਂ ਨਾਲ ਯੁੱਧ ਕਰ ਰਹੇ ਸਨ।

ਹੌਲੀ ਹੌਲੀ ਬਾਬੇ ਦੇ ਦਿਮਾਗ ਉੱਤੇ, ਹੱਥੋਂ ਖੁੱਸੀ ਹੋਈ ਜ਼ਮੀਨ ਦਾ ਅਸਰ ਹੋਣਾ ਸ਼ੁਰੂ ਹੋ ਗਿਆ, ਹੱਸਦੇ ਵੱਸਦੇ ਘਰ ਦੇ ਚਹੁੰ ਮੁੰਡੇ ਗੱਭਰੂ ਜਵਾਨ, ਜਿਨ੍ਹਾਂ ਬਾਰੇ ਕਦੇ ਲੋਕੀਂ ਇਹ ਕਹਿੰਦੇ ਨਹੀਂ ਸਨ ਥੱਕਦੇ ਕਿ ਜਦੋਂ ਇਹੇ ਮੁੰਡੇ ਉਠ ਖੜ੍ਹੇ ਨਾ, ਤਾਂ ਖੇਤੀ ਦੇ ਕੰਮ ਨੂੰ ਤਾਂ ਨੇਰ੍ਹੀਆਂ ਲਿਆ ਦੇਣਗੇ ਨੇਰ੍ਹੀਆਂ, ਫੇਰ ਭਾਵੇਂ ਜਿੰਨੀ ਮਰਜ਼ੀ ਹੋਰ ਜ਼ਮੀਨ ਖ਼ਰੀਦੀ ਜਾਣ, ਹੁਣ ਉਨ੍ਹਾਂ ਚੌਹਾਂ ਮੁੰਡਿਆਂ ਵਿੱਚੋਂ ਦੋ ਤਾਂ ਬਾਹਰਲੇ ਮੁਲਕ ਦੀ ਜੇਲ੍ਹ ਕੱਟ ਰਹੇ ਸਨ,

ਪਤਾ ਨਹੀਂ ਉਨ੍ਹਾਂ ਨੂੰ ਕਿਸ ਜੁਰਮ ਦੀ ਸਜ਼ਾ ਮਿਲੀ ਹੋਈ ਸੀ? ਸਭ ਤੋਂ ਵੱਡਾ ਏਥੇ ਇੱਕ ਕਤਲ ਕੇਸ ਵਿੱਚ ਵੀਹ ਸਾਲੀ ਭੁਗਤ ਰਿਹਾ ਸੀ ਅਤੇ ਚੌਥਾ ਪਿੰਡ ਨਹੀਂ ਸੀ ਵੜ ਸਕਦਾ, ਕਿਉਂਕਿ ਉਹ ਜਿਨ੍ਹਾਂ ਦੀ ਦੋਹਤੀ ਉਧਾਲ ਕੇ ਲੈ ਗਿਆ ਸੀ, ਉਹ ਲੋਕ ਅਜੇ ਵੀ ਭੁੱਖੇ ਸ਼ੇਰਾਂ ਵਾਂਗ ਨਿੱਤ ਸੂਹਾਂ ਕੱਢਦੇ ਰਹਿੰਦੇ, ਭਾਵੇਂ ਉਨ੍ਹਾਂ ਦੀ ਕੋਰਟ ਮੈਰਿਜ ਹੋ ਚੁੱਕੀ ਸੀ, ਪਰ ਅਜੇ ਵੀ ਕੁੜੀ ਦੇ ਮਾਮਿਆਂ ਦੇ ਤਿੱਖੇ ਲਲਕਾਰੇ, ਪਰਸੀ ਚਾਚੇ ਦੇ ਕੰਨਾਂ ਤੱਕ ਪਹੁੰਚ ਹੀ ਜਾਂਦੇ ਸਨ। ਹੁਣ ਘਰ ਵਿਚ ਪਿੱਛੇ ਰਹਿ ਗਈਆਂ ਸਨ ਦੋ ਤੜਫਦੀਆਂ ਜਿੰਦਾਂ, ਜਿੰਨਾਂ ਆਪਣੀ ਔਲਾਦ ਖਾਤਰ ਪਤਾ ਨਹੀਂ ਕਿੰਨੇ ਕੁ ਸੁਪਨੇ ਬੁਣੇ ਹੋਣੇ ਨੇ ਅਤੇ ਇੱਕਲੇ ਇੱਕਲੇ ਪੁੱਤ ਤੋਂ ਕਿੰਨੀਆਂ ਕਿੰਨੀਆਂ ਆਸਾਂ ਰੱਖੀਆਂ ਹੋਣੀਆਂ ਨੇ?

ਮੈਂ ਬਾਬੇ ਹੋਰਾਂ ਕੰਨ੍ਹੀਓ ਹਟ ਕੇ ਫੇਰ ਕੋਈ ਹੋਰ ਸਾਮੀ ਲੱਭਣ ਲੱਗਿਆ, ਹੁਣ ਮੈਨੂੰ ਕਿਸੇ ਨਾਲ ਸੀਰੀ ਰਲ੍ਹਣ ਦਾ ਕੋਈ ਡਰ ਨਹੀਂ ਸੀ, ਥੋੜ੍ਹੇ ਦਿਨਾਂ ਬਾਅਦ ਹੀ ਮੈਂ ਏਧਰ ਮਹਾਂ ਸਿਹੁੰ ਹੋਰਾਂ ਕੰਨ੍ਹੀ ਸੀਰੀ ਆ ਰਲ੍ਹਿਆ। ਕਿਉਂਕਿ ਬਾਪੂ ਜੀ ਦੇ ਇਸ ਜਹਾਨੋਂ ਤੁਰ ਜਾਣ ਕਰਕੇ, ਪਿੱਛੇ ਸਾਰੇ ਟੱਬਰ ਦੀ ਜੁੰਮੇਵਾਰੀ ਮੇਰੇ ਮੋਢਿਆਂ ਉੱਤੇ ਆ ਪਈ ਸੀ, ਏਥੇ ਮਹਾਂ ਸਿਹੁੰ ਹੋਰਾਂ ਕੰਨ੍ਹੀ ਕੰਮ ਕਰਦੇ ਹੋਏ ਮੈਨੂੰ ਹਾਲੇ ਚਾਰ ਮਹੀਨੇ ਵੀ ਨਹੀਂ ਲੰਘੇ ਹਨ ਕਿ ਬਾਬਾ ਕਦੇ ਕਿਸੇ ਹੱਥ ਅਤੇ ਕਦੇ ਕਿਸੇ ਹੱਥ ਮੈਨੂੰ ਮਿਲਕੇ ਜਾਣ ਦੇ ਸੁਨੇਹੇ ਘੱਲਦਾ ਰਹਿੰਦੈ, ਪਰ ਮੈਂ ਇਨ੍ਹਾਂ ਚੌਹਾਂ ਮਹੀਨਿਆਂ ਵਿੱਚ ਇਕ ਵਾਰ ਵੀ ਬਾਬੇ ਅਤੇ ਬੇਬੇ ਨੂੰ ਮਿਲਣ ਨਹੀਂ ਸਾਂ ਜਾ ਸਕਿਆ।

"ਜੈਲਿਆ, ਭਾਈ ਤੇਰਾ ਧਿਆਨ ਕਿੱਥੇ ਐ? ਦਾਲ੍ਹ ਵਾਲੀ ਕੌਲੀ ਚ ਬੁਰਕੀ ਲਾਉਣ ਦੀ ਥਾਂ, ਮੁਰਗੇ ਵਾਂਗ ਜ਼ਮੀਨ ਤੇ ਹੀ ਠੂੰਗਾਂ ਮਾਰੀ ਜਾਨੈਂ?" ਚਾਚੀ ਦੇ ਇਨ੍ਹਾਂ ਬੋਲਾਂ ਨਾਲ ਹੀ ਮੈਂ ਜਿਵੇਂ ਹੋਸ਼ 'ਚ ਆ ਗਿਆ ਹੋਵਾਂ ਤੇ ਬੋਲਿਆ, "ਕੁਸ ਨੀ ਚਾਚੀ, ਬਸ ਐਵੇਂ ਹੀ ਮੇਰੀ ਤਬੀਅਤ ਜਿਹੀ ਠੀਕ ਨਹੀਂ... ਸਵੇਰੇ ਸੈਂਤ ਮੈਂ ਕੰਮ ਤੇ ਨਾ ਹੀ ਆਵਾਂ, ਕੋਈ ਦਵਾਈ ਬੂਟੀ ਲੈਣ ਜਾਣਾ ਪੈਣੈ ਸ਼ਹਿਰ।"

"ਕੋਈ ਨੀ ਪੁੱਤ, ਪਹਿਲਾਂ ਅਪਦੀ ਸੇਹਤ ਦਾ ਖਿਆਲ ਰੱਖੀ, ਮੈਂ ਤੇਰੇ ਚਾਚੇ ਨੂੰ ਦੱਸ ਦਿੰਨੀ ਆ ਘਰੇ ਆਇਆ ਨੂੰ।"

ਮੈਂ ਚਾਚੀ ਤੋਂ ਹੋਰ ਰੋਟੀਆਂ ਫੜ੍ਹ ਕੇ ਅਪਦੇ ਪਰਨੇ ਲੜ੍ਹ ਬੰਨ੍ਹ ਲਈਆਂ ਅਤੇ ਦਾਲ੍ਹ ਵਾਲਾ ਡੋਲ੍ਹ ਹੱਥ ਵਿਚ ਫੜ੍ਹਕੇ ਮੂੰਹ ਹਨ੍ਹੇਰਾ ਜਿਹਾ ਹੋਣ ਤੋਂ ਪਹਿਲਾਂ ਹੀ ਪਿੰਡ ਵੱਲ ਨੂੰ ਤੁਰ ਪਿਆ ਸਾਂ। ਪਹਿਲਾਂ ਤਾਂ ਸਵੇਰੇ ਬਾਬੇ ਦਾ ਹੀ ਉਲਾਂਭਾ ਲਾਹ ਕੇ ਆਵਾਂ, ਪਤਾ ਨਹੀਂ ਉਨ੍ਹਾਂ ਨੂੰ ਅਜਿਹਾ ਕਿਹੜਾ ਕੰਮ ਪੈ ਗਿਆ, ਜਿਹੜਾ ਨਿੱਤ ਸੁਨੇਹੇ ਤੇ ਸੁਨੇਹੇ ਘੱਲੀ ਜਾਂਦੇ ਨੇ।

ਸਵੇਰੇ ਦਸ ਕੁ ਵੱਜਦੇ ਨੂੰ ਮੈਂ ਬਾਬੇ ਦੇ ਘਰ ਵੱਲ ਨੂੰ ਤੁਰ ਪਿਆ ਸਾਂ। ਤੁਰਿਆ ਜਾਂਦਾ ਜਦੋਂ ਮੈਂ ਪਿੰਡ ਦੇ ਦਰਵਾਜ਼ੇ 'ਚ ਪਹੁੰਚਿਆ ਤਾਂ ਉਥੇ ਕਈ ਜਣੇ ਬੈਠੇ ਅਖ਼ਬਾਰ ਪੜ੍ਹ ਰਹੇ ਸਨ। ਮੇਰੇ ਬਰੋਬਰ ਆਏ ਤੇ, ਪੰਡਤਾਂ ਦਾ ਸੱਤੂ ਉੱਚੀ ਆਵਾਜ਼ ਵਿੱਚ ਬੋਲਿਆ, "ਉਏ ਹੋਏ ਕਿੱਡੇ ਵੱਡੇ ਦੁੱਖ ਦੀ ਗੱਲ ਐ, ਮੁਕਤਸਰ ਲਾਗੇ ਕਰਜ਼ੇ ਤੋਂ ਪੀੜਤ ਇੱਕ ਕਿਸਾਨ ਵੱਲੋਂ ਖੁਦਕੁਸ਼ੀ।" ਫਿਰ ਉਹ ਆਪੇ ਹੀ ਬੋਲਿਆ, "ਉਏ ਭੋਲ੍ਹਿਆ ਜੱਟਾਂ ਤੂੰ ਇਹ ਕੀ ਕਰ ਲਿਆ ਉਏ, ਕਿਉਂ ਕਰ ਗਿਆ ਖੁਦਕੁਸ਼ੀ?"

ਸੱਤੂ ਦੇ ਇਹ ਬੋਲ ਸੁਣ ਕੇ ਇੱਕ ਵਾਰ ਤਾਂ ਬਾਬਾ ਸਾਧੂ ਸਿਉਂ ਵੀ ਮੈਨੂੰ ਸਾਹਮਣੇ ਕਿੱਕਰ ਉੱਤੇ ਲਟਕਦਾ ਹੋਇਆ ਨਜ਼ਰ ਆਇਆ। ਹੋਣਾ ਕੋਈ ਵਿਚਾਰਾ, ਜਿਸਦੀ ਸੋਚ ਮਰ ਗਈ ਹੋਣੀ ਐ, ਪਰ ਬਾਬੇ ਦੀ ਸੋਚ ਤਾਂ ਹਾਲੇ ਮਰੀ ਨਹੀਂ। ਇਹ ਗੱਲ ਸੁਣ ਕੇ ਮੈਂ ਰੁਕਿਆ ਨਹੀਂ, ਉਵੇਂ ਹੀ ਤੁਰਿਆ ਗਿਆ, ਤੁਰੇ ਜਾਂਦੇ ਨੂੰ ਮੈਨੂੰ ਮੇਰੇ

ਰੁੱਖ ਵਫ਼ਾ ਮੇਰੀ ਦਾ, ਫਿਰ ਤੋਂ ਵੱਢਣ ਲਈ,
ਮੈਂ ਸੁਣਿਆਂ, ਉਹ ਤਿੱਖੀ ਆਰੀ ਕਰਦਾ ਏ। -ਰਿਤੂ ਵਾਸੂਦੇਵ

ਪੈਰ ਇਸ ਤਰ੍ਹਾਂ ਲੱਗਣ ਲੱਗੇ, ਜਿਵੇਂ ਭਾਰੇ ਭਾਰੇ ਵੱਟਿਆ ਨਾਲ ਬੰਨ੍ਹੇ ਹੋਣ ਅਤੇ ਮੈਂ ਲੰਗੜਾਕੇ ਤੁਰ ਰਿਹਾ ਹੋਵਾਂ, ਕਦੀ ਕਦੀ ਇੰਝ ਲੱਗੇ ਜਿਵੇਂ ਮੈਂ ਕਿਸੇ ਗੁਬਾਰੇ ਵਾਂਗ ਹਵਾ 'ਚ ਉਡਿਆ ਜਾਂਦਾ ਹੋਵਾਂ, ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ ਕਿ ਮੈਂ ਬਾਬੇ ਦੇ ਘਰ ਨੂੰ ਜਾ ਰਿਹਾ ਹਾਂ ਜਾਂ ਉਨ੍ਹਾਂ ਦੇ ਘਰੋਂ, ਅਪਦੇ ਘਰ ਨੂੰ ਵਾਪਸ ਮੁੜਿਆ ਆ ਰਿਹਾ ਹਾਂ। ਇਸੇ ਹੀ ਜੱਕੋ-ਤੱਕੀ ਵਿਚ ਉਲਝਿਆ ਮੈਂ ਬਾਬੇ ਦੇ ਘਰ ਮੂਹਰੇ ਪੁੱਜ ਗਿਆ।

ਮੈਂ ਅਜੇ ਸੋਚ ਹੀ ਰਿਹਾ ਹਾਂ ਕਿ ਕਿਸ ਨੂੰ ਅਤੇ ਕਿੰਝ ਹਾਕ ਮਾਰਾਂ, ਕੋਸੀ ਕੋਸੀ ਪਰ ਤੇਜ਼ ਧੁੱਪ ਨਿਕਲੀ ਹੋਈ ਹੈ, ਮੈਂ ਆ ਕੇ ਘਰ ਮੂਹਰੇ ਖੜਾ ਹੀ ਸਾਂ ਕਿ ਬੇਬੇ ਨੇ ਮੈਨੂੰ ਪਰ੍ਹੇ ਤੋਂ ਆਉਂਦਾ ਦੇਖ ਲਿਆ ਸੀ। ਮੈਨੂੰ ਦੇਖ ਕੇ ਉਹ ਭਾਂਡੇ ਮਾਂਜਦੀ ਹੋਈ, ਉਨ੍ਹਾਂ ਨੂੰ ਵਿਚਾਲੇ ਛੱਡ ਕੇ ਮੇਰੇ ਵੱਲ ਨੂੰ ਭੱਜੀ ਆਈ, "ਆਗਿਐ ਪੁੱਤ?"

ਤੂੰ ਵੀ ਮੇਰੇ ਪੁੱਤਾਂ ਵਾਂਗੂੰ ਈ ਪਰਦੇਸੀ ਹੋ ਗਿਐ। ਉਹ ਮੇਰੇ ਕੋਲ ਆਉਂਦੀ ਹੀ ਬੋਲੀ, "ਜੇ ਇਨ੍ਹਾਂ ਚਹੁੰਆਂ ਪੁੱਤਾਂ ਚੋਂ ਇਕ ਵੀ ਮੇਰੀ ਧੀ ਬਣ ਕੇ ਆ ਜਾਂਦੀ ਤਾਂ ਸ਼ਾਇਦ ਮੇਰੇ ਘਰ ਦਾ ਅੱਜ ਇਹ ਹਾਲ ਨਾ ਹੁੰਦਾ!" ਬੇਬੇ ਨੇ ਮੈਨੂੰ ਆਪਣੇ ਨਾਲ ਘੁੱਟ ਕੇ ਲਾਉਂਦੀ ਹੋਈ ਨੇ ਇਕ ਹੌਕਾ ਜਿਹਾ ਲੈ ਕੇ ਯਕਦਮ ਇਉਂ ਕਹਿ ਦਿੱਤਾ, ਜਿਵੇਂ ਉਹ ਇਹ ਗੱਲ ਕਹਿਣ ਨੂੰ ਖਾਸਾ ਚਿਰ ਦੀ ਭਰੀ ਪਈ ਹੋਵੇ।

"ਬੇਬੇ ਜੀ, ਧੀ ਹੋਣਾ ਤਾਂ ਕਿਸਮਤ ਦੀਆਂ ਗੱਲਾਂ ਨੇ, ਏਥੇ ਲੋਕਾਈ ਪੁੱਤਾਂ ਨੂੰ ਤਰਸੀ ਪਈ ਐ, ਇਹ ਸਭ ਕੁਝ ਉਪਰ ਵਾਲੇ ਦੇ ਹੱਥ ਵਸ ਹੁੰਦੈ।" ਮੈਂ ਉਨ੍ਹਾਂ ਤੋਂ ਹੀ ਸਿੱਖੀ ਹੋਈ ਸਿਆਣਪ ਉਨ੍ਹਾਂ ਉੱਤੇ ਹੀ ਘੋਟ ਦਿੱਤੀ।

ਪਰ ਪੁੱਤਰਾਂ ਤੈਨੂੰ ਕਿੰਨੇ ਸੁਨੇਹੇ ਘੱਲੇ, ਤੂੰ ਵੀ ਤਾਂ ਅੱਜ ਮਸੀਂ ਮਿਲਣ ਆਇਐਂ ਸਾਨੂੰ, ਏਨਾ ਵੀ ਕਿਹੜੇ ਕੰਮਾਂ ਧੰਦਿਆਂ 'ਚ ਉਲਝ ਗਿਐ ਕਿ ਤੈਨੂੰ ਸਾਡੀ ਯਾਦ ਹੀ ਨਹੀਂ ਆਈ ਕਦੀ?

ਬੇਬੇ ਨੇ ਮੈਨੂੰ ਇੱਕ ਨਿਹੋਰਾ ਜਿਹਾ ਮਾਰਦੀ ਨੇ, ਆਪਣੀ ਜੱਫੀ 'ਚੋਂ ਛੱਡਦੀ ਹੋਈ ਨੇ ਕਿਹਾ, "ਲੋਕਾਂ ਵਾਂਗੂੰ ਤੂੰ ਵੀ ਸਾਡੇ ਤੋਂ ਟੁੱਟ ਗਿਐ?

"ਨਹੀਂ, ਨਹੀਂ ਬੇਬੇ ਜੀ, ਇਹੋ ਜਿਹੀ ਤਾਂ ਕੋਈ ਗੱਲ ਈ ਨਹੀਂ ਕਿ ਥੋਡੀ ਯਾਦ ਨਹੀਂ ਆਉਂਦੀ, ਬਸ ਤੁਸੀਂ ਜੱਟਾਂ ਦੇ ਕੰਮ ਧੰਦਿਆਂ ਨੂੰ ਜਾਣਦੇ ਹੀ ਹੋ, ਕਦੀ ਉਹ ਕਰਲੈ, ਕਦੀ ਇਹ ਕਰਲੈ, ਬਸ ਇਵੇਂ ਹੀ ਸਾਰੀ ਦਿਹਾੜੀ ਨਿਕਲ ਜਾਂਦੀ ਐ, ਆਥਣੇ ਥੱਕ ਹਾਰ ਕੇ ਘਰੇ ਇੱਟ ਵਾਂਗ ਆ ਡਿੱਗੀਦੈ।" ਇਉਂ ਕਹਿ ਕੇ ਮੈਂ ਗੱਲ ਦਾ ਰੁਖ ਬਦਲਣ ਲਈ ਪੁੱਛਿਆ ਕਿ ਬਾਬਾ ਜੀ ਨਜ਼ਰ ਨਹੀਂ ਆ ਰਹੇ ਕਿਧਰੇ ?

"ਉਹੋ... ਉਹੋ ਤਾਂ ਘਰ ਦੇ ਪਿਛਲੇ ਪਾਸੇ ਮੰਜਾ ਡਾਹੀ ਪਏ ਨੇ, ਹੁਣ ਤਾਂ ਕਈ ਦਿਨਾਂ ਤੋਂ ਕੁਝ ਬੋਲਦੇ ਵੀ ਨਹੀਂ, ਜੇ ਬੋਲਦੇ ਵੀ ਨੇ ਤਾਂ ਏਹੀ ਕਹੀ ਜਾਂਦੇ ਨੇ, ਮੇਰੀ ਜ਼ਮੀਨ ਨੂੰ ਤਾਂ ਮੇਰੇ ਮੁੰਡਿਆਂ ਨੇ ਹੀ ਪੈਰ ਲਾ ਦਿੱਤੇ, ਪਤਾ ਨਹੀਂ ਕਿੱਥੇ ਦੀ ਕਿੱਥੇ ਜਾ ਪਹੁੰਚੀ ਹੋਣੀ ਐ ਤੁਰ ਤੁਰ ਕੇ ਵਿਚਾਰੀ।" ਇਹ ਗੱਲ ਬੇਬੇ ਨੇ ਆਪਣੇ ਪੁੱਠੇ ਹੱਥਾਂ ਨਾਲ ਹੰਝੂ ਪੂੰਝਦੇ ਹੋਏ ਕਹੀ।

"ਪਰ ਉਹ ਘਰ ਦੇ ਪਿੱਛੇ ਪਏ ਕੀ ਕਰਦੇ ਨੇ?" ਮੈਂ ਹੈਰਾਨੀ ਜਿਹੀ ਨਾਲ ਬੇਬੇ ਜੀ ਤੋਂ ਪੁੱਛਿਆ।

"ਥੋੜ੍ਹੇ ਦਿਨ ਪਹਿਲਾਂ ਸੰਧੂ ਦਾ ਨੌਕਰ ਘਰੇ ਆਟਾ ਛੱਡਕੇ ਗਿਆ ਤੀ, ਜਦੋਂ ਮੈਂ ਉਸ ਆਟੇ ਨੂੰ ਗਹੁ ਨਾਲ ਦੇਖਿਆ ਤਾਂ ਉਸ ਆਟੇ 'ਚ ਤਾਂ ਸੁੰਡੀਆਂ ਚਲ ਰਹੀਆਂ ਤੀ, ਪਿਛਲੇ ਵਿਹੜੇ ਵਿੱਚ ਮੈਂ ਇੱਕ ਚਾਦਰ ਵਿਛਾ ਕੇ ਉਸ ਉੱਤੇ ਉਹੋ ਆਟਾ ਪਾ ਕੇ ਆਈ ਹਾਂ, ਤੇ ਤੇਰੇ ਬਾਬੇ ਨੂੰ ਕਿਹੈ ਕਿ ਇਸ ਆਟੇ ਵਿੱਚ ਥੋੜ੍ਹੀ ਥੋੜ੍ਹੀ ਦੇਰ ਬਾਅਦ ਹੱਥ ਫੇਰੀ ਜਾਇਉ ਤਾਂ ਕਿ ਧੁੱਪਾਂ ਦੀ ਗਰਮਾਇਸ਼ ਨਾਲ ਆਟੇ ਚੋਂ ਸੁੰਡੀਆਂ ਤਾਂ ਬਾਹਰ ਨਿਕਲ ਜਾਣ ਤੇ ਘੱਟੋ ਘੱਟ ਆਟਾ ਖਾਣ ਜੋਗਾ ਤਾਂ ਹੋ ਜਾਵੇ, ਸ਼ੈਦ ਉਹ ਇਹੀ ਕੰਮ ਲੱਗੇ ਹੋਏ ਨੇ, ਜਾਹ ਜਾ ਕੇ ਮਿਲ ਲੈ।" ਬੇਬੇ ਨੇ ਆਪਣੇ ਸੁਆਹ ਨਾਲ ਲਿਬੜੇ ਹੋਏ ਹੱਥ ਝਾੜਦੀ ਹੋਈ ਨੇ ਮੈਨੂੰ ਕਿਹਾ।

'ਬਸ ਹੁਣ ਸੁੰਡੀਆਂ ਵਾਲਾ ਆਟਾ ਹੀ ਰਹਿ ਗਿਆ ਸੀ ਸੰਧੂ ਕੋਲੇ ਥੋਨੂੰ ਦੇਣ ਨੂੰ...?' ਇਉਂ ਸੋਚ ਕੇ ਮੈਨੂੰ ਸੰਧੂ ਉੱਤੇ ਹੋਰ ਵੀ ਗੁੱਸਾ ਚੜ੍ਹਿਆ, ਪਰ ਮੈਂ ਆਪਣੇ ਦੰਦ ਪੀਹ ਕੇ ਰਹਿ ਗਿਆ। "ਚੰਗਾ ਜੀ ਮਿਲ ਲੈਨਾ ਜਾ ਕੇ ਬਾਬਾ ਜੀ ਨੂੰ ਵੀ।" ਮੈਂ ਬੇਬੇ ਜੀ ਨੂੰ ਇਉਂ ਕਹਿ ਕੇ ਹੌਲੀ ਹੌਲੀ ਦੱਬੇ ਪੈਰੀਂ ਬਾਬਾ ਜੀ ਨੂੰ ਪਿਛਲੇ ਵਿਹੜੇ 'ਚ ਮਿਲਣ ਚਲਾ ਗਿਆ, ਘਰ ਦਾ ਪਿਛਲਾ ਦਰਵਾਜ਼ਾ ਖੋਲ੍ਹ ਕੇ ਮੈਂ ਮਗਰਲੇ ਵਿਹੜੇ 'ਚ ਪਹੁੰਚ ਗਿਆ।

ਉਥੇ ਪਹੁੰਚ ਕੇ ਦੇਖਿਆ, ਬਾਬਾ ਜੀ ਚਾਦਰ ਉੱਪਰ ਵਿਛੇ ਹੋਏ ਆਟੇ ਉੱਤੇ ਇਸ ਤਰ੍ਹਾਂ ਉਂਗਲੀਆਂ ਫੇਰ ਰਹੇ ਸਨ, ਜਿਵੇਂ ਆਪਣੇ ਖੇਤਾਂ ਵਿਚ ਹਲ਼ ਵਾਹ ਰਹੇ ਹੋਣ, ਬਿਲਕੁਲ ਉਸੇ ਤਰ੍ਹਾਂ ਹੀ ਫਾਟਾਂ ਕੱਢੀ ਜਾ ਰਹੇ ਸਨ, ਜਿਵੇਂ ਕਦੀ ਉਹਨਾਂ ਦੀ ਬਲਦਾਂ ਦੀ ਜੋੜੀ ਖੇਤਾਂ ਵਿੱਚ ਘੁੰਮਿਆ ਕਰਦੀ ਸੀ, ਉਂਗਲੀਆਂ ਚੱਲਦੇ ਚੱਲਦੇ ਜਿੱਥੇ ਚਾਦਰ ਦੀ ਕੰਨੀ ਖ਼ਤਮ ਹੁੰਦੀ, ਉਥੇ ਉਹ ਆਪਣੇ ਆਪ ਹੀ ਬੋਲਦੇ, "ਤੱਤਾ ਤੱਤਾ,ਹੱਟ ਉਏ ਬੱਗਿਆ, ਚੱਲ ਬਈ ਮੇਰੇ ਸ਼ੇਰਾਂ ਚੱਲ, ਬਸ ਰਹਿ ਗਈ ਥੋੜ੍ਹੀ ਜਿਹੀ, ਹੁਣ ਤਾਂ ਦੌੜ ਲੈ।"

ਉਨ੍ਹਾਂ ਨੇ ਮੇਰੇ ਵੱਲ ਕੋਈ ਧਿਆਨ ਨਾ ਦਿੱਤਾ, ਪਰ ਮੈਂ ਆਪਣੇ ਹੰਝੂ ਅਤੇ ਨਿਕਲਣ ਵਾਲੇ ਹੌਕਿਆਂ ਉਤੇ ਕਾਬੂ ਜਿਹਾ ਪਾਈ ਮਨ ਕੈੜਾ ਕਰਕੇ ਖੜਾ ਸਭ ਕੁਝ ਦੇਖ ਦਾ ਰਿਹਾ। ਉਦੋਂ ਹੀ ਮੈਨੂੰ ਕਿਸੇ ਸਿਆਣੇ ਬੰਦੇ ਦੀ ਦੱਸੀ ਹੋਈ ਗੱਲ ਚੇਤੇ ਆਈ, ਕਹਿੰਦੇ ਇੱਕ ਵਾਰ ਹਵਾ ਵਿੱਚ ਉੜੀ ਜਾਂਦੀ "ਕੁੱਕੜ ਖੰਭੀ ਮਾਈ" ਨੂੰ ਦੇਖ ਕੇ ਅਕਬਰ ਬਾਦਸ਼ਾਹ ਨੇ ਆਪਣੇ ਸਭ ਤੋਂ ਤੇਜ਼ ਤਰਾਰ ਬੁੱਧੀ ਵਾਲੇ ਵਜ਼ੀਰ ਬੀਰਬਲ ਤੋਂ ਪੁੱਛਿਆ ਸੀ ਕਿ ਬੀਰਬਲ ਦੱਸ, ਇਸ "ਕੁੱਕੜ-ਖੰਭੀ ਮਾਈ" ਨਾਲੋਂ ਵੀ ਕੋਈ ਹੋਰ ਚੀਜ਼ ਹੌਲੀ ਹੋ ਸਕਦੀ ਐ ?

ਕਹਿੰਦੇ ਬੀਰਬਲ ਦਾ ਜੁਆਬ ਸੁਣ ਕੇ ਅੱਗੋਂ ਬਾਦਸ਼ਾਹ ਦੀ ਜੀਭ ਠਾਕੀ ਗਈ ਸੀ। ਜਦੋਂ ਉਸ ਨੇ ਕਿਹਾ ਸੀ, "ਬਾਦਸ਼ਾਹ ਜਹਾਂਪਨਾਹ ਇਸ ਕੁੱਕੜ ਖੰਭੀ ਮਾਈ ਨਾਲੋਂ "ਬੇਜ਼ਮੀਨਾਂ-ਜੱਟ" ਕਿਤੇ ਵੱਧ ਹੌਲਾ ਹੁੰਦੈ, ਹੁਣ ਮੇਰੀਆਂ ਅੱਖਾਂ ਸਾਹਮਣੇ ਬਾਬਾ ਜੀ ਕੁੱਕੜ ਖੰਭੀ ਮਾਈ ਬਣੇ ਬੈਠੇ ਸਨ, ਮੈਂ ਗਹੁ ਨਾਲ ਦੇਖ ਰਿਹਾ ਸਾਂ, ਕਿ ਬਾਬਾ ਜੀ ਨੇ ਹੌਲੀ ਹੌਲੀ ਚਾਦਰ ਉੱਪਰ ਆਟਾ ਵਿਛਾ ਕੇ ਉਸ ਨੂੰ ਇਸ ਤਰ੍ਹਾਂ ਕਰ ਦਿੱਤਾ, ਜਿਵੇਂ ਕੋਈ ਤਾਜ਼ਾ ਤਾਜ਼ਾ ਖੇਤ ਵਾਹਿਆ ਪਿਆ ਹੋਵੇ।

ਮੈਂ ਵੀ ਬੀਰਬਲ ਆਲੇ ਜੁਆਬ ਵਿੱਚੋਂ ਉਦੋਂ ਬਾਹਰ ਨਿਕਲਿਆ, ਜਦੋਂ ਉਨ੍ਹਾਂ ਉਵੇਂ ਹੀ ਨੀਵੀਂ ਪਾਈ ਪਵਾਏ ਹੋਏ ਆਪਣੀ ਉੱਚੀ ਆਵਾਜ਼ 'ਚ ਕਿਹਾ, "ਲਾਜੋ ਦੇਖ ਤੇਰਾ ਨਿਆਈ ਵਾਲਾ ਟੱਕ ਤਾਂ ਵਾਹ ਤਾਂ ਸਾਰਾ, ਲਿਆ ਹੁਣ ਤੇਰੀਆਂ ਵੀ ਰੁੱਖੀਆਂ ਮਿੱਸੀਆਂ ਖਾ ਲਈਏ, ਬਾਬਾ ਜੀ ਕਦੇ ਕਦੇ ਖੇਤਾਂ ਵਿੱਚ ਰੋਟੀ ਲੈ ਕੇ

ਮਸੀਬਤ ਆਈ ਹੈ, ਯਾਰਾਂ ਨੂੰ ਪਰਖਣ ਦਾ ਸਮਾਂ ਮਿਲਿਐ।
ਵਫ਼ਾ ਕਿੱਥੇ ਹੈ ਕਿੰਨੀ ਹੈ, ਇਹ ਜਾਨਣ ਦਾ ਸਮਾਂ ਮਿਲਿਐ। -(ਅਗਲੇ ਸਫ਼ੇ 'ਤੇ)

ਆਈ ਬੇਬੇ ਨੂੰ ਇਉਂ ਵੀ ਕਿਹਾ ਕਰਦੇ ਸਨ।

ਆਪਣੇ ਮੂੰਹ ਉੱਤੇ ਹੱਥ ਰੱਖ ਕੇ, ਰੋਕਦੇ ਹੋਏ ਮੇਰੇ ਕੋਲੋਂ ਇੱਕ ਹਾਉਂਕੇ ਦੀ ਆਵਾਜ਼ ਜਿਹੀ ਨਿਕਲ ਹੀ ਗਈ, ਜਿਹੜੀ ਆਖ਼ਰ ਬਾਬਾ ਜੀ ਨੂੰ ਜਾ ਸੁਣੀ।

ਜਦੋਂ ਉਨ੍ਹਾਂ ਨੇ ਮੈਨੂੰ ਆਪਣੇ ਕੋਲ ਖੜ੍ਹੇ ਹੋਏ ਦੇਖਿਆ ਤਾਂ ਉਹ ਝੱਟ ਦੇਣੇ ਉੱਠ ਖੜ੍ਹੇ ਹੋਏ, ਆਟੇ ਨਾਲ ਲਿੱਬੜੇ ਹੋਏ ਆਪਣੇ ਹੱਥਾਂ ਨੂੰ ਝਾੜਦੇ ਝਾੜਦੇ ਮੇਰੇ ਵੱਲ ਨੂੰ ਹੀ ਉਨ੍ਹਾਂ ਦੇ ਹੱਥ ਜੁੜ ਗਏ, "ਜੈਲਿਆ ਆ ਗਿਐ ਪੁੱਤ, ਤੈਨੂੰ ਬੜੇ ਸੁਨੇਹੇ ਘੱਲੇ, ਪਰ ਤੂੰ ਐਨੇ ਚਿਰਾਂ ਬਾਅਦ ਅੱਜ ਬਹੁੜਿਐ।"

"ਬਾਬਾ ਜੀ ਤੁਸੀਂ ਮੇਰੇ ਅੱਗੇ ਹੱਥ ਨਾ ਜੋੜੋ, ਦੱਸੋ ਕੀ ਕੰਮ ਐ, ਮੈਂ ਤੁਹਾਡੇ ਲਈ ਹਮੇਸ਼ਾ ਹਾਜ਼ਰ ਹਾਂ।"

"ਪੁੱਤਰਾਂ ਤੂੰ ਸਾਨੂੰ ਦੋਹਾਂ ਨੂੰ ਕਿਸੇ ਬਿਰਧ ਆਸ਼ਰਮ ਵਿੱਚ ਹੀ ਛੱਡ ਆ, ਇਹ ਸੁੰਡੀਆਂ ਵਾਲਾ ਆਟਾ ਖਾਣ ਤੋਂ ਤਾਂ ਚੰਗੈ, ਸ਼ੈਤ ਆਪਣੇ ਪੁੱਤਾਂ ਦੇ ਵਾਪਸ ਮੁੜਨ ਤੱਕ ਜਿਊਂਦੇ ਹੀ ਰਹਿ ਸਕੀਏ।"

ਹੁਣ ਇੱਕ ਹੋਰ ਆਸ ਜਿਹੀ ਨਾਲ ਬਾਬਾ ਜੀ ਨੇ ਇਉਂ ਕਹਿ ਕੇ ਪੋਲੇ ਪੋਲੇ ਦੋ ਕਦਮ ਮੇਰੇ ਵੱਲ ਨੂੰ ਪੁੱਟੇ, ਕੋਲ ਆਇਆਂ ਤੇ ਮੈਂ ਉਨ੍ਹਾਂ ਦੇ ਆਪਣੇ ਵੱਲ ਨੂੰ ਜੁੜੇ ਹੋਏ ਹੱਥਾਂ ਨੂੰ ਫੜ ਕੇ ਜਿਉਂ ਹੀ ਪਰ੍ਹੇ ਪਰ੍ਹੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਮੈਨੂੰ ਧਾਅ ਗਲਵਕੜੀ ਪਾ ਕੇ ਇਸ ਤਰ੍ਹਾਂ ਮਿਲੇ, ਜਿਵੇਂ ਆਪਣੇ ਚਾਰੇ ਪੁੱਤਾਂ ਨੂੰ ਜੱਫੀ ਵਿੱਚ ਲੈ ਕੇ ਆਪਣੇ, "ਨਿਆਈ ਵਾਲੇ ਟੱਕ" ਉਪਰ ਸਾਰੇ ਦੇ ਸਾਰੇ ਹੀ ਫੈਲ ਗਏ ਹੋਣ।

ਮੈਨੂੰ ਹੁਣ ਕੋਈ ਗੱਲ ਨਹੀਂ ਸੀ ਔੜ ਰਹੀ, ਮੈਂ ਚੁੱਪ ਚਾਪ ਉਨ੍ਹਾਂ ਦੇ ਦਿਲ ਦੀ ਧੜਕਣ ਸੁਣ ਰਿਹਾ ਸਾਂ, ਉਨ੍ਹਾਂ ਦੀ ਧੜਕਣ ਜਿਵੇਂ ਧੱਕ ਧੱਕ ਕਰਨ ਦੀ ਵਜਾਇ, 'ਨਿਆਈਂ ਵਾਲਾ ਟੱਕ' 'ਨਿਾਈਨ ਵਾਲਾ ਟੱਕ' ਕਹਿ ਰਹੀ ਹੋਵੇ।

ਕਹਾਣੀ

# ਹਮਦਰਦੀ

## ਲਖਵਿੰਦਰ ਸਿੰਘ ਬਾਜਵਾ


ਲਖਵਿੰਦਰ ਸਿੰਘ ਬਾਜਵਾ

ਅਚਾਨਕ ਅੱਜ ਉਹ ਕਈ ਦਿਨਾਂ ਤੋਂ ਸ਼ੀਸ਼ੇ ਸਾਹਮਣੇ ਖਲੋਤੀ ਸੀ। ਉਸ ਨੂੰ ਸ਼ੀਸ਼ੇ ਵਿੱਚ ਆਪਣਾ ਚਿਹਰਾ ਅਜੇ ਵੀ ਓਨਾ ਹੀ ਖੂਬਸੂਰਤ ਲੱਗਿਆ, ਜਿੰਨਾ ਕਦੇ ਉਸਨੂੰ ਅੱਜ ਤੋਂ ਚਾਰ ਕੁ ਸਾਲ ਪਹਿਲਾਂ ਲੱਗਿਆ ਕਰਦਾ ਸੀ। ਪਿਛਲੇ ਚਾਰ ਸਾਲਾਂ ਵਿੱਚ ਤਾਂ ਸ਼ਾਇਦ ਉਹ ਸ਼ੀਸ਼ਾ ਵੇਖਣਾ ਹੀ ਭੁੱਲ ਗਈ ਸੀ। ਜਿੰਦਗੀ ਵਿੱਚ ਆਏ ਤੂਫਾਨ 'ਚੋਂ ਲੰਘਦਿਆਂ ਸ਼ਾਇਦ ਉਹ ਆਪਣੇ ਬਾਰੇ ਸੋਚਣਾ ਹੀ ਭੁੱਲ ਗਈ ਸੀ। ਉਹ ਇਹ ਸਮਝ ਬੈਠੀ ਸੀ ਕਿ ਹੁਣ ਉਹ ਅਚਾਨਕ ਆਪਣੇ ਸੁਪਨਿਆ ਵਾਂਗੂੰ ਖਿੱਲਰ ਗਈ ਸੀ, ਬਰਬਾਦ ਹੋ ਗਈ ਸੀ। ਕਿਸੇ ਬਰਬਾਦ ਹੋਈ ਚੀਜ਼ ’ਤੇ ਵੀ ਕਦੇ ਹੁਸਨ ਹੁੰਦੈ? ਪਰ ਅੱਜ ਸ਼ੀਸ਼ੇ ਸਾਹਮਣੇ ਖਲੋਤੀ ਨੂੰ ਜਾਪਿਆ ਸੀ, ਜਿਵੇਂ ਉਹ ਉਸ ਨਦੀ ਵਰਗੀ ਸੀ। ਜਿਸ ਵਿੱਚ ਅਚਾਨਕ ਹੜ੍ਹ ਆ ਜਾਣ ਨਾਲ ਪਾਣੀ ਗੰਧਲਾ ਹੋ ਜਾਂਦੈ ਤੇ ਨਦੀ ਆਪਣਾ ਹੁਸਨ ਗਵਾ ਬੈਠਦੀ ਹੈ। ਪਰ ਫੇਰ ਹੌਲੀ-ਹੌਲੀ ਨਦੀ ਆਪਣੀ ਧਾਰ ਵਿੱਚ ਪਰਤਦੀ ਹੈ ਤੇ ਪਾਣੀ ਹੌਲੀ-ਹੌਲੀ ਨਿੱਤਰ ਜਾਂਦੈ ਤੇ ਮੁੜ ਆਉਂਦੈ ਨਦੀ ਦਾ ਉਹੋ ਹੁਸਨ। ਪਰ ਉਸ ਦਾ ਬੀਤਿਆ ਕੱਲ, ਉਹ ਸੋਚਦੀ।

ਲੋਕ ਉਸ ਨਾਲ ਹੁਣ ਅੱਗੇ ਨਾਲੋਂ ਜ਼ਿਆਦਾ ਹਮਦਰਦੀ ਕਰਨ ਲੱਗ ਪਏ ਸਨ ਤੇ ਅੱਜ ਉਸ ਨੂੰ ਸ਼ੀਸ਼ੇ ਸਾਹਮਣੇ ਖਲੋਤੀ ਨੂੰ ਲੋਕਾਂ ਦੀ ਹਮਦਰਦੀ ਦੇ ਰਾਜ ਦਾ ਪਤਾ ਲੱਗ ਗਿਆ ਸੀ, ਉਸ ਨੇ ਸ਼ੀਸੇ ਵੱਲੋਂ ਝਟਪਟ ਮੂੰਹ ਫੇਰ ਲਿਆ। ਜਿਵੇਂ ਉਸ ਨੂੰ ਸ਼ੀਸ਼ੇ ਨਾਲ ਨਫ਼ਰਤ ਹੋ ਗਈ ਹੋਵੇ।

ਮਾਪਿਆਂ ਨੇ ਉਸ ਦਾ ਨਾ ਬਸੰਤ ਸ਼ਾਇਦ ਐਵੇਂ ਨਹੀਂ ਸੀ ਰੱਖਿਆ। ਉਸ ਦੇ ਮੁੱਖੜੇ ਤੋਂ ਸ਼ਾਇਦ ਹਜ਼ਾਰਾਂ ਬਸੰਤਾਂ ਸਦਕੇ ਜਾਂਦੀਆਂ ਸਨ। ਜਦੋਂ ਉਹ ਜਵਾਨੀ ਦੀ ਦਹਿਲੀਜ਼ ਤੇ ਪਹੁੰਚੀ ਸੀ ਤੇ ਆਪਣੀਆਂ ਸਹੇਲੀਆਂ ਨਾਲ ਕਿਤੇ ਬਾਹਰ ਨਿਕਲਦੀ ਤਾਂ ਰਾਹ ਜਾਂਦਿਆਂ ਦੀਆਂ ਨਜ਼ਰਾਂ ਉਸਦੇ ਚਿਹਰੇ ਤੋਂ ਗੱਡੀਆਂ ਦੂਰ ਤੱਕ ਉਸਦਾ ਪਿੱਛਾ ਕਰਦੀਆਂ ਲੱਗਦੀਆਂ, ਤੀਆਂ ਵਿੱਚ ਉਹ ਗਿੱਧੇ ਦਾ ਸ਼ਿੰਗਾਰ ਹੁੰਦੀ। ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ ਦੀ ਜਿੰਦਾਂ ਨਾਇਕਾ ਸੀ। ਕੁੜੀਆਂ ਦਾ ਝੁੰਡ ਉਸ ਦੇ ਪਿੱਛੇ-ਪਿੱਛੇ ਫਿਰਦਾ, ਹਰ ਕੋਈ ਉਸ ਨਾਲ ਗੱਲ ਕਰਨ ਨੂੰ ਤਰਸਦਾ ਸੀ। ਇਹ ਸਾਰਾ ਕੁੱਝ ਵੇਖਕੇ ਉਸ ਨੂੰ ਆਪਣੇ ’ਤੇ ਮਾਣ ਜਿਹਾ ਮਹਿਸੂਸ ਹੁੰਦਾ।

ਜਦੋਂ ਉਸ ’ਤੇ ਸੋਹਲਵੀਂ ਬੰਸਤ ਆਈ ਤਾਂ ਮਾਪਿਆ ਨੂੰ ਜਿਵੇਂ ਉਸ ਦੀ ਅਚਾਨਕ ਚਿੰਤਾ ਜਾਗ ਪਈ ਹੋਵੇ। ਚਾਰ ਭੈਣਾਂ ਤੇ ਦੋ ਭਰਾਵਾਂ ਵਿੱਚੋਂ ਉਹ ਸਭ ਤੋਂ ਵੱਡੀ ਸੀ। ਪਿਤਾ ਉਸ ਦਾ ਪਿੰਡ ਵਿੱਚ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਕਰਦਾ ਸੀ। ਮੁਸ਼ਕਿਲ ਨਾਲ ਉਹ ਪ੍ਰੀਵਾਰ ਦਾ ਮਸਾਂ ਗੁਜ਼ਾਰਾ ਹੀ ਤੋਰਦਾ ਸੀ। ਉੱਤੋਂ ਉਸਨੂੰ ਲੜਕੀ ਦੇ ਵਿਆਹ ਦੀ ਚਿੰਤਾ ਨੇ ਆਣ ਘੇਰਿਆ। ਉਹ ਹਰ ਰੋਜ਼ ਆਪਣੇ ਪਿਤਾ ਪ੍ਰੇਮ ਲਾਲ ਅਤੇ ਮਾਤਾ ਸਕੁੰਤਲਾ ਦੇ ਚੇਹਰੇ ’ਤੇ ਚਿੰਤਾ ਦੀਆਂ ਲਕੀਰਾਂ ਵੇਖਦੀ। ਇੱਕ ਧੀ ਵਿਆਹੁਣੀ ਹੁੰਦੀ ਤਾਂ ਵੀ ਕੋਈ ਗੱਲ ਨਹੀ ਸੀ। ਚੁੱਕ ਚੁੱਕਾ ਕੇ ਕੰਮ ਸਾਰ ਲੈਂਦੇ ਤੇ ਫੇਰ ਹੌਲੀ-ਹੌਲੀ ਸਿਰੋਂ ਭਾਰ ਲਾਹੀ ਜਾਂਦੈ। ਪਰ ਏਥੇ ਤਾਂ ਇੱਕ ਤੋਂ ਬਾਅਦ ਇੱਕ ਚਾਰ ਧੀਆਂ ਦੀ ਚਿੰਤਾ ਉਹਨਾ ਨੂੰ ਜਿਵੇਂ ਘੁਣ ਵਾਂਗ ਖਾਈ ਜਾ ਰਹੀ ਸੀ। ਮੁੰਡੇ ਅਜੇ ਛੋਟੇ ਸਨ। ਜੇ ਮੁੰਡਾ ਵੱਡਾ ਹੁੰਦਾ ਤਾਂ ਉਹ ਵੀ ਸ਼ਾਇਦ ਕੁੱਝ ਕੰਮ ਕਾਰ ਕਰਦਾ ਤੇ ਬਾਪ ਨਾਲ ਹੱਥ ਵਟਾਉਂਦਾ। ਪਰ ਦੋਵੇਂ ਮੁੰਡੇ ਤਾਂ ਚਾਰਾਂ ਧੀਆਂ ਤੋਂ ਛੋਟੇ ਸਨ। ਸਾਰਾ ਭਾਰ ਇਕੱਲੇ ਪ੍ਰੇਮ ਲਾਲ ਦੇ ਸਿਰ ਤੇ ਹੀ ਸੀ। ਇਸ ਲਈ ਉਸ ਦੀ ਚਿੰਤਾ ਸੁਭਾਵਕ ਹੀ ਸੀ।

ਦਸਵੀਂ ਪਾਸ ਕਰਨ ਤੋਂ ਉਪਰੰਤ ਉਹਨੇ ਬਸੰਤੀ ਨੂੰ ਸਕੂਲੋਂ ਹਟਾ ਲਿਆ। ਕਿਉਂਕਿ ਉੱਚੀ ਪੜ੍ਹਾਈ ਦਾ ਖ਼ਰਚਾ ਸਹਿਣ ਦੀ ਉਹਨਾਂ ਵਿੱਚ ਸੱਮਰਥਾ ਨਹੀਂ ਸੀ। ਹੁਣ ਪ੍ਰੇਮ ਲਾਲ ਚਾਹੁੰਦਾ ਸੀ, ਬਸੰਤੀ ਦੇ ਛੇਤੀ ਤੋਂ ਛੇਤੀ ਹੱਥ ਪੀਲੇ ਕਰ ਦੇਵੇ। ਪਿੰਡਾਂ ਵਿੱਚ ਬਾਣੀਆਂ ਦੀ ਹਾਲਤ ਕੁੱਝ ਵਧੀਆ ਨਹੀਂ ਹੁੰਦੀ। ਉਂਝ ਭਾਵੇਂ ਲੋਕ

ਹੈ ਕੱਚੀ ਸੜਕ ਯਾਰੀ ਦੀ, ਤੇ ਉੱਤੇ ਮੁਸ਼ਕਿਲਾਂ ਦਾ ਮੀਂਹ,
ਕਿ ਅੱਜ ਫਿਰ ਤਿਲਕਣੇ ਯਾਰਾਂ ਨੂੰ ਤਿਲਕਣ ਦਾ ਸਮਾਂ ਮਿਲਿਐ। -ਅਮਰਜੀਤ ਸਿੰਘ ਸੰਧੂ

ਉਸ ਨੂੰ ਸੇਠ ਜੀ, ਸੇਠ ਜੀ ਕਹਿੰਦੇ ਸਨ, ਪਰ ਉਹ ਜਾਣਦਾ ਸੀ ਪਿੰਡ ਵਿੱਚ ਉਸ ਨੂੰ ਆਪਣੀ ਇੱਜ਼ਤ ਦੀ ਰਾਖੀ ਕਰਨੀ ਔਖੀ ਹੈ। ਜੱਟਾਂ ਦੇ ਮਸਤੇ ਹੋਏ ਮੁੰਡੇ ਜਦੋਂ ਰਾਤ ਨੂੰ ਘੁੱਟ-ਘੁੱਟ ਦਾਰੂ ਪੀ ਕੇ ਲੰਘਦੇ ਤਾਂ ਉਸ ਦਾ ਜੀ ਕਰਦਾ ਬਸੰਤੀ ਨੂੰ ਅੰਦਰ ਵਾੜ ਕੇ ਕੁੰਡਾ ਮਾਰ ਛੱਡੇ। ਉਹ ਨਾ ਕਿਸੇ ਨਾਲ ਲੜਨ ਜੋਗਾ ਸੀ ਤੇ ਉਸ ਨੂੰ ਇਹ ਵੀ ਪਤਾ ਸੀ। ਜੱਟਾਂ ਦੀ ਬਹੁ-ਗਿਣਤੀ ਹੋਣ ਕਰਕੇ ਪੰਚਾਇਤ ਵਿੱਚ ਵੀ ਉਸ ਨੂੰ ਕਿਸ ਪੁੱਛਣੈ। ਇਸ ਲਈ ਉਹ ਚਾਹੁੰਦਾ ਸੀ ਕਿ ਬਸੰਤੀ ਇੱਜ਼ਤ ਨਾਲ ਆਪਣੇ ਘਰ ਜਾਵੇ ਤਾਂ ਉਹ ਸੁਰਖਰੂ ਹੋਵੇ। ਦੂਜੀਆਂ ਕੁੜੀਆਂ ਭਾਵੇਂ ਬਸੰਤੀ ਤੋਂ ਦੋ-ਦੋ ਚਾਰ-ਚਾਰ ਸਾਲ ਛੋਟੀਆਂ ਸਨ। ਪਰ ਉਹਨਾਂ ਵਿੱਚ ਅਜੇ ਬਚਪਨ ਝਲਕਦਾ ਸੀ।

ਉਸ ਨੇ ਆਪਣੇ ਸਾਲੇ ਨਾਲ ਸਲਾਹ ਕੀਤੀ, ਤਾਂ ਉਸ ਨੇ ਦਸ ਕੁ ਕਿਲੋਮੀਟਰ ਤੇ ਇੱਕ ਮੁੰਡੇ ਦੀ ਦੱਸ ਪਾਈ। ਇੱਕ ਦਿਨ ਜਾ ਕੇ ਉਹ ਮੁੰਡੇ ਨੂੰ ਝਾਤੀ ਮਾਰ ਆਏ। ਮੁੰਡਾ ਪਿੰਡ ਵਿੱਚ ਦੁਕਾਨ ਕਰਦਾ ਸੀ ਤੇ ਘਰ ਦੀ ਹਾਲਤ ਵੀ ਠੀਕ ਸੀ। ਪਰ ਮੁੰਡੇ ਦੇ ਮਾਂ-ਪਿਉ ਨਹੀਂ ਸਨ। ਰਕੇਸ਼ ਨਾਮ ਸੀ ਉਸਦਾ। ਰਕੇਸ਼ ਦੇ ਮਾਤਾ-ਪਿਤਾ ਦੀ ਅਚਾਨਕ ਇੱਕ ਐਕਸੀਡੈਂਟ ਨਾਲ ਮੌਤ ਹੋ ਗਈ ਸੀ। ਉਹ ਦੋਵੇਂ ਸਕੂਟਰ 'ਤੇ ਆ ਰਹੇ ਸਨ ਕਿ ਅੱਗੋਂ ਆਉਂਦਾ ਟਰੱਕ ਇੱਕ ਸੈਕਿੰਡ ਵਿੱਚ ਉਹਨਾਂ ਦੀ ਜੀਵਨ ਲੀਲਾ ਸਮਾਪਤ ਕਰ ਕੇ ਤੁਰਦਾ ਬਣਿਆ ਸੀ। ਰਕੇਸ਼ ਨੂੰ ਉਸ ਦੇ ਤਾਇਆ-ਤਾਈ ਨੇ ਪਾਲਿਆ ਸੀ ਉਹ ਉਦੋਂ ਪੰਜ ਕੁ ਸਾਲ ਦਾ ਬੱਚਾ ਸੀ। ਉਸ ਦੇ ਬਾਲ ਮਨ ਤੇ ਅਸਹਿ ਸੱਟ ਲੱਗੀ।

ਜਦੋਂ ਉਸ ਨੇ ਦਸਵੀਂ ਪਾਸ ਕਰ ਲਈ ਤਾਂ ਉਸ ਦੇ ਤਾਇਆ-ਤਾਈ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਤਾਏ ਦੇ ਪੁੱਤਰਾਂ ਦੀ ਆਪਣੀ ਦੁਕਾਨ ਸੀ। ਉਹਨਾਂ ਨੇ ਭਾਵੇਂ ਕਿਹਾ ਸੀ ਕਿ ਸਾਡੇ ਨਾਲ ਹੀ ਕੰਮ ਕਰੀ ਚਲ। ਪਰ ਉਹ ਕਿਸੇ ਤੇ ਬੋਝ ਨਹੀਂ ਸੀ ਬਣਨਾ ਚਾਹੁੰਦਾ ਅਤੇ ਫੇਰ ਉਸ ਨੂੰ ਪਤਾ ਲੱਗਾ ਕਿ ਲਾਗਦੇ ਪਿੰਡ ਵਿੱਚ ਕੋਈ ਦੁਕਾਨ ਨਹੀਂ ਹੈ। ਤਾਂ ਉਸ ਨੇ ਉਸ ਪਿੰਡ ਵਿੱਚ ਜਾ ਕੇ ਦੁਕਾਨ ਖੋਲ੍ਹਣ ਦੀ ਖਾਹਸ਼ ਪ੍ਰਗਟ ਕੀਤੀ। ਪਿੰਡ ਦਾ ਸਰਪੰਚ ਭਲਾ ਆਦਮੀ ਸੀ। ਉਸ ਨੇ ਆਪਣੀ ਗਲੀ ਨਾਲ ਦੀ ਬੈਠਕ ਵਿਹਲੀ ਕਰਵਾ ਦਿੱਤੀ। ਕਿਉਂਕਿ ਪਿੰਡ ਵਾਲਿਆਂ ਨੂੰ ਵੀ ਦੁਕਾਨ ਦੀ ਜਰੂਰਤ ਸੀ। ਉਹਨਾਂ ਨੂੰ ਨਿੱਕੀ-ਮੋਟੀ ਚੀਜ਼ ਵੀ ਨਾਲ ਦੇ ਪਿੰਡੋਂ ਜਾ ਕੇ ਲਿਆਉਣੀ ਪੈਂਦੀ ਸੀ। ਇਸ ਲਈ ਰਕੇਸ਼ ਦੀ ਦੁਕਾਨ ਚੱਲ ਪਈ। ਪਿੰਡ ਭਾਵੇਂ ਛੋਟਾ ਹੀ ਸੀ, ਪਰ ਉਸ ਦਾ ਖਰਚਾ ਵੀ ਬਹੁਤਾ ਨਹੀਂ ਸੀ। ਇਕੱਲੀ ਜਾਨ, ਦੁਕਾਨ ਵਿੱਚ ਹੀ ਸਟੋਵ ਰੱਖ ਕੇ ਦੋ ਰੋਟੀਆਂ ਆਪ ਹੀ ਲਾਹ ਲੈਂਦਾ।

ਦੋ ਤਿੰਨ ਸਾਲਾਂ ਵਿੱਚ ਹੀ ਉਸ ਨੇ ਆਪਣਾ ਥਾਂ ਲੈ ਕੇ ਦੋ ਕਮਰੇ ਪਾ ਲਏ ਤੇ ਦੁਕਾਨ ਵੀ ਆਪਣੀ ਬਣਾ ਲਈ। ਜਦੋਂ ਪ੍ਰੇਮ ਲਾਲ ਤੇ ਉਸ ਦੇ ਸਾਲੇ ਨੇ ਗੱਲ ਚਲਾਈ ਤਾਂ ਉਸ ਨੇ ਫੌਰਨ 'ਹਾਂ' ਕਰ ਦਿੱਤੀ। ਲੈਣ ਦੇਣ ਦੀ ਉਹਨੂੰ ਖਾਹਸ਼ ਕੋਈ ਨਹੀਂ ਸੀ। ਦੂਜੀ ਗਲ ਇਹ ਵੀ ਸੀ ਕਿ 'ਕੱਲਾ ਕਾਰਾ ਮੁੰਡਾ ਵੇਖ ਕੇ ਕੋਈ ਰਿਸ਼ਤੇ ਵਾਲਾ ਬਹੁੜਿਆ ਵੀ ਨਹੀਂ ਸੀ।

ਮਾਪਿਆ ਦੇ ਸਿਰੋਂ ਭਾਰ ਵੀ ਲਹਿ ਗਿਆ ਤੇ ਰਕੇਸ਼ ਦੇ ਸੁੰਞੇ ਘਰ ਵਿੱਚ ਬਹਾਰ ਵੀ ਆ ਗਈ। ਬਸੰਤੀ ਆਪਣੇ ਨਵੇਂ ਘਰ ਆ ਗਈ। ਤਿੰਨ ਕੁ ਸਾਲਾਂ ਵਿੱਚ ਉਸ ਦੇ ਘਰ ਦੋ ਬੱਚੇ ਹੋ ਗਏ। ਵੱਡੀ ਕੁੜੀ ਸੀ ਤੇ ਛੋਟਾ ਮੁੰਡਾ ਸਾਲ ਕੁ ਦਾ। ਪਿਆਰੇ-ਪਿਆਰੇ ਦੋ ਬੱਚੇ ਆ ਜਾਣ ਨਾਲ ਉਸ ਦੇ ਘਰ ਦੀ ਬਹਾਰ ਜਿਸ ਤਰ੍ਹਾਂ ਦੁੱਗਣੀ ਹੋ ਗਈ ਹੋਵੇ। ਚਾਅ ਉਸ ਤੋਂ ਸੰਭਾਲੇ ਨਹੀਂ ਸਨ ਜਾਂਦੇ।

ਪਰ ਅਚਾਨਕ ਉਸਦੇ ਸਵਰਗ ਰੂਪੀ ਘਰ ਨੂੰ ਜਿਵੇਂ ਨਜ਼ਰ ਲੱਗ ਗਈ ਹੋਵੇ। ਉਸ ਦਾ ਪਤੀ ਰਕੇਸ਼ ਅਚਾਨਕ ਬਿਮਾਰ ਹੋ ਗਿਆ। ਬਿਮਾਰੀ ਐਸੀ ਲਮਕੀ ਕਿ ਉਸ ਦਾ ਸਾਰਾ ਕਾਰੋਬਾਰ ਚੌਪਟ ਹੋ ਗਿਆ। ਦੁਕਾਨ 'ਤੇ ਉਹ ਹੀ ਤਾਂ ਇੱਕਲਾ ਬੈਠਣ ਵਾਲਾ ਸੀ। ਬਸੰਤੀ ਉਸ ਦੀ ਸੇਵਾ ਵਿੱਚ ਜੁੱਟੀ ਰਹਿੰਦੀ। ਆਮਦਨ ਦਾ ਇੱਕੋ ਇੱਕ ਜ਼ਰੀਆ ਸੀ, ਉਹ ਵੀ ਬੰਦ ਹੋ ਗਿਆ। ਮਾਪੇ ਵਿਚਾਰੇ ਤਾਂ ਪਹਿਲਾਂ ਹੀ ਕੁੱਝ ਦੇਣ ਜੋਗੇ ਨਹੀਂ ਸਨ। ਉਸ ਨੇ ਇਧਰੋਂ-ਉਧਰੋਂ ਫੜ ਕੇ ਇਲਾਜ ਕਰਵਾਇਆ। ਪਰ ਜਿਉਂ-ਜਿਉਂ ਬਿਮਾਰੀ ਲੰਮੀ ਹੁੰਦੀ ਗਈ, ਉਸ ਨੂੰ ਉਧਾਰ ਮਿਲਣਾ ਵੀ ਬੰਦ ਹੋ ਗਿਆ।

ਉਹ ਲਾਗਲੇ ਕਸਬੇ ਦੇ ਡਾਕਟਰ ਤੋਂ ਦਵਾਈ ਲਿਆਉਂਦੇ ਸੀ। ਜਦੋਂ ਪੈਸੇ ਖ਼ਤਮ ਹੋ ਗਏ ਤਾਂ ਉਸ ਨੇ ਛੋਟਾ-ਮੋਟਾ ਟੂੰਮ ਛੱਲਾ ਵੀ ਵੇਚ ਕੇ ਲਾ ਦਿੱਤਾ। ਡਾਕਟਰ ਨੇ ਉਹਨਾ ਨੂੰ ਲੁਧਿਆਣੇ ਜਾ ਕੇ ਚੈੱਕ ਕਰਵਾਉਣ ਦੀ ਸਲਾਹ ਦਿਤੀ। ਉਹ ਕਿਸੇ ਤਰਾਂ ਥੋੜ੍ਹੇ ਬਹੁਤੇ ਪੈਸੇ ਫੜ ਕੇ ਚੈੱਕ ਕਰਵਾ ਲਿਆਈ। ਡਾਕਟਰ ਨੇ ਦੱਸਿਆ ਕਿ ਉਸ ਦੇ ਫੇਫੜਿਆਂ ਵਿੱਚ ਪਾਣੀ ਪੈ ਗਿਆ ਹੈ। ਇਸ ਦਾ ਅਪ੍ਰੇਸ਼ਨ ਕਰਨਾ ਪਵੇਗਾ। ਜੇ ਅਪ੍ਰੇਸ਼ਨ ਸਮੇਂ ਸਿਰ ਹੋ ਜਾਵੇ ਤਾਂ ਮਰੀਜ਼ ਠੀਕ ਹੋ ਸਕਦਾ ਹੈ।

"ਅਪ੍ਰੇਸ਼ਨ ਤੇ ਕਿੰਨਾ ਕੁ ਖਰਚਾ ਆਵੇਗਾ ਡਾਕਟਰ ਸਾਹਿਬ?" ਉਸ ਨੇ ਸਹਿਮੀ ਹੋਈ ਨੇ ਪੁਛਿਆ।

"ਕੋਈ ਪੰਜਾਹ ਕੁ ਹਜ਼ਾਰ," ਡਾਕਟਰ ਨੇ ਜਵਾਬ ਦਿੱਤਾ।

ਪੰਜਾਹ ਹਜ਼ਾਰ ਦਾ ਨਾਂ ਸੁਣ ਕੇ ਜਿਵੇਂ ਉਸ ਨੂੰ ਕੰਬਣੀ ਆ ਗਈ ਸੀ। ਰਿਪੋਰਟਾਂ ਉਹਦੇ ਹੱਥ ਵਿੱਚ ਕੰਬ ਰਹੀਆਂ ਸਨ, ਉਹ ਬਿਨਾ ਕੁੱਝ ਬੋਲੇ ਬਾਹਰ ਨੂੰ ਤੁਰ ਪਈ। ਡਾਕਟਰ ਨੇ ਪਿੱਛੋਂ ਅਵਾਜ਼ ਦੇ ਕੇ ਆਖਿਆ। ਅਪ੍ਰੇਸ਼ਨ ਜਲਦੀ ਕਰਵਾ ਲੈਣਾ, ਨਹੀਂ ਤਾਂ ਮਰੀਜ਼ ਦੀ ਜਾਨ ਜਾ ਸਕਦੀ ਹੈ।

ਬਸੰਤੀ ਨੇ ਸਾਰੇ ਪਿੰਡ ਵਿੱਚ ਤਰਲੇ ਮਿਨੰਤਾ ਕੀਤੇ, ਪਰ ਕਿਸੇ ਨੇ ਵੀ ਉਸ ਨੂੰ ਕੰਨੀ ਨਾ ਫੜਾਈ। ਚੁੰਨੀ ਦਾ ਪੱਲਾ ਅੱਡ ਕੇ ਦਰ-ਦਰ ਤੇ ਆਪਣੇ ਪਤੀ ਦੀ ਜਿੰਦਗੀ ਦੀ ਭੀਖ ਮੰਗਣ ਗਈ, ਪਰ ਲੋਕ ਪੱਥਰ ਬਣ ਗਏ ਸਨ। ਜਿਹੜੇ ਪ੍ਰੇਮ ਲਾਲ ਨੂੰ 'ਸ਼ਾਹ ਜੀ, ਸ਼ਾਹ ਜੀ' ਕਹਿੰਦੇ ਨਹੀਂ ਸਨ ਥੱਕਦੇ ਸਨ, ਹੁਣ ਉਸਦਾ ਪਤਾ ਲੈਣ ਆਉਣੋਂ ਵੀ ਹਟ ਗਏ ਸਨ।

ਲਾਚਾਰ ਹੋ ਕੇ ਉਸ ਨੇ ਆਪਣੇ ਪਿਉ ਨਾਲ ਸਲਾਹ ਕੀਤੀ, ਪਰ ਉਹ ਵੀ ਮਜ਼ਬੂਰ ਸੀ। ਬਸੰਤੀ ਦੇ ਵਿਆਹ ਦਾ ਕਰਜ਼ਾ ਅਜੇ ਲੱਥਾ ਨਹੀਂ ਸੀ ਤੇ ਉਸ ਨੂੰ ਛੋਟੀ ਦਾ ਵਿਆਹ ਵੀ ਕਰਨਾ ਪੈ ਗਿਆ ਸੀ। ਬਸੰਤੀ ਪਿਉ ਦੀ ਹਾਲਤ ਨੂੰ ਭਲੀ-ਭਾਂਤ ਸਮਝਦੀ ਸੀ। ਉਸ ਨੇ ਆਖਿਆ, "ਪਿਤਾ ਜੀ ਬੰਦਾ ਤਾਂ ਲੱਖੀਂ-ਕਰੋੜੀਂ ਹੱਥ ਨਹੀਂ ਆਉਂਦਾ, ਜੇ ਇਹਨਾਂ ਨੂੰ ਕੁੱਝ ਹੋ ਗਿਆ ਤਾਂ ਮੇਰਾ ਕੀ ਬਣੂ। ਮੇਰੇ ਬਾਲ ਰੁਲ ਜਾਣਗੇ। ਠੀਕ ਹੋ ਗਏ ਤਾਂ ਅੱਜ ਨਹੀਂ ਤਾਂ ਕੱਲ ਆਪਣਾ ਕੰਮ ਸੰਭਾਲ ਲੈਣਗੇ। ਦੁਕਾਨ ਰੱਖ ਕੇ ਬਾਕੀ ਘਰ ਵੇਚ ਦੇਈਏ। ਮੈਂ ਚਾਰ ਦਿਨ ਔਖੀ ਸੌਖੀ ਤੁਹਾਡੇ ਕੋਲ ਕੱਟ ਲਊਂ।" ਤਾਂ ਪਿਉ ਨੇ ਅੱਖਾਂ ਵਿੱਚ ਹੰਝੂ ਭਰ ਕੇ ਸਹਿਮਤੀ ਜਤਾਈ।

ਉਹਨਾਂ ਨੇ ਮਕਾਨ ਵੇਚਣਾ ਲਾਇਆ ਤਾਂ ਉਹਨਾਂ ਦੇ ਘਰ ਲੋਕਾਂ ਦਾ ਤਾਂਤਾ ਲੱਗ ਗਿਆ। ਜਿਹੜੇ ਮਿੰਨਤਾਂ ਕਰਨ 'ਤੇ ਵੀ ਇੱਕ

ਹੁਸਨ ਤੇਰੇ ਦਾ ਬੁੱਲਾ ਏ ਸ਼ਾਹਜ਼ੋਰ ਜਿਹਾ।
ਬਚ ਨਹੀਂ ਸਕਦਾ ਦਿਲ ਹੁਣ ਕੱਚੀ ਡੋਰ ਜਿਹਾ। -ਹਮਜ਼ਾਨ ਸ਼ਾਕਿਰ

ਪੈਸਾ ਨਹੀਂ ਸਨ ਦੇਂਦੇ, ਅੱਜ ਸੋਚਦੇ ਸਨ ਕਿ ਫੱਸੀ ਵਿੱਚ ਆ ਕੇ ਮਕਾਨ ਸੱਸਤਾ ਦੇਣਗੇ। ਹਰ ਕੋਈ ਗਾਹਕ ਬਣਿਆ ਫਿਰਦਾ ਸੀ। ਨਫ਼ੇ ਦਾ ਸੌਦਾ ਜੋ ਸੀ।

ਰਕੇਸ਼ ਨੂੰ ਅੱਜ ਸਰਪੰਚ ਦੀ ਯਾਦ ਆ ਰਹੀ ਸੀ। ਕਿੰਨਾ ਖਿਆਲ ਰੱਖਦਾ ਸੀ ਉਹ ਉਸਦਾ, ਮਾਪਿਆਂ ਵਾਂਗ। ਅੱਜ ਉਹ ਹੁੰਦਾ ਤਾਂ ਮਕਾਨ ਵੇਚਣ ਦੀ ਨੌਬਤ ਸ਼ਾਇਦ ਨਾ ਆਉਂਦੀ।

ਬਸੰਤੀ ਨੂੰ ਪੈਸਿਆਂ ਵੱਲੋਂ ਭਾਵੇਂ ਸਭ ਨੇ ਹੀ ਨਾਂਹ ਕਰ ਦਿਤੀ ਸੀ। ਪਰ ਫੇਰ ਵੀ ਰਕੇਸ਼ ਨੇ ਕਿਹਾ, "ਜੇ ਥਾਂ ਦੇਣਾ ਹੀ ਹੈ ਤਾਂ ਪਹਿਲਾਂ ਸਰਪੰਚ ਗੁਰਦੀਪ ਸਿੰਘ ਨੂੰ ਜਰੂਰ ਪੁੱਛੀ। ਬਸੰਤੀ ਆਪਣੇ ਪਿਉ ਨੂੰ ਨਾਲ ਲੈ ਕੇ ਗੁਰਦੀਪ ਦੇ ਘਰ ਗਈ। ਸਾਰੀ ਗਲ ਸੁਣ ਕੇ ਗੁਰਦੀਪ ਦਾ ਮਨ ਕੁੱਝ ਪੰਘਰ ਗਿਆ। ਉਸ ਨੂੰ ਪਤਾ ਸੀ ਰਕੇਸ਼ ਦੀ ਉਸ ਦੇ ਪਿਤਾ ਨੇ ਹੀ ਇਸ ਪਿੰਡ ਵਿੱਚ ਦੁਕਾਨ ਖੋਲ੍ਹਣ ਵਿੱਚ ਮਦਦ ਕੀਤੀ ਸੀ। ਰਕੇਸ਼ ਵੀ ਉਸ ਦੇ ਪਿਤਾ ਦੀ ਕਿੰਨੀ ਕਦਰ ਕਰਦਾ ਸੀ। ਪਰ ਫੇਰ ਵੀ ਰਕਮ ਡੁੱਬ ਜਾਣ ਦੇ ਡਰੋਂ ਉਹ ਪੈਸੇ ਦੇਣੇ ਉਦੋਂ ਨਹੀਂ ਸੀ ਮੰਨਿਆ। ਪਰ ਹੁਣ ਉਹ ਮਕਾਨ ਖਰੀਦਣ ਲਈ ਉਸਨੂੰ ਕਹਿ ਰਹੇ ਸਨ। ਤਾਂ ਉਹਨੂੰ ਮਕਾਨ ਖਰੀਦ ਕੇ ਰਕੇਸ਼ ਨੂੰ ਖਾਨਾਬਦੋਸ਼ ਕਰਨਾ ਵੀ ਚੰਗਾ ਨਾ ਲੱਗਾ। ਉਸ ਨੇ ਸੋਚਿਆ, 'ਮੇਰੇ ਪਿਤਾ ਨੇ ਤਾਂ ਇਸ ਨੂੰ ਖਾਨਾਬਦੋਸ਼ ਨੂੰ ਘਰ ਵਾਲਾ ਬਣਾਇਆ ਸੀ, ਅੱਜ ਉਹ ਫੇਰ ਉਸ ਨੂੰ ਬੇ-ਘਰ ਕਰ ਦੇਵੇ। ਉਸ ਨੂੰ ਚੰਗਾ ਨਾ ਲੱਗਾ। ਗੁਰਦੀਪ ਨੇ ਆਖਿਆ, "ਤੁਸੀ ਇਸ ਤਰਾਂ ਕਰੋ। ਮੈ ਪੰਜਾਹ ਹਜ਼ਾਰ ਵਿੱਚ ਮਕਾਨ ਗਹਿਣੇ ਲੈ ਲੈਂਦਾ ਹਾਂ। ਜਿੰਨਾ ਚਿਰ ਨਾ ਛੁੱਟੇ ਕਿਰਾਇਆ ਦਈ ਜਾਣਾ।

ਬਸੰਤੀ ਨੂੰ ਤਾਂ ਕਿਸੇ ਵੀ ਹਾਲਤ ਵਿੱਚ ਪੈਸੇ ਚਾਹੀਦੇ ਸਨ। ਤਾਂ ਜੋ ਉਸ ਦਾ ਸੁਹਾਗ ਉਜੜਨੋਂ ਬਚ ਜਾਵੇ। ਉਹ ਹਾਂ ਕਰਨ ਹੀ ਵਾਲੀ ਸੀ, ਕਿ ਉਸ ਦੇ ਪਿਤਾ ਪ੍ਰੇਮ ਲਾਲ ਨੇ ਆਖਿਆ, "ਸਰਦਾਰ ਜੀ ਏਨੀ ਕੁ ਕ੍ਰਿਪਾ ਹੋਰ ਕਰੋ। ਸੱਠ ਕੁ ਹਜ਼ਾਰ ਦੇ ਦਿਉ। ਤੁਹਾਨੂੰ ਪਤੈ ਹਸਪਤਾਲਾਂ ਦੇ ਖਰਚਿਆਂ ਦਾ ਉਥੇ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਨੇ। ਨਾਲੇ ਕਿਰਾਇਆ ਇੱਕ ਸਾਲ ਅਸੀਂ ਨਹੀਂ ਦੇਣਾ। ਪ੍ਰਮਾਤਮਾ ਭਲੀ ਕਰੇਗਾ। ਜੇ ਮਕਾਨ ਨਾ ਛੁਡਾ ਸੱਕੇ ਤਾਂ ਤੁਹਾਨੂੰ ਥਾਂ ਵੇਚ ਕੇ ਪੈਸੇ ਦੇ ਦਿਆਂਗੇ।

ਗੁਰਦੀਪ ਸਿੰਘ ਮੰਨ ਗਿਆ ਅਤੇ ਉਹਨਾਂ ਨੇ ਲਿਖਤ ਕਰਕੇ ਪੈਸੇ ਲੈ ਲਏ। ਬਸੰਤੀ ਇੱਕ ਨਵੀਂ ਆਸ ਲੈ ਕੇ ਪਤੀ ਦਾ ਇਲਾਜ ਕਰਵਾਉਣ ਚਲੀ ਗਈ। ਪ੍ਰਮਾਤਮਾ ਨੇ ਸ਼ਾਇਦ ਉਸ ਦੀਆਂ ਦੁਆਵਾਂ ਸੁਣ ਲਈਆਂ ਸਨ। ਅਪ੍ਰੇਸ਼ਨ ਸਫ਼ਲ ਹੋ ਗਿਆ। ਪੰਦਰਾਂ ਕੁ ਦਿਨਾ ਬਾਅਦ ਉਹ ਛੁੱਟੀ ਲੈ ਕੇ ਘਰ ਵਾਪਸ ਆ ਗਏ।

ਪੈਸੇ ਤਾਂ ਸਾਰੇ ਖ਼ਰਚ ਹੋ ਗਏ ਸਨ, ਡਾਕਟਰ ਨੇ ਕਿਹਾ ਸੀ, "ਰਕੇਸ਼ ਘਟੋ-ਘੱਟ ਸਾਲ ਭਰ ਅਰਾਮ ਕਰੇ, ਲਗਾਤਾਰ ਦੁਵਾਈ ਖਾਵੇ।" ਹੁਣ ਬਸੰਤੀ ਨੂੰ ਅਗਲੀ ਚਿੰਤਾ ਨੇ ਆ ਘੇਰਿਆ।

ਹੁਣ ਉਸ ਨੇ ਮਨ ਕਰੜਾ ਕਰਕੇ ਖੁਦ ਹੱਟੀ 'ਤੇ ਬੈਠਣ ਦਾ ਮਨ ਬਣਾ ਲਿਆ। ਹੁਣ ਕੋਈ ਮਦਦ ਨਹੀਂ ਕਰੇਗਾ ਉਸ ਨੂੰ ਪਤਾ ਸੀ। ਹੁਣ ਉਹ ਪਤੀ ਕੋਲ ਦਵਾਈ ਪਾਣੀ ਰੱਖ ਕੇ ਆਪ ਦੁਕਾਨ ਤੇ ਚਲੀ ਗਈ। ਜੰਦਰਾ ਖੋਲ੍ਹ ਕੇ ਉਸ ਨੇ ਸਾਰੀਆਂ ਵਸਤੂਆਂ ਤੋਂ ਧੂੜ ਝਾੜੀ, ਦੇਵੀ ਮਾਤਾ ਦੇ ਅੱਗੇ ਧੂਪ ਜਲਾ ਕੇ ਰੱਖ ਦਿੱਤੀ ਤੇ ਹੱਥ ਜੋੜ ਕੇ ਅਰਦਾਸ ਕੀਤੀ।

ਹੁਣ ਤੀਕ ਉਹ ਭਾਵੇਂ ਹਰ ਆਦਮੀ ਤੋਂ ਪਰਦਾ ਹੀ ਕਰਦੀ ਸੀ। ਆਦਮੀਆਂ ਨੇ ਤਾਂ ਉਸ ਦੀ ਸੂਰਤ ਕਦੇ ਵੇਖੀ ਹੀ ਨਹੀਂ ਸੀ। ਹੁਣ ਉਹ ਪਰਦਾ ਕਰਕੇ ਦੁਕਾਨ 'ਤੇ ਨਹੀਂ ਸੀ ਬੈਠ ਸਕਦੀ।

ਲੋਕ ਦੁਕਾਨ ਖੁਲ੍ਹੀ ਵੇਖ ਕੇ ਹੌਲੀ-ਹੌਲੀ ਆਉਣੇ ਸ਼ੁਰੂ ਹੋ ਗਏ। ਦੁਕਾਨ 'ਚ ਕੁੱਝ ਪੂੰਜੀ ਤਾਂ ਸੀ, ਕੁਝ ਉਸ ਦਾ ਪਿਤਾ ਆਪਣੇ ਨਾਂ 'ਤੇ ਸ਼ਹਿਰੋਂ ਲਿਆ ਕੇ ਦੇ ਗਿਆ। ਲੋਕਾਂ ਨੇ ਜਦ ਇੱਕ ਔਰਤ ਦੁਕਾਨ ਤੇ ਬੈਠੀ ਵੇਖੀ ਤਾਂ ਆਪ ਮੁਹਾਰੇ ਹੀ ਉਧਰ ਨੂੰ ਹੋ ਤੁਰੇ, ਆਨੇ-ਬਹਾਨੇ ਗੇੜੇ ਮਾਰਨ ਲੱਗੇ। ਜਿਸ ਨੇ ਸੌਦਾ ਨਾ ਵੀ ਲੈਣਾ ਹੁੰਦਾ ਉਹ ਬਹਾਨੇ ਨਾਲ ਰਕੇਸ਼ ਦਾ ਹਾਲ ਪੁੱਛਣ ਆ ਖਲੋਂਦਾ। ਹੁਣ ਹਰ ਕੋਈ ਜਿਵੇਂ ਉਸ ਤੋਂ ਸਭ ਕੁਝ ਵਾਰਨ ਲਈ ਤਿਆਰ ਸੀ। 'ਭਰਜਾਈ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸੀਂ। ਮੈਨੂੰ ਬੜਾ ਅਫ਼ਸੋਸ ਹੈ, ਤੈਨੂੰ ਉਦੋਂ ਖਾਲੀ ਮੋੜਨ ਦਾ, ਪਰ ਕੀ ਕਰਦਾ ਉਦੋਂ ਹੱਥ ਹੀ ਬੜਾ ਤੰਗ ਸੀ।' ਤਕਰੀਬਨ ਸਾਰੇ ਪਿੰਡ ਦੇ ਬਹੁਤੇ ਮਰਦਾਂ ਦੇ ਏਹੋ ਬਿਆਨ ਸਨ।

ਹੁਣ ਬਸੰਤੀ ਸੋਚ ਰਹੀ ਸੀ, ਇਹਨਾਂ ਨੂੰ ਹੁਣ ਮੇਰੇ ਨਾਲ ਹਮਦਰਦੀ ਕਿਉਂ ਹੋ ਗਈ ਐ। ਜਦੋਂ ਮੈਂ ਇਹਨਾਂ ਦੇ ਦਰ 'ਤੇ ਤਰਲੇ ਮਿੰਨਤਾਂ ਕਰਦੀ ਫਿਰਦੀ ਸਾਂ, ਕਿਸੇ ਨੇ ਪਾਣੀ ਦਾ ਘੁੱਟ ਵੀ ਨਹੀਂ ਸੀ ਪੁੱਛਿਆ। ਸ਼ਾਇਦ ਇਹਨਾਂ ਨੇ ਸਮਝ ਲਿਆ ਹੋਵੇਗਾ ਕਿ ਰਕੇਸ਼ ਹੁਣ ਠੀਕ ਹੋ ਗਿਐ। ਅੱਜ ਨਹੀਂ ਤਾਂ ਕੱਲ੍ਹ ਨੂੰ ਦੁਕਾਨ ਤੇ ਆਣ ਬੈਠੇਗਾ। ਨਾਲੇ ਦੁਕਾਨ ਤਾਂ ਹੁਣ ਮੈਂ ਵੀ ਚਲਾ ਰਹੀ ਹਾਂ, ਪੈਸੇ ਮਰਦੇ ਨਹੀਂ। ਪਰ ਇਹ ਤਾਂ ਉਸਦੀ ਗਲਤ ਫ਼ਹਿਮੀ ਸੀ। ਕਈ ਦਿਨਾਂ ਤੋਂ ਉਹ ਕਾਫੀ ਸੋਚਦੀ ਰਹੀ ਸੀ। ਉਸ ਨੂੰ ਲੋਕਾਂ ਦੀ ਹਮਦਰਦੀ ਦਾ ਠੋਸ ਕਾਰਨ ਨਹੀਂ ਸੀ ਮਿਲਿਆ। ਉਹ ਕਿਉਂ ਉਸਤੋਂ ਅਚਾਨਕ ਜਾਨ ਵਾਰਨ ਲਈ ਤਿਆਰ ਹੋ ਰਹੇ ਸਨ।

...ਤੇ ਅਜ ਜਦੋਂ ਉਹ ਸ਼ੀਸੇ ਸਾਹਮਣੇ ਖਲੋਤੀ ਸੀ। ਕਈ ਚਿਰਾਂ ਬਾਅਦ ਤਾਂ ਉਸ ਨੂੰ ਲੋਕਾਂ ਦੀ ਹਮਦਰਦੀ ਦਾ ਰਾਜ ਆਪਣੇ ਚਿਹਰੇ 'ਤੇ ਲਿਖਿਆ ਦਿਸ ਰਿਹਾ ਸੀ।

ਉਸ ਨੇ ਕਰੋਧ ਨਾਲ ਸ਼ੀਸ਼ਾ ਬੈੱਡ ਤੇ ਵਗਾਹ ਮਾਰਿਆ। ਪਤੀ ਨੂੰ ਜ਼ਰੂਰਤ ਦਾ ਸਮਾਨ ਦੇ ਕੇ ਉਹ ਦੁਕਾਨ 'ਤੇ ਆ ਗਈ। ਸ਼ਾਮ ਨੂੰ ਉਸਦੇ ਬੱਚੇ ਸਕੂਲੋਂ ਆ ਜਾਇਆ ਕਰਦੇ ਸਨ। ਫਿਰ ਵੀ ਉਹ ਇੱਕ-ਦੋ ਗੇੜੇ ਘਰ ਦੇ ਲਾ ਹੀ ਲੈਂਦੀ ਸੀ। ਅੱਜ ਦੁਕਾਨ 'ਤੇ ਬੈਠੀ ਨੂੰ ਜਿਹੜਾ ਵੀ ਹਮਦਰਦੀ ਜਤਾਉਣ ਲੱਗਦਾ, ਉਸਨੂੰ ਉਹ ਗੁੱਸੇ ਵਿੱਚ ਕਹਿ ਰਹੀ ਸੀ। 'ਸੌਦਾ ਲੈਣ ਆਉਣਾ ਹੁੰਦੈ ਤਾਂ ਆਇਆ ਕਰੋ। ਤੁਹਾਡੀ ਹਮਦਰਦੀ ਦੀ ਹੁਣ ਮੈਨੂੰ ਕੋਈ ਲੋੜ ਨਹੀਂ', ਗੁੱਸੇ ਵਿੱਚ ਪੈਕਟ ਕਾਉਂਟਰ 'ਤੇ ਦੇਹ ਵਗਾਹ ਮਾਰਦੀ।

ਕੌਤਕ ਜ਼ਰਾ ਇਹ ਵੇਖ ਤੂੰ ਐਨਕ ਉਤਾਰ ਕੇ।
ਅਹਿਰਨ ਹਥੌੜਾ ਬਣ ਗਈ, ਸੱਟਾਂ ਸਹਾਰ ਕੇ। -ਆਦੇਸ਼ ਅੰਕੁਸ਼

ਕਹਾਣੀ

# ਰੁਕਮਣੀ ਕੰਮਵਾਲੀ

ਡਾ. ਲੇਖਰਾਜ, ਸੁਜਾਨਪੁਰ



ਡਾ. ਲੇਖਰਾਜ, ਸੁਜਾਨਪੁਰ

ਰੁਕਮਣੀ ਆਪਣੇ ਆਪ ਨੂੰ ਸਮਝਾਉਣ ਦੀਆਂ ਲੱਖਾਂ ਕੋਸ਼ਿਸ਼ਾਂ ਕਰਦੀ ਪਰ ਜ਼ਿੰਦਗੀ ਦਾ ਏਨਾ ਵੱਡਾ ਹਾਦਸਾ ਉਸਨੂੰ ਕਦੋਂ ਚੈਨ ਲੈਣ ਦਿੰਦਾ ਸੀ। ਰੱਬ ਨੇ ਭਾਵੇਂ ਉਸਦੀ ਜ਼ਿੰਦਗੀ ਨੂੰ ਬੇਹੱਦ ਸੁੱਖ-ਸਹੂਲਤਧ ਨਾਲ ਨਵਾਜਿਆ ਸੀ, ਪ੍ਰੰਤੂ ਵੇਖਦੇ ਹੀ ਵੇਖਦੇ ਸਭ ਕੁੱਝ ਪਲਾਂ ਵਿੱਚ ਹੀ ਖ਼ਤਮ ਹੋ ਗਿਆ ਸੀ। ਪਤੀ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਤੇ ਉਸਦੀ ਜ਼ਿੰਦਗੀ ਨੂੰ ਬੇਚੈਨੀ ਤੇ ਅਸ਼ਾਂਤੀ ਦੇ ਲੜ ਲਾ ਗਿਆ। ਉਸਨੂੰ ਛੇਤੀ ਹੀ ਅਹਿਸਾਸ ਹੋ ਗਿਆ ਸੀ ਕਿ ਅਗਲਾ ਲੰਮਾਂ ਪੈਂਡਾ ਹੁਣ ਅੱਥਰੂ ਪੂੰਝਦੇ ਹੀ ਲੰਘਾਉਣਾ ਪੈਣਾ ਹੈ। ਪਰ ਪੁੱਤਰ ਨੂੰ ਆਪਣੇ ਅੰਗ-ਸੰਗ ਖੇਡਦੇ ਵੇਖ ਕੇ ਉਸ ਦਾ ਮਨ ਕਈ ਪ੍ਰਕਾਰ ਦੇ ਖਿਆਲਾਂ ਵਿੱਚ ਉਡਾਰੀਆਂ ਭਰਨ ਲਗ ਪੈਂਦਾ ਤੇ ਉਹ ਰੋਣ-ਪਿੱਟਣ ਦੀ ਥਾਂਵੇ ਆਪਣੀ ਜ਼ਿੰਦਗੀ ਵਿੱਚ ਫੈਲੇ ਹਨੇਰੇ ਨੂੰ ਰੋਸ਼ਨੀ ਵਿੱਚ ਬਦਲਣ ਦੀ ਕੋਸ਼ਿਸ਼ ਕਰਨ ਲਗ ਪੈਂਦੀ। ਸੂਰਜ ਥੋੜ੍ਹਾ ਵੱਡਾ ਹੋਇਆ ਤੇ ਜਦੋਂ ਸਕੂਲ ਜਾਣ ਲਗ ਪਿਆ ਤਾਂ ਉਸਨੇ ਵੀ ਆਪਣੀ ਜ਼ਿੰਦਗੀ ਨੂੰ ਅੱਗੇ ਤੋਰਨ ਹਿੱਤ ਖ਼ੁਦ ਨੂੰ ਕੰਮ ਲਾਉਣਾ ਬੇਹਤਰ ਸਮਝਿਆ। ਆਪਣੇ ਘਰ ਦੇ ਨੇੜੇ ਹੀ ਉਸ ਨੇ ਇੱਕ ਘਰ ਵਿੱਚ ਸਫਾਈ, ਪੋਚੇ ਮਾਰਨ ਅਤੇ ਬਰਤਨ ਮਾਂਝਣ ਦਾ ਕੰਮ ਸੰਭਾਲ ਲਿਆ। ਉਹ ਸਵੇਰੇ ਸੂਰਜ ਨੂੰ ਰੋਟੀ ਖੁਆ ਕੇ ਤੇ ਸਕੂਲ ਭੇਜ ਕੇ ਕੰਮ ਕਰਨ ਨਿਕਲ ਜਾਂਦੀ ਅਤੇ ਉਸ ਦੇ ਘਰ ਪਰਤਨ ਤੋਂ ਪਹਿਲਾਂ ਹੀ ਘਰ ਪਰਤ ਆਉਂਦੀ। ਹੌਲ਼ੀ ਹੌਲ਼ੀ ਉਸਨੇ ਦੋ ਘਰਾਂ ਦਾ ਹੋਰ ਕੰਮ ਸੰਭਾਲ ਲਿਆ।

ਰੁਕਮਣੀ ਦੀ ਉਮਰ ਭਾਂਵੇਂ ਅਜੇ ਥੋੜ੍ਹੀ ਹੈ ਪਰ ਇੰਝ ਲਗਦੈ ਜਿਵੇਂ ਤੱਤੀਆਂ ਹਵਾਵਾਂ ਨੇ ਉਸਨੂੰ ਝੁਲਸ ਕੇ ਰੱਖ ਦਿੱਤਾ ਹੋਵੇ। ਉਸਦੇ ਸੁੰਦਰ ਅਤੇ ਸੁਨੱਖੇ ਚਿਹਰੇ ਤੇ ਚਿੰਤਾ ਤੇ ਵਿਛੋੜੇ ਦੀਆਂ ਝੁਰੜੀਆਂ ਦੇ ਨਿਸ਼ਾਨ ਸਾਫ਼ ਉੱਭਰ ਆਏ ਸਨ। ਪਰ ਅਜੇ ਵੀ ਉਹ ਆਪਣੇ ਕੰਮ ਨੂੰ ਪੂਰੀ ਹਿੰਮਤ ਅਤੇ ਜੋਸ਼ ਨਾਲ ਕਰਨ ਵਿੱਚ ਕਿਸੇ ਕਿਸਮ ਦੀ ਕੋਈ ਕਸਰ ਨਹੀਂ ਸੀ ਰਹਿਣ ਦਿੰਦੀ। ਅਸਲ ਵਿੱਚ ਸਮੇਂ ਦੇ ਨਾਲ ਨਾਲ ਉਸਨੇ ਖ਼ੁਦ ਨੂੰ ਮਜ਼ਬੂਤ ਵੀ ਬਣਾਉਣ ਦਾ ਨਿਸਚਾ ਕਰ ਲਿਆ ਸੀ, ਕਿਉਂਕਿ ਕਿਸੇ ਦੂਸਰੇ ਦੇ ਭਰੋਸੇ ਤੇ ਬੈਠਣ ਵਾਲਾ ਕਦੀ ਵੀ ਬਰਬਾਦ ਹੋ ਸਕਦਾ ਹੈ। ਜਿਸ ਘਰ ਦਾ ਵੀ ਕੰਮ ਉਸਨੇ ਫੜਿਆ ਉਸਨੂੰ ਜੀਅ ਜਾਨ ਲਗਾ ਕੇ ਕੀਤਾ ਤੇ ਹਰ ਇੱਕ ਦੀ ਪ੍ਰਸੰਸਾ ਹਾਸਿਲ ਕੀਤੀ। ਉਸਨੇ ਅਜਿਹਾ ਮੌਕਾ ਹੀ ਦਿੱਤਾ। ਉਹ ਮਨ ਹੀ ਮਨ ਸੋਚਦੀ ਕਿ ਉਹ ਇਹ ਸਭ ਕੁੱਝ ਆਪਣੀ ਸਾਂਈ ਦੀ ਨਿਸ਼ਾਨੀ ਅਤੇ ਪੁੱਤਰ ਸੂਰਜ ਦੇ ਪੜ੍ਹਣ ਤੇ ਪੜ੍ਹ ਲਿਖਕੇ ਨੌਕਰੀ ਮਿਲਣ ਤੱਕ ਹੀ ਕਰੇਗੀ।

ਭਾਵੇਂ ਜੋ ਕੁੱਝ ਪਤੀ ਦੇ ਨਾਲ ਰਹਿੰਦਿਆਂ ਉਸਦੇ ਕੋਲ ਸੀ, ਉਹ ਸਭ ਕੁੱਝ ਖਰਚ ਹੋ ਚੁੱਕਾ ਸੀ। ਸੂਰਜ ਸਕੂਲ ਪੜ੍ਹਣ ਜਾਂਦਾ ਤਾਂ ਉਹ ਵੀ ਉਸਦੇ ਪਿੱਛੇ ਪਿੱਛੇ ਘਰ ਨੂੰ ਤਾਲਾ ਲਾ ਕੇ ਆਪਣੇ ਕੰਮ ਤੇ ਨਿਕਲ ਜਾਂਦੀ ਤੇ ਉਸਦੇ ਮੁੜਣ ਤੋਂ ਪਹਿਲਾਂ ਹੀ ਘਰ ਪਰਤ ਆਂਉਂਦੀ।

ਚੜਦੀ ਜਵਾਨੀ ਵਿੱਚ ਹੀ ਅਣਸੁਖਾਵੀਆਂ ਹਵਾਵਾਂ ਅਤੇ ਝੱਖੜਾਂ ਕਾਰਨ ਉਸਦੇ ਗੁਲਾਬੀ ਦਿਨ ਸੁਰਖ਼ ਹੋਣ ਦੀ ਬਜਾਏ ਕਾਲੀ ਭਾਅ ਮਾਰਨ ਲੱਗ ਪਏ ਸਨ। ਪਤੀ ਦੀ ਮੌਤ ਤੋਂ ਬਾਅਦ ਔਰਤ ਲਈ ਬਚਦਾ ਹੀ ਕੀ ਹੈ? ਉਸਦਾ ਅੰਦਰ ਇੱਕ ਉਦਾਸੀ ਮਾਯੂਸੀ, ਡਰ ਅਤੇ ਦਹਿਸ਼ਤ ਜਿਹੇ ਸਮਾਂ ਘੇਰ ਲੈਂਦਾ। ਉਹ ਹੁਣ ਖ਼ੁਦ ਨੂੰ ਆਪਣੇ ਆਪ ਤੱਕ ਹੀ ਸੀਮਤ ਰੱਖਦੀ ਸੀ।

ਉਸਨੂੰ ਪਤਾ ਹੈ ਕਿ ਮਰਦ ਲੋਕ ਕਿਵੇਂ ਬਹਿਕ ਜਾਂਦੇ ਹਨ। ਉਹ ਫਿਰ ਰਸਤੇ, ਕੁਰਸਤੇ, ਈਮਾਨ ਤੇ ਵਿਸ਼ਵਾਸ ਨੂੰ ਧਿਆਨ ਵਿੱਚ ਨਹੀਂ ਰੱਖਦੇ। ਉਸਨੂੰ ਇਹ ਵੀ ਪਤਾ ਹੈ ਕਿ ਜਦੋਂ ਇਸਤਰੀ ਦਾ ਪਤੀ ਮਰ ਜਾਂਦਾ ਹੈ ਤਾਂ ਬਹੁਤੇ ਲੋਕ ਉਸਨੂੰ ਇੱਕ ਸ਼ਾਮਲਾਤ ਜ਼ਮੀਨ ਸਮਝਣ ਲੱਗ ਪੈਂਦੇ ਹਨ, ਕਬਜ਼ਾ ਜਮਾਉਣ ਦੀ ਯੁਗਤ ਵਿੱਚ ਰਹਿੰਦੇ ਹਨ। ਸਕਦਾ ਹੈ ਕਿ ਕੁੱਝ ਲੋਕ ਉਨ੍ਹਾਂ ਨਾਲ ਹਮਦਰਦੀ ਰੱਖਦੇ ਹੋਣ, ਦੁਖਦੀ ਨਬਜ਼ ਤੇ ਹਮਦਰਦੀ ਦੀ ਮਰਹੱਮ ਵੀ ਲਗਾਉਂਦੇ ਹੋਣ। ਪਹਿਲਾਂ-ਪਹਿਲ ਉਹ ਵੀ ਉਨ੍ਹਾਂ ਨਾਲ ਗੱਲਾਂ ਕਰਕੇ ਆਪਣਾ ਦੁੱਖ ਘੱਟ ਕਰਨ ਦੀ ਕੋਸ਼ਿਸ ਕਰਦੀ, ਪਰ ਹੌਲ਼ੀ ਹੌਲ਼ੀ ਉਸਨੂੰ ਪਤਾ ਲੱਗਣਾ ਸ਼ੁਰੂ ਹੋ ਗਿਆ ਕਿ ਇਹ ਸਾਰੀ ਹਮਦਰਦੀ ਕੇਵਲ ਦਿਲ ਰੱਖਣ ਵਾਲੀ ਹੈ। ਇਸਤੋਂ ਵੱਧ ਹੋਰ ਕੁੱਝ ਨਹੀਂ। ਬਹੁਤਾ ਚੰਗਾ ਬਨਣ ਦੀ ਕੋਸ਼ਿਸ਼ ਕਰੋਗੇ ਤਾਂ ਲੋਕ ਨਿੰਬੂ ਵਾਂਗ ਨਿਚੋੜ ਦਿੰਦੇ ਹਨ ਲ ਇਸ ਲਈ ਉਸਨੂੰ ਬੜੀ ਛੇਤੀ ਸਮਝ ਆ ਗਈ ਸੀ ਕਿ ਕਿਸੇ ਨੂੰ ਆਪਣਾ ਦੁੱਖ ਦੱਸਣ ਦੀ ਲੋੜ ਨਹੀਂ।

ਉਸਨੂੰ ਤਾਂ ਆਪਣੇ ਨਾਲ ਜੁੜੀ ਇੱਕ ਹੋਰ ਜ਼ਿੰਦਗੀ ਲਈ ਕੰਮ ਕਰਨਾ ਹੀ ਪੈਣਾ ਹੈ। ਇਸ ਲਈ ਹੁਣ ਉਸਨੂੰ ਲੋਕਾਂ ਦੇ ਕਪੜੇ ਧੋਣ, ਘਰਾਂ ਦੇ ਫਰਸ਼ ਸਾਫ਼ ਕਰਨ ਲਈ ਪੋਚੇ ਮਾਰਨ, ਖਿੜਕੀਆਂ ਉੱਤੇ ਜੰਮੀ ਮਿੱਟੀ ਧੂੜ ਨੂੰ ਸਾਫ਼ ਕਰਨ ਲਈ ਕੋਈ ਗੁਰੇਜ਼ ਨਹੀਂ ਹੈ।

ਲਿਪਸਟਿਕ, ਬਿੰਦੀ ਅਤੇ ਵੰਨ-ਸੁਵੰਨੇ, ਰੰਗ-ਬਰੰਗੇ ਕਪੜਿਆਂ ਦੀ ਥਾਂਏ ਸਾਫ਼ ਸੁਥਰੇ ਸਾਦੇ ਕਪੜੇ ਪਹਿਨਣ ਨੂੰ ਤਰਜ਼ੀਹ ਦਿੰਦੀ ਹੈ। ਇੰਝ ਲੋਕਾਂ ਦੀਆਂ ਟਿੱਪਣੀਆਂ ਵੱਲ ਧਿਆਨ ਦੇਣ ਦੀ ਬਜਾਏ ਉਹ ਹੁਣ ਆਪਣੇ ਲਾਡਲੇ ਪੁੱਤਰ ਦੇ ਸੁਨਹਿਰੀ-ਸੁਪਨਿਆਂ ਵੱਲ ਧਿਆਨ ਦੇਣ ਲੱਗ ਪਈ ਹੈ। ਉਹ ਹਮੇਸ਼ਾ ਉਸ ਦੀਆਂ ਲੋੜਾਂ ਤੇ ਸੁਵਿਧਾਵਾਂ ਦਾ ਧਿਆਨ ਰੱਖਦੀ।

ਚਾਹੁੰਦੀ ਸੀ ਕਿ ਉਹ ਕਿਤੇ ਹੋਰ ਮੁੰਡਿਆਂ ਵਾਂਗ ਚੌਂਕੜੀ ਵਿੱਚ ਬੈਠ ਕੇ ਤਾਸ ਦੀਆਂ ਬਾਜ਼ੀਆਂ ਨਾ ਖੇਡੇ, ਜੁਤ-ਪਤਾਂਗ ਨਾ ਹੋਵੇ ਤੇ ਉਸ ਲਈ ਨਵੀਆਂ ਪ੍ਰੇਸ਼ਾਨੀਆਂ ਨਾ ਖੜੀਆਂ ਕਰੇ। ਇਸ ਲਈ ਉਹ ਉਸਦੇ ਸਕੂਲੋਂ ਘਰ ਪਰਤਣ ਤੋਂ ਪਹਿਲਾਂ-ਪਹਿਲਾਂ ਜ਼ਰੂਰ ਹੀ ਆਪਣਾ ਕੰਮ ਨਿਬੇੜ ਕੇ ਘਰ ਪਰਤ ਆਉਂਦੀ ਹੈ। ਇਸ ਲਈ ਉਸਨੂੰ ਕਈ ਵਾਰੀ ਕੰਮ ਕਰਨ ਵਿੱਚ ਕਾਹਲੀ ਵੀ ਕਰਨੀ ਪੈਂਦੀ ਹੈ। ਇੱਕ ਵਾਰੀ ਤਾਂ ਕਾਹਲੀ ਵਿੱਚ ਛੇਤੀ ਛੇਤੀ ਕੰਮ ਕਰਦਿਆਂ ਕਰਦਿਆਂ ਉਸ ਕੋਲੋਂ ਬੋਨ-ਚਾਇਨਾ ਦਾ ਵਿਦੇਸ਼ ਤੋਂ ਲਿਆਂਦਾ ਚਾਹ ਦਾ ਸੈਟ ਵੀ ਟੁੱਟ ਗਿਆ ਸੀ। ਟੁੱਟੇ ਕੱਪ ਫਰਸ਼ ਤੇ ਡਿੱਗੇ ਵੇਖ ਕੇ ਬੀਬੀ ਜੀ ਨੇ ਅਸਮਾਨ ਸਿਰ ਤੇ ਚੁੱਕ ਲਿਆ ਸੀ। ਕੁੱਝ ਵੇਖਿਆ ਨਾ ਸੁਣਿਆ ਬਸ ਵਰ੍ਹ ਪਈ ਮੇਰੇ 'ਤੇ। ਕਹਿਣ ਲੱਗੀ, 'ਕਿੰਨੇ ਵਾਰੀ ਕਿਹਾ ਕਿ ਟਰੇਅ ਨੂੰ ਟੁੱਟੇ ਹੱਥਾਂ ਨਾਲ ਨਾ

ਕੋਈ ਐਸੀ ਹਲਚਲ ਮੇਰੇ ਅੰਦਰ ਕਰ ਦੇ।
ਮੈਨੂੰ ਸਾਗਰ ਕਰ ਦੇ ਤੂੰ, ਜਾਂ ਅੰਬਰ ਕਰ ਦੇ। -ਲਖਵਿੰਦਰ ਮੁਖ਼ਾਤਿਬ

ਫੜਿਆ ਕਰ। ਸਖ਼ਤ ਹੱਥ ਪਾਇਆ ਕਰ। ਪਰ ਇਸਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕਦੀ। ਚੱਲ ਅੱਗੇ ਤੋਂ ਇੰਝ ਨਾ ਹੋਵੇ, ਨਹੀਂ ਤਾਂ ਮੈਥੋਂ ਬੁਰਾ ਕੋਈ ਨਹੀਂ, ਸਮਝੀ।' 'ਬੀਬੀ ਜੀ ਦੀ ਗਰਜਦੀ ਤੇ ਗੁਸੈਲ ਆਵਾਜ਼ ਨੇ ਉਸਨੂੰ ਸਿਰ ਤੋਂ ਪੈਰਾਂ ਤੀਕਰ ਕੰਬਾ ਕੇ ਰੱਖ ਦਿੱਤਾ ਸੀ।' ਪਰ ਰੁਕਮਣੀ ਕਦੀਂ ਮੂੰਹ ਨਾ ਖੋਲਦੀ। ਚੁਪ-ਚਾਪ ਮੁੜ ਆਪਣੇ ਕੰਮ ਵਿਚ ਰੁੱਝ ਜਾਂਦੀ। ਬੀਬੀ ਥੋੜ੍ਹਾ ਰੁਕ ਕੇ ਗੁੱਸਾ ਘੱਟ ਹੋਇਆ ਤਾਂ ਬੋਲੀ... "ਚੱਲ ਛੇਤੀ ਨਾਲ ਟੁਟੇ ਹੋਏ ਟੁਕੜਿਆਂ ਨੂੰ ਸਮੇਟ ਕੇ ਫਰਸ਼ ਤੇ ਡਿਗੀ ਚਾਹ ਨੂੰ ਪੋਚੇ ਨਾਲ ਚੰਗੀ ਤਰ੍ਹਾਂ ਸਾਫ਼ ਕਰ ਦੇ। ਵੇਖੀਂ ਫਰਸ਼ ਤੇ ਕਿਧਰੇ ਦਾਗ ਨਾ ਰਹਿ ਜਾਵੇ।" ਬੀਬੀ ਜੀ ਦੀਆਂ ਝਿੜਕਾਂ ਸੁਣਕੇ ਉਸਦੇ ਸੀਨੇ ਵਿੱਚ ਦਰਦ ਤੇ ਅੱਖਾਂ ਵਿੱਚ ਜਿਵੇਂ ਹੰਝੂਆਂ ਦਾ ਹੜ ਉਮੜ ਪਿਆ ਹੋਵੇ। ਕਦੀ ਕਦੀ ਕਈ ਤਾਂ ਭੱਦੇ ਸ਼ਬਦਾਂ ਦਾ ਵੀ ਇਸਤੇਮਾਲ ਕਰਨ ਲੱਗ ਪੈਂਦੇ। ਪਹਿਲਾਂ-ਪਹਿਲ ਤਾਂ ਉਹ ਅਜਿਹੇ ਸ਼ਬਦ ਸੁਣ ਕੇ ਸੁੰਨ ਹੋ ਜਾਇਆ ਕਰਦੀ ਸੀ, ਪਰ ਹੌਲ਼ੀ ਹੌਲ਼ੀ ਇਸ ਦਾ ਅਸਰ ਕੁੱਝ ਘਟਣ ਲੱਗ ਪਿਆ, ਹੁਣ ਉਹ ਪਰਵਾਹ ਨਹੀਂ ਕਰਦੀ। ਪਰ ਅਜਿਹੇ ਸਮੇਂ ਉਸਦੇ ਪਤੀ ਦਾ ਚਿਹਰਾ ਉਸਦੀ ਅੱਖਾਂ ਵਿਚ ਆ ਲਿਸ਼ਕਦਾ ਹੈ, ਐਨੇ ਨੂੰ ਬੀਬੀ ਜੀ ਨੇ ਮੁੜ ਗਲ਼ ਨਾਲ ਲਾ ਲਿਆ ਤੇ ਪਿਆਰ ਨਾਲ ਕਿਹਾ... "ਬੇਟੇ ਕਿਸੇ ਵੀ ਕੰਮ ਨੂੰ ਕਰਨ ਲੱਗਿਆਂ ਆਦਮੀ ਦਾ ਧਿਆਨ ਕਿਸੇ ਹੋਰ ਪਾਸੇ ਨਹੀਂ ਜਾਣਾ ਚਾਹੀਦਾ।"

ਉਸ ਦਿਨ ਤੋਂ ਬਾਅਦ ਉਸ ਕੋਲੋਂ ਕਦੀਂ ਮੁੜ ਇੰਝ ਨਾ ਹੋਵੇਗਾ ਉਸਨੇ ਮਨ ਵਿੱਚ ਧਾਰ ਲਿਆ ਸੀ। ਅਜਿਹੇ ਕੌੜੇ ਮਿੱਠੇ ਬੋਲ ਬੋਲਣ ਸੁਣਨ ਆਦੀ ਹੋ ਗਈ ਸੀ। ਕਈ ਵਾਰ ਉਸਨੂੰ ਮਹਿਸੂਸ ਹੁੰਦਾ ਕਿ ਅਜਿਹੀ ਕੁੜਿਤਣ ਵਿੱਚ ਵੀ ਇੱਕ ਡੂੰਘੇ ਆਪਣੇਪਣ ਦੀ ਖੁਸ਼ਬੂ ਲੁਕੀ ਹੁੰਦੀ ਹੈ।

ਹੁਣ ਲੋਕਾਂ ਦਾ ਅਜਿਹਾ ਗੁੱਸਾ ਤੇ ਹੁੱਜਤਾਂ ਉਸਨੂੰ ਵਿਚਲਿਤ ਨਹੀਂ ਕਰਦੀਆਂ। ਪਹਿਲਾਂ-ਪਹਿਲ ਤਾਂ ਝੱਟਪਟ ਉਸਦਾ ਰੋਣਾ ਨਿਕਲ ਆਉਂਦਾ ਸੀ। ਉਸਦੀਆਂ ਅੱਖੀਆਂ ਤਿੱਪ-ਤਿੱਪ ਚੋਣ ਲੱਗਦੀਆਂ। ਉਸਨੂੰ ਮਿਠਾਸ ਭਰੇ ਘੁੱਟ ਭਰਨ ਦੇ ਨਾਲ ਨਾਲ ਕੌੜੇ ਘੁੱਟ ਵੀ ਭਰਨੇ ਪੈਣੇ ਹਨ। ਉਸਨੇ ਮੁਸੀਬਤਾਂ ਸਾਹਵੇਂ ਗੋਡੇ ਟੇਕਣ ਨਾਲੋਂ ਡੱਟ ਕੇ ਨਿਡਰਤਾ ਪੂਰਵਕ ਖੜੇ ਹੋਣ ਦਾ ਹੌਸਲਾ ਕਰ ਲੈਣ ਦਾ ਇਰਾਦਾ ਬਣਾ ਲਿਆ।

ਸੂਰਜ ਦੇ ਸਕੂਲੋਂ ਪਰਤ ਆਉਣ ਤੇ ਉਹ ਉਸਦੇ ਲਈ ਵਧੀਆ ਤੇ ਸੁਆਦਲਾ ਖਾਣਾ ਬਣਾਉਂਦੀ ਹੈ। ਆਪਣੇ ਪੁੱਤਰ ਨਾਲ ਲਾਡ ਲਡਾਉਂਦੀ। ਆਪਣੇ ਪੁੱਤਰ ਲਈ ਬਿਹਤਰ ਜ਼ਿੰਦਗੀ ਦੇ ਸੁਪਨੇ ਖ਼ੁਦ ਬੁਣਦੀ ਹੈ। ਰਿਸਤੇਦਾਰੀਆਂ ਤੋਂ ਮੂੰਹ ਮੋੜ ਲਿਆ। ਉਸਨੂੰ ਆਪਣੇ ਪਿਓ ਦੀ ਕਹੀ ਗੱਲ ਬਾਰ ਚੇਤੇ ਆਉਂਦੀ 'ਜ਼ਿੰਦਗੀ ਦੀ ਹਾਰ ਜਿੱਤ ਦਾ ਫੈਸਲਾ ਔਲਾਦ ਕਰਦੀ ਹੈ।'

ਹੌਲ਼ੀ ਹੌਲ਼ੀ ਸੂਰਜ ਵੱਡਾ ਹੋ ਰਿਹਾ ਹੈ। ਹਰ ਕੰਮ ਉਹ, ਉਸਦੇ ਵਾਂਗ ਹੀ ਅੱਗੇ ਹੋ ਕੇ ਹੀ ਕਰਦਾ ਹੈ। ਉਸਦਾ ਨਾਂ ਹਰ ਕੰਮ ਲਈ ਅਧਿਆਪਕਾਂ ਦੀ ਜ਼ੁਬਾਨ ਤੇ ਰਹਿੰਦਾ ਹੈ। ਉਹ ਸਾਰੇ ਕੰਮ ਸਭ ਤੋਂ ਪਹਿਲਾਂ ਉਸਨੂੰ ਹੀ ਕਰਨ ਲਈ ਆਖਦੇ ਹਨ।

ਸੱਤਵੀਂ ਜਮਾਤ ਵਿੱਚ ਚੜ੍ਹਦਿਆਂ ਹੀ ਉਸਨੂੰ ਆਪਣੀ ਮਾਂ ਦੀਆਂ ਔਖਿਆਈਆਂ ਦੀ ਸਮਝ ਆਉਣੀ ਸ਼ੁਰੂ ਹੋ ਗਈ ਸੀ। ਰੁਕਮਣੀ ਦੇ ਮਨ ਨੂੰ ਹੁਣ ਤੱਕ ਕੋਈ ਸਮਝ ਨਹੀਂ ਸਕਿਆ ਸੀ, ਪਰ ਹੁਣ ਸੂਰਜ ਥੋੜ੍ਹਾ ਥੋੜ੍ਹਾ ਜਾਣਨ ਲੱਗ ਪਿਆ ਹੈ। ਉਸਨੂੰ ਪਤਾ ਲੱਗ ਗਿਆ ਹੈ ਕਿ ਪਿਉ ਦੇ ਸਿਰ ਤੇ ਨਾ ਹੋਣ ਦੇ ਕੀ ਅਰਥ ਹੁੰਦੇ ਹਨ। ਕਿਵੇਂ ਉਸਦੀ ਮਾਂ ਔਖੇ ਸੌਖੇ ਦਿਨ-ਰਾਤ ਮਿਹਨਤ-ਮੁਸ਼ੱਕਤ ਕਰਕੇ ਉਸਨੂੰ ਪਾਲ ਰਹੀ ਹੈ। ਉਸਨੂੰ ਇੱਕ ਵਧੀਆ ਤੇ ਪ੍ਰਸਿੱਧ ਸਕੂਲ ਵਿੱਚ ਪੜ੍ਹਾ ਰਹੀ ਹੈ। ਉਹ ਕਈ ਵਾਰ ਤਾਂ ਉਸਦੇ ਭਵਿੱਖ ਬਾਰੇ ਇਤਨੀ ਚਿੰਤਿਤ ਹੋ ਜਾਂਦੀ ਹੈ ਕਿ ਉਸਨੂੰ ਆਪਣੀ ਸੁੱਧ-ਬੁੱਧ ਦਾ ਵੀ ਪਤਾ ਨਹੀਂ ਰਹਿੰਦਾ। ਇੰਝ ਸੂਰਜ ਸਤਵੀਂ ਜਮਾਤ ਵਿੱਚ ਚੜ੍ਹਦਿਆਂ ਸੋਚਾਂ ਵਿੱਚ ਪੈ ਕੇ ਇੱਕ ਦਮ ਗੰਭੀਰ ਹੋ ਗਿਆ ਹੈ। ਕਮਰੇ ਦੀ ਦੀਵਾਰ ਦੇ ਵਿੱਚ ਬਨੀ ਅਲਮਾਰੀ ਵਿੱਚ ਰੱਖਿਆ ਰੇਡੀਓ ਵੱਜਦਾ ਰਹਿੰਦਾ ਹੈ ਤੇ ਉਹ ਕਿਤਾਬ ਵਿੱਚ ਸਿਰ ਦੇ ਕੇ ਪੜ੍ਹਦਾ ਰਹਿੰਦਾ ਹੈ। ਕੰਧ ਉੱਤੇ ਪਿਉ ਦੀ ਟੰਗੀ ਤਸਵੀਰ ਦੇ ਗੱਲ ਵਿੱਚ ਪਿਆ ਹਾਰ ਉਸਨੂੰ ਕਿਨ੍ਹਾਂ ਕੁੱਝ ਯਾਦ ਕਰਾ ਗਿਆ ਹੈ। ਉਸ ਵਿੱਚ ਉਦਾਸੀ ਦੇ ਨਾਲ ਨਾਲ ਗੰਭੀਰਤਾ ਵੀ ਘਰ ਕਰ ਗਈ ਹੈ। ਰੁਕਮਣੀ ਬਿਨਾਂ ਕੰਮ ਉਸਨੂੰ ਛੱਡ ਐਵੇਂ ਕਿਤੇ ਵੀ ਨਹੀਂ ਜਾਂਦੀ ਸਗੋਂ ਆਪਣੇ ਆਪ ਨੂੰ ਕਿਸੇ ਨਾ ਕਿਸੇ ਕੰਮ ਲਾਈ ਰੱਖਦੀ ਹੈ। ਸਿਲਾਈ ਮਸ਼ੀਨ ਤੇ ਕਪੜੇ ਸਿਉਂਦੀ ਜਾਂ ਫਿਰ ਆਉਣ ਵਾਲੀਆਂ ਸਰਦੀਆਂ ਲਈ ਉਸਦੇ ਵਾਸਤੇ ਸਵੈਟਰ ਉਣਦੀ ਉਹ ਆਪਣਾ ਸਮਾਂ ਅੱਗੇ ਵੱਲ ਤੋਰਦੀ ਹੈ। ਉਹ ਉਸਨੂੰ ਕਦੀ ਵੀ ਇੱਕਲਾ ਨਹੀਂ ਛੱਡਦੀ। ਇਹ ਸਾਰੇ ਕੰਮ ਉਸਨੂੰ ਪਰੇਸ਼ਾਨੀਆਂ ਤੇ ਦੁਖਾਂ ਦੇ ਛੱਪੜ ਵਿੱਚੋਂ ਬਾਹਰ ਕਢਣ ਲਈ ਉਸਦੀ ਸਹਾਇਤਾ ਕਰਦੇ ਹਨ। ਉਸਨੂੰ ਧੁੰਧਲਾ-ਧੁੰਧਲਾ ਦਿਸਣ ਵਾਲਾ ਸਭ ਕੁਝ ਸੁਨਹਿਰਾ ਤੇ ਰੌਸ਼ਨ ਦਿਖਾਈ ਦੇਣ ਲਗਦਾ ਹੈ।

ਉਸ ਦਿਨ ਸੂਰਜ ਨੂੰ ਸਕੂਲੋਂ ਛੇਤੀ ਛੁੱਟੀ ਹੋ ਗਈ ਸੀ ਅਤੇ ਉਹ ਘਰ ਪਰਤ ਆਇਆ ਸੀ। ਪਰ ਘਰ ਦੇ ਬਾਹਰਲੇ ਬੂਹੇ ਨੂੰ ਲੱਗਿਆ ਤਾਲਾ ਵੇਖਕੇ ਉਹ ਮਾਂ ਦੇ ਆਉਣ ਦੀ ਇੰਤਜ਼ਾਰ ਕਰਨ ਲੱਗਾ ਸੀ। ਬੂਹੇ ਅੱਗੇ ਬੈਠਾ ਉਡੀਕ ਕਰਦਾ ਉਹ ਸੋਚਣ ਲੱਗਾ ਕਿ ਮਾਂ ਕਿਨ੍ਹੀ ਮਿਹਨਤ ਕਰਦੀ ਹੈ। ਪਤਾ ਨਹੀਂ ਕਿਨ੍ਹੀ ਦੇਰ ਹੋਰ ਨਾ ਪਰਤੇ। ਉਸਨੂੰ ਕੀ ਪਤਾ ਕਿ ਉਸਨੇ ਤਾਂ ਤਿੰਨ ਘਰਾਂ ਦਾ ਕੰਮ ਕਰ ਕੇ ਆਉਣਾ ਹੈ। ਉਸ ਦਿਨ ਉਸਦੇ ਮਨ ਵਿੱਚ ਆਪਣੀ ਮਾਂ ਦੇ ਪ੍ਰਤੀ ਹੋਰ ਪ੍ਰੇਮ ਉਮੜ ਪਿਆ ਸੀ ਤੇ ਇੱਕ ਅਜ਼ੀਬ ਜਿਹੇ ਤੂਫ਼ਾਨ ਦੀ ਆਹਟ ਨੇ ਉਸਨੂੰ ਹੋਰ ਅੱਗੇ ਵੱਲ ਤੋਰਨ ਅਤੇ ਪੜ੍ਹਾਈ ਵਿੱਚ ਮਿਹਨਤ ਕਰਨ ਲਈ ਪ੍ਰੇਰਿਆ ਸੀ। ਉਹ ਮਨ ਹੀ ਮਨ ਸੋਚਣ ਲੱਗ ਪਿਆ ਕਿ ਕਦੋਂ ਉਸਦੀ ਪੜ੍ਹਾਈ ਖ਼ਤਮ ਹੋਵੇ ਉਹ ਕੰਮ ਕਰਨ ਦੇ ਕਾਬਿਲ ਬਣੇ ਤਾਂ ਕਿ ਮਾਂ ਦੇ ਦੁਖਾਂ ਅਤੇ ਉਸ ਦੀਆਂ ਅੱਖਾਂ ਵਿੱਚ ਸੁੱਕ ਚੁੱਕੇ ਖ਼ਾਰੇ ਸਮੁੰਦਰ ਨੂੰ ਦੂਰ ਕਰ ਸਕੇ। ਉਸਦੀਆਂ ਲੱਤਾਂ ਤੇ ਹੱਥਾਂ ਨੂੰ ਥੋੜ੍ਹਾ ਸਕੂਨ ਮਿਲੇ। ਮਾਂ ਦੇ ਲਈ ਉਸਦੇ ਦਿਲ ਵਿੱਚ ਪਿਆਰ ਤੇ ਆਦਰ ਦੀਆਂ ਅਥਾਹ ਲਹਿਰਾਂ ਹਿਲਚੁਲ ਕਰਨ ਲੱਗ ਪਈਆਂ ਸਨ। ਮਾਂ ਨੇ ਘਰ ਦਾ ਮੁੱਖ ਦਰਵਾਜ਼ੇ ਨੂੰ ਲੱਗਿਆ ਜਿੰਦਾ ਖੋਲ੍ਹਿਆ। ਉਹ ਸਿੱਧੀ ਰਸੋਈ ਵਿੱਚ ਗਈ ਤੇ ਗਿਲਾਸ ਭਰ ਕੇ ਪਾਣੀ ਪੀਤਾ। ਸਿਰ ਤੇ ਲਈ ਚੁੰਨੀ ਨਾਲ ਉਸਨੇ ਆਪਣਾ ਮੂੰਹ ਸਾਫ਼ ਕੀਤਾ ਤੇ ਦੁਪਹਿਰ ਦੀ ਰੋਟੀ ਦੀ ਤਿਆਰੀ ਕਰਨ ਲੱਗ ਪਈ।

ਅੱਜ ਪਤਾ ਨਹੀਂ ਉਸਨੂੰ ਕੀ ਹੋ ਗਿਆ ਸੀ। ਉਸਦੇ ਹੱਥ ਕੰਬ ਰਹੇ ਸਨ। ਉਸਦਾ ਮਨ ਰੱਬ ਨੂੰ ਉਲ੍ਹਾਮਾਂ ਦੇਣ ਲੱਗ ਪਿਆ ਸੀ... 'ਹੇ ਰੱਬਾ! ਤੂੰ ਮੇਰੇ ਨਾਲ ਇਹ ਕੀ ਕੀਤਾ ਮੈਂ ਤਾਂ ਕਦੀਂ ਕਿਸੇ ਨਾਲ ਮਾੜਾ ਨਹੀਂ ਸੀ ਕੀਤਾ। ਤੂੰ ਮੇਰੇ ਨਾਲ ਐਡਾ ਵੱਡਾ ਅਨਿਆ ਕਰ ਛੱਡਿਆ।' ਐਨੇ ਨੂੰ ਸੂਰਜ ਸਾਹਮਣੇ ਆ ਗਿਆ। ਉਸਨੇ

ਜਿਨ੍ਹਾਂ ਨੇ ਝੂਠ ਹੀ ਘੜ ਕੇ ਮੇਰੇ 'ਤੇ ਦੋਸ਼ ਲਾਏ ਸਨ,
ਬਣੇ ਬੈਠੇ ਉਹੀ ਮੁਨਸਿਫ਼ ਕਰਨਗੇ ਕੀ ਨਿਆਂ ਮੇਰਾ। -ਗੁਰਦਾਸ ਸਿੰਘ ਪਰਮਾਰ

ਸੂਰਜ ਨੂੰ ਥੋੜ੍ਹੀ ਦੇਰ ਲਈ ਆਪਣੀ ਛਾਤੀ ਨਾਲ ਲਾ ਲਿਆ ਤੇ ਅੱਖਾਂ ਬੰਦ ਕਰਕੇ ਉਪਰ ਛੱਤ ਵੱਲ ਝਾਕਿਆ। ਉਸਨੂੰ ਲੱਗਾ ਜਿਵੇਂ ਰੱਬ ਕਹਿ ਰਿਹਾ ਹੋਵੇ, 'ਰੁਕਮਣੀ ਔਖੇ ਰਸਤੇ ਮਨੁੱਖ ਨੂੰ ਸਿਖ਼ਰ ਵੱਲ ਨੂੰ ਲੈ ਕੇ ਜਾਂਦੇ ਹਨ। ਹਰ ਕਾਲੀ ਰਾਤ ਤੋਂ ਬਾਅਦ ਰੋਸ਼ਨ ਸਵੇਰ ਚੜ੍ਹਦੀ ਹੈ। ਮਨੁੱਖ ਦੇ ਜੀਵਨ ਵਿੱਚ ਆਏ ਦੁੱਖ ਹੀ ਉਸਨੂੰ ਚੇਤਨ ਕਰਦੇ ਹਨ, ਕ੍ਰਿਆਸ਼ੀਲ ਕਰਦੇ ਹਨ।' ਇਹ ਸਭ ਕੁੱਝ ਉਸਦੇ ਮਨ ਮਸਤਸਿਕ ਵਿੱਚ ਆਉਂਦਿਆਂ ਹੀ ਉਸਦਾ ਅੰਦਰ ਆਉਣ ਵਾਲੇ ਸਮੇਂ ਤੇ ਖੜੇ ਸਵਾਲੀਆ ਨਿਸ਼ਾਨਾਂ ਨੂੰ ਬੜੇ ਗ਼ੌਰ ਨਾਲ ਵਾਚਦਾ ਰਿਹਾ। ਪਰ ਅਗਲੇ ਪਲ ਉਸਨੂੰ ਇਹ ਉਲਝੀ ਹੋਈ ਤਾਣੀ ਕੁੱਝ-ਕੁੱਝ ਸੁਲਝਦੀ ਜਾਪੀ। ਉਸਨੂੰ ਮਹਿਸੂਸ ਹੋਇਆ ਕਿ ਸੂਰਜ ਹੁਣ ਉਸਦੇ ਦੁਖਾਂ ਨੂੰ ਜਾਣਨ ਲੱਗ ਪਿਆ ਹੈ। ਅੱਜ ਪਹਿਲੀ ਵਾਰ ਉਸਨੂੰ ਲੱਗਾ ਕਿ ਆਉਣ ਵਾਲਾ ਸਮਾਂ ਸ਼ਾਇਦ ਹੁਣ ਹੋਰ ਸੰਘਰਸ਼ਸ਼ੀਲ ਹੋ ਜਾਵੇ। ਇੰਝ ਸੋਚਦੀ ਨੇ ਸੂਰਜ ਨੂੰ ਪੁੱਛਿਆ... "ਪੁੱਤਰ ਭੁੱਖ ਤਾਂ ਨਹੀਂ ਲਗੀ? ਅੱਜ ਥੋੜ੍ਹਾ ਲੇਟ ਹੋ ਗਈ ਹਾਂ। ਅੱਜ ਬੀਬੀ ਜੀ ਨੇ ਕੁੱਝ ਅਜਿਹਾ ਘਚੋਲਾ ਪਾ ਦਿੱਤਾ ਸੀ ਕਿ ਉਸਨੂੰ ਸਾਫ਼ ਕਰਦਿਆਂ ਜਿਆਦਾ ਹੀ ਸਮਾਂ ਲੱਗ ਗਿਆ। ਅੱਜ ਤਾਂ ਬਸ ਹੱਥ ਪੈਰ ਹੀ ਨਹੀਂ ਬਲਕਿ ਦਿਮਾਗ਼ ਦੀਆਂ ਨਸਾਂ ਵੀ ਉਲਝਕੇ ਰਹਿ ਗਈਆਂ ਹਨ ਬੀਬੀ ਜੀ ਤਾਂ ਵੀ ਖ਼ੁਸ਼ ਨਹੀਂ ਹੋਏ। ਕੀ ਕਰੀਏ ਜਿਨ੍ਹਾਂ ਮਰਜ਼ੀ ਸਰੀਰ ਨੂੰ ਤੋੜ ਲਈਏ ਇਹ ਕੰਮ ਕਰਾਉਣ ਵਾਲੇ ਕਦੀਂ ਖ਼ੁਸ਼ ਨਹੀਂ ਹੁੰਦੇ। 'ਅਖੇ ਕਦੀਂ ਭਾਂਡਿਆਂ ਵਿੱਚ ਸਾਬੁਨ ਲੱਗਿਆ ਰਹਿ ਗਿਐ, ਕਦੀਂ ਫਰਸ਼ 'ਤੇ ਪੋਚਾ ਚੰਗਾ ਨਹੀਂ ਲੱਗਿਆ। ਕਦੀ-ਕਦੀ ਇਹ ਵੀ ਕਹਿ ਦਿੰਦੇ ਨੇ ਕਿ ਜੁੱਤੀਆਂ-ਬੂਟ ਜਿੱਥੇ ਪਏ ਸਨ ਉੱਥੇ ਹੀ ਪਏ ਰਹਿਣ ਦਿਤੇ ਨੇ ਰੁਕਮਣੀ ਤੂੰ। ਜੇ ਕਿਤੇ ਇਨ੍ਹਾਂ ਨੂੰ ਵੀ ਥਾਂ ਸਿਰ ਰੱਖ ਦਿੰਦੀ ਤਾਂ ਭਲਾ ਕਿਨ੍ਹਾ ਕੁ ਥੱਕ ਜਾਂਦੀ ਤੂੰ? ਉਹ ਕਦੀ ਨਹੀਂ ਕਹਿੰਦੀ ਕਿ ਸਫ਼ਾਈ ਵਧਿਆ ਹੋਈ ਹੈ। ਕਪੜਿਆਂ ਦੇ ਪਹੁੰਚਿਆਂ, ਕਫ਼ਾਂ ਤੇ ਕਾਲਰਾਂ ਵਿੱਚ ਮੈਲ ਉਨ੍ਹਾਂਨੂੰ ਉਵੇਂ ਦੀ ਉਵੇਂ ਨਜ਼ਰ ਆਉਂਦੀ ਹੈ। ਬਸ ਇਹ ਸਭ ਕੁੱਝ ਦਿਸਦਾ ਹੈ ਪਰ ਪੈਸੇ ਦੇਣ ਦੀ ਵਾਰੀ ਪਤਾ ਨਹੀਂ ਕਿਹੜਾ ਸੱਪ ਸੁੰਘ ਜਾਂਦਾ ਹੈ। ਰੁਕਮਣੀ ਭਾਵੁਕਤਾ ਵਿੱਚ ਸਭ ਕੁੱਝ ਬੋਲ ਬੈਠੀ ਸੀ। ਸੂਰਜ ਉਸ ਦੀਆਂ ਗੱਲਾਂ ਬਿੱਟ-ਬਿੱਟ ਸੁਣਦਾ ਰਿਹਾ। ਫਿਰ ਉਸਨੂੰ ਮਹਿਸੂਸ ਹੋਇਆ ਕਿ ਇਹ ਸਭ ਕੁੱਝ ਉਸਨੂੰ ਉਸਦੇ ਸਾਹਮਣੇ ਨਹੀਂ ਸੀ ਕਹਿਣਾ ਚਾਹੀਦਾ। ਇਹ ਸੋਚਕੇ ਉਸਦੀ ਜੀਭ ਹੁਣ ਜਿਵੇਂ ਤਾਲੂ ਨਾਲ ਚਿਪਕ ਗਈ ਹੋਵੇ। ਹੁਣ ਰੁਕਮਣੀ ਨੂੰ ਕੁੱਝ ਵੀ ਸਮਝ ਨਹੀਂ ਸੀ ਆ ਰਿਹਾ ਕਿ ਉਹ ਹੁਣ ਕੀ ਕਰੇ।

ਮਾਂ ਦੀਆਂ ਗੱਲਾਂ ਸੁਣਕੇ ਸੂਰਜ ਉਲਝਣ ਵਿੱਚ ਫਸ ਗਿਆ ਸੀ। ਉਸਨੇ ਵੀ ਮਾਂ ਦੇ ਦੁੱਖ ਦਰਦ ਨੂੰ ਆਪਣੇ ਅੰਦਰ ਹੀ ਦਬਾ ਲਿਆ ਤੇ ਉਸਨੂੰ ਅਥਰੂਆਂ ਦੇ ਰੂਪ ਵਿੱਚ ਅੱਖਾਂ ਤੋਂ ਬਾਹਰ ਨਹੀਂ ਡਿੱਗਣ ਦਿੱਤਾ। ਨਾ ਹੀ ਮਾਂ ਨੂੰ ਇਹ ਮਹਿਸੂਸ ਹੋਣ ਦਿੱਤਾ ਕਿ ਉਸਦੇ ਅੰਦਰ ਕੀ ਚੱਲ ਰਿਹਾ ਹੈ। ਸਗੋਂ ਉਸਨੇ ਹੌਂਸਲੇ ਨਾਲ ਭਰੇ ਨੌਜਵਾਨ ਵਾਂਗੂੰ ਮਾਂ ਨੂੰ ਵੀ ਹੌਂਸਲਾ ਦਿੱਤਾ, ਛੇਤੀ ਹੀ ਉਸਦੇ ਹਿਰਦੇ ਉੱਪਰ ਆਉਣ ਵਾਲੇ ਸਮੇਂ ਵਿੱਚ ਵਗਣ ਵਾਲੀਆਂ ਠੰਡੀਆਂ ਹਵਾਵਾਂ ਦਸਤਕ ਦੇਣ ਲੱਗ ਪਈਆਂ। ਰੁਕਮਣੀ ਕੰਮ ਵਿੱਚ ਲੱਗ ਗਈ। ਸਮਾਂ ਅੱਗੇ ਵਧਣ ਲੱਗ ਪਿਆ। ਉਸਦਾ ਮਨ ਹਲਕਾ ਹੋ ਗਿਆ। ਇੱਕ ਦਰਦ ਦਾ ਗੁਬਾਰ ਚਲਣਾ ਬੰਦ ਹੋ ਗਿਆ। ਮਨ ਵਿੱਚ ਉੱਠਿਆ ਭਿਵੰਡਰ ਬੁੱਝ ਜਿਹਾ ਗਿਆ। ਹੌਲ਼ੀ ਹੌਲ਼ੀ ਰੁਕਮਣੀ ਦੀ ਨਜ਼ਰ ਬਰਾਂਡੇ ਵਿੱਚ ਪਏ ਗਮਲਿਆਂ 'ਤੇ ਜਾਕੇ ਖੜ ਗਈ, ਜਿਨ੍ਹਾਂ ਵਿੱਚ ਲਾਲ ਪੀਲੇ, ਜਾਮੁਨੀ ਅਤੇ ਫ਼ਾਲਸਾ ਰੰਗਾਂ ਦੇ ਫੁੱਲ ਖਿੜੇ ਹੋਏ ਸਨ। ਉਸਦਾ ਮਨ ਵੀ ਹੁਣ ਜਿਵੇਂ ਖਿੜ ਉੱਠਿਆ ਹੋਵੇ। ਉਸਨੇ ਆਪਣੇ ਮਨ ਨੂੰ ਸਮਝਾਇਆ ਇਹ ਲੋਕ ਤਾਂ ਆਪਣੇ ਘਰਾਂ ਨੂੰ ਪੱਥਰ ਬਣਾ ਕੇ ਦਿਲ ਨੂੰ ਸਕੂਨ ਤੋਂ ਦੂਰ ਲੈ ਗਏ ਹਨ। ਇਨ੍ਹਾਂ ਕੋਲ ਦੌਲਤ ਦੀ ਤਾਕਤ ਹੈ ਪਰ ਇਨ੍ਹਾਂ ਨੂੰ ਕੀ ਪਤਾ ਕਿ ਇਨ੍ਹਾਂ ਸਖ਼ਤ ਦੀਵਾਰਾਂ ਨੂੰ ਸਿਉਂਕ ਲੱਗ ਚੁਕੀ ਹੈ ਜੋ ਮਿਹਨਤ ਨਾ ਕਰਨ ਕਰਕੇ ਦਿਨੋ-ਦਿਨ ਘਰ ਨੂੰ ਖੋਖਲਾ ਕਰ ਰਹੀ ਹੈ।

ਸੂਰਜ ਸੋਚਣ ਲੱਗਾ ਕਿ ਸਮਾਂ ਬੜਾ ਬਲਵਾਨ ਹੈ। ਮਾਂ ਵਲੋਂ ਸਖ਼ਤ ਮਿਹਨਤ-ਮੁਸ਼ੱਕਤ ਦੀ ਤੀਬਰ ਤੇ ਤੇਜ਼ ਤਪਸ਼ ਵਿੱਚ ਤਪ ਕੇ ਹੀ ਕੋਈ ਮਨੁੱਖ ਆਪਣੇ ਉਦੇਸ਼ ਵਿੱਚ ਸਫ਼ਲ ਹੋ ਸਕਦਾ ਹੈ। ਆਪਣੀ ਪਹਿਚਾਣ ਬਣਾ ਸਕਦਾ ਹੈ। ਹੁਣ ਉਹ ਹੋਰ ਵੀ ਵਧ ਮਿਹਨਤ ਕਰੇਂਗਾ।

ਦਸਵੀਂ ਪਾਸ ਕਰਨ ਉਪਰੰਤ ਸੂਰਜ ਹੁਣ ਕਾਲਜ ਜਾਣ ਲੱਗ ਪਿਆ ਸੀ। ਅੱਗੇ ਪੜ੍ਹਾਈ ਥੋੜੀ ਔਖੀ ਤੇ ਟਿਊਸ਼ਨ ਵਗੈਰਾ ਦੀ ਲੋੜ ਪੈਣੀ ਸੀ। ਇਕ ਦਿਨ ਰੁਕਮਣੀ ਨੇ ਸੂਰਜ ਨੂੰ ਕਹਿ ਦਿੱਤਾ, "ਤੂੰ ਡਰੀ ਨਾ, ਮਿਹਨਤ ਕਰੀਂ ਤੇ ਦਿਲ ਲਾ ਕੇ ਹਿੰਮਤ, ਹੌਂਸਲੇ ਤੇ ਲਗਨ ਨਾਲ ਪੜ੍ਹਾਈ ਕਰੀਂ। ਮੇਰੇ ਕੋਲ ਜੋ ਕੁੱਝ ਵੀ ਹੈ ਇਸ ਨੂੰ ਅਸੀਂ ਲੋੜ ਪੈਣ ਤੇ ਵੇਚ ਸਕਦੇ ਹਾਂ, ਜੋ ਮਰਜ਼ੀ ਹੋ ਜਾਵੇ ਪਿੱਛੇ ਨਹੀਂ ਹੱਟਣਾ" ਰੁਕਮਣੀ ਨੇ ਥੋੜ੍ਹਾ ਚਿਰ ਚੁੱਪ ਰਹਿ ਕੇ ਇੱਕ ਲੰਮਾ ਸਾਹ ਭਰਿਆ।

ਰੁਕਮਣੀ ਨੂੰ ਆਪਣੇ ਪੁੱਤਰ ਨੂੰ ਪੜ੍ਹਾ ਲਿਖਾ ਕੇ ਵੱਡਾ ਅਫ਼ਸਰ ਬਣਾਉਣਾ ਇੰਝ ਲੱਗ ਰਿਹਾ ਸੀ ਜਿਵੇਂ ਦੋਵੇਂ ਮਾਂ-ਪਿਉ ਦੀ ਉਮੀਦ ਦੀ ਪੀਂਘ 'ਤੇ ਹੁਲਾਰੇ ਲੈਣ ਲੱਗ ਪਏ ਹੋਣ। ਸਮੇਂ ਦਾ ਪਹੀਆ ਤੇਜ਼ ਤੇ ਤੀਬਰ ਗਤੀ ਨਾਲ ਘੁੰਮਿਆ, ਸਭ ਕੁੱਝ ਇੱਕ ਦਮ ਬਦਲਦਾ ਚਲਿਆ ਗਿਆ।

ਸੂਰਜ ਨੇ ਬੀ.ਐਸ.ਸੀ. (ਆਨਰਜ਼) ਮੈਰਿਟ ਵਿੱਚ ਪਾਸ ਕਰਨ ਤੋਂ ਬਾਦ ਐਮ. ਐਸ. ਈ. ਫਿਜ਼ਿਕਸ ਦਾ ਰਿਜਲਟ ਆਇਆ ਤਾਂ ਉਸਨੇ ਹਆਈ.ਏ.ਐਸ. ਦੀ ਪ੍ਰੀਖਿਆ ਦੀ ਤਿਆਰੀ ਸ਼ੁਰੂ ਕਰ ਦਿੱਤੀ। ਕਰੀਬਨ ਇਕ ਸਾਲ ਦੀ ਮਿਹਨਤ ਤੋਂ ਬਾਦ ਬੀਤਣ ਤੋਂ ਬਾਦ, ਉਸਦੇ ਘਰ ਡਾਕੀਏ ਨੇ ਦਸਤਕ ਦਿੱਤੀ ਸੀ। ਪੱਤਰ ਰਜਿਸਟਰਡ ਸੀ, ਓਹਦੀ ਇੰਟਰਵਿਊ ਦਾ। ਪਰ ਉਸਦਾ ਮਨ ਉਚਾਟ ਸੀ, ਇਸ ਹਾਲਤ ਵਿੱਚ ਵੇਖ ਰੁਕਮਣੀ ਨੇ ਉਸਨੂੰ ਪੁੱਛ ਹੀ ਲਿਆ, "ਕੀ ਤੂੰ ਕਿੱਧਰੇ ਇਹ ਤਾਂ ਨਹੀਂ ਸੋਚਣ ਲਗ ਪਿਆ ਕਿ ਵੱਡੀ ਨੌਕਰੀ ਲਗਣ ਨਾਲ ਮੈਥੋਂ ਦੂਰ ਹੋ ਜਾਵੇਂਗਾ?

"ਨਹੀਂ ਅਜਿਹੀ ਕੋਈ ਗੱਲ ਨਹੀਂ ਹੈ ਮਾਂ। ਤੁਸੀਂ ਤਾਂ ਮੇਰੇ ਨਾਲ ਹੀ ਰਹੋ ਗੇ।"

"ਨਹੀਂ ਮੈਂ ਤੇਰੇ ਨਾਲ ਨਹੀਂ ਰਹਿਣਾ। ਹੁਣ ਤੂੰ ਖ਼ੁਦ ਉੱਡਣਾ ਹੈ, ਆਪਣੇ ਪਰਾਂ ਨੂੰ ਜ਼ਰਾ ਤੇਜ਼ ਕਰ ਲੈ। ਮੈਂ ਆਪਣਾ ਕੰਮ ਉਵੇਂ ਹੀ ਕਰਦੀ ਰਹਿਣਾ ਹੈ ਜਿਵੇਂ ਪਹਿਲਾਂ ਕਰਦੀ ਸੀ ਲ ਨੌਕਰੀ ਤੋਂ ਬਾਅਦ ਤੇਰਾ ਵਿਆਹ ਕਰਕੇ ਮੈਂ ਆਪਣੇ ਸਾਂਈ ਦਾ ਸੁਪਨਾ ਸਾਕਾਰ ਕਰਕੇ ਹੁਣ ਸੁਰਖ਼ਰੂ ਹੋਣ ਦੀ ਸੋਚ ਰਹੀ ਹਾਂ।'

--ਨਹੀਂ ਇਹ ਕਿਵੇਂ ਹੋ ਸਕਦਾ ਹੈ? ਤੁਸੀਂ ਮੈਥੋਂ ਦੂਰ ਨਹੀਂ ਰਹਿ ਸਕਦੇ ਓ 'ਉਸਨੂੰ ਇੰਝ ਕਹਿੰਦਿਆਂ ਥੋੜ੍ਹਾ ਤਾਜ਼ਗੀ ਦਾ ਅਹਿਸਾਸ ਹੋਇਆ ਸੀ। ਥੋੜੇ ਦਿਨਾਂ ਤੋਂ ਉਸਨੂੰ ਆਪਣੇ ਅੰਦਰੋਂ

ਦਿਲ ਬੇਕਰਾਰ ਹੈ ਤੇਰਾ ਤਾਂ ਬੇਕਰਾਰ ਲਿਖ।
ਲਿਖ ਸੱਚ ਸੱਚ ਤੂੰ ਖ਼ਿਜ਼ਾਂ ਨੂੰ ਨਾ ਬਹਾਰ ਲਿਖ। -ਕ੍ਰਿਸ਼ਨ ਭਨੋਟ

ਇੱਕ ਅਜ਼ੀਬ ਤਰ੍ਹਾਂ ਦੀ ਖ਼ੁਸਬੂ ਆਉਣ ਲਗ ਪਈ ਹੈ। ਫਿਰ ਇੱਕ ਦਿਨ ਉਸਨੂੰ ਪਤਾ ਲਗ ਗਿਆ ਕਿ ਉਹ ਆਈ.ਏ.ਐਸ ਵਿੱਚੋਂ ਪਾਸ ਹੋ ਗਿਆ ਹੈ। ਛੇਤੀ ਹੀ ਹੁਣ ਉਸਦੀ ਨਿਯੁਕਤੀ ਦੇ ਹੁਕਮ ਆ ਜਾਣਗੇ। ਅਜਿਹੇ ਮੌਕੇ ਤੇ ਬਹੁਤ ਸਾਰੇ ਲੋਕ ਆਪਣੇ ਬਣ ਕੇ ਸਲਾਹਾਂ ਦੇ ਟਾਨਿਕ ਪਲਾਉਣੇ ਸ਼ੁਰੂ ਕਰ ਦਿੰਦੇ ਨੇ। ਫਿਰ ਜਿੰਨੇ ਮੂੰਹ ਓਨੀਆਂ ਹੀ ਗੱਲਾਂ।

ਅੱਜ ਸਵੱਖਤੇ ਹੀ ਉਸਨੇ ਆਪਣੀ ਨਵੀਂ ਨੌਕਰੀ ਤੇ ਹਾਜ਼ਰੀ ਦੇਣ ਲਈ ਜਾਣਾ ਹੈ। ਜਿਸ ਲਈ ਉਹ ਕਈ ਵਰ੍ਹਿਆਂ ਤੋਂ ਤਿਆਰੀ ਕਰ ਰਿਹਾ ਹੈ। ਰੁਕਮਣੀ ਨੇ ਅੱਜ ਫੇਰ ਮਨ ਹੀ ਮਨ ਰੱਬ ਅੱਗੇ ਦੁਆ ਕੀਤੀ ਹੈ ਕਿ ਉਹ ਉਸਨੂੰ ਹਿੰਮਤ ਅਤੇ ਹੌਸਲੇ ਨਾਲ ਲਵਰੇਜ਼ ਕਰ ਦੇਵੇ ਤਾਂ ਕਿ ਉਹ ਲੋਕਾਂ ਦੀ ਭਲਾਈ ਲਈ ਹਮੇਸ਼ਾ ਨੇਕ ਕੰਮ ਕਰੇ। ਕਿਸੇ ਨੂੰ ਉੱਚਾ ਨੀਵਾਂ ਨਾ ਬੋਲੇ ਤੇ ਗਰੀਬਾਂ ਦੀ ਸੇਵਾ ਕਰਨ ਲਈ ਆਪਣਾ ਜੀਵਨ ਅਰਪਣ ਕਰ ਦੇਵੇ। ਹਰ ਇੱਕ ਨਾਲ ਬੜੀ ਹਮਦਰਦੀ ਅਤੇ ਪਿਆਰ ਨਾਲ ਪੇਸ਼ ਆਵੇ। ਕੁਦਰਤ ਨੇ ਜਿਹੜਾ ਕੰਮ ਉਸਨੂੰ ਸੌਂਪਿਆ ਹੈ ਉਹ ਉਸਨੂੰ ਨੇਕ-ਨੀਤੀ ਨਾਲ ਪੂਰਾ ਕਰੇ।

ਸੂਰਜ ਨੇ ਘਰੋਂ ਤੁਰਨ ਲੱਗਿਆ ਆਪਣੀ ਮਾਂ ਰੁਕਮਣੀ ਦੇ ਚਰਨ ਸਪਰਸ਼ ਕਰਨ ਉਪਰੰਤ ਅਸ਼ੀਰਵਾਦ ਲਿਆ। ਉਸਦੀਆਂ ਅੱਖਾਂ ਭਰ ਆਈਆਂ ਤੇ ਉਸਨੇ ਮਾਂ ਨੂੰ ਛੇਤੀ ਹੀ ਆਪਣੇ ਨਾਲ ਨੌਕਰੀ ਵਾਲੀ ਥਾਂ ਤੇ ਲੈ ਚਲਣ ਨੂੰ ਕਿਹਾ ਸੀ। ਉਸਦੀਆਂ ਅੱਖਾਂ ਵਿੱਚ ਤੰਗੀ ਤੁਰਸੀ ਵਿੱਚ ਗੁਜ਼ਾਰਿਆ ਸਮਾਂ ਫ਼ਿਲਮਰੀਲ ਵਾਂਗ ਤੈਰਨ ਲਗ ਪਿਆ ਸੀ। ਰੁਕਮਣੀ ਭਾਵੁਕ ਹੋ ਗਈ ਸੀ। ਉਸਨੇ ਆਪਣੇ ਆਪਨੂੰ ਕਾਬੂ ਵਿੱਚ ਰੱਖਦਿਆਂ ਸੂਰਜ ਨੂੰ ਗੱਲ ਨਾਲ ਲਾ ਲਿਆ। ਉਸਨੇ ਇੰਝ ਕਰਦਿਆਂ ਆਪਣੇ ਪਤੀ ਨੂੰ ਯਾਦ ਕੀਤਾ ਤੇ ਮਨ ਹੀ ਮਨ ਕਿਹਾ... 'ਤੁਹਾਡਾ ਸੁਪਨਾ ਸਾਕਾਰ ਹੋਇਆ। ਮੇਰੇ ਮਨ ਦੀ ਤਮੰਨਾ ਪੂਰੀ ਹੋਈ।'

ਅਗਲੇ ਕੁੱਝ ਪਲਾਂ ਵਿੱਚ ਸੂਰਜ ਆਪਣੇ ਘਰ ਦੀ ਦਹਿਲੀਜ਼ ਟੱਪ ਗਿਆ ਸੀ। ਉਸਦੇ ਜਾਣ ਤੋਂ ਮਗਰੋਂ ਰੁਕਮਣੀ ਆਪਣੇ ਕੰਮ ਤੇ ਜਾਣ ਲਈ ਤਿਆਰ ਹੋਣ ਲਗ ਪਈ। ਤਿਆਰ ਹੁੰਦਿਆਂ ਸਾਰ ਹੀ ਉਸਦੀਆਂ ਅੱਖਾਂ ਇਕਦਮ ਨਮ ਹੋ ਗਈਆਂ। ਛੇਤੀ ਹੀ ਉਸਨੇ ਆਪਣੇ ਆਪ ਨੂੰ ਸੰਭਾਲਿਆ। ਮਨ ਨੂੰ ਸਮਝਾਇਆ... ਮੈਨੂੰ ਅਜੇ ਹੋਰ ਤੁਰਨਾ ਪਵੇਗਾ ਬੈਠਣ ਨਾਲ ਜੀਵਨ ਹੋਰ ਕਠਿਨਾਈ ਭਰਿਆ ਹੋ ਜਾਂਦਾ ਹੈ। ਅੱਜ ਉਹ ਆਪਣੀ ਮਾਲਕਿਨ ਬੀਬੀ ਨੂੰ ਮਿੱਠਾ ਖੁਆਏਗੀ।

ਰੁਕਮਣੀ ਨੇ ਬੀਬੀ ਦੀ ਮਨਭਾਉਂਦੀ ਦੁਕਾਨ ਤੋਂ ਮਠਿਆਈ ਖਰੀਦੀ ਅਤੇ ਘਰ ਦਾ ਦਰਵਾਜਾ ਜਾ ਖੜਕਾਇਆ। ਬੀਬੀ ਜੀ ਨੇ ਅਸੀਸਾਂ ਤੇ ਅਸ਼ੀਰਵਾਦ ਦਿੰਦਿਆਂ ਕਿਹਾ, "ਰੁਕਮਣੀ! ਤੂੰ ਹੁਣ ਆਪਣੇ ਪੁੱਤਰ ਕੋਲ ਜਾ ਕੇ ਆਰਾਮ ਦੀ ਜਿੰਦਗੀ ਬਿਤਾਉਣੀ ਚਾਹੀਦੀ ਹੈ।

"ਨਹੀਂ ਬੀਬੀ ਜੀ! ਮੈਂ ਹੁਣ ਉਸਦੇ ਕੋਲ ਨਹੀਂ ਜਾਣਾ। ਉਸਨੂੰ ਆਪਣੇ ਪਰਾਂ ਤੇ ਉੱਡਣ ਦੇਣਾ ਹੈ। ਮੈਂ ਤੁਹਾਡੇ ਘਰ ਕੰਮ ਕਰਕੇ ਹੀ ਗੁਜ਼ਾਰਾ ਕਰ ਲਵਾਂਗੀ।"

"ਤੂੰ ਅਜਿਹਾ ਕਿਉਂ ਸੋਚਦੀ ਏਂ? ਉਹ ਤੇਰਾ ਲਾਡਲਾ ਪੁੱਤਰ ਹੈ ਤੈਨੂੰ ਜੀਅ ਜਾਨ ਨਾਲ ਪਿਆਰ ਕਰਦਾ ਹੈ।"

"...ਤੇ ਜਦੋਂ ਉਸਦੀ ਅਫ਼ਸਰ ਬਹੁਟੀ ਆ ਗਈ ਤਾਂ ਮੈਂ ਕਿਥੇ ਹੋਵਾਂਗੀ? ਮੈਂ ਕਿਸੇ ਤੇ ਭਾਰ ਨਹੀਂ ਬਣਨਾ ਚਾਹੁੰਦੀ।" ਇਹ ਕਹਿ ਰੁਕਮਣੀ ਰਸੋਈ 'ਚ ਦੋ ਦੀ ਥਾਂ ਤਿੰਨ ਕੱਪ ਚਾਹ ਬਣਾਉਣ ਚਲੀ ਗਈ ਕੱਪ ਚਾਹ ਬਣਾਉਣ ਚਲੀ ਗਈ। ਇਕ ਮਾਲਕ ਲਈ, ਇਕ ਮਾਲਕਣ ਲਈ ਅਤੇ ਇਕ ਆਪਣੇ ਲਈ। ਪਹਿਲਾਂ ਵਾਂਗੂੰ ਥੱਲੇ ਬੈਠਕੇ ਪੀਣ ਦੀ ਥਾਂ ਨੇੜਲੀ ਕੁਰਸੀ ਉਪਰ ਬੈਠਕੇ ਪੀਣ ਲੱਗੀ।

---

ਕਹਾਣੀ

# ਇਹ ਕਿਹੋ ਜਿਹੀ ਪੀੜ

## ਵਿਜੈ ਬੋਹਾ



ਵਿਜੈ ਬੋਹਾ

ਵਿਜੇ ਬੋਹਾ: ਨੌਜਵਾਨ ਤੇ ਨਵਾਂ ਲੇਖਕ ਹੈ ਪਰ ਆਪਣੇ ਸਾਹਿਤਕ ਪਿਛੋਕੜ ਸਦਕਾ ਉਹ ਜਾਨਦਾਰ ਕਹਾਣੀਆਂ ਲਿਖ ਲੈਂਦਾ ਹੈ। ਉਹ ਕਹਾਣੀਕਾਰ ਤੇ ਆਲੋਚਕ ਨਿਰੰਜਣ ਬੋਹਾ, ਜੋ ਰਿਸ਼ਤੇ ਵਿਚ ਉਸਦਾ ਚਾਚਾ ਲੱਗਦਾ ਹੈ, ਦੀ ਪ੍ਰੇਰਣਾ ਨਾਲ ਕਹਾਣੀ ਲਿਖਣ ਲੱਗਿਆ। ਹੁਣ ਤੱਕ ਉਸਨੇ ਇਕ ਪੁਸਤਕ ਛਪਵਾਉਣ ਯੋਗ ਕਹਾਣੀਆਂ ਲਿਖ ਲਈਆਂ ਹਨ। ਉਸਦੀਆ ਕਹਾਣੀਆਂ ਉਲਝਦੀਆਂ-ਸੁਲਝਦੀਆਂ ਪਰਿਵਾਰਕ ਸਮੱਸਿਆਵਾਂ ਤੇ ਵਿਸ਼ੇਸ਼ ਤੌਰ ਤੇ ਕੇਂਦਰਿਤ ਰਹਿੰਦੀਆਂ ਹਨ।-ਦਰਸ਼ਨ

ਨਾਲ ਵਾਲੀ ਗਲੀ ਵਿੱਚ ਬਣੇ ਗੁਰੂਘਰ ਦੇ ਵਿੱਚ ਉਸ ਦੀ ਕਦੇ ਸਟੂਡੈਂਟ ਰਹੀ ਅਵਨੀਤ ਕੌਰ ਦੇ ਅਨੰਦ ਕਾਰਜ ਦੀ ਰਸਮ ਚੱਲ ਰਹੀ ਸੀ। ਲਾਵਾਂ ਦਾ ਪਾਠ ਜਾਰੀ ਸੀ, ਭਾਈ ਸਾਹਿਬ ਬਹੁਤ ਹੀ ਮਿੱਠੀ ਸੁਰ ਵਿਚ ਗਾ ਰਹੇ ਸਨ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ
ਦ੍ਰਿੜਾਇਆ ਬਲਿ ਰਾਮ ਜੀਉ....

ਆਵਾਜ਼ ਸੁਣ ਹਰਵੀਨ ਨੂੰ ਕੁਝ ਅਜੀਬ ਜਿਹਾ ਮਹਿਸੂਸ ਹੋਣ ਲੱਗਿਆ। ਆਪਣੇ ਅੰਦਰ ਉਸ ਨੂੰ ਕੁਝ ਖੁੱਸਦਾ ਜਿਹਾ ਜਾਪਿਆ ਤੇ ਇਕ ਅਜੀਬ ਜਿਹੀ ਉਦਾਸੀ ਆਪਣੇ ਆਪ ਮਨ ਦੇ ਅੰਦਰ ਲਹਿੰਦੀ ਗਈ। ਹੱਥ ਵਿਚ ਪੜ੍ਹ ਰਹੀ ਕਿਤਾਬ ਦਾ ਵਰਕਾ ਮੋੜ ਕਿਤਾਬ ਬੰਦ ਕਰ ਉਹ ਦੂਰ ਸੋਚਾਂ ਵਿਚ ਗੁਆਚਦੀ ਚਲੀ ਗਈ... ਆਪਣੀ ਕਲਪਨਾ ਵਿਚ ਉਸਨੂੰ ਲੱਗ ਰਿਹਾ ਸੀ ਜਿਵੇਂ ਉਸ ਦਾ ਖੁਦ ਦਾ ਅਨੰਦ ਕਾਰਜ ਸੀ ਤੇ ਲਾਵਾਂ ਦਾ ਇਹ ਪਾਠ ਪੜ੍ਹਿਆ ਜਾ ਰਿਹਾ ਸੀ ਤੇ ਉਹ ਲਾੜੀ ਬਣ ਲਾੜੇ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕਰ ਰਹੀ ਸੀ। ਪਰ ਲਾੜਾ ਕੌਣ ਸੀ ਇਸ ਦਾ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ, ਉਹ ਤਾਂ ਬੱਸ ਪੱਲੇ ਦਾ ਇਕ ਸਿਰਾ ਫੜ੍ਹ ਮਗਰ-ਮਗਰ ਤੁਰਦੀ ਜਾ ਰਹੀ ਸੀ।

ਭਾਵੇਂ ਅਵਨੀਤ ਵਲੋਂ ਉਸ ਨੂੰ ਵਿਆਹ ਵਿਚ ਸ਼ਾਮਿਲ ਹੋਣ

ਸੱਚ ਕਹਿਣੋਂ ਬਾਜ਼ ਆ ਜਾ ਹੋਰ ਤੁਹਮਤ ਨਾ ਲੁਆ,
ਨਾਮ ਪਹਿਲੋਂ ਹੀ ਬੜਾ ਹੋ ਚੁੱਕਿਆ ਬਦਨਾਮ ਹੈ। -ਗੁਰਨਾਮ ਗਿੱਲ

ਲਈ ਸੱਦਾ ਬੜੇ ਨਿੱਘ ਨਾਲ ਦਿੱਤਾ ਗਿਆ ਸੀ ਤੇ ਜ਼ਰੂਰ ਆਉਣ ਦੀ ਤਾਕੀਦ ਕੀਤੀ ਗਈ ਸੀ, ਪਰ ਉਹ ਫੇਰ ਵੀ ਵਿਆਹ ਵਿਚ ਨਾ ਗਈ, ਮਨ ਵਿਚ ਤਰ੍ਹਾਂ-ਤਰ੍ਹਾਂ ਦੇ ਸਵਾਲ ਤੇ ਡਰ ਸੀ... ਲੋਕਾਂ ਦੀਆ ਨਜ਼ਰਾ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ... ਪਿੱਠ ਪਿੱਛੇ ਹੁੰਦੀਆਂ ਗੱਲਾਂ ਤੋਂ ਭੈਅ ਆਉਂਦਾ ਸੀ। ਕਈ ਵਾਰੀ ਤਾਂ ਇਹੋ ਜਿਹੇ ਮੌਕੇ ਕੋਈ ਗੁਆਂਢਣ ਕਹਿ ਵੀ ਦਿੰਦੀ, "ਹਰਵੀਨ ਹੁਣ ਤਾਂ ਤੂੰ ਵੀ ਵਿਆਹ ਦੇ ਲੱਡੂ ਸਾਨੂੰ ਖਵਾ ਹੀ ਦੇ।"

ਲੋਕਾਂ ਦਾ ਮੂੰਹ ਤਾਂ ਕਦੇ ਫੜ੍ਹਿਆ ਨਹੀ ਜਾ ਸਕਦਾ, ਲੋਕ ਵੀ ਤਾਂ ਠੀਕ ਹੀ ਆਖਦੇ ਸਨ, 35-36 ਸਾਲ ਦੀ ਉਮਰ ਹੋ ਗਈ ਸੀ ਉਸ ਦੀ ਪਰ ਅਜੇ ਵੀ ਸ਼ਗਨਾਂ ਵਾਲੀ ਮਹਿੰਦੀ ਹੱਥਾਂ ਤੇ ਲਗਣੀ ਬਾਕੀ ਸੀ। ਕੋਈ ਢੰਗ ਦਾ ਰਿਸ਼ਤਾ ਹੀ ਨਹੀਂ ਸੀ ਮਿਲ ਰਿਹਾ। ਕਈ ਜਗ੍ਹਾ ਰਿਸ਼ਤੇ ਦੀ ਗੱਲ ਚੱਲੀ ਪਰ ਸਿਰੇ ਨਾ ਲੱਗ ਸਕੀ। ਉਸ ਦੇ ਨਾਲ ਦੀਆਂ ਸਭ ਸਹੇਲੀਆਂ ਦੇ ਬੱਚੇ ਤਾਂ ਹੁਣ ਤੱਕ ਸਕੂਲ ਜਾਣ ਲੱਗੇ ਸਨ। ਕਈ ਵਾਰੀ ਰਸਤੇ ਵਿਚ ਚੱਲਦਿਆਂ ਕੋਈ ਪੁਰਾਣੀ ਕਲਾਸਮੇਟ ਮਿਲ ਜਾਂਦੀ ਤਾਂ ਹਰਵੀਨ ਨੂੰ ਬੜੀ ਅਜੀਬ ਜਿਹੀ ਘਬਰਾਹਟ ਹੁੰਦੀ। ਉਸ ਨੂੰ ਹਾਏ-ਹੈਲੋ ਕਰਨਾ ਵੀ ਬੜਾ ਔਖਾ ਕੰਮ ਲਗਦਾ। ਕਈ ਵਾਰੀ ਤਾਂ ਉਹ ਜਾਣਬੁੱਝ ਦੂਜੇ ਪਾਸੇ ਮੂੰਹ ਕਰ ਤੁਰਦੀ ਰਹਿੰਦੀ। ਇਕ ਵਾਰ ਬਾਜ਼ਾਰ ਵਿਚ ਹਰਵੀਨ ਨੂੰ ਉਸਦੀ ਸਹੇਲੀ ਅਮਨ ਮਿਲੀ ਤਾਂ ਅਮਨ ਨੇ ਆਪਣੇ ਨਾਲ ਤੁਰ ਰਹੇ ਦੋਵੇਂ ਬੱਚਿਆਂ ਨੂੰ ਹਰਵੀਨ ਨਾਲ ਜਾਣ ਪਹਿਚਾਣ ਕਰਵਾਉਂਦਿਆਂ ਕਿਹਾ, "ਬੇਟਾ ਇਹ ਨੇ ਤੁਹਾਡੇ ਵੱਡੇ ਮਾਸੀ ਜੀ ਹਰਵੀਨ, ਅਸੀਂ ਦੋਨਾਂ ਨੇ ਇਕ ਹੀ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਹੈ... ਸਾਸਰੀ ਕਾਲ ਬੋਲੋ ਮਾਸੀ ਨੂੰ।"

ਉਸ ਸਮੇਂ ਹਰਵੀਨ ਦੀ ਹਾਲਤ ਸਿਰਫ਼ ਹਰਵੀਨ ਹੀ ਜਾਣ ਸਕਦੀ ਸੀ, ਉਸ ਨੂੰ ਲੱਗਿਆ ਜਿਵੇਂ ਇਹ ਸਭ ਉਸ ਨੂੰ ਸੁਣਾਉਣ ਲਈ ਹੀ ਸੀ... ਜਲਦੀ ਜਲਦੀ ਬਾਜ਼ਾਰ ਦਾ ਕੰਮ ਮੁਕਾ ਉਹ ਘਰ ਆ ਕੇ ਸਿਰ ਬੰਨ ਲੇਟ ਗਈ।

ਸ਼ਾਇਦ ਅੱਜ ਵੀ ਕੋਈ ਇਹੋ ਜਿਹਾ ਡਰ ਹੀ ਸੀ ਜਿਸ ਕਾਰਨ ਉਹ ਆਪਣੀ ਫੇਵਰੇਟ ਰਹੀ ਸਟੂਡੈਂਟ ਦੇ ਵਿਆਹ ਵਿੱਚ ਜਾਣ ਦੀ ਹਿੰਮਤ ਨਾ ਕਰ ਸਕੀ।

ਅਕਸਰ ਉਹ ਇੱਕਲੀ ਬਹਿ ਸੋਚਦੀ ਰਹਿੰਦੀ, 'ਮੈਂ ਕੀ ਬੁਰਾ ਕੀਤਾ ਹੈ ਰੱਬ ਦਾ... ਪੜ੍ਹੀ ਲਿਖੀ ਹਾਂ... ਸਰਕਾਰੀ ਨੌਕਰੀ ਵਿਚ ਹਾਂ... ਦੇਖਣ ਵਿਚ ਸੁਨੱਖੀ ਹਾਂ... ਚੰਗੇ ਰੱਜਦੇ-ਪੁੱਜਦੇ ਮਾਪਿਆ ਦੀ ਧੀ ਹਾਂ, ਫੇਰ ਵੀ ਮੇਰੇ ਲਈ ਯੋਗ ਰਿਸ਼ਤਾ ਨਹੀਂ ਮਿਲ ਰਿਹਾ... ਪਤਾ ਨਹੀਂ ਰੱਬ ਕਿਉਂ ਨਹੀਂ ਸੁਣਦਾ ਮੇਰੀ?' ਬੜੀ ਵਾਰੀ ਸੋਚਣ ਤੇ ਵੀ ਉਸ ਨੂੰ ਦੂਰ ਦੂਰ ਤੱਕ ਕੋਈ ਕਾਰਨ ਸਮਝ ਨਾ ਪੈਂਦਾ। ਪਹਿਲਾਂ ਪਹਿਲ ਤਾਂ ਉਹ ਰਿਸ਼ਤੇਦਾਰੀ ਵਿਚ ਹੁੰਦੇ ਕੋਈ ਵੀ ਪ੍ਰੋਗਰਾਮ 'ਤੇ ਜਾਣਾ ਨਹੀਂ ਸੀ ਭੁੱਲਦੀ, ਆਪਣੀ ਮਾਂ ਨਾਲ ਸਜ-ਧਜ ਤਿਆਰ ਹੋ ਬੜੇ ਸ਼ੌਂਕ ਨਾਲ ਜਾਂਦੀ ਤੇ ਉਮੀਦ ਕਰਦੀ ਮੈਨੂੰ ਦੇਖ ਸ਼ਾਇਦ ਮੇਰੇ ਰਿਸ਼ਤੇ ਦੀ ਗੱਲ ਹੀ ਚੱਲ ਪਵੇ, ਪਰ ਹੁਣ ਸਭ ਕੁਝ ਬਦਲ ਗਿਆ ਸੀ। ਕਿਸੇ ਵੀ ਫੰਕਸ਼ਨ ਨੂੰ ਅਟੈਂਡ ਕਰਨ ਤੋਂ ਭੈਅ ਆਉਣ ਲੱਗ ਪਿਆ ਸੀ। ਮਾਂ ਦੇ ਕਹਿਣ ਤੇ ਵੀ ਰਿਸ਼ਤੇਦਾਰੀ ਵਿਚ ਨਾ ਜਾਂਦੀ।

ਬੜੀ ਜਗ੍ਹਾ ਰਿਸ਼ਤੇ ਦੀ ਗੱਲ ਚੱਲੀ, ਪਰ ਪਤਾ ਨਹੀਂ ਰੱਬ ਨੂੰ ਕੀ ਮੰਜੂਰ ਸੀ, ਕਿਸੇ ਵੀ ਜਗ੍ਹਾ ਰਿਸ਼ਤਾ ਸਿਰੇ ਨਾ ਚੜ੍ਹ ਸਕਿਆ। ਪੜ੍ਹਾਈ ਕਰਦਿਆਂ ਤਾਂ ਮਨ ਦੇ ਵਿਚ ਇਹ ਉਮੀਦ ਸੀ ਕੇ ਨੌਕਰੀ ਮਿਲਦਿਆਂ ਹੀ ਚੰਗਾ ਰਿਸ਼ਤਾ ਜਰੂਰ ਮਿਲ ਜਾਏਗਾ। ਪਰ ਹੁਣ ਤਾਂ ਸਰਕਾਰੀ ਨੌਕਰੀ ਮਿਲੇ ਨੂੰ ਵੀ ਕਈ ਵਰ੍ਹੇ ਹੋ ਚੁੱਕੇ ਸਨ। ਇਕ ਦੋ ਜਗ੍ਹਾ ਤਾਂ ਰਿਸ਼ਤੇ ਦੀ ਗੱਲ ਸਿਰੇ ਚੜ੍ਹਦੀ ਚੜ੍ਹਦੀ ਰਹਿ ਗਈ। ਇਕ ਵਾਰੀ ਤਾਂ ਦੋਨੋ ਪਾਸਿਆਂ ਤੋਂ ਹਾਂ ਵੀ ਹੀ ਗਈ, ਸਿਰਫ ਸ਼ਗਨ ਦੀ ਤਾਰੀਖ਼ ਮਿੱਥਣੀ ਬਾਕੀ ਸੀ ਪਰ ਹਰਵੀਨ ਦੀ ਮਾਂ ਨੇ ਇਹ ਕਹਿ ਗੱਲ ਬੰਦ ਕਰ ਦਿੱਤੀ, "ਮੁੰਡੇ ਦੇ ਨਾ ਤੇ ਜ਼ਮੀਨ ਘੱਟ ਆਉਂਦੀ ਹੈ, ਵਿਚੋਲੇ ਨੇ ਤਾਂ ਗੱਲ ਚਲਾਉਣ ਸਮੇਂ 15 ਕਿੱਲੇ ਦੱਸੀ ਸੀ।"

ਇਕ ਵਾਰੀ ਰਿਸ਼ਤੇਦਾਰੀ ਵਿਚੋਂ ਲੱਗਦੀ ਹਰਵੀਨ ਦੀ ਮਾਸੀ ਨੇ ਆਪਣੇ ਪਿੰਡੋਂ ਕਿਸੇ ਮੁੰਡੇ ਦੀ ਦੱਸ ਪਾਈ, ਮੁੰਡੇ ਦੇ ਨਾਂ 10 ਕਿੱਲੇ ਜ਼ਮੀਨ ਆਉਂਦੀ ਸੀ, ਘਰ ਦੁੱਧ ਲਈ ਕਈ ਪਸ਼ੂ ਕਿੱਲੇ ਨਾਲ ਬੱਝੇ ਸਨ, ਮੁੰਡਾ ਪਿੰਡ ਰਹਿ ਖੇਤੀ ਦੀ ਸੰਭਾਲ ਕਰਦਾ ਸੀ। ਪਰ ਹਰਵੀਨ ਦੀ ਮਾਂ ਨੇ ਸਾਫ਼ ਮਨ੍ਹਾ ਕਰਦਿਆਂ ਕਿਹਾ, "ਮੈਂ ਆਪਣੀ ਨੌਕਰੀ ਕਰਦੀ ਕੁੜੀ ਨੂੰ ਗੋਹਾ-ਕੂੜਾ ਕਰਨ ਲਈ ਡੰਗਰਾਂ ਵਾਲੇ ਘਰ ਨੀ ਭੇਜਣਾ, ਬੜੇ ਲਾਡਾਂ ਨਾਲ ਪਾਲੀ ਐ ਮੈਂ ਧੀ।"

ਮਾਸੀ ਨੇ ਬੜਾ ਕਿਹਾ, 'ਘਰ ਦੇਖਿਆ-ਭਾਲਿਆ ਹੈ, ਮੁੰਡਾ ਵੀ ਸ਼ਰੀਫ਼ ਐ, ਪਿੰਡ ਵਿੱਚ ਚੰਗਾ ਨਾਂ ਐ।' ਪਰ ਹਰਵੀਨ ਦੀ ਮਾਂ ਨੂੰ ਰਿਸ਼ਤਾ ਪਸੰਦ ਨਾ ਆਇਆ।'

ਅਖ਼ਬਾਰ ਵਿਚ ਵੀ ਮੈਟਰੀਮੋਨੀਅਲ ਰਾਹੀਂ ਰਿਸ਼ਤੇ ਲਈ ਯਤਨ ਕੀਤਾ ਗਿਆ, ਪਰ ਹਰ ਵਾਰੀ ਗੱਲ ਬਣਦੀ ਬਣਦੀ ਰਹਿ ਜਾਂਦੀ।

ਭਾਵੇਂ ਹਰਵੀਨ ਦਾ ਧਰਮ ਕਿਸੇ ਪੰਡਤ ਕੋਲ ਜਾਣ ਦੀ ਇਜਾਜ਼ਤ ਨਹੀਂ ਸੀ ਦਿੰਦਾ ਪਰ ਫੇਰ ਵੀ ਹਰਵੀਨ ਤੇ ਉਸ ਦੀ ਮਾਂ, ਪੰਡਤਾਂ ਕੋਲ ਪੁੱਛ ਲੈਣ ਜਾਂ ਉਪਾਅ ਕਰਾਉਣ ਲਈ ਵੀ ਜਾ ਆਉਂਦੀਆ। ਘਰ ਵਿਚ ਵੀ ਪੂਜਾ ਪਾਠ ਕਰਨ ਦੀ ਕੋਈ ਕਸਰ ਨਾ ਛੱਡਦੀਆਂ। ਕਿਤੇ ਕੋਈ ਸੁੱਖ ਸੁਖ਼ਨ ਲਈ ਸਲਾਹ ਦਿੰਦਾ ਤਾਂ ਉਹ ਵੀ ਕਰ ਦੇਖ ਲੈਂਦੀਆਂ। ਸਭ ਤਰ੍ਹਾਂ ਦੇ ਉਪਾਅ ਕਰਨ ਦੇ ਬਾਵਜੂਦ ਵੀ ਰਿਸ਼ਤਾ ਕਿਤੇ ਵੀ ਸਿਰੇ ਨਹੀਂ ਸੀ ਚੜ੍ਹ ਰਿਹਾ। ਪੰਡਤ ਦੇ ਕਹਿਣ ਤੇ ਘਰ ਦਾ ਵਾਸਤੂ-ਦੋਸ਼ ਵੀ ਠੀਕ ਕੀਤਾ ਪਰ ਕੋਈ ਫ਼ਰਕ ਨਜ਼ਰ ਨਾ ਆਇਆ।

ਕਦੇ ਕਦੇ ਤਾਂ ਉਨ੍ਹਾਂ ਨੂੰ ਲਗਦਾ ਇਹ ਸਭ ਸ਼ਰੀਕੇ ਵਾਲਿਆਂ ਦੇ ਅਤੇ ਵਿਰੋਧੀਆਂ ਦੇ ਭਾਨੀ ਮਾਰਨ ਕਰਕੇ ਹੈ। ਸ਼ਰੀਕੇ ਵਿਚ ਤਾਂ ਉਨ੍ਹਾਂ ਦੀ ਬੋਲ-ਚਾਲ ਵੀ ਬੰਦ ਸੀ ਇਸ ਕਰਕੇ ਉਨ੍ਹਾਂ ਤੇ ਸ਼ੱਕ ਹੋਣਾ ਕੁਦਰਤੀ ਸੀ।

ਲਾਵਾਂ ਦਾ ਪਾਠ ਸੁਣਦਿਆਂ-ਸੁਣਦਿਆਂ ਹਰਵੀਨ ਕਿਤੇ ਦੂਰ ਸੋਚਾਂ ਵਿਚ ਗੁਆਚੀ ਹੋਈ ਸੀ ਜਦੋਂ ਬਾਹਰ ਘਰ ਦੀ ਡੋਰ ਬੈਲ ਵੱਜੀ ਤਾਂ ਸੋਚਾਂ ਤੋਂ ਬਾਹਰ ਆ ਦੇਖਿਆ ਤਾਂ ਘਰ ਦੇ ਦਰਵਾਜੇ ਤੇ ਡਾਕੀਆ ਖੜ੍ਹਾ ਸੀ। ਹਰਵੀਨ ਨੂੰ ਲਗਿਆ ਕੇ ਕੋਈ ਸਰਕਾਰੀ ਡਾਕ ਆਈ ਹੋਵੇਗੀ। ਅੱਜਕਲ ਤਾਂ ਸਿਰਫ ਕੁਝ ਕੁ ਸਰਕਾਰੀ ਕਾਗਜ਼ ਹੀ ਕਦੇ ਕਦਾਈਂ ਡਾਕ ਰਾਹੀਂ ਆਉਂਦੇ ਹਨ, ਪਰ ਨਹੀਂ ਇਹ ਤਾਂ ਕੋਈ ਨਿੱਜੀ ਚਿੱਠੀ ਸੀ ਉਸ ਦੇ ਨਾਂ। ਬਾਹਰੋਂ ਦੇਖਣ ਤੇ ਪਤਾ ਨਹੀਂ ਲੱਗ ਰਿਹਾ ਸੀ ਕੇ ਚਿੱਠੀ ਕਿੱਥੋਂ ਤੇ ਕਿਸ ਵਲੋਂ ਆਈ ਹੈ। ਚਿੱਠੀ ਹੱਥ ਵਿਚ ਫੜ੍ਹ ਤੁਰਦੀ ਹੋਈ ਅੰਦਰ ਆ ਬਰਾਂਡੇ ਵਿਚ ਕੁਰਸੀ ਤੇ ਆ ਬੈਠੀ। ਅੱਜ ਹਰਵੀਨ ਘਰ ਵਿਚ ਇੱਕਲੀ ਸੀ, ਦੁਪਹਿਰ ਚੜ੍ਹ ਆਈ ਸੀ ਤੇ ਇੱਕਲੀ ਦਾ ਚਿੱਤ ਨਹੀਂ ਸੀ ਲੱਗ ਰਿਹਾ... ਮੰਮੀ

ਨਹੀਂ ਹੁੰਦੀ ਕਦੇ ਵੀ ਪਿਆਰ ਕਰਨੇ ਦੀ ਸਜ਼ਾ ਕੋਈ,
ਇਹ ਸੱਚੇ ਪਿਆਰ ਦਾ ਜਜ਼ਬਾ ਹੀ ਜੇਕਰ ਬਾਦਸ਼ਾਹ ਹੁੰਦਾ। -ਅਮਰਜੀਤ ਕੌਰ ਨਾਜ਼

ਪਾਪਾ ਰਿਸ਼ਤੇਦਾਰੀ ਵਿਚ ਕਿਸੇ ਵਿਆਹ ਤੇ ਗਏ ਸਨ ਤੇ ਵੱਡਾ ਭਰਾ ਖੇਤ ਗਿਆ ਸੀ।

ਚਿੱਠੀ ਖੋਲ੍ਹੀ ਤਾਂ ਪਹਿਲੀ ਸਤਰ ਪੜ੍ਹਦਿਆਂ ਹੀ ਚਿੱਠੀ ਉਸ ਦੇ ਹੱਥਾਂ 'ਚ ਕੰਬ ਗਈ, ਚਿਹਰੇ ਤੇਕਈ ਰੰਗ ਆਉਣ ਜਾਣ ਲਗੇ...

ਹਰਵੀਨ,

'ਮੈਂ ਕਮਲ, ਜਿਹੜੀ ਕਦੇ ਤੇਰੀ ਭਾਬੀ ਹੋਇਆ ਕਰਦੀ ਸੀ, ਯਾਦ ਹੈ ਨਾ ਤੈਨੂੰ... ਤੇਰੇ ਬੁਝੜ ਭਰਾ ਦੀ ਦੂਜੀ ਘਰਵਾਲੀ... ਮੇਰੇ ਕੋਲ ਤੇਰਾ ਮੋਬਾਈਲ ਨੰਬਰ ਨਹੀਂ ਸੀ, ਇਸ ਲਈ ਚਿੱਠੀ ਦਾ ਸਹਾਰਾ ਲੈਣਾ ਪਿਆ।'

ਹਰਵੀਨ ਹੈਰਾਨ ਸੀ, ਪਤਾ ਨਹੀਂ ਇਨੇ ਸਾਲਾਂ ਮਗਰੋਂ ਕਿਉਂ ਤੇ ਕੀ ਕਹਿਣਾ ਚਾਹੁੰਦੀ ਸੀ ਕਮਲ। ਚਿੱਠੀ ਨੂੰ ਅੱਗੇ ਪੜ੍ਹਨ ਤੋਂ ਪਹਿਲਾ ਹੀ ਘਬਰਾਹਟ ਨਾਲ ਮੱਥੇ ਤੇ ਪਸੀਨੇ ਦੀਆਂ ਕੁਝ ਬੂੰਦਾਂ ਆ ਗਈਆਂ। ਇਕ ਲੰਬਾ ਸਾਹ ਲੈਂਦਿਆਂ ਚਿੱਠੀ ਬੰਦ ਕਰ ਕੁਝ ਦੇਰ ਰੁਕ ਕੇ ਪੜ੍ਹਨ ਦਾ ਮਨ ਬਣਾ ਲਿਆ। ਮੇਨ ਗੇਟ ਨੂੰ ਜਲਦੀ ਨਾਲ ਬੰਦ ਕਰ ਆਈ। ਪਾਣੀ ਦੇ ਕੁਝ ਘੁੱਟ ਅੰਦਰ ਸੁੱਟ ਲਏ। ਦਿਲ ਦੇ ਧੱਕ-ਧੱਕ ਕਰਨ ਦੀ ਆਵਾਜ਼ ਖੁਦ ਨੂੰ ਮਹਿਸੂਸ ਹੋ ਰਹੀ ਸੀ। ਕੁਰਸੀ ਵਿਚ ਦੁਬਾਰਾ ਡਿੱਗਦਿਆਂ ਹੀ ਅਤੀਤ ਦੀਆਂ ਯਾਦਾਂ ਨੇ ਆ ਘੇਰਿਆ।

ਜਿਸ ਦਿਨ ਕਮਲਜੀਤ ਯਾਨੀ ਕੇ ਕਮਲ ਦੇ ਘਰ ਵਾਲੇ ਪੰਚਾਇਤ ਕਰ ਕੇ ਆਏ ਸੀ ਕਿਨਾ ਰੌਲਾ ਰੱਪਾ ਪਿਆ ਸੀ। ਇਕ ਪਾਸੇ ਕਮਲ ਦੇ ਪਿੰਡੋ ਆਈ ਪੰਚਾਇਤ ਸੀ ਤੇ ਦੂਜੇ ਪਾਸੇ ਹਰਵੀਨ ਦੇ ਪਿੰਡੋਂ ਕੁਝ ਮੁਹਤਬਰ ਬੰਦੇ ਇੱਕਠ ਦੇ ਵਿਚ ਹਾਜ਼ਿਰ ਸਨ। ਬਾਹਰ ਵਿਹੜੇ ਵਿਚ ਹੀ ਕੁਰਸੀਆਂ ਅਤੇ ਮੰਜੇ ਡਾਹ ਦਿੱਤੇ ਗਏ। ਕਮਲ ਦੇ ਮੰਮੀ-ਪਾਪਾ ਨਾਲ ਆਏ ਪੰਚਾਇਤ ਦੇ ਕੁਝ ਗਰਮ ਖਿਆਲ ਬੰਦੇ ਉੱਚੀ ਉੱਚੀ ਬੋਲ ਆਪਣਾ ਰੋਹਬ ਤੇ ਸਿਆਣਪ ਦਿਖੌਣ ਲਗੇ ਹੋਏ ਸਨ। ਹਰਵੀਨ ਦੀ ਮਾਂ ਨਾਲ ਉਨ੍ਹਾਂ ਦੀ ਉੱਚੀ ਸੁਰ ਵਿਚ ਗੱਲ ਬਾਤ ਜਾਰੀ ਸੀ, ਇਕ ਦੋ ਜਣੇ ਤਾਂ ਹਰਵੀਨ ਦੀ ਮਾਂ ਨੂੰ ਕੁੱਦ ਕੁੱਦ ਝਈਆਂ ਲੈ ਲੈ ਪੈ ਰਹੇ ਸੀ। ਉਨਾਂ ਦੀ ਵਾਹ ਚੱਲਦੀ ਤਾਂ ਉਹ ਜ਼ਰੂਰ ਮਾਂ ਦੀ ਗੁੱਤ ਪੁੱਟ ਛਡ ਦੇ। ਬਹੁਤ ਗਰਮਾ-ਗਰਮੀ ਵਾਲਾ ਮਾਹੌਲ ਸੀ। ਕਮਰੇ ਦੇ ਵਿਚ ਬਣੀ ਖਿੜਕੀ ਰਾਹੀਂ ਬਾਹਰ ਦਾ ਦ੍ਰਿਸ਼ ਹਰਵੀਨ ਨੂੰ ਪੂਰੀ ਤਰਾਂ ਨਜ਼ਰ ਆ ਰਿਹਾ ਸੀ। ਬਿਗਾਨੇ ਬੰਦਿਆ ਨੂੰ ਮਾ ਅੱਗੇ ਬੋਲਦਾ ਦੇਖ ਹਰਵੀਨ ਨੂੰ ਬੜਾ ਗੁੱਸਾ ਆ ਰਿਹਾ ਸੀ,ਦਿਲ ਕਰ ਰਿਹਾ ਸੀ ਉੱਠੇ ਤੇ ਉਨ੍ਹਾਂ ਨੂੰ ਖਰੀਆਂ ਖਰੀਆਂ ਸੁਣਾ ਦੇਵੇ, ਪਰ ਇਕ ਕੁਆਰੀ ਕੁੜੀ ਦਾ ਪੰਚਾਇਤ ਵਿਚ ਇਸ ਤਰਾਂ ਬੋਲਣਾ... ਇਹ ਸੋਚ ਹਰਵੀਨ ਨੂੰ ਆਪਣੇ ਤੇ ਕਾਬੂ ਰੱਖਣਾ ਪਿਆ।

ਹਰਵੀਨ ਦਾ ਪਿਓ ਬਿਲਕੁਲ ਭੁਨ ਵੱਟਾ ਬਣਿਆ ਇਹ ਸਭ ਕੁਝ ਦੇਖ ਰਿਹਾ ਸੀ, ਇਕ ਅੱਧ ਵਾਰ ਉਸ ਨੇ ਬੋਲਣ ਦੀ ਕੋਸ਼ਿਸ਼ ਵੀ ਕੀਤੀ ਪਰ ਵਾਹ ਨਾ ਚੱਲੀ ਉਸ ਨੂੰ ਵਿੱਚ ਹੀ ਰੋਕ ਦਿੱਤਾ ਗਿਆ।

"ਉਹ ਰਹਿਣ ਦੇ ਸਰਦਾਰਾ ਰਹਿਣ ਦੇ, ਸਾਨੂੰ ਪਤਾ ਐ ਕਿੰਨੀ ਕੁ ਚੱਲਦੀ ਐ ਤੇਰੀ ਘਰ ਵਿਚ, ਘਰਵਾਲੀ ਤੋਂ ਪੁੱਛੇ ਬਿਨਾਂ ਤਾਂ ਤੂੰ ਮੂਤ ਵੀ ਨਹੀਂ ਸਕਦਾ, ਚੁੱਪ ਕਰਕੇ ਬੈਠਾ ਰਹਿ, ਤੂੰ ਬੋਲਣ ਵਾਲਾ ਹੁੰਦਾ ਤਾਂ ਅੱਜ ਇਹ ਕਲੇਸ਼ ਹੀ ਕਾਹਨੂੰ ਪੈਂਦਾ।"

ਇਹ ਸੁਣ ਹਰਵੀਨ ਦੇ ਪਿਓ ਦੀ ਅੱਗੇ ਕੁਝ ਬੋਲਣ ਦੀ ਹਿੰਮਤ ਨਾ ਪਈ, ਜ਼ੁਬਾਨ ਨੂੰ ਤਾਲਾ ਲੱਗ ਗਿਆ, ਉਹ ਚੁੱਪ ਕਰ ਪੈਰਾਂ ਨਾਲ ਵਿਹੜੇ ਦੀ ਕੱਚੀ ਮਿੱਟੀ ਨੂੰ ਕੁਰੇਦਣ ਲੱਗ ਪਿਆ।

ਸ਼ਾਮ ਤੱਕ ਘਰ ਵਿਚ ਝੱਜੂ ਪੈਂਦਾ ਰਿਹਾ ਉੱਲਝੀ ਤਾਣੀ ਨੂੰ ਸੁਲਝਾਉਣ ਲਈ ਦੋਨੇ ਧਿਰਾਂ ਨੇ ਆਪਣੀ ਪੂਰੀ ਵਾਹ ਲਾਈ, ਪਰ ਗੱਲ ਕਿਸੇ ਤਣ-ਪੱਤਣ ਨਾ ਲੱਗੀ। ਕਮਲ ਦਾ ਕਹਿਣਾ ਸੀ, 'ਮੇਰੀ ਸੱਸ ਮੈਨੂੰ ਫੁੱਟੀ ਅੱਖ ਨਹੀ ਸਹਾਉਂਦੀ ਹਰ ਸਮੇਂ ਏਹਦੀ ਕੌੜ ਅੱਖ ਮੇਰਾ ਪਿੱਛਾ ਕਰਦੀ ਰਹਿੰਦੀ ਐ, ਮੁੰਡੇ ਨੂੰ ਮੇਰੇ ਨੇੜੇ ਨਹੀਂ ਢੁੱਕਣ ਦਿੰਦੀ, ਮੁੰਡੇ 'ਤੇ ਪਤਾ ਨਹੀਂ ਕੀ ਕਾਲਾ ਜਾਦੂ ਕੀਤਾ ਐ, ਉਹ ਵੀ ਆਪਣੀ ਮਾਂ ਦੇ ਸਾਹ 'ਚ ਸਾਹ ਲੈਂਦਾ ਐ, ਸਾਰੀ ਦਿਹਾੜੀ ਪਤਾ ਨੀ ਕੀ ਗੱਲਾਂ ਕਰਦੇ ਰਹਿੰਦੇ ਐ ਮਾਂ-ਪੁੱਤ ਸਿਰ ਨਾਲ ਸਿਰ ਜੋੜ ਕੇ। ਮੇਰੇ ਨਾਲ ਤਾਂ ਘਰ ਦਾ ਕੋਈ ਜੀ ਬੋਲ ਕੇ ਵੀ ਨਹੀਂ ਰਾਜੀ।'

ਦੂਜੇ ਪਾਸੇ ਹਰਵੀਨ ਦੀ ਮਾਂ, ਪੈਰਾਂ ਤੇ ਪਾਣੀ ਨਹੀਂ ਸੀ ਪੈਣ ਦੇ ਰਹੀ ਅਖੇ "ਇਸ ਨੂੰ ਮਾਂ ਨੇ ਘਰ ਦਾ ਕੰਮ ਕਰਨਾ ਤਾਂ ਸਿਖਾਇਆ ਹੀ ਨਹੀਂ, ਸਾਰੀ ਦਿਹਾੜੀ ਗਲੀ ਦੇ ਵਿਚ ਆਉਂਦੇ ਜਾਂਦਿਆ ਨੂੰ ਦੇਖਦੀ ਰਹਿੰਦੀ ਐ, ਪਤਾ ਨਹੀਂ ਕਿਹੜੇ ਖ਼ਸਮ ਦੀ ਰਾਹ ਤੱਕਦੀ ਐ... ਕੰਮ ਦੀ ਨਾ ਕਾਜ ਦੀ ਵੈਰੀ ਅਨਾਜ ਦੀ... ਬੜਾ ਦੇਖ ਲਿਆ ਲਾਡ-ਪਿਆਰ ਕਰਕੇ ਵੀ... ਕੁੱਤੇ ਨੂੰ ਘਿਓ ਨੀ ਪਚਦਾ... ਪੇਕਿਆਂ ਦੇ ਘਰ ਕੁਝ ਦੇਖਿਆ ਹੋਵੇ ਤਾਂ।"

ਗੱਲਾਂ ਗੱਲਾਂ ਵਿਚ ਕਮਲ ਦੀ ਸੱਸ ਨੇ ਤਾਂ ਇਹ ਵੀ ਆਖ ਦਿੱਤਾ ਵਿਆਹ ਸਮੇਂ ਇਹ ਤਾਂ ਜਵਾਕ ਵੀ ਕਿਸੇ ਹੋਰ ਦਾ ਮਗਰੋਂ ਲੈਕੇ ਆਈ ਸੀ, ਸ਼ੁਕਰ ਹੋਇਆ ਆਪਣੇ ਆਪ ਹੀ ਗਿਰ ਗਿਆ, ਨਹੀਂ ਤਾਂ ਕਿਸੇ ਦਾ ਗੰਦ ਸਾਨੂੰ ਪਾਲਣਾ ਪੈਂਦਾ।

ਆਪਣੀ ਮਾਂ ਦੇ ਮੂੰਹੋਂ ਜਵਾਕ ਵਾਲੀ ਝੂਠੀ ਗੱਲ ਸੁਣ ਕੇ ਹਰਵੀਨ ਨੂੰ ਆਪਣੀ ਮਾਂ ਤੇ ਥੋੜ੍ਹਾ ਜਿਹਾ ਗੁੱਸਾ ਤਾਂ ਆਇਆ ਪਰ ਫੇਰ ਵੀ ਉਹ ਕਮਰੇ ਦੀ ਖਿੜਕੀ ਵਿਚ ਚੁੱਪ-ਚਾਪ ਬੈਠੀ ਰਹੀ।

ਕਿਹੜਾ ਪਿਓ ਹੋਏਗਾ ਜਿਹੜਾ ਆਪਣੀ ਲਾਡਾਂ ਨਾਲ ਪਾਲੀ ਕੁੜੀ ਪ੍ਰਤੀ ਇਹੋ ਜਿਹੀ ਗੱਲ ਸੁਣ ਸਕਦਾ ਹੋਵੇ।

ਕਮਲ ਦਾ ਪਿਓ ਵੀ ਇਕ ਦਮ ਗੁੱਸੇ ਵਿਚ ਕੰਬਣ ਲੱਗ ਪਿਆ ਤੇ ਕਿਹਾ, "ਹੁਣ ਮੈਂ ਤੁਹਾਡੇ ਵਰਗੇ ਜ਼ਲੀਲ ਬੰਦਿਆ ਦੇ ਘਰ ਆਪਣੀ ਕੁੜੀ ਨੂੰ ਰਹਿਣ ਵੀ ਨਹੀਂ ਦਿਆਂਗਾ।"

ਫੇਰ ਵਿਆਹ ਵਿਚ ਹੋਏ ਖ਼ਰਚੇ ਤੇ ਲੈਣ-ਦੇਣ ਦਾ ਹਿਸਾਬ ਲਾ ਦੋਵੇਂ ਪਾਸੇ ਤੋਂ ਮਜੂਦ ਮੁਹਤਬਰ ਬੰਦਿਆ ਨੇ ਫ਼ੈਸਲਾ ਕਰਵਾ ਦਿੱਤਾ।

ਕਮਲ ਨੇ ਰੋਂਦੀਆਂ ਅੱਖਾਂ ਦੇ ਨਾਲ ਆਖ਼ਰੀ ਵਾਰ ਘਰ ਤੇ ਝਾਤ ਮਾਰੀ ਤੇ ਪਿਓ ਦੇ ਨਾਲ ਕਾਰ ਵਿਚ ਜਾ ਬੈਠੀ।

ਜਦੋਂ ਹਰਵੀਨ ਦੇ ਦਿਲ ਦੀ ਧੜਕਣ ਥੋੜ੍ਹੀ ਸਥਿਰ ਹੋਈ ਤਾਂ ਹਿੰਮਤ ਇਕੱਠੀ ਕਰ ਉਹ ਇਕ ਵਾਰ ਫਿਰ ਯਾਦਾਂ ਤੋਂ ਬਾਹਰ ਹੋ ਚਿੱਠੀ ਨੂੰ ਦੁਬਾਰਾ ਪੜ੍ਹਨ ਲੱਗੀ।

'ਮੈਂ ਕਮਲ, ਜਿਹੜੀ ਕਦੇ ਤੇਰੀ ਭਾਬੀ ਹੋਇਆ ਕਰਦੀ ਸੀ... ਯਾਦ ਹੈ ਨਾ ਤੈਨੂੰ ਤੇਰੇ ਬੁਝੜ ਭਰਾ ਦੀ ਦੂਜੀ ਘਰਵਾਲੀ... ਨਹੀਂ ਯਾਦ ਤਾਂ ਦੱਸ ਦਿਆਂ ਉਹ ਕਮਲ ਜਿਸ 'ਤੇ ਤੇਰੀ ਮਾਂ ਨੇ ਕਦੇ ਇਹ ਝੂਠਾ ਦੋਸ਼ ਲਾਇਆ ਸੀ ਕਿ ਮੈਂ ਵਿਆਹ ਸਮੇਂ ਮਗਰੋਂ ਹੀ ਜਵਾਕ ਲੈਕੇ ਆਈ ਹਾਂ। ਬੜਾ ਮਨ ਦੁੱਖਿਆ ਸੀ ਉਸ ਦਿਨ, ਦਿਲ ਕਰ ਰਿਹਾ ਸੀ ਇਹ ਧਰਤੀ ਫਟੇ ਤੇ ਮੈਂ ਸਾਬਤ ਹੀ ਸਮਾ ਜਾਵਾਂ ਉਸ

ਮੰਨਿਆ ਤੈਨੂੰ ਸੱਚ ਬੋਲਣ ਦੀ ਆਦਤ ਹੈ,
ਸੋਨੇ ਦੇ ਵਿਚ ਕੁਝ ਤਾਂ ਖੋਟ ਰਲਾਇਆ ਕਰ। -ਸੁਭਾਸ਼ ਕਲਾਕਾਰ

ਵਿਚ। ਹੁਣ ਵੀ ਜਦੋਂ ਕਦੇ ਯਾਦ ਆਉਂਦੀ ਹੈ ਤਾਂ, ਤੇਰੀ ਮਾਂ ਪ੍ਰਤੀ ਘਿਣ ਉੱਠਦੀ ਹੈ ਮਨ ਵਿਚ। ਉਮੀਦ ਸੀ ਤੇਰੇ ਤੋਂ ਕਿ ਤੂੰ ਕੁਝ ਬੋਲੇਂਗੀ ਮੇਰੇ ਹੱਕ ਵਿੱਚ। ਤੈਨੂੰ ਤਾਂ ਸਾਰੀ ਸਚਾਈ ਦਾ ਪਤਾ ਹੀ ਸੀ। ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਤੂੰ ਚੁੱਪ ਰਹੀ ਸੀ, ਕਿਵੇਂ ਭੁੱਲ ਸਕਦੀ ਹਾਂ... ਇਕ ਔਰਤ ਹੀ ਔਰਤ ਦਾ ਦਰਦ ਨਾ ਜਾਣ ਸਕੀ। ਘਰ ਵਿਚ ਇਕ ਤੂੰ ਹੀ ਤਾਂ ਪੜ੍ਹੀ ਲਿਖੀ ਤੇ ਮੇਰੀ ਹਮ-ਉਮਰ ਸੀ ਜਿਸ ਤੇ ਮੇਰਾ ਵਿਸ਼ਵਾਸ ਟਿੱਕਦਾ ਸੀ। ਪਰ...

ਚਿੱਠੀ ਦਾ ਇਹ ਪਹਿਰਾ ਪੜ੍ਹਦਿਆਂ ਹਰਵੀਨ ਧੁਰ ਅੰਦਰ ਤਕ ਕੰਬ ਗਈ... ਸੱਚ ਹੀ ਤਾਂ ਲਿਖਿਆ ਸੀ... ਪਿਛਲੇ ਸਮੇਂ ਦਾ ਘਟਨਾਚੱਕਰ ਅੱਖਾਂ ਦੇ ਅੱਗੇ ਆ ਖੜ੍ਹਾ ਹੋਇਆ। ਜਰਨੈਲ ਵੀਰ ਦੇ ਵਿਆਹ ਤੋਂ ਪਹਿਲਾਂ ਹੀ ਦਾਜ ਵਿੱਚ ਮਿਲ ਰਹੇ ਸਾਮਾਨ ਨੂੰ ਲੈ ਕੇ ਕਮਲ ਦੇ ਮਾਪਿਆਂ ਨਾਲ ਮਨ-ਮੁਟਾਵ ਹੋ ਗਿਆ ਸੀ। ਵਿਆਹ ਵਿਚ ਕੁਝ ਹੀ ਦਿਨ ਬਾਕੀ ਸਨ, ਦੋਨਾਂ ਪਾਸਿਆਂ ਤੋਂ ਤਿਆਰੀਆਂ ਮੁਕੰਮਲ ਸਨ। ਵੱਧਦੇ ਹੋਏ ਮਨ-ਮੁਟਾਵ ਨੂੰ ਦੇਖਦਿਆਂ ਵਿਚੋਲੇ ਨੇ ਵਿਚ ਪੈ ਸਮਝੌਤਾ ਤਾਂ ਕਰਾ ਦਿੱਤਾ, ਪਰ ਮਨਾ ਅੰਦਰ ਆਈ ਕੁੜੱਤਣ ਨਾ ਦੂਰ ਕਰ ਸਕਿਆ। ਵਿਆਹ ਤੋਂ ਮਗਰੋਂ ਆਨੇ-ਬਹਾਨੇ ਨਵ-ਵਿਆਹੀ ਕਮਲ ਨੂੰ ਤੰਗ ਕਰਨਾ ਮਾਂ ਨੇ ਆਪਣਾ ਹੱਕ ਹੀ ਸਮਝ ਲਿਆ। ਇਹ ਸਭ ਦੇਖ ਹਰਵੀਨ ਕੌਰ ਅਨਜਾਣ ਬਣੀ ਰਹਿੰਦੀ। ਕਦੇ ਕਦੇ ਹਰਵੀਨ ਨੂੰ ਮਾਂ ਦੀਆਂ ਗੱਲਾਂ ਠੀਕ ਜਾਪਦੀਆਂ। ਮਾਂ ਦੇ ਮਗਰ ਲੱਗ ਉਹ ਕਮਲ ਨਾਲ ਸਿੱਧੇ ਮੂੰਹ ਗੱਲ ਨਾ ਕਰਦੀ। ਘਰ ਦੇ ਵਿਚ ਹਰ ਸਮੇਂ ਘੁਸਰ-ਮੁਸਰ ਹੁੰਦੀ ਹੀ ਰਹਿੰਦੀ। ਕਮਲ ਦਾ ਪਤੀ ਜਰਨੈਲ ਹਰ ਸਮੇਂ ਆਪਣੀ ਮਾਂ ਦੇ ਨਾਲ ਬੈਠਾ ਮੂੰਹ ਨਾਲ ਮੂੰਹ ਲਾ ਪਤਾ ਨਹੀਂ ਕੀ ਗੱਲਾਂ ਕਰਦਾ ਰਹਿੰਦਾ। ਕਦੇ ਕਦੇ ਹਰਵੀਨ ਵੀ ਉਨ੍ਹਾਂ ਦੀਆਂ ਗੱਲਾਂ ਵਿਚ ਸ਼ਾਮਿਲ ਹੁੰਦੀ। ਹਰਵੀਨ ਦਾ ਪਿਓ ਉਨ੍ਹਾਂ ਨੂੰ ਕਈ ਵਾਰੀ ਕੁਝ ਸਮਝੌਉਣ ਦਾ ਯਤਨ ਕਰਦਾ ਹੋਇਆ ਆਖਦਾ, "ਤੁਸੀਂ ਇਸ ਤਰਾਂ ਨਾ ਕਰਿਆ ਕਰੋ ਬੇਗਾਨੀ ਧੀ ਨਾਲ... ਆਪਣੇ ਵੀ ਤਾਂ ਧੀ ਹੈ, ਕੱਲ ਨੂੰ ਆਪਾਂ ਵੀ ਤਾਂ ਹਰਵੀਨ ਦਾ ਰਿਸ਼ਤਾ ਕਰਨਾ ਹੈ... ਰੱਬ ਤੋਂ ਡਰਿਆ ਕਰੋ।" ਪਰ ਉਸ ਨੂੰ ਕੋਈ ਨਾ ਸੁਣਦਾ, ਲਗਦਾ ਜਿਵੇਂ ਘਰ ਵਿਚ ਉਸ ਦੀ ਗੱਲ ਦੀ ਕੋਈ ਅਹਿਮੀਅਤ ਹੀ ਨਾ ਹੋਵੇ। ਘਰ ਵਿਚ ਹੁੰਦੀਆ ਆਪਸੀ ਗੱਲਾਂ ਵਿਚ ਹਰਵੀਨ ਦੇ ਪਿਓ ਨੂੰ ਬਾਹਰ ਹੀ ਰੱਖਿਆ ਜਾਂਦਾ।

ਸੋਚਾਂ ਦਾ ਅੱਥਰਾ ਘੋੜਾ ਕੁਝ ਪਲ ਲਈ ਹੌਲੀ ਹੋਇਆ ਤਾਂ ਅਤੀਤ 'ਚ ਹਟਦਾ ਮਨ ਫੇਰ ਚਿੱਠੀ ਪੜ੍ਹਨ ਵਿਚ ਜਾ ਲੱਗਿਆ।

'ਮੈਨੂੰ ਤੇਰੇ ਭਰਾ ਦੇ ਪਹਿਲੇ ਵਿਆਹ ਦੇ ਬਾਰੇ ਵੀ ਪਤਾ ਹੈ। ਸਭ ਕੁਝ ਲਕੋਇਆਂ ਤਾਂ ਨਹੀਂ ਲੁਕਦਾ। ਮੈ ਸੁਣਿਆ ਹੈ ਉਹ ਤਾਂ ਮੇਰੇ ਨਾਲੋ ਵੀ ਸੋਹਣੀ ਤੇ ਹਸਮੁੱਖ ਸੀ। ਫੇਰ ਕੀ ਹੋਇਆ ਸੀ? ਉਸ ਨੂੰ ਤੁਸੀਂ ਛੱਡ ਦਿੱਤਾ ਜਾ ਫੇਰ ਉਸ ਨੇ ਤਹਾਨੂੰ ਛੱਡ ਚੰਗਾ ਕੀਤਾ?'

ਹਰਵੀਨ ਦੀਆਂ ਅੱਖਾਂ ਅੱਗੇ ਜਰਨੈਲ ਵੀਰ ਦੀ ਪਹਿਲੀ ਘਰਵਾਲੀ ਸਿਮਰਨ ਆ ਖੜ੍ਹੀ ਹੋਈ। ਖੂਬਸੂਰਤੀ ਦੀ ਤਾਰੀਫ਼ ਕੀਤੀ ਜਾਵੇ ਤਾਂ ਲਾਜਵਾਬ, ਹਰ ਵੇਲੇ ਹੱਸੂ-ਹੱਸੂ ਕਰਦਾ ਚੇਹਰਾ। ਬੋਲਚਾਲ ਦੇ ਵਿਚ ਲਿਆਕਤ ਸਾਫ਼ ਝਲਕਦੀ ਸੀ। ਸਿਮਰਨ ਤੇ ਹਰਵੀਨ ਦੇ ਮਾਪਿਆਂ ਦੀ ਦੂਰ ਦੀ ਰਿਸ਼ਤੇਦਾਰੀ ਵੀ ਭਿੜਦੀ ਸੀ, ਬੰਦੇ ਦੇਖੇ ਭਾਲੇ ਸਨ। ਹਰਵੀਨ ਨੇ ਖੁਦ ਵੀਰ ਲਈ ਸਿਮਰਨ ਨੂੰ ਪਸੰਦ ਕੀਤਾ ਸੀ। ਵਿਆਹ ਤਾਂ ਹੋਇਆ ਪਰ ਬਰਾਤ ਦੀ ਸੇਵਾ ਤੋਂ ਹਰਵੀਨ ਦੀ ਮਾਂ ਖੁਸ਼ ਨਹੀਂ ਸੀ। ਜਿਨਾਂ ਪੈਸਾ ਵਿਆਹ ਵਿਚ ਲਗਾਉਣ ਦਾ ਵਾਅਦਾ ਕੀਤਾ ਸੀ ਉਹ ਵੀ ਨਹੀਂ ਲਗਾਇਆ ਸੀ। ਹਰਵੀਨ ਨੇ ਇਕ ਦੋ ਵਾਰ ਮਾਂ ਨੂੰ ਸਮਝੌਣ ਦੀ ਕੋਸ਼ਿਸ਼ ਕੀਤੀ, "ਛੱਡ ਪਰ੍ਹੇ ਮਾਂ ਜੋ ਹੋਣਾ ਸੀ ਉਹ ਹੋ ਗਿਆ ਹੁਣ ਪਾਣੀ ਨੂੰ ਰਿੜਕਣ ਦਾ ਕੀ ਫਾਇਦਾ?" ਪਰ ਮਾਂ ਨੇ ਅੱਗੋਂ ਕਿਹਾ- "ਧੀਏ ਤੂੰ ਚੁੱਪ ਰਹਿ ਤੈਨੂੰ ਨੀ ਪਤਾ ਦੁਨੀਆਦਾਰੀ ਦਾ, ਕਲ੍ਹ ਨੂੰ ਤੇਰਾ ਵਿਆਹ ਕਰਨਾ ਹੈ ਉਦੋਂ ਵੀ ਤਾਂ ਰਿਵਾਜ਼ ਦੇ ਮੁਤਾਬਿਕ ਹਰ ਇਕ ਚੀਜ਼ ਮੈਨੂੰ ਦੇਣੀ ਪਵੇਗੀ। ਤੇਰੇ ਵੀਰੇ ਨੂੰ 20 ਕਿੱਲੇ ਜਮੀਨ ਆਉਂਦੀ ਐ, ਉਨ੍ਹਾਂ ਨੰਗਾ ਨੂੰ ਤਾਂ ਇਹ ਵੀ ਅਕਲ ਨਾ ਆਈ ਬਰਾਤ ਦੀ ਸੇਵਾ ਕਿਵੇਂ ਕਰਨੀ ਐ? ਰਿਸ਼ਤੇਦਾਰੀਆਂ ਵਿੱਚ ਲੈਣ-ਦੇਣ ਕਿਵੇਂ ਹੁੰਦਾ ਐ? ਨੱਕ ਕਟਵਾ ਕੇ ਰਖਤੀ ਬਰਾਦਰੀ 'ਚ। ਕਿਸੇ ਪਾਸੇ ਵਰਤਣ ਜੋਗਾ ਨੀ ਛੱਡਿਆ ਕੰਜਰਾਂ ਨੇ।"

ਹਰਵੀਨ ਚੁੱਪ ਹੋ ਆਪਣੇ ਵਿਆਹ ਦੇ ਸੁਪਨੇ ਲੈਣ ਲੱਗਦੀ। ਜਰਨੈਲ ਦਾ ਇਹ ਪਹਿਲਾ ਵਿਆਹ ਜ਼ਿਆਦਾ ਟਾਈਮ ਨਾ ਚੱਲ ਸਕਿਆ। ਤਿੰਨ-ਚਾਰ ਮਹੀਨਿਆਂ ਮਗਰੋਂ ਸਿਮਰਨ ਰੁੱਸ ਕੇ ਪੇਕੇ ਘਰ ਚਲੀ ਗਈ ਤੇ ਮੁੜ ਕੇ ਵਾਪਿਸ ਨਾ ਆਈ। ਮਾਂ ਨੇ ਵੀ ਜਰਨੈਲ ਨੂੰ ਕਦੇ ਸਿਮਰਨ ਨੂੰ ਵਾਪਿਸ ਲਿਆਉਣ ਲਈ ਸਹੁਰੇ ਨਾ ਘੱਲਿਆ।

ਸਿਮਰਨ ਨੂੰ ਯਾਦ ਕਰ ਇਕ ਵਾਰ ਤਾਂ ਹਰਵੀਨ ਵੀ ਉਦਾਸ ਹੋ ਗਈ। ਪਰ ਕਮਲ ਦੀ ਚਿੱਠੀ ਪੜ੍ਹਨੀ ਅਜੇ ਵੀ ਬਾਕੀ ਸੀ।

'ਹਰਵੀਨ, ਮੈਨੂੰ ਨਹੀਂ ਪਤਾ ਮੈਂ ਤੈਨੂੰ ਇਹ ਚਿੱਠੀ ਕਿਉਂ ਲਿਖ ਰਹੀ ਹਾਂ, ਆਪਣੇ ਮਨ ਦਾ ਗੁਬਾਰ ਕੱਢਣ ਲਈ ਜਾ ਫਿਰ ਤੈਨੂੰ ਕੁਝ ਅਹਿਸਾਸ ਕਰਾਉਣ ਲਈ ਜਾਂ ਫਿਰ ਤੈਨੂੰ ਤਾਹਨੇ-ਮੇਹਣੇ ਦੇਣ ਲਈ... ਬਸ ਅੱਜ ਦੇ ਦਿਨ ਤੁਹਾਡਾ ਘਰ ਛੱਡਿਆ ਸੀ ਤਾਂ ਉਹ ਦਿਨ ਯਾਦ ਆ ਗਿਆ। ਤੇਰੀ ਮਾਂ ਤਾਂ ਕਹਿੰਦੀ ਸੀ, 'ਮੇਰੇ ਮੁੰਡੇ ਨੂੰ 20 ਕਿੱਲੇ ਜ਼ਮੀਨ ਆਉਂਦੀ ਐ, ਰਿਸ਼ਤਿਆਂ ਦਾ ਕੋਈ ਘਾਟਾ ਨੀ, ਚਾਹਾਂ ਤਾਂ ਕੱਲ ਨੂੰ ਵਿਆਹ ਲਿਆਵਾਂ।' ਫੇਰ ਹੁਣ ਤਕ ਤੀਜਾ ਵਿਆਹ ਕਿਉਂ ਨੀ ਕੀਤਾ ਆਪਣੇ ਲਾਡਲੇ ਦਾ?'

'ਹਾਂ, ਹਰਵੀਨ ਸੱਚ ਕਹਾਂ ਤਾਂ ਮੈਨੂੰ ਹੁਣ ਤਕ ਤੇਰਾ ਰਿਸ਼ਤਾ ਨਾ ਹੋਣ ਮਗਰ ਵੀ ਤੇਰੀ ਮਾਂ ਦਾ ਸੁਭਾਅ ਈ ਜਿੰਮੇਵਾਰ ਲਗਦਾ ਐ। ਕਿੰਨੀ ਉਮਰ ਹੋ ਗਈ ਤੇਰੀ? ਸ਼ਾਇਦ 35-36 ਸਾਲ, ਇਸ ਉਮਰ ਵਿੱਚ ਵੀ ਪੜ੍ਹੀ ਲਿਖੀ ਨੌਕਰੀ ਕਰਦੀ ਕੁੜੀ ਲਈ ਰਿਸ਼ਤਾ ਨਾ ਲੱਭੇ, ਹੈ ਤਾਂ ਹੈਰਾਨੀ ਵਾਲੀ ਗੱਲ। ਤੇਰੀਆਂ ਹਮ-ਉਮਰ ਸਹੇਲੀਆਂ ਦੇ ਤਾਂ ਬੱਚੇ ਵੀ ਹੋ ਗਏ ਹੋਣਗੇ? ਸਕੂਲ ਜਾਣ ਵਾਲੇ। ਬੜੀਆਂ ਦੂਰ ਦੂਰ ਤਕ ਰਿਸ਼ਤੇਦਾਰੀਆਂ ਨੇ ਤੁਹਾਡੀਆਂ ਤਾਂ... ਕੀ ਗੱਲ ਕੋਈ ਰਿਸ਼ਤੇਦਾਰ ਨੀ ਵਿਚ ਪੈਂਦਾ ਰਿਸ਼ਤਾ ਕਰਵੌਣ ਦੇ? ਮੈਨੂੰ ਪਤਾ ਹੈ ਬੜਾ ਪਿਆਰ ਹੈ ਤੇਰਾ ਆਪਣੀ ਮਾਂ ਨਾਲ, ਫੇਰ ਵੀ ਜ਼ਰਾ ਸੋਚਣਾ ਬੀਤੇ ਹੋਏ ਕਲ੍ਹ ਬਾਰੇ ਇੱਕ ਵੱਖਰੇ ਐਂਗਲ ਤੋਂ, ਸ਼ਾਇਦ ਭਵਿੱਖ ਲਈ ਜਵਾਬ ਮਿਲ ਜਾਵੇ।'

'ਹਾਂ, ਸੱਚ ਆਪਣੀ ਮਾਂ ਨੂੰ ਦੱਸ ਦੇਈਂ ਮੈਂ ਖੁਸ਼ ਹਾਂ ਆਪਣੀ ਲਾਈਫ਼ ਤੋਂ, ਦੋ ਬੱਚਿਆਂ ਦੀ ਮਾਂ ਹਾਂ ਸੁੱਖ ਨਾਲ। ਅੱਛਾ, ਤੇਰੇ ਵਿਆਹ ਦੀ ਉਡੀਕ ਵਿਚ (ਜੇ ਕਦੇ ਹੋਇਆ ਤਾਂ)'

ਕਦੇ ਤੈਨੂੰ ਆਪਣਾ ਸਮਝਣ ਵਾਲੀ,

ਅਜੇ ਸੁਕਰਾਤ ਦੇ ਰਾਹ ਤੋਂ ਬਣਾ ਕੇ ਵਿੱਥ ਰੱਖਦਾ ਹਾਂ,
ਮੈਂ ਸੱਚ ਆਖਣ ਦਾ ਕਰਦਾ ਹਾਂ ਇਕੱਠਾ ਹੌਂਸਲਾ ਹਾਲੇ। -ਸ਼ਮਸ਼ੇਰ ਮੋਹੀ

ਕਮਲਜੀਤ

ਚਿੱਠੀ ਦੀਆਂ ਆਖ਼ਰੀ ਸਤਰਾਂ ਪੜ੍ਹਦਿਆਂ ਦਿਲ ਇਕ ਵਾਰ ਫਿਰ ਧੱਕ ਧੱਕ ਕਰਨ ਲਗਿਆ। ਹਰਵੀਨ ਦੀ ਦੁੱਖਦੀ ਰਗ ਤੇ ਹੀ ਤਾਂ ਚੋਟ ਮਾਰੀ ਸੀ ਕਮਲ ਨੇ।

ਅੰਦਰੋ ਕੁਝ ਤਿੜਕ ਗਿਆ, ਰੂਹ ਕੰਬ ਗਈ ਤੇ ਮੁੱਠੀਆਂ ਮੀਚੀਆਂ ਗਈਆਂ, ਗੁੱਸੇ ਦੇ ਨਾਲ ਚਿਹਰਾ ਲਾਲ ਹੋ ਗਿਆ, ਅਜੀਬ ਤਰ੍ਹਾਂ ਦੀ ਕੰਪਨ ਹੋਈ, ਹਰਵੀਨ ਨੇ ਚਿੱਠੀ ਨੂੰ ਹੱਥਾਂ ਵਿਚ ਲੈ ਬੁਰੀ ਤਰਾਂ ਮਸਲ ਦਿੱਤਾ ਤੇ ਦੂਰ ਪਰ੍ਹਾਂ ਵਗਾਹ ਸੁੱਟਿਆ। ਦਿਲ ਕਰ ਰਿਹਾ ਸੀ ਉਹ ਉੱਚੀ ਉੱਚੀ ਚੀਕਾਂ ਮਾਰੇ ਤੇ ਕੰਧ ਨਾਲ ਮੁੱਕੇ ਮਾਰ ਮਾਰ ਹੱਥ ਜ਼ਖਮੀ ਕਰ ਲਵੇ। ਪਰ ਇਹ ਸਮਝ ਤੋਂ ਬਾਹਰ ਸੀ... ਇਹ ਗੁੱਸਾ ਰੱਬ ਤੇ ਸੀ, ਆਪਣੇ ਆਪ ਤੇ ਸੀ, ਕਮਲ ਤੇ ਸੀ ਜਾ ਫਿਰ ਮਾਂ ਤੇ ਸੀ?

ਗੁਰੂ ਘਰ ਵਿੱਚ ਅਨੰਦ ਸਾਹਿਬ ਦੀ ਪਵਿੱਤਰ ਬਾਣੀ ਦਾ ਪਾਠ ਜਾਰੀ ਹੋ ਚੁੱਕਿਆ ਸੀ ਤੇ ਪਾਠੀ ਬੜੀ ਮਿੱਠੀ ਆਵਾਜ਼ ਵਿਚ ਗਾ ਰਹੇ ਸਨ

-ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ-

ਕਹਾਣੀ

# ਅਜ਼ਾਨ

## ਵਿਕਾਸ ਕੰਬੋਜ ਵਿਨਾਇਕ




ਪਿੰਡ ਦਾ ਮੋੜ ਮੁੜਦਿਆਂ ਹੀ ਉਸਨੂੰ ਅਜੀਬ ਜਿਹੇ ਡਰ ਨੇ ਆਪਣੇ ਕਲਾਵੇ ਵਿੱਚ ਲੈ ਲਿਆ। ਇੰਝ ਜਾ ਰਿਹਾ ਸੀ ਜਿਵੇਂ ਉਹ ਆਪਣੇ ਹੀ ਘਰ ਪਹੁੰਚ, ਮੁਜ਼ਰਮ ਵਾਂਗ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਇਕ-ਇਕ ਕਦਮ ਪੁੱਟਣ ਵਿੱਚ ਉਸਨੂੰ ਅੰਤਾਂ ਦੀ ਮੁਸ਼ੱਕਤ ਕਰਨੀ ਪੈ ਰਹੀ ਸੀ। ਰਾਤ ਦਾ ਹਨ੍ਹੇਰਾ ਉਸਨੂੰ ਨਿਗਲਣ ਲਈ ਕਾਹਲਾ ਸੀ। ਟਾਵਾਂ-ਟਾਵਾਂ ਚਮਕਦਾ ਤਾਰਾ ਉਸਨੂੰ ਆਪਣਾ ਦੁਸ਼ਮਣ ਜਾਪਦਾ ਸੀ। ਚੰਨ ਦੀ ਚਾਨਣੀ ਉਸਨੂੰ ਲੋਕਾਂ ਸਾਹਮਣੇ ਨੰਗਾ ਕਰਨ ਲਈ ਬਜ਼ਿੱਦ ਸੀ। ਗਲੀ ਵਿੱਚ ਹਰ ਚਮਕਦੀ ਅੱਖ ਉਸਨੂੰ ਗੁਨਾਹਗ਼ਾਰ ਸਾਬਤ ਕਰਨਾ ਚਾਹੁੰਦੀ ਸੀ। ਉਸਦੇ ਪੈਰ ਰੇਤੇ ਵਿੱਚ ਧੱਸਦੇ ਜਾ ਰਹੇ ਸਨ। ਇਹਨਾਂ ਸੋਚਾਂ ਵਿੱਚ ਡੁਬਿਆ ਕਦੋਂ ਉਹ ਆਪਣੇ ਘਰ ਪਹੁੰਚ ਅੰਦਰ ਵੜਿਆ, ਉਸਨੂੰ ਘਰ ਆਇਆ ਨਾ ਲੱਗਾ। ਸਾਰੀ ਰਾਤ ਉਹ ਉਸਲਵੱਟੇ ਲੈਂਦਾ ਰਿਹਾ। ਸਵੇਰ ਹੋਣ 'ਤੇ ਬੇਬੇ-ਬਾਪ ਨੇ ਉਸਨੂੰ ਹੌਂਸਲਾ ਦਿੰਦੇ ਕਿਹਾ ਕਿ ਜਿੰਦਗੀ ਸੰਘਰਸ਼ ਦਾ ਦੂਜਾ ਨਾਂ ਹੈ। ਦਿਲ ਛੋਟਾ ਨਾ ਕਰ ਅਤੇ ਆਪਣੀ ਮਿਹਨਤ ਤੇ ਵਿਸ਼ਵਾਸ ਰੱਖ। ਉਸਨੇ ਜ਼ਿੰਦਗੀ ਦੇ ਨੌ ਵਰ੍ਹੇ ਇਕ ਨਾਟਕ ਵਾਂਗ ਜਾਪਣ ਲੱਗੇ। ਜਿਸ ਦਾ ਮੁੱਖ ਪਾਤਰ ਬਹੁਤ ਸਾਰੇ ਗੁਣਾਂ ਦਾ ਮਾਲਕ ਤਾਂ ਹੈ ਪਰ ਅਕਸਰ ਕਿਸਮਤ ਉਸਨੂੰ ਹੋਰ ਹੀ ਰੰਗ ਵਿਖਾਉਂਦੀ ਹੈ। ਇਸ ਵਾਰ ਵੀ ਤਾਂ ਅਜਿਹਾ ਕੁੱਝ ਹੀ ਹੋਇਆ ਸੀ ਉਸ ਨਾਲ। ਜ਼ਿੰਦਗੀ ਦਾ ਸਭ ਤੋਂ ਵੱਡਾ ਉਸਦਾ ਸਹਾਰਾ ਢਹਿੰਦਾ ਢਹਿੰਦਾ ਢਹਿ ਗਿਆ। ਮੰਜਲ ਦੇ ਨੇੜੇ ਪਹੁੰਚ ਕੇ ਵੀ ਉਹ ਉਸ ਤੋਂ ਕੋਹਾਂ ਦੂਰ ਹੋ ਗਿਆ ਸੀ। ਉਸਦਾ ਉਸਨੂੰ ਸਰਕਾਰੀ ਨੌਕਰੀ ਲਾਉਣ ਦਾ ਸੀ। ਪਰ ਹਰ ਵਾਰ ਦੀ ਤਰ੍ਹਾਂ, ਇਸ ਵਾਰ ਵੀ ਉਹ ਕੁੱਝ ਕੁ ਨੰਬਰਾਂ ਕਰਕੇ ਆਪਣੀ ਮੰਜ਼ਲ ਤੋਂ ਦੂਰ ਹੋ ਗਿਆ ਸੀ। ਥੋੜ੍ਹੇ ਸਮੇਂ ਬਾਦ ਬਾਪ ਨੇ ਉਸਨੂੰ ਬਾਰਡਰ ਆਲੇ ਖੇਤ ਚਲਣ ਲਈ ਕਿਹਾ ਅਤੇ ਨਾਲ ਹੀ ਜੋਗਿੰਦਰ ਨਹਿੰਗ ਨੂੰ ਨਾਲ ਲਿਜਾਣ ਲਈ ਕਿਹਾ। ਕਿਉਂਕਿ ਰੁੱਖ ਛਾਂਗਣ ਵਿੱਚ ਉਸਦਾ ਕੋਈ ਸਾਹਨੀ ਨਹੀਂ ਸੀ। ਜੋਗਿੰਦਰ ਅੱਧਖੜ ਉਮਰ ਦਾ ਚੰਗੇ ਜੁੱਸੇ ਵਾਲਾ ਮਰਦ, ਜਿੰਦਗੀ ਨੂੰ ਬਿਨਾਂ ਕਿਸੇ ਡਰ ਦੇ ਜਿਉਣ ਵਾਲਾ ਬੇਖੌਫ਼ ਸੁਭਾਅ ਦਾ ਮਾਲਕ ਅਤੇ ਗੁਰੂਆਂ ਦੀ ਦਿੱਤੀ ਸਿੱਖਿਆ ਨੂੰ ਆਪਣੀ ਜ਼ਿੰਦਗੀ ਤੇ ਪੂਰੀ ਤਰ੍ਹਾਂ ਲਾਗੂ ਕਰਨ ਵਾਲਾ ਸੁੱਚਾ ਗੁਰੂ ਦਾ ਸਿੱਖ ਸੀ। ਹੱਕ ਸੱਚ ਦੀ ਕਮਾਈ ਕਰਨ ਵਿੱਚ ਉਸਦਾ ਪੂਰਾ ਵਿਸ਼ਵਾਸ ਸੀ। ਇਸ ਕਰਕੇ ਉਸਨੂੰ ਜੋ ਵੀ ਕੰਮ ਮਿਲਦਾ ਉਹ ਬਿਨਾਂ ਕਿਸੇ ਝਿਜਕ ਦੇ ਕਰ ਲੈਂਦਾ। ਖੇਤ ਪਹੁੰਚ ਕੇ ਜੋਗਿੰਦਰ ਤਾਂ ਆਪਣੇ ਕੰਮ ਵਿਚ ਮਗਨ ਹੋ ਗਿਆ ਪਰ ਉਹਦਾ ਚਿੱਤ ਹੁਣ ਵੀ ਇਕਾਗਰ ਨਹੀਂ ਸੀ। ਅਚਾਨਕ ਉਸਦੀ ਨਜ਼ਰ ਕੰਡਿਆਲੀ ਤਾਰ 'ਤੇ ਪੈ ਗਈ। ਸਰਹੱਦ ਤੇ ਲੱਗੀ ਇਹ ਤਾਰ ਉਸਨੂੰ ਇਤਿਹਾਸ ਦੇ ਪੰਨਿਆਂ ਨੂੰ ਫਰੋਲਣ ਲਈ ਮਜ਼ਬੂਰ ਕਰਨ ਲੱਗੀ। ਸਤਲੁਜ ਦਰਿਆ ਦਾ ਇਹ ਇਲਾਕਾ ਇਥੋਂ ਦੇ ਬਸ਼ਿੰਦਿਆਂ ਲਈ ਵਰਦਾਨ ਸੀ। ਇੱਥੋਂ ਦੀ ਧਰਤੀ ਆਪਣੀ ਹਿੱਕ ਪਾੜ ਕੇ ਲੋਕਾਂ ਦਾ ਪੇਟ ਭਰਦੀ ਸੀ। ਕੰਡਿਆਲੀ ਤਾਰ ਦੇ ਪਰਲੇ ਪਾਸੇ ਉਸਦੇ ਬਜ਼ੁਰਗਾਂ ਦਾ ਵਾਸ ਸੀ। ਸੰਤਾਲੀ ਦੀ ਵੰਡ ਤੋਂ ਬਾਅਦ ਉਸਦੇ ਬਜ਼ੁਰਗ ਸਤਲੁਜ ਪਾਰ ਕਰਕੇ ਚੜ੍ਹਦੇ ਪੰਜਾਬ ਆ ਗਏ ਸਨ। ਇਸ ਕਰਕੇ ਉਸਦੀ ਲਹਿੰਦੇ ਪੰਜਾਬ ਨਾਲ ਦਿਲੋਂ ਸਾਂਝ ਸੀ। ਬਾਰਡਰ ਆਲੇ ਖੇਤ ਦੀਆਂ ਯਾਦਾਂ ਦਾ ਉਸਦੀ ਮਾਨਸਿਕਤਾ ਤੇ ਡੂੰਘਾ ਅਸਰ ਸੀ। ਉੱਥੋਂ ਦਾ ਸ਼ਾਂਤ ਵਾਤਾਵਰਨ ਉਸਨੂੰ ਜਨਤ ਦਾ ਦੀਦਾਰ ਕਰਾਉਂਦਾ ਸੀ। ਇੰਜਣ ਦੀ ਉਹ ਤੁੱਕ-ਤੁੱਕ ਦੀ ਆਵਾਜ਼ ਅੱਜ ਵੀ ਉਸਦੇ ਜ਼ਿਹਨ ਵਿੱਚ ਜਿੰਦਾ ਸੀ। ਖੂਹ ਵਿਚੋਂ ਨਿਕਲਦੇ ਉਸ ਮਿੱਠੇ ਪਾਣੀ ਦਾ ਸੁਆਦ ਅੱਜ ਵੀ ਉਸ ਦੇ ਬੁੱਲ੍ਹਾਂ 'ਤੇ ਸੀ। ਬਚਪਨ ਤੋਂ ਹੀ ਉਸ ਦੀ ਇਸ ਖੇਤ ਨਾਲ ਡੂੰਘੀ ਸਾਂਝ ਸੀ। ਬਚਪਨ ਵਿੱਚ ਉਹ ਇਸੇ ਖੇਤ ਵਿੱਚ ਕਮਾਦ ਗੁੱਡਦੇ ਰਹਿੰਦੇ ਸਨ। ਹਰ ਸਾਲ ਸਤਲੁਜ ਦਰਿਆ ਉੱਥੋਂ ਦੀਆਂ ਫਸਲਾਂ ਤਬਾਹ ਕਰ ਦਿੰਦਾ ਸੀ। ਇਸ ਕਰਕੇ ਲੋਕਾਂ ਨੂੰ ਇੱਕ ਹੀ ਫਸਲ ਚੁੱਕਣ ਨੂੰ ਮਿਲਦੀ ਸੀ। ਅਕਸਰ ਹੀ ਉਸਦੇ ਕੰਨਾਂ ਵਿੱਚ ਸਰਹੱਦ ਪਾਰੋਂ ਪਾਕਸਤਾਨੀ ਫ਼ਨਕਾਰਾਂ ਦੇ ਬੋਲ ਪੈਂਦੇ। ਆਲਮ ਲੁਹਾਰ ਦਾ ਬੋਲ 'ਮਿੱਟੀ ਦੇ ਬਾਵਿਆ' ਅਕਸਰ ਹੀ ਉਸਨੂੰ ਸੁਣਨ ਨੂੰ ਮਿਲਦਾ। ਇਸ ਵੇਲੇ ਖੇਤਾਂ ਵਿਚੋਂ ਕੰਮ ਕਰਦੇ ਲੋਕ ਆਪਣੇ ਘਰਾਂ ਨੂੰ ਮੁੜ ਜਾਂਦੇ ਜਿਹਨਾਂ ਵਿਚੋਂ ਬਹੁਤੇ ਸਰਹੱਦ ਪਾਰ ਆਪਣੀਆਂ ਪੈਲੀਆਂ ਵਿੱਚ ਕੰਮ ਕਰਕੇ ਆਉਂਦੇ ਸਨ। ਲੋਕਾਂ ਦੇ ਗੱਡੇ, ਪੱਠਿਆਂ

ਤੇਰੀ ਬਸਤੀ 'ਚ ਕੈਸੀ ਰੀਤ ਚਲਦੀ ਆ ਰਹੀ ਦਿਲਬਰ,
ਵਧੀਕੀ ਹੋਣ 'ਤੇ ਵੀ ਸ਼ਖ਼ਸ ਕੋਈ ਨਾ ਖ਼ਫ਼ਾ ਹੋਵੇ। -ਗੁਰਦਿਆਲ ਦਲਾਲ

ਅਤੇ ਤੂੜੀ ਲਈ ਲਿਆਂਦੇ, ਭਰੇ ਹੁੰਦੇ। ਫਿਰ ਇਹ ਗੱਡੇ ਆਪਣੇ-ਆਪਣੇ ਗਰਾਂਵਾਂ ਨੂੰ ਮੁੜ ਜਾਂਦੇ। ਇਹ ਨਜ਼ਾਰਾ ਉਸਨੂੰ ਮੁਲਕ ਦੀ ਹੋਈ ਵੰਡ ਵਾਂਗ ਲੱਗਦਾ। ਫਿਰ ਉਹ ਸੋਚਦਾ ਸੰਤਾਲੀ ਦੀ ਵੰਡ ਵੇਲੇ ਉਸਦੇ ਬਜ਼ੁਰਗ ਵੀ ਇਸੇ ਤਰ੍ਹਾਂ ਗੱਡਿਆਂ 'ਤੇ ਸਤਲੁਜ ਪਾਰ ਕਰਕੇ ਇਸ ਪਾਸੇ ਆਏ ਹੋਣਗੇ।

"ਬੱਲੀ, ਉਹ ਸੈਂਕਲ 'ਤੇ ਪਈ ਆਰੀ ਫਵਾ।" ਇਹ ਅਵਾਜ਼ ਉਸਨੂੰ ਸੁਪਨਮਈ ਦੁਨੀਆਂ ਤੋਂ ਬਾਹਰ ਲੈ ਆਈ। "ਹਾਂ, ਚਾਚਾ ਲੈ ਆਉਣਾ" ਅਚਾਨਕ ਉਸਦੀ ਨਜ਼ਰ ਜੋਗਿੰਦਰ 'ਤੇ ਪਈ। ਉਹ ਮੁਸ਼ਕਲ ਨਾਲ ਟਾਹਲੀ ਛਾਂਗ ਰਿਹਾ ਸੀ। ਉਹਨੇ ਆਪਣੇ ਸਰੀਰ ਨੂੰ ਕੱਪੜੇ ਨਾਲ ਘੁੱਟ ਕੇ ਬੰਨਿਆ ਹੋਇਆ ਸੀ। ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਤੋਂ ਪੀੜ ਸਹਿਣ ਨਹੀਂ ਸੀ ਹੋ ਰਹੀ।

ਉਸ ਤੋਂ ਰਿਹਾ ਨਾ ਗਿਆ ਅਤੇ ਉਸਨੇ ਜੋਗਿੰਦਰ ਨੂੰ ਪੁਛਿਆ, "ਚਾਚਾ ਆਹ ਕੱਪੜਾ ਕਾਹਤੋਂ ਬੰਨਿਆ?"

ਅਗੋਂ ਉਹਨੇ ਹੱਸ ਕੇ ਜੁਆਬ ਦਿਤਾ, "ਕੁਝ ਨੀਂ ਕਾਕਾ, ਬਸ ਆਹ ਹਰਨੀਆਂ ਦਾ ਦਰਦ ਆ ਥੋੜ੍ਹਾ। ਡਾਕਟਰ ਨੇ ਕਿਹਾ ਸੀ ਪ੍ਰੇਸ਼ਨ ਕਰਵਾ ਲੈ ਸੌਖਾ ਰਹੇਗਾ, ਪਰ ਪੁੱਤਰਾ ਐਨੀ ਪੀੜ ਸਾਨੂੰ ਕੀ ਕਹਿੰਦੀ ਆ।" ਉਹਦੇ ਚਿਹਰੇ 'ਤੇ ਡਰ ਜਾਂ ਅਚਾਨਕ ਉੱਠੀ ਪੀੜ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ। "ਨਾਲੇ ਕਾਕਾ ਜਿੰਦਗੀ 'ਚ ਏਸ ਤੋਂ ਵੀ ਡੂੰਘੀਆਂ ਸੱਟਾਂ ਖਾਧੀਆਂ ਹੋਈਆ ਨੇ ਉਹਨਾਂ ਸਾਹਮਣੇ ਇਹ ਪੀੜ ਤਾਂ ਕੁੱਝ ਵੀ ਨਹੀਂ।"

ਹਾਲਾਂਕਿ ਉਹ ਜਾਣਦਾ ਸੀ ਕਿ ਜੋਗਿੰਦਰ ਕੋਲ ਆਪਰੇਸ਼ਨ ਕਰਾਉਣ ਲਈ ਪੈਸੇ ਨਹੀਂ ਸਨ। ਉਹ ਇੱਕ ਫਿਲਾਸਫਰ ਵਾਂਗ ਗੱਲਾਂ ਕਰ ਰਿਹਾ ਸੀ। ਜਿੰਦਗੀ ਬਾਰੇ ਜਿਹੋ ਜਿਹੀਆਂ ਡੂੰਘੀਆਂ ਗੱਲਾਂ ਉਹ ਆਪਣੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੋਂ ਸੁਣਦਾ ਸੀ ਉਹੋ ਜਿਹੀਆਂ ਗੱਲਾਂ ਜੋਗਿੰਦਰ ਵੀ ਕਰ ਰਿਹਾ ਸੀ। ਉਹ ਸੋਚਣ ਲੱਗਾ ਇਹ ਬੰਦਾ ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ ਸਹਾਰਦਾ ਹੋਇਆ ਵੀ ਇੰਨੀ ਚੜ੍ਹਦੀ ਕਲਾ ਵਿੱਚ ਕਿਵੇਂ ਰਹਿੰਦਾ ਹੈ? ਸ਼ਾਇਦ ਉਸਨੇ ਗੁਰੂਆਂ ਦੀ ਕਹੀ ਗੱਲ 'ਚਿੰਤਾ ਚਿਤਾ ਸਮਾਨ' 'ਤੇ ਅਮਲ ਕਰ ਲਿਆ ਸੀ। ਜੋਗਿੰਦਰ ਨੂੰ ਦੇਖ ਕੇ ਉਸਦੇ ਮਨ ਵਿੱਚ ਨਵੀਂ ਤਰ੍ਹਾਂ ਦੀ ਊਰਜਾ ਦਾ ਸੰਚਾਰ ਹੋਣ ਲੱਗਿਆ। ਗ਼ਮ ਦੇ ਕਾਲੇ ਬੱਦਲ ਝੜਨ ਲੱਗੇ। ਭਵਿੱਖ ਦੀ ਚਿੰਤਾ ਨਾ ਲੈਂਦਾ ਹੋਇਆ ਰੂਹ ਸਾਫ਼ ਹੋਣ ਲੱਗੀ। ਪੀੜ ਦਾ ਆਲਮ ਆਖ਼ਰੀ ਸਾਹਾਂ 'ਤੇ ਸੀ। ਜਿੰਦਗੀ ਦੀ ਨਵੀਂ ਸਵੇਰ ਉਸਦਾ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗੀ। ਜਿੰਦਗੀ ਨੂੰ ਦੇਖਣ ਦਾ ਉਸਦਾ ਨਜ਼ਰੀਆ ਬਦਲ ਗਿਆ ਸੀ। ਆਸ ਦੀ ਕਿਰਨ ਉਸਨੂੰ ਮੁੜ ਤੋਂ ਹਾਲਾਤਾਂ ਨਾਲ ਨਜਿੱਠਣ ਲਈ ਤਾਕਤ ਦੇ ਰਹੀ ਸੀ। ਸ਼ਾਮ ਦਾ ਸਮਾਂ ਉੱਥੋਂ ਦੇ ਮਾਹੌਲ ਨੂੰ ਹੋਰ ਵੀ ਖੂਬਸੂਰਤ ਬਣਾ ਰਿਹਾ ਸੀ। ਇਸ ਵੇਲੇ ਤੱਕ ਟਾਹਲੀ ਵੀ ਛਾਂਗੀ ਜਾਂ ਚੁੱਕੀ ਸੀ। ਜੋਗਿੰਦਰ ਨਾਲ ਮਿਲ ਕੇ ਉਹ ਛਾਂਗੇ ਟਾਹਣ ਇਕੱਠੇ ਕਰਨ ਲੱਗਾ। ਇੰਨੇ ਨੂੰ ਸਰਹੱਦ ਪਾਰੋਂ ਆਜ਼ਾਨ ਹੋਣ ਲੱਗੀ। ਕੰਡਿਆਲੀ ਤਾਰ ਦੇ ਪਾਰਲੇ ਪਾਸੇ ਪਾਕਿਸਤਾਨੀ ਫੌਜ਼ ਦੀ ਚੌਂਕੀ ਸੀ। ਉੱਥੇ ਬਣੀ ਹੋਈ ਮਸਜ਼ਿਦ ਤੋਂ ਆਜ਼ਾਨ ਦੀ ਅਵਾਜ਼ ਆ ਰਹੀ ਸੀ। ਉਸਨੂੰ ਇੰਝ ਲੱਗਾ ਜਿਵੇਂ ਸਾਰੀ ਕਾਇਨਾਤ ਉਸ ਨਾਲ ਆਣ ਖੜ੍ਹੀ ਹੋਵੇ। ਅਤੇ ਉਸਨੂੰ ਮੁੜ ਤੋਂ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਅਸ਼ੀਰਵਾਦ ਦੇ ਰਹੀ ਹੋਵੇ।

ਕਹਾਣੀ

# ਪਾਸੀ

ਸਰਦੂਲ ਲਾਖਾ,
ਲਾਖਾ ਪਿੰਡ



ਇਹ ਹਵਾਈ ਅੱਡਾ ਅਜ਼ਾਦੀ ਤੋਂ ਪਹਿਲਾਂ, ਬੱਸ ਇੱਕ ਹਵਾਈ ਪੱਟੜੀ ਹੀ ਸੀ, ਨਿੱਕੇ ਹਵਾਈ ਜਹਾਜ਼ ਉਤਰਨ ਲਈ। ਛੋਟਾ ਜਿਹਾ ਹੈਂਗਰ ਅੰਦਰ ਜਹਾਜ਼ ਖੜਾਉਣ ਲਈ ਸੀ। ਇਹ ਕਿਸੇ ਜਿਮੀਂਦਾਰ ਦੀ ਨਿੱਜੀ ਜਾਇਦਾਦ ਸੀ। ਉਸ ਦੀ ਹਜ਼ਾਰ ਏਕੜ ਜ਼ਮੀਨ ਪਟੜੀ ਦੇ ਚਾਰੋਂ ਪਾਸੇ ਫੈਲੀ ਹੋਈ ਸੀ। ਇਸ ਦੇ ਵਿੱਚੋਂ-ਵਿੱਚ ਦੀ ਇੱਕ ਰੇਲ ਪਟੜੀ, ਗੰਨਾ ਮਿਲ ਤੱਕ ਵੀ ਜਾਂਦੀ ਸੀ, ਜੋ ਅਜੇ ਵੀ ਹੈ। ਹੁਣ ਇਹ ਭਾਰਤ ਦਾ ਬਹੁਤ ਵੱਡਾ ਏਅਰ ਫੋਰਸ ਦਾ ਬੇਸ ਬਣ ਚੁੱਕਾ। ਅਜੇ ਵੀ ਜਿਮੀਂਦਾਰ ਦੀ ਜ਼ਮੀਨ ਬੇਸ ਦੇ ਚੌਹੀ ਪਾਸੀਂ ਉਵੇਂ ਹੀ ਹੈ। ਬਹੁਤ ਉੱਚੇ-ਉੱਚੇ ਸਾਹਲ ਦੇ ਦਰੱਖਤ ਬੜੀ ਵਿਉਂਤ ਨਾਲ ਲਾਏ ਹੋਏ ਨੇ। ਕਈ ਮੀਲਾਂ ਤੱਕ ਇਹ ਸਾਲ ਦੇ ਖੇਤ ਹਨ ਵਿੱਚੋਂ ਦੀ ਰਾਹ ਛੱਡੇ ਹੋਏ ਨੇ ਜਿਹੜੇ ਸੜਕ ਤੇ ਉਪੜਦੇ ਨੇ। ਚੌਂਕੀਦਾਰ ਦਿਨ-ਰਾਤ ਪਹਿਰਾ ਰੱਖਦੇ ਹਨ- ਉਹਨਾਂ ਦੀਆਂ ਝੁੱਗੀਆਂ ਬਣਾਈਆਂ ਹੋਈਆਂ। ਸੜਕ ਦੇ ਇੱਕ ਪਾਸੇ ਹਵਾਈ ਪੱਟੜੀ 'ਤੇ ਟੈਕਨੀਕਲ ਏਰੀਆ ਹੈ ਤੇ ਦੂਜੇ ਪਾਸੇ ਫੈਮਿਲੀ ਕੁਆਟਰਜ਼। ਤਿੰਨ ਬੈਰਕਾਂ ਹਨ ਜਿੱਥੇ ਏਅਰਮੈਨਾਂ ਦੀਆਂ ਮੈਸਾਂ ਵੀ ਹਨ।

ਰਹਾਇਸ਼ ਏਰੀਏ ਦੇ ਉਪਰੋਂ ਦੀ ਕੰਡਿਆਲੀ ਤਾਰ ਲਾਈ ਹੋਈ ਹੈ, ਕਈ ਗੇਟ ਵੀ ਰੱਖੇ ਹਨ, ਬੰਦ ਹਨ, ਪਰ ਛਿਪਦੇ ਪਾਸੇ ਵਾਲਾ, ਬੀ.ਐਸ.ਐਫ. ਦੀ ਯੂਨਿਟ ਵਾਲਾ ਖੁਲ੍ਹਦਾ ਹੈ। ਉਥੇ ਹਮੇਸ਼ਾਂ ਸਿਪਾਹੀ ਤਾਇਨਾਤ ਰਹਿੰਦਾ ਹੈ। ਬੀ.ਐਸ.ਐਫ. ਤਾਰ ਦੇ ਨਾਲ ਲੱਗਦਾ ਹੀ ਬੜਾ ਸੁੰਦਰ ਹਾਕੀ ਗਰਾਊਂਡ ਹੈ। ਉਹ ਇਹਨਾਂ ਜੁਆਨਾਂ ਨੇ ਲਿੱਪ-ਪੋਚ ਕੇ ਥਾਲੀ ਵਰਗਾ, ਪਥਰਾ ਕਰ ਰੱਖਿਆ। ਕਿਸੇ ਨੂੰ ਵੀ ਖਿਆਲ ਆ ਸਕਦਾ ਕਿ ਇਥੋਂ ਦਾ ਕਮਾਂਡਰ ਹਾਕੀ ਪ੍ਰੇਮੀ ਹੋ ਸਕਦਾ।

ਮੇਰੀ ਬਦਲੀ ਇਥੇ ਬੰਬਰ-ਜਹਾਜ਼ਾਂ ਵਿੱਚ ਹੋ ਗਈ। ਮੈਂ ਇਥੇ ਪਹੁੰਚ ਕੇ ਹਾਕੀ ਗਰਾਉਂਡ ਭਾਲਦਾ ਫਿਰਾਂ। ਇਥੇ ਤਾਂ ਹਾਕੀ ਦਾ ਨਾਂ ਥੇਅ ਵੀ ਨਹੀਂ। ਹਾਂ, ਬਾਸਕਟ ਬਾਲ ਦਾ ਗਰਾਉਂਡ ਹੈ। ਪ੍ਰੈਕਟਸ ਵੀ ਹੋ ਰਹੀ ਹੈ। ਗੱਲ ਇਹ ਕਿ ਏਅਰਫੋਰਸ ਵਿੱਚ, ਜਿਹੜੀ ਗੇਮ ਦਾ ਕੋਚ ਜਿਥੇ ਹੈ, ਉਥੇ ਉੱਭਰਦੇ ਖਿਡਾਰੀਆਂ ਦੀ

ਬਿਨ ਤੇਰੇ ਮੈਂ ਹਾਸੇ-ਖੁਸ਼ੀਆਂ, ਰੌਣਕਾਂ ਦਾ ਕੀ ਕਰਾਂ?
ਜੋ ਇਕੱਠਿਆਂ ਨੇ ਲਏ ਸੀ, ਸੁਪਨਿਆਂ ਦਾ ਕੀ ਕਰਾਂ? -(ਅਗਲੇ ਸਫ਼ੇ 'ਤੇ)

ਬਦਲੀ ਕਰ ਦਿੰਦੇ ਹਨ ਤਾਂਕਿ ਅੱਛੀ ਟੀਮ ਬਣ ਸਕੇ। ਮੈਂ ਹਾਕੀ ਦਾ ਚੰਗਾ ਖਿਡਾਰੀ ਤਾਂ ਨਹੀਂ ਸਾਂ, ਸਿਖਾਂਦਰੂ ਹੀ ਸੀ। ਸਕੂਲ ਵਿੱਚ ਹੀ ਮੇਰੇ 'ਤੇ ਹਾਕੀ ਦਾ ਭੂਤ ਸਵਾਰ ਸੀ- ਇਸੇ ਭੂਤ ਨੇ ਮੈਨੂੰ ਕਿਤੇ ਵੀ ਸ਼ਾਮ ਨੂੰ ਗਰਾਊਂਡ ਮਿਸ ਨਹੀਂ ਕਰਨ ਦਿੱਤਾ, ਜਦੋਂ ਸ਼ਾਮ ਨੂੰ ਬਾਕੀ ਸਾਥੀ ਟੌਰਾਂ ਕੱਢ, ਬਜ਼ਾਰ ਘੁੰਮਦੇ, ਮੈਂ ਗਰਾਊਂਡ ਹੁੰਦਾ ਭਾਵੇਂ ਇਕੱਲਾ ਈ ਕਿਉਂ ਨਾ ਹੋਵਾਂ। ਬੀ.ਐਸ.ਐਫ. ਦੇ ਗਰਾਊਂਡ ਦੇਖਕੇ ਮੇਰੇ ਅੰਦਰ ਲੂਰੀਆਂ ਉੱਠਣ ਕਦੋਂ ਮੈਂ ਵਿੱਚ ਹੋਵਾਂ। ਨਵਾਂ-ਨਵਾਂ ਅਠਾਰਾਂ ਕੁ ਸਾਲਾਂ ਮੁੰਡਾ, ਜੀਹਦੇ ਮੂੰਹ 'ਤੇ ਅਜੇ ਤਾਜ਼ੀ ਟਿੰਡੋ ਦੇ ਲੂੰਆਂ ਜਿਹੀ ਵੀ ਦਾਹੜੀ ਨਹੀਂ ਉੱਤਨੀ ਸੀ- ਤਰਸ ਦਾ ਪਾਤਰ ਹੀ ਸੀ ਮੈਂ।

ਨੇਕ-ਨੀਤਾਂ ਨੂੰ ਮੁਰਾਦਾਂ ਹੁੰਦੀਆਂ। ਹਰ ਰੋਜ਼ ਇੱਕ ਅਫ਼ਸਰ ਦੀ ਔਰਡਲੀ ਅਫ਼ਸਰ ਦੀ ਡਿਊਟੀ ਲਾਈ ਜਾਂਦੀ ਐ, ਸਮਝੋ ਉਹ ਸਾਰੇ ਏਅਰਫ਼ੀਲਡ ਦਾ ਕਮਾਂਡਰ ਹੀ ਹੁੰਦਾ, ਕੰਮ ਆਲੇ ਘੰਟਿਆਂ ਤੋਂ ਬਾਅਦ ਉਸ ਦੀ ਜ਼ੁੰਮੇਂਵਾਰੀ ਵੱਡੀ ਹੁੰਦੀ ਐ। ਉਹਦੀ ਜੀਪ ਘੁੰਮਦੀ ਰਹਿੰਦੀ ਐ, ਖਾਸ ਕਰਕੇ ਫੈਨਸਿੰਗ ਦੇ ਗੇਟਾਂ ਉਪਰ ਜਾਣਾ ਹੀ ਹੁੰਦਾ ਹੈ। ਮੈਂ ਬੀ.ਐਸ.ਐਫ. ਦੇ ਗੇਟ 'ਤੇ ਖੜਾ, ਹਾਕੀ ਦੇਖ ਹੀ ਰਿਹਾ ਸਾਂ। ਪਿੱਛੋਂ ਜੀਪ ਆਈ ਤੇ ਮੇਰੇ ਕੋਲ ਰੋਕ ਕੇ ਅਫ਼ਸਰ ਪੁੱਛਦਾ ਅੰਗਰੇਜ਼ੀ ਵਿੱਚ, "ਐਥੇ ਖੜਾ ਕੀ ਦੇਖ ਰਿਹੈ।" ਮੈਂ ਦੇਖਿਆ ਆਰਡਲੀ ਅਫ਼ਸਰ ਸਾਡੇ ਸੁਕਾਡਰਨ ਦਾ ਹੀ ਸਪੋਰਟਸ ਅਫ਼ਸਰ ਸੀ। ਉਸ ਨੇ ਮੇਰੇ ਦੱਸਣ ਤੋਂ ਪਹਿਲਾਂ ਕਿਹਾ, "ਉ ਤੂੰ ਹਾਕੀ ਖੇਡਦਾ।" ਮੈਂ ਕਿਹਾ, "ਯੈਸ ਸਰ।" ਉਸ ਨੇ ਕਿਹਾ, "ਜੰਪ ਇਨ ਜੀਪ।" ਮੈਂ ਪੂਰਾ ਡਰ ਗਿਆ ਸਾਂ ਕਿ ਗਾਰਡ ਲੂਮ ਦੀ ਪੁਲਸ ਕੋਲ ਪੇਸ਼ੀ ਹੀ ਹੋ ਸਕਦੀ ਐ। ਮੈਂ ਹੈਰਾਨ ਹੋ ਗਿਆ ਉਸ ਨੇ ਗਾਰਡ ਨੂੰ ਗੇਟ ਖੋਹਲਣ ਦਾ ਹੁਕਮ ਕੀਤਾ। ਮੈਂ ਡਰਦਾ ਹੀ ਰਿਹਾ ਸਾਂ, ਮਾਸਟਰਾਂ ਤੋਂ, ਕਿਉਂਕਿ ਪੜ੍ਹਾਈ ਵਿੱਚ ਵਧੀਆਂ ਨਹੀਂ ਸਾਂ। ਉਸੇ ਤਰਾਂ ਅਫਸਰਾਂ ਤੋਂ ਵੀ ਡਰਦਾ ਹੀ ਰਿਹਾ ਸਾਂ, ਮਾਸਟਰਾਂ ਦਾ ਕਿਸੇ ਬੱਚੇ ਦੇ ਦਿਮਾਗ਼ ਵਿੱਚ ਸਹਿਮ ਬੈਠ ਜਾਂਦੇ ਤਾਂ ਨਿਕਲਦਾ ਹੀ ਨਹੀਂ। ਬਹੁਤੇ ਸਾਡੇ ਅਧਿਆਪਕਾਂ ਨੂੰ ਇਹ ਗੱਲ ਦਾ ਪਤਾ ਨੀ ਲੱਗਦਾ।

ਸਾਡੀ ਜੀਪ ਗਰਾਊਂਡ ਦੇ ਸਾਈਡ ਤੇ ਜਾ ਕੇ ਰੁੱਕ ਗਈ। ਪ੍ਰੈਕਟਸ ਚੱਲ ਰਹੀ ਸੀ। ਜਿਸ ਕੋਲ ਵਿਸਲ ਸੀ ਉਸਨੇ ਗ਼ੇਮ ਰੋਕ ਦਿੱਤੀ ਤੇ ਸਾਡੇ ਕੋਲ ਆ ਕੇ ਕਹਿਣ ਲੱਗਾ, "ਜੀ ਆਇਆਂ ਨੂੰ! ਤੁਸੀਂ ਮੇਰੀ ਯੂਨਿਟ ਆਏ ਹੋ, ਕੀ ਸੇਵਾ ਕਰ ਸਕਦਾ ਹਾਂ। ਸਾਡੇ ਅਫ਼ਸਰ ਨੇ, ਉਸ ਨੂੰ ਸਲੂਟ ਮਾਰਿਆ, ਮੈਂ ਜਾਣਿਆ ਕਿ ਇਹ ਉਥੋਂ ਦਾ ਓ.ਸੀ. ਹੀ ਹੋਵੇਗਾ। ਸਾਡੇ ਅਫ਼ਸਰ ਨੇ ਉਸ ਨੂੰ ਕਿਹਾ, "ਸਰ ਇਹ ਸਾਡਾ ਟੇਅਰਮੈਨ ਹਾਕੀ ਖਿਡਾਰੀ ਹੈ, ਤੁਹਾਡੇ ਗਰਾਊਂਡ 'ਚ, ਆ ਜਾਇਆ ਕਰੇ, ਬੜੀ ਮੇਹਰਬਾਨੀ ਹੋਵੇਗੀ। ਕਿਰਪਾ ਕਰਕੇ ਇਹਦਾ ਪਾਸ ਬਣਾ ਦਿਉਂਗੇ ਤਾਂ ਠੀਕ ਹੈ ਸਰ।" ਸਾਡੇ ਉਥੇ ਖੜੇ ਖੜੇ ਇੱਕ ਜੁਆਨ ਨੇ ਮੇਰੇ ਲਈ ਪਾਸ ਵੀ ਲਿਆ ਦਿਤਾ।

ਬਸ ਉਸ ਦਿਨ ਤੋਂ ਇਹ ਮੇਰਾ ਨਿੱਤ ਨੇਮ ਹੀ ਬਣ ਗਿਆ। ਹਰ ਰੋਜ਼ ਜਦੋਂ ਗਰਾਊਂਡ ਖਾਲੀ ਹੁੰਦਾ, ਮੈਂ ਇੱਕ ਪੁਲੀ ਜਿਹੀ 'ਤੇ ਬੈਠ, ਉਡੀਕਦਾ ਰਹਿੰਦਾ ਕਦੋਂ ਗਰਾਊਂਡ ਆਵੇ ਮੈਂ ਗੇਟੋਂ ਅੰਦਰ ਹੋਵਾਂ। ਕਈ ਦਿਨ ਤਾਂ ਉਹਨਾਂ ਦੇ ਕੋਚ ਨੇ ਮੇਰੇ ਵੱਲ ਇੱਕ ਵਾਰੀ ਵੀ ਧਿਆਨ ਨਾ ਦਿੱਤਾ, ਜਿਵੇਂ ਮੈਂ ਮੈਦਾਨ ਵਿੱਚ ਹਾਂ ਹੀ ਨਹੀਂ। ਫਿਰ ਇੱਕ ਦਿਨ ਮੈਨੂੰ ਉਸ ਨੇ ਬੜੇ ਮੋਹ ਜਿਹੇ ਨਾਲ ਕਿਹਾ ਤੂੰ ਇਸ ਪੁਜ਼ੀਸ਼ਨ ਤੇ ਖੇਡ। ਪਾਰਖੂ ਅੱਖ ਹੁੰਦੀ ਏ ਕੋਚਾਂ ਦੀ ਅਤੇ ਹੋਣੀ ਵੀ ਚਾਹੀਦੀ ਹੈ।

ਜੁਆਨਾਂ ਦੇ ਰਹਾਇਸ਼ੀ ਮਕਾਨ ਵੀ ਨੇੜੇ ਹੀ ਸਨ। ਕਈ ਕੁੜੀਆਂ ਵੀ ਪ੍ਰੈਕਟਸ ਦੇਖਣ ਆ ਜਾਂਦੀਆਂ, ਕਈਆਂ ਕੋਲ ਹਾਕੀਆਂ ਵੀ ਹੁੰਦੀਆਂ ਸਾਡੇ ਮਗਰੋਂ ਉਹ ਸਿੱਖਦੀਆਂ ਹੋਣੀਆਂ, ਹਾਕੀ। ਸ਼ਾਇਦ ਸਕੂਲ 'ਚ, ਖੇਡਦੀਆਂ ਹੋਣ। ਕੋਚ ਨੇ ਮੇਰੀ ਪੁਜੀਸ਼ਨ ਬਦਲਕੇ ਸਾਈਡ 'ਤੇ ਕਰ ਦਿੱਤੀ ਮੈਂ ਹੁਣ ਸਾਈਡ ਲਾਈਨ ਨਾਲ ਹੀ ਖੇਡਦਾ ਸਾਂ।

ਦੋ-ਤਿੰਨ ਦਿਨ ਤੋਂ ਦੇਖਦਾ ਹਾਂ ਕਿ ਅਫ਼ਸਰਾਂ ਵਾਲੀਆਂ ਕੁਰਸੀਆਂ 'ਤੇ ਇੱਕ ਕੁੜੀ ਆ ਬੈਠਦੀ ਹੈ। ਮੈਥੋਂ ਉਮਰ 'ਚ ਵੀ ਵੱਡੀ ਲੱਗਦੀ ਹੈ, ਖਿਡਾਰਣ ਲੱਗਦੀ ਹੈ। ਆਮ ਕਰਕੇ ਖਿਡਾਰੀ ਹੀ ਗੇਮ ਦੀ ਪ੍ਰੈਕਟਸ ਦੇਖਦੇ ਹਨ। ਉਸਦੇ ਉਥੇ ਬੈਠਣ ਨਾਲ ਮੈਨੂੰ ਬੜੀ ਪਰੇਸ਼ਾਨੀ ਹੋਣ ਲੱਗੀ। ਇੰਜ ਲੱਗੇ ਉਹ ਮੈਨੂੰ ਦੇਖ ਰਹੀ ਹੈ। ਜਦੋਂ ਕੋਈ ਬੰਦੇ ਨੂੰ ਇਹ ਮਹਿਸੂਸ ਹੋਵੇ ਕਿ ਕੋਈ ਖਾਸ ਦੇਖ ਰਿਹਾ ਹੈ, ਔਖਾ ਔਖਾ ਲੱਗਦਾ ਹੁੰਦਾ ਖਿਡਾਰੀ ਲਈ ਤਾਂ ਜ਼ਰੂਰ ਹੀ ਹੈ। ਉਂਝ ਭਾਵੇਂ ਬਾਹਰੋਂ ਕੋਈ ਗਾਲ੍ਹਾਂ ਕੱਢੀ ਜਾਵੇ ਫ਼ਰਕ ਨਹੀਂ ਪੈਂਦਾ ਹੁੰਦਾ। ਇੱਕ ਜੁਆਨ ਨੇ ਮੈਨੂੰ ਦੱਸ ਵੀ ਦਿੱਤਾ ਸੀ ਕਿ ਇਹ ਮੈਡਮ ਸਾਡੇ ਓ.ਸੀ. ਸਾਹਿਬ ਦੀ ਕੁੜੀ ਹੈ। ਫਿਰ ਤਾਂ ਮੇਰੇ 'ਤੇ ਹੋਰ ਬੋਝ 'ਕਿ ਕੀ ਕਰਾਂ।' ਹੁਣ ਤਾਂ ਮੈਨੂੰ ਲਾਈਨ ਤੋਂ ਬਾਹਰ ਬਸ ਡਰ ਹੀ ਦਿਸਦਾ ਸੀ। ਪਰ ਦਿਨੋਂ-ਦਿਨ ਮੈਨੂੰ ਚੰਗਾ ਲੱਗਣ ਲੱਗਾ ਜੋ ਉਹ ਕੋਚ ਦੇ ਵਿਹਾਰ ਤੋਂ ਪਤਾ ਲੱਗਦਾ ਸੀ।

ਇੱਕ ਦਿਨ ਕੋਚ ਨੇ ਗੇਮ ਤੋਂ ਪਹਿਲਾ ਕਿਹਾ, "ਆਪਣਾ ਬੀ.ਐਸ.ਐਫ ਦਾ ਵੱਡਾ ਟੂਰਨਾਮੈਂਟ ਆ ਗਿਆ, ਅਗਲੇ ਮਹੀਨੇ। ਅੱਜ ਤੋਂ ਵਾਧੂ ਖ਼ੁਰਾਕ ਮਿਲੇਗੀ, ਆਪਾਂ ਜਾਨ ਮਾਰਨੀ ਹੈ ਤੇ ਜਿੱਤਣਾ, ਮੇਰੇ ਵੱਲ ਖਾਸ ਕਰਕੇ ਕਿਹਾ, "ਤੂੰ ਵੀ ਹੋਵੇਂਗਾ ਮਿਸ ਨਹੀਂ ਹੋਣਾ।" ਸਾਨੂੰ ਉਸਨੇ ਦੋ ਘੰਟੇ ਨਾਨ-ਸਟਾਪ ਫਿਜ਼ੀਕਲ ਟ੍ਰੇਨਿੰਗ ਦੇਣੀ ਮਿਥੀ। ਕਮਾਂਡਰ ਖ਼ੁਦ ਗ਼ੇਮ ਦੇਖਦਾ। ਉਸ ਦੇ ਨਾਲ ਹੀ ਉਹ ਬੈਠੀ ਹੁੰਦੀ।

ਇੱਕ ਦਿਨ ਉਸ ਨੇ ਚਲਦੀ ਗ਼ੇਮ 'ਚ, ਪਤਾ ਨਹੀਂ ਕੀ ਗਲਤੀ ਫੜੀ ਹੋਵੇਗੀ, ਉੱਠ ਕੇ ਚੇਅਰ ਤੋਂ ਮੇਰੇ ਕੋਲ ਹਾਕੀ ਫੜੀ ਤੇ ਕੋਚ ਤੋਂ ਬਾਲ ਮੰਗੀ, ਸਾਰੇ ਖਿਡਾਰੀਆਂ ਦਾ ਧਿਆਨ ਮੇਰੇ 'ਤੇ ਹੋ ਗਿਆ। ਉਸ ਕੋਲ ਹਾਕੀ ਤੇ ਬਾਲ ਲਿਆਂਦੀ ਗਈ ਤਾਂ ਮੈਨੂੰ ਇਸ਼ਾਰਾ ਕਰਕੇ ਕਹਿੰਦੀ "ਅਮ ਹੀਅਰ" ਫੇਰ ਪੰਜਾਬੀ ਚ, ਬੋਲੀ, "ਕੀ ਕਰੀ ਜਾਣਾ ਹੁਣੈ, 'ਬੁੱਧੂਆ', ਤੇਰੇ ਨਾਲ ਦਸ ਹੋਰ ਵੀ ਹੈਗੇ ਆ ਪਾਸ ਕਿਉਂ ਨਹੀਂ ਦਿੰਦਾ, ਫੇਰ ਆ ਜਾਏਗੀ ਤੇਰੇ ਕੋਲ। ਮੈਂ ਨੀਵੀਂ ਪਾ ਕੇ 'ਸੌਰੀ' ਕਿਹਾ ਤੇ ਹਾਕੀ ਫੜ ਲਈ ਮੇਰੇ ਲਈ ਹੋਰ ਆਫ਼ਤ, ਉਹ ਸਰਦਾਰ ਕਮਾਂਡਰ ਮੇਰੇ ਵੱਲ ਦੇਖ ਰਿਹਾ ਸੀ।

ਇਸ ਤਰਾਂ ਮਹੀਨਾ ਵੀ ਲੰਘ ਗਿਆ। ਉਹਨਾਂ ਦੀ ਟੀਮ ਚਲੀ ਗਈ, ਕੈਂਪ ਲੱਗਾ ਸੀ ਕਿਤੇ। ਮੇਰੇ ਲਈ ਬੜਾ ਸੰਤਾਪ ਖੜਾ ਹੋ ਗਿਆ, ਬੈਰਕਾਂ ਦੇ ਸੋਗਮਈ ਮਹੌਲ ਵਿਚ ਕਦ ਸੂਰਜ ਛਿਪੇਗਾ। ਮੈਂ ਨਵਾਂ ਰਾਹ ਲੱਭ ਲਿਆ, ਚਾਰ ਵਜੇ ਟਰੈਕ ਸੂਟ ਪਾਉਂਦਾ ਤੇ ਹੋ ਲੈਂਦਾ ਜੰਗਲ ਵੱਲ। ਕਿਉਂਕਿ ਫਿਰ ਤੋਂ ਮੈਨੂੰ ਬੈਰਕਾਂ, ਜੇਲ ਦੀ ਤਰ੍ਹਾਂ ਲੱਗਣ ਲੱਗੀਆਂ। ਮੈਂ ਉਧਰ ਜੰਗਲ ਨੂੰ ਬੀ.ਐਸ.ਐਫ ਦੀ ਗੇਟ ਲੰਘਕੇ ਫੈਸਨਿੰਗ ਦੇ ਨਾਲ ਰਾਹ 'ਤੇ ਪੈ ਜਾਂਦਾ, ਉੱਚੇ-ਉੱਚੇ ਦਰੱਖਤਾਂ ਨਾਲ ਕਰਦਾ ਕਦੇ ਹੌਲੀ ਕਦੇ ਤੇਜ਼ ਦੌੜਦਾ ਸਮੇਂ ਨਾਲ

ਦਿਲ ਮੇਰੇ ਦੇ ਵਿਹੜੇ ਵਿਚ, ਖੁਸ਼ੀਆਂ ਦੇ ਬੀਜੇ ਸੀ ਤੂੰ ਜੋ,
ਕੀ ਕਰਾਂ ਗੇਂਦੇ ਅਤੇ ਗੁਲਦਾਉਦੀਆਂ ਦਾ ਕੀ ਕਰਾਂ? -ਬਲਬੀਰ ਸਿੰਘ ਸੈਣੀ

ਦੌੜਦਾ ਰਹਿੰਦਾ। ਮੇਰੇ 'ਤੇ ਸਰੀਰ ਨੂੰ ਠੀਕ ਰੱਖਣ ਦਾ ਝੱਲ ਈ ਸੀ, ਹਾਕੀ ਪ੍ਰੇਮ ਕਿ ਜਦੋਂ ਵੀ ਮੌਕਾ ਮਿਲੇ ਮੈਂ ਚਮਕਾਂ, ਖੇਡ-ਪ੍ਰੇਮ ਇੱਕ ਤਰ੍ਹਾਂ ਨਾਲ ਬੰਦੇ ਉੱਤੇ ਜਾਦੂ ਦੀ ਤਰ੍ਹਾਂ ਹੀ ਹੋਇਆ ਹੁੰਦਾ। ਉਧਰ ਕੋਈ ਨਾ ਕੋਈ ਜੁਆਨ ਵੀ ਨਜ਼ਰ ਆ ਜਾਂਦਾ, ਜਿਹੜਾ ਸ਼ਾਇਦ ਮੇਰੇ ਵਰਗੀ ਬਿਮਾਰੀ ਦਾ ਸ਼ਿਕਾਰ ਹੀ ਕਹੀਏ ਤਾਂ ਠੀਕ ਹੈ।

ਮੇਰੇ ਸਾਹ ਸੁੱਕ ਗਏ ਸਨ, ਜਦ ਫੈਨਸਿੰਗ ਦੇ ਨਾਲ ਅਫ਼ਸਰਾਂ ਦੇ ਕੁਆਟਰਜ਼ ਕੋਲ ਬਣੇ, ਛੋਟੇ ਗੇਟ ਕੋਲ, ਉਹ ਸਰਦਾਰ ਕਮਾਂਡਰ ਅਤੇ ਉਹੀ ਲੜਕੀ ਖੜੇ ਦੇਖੇ, ਮੈਂ ਕੋਲ ਦੀ ਲੰਘਣ ਵੇਲੇ ਕਿਹਾ, "ਗੁੱਡ ਈਵਿਨਿੰਗ ਸਰ।" ਮੈਂ ਡਰ ਜਿਹਾ ਗਿਆ ਕਿ ਕਹੇਗਾ, "ਅਫਸਰ ਕੁਆਟਰਜ਼ ਏਰੀਆ ਤੁਹਾਡੇ ਲਈ, "ਅਪਹੁੰਚ ਏਰੀਆ" ਅੰਗਰੇਜ਼ੀ ਵਿੱਚ, "ਆਊਟ ਆਫ ਬਾਊਂਡ" ਹੈ।

ਮੇਰੀ ਸਾਰੀ ਸਥਿਤੀ ਦਿਮਾਗੀ ਤੌਰ ਤੇ ਉਲਟ-ਪੁਲਟ ਹੋ ਗਈ ਸੀ ਜਦ ਉਸ ਨੇ ਕਿਹਾ, "ਕਿੱਥੇ ਤੱਕ ਜਾਨਾ ਹੁਣੈ", ਅੰਗਰੇਜ਼ੀ ਵਿੱਚ। ਮੈਂ ਉਸ ਨੂੰ ਅੰਗਰੇਜ਼ੀ ਵਿੱਚ ਹੀ ਦੱਸਿਆ, "ਬਹੁਤ ਦੂਰ ਨਹੀਂ ਜਾਂਦਾ। ਇਥੇ ਹੀ ਕਈ ਗੇੜੇ ਲਾ ਲੈਨਾ ਜੀ।" ਉਸ ਨੇ ਕੁੜੀ ਵੱਲ ਇਸ਼ਾਰਾ ਕਰਕੇ, "ਇਹ ਤੇਰੇ ਨਾਲ ਜਾਇਆ ਕਰੇਗੀ। ਜੰਗਲ ਵੱਲ ਨਹੀਂ ਹੋਣਾ, ਇਥੇ ਭੈੜੇ ਅਨਸਰ ਫਿਰਦੇ ਰਹਿੰਦੇ ਹਨ ਫਿਰ ਵੀ ਫ਼ਿਕਰ ਦੀ ਗੱਲ ਨਹੀਂ।" ਸੋਚ ਰਿਹਾ ਸਾਂ, "ਫੇਰ ਇਥੇ ਵੀ ਅਫ਼ਸਰੀ ਝੇਪ ਮਗਰ ਲੱਗੂ।"

ਦੋ ਤਿੰਨ ਦਿਨ ਅਸੀਂ ਬਹੁਤ ਘੱਟ ਬੋਲੇ ਸਾਂ ਉਹ ਆਪਣੀ ਚਾਲ ਚਲਦੀ, ਮੈਂ ਆਪਣਾ ਸਟੈਮਿਨਾ ਵਧਾਉਣ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ। ਜਦ ਅਸੀਂ ਵਾਪਸ ਗੇਟ ਕੋਲ ਆ ਕੇ ਉਹ ਮੈਨੂੰ ਦੇਖ ਬਗੈਰ ਓ.ਕੇ. ਕਹਿਕੇ ਅੰਦਰ ਚਲੀ ਜਾਂਦੀ। ਕਈ ਦਿਨਾਂ ਬਾਅਦ ਉਹ ਕੁੱਝ ਕਹਿਣ ਦੇ ਮੂਡ ਵਿੱਚ ਲੱਗੀ। ਜਾਂਦੀ ਮੈਨੂੰ ਇੰਜ ਲੱਗਦਾ ਉਹ ਮੈਨੂੰ ਨਹੀਂ, ਮੇਰੇ ਬੁੱਤ ਨੂੰ ਦੇਖ ਰਹੀ ਹੋਵੇ। ਹੁਣ ਉਹ ਮੈਨੂੰ, "ਉਏ ਮੁੰਡਿਆ" ਅੰਗਰੇਜ਼ੀ ਵਿੱਚ, "ਯੂ ਚੈਪ" ਕਹਿਕੇ ਕੋਈ ਕਸਰਤ ਕਰਕੇ ਦਿਖਾ ਦਿੰਦੀ। ਕਸਰਤਾਂ ਕਰਾਉਂਦੀ ਨੇ ਪਤਾ ਨਹੀਂ ਕਿਹੜੇ ਭਾਵ ਅੰਦਰ ਇਹ ਕਹਿ ਕੇ ਮੇਰੇ ਦਿਮਾਗ ਦੇ ਥੰਮ ਹਿਲਾ ਦਿੱਤੇ ਸਨ, "ਦੇਖ ਬੋਆਏ, ਮੈਂ ਸਰੀਰ ਚੋਂ ਪਾਣੀ ਦਾ ਤੁਪਕਾ ਤੁਪਕਾ ਬਾਹਰ ਦੇਖਣਾ ਚਹੁੰਦੀ ਆਂ" ਮੈਂ ਅੱਖਾਂ ਨੀਵੀਆਂ ਕਰ ਲਈਆਂ ਸਨ। ਇਹੀ ਉਹ ਸਮਾਂ ਸੀ ਜਦ ਮੈਨੂੰ ਇਹ ਅਹਿਸਾਸ ਹੋਇਆ ਕਿ ਇਹ ਕੁੜੀ ਨੇ ਹੀ ਕਿਹਾ, ਇਹ ਦੇਵੀ ਹੈ ਜੋ ਇਥੇ ਉੱਤਰ ਕੇ ਮੇਰਾ ਸਿਦਕ ਦੇਖਕੇ ਕਹਿ ਰਹੀ ਹੈ।

ਹੁਣ ਕੁਝ ਝੱਕ ਖੁਲ ਗਈ, ਮੈਂ ਉਸ ਵਿੱਚੋਂ ਇੱਕ ਗੁਰੂ ਦੇਖਣ ਲੱਗਾ, ਦਿਨੋ-ਦਿਨ ਮੇਰਾ ਸਟੈਮੀਨਾ ਵਧਦਾ ਜਾ ਰਿਹਾ ਸੀ- ਉਹ ਵੀ ਹੁਣ ਦੌੜਣ ਲੱਗ ਗਈ ਸੀ। ਕੁੱਝ ਹੀ ਦਿਨਾਂ ਵਿੱਚ ਉਹ ਆਪਣੀ ਫਾਰਮ 'ਤੇ ਆ ਗਈ ਲੱਗਦੀ ਸੀ, ਯੂਨੀਵਰਸਿਟੀ ਦੀ ਹਾਕੀ ਖਿਡਾਰਨ ਫਿਰ ਜਾਗ ਪਈ ਲੱਗਦੀ ਸੀ।

ਕਦੇ ਕਦੇ ਉਹਦੇ ਮੰਮੀ-ਡੈਡੀ ਵੀ ਉਧਰ ਆ ਜਾਂਦੇ ਅਤੇ ਸਾਡੇ ਕੋਲ ਦੀ ਮੁਸਕਰਾ ਕੇ ਲੰਘ ਜਾਂਦੇ।

ਇੱਕਹਤਰ ਦੀ ਲੜਾਈ ਲੱਗ ਗਈ। ਸਾਡਾ ਸੁਕੈਡਰਨ ਆਗਰੇ ਚਲਾ ਗਿਆ। ਬੀ.ਐਸ.ਐਫ਼ ਪਤਾ ਨਹੀਂ ਕਿਹੜੀ ਬਾਰਡਰ 'ਤੇ ਚਲੀ ਗਈ। ਇੱਕ ਵਾਰੀ ਸਾਰੀ ਕਹਾਣੀ ਰੁਕ ਗਈ। ਸਮਾਂ ਬੀਤਦੇ ਕੀ ਲੱਗਦਾ ਹੈ। ਵੀਹ ਸਾਲ ਨੌਕਰੀ ਕਰਕੇ ਮੈਂ ਏਅਰ ਫੋਰਸ ਚੋਂ ਹਾਕੀ ਦਾ ਕੋਚ ਬਣ ਕੇ ਨਿਕਲਿਆ। ਪਿੰਡ ਆਇਆ ਥੋੜ੍ਹਾ ਸਮਾਂ ਲੰਘਿਆ, ਸਿਖਿਆ ਵਿਭਾਗ ਵਲੋਂ ਕੋਚ ਦੀ ਨੌਕਰੀ ਮਿਲ ਗਈ। ਸਾਡੇ ਪਿੰਡ ਦੇ ਨੇੜੇ ਹੀ ਲੋਪੋ ਵਿਖੇ ਸਕੂਲ ਵਿੱਚ ਹਾਕੀ ਕੇਂਦਰ ਸੀ। ਅਸੀਂ ਪੰਜਾਬ ਦੀ ਸਿਰ ਕੱਢਵੀਂ ਟੀਮ ਤਿਆਰ ਕਰ ਲਈ। ਹਾਂ ਮੇਰੇ ਨਾਲੋਂ ਸਾਡੀ ਪ੍ਰਿੰਸੀਪਲ ਦਾ ਹੱਥ ਉੱਚਾ ਸੀ, ਉਹਨੇ ਸਹਿਯੋਗ ਦਿੱਤਾ, ਇਲਾਕੇ ਦੇ ਲੋਕਾਂ ਨੇ ਹੌਂਸਲਾ ਅਫ਼ਜਾਈ ਕੀਤੀ ਤਾਂ ਕਰਕੇ ਹੀ ਸਾਡੀ ਟੀਮ ਦੇ ਕਈ ਬੱਚੇ ਪੰਜਾਬ ਦੀ ਟੀਮ 'ਚ ਸਨ।

ਇੰਟਰ-ਸਕੂਲ ਮੁਕਾਬਲੇ ਲੋਪੋ ਹੀ ਹੋਏ। ਪ੍ਰਿੰਸੀਪਲ ਮੈਡਮ ਨੇ ਮੈਨੂੰ ਸੱਦ ਕਿ ਕਿਹਾ, "ਇਨਾਮ ਵੰਡ ਲਈ ਜਲੰਧਰ ਤੋਂ ਇੱਕ ਰੀਟਾਇਰਡ ਕਰਨਲ ਸਾਹਿਬ ਆ ਰਹੇ ਹਨ। ਮੈਂ ਚਹੁੰਨੀ ਆਂ ਤੁਸੀਂ ਸਵਾਗਤੀ ਕਮੇਟੀ 'ਚ ਹੋਵੋਂ। ਟੂਰਨਾਮੈਂਟ ਅਸੀਂ ਜਿੱਤਣਾ ਹੀ ਸੀ। ਕਰਨਲ ਸਾਹਿਬ ਦੀ ਮੈਡਮ ਨੇ ਇਨਾਮ ਵੰਡੇ।


ਕੁੱਝ-ਕੁੱਝ ਮੇਰੇ ਚੇਤਿਆਂ ਚ, ਹੋਇਆ, ਵਾਰ-ਵਾਰ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਚਾਹ ਪੀਣ ਵੇਲੇ ਕਰਨਲ ਸਾਹਿਬ ਕੋਲ ਜਾ ਕੇ ਪੁੱਛ ਹੀ ਲਿਆ ਅੰਗਰੇਜ਼ੀ ਵਿੱਚ, "ਸਰ ਤੁਸੀਂ ਗੋਰਖਪੁਰ ਵੀ ਸੋ।"

ਉਸ ਨੇ ਮੇਰੇ ਮੋਢੇ ਤੇ ਹੱਥ ਰੱਖ ਕੇ ਕਿਹਾ "ਤੈਥੋਂ ਇਹੀ ਆਸ ਰੱਖੀ ਜਾ ਸਕਦੀ ਹੈ ਤੇਰੀ ਟੀਮ ਵਧੀਆ ਹੈ ਮੁਬਾਰਕਾਂ। "ਮੈਂ ਤੈਨੂੰ ਪਛਾਣ ਲਿਆ ਸੀ। ਦੇਖ ਰਿਹਾ ਸੀ ਕਿ ਤੂੰ ਪਛਾਣਦਾ ਕਿ ਨਹੀਂ।" ਫਿਰ ਉਸ ਨੇ ਮੈਨੂੰ ਮੈਡਮ ਕੋਲ ਲਿਜਾਕੇ ਕਿਹਾ, "ਕੀ ਤੁਹਾਨੂੰ ਯਾਦ ਹੈ, ਇਹੀ ਉਹ ਮੁੰਡਾ ਜਿਹੜਾ ਆਪਣੀ ਪਾਸੀ ਨਾਲ ਦੌੜਣ ਜਾਂਦਾ ਸੀ, ਉਮੀਦ ਹੈ ਤੈਨੂੰ ਯਾਦ ਆ ਗਿਆ ਹੋਣਾ" ਮੈਂ ਸਤਿਕਾਰ ਨਾਲ ਝੁਕਿਆ ਹੀ ਸਾਂ, ਉਹਨਾਂ ਮੇਰੇ ਮੋਢੇ ਫੜ ਲਏ ਤੇ ਮੇਰੇ ਮੂੰਹ ਵੱਲ ਦੇਖ ਕੇ ਕਿਹਾ, ਇਸਤੋਂ ਪਹਿਲਾ ਕਿ ਮੈਂ ਕੁੱਝ ਪੁੱਛਾ, "ਪਾਸੀ ਅਗੋਂ ਇਜ ਨੋ ਮੋਰ, ਸ਼ੀ ਲੈਫ਼ਟ ਅੱਸ ਟੂ ਯੀਅਰ ਐਗੋ।" ਮੈਂ ਜਜ਼ਬਾਤ ਰੋਕ ਕੇ ਕਿਹਾ, "ਸਰ! ਇਹ ਸਾਡੀ ਟੀਮ ਦੀ ਜਿੱਤ ਪਾਸੀ ਦੀ ਜਿੱਤ ਹੈ ਕਿਉਂਕਿ ਉਹੀ ਦੇਵੀ ਸੀ ਮੈਨੂੰ ਕੋਚ ਬਣਾਉਣ ਵਾਲੀ। ਪਾਸੀ ਦੇ ਬੋਲ ਨਹੀਂ ਭੁੱਲੇ ਮੈਂ "ਤੇਰੇ ਸਰੀਰ ਚੋ ਤੁਪਕਾ ਤੁਪਕਾ ਪਾਣੀ ਦਾ ਬਾਹਰ ਦੇਖਣਾ ਚਹੁੰਨੀ ਆਂ।" ਦੋਨਾਂ ਨੇ ਮੇਰੇ ਮੋਢਿਆਂ 'ਤੇ ਹੱਥ ਰੱਖੇ ਹੋਏ ਨੇ, ਪਰ ਮੈਡਮ ਦੀਆਂ ਅੱਖਾਂ ਚੋਂ ਅਥਰੂ, ਰੁੱਕਣ ਨਾਂ ਨਹੀਂ ਲੈ ਰਹੇ।

(ਸਫ਼ਾ 210 ਤੋਂ ਜਾਰੀ)

ਸਾਬਕਾ ਡੀਵੀਜ਼ਨਲ ਔਡੀਟਰ-ਇੰਨ-ਚੀਫ਼, ਦਰਸ਼ਨ ਗੋਇਲ ਅੰਬਾਲਾ ਏ.ਐਫ.ਐਸ.ਓ. ਲਛਮਣ ਬਰਾੜ ਬਠਿੰਡਾ ਸੀਨੀਅਰ ਸਰਵੇਅਰ, ਡਾ: ਗੁਰਮੇਜ਼ ਸਿੰਘ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ, ਬੀਬਾ ਕਰਮਜੀਤ ਕੌਰ ਪ੍ਰਿੰ: ਮੁਕੇਰੀਆਂ, ਸ੍ਰ: ਹਰਦਿਲਜੀਤ ਸਿੰਘ ਬੈਂਸ (ਲਾਲੀ) ਸੀਨੀਅਰ ਮੈਨੇਜਰ ਮਾਰਕਫੈਡ, ਪਰਮਜੀਤ ਭੁੱਲਰ ਮੋਰਿੰਡਾ, ਨਿਰਮਲ ਬਾਸੀ ਮੁਹਾਲੀ, ਮਿ: ਮੌਂਗਾ ਸਾਹਿਬ (ਸਾਬਕਾ ਪੀ.ਏ. ਟੂ ਅਮਰਜੀਤ ਸਮਰਾ, ਮਾਰਕਫੈਡ), ਨਿਰੰਜਨ ਬੋਹਾ ਸਥਾਪਤ ਲੇਖਕ, ਅਲੋਚਕ; ਕੁਲਦੀਪ ਸਿੰਘ ਦੀਪ ਸਾਹਿਤ ਅਕੈਡਮੀ ਚੰਡੀਗੜ੍ਹ, ਦਰਸ਼ਨ ਜੋਗਾ ਮਾਨਸਾ, ਹਰਜਿੰਦਰ ਸੂਰੇਵਾਲੀਆ ਕਹਾਣੀਕਾਰ, ਡਾ: ਸੁਰਜੀਤ ਬਰਾੜ ਮੋਗਾ, ਬਲਦੇਵ ਸੜਕਨਾਮਾ ਨਾਵਲਿਸਟ, ਗੁਰਨਾਮ ਕੰਵਰ ਚੰਡੀਗੜ੍ਹ, ਦਲਜੀਤ ਬੁੱਟਰ,- ਸ਼ਿਵਰਾਜ ਬੁੱਟਰ, ਹਰਜੀਤ ਦੰਦੀਵਾਲ-ਬਲਕਰਨ ਦੰਦੀਵਾਲ, ਬਲਕਰਨ ਸਿੰਘ ਗਿੱਲ ਹਨੂੰਮਾਨਗੜ੍ਹ, ( ਬਾਕੀ ਸਫ਼ਾ 285 ਉਪਰ)

ਖੁਦ ਆਪਣੇ ਨਾਮ 'ਤੇ ਇਕ ਹੋਰ ਖ਼ਤਰਾ ਕੌਣ ਰੱਖੇਗਾ?
ਅਸਾਡੇ ਨਾਮ ਨੂੰ ਏਨਾ ਵੀ ਉੱਚਾ ਕੌਣ ਰੱਖੇਗਾ। -(ਅਗਲੇ ਸਫ਼ੇ 'ਤੇ)




# ਬਰਤਾਨਵੀ ਪੰਜਾਬੀ ਕਹਾਣੀ

ਕਿ ਰਾਖੇ ਨੇ ਵਤਨ ਦੇ ਬਸ,ਇਹੋ ਪੁੱਤਰ ਗਰੀਬਾਂ ਦੇ,
ਸ਼ਹੀਦਾਂ ਦੇ ਗਰਮ ਸਿਵਿਆਂ ਦਾ ਲੇਖਾ ਕੌਣ ਰੱਖੇਗਾ? -ਨਵੀਨ ਕਮਲ ਭਾਰਤੀ

ਕਹਾਣੀ

# ਸਾਈਬਰ ਸੈਕਸ

ਸੰਤੋਖ ਸਿਘ ਧਾਲੀਵਾਲ



ਸੰਤੋਖ ਸਿਘ ਧਾਲੀਵਾਲ

ਜਸਵੀਰ ਅੱਜ ਫੇਰ ਡੂੰਘੀ ਰਾਤੇ ਪਰਤਿਆ। ਇਹ ਉਸਦਾ ਹੁਣ ਨਿੱਤ ਦਾ ਰੁਟੀਨ ਜਿਹਾ ਹੀ ਬਣਿਆ ਹੋਇਆ ਹੈ। ਮੈਨੂੰ ਬਿੜਕ ਆ ਗਈ ਸੀ। ਭਾਵੇਂ ਉਸਨੇ ਬਾਹਰਲਾ ਬੂਹਾ ਵੀ ਬੜੇ ਅਹਿਤਿਆਤ ਨਾਲ਼ ਖੋਲ੍ਹਿਆ ਸੀ, ਪੌੜੀਆਂ ਵੀ ਬਿਨਾਂ ਖੜਾਕ ਕੀਤਿਆਂ ਚੜ੍ਹਨ ਦੀ ਕੋਸ਼ਿਸ਼ ਕੀਤੀ ਸੀ ਪਰ ਮੈਨੂੰ ਪਤੈ ਲੱਗ ਹੀ ਗਿਆ ਸੀ। ਮੈਂ ਤਾਂ ਆਪ ਜਾਗਦੀ ਪਈ ਸਾਂ। ਮਸਰੂਫ਼ ਸਾਂ। ਨਵੀਂ ਵਣਜੀ ਹੌਬੀ 'ਚ। ਚੈਟ ਸ਼ੋਅ ਪਿਛਲੇ ਤਿੰਨਾਂ ਘੰਟਿਆਂ ਤੋਂ ਚੱਲ ਰਿਹਾ ਸੀ। ਮੁਕਾਉਣ ਨੂੰ ਦਿਲ ਹੀ ਨਹੀਂ ਸੀ ਮੰਨਦਾ। ਉਹ ਵੀ ਉਧਰੋਂ ਅਲਵਿਦਾ ਨਹੀਂ ਸੀ ਕਹਿ ਰਿਹਾ। ਨਵੇਂ ਤੋਂ ਨਵਾਂ ਲਚਕੀਲਾ ਸੈਕਸੀ ਸਵਾਲ ਕਰ ਦਿੰਦਾ। ਮੇਰਾ ਜਵਾਬ ਉਡੀਕਦਾ। ਤਿੰਨਾਂ ਘੰਟਿਆਂ ਦੀ ਉਕਸਾਊ ਗੱਲ-ਬਾਤ ਨਾਲ਼ ਵੀ ਸਾਡੀ ਤਸੱਲੀ ਨਹੀਂ ਸੀ ਹੋ ਰਹੀ। ਇਹ ਕਿਹੋ ਜਹੀ ਲਲਚਾਈ ਤਾਂਘ ਸੀ, ਮੈਨੂੰ ਤਾਂ ਕੁਝ ਸਮਝ ਨਹੀਂ ਸੀ ਆ ਰਹੀ? ਪਰ ਚੈਟ-ਸ਼ੋਅ ਦੇ ਇਨ੍ਹਾਂ ਸਾਰੇ ਪਲਾਂ 'ਚ ਡੂੰਘੀ ਹੋਰ ਡੂੰਘੀ ਉਤਰੀ ਜਾ ਰਹੀ ਸਾਂ।

ਜਸਵੀਰ ਸਪੇਅਰ ਰੂਮ 'ਚ ਜਾ ਸੁੱਤਾ ਸੀ। ਸੁੱਤਾ ਸੀ ਜਾਂ ਜਾਗਦਾ, ਮੈਨੂੰ ਕੁਝ ਪਤਾ ਨਹੀਂ ਸੀ। ਪਰ ਇੱਕ ਤੌਖ਼ਲਾ ਮੇਰੀ ਸੋਚ ਦੀਆਂ ਬੁਰਕੀਆਂ ਭਰ ਰਿਹਾ ਸੀ ਕਿ ਜੇ ਕਿਧਰੇ ਉਹ ਮੇਰੇ ਕਮਰੇ 'ਚ ਆ ਧਮਕਿਆ ਤੇ ਮੈਨੂੰ ਇਵੇਂ ਚੈਟ-ਸ਼ੋਅ 'ਚ ਮਸਰੂਫ਼ ਵੇਖ ਕੇ ਕੀ ਸੋਚੇਗਾ ਤੇ ਕੀ ਕਰੇਗਾ। ਮੈਂ ਇਹ ਸਿਲਸਿਲਾ ਬੰਦ ਕਰਨਾ ਚਾਹੁੰਦੀ ਸਾਂ ਪਰ ਉਹ ਦੂਜੇ ਪਾਸਿਉਂ ਰੁਕ ਹੀ ਨਹੀਂ ਸੀ ਰਿਹਾ। ਮੈਂ ਇੱਕ ਮਿੰਟ ਮਗਰੋਂ ਫੇਰ ਮੁੜਨ ਦਾ ਬਹਾਨਾ ਮਾਰ ਪੋਲੇ ਕਦਮੀ ਸਪੇਅਰ ਰੂਮ ਦੇ ਬੂਹੇ ਨਾਲ਼ ਕੰਨ ਲਾ ਕੇ ਜਸਵੀਰ ਦੀ ਬਿੜਕ ਲੈਂਦੀ ਹਾਂ। ਉਹ ਸੌਂ ਚੁੱਕਾ ਸੀ। ਘੁਰਾੜਿਆਂ ਦਾ ਖਰਾਸ ਚੱਲ ਰਿਹਾ ਸੀ। ਮੈਨੂੰ ਤਸੱਲੀ ਹੋਈ। ਮੇਰੀ ਦੁਬਿਧਾ ਨੂੰ ਕੁਝ ਰਾਹਤ ਮਿਲੀ। ਸਾਡੇ ਕਮਰੇ ਅੱਡ ਹੋ ਗਏ ਸਨ ਤੇ ਨਾਲ਼ ਹੀ ਬਿਸਤਰੇ ਵੀ। ਅਸੀਂ ਹੁਣ ਪਤੀ-ਪਤਨੀ ਦੀ ਥਾਂ ਫਲੈਟ-ਮੇਟ ਬਣ ਗਏ ਹਾਂ। ਮੈਂ ਪੋਲੇ ਕਦਮੀ ਕਾਹਲੀ-ਕਾਹਲੀ ਫੇਰ ਚੈਟ ਸ਼ੋਅ 'ਤੇ ਹੈਲੋ ਜਾ ਕੀਤੀ।

ਮੈਂ ਕਿਧਰੇ ਇਹ ਪੜ੍ਹਿਆ ਸੀ ਕਿ 'ਬੱਚੇ ਜੰਮਣ ਤੋਂ ਪਹਿਲਾਂ ਸ਼ਾਇਦ ਸੋਚਦੇ ਹੋਵੋਗੇ ਕਿ ਤੁਸੀਂ ਕਦੇ ਵੀ ਉਨ੍ਹਾਂ ਨੂੰ ਤੁਹਾਡੀ ਵਿਚਰਨ ਨੂੰ ਸੰਕੋੜਨ ਨਹੀਂ ਦੇਣਾ, ਪਰ ਜੰਮਣ ਬਾਅਦ ਤੁਹਾਨੂੰ ਤਾਂ ਇਹ ਪਤਾ ਹੀ ਨਹੀਂ ਲੱਗਦਾ, ਅਹਿਸਾਸ ਹੀ ਨਹੀਂ ਹੁੰਦਾ ਕਿ ਕਦੋਂ ਉਹ ਤੁਹਾਡੀ ਵਿਚਰਨ ਦੇ ਹਰ ਪਾਲ 'ਤੇ ਕਾਠੀ ਪਾ ਲੈਂਦੇ ਹਨ। ਭਾਵੇਂ ਹਰ ਕੋਈ ਚਾਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ ਹੋਣ, ਖੁਸ਼ ਹੋਣ ਤੇ ਅਸੀਂ ਉਨ੍ਹਾਂ ਲਈ ਹਰ ਤਰ੍ਹਾਂ ਦੇ ਵਸੀਲੇ ਬਣਾਉਣ ਲਈ ਆਪਣੀ ਪੂਰੀ ਵਾਹ ਵੀ ਲਾਉਂਦੇ ਹਾਂ ਕਿ ਉਨ੍ਹਾਂ ਦੀ ਹਰ ਲੋੜ ਪੂਰੀ ਹੋਵੇ। ਇਵੇਂ ਕਰਦਿਆਂ, ਰੁੱਝਿਆਂ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਤੁਹਾਡੇ ਪਤੀ-ਪਤਨੀ ਵਾਲੇ ਸਾਰੇ ਅਹਿਸਾਸ ਓਹਲੇ ਹੁੰਦੇ ਜਾਂਦੇ ਹਨ। ਸਾਰਾ ਸਮਾਂ ਬੱਚਿਆਂ ਲਈ ਹੀ ਰਾਖਵਾਂ ਹੋ ਜਾਂਦਾ ਹੈ ਤੇ ਆਪਣੇ ਲਈ ਕੋਈ ਵੀ ਪਲ ਨਹੀਂ ਬਚਦਾ,' ਸੋ ਅਸੀਂ ਆਪਣੇ ਆਪ ਨੂੰ ਬਹੁਤ ਹੀ ਖੁਰਵੀਂ ਤੇ ਡੂੰਘੀ ਸੋਚ ਵਿਚਾਰ ਮਗਰੋਂ ਵਿਆਹ ਤੋਂ ਪਹਿਲਾਂ ਹੀ ਕੋਰਟਿੰਗ ਵੇਲੇ 'ਫੈਮਲੀ' ਭਾਵ ਬੱਚਾ ਨਾ ਪੈਦਾ ਕਰਨ ਦਾ ਫ਼ੈਸਲਾ ਕਰ ਲਿਆ ਸੀ। ਹਨੀਮੂੰਨ ਤੋਂ ਪਰਤਿਆਂ ਨੂੰ ਸਾਨੂੰ ਇੱਕ ਦੂਜੇ ਦੀਆਂ ਬਾਹਾਂ 'ਚ ਸਿਮਟੇ ਸਮਾਂ ਗੁਜ਼ਾਰਨਾ ਹੀ ਚੰਗਾ ਲੱਗਦਾ ਰਿਹਾ ਸੀ। ਅਸੀਂ ਮੁਹੱਬਤਾਂ ਭਰੇ ਵਿਸਮਾਦੇ ਆਹਰ 'ਚ ਗੁਆਚੇ ਰਹਿੰਦੇ ਸਾਂ। ਇਸਦੇ ਨਾਲ਼-ਨਾਲ਼ ਅਸੀਂ ਕਈ ਬਾਰ ਕੰਮ ਤੋਂ ਆ ਕੇ ਮੁਹੱਬਤੀ ਗਲਵੱਕੜੀਆਂ ਤੋਂ ਬਿਨਾਂ ਕਿਸੇ ਹੋਰ ਰੁਝਾਨ ਬਾਰੇ ਵੀ ਸੋਚਣ ਲੱਗ ਪਈਦਾ ਸੀ। ਅਸੀਂ ਪਿਛਲੇ ਕਈ ਸਾਲਾਂ ਤੋਂ ਕਿਰਾਏ 'ਤੇ ਫਲੈਟ ਲੈ ਕੇ ਹੀ ਰਹਿ ਰਹੇ ਸਾਂ। ਅਸੀਂ ਆਪਣਾ ਘਰ ਖ਼ਰੀਦਣ ਦੀ ਸੋਚੀ। ਕਈ ਘਰ, ਕਈ ਫਲੈਟ ਵੇਖੇ ਪਰ ਕੋਈ ਪਸੰਦ ਹੀ ਨਹੀਂ ਸੀ ਆ ਰਿਹਾ। ਇੱਕ ਸ਼ਨਿਚਰਵਾਰ ਐਵੇਂ ਹੀ ਔਕਸ਼ਨ 'ਤੇ ਜਾਣ ਦਾ ਵਿਚਾਰ ਬਣਾਇਆ ਤੇ ਕੈਟਾਲੌਗ ਤੋਂ ਘਰ ਵੇਖਣ ਲੱਗ ਪਏ। ਇੱਕ ਘਰ ਦੀ ਲੋਕੇਸ਼ਨ ਤਾਂ ਪਸੰਦ ਆਈ ਪਰ ਘਰ ਕਿਸੇ ਇੱਕ ਬਿਰਧ ਜ਼ਨਾਨੀ ਦਾ ਸੀ, ਜਿਸਦੀ ਮੁਰੰਮਤ ਦੀ ਖਾਸੀ ਲੋੜ ਸੀ। ਅਸੀਂ ਐਵੇਂ ਸ਼ੁਗਲ ਜਹੇ 'ਚ ਹੀ ਬੋਲੀ ਦੇਣ ਲੱਗ ਪਏ। ਉਸ ਘਰ ਦੇ ਬਹੁਤੇ ਖ਼ਰੀਦਦਾਰ ਨਹੀਂ ਸਨ ਤੇ ਘਰ ਸਾਡੇ ਨਾਂ 'ਤੇ ਟੁੱਟ ਗਿਆ। ਅਸੀਂ ਹੈਰਾਨੀ ਨਾਲ਼ ਸੁੰਗੜ ਜਹੇ ਹੀ ਗਏ। ਇੱਕ ਅਣਕਿਆਸਿਆ ਸੁਖ ਪਰ ਕਾਂਬਾ ਛੇੜ ਗਿਆ। ਇੱਕ-ਦੂਜੇ ਨੂੰ ਨੀਝ ਨਾਲ਼ ਵੇਖਿਆ, ਸਾਡੀਆਂ ਦੋਹਾਂ ਦੀਆਂ ਨਜ਼ਰਾਂ 'ਚ ਬੇਯਕੀਨੀ ਉੱਭਰੀ ਅਸੀਂ ਮਹਿਸੂਸ ਕੀਤੀ। ਘਰ ਦਾ ਡੀਪੋਜ਼ਿਟ ਦੇਣ ਲੱਗਿਆਂ ਹੱਥ ਵੀ ਕੰਬੇ, ਬੋਲੀ ਸਾਡੇ ਨਾਂ ਟੁੱਟਣ ਕਰਕੇ ਕੁੱਲ ਕੀਮਤ ਦਾ 10 ਪ੍ਰਤੀਸ਼ਤ ਦੇਣਾ ਹੀ ਪੈਣਾ ਸੀ। ਇਸ ਅਣਜਾਣੀ ਪੈੜ 'ਤੇ ਪੈਰ ਤਾਂ ਧਰ ਹੀ ਲਿਆ ਸੀ ਤੇ ਥੋੜ੍ਹੀ ਜਹੀ ਘਬਰਾਹਟ ਤੇ ਇਸਦੇ ਨਾਲ਼ ਹੀ ਔਕਸ਼ਨ ਤੋਂ ਪਰਤਦਿਆਂ ਨੂੰ ਸਾਨੂੰ ਇੱਕ ਅੰਦਰੂਨੀ ਖੁਸ਼ੀ ਨੇ ਵੀ ਘੇਰਿਆ ਹੋਇਆ ਸੀ। ਰਸਤੇ 'ਚ ਕੌਫੀ ਪੀਂਦਿਆਂ ਅਸੀਂ ਗੰਭੀਰਤਾ ਨਾਲ਼ ਸੋਚਣ ਲਈ ਮਜ਼ਬੂਰ ਹੋ ਗਏ ਸਾਂ। ਹੁਣ ਇਹ ਘਰ ਸਾਡਾ ਸੀ। ਅਸੀਂ ਘਰ ਦੇ ਮਾਲਕ ਬਣ ਗਏ ਸਾਂ। ਅਸੀਂ ਉਸੇ ਸ਼ਾਮ ਘਰ ਨੂੰ ਅੰਦਰੋਂ-ਬਾਹਰੋਂ ਫੇਰ ਚੰਗੀ ਤਰ੍ਹਾਂ ਜਾ ਵੇਖਿਆ। ਘਰ ਦਾ ਨਕਸ਼ਾ ਆਪਣੀਆਂ ਸੋਚਾਂ 'ਚ ਉਤਾਰ, ਸੁਆਰਨ ਦੀਆਂ ਵਿਉਂਤਾਂ ਬਣਾਉਣ ਲੱਗੇ। ਇਸ ਤੋਂ ਬਾਅਦ ਅਸੀਂ ਆਪਣੀ ਰੀਝ ਅਨੁਸਾਰ ਹੌਲੀ ਹੌਲੀ ਘਰ ਸੁਆਰਨ ਲੱਗੇ। ਸਾਨੂੰ ਇੱਕ ਨਵਾਂ, ਸੁਖਾਵਾਂ ਤੇ ਮਨ-ਭਾਉਂਦਾ ਆਹਰ ਮਿਲ ਗਿਆ ਸੀ। ਸਾਨੂੰ ਘਰ ਸੁਆਰਨ 'ਚ ਪੂਰਾ ਸਾਲ ਲੱਗ ਗਿਆ। ਕੋਈ ਕਾਹਲੀ ਵੀ ਨਹੀਂ ਸੀ। ਘਰ ਕਿਹੜੇ ਰੋਜ਼ ਖ਼ਰੀਦੇ ਜਾਂਦੇ ਹਨ। ਅਸੀਂ ਇਸ ਘਰ ਨੂੰ ਆਪਣੀਆਂ ਲੋੜਾਂ ਅਨੁਸਾਰ ਸਜਾਉਣਾ ਚਾਹੁੰਦੇ ਸਾਂ ਅਤੇ ਅਸੀਂ ਸਜਾਇਆ ਵੀ। ਰੋਜ਼ ਕੰਮ ਤੋਂ ਆ ਕੇ ਵਾਈਨ ਦੇ ਘੁੱਟਾਂ ਦੀਆਂ ਚੁਸਕੀਆਂ ਲੈਂਦੇ ਅਸੀਂ ਇੱਕ-ਦੂਜੇ ਦੀਆਂ ਬਾਹਵਾਂ 'ਚ ਘੁੱਟੇ ਘਰ ਦੀਆਂ ਲੋੜਾਂ ਮੁਤਾਬਿਕ ਬਰੋਸ਼ਰ ਵੇਖਣ 'ਚ ਹੀ ਸਮਾਂ ਬਿਤਾਉਣ ਲੱਗੇ। ਕੰਧਾਂ ਦੇ ਪੇਪਰ, ਬੂਹੇ ਬਾਰੀਆਂ ਦੇ ਰੰਗ, ਪੈਟਰਨ- ਗੱਲ ਕੀ ਇੱਕ-ਇੱਕ ਕਿੱਲ, ਮੇਖ ਤੱਕ ਅਸੀਂ ਆਪਣੀਆਂ ਰੀਝਾਂ ਅਨੁਸਾਰ ਲਾਇਆ। ਘਰ ਮੁਕੰਮਲ ਹੋਇਆ। ਅਸੀਂ ਪੂਰੇ ਚਾਵਾਂ ਨਾਲ਼ ਉਸ 'ਚ ਪਰਵੇਸ਼ ਕੀਤਾ। ਹਾਊਸ ਵਾਰਮਿੰਗ ਪਾਰਟੀ ਕੀਤੀ। ਸਾਰੇ

ਮੈਂ ਇਹ ਤਾਂ ਜਾਣਦਾਂ, ਮੈਥੋਂ ਸਮੁੰਦਰ ਸਰ ਨਹੀਂ ਹੋਣਾ।
ਕਿਨਾਰੇ 'ਤੇ ਰਹਾਂ ਬੈਠਾ,ਤਾਂ ਇਹ ਵੀ ਜਰ ਨਹੀਂ ਹੋਣਾ। -(ਅਗਲੇ ਸਫ਼ੇ 'ਤੇ)

ਰਿਸ਼ਤੇਦਾਰ, ਮਿੱਤਰ ਬੁਲਾਏ। ਮੈਂ 'ਕੱਲੇ-'ਕੱਲੇ ਨੂੰ ਆਪ ਨਾਲ਼ ਜਾ ਜਾ ਕੇ ਇੱਕ-ਇੱਕ ਕਮਰਾ ਵਿਖਾਇਆ।

ਘਰ ਨੂੰ ਸੁਅਰਨ ਤੇ ਉਸ 'ਚ ਮੂਵ ਕਰਨ ਬਾਅਦ ਸਾਡੀਆਂ ਸ਼ਾਮਾਂ ਇੱਕ ਵਾਰ ਫੇਰ ਵਿਹਲੀਆਂ ਹੋਣ ਲੱਗੀਆਂ। ਮੇਰਾ ਤਾਂ ਬਹੁਤਾ ਸਮਾਂ ਸ਼ਾਮਾਂ ਨੂੰ ਘਰ ਦੀ ਸਾਫ਼-ਸਫ਼ਾਈ 'ਤੇ ਲੱਗ ਜਾਂਦਾ। ਇਸ ਪਿਛਲੇ ਸਾਲ 'ਚ ਹੀ ਜਸਵੀਰ ਨੂੰ ਇੱਕ ਹੋਰ ਚੰਗੀ ਨੌਕਰੀ ਦੀ ਪੇਸ਼ਕਸ਼ ਹੋਈ ਤਾਂ ਉਸਨੇ ਮੇਰੀ ਸਲਾਹ ਨਾਲ਼ ਹੀ ਨਵੀਂ ਕੰਪਨੀ 'ਚ ਨੌਕਰੀ ਲੈ ਲਈ ਸੀ। ਨਵੇਂ ਕੰਮ ਨੇ ਜਸਵੀਰ ਨੂੰ ਬਹੁਤਾ ਰੁਝਾ ਲਿਆ। ਸਾਰਾ ਕੁਝ ਹੀ ਨਵਾਂ ਸੀ। ਬਹੁਤ ਕੁੱਝ ਸਿੱਖਣ ਵਾਲਾ ਸੀ। ਮੈਨੂੰ ਇਹ ਪਤਾ ਸੀ। ਮੈਂ ਵੀ ਉਸਨੂੰ ਘਰ ਆਏ ਨੂੰ ਘਰ ਦੇ ਕੰਮਾਂ 'ਚ ਬਹੁਤਾ ਨਹੀਂ ਉਲਝਾਉਂਦੀ ਸੀ। ਮੈਂ ਚਾਹੁੰਦੀ ਸਾਂ ਕਿ ਉਹ ਆਪਦੇ ਨਵੇਂ ਕੰਮ 'ਚ ਵੱਧ ਤੋਂ ਵੱਧ ਸਿਰੜ ਤੇ ਤਨਦੇਹੀ ਨਾਲ਼ ਦਿਲ ਲਾਕੇ ਗਲ਼ਤਾਨ ਹੋਵੇ ਤੇ ਸਾਰਾ ਕੁਝ ਛੇਤੀ-ਛੇਤੀ ਸਿੱਖ ਕੇ ਸੌਖਾ-ਸੌਖਾ ਮਹਿਸੂਸ ਕਰਨ ਲੱਗੇ। ਉਸਦਾ ਬਹੁਤਾ ਸਮਾਂ ਹੁਣ ਘਰੋਂ ਬਾਹਰ ਹੀ ਗੁਜ਼ਰਦਾ। ਜਿਸ ਫਰਮ 'ਚ ਉਸਨੇ ਨਵੀਂ ਨੌਕਰੀ ਕੀਤੀ ਸੀ, ਉਸਦਾ ਕਾਰੋਬਾਰ ਬਹੁਤਾ ਬਾਲਕਨ ਸਟੇਟਸ, ਰੂਸ ਦੀ ਟੁੱਟ-ਭੱਜ ਤੋਂ ਬਾਅਦ ਬਣੇ ਨਿੱਕੇ-ਨਿੱਕੇ ਮੁਲਕਾਂ ਨਾਲ਼ ਸੀ। ਜਿਸ ਲਈ ਪਹਿਲਾਂ-ਪਹਿਲਾਂ ਉਸਨੂੰ ਆਪਣੇ ਸੁਪਰਵਾਈਜ਼ਰ ਨਾਲ਼ ਤੇ ਫੇਰ ਇਕੱਲਿਆਂ ਮਹੀਨੇ 'ਚ ਕਈ ਕਈ ਵਾਰ ਜਾਣਾ ਪੈਂਦਾ। ਉੱਥੋਂ ਦੀ ਮੈਨੇਜਮੈਂਟ ਦੇ ਕਰਮਚਾਰੀਆਂ ਨੂੰ ਵਲੈਤ 'ਚ ਆਇਆਂ ਦੀ ਦੇਖ-ਭਾਲ ਅਤੇ ਮਨੋਰੰਜਨ ਦੀ ਸਾਰੀ ਜ਼ੁੰਮੇਵਾਰੀ ਵੀ ਓਸੇ ਦੀ ਹੀ ਹੁੰਦੀ। ਉਸਦਾ ਬੁਹੁਤਾ ਸਮਾਂ ਆਪਦੇ ਕਲਾਇੰਟਸ ਨਾਲ ਹੁਣ ਘੋੜ-ਦੌੜਾਂ, ਸਿਨੇਮਾਘਰਾਂ, ਰੈਸਟੋਰੈਂਟਾਂ ਅਤੇ ਪੱਬਾਂ 'ਚ ਗੁਜ਼ਰਨ ਲੱਗਾ। ਜਿਸ ਕਰਕੇ ਉਹ ਰਾਤਾਂ ਨੂੰ ਹੋਰ ਲੇਟ ਆਉਣ ਲੱਗਾ। ਮੈਂ ਸ਼ਾਮਾਂ ਔਸੀਆਂ ਪਾਉਂਦੀ ਲੰਘਾਉਂਦੀ। ਜਦੋਂ ਆਉਂਦਾ ਰਾਤ ਕਾਫ਼ੀ ਬੀਤ ਚੁੱਕੀ ਹੁੰਦੀ, ਮੈਂ ਉਡੀਕ-ਉਡੀਕ ਸੌਂ ਗਈ ਹੁੰਦੀ ਸਾਂ। ਉਹ ਸਪੇਅਰ ਕਮਰੇ 'ਚ ਜਾ ਸੌਂਦਾ। ਮੈਨੂੰ ਜਾਣ ਬੁੱਝ ਕੇ ਨਾ ਜਗਾਉਂਦਾ। ਸ਼ਾਇਦ ਥੱਕੇ-ਟੁੱਟੇ ਨੂੰ ਮੈਨੂੰ ਜਗਾਉਣ ਦੀ ਲੋੜ ਹੀ ਮਹਿਸੂਸ ਨਾ ਹੁੰਦੀ।

ਕੋਰਟਿੰਗ 'ਤੇ ਫੇਰ ਵਿਆਹ ਤੋਂ ਬਾਅਦ ਸੈਕਸ ਜਿਹੜਾ ਪਤੀ-ਪਤਨੀ ਵਿਚਕਾਰ ਇੱਕ ਮਿਕਨਾਤੀਸੀ ਖਿੱਚ ਰੱਖਦਾ ਹੈ, ਉਸਦੀ ਖਿੱਚ ਹੁਣ ਨਾ ਮਾਤਰ ਵੀ ਨਹੀਂ ਸੀ ਬਚੀ। ਸਮਾਂ ਪਾ ਕੇ ਸ਼ਾਇਦ ਇਵੇਂ ਹੋ ਵੀ ਜਾਂਦਾ ਹੋਵੇਗਾ। ਰੋਜ਼ ਇੱਕੋ ਹੀ ਆਦਤ ਜਹੀ ਅਨੁਸਾਰ ਇਸ ਵਰਤਾਰੇ 'ਚੋਂ ਲੰਘਣ ਕਰਕੇ ਬੋਰਤਾ ਵੀ ਆ ਜਾਂਦੀ ਹੋਵੇਗੀ। ਇਸ ਬੋਰਤਾ ਤੋਂ ਬਚਣ ਲਈ ਇੱਕ-ਦੂਜੇ ਲਈ ਲਿਲਕ ਪੈਦਾ ਕਰਨ ਲਈ ਮੁੜ ਤੋਂ ਫੇਰ ਇਸ ਬੁੱਝੀ ਰਹੀ ਮੁਹੱਬਤ ਦੀ ਧੂਣੀ ਨੂੰ ਖ਼ਾਹਸ਼ਾਂ ਦੀ ਸੀਖ ਨਾਲ਼ ਤਿੱਖਾ ਕਰਨ ਦੀ ਲੋੜ ਹੁੰਦੀ ਹੈ। ਜਿਹੜਾ ਅਸੀਂ ਦੋਨੋਂ ਜਾਣਦੇ ਤਾਂ ਸਾਂ, ਪਰ ਕਰ ਨਹੀਂ ਸਾਂ ਰਹੇ। ਅਸੀਂ ਬਿਸਤਰੇ ਤਾਂ ਇੱਕ ਪਾਸੇ ਕਮਰੇ ਵੀ ਅੱਡ ਕਰ ਲਏ ਸਨ। ਉਸ ਕੋਲ ਇਸ ਧੂਣੀ ਨੂੰ ਧੁਖ਼ਾਉਣ ਲਈ ਸਮਾਂ ਹੀ ਨਾ ਹੁੰਦਾ। ਸਮਾਂ ਜਿਹੜਾ ਕਦੇ ਸਾਡਾ ਹੁੰਦਾ ਸੀ। ਇੱਕ-ਦੂਜੇ ਦੀਆਂ ਬਾਹਵਾਂ 'ਚ ਸਿਮਟਿਆਂ ਗੁਜ਼ਰਦਾ ਸੀ। ਉਸ ਸਾਰੇ ਪਲ ਸਾਥੋਂ ਖੁਸ ਗਏ ਸਨ। ਕਿੱਧਰ ਗਏ ਸਨ ਉਹ ਪਲ? ਮੈਂ ਇਕੱਲਿਆਂ ਬੈਠਿਆਂ ਕਈ ਵਾਰ ਸੋਚਦੀ ਕਿ ਅਸੀਂ ਕਿੱਥੋਂ ਉੱਕ ਗਏ ਹਾਂ। ਤੇ ਮੇਰਾ ਸੁਭਾ ਵੀ ਚਿੜਚਿੜਾ ਅਤੇ ਗੁੱਸੇ ਵਾਲਾ ਹੋਈ ਜਾ ਰਿਹਾ ਸੀ। ਜਸਵੀਰ ਸ਼ਾਇਦ ਆਪਣੇ ਆਪ ਨੂੰ ਗਿਲਟੀ ਮਹਿਸੂਸ ਕਰਦਾ ਸੀ। ਕਈ ਵਾਰ ਮੈਨੂੰ ਤਣੀ ਨੂੰ ਵੇਖ ਕੇ ਸਵੇਰੇ ਉੱਠ ਕੇ ਉਹ ਸਫ਼ਾਈਆਂ ਦੇਣ ਲੱਗਦਾ ਤਾਂ ਮੇਰੇ ਕੋਲ ਕੋਈ ਸਮਾਂ ਨਾਂ ਹੁੰਦਾ। ਮੈਂ ਵੀ ਤਿਆਰ ਹੋ ਕੇ ਆਪਣੀ ਨੌਕਰੀ 'ਤੇ ਜਾਣਾ ਹੁੰਦਾ ਸੀ। ਜੇ ਮੈਂ ਕਦੀ ਕਦਾਈਂ ਆਪਣੇ ਆਪ ਨੂੰ ਤਿਆਰ ਕਰਕੇ ਉਸਦਾ ਰਾਹ ਰੋਕਦੀ ਵੀ ਤਾਂ ਉਹ ਨਵੇਂ ਕੰਮ ਦੇ ਰੁਝੇਵਿਆਂ ਦਾ ਬਹਾਨਾ ਲਾ ਕੇ ਨੀਵੀਂ ਪਾਈ ਦਰੋਂ ਬਾਹਰ ਹੋ ਜਾਂਦਾ। ਮੇਰੇ ਕਿਸੇ ਸਵਾਲ ਦਾ ਜਵਾਬ ਨਾ ਦਿੰਦਾ। ਅੰਦਰੋਂ ਸ਼ਾਇਦ ਉਹ ਵੀ ਮਹਿਸੂਸ ਕਰਦਾ ਹੋਵੇਗਾ। ਮੈਂ ਫੇਰ ਹਊ-ਪਰੇ ਕਰਕੇ ਖ਼ਾਮੋਸ਼ ਹੋ ਜਾਂਦੀ। ਇਹ ਵਰਤਾਰਾ ਕੋਈ ਦਸ-ਬਾਰਾਂ ਮਹੀਨੇ ਚਲਦਾ ਰਿਹਾ। ਵੀਕਐਂਡ ਤਾਂ ਉਸਦੇ ਆਪਣੇ ਕਲਾਇੰਟਸ ਨਾਲ਼ ਹੀ ਗੁਜ਼ਰਦੇ ਸਨ।

ਸਾਡੀ ਕੰਪਨੀ 'ਚ ਵੀ ਰੀਸੈਸ਼ਨ ਨੇ ਮਘੋਰਾ ਆਣ ਕੀਤਾ। ਮੈਨੂੰ ਕੰਮੋਂ ਜਵਾਬ ਤਾਂ ਨਹੀਂ ਮਿਲਿਆ ਪਰ ਮੇਰਾ ਕੰਮ ਬਹੁਤ ਘੱਟ ਗਿਆ ਸੀ। ਜਿਹੜਾ ਮੈਂ ਦੋ ਦਿਨ ਘਰੋਂ ਤੇ ਇੱਕ ਦਿਨ ਦਫ਼ਤਰ ਜਾਣ ਨਾਲ਼ ਪੂਰਾ ਕਰ ਲੈਂਦੀ ਸਾਂ। ਮੇਰੇ ਕੋਲ ਵਿਹਲ ਹੋਰ ਵਧ ਗਈ। ਜਸਵੀਰ ਆਪ ਮਸਰੂਫ਼ ਹੀ ਰਿਹਾ। ਇਕਲੌਤਾ ਅੱਡੀ 'ਚ ਚੁੱਭੇ ਕੰਡੇ ਵਾਂਗੂੰ ਸਦਾ ਰਿੜਕਦੀ ਰਹਿੰਦੀ। ਹਰ ਕੋਈ ਸ਼ਾਇਦ ਇਕਾਂਤ ਚਾਹੁੰਦਾ ਹੈ, ਪਰ ਬਹੁਤ ਥੋੜ੍ਹੇ ਲੋਕ ਹਨ ਜਿਹੜੇ ਇਕੱਲਤਾ ਚਾਹੁੰਦੇ ਹਨ। ਇਕੱਲਤਾ ਸਾਨੂੰ ਉਦਾਸੀ ਹੀ ਨਹੀਂ ਬਖ਼ਸ਼ਦੀ ਡੀਪਰੈਸ਼ਨ ਵਰਗੀਆਂ ਬਿਮਾਰੀਆਂ ਵੀ ਏਸੇ ਦੀਆਂ ਹੀ ਦੇਣ ਹੁੰਦੀਆਂ ਹਨ। ਇਹ ਸਾਰਾ ਕੁਝ ਜਾਣਦਿਆਂ ਵੀ ਮੇਰਾ ਮਨ ਸੁੰਨੇਪਨ ਦੇ ਅਹਿਸਾਸ ਤੋਂ ਖਹਿੜਾ ਨਹੀਂ ਸੀ ਛੁੱਟ ਰਿਹਾ।

ਵਿਹਲੇ ਸਮੇਂ ਨੂੰ ਧੱਕਾ ਦੇਣ ਲਈ ਮੈਂ ਟੈਲੀਫ਼ੂਨ ਵੱਧ ਤੋਂ ਵੱਧ ਵਰਤਣਾ ਸ਼ੁਰੂ ਕਰ ਦਿੱਤਾ। ਕੰਮ ਦੀ ਦੋਸਤ ਓਡਰੀ ਨਾਲ ਘੰਟਾ-ਘੰਟਾ ਭਰ ਟੈਲੀਫ਼ੂਨ 'ਤੇ ਗੱਲਾਂ ਕਰਦੀ ਰਹਿੰਦੀ। ਜਸਵੀਰ ਦੀ ਮਸਰੂਫ਼ੀਅਤ ਬਾਰੇ ਵੀ ਗੱਲਾ-ਗੱਲਾਂ 'ਚ ਚਰਚਾ ਹੋਣ ਲੱਗਦੀ। ਓਡਰੀ ਦਾ ਗੱਲ ਕਰਨ ਦਾ ਰਵੱਈਆਂ ਬਦਲ ਜਾਂਦਾ। ਇਵੇਂ ਲੱਗਦਾ ਉਹ ਕੁਝ ਕਹਿਣਾ, ਦੱਸਣਾ ਚਾਹੁੰਦੀ ਹੈ, ਪਰ ਸੰਕੋਚ ਕਰ ਰਹੀ ਲੱਗਦੀ। ਇੱਕ ਦਿਨ ਉਸਨੇ ਕਹਿ ਹੀ ਦਿੱਤਾ:

"ਰੰਮੀ ਆਪਣੇ ਪਤੀ 'ਤੇ ਨਿਗਰਾਨੀ ਰੱਖ, ਆਦਮੀ ਜਾਤ ਹੈ ਜਿੱਥੇ ਵੀ ਭੋਰਾ ਮਿੱਠਾ ਲੱਗਿਆ ਮਿਲਿਆ ਉੱਥੇ ਹੀ ਭਿਣ-ਭਿਣ ਕਰਨ ਲੱਗ ਜਾਂਦੀ ਐ।" ਓਡਰੀ ਪੂਰੇ ਵਿਸ਼ਵਾਸ਼ ਨਾਲ ਕਹਿੰਦੀ।

"ਮਤਲਬ? ਮੈਂ ਤੇਰੀ ਗੱਲ ਤਾਂ ਸਮਝਦੀ ਹਾਂ ਪਰ ਮੇਰਾ ਜਸਵੀਰ ਇਹੋ ਜਿਹਾ ਨਹੀਂ।" ਮੇਰਾ ਖਿੜਿਕਿਆ ਯਕੀਨ ਜਵਾਬ ਦਿੰਦਾ, ਪਰ ਅੰਦਰ ਸ਼ੱਕ ਦੀ ਕਾਤਰ ਵੀ ਲਕੀਰ ਵਹਿ ਜਾਂਦੀ।

"ਕਿੰਨੀ ਦੇਰ ਹੋਈ ਤੁਹਾਨੂੰ ਇੱਕੋ ਬਿਸਤਰੇ 'ਚ ਇੱਕ ਚਾਦਰ ਓੜ੍ਹ ਕੇ ਸੁੱਤਿਆਂ? ਤੂੰ ਆਪੇ ਹੀ ਤਾਂ ਦਸਦੀ ਰਹਿੰਦੀਂ ਹੈਂ ਕਿ ਉਹ ਰਾਤਾਂ ਨੂੰ ਲੇਟ ਘਰੇ ਆਉਂਦਾ ਅਤੇ ਸਪੇਅਰ ਰੂਮ ਜਾ ਸੌਂਦਾ ਹੈ। ਤੈਨੂੰ ਕਿਉਂ ਨਹੀਂ ਜਗਾਉਂਦਾ? ਤੂੰ ਕਿਉਂ ਨਹੀਂ ਉਸਦੀ ਉਡੀਕ ਕਰਦੀ? ਜੁਆਨ ਹੋ, ਸੈਕਸ ਕੁਦਰਤੀ ਵਰਤਾਰਾ ਹੈ। ਮੈਂ ਸਮਝਦੀ ਹਾਂ ਕਿ ਮੁਹੱਬਤ ਤੋਂ ਬਿਨਾਂ ਇਹ ਜਿਸਮਾਂ ਦੀ ਖੇਲ੍ਹ ਹੀ ਹੁੰਦੀ ਹੈ। ਗਰਮ ਤਮਾਸ਼ਾ ਹੀ ਹੁੰਦਾ ਹੈ ਪਰ ਜਿਸਮਾਂ ਦੀ ਲੋੜ ਤੋਂ ਮੁਨਕਰ ਵੀ ਤਾਂ ਨਹੀਂ ਹੋਇਆ ਜਾ ਸਕਦਾ। ਮੈਨੂੰ ਪਤੈ ਤੂੰ ਬਹੁਤ ਵੇਹਲੀ ਹੈਂ, ਮੇਰੇ ਵਾਂਗਰਾਂ। ਮੈਂ ਤਾਂ ਘੰਟਿਆਂ ਦੇ ਘੰਟੇ ਚੈਟ-ਸ਼ੋਅ 'ਤੇ ਲੱਗੀ ਰਹਿੰਦੀ ਹਾਂ। ਜੇ ਵਿਹਲ ਬੁਰਕੀਆਂ ਭਰਦੀ ਰਹਿੰਦੀ ਹੈ ਤਾਂ ਕੰਪਿਊਟਰ ਵਰਤ ਲਿਆ ਕਰ।" ਜਾਂਦੀ-ਜਾਂਦੀ ਓਡਰੀ ਇੱਕ ਹੋਰ

ਚੁਰਾਹੇ ਵਿਚ ਖਲੋ ਕੇ, ਇਸ ਤਰ੍ਹਾਂ ਚੀਖਣ-ਚਿਲਾਵਣ ਨਾਲ,
ਤੇਰੇ ਸੀਨੇ 'ਚ ਬਲਦੇ ਭਾਂਬੜਾਂ ਨੇ ਠਰ ਨਹੀਂ ਹੋਣਾ। -ਮਨਜੀਤ ਪੁਰੀ

ਸਲਾਹ ਦੇ ਗਈ।

ਓਡਰੀ ਦੀ ਕਹੀ ਗੱਲ ਮੇਰੇ ਅੰਦਰ ਧੁੱਸ ਦੇ ਕੇ ਉੱਤਰ ਗਈ। ਮੈਂ ਪਿਛਲੇ ਸਾਲ ਭਰ ਦੀ ਆਪਣੀ ਵਿਚਰਨ 'ਤੇ ਝਾਤੀਆਂ ਮਾਰਨ ਬਹਿ ਗਈ। ਜਿਉਂ-ਜਿਉਂ ਮੈਂ ਸੋਚਦੀ ਜਾਂਦੀ ਓਡਰੀ ਦੀ ਕਹੀ ਗੱਲ 'ਤੇ ਯਕੀਨ ਡੂੰਘਾ ਹੁੰਦਾ ਜਾਂਦਾ।

ਘਰ ਦੀ ਸਫ਼ਾਈ ਵਾਰ-ਵਾਰ ਕਰਨ ਲੱਗ ਪਈ। ਐਵੇਂ ਊਲ-ਜਲੂਲ ਜਿਹਾ ਪੜ੍ਹਨਾ ਸ਼ੁਰੂ ਕਰ ਦਿੱਤਾ। ਸਾਰਾ ਕੁਝ ਕਰਦੀ ਦੇ ਮਨ 'ਚ ਓਡਰੀ ਦੀ ਕਹੀ ਗੱਲ ਖਹਿੜਾ ਕਰੀ ਰੱਖਦੀ। ਮੈਂ ਤਾਂ ਹਮੇਸ਼ਾ ਇਸ ਚੈਟ-ਸ਼ੋਅ ਨੂੰ ਫਲਟਰੇਸ਼ਨ 'ਤੇ ਸੈਕਸ ਲਈ ਵਿਲਕਦਿਆਂ, ਇਕੱਲੇ ਤੇ ਉਦਾਸੀ ਮਾਰਿਆਂ ਲਈ ਇੱਕ ਤਸੱਲੀ ਦੇਣ ਵਾਲੀ ਹੌਬੀ ਹੀ ਸਮਝਦੀ ਰਹੀ ਸਾਂ। ਵਿਹਲੇ ਲੋਕਾਂ ਦਾ ਸ਼ੁਗਲ, ਸਿੰਗਲ-ਮਦਰਜ਼ ਤੇ ਤਲਾਕਸ਼ੁਦਾ ਲੋਕਾਂ ਦੀ ਸ਼ਬਦੀ ਕਾਮ-ਪੂਰਤੀ ਹੀ ਸਮਝਦੀ ਰਹੀ ਸਾਂ। ਮੈਨੂੰ ਇਨ੍ਹਾਂ ਲੋਕਾਂ ਵਾਗੂੰ ਆਪਣੇ ਆਪ ਨੂੰ ਸਵੀਕਾਰਨਾ ਬਹੁਤ ਔਖਾ ਲੱਗਾ। ਕਿੰਨਾ ਚਿਰ ਅੜੀ ਰਹਿਣ ਮਗਰੋਂ ਅਖ਼ੀਰ ਨੂੰ ਇੱਕ ਦਿਨ ਐਵੇਂ ਉਤਸੁਕਤਾ ਮੁਜ਼ਬ ਇਹ ਜਾਨਣ ਲਈ ਕਿ ਅਸਲ 'ਚ ਇਹ ਹੁੰਦਾ ਕੀ ਹੈ, ਚੈਟ-ਸ਼ੋਅ ਕਲਿਕ ਕਰ ਲਿਆ। ਡੂੰਘੇ ਧਿਆਨ ਨਾਲ ਬਹੁਤਾ ਮਾਨਣ ਦੀ ਬਜਾਏ, ਜਾਨਣ ਦੀ ਬਿਰਤੀ ਨਾਲ ਗੱਲ ਸ਼ੁਰੂ ਕਰ ਦਿੱਤੀ। ਇੱਕ ਪਲ 'ਚ ਹੀ ਮੈਂ ਕਿਸੇ ਦੀ ਮੋਹ ਭਰੀ ਸੋਚ ਦਾ ਕੇਂਦਰ ਬਣ ਗਈ। ਮੈਂ ਕਿਸੇ ਦੀ ਲੋੜ ਬਣ ਗਈ ਸਾਂ। ਕਿਸੇ ਨੂੰ ਮੇਰੀ ਲੋੜ ਸੀ। ਮੇਰੇ ਲਈ ਇਹ ਇੱਕ ਡੂੰਘੀ ਤਸੱਲੀ ਸੀ। ਜਿਸਦੀ ਮੈਨੂੰ ਮੇਰੇ ਪਤੀ ਦੇ ਇਗਨੋਰ ਕਰਨ ਬਾਅਦ ਬੇ-ਤਹਾਸ਼ਾ ਲੋੜ ਸੀ। ਮੈਂ ਤਾਂ ਸੋਚਦੀ ਸਾਂ ਕਿ ਆਦਮੀ ਤਾਂ ਸਿਰਫ਼ ਆਪਣੀ ਲੋੜ ਪੂਰੀ ਕਰਨ ਲਈ ਔਰਤਾਂ ਨੂੰ ਵਰਤਦੇ ਹੋਣਗੇ ਪਰ ਇੱਥੇ ਤਾਂ ਸਾਰਾ ਕੁਝ ਹੀ ਸੁਹਾਵਣਾ ਸੀ। ਚੰਗਾ-ਚੰਗਾ ਸੀ। ਕਿਸੇ ਨੂੰ ਵੀ ਕੋਈ ਕਾਹਲ ਨਹੀਂ ਸੀ। ਮੇਰੇ ਨਾਲ਼ ਸੰਪਰਕ ਕਰਨ ਵਾਲੇ ਨੂੰ ਮੇਰੇ 'ਚ ਦਿਲਚਸਪੀ ਸੀ। ਜਿਸਨੇ ਮੈਨੂੰ ਹੈਰਾਨੀ ਭਰੀ ਖ਼ੁਸ਼ੀ ਨਾਲ਼ ਨੱਕੋ-ਨੱਕੋ ਭਰ ਦਿੱਤਾ। ਮੈਨੂੰ ਹੁਣ ਮੇਰੇ ਪਤੀ ਦਾ ਲੇਟ ਘਰ ਮੁੜਨਾ, ਮੇਰੇ 'ਚ ਦਿਲਚਸਪੀ ਨਾ ਵਿਖਾਉਣਾ, ਇਸ ਸਾਰੇ ਕੁਝ ਬਾਰੇ ਸੋਚਣਾ ਹੀ ਭੁੱਲ-ਭੁਲਾ ਗਿਆ। ਮੇਰੀਆਂ ਸ਼ਾਮਾਂ ਦਾ ਸਮਾਂ ਕਾਹਲੀ-ਕਾਹਲੀ ਕਿਰਨ ਲੱਗਾ। ਪਤਾ ਹੀ ਨਾ ਲੱਗਦਾ ਸ਼ਾਮ ਕਦੋਂ ਗੁਜ਼ਰ ਜਾਂਦੀ। ਬੱਸ ਲੋਕਾਂ ਨੂੰ ਹੀ ਸੁਣਦੀ ਵੇਖਦੀ ਰਹੀ। ਇਸ ਤੋਂ ਅਗਲਾ ਪੜਾਅ ਆਪ ਰਜਿਸਟਰ ਹੋਣ ਦਾ ਸੀ। ਮੇਰੀ ਸੋਚ ਕੱਸੀ ਗਈ। ਹੱਥ ਕੀ-ਬੋਰਡ 'ਤੇ ਸੁੰਨ ਹੋਈ ਜਾ ਰਹੇ ਸਨ ਪਰ ਮੈਂ ਪਤਾ ਨਹੀਂ ਕਿਹੜੇ ਕਾਰਨਾਂ ਕਰਕੇ ਰਜਿਸਟਰ ਹੋ ਗਈ। ਇਹ ਸ਼ਾਇਦ ਉਤਸੁਕਤਾ ਵੱਸ ਹੀ ਸੀ। ਮੈਂ ਇਸ ਬਾਰੇ ਪਹਿਲਾਂ ਆਪਣੀਆਂ ਸਹਿਕਮੀਆਂ ਤੋਂ ਸੁਣਦੀ ਰਹੀਂ ਸਾਂ। ਮੈਨੂੰ ਇਸ 'ਚ ਕੋਈ ਦਿਲਚਸਪੀ ਨਹੀਂ ਸੀ ਤੇ ਮੈਂ ਕਦੇ ਬਹੁਤਾ ਧਿਆਨ ਨਹੀਂ ਸੀ ਦਿੱਤਾ। ਕਦੇ ਵੀ ਗੰਭੀਰਤਾ ਨਾਲ ਜਾਣਨਾ ਚਾਹਿਆ ਹੀ ਨਹੀਂ ਸੀ। ਲੋੜ ਹੀ ਨਹੀਂ ਪਈ ਸੀ। ਅੱਜ ਰਜਿਸਟਰ ਹੋਣ ਬਾਅਦ ਜਿਸ ਨਾਲ਼ ਮੇਰੀ ਗੱਲਬਾਤ ਸ਼ੁਰੂ ਹੋਈ ਮੈਂ ਉਸਦੀਆਂ ਗੱਲਾਂ ਤੋਂ ਪਸੀਜ ਗਈ। ਭਾਵੇਂ ਮੈਂ ਇਹੋ ਜਿਹੇ ਸ਼ੁਗਲਾਂ ਤੋਂ ਬਹੁਤੀ ਪ੍ਰਭਾਵਿਤ ਨਹੀਂ ਸਾਂ ਪਰ ਤਾਂ ਵੀ ਮੈਂ ਉਸ ਨਾਲ ਜੁੜੀ ਰਹੀ। ਉਸਨੇ ਮੈਨੂੰ ਇਕ ਵਾਰੀ ਮੇਰੀ ਹੋਂਦ ਮਹਿਸੂਸ ਕਰਾਈ। ਮੈਨੂੰ ਮੇਰੇ ਪਲਾਂ ਦੀ ਮਹੱਤਤਾ ਦੇ ਦਰਸ਼ਨ ਕਰਾਏ। ਮੇਰੇ ਅੰਦਰ ਕੋਈ ਖ਼ਿਲਾਅ ਸੀ, ਜਿਹੜਾ ਮੈਨੂੰ ਉਸ ਨਾਲ ਉਲਝਾ ਕੇ ਪੂਰੀ ਹੁੰਦੀ ਮਹਿਸੂਸ ਹੋ ਰਹੀ ਸਾਂ। ਪਹਿਲਾਂ-ਪਹਿਲਾਂ ਇਹ ਮੇਰਾ ਉਸ ਨਾਲ਼ ਇੱਕ ਸੰਕੋਚਵਾਂ ਵਤੀਰਾ ਸੀ। ਅੱਧਾ-ਘੰਟਾ ਇੱਕ-ਦੋ ਸ਼ਾਮਾਂ ਹੀ ਹੁੰਦੀਆਂ ਸਨ।

ਮੈਂ ਉਸ ਨਾਲ ਬਹੁਤਾ ਉਲਝਣਾ ਨਹੀਂ ਸੀ ਚਾਹੁੰਦੀ। ਬਹੁਤਾ ਨੇੜੇ ਨਹੀਂ ਸੀ ਹੋਣਾ ਚਾਹੁੰਦੀ ਪਰ ਹੌਲੀ-ਹੌਲੀ ਇਹ ਮੇਰੀਆਂ ਸਾਰੀਆਂ ਸ਼ਾਮਾਂ ਦਾ ਰੁਝਾਨ ਹੀ ਬਣ ਗਿਆ। ਲੋੜ ਬਣ ਗਈ। ਅੱਧੀ-ਅੱਧੀ ਰਾਤ ਤੱਕ ਮੈਂ ਤੇ ਉਹ ਇਸ ਕ੍ਰਿਆ 'ਚ ਗ਼ਲਤਾਨ ਰਹਿਣ ਲੱਗੇ। ਬੇ-ਝਿਜਕ ਅਸੀ ਬਿਨਾਂ ਇੱਕ ਦੂਜੇ ਨੂੰ ਜਣਿਆਂ, ਵੇਖਿਆਂ, ਘੋਖਿਆਂ ਸਾਰੀਆਂ ਗੱਲਾਂ ਕਰਨ ਲੱਗੇ। ਕੋਈ ਡਰ ਕੋਈ ਸਹਿਮ ਨਹੀਂ ਸੀ। ਵਿਆਹ ਤੋਂ ਬਾਹਰ ਇਸ ਤਰ੍ਹਾਂ ਕਿਸੇ ਨਾਲ ਨੇੜਤਾ ਕਰਨ ਦਾ ਕੋਈ ਡਰ ਨਹੀਂ ਸੀ। ਇਹ ਸ਼ਬਦੀ ਸੈਕਸ ਹੌਲੀ-ਹੌਲੀ ਫੋਰਪਲੇ ਤੱਕ ਪਹੁੰਚ ਗਿਆ। ਜੋ ਦਿਲ 'ਚ ਆਉਂਦਾ ਕਹੀ ਜਾਂਦੇ। ਜੋ ਕਰਨ ਨੂੰ ਦਿਲ ਕਰਦਾ ਕਰੀ ਜਾਂਦੇ। ਜੋ ਪੁੱਛਣਾ ਹੁੰਦਾ ਬਿਨਾਂ ਕਿਸੇ ਸੰਕੋਚ ਤੋਂ ਪੁੱਛੀ ਜਾਂਦੇ। ਨਾ ਸਮਾਜ ਦਾ ਡਰ, ਨਾ ਕਿਸੇ ਪਰਿਵਾਰ ਦੇ ਮੈਂਬਰ ਦਾ ਤੌਖ਼ਲਾ, ਨਾ ਕੋਈ ਰੋਕ-ਰੁਕਾਵਟ। ਕਰਮ ਉਸਦੇ ਦਸਣ ਮੁਜਬ ਮੈਥੋਂ ਵੀਹ ਸਾਲ ਛੋਟਾ ਸੀ। ਪਤਾ ਨਹੀਂ ਇਹ ਸੱਚ ਸੀ ਜਾਂ ਝੂਠ। ਮੈਨੂੰ ਵੀ ਓਡਰੀ ਨੇ ਆਪਣਾ ਸਹੀ ਨਾਂ, ਸਰਨਾਵਾਂ ਆਦਿ ਦੇਣ ਤੋਂ ਰੋਕ ਦਿੱਤਾ ਸੀ। ਹੋ ਸਕਦਾ ਹੈ ਉਹ ਵੀ ਆਪਣਾ ਸਾਰਾ ਵੇਰਵਾ ਗ਼ਲਤ ਹੀ ਦੇ ਰਿਹਾ ਹੋਵੇ। ਲਕੋ ਰਿਹਾ ਹੋਵੇ। ਮੈਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਪਰ ਓਡਰੀ ਦੇ ਕਹਿਣ 'ਤੇ ਮੈਂ ਵੀ ਆਪਣਾ ਕੁਝ ਵੀ ਸੱਚਾ ਨਹੀਂ ਸੀ ਦੱਸਿਆ। ਮੈਨੂੰ ਕਈ ਵਾਰ ਮਹਿਸੂਸ ਵੀ ਹੁੰਦਾ ਕਿ ਮੈਂ ਉਸ ਨਾਲ਼ ਧੋਖਾ ਕਰ ਰਹੀਂ ਹਾਂ। ਮੈਨੂੰ ਪਤਾ ਸੀ ਏਨੀ ਛੋਟੀ ਉਮਰ ਦੇ ਆਦਮੀ ਨਾਲ਼ ਮੇਰਾ ਕੋਈ ਫੀਊਚਰ ਨਹੀਂ ਹੈ। ਹੋ ਸਕਦਾ ਹੈ ਉਸਨੇ ਵੀ ਆਪਣੀ ਉਮਰ ਗਲਤ ਹੀ ਦੱਸੀ ਹੋਵੇ। ਇਸ ਆਸ ਨਾਲ ਮੈਂ ਉਸ ਨਾਲ਼ ਉਲਝੀ ਰਹੀ ਸਾਂ। ਇੱਕ ਦਿਨ ਉਸਨੇ ਮੈਥੋਂ ਮੇਰੀ ਫ਼ੋਟੋ ਮੰਗ ਲਈ। ਮੈਂ ਤ੍ਰਭੱਕ ਗਈ ਪਰ ਮੈਂ ਕੁਝ ਮਿੰਟਾਂ ਲਈ ਇਸ ਗੱਲ-ਬਾਤ ਨੂੰ ਇੱਥੇ ਹੀ ਬੰਦ ਕਰਕੇ ਬਾਥਰੂਮ 'ਚ ਜਾ ਕੇ ਆਪਣਾ ਚਿਹਰਾ ਸੁਆਰਨ ਜਾ ਲੱਗੀ ਸਾਂ। ਬਾਥਰੂਮ 'ਚੋਂ ਆ ਕੇ ਫ਼ੋਟੋ ਫੋਲਡਰ ਖੋਲ੍ਹ ਲਿਆ। ਜਸਵੀਰ ਨਾਲ਼ ਅਨੇਕਾਂ ਹੀ ਫ਼ੋਟੋਆਂ ਸਨ। ਪਰਿਵਾਰ ਦੀਆਂ ਫ਼ੋਟੋਆਂ, ਨਾਲ਼ ਕੰਮ ਕਰਨ ਵਾਲਿਆਂ ਦੀਆਂ ਫ਼ੋਟੋਆਂ, ਛੁੱਟੀਆਂ 'ਤੇ ਗਿਆ ਦੀਆਂ ਫ਼ੋਟੋਆਂ। ਬਿਕਨੀ ਪਾਈ ਬੀਚ 'ਤੇ ਫਿਰਦੀ ਦੀਆਂ ਫ਼ੋਟੋਆਂ, ਇਨ੍ਹਾਂ ਚੋਂ ਕੋਈ ਵੀ ਭੇਜਣ ਨੂੰ ਮਨ ਨਾ ਮੰਨਿਆ। ਸ਼ਾਇਦ ਅੰਦਰਲਾ ਡਰ ਸਿਰੀ ਚੁੱਕ ਰਿਹਾ ਸੀ। ਫੇਰ ਕਿਸੇ ਦਿਨ ਫ਼ੋਟੋ ਘੱਲਣ ਦਾ ਵਾਇਦਾ ਕਰ ਲਿਆ। ਉਸਨੇ ਵੀ ਕਿਸੇ ਹੀਲ-ਹੁੱਜਤੋਂ ਬਿਨਾਂ ਸਵੀਕਾਰ ਕਰ ਲਿਆ। ਇੰਤਜ਼ਾਰ ਕਰਨ ਦਾ ਇਕਰਾਰ ਕਰ ਲਿਆ। ਏਸੇ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ। ਬਾਅਦ 'ਚ ਫ਼ੋਟੋਆਂ ਅਸੀਂ ਇੱਕ-ਦੂਜੇ ਨੂੰ ਘੱਲ ਦਿੱਤੀਆਂ ਸਨ। ਮੈਨੂੰ ਇਹ ਕੋਈ ਪਤਾ ਨਹੀਂ ਸੀ ਕਿ ਇਹ ਫ਼ੋਟੋ ਉਸਦੀ ਹੈ ਵੀ ਕਿ ਨਹੀਂ। ਮੈਂ ਵਾਰ-ਵਾਰ ਆਪਣੇ ਆਪ ਨੂੰ ਖੁਰਚਦੀ ਰਹਿੰਦੀ। "ਕੀ ਇਹ ਵਰਤਾਰਾ ਐਡੱਲਟਰੀ ਦੀ ਪ੍ਰੀਭਾਸ਼ਾ ਦੀ ਚਾਰਦੀਵਾਰੀ 'ਚ ਨਹੀਂ ਆਉਂਦਾ?" ਬਹੁਤ ਸਾਰੇ ਦਿਨ ਇਹ ਗੱਲ-ਬਾਤ ਬਿਲਕੁਲ ਸੁਲਝੀ ਹੋਈ ਹੁੰਦੀ ਸੀ। ਅਸੀਂ ਦੁਨੀਆਂ ਦੇ ਹਰ ਟੌਪਿਕ 'ਤੇ ਗੱਲਾਂ ਕਰਦੇ। ਇੱਕ-ਦੂਜੇ ਨੂੰ ਹੋਰ ਡੂੰਘਾ ਘੋਖਦੇ। ਇਹ ਤਾਂ ਸਿਰਫ਼ ਸ਼ਬਦਾਂ ਰਾਹੀਂ ਦੋਹਾਂ ਮਨਾਂ ਦੀ ਮਿਲਣੀ ਹੀ ਹੁੰਦੀ। ਦੋਹੋਂ ਦੀ ਸੋਚਾਂ ਦੀ ਗਲਵੱਕੜੀ ਸੀ। ਹੌਲ਼ੀ-ਹੌਲ਼ੀ ਇਹ ਨਾਦਾਨ ਗੱਲ-ਬਾਤ ਸ਼ਬਦੀ

ਕਰ ਕਰ ਮਿੱਠੀਆਂ ਗੱਲਾਂ ਦਿਲ ਭਰਮਾਉਂਦੇ ਨੇ।
ਝੂਠੇ ਬੰਦੇ, ਨਕਲੀ ਚਿਹਰੇ ਲਾਉਂਦੇ ਨੇ। -(ਅਗਲੇ ਸਫ਼ੇ 'ਤੇ)

ਸੈਕਸ ਵੱਲ ਨੂੰ ਮੋੜਾ ਕੱਟ ਗਈ ਸੀ। ਇਸ ਵਰਤਾਰੇ ਨਾਲ਼ ਆਨੰਦ ਆਉਂਦਾ ਭਾਵੇਂ ਇਹ ਸ਼ਬਦਾਂ ਰਾਹੀਂ ਸੀ ਤੇ ਹੁਣ ਇਹ ਇੱਕ ਆਦਤ ਜਹੀ ਬਣ ਗਈ ਸੀ। ਹਰ ਰਾਤ ਮੈਂ ਇਸ ਦੀ ਲੋੜ ਮਹਿਸੂਸ ਕਰਨ ਲੱਗ ਪਈ ਸਾਂ।

ਮੈਨੂੰ ਆਪਦੇ ਪਤੀ ਦਾ ਇੰਤਜ਼ਾਰ ਨਹੀਂ ਸੀ ਕਰਾਨਾ ਪੈਂਦਾ। ਮੈਂ ਤਾਂ ਜਸਵੀਰ ਹੁਣ ਵਿਆਹੁਤਾ ਜ਼ਿੰਦਗੀ ਦੇ ਰਾਹਾਂ 'ਤੇ ਉਲਟੇ ਤੁਰ ਰਹੇ ਸਾਂ। ਇਵੇਂ ਉਲਟੀ ਦਿਸ਼ਾ 'ਚ ਤੁਰਦਿਆਂ ਪੈੜਾਂ ਸਾਂਝੀਆਂ ਕਿਵੇਂ ਹੋ ਸਕਦੀਆਂ ਸਨ? ਅਸੀਂ ਇੱਕ ਦੂਜੇ ਤੋਂ ਦੂਰ ਹੋਰ ਦੂਰ ਹੁੰਦੇ ਗਏ। ਫ਼ਾਸਲਾ ਨਿੱਤ ਵਧਦਾ ਗਿਆ।

"ਹੁਣ ਮੈਨੂੰ ਤੇ ਕਰਮ ਨੂੰ ਗੱਲਾਂ-ਗੱਲਾਂ 'ਚ ਸਭ ਕੁਝ ਕਰਦਿਆਂ ਨੂੰ ਸਾਲ ਹੋ ਗਿਆ ਸੀ। ਮੈਂ ਤੁਹਾਨੂੰ ਮਿਲਣਾ ਚਾਹਾਂਗਾ। ਕੱਲ੍ਹ ਗਿਆਰਾਂ ਵਜੇ ਸਟਾਰਬੱਕ ਕਾਫ਼ੀ ਸ਼ੋਪ 'ਚ ਤੁਹਾਨੂੰ ਉਡੀਕਾਂਗਾ। ਤੁਸੀਂ ਮੇਰੀ ਫ਼ੋਟੋ ਤਾਂ ਵੇਖੀ ਹੋਈ ਹੈ, ਪਛਾਨਣ 'ਚ ਕੋਈ ਦਿੱਕਤ ਨਹੀਂ ਆਵੇਗੀ।" ਕਹਿ ਕੇ ਉਸਨੇ ਲਿੰਕ ਬੰਦ ਕਰ ਦਿੱਤਾ।

"ਕੀ?" ਮੈਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਆ ਰਿਹਾ। ਮੈਂ ਸਾਰੀ ਰਾਤ ਸੌਂ ਨਾ ਸਕੀ। ਉੱਸਲਵੱਟੇ ਲੈਂਦਿਆਂ ਲੰਘਾਈ। ਭਾਵੇਂ ਮੈਂ ਉਸਦੀ ਫ਼ੋਟੋ ਵੇਖੀ ਹੋਈ ਸੀ ਤੇ ਫ਼ੋਟੋ ਫੋਲਡਰ 'ਚ ਸੇਵ ਵੀ ਕੀਤੀ ਹੋਈ ਸੀ ਤਾਂ ਵੀ ਓਡਰੀ ਦੇ ਕਹਿਣ ਮੁਜਬ ਇਹ ਕਿਸੇ ਹੋਰ ਦੀ ਵੀ ਹੋ ਸਕਦੀ ਸੀ ਪਰ ਮੈਂ ਥੋੜ੍ਹੀ ਹਿਚਕਚਾਹਟ ਬਾਅਦ ਮਿਲਣ ਲਈ ਆਪਣਾ ਮਨ ਬਣਾ ਲਿਆ ਸੀ। ਇੱਕ ਸਹਮਿ ਦੇ ਨਾਲ਼-ਨਾਲ ਇੱਕ ਖ਼ੁਸ਼ੀ ਭਰਿਆ ਹੁਲਾਰਾ ਵੀ ਸੀ। ਮੈਨੂੰ ਡਰ ਜਿਹਾ ਵੀ ਸੀ ਕਿ ਉਹ ਸ਼ਾਇਦ ਆਮ ਮਰਦਾਂ ਵਾਂਗ ਹੀ ਇਸ ਰਿਸ਼ਤੇ ਨੂੰ ਜਿਸਮੀ ਕਾਮਿਕਤਾ ਦੀਆਂ ਦਹਿਲੀਜ਼ਾਂ ਟਪਾਉਣ ਲਈ ਕਾਹਲਾ ਹੋਵੇਗਾ, ਪਰ ਨਹੀਂ, ਉਹ ਤਹੱਮਲ 'ਚ ਸੀ। ਸ਼ਾਂਤ ਤੇ ਪੂਰੇ ਜ਼ਾਬਤੇ 'ਚ। ਮੈਂ ਸਾਰੀ ਦੀ ਸਾਰੀ ਉਸ ਵੱਲ ਲੁੜਕ ਗਈ। ਇੱਕ ਸੰਪੂਰਨ ਸਾਥ ਲਈ ਮੇਰੀ ਲਿਲਕ ਹੋਰ ਡੂੰਘੀ ਉੱਤਰ ਗਈ। ਅਸੀਂ ਮੁਹੱਬਤ ਦੀਆਂ ਲਲਚਾਈਆਂ ਖ਼ਾਹਸ਼ਾਂ ਨਾਲ਼ ਭਰਪੂਰੇ ਗਏ। ਜਸਵੀਰ ਵੀ ਤਾਂ ਕਈ ਵਾਰ ਹਫ਼ਤਾ-ਹਫ਼ਤਾ ਘਰੋਂ ਤਾਂ ਕੀ ਮੁਲਕੋਂ ਵੀ ਬਾਹਰ ਰਹਿੰਦਾ ਤੇ ਅਸੀਂ ਮੁਹੱਬਤਾਂ ਭਰੀਆਂ ਰੰਗੀਨ ਰਾਤਾਂ ਗੁਜ਼ਾਰਦੇ। ਇੱਕ-ਦੂਜੇ ਦੀਆਂ ਬਾਹਵਾਂ 'ਚ ਕਸਿਆਂ ਨੂੰ ਪਤਾ ਹੀ ਨਾ ਲੱਗਦਾ, ਦਿਨ ਕਦੋਂ ਗੋਡੇ ਗੋਡੇ ਚੜ੍ਹ ਆਉਂਦਾ।

ਪਰ ਮੇਰੇ ਅੰਦਰ ਪਤਾ ਨਹੀਂ ਉਥਲ-ਪੁਥਲ ਕਿਉਂ ਹੁੰਦੀ ਰਹਿੰਦੀ। ਜਿੰਨੀ ਮੈਂ ਇਸ ਰਿਸ਼ਤੇ 'ਚ ਡੂੰਘੀ ਉੱਤਰਦੀ ਜਾਂਦੀ, ਉਨੀ ਹੀ ਮੈਂ ਇਸ ਤੋਂ ਕਿਨਾਰਾ ਵੀ ਕਰਨਾ ਚਾਹੁੰਦੀ ਰਹਿੰਦੀ। ਮੈਨੂੰ ਮਹਿਸੂਸ ਹੁੰਦਾ ਕਿ ਜਿਵੇਂ ਮੈਂ ਕੋਈ ਜੁਰਮ ਕਰ ਰਹੀ ਹੋਵਾਂ। ਦੋਚਿੱਤੀ ਮੇਰੇ ਸੀਰਮੇ ਪੀਂਦੀ ਰਹਿੰਦੀ। ਉਸਦੇ ਸਾਥ ਦਾ ਆਨੰਦ ਮੈਨੂੰ ਸਭ ਕੁਝ ਭੁਲਾ ਦਿੰਦਾ ਪਰ ਜਿਓਂ ਹੀ ਮੈਂ ਉਸ ਤੋਂ ਪਾਸੇ ਹੁੰਦੀ, ਮੈਂ ਆਪਣੇ ਆਪ ਨੂੰ ਕੋਸਦੀ ਰਹਿੰਦੀ। ਮੈਂ ਇਹ ਚੰਗੀ ਤਰ੍ਹਾਂ ਜਾਣਦੀ ਸਾਂ ਕਿ ਸਾਡੇ ਏਸ ਰਿਸ਼ਤੇ ਦਾ ਕੋਈ ਭਵਿੱਖ ਨਹੀਂ। ਮੈਂ ਅੰਦਰੋਂ ਜਿਵੇਂ ਚਾਹੁੰਦੀ ਵੀ ਨਹੀਂ ਸਾਂ। ਉਹ ਮੈਥੋਂ ਵੀਹ ਸਾਲ ਛੋਟਾ ਸੀ ਮੈਂ ਆਪਣਾ ਪਤੀ ਵਾਪਿਸ ਚਾਹੁੰਦੀ ਸਾਂ। ਪਤੀ ਜਿਸ ਨਾਲ਼ ਮੈਂ ਵਿਆਹ ਕਰਵਾਇਆ ਸੀ। ਜਿਹੜਾ ਮੇਰੀ ਮਹਿਕਦੀ ਜੁਆਨ ਰੁੱਤ ਦਾ ਹਮਸਫ਼ਰ ਰਿਹਾ ਸੀ, ਨਾ ਕਿ ਜਿਹੜਾ ਹੁਣ ਉਹ ਬਣ ਗਿਆ ਸੀ। ਮੈਂ ਵੀ ਉਹ ਔਰਤ ਬਣਨਾ ਚਾਹੁੰਦੀ ਸਾਂ, ਜਿਸਨੂੰ ਉਸਨੇ ਵਿਆਹਿਆ ਸੀ, ਨਾ ਕਿ ਹੁਣ ਵਾਲੀ। ਪਰਾਏ ਆਦਮੀਆਂ ਨਾਲ਼ ਰਾਤਾਂ ਬਿਤਾਉਣ ਵਾਲੀ। ਕਿਉਂ, ਕਾਹਦੇ ਲਈ? ਸੈਕਸ ਖ਼ਾਤਰਾਂ, ਸਾਥ ਖ਼ਾਤਰਾਂ? ਮੈਂ ਆਪਣੇ ਆਪ ਨੂੰ ਸਵਾਲ ਕਰਦੀ ਰਹਿੰਦੀ ਤੇ ਉਦਾਸ ਰਹਿਣ ਲੱਗੀ। ਇਨ੍ਹਾਂ ਹਾਲਾਤਾਂ 'ਚੋਂ ਨਿਕਲਣਾ ਮੇਰੇ ਲਈ ਸੌਖਾ ਨਹੀਂ ਸੀ। ਮੈਂ ਇਹ ਸਾਰਾ ਕੁਝ ਆਪ ਹੀ ਤਾਂ ਸਹੇੜਿਆ ਸੀ। ਹੁਣ ਬਾਹਰ ਕਿਵੇਂ ਨਿਕਲਾਂ? ਇਨ੍ਹਾਂ ਹੀ ਗਲਘੋਟੂ ਘੜੀਆਂ 'ਚ ਮੈਂ ਜਸਵੀਰ ਨੂੰ ਘਰ ਦੀਆਂ ਦਹਿਲੀਜ਼ਾਂ ਟਪਾ ਦਿੱਤੀਆਂ। ਉਹ ਆਪਣੀ ਮਾਂ ਕੋਲੇ ਰਹਿਣ ਜਾ ਲੱਗਾ। ਮੈਥੋਂ ਇਹ ਵੀ ਬਰਦਾਸ਼ਤ ਨਹੀਂ ਸੀ ਹੋ ਰਿਹਾ। ਮੈਂ ਇਸ ਸਾਰੇ ਵਰਤਾਰੇ 'ਤੇ ਜਦੋਂ ਵੀ ਪਿਛਲ-ਝਾਤ ਮਾਰਦੀ, ਮੈਂ ਸ਼ਰਮ ਨਾਲ਼ ਭਰਪੂਰ ਹੋ ਜਾਂਦੀ। ਮੈਨੂੰ ਆਪਣੇ ਆਪ ਤੋਂ ਨਫ਼ਰਤ ਹੋ ਜਾਂਦੀ। ਜਸਵੀਰ ਦਾ ਮੈਨੂੰ ਕੋਈ ਕਸੂਰ ਨਾ ਦਿਸਦਾ।

ਮੈਂ ਥੈਰੇਪਿਸਟ ਦੀਆਂ ਸੇਵਾਵਾਂ ਲੈਣੀਆਂ ਸ਼ੁਰੂ ਕੀਤੀਆਂ। ਉਸਨੇ ਮੈਨੂੰ ਉਨ੍ਹਾਂ ਸਾਰੀਆਂ ਬੀਤੀਆਂ ਘੜੀਆਂ ਦੇ ਵੇਰਵਾ ਦਰਸਾਇਆ, ਜਿਨ੍ਹਾਂ ਕਰਕੇ ਅੱਜ ਮੈਂ ਇਸ ਦੋਰਾਹੇ 'ਤੇ ਆਣ ਖਲੋਤੀ ਹਾਂ। ਗ਼ਮ, ਮਾਂ ਬਿਨਾਂ ਔਖਾ ਬਚਪਨ ਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਕਦੇ ਤੁਹਾਡੇ ਧਿਆਨ ਗੋਚਰੀ ਹੀ ਨਹੀਂ ਹੁੰਦੀਆਂ। ਤੁਸੀਂ ਉਨ੍ਹਾਂ 'ਚੋਂ ਅਣਜਾਣਿਆਂ ਹੀ ਗੁਜ਼ਰ ਜਾਂਦੇ ਹੋ ਪਰ ਉਹ ਨਿੱਕੀਆਂ-ਨਿੱਕੀਆਂ ਘਟਨਾਵਾਂ ਆਪਣੀ ਮੋਹਰਛਾਪ ਤੁਹਾਡੇ 'ਤੇ ਹਮੇਸ਼ਾ ਲਈ ਛੱਡ ਜਾਂਦੀਆਂ ਹਨ। ਉਸਨੇ ਮੈਨੂੰ ਦੱਸਿਆ ਕਿ ਮੈਂ ਕਿਸੇ ਅਨੁਭਵ ਤੋਂ ਜਿਸਦਾ ਮੈਂ ਸਾਮ੍ਹਣਾ ਨਹੀਂ ਕਰ ਸਕਦੀ, ਭੱਜ ਕੇ ਪਾਸੇ ਹੋਣਾ ਚਾਹੁੰਦੀ ਹਾਂ। ਉਸ ਸਭ ਕਾਸੇ ਨੂੰ ਸਾਮ੍ਹਣਾ ਕਰਨਾ ਸਿੱਖਣਾ ਪੈਣਾ ਹੈ। ਇਹ ਸੌਖਾ ਕਰਤੱਵ ਨਹੀਂ ਪਰ ਇਸ ਤੋਂ ਬਿਨਾ ਕੋਈ ਚਾਰਾ ਵੀ ਨਹੀਂ। ਮੈਂ ਇਸ ਸਾਰੇ ਜੱਗ 'ਚ ਇਕੱਲੀ ਨਹੀਂ ਹਾਂ। 'ਆਨਲਾਈਨ ਇਡਿਕਸ਼ਨ' ਮੈਡੀਕਲ ਕਿੱਤੇ ਵਾਲਿਆਂ ਬਹੁਤ ਤੇਜ਼ੀ ਨਾਲ਼ ਵਧਦੀ ਨੂੰ ਸਵੀਕਾਰ ਲਿਆ ਹੈ। ਇਸ ਨੂੰ ਇੱਕ ਬੀਮਾਰੀ ਮੰਨ ਲਿਆ ਹੈ। ਮੇਰੇ ਆਲ਼ੇ-ਦੁਆਲ਼ੇ ਹਜ਼ਾਰਾਂ ਹੀ ਇਸ ਬਿਮਾਰੀ 'ਚ ਮੁਬਤਲਾ ਹਨ, ਜਿਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਉਹ ਕੀ ਕਰ ਰਹੇ ਹਨ ਤੇ ਕਿੱਧਰ ਨੂੰ ਔਹੜ ਰਹੇ ਹਨ। ਮੈਂ ਤਾਂ ਇਸ 'ਚ ਕਿਸਮਤ ਵਾਲੀ ਸੀ ਜਿਸਨੇ ਇਸਨੂੰ ਇੱਕ ਮਜ਼ਬੂਰੀ ਕਰਕੇ ਸਵੀਕਾਰ ਕੀਤਾ ਸੀ। ਹੁਣ ਇਸ ਤੋਂ ਕਿਨਾਰਾ ਕਰਨਾ ਚਾਹਿਆ ਹੈ ਤੇ ਮਦਦ ਲਈ ਹੱਥ ਅੱਡਿਆ ਹੈ। ਹਜ਼ਾਰਾਂ ਤਾਂ ਇਸ ਨੂੰ ਲਕੋਈ ਬੈਠੇ ਹਨ। ਜ਼ਿੰਦਗੀਆਂ, ਰਿਸ਼ਤੇ ਤਬਾਹ ਹੋ ਰਹੇ ਹਨ। ਇਕੱਲਤਾ ਬਹੁਤ ਹੀ ਗੰਭੀਰ ਬਿਮਾਰੀ ਹੈ। ਸੋਸਾਇਟੀ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਅਸੀਂ ਡਿਸਕੁਨੈਕਟਿਡ ਹੋਈ ਜਾ ਰਹੇ ਹਾਂ। ਇਹ ਆਦਮੀ ਦੀ ਆਤਮਾ ਨੂੰ ਚੰਬੜੀ ਕੈਂਸਰ ਹੈ, ਜਿਹੜੀ ਹੌਲੀ-ਹੌਲੀ ਅੰਦਰੋਂ ਖੋਰਾ ਲਾਈ ਰੱਖਦੀ ਹੈ। ਇੱਕ ਦਿਨ ਜਦੋਂ ਇਸਦਾ ਪਤਾ ਲੱਗਦਾ ਹੈ ਤਾਂ ਇਹ ਲਾਇਲਾਜ ਹੋ ਜਾਂਦੀ ਹੈ। ਥੈਰਾਪੈਸਟ ਦੀਆਂ ਕਹੀਆਂ ਗੱਲਾਂ ਮੈਨੂੰ ਸੱਚੀਆਂ ਲੱਗੀਆਂ।

ਥੈਰਾਪੈਸਟ ਨੇ ਮੈਨੂੰ ਜਸਵੀਰ ਨੂੰ ਆਵਾਜ਼ ਮਾਰਨ ਨੂੰ ਕਿਹਾ। ਮੇਰੇ 'ਚ ਜੇਰਾ ਨਹੀਂ ਸੀ ਪੈ ਰਿਹਾ।

"ਜਾਂ ਆਪਣੇ ਪਤੀ ਨਾਲ਼ ਗੱਲ-ਬਾਤ ਤੋਰ ਲੈ ਤੇ ਜਾਂ ਨਵਾਂ ਰਿਸ਼ਤਾ ਸਿਰਜ ਲੈ। ਇਸ ਤੋਂ ਤੂੰ ਇਨ੍ਹਾਂ ਉਦਾਸੇ ਪਲਾਂ 'ਚੋਂ ਨਿਘਰਦੀ ਰਹੇਂਗੀ। ਤੇਰੀ ਸਿਹਤ ਵਿਗੜ ਸਕਦੀ ਹੈ।" ਥੈਰਾਪੈਸਟ ਦੀ ਚਿਤਾਵਨੀ ਨੇ ਮੇਰੀ ਸੋਚ ਨੂੰ ਬੈਸਾਖੀ ਦਿੱਤੀ। ਇੱਕ ਦਿਨ ਮੈਂ ਡੱਕੋ-ਡੋਲੇ ਖਾਂਦੀ ਨੇ ਜਸਵੀਰ ਦੇ ਮੋਬਾਇਲ ਦਾ ਨੰਬਰ ਕਰ

ਦੁੱਖਾਂ ਅੱਗੇ ਹਾਰ ਕਦੇ ਨਾ ਮੰਨੀ ਦੀ,
ਇਹ ਤਾਂ ਸਾਨੂੰ ਜੀਵਨ ਜਾਚ ਸਿਖਾਉਂਦੇ ਨੇ। -ਗੁਰਵਿੰਦਰ ਗੋਸਲ

ਦਿੱਤਾ। ਉਹ ਤਾਂ ਇਵੇਂ ਬੋਲਿਆ ਜਿਵੇਂ ਉਸਦਾ ਬਿਜਲੀ ਦੀ ਤੱਤੀ ਤਾਰ ਨੂੰ ਹੱਥ ਲੱਗ ਗਿਆ ਹੁੰਦਾ ਹੈ।

"ਤੂੰ। ਹੁਣ ਕੀ ਲੋੜ ਪੈ ਗਈ ਮੇਰੀ?" ਉਸਦੇ ਬੋਲਾਂ 'ਚ ਖਰ੍ਹਵਾਪਨ ਸੀ।

"ਹਾਂ ਮੈਂ ਹੀ ਆਂ, ਮੈਂ ਬਹੁਤ ਇਕੱਲੀ ਮਹਿਸੂਸ ਕਰ ਰਹੀ ਹਾਂ ਜੱਸ।"

"ਮੈਂ ਤੇਰੀ ਇਸ ਇਕੱਲ ਦਾ ਕੀ ਕਰ ਸਕਦਾ ਹਾਂ? ਮੈਂ ਤਾ ਖ਼ੁਦ ਇਕੱਲਤਾ ਨੂੰ ਭੋਗਿਆ ਹੈ। ਤੂੰ ਆਵਾਜ਼ ਹੀ ਨਾ ਮਾਰੀ। ਮੇਰਾ ਕਸੂਰ ਵੀ ਨਾ ਦੱਸਿਆ ਤੇ ਘਰ ਦਾ ਬੂਹਾ ਮੇਰੇ ਲਈ ਬਾਹਰ ਨੂੰ ਖੋਲ੍ਹ ਦਿੱਤਾ। ਮੈਨੂੰ ਧੱਕਾ ਮਾਰ ਕੇ ਸਰਦਲ ਟਪਾ ਦਿੱਤਾ, ਮੈਂ ਸਹਾਰਾ ਟੋਲ੍ਹ ਲਿਆ ਹੈ। ਤੇਰੀ ਬੇਰੁਖ਼ੀ ਨੇ ਤਾਂ ਮੈਨੂੰ ਤੋੜ ਦਿੱਤਾ ਸੀ। ਹੋਰ ਕੋਈ ਚਾਰਾ ਵੀ ਨਹੀਂ ਸੀ। ਮੈਂ ਉਡੀਕ ਕੀਤੀ ਸੀ।" ਕਹਿੰਦਿਆਂ ਜੱਸ ਨੇ ਟੈਲੀਫ਼ੋਨ ਬੰਦ ਕਰ ਦਿੱਤਾ। ਮੈਂ ਉੱਡਦੀਆਂ-ਉੱਡਦੀਆਂ ਅਫ਼ਵਾਹਾਂ ਤਾਂ ਸੁਣੀਆਂ ਸਨ ਕਿ ਜਸਵੀਰ ਲਿਥੋਏਨੀਆਂ ਦੀ ਇੱਕ ਕੁੜੀ ਨਾਲ਼ ਸਬੰਧ ਬਣਾਈ ਫਿਰਦਾ ਹੈ। ਗੱਲਾਂ ਨੂੰ ਗਿੱਰਝਾਂ ਵਾਂਗ ਬਨੇਰਿਆਂ 'ਤੇ ਬਹਿਣ ਦੀ ਆਦਤ ਹੁੰਦੀ ਹੈ। ਮੈਂ ਜਸਵੀਰ ਬਾਰੇ ਗੱਲਾਂ ਸੁਣਦੀ ਰਹਿੰਦੀ ਸਾਂ ਕਿ ਉਹ ਬਿਜ਼ਨੈਸ ਦੇ ਸਿਲਸਿਲੇ 'ਚ ਹੁਣ ਬਹੁਤਾ ਸਮਾਂ ਵੀ ਉੱਥੇ ਹੀ ਗੁਜ਼ਾਰਦਾ ਹੈ। ਪਰ ਮੈਨੂੰ ਯਕੀਨ ਹੀ ਨਹੀਂ ਸੀ ਆਇਆ।

ਮੈਂ ਥਾਏਂ ਸੁੰਨ ਹੋ ਗਈ। ਕੋਲ ਪਈ ਕੁਰਸੀ ਦੀਆਂ ਬਾਹਵਾਂ ਦਾ ਸਹਾਰਾ ਲੈ ਕੇ ਉਸ 'ਚ ਡਿੱਗ ਪਈ। ਵਿਆਹੁਤਾ ਜ਼ਿੰਦਗੀ ਦੀ ਚੌਂਹ-ਲਾਵਾਂ ਵਾਲੀ ਗਾਨੀ ਨੂੰ ਮੈਂ ਇੱਕ ਵਾਰ ਫੇਰ ਨਰੋਈ ਕਰਨ ਲਈ ਹੰਭਲਾ ਮਾਰਨਾ ਚਾਹਿਆ ਸੀ, ਉਹ ਤਾਂ ਜਸਵੀਰ ਦੇ ਇੱਕ ਬੋਲ ਨਾਲ਼ ਹੀ ਤੜੱਕ ਕਰਕੇ ਟੁੱਟ ਗਈ। ਮੈਂ ਫਿਰ ਇਕੱਲੀ ਹੋ ਗਈ।

ਸੁੰਨੀ-ਸੁੰਨੀ, ਖ਼ਾਲੀ-ਖ਼ਾਲੀ?

ਕਹਾਣੀ

# ਕਤੀੜ੍ਹ

## ਸੰਤੋਖ ਸਿੰਘ ਹੇਅਰ, ਕਾਵੈਂਟਰੀ



ਸੰਤੋਖ ਸਿੰਘ ਹੇਅਰ

ਚਾਰ ਹਫ਼ਤੇ ਪੰਜਾਬ ਵਿੱਚ ਬਿਤਾਉਣ ਤੋਂ ਵਾਪਸ ਆਉਣ ਤੋਂ ਬਾਦ, ਗੱਡੀਆਂ ਦੇਖਦਿਆਂ ਸਾਰ ਹੀ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਜਲਦੀ-ਜਲਦੀ ਮਕਾਨ ਅੰਦਰ ਸਮਾਨ ਰੱਖ ਕੇ ਵਾਹੋ-ਦਾਹੀ ਮੈਂ ਉਸ ਦੇ ਘਰ ਵੱਲ੍ਹ ਹੋ ਤੁਰਿਆ।

85 ਸਾਲਾ ਦਿਆਲ ਸਾਡੇ ਘਰ ਤੋਂ ਕੋਈ ਪੰਜ ਕੁ ਮਕਾਨ ਅੱਗੇ, ਸੜਕ ਦੇ ਦੂਸਰੇ ਪਾਸੇ ਤਿੰਨ ਬੈਡ ਰੂਮ ਵਾਲ਼ੇ ਮਕਾਨ ਵਿੱਚ ਇਕੱਲਾ ਹੀ ਰਹਿ ਰਿਹਾ ਸੀ। ਦੇਰ ਤੋਂ ਇੱਥੇ ਰਹਿੰਦੇ ਹੋਣ ਕਰਕੇ ਸਾਡੀ ਉਸ ਨਾਲ਼ ਗੂੜ੍ਹੀ ਪਰਵਾਰਿਕ ਸਾਂਝ ਪੈ ਚੁੱਕੀ ਸੀ।

ਮੇਰੇ ਦੇਖਦਿਆਂ ਹੀ ਫਾਇਰ ਬ੍ਰਿਗੇਡ ਦੀ ਗੱਡੀ ਵੀ ਪਹੁੰਚ ਗਈ ਸੀ। ਕਿਉਂਕਿ ਅੱਗ ਜਾਂ ਧੂਆਂ ਤਾਂ ਕਿਤੇ ਵੀ ਦਿਖਾਈ ਨਹੀਂ ਸੀ ਦੇ ਰਿਹਾ, ਇੰਝ ਲੱਗ ਰਿਹਾ ਸੀ ਜਿਵੇਂ ਕਿ ਘਰ ਅੰਦਰ ਦਾਖ਼ਲ ਹੋਣ ਲਈ ਫਾਇਰ ਬ੍ਰਿਗੇਡ ਬੁਲਾਇਆ ਗਿਆ ਹੋਵੇ।

ਤੇਜ਼ ਕਦਮੀ ਉਸ ਦੇ ਘਰ ਮੂਹਰੇ ਪਹੁੰਚਦਿਆਂ ਮੈਂ ਪੁਲਿਸ ਔਫੀਸਰ ਨੂੰ ਦੱਸਿਆ ਕਿ ਇਸ ਘਰ ਦਾ ਮਾਲਕ ਮੇਰਾ ਦੋਸਤ ਹੈ ਅਤੇ ਘਰ ਦੀ ਚਾਬੀ ਵੀ ਮੇਰੇ ਪਾਸ ਹੈ। ਸਾਹੋ-ਸਾਹੀ ਹੁੰਦਿਆਂ ਘਰੋਂ ਚਾਬੀ ਲਿਆ ਕੇ ਜਦੋਂ ਮੈਂ ਦਿਆਲ ਦੇ ਘਰ ਦਾ ਦਰਵਾਜ਼ਾ ਖੋਲ੍ਹਿਆ ਤਾਂ ਮੇਰੇ ਸਮੇਤ ਪੁਲਿਸ ਅਤੇ ਐਂਬੂਲੈਂਸ ਦੇ ਕਰਮਚਾਰੀਆਂ ਦੇ ਹੱਥ ਮੱਲੋਮੱਲੀ ਨੱਕਾਂ ਵੱਲ ਨੂੰ ਚਲੇ ਗਏ। ਪਤਾ ਨਹੀਂ ਕਿੰਨੇ ਦਿਨਾਂ ਤੋਂ ਮਰ ਚੁੱਕੇ ਦਿਆਲ ਦੀ ਗਲ਼ੀ-ਸੜੀ ਦੇਹ ਵਿੱਚੋਂ ਆ ਰਹੀ ਬਦਬੂ ਨਾਲ਼ ਭਰੇ ਮਕਾਨ ਅੰਦਰ ਸਾਹ ਲੈਣਾ ਮੁਸ਼ਕਿਲ ਹੋ ਰਿਹਾ ਸੀ। ਘਰ ਵਿੱਚੋਂ ਆ ਰਹੇ ਮੁਸ਼ਕ ਦੀ ਰਿਪੋਰਟ ਉਸਦੇ ਨਵੇਂ ਆਏ ਗਵਾਂਢੀਆਂ ਨੇ ਪੁਲਿਸ ਨੂੰ ਕੀਤੀ ਸੀ।

25 ਕੁ ਸਾਲ ਪਹਿਲਾਂ ਜਦੋਂ ਅਸੀਂ ਸ਼ਹਿਰ ਦਾ ਭੀੜ-ਭੜੱਕਾ ਛੱਡ ਕੇ ਇਸ ਪਿੰਡ ਵਿੱਚ ਮੂਵ ਹੋਏ ਸਾਂ ਤਾਂ ਦਿਆਲ ਹੋਰਾਂ ਤੋਂ ਬਿਨਾਂ ਹੋਰ ਕੋਈ ਵੀ ਕਾਲਾ ਜਾਂ ਏਸ਼ੀਅਨ ਪਰਿਵਾਰ ਇੱਥੇ ਨਹੀਂ ਸੀ ਰਹਿੰਦਾ। ਹੁਣ ਵੀ ਇਸ ਛੋਟੇ ਜਿਹੇ ਪਿੰਡ ਵਿੱਚ ਗੋਰਿਆਂ ਤੋਂ ਸਿਵਾਅ ਸਿਰਫ਼ ਤਿੰਨ ਪੰਜਾਬੀ ਅਤੇ ਇੱਕ ਗੁਜਰਾਤੀ ਪਰਿਵਾਰ ਹੀ ਇੱਥੇ ਰਹਿੰਦੇ ਹਨ। ਮੇਰੇ ਤੋਂ ਬਿਨਾਂ, ਗੁਜਰਾਤੀ ਨੀਊਜ਼ ਏਜੰਟ ਦੀ ਦੁਕਾਨ, ਇੱਕ ਪੰਜਾਬੀ ਗਰੀਨ ਗਰੋਸਰ ਅਤੇ ਦੂਸਰਾ ਔਫ ਲਾਇਸੰਸ ਜਾਣੀ ਨਸ਼ਾ ਵੇਚਣ ਦੀਆਂ ਦੁਕਾਨਾ ਚਲਾ ਰਹੇ ਹਨ।

ਦੇਰ ਤੋਂ ਇੱਥੇ ਰਹਿੰਦਾ ਹੋਣ ਕਰਕੇ ਆਲ਼ੇ-ਦੁਆਲ਼ੇ ਦੇ ਕੀ ਬੱਚੇ-ਬੁੱਢੇ ਸਾਰੇ ਉਸਨੂੰ "ਡਿੱਲ" ਦੇ ਨਾਂ ਨਾਲ਼ ਜਾਣਦੇ ਸਨ। ਜਿਸ ਤਰ੍ਹਾਂ ਪਹਿਲਾਂ-ਪਹਿਲ ਆਮ ਹੁੰਦਾ ਹੀ ਸੀ, ਗੋਰਿਆਂ ਨੇ ਢਿੱਲੋਂ ਤੋਂ ਬਦਲ ਕੇ ਉਸਦਾ ਨਾਂ 'ਡਿੱਲ' ਰੱਖਿਆ ਹੋਇਆ ਸੀ।

ਦਿਆਲ ਦਾ ਕੁੱਤਾ 'ਸ਼ੇਰੂ' ਹਮੇਸ਼ਾਂ ਉਸਦੇ ਨਾਲ਼ ਹੋਣ ਕਰਕੇ ਉਹ "ਡਿੱਲ ਦਾ ਡੌਗ ਮੈਨ" ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਸੀ। ਸਿਰ ਤੇ ਹਮੇਸ਼ਾਂ ਅੰਗਰੇਜ਼ਾਂ ਵਾਲ਼ਾ ਟੋਪ ਅਤੇ ਟਾਈ ਲਾਈ, ਹੱਥ ਵਿੱਚ ਖੂੰਡੀ ਲੈ ਕੇ ਦਿਨ ਵਿੱਚ ਦੋ-ਤਿੰਨ ਵਾਰ, ਘਰ ਦੇ ਨੇੜੇ ਪਾਰਕ ਵਿੱਚ ਸੈਰ ਕਰਦਾ ਜਾਂ ਸਵੇਰ-ਸ਼ਾਮ ਅਖ਼ਬਾਰ ਲੈਣ ਗਿਆ ਉਹ ਆਮ ਹੀ ਮਿਲ ਜਾਂਦਾ ਸੀ। ਖ਼ੁਸ਼-ਮਿਜਾਜ਼ ਅਤੇ ਹੱਦ ਦਰਜੇ ਦਾ ਗਾਲੜੀ ਦਿਆਲ ਪਲਾਂ ਵਿੱਚ ਹੀ ਸੁਣਨ ਵਾਲ਼ੇ ਦਾ ਦਿਲ ਮੋਹ ਲੈਂਦਾ ਸੀ।

ਛੇ ਫੁੱਟ ਦੋ ਇੰਚ ਕੱਦ, ਗੋਰਾ ਰੰਗ, ਭਰਵੇਂ ਜੁੱਸੇ ਵਾਲ਼ੇ ਦਿਆਲ ਦਾ ਗੱਲ ਕਰਨ ਦਾ ਅੰਦਾਜ਼ ਹੀ ਅਜਿਹਾ ਸੀ ਕਿ ਜਿਹੜਾ ਵੀ ਇੱਕ ਵਾਰ ਉਸ ਨਾਲ਼ ਗੱਲ ਕਰ ਲੈਂਦਾ ਦੂਸਰੀ ਵਾਰ ਆਪਣੇ-ਆਪ ਰੁੱਕ ਕੇ ਉਸਦਾ ਹਾਲ-ਚਾਲ ਜ਼ਰੂਰ ਪੁੱਛਦਾ। ਉਸਦੀ ਆਦਤ ਤੋਂ ਵਾਕਿਫ, ਹੌਲ਼ੀ-ਹੌਲ਼ੀ ਉਸ ਦੇ ਮਗਰ ਤੁਰਿਆ ਆ ਰਿਹਾ ਉਸਦਾ ਕੁੱਤਾ ਸ਼ੇਰੂ ਵੀ ਉਸ ਦੇ ਨਾਲ਼ ਹੀ ਰੁਕ ਜਾਂਦਾ।

ਸਾਡੀ ਉਸ ਨਾਲ਼ ਨੇੜਤਾ ਤਾਂ ਇੱਥੇ ਮੂਵ ਹੁੰਦਿਆ ਸਾਰ ਹੀ ਹੋ ਗਈ ਸੀ ਪਰ ਉਸਦੇ ਘਰਵਾਲ਼ੀ ਦੀ ਮੌਤ ਤੋਂ ਬਾਅਦ ਅਸੀਂ ਹੋਰ ਵੀ ਨੇੜੇ ਹੋ ਗਏ ਸਾਂ। ਪਿਛਲੇ ਕਈ ਸਾਲਾਂ ਤੋਂ ਇਕੱਲਾ ਰਹਿੰਦਾ

ਜ਼ਿੰਦਗੀ ਸੇ ਬੜੀ ਸਜ਼ਾ ਹੀ ਨਹੀਂ।
ਔਰ ਕਿਆ ਜੁਰਮ ਹੈ ਪਤਾ ਹੀ ਨਹੀਂ। -(ਅਗਲੇ ਸਫ਼ੇ 'ਤੇ)

ਹੋਣ ਕਰਕੇ, ਵੀਕ-ਡੇਅ ਵਿੱਚ ਇੱਕ ਦਿਨ ਸ਼ਾਮ ਦਾ ਖਾਣਾ ਮੈਂ ਉਸਦੇ ਘਰ ਪਹੁੰਚਾ ਦਿੰਦਾ ਸਾਂ ਅਤੇ ਵੀਕ-ਐਂਡ 'ਤੇ ਸ਼ਾਮ ਦਾ ਖਾਣਾ ਖਾਣ ਉਹ ਸਾਡੇ ਘਰ ਆ ਜਾਂਦਾ ਸੀ।

ਵਿਸਕੀ ਪੀਣ ਦਾ ਉਹ ਬੇਹੱਦ ਸ਼ੌਕੀਨ ਸੀ। ਵਿੱਸਕੀ ਦਾ ਇੱਕ ਤਕੜਾ ਪੈਗ ਖਾਣੇ ਦੇ ਨਾ਼ਲ ਅਤੇ ਦੂਸਰਾ ਖਾਣੇ ਤੋਂ ਬਾਅਦ ਪੀਣਾ ਉਸਦਾ ਨਿੱਤਨੇਮ ਸੀ। ਕਦੇ-ਕਦਾਈਂ ਖੰਘ-ਜ਼ੁਕਾਮ ਤੋਂ ਸਿਵਾਅ ਅਸੀਂ ਉਸਨੂੰ ਕਦੇ ਬਿਮਾਰ ਹੋਇਆ ਨਹੀਂ ਸੀ ਦੇਖਿਆ। ਉਸਦੇ ਦੱਸਣ ਅਨੁਸਾਰ ਸਾਰੀ ਜ਼ਿੰਦਗੀ ਉਹ ਕਦੇ ਵੀ ਹਸਪਤਾਲ ਨਹੀਂ ਸੀ ਗਿਆ।

85 ਸਾਲ ਦੀ ਉਮਰ ਵਿੱਚ ਵੀ ਘਰ ਦੇ ਛੋਟੇ-ਮੋਟੇ ਕੰਮ ਆਪ ਕਰਨ ਦੇ ਨਾ਼ਲ-ਨਾ਼ਲ ਉਹ ਦੇਸੀ ਅਤੇ ਅੰਗਰੇਜ਼ੀ ਖਾਣੇ ਵੀ ਬਹੁਤ ਵਧੀਆ ਬਣਾ ਲੈਂਦਾ ਸੀ।

ਕਈ ਸਾਲ ਪਹਿਲਾਂ ਦੀ ਗੱਲ ਆ, ਉਸ ਦੇ ਘਰ ਵਾ਼ਲੀ ਵੀ ਓਦੋਂ ਜਿਊਂਦੀ ਸੀ। ਉਸ ਸਾਲ ਕ੍ਰਿਸਮਿਸ ਅਸੀਂ ਉਸ ਦੇ ਘਰ ਮਨਾ ਰਹੇ ਸਾਂ ਕਿ ਖਾਣਾ ਖਾਣ ਤੋਂ ਬਾਅਦ ਉਹ ਮੈਨੂੰ ਕਹਿਣ ਲੱਗਾ- ''ਤੈਨੂੰ ਯਾਦ ਹੋਣਾ ਇੱਕ ਦਿਨ ਪੱਬ ਵਿੱਚ ਤੂੰ ਮੈਨੂੰ ਸਵਾਲ ਕੀਤਾ ਸੀ ਕਿ 'ਮੈਨੂੰ ਤਾਂ ਲਗਦਾ ਤੂੰ ਆਪਣੇ ਲੜਕੇ ਨਾ਼ਲੋਂ ਵੀ ਸ਼ੇਰੂ ਨੂੰ ਜ਼ਿਆਦਾ ਪਿਆਰ ਕਰਦੈਂ।' ਉਸ ਦਿਨ ਤਾਂ ਮੈਂ ਟਾ਼ਲ-ਮਟੋ਼ਲ ਕਰ ਗਿਆ ਸੀ ਪਰ ਉਸੇ ਦਿਨ ਤੋਂ ਹੀ ਸੋਚ ਰਿਹਾ ਸਾਂ ਕਿ ਕਦੋਂ ਮੌਕਾ ਮਿਲੇ ਅਤੇ ਮੈਂ ਆਪਣੇ ਦਿਲ ਦਾ ਬੋਝ ਤੇਰੇ ਨਾ਼ਲ ਹਲਕਾ ਕਰਾਂ। ਚੱਲ ਉੱਠ ਆਪਾਂ ਦੂਸਰੇ ਕਮਰੇ ਵਿੱਚ ਚਲਦੇ ਆ'' ਇਹ ਕਹਿੰਦਿਆਂ ਉਹ ਮੈਨੂੰ ਬਾਂਹੋਂ ਫ਼ੜ ਦੂਸਰੇ ਕਮਰੇ ਵਿੱਚ ਲੈ ਗਿਆ।

ਫਰੰਟ-ਰੂਮ ਵਿੱਚ ਮੇਰੇ ਸਾਹਮਣੇ ਕੁਰਸੀ ਉੱਤੇ ਬੈਠ ਕੇ ਵਿਸਕੀ ਦਾ ਘੁੱਟ ਭਰਦਿਆਂ ਅਤੇ ਹਲਕਾ ਜਿਹਾ ਮੁਸਕਰਾਉਂਦਿਆਂ ਉਸਨੇ ਗੱਲ ਸ਼ੁਰੂ ਕੀਤੀ- ''ਗੰਭੀਰ ਗੱਲਾਂ ਬਾਅਦ ਵਿੱਚ ਕਰਾਂਗੇ ਪਹਿਲਾਂ ਤੈਨੂੰ ਇੱਕ ਦਿਲਚਸਪ ਗੱਲ ਸੁਣਾਉਂਦਾ। ਬਹੁਤ ਨਫ਼ਰਤ ਸੀ ਮੈਨੂੰ ਪਹਿਲਾਂ-ਪਹਿਲ ਕੁੱਤਿਆਂ-ਬਿੱਲੀਆਂ ਨਾ਼ਲ। ਜਿਨ੍ਹਾਂ ਦਿਨਾਂ ਦੀ ਮੈਂ ਤੈਨੂੰ ਗੱਲ ਸੁਣਾਉਣ ਲੱਗਾਂ ਓਦੋਂ ਅਜੇ ਮੈਂ ਰਿਟਾਇਰ ਹੋਇਆ ਹੀ ਸਾਂ। ਤਕਰੀਬਨ ਦੋ ਹਫ਼ਤੇ ਲਗਾਤਾਰ ਮੀਂਹ ਪੈਣ ਤੋਂ ਬਾਅਦ ਮਸੀਂ-ਮਸੀਂ ਉਸ ਦਿਨ ਸੂਰਜ ਦੇ ਦਰਸ਼ਨ ਹੋਏ ਸਨ। ਮੌਸਮ ਬਹੁਤ ਹੀ ਸੁਹਾਵਣਾ ਹੋ ਗਿਆ ਸੀ। ਦੋਹਾਂ ਹੱਥਾਂ ਵਿੱਚ ਭਰੇ ਹੋਏ ਸ਼ੌਪਿੰਗ ਬੈਗ ਚੁੱਕੀ, ਹਫ਼ਿਆ ਹੋਇਆ ਜਦੋਂ ਮੈਂ ਘਰ ਦੇ ਮੋਹਰਲੇ ਗੇਟ ਰਾਹੀਂ ਅੰਦਰ ਵੜਣ ਲੱਗਾ ਸਾਂ ਤਾਂ ਸੜਕ ਉੱਪਰ ਆਪਣਾ ਟਰੱਕ ਲਈ ਜਾ ਰਹੇ ਮੇਰੇ ਪੁਰਾਣੇ ਦੋਸਤ ਟੈਰੀ ਨੇ ਟਰੱਕ ਹੌ਼ਲੀ ਕਰਕੇ, ਖਿੜਕੀ ਵਿੱਚੋਂ ਉੱਚੀ ਅਵਾਜ਼ ਵਿਚ ਚੀਕ ਕੇ ਕਿਹਾ- 'ਹੇਈ... ਵਾਈਫਸ ਸਲੇਵ... ਹਾਓ ਆਰ ਯੂ?'

ਉਸਦੀ ਆਦਤ ਤੋਂ ਵਾਕਿਫ਼, ਹਥਲੇ ਬੈਗ ਹੇਠਾਂ ਰੱਖ, ਬਿਨਾਂ ਬੋਲਿਆਂ, ਪਰ ਥੋੜ੍ਹਾ ਜਿਹਾ ਮੁਸਕਰਾਉਂਦਿਆਂ ਮੈਂ ਦੋ ਉਂਗ਼ਲਾਂ ਉਸ ਵੱਲ ਕਰ ਦਿੱਤੀਆਂ। ਚਾਬੀ ਨਾ਼ਲ ਘਰ ਦਾ ਦਰਵਾਜ਼ਾ ਖੋਲ੍ਹਣ ਲੱਗਿਆਂ, ਆਦਤਨ 'ਵੈਲਕਮ-ਡੋਰ ਮੈਟ' ਉੱਪਰ ਪੈਰੀਂ ਪਾਏ ਟਰੇਨਰ ਘਸਾ ਰਿਹਾ ਸਾਂ ਕਿ ਮੈਟ ਉੱਪਰ ਪੀ਼ਲੀ ਜਿਹੀ ਮਿੱਟੀ ਦਿਖਾਈ ਦਿੱਤੀ। ਇਸ ਤੋਂ ਪਹਿਲਾਂ ਕਿ ਉਸ ਪੀ਼ਲੀ ਮਿੱਟੀ ਬਾਰੇ ਸੋਚਣ ਲਈ ਮੌਕਾ ਮਿਲਦਾ, ਦਰਵਾਜ਼ਾ ਖੁੱਲ ਚੁੱਕਾ ਸੀ। ਦਰਵਾਜ਼ਾ ਖੁੱਲਦਿਆਂ ਸਾਰ ਹੀ ਅਲਾਰਮ ਬੰਦ ਕਰਨ ਲਈ ਕਾਹ਼ਲ ਕਰਦਿਆਂ ਉਹ ਪੀ਼ਲੀ ਮਿੱਟੀ ਆਪਣੇ ਪੈਰਾਂ ਨਾ਼ਲ ਹਾਲ ਵਿੱਚ ਨਵੇਂ ਪਾਏ ਕਾਰਪਿੱਟ ਉੱਪਰ ਲੈ ਆਇਆਂ ਸਾਂ।

ਅਲਾਰਮ ਬੰਦ ਕਰਨ ਤੋਂ ਬਾਅਦ ਅਸਲੀਅਤ ਜਾਣਦਿਆਂ ਸਾਰ ਹੀ ਇੱਕ ਦਮ ਮੇਰੇ ਮੂੰਹੋਂ ਨਿਕ਼ਲਿਆ 'ਸਾ਼ਲੇ ਕੁੱਤਿਆਂ ਦੇ।' ਉਹ ਚੀਜ਼ ਜਿਸ ਨੂੰ ਮੈਂ ਪੀ਼ਲੀ ਮਿੱਟੀ ਸਮਝ ਰਿਹਾਂ ਸਾਂ ਅਸਲ ਵਿੱਚ ਉਹ ਕੁੱਤੇ ਦੀ ਟੱਟੀ ਸੀ। ਸੱਤਿਆਨਾਸ, ਮੂੰਹ ਵਿੱਚ ਬੁੜਬੁੜਾਉਂਦਿਆਂ ਅਤੇ ਲਿੱਬੜੇ ਹੋਏ ਕਾਰਪਿੱਟ ਵੱਲ੍ਹ ਦੇਖਦਿਆਂ ਮੇਰਾ ਦਿਲ ਘਟਣ ਲੱਗਾ।

ਘਬਰਾਹਟ ਵਿਚ ਬਲੌਕ-ਪੇਵਿੰਗ ਉੱਤੇ ਟਰੇਨਰ ਰਗੜਦਾ ਜਦੋਂ ਮੈਂ ਵਾਪਸ ਬਾਹਰਲਾ ਗੇਟ ਬੰਦ ਕਰਨ ਗਿਆ ਤਾਂ ਸਮਝ ਗਿਆ ਕਿ ਇਹ ਭਾਣਾ ਓਦੋਂ ਵਰਤਿਆ ਹੋਣਾ ਜਦੋਂ ਗੋਰੇ ਟੈਰੀ ਦੀ ਉੱਚੀ ਅਵਾਜ਼ ਨੇ ਮੇਰਾ ਧਿਆਨ ਆਪਣੇ ਵੱਲ੍ਹ ਖਿੱਚ ਲਿਆ ਸੀ। ਇੰਝ ਲੱਗਦਾ ਸੀ ਜਿਵੇਂ ਕੋਈ ਕੁੱਤਾ ਜਾਂ ਕੁੱਤੀ ਤਾਜ਼ਾ-ਤਾਜ਼ਾ ਹੀ ਗੇਟ ਦੇ ਕੋ਼ਲ ਆਪਣਾ ਭਾਰ ਹਲਕਾ ਕਰ ਕੇ ਗਿਆ ਹੋਵੇ।'' ਵਿਸਕੀ ਦਾ ਇੱਕ ਹੋਰ ਪੈੱਗ ਬਣਾਉਂਦਿਆਂ ਦਿਆਲ ਨੇ ਆਪਣੀ ਗੱਲ ਜਾਰੀ ਰੱਖੀ। ''ਸੁਹਾਵਣੇ ਮੌਸਮ ਦਾ ਮਜ਼ਾ ਓਦੋਂ ਹੋਰ ਵੀ ਕਿਰਕਰਾ ਹੋ ਗਿਆ ਜਦੋਂ ਮੈਨੂੰ ਇਹ ਖ਼ਿਆਲ ਆਇਆ ਕਿ ਸ਼੍ਰੀਮਤੀ ਜੀ ਦੇ ਕੰਮ ਤੋਂ ਘਰ ਵਾਪਸ ਆਉਣ ਵਿੱਚ ਸਿਰਫ਼ ਪੰਤਾ਼ਲੀ ਮਿੰਟ ਬਾਕੀ ਸਨ।

ਗੋਡਿਆਂ ਭਾਰ ਹੋ ਕੇ ਪਸੀਨੋ-ਪਸੀਨੀ ਹੁੰਦਿਆਂ, ਪਹਿਲਾਂ ਕਾਰਪਿੱਟ ਦੀ ਧੁਲਾਈ ਕਰਨੀ ਪਈ, ਫਿਰ ਪੱਖੇ ਵਾ਼ਲੇ ਹੀਟਰ ਦੀ ਗਰਮ ਹਵਾ ਨਾ਼ਲ ਉਸ ਨੂੰ ਸੁਕਾਉਣਾ ਪਿਆ। ਗੇਟ ਸਾਹਮਣੇ ਫੁੱਟ-ਪਾਥ ਨੂੰ ਹੋਜ਼-ਪਾਈਪ ਨਾ਼ਲ ਧੋ ਕੇ ਕਈ ਵਾਰ ਰਗੜਨਾ ਪਿਆ। ਵਿੱਲਕਮ-ਡੋਰ ਮੈਟ ਉੱਪਰ ਤਾਂ ਕੰਮਬਖਤ ਟੱਟੀ ਇਸ ਤਰਾਂ ਚਿੰਬੜੀ ਹੋਈ ਸੀ ਜਿਵੇਂ ਸੂਪਰ-ਗਲੂ ਹੁੰਦੈ। ਇੰਜ ਲੱਗਦਾ ਸੀ ਜਿਵੇ ਰਾਤੀਂ ਖਾਣੇ ਦੇ ਨਾ਼ਲ ਕੁੱਤੇ ਨੇ ਚੁਇੰਗਮ ਨਿਗ਼ਲ ਲਿਆ ਹੋਵੇ।''

ਅਜੇ ਪਿਛਲੇ ਹਫ਼ਤੇ ਹੀ ਫਾਦਰਜ਼-ਡੇ 'ਤੇ ਤੋਹਫ਼ਾ ਮਿ਼ਲੇ ਟਰੇਨਰਾਂ ਦੇ ਹੇਠਲੇ ਪਾਸੇ ਨੂੰ, ਗਾਰਡਨ ਵਿੱਚ ਵਾਇਰ ਬਰੱਸ਼ ਨਾ਼ਲ ਰਗੜਦਿਆਂ ਸੋਚ ਹੀ ਰਿਹਾ ਸਾਂ ਕਿ ਅਗਰ ਮੇਰੇ ਵੱਸ ਹੋਵੇ ਤਾਂ ਇਨ੍ਹਾਂ ਕੰਮਬਖ਼ਤ ਕੁੱਤਿਆਂ-ਬਿੱਲੀਆਂ ਦੇ ਵੀ 'ਨੈਪੀਆਂ' ਲਾਉਣ ਦਾ ਕਨੂੰਨ ਬਣਾ ਦਿਆਂ। ਉਸੇ ਵਕਤ ਸ਼੍ਰੀਮਤੀ ਨੇ ਪਿਛਲੇ ਗੇਟ ਰਾਹੀਂ ਗਾਰਡਨ ਵਿੱਚ ਕਦਮ ਰੱਖਦਿਆਂ ਸਾਰ ਮੌਨੂੰ ਟਰੇਨਰ ਸਾਫ਼ ਕਰਦਿਆਂ ਦੇਖ ਕੇ ਆਦਮ-ਬੋ-ਆਦਮ ਬੋ ਉਚਾਰਨਾ ਸ਼ੁਰੂ ਕਰ ਦਿੱਤਾ... ''ਕਿੰਨੀ ਉਮਰ ਹੋ ਗਈ ਹੈ ਤੁਹਾਡੀ, ਅਜੇ ਤੱਕ ਵੀ ਤੁਹਾਨੂੰ ਸੜਕ 'ਤੇ ਤੁਰਨਾ ਨਹੀਂ ਆਇਆ। ਤੁਰੇ ਜਾਂਦੇ ਕਦੇ-ਕਦੇ ਹੇਠਾਂ ਵੱਲ੍ਹ ਨੂੰ ਵੀ ਦੇਖ ਲਿਆ ਕਰੋ। 50 ਸਾਲ ਹੋ ਗਏ ਤੁਹਾਨੂੰ ਇਸ ਮੁਲਕ ਵਿਚ ਰਹਿੰਦਿਆਂ ਨੂੰ, ਅਜੇ ਵੀ ਗੋਰੀਆਂ ਦੀਆਂ ਲੱਤਾਂ ਦੇਖ-ਦੇਖ ਤੁਹਾਡੀ ਰੂਹ ਨਹੀਂ ਭਰੀ।''

ਆਪਣੀ ਆਦਤ ਦੇ ਉਲਟ ਅਤੇ ਕਾਰਪਿੱਟ ਦਾ ਭੇਤ ਖੁੱਲ੍ਹ ਜਾਣ ਦੇ ਡਰੋਂ ਉਸ ਵਕਤ 'ਦੜ੍ਹ ਵੱਟ ਜ਼ਮਾਨਾ ਕੱਟ' ਵਾ਼ਲਾ ਫਾਰਮੂੱਲਾ ਅਜ਼ਮਾਉਣਾ ਹੀ ਮੁਨਾਸਿਬ ਸਮਝਿਆ। ਕਿਉਂਕਿ ਪਿਛਲੇ ਕਈ ਮਹੀਨਿਆਂ ਤੋਂ ਆਪਾਂ ਤਾਂ ਰਿਟਾਇਰ ਹੋ ਕੇ ਮੌਜਾਂ ਮਾਣ ਰਹੇ ਸਾਂ ਅਤੇ ਸਾਡੀ ਇਕਲੌਤੀ ਮਿਸਿਜ਼ 12-1300 ਪੌਂਡ ਮਹੀਨੇ ਨਾ਼ਲ ਸਾਡੀ ਤਜੋਰੀ ਹਮੇਸ਼ਾਂ ਭਰੀ ਰੱਖਦੀ ਸੀ। ਇਸ ਲਈ ਉਸ ਵਕਤ ਹੋਠਾਂ ਨੂੰ ਜਿੰਦਰਾ ਲਾਉਣਾ ਹੀ ਸਿਆਣਪ ਸਮਝੀ ਗਈ।'' ਉੱਚੀ-ਉੱਚੀ ਗੱਲਾਂ ਕਰ ਰਹੇ ਦਿਆਲ ਦੀ ਕਹਾਣੀ ਸੁਣਕੇ

ਇਤਨੇ ਹਿੱਸੇ ਮੈਂ ਬੱਟ ਗਯਾ ਹੂੰ ਮੈ,
ਮੇਰੇ ਹਿੱਸੇ ਮੇਂ ਕੁਛ ਬਚਾ ਹੀ ਨਹੀਂ।

ਹੱਸਦਿਆਂ ਮੇਰੀਆਂ ਅੱਖਾਂ ਵਿੱਚ ਵੀ ਪਾਣੀ ਆ ਗਿਆ ਸੀ।

"ਇਹ ਤਾਂ ਤੈਨੂੰ ਪਤਾ ਹੀ ਆ ਕਿ ਆਹ ਜਿਹੜੀ ਆਪਣੇ ਘਰਾਂ ਦੇ ਨਜ਼ਦੀਕ ਪਾਰਕ ਆ ਉੱਥੇ ਲੋਕ ਅਕਸਰ ਸਵੇਰ-ਸ਼ਾਮ ਕੁੱਤਿਆਂ ਨੂੰ ਸੈਰ ਕਰਨ ਦੇ ਬਹਾਨੇ ਲੈ ਕੇ ਜਾਂਦੇ ਆ। ਪਹਿਲਾਂ-ਪਹਿਲ ਉਨ੍ਹਾਂ ਨੂੰ ਦੇਖ ਕੇ ਕਈ ਵਾਰੀ ਮੈਨੂੰ ਇੰਝ ਲੱਗਣਾ ਜਿਵੇਂ ਕੁੱਤੇ ਅਤੇ ਮਾਲਕ ਵਿਚ ਰੱਸਾ-ਕਸ਼ੀ ਦਾ ਮੈਚ ਚੱਲ ਰਿਹਾ ਹੋਵੇ, ਕਿਉਂਕਿ ਕੁੱਤੇ ਨੂੰ ਪਾਰਕ ਵਿਚ ਪਹੁੰਚ ਕੇ ਆਪਣਾ ਭਾਰ ਹਲਕਾ ਕਰਨ ਦੀ ਕਾਹ.ਲ ਹੁੰਦੀ, ਉਹ ਅੱਗੇ ਨੂੰ ਖਿੱਚਦਾ ਤੇ ਉਸਦਾ ਮਾਲਕ ਤੇਜ਼ ਤੁਰਨਾ ਨਹੀਂ ਚਾਹੁੰਦਾ, ਇਸ ਲਈ ਉਹ ਕੁੱਤੇ ਦੀ ਸੰਗ਼ਲੀ ਪਿੱਛੇ ਨੂੰ ਖਿੱਚੀ ਜਾਂਦਾ। ਕਈ ਵਾਰ ਤਾਂ ਇਸੇ ਖਿੱਚ-ਧੂ ਵਿੱਚ ਹੀ ਕੁੱਤਾ ਬੇਵੱਸ ਹੋ ਕੇ ਅੜ ਖੜੋਂਦਾ 'ਤੇ ਫੁੱਟਪਾਥ ਦੇ ਵਿਚਕਾਰ ਹੀ ਢੇਰੀ ਲਗਾ ਦਿੰਦਾ। ਇਹ ਦੇਖ ਕੇ ਮੈਨੂੰ ਬੜਾ ਗੁੱਸਾ ਆਉਂਦਾ ਹੁੰਦਾ ਸੀ।"

ਖ਼ੈਰ! ਹੁਣ ਤਾਂ ਆਪਾਂ ਨੂੰ ਪਤਾ ਹੀ ਆ ਕਿ ਇੱਥੇ ਕਾਨੂੰਨ ਬਣ ਚੁੱਕਾ ਕਿ ਅਗਰ ਕੁੱਤੇ ਦਾ ਮਾਲਕ ਗੰਦ ਪਾਉਂਦਾ ਫੜ੍ਹਿਆ ਜਾਵੇ ਤਾਂ ਇੱਕ ਹਜ਼ਾਰ ਪੌਂਡ ਤੱਕ ਜ਼ੁਰਮਾਨਾ ਜਾਂ ਸਜ਼ਾ ਵੀ ਹੋ ਸਕਦੀ ਹੈ। ਪਰ ਅਜੇ ਵੀ ਕਈ ਦਲੇਰ ਕੁੱਤੇ-ਬਾਜ਼ ਹਨੇਰ-ਸਵੇਰ ਆਪਣਾ ਦਾਅ ਲਾ ਹੀ ਜਾਂਦੇ ਆ। ਪਰ ਜ਼ਿਆਦਾਤਰ ਲੋਕ ਆਪਣੇ ਮੁਲਕ ਦੀ ਸਫ਼ਾਈ ਰੱਖਣ ਜਾਂ ਜ਼ੁਰਮਾਨੇ ਤੋਂ ਡਰਦਿਆਂ, ਕੁੱਤਾ-ਸੈਰ ਸਮੇਂ ਆਪਣੇ ਨਾ.ਲ ਇੱਕ-ਦੋ ਪੋਲੀਥੀਨ ਦੇ ਲਿਫ਼ਾਫ਼ੇ ਜ਼ਰੂਰ ਰੱਖਦੇ ਆ। ਅਗਰ ਕੁੱਤਾ, ਸੈਰ ਦੌਰਾਨ ਜੰਗਲ ਪਾਣੀ ਲਈ ਬੈਠ ਜਾਵੇ ਤਾਂ ਇਹ ਬੜੇ ਹੀ ਸਲੀਕੇ ਨਾ.ਲ ਹੱਥ ਵਿੱਚ ਫੜੇ ਲਿਫ਼ਾਫ਼ੇ ਨੂੰ ਪੁੱਠਾ ਕਰਕੇ ਦਸਤਾਨੇ ਵਾਂਗ ਹੱਥ ਉੱਪਰ ਝੜ੍ਹਾ ਲੈਂਦੇ ਹਨ। ਫਿਰ ਇਹ ਕੁੱਤੇ ਦੀ ਲਾਈ ਹੋਈ ਢੇਰੀ ਦੀ ਮੁੱਠ ਭਰਕੇ ਲਿਫ਼ਾਫ਼ਾ ਸਿੱਧਾ ਕਰਕੇ ਉਸਨੂੰ ਗੱਠ ਦੇ ਲੈਂਦੇ ਹਨ, ਅਤੇ ਹੱਥ ਵਿੱਚ ਫੜ੍ਹ ਕੇ ਇੰਝ ਟੌਹਰ ਨਾ.ਲ ਬਾਂਹ ਹਿਲਾ-ਹਿਲਾ ਤੁਰਦੇ ਹਨ ਜਿਵੇਂ ਪਿੰਡ ਦਾ ਲੰਬੜਦਾਰ ਸ਼ਾਮ ਨੂੰ ਤਸੀਲੋਂ ਵਾਪਸ ਆਉਂਦਾ ਹੋਇਆ, ਲੋਕਾਂ ਕੋ.ਲੋਂ ਤਿੱਪ ਕੁ ਪੀ ਕੇ ਅਤੇ ਨਿਆਣਿਆਂ ਲਈ ਮੁਫ਼ਤ ਵਿੱਚ ਲਿਆਂਦੀ ਮਠਿਆਈ ਵਾ.ਲਾ ਲਿਫ਼ਾਫ਼ਾ ਫੜ੍ਹ ਕੇ ਤੁਰਦਾ ਹੈ।" ਤਾੜੀ ਮਾਰ ਕੇ ਹੱਸਦਿਆਂ ਉਸ ਨੇ ਕਿਹਾ।

"ਉਂਝ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੁੱਤਾ ਇਕ ਬਹੁਤ ਹੀ ਸਿਆਣਾ ਜਾਨਵਰ ਹੈ। ਇਸ ਦੀ ਸੁੰਘਣ ਅਤੇ ਸੁਣਨ ਸ਼ਕਤੀ ਦਾ ਲੋਹਾ ਦੁਨੀਆਂ ਮੰਨਦੀ ਹੈ। ਸ਼ੌਕ ਦਾ ਤਾਂ ਕੋਈ ਮੁੱਲ ਹੁੰਦਾ ਨਹੀਂ, ਪਰ ਪੰਜਾਬ ਵਿੱਚ ਘੋੜੀ ਪਾਲਣ ਵਾਂਗ ਇਨ੍ਹਾਂ ਮੁਲਕਾਂ ਵਿਚ ਕੁੱਤਾ-ਬਿੱਲੀ ਪਾਲਣਾ ਮਾਸੀ ਜੀ ਦਾ ਵਾੜਾ ਨਹੀਂ ਹੈ। ਤੈਨੂੰ ਤਾਂ ਪਤਾ ਹੀ ਆ ਕਿ ਕਿਵੇਂ ਇੱਥੇ ਇਨਸਾਨਾਂ ਵਾਂਗ ਕੁੱਤਿਆਂ-ਬਿੱਲੀਆਂ ਦੀਆਂ ਵੱਖਰੀਆਂ ਹੇਅਰ-ਡਰੈਸਿੰਗ ਦੁਕਾਨਾਂ ਉੱਤੇ ਵਾ.ਲ ਕਟਾ ਕੇ ਬਕਾਇਦਾ ਗਰੂਮਿੰਗ ਕਰਵਾਈ ਜਾਂਦੀ ਹੈ। ਡੱਬਾ-ਬੰਦ ਖ਼ੁਰਾਕ ਦੇਣੀ ਪੈਂਦੀ ਆ। ਕੁੱਤਿਆਂ ਦੇ ਹਸਪਤਾਲਾਂ ਵਿੱਚ ਦਵਾ-ਦਾਰੂ ਦੇ ਨਾ.ਲ ਹਰ ਸਾਲ ਟੀਕੇ ਵਗੈਰਾ ਵੀ ਲਗਾਉਂਣੇ ਪੈਂਦੇ ਹਨ। ਜਿਵੇਂ ਆਪਾਂ ਜਾਣਦੇ ਹੀ ਹਾਂ ਕਿ ਇਨਸਾਨਾਂ ਦੀ ਹਰ ਬਿਮਾਰੀ ਦਾ ਇਲਾਜ ਤਾਂ ਇੱਥੇ ਇੰਗਲੈਂਡ ਵਿੱਚ ਬਿਲਕੁਲ ਮੁਫ਼ਤ ਹੈ, ਪਰ ਲੋੜ ਪੈਣ ਤੇ ਜਾਨਵਰਾਂ ਦੇ ਦਵਾਦਾਰੂ ਦਾ ਖਰਚਾ ਪੱਲਿਓ ਹੀ ਦੇਣਾ ਪੈਂਦਾ। ਇਨਸਾਨਾਂ ਵਾਂਗ ਕੁੱਤਿਆਂ-ਬਿੱਲੀਆਂ ਦੇ ਹਾਰਟ ਔਪਰੇਸ਼ਨ, ਬਾਈਪਾਸ ਜਾਂ ਪੇਸ-ਮੇਕਰ ਲਈ ਹਜ਼ਾਰਾਂ ਪੌਂਡਾਂ ਦਾ ਖਰਚਾ ਪੱਲਿਉਂ ਝੱਲਣਾ ਪੈਂਦਾ। ਕਿਉਂਕਿ ਜਾਨਵਰਾਂ ਦੀ ਹਰ ਬਿਮਾਰੀ ਦਾ ਸਾਰਾ ਖ਼ਰਚ ਮਾਲਕ ਨੂੰ ਆਪ ਦੇਣਾ ਪੈਂਦਾ, ਇਸ ਲਈ ਜ਼ਿਆਦਾਤਰ ਲੋਕ ਇਨਸਾਨਾ ਵਾਂਗ ਜਾਨਵਰਾਂ ਦੀ ਵੀ ਇੰਸ਼ੋਰੈਂਸ ਕਰਵਾ ਲੈਂਦੇ ਆ। ਮੀਂਹ-ਹਨੇਰੀ ਜਾਂ ਬਰਫ਼ ਪੈਂਦੀ ਹੋਵੇ, ਦਿਹਾੜੀ ਵਿੱਚ ਕੁੱਤੇ ਨੂੰ ਇੱਕ-ਦੋ ਵਾਰ ਸੈਰ ਤਾਂ ਕਰਾਉਣੀ ਹੀ ਹੁੰਦੀ ਹੈ। ਜੇਕਰ ਛੁੱਟੀਆਂ ਕੱਟਣ ਘਰੋਂ ਗ਼ੈਰ-ਹਾਜ਼ਰ ਰਹਿਣਾ ਹੋਵੇ ਤਾਂ ਇਨ੍ਹਾਂ ਦੀ ਦੇਖ-ਭਾਲ ਲਈ ਪ੍ਰਬੰਧ ਵੀ ਕਰਨਾ ਪੈਂਦਾ। ਅਗਰ ਪਤਾ ਲੱਗਣ ਤੇ ਕਿਸੇ ਵੀ ਪਾਲਤੂ ਜਾਨਵਰ ਦੀ ਦੇਖ-ਭਾਲ ਵਿੱਚ ਮਾਲਕ ਦੀ ਅਣਗਹਿਲੀ ਸਾਬਤ ਹੋ ਜਾਵੇ ਤਾਂ ਜ਼ੁਰਮਾਨੇ ਦੇ ਨਾ.ਲ-ਨਾ.ਲ ਕਈ ਵਾਰੀ ਕੋਰਟ ਵਲੋਂ ਉਮਰ ਭਰ ਲਈ ਕੋਈ ਵੀ ਪਾਲਤੂ ਜਾਨਵਰ ਨਾ ਰੱਖਣ ਦੀ ਸ਼ਰਤ ਵੀ ਲਗਾਈ ਜਾ ਸਕਦੀ ਹੈ।"

ਲੰਮੇ ਅਰਸੇ ਤੋਂ ਇਸ ਮੁਲਕ ਵਿੱਚ ਰਹਿੰਦਿਆਂ ਜਿੱਥੇ ਅਸੀਂ ਅੰਗਰੇਜ਼ਾਂ ਦੀਆਂ ਬਹੁਤ ਸਾਰੀਆਂ ਚੰਗੀਆਂ, ਮਾੜੀਆਂ ਆਦਤਾਂ ਅਪਣਾ ਲਈਆਂ ਹਨ, ਉੱਥੇ ਕੁੱਤੇ-ਬਿੱਲੀਆਂ ਤੋਂ ਜ਼ਿਆਦਾਤਰ ਸਾਡੇ ਦੇਸੀ ਲੋਕ ਅਜੇ ਵੀ ਦੂਰ ਹੀ ਰਹਿੰਦੇ ਹਾਂ। ਕਿਉਂਕਿ ਕੁੱਤਾ ਤਾਂ ਸਾਡੇ ਲਈ ਬਸ ਇੱਕ ਕੁੱਤਾ ਹੀ ਹੈ। ਕਿਹੜੀ ਨਸਲ ਕਿੱਥੋਂ ਆਈ, ਕੱਦਕਾਠ, ਰੰਗ-ਰੂਪ, ਆਦਤਾਂ ਆਦਿ ਅਜਿਹੀਆਂ ਗੱਲਾਂ ਉੱਤੇ ਅਸੀਂ; ਖ਼ਾਸ ਕਰ ਪੰਜਾਬੀ, ਘੱਟ ਹੀ ਦਿਮਾਗ਼ ਖ਼ਰਚੀ ਕਰਦੇ ਹਾਂ।"

ਇਸੇ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਕੰਮ ਅਸੀਂ ਦੂਸਰਿਆਂ ਦੇ ਕਰਨ ਲਈ ਛੱਡੇ ਹੋਏ ਹਨ, ਜਿਵੇਂ ਛੱਤ ਨੂੰ ਤਾਂ ਅਸੀਂ ਛੱਤ ਹੀ ਕਹਾਂਗੇ, ਬਾਹਰ ਵਾ.ਲੀ ਵੀ ਛੱਤ ਅਤੇ ਅੰਦਰ ਵਾਲੀ ਵੀ ਛੱਤ। ਪੌੜੀ, ਪੱਕੀ ਉਹ ਵੀ ਪੌੜੀ, ਬਾਂਸ ਜਾਂ ਲੋਹੇ ਦੀ ਜਾਂ ਦੋ ਲੱਤਾਂ ਵਾਲੀ ਨੂੰ ਵੀ ਬਸ ਇਨ੍ਹਾਂ ਨੂੰ ਪੌੜੀ ਕਹਿ ਕੇ ਹੀ ਬੁੱਤਾ ਸਾਰ ਲੈਂਦੇ ਹਾਂ। ਬੁੱਲ-ਡੌਗ, ਜਰਮਨ-ਸ਼ੈਪਰਡ, ਗਰੇ-ਹਾਉਂਡ, ਕੋਰਗੀ, ਲੇਬਰਡੋਰ, ਪੂਡਲ ਆਦਿ ਕੁੱਤਿਆਂ ਦੀਆਂ ਸੈਂਕੜੇ ਨਸਲਾਂ ਹਨ। ਸਾਡੀ ਜਾਣੇ ਬਲਾ। ਅਸੀਂ ਇਸ ਕੁੱਤੇ ਕੰਮ ਤੋਂ ਭਲਾ ਕੀ ਲੈਣਾ।" ਦਿਆਲ ਦੀਆਂ ਦਿਲਚਸਪ ਗੱਲਾਂ ਸੁਣ-ਸੁਣ ਮੈਂ ਹੈਰਾਨ ਹੋਈ ਜਾ ਰਿਹਾ ਸਾਂ।

-"ਕੁੱਤੇ, ਬਿੱਲੀਆਂ ਨਾ.ਲ ਸਬੰਧਤ ਹੀ ਇੱਕ ਹੋਰ ਕਈ ਸਾਲ ਪੁਰਾਣੀ ਪਰ ਹਾਸੇ ਵਾ.ਲੀ ਗੱਲ ਸੁਣਾਉਂਦਾ ਤੈਨੂੰ "ਗੰਜੇ ਸਿਰ ਤੋਂ ਪੇਪਰ ਟਿਸ਼ੂ ਨਾ.ਲ ਪਸੀਨਾ ਪੂੰਝਦਿਆਂ ਉਸ ਨੇ ਮੇਰੇ ਹੁੰਘਾਰਾ ਭਰਨ ਤੋਂ ਪਹਿ.ਲਾਂ ਹੀ ਕਹਿਣਾ ਸ਼ੁਰੂ ਕੀਤਾ। -"ਸਾਡੇ ਨਵੇਂ ਆਏ ਗਵਾਂਢੀਆਂ ਨੇ ਜੇਕ ਰਸਲ ਨਸਲ ਦਾ ਕੁੱਤਾ ਅਤੇ ਰੈਗਡੌਲ ਨਸਲ ਦੀ ਬਹੁਤ ਹੀ ਖ਼ੂਬਸੂਰਤ ਬਿੱਲੀ ਰੱਖੀ ਹੋਈ ਸੀ ਜਿਹੜੀ ਅਕਸਰ ਸਾਂਝੀ ਵਾੜ ਟੱਪ ਕੇ ਸਾਡੇ ਪਾਸੇ ਵੱਲ੍ਹ ਵੀ ਆ ਜਾਂਦੀ ਸੀ। ਪਹਿਲਾਂ ਪਹਿਲ ਮੈਨੂੰ ਵੀ ਉਸਦੀਆਂ ਖ਼ੂਬਸੂਰਤ ਅਦਾਵਾਂ ਨਾ.ਲ ਮੋਹ ਜਿਹਾ ਹੋ ਗਿਆ ਸੀ। ਦਿਨਾਂ ਵਿੱਚ ਹੀ ਉਹ ਕੂ.ਲੇ-ਕੂ.ਲੇ ਫਰ ਵਾ.ਲੀ ਹਸੀਨਾ ਮੇਰੇ ਪੈਰਾਂ ਵਿੱਚ ਲਿਟਣ ਦੀ ਆਦੀ ਹੋ ਗਈ ਸੀ।

ਮੈਨੂੰ ਆਪਣੇ ਗਾਰਡਨ ਵਿੱਚ ਫੁੱਲ-ਬੂਟੇ, ਸਬਜ਼ੀਆਂ, ਧਨੀਆ-ਮੇਥੇ ਵਗੈਰਾ ਲਾਉਣ ਦਾ ਬੜਾ ਪੁਰਾਣਾ ਠਰਕ ਦੀ ਹੱਦ ਤੱਕ ਸ਼ੌਂਕ ਹੈ। ਉਹ ਖ਼ੂਬਸੂਰਤ ਬਲਾ ਰਾਤ-ਬਰਾਤੇ ਅੱਖ ਬਚਾ ਕੇ ਮੇਰੀ ਤਾਜ਼ੀ ਗੋਡੀ ਕੀਤੀ ਹੋਈ ਨਰਮ-ਨਰਮ ਮਿੱਟੀ ਵਿੱਚ ਆਪਣਾ ਭਾਰ ਹਲਕਾ ਕਰ ਕੇ ਬਾਅਦ ਵਿੱਚ ਉੱਪਰ ਮਿੱਟੀ ਦਾ ਪੋਚਾ ਫੇਰ ਜਾਂਦੀ ਸੀ। ਜਿਸ ਦਿਨ ਤੋਂ ਸਾਡੀ ਸ਼੍ਰੀਮਤੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਸਨੇ ਹੁਕਮ ਸੁਣਾ ਦਿੱਤਾ ਕਿ ਤੁਹਾਡੀ ਗਾਰਡਨ ਵਿੱਚ

ਕੁਝ ਪੜ੍ਹੇ ਲਿਖੇ (ਚਾਤਰ) ਲੋਕਾਂ ਨੇ ਗਰੀਬਾਂ ਨੂੰ ਲੁੱਟਣ ਲਈ
ਇੱਕ ਸੰਸਥਾ ਬਣਾਈ ਹੈ, ਜਿਸਨੂੰ ਸਰਕਾਰ ਕਹਿੰਦੇ ਨੇ। -ਮੁਨਸ਼ੀ ਪ੍ਰੇਮਚੰਦ

ਉਗਾਈ ਹੋਈ ਕੋਈ ਵੀ ਚੀਜ਼ ਕਿੱਚਨ ਦੇ ਨੇੜੇ-ਤੇੜੇ ਨਹੀਂ ਢੁਕਣੀ ਚਾਹੀਦੀ। ਇਹ ਸੁਣਕੇ ਮਨ ਨੂੰ ਬੜੀ ਠੇਸ ਲੱਗੀ। ਸਾਲਾਂ ਤੋਂ ਸਾਡੇ ਉਗਾਏ ਮੇਥੇ-ਧਨੀਆਂ, ਸਾਡੀ ਰਸੋਈ ਦੀ ਸ਼ਾਨ, ਸਾਡਾ ਮਾਣ, ਪਲਾਂ 'ਚ ਮਿੱਟੀ ਵਿੱਚ ਮਿਲਾਉਣ ਵਾਲ਼ੀ, ਮੇ ਰੀ ਸੌਂਕਣ ਬਣੀ ਬਿੱਲੀ ਦੀ ਐਹੀ-ਤੈਹੀ। ਲਾਲ-ਪੀਲ਼ਾ ਹੁੰਦਿਆਂ ਇੱਕ ਦਿਨ ਮੈਂ ਸੋਚਿਆ ਕਿ ਹੁਣ ਤਾਂ ਇਸ ਦਾ ਕੁੱਝ ਨਾ ਕੁੱਝ ਕਰਨਾ ਹੀ ਪੈਣਾ।

ਫਿਰ ਕੀ ਸੀ ਹੌਲ਼ੀ-ਹੌਲ਼ੀ ਬਿੱਲੀ ਨਾਲ਼ ਮੇਰੀ ਸੀਤ-ਜੰਗ, ਹਥਿਆਰਬੰਦ-ਜੰਗ ਵਿਚ ਬਦਲਦੀ ਗਈ। ਉਸ ਬਲਾ ਤੋਂ ਛੁਟਕਾਰਾ ਪਾਉਣ ਲਈ ਪੀਸੀਆਂ ਹੋਈਆਂ ਲਾਲ ਮਿਰਚਾਂ ਦਾ ਛਿੜਕਾ ਵੀ ਕਰ ਕੇ ਦੇਖਿਆ, ਪਤਲੀ ਜਾਲ਼ੀ ਦੀ ਵਿਛਾਈ ਵੀ ਕਰ ਦੇਖੀ, ਤੀਹ ਪੌਂਡ ਖਰਚ ਕੇ ਬਿੱਲੀ ਅਲਾਰਮ ਵੀ ਲਾਇਆ। ਪਰ ਸਭ ਬੇਅਰਥ। ਕਿਉਂਕਿ ਉਹ ਹਮੇਸ਼ਾਂ ਰਾਤ ਦੇ ਹਨੇਰੇ ਵਿੱਚ ਕੋਈ ਨਾ ਕੋਈ ਪੋਲੀ ਜਗ੍ਹਾ ਲੱਭ ਕੇ ਆਪਣਾ ਪੇਟ ਹਲਕਾ ਕਰ ਜਾਂਦੀ ਸੀ ਇਸ ਲਈ

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕੀਤਾ ਜਾਵੇ?

ਉਂਝ ਇੰਨੀ ਜਲਦੀ ਹਾਰ ਮੰ ਨਣ ਵਾਲ਼ਾ ਤਾਂ ਮੈਂ ਵੀ ਨਹੀਂ ਸੀ। ਕਿਉਂਕਿ ਸਾਡਾ ਦੁਸ਼ਮਣ ਹਮ ਸ਼ਾਂ ਹਨੇਰੇ ਵਿੱਚ ਅਟੈਕ ਕਰਦਾ ਸੀ ਇਸ ਲਈ ਤੰਗ ਆ ਕੇ ਇੱਕ ਸ਼ਾਮ ਮੈਂ ਛੋਟੇ-ਛੋਟੇ ਰੋੜੇ ਇਕੱਠੇ ਲਏ, ਬੀਅਰ ਦੇ ਡੱਬੇ ਕੋਲ਼ ਰੱਖਕੇ ਘਾਤ ਲਾ ਕੇ ਦੁਸ਼ਮਣ ਦੀ ਉਡੀਕ ਵਿੱਚ ਪੂਰੀ ਮੋਰਚਾ ਬੰਦੀ ਕਰ ਲਈ। ਦੋ ਘੰਟਿਆਂ ਦੀ ਉਡੀਕ ਅਤੇ ਚਾਰ ਡੱਬੇ ਬੀਅਰ ਦੇ ਪੀਣ ਤੋਂ ਬਾਅਦ, ਜਿਉਂ ਹੀ ਦੁਸ਼ਮਣ ਨੇ ਹਨੇਰੇ ਦੀ ਆੜ ਵਿੱਚ ਸਾਂਝੀ ਵਾੜ ਟੱਪ ਕੇ ਮੇਰੀ ਤਾਜ਼ਾ ਗੁੱਡੀ ਹੋਈ ਕਿਆਰੀ ਵਿੱਚ ਆਪਣਾ ਖਜ਼ਾਨਾ ਦੱਬਣ ਲਈ ਟੋਆ ਪੁੱਟਣਾ ਸ਼ੁਰੂ ਕੀਤਾ, ਮੈਂ ਛੋਟੇ-ਛੋਟੇ ਰੋੜਿਆਂ ਦੀ ਮੁੱਠ ਭਰਕੇ ਪੂਰੇ ਜ਼ੋਰ ਨਾਲ਼ ਉਸ ਵੱਲ੍ਹ ਵਗਾਹ ਕੇ ਮਾਰੀ। ਉਹ ਥੋੜਾ ਭਲਾ ਹੋ ਜੇ। ਬਿੱਲੀ ਦੇ ਵੀ ਕੋਈ ਰੋੜਾ ਲੱਗਾ ਜਾਂ ਨਹੀ, ਇਹ ਤਾਂ ਪਤਾ ਨਹੀਂ ਪਰ ਸਾਹਮਣੇ ਸ਼ੀਸ਼ੇ ਦੇ 'ਗਰੀਨ ਹਾਊਸ' ਦੀਆਂ ਤਿੰਨ ਪੈਨਲਾਂ ਦੇ ਸ਼ੀਸ਼ੇ ਚਕਨਾਚੂਰ ਹੋ ਗਏ। ਦੂਸਰੇ ਦਿਨ ਘਰਵਾਲ਼ੀ ਦੇ ਪੇਕਿਆਂ ਤੋਂ ਵਾਪਸ ਆਉਣ ਤੋਂ ਪਹਿਲਾਂ-ਪਹਿਲਾਂ ਤੀਹ ਪੌਂਡ ਖਰਚ ਕੇ ਨਵੇਂ ਸ਼ੀਸ਼ੇ ਪਵਾਉਣੇ ਪਏ।"

ਇੱਕ ਵਾਰੀ ਫਿਰ ਦੋਹਾਂ ਹੱਥਾਂ ਨਾਲ਼ ਤਾੜੀ ਮਾਰ ਕੇ ਉੱਚੀ-ਉੱਚੀ ਹੱਸਦਿਆਂ ਉਸਨੇ ਕਿਹਾ। "ਬਈ ਨਸ਼ਾਂ ਵੀ ਕਮਾਲ ਦੀ ਸ਼ੈਅ ਆ। ਗੱਲ਼ ਤਾਂ ਆਪਾਂ ਸ਼ੇਰੂ ਦੀ ਕਰਨ ਲੱਗੇ ਸੀ ਪਰ ਇਹ ਨਸ਼ੇ ਦੀ ਕਰਾਮਾਤ ਹੀ ਕਹੀ ਜਾ ਸਕਦੀ ਆ ਕਿ ਮੁੜ ਹੋਰ ਹੀ ਪਾਸੇ ਨੂੰ ਗਈ। ਦੱਸਣਾ ਤਾਂ ਮੈਂ ਇਹ ਚਹੁੰਦਾ ਸਾਂ ਕਿ ਸਾਰੀ ਉਮਰ ਕੁੱਤਿਆਂ-ਬਿੱਲੀਆਂ ਨੂੰ ਨਫ਼ਰਤ ਕਰਨ ਵਾਲ਼ਾ ਮੈਂ ਇਨ੍ਹਾਂ ਨੂੰ ਪਿਆਰ ਕਿਵੇਂ ਕਰਨ ਲੱਗ ਪਿਆ?"

ਬਾਥ ਰੂਮ 'ਤੋਂ ਵਾਪਸ ਆ ਕੇ ਰਿਕਲਾਈਨਿੰਗ ਚੇਅਰ ਉੱਤੇ ਬੈਠ ਕੇ ਥੋੜ੍ਹਾ ਸੀਰੀਅਸ ਹੁੰਦਿਆਂ ਉਸਨੇ ਕਹਿਣਾ ਸ਼ੁਰੂ ਕੀਤਾ। "35 ਸਾਲ ਦੀ ਉਮਰ ਵਿੱਚ ਮੈਂ ਇੰਡੀਆਂ ਜਾ ਕੇ ਵਿਆਹ ਕਰਵਾਇਆ ਸੀ। ਘਰ ਵਾਲ਼ੀ ਮੇਰੇ ਨਾਲ਼ੋਂ ਸੱਤ-ਅੱਠ ਸਾਲ ਛੋਟੀ ਆ। ਕਈ ਤਰ੍ਹਾਂ ਦੇ ਇਲਾਜ਼ ਕਰਾਉਣ ਅਤੇ ਵਿਆਹ ਤੋਂ ਅੱਠ ਸਾਲਾਂ ਬਾਅਦ ਮਸੀਂ-ਮਸੀਂ ਸਾਨੂੰ ਲੜਕੇ ਦਾ ਮੂੰਹ ਦੇਖਣਾ ਨਸੀਬ ਹੋਇਆ ਸੀ... ਸਾਡੀ ਇਕਲੌਤੀ ਔਲਾਦ ਸਾਡਾ ਲੜਕਾ ਪੜ੍ਹਣ ਨੂੰ ਬਹੁਤ ਹੁਸ਼ਿਆਰ ਨਿਕਲਿਆ... ਸਮਾਂ ਪਾ ਕੇ ਲਿਵਰਪੂਲ ਯੂਨੀਵਰਸਿਟੀ ਵਿੱਚ ਉਸਨੂੰ ਮੈਡੀਕਲ ਵਿੱਚ ਦਾਖ਼ਲਾ ਮਿਲ ਗਿਆ।

ਯੂਨੀਵਰਸਿਟੀ ਜਾਣ ਤੋਂ ਬਾਅਦ ਪਹਿਲਾਂ-ਪਹਿਲ ਤਾਂ ਉਹ ਤਿੰਨ-ਚਾਰ ਹਫ਼ਤਿਆਂ ਬਾਅਦ ਸਾਨੂੰ ਮਿਲਣ ਆਉਂਦਾ ਰਿਹਾ, ਫਿਰ ਹੌਲ਼ੀ-ਹੌਲ਼ੀ ਤਿੰਨ-ਚਾਰ ਮਹੀਨਿਆਂ ਬਾਅਦ ਆਓ ਣ ਲੱਗਾ। ਮੈਨੂੰ ਦਾਲ਼ ਵਿੱਚ ਕੁੱਝ ਕਾਲ਼ਾ-ਕਾਲ਼ਾ ਨਜ਼ਰ ਆਇਆ। ਇੱਕ ਦਿਨ ਮਿਲਣ ਆਏ ਨੂੰ ਛੇੜਦਿਆਂ ਮੈਂ ਕਿਹਾ- 'ਕਾਕਾ ਪੜ੍ਹਾਈ ਵਿੱਚ ਧਿਆਨ ਰੱਖੀਂ! ਦੇਖੀਂ ਕਿਤੇ ਪੇਪਰ ਡਿਗਰੀ ਦੇ ਨਾਲ਼-ਨਾਲ਼ ਦੋ ਲੱਤਾਂ ਵਾਲ਼ੀ ਡਿਗਰੀ ਵੀ ਨਾ ਲੈ ਆਵੀਂ।" ਓਹੀ ਗੱਲ ਹੋਈ, ਜਿਸ ਦਿਨ ਅਸੀਂ ਉਸ ਦੀ ਗਰੈਜੂਏਸ਼ਨ ਮੌਕੇ ਯੂਨੀਵਰਸਿਟੀ ਗਏ ਤਾਂ ਉਸਨੇ ਸਾਨੂੰ ਇੱਕ ਬਹੁਤ ਹੀ ਖ਼ੂਬਸੂਰਤ ਗੋਰੀ ਲੜਕੀ ਨਾਲ਼ ਮਿਲਾਇਆ। ਜਿਹੜੀ ਕੁੱਝ ਸਾਲਾਂ ਬਾਅਦ ਸਾਡੀ ਨੂੰਹ ਬਣੀ।

ਹਾਂ ਸੱਚ! ਅਸਲ ਗੱਲ ਦੱਸਣੀ ਤਾਂ ਮੈਂ ਭੁੱਲ ਹੀ ਚੱਲਿਆ ਸਾਂ ਕਿ ਯੂਨੀ ਦੀ ਪੜ੍ਹਾਈ ਖ਼ਤਮ ਹੋਣ ਤੋਂ ਤਿੰਨ ਕੁ ਮਹੀਨੇ ਪਹਿਲਾਂ ਸਾਨੂੰ ਮਿਲਣ ਆਇਆ ਸਾਡਾ ਲੜਕਾ, ਹਫ਼ਤੇ ਕੁ ਦਾ ਇੱਕ ਲੇਬਰੇਡੋਰ ਕੁੱਤੀ ਦਾ ਕਤੂਰਾ ਸਾਡੇ ਪਾਸ ਇਹ ਕਹਿ ਕੇ ਛੱਡ ਗਿਆ ਕਿ ਜਦੋਂ ਇਹ ਖਾਣਾ ਖਾਣ ਲੱਗ ਪਿਆ ਫਿਰ ਮੈਂ ਇਸਨੂੰ ਲੈ ਜਾਵਾਂਗਾ। ਓ ਸ ਨੇ ਦੱਸਿਆ ਕਿ ਯੂਨੀ ਵਿੱਚ ਬਣੇ ਮੇਰੇ ਇੱਕ ਦੋਸਤ ਦੇ ਮਾਂ-ਬਾਪ ਦੀ ਕੁ ਤੀ ਨੇ ਪੰਜ ਕਤੂਰੇ ਦਿੱਤੇ ਹਨ ਅਤੇ ਇਹ ਮੈਂ ਆਪਣੇ ਲਈ ਲੈ ਲਿਆ ਹੈ।

ਇਹ ਤਾਂ ਸਾਨੂੰ ਦੇਰ ਬਾਅਦ ਪਤਾ ਲੱਗਾ ਕਿ ਉਹ ਆਪਣੇ ਹੋਣ ਵਾਲ਼ੇ ਸਹੁਰਿਆਂ ਦੇ ਘਰੋਂ ਇਹ ਕਤੂਰਾ ਲਿਆਇਆ ਸੀ। ਖ਼ੈਰ, ਟੂ ਕੱਟ ਦਾ ਸਟੋਰੀ ਸ਼ੌਰਟ, ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਡੌਕਟਰ ਬਣੇ ਸਾਡੇ ਲੜਕੇ ਨੂੰ ਲੰਡਨ ਹੌਸਪਿਟਲ ਵਿੱਚ ਨੌਕਰੀ ਮਿਲ ਗਈ। ਨੌਕਰੀ ਉੱਥੇ ਮਿਲ ਗਈ ਜਾਂ ਆਪਣੀ ਗੋਰੀ ਗਰਲ-ਫਰੈਂਡ ਨਾਲ਼ ਮਿਲ ਕੇ ਲੈ ਲਈ। ਰੱਬ ਜਾਣ! ਅਣਚਾਹੇ ਮਨ ਨਾਲ਼ ਸਾਨੂੰ ਉਸ ਦਾ ਵਿਆਹ ਕਰਨਾ ਪਿਆ। ਸਾਡੀ ਦੂਰੀ ਵਧਦੀ ਗਈ। ਜਿਵੇਂ ਕਿ ਤੈਨੂੰ ਪਤਾ ਹੀ ਆ ਕਿ ਹੁਣ ਉਹ ਕਦੇ ਕਦਾਈਂ ਫੋਨ 'ਤੇ ਸਾਡਾ ਹਾਲ-ਚਾਲ ਪੁੱਛ ਲੈਂਦਾ ਹੈ।

ਹਾਂ, ਤੇ ਹੁਣ ਅਸੀਂ ਨਾ ਚਾਹੁੰਦੇ ਹੋਏ ਵੀ ਉਸ ਕੁੱਤੀ ਦੇ ਕਤੂਰੇ ਦੀ ਦੇਖ-ਭਾਲ਼ ਕਰਨ ਲੱਗੇ। ਉਸ ਵਕਤ ਅਜੇ ਉਸਨੇ ਅੱਖਾਂ ਵੀ ਨਹੀਂ ਸਨ ਖੋਲ੍ਹੀਆਂ। ਜੰਮਦਿਆਂ ਸਾਰ ਹੀ ਮਾਂ ਤੋਂ ਦੂਰ ਹੋਏ ਚਊਂ-ਚਊਂ ਕਰਦੇ ਕਤੂਰੇ 'ਤੇ ਸਾਨੂੰ ਤਰਸ ਆਉਣ ਲੱਗਾ। ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਗਿਆ ਸਾਡਾ ਉਸ ਨਾਲ਼ ਮੋਹ ਵਧਦਾ ਗਿਆ। ਉਹੀ ਕਤੂਰਾ ਆ ਇਹ, ਸਾਡਾ ਸ਼ੇਰੂ... ਸਾਡੀ ਜਿੰਦ-ਜਾਨ... ਸਾਡਾ ਸਾਥੀ... ਰਖਵਾਲਾ... ਧੀ-ਪੁੱ ਤ... ਸਭ ਕੁੱ ਝ।" ਹਮੇਸ਼ਾਂ ਖੁਸ਼ ਨਜ਼ਰ ਆਉਣ ਵਾਲ਼ੇ ਦਿਆਲ ਨੇ ਘਗਿਆਈ ਆਵਾਜ਼ ਵਿੱਚ ਮਸਾਂ ਆਪਣੀ ਗੱਲ ਪੂਰੀ ਕੀਤੀ।

ਕ੍ਰਿਸਮਿੱਸ ਵਾਲ਼ੀ ਸਾਡੀ ਇਸ ਗੱਲ-ਬਾਤ ਤੋਂ ਦੋ ਕੁ ਸਾਲ ਬਾਅਦ ਜਦੋਂ ਦਿਆਲ ਦੀ ਘਰ ਵਾਲ਼ੀ ਬਰੈਸਟ ਕੈਂਸਰ ਦੀ ਭੇਟ ਚੜ੍ਹ ਗਈ ਤਾਂ ਇੱਕ ਵਾਰ ਤਾਂ ਬਸ ਉਹ ਬੌਂਦਲ ਹੀ ਗਿਆ ਸੀ। ਅਸੀਂ ਉਸਦਾ ਪੂਰਾ ਸਾਥ ਦਿੱਤਾ। ਕੁੱਝ ਦੇਰ ਬਾਅਦ ਸਾਨੂੰ ਲੱਗਾ ਜਿਵੇਂ ਉਹ ਮੁ ੜ ਪੈਰੀਂ ਆ ਗਿਆ ਹੋਵੇ, ਪਰ ਹੁਣ ਉਹ ਵਿਸਕੀ ਜ਼ਿਆਦਾ ਪੀਣ ਲੱਗ ਪਿਆ ਸੀ।

ਕਿਸੇ ਵਕਤ ਕੁੱਤੇ-ਬਿੱਲੀਆਂ ਨੂੰ ਕਤੀੜ੍ਹ ਕਹਿਣ ਵਾਲ਼ੇ

ਕਦੀ 'ਕੱਲੀ ਬਹਿ ਕੇ ਸੋਚੀਂ ਨੀ! ਇਕ ਸਵਾਲ?-ਕਦੇ ਕਿਸੇ ਨੇ ਪੰਜਾਬ 'ਚ
'ਭਈਏ' ਚਿੱਟਾ ਪੀ ਕੇ ਮਰੇ ਦੇਖੇ ਨੇ? ਸਿਰਫ਼ ਪੰਜਾਬੀ ਹੀ ਕਿਉਂ?

ਦਿਆਲ ਲਈ ਹੁਣ ਦੁਨੀਆਂ ਦੀ ਸਭ ਤੋਂ ਕੀਮਤੀ ਸ਼ੈਅ ਸ਼ੇਰੂ ਹੀ ਸੀ। ਦਿਆਲ ਵਾਂਗ ਹੀ ਦਿਨੋਂ-ਦਿਨ ਕਮਜ਼ੋਰ ਹੋ ਰਿਹਾ ਸ਼ੇਰੂ, ਬਹੁਤ ਹੀ ਸਿਆਣਾ ਕੁੱਤਾ ਸੀ। ਕਈ ਵਾਰ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਸ਼ੇਰੂ ਕੁ ਤਾ ਨਾ ਹੋ ਕੇ ਇੱਕ ਗੂੰਗਾ ਇਨਸਾਨ ਹੋਵੇ। ਉਹ ਦਿਆਲ ਦੇ ਇਸ਼ਾਰੇ ਸਮਝਣ ਨਾਲ਼-ਨਾਲ਼ ਉਸ ਦੀਆਂ ਗੱਲਾਂ ਇੰਨੇ ਧਿਆਨ ਨਾਲ਼ ਸੁਣਦਾ ਜਿਵੇਂ ਸਭ ਕੁੱਝ ਸਮਝ ਰਿਹਾ ਹੋਵੇ। ਜਦੋਂ ਦਿਆਲ ਬੋਲ ਰਿਹਾ ਹੁੰਦਾ ਸ਼ੇਰੂ ਧੌਣ ਉੱਪਰ ਨੂੰ ਚੁੱਕ ਉਸ ਵੱਲ੍ਹ ਟਿਕਟਿਕੀ ਲਾਈ ਦੇਖਦਾ ਰਹਿੰਦਾ। ਸੈਰ ਜਾਣ ਸਮੇਂ ਮੂੰਹ ਨਾਲ਼ ਦਿਆਲ ਦੀ ਖੂੰਡੀ ਲਿਆਉਣੀ, ਹਰ ਰੋਜ਼ ਸਵੇਰੇ ਦੁਕਾਨ ਤੋਂ ਅਖ਼ਬਾਰ ਮੂੰਹ ਵਿੱਚ ਘੁ ਟ ਕੇ ਦਿਆਲ ਦੇ ਪਿੱਛੇ-ਪਿੱਛੇ ਤੁਰਨਾ। ਵਾਪਸ ਘਰ ਆ ਕੇ ਉਸਦੇ ਪੈਰੀਂ ਪਾਓ ਣ ਵਾ਼ਲੇ ਸਲਿਪਰ ਲਿਆ ਕੇ ਦੇਣੇ। ਮਜ਼ਾਲ ਐ ਰਾਤ-ਦਿਨੇ ਚਿੜੀ ਵੀ ਫੜਕ ਜਾਵੇ ਦਿਆਲ ਦੇ ਘਰ ਦੇ ਆ਼ਲੇ-ਦੁਆ਼ਲੇ। ਕੀ ਸੰਬੰਧ ਸੀ ਸ਼ੇਰੂ ਦਾ ਦਿਆਲ ਨਾਲ, ਨੌਕਰ, ਬੌਡੀਗਾਰਡ ਜਾਂ …।

ਘਰ ਵਾ਼ਲੀ ਦੀ ਮੌਤ ਤੋਂ ਬਾਅਦ ਦਿਆਲ ਨੇ ਉੱਪਰ ਬੈਡਰੂਮ ਵਿੱਚ ਸੌਣ ਵਾ਼ਲਾ ਕਮਰਾ ਬਦਲ ਕੇ ਹੇਠਾਂ ਲਿਵਿੰਗ ਰੂਮ ਨੂੰ ਬੈਡਰੂਮ ਬਣਾ ਲਿਆ ਸੀ। ਇੱਕ ਸ਼ਾਮ ਵਿਸਕੀ ਥੋੜ੍ਹੀ ਜ਼ਿਆਦਾ ਪੀਣ ਕਰਕੇ ਦਿਆਲ ਗੈਸ ਕੁੱਕਰ ਉੱਤੇ ਰੱਖੇ ਪਤੀਲੇ ਹੇਠਲਾ ਗੈਸ ਬੰਦ ਕਰਨਾ ਭੁੱਲ ਗਿਆ। ਪਤੀਲੇ ਨੂੰ ਲੱਗੀ ਅੱਗ ਨੇ ਕਿਚਨ ਆਪਣੀ ਲਪੇਟ ਵਿੱਚ ਲੈ ਲਿਆ। ਪਹਿਲਾਂ ਤਾਂ ਸ਼ੇਰੂ ਨੇ ਭੌਂਕ ਕੇ ਦਿਆਲ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਫਿਰ ਉਸਨੇ ਰਜ਼ਾਈ ਖਿੱਚਣ ਤੋਂ ਬਾਅਦ ਉਸਦਾ ਪਜਾਮਾ ਖਿੱਚਿਆ, ਪਰ ਪੂਰੀ ਤਰ੍ਹਾਂ ਟੱਲੀ ਹੋਇਆ ਹੋਣ ਕਰਕੇ ਉਹ ਟੱਸ ਤੋਂ ਮੱਸ ਨਾ ਹੋਇਆ। ਅਖ਼ੀਰ ਵਿੱਚ ਸ਼ੇਰੂ ਨੇ ਦਿਆਲ ਦੇ ਪੈਰ ਦੇ ਅੰਗੂਠੇ ਉੱਤੇ ਦੰਦੀ ਵੱਢਦਿਆਂ ਉਸਨੂੰ ਜਗਾ ਕੇ ਮ ਤ ਦੇ ਮੂੰਹ ਵਿੱਚੋਂ ਬਾਹਰ ਕੱਢਿਆ।

ਦਿਆਲ ਦੀ ਸਾਡੇ ਨਾ਼ਲ ਨੇੜਤਾ ਹੋਣ ਕਰਕੇ ਸ਼ੇਰੂ ਦਾ ਵੀ ਸਾਡੇ ਨਾ਼ਲ ਕਾਫ਼ੀ ਮੋਹ ਪੈ ਗਿਆ ਸੀ। ਦਿਆਲ ਦੀ ਸਿਹਤ ਦਿਨੋਂ-ਦਿਨ ਕਮਜ਼ੋਰ ਹੁੰਦੀ ਗਈ। ਦਿਲ ਦੀ ਧੜਕਣ ਅਰੈਗੂਲਰ ਹੋਣ ਕਰਕੇ 'ਪੇਸ ਮੇਕਰ' ਲਗਵਾਉਣ ਲਈ ਇੱਕ ਰਾਤ ਦਿਆਲ ਨੂੰ ਜਦੋਂ ਹੌਸਪਿਟਲ ਰਹਿਣਾ ਪਿਆ ਤਾਂ ਸ਼ੇਰੂ ਨੂੰ ਮੈਂ ਆਪਣੇ ਘਰ ਲੈ ਆਇਆ। ਪਰ ਸਾਡੇ ਵਾਰ-ਵਾਰ ਕੋਸ਼ਿਸ਼ ਕਰਨ ਤੇ ਵੀ ਨਾ ਉਸਨੇ ਕੁੱਝ ਖਾਧਾ ਤੇ ਨਾ ਹੀ ਪੀਤਾ। ਦੂਸਰੇ ਦਿਨ ਹੌਸਪਿਟਲ ਤੋਂ ਵਾਪਸ ਆਉਂਦਿਆਂ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਦਿਆਲ ਦੀ ਗੋਦੀ ਵਿੱਚ ਸਿਰ ਸੁੱਟ ਕੇ ਸ਼ੇਰੂ ਇਸ ਤਰ੍ਹਾਂ ਪਿਆ ਸੀ ਜਿਵੇਂ ਕੋਈ ਬੱਚਾ ਆਪਣੇ ਬਾਪ ਨੂੰ ਦੇਰ ਬਾਅਦ ਮਿਲਿਆ ਹੋਵੇ। ਹੁਣ ਦਿਆਲ ਘਰੋਂ ਬਾਹਰ ਘੱਟ ਹੀ ਨਿੱਕਲਦਾ। ਕਈ ਵਾਰ ਦੁਕਾਨ ਤੋਂ ਅਖਬਾਰ ਵੀ ਸ਼ੇਰੂ ਹੀ ਲਿਆਉਂਦਾ। ਸਾਲਾਂ ਤੋਂ ਜਾਣਦਾ ਹੋਣ ਕਰਕੇ ਦੁਕਾਨਦਾਰ ਗੋ਼ਲ ਕਰਕੇ ਅਖ਼ਬਾਰ ਸ਼ੇਰੂ ਦੇ ਮੂੰਹ ਵਿੱਚ ਦੇ ਦਿੰਦਾ। ਸ਼ੇਰੂ ਆਪਣੀ ਮਸਤ ਚਾਲੇ ਤੁਰਦਾ-ਤੁਰਦਾ ਘਰ ਉਡੀਕ ਰਹੇ ਦਿਆਲ ਨੂੰ ਅਖ਼ਬਾਰ ਲਿਆ ਦਿੰਦਾ।

ਸਮਾਂ ਪਾ ਕੇ 'ਪੇਸ ਮੇਕਰ' ਨਾ਼ਲ ਦਿਆਲ ਦੀ ਸਿਹਤ ਨੂੰ ਤਾਂ ਥੋੜ੍ਹਾ ਫ਼ਰਕ ਪੈ ਗਿਆ ਲੱਗਦਾ ਸੀ ਅਤੇ ਹੌ਼ਲੀ-ਹੌ਼ਲੀ ਉਸਨੇ ਪਾਰਕ ਦਾ ਗੇੜਾ ਵੀ ਲਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਉਸਦੇ ਪਿੱਛੇ-ਪਿੱਛੇ ਆ ਰਹੇ ਸ਼ੇਰੂ ਦੀ ਰਫ਼ਤਾਰ ਦਿਨੋਂ-ਦਿਨ ਹੌ਼ਲੀ ਹੋਈ ਜਾ ਰਹੀ ਸੀ।

ਇੱਕ ਸ਼ਾਮ ਆਪਣੀ ਮਸਤ ਚਾਲੇ ਤੁਰਿਆ ਜਾ ਰਿਹਾ ਦਿਆਲ ਪਾਰਕ ਵਿੱਚ ਵੜਦਿਆਂ ਸਾਰ ਖੱਬੇ ਪਾਸੇ ਵੱਲ੍ਹ ਨੂੰ ਮੁੜਿਆ ਹੀ ਸੀ ਕਿ ਸਾਹਮਣੇ ਆ ਰਹੇ ਦੋ ਗੋਰੇ ਛੋਕਰਿਆਂ ਨੂੰ ਟਪੂਸੀਆਂ ਮਾਰਦੇ ਦੇਖ ਕੇ ਉਹ ਠਠੰਬਰ ਗਿਆ। ਸੁੰਨ-ਸਾਨ ਪਾਰਕ ਵਿੱਚ ਓ ਸਨੂੰ ਨੇੜੇ-ਤੇੜੇ ਕੋਈ ਨਜ਼ਰ ਨਾ ਆਇਆ। ਦਸ ਕੁ ਮੀਟਰ ਉਸਦੇ ਪਿੱਛੇ ਆ ਰਿਹਾ ਸ਼ੇਰੂ ਅਜੇ ਮੋੜ ਨਹੀਂ ਸੀ ਮੁੜਿਆ। ਇਸ ਤੋਂ ਪਹਿਲਾਂ ਕਿ ਦਿਆਲ ਕੁੱਝ ਸੰਭਲਦਾ, ਇੱਕ ਛੋਕਰੇ ਨੇ- 'ਵਾਈ ਆਰ ਯੂ ਲੁਕਿੰਗ ਐਟ ਮੀਂ? ਯੂ ਫਕਿੰਗ ਓਲਡ ਮੈਨ!' ਕਹਿੰਦਿਆਂ ਉਸਨੇ ਦਿਆਲ ਦੀ ਜੈਕਟ ਦੀ ਜੇਭ ਵਿੱਚ ਹੱਥ ਪਾ ਲਿਆ। ਆਪਣਾ ਸਾਰਾ ਜ਼ੋਰ ਲਾ ਕੇ ਘਬਰਾਏ ਹੋਏ ਦਿਆਲ ਨੇ ਸ਼ੇ..ਰੂ ਅਅਅ.. ਕਿਹਾ ਹੀ ਸੀ ਕਿ ਅੱਖ ਦੇ ਫੋਰ ਵਿੱਚ ਸ਼ੇਰੂ ਨੇ ਓ ਸ ਛੋਕਰੇ ਨੂੰ ਪਿੱਛੋਂ ਦੀ ਛਾ਼ਲ ਮਾਰਕੇ ਹੇਠਾਂ ਸੁੱਟ ਲਿਆ। ਚੀਕਾਂ ਮਾਰਦੇ ਗੋਰੇ ਦੀ ਜੀਨ ਦਾ ਪੌਂਹਚਾ ਸ਼ੇਰੂ ਦੇ ਮੂੰਹ ਵਿੱਚ ਆ ਗਿਆ। ਪੂਰੇ ਜ਼ੋਰ ਨਾ਼ਲ ਆਪਣੀ ਖੂੰਡੀ ਛੋਕਰੇ ਦੇ ਮੌਰਾਂ ਵਿੱਚ ਮਾਰਦਿਆਂ ਦਿਆਲ ਨੇ ਸ਼ੈਰੂ ਨੂੰ ਰੁਕਣ ਲਈ ਕਿਹਾ। ਘਬਰਾਇਆ ਹੋਇਆ ਗੋਰਾ ਛੋਕਰਾ ਆਪਣੇ ਪੈਰ ਵਿੱਚ ਪਾਇਆ ਇੱਕ ਟਰੇਨਰ ਛੱਡ ਰਫੂ-ਚੱਕਰ ਹੋ ਗਿਆ।

ਪਰ ਇਕ-ਦਮ ਜ਼ੋਰ ਲੱਗਣ ਕਰਕੇ ਕੁੱਝ ਪਲਾਂ ਬਾਅਦ ਥਾਏਂ ਲਿਟਿਆ ਸ਼ੇਰੂ ਪੂਰੀ ਤਰ੍ਹਾਂ ਨਿਢਾਲ ਹੋ ਗਿਆ ਸੀ। ਗੋਡਿਆਂ ਭਾਰ ਹੋਇਆ, ਆ਼ਲੇ-ਦੁਆ਼ਲੇ ਦੇਖ ਉੱਚੀ-ਉੱਚੀ ਆਵਾਜ਼ਾ ਮਾਰ ਰਿਹਾ ਦਿਆਲ ਕਿੰਨੀ ਦੇਰ ਤੱਕ ਸ਼ੇਰੂ ਨੂੰ ਆਪਣੀ ਗੋਦੀ ਵਿੱਚ ਲੈ ਕੇ ਪਲੋਸਦਾ ਰਿਹਾ। ਸ਼ੇਰੂ ਨੂੰ ਚੁੱਕ ਕੇ ਘਰ ਲੈ ਜਾਣ ਦੀ ਹਿੰਮਤ ਦਿਆਲ ਵਿੱਚ ਹੈ ਨਹੀਂ ਸੀ। ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਉਹ ਘਰ ਤਾਂ ਪਹੁੰਚ ਗਏ ਪਰ ਸ਼ੇਰੂ ਦੀ ਤਰਸਯੋਗ ਹਾਲਤ ਨੇ ਦਿਆਲ ਨੂੰ ਸਾਰੀ ਰਾਤ ਸੌਣ ਨਾ ਦਿੱਤਾ।

ਦੂਸਰੇ ਦਿਨ ਸਵੇਰੇ ਹੀ ਦਿਆਲ ਉਸਨੂੰ ਡੌਕਟਰ ਪਾਸ ਲੈ ਗਿਆ। ਟੈਸਟ ਕਰਨ ਤੋਂ ਬਾਅਦ ਡ ਕਟਰ ਨੇ ਦੱਸਿਆ ਕਿ ਇਸਦੇ ਦਿਲ ਦੀ ਧੜਕਣ ਅਰੈਗੁਲਰ ਹੋਣ ਕਰਕੇ ਪੇਸ-ਮੇਕਰ ਲਾਉਣਾ ਬਹੁਤ ਜ਼ਰੂਰੀ ਹੈ। ਅਗਲੇ ਦਿਨ ਔਪਰੇਸ਼ਨ ਤੋਂ ਬਾਅਦ ਸ਼ੇਰੂ ਘਰ ਆ ਗਿਆ। ਕੁੱਝ ਦਿਨਾਂ ਬਾਅਦ ਹੀ ਉਹ ਘਰ ਵਿੱਚ ਤੁਰਨ-ਫਿਰਨ ਲੱਗਾ।

ਪਰ ਮਹੀਨੇ ਕੁ ਬਾਅਦ ਇੱਕ ਰਾਤ ਦਿਆਲ ਦੇ ਕਮਰੇ ਵਿੱਚ ਸੁੱਤਾ ਸ਼ੇਰੂ ਸੁੱਤਾ ਹੀ ਰਹਿ ਗਿਆ। ਦਿਆਲ ਲਈ ਇਹ ਸਦਮਾ ਅਸਹਿ ਹੋ ਨਿੱਬੜਿਆ। ਉਹ ਬੁੱਤ ਬਣ ਗਿਆ। ਕਈ ਦਿਨ ਖਾਣਾ ਵੀ ਚੰਗੀ ਤਰ੍ਹਾਂ ਨਹੀਂ ਸੀ ਖਾਧਾ ਉਸਨੇ। ਹਫ਼ਤਾ ਭਰ ਉਹ ਘਰੋਂ ਬਾਹਰ ਨਹੀਂ ਸੀ ਨਿਕਲਿਆ। ਸਾਨੂੰ ਲੱਗਾ ਕਿ ਇੰਨਾ ਅਫ਼ਸੋਸ ਤਾਂ ਹੋ ਸਕਦਾ ਉਸਨੇ ਆਪਣੀ ਘਰਵਾ਼ਲੀ ਦੀ ਮੌਤ ਵੇਲੇ ਵੀ ਨਾ ਕੀਤਾ ਹੋਵੇ। ਸਾਨੂੰ ਉਸਦੀ ਚਿੰਤਾ ਹੋਣ ਲੱਗੀ। ਪਰ ਮੇਰੀ ਭਾਣਜੀ ਦਾ ਵਿਆਹ ਹੋਣ ਕਰਕੇ ਸਾਡੀ ਪੰਜਾਬ ਜਾਣ ਦੀ ਪੂਰੀ ਤਿਆਰੀ ਹੋ ਚੁੱਕੀ ਸੀ। ਅਸੀਂ ਆਪਣੇ ਇੱਕ ਦੋਸਤ ਨੂੰ ਦਿਆਲ ਦਾ ਖ਼ਿਆਲ ਰੱਖਣ ਲਈ ਉਸਦਾ ਫ਼ੋਨ ਨੰਬਰ ਦੇ ਕੇ ਪੰਜਾਬ ਚਲੇ ਗਏ।

ਪੰਜਾਬ ਜਾਣ ਤੋਂ ਤਿੰਨ ਕੁ ਮਹੀਨੇ ਪਹਿਲਾਂ ਇੱਕ ਦਿਨ ਦਿਆਲ ਨੇ ਮੈਨੂੰ ਅਗਲੇ ਦਿਨ ਪੰਜ ਵਜੇ ਆਪਣੇ ਘਰ ਆਉਣ ਲਈ ਕਿਹਾ। ਕੰਮ ਤੋਂ ਬਾਅਦ ਜਦੋਂ ਮੈਂ ਉਸਦੇ ਘਰ ਗਿਆ ਤਾਂ ਉਹ ਅਤੇ ਓ ਸਦਾ ਵਕੀਲ ਸਾਰੇ ਪੇਪਰ ਤਿਆਰ ਕਰੀ ਮੈਨੂੰ ਉਡੀਕ

ਦੁਨੀਆਂ ’ਚ ਧਰਮ ਦੇ ਨਿੰਦਕ ਨੇ, ਜਾਂ ਫਿਰ ਪੂਜਕ।
ਜਾਣਨ-ਸਮਝਣ ਵਾਲੇ ਘੱਟ ਨੇ, ਉਹਨਾਂ ਨੂੰ ਨਾਸਤਿਕ ਕਹਿ ਦਿਤਾ ਜਾਂਦਾ ਹੈ।

ਰਹੇ ਸਨ। ਦਿਆਲ ਨੇ ਆਪਣੀ ਵਸੀਅਤ ਵਿੱਚ ਮੈਨੂੰ ਆਪਣਾ ਉੱਤਰ-ਅਧਿਕਾਰੀ ਬਣਾਉਂਦੇ ਹੋਏ ਆਪਣੀ ਜਾਇਦਾਦ, ਫਿਊਨਰਲ ਵਗੈਰਾ ਦੀ ਸਾਰੀ ਕਾਗਜ਼ੀ ਤਿਆਰੀ ਕਰਵਾ ਕੇ ਓ ਸ ਦੀ ਸਾਰੀ ਜ਼ਿੰਮੇਂਵਾਰੀ ਮੈਨੂੰ ਸੌਂਪ ਦਿੱਤੀ ਸੀ।

ਪੋਸਟ ਮਾਰਟਮ ਹੋਣ ਤੋਂ ਬਾਅਦ ਉਸਦਾ ਅੰਤਮ-ਸਸਕਾਰ ਕੀਤਾ ਗਿਆ। ਪਿੰਡ ਵਿਚ ਗੁਰੂ ਘਰ ਨਾ ਹੋਣ ਕਰਕੇ ਇੱਕ ਚਰਚ ਵਿੱਚ ਉਸਦੀ ਖਾਹਿਸ਼ ਮੁਤਾਬਕ, ਪਹਿਲਾਂ ਭਾਈ ਜੀ ਨੇ ਕੀਰਤਨ ਸੋਹਲਾ ਪੜ੍ਹ ਕੇ ਅੰਤਮ-ਅਰਦਾਸ ਕੀਤੀ। ਫਿਰ ਪਾਦਰੀ ਨੇ ਉਸ ਦੀ ਆਖ਼ਰੀ ਰਸਮ ਅਦਾ ਕੀਤੀ। ਖਚਾ-ਖਚ ਭਰੇ ਚਰਚ ਹਾਲ ਵਿੱਚ ਇਸ ਛੋਟੇ ਜਿਹੇ ਪਿੰਡ ਵਿੱਚੋਂ ਸ਼ਾਇਦ ਹੀ ਕੋਈ ਐਸਾ ਵਿਆਕਤੀ ਹੋਵੇ ਜੋ ਦਿਆਲ ਦੀ ਅੰਤਮ-ਅਰਦਾਸ ਵਿੱਚ ਸ਼ਾਮਲ ਨਾ ਹੋਇਆ ਹੋਵੇ।

"ਮੈਂ ਆਪਣੀ ਸਾਰੀ ਉਮਰ ਸੈਂਕੜੇ ਗੋਰਿਆਂ ਦੇ ਦਾਗਾਂ ’ਤੇ ਜਾਂਦਾ ਰਿਹਾਂ, ਦੇਖੀਂ ਮੇਰੇ ਬਾਅਦ ਲੋਕ ਮੈਨੂੰ ਗਾ਼ਲਾਂ ਨਾ ਕੱਢਣ... ਖਿਆਲ ਰੱਖੀਂ...।" ਪੰਜਾਬ ਜਾਣ ਤੋਂ ਮਹੀਨਾ ਕੁ ਪਹਿਲਾਂ ਇੱਕ ਦਿਨ ਪੱਬ ਵਿੱਚ ਬੀਅਰ ਪੀਂਦਿਆਂ, ਦਿਆਲ ਨੇ ਮੈਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ।

ਉਸਦੀ ਖਾਹਿਸ਼ ਮੁਤਾਬਕ ਦਾਗਾਂ ਤੋਂ ਬਾਅਦ ਪਿੰਡ ਦੇ ਸਵਿਕ ਹੋਲ ਵਿੱਚ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਪਿੰਡ ਦੇ ਪਤਵੰਤਿਆਂ ਦੇ ਨਾ਼ਲ-ਨਾ਼ਲ ਮੇਅਰ, ਕੌਂਸਲਰ ਸਾਰਿਆਂ ਨੇ ਦਿਆਲ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਰਾਤ ਦੇਰ ਤੱਕ ਡੀ. ਜੇ. ਦੇ ਸੰਗੀਤ ਅਤੇ ਖਾਣੇ ਦੇ ਨਾ਼ਲ ਨਸ਼ੇ ਦਾ ਦੌਰ ਚਲਦਾ ਰਿਹਾ। ਦਿਆਲ ਦੀ ਮੌਤ ਤੋਂ ਬਾਅਦ ਕਈ ਮਹੀਨਿਆਂ ਤੱਕ ਪਿੰਡ ਵਿੱਚ ਉਸ ਬਾਰੇ ਵਾਦ-ਵਿਵਾਦ ਛਿੜਿਆ ਰਿਹਾ। ਕੋਈ ਉਸਨੂੰ ਭੰਡ ਰਿਹਾ ਸੀ ਅਤੇ ਕੋਈ ਉਸ ਦੀਆਂ ਸਿਫ਼ਤਾਂ ਕਰ ਰਿਹਾ ਸੀ, ਕਿਉਂਕਿ ਉਸਨੇ ਆਪਣੀ ਪੰਜ ਲੱਖ ਪੰਦਰਾਂ ਹਜ਼ਾਰ ਪੌਂਡ ਦੀ ਜਾਇਦਾਦ 'ਆਰ.ਐਸ.ਪੀ.ਸੀ.' ਨਾਮੀਂ ਸੰਸਥਾ, ਜਿਹੜੀ ਕਿ ਪਾਲਤੂ ਜਾਨਵਰਾਂ ਦੀ ਦੇਖ-ਭਾ਼ਲ ਕਰਦੀ ਹੈ, ਉਸਨੂੰ ਦਾਨ ਕਰ ਦਿੱਤੀ ਸੀ।

ਕਹਾਣੀ

# ਦੋ ਸਾਲ

## ਸੁਰਜੀਤ ਕੌਰ ਕਲਪਨਾ



ਸੁਰਜੀਤ ਕੌਰ ਕਲਪਨਾ

ਚਿੜੀਆਂ ਦੀ ਚੀਂ-ਚੀਂ ਸੁਣ ਕੇ ਵੀਰ ਸਿੰਘ ਦੀ ਜਾਗ ਖੁਲ੍ਹ ਗਈ। ਉਸ ਨੇ ਅਲਸਾਈਆਂ ਅੱਖਾਂ ਮੱਲਦਿਆਂ ਖਿੱਝ ਕੇ ਸੋਚਿਆ: "ਇਹਨਾਂ ਚਿੜੀਆਂ ਨੂੰ ਇੰਨੀ ਠੰਡ ਵਿਚ ਵੀ ਟਿਕਾ ਨਹੀਂ। ਤੜਕੇ ਹੀ ਇੰਝ ਰੌਲਾ ਪਾਉਣ ਲੱਗ ਜਾਂਦੀਆਂ ਨੇ ਜਿਵੇਂ ਕਿ ਇਹਨਾਂ ਦੀ ਬੇਬੇ ਨੇ ਬਾਹਰ ਛੱਜ ਦਾਣਿਆਂ ਦਾ ਖਿਲਾਰਿਆ ਹੋਇਆ ਹੋਵੇ।"

ਫਿਰ ਉਸਨੇ ਖਿੜਕੀ ਤੋਂ ਵੈਲਬੱਟ ਦਾ ਭਾਰਾ ਪਰਦਾ ਪਰ੍ਹਾਂ ਹਟਾ ਕੇ ਬਾਹਰ ਤੱਕਿਆ। ਵਿੰਡੋ-ਸਿੱਲ ’ਤੇ ਰੂੰ ਦੇ ਫੰਬਿਆਂ ਵਰਗੀ ਸਨੋ ਡਿੱਗੀ ਪਈ ਸੀ। ਸਾਹਮਣੇ ਘਰਾਂ ਦੀਆਂ ਛੱਤਾਂ ’ਤੇ ਨਜ਼ਰ ਮਾਰਦਿਆਂ ਹੀ ਉਸ ਵੇਖਿਆ ਕਿ ਕਾਲੀਆਂ-ਕਲੂਟੀਆਂ ਘਰਾਂ ਦੀਆਂ ਛੱਤਾਂ ਦੁੱਧ ਧੋਤੀਆਂ ਪਈਆਂ ਸਨ। ਜਿੱਥੋਂ ਤੱਕ ਵੀ ਉਸਦੀ ਨਜ਼ਰ ਗਈ ਸਭ ਪਾਸੇ ਬਰਫ਼ ਦੀ ਚਿੱਟੀ-ਚਾਦਰ ਹੀ ਵਿਛੀ ਹੋਈ ਸੀ। ਦਸੰਬਰ ਦਾ ਠੰਡਾ-ਠਾਰ ਮਹੀਨਾ ਅਤੇ ਐਤਵਾਰ ਦਾ ਦਿਨ। ਬਿਸਤਰੇ ਦੇ ਨਿੱਘ ਨੇ ਮੁੜ ਉਸਨੂੰ ਰਜਾਈ ਵਿਚ ਲੈ ਆਂਦਾ। ਅੱਖਾਂ ਮੀਟਣ ਦੀ ਕੋਸ਼ਿਸ਼ ਕਰਦਿਆਂ ਅਚਾਨਕ ਉਸਨੂੰ ਆਪਣੀ ਪਤਨੀ ਪੂਰੋ ਦਾ ਖਿਆਲ ਆਇਆ। ਖਿਆਲ ਆਉਣ ਦੀ ਦੇਰ ਹੀ ਸੀ ਕਿ ਫ਼ੋਨ ਦੀ ਘੰਟੀ ਵੱਜ ਪਈ। ਫ਼ੋਨ ਚੁੱਕਿਆ। ਫ਼ੋਨ ਪੂਰੋ ਦਾ ਹੀ ਸੀ। ਟੈਲੀਪੈਥੀ ਵਾਲੀ ਹੀ ਗੱਲ ਹੋ ਗਈ। ਪੂਰੋ ਦਾ ਚੇਤਾ ਕੀਤਾ, ਪੂਰੋ ਦਾ ਹੀ ਫ਼ੋਨ ਆ ਗਿਆ। ਹਾਲਾਂ ਦੋ ਹਫ਼ਤੇ ਪਹਿਲਾਂ ਹੀ ਤਾਂ ਉਹ ਭਾਰਤ ਗਈ ਸੀ।

ਰਸਮੀ ਹੈਲੋ ਤੋਂ ਬਾਅਦ ਗੱਲ ਗੰਭੀਰ ਹੋ ਗਈ। ਪਤਨੀ ਦੀ ਗੱਲ ਸੁਣਕੇ ਉਸਦੇ ਖਾਨਿਉਂ ਗਈ। ਵੀਰ ਸਿੰਘ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇੰਝ ਵੀ ਹੋ ਸਕਦਾ ਸੀ? ਬਹੁਤ ਦੇਰ ਗਲਬਾਤ ਹੁੰਦੀ ਰਹੀ। ਪਤਨੀ ਦੀ ਜ਼ਿੱਦ ਅੱਗੇ ਉਸਨੂੰ ਗੋਡੇ ਟੇਕਣੇ ਹੀ ਪਏ। ਉਸਨੇ ਫ਼ੋਨ ’ਤੇ ਹੀ ਪਤਨੀ ਨੂੰ ਕਹਿ ਦਿੱਤਾ: "ਇੱਕ ਦੋ ਦਿਨਾਂ ਵਿਚ ਹੀ ਪ੍ਰਬੰਧ ਕਰਕੇ ਮੈਂ ਵੀ ਭਾਰਤ ਆਉਂਦਾ ਹਾਂ। ਤੂੰ ਦੇਖੇਂਗੀ ਕਿ ਤੇਰਾ ਖਿਆਲ ਗ਼ਲਤ ਹੈ?"

ਅੱਜ ਐਤਵਾਰ ਹੋਣ ਕਾਰਨ ਭਾਰਤ ਜਾਣ ਦਾ ਪ੍ਰਬੰਧ ਕਲ੍ਹ ’ਤੇ ਹੀ ਛੱਡਣਾ ਪਿਆ। ਉਸਨੇ ਅਗਲੇ ਦਿਨ ਪਹਿਲਾਂ ਕੰਮ ਤੋਂ ਛੁੱਟੀ ਦਾ ਪ੍ਰਬੰਧ ਕੀਤਾ। ਬ੍ਰਿਟਸ਼ ਪਾਸਪੋਰਟ ਹੋਣ ਕਾਰਨ ਵੀਜ਼ਾ ਲੈਣਾ ਜ਼ਰੂਰੀ ਸੀ। ਫ਼ਾਰਮ ਭਰ ਕੇ ਦਿੱਤਾ ਅਤੇ ਐਂਬੈਸੀ ਵਾਲਿਆਂ ਦੂਜੇ ਦਿਨ ਆ ਕੇ ਲੈ ਜਾਣ ਲਈ ਕਿਹਾ। ਵੱਧ ਪੈਸੇ ਖ਼ਰਚ ਕੇ ਹਵਾਈ ਟਿਕਟ ਖਰੀਦਿਆ ਅਤੇ ਤੀਜੇ ਦਿਨ ਹੀ ਭਾਰਤ ਲਈ ਤੁਰ ਪਿਆ। ਜਹਾਜ਼ ਵਿਚ ਬੈਠਿਆਂ ਵੀ ਵੀਰ ਸਿੰਘ ਨੂੰ ਪੂਰੋ ਦੀਆਂ ਕਹੀਆਂ ਗੱਲਾਂ ਉੱਤੇ ਭਰੋਸਾ ਨਹੀਂ ਸੀ ਬੱਝ੍ਹ ਰਿਹਾ। ਉਹ ਕ੍ਰੋਧਿਤ ਹੋਇਆ ਸੋਚ ਰਿਹਾ ਸੀ: ‘ਇੰਝ ਕਿਵੇਂ ਹੋ ਸਕਦਾ ਹੈ? ਜ਼ਰੂਰ ਪੂਰੋ ਨੂੰ ਕੋਈ ਗ਼ਲਤ-ਫ਼ਹਿਮੀ ਹੋਈ ਹੋਵੇਗੀ। ਉਸਦੀ ਮਾਂ ਜਾਈ ਸੱਕੀ ਵੱਡੀ ਭੈਣ ਇੰਝ ਨਹੀਂ ਕਰ ਸਕਦੀ?’ ਸੋਚ ਰਿਹਾ ਸੀ: ‘ਸ਼ਾਇਦ ਪੂਰੋ, ਭੈਣ-ਭਰਾ ਵਿਚ ਵਿਗਾੜ ਪਾਉਣਾ ਚਾਹੁੰਦੀ ਹੋਵੇ। ਜੇਕਰ ਗੱਲ ਗ਼ਲਤ ਨਿਕਲੀ ਤਾਂ ਉਹ ਪੂਰੋ ਨੂੰ ਜਿਉਂਦੀ ਨਹੀਂ ਛਡੇਗਾ।’ ਕਦੇ ਸੋਚਦਾ: ‘ਪੂਰੋ ਨੇ ਅੱਗੇ ਤਾਂ ਕਦੇ ਇੰਝ ਨਹੀ ਕੀਤੀ ਸੀ। ਉਹ ਤਾਂ ਆਪ ਉਸਦੀ ਵੱਡੀ ਭੈਣ ਲਈ ਸਦਾ ਹੀ ਕੁਝ ਨਾ ਕੁਝ ਬਣਾ ਕੇ ਜਾਂ ਆਪ ਲੈ ਜਾਂਦੀ ਰਹਿੰਦੀ ਜਾਂ ਭਿਜਵਾਂਦੀ ਰਹਿੰਦੀ। ਕਦੇ ਕਪੜਿਆਂ ਦੇ ਪਾਰਸਲ ਕਰਦੀ। ਆਏ ਗਏ ਕੋਲ ਭੈਣ, ਭਣੋਈਏ ਅਤੇ ਬੱਚਿਆਂ ਲਈ ਕੁਝ ਨਾ ਕੁਝ ਭੇਜਦੀ ਹੀ ਰਹਿੰਦੀ।’ ‘ਫਿਰ? ਜ਼ਰੂਰ ਹੀ ਕੁਝ ਨਾ ਕੁਝ ਤਾਂ ਹੋਇਆ ਹੀ ਹੋਵਗਾ ਕਿ ਪੂਰੋ ਨੂੰ ਉਸਦੀ ਭੈਣ-ਭਣੋਈਏ ਬਾਰੇ ਫ਼ੋਨ ’ਤੇ ਇਹ ਸਭ ਕੁਝ ਦੱਸਣਾ ਪਿਆ।’ ਫਿਰ ਉਸਨੂੰ ਪੂਰੋ ਬਾਰੇ ਕੁਝ ਯਕੀਨ ਬੱਝ੍ਹਦਾ। ਇਸ ਯਕੀਨ ਬੱਝ੍ਹਣ ਦੇ ਕਾਰਣ ਵੀ ਸਨ।

ਆਪਣੇ ਵਿਆਹ ਪਿੱਛੋਂ ਜਦ ਉਹ ਪਹਿਲੀ ਬਾਰ ਭਾਰਤੋਂ

*ਨਾਸਤਿਕ ਹੋਣ ਬਾਅਦ*
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ -(ਅਗਲੇ ਸਫ਼ੇ ’ਤੇ)

ਵਾਪਸ ਆਇਆ ਤਾਂ ਪਤਨੀ ਪੂਰੋ ਨਾਲ ਉਸਨੇ ਆਪਣੀ ਭੈਣ ਦੀ ਆਰਥਕ ਤੰਗੀ ਦੀ ਗੱਲ ਕੀਤੀ। ਸਾਰੀ ਗੱਲ ਸੁਣਕੇ ਪੂਰੋ ਦੀਆਂ ਅੱਖਾਂ ਤਰ ਹੋ ਗਈਆਂ ਸਨ। ਉਹ ਕਿਵੇਂ ਨਾ ਕਿਵੇਂ ਆਪਣੀ ਵੱਡੀ ਨਣਾਨ ਦੇ ਕੰਮ ਆਉਣਾ ਚਾਹੁੰਦੀ ਸੀ। ਸੋਚ ਵਿਚਾਰ ਕੇ ਹੀ ਉਸਨੇ ਵੀਰ ਸਿੰਘ ਨੂੰ ਸਲਾਹ ਦਿੱਤੀ ਸੀ ਕਿ ਉਹਨਾਂ ਨੂੰ ਪਿੱਛੇ ਵੀ ਕੁਝ ਨਾ ਕੁਝ ਜ਼ਰੂਰ ਹੀ ਬਣਾਉਣਾ ਚਾਹੀਦਾ। ਕੱਦ ਤੱਕ ਉਹ ਪਿੰਡ ਆਂਦੇ-ਜਾਂਦੇ ਰਹਿਣਗੇ? ਅੱਜ ਜਾਂ ਭਲਕ, ਸ਼ਹਿਰ ਥਾਂ ਤਾਂ ਲੈਣੀ ਹੀ ਪਵੇਗੀ। ਕਿਉਂ ਨਾ ਹੁਣੇ ਹੀ ਲੈ ਲਈ ਜਾਵੇ? ਉਸਦਾ ਵਿਚਾਰ ਸੀ ਕਿ ਇਸ ਥਾਂ ਵਿਚ ਭੈਣ, ਭਣੋਈਆ ਅਤੇ ਬੱਚੇ ਆ ਵੱਸਣਗੇ। ਨਾਲੇ ਉਹਨਾਂ ਦਾ ਖ਼ਰਚ ਘਟੇਗਾ, ਰੋਜ਼ ਸ਼ਹਿਰ ਆਣ-ਜਾਣ ਤੋਂ ਬਚਣਗੇ ਅਤੇ ਉਹਨਾਂ ਦੀ ਆਰਥਕ ਹਾਲਤ ਵਿਚ ਵੀ ਸੁਧਾਰ ਆ ਜਾਵੇਗਾ। ਵੀਰ ਸਿੰਘ ਨੇ ਰੱਬ ਦਾ ਸ਼ੁਕਰ ਕੀਤਾ ਕਿ ਉਸਦੀ ਪਤਨੀ ਪੂਰੋ ਨੇ ਉਸਦੇ ਦਿਲ ਦੀ ਗੱਲ ਬੁੱਝ ਲਈ। ਫਿਰ ਉਹਨਾਂ ਦੋਹਾਂ ਨੇ ਅੱਗੇ ਨਾਲੋਂ ਵੀ ਵੱਧ ਕੰਮ ਕਰਨਾ ਆਰੰਭ ਦਿੱਤਾ। ਕਦੇ ਵੀ ਕੰਮ ਤੋਂ ਵੱਸ ਲੱਗਦੇ ਛੁੱਟੀ ਨਾ ਲੈਂਦੇ। ਜਿੰਨਾ ਵੀ ਹੋ ਸਕਦਾ ਓਵਰਟਾਈਮ ਲਗਾਉਂਦੇ। ਬੱਚਿਆਂ ਦੀ ਸੰਭਾਲ ਦੀ ਬਹੁਤੀ ਪਰਵਾਹ ਨਾ ਕਰਦਿਆਂ ਕਿਰਸਾਂ ਕਰ ਕਰ ਪੈਸੇ ਜੋੜਦੇ। ਸਭ ਵਾਧੂ ਖ਼ਰਚੇ ਤਿਆਗ ਕੇ ਕੇਵਲ ਜ਼ਰੂਰੀ ਲੋੜਾਂ ਉਤੇ ਹੀ ਖਰਚ ਕਰਦੇ। ਵੀਰ ਸਿੰਘ ਨੇ ਪੈਸੇ ਬਚਾਉਣ ਦੀ ਹਰ ਤਰਕੀਬ ਅਜ਼ਮਾਈ। ਬੀਅਰ ਪੀਣੀ ਛੱਡੀ। ਵਾਧੂ ਦੇ ਖਰਚ ਘਟਾਏ। 'ਦੋਂਹ ਸਾਲਾਂ' ਵਿਚ ਹੀ ਉਹਨਾਂ ਦੋਹਾਂ ਨੇ ਦੱਸ ਹਜ਼ਾਰ ਪੌਂਡ ਜੋੜ ਲਿਆ। ਥੋੜ੍ਹੇ ਜਿਹੇ ਪੈਸੇ ਘਰ ਉਤੇ "ਸੈਕੰਡ ਮਾਰਗੇਜ਼" ਲੈ ਕੇ ਵੀ ਇਕੱਠੇ ਕੀਤੇ। ਪੂਰੋ ਨੇ ਹੱਥਾਂ ਦੀਆਂ ਵੰਗਾਂ ਅਤੇ ਹੋਰ ਗਹਿਣੇ ਵੀ ਲਾਹ ਕੇ ਵੀਰ ਸਿੰਘ ਨੂੰ ਦੇ ਦਿੱਤੇ ਕਿ ਭਾਰਤ ਜਾ ਕੇ ਚੰਗੇ ਪੈਸੇ ਮਿਲ ਜਾਣਗੇ। ਥਾਂ ਲੈ ਕੇ ਮਕਾਨ ਬਣਾਉਣ ਜਾਂ ਬਣਿਆ ਬਣਾਇਆ ਕੋਈ ਛੋਟਾ-ਮੋਟਾ ਮਕਾਨ ਖਰੀਦਣ ਲਈ ਕੀ ਪਤਾ ਕਿੰਨੇ ਕੁ ਪੈਸੇ ਲੱਗ ਜਾਣ। ਭਾਰਤ ਜਾਣ ਦਾ ਪ੍ਰੋਗਰਾਮ ਬਣ ਗਿਆ। ਬੜਾ ਵਖ਼ਤ ਕੱਟ ਕੇ ਉਹਨਾਂ ਨੇ ਪੰਦਰਾਂ ਸਾਲ ਪਹਿਲਾਂ ਸ਼ਹਿਰ ਥਾਂ ਲਈ ਸੀ ਪਰ ਹੁਣ...

ਵੀਰ ਸਿੰਘ ਦੀਆਂ ਅੱਖਾਂ ਅੱਗੇ ਪੰਦਰਾਂ ਸਾਲ ਪਹਿਲਾਂ ਦਾ ਮਾਂ ਵਰਗੀ ਵੱਡੀ ਭੈਣ ਦਾ ਚਿਹਰਾ ਘੁੰਮ ਗਿਆ। ਭੈਣ ਤਾਂ ਉਸਦੇ ਸਾਹੀਂ ਵਿਸਮਦੀ ਸੀ। ਜ਼ਰੂਰ ਹੀ ਪੂਰੋ ਨੂੰ ਕੋਈ ਧੋਖਾ ਹੋਇਆ ਹੋਵੇਗਾ। ਭੈਣ ਕਿੰਨਾ ਮੋਹ ਕਰਦੀ ਸੀ ਉਸਦਾ? ਅਸੀਸਾਂ ਦਿੰਦੀ, ਸੌ-ਸੌ ਵਾਰ ਮੱਥਾ ਚੁੰਮਦੀ। ਅੱਖਾਂ ਮੀਟੀ ਹੀ ਉਸ ਨੇ ਦੇਖਿਆ ਕਿ ਉਸਦੇ ਮਾੜਚੂ ਸਰੀਰਾਂ ਵਾਲੇ ਮਾਸੂਮ ਭਾਣਜੇ ਟੁੱਟੀਆਂ ਜੁੱਤੀਆਂ ਪਾਈ ਸਕੂਲ ਜਾਂਦੇ ਹਨ। ਮਾੜਾ ਜਿਹਾ ਮੀਂਹ ਪੈਣ ਤੇ ਹੀ ਕੱਚੇ ਕੋਠੇ ਚੋ ਪੈਂਦੇ। ਭੈਣ ਕਦੇ ਆਪਣੇ ਕਦੇ ਨਿਆਣਿਆਂ ਦੇ ਮੰਜੇ ਇਧਰ ਕਰਦੀ ਕਦੇ ਔਧਰ। ਕੱਚਾ ਅੰਦਰ ਹੋਣ ਕਾਰਨ ਸਾਰੇ ਅੰਦਰ ਵੀ ਘਾਣ ਹੀ ਹੋਇਆ ਰਹਿੰਦਾ। ਸਾਂਝਰੇ ਉੱਠ ਕੇ ਭਣੋਈਆ ਖੇਸੀ ਦਾ ਝੁੰਬ ਮਾਰੀ ਆਪਣੇ ਟੁੱਟੇ ਸਾਈਕਲ ਤੇ ਪੈਡਲ ਮਾਰਦਾ ਹਰ ਰੋਜ਼ ਸ਼ਹਿਰ ਜਾਂਦਾ ਅਤੇ ਸੂਰਜ ਡੁੱਬਦਿਆਂ ਨਾਲ ਥੱਕਿਆ ਹਾਰਿਆ ਘਰ ਪੁੱਜਦਾ। ਫਿਰ ਉਸਨੂੰ ਯਾਦ ਆਇਆ ਉਸ ਨੇ ਭਣੋਈਏ ਨੂੰ ਨਵਾਂ ਸਾਈਕਲ ਵੀ ਕਢਵਾ ਕੇ ਦਿੱਤਾ ਸੀ ਤਾਂ ਜੋ ਉਸਦਾ ਸ਼ਹਿਰ ਜਾ ਕੇ ਕੰਮ ਕਰਨਾ ਜ਼ਰਾ ਕੁ ਸੁਖਾਲਾ ਹੋ ਸਕੇ। ਭਣੋਈਏ ਦੀ ਸ਼ਹਿਰ ਵਿਚ ਕਿਰਾਏ ਦੀ ਦੁਕਾਨ ਸੀ। ਦੁਕਾਨ ਤੋਂ ਮਹੀਨੇ ਪਿੱਛੋਂ ਜੋ ਕਮਾਈ ਹੁੰਦੀ, ਉਸਦਾ ਅੱਧ ਤਾਂ ਦੁਕਾਨ ਦਾ ਕਿਰਾਇਆ ਹੀ ਨਿਕਲ ਜਾਂਦਾ। ਬਾਕੀ ਬਚੀ ਰਕਮ ਨਾਲ ਮਸਾਂ ਘਰ ਦਾ ਰੋਟੀ ਟੁੱਕ ਚਲਦਾ।

ਕਿਹੜਾ ਭਰਾ ਆਪਣੀ ਭੈਣ ਨੂੰ ਤੰਗ ਦੇਖ ਸਕਦਾ? ਉਸਦਾ ਜੀ ਚਾਹੁੰਦਾ ਸੀ ਕਿ ਪਲਕ ਝਪਕਦਿਆਂ ਹੀ ਭੈਣ ਅਤੇ ਭਣੋਈਏ ਨੂੰ ਇਸ ਨਰਕ ਚੋਂ ਨਿਜ਼ਾਤ ਦਿਲਾਵੇ। ਜਦ ਤੱਕ ਵੀਰ ਸਿੰਘ ਜਲੰਧਰ ਥਾਂ ਖਰੀਦਣ ਦਾ ਪ੍ਰਬੰਧ ਨਾ ਕਰ ਸਕਿਆ ਵੱਖ ਵੱਖ ਸਮਿਆਂ 'ਤੇ ਕੁਝ ਨਾ ਕੁਝ ਪੈਸੇ ਭੈਣ ਦੀ ਮਦਦ ਵਜੋਂ ਖ਼ਰਚ ਲਈ ਭੇਜਦਾ ਹੀ ਰਿਹਾ। ਉਹ ਆਪਣੀ ਭੈਣ ਅਤੇ ਉਸਦੇ ਪਰਵਾਰ ਲਈ ਵੱਸ ਲੱਗਦਾ ਸਭ ਕੁਝ ਕਰਨ ਲਈ ਤਿਆਰ ਸੀ।

ਫਿਰ ਭੈਣ ਦੀ ਆਰਥਕ ਤੰਗੀ ਨੂੰ ਧਿਆਨ ਵਿਚ ਰੱਖਦਿਆਂ ਅਤੇ ਮਾਂ-ਜਾਈ ਦੇ ਮੋਹ ਦਾ ਬੱਝਿਆ ਵੀਰ ਸਿੰਘ ਦੋ ਸਾਲਾਂ ਬਾਅਦ ਮੁੜ ਪੰਜਾਬ ਜਾ ਪੁੱਜਿਆ। ਆਪਣੇ ਇੱਕ ਵਾਕਿਫ਼ਕਾਰ ਦੇ ਰਾਹੀਂ ਜਲੰਧਰ ਮਾਡਲ ਹਾਊਸ ਵਿਚ ਉਸ ਨੇ ਬਣਿਆ ਬਣਾਇਆ ਇੱਕ ਛੇ ਮਰਲੇ ਦਾ ਮਕਾਨ ਖਰੀਦ ਲਿਆ। ਮਕਾਨ ਦੇ ਅੱਗੇ ਇੱਕ ਵੱਡਾ ਕਮਰਾ ਸੀ। ਇਸਨੂੰ ਦੁਕਾਨ ਵਾਂਗ ਵਰਤਿਆ ਜਾ ਸਕਦਾ ਸੀ। ਅੱਠ ਲੱਖ ਵਿਚ ਵੀਰ ਸਿੰਘ ਨੂੰ ਸੌਦਾ ਬੁਰਾ ਨਾ ਲੱਗਿਆ। ਰਜਿਸਟਰੀ ਕਰਵਾਉਣ, ਅਤੇ ਬਿਜਲੀ/ਪਾਣੀ ਦੇ ਕੁਨੈਕਸ਼ਨ ਆਪਣੇ ਨਾਂ ਕਰਵਾਉਣ ਵਿਚ ਚਾਰ ਪੰਜ ਦਿਨ ਲੰਘ ਗਏ। ਇੱਕ ਕਮਰੇ ਵਿਚ ਵੀਰ ਸਿੰਘ ਨੇ ਆਪਣਾ ਸਾਮਾਨ ਰੱਖ ਦਿੱਤਾ ਅਤੇ ਸਾਰਾ ਕਾਰਜ ਹੋਣ ਉਪਰੰਤ ਜਾ ਭੈਣ-ਭਣੋਈਏ ਅੱਗੇ ਸਿਰ ਜਾ ਨਿਵਾਇਆ। ਜਦੋਂ ਵੀਰ ਸਿੰਘ ਨੇ ਸਹਿਜ ਨਾਲ ਸਾਰੀ ਗੱਲ ਦੱਸੀ ਤਾਂ ਭੈਣ-ਭਣੋਈਆ ਤਾਂ ਉਸਨੂੰ ਅਸੀਸਾਂ ਦੇਣ ਲੱਗ ਪਏ। ਸਾਰਾ ਪਰਵਾਰ ਚਾਈਂ ਚਾਈਂ ਸ਼ਹਿਰ ਆ ਗਿਆ। ਪਿੰਡ ਵਿਚ ਰੱਖਿਆ ਹੀ ਕੀ ਸੀ? ਨਾਂ ਦਾ ਹੀ ਘਰ ਸੀ। ਵੀਰ ਸਿੰਘ ਨੇ ਘਰ ਦਾ ਸਾਰਾ ਜ਼ਰੂਰੀ ਸਾਮਾਨ ਖਰੀਦ ਕੇ ਘਰ ਭਰ ਦਿੱਤਾ। ਭਾਣਜਿਆਂ ਨੂੰ ਸ਼ਹਿਰ ਦੇ ਸਕੂਲ ਵਿਚ ਦਾਖਲ ਕਰਵਾ ਕੇ ਉਹਨਾਂ ਦੀਆਂ ਸਾਲ ਭਰ ਦੀਆਂ ਫੀਸਾਂ ਵੀ ਅਗਾਊਂ ਹੀ ਭਰ ਦਿੱਤੀਆਂ। ਵੀਰ ਸਿੰਘ ਚਾਹੁੰਦਾ ਸੀ ਕਿ ਉਸਦੀ ਭੈਣ ਅਤੇ ਉਸਦੇ ਪਰਵਾਰ ਨੂੰ ਕਿਸੇ ਤਰ੍ਹਾਂ ਦੀ ਤਕਲੀਫ਼ ਨਾ ਹੋਵੇ। ਬੱਚਿਆਂ ਨੂੰ ਚਾਰ-ਚਾਰ ਜੋੜੇ ਕਪੜਿਆਂ ਦੇ ਬਣਵਾ ਦਿੱਤੇ। ਭੈਣ ਅਤੇ ਬੱਚਿਆਂ ਲਈ ਤਾਂ ਉਂਝ ਪਤਨੀ ਨੇ ਵੀ ਕਪੜੇ ਭਰ ਕੇ ਸੂਟਕੇਸ ਘੱਲਿਆ ਸੀ। ਭਣੋਈਏ ਨੂੰ ਵੀ ਦੁਕਾਨ ਲਈ ਸਮਾਨ ਲੈ ਦਿੱਤਾ। ਵੀਰ ਸਿੰਘ ਦਾ ਪੂਰਾ ਮਨ ਸੀ ਕਿ ਕਿਵੇਂ ਨਾ ਕਿਵੇਂ ਉਸਦੀ ਭੈਣ ਅਤੇ ਭਣੋਈਆ ਆਪਣੇ ਪਰਵਾਰ ਨਾਲ ਸੁੱਖ-ਆਰਾਮ ਨਾਲ ਜੀਵਨ ਬਿਤਾਉਣ।

ਜਿੰਨੇ ਦਿਨ ਵੀਰ ਸਿੰਘ ਸ਼ਹਿਰ ਰਿਹਾ। ਭੈਣ-ਭਣੋਈਏ ਨੇ ਉਸ ਨੂੰ ਹੱਥੀਂ ਛਾਵਾਂ ਕਰਕੇ ਰੱਖਿਆ। ਵੀਰ ਸਿੰਘ ਦੇ ਵਾਪਸ ਮੁੜਨ ਦਾ ਦਿਨ ਆ ਗਿਆ ਤਾਂ ਸ਼ਾਮੀਂ ਉਸਦੇ ਭਣੋਈਏ ਨੇ ਹੀ ਗੱਲ ਤੋਰੀ: "ਤੇਰੀ ਇਸ ਥਾਂ ਵਿਚ ਰਹਿਣ ਅਤੇ ਦੁਕਾਨ ਕਰਨ ਸਬੰਧੀ ਕਿਰਾਏ ਦੀ ਵੀ ਗੱਲ ਹੋ ਜਾਂਦੀ ਤਾਂ ਚੰਗਾ ਸੀ।"

ਵੀਰ ਸਿੰਘ ਨੇ ਬੜੀ ਹੀ ਅਪਣੱਤ ਭਰੇ ਮੋਹ ਨਾਲ ਆਖਿਆ: "ਭਾਈਆ ਜੀ! ਤੁਸੀਂ ਕਿਦਾਂ ਦੀਆਂ ਗੱਲਾਂ ਕਰਦੇ ਹੋ? ਮੈਂ ਤੁਹਾਡੇ ਤੋਂ ਕਿਰਾਇਆ ਲੈਣ ਲਈ ਤਾਂ ਇਹ ਕੁਝ ਨਹੀਂ ਕੀਤਾ। ਮੈਂ ਤਾਂ ਤੁਹਾਨੂੰ ਸੁਖੀ ਵੇਖਣਾ ਚਾਹੁੰਦਾ ਹਾਂ। ਤੁਹਾਡਾ ਕੰਮ ਚੰਗਾ ਚੱਲ ਪਵੇ ਇਹੋ ਹੀ ਮੇਰੀ ਚਾਹ ਹੈ। ਹਾਂ, ਤੁਸੀਂ ਮੈਨੂੰ ਕਰਾਇਆ ਦੇਣ ਦੀ ਥਾਂ ਇੱਕ ਕੰਮ ਜ਼ਰੂਰ ਕਰਨਾ।"

ਭਣੋਈਏ ਦੀ ਪੁੱਛ ਸੀ: "ਕੀ?"

ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ -(ਅਗਲੇ ਸਫ਼ੇ 'ਤੇ)

"ਤੁਸੀਂ ਪਹਿਲੀ ਕਿਰਾਏ ਦੀ ਦੁਕਾਨ ਦਾ ਜਿੰਨਾਂ ਕਿਰਾਇਆ ਦਿੰਦੇ ਸੀ, ਉਨਾਂ ਹੀ ਹਰ ਮਹੀਨੇ ਕਿਰਾਇਆ ਸਮਝ ਕੇ ਆਪਣੇ ਨਾਂ ਜਮ੍ਹਾਂ ਕਰਵਾਂਦੇ ਰਹਿਣਾ। ਹੌਲੀ ਸਹਿਜ ਨਾਲ ਫਿਰ ਤੁਸੀਂ ਵੀ ਕੋਈ ਆਪਣੇ ਲਈ ਥਾਂ ਦੇਖ ਸਕੋਗੇ। ਕੁਝ ਤੁਹਾਡੇ ਪਾਸ ਰਕਮ ਹੋਵੇਗੀ, ਕੁਝ ਥੋੜ੍ਹਾ ਬਹੁਤ ਮੈਂ ਵੀ ਕਰਾਂਗਾ।"

ਭਣੋਈਏ ਨੇ ਲਮਕਾ ਕੇ ਜਵਾਬ ਦਿੱਤਾ: "ਇੱਥੇ ਨਵਾਂ ਥਾਂ ਏ, ਦੇਖਾਂਗੇ ਕੀ ਬਣਦਾ ਹੈ ਅਤੇ ਕੀ ਬੱਚਦਾ ਹੈ।"

ਭੈਣ ਦੇ ਸਾਰੇ ਪਰਵਾਰ ਨੂੰ ਪ੍ਰਸੰਨ ਵੇਖ ਕੇ ਵੀਰ ਸਿੰਘ ਦਾ ਦਿਲ ਵੀ ਹੁਣ ਠੰਡਾ-ਸ਼ਾਂਤ ਸੀ। ਪਹਿਲੇ ਗੇੜੇ ਉਹ ਦੁਖੀ ਹੋ ਕੇ ਆਇਆ ਸੀ ਪਰ ਇਸ ਗੇੜੇ ਉਸਨੂੰ ਖੁਸ਼ੀ ਸੀ ਕਿ ਉਹ ਭੈਣ-ਭਣੋਈਏ ਲਈ ਵੀ ਕੁਝ ਕਰ ਸਕਿਆ ਸੀ ਅਤੇ ਇੱਕ ਤਰੀਕੇ ਨਾਲ ਆਪਣੇ ਲਈ ਵੀ। ਉਹਨਾਂ ਲਈ ਵੀ ਸ਼ਹਿਰ ਵਿਚ ਸਿਰ ਢੱਕਣ ਲਈ ਥਾਂ ਬਣ ਗਈ ਸੀ।

...ਸੋਚਾਂ ਸੋਚਦਿਆਂ ਭੈਣ-ਭਣੋਈਏ ਦੇ ਖਿਆਲਾਂ ਵਿਚ ਹੀ ਗੁਲਤਾਨ ਅਤੇ ਪੂਰੋ ਨਾਲ ਫ਼ੋਨ ਉਤੇ ਹੋਈ ਗਲਬਾਤ ਦੀ ਰੌਸ਼ਨੀ ਵਿਚ ਉਹ ਕਦੋਂ ਦਿੱਲੀ ਏਅਰਪੋਰਟ 'ਤੇ ਪੁੱਜ ਗਿਆ ਉਸ ਨੂੰ ਪਤਾ ਹੀ ਨਾ ਲੱਗਿਆ।

ਦਿੱਲੀ ਏਅਰਪੋਰਟ ਤੋਂ ਹੀ ਉਸਨੇ ਜਲੰਧਰ ਜਾਣ ਲਈ ਸਿੱਧੀ ਡੀਲਕਸ ਕੋਚ ਫੜੀ। ਉਸਦੇ ਮਨ ਵਿਚ ਇੱਕ ਚੜ੍ਹਦੀ ਇੱਕ ਉਤਰਦੀ। ਉਹ ਚਿੰਤਤ ਸੀ। ਉਹ ਦੁਬਿਧਾ ਵਿਚ ਸੀ। ਰਾਹ ਦਾ ਸਫ਼ਰ ਬੜੀ ਮੁਸ਼ਕਲ ਨਾਲ ਤੈ ਕਰ ਸਕਿਆ। ਲਗਪਗ ਚਾਰ ਕੁ ਵਜੇ ਉਹ ਸਕੂਟਰ ਵਿਚ ਬੈਠ ਕੇ ਘਰ ਪੁੱਜ ਗਿਆ। ਪੂਰੋ ਨੂੰ ਤਾਂ ਖ਼ੈਰ ਪਤਾ ਹੀ ਸੀ ਕਿ ਅੱਜ ਜਾਂ ਕਲ੍ਹ ਉਸਦੇ ਪਤੀ ਨੇ ਆ ਹੀ ਪੁੱਜਣਾ ਹੈ। ਪਰ ਭੈਣ, ਭਣੋਈਆ ਅਤੇ ਪਰਵਾਰ ਦੇ ਬਾਕੀ ਜੀਅ ਉਸਦੇ ਇੰਝ ਅਚਾਨਕ ਪਹੁੰਚਣ ਕਾਰਨ ਡੌਂਬਰੀ ਨਜ਼ਰੀਂ ਇੱਕ ਦੂਜੇ ਨੂੰ ਵੇਖਣ ਲੱਗੇ। ਵੀਰ ਸਿੰਘ ਨੇ ਉਹਨਾਂ ਦੀ ਹੈਰਾਨੀ ਨੂੰ ਭੰਗ ਕਰਦਿਆਂ ਹੱਸਦਿਆਂ ਕਿਹਾ: "ਮੈਂ ਕੋਈ ਭੂਤ-ਵੂਤ ਨਹੀਂ, ਤੁਹਾਡਾ ਆਪਣਾ ਹੀ ਬੰਦਾ ਹਾਂ, ਵੀਰ ਸਿੰਘ।"

ਕਦੇ ਦਰੀਂ ਤੇਲ ਚੋ ਕੇ ਅੰਦਰ ਲੰਘਾਉਣ ਵਾਲੀ ਭੈਣ ਨੇ ਆਪਣਾ ਆਪ ਸੰਭਾਲਦਿਆਂ ਭਰਾ ਨੂੰ ਗਲ਼ ਨਾਲ ਲਾਂਦਿਆਂ ਆਖਿਆ: "ਮੈਂ ਵਾਰੀ, ਮੈਂ ਸਦਕੇ ਜਾਵਾਂ ਆਪਣੇ ਵੀਰ ਤੋਂ।" ਆਪਣੇ ਬਰਾਬਰ ਦੇ ਉਚੇ ਲੰਬੇ ਗਭਰੂ ਹੋਏ ਭਾਣਜੇ ਵੀ ਮਿਲੇ। ਭਣੋਈਏ ਨੇ ਵੀ ਹੱਥ ਮਿਲਾਇਆ। ਪਰ ਵੀਰ ਸਿੰਘ ਨੇ ਮਹਿਸੂਸਿਆ ਕਿ ਅੱਜ ਉਸਨੂੰ ਕਿਸੇ ਪਾਸੋਂ ਵੀ ਪਹਿਲਾਂ ਵਾਲਾ ਨਿੱਘ ਨਹੀਂ ਸੀ ਮਿਲਿਆ। ਪਤਾ ਨਹੀਂ ਕਿਉਂ ਪਹਿਲਾਂ ਵਾਲਾ ਚਾਅ ਮਲ੍ਹਾਰ ਨਹੀਂ ਸੀ ਹੋਇਆ ਉਸਦਾ। ਵੀਰ ਸਿੰਘ ਦਾ ਅੰਦਰ ਡਰ ਗਿਆ। ਉਹ ਇਸ ਸਭ ਦੇ ਕਾਰਨ ਲੱਭਣਾ ਚਾਹੁੰਦਾ ਸੀ। ਸ਼ਾਮ ਚਾਹ-ਪਾਣੀ ਵਿਚ ਬੀਤੀ ਅਤੇ ਰਾਤੀਂ ਥੋੜ੍ਹਾ ਬਹੁਤ ਖਾ ਪੀ ਕੇ ਵੀਰ ਸਿੰਘ ਅਤੇ ਪੂਰੋ ਆਪਣੇ ਕਮਰੇ ਵਿਚ ਆਏ ਤਾਂ ਪਤਨੀ ਨੇ ਸਾਰੀ ਗੱਲ ਵਿਸਥਾਰ ਵਿਚ ਪਤੀ ਨੂੰ ਦੱਸੀ। ਗੱਲ ਤਾਂ ਸਿਰਫ਼ ਐਨੀ ਹੀ ਸੀ ਕਿ ਉਸਦੀ ਭੈਣ ਤੇ ਭਣੋਈਆ ਉਸਦਾ ਲਿਆ ਇਹ ਥਾਂ, ਇਹ ਘਰ ਛੱਡਣਾ ਨਹੀਂ ਸੀ ਚਾਹੁੰਦੇ। ਪਤਨੀ ਦੇ ਦੱਸਣ ਤੇ ਵੀ ਵੀਰ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ। ਉਸਦਾ ਦਿਲ ਹਾਮੀ ਭਰ ਰਿਹਾ ਸੀ ਕਿ ਪੂਰੋ ਨੂੰ ਜ਼ਰੂਰ ਹੀ ਸਮਝਣ ਵਿਚ ਕੋਈ ਗੁਲਤੀ ਲੱਗੀ ਹੋਵੇਗੀ। ਉਸ ਇਹ ਵੀ ਸੋਚਿਆ ਕਿ 'ਸ਼ਾਇਦ ਉਸਦੀ ਪਤਨੀ ਪੂਰੋ ਕੋਈ ਤੀਵੀਆਂ ਵਾਲਾ ਚਲਿਤ੍ਰ ਖੇਡ ਕੇ ਭੈਣ-ਭਰਾ ਨੂੰ ਵਿਛੋੜਨਾ ਚਾਹੁੰਦੀ ਹੋਵੇ।' ਪਰ ਪੂਰੋ ਪੂਰੀ ਤਰ੍ਹਾਂ ਸ਼ਾਂਤ ਰਹੀ। ਉਸਦਾ ਦਿਲ ਚਾਹੁੰਦਾ ਸੀ ਕਿ ਕਿਹੜੀ ਘੜੀ ਆਵੇ ਕਿ ਸਾਰੀ ਗੱਲ ਸਪਸ਼ਟ ਹੋ ਜਾਵੇ। ਵੀਰ ਸਿੰਘ ਦਿਲੋਂ ਡਰਦਾ ਵੀ ਸੀ ਕਿ ਕਿਤੇ ਉਸਨੂੰ ਭੈਣ ਪਾਸੋਂ ਸ਼ਰਮਿੰਦਾ ਹੀ ਨਾ ਹੋਣਾ ਪਵੇ। ਦੂਜੇ ਦਿਨ ਸ਼ਾਮੀਂ ਰੋਟੀ-ਟੁੱਕ ਮਗਰੋਂ ਵੀਰ ਸਿੰਘ ਨੇ ਰੱਬ ਦਾ ਨਾਮ ਲੈ ਕੇ ਘਰ ਖਾਲੀ ਕਰਨ ਸਬੰਧੀ ਬੜੇ ਹੀ ਯਕੀਨ ਤੇ ਮਾਣ ਨਾਲ ਭੈਣ-ਭਣੋਈਏ ਨਾਲ ਗੱਲ ਕੀਤੀ।

ਵੀਰ ਸਿੰਘ ਦੀ ਗੱਲ ਸੁਣਦਿਆਂ ਹੀ ਉਸਦਾ ਭਣੋਈਆ ਅਤੇ ਦੋਵੇਂ ਪੁੱਤਰ ਇੱਕ ਦੂਜੇ ਵੱਲਾਂ ਵੇਖਣ ਲੱਗ ਪਏ। ਉਹਨਾਂ ਦੀ ਝਾਕ ਦੱਸਦੀ ਸੀ ਕਿ ਉਹ ਵੀਰ ਸਿੰਘ ਦੀ ਗੱਲ ਲਈ ਪਹਿਲਾਂ ਹੀ ਤਿਆਰ ਬੈਠੇ ਸਨ, ਪਰ ਉਹਨਾਂ ਵਿਚ ਇੱਕ ਤਰ੍ਹਾਂ ਦੀ ਚੁੱਪ ਪਸਰੀ ਰਹੀ। ਭੈਣ ਵੀ ਨੀਵੀਂ ਪਾਈ ਬਿਨਾਂ ਕੁਝ ਕਹੇ ਬੈਠੀ ਰਹੀ। ਵੀਰ ਸਿੰਘ ਨੇ ਫਿਰ ਆਪਣੀ ਗੱਲ ਨੂੰ ਮੁੜ ਮਿੱਠੀ ਕਰਦਿਆਂ ਦੋਹਰਾਇਆ: "ਕੋਈ ਕਾਹਲੀ ਨਹੀਂ। ਪਰ ਹੁਣ ਸਾਨੂੰ ਵੀ ਥਾਂ ਲੋੜੀਂਦੀ ਏ ਅਤੇ ਭਾਈਏ ਹੁਰਾਂ ਦਾ ਕੰਮ ਵੀ ਸੋਹਣਾ ਚੱਲ ਨਿਕਲਿਆ ਹੈ। ਹੌਲੀ ਸਹਿਜੇ ਆਪਣੇ ਲਈ ਹੋਰ ਥਾਂ ਦੇਖ ਲਉ। ਪੰਦਰਾਂ ਸਾਲਾਂ ਵਿਚ ਤੁਸੀਂ ਵੀ ਕਰਾਇਆ ਸਮਝ ਕੇ ਕੁਝ ਪੈਸੇ ਜੋੜੇ ਹੋਣਗੇ ਅਤੇ ਥੋੜ੍ਹੇ ਬਹੁਤ ਘੱਟਦੇ ਪੈਸੇ ਮੈਂ ਪਾਉਣ ਦੀ ਕੋਸ਼ਿਸ਼ ਕਰਾਂਗਾ।"

ਵੀਰ ਸਿੰਘ ਦੇ ਮੂੰਹੋਂ ਹਾਲਾਂ ਪੂਰੀ ਗੱਲ ਵੀ ਸਮਾਪਤ ਨਹੀਂ ਹੋਈ ਸੀ ਕਿ ਭਣੋਈਆ ਬੜੀ ਰੰਜਸ਼ ਨਾਲ ਮੰਜੇ ਤੋਂ ਉਠਦਿਆਂ ਬੋਲਿਆ: "ਵੇਖ ਭਾਈ ਵੀਰ ਸਿਆਂ! ਜਦੋਂ ਤੂੰ ਸਾਨੂੰ ਸਾਡੇ ਪਿੰਡ ਦੇ ਘਰੋਂ ਪੱਟਿਆ ਸੀ ਤਾਂ ਅਸੀਂ ਤੈਨੂੰ ਨਹੀਂ ਸੀ ਆਖਿਆ ਕਿ ਜਲੰਧਰ ਥਾਂ ਲੈ ਅਤੇ ਸਾਨੂੰ ਉਥੇ ਲੈ ਚੱਲ। ਅਸੀਂ ਤੇਰੀ ਕੋਈ ਮਿੰਨਤ ਨਹੀਂ ਸੀ ਕੀਤੀ। ਉਦੋਂ ਸਾਡੇ ਪਾਸ, ਜਿੱਦਾਂ-ਕਿੱਦਾਂ ਦੇ ਵੀ ਸਨ, ਪਿੰਡ ਦੋ ਕਮਰੇ ਤਾਂ ਸਨ। ਹੁਣ ਤਾਂ ਉਹ ਵੀ ਢਹਿ ਢੇਰੀ ਹੋ ਗਏ ਨੇ। ਉਥੇ ਕੁਝ ਰਿਹਾ ਨਹੀਂ। ਤੂੰ ਤੇ ਚੰਗਾ ਸਾਨੂੰ ਖ਼ਰਾਬ ਕੀਤਾ। ਇੰਝ ਹੁਣ ਅਸੀਂ ਤਾਂ ਘਰੋਂ ਬੇਘਰ ਹੋ ਕੇ ਰਹਿ ਜਾਵਾਂਗੇ। ਨਾ ਘਰ ਦੇ ਰਹੇ ਨਾ ਘਾਟ ਦੇ। ਤੈਨੂੰ ਆਪਣਾ ਮਤਲਬ ਸੀ ਕਿ ਤੇਰੀ ਇੱਥੇ ਜਾਇਦਾਦ ਬਣੀ ਰਹੂ ਅਤੇ ਅਸੀਂ ਮੁਫ਼ਤ ਵਿਚ ਇਸਦੀ ਰਾਖੀ ਕਰਦੇ ਰਹਾਂਗੇ।"

ਵੀਰ ਸਿੰਘ ਇਹ ਸਭ ਸੁਣ ਕੇ ਸਕਤੇ ਵਿਚ ਆ ਗਿਆ। ਉਸਨੂੰ ਸੁਝ ਨਹੀਂ ਸੀ ਰਿਹਾ ਕਿ ਕੀ ਸੋਚੇ ਅਤੇ ਕੀ ਆਖੇ। ਭਣੋਈਏ ਨੇ ਆਪਣਾ ਰੋਸ ਜਾਰੀ ਰੱਖਦਿਆਂ ਕਿਹਾ: "ਤੇਰੇ ਇਸ ਘਰ ਦੀ ਮੁਰੰਮਤ ਕਰਵਾਉਣ ਲਈ ਪਤਾ ਨਹੀਂ ਅਸੀਂ ਕਿੰਨੇ ਕੁ ਪੈਸੇ ਲਗਾ ਚੁੱਕੇ ਹਾਂ। ਕਦੇ ਹਿਸਾਬ ਹੀ ਨਹੀਂ ਰੱਖਿਆ। ਜਿੰਨਾ ਪੈਸਾ-ਧੇਲਾ ਬੱਚਦਾ ਸੀ ਇਸੇ ਮਕਾਨ ਤੇ ਹੀ ਲਾਂਦੇ ਗਏ। ਅਸੀਂ ਤਾਂ ਫ਼ੁੱਟੀ-ਕੌਡੀ ਨਹੀਂ ਰੱਖੀ ਆਪਣੇ ਕੋਲ।" ਵੀਰ ਸਿੰਘ ਨੂੰ ਯਾਦ ਆ ਰਿਹਾ ਸੀ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਮਕਾਨ ਦੀ ਮੁਰੰਮਤ ਲਈ ਪੰਦਰਾਂ ਕੁ ਹਜ਼ਾਰ ਰੁਪਏ ਤਾਂ ਉਸਨੇ ਭੇਜੇ ਸਨ। ਪਰ ਭਣੋਈਆ ਕਰੋਧ ਵਿਚ ਆਇਆ ਕਹੀ ਜਾ ਰਿਹਾ ਸੀ: "ਅਸੀਂ ਮਕਾਨ ਕਾਸਦਾ ਲੈਣਾ ਹੈ। ਭਾਈ! ਤੇਰੇ ਮਕਾਨ ਦੀ ਸਾਂਭ-ਸੰਭਾਲ ਵਿਚ ਸਾਡਾ ਤਾਂ ਝੁੱਗਾ ਹੀ ਚੌੜ ਹੋ ਗਿਆ। ਤੁਸੀਂ ਦੋਵੇਂ ਤਾਂ ਅਣਹੋਣੀ ਗੱਲ ਕਰਦੇ ਹੋ। ਇਹ ਤੁਹਾਡੀ ਵਲਾਇਤ ਨਹੀਂ ਹੈ ਜਿੱਥੋਂ ਦੀ 'ਦੋ ਸਾਲਾਂ' ਦੀ ਕਮਾਈ ਨਾਲ ਘਰ ਬਣ ਜਾਂਦੇ ਹਨ, ਪਰ ਇਹ ਇੰਡੀਆ ਹੈ ਇੰਡੀਆ, ਇੱਥੇ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ -(ਅਗਲੇ ਸਫ਼ੇ 'ਤੇ)

ਤਾਂ ਘਰ ਬਣਾਉਣ ਲਈ ਉਮਰਾਂ ਲੱਗ ਜਾਂਦੀਆਂ ਨੇ।"

ਵੀਰ ਸਿੰਘ ਉਹਨਾਂ ਸਾਰਿਆਂ ਵੱਲ ਬਿੱਤਰ ਬਿੱਤਰ ਤੱਕਦਾ ਹੀ ਰਹਿ ਗਿਆ। ਇਸਤੋਂ ਪਹਿਲਾਂ ਕਿ ਉਹ ਕੁਝ ਹੋਰ ਕਹਿ ਸਕਦਾ, ਵੱਡਾ ਭਾਣਜਾ ਬੋਲਿਆ: "ਮਾਮਾ! ਭਾਪਾ ਤੇ ਬੀਬੀ ਸਾਨੂੰ ਦੱਸਦੇ ਸੀ ਕਿ ਤੂੰ ਤਾਂ ਦੋ ਕੁ ਸਾਲਾਂ ਵਿਚ ਹੀ ਇਹ ਥਾਂ ਖਰੀਦ ਲਈ ਸੀ। ਸਾਡੀਆਂ ਸਾਲ ਭਰ ਦੀਆਂ ਸਕੂਲ ਦੀਆਂ ਫ਼ੀਸਾਂ ਵੀ ਤੂੰ ਹੀ ਭਰ ਦਿੱਤੀਆਂ ਸਨ। ਤੂੰ ਸਾਡੇ ਉਤੇ ਕਿੰਨਾ ਖ਼ਰਚ ਕਰ ਗਿਆ ਸੈਂ। ਤੈਨੂੰ ਕੀ ਫਰਕ ਪੈਣਾ ਹੈ 'ਦੋ ਸਾਲ' ਦੀ ਕਮਾਈ ਹੀ ਹੈ ਨਾ। ਹੁਣ ਤਾਂ ਤੈਂ ਉਦੋਂ ਦੇ ਕਈ 'ਦੋ ਸਾਲ' ਹੋਰ ਲਾ ਲਏ ਨੇ। ਤੇਰੇ ਪਾਸ ਪੈਸਿਆਂ ਦਾ ਕਿਹੜਾ ਘਾਟਾ ਏ? ਤੂੰ ਤੇ ਇਸ ਤੋਂ ਵੀ ਵੱਧ ਸੋਹਣੀ ਹੋਰ ਥਾਂ ਖਰੀਦ ਸਕਦਾ ਏਂ।"

ਭਾਣਜੇ ਵਲੋਂ "ਤੂੰ" ਦੀ ਵਰਤੋਂ ਸੁਣਕੇ ਵੀਰ ਸਿੰਘ ਹੈਰਾਨ ਹੋਇਆ। ਹੁਣ ਦੂਜੇ ਭਾਣਜੇ ਦੀ ਵਾਰੀ ਸੀ। ਉਹ ਬੋਲਿਆ: "ਮਾਮਾ! ਤੁਹਾਡੀ ਵਲਾਇਤ ਤਾਂ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਏ ਮੁਰਗੀ। ਹੋਰ 'ਦੋ ਸਾਲਾਂ' ਵਿਚ ਹੋਰ ਆਂਡੇ ਦੇ ਦੇ ਕੇ ਤੁਹਾਨੂੰ ਹੋਰ ਬਥੇਰਾ ਮਾਲੋ-ਮਾਲ ਕਰ ਦੇਵੇਗੀ" ਇਹ ਕਹਿ ਕੇ ਦੋਹਾਂ ਭਾਣਜਿਆਂ ਨੇ ਇੱਕ ਦੂਜੇ ਵੱਲ ਸ਼ਰਾਰਤ ਭਰੀਆਂ ਨਜ਼ਰਾਂ ਨਾਲ ਤੱਕਿਆ ਅਤੇ ਫਿਰ ਉਹ ਦੋਵੇਂ ਇੰਝ ਠਹਾਕਾ ਮਾਰ ਕੇ ਹੱਸੇ ਕਿ ਵੀਰ ਸਿੰਘ ਦੀ ਆਤਮਾ ਹੀ ਵਲੂੰਧਰੀ ਗਈ।

'ਦੋ ਸਾਲ? ਦੋ ਸਾਲ।'

ਵੀਰ ਸਿੰਘ ਨੇ ਆਪਣੀ ਪਤਨੀ ਪੂਰੋ ਵੱਲ ਤੱਕਿਆ। ਉਸ ਵੇਖਿਆ ਕਿ ਉਸਦੀਆਂ ਅੱਖਾਂ ਵਿਚੋਂ ਵੀ ਪਛਤਾਵਾ, ਨਿਰਾਸ਼ਾ ਅਤੇ ਰੋਹ ਛਲਕ ਰਿਹਾ ਸੀ। ਫਿਰ ਵੀਰ ਸਿੰਘ ਨੇ ਆਪਣੀਆਂ ਅੱਖਾਂ ਵਿਚ ਆਏ ਖਾਰੇ ਹੰਝੂ ਪੂੰਝਦਿਆਂ ਵੱਡੀ ਭੈਣ ਵੱਲ ਵੇਖਿਆ, ਮਾਨੋ ਪੁੱਛ ਰਿਹਾ ਹੋਵੇ: 'ਭੈਣ ਇਹ ਸਭ ਕੀ ਏ?

ਪਰ ਭੈਣ ਨੇ ਵੀਰ ਸਿੰਘ ਨਾਲ ਨਜ਼ਰਾਂ ਨਾ ਮਿਲਾਂਦਿਆਂ, 'ਦੋ ਸਾਲਾਂ' ਦਾ ਭੋਗ ਇੰਝ ਪਾ ਦਿੱਤਾ: 'ਮੇਰੇ ਤਾਂ ਇੰਨਾਂ ਅੱਗੇ ਹੱਥ ਖੜੇ ਨੇ। ਮੈਂ ਕੀ ਕਰ ਸਕਦੀ ਹਾਂ?'

ਵੀਰ ਸਿੰਘ ਦਾ ਗੱਚ ਭਰ ਆਇਆ। ਉਸਨੂੰ ਮਾਂ ਜਾਈ ਵੱਡੀ ਭੈਣ ਵੱਲ ਤੱਕਦਿਆਂ ਸਮਝ ਲੱਗ ਗਈ ਸੀ ਕਿ 'ਦੋ ਸਾਲਾਂ' ਦੀ ਕਰਾਮਾਤ ਨੇ ਖ਼ੂਨ ਦੇ ਰਿਸ਼ਤਿਆਂ ਨੂੰ ਸਾਗਰ ਦੇ ਦੋ ਅਜਿਹੇ ਕੰਢਿਆਂ ਵਿਚ ਬਦਲ ਦਿੱਤਾ ਹੈ ਜੋ ਕਦੇ ਆਪਸ ਵਿਚ ਨਹੀਂ ਮਿਲਦੇ।

ਕਹਾਣੀ

# ਇਕ ਗੱਲ ਉਹਦੀ

## ਹਰਜੀਤ ਅਟਵਾਲ



ਹਰਜੀਤ ਅਟਵਾਲ

ਸੀਕੇ ਮੁਬਾਈਲ ਦੇ ਸਕਰੀਨ ਨੂੰ ਦੱਬ ਕੇ ਟਾਈਮ ਦੇਖਦੀ ਹੈ। ਟਾਈਮ ਦੇ ਨਾਲ ਹੀ ਸੁੱਖ ਦੀ ਫੋਟੋ ਉਭਰ ਆਉਂਦੀ ਹੈ। ਇਕ ਪਲ ਲਈ ਉਸ ਦੀਆਂ ਨਜ਼ਰਾਂ ਮਮਤਾ ਨਾਲ ਭਰ ਜਾਂਦੀਆਂ ਹਨ,... 'ਮੁੰਡਿਆ, ਕੁਝ ਬਣ ਜਾ ਨਹੀਂ ਤਾਂ ਲੋਕ ਕਹਿਣਗੇ, ਸੀਕੇ ਨੂੰ ਮੁੰਡਾ ਨਹੀਂ ਪਾਲਣਾ ਆਇਆ।'

...ਨੌਂ ਵੱਜ ਰਹੇ ਨੇ। ਸੁੱਖ ਦਾ ਨਾਂ ਨਿਸ਼ਾਨ ਨਹੀਂ। ਰਾਤੀਂ ਕਹਿੰਦਾ ਸੀ- 'ਮੌਮ, ਮੈਂ ਤੇਰੇ ਨਾਲ ਸ਼ੌਪਿੰਗ ਕਰਨ ਜਾਣਾ।' ਉਸ ਦਾ ਮਤਲਬ ਸੀ ਕਿ ਮਾਂ ਦੀ ਮੱਦਦ ਕਰੇਗਾ। ਸੀਕੇ ਨੂੰ ਪਤਾ ਸੀ ਕਿ ਸਵੇਰੇ ਉਹ ਨਹੀਂ ਉਠੇਗਾ। ਕਰੋਨੇ ਕਾਰਨ ਸਕੂਲ ਅਜਿਹੇ ਬੰਦ ਹੋਏ ਕਿ ਬੱਚਿਆਂ ਨੂੰ ਢਿੱਲੜ ਕਰ ਦਿੱਤਾ ਹੈ। ਸੁੱਖ ਤਾਂ ਪਹਿਲਾਂ ਹੀ ਲੋਲ੍ਹਾ ਜਿਹਾ ਹੈ। ਗੱਲਾਂ ਜਿੰਨੀਆਂ ਮਰਜ਼ੀ ਸੁਣ ਲਓ, ਲਤੀਫੇ ਸੁਣ ਲਓ। ਪਰ ਆਪਣਾ ਕੋਈ ਕੰਮ ਆਪ ਨਹੀਂ ਕਰ ਸਕਦਾ ਜਿਵੇਂ ਲੋਕਾਂ ਦੇ ਬੱਚੇ ਕਰ ਲੈਂਦੇ ਹਨ।

ਉਹ ਪੌੜੀਆਂ ਚੜਦੀ ਉਪਰ ਜਾਂਦੀ ਹੈ, ਸੁੱਖ ਦੇ ਕਮਰੇ ਦਾ ਬੂਹਾ ਖੋਹਲਦੀ ਹੈ। ...ਕਿਵੇਂ ਲੱਤਾਂ ਬਾਹਾਂ ਖਿਲਾਰੀ ਸੁੱਤਾ ਪਿਆ ਏ! ਨਿਰਾ ਪਿਓ ਵਰਗਾ! ਸੀਕੇ ਕਮਰੇ ਦਾ ਬੂਹਾ ਵਾਪਸ ਢੋਅ ਕੇ ਪੌੜੀਆਂ ਉਤਰ ਆਉਂਦੀ ਹੈ।

ਬੈਗ ਚੁੱਕਦੀ ਹੈ ਤੇ ਕਾਰ ਦੀਆਂ ਚਾਬੀਆਂ ਵੀ। ਦੇਖਦੀ ਹੈ ਕਿ ਬੈਗ ਵਿੱਚ ਮੂੰਹ 'ਤੇ ਲਾਉਣ ਲਈ ਮਾਸਕ ਹੈ ਵੇ। ...ਕਰੋਨਾ ਵਾਇਰਸ ਨੇ ਜ਼ਿੰਦਗੀ ਅਜ਼ਾਬ ਕੀਤੀ ਪਈ ਐ। ਹੁਣ ਤਾਂ ਫਿਰ ਕੁਝ ਢਿੱਲਾਂ ਮਿਲ ਗਈਆਂ। ਤੁਸੀਂ ਬਾਹਰ ਆ-ਜਾ ਸਕਦੇ ਹੋ। ਪਹਿਲੇ ਤਿੰਨ ਮਹੀਨੇ ਤਾਂ ਸਾਰੀ ਦੁਨੀਆਂ ਅੰਦਰੀਂ ਹੀ ਬੰਦ ਰਹੀ। ਲੰਡਨ ਦੀਆਂ ਦੀ ਨਹੀਂ ਸਾਰੀ ਦੁਨੀਆ ਦੀਆਂ ਸੜਕਾਂ ਖਾਲੀ ਹੋ ਗਈਆਂ ਸਨ। ਲੋਕਾਂ ਨੇ ਲੌਕਡਾਊਨ ਸ਼ਬਦ ਸੁਣਿਆਂ ਤਾਂ ਹੋਵੇਗਾ ਪਰ ਇਹ ਦੇ ਮਾਹਿਨੇ ਪਹਿਲੀ ਵਾਰ ਸਮਝ ਲੱਗੇ ਸਨ। ਅੰਦਰੀਂ ਵੜੇ ਲੋਕ ਪਾਗਲ ਹੋਣ ਲੱਗੇ ਸਨ। ਇਸ ਗੱਲੋਂ ਸੀਕੇ ਠੀਕ ਰਹੀ। ਉਸ ਨੇ ਆਪਣੇ ਘਰ ਦੀ ਗੈਰਜ ਵਿੱਚ ਹੀ ਕਪੜੇ ਸੀਉਣ ਦੀ ਛੋਟੀ ਜਿਹੀ ਫੈਕਟਰੀ ਲਾਈ ਹੋਈ ਹੈ। ਚੁਪ-ਚਾਪ ਕੰਮ ਕਰਦੀ ਰਹਿੰਦੀ ਹੈ। ਬਾਹਰ ਦੀ ਦੁਨੀਆ ਨਾਲ ਉਸ ਦਾ ਸਿੱਧਾ ਵਾਹ ਨਹੀਂ ਪੈਂਦਾ। ਪੂਨਮ ਉਸ ਨਾਲ ਪੱਕੀ ਕੰਮ ਕਰਦੀ ਹੈ। ਬੱਚੇ ਸਕੂਲ ਛੱਡ ਕੇ ਆ ਜਾਂਦੀ ਹੈ ਪਰ ਹੁਣ ਕਰੋਨਾ ਕਰ ਕੇ ਬੱਚੇ ਘਰ ਹੀ ਹਨ। ਪਹਿਲੀਆਂ ਵਿੱਚ ਕਈ ਮੁਸ਼ਕਲਾਂ ਆਉਣ ਲਗੀਆਂ ਸਨ, ਫਿਰ ਉਸ ਦੇ ਪਤੀ ਜਰਨੈਲ ਨੂੰ ਕੰਮ ਤੋਂ ਫਰਲੋ ਮਿਲ ਗਈ, ਪੂਨਮ ਮੁੜ ਨਿਰੰਤਰ ਕੰਮ 'ਤੇ ਆਉਣ ਲੱਗੀ। ਉਸ ਨੇ ਆਪਣੀ ਫੈਕਟਰੀ ਵਿੱਚ ਕੁਝ ਕੁੜੀਆਂ ਦੇ ਕੰਮ ਸਿਖਣ ਦਾ ਇੰਤਜ਼ਾਮ ਵੀ ਕੀਤਾ ਹੋਇਆ ਹੈ ਪਰ ਕਰੋਨਾ ਕਰ ਕੇ ਹੁਣ ਸਿਖਾਉਣ ਦਾ ਕੰਮ ਬੰਦ ਕਰ ਦਿੱਤਾ ਹੈ। ਸਿਰਫ਼ ਸਿਧਰਾ ਹੈ। ਸਿਧਰਾ ਵੀ ਇਸ ਲਈ ਕਿ ਉਹ ਨਾਲ ਦੇ ਘਰ ਵਿੱਚ ਰਹਿੰਦੇ ਪਾਕਿਸਤਾਨੀ ਪਰਿਵਾਰ ਦੀ ਕੁੜੀ ਹੈ। ਵਰ੍ਹਿਆਂ ਤੋਂ ਇਕੱਠੇ ਰਹਿੰਦੇ ਹੋਣ ਕਰਕੇ ਇਕ ਟੱਬਰ ਵਾਂਗ ਹੀ ਹਨ। ਸਿਧਰਾ ਸਕੂਲ ਤੋਂ ਬਾਅਦ ਕਾਲਜ ਗਈ ਸੀ ਪਰ ਹੁਣ ਕਾਲਜ ਬੰਦ ਹੋ ਗਏ, ਉਹ ਸੀਕੇ ਨਾਲ ਕੰਮ ਸਿੱਖਣ ਆ ਲੱਗੀ ਹੈ। ਇਕ ਤਾਂ ਵਿਹਲ ਨੂੰ ਕਿਤੇ ਵਰਤਣਾ ਸੀ ਦੂਜੇ ਸੀਕੇ ਤੋਂ ਬਹੁਤ ਸਾਰੀਆਂ ਕੁੜੀਆਂ ਕੰਮ ਸਿਖ ਕੇ ਗਈਆਂ ਹਨ ਜਿਹਨਾਂ ਨੇ ਆਪਣਾ ਕੰਮ ਸ਼ੁਰੂ ਕਰ ਲਿਆ ਹੈ।

ਹਲਕੇ ਸੁਰਖਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ ਬਾਕੀ ਰਹਿ ਜਾਂਦਾ ਹੈ -(ਅਗਲੇ ਸਫ਼ੇ 'ਤੇ)

ਸਾਊਥਾਲ ਦੇ ਇਲਾਕੇ ਵਿੱਚ ਕਪੜੇ ਸੀਣ ਦਾ ਕੰਮ ਬਹੁਤ ਹੈ ਖਾਸ ਕਰ ਕੇ ਔਰਤਾਂ ਦੇ ਪੰਜਾਬੀ ਸੂਟਾਂ ਦਾ। ਸਿਧਰਾ ਦੀ ਮਾਂ ਸੋਚਦੀ ਹੈ ਕਿ ਉਸ ਦੀ ਕੁੜੀ ਵੀ ਇਹ ਕੰਮ ਸ਼ੁਰੂ ਕਰ ਸਕਦੀ ਹੈ।

ਸੀਕੋ ਆਪਣੀ ਕਾਰ ਵਿੱਚ ਬਹਿ ਕੇ ਉਸ ਦੇ ਸਾਰੇ ਫੰਕਸ਼ਨਾਂ ਨੂੰ ਧਿਆਨ ਨਾਲ ਦੇਖਦੀ ਹੈ। ਕਾਰ ਹਾਲੇ ਉਸ ਦੇ ਪੂਰੀ ਤਰ੍ਹਾਂ ਹੱਥ ਨਹੀਂ ਲੱਗੀ। ਇਹ ਮਰਸਡੀਜ਼ ਉਸ ਨੇ ਕਰੋਨਾ ਤੋਂ ਪਹਿਲਾਂ ਹੀ ਖਰੀਦੀ ਹੈ, ਚੰਗੀ ਤਰ੍ਹਾਂ ਚਲਾ ਕੇ ਵੀ ਨਹੀਂ ਦੇਖੀ। ...ਮਕੈਨਿਕ ਕਹਿੰਦਾ ਹੈ ਕਿ ਇਸ ਕਾਰ ਨੂੰ ਰੋਜ਼ਾਨਾ ਅੱਧਾ-ਪੌਣਾ ਘੰਟਾ ਮੋਟਰਵੇਅ 'ਤੇ ਦੁੜਾਉਣਾ ਚਾਹੀਦਾ ਹੈ ਪਰ ਕਰੋਨਾ ਨੇ ਦੁਨੀਆ ਅੰਦਰ ਵਾੜ ਦਿੱਤੀ ਤੇ ਕਾਰ ਕਿੱਥੇ ਦੁੜਾਵੇ। ਜਿਸ ਦਿਨ ਸੁੱਖ ਨੇ ਲਾਇਸੰਸ ਲੈ ਲਿਆ ਉਹ ਬਥੇਰੀ ਕਾਰ ਦੁੜਾ ਲਿਆ ਕਰੇਗਾ। ਸੁੱਖ ਨੇ ਪਰੋਵੀਯਨਲ ਲਾਇਸੰਸ ਤਾਂ ਲੈ ਲਿਆ ਹੈ ਪਰ ਸਤਾਰਾਂ ਸਾਲ ਦੀ ਉਮਰ ਤੋਂ ਪਹਿਲਾਂ ਉਹ ਡਰਾਈਵਿੰਗ ਦੇ ਸਬਕ ਨਹੀਂ ਲੈ ਸਕਦਾ, ਫਿਰ ਕਿਤੇ ਜਾ ਕੇ ਡਰਾਈਵਿੰਗ ਟੈਸਟ ਪਾਸ ਕਰੇਗਾ। ਸੀਕੋ ਕਾਰ ਵਿੱਚ ਬੈਠੀ ਹਾਰਟ ਡਰਾਈਵ 'ਤੇ ਖੜੀਆਂ ਕਾਰਾਂ ਵੱਲ ਦੇਖਦੀ ਹੈ। ਸਭ ਤੋਂ ਵਧੀਆ ਕਾਰ ਉਸ ਦੀ ਹੀ ਹੈ ਤੇ ਘਰ ਵੀ ਉਸ ਦਾ ਹੀ। ਘਰ ਤਾਂ ਭਾਵੇਂ ਉਸ ਨੂੰ ਉਸ ਦੇ ਡੈਡੀ ਤੋਂ ਮਿਲਿਆ ਹੈ। ਹਾਰਟ ਡਰਾਈਵ ਬੰਦ ਰੋਡ ਹੈ, ਇਸ ਉਪਰ ਕੁਲ ਵੀਹ ਘਰ ਹਨ। ਸਭ ਰਲ਼ੇ ਮਿਲ਼ੇ। ਉਸ ਦੇ ਨਾਲ ਹੀ ਸ਼ਾਹੀਨਾ ਦਾ ਘਰ ਹੈ, ਸਿਧਰਾ ਦੀ ਮਾਂ ਦਾ। ਸੜਕ ਦੇ ਅਖ਼ੀਰ ਵਿੱਚ ਦੋ ਅੰਗਰੇਜ਼ ਪਰਿਵਾਰ ਹਨ। ਸਾਹਮਣੇ ਦੋ ਘਰ ਸੁਮਾਲੀਅਨ ਪਰਿਵਾਰ ਦੇ ਹਨ, ਖੱਬੇ ਪਾਸੇ ਦੋ ਘਰ ਗੁਜਰਾਤੀਆਂ ਦੇ ਹਨ, ਇਕ ਘਰ ਮਦਰਾਸੀਆਂ ਦਾ। ਸਭ ਆਪਸ ਵਿੱਚ ਪਿਆਰ ਨਾਲ ਰਹਿੰਦੇ ਹਨ। ਉਸ ਦੀ ਜ਼ਿਆਦਾ ਨੇੜਤਾ ਸ਼ਾਹੀਨਾ ਨਾਲ ਹੈ।

ਕਾਰ ਨੂੰ ਡਰਾਈਵ ਵੇਅ ਵਿੱਚੋਂ ਕੱਢ ਕੇ ਹਾਰਟ ਡਰਾਈਵ 'ਤੇ ਆ ਕੇ ਉਹ ਰਨਬੋਰਨ ਰੋਡ 'ਤੇ ਆ ਜਾਂਦੀ ਹੈ। ਇਥੋਂ ਸੜਕ ਜ਼ਰਾ ਚੌੜੀ ਹੈ, ਉਹ ਕਾਰ ਨੂੰ ਰੇਸ ਦੇ ਦਿੰਦੀ ਹੈ ਭਾਵੇਂ ਇਥੇ ਸਪੀਡ ਵੀਹ ਮੀਲ ਦੀ ਹੀ ਹੈ। ਅੱਗੇ ਜਾ ਕੇ ਉਸ ਨੇ ਖੱਬੇ ਮੁੜ ਕੇ ਹਾਈ ਸਰਟੀਟ ਵਿੱਚ ਪੈਣਾ ਹੈ, ਉਥੇ ਕੁ ਹੀ ਜੱਗੇ ਦਾ ਘਰ ਹੈ। ਉਹ ਦੇਖਦੀ ਹੈ ਕਿ ਜੱਗਾ ਫਰੰਟ ਗਾਰਡਨ ਵਿੱਚ ਕੋਈ ਕੰਮ ਕਰ ਰਿਹਾ ਹੈ, ਉਸ ਦਾ ਮੁੰਡਾ ਰੌਕੀ ਉਸ ਦੇ ਨਾਲ ਹੈ, ਉਹ ਉਂਗਲ ਮਾਰਦਾ ਰੌਕੀ ਨੂੰ ਕੁਝ ਸਮਝਾ ਰਿਹਾ ਹੈ। ...ਜੇ ਸੁਰਜੀਤ ਸਾਡੇ ਨਾਲ ਹੁੰਦਾ ਤਾਂ ਉਹ ਵੀ ਸੁੱਖ ਨੂੰ ਇਵੇਂ ਹੀ ਸਮਝਾਉਂਦਾ। ਉਸ ਦੀ ਕਾਰ ਦੀ ਆਵਾਜ਼ ਸੁਣ ਕੇ ਜੱਗਾ ਉਸ ਵੱਲ ਦੇਖਣ ਲਗਦਾ ਹੈ। ...ਕੀ ਦੇਖਦਾ ਏਂ? ਮੈਨੂੰ ਜਾਂ ਮੇਰੀ ਬੈਂਜ਼ ਨੂੰ? ਜਾਂ ਸਾਨੂੰ ਦੋਹਾਂ ਨੂੰ? ਸੀਕੋ ਦੀ ਜੁੱਤੀ ਭੁੱਲ ਗਿਆ ਲਗਦਾਂ?

ਜੱਗਾ ਅੱਖਾਂ ਨੀਵੀਆਂ ਕਰ ਲੈਂਦਾ ਹੈ ਜਿਵੇਂ ਉਸ ਦੇ ਦਿਲ ਦੀ ਗੱਲ ਉਸ ਨੇ ਸੁਣ ਲਈ ਹੋਵੇ।

ਸ਼ੌਪਿੰਗ ਤੋਂ ਵਾਪਸ ਮੁੜ ਉਹ ਕਾਰ ਮੁੜ ਡਰਾਈਵ ਵੇਅ ਵਿੱਚ ਪਾਰਕ ਕਰਦੀ ਹੈ। ਸੁੱਖ ਹਾਲੇ ਵੀ ਨਹੀਂ ਰੜਕ ਰਿਹਾ। ਉਸੇ ਵੇਲੇ ਹੀ ਨਾਲ ਦੇ ਘਰੋਂ ਸਿਧਰਾ ਆ ਜਾਂਦੀ ਹੈ। ਉਹ ਅੰਗਰੇਜ਼ੀ ਵਿੱਚ ਪੁੱਛਦੀ ਹੈ, ''ਅੰਟੀ, ਕਿੰਨੇ ਵਜੇ ਆਵਾਂ?''

''ਸਿਧਰਾ, ਮੇਕਅੱਪ ਜੋਰ ਮੈਂਡ ਫਸਟ।'' ਸੀਕੋ ਦੇਸੀ ਜਿਹੀ ਅੰਗਰੇਜ਼ੀ ਵਿੱਚ ਕਹਿੰਦੀ ਹੈ।

''ਆਏ ਹੈਵ ਮੇਡ ਇਟ। ਮੌਮ ਵੀ ਕਹਿੰਦੀ ਕਿ ਇਹੋ ਕੰਮ ਕਰਲੈ।''

''ਹੁਣੇ ਆ ਜਾ, ਮੈਂ ਬੱਸ ਆਹ ਸ਼ੌਪਿੰਗ ਟਿਕਾਉਣੀ ਐ, ਪੂਨਮ ਵੀ ਆਉਣ ਵਾਲੀ ਐ, ਉਹਦਾ ਫ਼ੋਨ ਆ ਗਿਆ।''

ਸਿਧਰਾ ਉਸ ਨਾਲ ਕਾਰ ਦੇ ਬੂਟ ਵਿੱਚੋਂ ਸਮਾਨ ਕੱਢ ਕੇ ਅੰਦਰ ਲੈ ਜਾਣ ਲਗਦੀ ਹੈ। ਸਮਾਨ ਨੂੰ ਥਾਂਹੋਂ ਥਾਂਹੀਂ ਟਿਕਾਉਂਦੀ ਕਹਿੰਦੀ ਹੈ, ''ਸਿਧਰਾ, ਤੂੰ ਸੁੱਖ ਨੂੰ ਜਗਾ ਕੇ ਸੀਰੀਅਲ ਦੇ ਦੇ, ਜਦ ਤੱਕ ਮੈਂ ਮਸ਼ੀਨਾਂ ਔਨ ਕਰਦੀ ਆਂ।'' ਕਹਿੰਦੀ ਹੋਈ ਉਹ ਘਰ ਦਾ ਪਿਛਲਾ ਬੂਹਾ ਖੋਹਲਦੀ ਗੈਰਜ ਵੱਲ ਤੁਰ ਪੈਂਦੀ ਹੈ।...

*****

ਸੁੱਖ ਤੇ ਸਿਧਰਾ ਇਕੱਠੇ ਪਲ਼ੇ-ਵੱਡੇ ਹੋਏ ਹਨ। ਸਿਧਰਾ ਲਈ ਸੁੱਖ ਦੇ ਕਮਰੇ ਵਿੱਚ ਜਾਣਾ ਮਾਮੂਲੀ ਜਿਹੀ ਗੱਲ। ਉਹਨਾਂ ਦੀ ਉਮਰ ਵਿੱਚਲਾ ਦੋ ਸਾਲ ਦਾ ਫਰਕ ਬਚਪਨ ਵਿੱਚ ਤਾਂ ਬਹੁਤ ਸੀ ਪਰ ਹੁਣ ਘਟਦਾ ਜਾ ਰਿਹਾ ਹੈ। ਵੈਸੇ ਸਿਧਰਾ ਹੁੰਦੜਹੇਲ ਹੈ ਤੇ ਉਸ ਦੇ ਮੁਕਾਬਲੇ ਸੁੱਖ ਇਕਹਰੇ ਸਰੀਰ ਦਾ ਹੈ, ਉਸ ਤੋਂ ਛੋਟਾ ਜਾਪਦਾ ਹੈ।

ਸਿਧਰਾ ਸੁੱਖ ਦੇ ਕਮਰੇ ਵਿੱਚ ਜਾ ਕੇ ਦੇਖਦੀ ਹੈ ਕਿ ਉਹ ਹਾਲੇ ਵੀ ਸੁੱਤਾ ਪਿਆ ਹੈ। ਉਹ ਸਿਰ ਮਾਰਦੀ ਉਸ ਦਾ ਕੰਬਲ ਖਿੱਚਦੀ ਆਖਦੀ ਹੈ, ''ਕਮ ਔਨ ਮੈਨ, ਲੁਕ ਐਟ ਦਾ ਸਨ!''

ਸੁੱਖ ਜ਼ਰਾ ਕੁ ਅੱਖ ਖੋਹਲਦਾ ਹੈ, ''ਲੈੱਟ ਮੀ ਸਲੀਪ!'' ਉਹ ਪਾਸਾ ਪਲਟਦਾ ਮੁੜ ਸੌਂ ਜਾਂਦਾ ਹੈ।

''ਨੋ ਵੇਅ, ਜਲਦੀ ਉਠ, ਮੈਂ ਅੰਟੀ ਨਾਲ ਕੰਮ ਕਰਨਾ, ਹੁਣ ਮੈਂ ਇਹੋ ਜੌਬ ਕਰਨੀ ਏਂ।'' ਕਹਿੰਦੀ ਉਹ ਸੁੱਖ ਦੇ ਬੈੱਡ 'ਤੇ ਬਹਿ ਜਾਂਦੀ ਹੈ। ਸੁੱਖ ਉਸ ਨੂੰ ਬਾਹੋਂ ਫੜ ਕੇ ਆਪਣੇ ਵੱਲ ਖਿੱਚਣ ਲਗਦਾ ਹੈ। ਸਿਧਰਾ ਆਪਣੀ ਬਾਂਹ ਛੁਡਾਉਂਦੀ ਬੋਲਦੀ ਹੈ, ''ਨੋ ਸੈਕਸ ਸੁੱਖ, ਨੋ ਵੇਅ!'' ਸੁੱਖ ਗੁੱਸਾ ਜਿਹਾ ਦਿਖਾਉਂਦਾ ਕੰਬਲ ਨੂੰ ਚੰਗੀ ਤਰ੍ਹਾਂ ਲੈ ਲੈਂਦਾ ਹੈ। ਸਿਧਰਾ ਉਸ ਨੂੰ ਮਨਾਉਣ ਦੇ ਲਹਿਜ਼ੇ ਵਿੱਚ ਕਹਿੰਦੀ ਹੈ, ''ਵੈਸੇ ਤਾਂ ਦੋਸਤ, ਜਿਵੇਂ ਆਪਾਂ ਹੈਗੇ ਆਂ, ਆਪਸ ਵਿੱਚ ਸੈਕਸ ਕਰ ਸਕਦੇ ਨੇ ਪਰ ਤੈਨੂੰ ਪਹਿਲਾਂ ਵੀ ਦੱਸਿਆ ਕਿ ਆਪਾਂ ਏਸ਼ੀਅਨ ਆਂ, ਅਸੀਂ ਇਹ ਕੰਮ ਨਹੀਂ ਕਰਦੇ।''

ਸਿਧਰਾ ਸੁੱਖ ਦਾ ਕੰਬਲ ਇਕ ਦਮ ਖਿੱਚ ਦਿੰਦੀ ਹੈ। ਉਹ ਉਠ ਕੇ ਬੈਠ ਜਾਂਦਾ ਹੈ। ਸਿਧਰਾ ਉਸ ਦਾ ਹੱਥ ਫੜ ਕੇ ਖਿੱਚਦੀ ਆਖਦੀ ਹੈ, ''ਤੂੰ ਬਰੱਸ਼ ਕਰਕੇ ਹੇਠਾਂ ਆ ਜਾ, ਮੈਂ ਤੇਰੇ ਲਈ ਬੀਟਾਬੈਕਸ ਤਿਆਰ ਕਰਦੀ ਆਂ।''

''ਨਹੀਂ, ਬੀਟਾਬੈਕਸ ਨਹੀਂ, ਕੌਰਨਫਲੇਕਸ।''

''ਓਕੇ।'' ਆਖ ਸਿਧਰਾ ਪੌੜੀਆਂ ਉਤਰ ਕੇ ਰਸੋਈ ਵਿੱਚ ਆ ਜਾਂਦੀ ਹੈ।...

ਸੁੱਖ ਸੀਰੀਅਲ ਖਾ ਰਿਹਾ ਹੈ। ਸਿਧਰਾ ਉਸ ਦੇ ਸਾਹਮਣੇ ਬੈਠੀ ਹੈ। ਉਹ ਆਖਦੀ ਹੈ, ''ਸੁੱਖ, ਮੈਂ ਤੇਰੇ ਨਾਲ ਇਕ ਗੱਲ ਸਾਂਝੀ ਕਰਨੀ ਏਂ।''

''ਕਿਉਂ?''

''ਕਿਉਂਕਿ ਤੂੰ ਮੇਰਾ ਦੋਸਤ ਏਂ।''

''ਚੱਲ ਦੱਸ।''

''ਮੈਨੂੰ ਬਹੁਤ ਡਰ ਲੱਗ ਰਿਹਾ ਏ ਕਿ ਕਿਤੇ ਮੈਂ ਪਰੈਗਨੈਂਟ ਨਾ ਹੋਵਾਂ!''

ਨਾਸਤਿਕ ਹੋਣ ਬਾਅਦ
ਚੱਲੇ ਪਤਾ ਡਰ ਡਰ ਕੇ ਜੀਣ ਵਿਚ ਨਹੀਂ ਕੋਈ ਮਜ਼ਾ। -(ਅਗਲੇ ਸਫ਼ੇ 'ਤੇ)

''ਵੌਟ!''

''ਪਰਸੋਂ ਮੇਰਾ ਕਜ਼ਨ ਨਬੀਲ ਆਇਆ ਸੀ, ਉਹ ਮੇਰੇ ਨਾਲ ਵਿਆਹ ਜਿਉਂ ਕਰਾਉਣਾ ਚਾਹੁੰਦਾ ਪਰ ਮੇਰੀ ਮੰਮੀ ਨਹੀਂ ਮੰਨ ਰਹੀ।''

''ਕਿਉਂ?''

''ਕਿਉਂ ਕਿ ਨਬੀਲ ਕੋਲ ਜੌਬ ਨਹੀਂ ਹੈਗੀ।''

''ਤੂੰ ਕਹਿੰਦੀ ਸੀ, ਸੈਕਸ ਨਹੀਂ ਕਰਨਾ, ...ਉਹਦੇ ਨਾਲ ਕਰ ਲਿਆ?''

''ਨਬੀਲ ਹਟਿਆ ਨਹੀਂ, ਫਿਰ ਉਹ ਮੈਨੂੰ ਚੰਗਾ ਵੀ ਤਾਂ ਬਹੁਤ ਲਗਦਾ।''

''ਹੁਣ ਡਰ ਕਾਹਦਾ?''

''ਮੈਨੂੰ ਲਗਦਾ, ਉਹ ਝੂਠ ਬੋਲਦਾ ਸੀ, ਉਸ ਨੇ ਕੰਟਰਾਸੈਪਟਿਵ ਨਹੀਂ ਵਰਤਿਆ, ਸਭ ਕੁਝ ਏਨਾ ਕਾਹਲੀ ਕਾਹਲੀ ਹੋਇਆ ਕਿ ਕੁਝ ਪਤਾ ਹੀ ਨਹੀਂ ਲੱਗਾ, ਹੁਣ ਮੈਂ ਬਹੁਤ ਡਰ ਰਹੀ ਆਂ, ਹੁਣ ਤੂੰ ਮੇਰੀ ਮੱਦਦ ਕਰ।''

''ਮੈਂ ਕਿਵੇਂ ਤੇਰੀ ਮੱਦਦ ਕਰ ਸਕਦਾਂ?''

''ਤੂੰ ਮੈਨੂੰ ਪਰੈਗਨੈਂਸੀ ਟੈਸਟ ਕਿੱਟ ਲਿਆ ਦੇ ਕੈਮਿਸਟ ਦਿਓਂ।'' ਸਿਧਰਾ ਉਸ ਨੂੰ ਵੀਹ ਪੌਂਡ ਦਿੰਦੀ ਕਹਿੰਦੀ ਹੈ।

*****

ਸਿਧਰਾ ਗੈਰਜ ਵਿੱਚ ਵੜੀ ਤਾਂ ਪੂਨਮ ਤੇ ਸੀਕੇ ਆਪਣੇ ਕੰਮ ਲੱਗੀਆਂ ਹੋਈਆਂ ਸਨ ਤੇ ਨਾਲ ਦੀ ਨਾਲ ਗੱਲਾਂ ਵੀ ਕਰਦੀਆਂ ਜਾ ਰਹੀਆਂ ਸਨ ਜਿਵੇਂ ਉਹ ਕਰਿਆ ਹੀ ਕਰਦੀਆਂ ਸਨ। ਸੀਕੇ ਨੇ ਪੁੱਛਿਆ, ''ਖਾ ਲਿਆ ਉਹਨੇ ਸੀਰੀਅਲ?''

''ਹਾਂ ਅੰਟੀ, ਖਾਂਦਾ ਬੈਠਾ।''

''ਬਸ ਹੁਣ ਦੋ ਕੁ ਘੰਟਿਆਂ ਤੱਕ ਐਗ-ਟੋਸਟ ਬਣਾ ਦੇਣਾ ਤੇ ਦਿਹਾੜੀ ਪਾਰ। ਏਨਾ ਕੁ ਹੀ ਖਾਦਾ।''

''ਜੇ ਕਹੋਂ ਤਾਂ ਅੰਟੀ, ਐਗ ਟੋਸਟ ਮੈਂ ਬਣਾ ਦੇਵਾਂਗੀ।''

''ਹਾਂ ਹਾਂ, ਤੂੰ ਹੀ ਬਣਾ ਦੇਵੀਂ, ਮੈਨੂੰ ਤਾਂ ਇਹਦਾ ਹਰ ਵੇਲੇ ਫਿਕਰ ਰਹਿੰਦਾ।''

''ਫਿਕਰ ਕਾਹਦਾ ਅੰਟੀ, ਸੁੱਖ ਤਾਂ ਬਹੁਤ ਹੈਪੀ ਚਾਈਲਡ ਐ, ਉਹਦਾ ਕਾਹਦਾ ਫਿਕਰ?'' ਪੂਨਮ ਪੁੱਛਦੀ ਹੈ।

''ਅਸਲ ਵਿੱਚ ਮੇਰੇ ਡੈਡੀ ਦੇ ਮਰਨ ਤੋਂ ਬਾਅਦ ਉਹਦੇ ਲਈ ਕੋਈ ਫਾਦਰ ਫਿਗਰ ਨਹੀਂ ਏ, ਧੀ ਲਈ ਮਾਂ ਦੀ ਨਸੀਹਤ ਤੇ ਪੁੱਤ ਲਈ ਪਿਓ ਦਾ ਦਬਕਾ ਜ਼ਰੂਰੀ ਹੁੰਦਾ।''

''ਕਿਹੜੀਆਂ ਗੱਲਾਂ ਕਰਦੀ ਏਂ ਅੰਟੀ? ਬ੍ਰਤਾਨੀਆ ਦੀ ਪੌਣੀ ਆਬਾਦੀ ਕੋਲ ਪਿਓ ਹੈ ਨਹੀਂ, ਫਿਰ ਵੀ ਇਹ ਮੁਲਕ ਦੁਨੀਆਂ ਦੀ ਤਾਕਤ ਬਣਿਆਂ ਫਿਰਦਾ।'' ਪੂਨਮ ਨੇ ਫਿਰ ਕਿਹਾ।

''ਅਸਲ ਵਿੱਚ ਸੁੱਖ ਬਾਹਰ ਦੋਸਤਾਂ ਨਾਲ ਖੇਡਣ ਨਹੀਂ ਜਾਂਦਾ, ਮੈਂ ਸੋਚਦੀ ਆਂ ਕਿ ਮੁੰਡਿਆਂ ਨੂੰ ਥੋੜਾ ਲੜਨਾ-ਭਿੜਨਾ ਵੀ ਚਾਹੀਦਾ।''

''ਅੰਟੀ, ਕਦੇ ਕੋਈ ਮਾਂ ਵੀ ਇਵੇਂ ਆਖਦੀ ਏ?'' ਸਿਧਰਾ ਨੇ ਹੈਰਾਨ ਹੁੰਦਿਆਂ ਕਿਹਾ, ''ਅੰਟੀ, ਬਾਹਰ ਤਾਂ ਬਹੁਤ ਬਦਮਾਸ਼ ਕਿਸਮ ਦੇ ਮੁੰਡੇ ਤੁਰੇ ਫਿਰਦੇ ਨੇ, ਸੁੱਖ ਸ਼ਰੀਫ ਮੁੰਡਾ, ਉਹਨੂੰ ਸ਼ਰੀਫ ਹੀ ਰਹਿਣ ਦੇ।'' ਪੂਨਮ ਨੇ ਵੀ ਸਿਧਰਾ ਦੀ ਗੱਲ ਵਿੱਚ ਹਾਮੀ ਭਰੀ।

ਅਸਲ ਵਿੱਚ ਸੀਕੇ ਨੇ ਦੋ ਵਹਿਮ ਪਾਲ ਰੱਖੇ ਸਨ। ਇਕ ਤਾਂ ਇਹ ਕਿ ਉਸ ਨੇ ਜਲਦੀ ਮਰ ਜਾਣਾ ਤੇ ਦੂਜਾ ਕਿ ਉਸ ਦਾ ਮੁੰਡਾ ਲੋਲ੍ਹਾ ਨਿਕਲ ਜਾਣਾ, ਉਹਦੇ ਮਰਨ ਤੋਂ ਬਾਅਦ ਸੁੱਖ ਨੇ ਆਪਣੇ ਆਪ ਨੂੰ ਵੀ ਨਹੀਂ ਸੰਭਾਲ ਸਕਣਾ। ਸੁੱਖ ਸੀਕੇ ਦੀ ਪਿਛਲੀ ਉਮਰ ਵਿੱਚ ਜਾ ਕੇ ਹੋਇਆ ਸੀ। ਉਸ ਨੇ ਸੁਣ ਰੱਖਿਆ ਸੀ ਕਿ ਔਰਤ ਦੇ ਪਿਛਲੀ ਉਮਰ ਵਿੱਚ ਜੰਮੇ ਬੱਚਿਆਂ ਦਾ ਵਾਧੂ ਧਿਆਨ ਰਖਿਆ ਜਾਣਾ ਚਾਹੀਦਾ ਹੈ।

ਪੈਂਤੀ ਸਾਲ ਦੀ ਸੀ ਉਹ ਜਦ ਸੁੱਖ ਦਾ ਜਨਮ ਹੋਇਆ ਸੀ। ਵਿਆਹ ਤਾਂ ਉਸ ਦਾ ਵੀਹ ਸਾਲ ਦੀ ਉਮਰ ਵਿੱਚ ਹੀ ਹੋ ਗਿਆ ਸੀ ਪਰ ਬੱਚਾ ਨਹੀਂ ਸੀ ਹੋਇਆ। ਹਰ ਔਰਤ ਵਾਂਗ ਸੀਕੇ ਦਾ ਮਨ ਵੀ ਸੀ ਮਾਂ ਬਣਨ ਦਾ ਪਰ ਕੁਦਰਤ ਮੂਹਰੇ ਕੋਈ ਜ਼ੋਰ ਨਹੀਂ ਸੀ ਚੱਲ ਰਿਹਾ। ਕੁਝ ਸਾਲ ਤਾਂ ਉਸ ਦਾ ਪਤੀ ਸੁਰਜੀਤ ਕੁਝ ਨਾ ਬੋਲਿਆ। ਕਿਉਂਕਿ ਸੁਰਜੀਤ ਕੋਈ ਖਾਸ ਕੰਮ ਨਹੀਂ ਸੀ ਕਰਦਾ, ਰਹਿਣ ਨੂੰ ਸੀਕੇ ਦੇ ਡੈਡੀ ਦਾ ਘਰ ਹੈ ਹੀ ਸੀ, ਆਪਣੇ ਖਰਚੇ ਲਈ ਥੋੜਾ ਬਹੁਤ ਕੰਮ ਕਰ ਛੱਡਦਾ। ਉਂਜ ਉਸ ਨੂੰ ਬੱਚਿਆਂ ਦਾ ਬਹੁਤ ਸ਼ੌਕ ਸੀ। ਫਿਰ ਹੌਲੀ ਹੌਲੀ ਉਹ ਸੀਕੇ ਤੋਂ ਉਕਤਾਉਣ ਲੱਗ ਪਿਆ। ਉਸ ਨੇ ਬਾਹਰ ਇਕ ਔਰਤ ਲੱਭ ਲਈ। ਉਸ ਦੇ ਇਕ ਬੱਚਾ ਵੀ ਹੋ ਗਿਆ ਸੀ। ਕਦੇ ਉਹ ਸੀਕੇ ਕੋਲ ਆ ਜਾਂਦਾ ਤੇ ਕਦੇ ਦੂਜੀ ਔਰਤ ਕੋਲ। ਫਿਰ ਇਕ ਦਿਨ ਉਸ ਨੇ ਸੀਕੇ ਨੂੰ ਆ ਕੇ ਦੱਸ ਦਿੱਤਾ ਕਿ ਉਹ ਉਸ ਨਾਲ ਹੋਰ ਨਹੀਂ ਰਹਿ ਸਕਦਾ ਤੇ ਉਸ ਨੇ ਦੂਜੀ ਔਰਤ ਕੋਲ ਆਪਣੇ ਬੱਚੇ ਬਾਰੇ ਵੀ ਦੱਸ ਦਿੱਤਾ। ਸੀਕੇ ਬਹੁਤ ਰੋਈ, ਬਹੁਤ ਲੜੀ ਪਰ ਫਿਰ ਆਪਣੀ ਕਿਸਮਤ ਨੂੰ ਕੋਸਦੀ ਸਹਿਜ ਹੋਣ ਲੱਗ ਪਈ। ਇਹਨਾਂ ਦਿਨਾਂ ਵਿੱਚ ਹੀ ਉਹ ਪਤਾ ਲੱਗ ਗਿਆ ਕਿ ਉਹ ਵੀ ਗਰਭਵਤੀ ਹੈ। ਉਸ ਦੇ ਚਾਅ ਦਾ ਕੋਈ ਠਿਕਾਣਾ ਨਾ ਰਿਹਾ। ਸੁਰਜੀਤ ਨੂੰ ਪਤਾ ਲੱਗਾ ਤਾਂ ਸੀਕੇ ਪ੍ਰਤੀ ਉਸ ਦਾ ਰਵੱਈਆ ਵੀ ਨਰਮ ਪੈਣ ਲੱਗਾ ਪਰ ਹੁਣ ਸੀਕੇ ਸਖ਼ਤ ਹੋ ਗਈ ਸੀ। ਉਸ ਨੇ ਮੁੜ ਕੇ ਸੁਰਜੀਤ ਨੂੰ ਆਪਣੇ ਲਾਗੇ ਵੀ ਨਾ ਲੱਗਣ ਦਿੱਤਾ। ਸੁਰਜੀਤ ਨੂੰ ਦੇਖਦਿਆਂ ਹੀ ਉਹ ਗੁੱਸੇ ਵਿੱਚ ਪਾਗਲ ਹੋਣ ਲਗਦੀ। ਫਿਰ ਸੁਰਜੀਤ ਆਪਣੀ ਦੂਜੀ ਪਤਨੀ ਨੂੰ ਲੈ ਕੇ ਕਨੇਡਾ ਜਾ ਵਸਿਆ। ਇਹ ਸੀਕੇ ਲਈ ਕੁਝ ਰਾਹਤ ਵਾਲੀ ਗੱਲ ਸੀ। ਉਹ ਇਕੱਲੀ ਸੁੱਖ ਨੂੰ ਪਾਲ ਸਕਦੀ ਸੀ।

ਸੀਕੇ ਦੀ ਮੰਮੀ ਉਸ ਦੇ ਵਿਆਹ ਤੋਂ ਬਾਅਦ ਜਲਦੀ ਹੀ ਪੂਰੀ ਹੋ ਗਈ ਸੀ। ਮਾਂ ਦੀ ਮੌਤ ਉਮਰ ਦੇ ਪੰਜਾਹਵਿਆਂ ਵਿੱਚ ਹੋ ਗਈ ਸੀ ਤੇ ਉਸ ਦੀ ਨਾਨੀ ਦੀ ਵੀ। ਉਹ ਵੀ ਆਪਣੀ ਮਾਂ ਦੀ ਚੜ੍ਹੀ ਉਮਰ ਵਿੱਚ ਹੋਈ ਸੀ, ਉਵੇਂ ਹੀ ਉਸ ਦੇ ਸੁੱਖ ਪਿਛਲੀ ਉਮਰ ਵਿੱਚ ਹੋਇਆ। ਇਸੇ ਕਰਕੇ ਉਸ ਨੂੰ ਵਹਿਮ ਸੀ ਕਿ ਮਾਂ ਵਾਂਗ ਉਹ ਵੀ ਜਲਦੀ ਪੂਰੀ ਹੋ ਜਾਵੇਗੀ। ਪੰਜ ਕੁ ਸਾਲ ਪਹਿਲਾਂ ਉਸ ਦੇ ਡੈਡੀ ਵੀ ਤੁਰ ਗਿਆ ਸੀ। ਕੁਝ ਦੇਰ ਲਈ ਸੀਕੇ ਨੂੰ ਲਗਿਆ ਸੀ ਕਿ ਉਹ ਹੁਣ ਇਕੱਲੀ ਰਹਿ ਗਈ ਹੈ ਪਰ ਉਸ ਨੇ ਹੌਂਸਲਾ ਨਾ ਛਡਿਆ ਤੇ ਪੂਰੇ ਧੜੱਲੇ ਨਾਲ ਸੁੱਖ ਨੂੰ ਪਾਲਣ ਲਗੀ। ਉਸ ਨੂੰ ਇਕੱਲੀ ਦੇਖ ਕੇ ਕੁਝ ਮਰਦ ਉਸ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਦੇ ਪਰ ਸੀਕੇ ਝਿੜਕ ਦਿੰਦੀ। ਜੱਗਾ ਵੀ ਉਹਨਾਂ ਝਿੜਕਿਆਂ ਹੋਇਆਂ ਵਿੱਚੋਂ ਹੀ ਇਕ ਸੀ।

ਜੱਗਾ ਪ੍ਰੋਫੈਸ਼ਨਲ ਪਲੰਮਰ ਸੀ। ਕਿਸੇ ਵੱਡੀ ਕੰਪਨੀ ਨਾਲ ਕੰਮ ਕਰਦਾ ਸੀ ਤੇ ਵਿਹਲੇ ਸਮੇਂ ਪ੍ਰਾਈਵੇਟ ਕੰਮ ਕਰ ਲੈਂਦਾ ਸੀ।

ਇਹ ਜੀਵਨ, ਨਾ ਚੰਗੇ ਕਰਮਾਂ ਦਾ ਫ਼ਲ
ਨਾ ਮਾੜੇ ਕਰਮਾਂ ਦੀ ਸਜ਼ਾ। -(ਅਗਲੇ ਸਫ਼ੇ 'ਤੇ)

ਸੀਕੇ ਉਸ ਦੀ ਪਤਨੀ ਨੂੰ ਜਾਣਦੀ ਸੀ, ਉਸ ਦੀ ਵੱਡੀ ਕੁੜੀ ਵਿਆਹ ਤੋਂ ਪਹਿਲਾਂ ਉਸ ਕੋਲ ਕਪੜੇ ਸੀਉਣੇ ਸਿਖਦੀ ਰਹੀ ਸੀ। ਉਸ ਦਾ ਮੁੰਡਾ ਰੌਕੀ ਸੁੱਖ ਨਾਲ ਹੀ ਪੜ੍ਹਦਾ ਸੀ। ਉਹਨਾਂ ਦੇ ਪਰਿਵਾਰਕ ਰਿਸ਼ਤੇ ਵਧੀਆ ਸਨ। ਸੀਕੇ ਨੂੰ ਕਿਸੇ ਵੀ ਕੰਮ ਦੀ ਲੋੜ ਪੈਂਦੀ ਤਾਂ ਉਹ ਜੱਗੇ ਨੂੰ ਫ਼ੋਨ ਕਰਦੀ। ਕਈ ਵਾਰ ਜੱਗਾ ਕੁਝ ਦੇਰ ਏਧਰ ਓਧਰ ਦੀਆਂ ਗੱਲਾਂ ਵੀ ਕਰਦਾ। ਪਰ ਇਕ ਦਿਨ ਪਤਾ ਨਹੀਂ ਕੀ ਹੋਇਆ ਕਿ ਜੱਗਾ ਉਸ ਦੇ ਬੁਆਇਲਰ ਦੀ ਸਰਵਿਸ ਕਰਨ ਆਇਆ ਕੁਝ ਹੋਰ ਤਰ੍ਹਾਂ ਦੀਆਂ ਗੱਲਾਂ ਕਰਨ ਲੱਗਾ। ਉਸ ਨੇ ਕਿਹਾ, ''ਚਰਨਜੀਤ ਕੌਰੇ, ਤੈਨੂੰ ਪਤਾ ਕਿ ਗੁਰਮੀਤ ਕੌਰ ਦੀ ਸਿਹਤ ਠੀਕ ਨਹੀਂ ਰਹਿੰਦੀ, ਇਹਦਾ ਮਤਲਬ ਮੈਂ ਵੀ ਇਕੱਲਾ ਹੀ ਆਂ, ਜੇ ਤੂੰ ਕਹੇਂ ਤਾਂ ਮੈਂ ਤੈਨੂੰ ਲੁਕਆਫਟਰ ਕਰ ਸਕਦਾਂ!''

''ਕੁੱਤਿਆ, ਤੂੰ ਮੈਨੂੰ ਕੀ ਲੁੱਕ ਆਫਟਰ ਕਰੇਂਗਾ, ਮੈਂ ਤੈਨੂੰ ਲੁਕ ਆਫਟਰ ਕਰ ਦਿੰਦੀ ਆਂ, ਜ਼ਰਾ ਖੜ ਹਰਾਮੀਆਂ।'' ਆਖਦਿਆਂ ਸੀਕੇ ਨੇ ਜੁੱਤੀ ਲਾਹ ਕੇ ਉਸ ਨੂੰ ਦੇ ਮਾਰੀ ਸੀ। ਜੱਗਾ ਆਪਣਾ ਟੂਲ ਬੌਕਸ ਸਾਂਭਦਾ ਉਥੋਂ ਚੁੱਪ-ਚਾਪ ਤੁਰ ਗਿਆ ਸੀ। ਇਸ ਗੱਲ ਨੂੰ ਦੋ ਸਾਲ ਹੋ ਗਏ ਸਨ, ਨਾ ਇਸ ਦਾ ਜ਼ਿਕਰ ਕਿਤੇ ਜੱਗੇ ਨੇ ਕੀਤਾ ਸੀ ਤੇ ਨਾ ਹੀ ਸੀਕੇ ਨੇ। ਪਿਛਲੇ ਸਾਲ ਸੁੱਖ ਨੂੰ ਸਕੂਲ ਵਲੋਂ 'ਕੰਮ ਦੇ ਅਨੁਭਵ' ਦੇ ਪ੍ਰੋਜੈਕਟ ਅਧੀਨ ਇਕ ਹਫ਼ਤਾ ਕਿਤੇ ਕੰਮ ਕਰਨਾ ਪੈਣਾ ਸੀ। ਜੱਗੇ ਦਾ ਮੁੰਡਾ ਰੌਕੀ ਜੱਗੇ ਨਾਲ ਹੀ ਪਲੱਮਿੰਗ ਦੇ ਕੰਮ ਵਿਚ ਹੀ ਇਹ ਅਨੁਭਵ ਹਾਸਲ ਕਰ ਰਿਹਾ ਸੀ। ਸੁੱਖ ਨੇ ਸਕੂਲੇ ਹੀ ਰੌਕੀ ਨਾਲ ਸਲਾਹ ਕੀਤੀ ਤੇ ਜੱਗੇ ਨਾਲ ਹੀ ਇਕ ਹਫਤਾ ਅਨੁਭਵ ਲੈਣ ਵਾਲਾ ਪ੍ਰੋਜੈਕਟ ਪੂਰਾ ਕਰ ਲਿਆ। ਸੀਕੇ ਨੇ ਸੁੱਖ ਨੂੰ ਰੋਕਣਾ ਚਾਹਿਆ ਸੀ ਪਰ ਉਸ ਨੂੰ ਕਾਰਨ ਕੀ ਦਸਦੀ ਇਸ ਕਰਕੇ ਉਹ ਚੁੱਪ ਰਹੀ ਸੀ।

ਪਹਿਲਾਂ ਸੀਕੇ ਇਕ ਫੂਡ-ਫੈਕਟਰੀ ਵਿੱਚ ਕੰਮ ਕਰਦੀ ਸੀ। ਉਥੇ ਵੀ ਇਕ ਮਰਦ ਨੇ ਉਸ ਨਾਲ ਨਾਤਾ ਜੋੜਨ ਦੀ ਕੋਸ਼ਿਸ਼ ਕੀਤੀ ਸੀ, ਸੀਕੇ ਨੇ ਸ਼ਰੇਆਮ ਉਸ ਨੂੰ ਅਜਿਹਾ ਧੋਤਾ ਸੀ ਕਿ ਉਹ ਸ਼ਰਮ ਦੇ ਮਾਰੇ ਕੰਮ ਹੀ ਛੱਡ ਗਿਆ ਸੀ। ਇਵੇਂ ਹੀ ਇਕ ਵਾਰ ਇਕ ਦੁਕਾਨਦਾਰ ਨੇ ਉਸ ਨੂੰ ਕੁਝ ਗਲਤ ਬੋਲ ਦਿੱਤਾ ਸੀ, ਸੀਕੇ ਨੇ ਉਸ ਦੀ ਦੁਕਾਨ ਦੇ ਸ਼ੀਸ਼ੇ ਹੀ ਭੰਨ ਦਿੱਤੇ ਸਨ।

*****

''ਮੈਨੂੰ ਨਹੀਂ ਲਗਦਾ ਕਿ ਮੈਂ ਬਹੁਤੀ ਦੇਰ ਕੱਢਣੀ ਆਂ, ਅੱਜ ਸ਼ੌਪਿੰਗ ਕਰਨ ਗਈ ਤਾਂ ਸਾਹ ਚੜਦਾ ਸੀ, ਸਾਰੇ ਸਰੀਰ ਵਿੱਚ ਦਰਦਾਂ ਹੁੰਦੀਆਂ!''

''ਅੰਟੀ, ਫਾਈਂਡ ਏ ਮੈਨ, ਸਾਰਾ ਸਰੀਰ ਠੀਕ ਹੋ ਜਾਵੇਗਾ।'' ਸਿਧਰਾ ਹੱਸਦੀ ਹੋਈ ਆਖਦੀ ਹੈ।

''ਨੀਂ ਕੁੜੀਏ, ਇਹ ਸਰੀਰ ਇਕਵੰਜਾ ਸਾਲ ਬੁੱਢਾ ਹੋ ਗਿਆ, ਕੋਈ ਮਰਦ ਏਹਦਾ ਕੁਝ ਨਹੀਂ ਕਰ ਸਕਦਾ।''

''ਨਹੀਂ ਅੰਟੀ, ਇਕ ਸਰਵੇ ਕਹਿੰਦਾ ਕਿ ਇਕੱਲਾ ਮਰਦ ਜਾਂ ਇਕੱਲੀ ਔਰਤ ਦੇ ਸਰੀਰ ਵਿੱਚ ਦਰਦਾਂ ਉਹਨਾਂ ਦੀ ਇਕੱਲਤਾ ਕਰਕੇ ਹੁੰਦੀਆਂ, ਉਹਨਾਂ ਨੂੰ ਪਾਰਟਨਰ ਦੀ ਲੋੜ ਹੁੰਦੀ ਏ, ਟਰਾਈ ਕਰ ਕੇ ਦੇਖ।''

''ਸਿਧਰਾ, ਤੂੰ ਹਾਲੇ ਜੰਮੀ ਹੈ ਨਹੀਂ, ਗੱਲਾਂ ਕਰਦੀ ਏਂ ਵੱਡੀਆਂ-ਵੱਡੀਆਂ ਕਰਦੀ ਏਂ!'' ਸੀਕੇ ਸਿਧਰਾ ਨੂੰ ਪਿਆਰ ਨਾਲ ਦਬਕਾ ਮਾਰਦੀ ਕਹਿੰਦੀ ਹੈ।

''ਅੰਟੀ, ਫੇਰ ਵੀ ਕਦੇ ਮਰਦ ਦੀ ਭੁੱਖ ਤਾਂ ਲਗਦੀ ਹੀ ਹੋਵੇਗੀ?'' ਸਿਧਰਾ ਤੋਂ ਬਾਅਦ ਪੂਨਮ ਕੁਝ ਗੰਭੀਰਤਾ ਨਾਲ ਪੁੱਛਦੀ ਹੈ।

''ਨਹੀਂ ਪੂਨਮ, ਮੈਨੂੰ ਮਰਦ ਕਦੇ ਵੀ ਐਟਰੈਕਟ ਨਹੀਂ ਕਰਦਾ, ਸੁਰਜੀਤ ਨੂੰ ਗਏ ਨੂੰ ਸਤਾਰਾਂ ਸਾਲ ਹੋ ਗਏ, ਕਦੇ ਵੀ ਮੈਨੂੰ ਕੋਈ ਘਾਟ ਮਹਿਸੂਸ ਨਹੀਂ ਹੋਈ। ਸੁਰਜੀਤ ਕਿਹਾ ਕਰਦਾ ਸੀ, ਔਰਤ ਦੇ ਜਿਸਮ ਵਿੱਚ ਬਟਣ ਹੁੰਦੈ ਜਿਸ ਨੂੰ ਦਬਾਉਣ ਨਾਲ ਉਹ ਔਨ ਹੋ ਜਾਂਦੀ ਐ, ਕਹਿੰਦਾ ਸੀ, ਤੇਰੇ ਜਿਸਮ ਵਿੱਚ ਉਹ ਬਟਣ ਹੈ ਨਹੀਂ।''

''ਵੈਸੇ ਅੰਟੀ, ਔਰਤ ਦਾ ਉਹ ਬਟਣ ਔਨ ਕਰਨਾ ਵੀ ਕਿਸੇ ਕਿਸੇ ਮਰਦ ਨੂੰ ਆਉਂਦਾ, ਬਹੁਤ ਘੱਟ ਮਰਦ ਔਰਤ ਨੂੰ ਔਰਗੈਜ਼ਿਮ ਤੱਕ ਲੈ ਕੇ ਜਾ ਸਕਦੇ ਨੇ।'' ਪੂਨਮ ਆਪਣੇ ਤਜ਼ਰਬੇ ਵਿੱਚ ਬੋਲਦੀ ਹੈ।

''ਇਹ ਸੱਚ ਐ, ਔਰਤ ਨੂੰ ਔਰਗੈਜ਼ਿਮ ਤੱਕ ਲੈ ਜਾਣਾ ਹਰ ਬੰਦੇ ਦੇ ਵੱਸ ਵਿੱਚ ਨਹੀਂ, ਪਰ ਮਰਦ ਨੂੰ ਖੁਸ਼ ਕਰਨ ਲਈ ਐਕਟਿੰਗ ਕਰਨੀ ਪੈਂਦੀ ਏ।'' ਸਿਧਰਾ ਕਿਸੇ ਸਿਆਣੀ ਔਰਤ ਵਾਂਗ ਆਖਦੀ ਹੈ।

''ਸਿਧਰਾ, ਤੂੰ ਉਮਰ ਤੋਂ ਵੱਡੀਆਂ ਗੱਲਾਂ ਨਾ ਕਰ, ਬਹੁਤੇ ਟੈਲੀ ਦੇ ਪ੍ਰੋਗਰਾਮ ਨਾ ਦੇਖਿਆ ਕਰ, ਇਹ ਜਿਹੜੇ ਸਰਵੇ ਹੁੰਦੇ ਨੇ ਇਹ ਜ਼ਿੰਦਗੀ ਦਾ ਸੱਚ ਨਹੀਂ ਹੁੰਦੇ।'' ਸੀਕੇ ਕਹਿੰਦੀ ਹੈ ਤੇ ਉਹ ਤਿੰਨੋਂ ਹੱਸਦੀਆਂ ਹਨ।

''ਅੰਟੀ, ਇਕ ਗੱਲ ਜ਼ਰੂਰ ਏ ਕਿ ਮਰਦ ਤੇਰੇ ਤੋਂ ਡਰਦੇ ਬਹੁਤ ਨੇ।''

''ਪੂਨਮ, ਉਹਨਾਂ ਨੂੰ ਡਰਨਾ ਵੀ ਚਾਹੀਦਾ। ਭਾਵੇਂ ਇਹ ਇੰਗਲੈਂਡ ਐ, ਇੰਡੀਆ ਨਾਲੋਂ ਸੇਫ ਐ ਪਰ ਇਕੱਲੀ ਔਰਤ ਨੂੰ ਦੇਖ ਕੇ ਮਰਦ ਲ਼ਾਲ਼ਾਂ ਸੁੱਟਣ ਲਗਦੇ ਨੇ, ਜੇ ਔਰਤ ਡਾਹਢੀ ਹੋਵੇ ਤਾਂ ਹੀ ਬਚ ਸਕਦੀ ਏ, ਜੇ ਔਰਤ ਡਰ ਜਾਵੇ ਤਾਂ ਉਹਨੂੰ ਬਲੈਕ ਮੇਲ ਕਰਨ ਲਗਦੇ ਨੇ।'' ਗੱਲ ਕਰਦੀ ਕਰਦੀ ਸੀਕੇ ਗੰਭੀਰ ਹੋ ਜਾਂਦੀ ਹੈ। ਉਸ ਵੱਲ ਦੇਖਦਿਆਂ ਸਿਧਰਾ ਤੇ ਪੂਨਮ ਵੀ ਚੁੱਪ ਜਿਹਾ ਕਰ ਜਾਂਦੀਆਂ ਹਨ। ਸੀਕੇ ਫਿਰ ਆਖਦੀ ਹੈ,

''ਇਸ ਵੇਲੇ ਮੇਰੀ ਸਮੱਸਿਆ ਮਰਦ ਨਹੀਂ ਸੁੱਖ ਏ, ਇਹਨੂੰ ਪਾਲਣਾ, ਇਹਨੂੰ ਸਹੀ ਦੁਨੀਆ ਬਾਰੇ ਦੱਸਣਾ, ਸਮਝਾਉਣਾ, ਇਹ ਸਭ ਸੋਚਦੀ ਰਹਿੰਦੀ ਆਂ। ਮੈਂ ਚਾਹੁੰਦੀ ਆਂ ਕਿ ਉਹ ਮੇਰੇ ਜਿਉਂਦੇ ਜੀਅ ਵੱਡਾ ਹੋ ਜਾਵੇ, ਵੈਸੇ ਮੈਂ ਉਹਦਾ ਇੰਤਜ਼ਾਮ ਕੀਤਾ ਹੋਇਆ, ਉਹਦੀ ਯੂਨੀਵਰਸਟੀ ਦੀ ਪੜ੍ਹਾਈ ਦੇ ਪੈਸੇ ਅਲੱਗ, ਜਦ ਉਹ ਪੱਚੀ ਸਾਲ ਦਾ ਹੋਵੇ ਤਾਂ ਉਹਨੂੰ ਕੁਝ ਪੈਸੇ ਮਿਲਣਗੇ, ਜਦ ਉਹ ਤੀਹ ਦਾ ਹੋਵੇ ਤਾਂ ਕੁਝ ਹੋਰ, ਘਰ ਉਹਦੇ ਲਈ ਆਹ ਹੈਗਾ ਹੀ।''

''ਅੰਟੀ, ਤੂੰ ਐਵੇਂ ਹੀ ਫ਼ਿਕਰ ਕਰੀ ਜਾ ਰਹੀ ਏਂ, ਸੁੱਖ ਮੇਰਾ ਫਰੈਂਡ ਏ, ਬਹੁਤ ਚੰਗਾ ਮੁੰਡਾ ਏ।'' ਸਿਧਰਾ ਆਖਦੀ ਹੈ ਪਰ ਸੀਕੇ ਚੁੱਪ ਹੈ। ਕੁਝ ਦੇਰ ਬਾਅਦ ਉਹ ਪੂਨਮ ਨੂੰ ਕਹਿੰਦੀ ਹੈ,

''ਪੂਨਮ, ਸਿਧਰਾ ਤਾਂ ਹਾਲੇ ਛੋਟੀ ਐ ਪਰ ਤੂੰ ਪ੍ਰੌਮਿਜ਼ ਕਰ ਕਿ ਜੇ ਮੈਨੂੰ ਕੁਝ ਹੋ ਗਿਆ ਤਾਂ ਸੁੱਖ ਨੂੰ ਬਾਕੀ ਦੇ ਸਾਲ ਪਾਲ਼ ਦੇਵੀਂ।'' ਆਖ ਕੇ ਸੀਕੇ ਰੋਣ ਲੱਗਦੀ ਹੈ। ਪੂਨਮ ਤੇ ਸਿਧਰਾ ਉਠ ਕੇ ਸੀਕੇ ਨੂੰ ਜੱਫੀ ਵਿੱਚ ਲੈ ਉਹ ਵੀ ਰੋਣ ਲੱਗਦੀਆਂ ਹਨ। ਉਹ

ਨਾ ਸਵਰਗਾਂ ਦੀ ਆਸ, ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ, ਨਾ ਕਿਸੇ ਤੋਂ ਡਰੋ ਨਾ ਡਰਾਓ। -(ਅਗਲੇ ਸਫ਼ੇ 'ਤੇ)

ਤਿੰਨੇ ਜਾਣੀਆਂ ਕੁਝ ਦੇਰ ਲਈ ਚੁੱਪ ਹੋ ਜਾਂਦੀਆਂ ਹਨ। ਸੀਕੇ ਫਿਰ ਆਖਦੀ ਹੈ, ''ਮੈਨੂੰ ਉਹਦੇ ਲੱਲ੍ਹੇਪਨ ਦਾ ਬਹੁਤਾ ਫਿਕਰ ਏ, ਕਿਉਂਕਿ ਉਹਦੇ ਸਾਹਮਣੇ ਕੋਈ ਫਾਦਰ ਫਿਗਰ ਨਹੀਂ ਜਿਹੜਾ ਦਬਕਾ ਮਾਰ ਕੇ ਉਸ ਤੋਂ ਕੰਮ ਕਰਾ ਸਕੇ।''

''ਅੰਟੀ, ਫਿਕਰ ਨਾ ਕਰ, ਸਭ ਠੀਕ ਹੋ ਜਾਏਗਾ, ਮੈਂ ਉਹਨੂੰ ਗਾਈਡ ਕਰਾਂਗੀ।'' ਪੂਨਮ ਸੀਕੇ ਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਆਖਦੀ ਹੈ।

''ਹਾਂ ਅੰਟੀ, ਮੈਂ ਵੀ ਉਹਦੀ ਹੈਲਪ ਕਰਾਂਗੀ, ਤੂੰ ਵੱਰੀ ਨਾ ਕਰ।'' ਸਿਧਰਾ ਕਹਿੰਦੀ ਹੈ।

*****

ਦੁਪਹਿਰ ਤੋਂ ਬਾਅਦ ਸਿਧਰਾ ਸੁੱਖ ਨੂੰ ਐਗ ਐਂਟ ਟੋਸਟ ਬਣਾ ਕੇ ਦੇਣ ਲਈ ਸੁੱਖ ਕੋਲ ਆ ਜਾਂਦੀ ਹੈ।

''ਯੂ ਗੌਟ ਦ ਕਿੱਟ?''

''ਜਾਅ, ਇਨ ਮਾਏ ਰੂਮ।''

ਉਹ ਦੋਵੇਂ ਸੁੱਖ ਦੇ ਬੈੱਡਰੂਮ ਵਿੱਚ ਆ ਜਾਂਦੇ ਹਨ। ਸਿਧਰਾ ਕਿੱਟ ਖੋਹਲਦੀ ਪੜ੍ਹਨ ਲਗਦੀ ਹੈ। ਸੁੱਖ ਕਹਿੰਦਾ ਹੈ,

''ਮੈਂ ਗੂਗਲ ਤੋਂ ਸਾਰੀ ਸਰਚ ਕਰ ਲਈ, ਇਸ ਸ਼ੀਸ਼ੀ ਵਿੱਚ ਯੂਰਿਨ ਪਾ ਤੇ ਨਾਲ ਇਹ ਮੈਡੀਸਨ ਪਾ ਦੇ, ਦਸ ਸੈਕਿੰਡ ਲਈ ਹਿਲਾ ਤੇ ਫਿਰ ਕੁਝ ਘੰਟੇ ਪਿਆ ਰਹਿਣ ਦੇ, ਜੇ ਇਹਦੇ ਵਿੱਚ ਰਿੰਗ ਬਣ ਗਈ ਤਾਂ ਪੌਜ਼ਿਟਿਵ ਤੇ ਜੇ ਨਾ ਬਣੀ ਤਾਂ ਨੈਗਟਿਵ।''

ਸਿਧਰਾ ਇਵੇਂ ਹੀ ਕਰਦੀ ਹੈ। ਸ਼ੀਸ਼ੀ ਵਿੱਚ ਕੁਝ ਤੁਬਕੇ ਪਿਸ਼ਾਬ ਦੇ ਤੇ ਉਸ ਵਿੱਚ ਵਿਸ਼ੇਸ਼ ਦਵਾਈ ਪਾ ਕੇ ਹਿਲਾਇਆ ਤੇ ਫਿਰ ਉਹ ਸ਼ੀਸ਼ੀ ਇਕ ਅਲਮਾਰੀ ਵਿੱਚ ਰੱਖ ਦਿੱਤੀ ਕਿ ਉਹ ਕੁਝ ਘੰਟੇ ਬਾਅਦ ਚੈੱਕ ਕਰਨਗੇ। ਸ਼ੀਸ਼ੀ ਅਲਮਾਰੀ ਵਿੱਚ ਰੱਖਦੀ ਸਿਧਰਾ ਬੋਲੀ, ''ਸੁੱਖ, ਚੱਲ ਜਦ ਤੱਕ ਪਾਰਕ ਵਿੱਚ ਘੁੰਮ ਕੇ ਆਈਏ।''

ਹਾਰਟ ਡਰਾਈਵ ਤੋਂ ਨਿਕਲ ਕੇ ਸੱਜੇ ਪਾਸੇ ਨੂੰ ਮੁੜੀਏ ਤਾਂ ਬਹੁਤ ਵੱਡਾ ਪਾਰਕ ਹੈ। ਉਹ ਬਚਪਨ ਤੋਂ ਹੀ ਇਸ ਪਾਰਕ ਵਿੱਚ ਖੇਡਦੇ ਆਏ ਹਨ। ਉਹ ਇਕ ਪਾਸੇ ਪਏ ਪੱਥਰ 'ਤੇ ਬਹਿ ਜਾਂਦੇ ਹਨ। ਸਿਧਰਾ ਕਹਿੰਦੀ ਹੈ, ''ਅੰਟੀ ਤੇਰੇ ਬਾਰੇ ਬਹੁਤ ਫ਼ਿਕਰ ਕਰੀ ਜਾਂਦੀ ਏ।''

''ਉਹ ਫ਼ਿਕਰ ਕਰਦੀ ਏ ਕਿ ਉਹ ਮੇਰੀ ਮਾਂ ਐ, ਮੈਂ ਵੀ ਤਾਂ ਉਹਦੇ ਬਾਰੇ ਫ਼ਿਕਰ ਕਰਦਾਂ, ਵਿਚਾਰੀ ਇਕੱਲੀ ਐ। ਮੈਨੂੰ ਇਹ ਨਹੀਂ ਪਤਾ ਕਿ ਉਹ ਮੇਰੇ ਬਾਰੇ ਕਿਉਂ ਫ਼ਿਕਰ ਕਰੀ ਜਾਂਦੀ ਏ।''

''ਉਹ ਸੋਚਦੀ ਏ ਕਿ ਤੂੰ ਢਿਲੜ ਜਿਹਾ ਏਂ, ਹੋਰਨਾਂ ਮੁੰਡਿਆਂ ਵਾਂਗ ਤੇਜ਼ ਨਹੀਂ।''

''ਸਿਧਰਾ, ਮੈਂ ਹਾਲੇ ਸਿਰਫ ਸੋਲਾਂ ਸਾਲ ਦਾਂ, ਉਹ ਮੇਰੇ ਤੋਂ ਉਮੀਦ ਰਖਦੀ ਏ ਵੀਹ ਸਾਲ ਦੇ ਬੰਦੇ ਵਰਗੀ।''

''ਫੇਰ ਵੀ ਤੂੰ ਜ਼ਰਾ ਮੁੰਡਿਆਂ ਵਾਲੀ ਆਕੜ ਰੱਖਿਆ ਕਰ, ਕਾਲਰ ਖੜੇ ਕਰਕੇ ਜ਼ਰਾ ਐਟੀਚੂਟ ਨਾਲ ਤੁਰਿਆ ਕਰ।'' ਆਖਦੀ ਸਿਧਰਾ ਉਸ ਨੂੰ ਤੁਰ ਕੇ ਦਿਖਾਉਂਦੀ ਹੈ ਕਿ ਉਸ ਨੂੰ ਕਿਵੇਂ ਤੁਰਨਾ ਚਾਹੀਦਾ ਹੈ। ਫਿਰ ਕਹਿੰਦੀ ਹੈ, ''ਮੁੰਡੇ ਬੀਅਰ ਵੀ ਪੀਂਦੇ ਨੇ, ਤੂੰ ਵੀ ਪੀਆ ਕਰ।''

''ਬੀਅਰ ਦਾ ਟੇਸਟ ਮੈਨੂੰ ਚੰਗਾ ਨਹੀਂ ਲਗਦਾ, ਨਾਲੇ ਮੇਰੀ ਉਮਰ ਨਹੀਂ ਹੋਈ ਹਾਲੇ, ਤੂੰ ਪੀਤੀ ਕਦੇ ਬੀਅਰ?''

''ਨਹੀਂ, ਮੇਰਾ ਮੰਮ ਤਾਂ ਮੈਨੂੰ ਕਿੱਲ ਕਰ ਦੇਵੇਗੀ, ਵੈਸੇ ਵੀ ਸਾਡੇ ਨਹੀਂ ਪੀਂਦੇ, ਮੇਰੇ ਕਜ਼ਨ ਵੀ ਚੋਰੀ ਚੋਰੀ ਪੀਂਦੇ ਨੇ, ਮੈਨੂੰ ਪਤਾ।''

ਕਾਫੀ ਸਾਰਾ ਟਾਈਮ ਉਹ ਪਾਰਕ ਵਿੱਚ ਲੰਘਾ ਕੇ ਉਹ ਵਾਪਸ ਆਉਂਦੇ ਹਨ। ਸਿੱਧੇ ਸੁੱਖ ਦੇ ਕਮਰੇ ਵਿੱਚ ਜਾਂਦੇ ਹਨ। ਅਲਮਾਰੀ ਖੋਹਲ ਕੇ ਸ਼ੀਸ਼ੀ ਦੇਖਦੇ ਹਨ। ਉਸ ਵਿੱਚ ਕੋਈ ਰਿੰਗ ਨਹੀਂ ਬਣੀ। ਸਿਧਰਾ ਖੁਸ਼ੀ ਵਿੱਚ ਚੀਕਾਂ ਮਾਰਨ ਲਗਦੀ ਹੈ, ''ਥੈਂਕਸ ਗੌਡ! ਥੈਂਕਸ ਸੁੱਖ, ਫਾਰ ਹੈਲਪ, ...ਨੋ ਮੋਰ ਮੈਨ ਨਾਓ, ...ਬਲੱਡੀ ਡੇਂਜਰੱਸ!''

*****

ਅੱਜਕੱਲ ਪੂਨਮ ਸੁੱਖ ਨਾਲ ਕੁਝ ਵਕਤ ਗੁਜ਼ਾਰਨ ਲੱਗੀ ਹੈ। ਜਦ ਵੀ ਵਿਹਲ ਮਿਲੇ ਉਹ ਸੁੱਖ ਨਾਲ ਗੱਲਾਂ ਕਰਨ ਆ ਲਗਦੀ ਹੈ। ਹਰ ਰੋਜ਼ ਘੰਟਾ-ਅੱਧਾ ਘੰਟਾ ਉਸ ਨਾਲ ਗੱਲਾਂ ਕਰਿਆ ਕਰਦੀ ਹੈ। ਉਹ ਪੁੱਛਦੀ ਹੈ, ''ਕਿਹੋ ਜਿਹਾ ਡਾਂਸ ਤੁਹਾਡੇ ਸਕੂਲ ਕਰਦੇ ਨੇ?''

''ਕਦੇ ਕਦੇ ਡਿਸਕੋ ਹੁੰਦੀ ਏ।''

''ਡਾਂਸ ਕਰਨਾ ਕਿਵੇਂ ਲਗਦਾ?''

ਪੂਨਮ ਦੇ ਸਵਾਲ ਦੇ ਜਵਾਬ ਵਿੱਚ ਸੁੱਖ ਮੋਢੇ ਮਾਰਦਾ ਹੈ ਜਿਸ ਦਾ ਮਤਲਬ ਕਿ ਪਤਾ ਨਹੀਂ। ਪੂਨਮ ਦੱਸਦੀ ਹੈ, ''ਮੈਂ ਇੰਡੀਆ ਵਿੱਚ ਟੀਚਰ ਸਾਂ, ਤੇਰੇ ਵਰਗੇ ਮੁੰਡੇ ਕੁੜੀਆਂ ਨੂੰ ਭੰਗੜਾ-ਗਿੱਧਾ ਸਿਖਾਇਆ ਕਰਦੀ ਸਾਂ। ਮੁੰਡਿਆਂ ਨੂੰ ਭੰਗੜਾ ਤੇ ਕੁੜੀਆਂ ਨੂੰ ਗਿੱਧਾ।''

''ਭੰਗੜਾ ਸਾਡੇ ਸਕੂਲ ਵੀ ਸਿਖਾਉਂਦੇ ਨੇ ਪਰ ਮੈਂ ਕਦੇ ਦਿਲਚਸਪੀ ਨਹੀਂ ਲਈ।''

''ਕਈ ਸਕੂਲਾਂ ਵਿੱਚ ਤਾਂ ਢੋਲ ਵਜਾਉਣਾ ਵੀ ਸਿਖਾਉਂਦੇ ਨੇ।''

''ਸਾਡੇ ਸਕੂਲ ਵੀ ਸਿਖਾਉਂਦੇ ਨੇ ਪਰ ਮੈਂ ਨਹੀਂ ਸਿਖਿਆ।''

''ਸਾਡੇ ਘਰ ਢੋਲ ਪਿਆ ਏ, ਜਰਨੈਲ ਨੂੰ ਵੀ ਬਹੁਤ ਸ਼ੌਂਕ ਏ, ਮੈਨੂੰ ਵੀ ਵਜਾਉਣਾ ਆਉਂਦਾ ਏ, ਜੇ ਕਹੇਂ ਤਾਂ ਤੈਨੂੰ ਸਿਖਾਵਾਂ?''

ਪੂਨਮ ਦੇ ਕਹਿਣ 'ਤੇ ਸੁੱਖ ਵਿੱਚ ਦਿਲਚਸਪੀ ਜਾਗ ਪੈਂਦੀ ਹੈ। ਅਗਲੇ ਦਿਨ ਪੂਨਮ ਦਾ ਪਤੀ ਜਰਨੈਲ ਢੋਲ ਉਹਨਾਂ ਦੇ ਘਰ ਛੱਡ ਜਾਂਦਾ ਹੈ। ਪੂਨਮ ਸੁੱਖ ਨੂੰ ਕਦੇ ਭੰਗੜੇ ਦੇ ਸਟੈੱਪ ਸਿਖਾ ਰਹੀ ਹੁੰਦੀ ਹੈ ਤੇ ਕਦੇ ਢੋਲ 'ਤੇ ਡਗੇ ਲਾਉਣੇ। ਸੀਕੇ ਇਹ ਦੇਖ ਕੇ ਬਹੁਤ ਖੁਸ਼ ਹੁੰਦੀ ਹੈ।

ਇਕ ਦਿਨ ਪੂਨਮ ਕਹਿੰਦੀ ਹੈ, ''ਅੰਟੀ, ਮੇਰੀ ਹਸਪਤਾਲ ਦੀ ਐਪੁਆਏਂਮੈਂਟ ਆਈ ਏ, ਬਹੁਤ ਜ਼ਰੂਰੀ ਏ, ਕਰੋਨਾ ਕਰਕੇ ਅੱਗੇ ਪਾ ਦਿੱਤੀ ਸੀ, ਤੈਨੂੰ ਦਸਿਆ ਸੀ ਨਾ, ਪੇਟ ਦਰਦ ਰਹਿੰਦਾ।''

''ਜਰਨੈਲ ਨਹੀਂ ਵਿਹਲਾ?''

''ਓਦਾਂ ਤਾਂ ਉਸ ਨੂੰ ਤਾਂ ਕਰੋਨਾ ਕਰਕੇ ਫਰਲੋ ਮਿਲੀ ਹੋਈ ਏ ਪਰ ਬੱਚੇ ਉਹਨੇ ਸੰਭਾਲਣੇ ਨੇ, ਵਾਇਰਸ ਕਰਕੇ ਕਿਤੇ ਹੋਰ ਛੱਡ ਨਹੀਂ ਸਕਦੇ।''

''ਸੁੱਖ ਨੂੰ ਪੁੱਛ ਲੈ ਪਰ ਮੂੰਹ 'ਤੇ ਮਾਸਕ ਲਾਕੇ ਜਾਇਓ।''

''ਮਾਸਕ ਬਿਨਾਂ ਹਸਪਤਾਲ ਵਿੱਚ ਕੌਣ ਵੜਨ ਦੇਵੇਗਾ?''

ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ ਤੇ ਸੋਚ ਕਾਰਨ ਹੀ ਬਣਿਆ ਹੈ। -(ਅਗਲੇ ਸਫ਼ੇ 'ਤੇ)

ਪੂਨਮ ਆਖਦੀ ਹੈ।...

ਹਸਪਤਾਲ ਤੋਂ ਵਾਪਸ ਆਏ ਸੁੱਖ ਨੂੰ ਸੀਕੇ ਪੁੱਛਦੀ ਹੈ, ''ਪੂਨਮ ਦਾ ਕੀ ਹਾਲ ਏ?''

''ਸ਼ੀ 'ਜ਼ ਫਾਈਨ।''

''ਕੀ ਚੈੱਕ ਕੀਤਾ?''

''ਸਰਵਾਈਕਲ ਟੈਸਟ ਕੀਤੇ।''

''ਜਾਣੀ ਕਿ ਪੂਨਮ ਦੇ...?''

''ਯਾ ਮੌਮ, ਵਜਾਇਨਾ ਦੇ ਕੁਝ ਟੈਸਟ ਕੀਤੇ।''

''ਤੇਰੇ ਸਾਹਮਣੇ?''

''ਮੈਂ ਟਰਾਂਸਟਲੇਟ ਕਰਦਾ ਸੀ, ਸੋ ਆਏ ਵਾਜ਼ ਦੇਅਰ।''

''ਉਹ ਡਰਟੀ ਵੋਮੈਨ! ਤੈਨੂੰ ਏਸ ਕੰਮ ਲਈ ਲੈ ਕੇ ਗਈ ਸੀ?''

''ਸੋ ਵੌਟ!''

''ਉਹਨੇ ਇਕ ਵਾਰ ਵੀ ਨਹੀਂ ਸੋਚਿਆ ਕਿ ਸੋਲਾਂ ਸਾਲ ਦੇ ਮੁੰਡੇ ਦੀ ਮਾਨਸਿਕਤਾ ਉਪਰ ਕੀ ਅਸਰ ਪਵੇਗਾ? ਮੈਂ ਕੱਲ ਨੂੰ ਹੀ ਉਹਨੂੰ ਗੁੱਤੋਂ ਫੜਦੀ ਆਂ।''

''ਮੌਮ, ਵਾਏ 'ਰ ਯੂ ਵੱਰੀਂਗ? ਮੈਨੂੰ ਕੋਈ ਫਰਕ ਨਹੀਂ ਪੈਂਦਾ।''

''ਸੁੱਖ, ਤੂੰ ਹਾਲੇ ਛੋਟਾ ਏਂ, ਔਰਤਾਂ ਦੀਆਂ ਬਿਮਾਰੀਆਂ ਵਿੱਚ ਓਪਰੇ ਮਰਦਾਂ, ਖਾਸ ਤੌਰ 'ਤੇ ਤੇਰੀ ਉਮਰ ਦੇ ਬੱਚਿਆਂ ਨੂੰ ਨਹੀਂ ਪਾਉਣਾ ਚਾਹੀਦਾ, ਇਹ ਔਰਤਾਂ ਦੀ ਬਿਮਾਰੀ, ਕਿਸੇ ਔਰਤ ਨੂੰ ਲੈ ਕੇ ਜਾਂਦੀ, ਹੋਰ ਨਹੀਂ ਤਾਂ ਸਿਧਰਾ ਨੂੰ ਹੀ ਲੈ ਜਾਂਦੀ।''

ਸੀਕੇ ਗੁੱਸੇ ਵਿੱਚ ਬੋਲਦੀ ਜਾ ਰਹੀ ਸੀ। ਸੁੱਖ ਨੂੰ ਕੁਝ ਸਮਝ ਨਹੀਂ ਸੀ ਪੈ ਰਿਹਾ ਕਿ ਮੰਮੀ ਏਨੇ ਗੁੱਸੇ ਵਿੱਚ ਕਿਉਂ ਹੈ। ਉਹ ਆਪਣੇ ਕਮਰੇ ਵਿੱਚ ਚਲੇ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਮੰਮੀ ਕਈ ਵਾਰ ਅਚਾਨਕ ਇਵੇਂ ਗੁੱਸੇ ਵਿੱਚ ਆ ਜਾਇਆ ਕਰਦੀ ਹੈ, ਕੁਝ ਦੇਰ ਕਲਪੇਗੀ ਪਰ ਫਿਰ ਜਦ ਗੁੱਸਾ ਠੰਡਾ ਹੋ ਜਾਵੇਗਾ ਤਾਂ ਠੀਕ ਹੋ ਜਾਵੇਗੀ, ਮੁੜ ਹਾਸਾ-ਮਜ਼ਾਕ ਕਰਨ ਲਗੇਗੀ। ਉਹ ਆਪਣੇ ਕਮਰੇ ਵਿੱਚ ਜਾ ਕੇ ਟੈਲੀਵੀਯਨ ਉਪਰ ਗੇਮ ਖੇਡਣ ਲੱਗਾ। ਖੇਡਦਾ ਖੇਡਦਾ ਸੌਂ ਗਿਆ।

ਕੁਝ ਦੇਰ ਬਾਅਦ ਸੀਕੇ ਸੁੱਖ ਨੂੰ ਆਵਾਜ਼ਾਂ ਮਾਰਨ ਲੱਗੀ ਕਿ ਹੇਠਾਂ ਆ ਕੇ ਕੁਝ ਖਾ ਲਵੇ। ਸੁੱਖ ਜਵਾਬ ਨਹੀਂ ਦੇ ਰਿਹਾ। ਉਹ ਸਮਝ ਗਈ ਕਿ ਉਹ ਸੌਂ ਗਿਆ ਹੋਵੇਗਾ। ਜੇ ਉਸ ਨੇ ਹੁਣ ਹੀ ਏਨਾ ਸੌਂ ਲਿਆ ਤਾਂ ਰਾਤ ਨੂੰ ਨੀਂਦ ਨਹੀਂ ਆਵੇਗੀ। ਉਹ ਉਸ ਨੂੰ ਜਗਾਉਣ ਲਈ ਪੌੜੀਆਂ ਚੜ੍ਹਦੀ ਹੋਈ ਉਸ ਦੇ ਕਮਰੇ ਮੂਹਰੇ ਪੁੱਜ ਗਈ। ਸੀਕੇ ਸੁੱਖ ਦੇ ਕਮਰੇ ਵਿੱਚ ਬਹੁਤਾ ਨਹੀਂ ਜਾਇਆ ਕਰਦੀ। ਉਦੋਂ ਹੀ ਜਾਂਦੀ ਜਦ ਕਮਰੇ ਦੀ ਸਫਾਈ ਕਰਨੀ ਹੁੰਦੀ।

''ਸੁੱਖ ਬੇਟਾ, ਹਾਲੇ ਸੌਣ ਦਾ ਟਾਈਮ ਨਹੀਂ ਹੋਇਆ, ਚੱਲ ਉਠ ਹੇਠਾਂ ਆ ਜਾ।'' ਸੁੱਖ ਉਠ ਕੇ ਬਹਿ ਗਿਆ। ਸੀਕੇ ਆਲਾ ਦੁਆਲਾ ਦੇਖਦੀ ਬੋਲੀ, ''ਦੇਖ ਕਮਰੇ ਦੀ ਕੀ ਹਾਲਤ ਕੀਤੀ ਐ, ਏਨਾ ਖਿਲਾਰਾ ਕਿਉਂ ਪਾਉਨਾ ਹੁੰਨਾਂ? ਦੇਖ ਕਪੜੇ ਕਿਵੇਂ ਖਿਲਾਰੇ ਐ।'' ਕਹਿੰਦੀ ਹੋਈ ਉਹ ਚੀਜ਼ਾਂ ਸੰਭਾਲਣ ਲੱਗੀ। ਕਪੜਿਆਂ ਨੂੰ ਅਲਮਾਰੀ ਵਿੱਚ ਟੰਗ ਰਹੀ ਸੀ। ਉਥੇ ਪਰੈਗਨੈਂਸੀ ਟੈਸਟ ਕਰਨ ਵਾਲੀ ਕਿੱਟ ਉਸ ਦੇ ਹੱਥ ਲੱਗ ਗਈ। ਉਹ ਹੈਰਾਨ ਹੁੰਦੀ ਬੋਲੀ, ''ਆਹ ਕਿਥੋਂ ਆ ਗਈ?

''ਇਹ ਮੇਰੀ ਨਹੀਂ ਮੌਮ।''

''ਫਿਰ ਕਿਹਦੀ ਐ?''

''ਸਿਧਰਾ ਦੀ।''

''ਇਹਦਾ ਮਤਲਬ ਤੁਸੀਂ ਸੈਕਸ ਕੀਤਾ?'' ਉਪਰੋਂ ਸੀਕੇ ਗੁੱਸੇ ਵਿੱਚ ਸੀ ਪਰ ਅੰਦਰੋਂ ਉਹ ਖੁਸ਼ ਸੀ ਕਿ ਮੁੰਡਾ ਜਵਾਨ ਹੋ ਗਿਆ ਹੈ।

''ਨਹੀਂ ਮੌਮ, ਇਹ ਤਾਂ ਉਹਨੇ ਆਪਣੇ ਕਜ਼ਨ ਨਬੀਲ ਨਾਲ...।''

''ਜਾਣੀ ਕਿ ਤੂੰ ਉਹਦੇ ਲਈ ਕਿੱਟ ਲੈ ਕੇ ਆਇਆਂ ਤੇ ਤੇਰੇ ਰੂਮ ਵਿੱਚ ਚੈਕ ਕੀਤਾ?''

''ਯਾਹ ਮੌਮ। ਮੈਂ ਟੈਸਟ ਕਰਨ ਵਿੱਚ ਉਹਦੀ ਹੈਲਪ ਕੀਤੀ, ਇਟ ਵੌਜ਼ ਨੈਗਟਿਵ।''

''ਜਾਣੀ ਕਿ ਜਿਹੜਾ ਕੰਮ ਉਹਦੀ ਮਾਂ ਜਾਂ ਭੈਣ ਨੂੰ ਕਰਨਾ ਚਾਹੀਦਾ ਸੀ ਉਹ ਉਸ ਨੇ ਤੇਰੇ ਕੋਲੋਂ ਕਰਾਇਆ!''

ਉਹ ਫਿਰ ਗੁੱਸੇ ਵਿੱਚ ਕਲਪਣ ਲੱਗੀ। ਸੁੱਖ ਇਕ ਵਾਰ ਫਿਰ ਕੰਨਫਿਊਜ਼ਡ ਖੜਾ ਸੀ ਕਿ ਇਹਦੇ ਵਿੱਚ ਕਿਹੜੀ ਵੱਡੀ ਗੱਲ ਹੋ ਗਈ ਕਿ ਮੌਮ ਏਨੇ ਗੁੱਸੇ ਵਿੱਚ ਹੈ।

ਉਸ ਦਿਨ ਸੀਕੇ ਸਾਰੀ ਰਾਤ ਨਾ ਸੌਂ ਸਕੀ। ...ਗਲਤੀ ਮੇਰੀ ਸੀ ਜਿਹੜੀ ਪੂਨਮ ਜਾਂ ਸਿਧਰਾ ਵਿੱਚੋਂ ਮੁੰਡੇ ਲਈ ਸਹਾਇਤਾ ਲੱਭ ਰਹੀ ਸਾਂ। ...ਜੇ ਸੁਰਜੀਤ ਕਨੇਡਾ ਨਾ ਜਾਂਦਾ, ਇਥੇ ਕਿਤੇ ਨੇੜੇ ਤੇੜੇ ਹੁੰਦਾ ਤੇ ਸੁੱਖ ਨੂੰ ਮਿਲਦਾ ਰਹਿੰਦਾ ਤਾਂ ਜ਼ਰੂਰ ਏਹਨੂੰ ਫਾਦਰ ਫਿਗਰ ਮਿਲ ਗਈ ਹੁੰਦੀ। ਉਹ ਤਰ੍ਹਾਂ ਤਰ੍ਹਾਂ ਦੀਆਂ ਸੋਚਾਂ ਨਾਲ ਘੁਲਦੀ ਰਹੀ, ਕਿਤੇ ਤੜਕਸਾਰ ਜਾ ਕੇ ਉਸ ਦੀ ਅੱਖ ਲਗੀ...

...ਘੰਟੀ ਵੱਜੀ, ਉਸ ਨੇ ਦਰਵਾਜ਼ਾ ਖੋਹਲਿਆ, ਜੱਗਾ ਖੜਾ ਮੁੰਦ-ਮੁੰਦ ਮੁਸਕ੍ਰਾਈ ਜਾ ਰਿਹਾ ਸੀ, ਬੋਲਿਆ, ਚਰਨਜੀਤ ਕੌਰੇ, ਤੂੰ ਫੋਨ ਕੀਤਾ ਸੀ ਕਿ ਤੇਰੇ ਬੁਆਇਲਰ ਦੀ ਸਰਵਿਸ ਹੋਣ ਵਾਲੀ ਐ,... ਨਾਲੇ ਜਿੰਨਾ ਚਿਰ ਸੁੱਖ ਸਕੂਲ ਨਹੀਂ ਜਾਣ ਲੱਗਦਾ ਇਹਨੂੰ ਮੈਂ ਰੌਕੀ ਵਾਂਗ ਹੀ ਆਪਣੇ ਨਾਲ ਪਲੱਮਿੰਗ ਦੇ ਕੰਮ 'ਤੇ ਲੈ ਜਾਇਆ ਕਰਾਂਗਾ, ਯਕੀਨ ਰੱਖ, ਚੰਗੀ ਤਰ੍ਹਾਂ ਚੰਡ ਦੇਵਾਂਗਾ...

ਸੀਕੇ ਘਬਰਾਉਂਦੀ ਹੋਈ ਉਠ ਕੇ ਬਹਿ ਗਈ- ਇਹ ਜੱਗਾ ਕਿਥੋਂ ਆ ਗਿਆ?... ਮੈਂ ਉਹਨੂੰ ਫੋਨ ਕਦੋਂ ਕਰ ਲਿਆ? ...ਮੈਂ ਤਾਂ ਉਸ ਦਾ ਫੋਨ ਨੰਬਰ ਵੀ ਆਪਣੇ ਫੋਨ ਵਿੱਚੋਂ ਡੀਲੀਟ ਕਰ ਦਿੱਤਾ ਸੀ!

ਸੀਕੇ ਆਪਣੇ ਮੁਬਾਈਲ ਵਿੱਚ ਕੰਟੈਕਟ ਲਿਸਟ ਸਕਰੋਲ ਕਰਨ ਲੱਗੀ ਕਿ ਜੱਗੇ ਦਾ ਨੰਬਰ ਸ਼ਾਇਦ ਹਾਲੇ ਹੋਵੇ।

ਇਹ ਨਹੀਂ ਬਣਿਆਂ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਤੇ ਕਲਗੀਆਂ ਸਜਾਉਣ ਲਈ। -(ਅਗਲੇ ਸਫ਼ੇ 'ਤੇ)

ਕਹਾਣੀ

# ਨਵਾਂ ਸਾਲ

## ਕੇ. ਸੀ. ਮੋਹਨ



ਕੇ. ਸੀ. ਮੋਹਨ

ਢਾਈ-ਤਿੰਨ ਦਹਾਕਿਆਂ ਤੋਂ ਮਿਲਦੀ ਇਸ ਮਿੱਤਰ-ਮੰਡਲੀ ਦੀ ਅੱਜ ਵਾਲੀ ਮਹਿਫ਼ਲ ਕੋਈ ਸੱਤ ਵਜੇ ਸ਼ੁਰੂ ਹੋਈ ਸੀ। ਦਾਰੂ ਪੀਂਦਿਆਂ, ਗੱਪਾਂ ਮਾਰਦਿਆਂ, ਲਤੀਫ਼ੇ ਸੁਣਦੇ-ਸੁਣਾਉਂਦਿਆਂ ਅਤੇ ਬਹਿਸਾਂ ਕਰਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਬਾਰਾਂ ਵੱਜ ਗਏ। ਹਰ ਇਕ ਨੂੰ ਬਾਰਾਂ ਵੱਜਣ ਦੀ ਉਡੀਕ ਸੀ, ਪਾਰਟੀ ਜੋ ਨਵੇਂ ਸਾਲ ਦੇ ਸਵਾਗਤ ਵਿਚ ਰੱਖੀ ਹੋਈ ਸੀ।

ਬਾਰਾਂ ਵਜੇ ਤੋਂ ਕੋਈ ਪੰਦਰਾਂ ਮਿੰਟ ਪਹਿਲਾਂ ਸਾਰੇ ਜਣੇ ਆਪੋ-ਆਪਣੇ ਪਿਆਲੇ ਹੱਥਾਂ ਵਿਚ ਫੜਕੇ ਫੌਜੀਆਂ ਵਾਂਗ ਤਾਇਨਾਤ ਹੋ ਗਏ। ਸੋਫੀਆਂ ਨੇ ਆਪਣੇ ਆਪਣੇ ਸੌਫਟ ਡਰਿੰਕ ਹੱਥੀਂ ਲੈ ਲਏ। ਸਹੀ ਬਾਰਾਂ ਵਜੇ ਦਾ ਲਮ੍ਹਾਂ ਹਰ ਇਕ ਪਕੜਣ ਲਈ ਤੱਤਪਰ ਲਗਦਾ ਪਿਆ ਸੀ।

ਮਿੱਤਰਾਂ ਦੀ ਢਾਣੀ ਐਤਕੀਂ ਐਲਫਰਡ ਸਮਿਥ ਤੇ ਉਸਦੀ ਪਤਨੀ ਜੈਕੀ ਸਮਿਥ ਦੇ ਘਰ ਵਿਚ ਇੱਕਠੀ ਹੋਈ ਸੀ। ਉਹ ਪੱਛਮੀ ਲੰਦਨ ਦੇ ਸ਼ਹਿਰ ਪੈਰੀਵੇਲ ਵਿਚ ਇਕ ਕਿਰਾਏ ਦੇ ਮਕਾਨ ਵਿਚ ਰਹਿੰਦੇ ਸਨ। ਰੰਗੀਲੇ ਤੇ ਖਾਣ-ਪੀਣ ਵਾਲੇ ਬੰਦੇ ਸਨ। ਉਨ੍ਹਾ ਨੇ ਆਪਣੀ ਮੇਜ਼ਬਾਨੀ ਵਿਚ ਕੋਈ ਕਸਰ ਨਹੀਂ ਸੀ ਛੱਡੀ ਭਾਵੇਂ ਹਰ ਬੰਦਾ ਜਾਂ ਤਾਂ ਕੁੱਝ ਖਰੀਦਕੇ ਲਿਆਇਆ ਸੀ ਜਾਂ ਫੇਰ ਆਪ ਪਕਾ ਕੇ ਲਿਆਇਆ ਸੀ। ਹਰ ਬੰਦਾ ਮੇਜ਼ਬਾਨਾਂ ਦੇ ਪਕਵਾਨਾਂ ਦੀ ਤਾਰੀਫ਼ ਕਰ ਰਿਹਾ ਸੀ।

ਟੀਵੀ ਤੇ ਨਵੇਂ ਸਾਲ ਦੇ ਕਈ ਇਕ ਵਿਸ਼ੇਸ਼ ਪ੍ਰੋਗਰਾਮ ਚੱਲ ਰਹੇ ਸਨ ਪਰ ਇਨ੍ਹਾਂ ਵੱਲ ਕਿਸੇ ਕਿਸੇ ਦਾ ਹੀ ਧਿਆਨ ਸੀ। ਨਿੱਕੇ ਨਿੱਕੇ ਗਰੁਪਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ-ਬਾਤਾਂ ਹੁੰਦੀਆਂ ਪਈਆਂ ਸਨ। ਰੋਜ਼ਮਰ੍ਹਾ ਦੇ ਗਿਲੇ-ਦੁੱਖੜੇ ਭੁੱਲ ਭੁਲਾਕੇ ਬੰਦੇ ਨਵੇਂ ਸਾਲ ਕੰਨੀ ਤੱਕ ਰਹੇ ਸਨ। ਲਗਦਾ ਸੀ ਕਿ ਕਿਸੇ ਨੂੰ ਵੀ ਏਸ ਘੜੀ ਕੋਈ ਫ਼ਿਕਰ ਜਾਂ ਤੇਜ਼ੀ ਨਹੀਂ ਸੀ। ਲਿਵਿੰਗ ਰੂਮ ਵਾਲਾ ਘੰਟਾ ਆਪਣੀ ਮਸਤ ਚਾਲ ਚੱਲ ਰਿਹਾ ਸੀ। ਉਹਨੂੰ ਬਾਰਾਂ ਵਜਾਉਣ ਦੀ ਕੋਈ ਕਾਹਲ ਨਹੀਂ ਸੀ ਲਗਦੀ।

ਫਿਰ ਉਹ ਪਲ ਬਹੁਤ ਨੇੜੇ ਲੱਗੇ ਜਿਨ੍ਹਾਂ ਨੇ ਸਭਨਾਂ ਨੂੰ ਉਤਸ਼ਾਹਿਤ ਤੇ ਉਤੇਜਿਤ ਕੀਤਾ ਹੋਇਆ ਸੀ। ਸਾਰੇ ਜਣੇ ਨਵੇਂ ਸਾਲ ਦੇ ਮੌਕੇ ਤੇ ਪ੍ਰਸਾਰਿਤ ਹੁੰਦੇ ਵਿਸ਼ੇਸ਼ ਪ੍ਰੋਗਰਾਮ ਵੇਖਣ ਲਈ ਲਿਵਿੰਗ ਰੂਮ ਵਾਲੇ ਟੀਵੀ ਸਾਹਮਣੇ ਡਟ ਕੇ ਖਲੋ ਗਏ। ਟੀਵੀ ਤੇ ਬਰਤਨਾਵੀ ਪਾਰਲੀਮੈਂਟ ਦੇ ਬਿੱਗ ਬੈੱਨ ਦੀ ਤਸਵੀਰ ਸੀ ਤੇ ਹੇਠਾਂ ਖ਼ਲਕਤ ਦਾ ਹਜੂਮ, ਜਸ਼ਨਾਂ ਲਈ ਤਿਆਰ-ਬਰ-ਤਿਆਰ। ਟੀਵੀ ਤੇ ਪੁੱਠੀ ਗਿਣਤੀ ਸ਼ੁਰੂ ਹੋਈ। ਦਸ... ਨੌਂ... ਤਿੰਨ... ਦੋ... ਤੇ ਫਿਰ ਬਿੱਗ ਬੈੱਨ ਦੀਆਂ ਘੰਟੀਆਂ ਖੜਕਣ ਲੱਗੀਆਂ। ਟੱਨ ਨ... ਟੱਨ ਨ... ਟੱਨ ਨ... ਨਾਲੋ ਨਾਲ ਪਟਾਕੇ । ਬਿੱਗ ਬੈੱਨ ਦੀਆਂ ਘੰਟੀਆਂ ਨੇ ਜਿਉਂ ਹੀ ਆਪਣਾ ਸੰਗੀਤ ਮੁਕਾਇਆ, ਪਟਾਕਿਆਂ ਤੇ ਆਤਿਸ਼ਬਾਜ਼ੀਆਂ ਨੇ ਆਕਾਸ਼ ਵਿਚ ਰੌਣਕ ਵਿਛਾਅ ਦਿੱਤੀ। ਆਕਾਸ਼ ਨੱਚਦਾ ਪਿਆ ਨਜ਼ਰ ਆਇਆ।

ਮਹਿਫ਼ਲ ਨੇ ਟੀਵੀ ਵਲੋਂ ਧਿਆਨ ਹਟਾਇਆ। ਜਾਮ ਹਵਾ 'ਚ ਲਹਿਰਾਏ। 'ਹੈਪੀ ਨੀਊ ਯੀਅਰ, ਹੈਪੀ ਨਿਊ ਯੀਅਰ' ਦੇ ਬੋਲਾਂ ਨਾਲ ਵਾਤਾਵਰਨ ਮਹਿਕਾਅ ਗਿਆ। ਕਿਸੇ ਨੇ ਕਿਸੇ ਨੂੰ ਜੱਫੀ ਪਾਈ। ਕਿਸੇ ਨੇ ਕਿਸੇ ਨਾਲ ਹੱਥ ਮਿਲਾਇਆ ਤੇ ਕਿਸੇ ਨੇ ਕਿਸੇ ਨੂੰ ਚੁੰਮਿਆ। ਇੰਝ ਨਵੇਂ ਸਾਲ ਦੀ ਸ਼ੁਰੂਆਤ ਹੋਈ ਤੇ ਪਿਛਲੇ ਵਰ੍ਹੇ ਨੂੰ ਅਲਵਿਦਾ।

ਜੈਕੀ ਪੂਰੀ ਲੋਰ ਵਿਚ ਹੋਈ ਪਈ ਲਗਦੀ ਸੀ, "ਲਓ ਬਈ ਮਿੱਤਰ ਜਨੋ, ਸੁਣਾਓ ਹੁਣ ਆਪਣੇ-ਆਪਣੇ ਨਵੇਂ ਸਾਲ ਦੇ ਰੈਜ਼ੋਲਿਊਸ਼ਨ" ਜੈਕੀ ਨੇ ਮਹਿਫ਼ਲ ਦਾ ਰੰਗ ਬਦਲਣ ਦੀ ਕੋਸ਼ਿਸ਼ ਕੀਤੀ।

"ਆਹ ਵਧੀਆ ਗੱਲ ਆ" ਫਾਤਿਮਾ ਦੀ ਛੋਟੀ ਕੁੜੀ ਰੁਕਸਾਨਾ ਬੋਲੀ ਜਿਹੜੀ ਆਪਣੇ ਅਮਰੀਕਨ ਬੁਆਏ ਫਰੈਂਡ ਐਰਿਕ ਨਾਲ ਲਿਪਟੀ ਖੜ੍ਹੀ ਸੀ।

"ਭਲਾਂ ਤੇਰੇ ਨਾਲੋਂ ਵਧੀਆ ਸ਼ੂਰੂਆਤ ਹੋਰ ਕੌਣ ਕਰੂ" ਫਾਤਿਮਾ ਦੀ ਵੱਡੀ ਕੁੜੀ ਫਰਜ਼ਾਨਾ ਝੱਟ ਦੇਣੇ ਬੋਲੀ।

"ਏਸ ਸਾਲ ਮੈਂ ਮਾਂ ਬਣਨਾਂ ਚਾਹਾਂਗੀ" ਰੁਕਸਾਨਾ ਨੇ ਆਪਣਾ ਮਤਾ ਐਲਾਨਿਆ।

"ਏਸ ਕਾਰਜ ਵਿਚ ਮੈਂ ਕੋਈ ਮੱਦਦ ਕਰ ਸਕਦਾ ਹੋਵਾਂ ਤਾਂ ਝਿਜਕੀਂ ਨਾ" ਐਰਿਕ ਨੇ ਹੌਲੀ ਦੇਣੇ ਆਖਿਆ।

"ਤੈਨੂੰ ਹੀ ਡਸਿਪਲਨ ਕਰਨ ਲਈ ਤਾਂ ਇਹ ਹੋ ਰਿਹਾ ਹੈ, ਮਾਈ ਡਾਰਲਿੰਗ" ਆਖਦਿਆਂ ਰੁਕਸਾਨਾਂ ਨੇ ਸਭਨਾਂ ਨੂੰ ਹਸਾ ਮਾਰਿਆ। ਸੱਭਨਾਂ ਨੇ ਇਸ ਮਤੇ ਦਾ ਤਾੜੀਆਂ ਨਾਲ ਸਵਾਗਤ ਕੀਤਾ।

"ਮੈਂ ਏਸ ਸਾਲ ਆਪਣਾ ਭਾਰ ਦਸ ਕਿਲੋ ਘਟਾਉਣਾ ਹੈ" ਇਹ ਮੇਰਾ ਰੈਜ਼ੋਲਿਉਸ਼ਨ ਸੀ। ਪੈਂਦਿਆਂ ਹੀ ਮੇਰੀ ਸਵੀਡਸ਼ ਸਹਿਕਰਮੀ ਲੋਰਨਾ ਆਖਣ ਲੱਗੀ, "ਪੀ ਸਿੰਘ ਜੀਓ, ਇਹ ਤਾਂ ਤੁਸੀਂ ਦੋ ਸਾਲ ਪਹਿਲਾਂ ਪਰਵੀਨ ਚਾਵਲਾ ਦੇ ਚੈਲਸੀ ਵਾਲੇ ਘਰ 'ਚ ਹੋਈ ਪਾਰਟੀ ਵਿਚ ਵੀ ਕਿਹਾ ਸੀ। ਕੋਈ ਹੋਰ ਦਿਲਚਸਪ ਰੈਜ਼ੋਲਿਊਸ਼ਨ ਕੱਢੋ।"

ਸੱਚੀ ਗੱਲ ਤਾਂ ਇਹ ਸੀ ਕਿ ਲੋਰਨਾ ਦੀ ਗੱਲ ਸੁਣਕੇ ਬਾਕੀਆਂ ਨੇ ਤਾਂ ਹੱਸਣਾ ਹੀ ਸੀ, ਮੈਨੂੰ ਖ਼ੁਦ ਨੂੰ ਵੀ ਹੱਸਦਿਆਂ-ਹੱਸਦਿਆਂ ਹਾਥੂ ਆ ਗਿਆ। "ਚਲੋ ਠੀਕ ਹੈ ਮੈਂ ਏਸ ਸਾਲ 'ਵਾਰ ਐਂਡ ਪੀਸ' ਦਾ ਪਾਠ ਹੀ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ। ਸ਼ਾਇਦ ਇਸ ਨਾਲ ਕੁੱਝ ਭਾਰ ਵੀ ਘੱਟ ਜਾਵੇ।"

ਮਾਰਕੋਜ਼ ਨੇ ਆਪਣੇ ਵਿਸਕੀ ਦੇ ਪੈੱਗ ਦਾ ਭੋਗ ਪਾਉਂਦਿਆਂ ਐਲਾਨ ਕੀਤਾ, "ਮੇਰੇ ਪਿੰਡ ਸਰਕਾਰੀ ਸਕੂਲ ਦੀ ਇਮਾਰਤ ਬੜੀ ਖ਼ਸਤਾ ਹਾਲਤ 'ਚ ਹੈ। ਮੈਂ ਧਾਰਿਆ ਹੈ ਕਿ ਐਤਕੀਂ ਅਸੀਂ ਸਾਰੇ ਟੱਬਰ ਨੇ ਇਕ ਹਜ਼ਾਰ ਪੌਂਡ ਬਚਾਕੇ ਸਾਊਥ ਅਫਰੀਕਾ ਘਲਣਾ ਹੈ" ਮਾਰਕੋਜ਼ ਦੇ ਮਤੇ ਨੇ ਦੋ ਪਲਾਂ ਲਈ ਮਹਿਫ਼ਲ ਨੂੰ ਗੰਭੀਰ ਬਣਾ ਦਿਤਾ ਅਤੇ ਸਾਰਿਆਂ ਨੇ ਜ਼ੋਰਦਾਰ ਤਾੜੀਆਂ ਨਾਲ ਇਸ ਮਤੇ 'ਤੇ ਫੁੱਲ ਚਾੜ੍ਹੇ।

ਸਕੌਟਿਸ਼ ਵਕੀਲ ਈਅਨ ਵਾਲਕਰ ਨੇ ਆਪਣੀ ਲਾਲ

ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ -(ਅਗਲੇ ਸਫ਼ੇ 'ਤੇ)

ਟਾਈ ਠੀਕ ਕਰਦਿਆਂ ਐਲਾਨ ਕੀਤਾ, "ਏਸ ਵਰ੍ਹੇ ਮੈਂ ਪਿਆਨੋ ਵਜਾਉਣੀ ਸਿੱਖ ਛਡਣੀ ਹੈ।"

ਈਅਨ ਦਾ ਹੱਥ ਅਜੇ ਉਹਦੀ ਟਾਈ 'ਤੇ ਹੀ ਸੀ ਕਿ ਉਹਦੀ ਪਤਨੀ ਨਤਾਸ਼ਾ ਨੇ ਆਪਣਾ ਹਾਸਾ ਰੋਕਦਿਆਂ ਕਿਹਾ, "ਮਿਸਟਰ ਵਾਲਕਰ, ਪਿਆਨੋ ਵਾਸਤੇ ਕਿੱਥੋਂ ਕੱਢੇਂਗਾ ਵਕਤ, ਤੂੰ ਤਾਂ ਵੀਕਐਂਡ ਵੀ ਦਫ਼ਤਰ 'ਚ ਹੀ ਬਿਤਾਉਂਦਾਂ ਏਂ" ਮਹਿਫ਼ਲ ਇਕ ਬਾਰ ਫੇਰ ਹਾਸਿਆਂ ਦੇ ਸਪੁਰਦ ਹੋ ਗਈ।

ਪੋਲਿਸ਼ ਕੁੜੀ ਆਇਰੀਨ ਦਾ ਰੈਜ਼ੋਲਿਊਸ਼ਨ ਸਭ ਨੂੰ ਚੰਗਾ ਲੱਗਿਆ ਜਦ ਉਸਨੇ ਰਤਾ ਗੰਭੀਰ ਹੁੰਦਿਆਂ ਕਿਹਾ, "ਸੋਸ਼ਲ ਨੈੱਟਵਰਕਿੰਗ 'ਤੇ ਖ਼ਰਚ ਹੁੰਦਾ ਸਮਾਂ ਮੈ ਏਸ ਸਾਲ, ਘਟਾ ਕੇ ਅੱਧਾ ਕਰ ਦੇਣਾ ਹੈ। ਇਹ ਬੀਮਾਰੀ ਕੁੱਝ ਜ਼ਿਆਦਾ ਹੀ ਵਧ ਗਈ ਹੈ। ਫ਼ਜ਼ੂਲ ਦਾ ਕੰਮ ਹੈ ਇਹ ਸਾਰਾ।"

"ਇਹ ਰੈਜ਼ੋਲਿਊਸ਼ਨ ਤਾਂ ਬਈ ਸਾਨੂੰ ਸਾਰਿਆਂ ਨੂੰ ਕਰਨਾ ਚਾਹੀਦਾ ਹੈ" ਮੇਜ਼ਬਾਨ ਐਲਫਰਡ ਨੇ ਆਪਣੇ ਦੋਵੇਂ ਹੱਥ ਉੱਪਰ ਕਰਦਿਆਂ ਉੱਚੀ ਦੇਣੇ ਕਿਹਾ।

"ਹਾਂ, ਹਾਂ- ਬਿਲਕੁਲ, ਬਿਲਕੁਲ" ਕਈ ਜਣੇ ਕੱਠੇ ਬੋਲੇ।

ਕੁੱਝ ਹੋਰ ਦਿਲਚਸਪ ਰੈਜ਼ੋਲਿਊਸ਼ਨ ਸਾਂਝੇ ਹੋਏ। ਕੁਝ-ਇਕਨਾ ਦਾ ਵਿਚਾਰ ਇਹ ਵੀ ਸੀ ਕਿ ਇਹ ਰੈਜ਼ੋਲਿਊਸ਼ਨ ਵਗੈਰਾ ਮਨੋਰੰਜਨ ਲਈ ਠੀਕ ਨੇ, ਇਨ੍ਹਾਂ ਦਾ ਫਾਇਦਾ ਸ਼ਾਇਦ ਕੋਈ ਨਹੀਂ।

ਇਹ ਬਹਿਸ ਅਜੇ ਚੱਲ ਹੀ ਰਹੀ ਸੀ ਕਿ ਮਹਿਫ਼ਲ ਵਿਚਲੇ ਸਭ ਤੋਂ ਵਡੇਰੀ ਉਮਰ ਦੇ ਆਇਰਸ਼ ਬੰਦੇ ਫ਼ੀਲਮ ਨੇ, ਜੋ ਕਿ ਦੋ ਸਾਲ ਪਹਿਲਾਂ ਹੀ ਪੋਸਟ ਆਫ਼ਿਸ ਵਿਚੋਂ ਸੇਵਾ-ਮੁਕਤ ਹੋਇਆ ਸੀ, ਆਪਣੀ ਬੱਗੀ ਦਾੜ੍ਹੀ ਖੁਰਚਦਿਆਂ ਕਿਹਾ, "ਠੀਕ ਹੈ ਕਿ ਰੈਜ਼ੋਲਿਊਸ਼ਨ ਘੱਟ ਵੱਧ ਹੀ ਨਿਭਦੇ ਨੇ, ਪਰ ਬੰਦੇ ਦਾ ਇਰਾਦਾ ਤਾਂ ਭਲਾ ਹੋਣਾ ਚਾਹੀਦਾ ਹੈ ਨਾ। ਕੋਈ ਨਾ ਕੋਈ ਸੁਫ਼ਨੇ ਤਾਂ ਹੋਣੇ ਚਾਹੀਦੇ ਨੇ। ਇਹ ਵੀ ਕੀ ਕਿ ਤੁਸੀਂ ਅਰਮਾਨ ਗੁੰਦਣੇ ਹੀ ਛੱਡ ਦੇਵੋਂ। ਰੈਜ਼ੋਲਿਊਸ਼ਨ ਵਾਲੇ ਸਿਲਸਲੇ ਦਾ ਅਸਲ ਮਤਲਬ ਹੈ ਕਿ ਆਪਣਾ ਜ਼ਾਇਜ਼ਾ ਲੈਂਦੇ ਰਹਿਣਾ। ਡੰਗਰਾਂ ਵਾਂਗ ਜਿਉਂਦੇ ਰਹਿਣ ਦਾ ਵੀ ਤਾਂ ਕੋਈ ਮਕਸਦ ਨਹੀਂ ਇੰਞ ਲੱਗਾ ਜਿਵੇਂ ਫ਼ੀਲਮ ਦੀਆਂ ਇਹ ਗੱਲਾਂ ਸਭਨਾਂ ਨੇ ਗਹੁ ਨਾਲ ਸੁਣੀਆਂ ਸਨ।

ਕਰਦੇ ਕਰਾਉਂਦਿਆਂ ਰਾਤ ਦਾ ਡੇਢ ਵੱਜ ਗਿਆ ਸੀ। ਨਵੇਂ ਸਾਲ ਦੀ ਇਹ ਪਾਰਟੀ ਹੁਣ ਬਰਖ਼ਾਸਤ ਹੋਣ ਵੱਲ ਤੁਰਨ ਲੱਗੀ ਸੀ। ਕੋਈ ਆਪਣਾ ਓਵਰ ਕੋਟ ਲੱਭਣ ਲੱਗਾ ਤੇ ਕੋਈ ਮੋਬਾਈਲ ਕਾਬੂ ਕਰਨ ਲੱਗਾ। ਘਰੋ-ਘਰੀ ਚਲੇ ਜਾਣ ਦੀਆਂ ਘੜੀਆਂ ਆ ਚੱਲੀਆਂ ਸਨ।

ਮੈਂ ਆਇਆ ਤਾਂ ਸੀ ਆਪਣੀ ਹੀ ਕਾਰ ਵਿਚ ਪਰ ਹੁਣ ਕਾਰ ਚਲਾਉਣਾ ਠੀਕ ਨਾ ਸੀ। ਜੁਆਨੀ ਸਮੇਂ ਤਾਂ ਕਾਰ ਦਾਰੂ ਪੀਕੇ ਵੀ ਚਲਾ ਛੱਡੀਦੀ ਸੀ, ਹੁਣ ਇਸ ਗੱਲ ਤੋਂ ਬਚੀਦਾ ਹੈ। ਕ੍ਰਿਸਮਸ 'ਤੇ ਨਵੇਂ ਸਾਲ ਦੇ ਇਨ੍ਹਾਂ ਦਿਨਾਂ ਵਿਚ ਪੁਲੀਸ ਸਖ਼ਤਾਈ ਵੀ ਬਹੁਤ ਕਰਿਆ ਕਰਦੀ ਹੈ।

ਰਾਤ ਦੀ ਬਸ ਸਰਵਿਸ ਬਹੁਤ ਸੀਮਤ ਹੁੰਦੀ ਹੈ। ਨਾਲੇ ਨਵੇਂ ਸਾਲ ਕਰਕੇ ਬਸਾਂ ਤੂੜੀਆਂ ਪਈਆਂ ਹੁੰਦੀਆਂ ਨੇ। ਬਹੁਤੀਆਂ ਸਵਾਰੀਆਂ ਦਾਰੂ-ਪਾਣੀ ਨਾਲ ਰੱਜੀਆਂ ਹੁੰਦੀਆਂ ਨੇ। ਇਕ ਪੰਗਾ ਇਹ ਵੀ ਸੀ ਕਿ ਮੇਰੇ ਘਰ ਨੂੰ ਸਿੱਧੀ ਸਰਵਿਸ ਵੀ ਕੋਈ ਨਹੀਂ ਸੀ। ਮੈਂ ਐਲਫਰਡ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਟੈਕਸੀ ਮੰਗਵਾ ਦੇਵੇ।

ਟੈਕਸੀ ਵਾਲੇ ਅੱਜ ਦੁੱਗਣਾ ਕਿਰਾਇਆ ਮੰਗਦੇ ਸਨ ਤੇ ਇਕ ਘੰਟਾ ਇੰਤਜ਼ਾਰ ਕਰਨ ਲਈ ਆਖ ਰਹੇ ਸਨ। ਇਕ ਘੰਟਾ ਤੇ ਛੇਤੀ ਗੁਜ਼ਰ ਜਾਣਾ ਸੀ। ਮੈਂ ਇੰਤਜ਼ਾਰ ਕਰਨ ਦਾ ਮਨ ਬਣਾ ਲਿਆ।

ਡੇਢ ਘੰਟੇ ਤੱਕ ਵੀ ਟੈਕਸੀ ਦਾ ਕੋਈ ਨਾਮੋ-ਨਿਸ਼ਾਨ ਨਜ਼ਰ ਨਾ ਪਿਆ। ਇਕ ਹੋਰ ਟੈਕਸੀ ਕੰਪਨੀ ਨੂੰ ਫ਼ੋਨ ਕੀਤਾ। ਉਹ ਤਿੰਨ ਗੁਣਾ ਕਿਰਾਇਆ ਮੰਗਣ ਤੇ ਘੰਟੇ ਦੀ ਹੋਰ ਇੰਤਜ਼ਾਰ। ਇਹ ਸੌਦਾ ਉੱਕਾ ਹੀ ਠੀਕ ਨਾ ਲੱਗਾ। ਪੈਦਲ ਜਾਣ ਦਾ ਫੈਸਲਾ ਕਰਕੇ ਮੈਂ ਆਪਣਾ ਕੋਟ ਤੇ ਓਵਰ ਕੋਟ ਪਾ ਲਿਆ।

ਇਥੋਂ ਮੇਰਾ ਘਰ ਕੋਈ ਚਾਰ ਮੀਲ ਦੇ ਗੇੜ ਵਿਚ ਸੀ। ਬਾਹਰ ਨਿਕਲਿਆ ਤਾਂ ਮਹਿਸੂਸ ਕੀਤਾ ਕਿ ਡਾਢ੍ਹੀ ਤਕੜੀ ਠੰਡ ਸੀ। ਹੱਡ-ਚੀਰਵੀਂ ਹਵਾ ਦਾ ਸ਼ੋਰ ਵੀ ਸੁਣਾਈ ਦੇ ਰਿਹਾ ਸੀ।

ਨਵੇਂ ਸਾਲ ਦੇ ਜਸ਼ਨਾ ਤੋਂ ਮਗਰੋਂ ਮਾਹੌਲ ਹੁਣ ਜ਼ਿਆਦਾਤਰ ਸ਼ਾਂਤ ਹੀ ਸੀ ਪਰ ਕਿਤੋਂ-ਕਿਤੋਂ ਅਜੇ ਵੀ ਕੁੱਝ ਸ਼ੋਰ ਸੁਣਾਈ ਦੇ ਰਿਹਾ ਸੀ। ਟਾਵੀਂ-ਟਾਵੀਂ ਕਾਰ ਵੀ ਸੜਕ 'ਤੇ ਫੈਲੀ ਚੁੱਪ ਨੂੰ ਤੋੜ ਰਹੀ ਸੀ।

ਇਕ ਬੜੀ ਤੇਜ਼ ਰਫਤਾਰ ਕਾਰ ਸਾਹਮਣਿਓ ਆਉਂਦਿਆਂ ਦਿਸੀ। ਉਸ ਵਿਚੋਂ ਕੰਨ ਪਾੜਵੇਂ ਸੰਗੀਤ ਦੀ ਆਵਾਜ਼ ਆ ਰਹੀ ਸੀ। ਉਸ ਵਿੱਚ ਕੋਈ ਤਿੰਨ ਤੁਰੇ ਜਾਂਦੇ ਵੇਖਿਆ ਸੀ।

ਤੁਰਦਿਆਂ-ਤੁਰਦਿਆਂ ਅਚਾਨਕ ਪਤਾ ਨਹੀਂ ਕਿਉਂ ਮੇਰੇ ਮਨ ਵਿੱਚ ਇਕ ਡਰ ਜਿਹਾ ਉੱਠ ਖੜ੍ਹਿਆ। ਸੋਚਣ ਲੱਗਾ ਕਿ ਨਵੇਂ ਸਾਲ ਦੀ ਇਸ ਰਾਤ ਨੂੰ ਇੰਨੀ ਰਾਤ ਗਏ ਤੁਰਕੇ ਘਰ ਜਾਣ ਦਾ ਇਹ ਪੰਗਾ ਕਾਹਤੋਂ ਲੈਣਾ ਸੀ। ਕੋਈ ਵੀ ਸਿਰ ਫਿਰਿਆ ਮੈਨੂੰ ਮਾਰ ਕੁੱਟ ਸਕਦਾ ਸੀ। ਮੇਰਾ ਕਤਲ ਤੱਕ ਕਰ ਸਕਦਾ ਸੀ। ਆਮ ਦਿਨਾਂ ਵਿੱਚ ਵੀ ਰਾਤ ਬਰਾਤੇ ਸ਼ਰਾਰਤੀ ਅਨਸਰ ਖਰੂਦ ਕਰਦੇ ਨੇ। ਛੋਕਰ-ਵਾਧਾ ਲੜਣ ਨੂੰ ਤਿਆਰ ਹੁੰਦਾ ਹੈ। ਅੱਜ ਤਾਂ ਇਨ੍ਹਾ ਦੇ ਦਿਮਾਗ ਹੋਰ ਵੀ ਵਿਗੜੇ ਹੋਏ ਹੁੰਦੇ ਨੇ। ਨਵੇਂ ਸਾਲ ਦਾ ਸਰੂਰ ਤੇ ਉੱਪਰੋਂ ਸ਼ਰਾਬ। ਪੈਦਲ ਘਰ ਜਾਣ ਦਾ ਮੇਰਾ ਇਹ ਫੈਸਲਾ ਬੜੀ ਵੱਡੀ ਗ਼ਲਤੀ ਸੀ ਜਿਸ ਤੇ ਮੈਂ ਹੁਣ ਪਛਤਾਉਣ ਲੱਗਾ ਸਾਂ।

ਮੈਂ ਆਪਣੇ ਆਪ ਨੂੰ ਸੋਚਾਂ ਤੇ ਚਿੰਤਾ ਦੇ ਇਸ ਸਿਲਸਲੇ 'ਚੋਂ ਬਾਹਰ ਕੱਢਣ ਦਾ ਯਤਨ ਕਰਨ ਲੱਗਾ ਪਰ ਮੇਰੀ ਭੋਰਾ ਭਰ ਵਾਹ ਨਾ ਲੱਗੀ। ਮੇਰਾ ਡਰ ਸਗੋਂ ਹੋਰ ਤੀਬਰ ਤੇ ਤਿੱਖਾ ਹੋ ਗਿਆ। ਮੇਰੀ ਬਿਰਤੀ ਮੁੜ-ਮੁੜ ਡਰ ਵਾਲੇ ਪਾਸੇ ਨੂੰ ਜਾਣ ਲੱਗੀ।

ਮੈਨੂੰ ਯਾਦ ਆਇਆ ਕਿ ਟਰੈਵਲ ਏਜੰਸੀ ਵਾਲੇ ਰਾਹੀ ਸਾਹਿਬ ਨੂੰ ਵੀ ਕੁੱਝ ਗੋਰੇ ਛੋਕਰਿਆਂ ਨੇ ਬਹੁਤ ਬੁਰੀ ਤਰਾਂ ਕੁੱਟ ਸੁੱਟਿਆ ਸੀ ਜਦੋਂ ਇਕ ਰਾਤ ਨੂੰ ਉਹ ਦੇਰ ਗਏ ਆਪਣੀ ਦੁਕਾਨ ਬੰਦ ਕਰਕੇ ਹਟੇ ਸਨ। ਬੜੇ ਹੀ ਨੇਕ ਅਤੇ ਮਿਹਨਤੀ ਇਨਸਾਨ ਸਨ। ਇਸ ਹਮਲੇ ਕਰਕੇ ਪੰਦਰਾਂ ਦਿਨ ਹਸਪਤਾਲ ਰਹੇ। ਚੰਗੀ ਕਿਸਮਤ ਕਰਕੇ ਬਚ ਗਏ ਸਨ। ਪਰ ਇਸ ਵਾਰਦਾਤ ਦਾ ਅਸਰ ਉਨ੍ਹਾਂ ਤੇ ਸਾਰੀ ਉਮਰ ਰਿਹਾ ਸੀ।

ਲੰਡਨ ਦੇ ਇਕ ਹੋਰ ਸ਼ਹਿਰ ਵਿੱਚ ਇਕ ਨਸਲਵਾਦੀ ਗੋਰੇ ਟੋਲੇ ਦਾ ਹਮਲਾ ਕਾਲਾ ਗੱਭਰੂ ਸਟੀਵਨਸਨ ਨਾ ਸੀ ਸਹਾਰ ਸਕਿਆ। ਉਹ ਵਿਚਾਰਾ ਰਾਤ ਨੂੰ ਬੱਸ ਦਾ ਇੰਤਜ਼ਾਰ ਕਰ ਰਿਹਾ

ਸਾਰੀਆਂ ਬੇਹੂਦਾ ਬੰਦਸ਼ਾਂ ਤੋਂ ਆਜ਼ਾਦ ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ -(ਅਗਲੇ ਸਫ਼ੇ 'ਤੇ)

ਸੀ ਕਿ ਗੋਰੇ ਮੁੰਡੇ ਉਸ ਉਪਰ ਬਿਨਾ ਕਿਸੇ ਵਜਹ ਟੁੱਟ ਪਏ। ਉਸ ਵਿਚਾਰੇ ਨਿਹੱਥੇ ਜੁਆਨ ਨੂੰ ਉਨ੍ਹਾਂ ਨੇ ਛੁਰੇ ਨਾਲ ਮਾਰ ਦਿੱਤਾ ਸੀ। ਟੀਵੀ 'ਤੇ ਦਿਖਾਇਆ ਜਾਂਦਾ ਉਹਦੇ ਮਾਪਿਆਂ ਦਾ ਦਰਦ ਵੇਖ ਨਹੀਂ ਸੀ ਹੁੰਦਾ।

ਬੀਤੇ ਸਾਲਾਂ ਵਿੱਚ ਏਸ਼ੀਅਨਾਂ ਤੇ ਕਾਲੇ ਲੋਕਾਂ ਉਪਰ ਹੋਏ ਹਮਲਿਆਂ ਦੀਆਂ ਸੁਰਖ਼ੀਆਂ ਮੇਰਾ ਪਿੱਛਾ ਕਰਨ ਲੱਗੀਆਂ। ਇਕ ਤੋਂ ਬਾਅਦ ਇਕ। ਅਨੇਕਾਂ। ਦਿਲ ਹਿਲਾਊ। ਜੀਵਨ ਵਿੱਚ ਮੈਂ ਇੰਨਾ ਕਦੀ ਵੀ ਨਹੀਂ ਸਾਂ ਡਰਿਆ। ਮੈਨੂੰ ਲੱਗਾ ਕਿ ਮੈਂ ਵੀ ਕਿਸੇ ਅਖ਼ਬਾਰ ਦੀ ਸੁਰਖ਼ੀ ਬਣ ਜਵਾਂਗਾ।

ਮੈਨੂੰ ਆਪਣੇ ਬੇਟੇ ਟੈਰੀ ਦਾ ਖ਼ਿਆਲ ਆਉਣ ਲੱਗਾ ਜਿਹੜਾ ਆਪਣੀ ਮਾਂ ਕੋਲ ਲੂਟਨ ਰਹਿੰਦਾ ਹੈ। ਕ੍ਰਿਸਮਸ ਦੀਆਂ ਛੁਟੀਆਂ ਵਿੱਚ ਉਹ ਮੇਰੇ ਕੋਲ ਸੀ। ਅਜੇ ਅੱਜ ਜਾਂ ਕੱਲ ਹੀ ਉਹਦੇ ਨਾਲ ਹੀ ਫ਼ੋਨ ਤੇ ਗੱਲ ਹੋਈ ਸੀ। ਨਹੀਂ ਹੁਣ ਉਸ ਨੂੰ ਮੁੜ ਮਿਲ ਪਾਵਾਂਗਾ ਕਿ ਨਹੀਂ।

ਮੇਰੇ ਡਰ ਦੀ ਰੀਲ ਰੁਕਣ ਦਾ ਨਾ ਨਹੀਂ ਸੀ ਲੈ ਰਹੀ। ਮੈਨੂੰ ਅਮਰੀਕਾ ਵਿਚ ਪੈਦਾ ਹੋਏ ਹਾਲਾਤਾਂ ਦਾ ਖ਼ਿਆਲ ਆਉਣ ਲੱਗਾ ਜਿਥੇ ਕੁੱਝ ਮੂਰਖ਼ ਗੋਰੇ ਅਮਰੀਕਨਾਂ ਨੇ ਕੁਝ ਪਗੜੀ ਤੇ ਦਾੜ੍ਹੀ ਵਾਲੇ ਸਿੱਖਾਂ ਨੂੰ ਇਸਲਾਮਿਕ ਅੱਤਵਾਦੀ ਸਮਝਦਿਆਂ ਕਤਲ ਕੀਤਾ ਹੈ। ਇਹ ਸਾਰਾ ਕੁੱਝ ਸੋਚਦਿਆਂ ਨਵੇਂ ਸਾਲ ਦੀ ਪਾਰਟੀ ਵਾਲਾ ਸਰੂਰ ਤੇ ਨਸ਼ਾ ਤਕਰੀਬਨ ਲਹਿ ਚੁੱਕਾ ਸੀ। ਮੈਂ ਬਾਰ-ਬਾਰ ਆਪਣੇ ਫੈਸਲੇ 'ਤੇ ਪਛਤਾਅ ਰਿਹਾ ਸਾਂ।

ਗਰੇਹੌਂਡ ਪੱਬ ਕੋਲ ਪੁੱਜਣ ਤੱਕ ਮੇਰਾ ਡਰ ਹੋਰ ਤਿੱਖ਼ਾ ਹੋ ਚੁੱਕਾ ਸੀ। ਪੱਬ ਵਿਚਲਾ ਸ਼ੋਰ-ਸ਼ਰਾਬਾ ਬਾਹਰ ਸੜਕ 'ਤੇ ਵਿਛ ਰਿਹਾ ਸੀ। ਪੱਬ ਦੇ ਬਾਹਰ ਵੀ ਇਕ ਢਾਣੀ ਉੱਚੀ ਉੱਚੀ ਕੁੱਝ ਗਾ ਰਹੀ ਸੀ। ਮੈਂ ਇਨ੍ਹਾਂ ਨੂੰ ਦੂਰੋਂ ਹੀ ਵੇਖ ਲਿਆ ਸੀ। ਇਨ੍ਹਾਂ ਵਿਚੋਂ ਕੋਈ ਵੀ ਮੇਰੇ ਨਾਲ ਸ਼ਰਾਰਤ ਕਰ ਸਕਦਾ ਸੀ। ਮੈਨੂੰ ਕੋਈ ਨਸਲੀ ਗ੍ਰਾਲ ਹੀ ਕੱਢ ਸਕਦਾ ਸੀ। ਮੌਕਾ ਬਚਾਉਣ ਵਾਸਤੇ ਮੈਂ ਸੜਕ ਪਾਰ ਕਰਕੇ ਦੂਜੇ ਪਾਸੇ ਚਲਾ ਗਿਆ। ਮੈਂ ਐਵੇਂ ਹੀ 'ਸ਼ਹੀਦੀ' ਪ੍ਰਾਪਤ ਨਹੀਂ ਸੀ ਕਰਨਾ ਚਾਹੁੰਦਾ।

ਮੈਂ ਤੇਜ਼-ਤੇਜ਼ ਤੁਰਨ ਦਾ ਯਤਨ ਕਰ ਰਿਹਾ ਸਾਂ, ਪਰ ਮੇਰੀਆਂ ਲੱਤਾਂ ਮੇਰਾ ਸਾਥ ਨਹੀਂ ਸਨ ਦੇ ਰਹੀਆਂ। ਲੱਤਾਂ ਵਿਚਲੀ ਜਾਨ ਤਾਂ ਜਿਵੇਂ ਨਿੱਕਲ ਚੁੱਕੀ ਸੀ। ਦੁਕਾਨਾਂ ਬੰਦ ਸਨ। ਦੇਰ ਰਾਤ ਹੋਣ ਕਰਕੇ ਆਮ ਜਨਤਾ ਨਵੇਂ ਸਾਲ ਦੇ ਜਸ਼ਨ ਮਨਾਕੇ ਸੌਂ ਚੁੱਕੀ ਸੀ। ਘਰਾਂ ਦੇ ਬੂਹੇ ਸੁਨੰਸਾਨ। ਹੁਣ ਤਾਂ ਕਿਤੇ ਨਾ ਕਿਤੇ ਕੁੱਝ ਮਨਚਲੇ ਆਪਣਾ ਮਨੋਰੰਜਨ ਅਜੇ ਵੀ ਕਰ ਰਹੇ ਸਨ।

ਬਰੈਂਟਸਾਈਡ ਹਾਈ ਸਕੂਲ ਦਾ ਫੁਟਬਾਲ ਗਰਾਉਂਡ ਭਾਂਅ ਭਾਂਅ ਕਰ ਰਿਹਾ ਸੀ। ਦਿਨ ਨੂੰ ਇਸੇ ਗਰਾਊਂਡ ਵਿੱਚ ਨਿਆਣਿਆਂ ਦਾ ਚੀਕ-ਚਿਹਾੜਾ ਰੌਣਕਾਂ ਲਾਈਂ ਰਖਦਾ ਹੈ। ਸਕੂਲ ਦੇ ਆਖ਼ਰੀ ਗੇਟ ਵਾਲੇ ਮੋੜ ਬਾਹਰ ਇਕ ਕਾਰ ਤੇ ਚੜ੍ਹੀ ਇਕ ਕੁੜੀ ਟਪਦੀ ਪਈ ਸੀ। ਕਾਰ ਵਿੱਚੋਂ ਵੀ ਕੁੱਝ ਮੁੰਡੇ-ਕੁੜੀਆਂ ਦੇ ਹੱਸਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਨਾਂ ਦੇ ਸਾਹਮਣੇ ਆਉਣ ਤੋਂ ਬਚਣ ਲਈ ਮੈਂ ਸੜਕ ਦੇ ਦੂਜੇ ਪਾਸੇ ਜਾਣਾ ਹੀ ਠੀਕ ਸਮਝਿਆ। ਮੈਂ ਅੱਖ ਬਚਾਕੇ ਵੇਖਿਆ। ਇਹ ਸਾਰੇ ਦੇ ਸਾਰੇ ਗੋਰੇ ਸਨ।

ਸਫ਼ਰ ਖ਼ਤਮ ਹੋਣ ਵਿੱਚ ਨਾ ਸੀ ਆਉਂਦਾ ਲਗਦਾ। ਸਗੋਂ ਇੰਝ ਲਗਦਾ ਸੀ ਅੱਜ ਇਹ ਖ਼ਤਮ ਹੋਣਾ ਹੀ ਨਹੀਂ।

ਗਰੀਨਫਰਡ ਦੇ ਸੈਂਟਰਲ ਚੌਂਕ ਤੱਕ ਪੁੱਜਣ ਤੱਕ ਮੇਰੀ ਬੱਸ ਹੋ ਚੁੱਕੀ ਸੀ। ਟੰਗਾਂ ਵਿੱਚ ਅੰਤਾਂ ਦਾ ਦਰਦ ਹੋ ਰਿਹਾ ਸੀ। ਹੁਣ 'ਤੇ ਕਿਤੇ ਰੁਕ ਕੇ ਰਤਾ ਸਾਹ

ਲੈਣ ਦੀ ਵੀ ਸੂਰਤ ਨਹੀਂ ਸੀ। ਹੁਣ ਤਾਂ ਸਿਰਫ਼ ਬਚਕੇ ਘਰ ਪੁੱਜਣ ਦੀ ਗੱਲ ਸੀ। ਪਰ ਜੋ ਹੋਣਾ ਸੀ, ਉਹ ਹੋਣਾ ਸੀ। ਮੇਰੇ ਹੱਥ ਕੁੱਝ ਵੀ ਨਾ ਸੀ ਰਹਿ ਗਿਆ।

ਅਚਾਨਕ ਮੇਰੇ ਨਜ਼ਰੀਂ ਪਿਆ ਕਿ ਬਿਲਡਿੰਗ ਸੁਸਾਇਟੀ ਦੇ ਦਫ਼ਤਰ ਬਾਹਰ ਕਈ ਜਣੇ ਇਕ ਝੁਰਮਟ ਜਿਹਾ ਬਣਾਈਂ ਖੜੇ ਸਨ ਅਤੇ ਕਿਸੇ ਕਿਸੇ ਦੇ ਹੱਥ ਵਿੱਚ ਬੀਅਰਾਂ ਦੇ ਕੈਨ ਵੀ ਫੜੇ ਹੋਏ ਸਨ। ਇਕ ਜਣਾ ਕੌਂਸਲ ਦੇ ਕੂੜਾਦਾਨ ਦੇ ਠੁੱਡੇ ਮਾਰ ਰਿਹਾ ਸੀ। ਇਕ ਹੋਰ ਕੰਧ 'ਤੇ ਮੂਤ ਰਿਹਾ ਸੀ। ਮੈਂ ਹੁਣ ਇਨ੍ਹਾਂ ਸਾਰਿਆਂ ਦੇ ਏਨਾ ਨੇੜੇ ਆ ਗਿਆ ਸਾਂ ਕਿ ਇਕਦਮ ਭੱਜਣਾ ਜਾਂ ਸੜਕ ਪਾਰ ਕਰਨਾ ਉਚਿਤ ਨਹੀਂ ਸੀ ਲਗਦਾ। ਉਂਝ ਲਗਦਾ ਇਹ ਵੀ ਸੀ ਕਿ ਮੈਥੋਂ ਇਹ ਹੋ ਵੀ ਨਹੀਂ ਸੀ ਸਕਣਾ। ਮੇਰਾ ਤਾਂ ਜਿਵੇਂ ਸਾਹ ਸੂਤਿਆ ਪਿਆ ਸੀ।

ਮੈਂ ਆਪਣੇ ਆਪ ਨੂੰ ਕੋਸਣ ਲੱਗਾ ਕਿ ਕਿਉਂ ਨਾ ਮੈਂ ਇਸ ਢਾਣੀ ਨੂੰ ਪਹਿਲਾਂ ਵੇਖਿਆ। ਜੇਕਰ ਦੇਖ ਲਿਆ ਹੁੰਦਾ ਤਾਂ ਮੈਂ ਮੱਲਕ ਦੇਣੇ ਗਰੀਨਫਰਡ ਰੋਡ ਵਾਲਾ ਰਸਤਾ ਫੜ ਲਿਆ ਹੁੰਦਾ। ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ।

ਮੈਂ ਵੇਖਿਆ ਕਿ ਇਸ ਢਾਣੀ ਵਿਚੋਂ ਕੋਈ ਇਕ ਜਣਾ ਮੇਰੇ ਵਲ ਭੱਜਕੇ ਆ ਰਿਹਾ ਸੀ। ਉਹਨੇ ਆਪਣਾ ਸਿਰ ਕਾਸੇ ਨਾਲ ਢਕਿਆ ਹੋਇਆ ਸੀ। ਉਹਦਾ ਚਿਹਰਾ ਮੈਨੂੰ ਉੱਕਾ ਹੀ ਨਜ਼ਰ ਨਾ ਆਇਆ। ਮੇਰੀਆਂ ਲੱਤਾਂ ਕੰਬ ਗਈਆਂ ਅਤੇ ਮੈਂ ਥਾਈਂ ਜੜ ਹੋ ਗਿਆ। ਇਕ ਛਿਣ ਲਈ ਮਾਂ ਯਾਦ ਆਈ ਪਰ ਇਸ ਤੋਂ ਅੱਗੇ ਸੋਚਣ ਦਾ ਸਮਾਂ ਕੋਈ ਨਾ ਸੀ।

ਉਸ ਜਣੇ ਨੇ ਪੈਂਦਿਆਂ ਹੀ ਆਪਣੇ ਠੰਡੇ ਹੱਥ ਮੇਰੇ ਦੋਵੇਂ ਕੰਨਾਂ ਉਪਰ ਰੱਖਕੇ ਇਕ ਡੂੰਘਾ ਚੁੰਮਣ ਮੇਰੇ ਸੁੱਕੇ, ਸਰਦ ਤੇ ਬੇਜਾਨ ਬੁੱਲਾਂ ਤੇ ਫੈਲਾਅ ਦਿੱਤਾ ਤੇ ਆਖਿਆ, ''ਹੈਪੀ ਨਿਊ ਯੀਅਰ ਮਿਸਟਰ ਸਿੰਘ'' ਇਹ ਕੋਈ ਗੋਰੀ ਕੁੜੀ ਸੀ। ਉਹ ਜਿੰਨੀ ਤੇਜ਼ੀ ਨਾਲ ਮੇਰੇ ਵੱਲ ਭੱਜਕੇ ਆਈ ਸੀ ਉੱਨੀ ਤੇਜ਼ੀ ਨਾਲ ਹੀ ਵਾਪਸ ਆਪਣੀ ਢਾਣੀ ਵਿੱਚ ਜਾ ਸ਼ਾਮਲ ਹੋਈ।

ਘੜੀ ਭਰ ਪਹਿਲਾਂ ਤਕ ਮੇਰੇ ਬੁੱਲਾਂ ਤੇ ਪਸਰੀ ਖੁਸ਼ਕੀ ਪਤਾ ਨਹੀ ਕਿੱਥੇ ਉਡ ਗਈ। ਪਤਾ ਨਹੀਂ ਕਿੱਥੋਂ ਮੇਰਾ ਨਸ਼ਾ ਪਰਤ ਆਇਆ ਤੇ ਪਤਾ ਨਹੀ ਕਿਧਰੋਂ ਮੇਰੀਆਂ ਲੱਤਾਂ ਵਿਚਲੀ ਤਾਕਤ ਮੁੜ ਆਈ। ਮੈਂ ਕਿਸੇ ਬੱਚੇ ਵਾਂਗ ਟਪੂਸੀਆਂ ਮਾਰਦਾ ਘਰ ਪੁੱਜ ਗਿਆ।

ਪਿੰਡੇ 'ਤੇ ਕੀ ਪਾਉਣਾ ਹੈ ਕੀ ਨਹੀਂ,
ਸਿਰ ਮੂੰਹ 'ਤੇ ਉੱਗੇ ਵਾਲਾਂ ਨੂੰ -(ਅਗਲੇ ਸਫ਼ੇ 'ਤੇ)

ਕਹਾਣੀ

# ਆਪਣੇ

## ਕੰਵਰ ਬਰਾੜ



ਕੰਵਰ ਬਰਾੜ

ਕੰਵਰ ਬਰਾੜ: ਪੰਜਾਬ ਦੇ ਪਿੰਡ ਟਹਿਣਾ ਦਾ ਜੰਮਪਲ ਤ `ਪੰਜਾਬੀ ਯੂਨੀਵਰਸਿਟੀ ਦਾ ਵਿਦਿਆਰਥੀ ਕੰਵਰ ਬਰਾੜ ਦੋ ਕੁ ਦਹਾਕਿਆਂ ਤੋਂ ਇੰਗਲੈਂਡ ਵਿੱਚ ਆਇਆ ਹੋਇਆ ਹੈ। ਕੰਵਰ ਮੁੱਖ ਤੌਰ 'ਤੇ ਕਿੱਤੇ ਵਜੋਂ ਡੀ.ਆਈ.ਓ.(ਚੀਫ਼ ਡਿਜੀਨਲ ਐਂਡ ਇਨਫ਼ਰਮੇਸ਼ਨ ਆਫ਼ਿਸਰ) ਦੇ ਤੌਰ 'ਤੇ ਕਾਰਜਸ਼ੀਲ ਹਨ।, ਪਰ ਪੰਜਾਬੀ ਸਾਹਿਤ ਨਾਲ ਕਾਲਜ ਅਤੇ ਯੂਨੀਵਰਸਿਟੀ ਵੇਲੇ ਦਾ ਤੇਹ ਅਤੇ ਲਗਾਓ ਅੱਜ ਵੀ ਕਾਇਮ ਹੈ। ਪੰਜਾਬੀ ਨਿਬੰਧਕਾਰੀ, ਕਾਵਿ-ਰਚਨਾ, ਕਹਾਣੀ ਅਤੇ ਅਲੋਚਨਾ ਉਹਨਾਂ ਦੀਆਂ ਮਨਪਸੰਦ ਵਿਧਾਵਾਂ ਹਨ। ਕੁਝ ਸਾਲਾਂ ਤੋਂ ਆਪਣੇ 'ਅੱਖਰ ਬਲੌਗ' ਦੇ ਨਾਂ ਥੱਲੇ ਆਪਣੀ ਲੇਖਣੀ ਨੂੰ ਪ੍ਰਕਾਸ਼ਤ ਕਰਨ ਦੇ ਨਾਲ ਨਾਲ ਪੰਜਾਬੀ ਦੇ ਅਖ਼ਬਾਰਾਂ ਅਤੇ ਮੈਗਜੀਨਾਂ ਵਿਚ ਲਗਾਤਾਰ ਛੱਪਦਾ ਆ ਰਿਹਾ ਹੈ। ਉਹਨਾਂ ਨੂੰ ਹੁਣ ਤੀਕ ਬਰਤਾਨੀਆਂ ਵਿਚ ਛਪੇ ਪੰਜਾਬੀ ਸਾਹਿਤ ਦੀ ਸਾਂਭ-ਸੰਭਾਲ ਦਾ ਸੁਦਾ ਦੀ ਹੱਦ ਤੀਕ ਸ਼ੌਕ ਹੈ। ਇਸ ਪੈਂਤੜੇ ਉਪਰ ਉਹ ਸ਼ਿਦਤ ਨਾਲ ਪਹਿਰਾ ਦੇ ਰਹੇ ਹਨ ਕਿ 'ਗੁਰਮੁਖੀ ਲਿਪੀ ਦਾ ਤਕਨੀਕੀ ਵਿਕਾਸ ਅੱਜ ਦੇ ਮੀਡੀਏ ਦੇ ਯੁਗ ਵਿਚ ਸਭ ਤੋਂ ਵੱਡੀ ਜਰੂਰੀ ਹੈ। ਇਸ ਤੋਂ ਬਿਨਾ ਕੰਪਿਊਟਰੀ ਯੁਗ ਵਿਚ ਪੰਜਾਬੀ ਭਾਸ਼ਾ ਦਾ ਬਹੁਤਾ ਚਿਰ-ਸਥਾਈ ਪ੍ਰਫੁਲਤ ਹੋਣਾ ਅਤੇ ਕਿਰਿਆਸ਼ੀਲ ਰਹਿਣਾ ਅਸੰਭਵ ਹੈ।' -ਦਰਸ਼ਨ ਢਿੱਲੋਂ ਮੁਰਾਦਵਾਲਾ

ਹਰ ਦਿਨ ਦੀ ਤਰ੍ਹਾਂ ਸਵੇਰੇ ਦਸ ਕੁ ਵਜੇ ਗੁਰਦਿੱਤ ਸਿੰਘ ਨੇ ਬਾਹਰ ਜਾਣ ਲਈ ਤਿਆਰ ਹੁੰਦਿਆਂ ਪਹਿਲੀ ਮੰਜ਼ਿਲ 'ਤੇ ਆਪਣੇ ਕਮਰੇ ਦੀ ਅੱਧਖੁੱਲ੍ਹੀ ਖਿੜਕੀ ਨੂੰ ਬੰਦ ਕੀਤਾ। ਇੰਗਲੈਂਡ ਵਿੱਚ ਵੈਸੇ ਤਾਂ ਮੌਸਮ ਮਈ ਮਹੀਨੇ ਵਿਚ ਕੋਈ ਬਹੁਤਾ ਗਰਮ ਨਹੀਂ ਹੁੰਦਾ ਪਰ ਇਸ ਵਾਰ ਦੋ ਕੁ ਹਫ਼ਤੇ ਮੀਂਹ ਨਾ ਪੈਣ ਕਾਰਨ ਗਰਮੀ ਕੁਝ ਜ਼ਿਆਦਾ ਹੋ ਗਈ ਸੀ ਪਰ ਐਨੀ ਵੀ ਨਹੀਂ ਕਿ ਪੱਖਾ ਚਲਾਉਣਾ ਪਵੇ, ਤਾਂ ਹੀ ਲੋਕ ਅਕਸਰ ਥੋੜ੍ਹੀ ਜਿਹੀ ਖਿੜਕੀ ਖੁੱਲ੍ਹੀ ਛੱਡ ਕੇ ਸੌਂ ਜਾਂਦੇ ਤਾਂ ਜੋ ਤੱਪਦੇ ਘਰਾਂ ਅੰਦਰ ਗਰਮਾਇਸ਼ ਨੂੰ ਘੱਟ ਕੀਤਾ ਜਾ ਸਕੇ।

ਆਪਣਾ ਕੰਮ ਕਾਰ ਤਾਂ ਉਸ ਨੇ ਕਈ ਵਰ੍ਹੇ ਪਹਿਲਾਂ ਹੀ ਘਟਾ ਲਿਆ ਸੀ। ਉਸ ਨੂੰ ਸਵਖਤੇ ਉੱਠ ਕੇ ਕੰਮ 'ਤੇ ਭੱਜਣ ਦੀ ਕਾਹਲ਼ ਨਾ ਹੁੰਦੀ। ਪਰ ਉਸਨੇ ਇੱਕ ਨੇਮ ਬਣਾ ਲਿਆ ਸੀ ਕਿ ਦਸ ਕੁ ਵਜੇ ਤੱਕ ਤਿਆਰ ਹੋ ਕੇ ਜਾਂ ਤਾਂ ਨੇੜੇ ਵਾਲੇ ਗੁਰੂ-ਘਰ ਅਤੇ ਜਾਂ ਫਿਰ ਆਪਣੇ ਲੋਕਲ ਜਿੰਮ ਅਤੇ ਗੌਲਫ਼ ਕਲੱਬ ਵਿੱਚ ਗੇੜਾ ਜ਼ਰੂਰ ਮਾਰਿਆ ਜਾਵੇ।

ਜਦੋਂ ਦਾ ਪਿਛਲੇ ਸਾਲ ਦੂਜਾ ਦਿਲ ਦਾ ਦੌਰਾ ਪਿਆ ਸੀ ਉਸ ਨੇ ਜਿੰਮ ਵਿੱਚ ਸਰੀਰ ਦੀ ਕਸਰਤ ਘਟਾ ਦਿੱਤੀ ਸੀ, ਪਰ ਕਦੇ ਕਦੇ ਸਵਿਮਿੰਗ ਕਰਦਾ ਤੇ ਗੌਲਫ਼ ਖੇਡ ਲੈਂਦਾ। ਹੈਸਟਨ ਵਿੱਚ ਤਿੰਨ ਕੁ ਦਹਾਕੇ ਪਹਿਲਾਂ ਖੁੱਲ੍ਹੇ ਡੇਵਿਡ ਲੋਇਡ ਕਲੱਬ ਦੇ ਉਹ ਸ਼ੁਰੂਆਤੀ ਮੈਂਬਰਾਂ ਵਿੱਚੋਂ ਇੱਕ ਸੀ। ਕਲੱਬ ਦਾ ਮੈਨੇਜਰ ਤੇ ਸਟਾਫ਼ ਉਸ ਦੀ ਬੜੀ ਆਓ-ਭਗਤ ਕਰਦੇ, ਦੋ ਕੁ ਸਾਲ ਪਹਿਲਾਂ ਕਲੱਬ ਦੇ ਜਨਮ ਦਿਵਸ 'ਤੇ ਉਸ ਦੀ ਮੈਂਬਰਸ਼ਿਪ ਨੂੰ ਉਮਰ ਭਰ ਦੀ ਮੈਂਬਰਸ਼ਿਪ ਵਿੱਚ ਬਦਲ ਦਿੱਤਾ ਗਿਆ ਸੀ। ਜੋ ਕੇ ਹੁਣ ਤੱਕ ਸਿਰਫ਼ ਦੋ ਕੁ ਹੋਰ ਲੋਕਾਂ ਕੋਲ ਸੀ। ਇਸ ਗੱਲ ਦਾ ਗੁਰਦਿੱਤ ਨੂੰ ਬੜਾ ਮਾਣ ਹੁੰਦਾ ਤੇ ਉਹ ਹੁੱਬ ਕੇ ਇਸ ਬਾਰੇ ਆਪਣੇ ਮਿੱਤਰਾਂ ਨੂੰ ਦੱਸਦਾ। ਉਸ ਨੂੰ ਹੁਣ ਮਹੀਨੇਵਾਰ ਫ਼ੀਸ ਭਰਨ ਦੀ ਲੋੜ ਨਹੀਂ ਸੀ, ਪਰ ਉਹ ਅਕਸਰ ਹੀ ਕਲੱਬ ਵੱਲੋਂ ਕਰਵਾਏ ਜਾਂਦੇ ਪੁੰਨ-ਦਾਨ ਦੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਦਾਨ ਕਰਦਾ।

ਖਿੜਕੀ ਬੰਦ ਕਰ ਪੈਰਾਂ ਵਿੱਚ ਨਰਮ ਲੈਦਰ ਦੀ ਗੁਰਗਾਬੀ ਪਾ ਜਦ ਗੁਰਦਿੱਤ ਘਰ ਦੀਆਂ ਪੌੜੀਆਂ ਉਤਰ ਰਿਹਾ ਸੀ ਤਾਂ ਉਸ ਦੀ ਨਿਗਾਹ ਸਾਹਮਣੇ ਕੰਧ ਤੇ ਲੱਗੇ ਸ਼ੀਸ਼ੇ ਵੱਲ ਪਈ, ਉਹਨੂੰ ਸਿਰ 'ਤੇ ਬੰਨ੍ਹੀ ਹਰੀ ਪੱਗ ਨਾਲ ਮਿਲਦੀ ਗਲ ਵਿੱਚ ਲਟਕਦੀ ਹਰੇ ਰੰਗ ਦੀ ਟਾਈ ਬਹੁਤ ਪਿਆਰੀ ਜਿਹੀ ਲੱਗੀ। ਗੂੜ੍ਹੇ ਰੰਗ ਦੇ ਕੱਪੜੇ ਪਹਿਨਣੇ ਉਸ ਨੂੰ ਹਮੇਸ਼ਾ ਚੰਗੇ ਲੱਗਦੇ। ਪਰ ਸ਼ਾਇਦ ਅੱਜ ਉਸਨੂੰ ਆਪਣੀ ਪਤਨੀ ਡਿਆਨਾ, ਜਿਸ ਨੂੰ ਉਹ ਪਿਆਰ ਨਾਲ ਡੀ ਕਹਿੰਦਾ ਸੀ, ਦੀ ਗੱਲ੍ਹ ਯਾਦ ਆ ਗਈ। ਜਦੋਂ ਉਹ ਜਿਊਂਦੀ ਸੀ ਤਾਂ ਗੁਰਦਿੱਤ ਨੂੰ ਪੌੜੀਆਂ ਤੋਂ ਹਰੇ ਰੰਗ ਦੇ ਕੱਪੜੇ ਪਾਈ ਉੱਤਰਦਿਆਂ ਵੇਖ ਅਕਸਰ ਹੀ ਅੰਗਰੇਜ਼ੀ ਵਿੱਚ ਕਹਿੰਦੀ "ਆਹ ਆ ਗਿਆ ਮੇਰਾ ਹਰਿਆ-ਭਰਿਆ ਡਾਰਲਿੰਗ ਪਤੀ!" ਹੁਣ ਤਾਂ ਡੀ ਨੂੰ ਇਸ ਦੁਨੀਆ ਤੋਂ ਤੁਰ ਗਿਆਂ ਸਵਾ ਕੁ ਚਾਰ ਸਾਲ ਹੋ ਗਏ ਸਨ।

ਗੁਰਦਿੱਤ ਨੂੰ ਜਦੋਂ ਵੀ ਡੀ ਦੇ ਆਖ਼ਰੀ ਦਿਨ ਯਾਦ ਆਉਂਦੇ ਤਾਂ ਉਸਦਾ ਦਿਲ ਉਦਾਸ ਹੋ ਜਾਂਦਾ। ਅੰਤਾਂ ਦਾ ਮੋਹ ਸੀ ਉਸ ਦਾ ਡੀ ਨਾਲ, ਬੜੀ ਨੇਕ ਰੂਹ ਸੀ ਜਿਸ ਨੇ ਉਮਰ ਭਰ ਚੜ੍ਹਦੀ ਕਲਾ ਵਿੱਚ ਸਾਥ ਨਿਭਾਇਆ। ਗੁਰਦਿੱਤ ਦਾ ਕੰਮ-ਕਾਜ ਚੰਗਾ ਹੋਣ ਕਾਰਨ ਡੀ ਨੂੰ ਕਦੇ ਨੌਕਰੀ ਕਰਨ ਦੀ ਲੋੜ ਨਹੀਂ ਸੀ ਪਈ ਪਰ ਘਰ ਅਤੇ ਪਰਿਵਾਰ ਦੀ ਦੇਖ-ਰੇਖ ਵਿੱਚ ਉਹ ਸਾਰਾ ਦਿਨ ਆਪਣੇ ਆਪ ਨੂੰ ਵਿਅੱਸਤ ਰੱਖਦੀ।

ਘਰ ਦੇ ਮੂਹਰਲੇ ਤੇ ਪਿਛਲੇ ਬਗੀਚੇ ਵਿੱਚ ਲੱਗੇ ਹਰ ਫੁੱਲ ਬੂਟਿਆਂ ਨਾਲ ਉਸ ਨੂੰ ਬੜਾ ਲਗਾਓ ਸੀ। ਜਦ ਵੀ ਘਰ ਦੇ ਕੰਮ-ਕਾਜ ਤੋਂ ਵਿਹਲੀ ਹੁੰਦੀ ਤਾਂ ਜਾਂ ਤਾਂ ਫਿਰ ਫੁੱਲ-ਬੂਟਿਆਂ ਦੀ ਦੇਖ-ਰੇਖ ਕਰ ਰਹੀ ਹੁੰਦੀ ਤੇ ਜਾਂ ਕੁਝ ਨਾ ਕੁਝ ਪੜ੍ਹ ਰਹੀ ਹੁੰਦੀ। ਪੜ੍ਹਨ ਦਾ ਉਸ ਨੂੰ ਸਕੂਲ ਦੇ ਸਮੇਂ ਤੋਂ ਹੀ ਬਹੁਤ ਸ਼ੌਂਕ ਸੀ ਤਾਂ ਹੀ ਬੜੇ ਮਿਲਾਪੜੇ ਸੁਭਾਅ ਦੀ ਸੀ। ਸ਼ਾਇਦ ਇਸੇ ਲਈ ਗੁਰਦਿੱਤ ਨੇ ਆਪਣੇ ਲੋਕਲ ਕਲੱਬ ਵਿਚ ਦਾਨ ਦੇ ਕੇ ਡੀ ਦੀ ਯਾਦ ਵਿਚ ਇਕ ਰੀਡਿੰਗ ਰੂਮ ਦਾ ਨਿਰਮਾਣ ਕਰਵਾਇਆ ਸੀ ਤੇ ਅਕਸਰ ਉਸਨੂੰ ਉੱਥੇ ਜਾਣਾ ਚੰਗਾ ਲਗਦਾ।

ਸੱਤਰਵਿਆਂ ਵਿੱਚ ਹੰਸਲੋ ਵੱਲ ਜਦੋਂ ਪੰਜਾਬੀ ਲੋਕਾਂ ਦੀ ਆਬਾਦੀ ਵਧਣੀ ਸ਼ੁਰੂ ਹੋਈ ਤਾਂ ਡੀ ਦੀ ਉਮਰ ਦੇ ਨੌਜਵਾਨਾਂ ਨੇ ਹੋਰ ਇਲਾਕਿਆਂ ਵੱਲ ਵਸੇਬਾ ਕਰਨ ਨੂੰ ਤਰਜੀਹ ਦਿੱਤੀ ਪਰ ਡੀ ਹਮੇਸ਼ਾ ਇਸੇ ਇਲਾਕੇ ਵਿੱਚ ਟਿਕੀ ਰਹੀ। ਇਸ ਦਾ ਇੱਕ ਕਾਰਨ

ਹੈ ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ -(ਅਗਲੇ ਸਫ਼ੇ 'ਤੇ)

ਸੀ ਕਿ ਸਕੂਲ ਤੋਂ ਪੜਾਈ ਪੂਰੀ ਕਰਦਿਆਂ ਉਸਨੇ ਆਪਣੇ ਦਾਦੇ, ਜੋ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਕਲਕੱਤੇ ਦਾ ਜੰਮਿਆ ਸੀ, ਦੀ ਲਾਇਬ੍ਰੇਰੀ ਵਿਚੋਂ ਪੰਜਾਬੀਆਂ ਅਤੇ ਸਿੱਖਾਂ ਦੇ ਇਤਿਹਾਸ ਬਾਰੇ ਕੁਝ ਕਿਤਾਬਾਂ ਪੜ੍ਹ ਰੱਖੀਆਂ ਸਨ। ਜਿਸ ਨੇ ਇਸ ਕੌਮ ਬਾਰੇ ਉਸ ਦੇ ਦਿਲ ਵਿੱਚ ਸਤਿਕਾਰ ਤੇ ਮੋਹ ਜਗਾ ਦਿੱਤਾ ਤੇ ਇਹ ਲੋਕ ਉਸ ਨੂੰ ਆਪਣੇ-ਆਪਣੇ ਲੱਗਦੇ।

ਉਹਨਾਂ ਦਿਨਾਂ ਵਿੱਚ ਜਦੋਂ ਨੈਸ਼ਨਲ ਫ਼ਰੰਟ ਵਾਲਿਆਂ ਨੇ ਸਾਊਥਾਲ ਵੱਸਦੇ ਪੰਜਾਬੀਆਂ ’ਤੇ ਧਾਵੇ ਬੋਲਣੇ ਸ਼ੁਰੂ ਕੀਤੇ ਤਾਂ ਉਹ ਮੂਹਰੇ ਹੋ ਕੇ ਇਸ ਦਾ ਵਿਰੋਧ ਕਰਦੀ। ਜਿਸ ਕਾਰਨ ਉਸ ਨੂੰ ਕਈ ਵਾਰੀਂ ਨੌਰਥ ਰੋਡ ਦੀ ਨੁੱਕਰ ’ਤੇ ਬਣੇ ਥਾਣੇ ਵਿੱਚ ਰਾਤ ਵੀ ਕੱਟਣੀ ਪਈ ਸੀ। ਇੰਗਲੈਂਡ ਅਤੇ ਸੰਸਾਰ ਭਰ ਵਿੱਚ ਸਮੇਂ ਸਮੇਂ ’ਤੇ ਚੱਲਦੀਆਂ ਸਮਾਜਿਕ-ਲਹਿਰਾਂ ਵਿੱਚ ਉਸਦਾ ਅਕਸਰ ਰੁਝਾਨ ਰਹਿੰਦਾ।

ਗੁਰਦਿੱਤ ਨੂੰ ਮਿਲਣ ਤੋਂ ਪਹਿਲਾਂ ਉਹ ਟੀਚਰ ਟ੍ਰੇਨਿੰਗ ਕਰ ਰਹੀ ਸੀ। ਸ਼ਾਮ ਨੂੰ ਬੈਡਫੋਂਟ ਹਾਈ ਸਟਰੀਟ ’ਤੇ ਇੱਕ ਸੌਦੇ-ਪੱਤੇ ਵਾਲੀ ਦੁਕਾਨ ’ਤੇ ਵੀ ਕੰਮ ਕਰਦੀ। ਗੁਰਦਿੱਤ ਨਾਲ਼ੋਂ ਉਮਰ ਵਿੱਚ ਥੋੜ੍ਹੀ ਵੱਡੀ ਸੀ, ਪਰ ਸਰੀਰਕ ਪੱਖੋਂ ਕਿਤੇ ਜਵਾਨ ਅਤੇ ਸੋਹਣੀ-ਸੁਨੱਖੀ। ਚਾਲੀ ਸਾਲਾਂ ਦੇ ਸਾਥ ਪਿੱਛੋਂ ਕੈਂਸਰ ਦੀ ਐਸੀ ਮਾਰ ਪਈ ਕਿ ਕੁਝ ਕੁ ਮਹੀਨਿਆਂ ’ਚ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਈ। ਦੋਵਾਂ ਦੇ ਇਕ ਲੜਕਾ ਸੀ ਰੌਬਿਨ ਜੋ ਬਿਲਕੁਲ ਆਪਣੀ ਮਾਂ ਦੀ ਸੂਰਤ ਸੀਰਤ ਦਾ ਸੀ। ਲੰਡਨ ਸਕੂਲ ਆਫ਼ ਇਕਨਾਮਿਕਸ ਤੋਂ ਡਿਗਰੀ ਕਰਨ ਤੋਂ ਬਾਅਦ ਉਸ ਨੇ ਕੁਝ ਵਰ੍ਹੇ ਲੰਡਨ ਕਿਸੇ ਲਾਅ ਫ਼ਰਮ ਵਿੱਚ ਕੰਮ ਕੀਤਾ। ਫੇਰ ਗੁਰਦਿੱਤ ਨਾਲ ਹੀ ਉਸ ਦੀ ਕੰਪਨੀ ਬਾਠ ਐਂਡ ਬਟਲਰ ਲਿਮਟਿਡ ਵਿੱਚ ਕੰਮ ਕਰਨ ਲੱਗਾ। ਡੀ ਦੇ ਜਾਣ ਮਗਰੋਂ ਗੁਰਦਿੱਤ ਵੀ ਸੱਠਵਿਆਂ ਨੂੰ ਢੁੱਕ ਗਿਆ ਸੀ ਤਾਂ ਉਸ ਨੇ ਰੌਬਿਨ ਦੀ ਕਾਬਲੀਅਤ ਨੂੰ ਦੇਖਦਿਆਂ ਉਸ ਨੂੰ ਕੰਪਨੀ ਦਾ ਦਿਨੋਂ-ਦਿਨ ਦਾ ਕੰਮ ਸਾਂਭਣ ਲਈ ਮੈਨੇਜਿੰਗ ਡਾਇਰੈਕਟਰ ਥਾਪ ਦਿੱਤਾ। ਆਪ ਬੋਰਡ ਦਾ ਚੇਅਰਮੈਨ ਬਣ ਗਿਆ। ਹੁਣ ਉਹ ਕੰਪਨੀ ਦੇ ਦਫ਼ਤਰ ਮਹੀਨੇ ਵਿੱਚ ਇੱਕ ਦੋ ਵਾਰੀਂ ਹੀ ਗੇੜਾ ਮਾਰਦਾ। ਰੌਬਿਨ ਦਾ ਅਜੇ ਵਿਆਹ ਨਹੀਂ ਸੀ ਹੋਇਆ ਪਰ ਉਹ ਆਪਣੀ ਪਾਰਟਨਰ ਨਾਲ ਈਲਿੰਗ ਕਿਸੇ ਫਲੈਟ ਵਿੱਚ ਰਹਿ ਰਿਹਾ ਸੀ। ਜਦੋਂ ਦੀ ਯੂਨੀਵਰਸਿਟੀ ਪੂਰੀ ਕੀਤੀ ਸੀ ਉਹ ਆਪਣੇ ਮਾਂ ਬਾਪ ’ਤੇ ਬੋਝ ਨਹੀਂ ਸੀ ਬਣਨਾ ਚਾਹੁੰਦਾ। ਗੁਰਦਿੱਤ ਅਤੇ ਡੀ ਵੀ ਚਾਹੁੰਦੇ ਸਨ ਕਿ ਉਹ ਖ਼ੁਦ ਆਪਣੀ ਜ਼ਿੰਦਗੀ ਨੂੰ ਪੈਰਾਂ ਸਿਰ ਖੜ੍ਹਾ ਕਰਨ ਵਾਲਾ ਬਣੇ।

ਪੌੜੀਆਂ ਉਤਰ ਗੁਰਦਿੱਤ ਰਸੋਈ ਵਿੱਚ ਗਿਆ ਅਤੇ ਕੌਫ਼ੀ ਵਾਲੀ ਮਸ਼ੀਨ ਤੋਂ ਲਾਟੇ ਦਾ ਕੱਪ ਬਣਾ, ਘਰ ਦੇ ਪਿਛਵਾੜੇ ਵੱਲ ਖੁੱਲ੍ਹਦੇ ਸ਼ੀਸ਼ਿਆਂ ਵਾਲੇ ਦਰਵਾਜ਼ਿਆਂ ਕੋਲ ਪਏ ਸੰਤਰੀ ਜਿਹੇ ਰੰਗ ਦੇ ਸੋਫ਼ੇ ਤੇ ਬੈਠ ਚੁਸਕੀਆਂ ਲੈਣ ਲੱਗਾ। ਆਪਣੀ ਆਈ ਪੈਡ ਚੁੱਕੀ ਤੇ ਪੰਜਾਬੀ ਦੇ ਆਨਲਾਈਨ ਅਖ਼ਬਾਰਾਂ ਤੇ ਨਿਗਾਹ ਮਾਰਨੀ ਸ਼ੁਰੂ ਕਰ ਦਿੱਤੀ, ਗਲਾਸਗੋ ਤੋਂ ਛਪਦਾ ਰੋਜ਼ਾਨਾ ਪੰਜਾਬੀ ਅਖ਼ਬਾਰ ਪੜ੍ਹ ਰਿਹਾ ਸੀ ਕਿ ਫ਼ੋਨ ਦੀ ਘੰਟੀ ਵੱਜੀ।

‘‘ਹੈਲੋ ਦਿੱਤ ਹੇਅਰ।’’ ਉਹ ਫ਼ੋਨ ਚੁੱਕਦਿਆਂ ਸਹਿ ਸੁਭਾਅ ਬੋਲਿਆ।

‘‘ਹੈਲੋ ਬਾਈ ਜੀ, ਮੈਂ ਤੇਜਾ ਬੋਲਦਾਂ।’’

‘‘ਪਛਾਣਿਆ ਨਹੀਂ ਜੀ, ਕੌਣ ਤੇਜਾ?’’

‘‘ਉਹੀ ਤੇਜਾ ਨੰਬਰਦਾਰ!’’

ਇਹ ਸ਼ਬਦ ਸੁਣਦਿਆਂ ਗੁਰਦਿੱਤ ਦਾ ਸਰੀਰ ਸੁੰਨ ਜਿਹਾ ਹੋ ਗਿਆ। ਉੱਤਰ ਦੇਣ ਲਈ ਉਸ ਨੂੰ ਕੁਝ ਸਮਾਂ ਲੱਗਿਆ। ਏਨੇ ਨੂੰ ਓਧਰੋਂ ਫਿਰ ਅਵਾਜ਼ ਆਈ, ‘‘ਬਾਈ ਜੀ ਸੱਚੀਂ ਭੁੱਲ ਗਏ ਲੱਗਦੇ ਹੋ।’’

‘‘ਤੇਜੂ, ਤੂੰ ਯਾਰ, ਨਹੀਂ... ਨਹੀਂ ...ਭੁੱਲਣਾ ਕਾਹਤੋਂ ਤੇ ਨਾਲੇ ਯਾਰ ਤੈਨੂੰ ਕਿਵੇਂ ਭੁੱਲ ਸਕਦੇ ਆਂ।’’

‘‘ਸ਼ੁਕਰ ਆ ਮੈਂ ਤਾਂ ਬਾਈ ਜੀ ਡਰ ਗਿਆ ਸੀ ਕਿ ਕਿਤੇ ਵੱਡੇ ਬੰਦੇ ਛੋਟਿਆਂ ਨੂੰ ਭੁੱਲ-ਭੁਲਾ ਹੀ ਨਾ ਗਏ ਹੋਣ।’’

‘‘ਤੇਜੂ ਤੂੰ ਕਿੱਥੇ ਹੈਂ ਯਾਰ! ਐਨੇ ਚਿਰ ਬਾਅਦ ਮੈਂ ਕਿਵੇਂ ਚੇਤੇ ਆ ਗਿਆ’’ ਗੁਰਦਿੱਤ ਦਾ ਜੀ ਤਾਂ ਕੀਤਾ ਕਿ ਉਹ ਇੱਕੋ ਝੜੀ ਮਨ ਵਿਚਲੇ ਸਾਰੇ ਸਵਾਲ ਤੇਜੂ ਨੂੰ ਯਕਦਮ ਪੁੱਛੇ, ਪਰ ਏਨੇ ਨੂੰ ਫਿਰ ਅੱਗਿਓਂ ਅਵਾਜ਼ ਆਈ।

‘‘ਬਾਈ ਜੀ ਮੈਂ ਪਿਛਲੇ ਹਫ਼ਤੇ ਹੀ ਆਪਣੀ ਬੇਟੀ ਕੋਲ ਵਿੰਡਸਰ ਆਇਆ ਸੀ ਇੰਡੀਆ ਤੋਂ। ਕੱਲ੍ਹ ਰਾਤੀਂ ਪਰਿਵਾਰ ਨਾਲ ਬੈਠੇ ਟੀ.ਵੀ. ਦੇਖ ਰਹੇ ਸੀ ਤਾਂ ਖ਼ਬਰ ਆਈ ਕਿ ਗੁਰਦਿੱਤ ਸਿੰਘ ਸਿੱਧੂ ਦੀ ਕੰਪਨੀ ਨੂੰ "ਬਿਜ਼ਨਸ ਆਫ਼ ਦੀ ਈਅਰ" ਅਵਾਰਡ ਮਿਲ ਰਿਹਾ। ਟੀ.ਵੀ. ’ਤੇ ਨਾਂ ਅਤੇ ਫ਼ੋਟੋ ਦੇਖਦਿਆਂ ਹੀ ਮੈਂ ਬੇਟੀ ਤੇ ਜਵਾਈ ਨੂੰ ਦੱਸਿਆ ਕਿ ਇਹ ਤਾਂ ਮੇਰਾ ਮਿੱਤਰ ਦਿੱਤ ਹੈ। ਉਹਨਾਂ ਨੇ ਹੁਣੇ ਇੰਟਰਨੈੱਟ ਤੋਂ ਤੁਹਾਡਾ ਫ਼ੋਨ ਨੰਬਰ ਲੱਭਿਆ।’’ ਤੇਜਾ ਬਿਨਾ ਸਾਹ ਲਏ ਸਭ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ।

‘‘ਤੇਜੂ ਆਪਣਾ ਪਤਾ ਵੱਟਸਐਪ ਕਰ, ਮੈਂ ਤੈਨੂੰ ਹੁਣੇ ਮਿਲਣ ਆਉਣਾ।’’

ਫ਼ੋਨ ਰੱਖਦਿਆਂ ਹੀ ਗੁਰਦਿੱਤ ਸੋਚਾਂ ਵਿੱਚ ਜ਼ਿੰਦਗੀ ਦੇ ਚਾਲੀ ਸਾਲ ਪਿੱਛੇ ਚਲਾ ਗਿਆ ਜਦੋਂ ਉਹ ਤੇ ਤੇਜੂ ਨਵੇਂ ਨਵੇਂ ਇੰਗਲੈਂਡ ਆਏ ਸਨ। ਇੱਥੇ ਉਹਨਾਂ ਦਾ ਕੋਈ ਜਾਣ-ਪਛਾਣ ਵਾਲਾ ਨਹੀਂ ਸੀ। ਇਕ ਦੁਕਾਨ ਦੇ ਬਾਹਰ ਕਿਰਾਏ ਦੇ ਕਮਰੇ ਲਈ ਲੱਗੀ ਮਸ਼ਹੂਰੀ ਨੂੰ ਦੇਖਦਿਆਂ ਦੋਵਾਂ ਦੀ ਛੋਟੀ ਜਿਹੀ ਮੁਲਾਕਾਤ ਯਾਰੀ ਵਿੱਚ ਬਦਲ ਗਈ। ਤੇਜੂ ਦਾ ਨਾਂ ਤਾਂ ਤੇਜਾ ਸਿੰਘ ਬਾਠ ਸੀ। ਅੰਗਰੇਜ਼ੀ ਵਿੱਚ ਬਾਠ ਤੇ ਬਾਥ ਇੱਕੋ ਤਰ੍ਹਾਂ ਲਿਖਿਆ ਜਾਂਦਾ ਹੋਣ ਕਰਕੇ ਗੋਰੇ ਉਸ ਨੂੰ ਮਿਸਟਰ ਬਾਥ ਕਹਿ ਕੇ ਬੁਲਾਉਂਦੇ ਤਾਂ ਉਸ ਆਪਣੇ ਆਪ ਨੂੰ ਮਿਸਟਰ ਸਿੰਘ ਆਖ ਕੇ ਤੁਆਰਫ਼ ਕਰਵਾਉਂਦਾ, ਉਹ ਇੱਕ ਦਿਨ ਹਾਸੇ ਵਿੱਚ ਦੱਸ ਬੈਠਾ ਕਿ ਉਸ ਦੇ ਦਾਦੇ-ਪੜਦਾਦੇ ਨੰਬਰਦਾਰ ਸਨ ਅਤੇ ਗੁਰਦਿੱਤ ਨੇ ਉਸ ਨੂੰ ਤੇਜੂ ਨੰਬਰਦਾਰ ਕਹਿ ਕੇ ਬਲਾਉਣਾ ਸ਼ੁਰੂ ਕਰ ਦਿੱਤਾ। ਤੇਜੂ ਉਸ ਨੂੰ ਦਿੱਤ ਕਹਿ ਕੇ ਬੁਲਾਉਂਦਾ। ਤੇਜੂ ਦਾ ਅੱਜ ਉਸ ਨੂੰ ਬਾਈ ਜੀ ਕਹਿ ਕੇ ਬਲਾਉਣਾ ਥੋੜ੍ਹਾ ਓਪਰਾ ਜਿਹਾ ਲੱਗਿਆ। ਜਿਵੇਂ ਉਨ੍ਹਾਂ ਦੇ ਦੋਸਤੀ ਤੇ ਸ਼ਿਸ਼ਟਾਚਾਰ ਦੀ ਗਰਦ ਜੰਮ ਗਈ ਹੋਵੇ।

ਗੁਰਦਿੱਤ ਨੂੰ ਅੱਜ ਵੀ ਉਹ ਸਮਾਂ ਨਹੀਂ ਸੀ ਭੁੱਲਿਆ ਜਦ ਉਹ ਦੋਵੇਂ ਇਕ ਛੋਟੇ ਜਿਹੇ ਕਮਰੇ ਵਿੱਚ ਸਾਊਥਾਲ ਇਕੱਠੇ ਰਹਿੰਦੇ। ਇਕ ਦੂਜੇ ਦੇ ਦੁੱਖ-ਸੁੱਖ ਦੇ ਸਾਥੀ ਸਨ। ਤੇਜੂ ਦਾ ਪਿੱਛੇ ਪੰਜਾਬ ਵਿੱਚ ਵਿਆਹ ਹੋਇਆ ਸੀ। ਦੋ ਬੱਚੇ ਵੀ। ਉਸ ਨੂੰ ਇਹ ਸੀ ਕਿ ਉਹ ਇੰਗਲੈਂਡ ਵਿੱਚ ਕੰਮ ਕਰ ਕੁਝ ਪੈਸਾ ਕਮਾਵੇ ਅਤੇ ਪੱਕਾ ਹੋ ਕੇ ਆਪਣੇ ਬੱਚਿਆਂ ਨੂੰ ਅਤੇ ਘਰਵਾਲੀ ਨੂੰ ਇੱਥੇ ਬੁਲਾਵੇ।

ਨਾਸਤਿਕ ਹੋਣ ਬਾਅਦ
ਪੈਂਦੀ ਹੈ ਸਮਝ ਇਨਸਾਨ ਬਣ ਕੇ ਜੀਣ ਦੀ -(ਅਗਲੇ ਸਫ਼ੇ ’ਤੇ)

ਜਦੋਂ ਗੁਰਦਿੱਤ ਪਹਿਲੀ ਵਾਰੀਂ ਡੀ ਨੂੰ ਮਿਲਿਆ ਤਾਂ ਤੇਜੂ ਵੀ ਉਸ ਦੇ ਨਾਲ ਹੀ ਸੀ। ਉਹ ਦੋਵੇਂ ਮਿਸਟਰ ਬਟਲਰ ਦੀ ਕੰਪਨੀ ਦੇ ਵੇਅਰ ਹਾਊਸ ਵਿੱਚੋਂ ਨੇੜੇ ਦੇ ਇਲਾਕਿਆਂ ਵਿੱਚ ਸੌਦੇ-ਪੱਤੇ ਦੇ ਸਮਾਨ ਦੀ ਢੋਆ-ਢੁਆਈ ਦਾ ਕੰਮ ਕਰਦੇ। ਡੀ ਜਿਸ ਦੁਕਾਨ ਤੇ ਕੰਮ ਕਰਦੀ ਉਸ ਦਾ ਸਮਾਨ ਵੀ ਉੱਥੋਂ ਹੀ ਜਾਂਦਾ। ਇੱਥੋਂ ਹੋਈ ਛੋਟੀ ਜਿਹੀ ਜਾਣ-ਪਛਾਣ ਮੁਲਾਕਾਤਾਂ ਵਿੱਚ ਬਦਲ ਗਈ ਅਤੇ ਗੁਰਦਿੱਤ ਅਤੇ ਡੀ ਇੱਕ ਦੂਜੇ ਦੇ ਨੇੜੇ ਹੋ ਗਏ। ਉਹ ਤੇਜੂ ਦੇ ਉਮਰ ਵਿੱਚ ਥੋੜ੍ਹੇ ਵੱਡੇ ਹੋਣ ਕਾਰਨ ਬਹੁਤ ਇੱਜ਼ਤ ਤੇ ਸਤਿਕਾਰ ਕਰਦੇ। ਤੇਜੂ ਨੂੰ ਵੀ ਉਹ ਹਾਸੇ-ਠੱਠੇ ਕਰਦੇ ਆਪਣੇ-ਆਪਣੇ ਲੱਗਦੇ, ਸ਼ਾਇਦ ਉਸ ਨੂੰ ਪਿੱਛੇ ਪੰਜਾਬ ਵੱਸਦਿਆਂ ਦਾ ਮੋਹ ਆ ਰਿਹਾ ਹੋਵੇ।

ਫੇਰ ਇੱਕ ਦਿਨ ਡੀ ਤੇ ਗੁਰਦਿੱਤ ਨੇ ਮਿੰਨੀ ਮੈਕਸ ਸਿਨਮੇ ਜਾਣ ਦੀ ਸਕੀਮ ਬਣਾਈ, ਉਸ ਦਿਨ ਤੇਜੂ ਵੀ ਉਹਨਾਂ ਦੇ ਨਾਲ ਸੀ। ਸਿਨੇਮਾ ਹੈਟਨ ਕਰਾਸ ਨੇੜੇ ਫੈਲਥਮ ਵਾਲੇ ਪਾਸੇ ਸੀ। ਇਹ ਇਲਾਕੇ ਨੂੰ ਨੈਸ਼ਨਲ ਫਰੰਟ ਦਾ ਗੜ੍ਹ ਮੰਨਿਆ ਜਾਂਦਾ। ਜਦੋਂ ਉਹ ਫ਼ਿਲਮ ਦੇਖ ਕੇ ਬਾਹਰ ਆਏ ਤਾਂ ਕੁਝ ਕੁ ਸਕਿਨ ਹੈੱਡ ਬਦਮਾਸ਼ਾਂ ਨੇ ਇੱਕ ਗੋਰੀ ਕੁੜੀ ਪੰਜਾਬੀ ਮੁੰਡੇ ਨਾਲ ਜਾਂਦੀ ਦੇਖ ਉੱਚੀ ਉੱਚੀ ਫਾਸੀਵਾਦੀ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ। ਫੇਰ ਦੇਖਦਿਆਂ ਦੇਖਦਿਆਂ ਇੱਕ ਬਦਮਾਸ਼ ਨੇ ਬੀਅਰ ਦੀ ਖ਼ਾਲੀ ਬੋਤਲ ਤਿੰਨਾਂ ਵੱਲ ਵਗਾਹ ਮਾਰੀ। ਆਮ ਤੌਰ ਤੇ ਠਰ੍ਹੰਮੇ ਵਿੱਚ ਰਹਿਣ ਵਾਲੇ ਤੇਜੂ ਦੇ ਅੰਦਰਲੇ ਗ਼ੁਬਾਰ ਨੇ ਉਬਾਲ ਮਾਰਿਆ। ਉਸਨੇ ਉਹੀ ਬੋਤਲ ਚੁੱਕ ਫ਼ੁੱਟ-ਪਾਥ ’ਤੇ ਮਾਰ ਅੱਧੀ ਭੰਨ ਲਈ ਤੇ ਬਿਨਾ ਕੋਈ ਗੱਲ-ਬਾਤ ਕੀਤੇ ਤਿੱਖੇ ਕੱਚ ਵਾਲੀ ਬੋਤਲ ਸਿੱਧੀ ਬਦਮਾਸ਼ ਦੇ ਸਿਰ ਵਿੱਚ ਖੋਭ ਦਿੱਤੀ। ਖ਼ੂਨ ਦੀਆਂ ਧਤੀਰੀਆਂ ਐਨੀਆਂ ਉੱਚੀਆਂ ਵਗੀਆਂ ਕਿ ਦੂਰ ਦੂਰ ਤੱਕ ਖੜੇ ਸਭ ਦੇ ਕੱਪੜਿਆਂ ’ਤੇ ਲਾਲ ਛਿੱਟੇ ਪੈ ਗਏ, ਉਸ ਬਦਮਾਸ਼ ਦੇ ਧਰਤੀ ’ਤੇ ਡਿੱਗਦਿਆਂ ਹੀ ਬਾਕੀ ਦੇ ਸਾਰੇ ਪਤਾ ਨਹੀਂ ਕਦੋਂ ਫੁਰ ਹੋ ਗਏ। ਬਾਅਦ ਵਿੱਚ ਉਹ ਬਦਮਾਸ਼ ਦੀ ਜਾਨ ਤਾਂ ਬਚ ਗਈ, ਪਰ ਤੇਜੂ ਨੂੰ ਉਹ ਕੁਝ ਪਲਾਂ ਦਾ ਫ਼ੈਸਲਾ ਕਾਫ਼ੀ ਮਹਿੰਗਾ ਪਿਆ। ਪੁਲਿਸ ਵਾਲਿਆਂ ਉਸਦੇ ਪੱਕਾ ਨਾ ਹੋਣ ਕਾਰਨ ਕੁਝ ਦਿਨ ਥਾਣੇ ਹਾਜ਼ਰੀ ਲਵਾ, ਉਸਨੂੰ ਇੰਡੀਆ ਡਪੋਰਟ ਕਰ ਦਿੱਤਾ। ਗੁਰਦਿੱਤ ਤੇ ਡੀ ਨੇ ਚੰਗੇ ਵਕੀਲ ਕਰਵਾ ਤੇਜੂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਨਾ ਹੋ ਸਕਿਆ।

ਗੁਰਦਿੱਤ ਤੇ ਡੀ ਨੇ ਤੇਜੂ ਨਾਲ ਪਿੱਛੇ ਪੰਜਾਬ ਸੰਪਰਕ ਕਰਨ ਦੀ ਵੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀਆਂ ਚਿੱਠੀਆਂ ਦਾ ਕਦੇ ਜੁਆਬ ਨਾ ਆਇਆ। ਕਈ ਸਾਲਾਂ ਬਾਅਦ ਜਦ ਉਹ ਉਸਦੇ ਪਿੰਡ ਉਸ ਨੂੰ ਲੱਭਣ ਗਏ ਤਾਂ ਪਤਾ ਲੱਗਿਆ ਕਿ ਉਹ ਸਭ ਕੁਝ ਵੇਚ ਵੱਟ ਕੇ ਚੰਡੀਗੜ੍ਹ ਚਲਾ ਗਿਆ ਸੀ। ਕਿਸੇ ਕੋਲ ਉਸ ਦਾ ਕੋਈ ਅਤਾ-ਪਤਾ ਨਹੀਂ ਸੀ।

ਗੁਰਦਿੱਤ ਦੀ ਜ਼ਿੰਦਗੀ ਸੋਮਵਾਰ ਤੋਂ ਸ਼ੁੱਕਰਵਾਰ ਕਰਦਿਆਂ ਇੰਗਲੈਂਡ ਵਿੱਚ ਸੋਹਣੀ ਗੁਜ਼ਰਦੀ ਗਈ। ਡੀ ਨਾਲ ਵਿਆਹ ਤੇ ਫਿਰ ਰੋਬਿਨ। ਕੁਝ ਸਾਲਾਂ ਬਾਅਦ ਜਦ ਮਿਸਟਰ ਬਟਲਰ ਰਿਟਾਇਰ ਹੋਣ ਲਈ ਆਪਣਾ ਬਿਜ਼ਨਸ ਵੇਚਣ ਲੱਗਾ ਤਾਂ ਉਸ ਨੇ ਸੱਸਤੇ ਭਾਅ ਤੇ ਗੁਰਦਿੱਤ ਨੂੰ ਵੇਚ ਦਿੱਤਾ। ਗੁਰਦਿੱਤ ਨੇ ਇੱਜ਼ਤ ਵਜੋਂ ਕੰਪਨੀ ਦਾ ਨਾਂ ਨਾ ਬਦਲਿਆ। ਦੋ ਕੁ ਸਾਲਾਂ ਬਾਅਦ ਡੀ ਨਾਲ ਵਿਚਾਰ-ਵਟਾਂਦਰਾ ਕਰ ਇਸ ਨੂੰ ਬਾਠ ਐਂਡ ਬਟਲਰ ਲਿਮਟਿਡ ਕਰ ਦਿੱਤਾ ਤਾਂ ਜੋ ਉਹ ਤੇਜੂ ਦੇ ਕੀਤੇ ਅਹਿਸਾਨ ਨੂੰ ਯਾਦ ਰੱਖ ਸਕਣ। ਬਹੁਤੇ ਲੋਕ ਬਾਠ ਦੀ ਥਾਂ ਕੰਪਨੀ ਦੇ ਨਾਂ ਨੂੰ ਬਾਥ ਸ਼ਹਿਰ ਦੇ ਨਾਂ ਨਾਲ ਜੋੜ ਕੇ ਦੇਖਦੇ।

ਇਨ੍ਹਾਂ ਸੋਚਾਂ ਦੇ ਵਹਿਣ ਵਿੱਚ ਵਹਿੰਦਿਆਂ ਗੁਰਦਿੱਤ ਨੂੰ ਪਤਾ ਵੀ ਨਹੀਂ ਲੱਗਿਆ ਕਦੋਂ ਤੇਜੂ ਨੇ ਉਸ ਨੂੰ ਬੇਟੀ ਦੇ ਘਰ ਦਾ ਐਡਰੈਸ ਭੇਜਿਆ। ਕਦੋਂ ਉਹ ਉਬਰ ਟੈਕਸੀ ਰਾਹੀਂ ਆ ਆਪਣੇ ਚਿਰਾਂ ਦੇ ਵਿੱਛੜੇ ਮਿੱਤਰ ਨਾਲ ਵਿੰਡਸਰ ਦੇ ਇਕ ਟੈਰਿਸਡ ਘਰ ਵਿੱਚ ਬੈਠਾ ਚਾਹ ਦੀਆਂ ਚੁਸਕੀਆਂ ਨਾਲ ਚਿਰਾਂ ਦੀਆਂ ਭੁੱਲ-ਭੁਲਾ ਚੁੱਕੀਆਂ ਯਾਦਾਂ ਤਾਜ਼ੀਆਂ ਕਰ ਰਿਹਾ ਸੀ। ਤੇਜੂ ਨੇ ਦੱਸਿਆ ਕਿ ਉਸ ਦੇ ਪਿੰਡ ਵਾਪਸ ਮੁੜਦਿਆਂ ਤੱਕ ਉਸ ਦੇ ਮਾਂ-ਬਾਪ ਦੋਵੇਂ ਕਾਫ਼ੀ ਬਿਮਾਰ ਸਨ ਤੇ ਮਹੀਨੇ ਕੁ ਬਾਅਦ ਸਵਰਗਵਾਸ ਹੋ ਗਏ। ਪਿੰਡ ਉਹ ਖੇਤੀਬਾੜੀ ਨਹੀਂ ਕਰਨੀ ਚਾਹੁੰਦਾ ਸੀ ਤੇ ਉਸ ਨੂੰ ਹੋਰ ਵੀ ਚਿੜ ਆਉਂਦੀ ਜਦੋਂ ਪਿੰਡ ਦੇ ਲੋਕ ਉਸ ਨੂੰ ਸੰਬੋਧਨ ਕਰਦਿਆਂ ਕਹਿੰਦੇ, “ਆਹ ਦੇਖ ਬਈ ਇੰਗਲੈਂਡੀਆ ਹੋਈ ਜਾਂਦਾ ਮਿੱਟੀ ਨਾਲ ਮਿੱਟੀ।” ਉਸਨੇ ਸਭ ਕਝੁ ਵੇਚ ਵੱਟ ਆਪਣੇ ਸਹੁਰਿਆਂ ਕੋਲ ਚੰਡੀਗੜ੍ਹ ਜਾ ਡੇਰਾ ਲਾਇਆ। ਹੁਣ ਬੱਚੇ ਪੜ੍ਹ ਲਿਖ ਕੇ ਚੰਗਾ ਜੀਵਨ ਜਿਉਂ ਰਹੇ ਨੇ। ਘਰਵਾਲੀ ਨੂੰ ਗੁਜ਼ਰਿਆ ਛੇ ਕੁ ਸਾਲ ਹੋ ਗਏ ਤੇ ਉਹ ਹੁਣ ਕਿਸੇ ਪ੍ਰਾਈਵੇਟ ਬੈਂਕ ਵਿਚੋਂ ਰਿਟਾਇਰ ਹੋ ਕੇ ਝੁੱਗੀ-ਝੋਂਪੜੀਆਂ ਵਾਲਿਆਂ ਦੇ ਬੱਚਿਆਂ ਲਈ ਇੱਕ ਸਕੂਲ ਚਲਾਉਂਦਾ। ਬੇਟੀ ਦੋ ਕੁ ਵਰ੍ਹੇ ਪਹਿਲਾਂ ਇੰਗਲੈਂਡ ਵਿਆਹ ਕੇ ਆ ਗਈ ਸੀ। ਉਹ ਹੁਣ ਆਪਣੇ ਨਵਜੰਮੇ ਦੋਹਤੇ ਨੂੰ ਦੇਖਣ ਆਇਆ। ਗੁਰਦਿੱਤ ਨੇ ਵੀ ਉਸਨੂੰ ਆਪਣੇ ਤੇ ਡੀ ਦੀ ਜ਼ਿੰਦਗੀ ਬਾਰੇ ਸਭ ਕੁਝ ਦੱਸਿਆ। ਬਾਠ ਤੇ ਬਾਥ ਦੀਆਂ ਗੱਲਾਂ ਕਰ ਦੋਵੇਂ ਬਹੁਤ ਹੱਸੇ।

ਗੱਲਾਂ ਕਰਦਿਆਂ ਸਮੇਂ ਦਾ ਪਤਾ ਹੀ ਨਹੀਂ ਲੱਗਾ ਤੇ ਤੇਜੂ ਦੀ ਬੇਟੀ ਨੇ ਉਹਨਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰੀ ਰੱਖਿਆ। ਗੁਰਦਿੱਤ ਰਾਤ ਦੇ ਢਾਈ ਕੁ ਵਜੇ ਘਰ ਪਰਤਿਆ। ਹੁਣ ਵੀਰਵਾਰ ਹੋ ਚੁੱਕਿਆ ਸੀ ਤੇ ਉਸਨੇ ਸ਼ਨੀਵਾਰ ਨੂੰ ਤੇਜੂ ਨਾਲ ਮਿਲਣ ਦਾ ਵਾਅਦਾ ਕੀਤਾ ਤਾਂ ਜੋ ਉਹ ਰੌਬਿਨ ਨੂੰ ਵੀ ਮਿਲਵਾ ਸਕੇ।

ਸ਼ਨੀਵਾਰ ਆਇਆ ਤੇ ਚਲਾ ਗਿਆ, ਤੇਜੂ ਨੂੰ ਗੁਰਦਿੱਤ ਦਾ ਨਾ ਕੋਈ ਮੈਸੇਜ਼ ਅਤੇ ਕਾਲ ਆਈ। ਤੇਜੂ ਨੇ ਵੈਟਸਐਪ ਰਾਹੀਂ ਤੇ ਫਿਰ ਗੁਰਦਿੱਤ ਦੇ ਘਰ ਫ਼ੋਨ ਕਰਕੇ ਪਤਾ ਕਰ ਦੀ ਕੋਸ਼ਿਸ਼ ਕੀਤੀ ਪਰ ਕੋਈ ਜੁਆਬ ਨਾ ਮਿਲਿਆ।

ਤੇਜੂ ਨੇ ਸੋਚਿਆ ਸ਼ਾਇਦ ਕੰਮ ਕਾਜ ਵਿੱਚ ਵਿਅਸਤ ਹੋ ਗਿਆ ਹੋਵੇ। ਮੰਗਲਵਾਰ ਦੁਪਹਿਰ ਨੂੰ ਤੇਜੂ ਦੇ ਘਰ ਦੀ ਘੰਟੀ ਖੜਕੀ। ਬੇਟੀ ਤੇ ਜਵਾਈ ਕੰਮ ਤੇ ਚਲੇ ਗਏ ਸਨ। ਤੇਜੂ ਨੇ ਬੂਹਾ ਖੋਲ੍ਹਿਆ ਸਾਹਮਣੇ ਇੱਕ ਨੌਜਵਾਨ ਖੜ੍ਹਾ ਸੀ ਤੇ ਉਸਦੇ ਹਿੱਲਦੇ ਬੁੱਲ੍ਹਾਂ ਤੋਂ ਲੱਗਿਆ ਕਿ ਜਿਵੇਂ ਉਹ ਕਹਿਣਾ ਚਾਹੁੰਦਾ ਹੋਵੇ “ਆਈ ਐੱਮ ਰੌਬਿਨ।” ਤੇਜੂ ਨੂੰ ਉਸ ਵਿੱਚੋਂ ਚਾਲੀ ਸਾਲ ਪੁਰਾਣੀ ਡਿਆਨਾ ਵਾਲਾ ਚਿਹਰਾ ਦਿਸਿਆ ਅਤੇ ਉਸ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਉਸ ਨੂੰ ਗਲਵੱਕੜੀ ਵਿੱਚ ਲੈ ਲਿਆ।

ਤੇਜੂ ਨੇ ਉਸ ਨੂੰ ਅੰਦਰ ਬੁਲਾਇਆ। ਚਾਹ ਬਣਾਈ ਤੇ ਉਸ ਤੋਂ ਗੁਰਦਿੱਤ ਬਾਰੇ ਪੁੱਛਣ ਲੱਗਿਆ। ਰੌਬਿਨ ਨੇ ਦੱਸਿਆ ਕਿ ਵੀਰਵਾਰ ਸਵੇਰੇ ਜਦੋਂ ਗੁਰਦਿੱਤ ਉੱਠਿਆ ਤਾਂ ਉਸ ਨੂੰ ਸਾਹ ਲੈਣ ਵਿੱਚ ਕੁਝ ਤਕਲੀਫ਼ ਤੇ ਛਾਤੀ ਵਿੱਚ ਦਰਦ ਸੀ। ਉਸ ਨੇ ਐਂਬੂਲੈਂਸ ਬੁਲਾਈ ਤੇ ਹਸਪਤਾਲ ਚਲਾ ਗਿਆ। ਘੰਟੇ ਕੁ ਬਾਅਦ ਰੌਬਿਨ ਵੀ

ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ -(ਅਗਲੇ ਸਫ਼ੇ ’ਤੇ)

ਉੱਥੇ ਪਹੁੰਚ ਗਿਆ। ਡਾਕਟਰਾਂ ਨੇ ਦੱਸਿਆ ਕੇ ਉਸ ਨੂੰ ਫਿਰ ਦਿਲ ਦਾ ਦੌਰਾ ਪਿਆ ਹੈ ਇਸ ਲਈ ਓਪਰੇਸ਼ਨ ਕਰਨਾ ਪਵੇਗਾ। ਕਿਉਂਕਿ ਉਸ ਨੂੰ ਪਹਿਲਾਂ ਦੋ ਕੁ ਵਾਰੀਂ ਦਿਲ ਦਾ ਦੌਰਾ ਪੈ ਚੁੱਕਿਆ ਸੀ ਇਸ ਲਈ ਇਹ ਓਪਰੇਸ਼ਨ ਜਾਨ ਲੇਵਾ ਸਾਬਤ ਹੋ ਸਕਦਾ। ਗੁਰਦਿੱਤ ਨੇ ਓਪਰੇਸ਼ਨ ਤੋਂ ਪਹਿਲਾਂ ਰੌਬਿਨ ਨਾਲ ਕੁਝ ਸਮਾਂ ਬਣਾਉਣ ਦੀ ਗੁਜ਼ਾਰਿਸ਼ ਕੀਤੀ। ਦਵਾਈਆਂ ਨਾਲ ਛਾਤੀ ਦੀ ਪੀੜ ਕੁਝ ਘੱਟ ਗਈ ਸੀ। ਉਸਨੇ ਆਪਣੇ ਵਕੀਲ ਨੂੰ ਵੀ ਕਾਲ ਕਰਕੇ ਆਪਣੀ ਵਸੀਅਤ ਨੂੰ ਬਦਲਣ ਬਾਰੇ ਗੁਜ਼ਾਰਿਸ਼ ਕੀਤੀ। ਵਕੀਲ ਅੱਧੇ ਕੁ ਘੰਟੇ ਵਿੱਚ ਉਸ ਦੇ ਦੱਸੇ ਮੁਤਾਬਿਕ ਨਵੀਂ ਵਸੀਅਤ ਪ੍ਰਿੰਟ ਕਰਕੇ ਉਸ ਦੇ ਦਸਤਖ਼ਤ ਕਰਵਾ ਕੇ ਲੈ ਗਿਆ। ਇਸੇ ਸਭ ਕੁਝ ਦੌਰਾਨ ਉਸ ਨੇ ਰੌਬਿਨ ਨੂੰ ਤੇਜੂ ਦੀ ਸਾਰੀ ਕਹਾਣੀ ਦੱਸ ਦਿੱਤੀ ਅਤੇ ਕਿਹਾ ਕਿ ਤੇਜੂ ਨੂੰ ਮੇਰੇ ਬਿਮਾਰ ਹੋਣ ਬਾਰੇ ਅਜੇ ਨਾ ਦੱਸੀਂ। ਜੇ ਮੈਂ ਬਚ ਗਿਆ ਤਾਂ ਮੈਂ ਬਾਅਦ ਵਿੱਚ ਦੱਸ ਦੇਵਾਂਗਾ। ਜੇ ਮੈਨੂੰ ਕੁਝ ਹੋਇਆ ਤਾਂ “ਰੌਬਿਨ ਪੁੱਤ ਤੂੰ ਆਪਣੇ ਤਾਏ ਨੂੰ ਜ਼ਰੂਰ ਮਿਲ ਕੇ ਆਵੀ।” ਇਹੀ ਆਖ਼ਰੀ ਸ਼ਬਦ ਸੀ ਗੁਰਦਿੱਤ ਦੇ ਓਪਰੇਸ਼ਨ ਥੀਏਟਰ ਵਿੱਚ ਜਾਣ ਤੋਂ ਪਹਿਲਾਂ।

“ਤਾਇਆ ਜੀ, ਡੈਡ ਸਾਨੂੰ ਛੱਡ ਕੇ ਚਲੇ ਗਏ।” ਕਹਿੰਦਿਆਂ ਜਿਵੇਂ ਰੌਬਿਨ ਦੀ ਭੁੱਬ ਜਿਹੀ ਨਿਕਲ ਗਈ ਹੋਵੇ।

ਰੌਬਿਨ ਨੇ ਫੇਰ ਦੱਸਿਆ ਕਿ ਉਸਦੇ ਡੈਡ ਦੀ ਵਸੀਅਤ ਅਨੁਸਾਰ ਉਹ ਕੰਪਨੀ ਤੇ ਘਰ ਰੌਬਿਨ ਦੇ ਨਾਂ ਤੇ ਆਪਣਾ ਨਿੱਜੀ ਬੈਂਕ-ਬੈਲੰਸ ਤੇਜਾ ਸਿੰਘ ਬਾਠ ਦੇ ਨਾਂ ਕਰ ਗਏ, ਜੋ ਕਿ ਨਕਦ ਛੇ ਕੁ ਮਿਲੀਅਨ ਪੌਂਡ ਬਣਦੈ। ਤੇਜੂ ਤਾਂ ਅਜੇ ਸੁੰਨ ਹੋਇਆ ਬੈਠਾ ਸੀ ਉਸ ਨੂੰ ਰੌਬਿਨ ਦੀ ਕਹੀ ਗੱਲ ਦਾ ਉਦੋਂ ਬਹੁਤਾ ਅਹਿਸਾਸ ਨਾ ਹੋਇਆ। ਅਗਲੇ ਕੁਝ ਦਿਨ ਰੌਬਿਨ ਤੇ ਤੇਜੂ ਮਿਲਦੇ ਰਹੇ। ਮਿਲ ਕੇ ਗੁਰਦਿੱਤ ਦੇ ਸੰਸਕਾਰ ਦੀਆਂ ਰਸਮਾਂ ਅਦਾ ਕੀਤੀਆਂ।

ਤੇਜੂ ਨੇ ਮਹੀਨੇ ਕੁ ਬਾਅਦ ਇੰਡੀਆ ਵਾਪਸ ਚਲੇ ਜਾਣਾ ਸੀ ਤਾਂ ਕਰਕੇ ਰੌਬਿਨ ਛੇਤੀ ਹੀ ਵਸੀਅਤ ਨਾਲ ਸੰਬੰਧਿਤ ਸਭ ਕਾਗ਼ਜ਼ੀ ਕਾਰਵਾਈ ਪੂਰੀ ਕਰਵਾਉਣਾ ਚਾਹੁੰਦਾ ਸੀ। ਤੇਜੂ ਚਾਹੁੰਦਾ ਸੀ ਕਿ ਗੁਰਦਿੱਤ ਦੀ ਜਾਇਦਾਦ ਤੇ ਪੈਸਾ ਸਭ ਰੋਬਿਨ ਕੋਲ ਹੀ ਰਹੇ ਇਹ ਉਸਨੇ ਰੋਬਿਨ ਨੂੰ ਕਈ ਵਾਰ ਕਿਹਾ ਸੀ, ਪਰ ਜਿਵੇਂ ਜਿਵੇਂ ਰੌਬਿਨ ਕੋਈ ਜਾਣਕਾਰੀ ਮੰਗਦਾ ਤੇਜੂ ਉਸ ਨੂੰ ਦੇ ਦਿੰਦਾ ਤਾਂ ਜੋ ਇੰਗਲੈਂਡ ਦੇ ਕਾਨੂੰਨ ਮੁਤਾਬਕ ਜਾਇਦਾਦ ਰੌਬਿਨ ਕੋਲ ਜਾਣ ਦੀ ਕਾਰਵਾਈ ਪੂਰੀ ਹੋ ਸਕੇ। ਰੌਬਿਨ ਨੇ ਦੋ ਕੁ ਹਫ਼ਤਿਆਂ ਵਿੱਚ ਤੇਜੂ ਦੇ ਭਾਰਤੀ ਬੈਂਕ ਅਕਾਊਂਟ ਵਿੱਚ ਟੈਕਸ ਕੱਟ ਕਟਾ ਕੇ ਬਣਦਾ ਪੈਸਾ ਪਹੁੰਚਾ ਦਿੱਤਾ ਕਿਉਂਕਿ ਉਸ ਕੋਲ ਇੰਗਲੈਂਡ ਵਿੱਚ ਬੈਂਕ ਅਕਾਊਂਟ ਨਹੀਂ ਸੀ। ਰੌਬਿਨ ਨੇ ਇਹ ਸਭ ਦੀ ਜਾਣਕਾਰੀ ਤੇਜੂ ਨੂੰ ਹੀਥਰੋ ’ਤੇ ਜਹਾਜ਼ ਚੜ੍ਹਨ ਤੋਂ ਪਹਿਲਾਂ ਹੀ ਦਿੱਤੀ।

ਕਈ ਮਹੀਨੇ ਲੰਘ ਗਏ। ਰੌਬਿਨ ਕ੍ਰਿਸਮਿਸ ਡਿਨਰ ’ਤੇ ਜਾਣ ਤੋਂ ਪਹਿਲਾਂ ਵਾਈਨ ਦਾ ਗਲਾਸ ਲਈ ਉਦਾਸ ਚਿੱਤ ਬੈਠਾ ਸੀ ਕਿਉਂਕਿ ਇਹ ਉਸ ਦੀ ਪਹਿਲੀ ਕ੍ਰਿਸਮਸ ਸੀ ਆਪਣੇ ਮਾਂ-ਬਾਪ ਤੋਂ ਬਿਨਾਂ।

ਕੋਲ ਪਏ ਫ਼ੋਨ ਨੇ ਖੜਕਾ ਕੀਤਾ ਜਦੋਂ ਉਸ ਨੇ ਚੁੱਕ ਕੇ ਦੇਖਿਆ ਤਾਂ ਤਾਏ ਤੇਜੂ ਦਾ ਮੈਸੇਜ਼ ਸੀ। ਕਿਸੇ ਤਿੰਨ ਮੰਜ਼ਲਾਂ ਵਾਲੇ ਸਕੂਲ ਦੀ ਵੱਡੀ ਬਿਲਡਿੰਗ ਦੇ ਮੂਹਰੇ ਸੋਹਣੀ ਸਕੂਲ ਦੀ ਵਰਦੀ ਪਾਈ ਖੜੇ ਬੱਚਿਆਂ ਦੀ ਫ਼ੋਟੋ ਸੀ। ਉਸ ਨੇ ਸਕੂਲ ਦੇ ਨਾਂ ਦੇ ਬੋਰਡ ’ਤੇ ਜ਼ੂਮ ਕੀਤਾ ਤਾਂ ਲਿਖਿਆ ਸੀ – “ਡੀ ਐਂਡ ਦਿੱਤ ਫ੍ਰੀ ਪਬਲਿਕ ਸਕੂਲ”।

ਰੌਬਿਨ ਨੂੰ ਸਕੂਲ ਦਾ ਨਾਂ ਪੜ੍ਹਦਿਆਂ ਦਿਲੋਂ ਹੀ ਦਿਲ ਆਪਣੇ ਮਾਂ, ਬਾਪ ਦੇ ਨਾਲ ਆਪਣੇ ਪਰਾਏ ਤਾਏ ’ਤੇ ਮਾਣ ਜਿਹਾ ਹੋਇਆ।

ਕਹਾਣੀ

# ਕਾਲਾ ਧੱਬਾ

## ਗੁਰਦਿਆਲ ਸਿੰਘ ਰਾਏ



ਗੁਰਦਿਆਲ ਸਿੰਘ ਰਾਏ

ਮੈਂ 'ਟੋਨੀ' ਦੇ ਨਾਲ ਮੁੱਖ ਹਾਲ ਵਿਚ ਪੈਰ ਰੱਖਿਆ ਤਾਂ ਮੇਰੀ ਨਜ਼ਰ ਸਿੱਧੀ ਸਾਹਮਣਲੀ ਕੰਧ ਉਤੇ ਪਈ। ਖੱਬੇ, ਸੱਜੇ, ਸਾਹਮਣੇ, ਗੱਲ ਕੀ ਸਭ ਪਾਸੇ ਕੰਧਾਂ ਉਤੇ ਵੱਖ-ਵੱਖ ਅਫ਼ਰੀਕਾ ਵਾਸੀ ਜੱਦੀ ਕਬੀਲਿਆਂ ਦੀਆਂ ਹੋ ਚੁੱਕੀਆਂ 'ਰਾਣੀਆਂ' ਦੀਆਂ ਰੰਗ-ਬਰੰਗੀਆਂ ਤਸਵੀਰਾਂ ਟੰਗੀਆਂ ਹੋਈਆਂ ਸਨ। ਉਹਨਾਂ ਦੇ ਨਾਲ ਹੀ ਅਫ਼ਰੀਕਾ ਤੋਂ ਗ਼ੁਲਾਮ ਬਣਾ ਕੇ ਲਿਆਂਦੀਆਂ ਨੌਜਵਾਨ ਮੁਟਿਆਰਾਂ, ਮੁੰਡੇ-ਕੁੜੀਆਂ ਅਤੇ ਸਿਹਤਮੰਦ ਹੱਟੇ-ਕੱਟੇ ਮਰਦਾਂ ਨੂੰ ਸੰਗਲਾਂ ਵਿਚ ਬੰਨ੍ਹ ਕੇ ਲਿਆਉਣ ਦੇ ਘਿਨਾਉਣੇ ਦ੍ਰਿਸ਼ ਸਨ। ਗ਼ੁਲਾਮਾਂ ਦੀ ਤਜ਼ਾਰਤ ਦੀਆਂ ਕੋਝੀਆਂ ਤਸਵੀਰਾਂ ਦੀ ਨੁਮਾਇਸ਼। ਬੰਦਾ, ਆਪਣੀ ਸਹੂਲੀਅਤ ਲਈ, ਬੰਦਿਆਂ ਦੀ ਖ਼ਰੀਦ-ਫ਼ਰੋਖਤ ਕਿੰਨੇ ਫਖ਼ਰ ਨਾਲ ਕਰ ਸਕਦਾ ਹੈ?

ਸੈਂਟਰ ਦੇ ਮੈਨੇਜ਼ਰ 'ਟੋਨੀ' ਦੇ ਦੱਸਣ ਤੇ ਹੀ, ਅੱਜ ਮੈਂ ਮੁੱਖ ਰੂਪ ਵਿਚ, ਇਹ ਨੁਮਾਇਸ਼ ਵੇਖਣ ਆਇਆ ਸਾਂ ਅਤੇ ਮੈਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਮੇਰੀ ਇਹ ਅੱਜ ਦੀ ਫੇਰੀ ਕਿਹੋ ਜਿਹਾ ਕਲ੍ਹ ਲੈ ਕੇ ਆਵੇਗੀ। ਕੌਣ ਜਾਣਦਾ ਹੈ ਕਿਹੋ ਜਿਹਾ ਅੱਜ ਆਵੇਗਾ ਕਲ੍ਹ ਨੂੰ? ਸ਼ਾਇਦ ਕੋਈ ਨਹੀਂ।

'ਟੋਨੀ' ਸ਼ਾਇਦ ਜ਼ਰਾ ਕਾਹਲੀ ਵਿਚ ਸੀ। ਉਸ ਆਖਿਆ: 'ਤੁਸੀਂ ਨੁਮਾਇਸ਼ ਵੇਖੋ ਅਤੇ ਲੋੜੀਂਦੇ 'ਨੋਟਸ' ਲੈ ਲਉ। ਜਦੋਂ ਵੇਹਲੇ ਹੋਏ ਦਫ਼ਤਰ ਆ ਜਾਇਉ। ਬਾਕੀ ਗੱਲ ਉਥੇ ਹੀ ਕਰਾਂਗੇ।

ਮੈਂ ਉਸਦਾ ਧੰਨਵਾਦ ਕਰਦਿਆਂ ਸਹਿਜ ਭਾਵ ਨਾਲ ਖੱਬੇ ਪਾਸੇ ਦੀ ਕੰਧ ਵਲ ਮੁੜਦਾ ਹਾਂ। ਅਤੇ ਸੱਚ ਪੁੱਛੋ ਤਾਂ ਇਹੀ 'ਮੁੜਨ' ਦੀ ਕਿਰਿਆ ਹੀ, ਮੇਰੀ ਸੋਚ ਨੂੰ ਇੱਕ ਨਵਾਂ ਮੋੜ ਦੇ ਗਈ। ਮੋੜਾਂ ਦੀ, ਜੀਵਨ ਵਿੱਚ ਕਿੰਨੀ ਕੁ ਮਹਾਨਤਾ ਹੈ? ਮੋੜ, ਵੰਗਾਰਦੇ ਹਨ, ਲਲਕਾਰਦੇ ਹਨ, ਦੁਰਕਾਰਦੇ ਹਨ ਅਤੇ ਅਕਸਰ ਧਿਰਕਾਰਦੇ ਹੋਏ ਉਡੀਕਦੇ ਹਨ। ਪਤਾ ਨਹੀਂ ਮੋੜ ਬੰਦੇ ਦੀ ਸੋਚ 'ਤੇ ਨਿਰਭਰ ਹਨ ਕਿ ਸੋਚ ਮੋੜਾਂ 'ਤੇ?

ਸੋਚਿਆ, ਸ਼ਾਇਦ ਇਕ ਪਾਸੇ ਤੋਂ ਆਰੰਭ ਕਰਾਂ ਤਾਂ ਠੀਕ

ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ -(ਅਗਲੇ ਸਫ਼ੇ ’ਤੇ)

ਰਹੇ। ਹਰ ਤਸਵੀਰ ਉੱਪਰ ਸਿਰਲੇਖ ਵੀ ਸਨ ਅਤੇ ਹੇਠਾਂ ਲੋੜੀਂਦਾ ਵੇਰਵਾ ਵੀ। ਵੱਖ ਵੱਖ ਤਰੀਕਾਂ ਅਨੁਸਾਰ, ਗੱਠੇ ਹੋਏ, ਨੰਗੇ ਅਤੇ ਅਰਧ ਨੰਗੇ ਸਰੀਰਾਂ ਵਾਲੀਆਂ ਇਹ ਅਫਰੀਕਨ ਰਾਣੀਆਂ ਆਪਣੇ ਆਪ ਵਿਚ ਇਕ ਤਰ੍ਹਾਂ ਦਾ 'ਗ੍ਰੇਸ' ਲੁਕਾਈ ਖਿਚ੍ਹ ਦਾ ਕਾਰਨ ਸਨ। ਗ਼ਲਾਮਾਂ ਦੇ ਨੰਗ-ਧੜੰਗੇ ਸਰੀਰ, ਸੰਗਲਾਂ ਨਾਲ ਬੱਝੇ ਹੋਣ ਦੇ ਬਾਵਜੂਦ, ਇੱਕ ਤਰ੍ਹਾਂ ਦੀ ਵਿਲੱਖਣਤਾ ਦਾ ਆਭਾਸ ਦੇ ਰਹੇ ਸਨ। ਮੈਂ ਆਪਣਾ ਬਰੀਫ ਕੇਸ ਖੋਲ੍ਹ ਕੇ ਪੈਂਨ ਅਤੇ ਨੋਟ-ਬੁੱਕ ਕੱਢ ਕੇ ਲਿਖਣਾ ਆਰੰਭਿਆ ਹੀ ਸੀ ਕਿ ਇਕ ਭਾਰੀ-ਤਿੱਖੀ ਕੁਰੱਖਤ 'ਪੇਂਡੂ ਪੰਜਾਬੀ' ਆਵਾਜ਼ ਪਈ: 'ਬੁੜ੍ਹਿਆ! ਇਹ ਕੀ ਵੇਖਦਾ ਏਂ?'

ਚੌਂਕਦਾ ਹਾਂ। ਮੈਂ ਨਾ ਤਾਂ ਅਜਿਹੇ ਸੁਆਲਾਂ ਦਾ ਹੀ ਆਦੀ ਹਾਂ ਅਤੇ ਨਾ ਹੀ ਅਜਿਹੀ ਕੁਰੱਖਤ ਬੋਲੀ ਦਾ ਹੀ। ਜ਼ਰਾ ਕ੍ਰੋਧਿਤ ਹੁੰਦਿਆਂ ਆਪਣੇ ਲਈ ਵਰਤੇ ਗਏ ਵਿਸ਼ੇਸ਼ਣ 'ਬੁੜ੍ਹਿਆ' ’ਤੇ ਵਿਚਾਰ ਕਰਦਾ ਹਾਂ। ਕੀ ਮੈਂ ਸੱਚਮੁੱਚ ਹੀ ਬੁੜ੍ਹਾ ਹੋ ਗਿਆ ਹਾਂ? ਮੈਂ ਉਸ ਪਾਸੇ ਤੱਕਦਾ ਹਾਂ ਜਿੱਧਰੋਂ ਆਵਾਜ਼ ਆਈ ਸੀ। ਵੇਖਿਆ ਤਾਂ ਵੇਖਦਾ ਹੀ ਰਹਿ ਗਿਆ। ਇੱਧਰ ਕੰਧ ਉਤੇ ਲੱਗੀਆਂ ਤਸਵੀਰਾਂ ਵਾਂਗ ਹੀ ਉਸ ਪਾਸੇ ਦੀ ਕੰਧ ਉਤੇ ਵੀ ਤਸਵੀਰਾਂ ਟੰਗੀਆਂ ਹੋਈਆਂ ਸਨ ਅਤੇ ਉਹ, ਉਹਨਾਂ ਤਸਵੀਰਾਂ ਦੀ ਛਾਵੇਂ, ਠੀਕ ਹੇਠਾਂ ਵਾਲੇ ਪਾਸੇ ਆਰਾਮ ਕੁਰਸੀ ਤੇ ਬੈਠੀ, ਬੈਠੀ ਵੀ ਕਾਹਦੀ, ਲੰਮੀ ਲੇਟੀ ਹੋਈ, ਸਾਹਮਣੇ ਪਏ ਬੈਂਚ ਉਤੇ ਲੱਤਾਂ ਪਸਾਰੀ, ਪਈ ਸੀ। ਪੱਲ ਦੀ ਪੱਲ ਤਾਂ ਭਾਸਿਆ, ਸ਼ਾਇਦ ਕੰਧ ਉਤੇ ਟੰਗੀ ਹੋਈ ਤਸਵੀਰ ਵਿਚਲੀ ਕੋਈ ਅਫਰੀਕਨ ਕਬੀਲੇ ਦੀ ਰਾਣੀ ਜਾਂ ਵਿਕਰੀ ਲਈ ਲਿਆਂਦੀ ਅਰਧ-ਨੰਗੀ ਨੱਢੀ ਪਈ ਹੋਵੇ। ਭਾਰੀ-ਭਰਕਮ ਸਰੀਰ ਵਾਲੀ, ਕਪੜਿਆਂ ਤੋਂ ਬਾਹਰ ਝਾਕਦੇ, ਭਾਰੇ ਭਾਰੇ ਗਦਰਾਏ ਅੰਗ, ਗੋਲ-ਮਟੋਲ ਜਿਹੀ, ਕਣਕ ਰੰਗੀ ਪਰ ਜ਼ਰਾ ਮਟ-ਮੈਲੀ। ਮੋਟੀਆਂ ਮੋਟੀਆਂ, ਹਿਰਨੀ ਵਰਗੀਆਂ ਅੱਖਾਂ, ਐਨਕਾਂ ਦੇ ਸ਼ੀਸ਼ਿਆਂ ਵਿਚੀਂ ਵੀ ਖੌਰੂ ਪਾਂਦੀਆਂ, ਨੱਚਦੀਆਂ-ਟੱਪਦੀਆਂ। ਪਤਾ ਨਹੀਂ ਕਿਉਂ ਹਾਲ ਵਿਚ ਦਾਖ਼ਲ ਹੋਣ ਸਮੇਂ ਉਹ ਮੇਰੀ ਨਜ਼ਰ ਨਾ ਪਈ? ਸੋਚਦਾ ਹਾਂ, ਇਹ ਨਜ਼ਰ ਵੀ ਕੁਦਰਤ ਦੀ 'ਕਿਆ ਵਿਸ਼ੇਸ਼ ਦੇਣ' ਹੈ। ਇੱਕੋ ਹੀ ਨਜ਼ਰ ਵਿੱਚ ਬੰਦਾ ਕਿੰਨਾ-ਕੁਝ ਵੇਖ-ਸਮੇਟ ਲੈਂਦਾ ਹੈ।

ਇਸਤੋਂ ਪਹਿਲਾਂ ਕਿ ਮੈਂ ਉਸ ਪਾਸ ਪੁੱਜਦਾ ਜਾਂ ਉਸਦੇ ਸੁਆਲ ਦਾ ਜਵਾਬ ਦਿੰਦਾ। ਉਸਨੇ ਮੇਰੇ ਜਵਾਬ ਦੀ ਉਡੀਕ ਕੀਤੇ ਬਿਨਾਂ ਹੀ, ਅੱਖਾਂ ਮਟਕਾਈਆਂ ਅਤੇ ਹਵਾ ਵਿਚ ਹੱਥ ਲਹਿਰਾਉਂਦਿਆਂ ਪਹਿਲਾਂ ਵਾਂਗ ਹੀ ਹੋਰ ਸੁਆਲ ਦਾਗਿਆ: 'ਕੰਧਾਂ ’ਤੇ ਇਹ ਕੀ ਵਿਹੰਦਾ ਏਂ?'

ਮੈਂ ਸ਼ੁਕਰ ਕਰਦਾ ਹਾਂ ਕਿ ਉਸਨੇ ਇਸ ਵਾਰ 'ਬੁੜ੍ਹਿਆ' ਵਿਸ਼ੇਸ਼ਣ ਨਹੀਂ ਸੀ ਵਰਤਿਆ।

ਹੁਣ ਮੈਂ ਕੁਝ ਸੰਭਲ ਜਾਂਦਾ ਹਾਂ। ਸਹਿਜ ਕਦਮੀਂ ਉਸ ਪਾਸ ਪੁੱਜਦਾ ਹਾਂ। ਪਹਿਲਾਂ 'ਹੈਲੋ!' ਕਹਿੰਦਾ ਹਾਂ ਅਤੇ ਫਿਰ ਦੱਸਦਾ ਹਾਂ ਕਿ ਮੈਂ ਇੱਥੇ ਅੱਜ ਨਵਾਂ ਹੀ ਆਇਆ ਹਾਂ। ਲਿਖਦਾ ਹਾਂ। ਮੈਨੂੰ ਇੰਨ੍ਹਾਂ 'ਅਫਰੀਕਨ ਕਾਲਿਆਂ ਅਤੇ ਇਹਨਾਂ ਦੇ ਕਬੀਲਿਆਂ ਦੀਆਂ ਰਾਣੀਆਂ ਅਤੇ ਗ਼ੁਲਾਮਾਂ ਦੀਆਂ ਤਸਵੀਰਾਂ ਦੀ ਨੁਮਾਇਸ਼' ਬਾਰੇ ਪਤਾ ਲੱਗਿਆ ਸੀ ਅਤੇ ਮੈਂ ਉਹਨਾਂ ਸੰਬੰਧੀ ਹੀ ਜਾਣਕਾਰੀ ਇਕੱਠੀ ਕਰ ਰਿਹਾ ਹਾਂ।

ਪਰ ਉਸ ਨੇ ਮੇਰੀ ਗੱਲ ਵਲਾਂ ਰਤਾ ਵੀ ਧਿਆਨ ਦਿੱਤੇ ਬਿਨਾਂ ਹੀ ਹੋਰ ਸੁਆਲ ਦਾਗਿਆ: 'ਨਾ ਮੈਂ ਪੁੱਛਦੀ ਹਾਂ ਇਹਨਾਂ ਕਾਲੀਆਂ-ਕਲੂਟੀਆਂ ਨੰਗੀਆਂ ਤਸਵੀਰਾਂ ਵਿਚੋਂ ਤੂੰ ਕੀ ਲੱਭ ਰਿਹਾ ਏਂ?'

ਮੈਂ ਸਚਮੁੱਚ ਹੀ ਉਸਦੇ ਇਸ ਸੁਆਲ ਤੋਂ ਬੌਖ਼ਲਾ ਜਿਹਾ ਜਾਂਦਾ ਹਾਂ। ਭਲਾ ਮੈਂ ਇਹਨਾਂ ਨੰਗੀਆਂ ਅਤੇ ਅਰਧ-ਨੰਗੀਆਂ ਤਸਵੀਰਾ ਵਿੱਚੋਂ ਕੀ ਲੱਭ ਰਿਹਾ ਹਾਂ? ਸ਼ਾਇਦ ਮਨੁੱਖ ਹੋਣ ਕਾਰਨ ਇਹ ਮੇਰੀ ਮਨੁੱਖੀ-ਫਿਤਰਤ ਦਾ ਨਤੀਜਾ ਹੀ ਹੋਵੇ? ਮਨੁੱਖੀ ਖਾਸਾ ਜੁ ਹੋਇਆ? ਮੈਨੂੰ ਲੱਗਿਆ ਕਿ ਸ਼ਾਇਦ ਮੈਂ ਇਹਨਾਂ ਤਸਵੀਰਾਂ ਨੂੰ ਇੰਨੀ ਗਹੁ ਨਾਲ ਵੇਖ ਕੇ ਕੋਈ ਗੁਨਾਹ ਕਰ ਰਿਹਾ ਹੋਵਾਂ। ਮੈਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਇੱਥੇ ਮੈਨੂੰ ਹੀ ਆਪਣੇ ਕੰਮ ਸਬੰਧੀ ਕੋਈ ਇੰਟਰਵੀਊ ਦੇਣਾ ਪਵੇਗਾ। ਛਿੱਥਾ ਜਿਹਾ ਪਿਆ, ਮੈਂ ਸ਼ਿਸ਼ਟਾਚਾਰ ਦੇ ਨਾਤੇ ਆਪਣੇ ਆਪ ਉਤੇ ਕਾਬੂ ਰੱਖਦਿਆਂ ਜਵਾਬ ਦਿੰਦਾ ਹਾਂ: 'ਮੈਂ ਇਹਨਾਂ ਅਫਰੀਕਨ ਰਾਣੀਆਂ ਦਾ ਪਿਛੋਕੜ ਜਾਨਣਾ ਚਾਹੁੰਦਾ ਹਾਂ। ਇਹ ਕੌਣ ਸਨ? ਕਿੱਥੇ ਦੀਆਂ ਰਾਣੀਆਂ ਸਨ? ਇਹਨਾਂ ਨੇ ਕੀ ਕੀ ਕੀਤਾ? ...ਇਹਨਾਂ ਗ਼ਲਾਮ ਕਾਲਿਆਂ ਨਾਲ ਕੀ ਕੀ ਵਾਪਰਿਆ?'

'ਲੈ ਇਹਨਾਂ ਕਾਲੀਆਂ ਕਲੂਟੀਆਂ ਕਾਗ਼ਜ਼ 'ਤੇ ਵਾਹੀਆਂ ਤੀਵੀਆਂ ਨੇ ਕੀ ਕੀਤਾ ਹੋਊ? ਆਮ ਤੀਵੀਆਂ ਵਰਗੀਆਂ ਹੀ ਦਿਸਦੀਆਂ ਹਨ ਨਾ। ਇਹਨਾਂ ਦਾ ਕੀ ਵੇਖਣਾ? ਇਹਨਾਂ ਨੇ ਕੀ ਕੀਤਾ ਹੋਊ ਜੋ ਅਸੀਂ ਨਹੀਂ ਕੀਤਾ? ...ਹੋਰ ਕੀ? ਵੇਖਣਾ ਹੈ ਤਾਂ ਮੇਰੇ ਵਰਗੀਆਂ ਜਿਉਂਦੀਆਂ ਜਾਗਦੀਆਂ ਨੂੰ ਵੇਖ। ਇਹਨਾਂ ਤਸਵੀਰਾਂ ਨੇ ਕਿਹੜਾ ਬੋਲਣਾ ਏ? ਮੈਨੂੰ ਵੇਖ, ਮੇਰੇ ਨਾਲ ਗੱਲਾਂ ਕਰ। ਮੈਂ, ਤੈਨੂੰ ਦਸਦੀ ਹਾਂ ਕਿ ਅਸਾਂ ਗ਼ੁਲਾਮ ਤੀਵੀਆਂ ਨਾਲ ਇਸ ਸੰਸਾਰ ਵਿਚ ਕੀ ਕੀ ਵਾਪਰਦਾ ਹੈ। ਮੇਰੇ ਨਾਲ ਕੀ ਕੀ ਵਾਪਰਿਆ।' ਉਸ ਨੇ ਪਹਿਲਾਂ ਵਰਗੀ ਹੀ ਲਾ ਪਰਵਾਹੀ ਨਾਲ ਮੈਨੂੰ ਝਿੜਕੀ ਜਿਹੀ ਦਿੰਦਿਆਂ ਝੰਝੋੜ ਵੀ ਦਿੱਤਾ ਅਤੇ ਨਾਲ ਹੀ ਗੱਲਾਂ ਕਰਨ ਲਈ ਸੱਦਾ ਵੀ ਦਿੱਤਾ।

ਮੈਂ ਉਸ ਵਲਾਂ ਤੱਕਦਾ ਹੀ ਰਹਿ ਜਾਂਦਾ ਹਾਂ। ਮੇਰੇ ਮੂੰਹ ਨੂੰ ਜਿਵੇਂ ਪਲ ਦੀ ਪਲ ਜੰਦਰਾ ਵਜ ਗਿਆ ਹੋਵੇ। ਸਮਝ ਹੀ ਨਹੀਂ ਸੀ ਪੈ ਰਹੀ ਕਿ ਕੀ ਜਵਾਬ ਦੇਵਾਂ ਅਤੇ ਕੀ ਨਾ? ਜਵਾਬ ਵੀ ਇੱਕ ਜਾਣ-ਪਹਿਚਾਣ ਤੋਂ ਸੱਖਣੀ ਔਰਤ ਜ਼ਾਤ ਨੂੰ। ਮੈਂ ਹਾਲਾਂ ਇਸੇ ਕਸ਼ਮਕਸ਼ ਵਿਚ ਹੀ ਸਾਂ ਕਿ ਚੰਗੇ ਭਾਗੀਂ 'ਟੋਨੀ' ਆ ਗਿਆ। ਸ਼ਾਇਦ ਉਸ ਨੇ, ਹਾਲ ਦੇ ਨਾਲ ਹੀ ਦਫ਼ਤਰ ਹੋਣ ਕਾਰਨ, ਸਾਡੀ ਗਲਬਾਤ ਸੁਣ ਲਈ ਸੀ ਜਾਂ ਉਂਝ ਹੀ ਆਇਆ ਸੀ। ਇਸ਼ਾਰੇ ਨਾਲ ਉਸ ਨੇ ਮੈਨੂੰ ਇਕ ਪਾਸੇ ਸੱਦ ਕੇ ਦੱਸਿਆ: 'ਇਹ ਪਰਸਿੰਨੀ ਆਂਟੀ ਹੈ। ਇਸਦਾ ਦਿਮਾਗ਼ ਠੀਕ ਨਹੀਂ ਇਸ ਲਈ ਅਵਾ-ਤਬਾ ਬੋਲਦੀ ਰਹਿੰਦੀ ਹੈ। ਤੁਸੀਂ ਉਸ ਦੀਆਂ ਗੱਲਾਂ ਵਲ ਕੋਈ ਧਿਆਨ ਨਾ ਦਿਉ। ਆਉ, ਚਾਹ ਤਿਆਰ ਹੈ, ਪਹਿਲਾਂ ਚਾਹ ਪੀ ਲਉ। ਬਾਕੀ ਰਹਿੰਦਾ ਕੰਮ ਫਿਰ ਕਰ ਲੈਣਾ।'

ਮੈਂ 'ਟੋਨੀ' ਦੀ ਗੱਲ ਸੁਣ ਲੈਂਦਾ ਹਾਂ। ਸੋਚਦਾ ਹਾਂ: ਇਸਦਾ ਦਿਮਾਗ਼ ਤਾਂ ਠੀਕ ਹੀ ਲੱਗਦਾ ਹੈ। ਚੰਗੀਆਂ ਭਲੀਆਂ ਗੱਲਾਂ ਕਰ ਰਹੀ ਹੈ। ਫਿਰ ਵੀ ਇੱਕ ਤਰ੍ਹਾਂ ਨਾਲ ਪਰਸੰਨ ਹਾਂ ਕਿ ਟੋਨੀ ਨੇ ਸਮੇਂ ਸਿਰ ਬੌਹੜ ਕੇ ਮੈਨੂੰ ਹਾਲ ਦੀ ਘੜੀ 'ਪਰਸਿੰਨੀ' ਦੇ ਸੁਆਲਾਂ ਦਾ ਜਵਾਬ ਦੇਣ ਤੋਂ ਬਚਾ ਲਿਆ। ਇਹ ਮੇਰੀ ਪਰਸਿੰਨੀ ਨਾਲ ਪਹਿਲੀ ਮੁਲਾਕਾਤ ਸੀ। ਪਰ ਮੈਂ ਉਸ ਨਾਲ, ਉਸ ਵਲੋਂ ਗੱਲਾਂ ਕਰਨ ਦੇ ਸੱਦੇ ਸਬੰਧੀ ਸੋਚ ਰਿਹਾ ਸਾਂ। ਚਾਹ ਪੀਂਦਿਆਂ ਵੀ ਮੈਂ 'ਪਰਸਿੰਨੀ' ਦੀਆਂ

ਕੋਈ ਕਾਲ਼ਾ ਗੋਰਾ ਭੂਰਾ ਤੇ ਪੀਲ਼ਾ ਨਹੀਂ।
ਸਿਰਫ਼ ਤੇ ਸਿਰਫ਼ ਇਨਸਾਨ -(ਅਗਲੇ ਸਫ਼ੇ ’ਤੇ)

ਗੱਲਾਂ ਨੂੰ ਆਪਣੇ ਜ਼ਹਿਨ 'ਚੋਂ ਨਾ ਕੱਢ ਸਕਿਆ ਅਤੇ ਮੇਰਾ ਮਨ ਕਹਿ ਰਿਹਾ ਸੀ ਕਿ ਪਰਸਿੰਨੀ ਦੀ ਇਸ ਹਾਲਤ ਪਿੱਛੇ ਜ਼ਰੂਰ ਹੀ ਕਿਸੇ ਵਿਸ਼ੇਸ਼ 'ਹੋਣੀ' ਦਾ ਹੱਥ ਹੋਵੇਗਾ। ਸ਼ਾਇਦ ਉਹ ਮੈਨੂੰ ਕੁੱਝ ਦੱਸਣਾ ਚਾਹੁੰਦੀ ਹੋਵੇ। ਚਾਹ ਪੀਣ ਉਪਰੰਤ ਮੈਂ ਟੋਨੀ ਨੂੰ ਪੁਛਿਆ: 'ਕੀ ਤੁਸੀਂ 'ਪਰਸਿੰਨੀ' ਦੇ ਪਿਛੋਕੜ ਸਬੰਧੀ ਕੁੱਝ ਦਸ ਸਕਦੇ ਹੋ?'

ਉਸਨੇ ਮੇਰੇ ਵਲਾਂ ਹੈਰਾਨੀ ਭਰੀਆਂ ਨਜ਼ਰਾਂ ਨਾਲ ਤੱਕਿਆ ਅਤੇ ਫਿਰ ਸ਼ਾਇਦ ਮੇਰੀ ਉਤਸੁਕਤਾ ਵੇਖ ਕੇ ਜਾਂ ਉਂਝ ਹੀ, ਦਰਾਜ 'ਚੋਂ ਇਕ ਫਾਈਲ ਕੱਢ ਕੇ ਕੁਝ ਵਰਕੇ ਫਰੋਲੇ ਅਤੇ ਫਿਰ ਬੋਲਿਆ: 'ਇਹ ਕੌਂਸਲ ਦੇ ਫਲੈਟ ਵਿਚ ਇਕੱਲੀ ਰਹਿੰਦੀ ਹੈ। ਪਤੀ ਗੁਜ਼ਰ ਚੁੱਕਿਆ ਹੈ। ਇੱਕ ਪੁੱਤਰ ਅਤੇ ਇਕ ਧੀ ਹੈ। ਪੁੱਤਰ ਨੇ ਗੋਰੀ ਨਾਲ ਵਿਆਹ ਕਰਵਾ ਲਿਆ ਅਤੇ ਧੀ ਕਿਸੇ 'ਕਾਲੇ' ਅਫਰੀਕਨ ਨਾਲ ਰਹਿੰਦੀ ਹੈ। 'ਪਰਸਿੰਨੀ' ਨੂੰ ਸੋਸ਼ਲ ਵਰਕਰ ਨੇ ਹੀ ਇੱਥੇ ਸਾਡੇ ਪਾਸ ਭੇਜਿਆ ਹੈ। ਹਫ਼ਤੇ ਦੇ ਪੰਜੇ ਦਿਨ ਹੀ ਇੱਥੇ ਆਉਂਦੀ ਹੈ। ਦਿਨ ਦੇ ਛੇ-ਸੱਤ ਘੰਟੇ ਇੱਥੇ ਰਹਿੰਦੀ ਹੈ।'

'ਕੀ ਪਰਸਿੰਨੀ ਪਾਗਲ ਹੈ?'

'ਸ਼ਾਇਦ ਹਾਂ, ਸ਼ਾਇਦ ਨਹੀਂ।'

'ਕੀ ਮਤਲਬ?'

'ਆਮ ਤੌਰ ਤੇ ਤਾਂ ਇਸਦਾ ਵਿਵਹਾਰ ਬਹੁਤ ਚੰਗਾ ਹੁੰਦਾ ਹੈ। ਸਾਰਿਆਂ ਨਾਲ ਘੁੱਲਮਿਲ ਕੇ ਰਹਿੰਦੀ ਹੈ ਪਰ ਜਦੋਂ ਕਦੇ ਉਦਾਸੀ ਵਿਚ ਹੋਵੇ ਤਾਂ ਜ਼ਰਾ 'ਮੂਡੀ' ਜਿਹੀ ਹੋ ਕੇ ਚਿੜਚਿੜੀ ਹੋ ਜਾਂਦੀ ਹੈ। ਫਿਰ ਕਈ ਕੁਝ ਅਵਾ-ਤਵਾ ਬੋਲਦੀ ਰਹਿੰਦੀ ਹੈ। 'ਲਾਲ ਮਿਰਚਾਂ' ਦੀ ਗੱਲ ਕਰਦੀ ਹੈ। ਆਪਣੇ ਪਹਾੜੀ ਮਾਪਿਆਂ ਨੂੰ ਗਾਲਾਂ ਕੱਢਦੀ ਹੈ। ਜਾਂ ਚੁੱਪ ਹੀ ਰਹਿੰਦੀ ਹੈ। ਇਸੇ ਕਾਰਨ ਹੀ ਬਾਕੀ ਕਲਾਇੰਟ ਜਾਂ ਸਮਾਜ-ਸੇਵੀ ਇਸਨੂੰ ਬਹੁਤਾ ਬੁਲਾਉਂਦੇ ਨਹੀਂ।'

'ਕੀ ਸਮਾਜ-ਸੇਵਿਕਾਵਾਂ ਇਸ ਨਾਲ ਬਿਲਕੁਲ ਹੀ ਗਲ-ਬਾਤ ਨਹੀਂ ਕਰਦੀਆਂ?'

'ਥੋੜੀ ਬਹੁਤ ਗਲਬਾਤ ਤਾਂ ਕਰਦੀਆਂ ਹਨ ਪਰ ਹਰ 'ਕਲਾਇੰਟ' ਨਾਲ ਸਾਰਾ ਦਿਨ ਤਾਂ ਬੈਠ ਕੇ ਗੱਲਾਂ ਨਹੀਂ ਕਰ ਸਕਦੀਆਂ। ਇਹਨਾਂ ਪਾਸ ਸਮਾਂ ਹੀ ਕਿੰਨਾ ਕੁ ਹੁੰਦਾ ਹੈ? ਸਭ ਨੂੰ ਪਲ ਦੋ ਪਲ, ਹਿੱਸੇ ਆਉਂਦਾ ਸਮਾਂ ਹੀ ਦਿੱਤਾ ਜਾ ਸਕਦਾ ਹੈ। ਸਭ ਦੀ ਦੇਖ-ਭਾਲ ਕਰਨ, ਲੋੜਾਂ-ਥੋੜਾਂ ਪੂਰੀਆਂ ਕਰਨ, ਪਾਣੀ-ਧਾਣੀ ਪਿਲਾਉਣ ਅਤੇ ਬਾਥਰੂਮ ਲੈ ਕੇ ਜਾਣ-ਲਿਆਉਣ ਦੇ ਨਾਲ ਹੀ ਨਾਲ ਭੋਜਨ ਆਦਿ ਤਿਆਰ ਕਰਨ ਅਤੇ ਵਰਤਾਉਣ ਦਾ ਪਰਬੰਧ ਵੀ ਕਰਨਾ ਪੈਂਦਾ ਹੈ।'

ਮੈਂ 'ਟੋਨੀ' ਦੀ ਹਾਮੀ ਭਰਦਿਆਂ ਉਸਦੀਆਂ ਪਰਬੰਧਕੀ ਔਕੜਾਂ ਦੀ 'ਸਮਝ ਆ ਗਈ' ਦਾ ਯਕੀਨ ਦਿਵਾਉਂਦਿਆਂ ਪੁੱਛਦਾ ਹਾਂ: 'ਜੇਕਰ ਤੁਹਾਡੀ ਆਗਿਆ ਹੋਵੇ ਤਾਂ ਕੀ ਮੈਂ 'ਪਰਸਿੰਨੀ' ਨਾਲ ਕੁਝ ਮੁਲਾਕਾਤਾਂ ਕਰਕੇ ਗਲਬਾਤ ਕਰ ਸਕਦਾ ਹਾਂ?' ਮੇਰੇ ਜ਼ਹਿਨ ਵਿੱਚ ਪਰਸਿੰਨੀ ਦਾ 'ਗੱਲਾਂ ਕਰਨ ਲਈ ਦਿੱਤਾ ਗਿਆ ਸੱਦਾ' ਕੁਰਬਲ ਕੁਰਬਲ ਕਰ ਰਿਹਾ ਸੀ।

ਟੋਨੀ ਨੇ ਸਿਰ ਖੁਰਕਦਿਆਂ ਪਹਿਲਾਂ ਤਾਂ ਕੁਝ ਜਕੋ-ਤੱਕੀ ਕੀਤੀ ਪਰ ਫਿਰ ਬੋਲਿਆ: 'ਇੱਕ ਕਾਨੂੰਨੀ ਦਿੱਕਤ ਹੈ।'

'ਕੀ?'

'ਤੁਸੀਂ ਸਾਡੀ ਸੰਸਥਾ ਦੇ ਕਾਰਿੰਦੇ ਨਹੀਂ। ਕੋਈ ਸੋਸ਼ਲ ਵਰਕਰ ਨਹੀਂ।'

'ਤਾਂ ਫਿਰ ਕੀ ਹੋ ਸਕਦਾ ਹੈ?' ਮੈਂ ਜਾਨਣਾ ਚਾਹਿਆ।

'ਜੇਕਰ ਤੁਸੀਂ 'ਵਾਲੰਟਰੀ' ਤੌਰ ਤੇ ਸਾਡੀ ਸੰਸਥਾ ਵਿਚ ਆ ਕੇ ਦੋ ਕੁ ਘੰਟੇ ਰੋਜ਼ਾਨਾ ਘੱਟੋ-ਘੱਟ ਹਫ਼ਤੇ ਵਿਚ ਦੋ ਜਾਂ ਤਿੰਨ ਦਿਨ ਸੇਵਾ ਵਜੋਂ ਕੰਮ ਕਰਨਾ ਚਾਹੋ ਤਾਂ ਸਾਡੀ 'ਸੰਸਥਾ ਦੇ ਆਰਜ਼ੀ ਵਾਲੰਟਰੀ ਵਰਕਰ' ਦਾ ਬੇਨਤੀ-ਪੱਤਰ ਭਰ ਦਿਉ। ਕਮੇਟੀ ਤੋਂ ਪਰਵਾਨਗੀ ਮਿਲਣ ਮਗਰੋਂ ਤੁਸੀਂ ਸਾਡੀ ਟੀਮ ਦੇ ਵਾਲੰਟਰੀ ਮੈਂਬਰ ਬਣ ਜਾਉਗੇ ਅਤੇ ਇੰਝ ਤੁਸੀਂ 'ਪਰਸਿੰਨੀ' ਜਾਂ ਹੋਰ 'ਕਲਾਇੰਟਸ' ਨਾਲ ਸੰਪਰਕ ਕਰ ਸਕੋਗੇ, ਗਲਬਾਤ ਕਰ ਸਕੋਗੇ।'

'ਟੋਨੀ' ਦੀ ਗੱਲ ਸਹੀ ਲੱਗਣ ਦੇ ਬਾਵਜੂਦ ਵੀ ਮੈਨੂੰ ਭਾਸਿਆ ਕਿ ਉਹ ਕਾਨੂੰਨੀ ਅੜਚਨ ਦੀ ਗੱਲ ਕੇਵਲ 'ਸੰਸਥਾ' ਲਈ ਇਕ 'ਮੁਫ਼ਤ' ਦਾ ਕਾਮਾ ਭਾਲਣ ਦੀ ਆੜ ਵਿਚ ਹੀ ਕਰ ਰਿਹਾ ਹੈ। ਮੈਂ ਵਿਹਲਾ ਸਾਂ, ਕੰਮ ਦੀ ਭਾਲ ਵਿਚ ਵੀ ਸਾਂ, ਸੋਚਿਆ ਜੇ ਹੋਰ ਕੁਝ ਨਹੀਂ ਤਾਂ 'ਵਾਲੰਟਰੀ' ਹੀ ਸਹੀ' ਘੱਟੋ-ਘੱਟ ਇਕ ਵੱਖਰੀ ਕਿਸਮ ਦੇ ਕੰਮ ਦਾ ਤਜ਼ਰਬਾ ਹੀ ਮਿਲੇਗਾ।

ਮੈਂ ਵਾਲੰਟਰੀ ਕੰਮ ਦੀ ਹਾਮੀ ਭਰ ਕੇ, ਬੇਨਤੀ-ਪੱਤਰ ਭਰ ਦਿੱਤਾ। ਟੋਨੀ ਨੇ ਆਖਿਆ ਕਿ ਉਹ ਇੱਕ ਦੋ ਦਿਨਾਂ ਵਿਚ ਕਮੇਟੀ ਪਾਸੋਂ ਆਗਿਆ ਲੈ ਲਵੇਗਾ ਅਤੇ ਮੈਂ ਪਰਸੋਂ ਤੋਂ ਕੰਮ ਤੇ ਆਉਣਾ ਆਰੰਭ ਕਰ ਦਿਆਂ।

***

ਬੁੱਧਵਾਰ ਜਦੋਂ ਸਾਢੇ ਨੌਂ ਬਜੇ ਦੇ ਕਰੀਬ ਸੈਂਟਰ ਪੁੱਜਿਆ ਤਾਂ ਸਮਾਜ-ਸੇਵੀ ਸ਼ਕੁੰਤਲਾ ਨੇ ਦੱਸਿਆ ਕਿ ਵੈਨ ਡਰਾਈਵਰ ਬੀਮਾਰ ਹੋਣ ਕਾਰਨ ਅੱਜ ਕੰਮ ਤੇ ਨਹੀਂ ਆਇਆ। ਇਸ ਲਈ ਟੋਨੀ ਨੂੰ 'ਕਲਾਇੰਟਸ' ਲਿਆਉਣ ਲਈ ਖ਼ੁਦ ਹੀ ਜਾਣਾ ਪਿਆ ਹੈ। ਦਸ ਬਜੇ ਤਕ ਸਾਰੇ ਆ ਜਾਣਗੇ। ਸੋਚਿਆ ਸਮਾਂ ਹੈ ਕਿਉਂ ਨਾ 'ਤਸਵੀਰਾਂ ਦੀ ਅਧੂਰੀ ਰਹਿ ਗਈ ਨੁਮਾਇਸ਼ ਹੀ ਵੇਖ ਲਈ ਜਾਵੇ। ਮੈਂ ਸਿੱਧਾ ਮੁੱਖ ਹਾਲ ਵਿਚ ਪੁੱਜਿਆ। ਮੇਰੀ ਨਜ਼ਰ ਇਕ ਪੋਸਟਰ ਉਤੇ ਜਾ ਪਈ। ਮੋਟੇ ਮੋਟੇ ਕਾਲੇ ਅੱਖਰਾਂ ਵਿਚ ਸਿਰਲੇਖ ਸੀ: 'ਇੱਟ ਵਾਜ਼ ਏ ਬਲੈਕਿਸਟ ਸਟੇਨ ਔਨ ਹਿਊਮੈਨਿਟੀ।

'ਬਲੈਕਿਸਟ ਸਟੇਨ?' ਕਾਲਾ ਧੱਬਾ? ਮਨੁੱਖਤਾ ਉਤੇ ਕਾਲਾ ਧੱਬਾ? ਇੰਨੀਆਂ ਸੁੰਦਰ 'ਕਾਲੀਆਂ' ਨੱਢੀਆਂ ਦੀਆਂ ਤਸਵੀਰਾਂ ਵਿਚਕਾਰ 'ਕਾਲਾ ਧੱਬਾ?'

ਹਾਂ 'ਕਾਲਾ ਧੱਬਾ' ਹੀ ਤਾਂ ਸੀ।

ਸਾਹਮਣੇ ਇੱਕ ਤਸਵੀਰ ਉਹਨਾਂ ਸਵਾ ਚਾਰ ਸੌ 'ਕਾਲੇ' ਗ਼ੁਲਾਮਾਂ ਦੀ ਸੀ, ਜਿਹਨਾਂ ਨੂੰ ਜਹਾਜ਼ ਦੀ ਹੇਠਲੀ ਡੈੱਕ ਅਤੇ ਸ਼ੈਲਫ਼ਾਂ ਉਤੇ ਸਾਮਾਨ ਵਾਂਗ ਲੱਦ ਕੇ, ਇੰਗਲੈਂਡ ਦੇ ਸਿਪਾਹੀ, ਅਗ੍ਹਾਂ ਵੇਚਣ ਵਾਸਤੇ ਸਤਾਰਾਂ ਸਤੰਬਰ ਸੰਨ ਸਤਾਰਾਂ ਸੌ ਵਾਲੇ ਦਿਨ, ਖਰੀਦ ਕੇ ਲਿਆਏ।

ਮੇਰੀ ਕਲਮ ਨੇ, ਦੁੱਧ ਚਿੱਟੇ ਕਾਗ਼ਜ਼ 'ਤੇ, ਝੱਟ 'ਕਾਲਾ ਧੱਬਾ' ਝਰੀਟ ਲਿਆ।

ਇੱਕ ਹੋਰ ਤਸਵੀਰ ਵਿਚ ਵਿਖਾਇਆ ਗਿਆ ਸੀ ਕਿ ਕਿਵੇਂ ਇਹਨਾਂ ਕਾਲਿਆਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕੀਤਾ ਗਿਆ। ਕਈਆਂ ਨੇ ਮੁਸੀਬਤਾਂ ਨਾ ਸਹਾਰਦੇ ਹੋਏ ਆਤਮਘਾਤ ਕਰ ਲਿਆ। ਕਈ ਬਿਮਾਰੀਆਂ ਨੇ ਅੱਧਮੋਏ ਕਰ ਦਿੱਤੇ। ਕਈਆਂ ਨੂੰ ਸਮੁੰਦਰ ਵਿਚ 'ਸ਼ਾਰਕਾਂ' ਦੇ ਭੋਜਨ ਲਈ ਸੁੱਟ ਦਿੱਤਾ ਗਿਆ।

ਇੱਕ ਹੋਰ ਤਸਵੀਰ ਰਾਹੀਂ ਦਰਸਇਆ ਗਿਆ ਸੀ ਕਿ

ਤੁਹਾਡੇ ਵਾਂਗ ਹੱਡ ਮਾਸ ਦੇ ਬਣੇ -(ਅਗਲੇ ਸਫ਼ੇ 'ਤੇ)

ਕਿਵੇਂ ਕਾਲਿਆਂ ਦੇ ਮੂੰਹਾਂ ਤੇ 'ਛਿਕਲੀਆਂ' ਲਾਈਆਂ ਜਾਂਦੀਆਂ ਸਨ ਤਾਂ ਜੋ ਉਹ ਮਨ ਮਰਜ਼ੀ ਨਾਲ ਕੁਝ ਖਾ ਪੀ ਨਾ ਸਕਣ। ਗਰਦਨਾਂ ਦੁਆਲੇ ਬੇ-ਢੱਬਾ ਅਤੇ ਭਾਰਾ ਲੋਹਾ ਲਟਕਾਇਆ ਜਾਂਦਾ ਸੀ ਤਾਂ ਜੋ ਉਹ ਸੌਂ ਨਾ ਸਕਣ। ਸਿਰ ਸੁੱਟੀ, ਕੇਵਲ ਡੰਗਰਾਂ ਵਾਂਗ ਕੰਮ ਕਰਨ।

ਉਸ ਸਮੇ ਦੀ ਗਵਾਹੀ ਦਿੰਦੀ, ਕੈਪਟਨ ਥੌਮਸ ਵਲੋਂ ਲਿਵਰਪੂਲ ਵਿਚ 'ਵਿਕਰੀ ਰਸੀਦ' ਵੀ ਕੰਧ 'ਤੇ ਸੁਸ਼ੋਭਿਤ ਸੀ: ਦੋ ਸੌ ਕਾਲੇ ਗੁਲਾਮਾਂ ਦੀ ਵਿਕਰੀ ਨੌਂ ਹਜ਼ਾਰ ਬਿਆਸੀ ਪੌਂਡਾਂ ਵਿਚ। ਇੱਕ ਇੱਕ ਕਾਲਾ ਮੁੰਡਾ ਅਤੇ ਇੱਕ ਇੱਕ ਕੁੜੀ ਪੈਂਤੀ ਪੈਂਤੀ ਪੌਂਡ ਵਿਚ। 'ਬਸਰੇ' ਵਿਚ ਵਿਕਣ ਵਾਲੇ ਗੁਲਾਮਾਂ ਦੀ ਨਖੇਧੀ ਕਰਦੇ, ਆਪਣੇ ਘਰੀਂ ਕੀ ਕੀ ਕਰਦੇ ਰਹੇ ਹਨ ਇਹ ਸਾਊ ਕਹਾਉਂਦੇ 'ਸਾਹਿਬ?' ਕੌਣ ਆਖੇ 'ਰਾਣੀਏ' ਅੱਗਾ ਢੱਕ।

ਮੇਰੇ ਮੂੰਹ ਦਾ ਸੁਆਦ ਕੁਸੈਲਾ ਹੋ ਗਿਆ ਜਦ ਵੇਖਿਆ ਕਿ 'ਪੈਪਲੇਅ ਐਂਡ ਵੇਡ' ਨੇ 'ਇੱਕ ਸੌ ਤਿੰਨ' ਕਾਲੇ ਬੰਦੇ, 'ਛੱਬੀ' ਇਸਤਰੀਆਂ, 'ਸਤਾਹਠ' ਮੁੰਡੇ ਅਤੇ 'ਚੌਤੀ' ਕੁੜੀਆਂ 'ਸੱਤ ਹਜ਼ਾਰ ਅੱਠ ਸੌ ਵੀਹ ਪੌਂਡ' ਨੂੰ ਖਰੀਦੀਆਂ।

ਤਸਵੀਰਾਂ ਚੀਕ ਰਹੀਆਂ ਸਨ: 'ਬਲੈਕਿਸਟ ਸਟੇਨ?' ਕਾਲਾ ਧੱਬਾ? ਮਨੁੱਖਤਾ ਉਤੇ ਕਾਲਾ ਧੱਬਾ? ਇੰਨੀਆਂ ਸੁੰਦਰ 'ਕਾਲੀਆਂ' ਨੱਢੀਆਂ ਦੀਆਂ ਤਸਵੀਰਾਂ ਵਿਚਕਾਰ 'ਕਾਲਾ ਧੱਬਾ?'

ਮੁੱਖ ਦਰਵਾਜ਼ਾ ਖੁਲ੍ਹਿਆ। ਮੇਰਾ ਧਿਆਨ ਟੁੱਟਿਆ। 'ਟੋਨੀ' ਵੈਨ ਰਾਹੀਂ ਕੁਝ ਕਲਾਇੰਟਸ ਲੈ ਆਇਆ ਸੀ। ਕੁਝ ਵੀਲ੍ਹ ਚੇਅਰਾਂ ਤੇ ਸਨ ਬਾਕੀ ਆਪੂੰ ਤੁੱਰ ਸਕਦੇ ਸਨ। 'ਪਰਸਿੰਨੀ' ਵੀ ਆ ਗਈ ਸੀ। ਪਰਸਿੰਨੀ ਨੂੰ ਮੈਂ 'ਹੈਲੋ' ਕੀਤੀ। ਅੱਜ ਉਹ ਜ਼ਰਾ ਚੰਗੇ ਮੂਡ ਵਿਚ ਲੱਗੀ। ਟੋਨੀ ਨੇ ਮੈਨੂੰ ਦੱਸਿਆ ਕਿ ਹਾਲਾਂ ਉਸਨੂੰ ਇਕ ਹੋਰ ਗੇੜਾ ਮਾਰਨਾ ਪੈਣਾ ਹੈ। ਚਾਲੀ ਕੁ ਮਿੰਨਟ ਹੋਰ ਲੱਗ ਜਾਣੇ ਹਨ। ਉਸਨੇ ਮੈਨੂੰ ਸੁਝਾਇਆ ਕਿ ਇਸ ਦੌਰਾਨ ਜੇਕਰ ਮੈਂ ਚਾਹਾਂ ਤਾਂ ਸਮਾਜ-ਸੇਵੀਆਂ ਦੀ ਚਾਹ ਆਦਿ ਵਰਤਾਉਣ ਵਿਚ ਸਹਾਇਤਾ ਕਰਾਂ ਅਤੇ ਰਸਮੀ ਤੌਰ ਤੇ ਕਲਾਇੰਟਸ ਨਾਲ ਜਾਣ-ਪਹਿਚਾਣ ਦਾ ਆਦਾਨ-ਪ੍ਰਦਾਨ ਵੀ ਕਰ ਲਵਾਂ। ਜੇਕਰ ਮੌਕਾ ਲੱਗੇ ਤਾਂ 'ਪਰਸਿੰਨੀ' ਨਾਲ ਵੀ ਗਲਬਾਤ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਅੰਨ੍ਹਾਂ ਕੀ ਭਾਲੇ ਦੋ ਅੱਖਾਂ? ਮੈਂ ਇਸ ਮੌਕੇ ਦਾ ਪੂਰਾ ਪੂਰਾ ਲਾਭ ਉਠਾਉਣਾ ਚਾਹੁੰਦਾ ਸਾਂ। ਝੱਟ ਸਭ ਨੂੰ ਥਾਹੋਂ-ਥਾਹੀਂ ਬੈਠਾਂਦਿਆਂ ਆਪਣੇ ਬਾਰੇ ਵੀ ਜਾਣਕਾਰੀ ਦਿੱਤੀ। ਦੁਆ-ਸਲਾਮ ਕੀਤੀ। ਫਿਰ ਚਾਹ-ਟੋਸਟ ਵਰਤਾਏ।

'ਪਰਸਿੰਨੀ' ਬਾਹਰ ਹਾਲ ਵਿਚ ਹੀ ਸੀ। ਉਸਨੂੰ ਚਾਹ ਅਤੇ ਟੋਸਟ ਦੇ ਕੇ ਮੈਂ ਉਸਦੇ ਲਾਗੇ ਹੀ ਬੈਠ ਗਿਆ। ਸੋਚਿਆ ਚਾਹ ਪੀ ਲਵੇ, ਫਿਰ ਗਲ ਛੇੜਾਂਗਾ। 'ਪਰਸਿੰਨੀ' ਚਾਹ ਪੀਂਦਿਆਂ ਅਤੇ ਟੋਸਟ ਨੂੰ ਚੱਬਦਿਆਂ ਮੇਰੇ ਵੱਲਾਂ ਹੀ ਵੇਖ ਰਹੀ ਸੀ। ਫਿਰ ਕੁਝ ਯਾਦ ਕਰਦਿਆਂ ਬੋਲੀ: 'ਤੂੰ ਪਰਸੋਂ ਵੀ ਆਇਆ ਸੀ ਨਾ?'

ਮੈਂ ਹਾਂ ਵਿਚ ਜਵਾਬ ਦਿੱਤਾ।

'ਤੂੰ ਕਾਲੀਆਂ ਦੀਆਂ ਤਸਵੀਰਾਂ ਵੇਖ ਕੇ ਕੁਝ ਲਿਖਦਾ ਸੈਂ?'

'ਹਾਂ, ਲਿਖਦਾ ਸਾਂ।'

'ਤੂੰ ਤੇ ਝੱਲਾ ਏਂ, ਤੀਵੀਂ ਤੀਵੀਂ ਵਿਚ ਕੋਈ ਫਰਕ ਨਹੀਂ ਹੁੰਦਾ। ਸਾਰੀ ਦੁਨੀਆ ਦੀਆਂ ਸਾਰੀਆਂ ਤੀਵੀਆਂ ਇੱਕੋ ਜਿਹੇ ਸਰੀਰਾਂ ਦੀ ਬਣਤਰ ਅਤੇ ਇੱਕੋ ਜਿਹੀਆਂ ਹੀ ਕਿਸਮਤਾਂ ਲਿਖਵਾ ਕੇ ਆਉਂਦੀਆਂ ਨੇ। ਤੀਵੀਆਂ ਸਦਾ ਤੋਂ ਹੀ ਗ਼ੁਲਾਮ ਰਹੀਆਂ ਹਨ, ਅੱਜ ਵੀ ਗ਼ੁਲਾਮ ਹਨ ਅਤੇ ਕਲ੍ਹ ਵੀ ਗ਼ੁਲਾਮ ਹੀ ਰਹਿਣਗੀਆਂ। ਉਂਝ ਭਾਵੇਂ ਦੁਨੀਆਂ ਜੋ ਮਰਜ਼ੀ ਕਹੀ ਜਾਵੇ।'

ਪਹਿਲਾਂ ਮੈਂ 'ਪਰਸਿੰਨੀ' ਵਲੋਂ ਦਿੱਤੇ ਗਏ 'ਭਵਿੱਖ-ਬਾਣੀ ਕਰਦੇ ਅਤੇ ਹੂੰਝਾ-ਫੇਰੂ' ਬਿਆਨ ਉਤੇ ਕਿੰਤੂ ਕਰਦਿਆਂ, ਕੁਝ ਸੋਧ ਕਰਨ ਦਾ ਮਨ ਬਣਾਇਆ ਪਰ ਫਿਰ ਸੋਚਿਆ ਕਿ ਸ਼ਾਇਦ 'ਪਰਸਿੰਨੀ' ਦੀ ਪੂਰੀ ਗੱਲ ਸੁਣਨ ਤੋਂ ਪਹਿਲਾਂ ਟੋਕਣਾ ਠੀਕ ਨਾ ਰਹੇ। ਮੈਨੂੰ ਇਹ ਵੀ ਯਾਦ ਆਇਆ ਕਿ ਉਸ ਨੇ ਪਰਸੋਂ ਵੀ ਕੁਝ ਆਖਿਆ ਸੀ: 'ਲੈ ਇਹਨਾਂ ਕਾਲੀਆਂ ਕਲੂਟੀਆਂ ਕਾਗ਼ਜ਼ 'ਤੇ ਵਾਹੀਆਂ ਤੀਵੀਆਂ ਨੇ ਕੀ ਕੀਤਾ ਹੋਊ? ਆਮ ਤੀਵੀਆਂ ਵਰਗੀਆਂ ਹੀ ਦਿਸਦੀਆਂ ਹਨ ਨਾ? ਇਹਨਾਂ ਦਾ ਕੀ ਵੇਖਣਾ? ਇਹਨਾਂ ਨੇ ਕੀ ਕੀਤਾ ਹੋਊ ਜੋ ਅਸੀਂ ਨਹੀਂ ਕੀਤਾ? ...ਹੋਰ ਕੀ? ਵੇਖਣਾ ਹੈ ਤਾਂ ਮੇਰੇ ਵਰਗੀਆਂ ਜਿਊਂਦੀਆਂ ਜਾਗਦੀਆਂ ਨੂੰ ਵੇਖ। ਇਹਨਾਂ ਤਸਵੀਰਾਂ ਨੇ ਕਿਹੜਾ ਬੋਲਣਾ ਏ? ਮੈਨੂੰ ਵੇਖ, ਮੇਰੇ ਨਾਲ ਗੱਲਾਂ ਕਰ। ਮੈਂ, ਤੈਨੂੰ ਦਸਦੀ ਹਾਂ ਕਿ ਅਸਾਂ ਗ਼ੁਲਾਮ ਤੀਵੀਆਂ ਨਾਲ ਇਸ ਸੰਸਾਰ ਵਿਚ ਕੀ ਕੀ ਵਾਪਰਦਾ ਹੈ? ਮੇਰੇ ਨਾਲ ਕੀ ਕੀ ਵਾਪਰਿਆ।'

ਉਸ ਵਲੋਂ ਗੱਲਾਂ ਕਰਨ ਲਈ ਦਿੱਤਾ ਸੱਦਾ ਮੈਨੂੰ ਯਾਦ ਸੀ। ਇਸ ਲਈ ਟੋਕਣਾ ਵਾਜਬ ਨਾ ਸਮਝਿਆ। ਪਰ ਇਕ ਪੇਂਡੂ ਜਿਹੀ ਅਨਪੜ੍ਹ-ਗੰਵਾਰ ਦਿਸਦੀ ਤੀਵੀਂ ਅਤੇ ਇੰਨਾ ਸਿਆਣਾ ਤਬਸਰਾ?

ਫਿਰ ਉਸਨੇ ਚਾਹ ਦਾ ਘੁੱਟ ਭਰਨ ਮਗਰੋਂ ਪੁੱਛਿਆ: 'ਮੈਨੂੰ ਵੇਖਦਾ ਏਂ?'

ਮੈਂ 'ਹਾਂ' ਵਿੱਚ ਸਿਰ ਹਿਲਾਇਆ।

'ਮੈਂ ਵੀ ਇੱਕ ਤੀਵੀਂ ਹਾਂ, ਉਹਨਾਂ ਕੰਧ ਉਤੇ ਟੰਗੀਆਂ ਕਾਲੀਆਂ ਕਲੂਟੀਆਂ ਵਰਗੀ ਸਦਾ ਦੀ ਹੀ ਗ਼ੁਲਾਮ। ਰੰਗ ਦੀ ਜ਼ਰਾ ਭਾਵੇਂ ਮੈਂ ਸਾਫ਼ ਹਾਂ। ਰੰਗ-ਰੂੰਗ ਦਾ ਕੋਈ ਫਰਕ ਨਹੀਂ ਪੈਂਦਾ। ਹਰਾਮਜ਼ਾਦੇ ਆਦਮੀ ਲਈ ਤਾਂ ਬਸ ਤੀਵੀਂ ਹੋਵੇ ਸਹੀ ਤੀਵੀਂ।'

ਤੀਵੀਆਂ ਮੂੰਹੋਂ ਆਦਮੀਆਂ ਵਰਗੀਆਂ ਨਿਕਲਦੀਆਂ ਗਾਲਾਂ ਮੈਨੂੰ ਪਸੰਦ ਨਹੀਂ। ਪਰ ਪਤਾ ਨਹੀਂ ਕਿਉਂ ਅੱਜ ਉਸ ਵਲੋਂ ਮਰਦਾਂ ਲਈ 'ਹਰਾਮਜ਼ਾਦੇ' ਦਾ ਵਰਤਿਆ ਗਿਆ ਵਿਸ਼ੇਸ਼ਣ ਚੁੱਭਦਾ ਮਹਿਸੂਸ ਨਹੀਂ ਹੋਇਆ। ਉਸ ਨੇ ਗੱਲ ਜਾਰੀ ਰੱਖੀ: 'ਹੁਣ ਅੱਧਖੜ੍ਹ ਹੋ ਗਈ ਹਾਂ ਤਾਂ ਕੀ ਹੋਇਆ, ਕਦੇ ਮੈਂ ਵੀ ਜਵਾਨ ਸਾਂ ਭਰ ਜਵਾਨ। ਪਹਾੜਾਂ 'ਚ ਰਹਿੰਦੀ ਸਾ। ਰੰਗ-ਬਰੰਗੀਆਂ ਤਿੱਤਲੀਆਂ ਮਗਰ ਦੌੜਦੀ ਨੱਚਦੀ-ਟੱਪਦੀ ਤਿੱਤਲੀ ਹੀ ਸਾਂ ਮੈਂ। ਪਰ ਮੇਰੇ ਹਰਾਮਜ਼ਾਦੇ 'ਮਰਦ' ਪਿਉ' ਨੇ 'ਦੋ ਹਜ਼ਾਰ ਰੁਪਏ' ਬਦਲੇ ਮੈਨੂੰ ਕਸਾਈਆਂ ਹੱਥ ਵੇਚਕੇ, ਕੁੜੀ ਤੋਂ ਤੀਵੀਂ ਬਣਾ ਦਿੱਤਾ। ਨਾ ਡੋਲੀ ਉੱਠੀ, ਨਾ ਵਾਜੇ ਵੱਜੇ ਨਾ ਕੋਈ ਸ਼ਗਨ ਹੀ ਹੋਏ। ਮਾਂ ਵੀ ਕੁਝ ਨਾ ਬੋਲ ਸਕੀ। ਔਰਤ ਨਾ ਕਦੇ ਬੋਲੀ ਹੈ, ਨਾ ਬੋਲ ਸਕਦੀ ਹੈ ਅਤੇ ਨਾ ਕਦੇ ਬੋਲੇਗੀ ਹੀ। ਔਰਤ ਸਭ ਕੁਝ ਕਰਨ ਦੀ ਤਾਕਤ ਰੱਖਦਿਆਂ ਵੀ ਕੁਝ ਨਹੀਂ ਕਰ ਸਕਦੀ, ਕੁਝ ਨਹੀਂ ਬੋਲ ਸਕਦੀ। ਹਾਂ, ਕਿਤਾਬਾਂ ਵਿਚ, ਕਾਗ਼ਜ਼ਾਂ ਵਿੱਚ ਬਹੁਤ ਕੁਝ ਹੋ ਜਾਂਦਾ ਹੈ। ਮੈਂ ਹੱਥੋ ਹੱਥ, ਪਸ਼ੂਆਂ ਵਾਂਗ ਵਿੱਕਦੀ ਵਿੱਕਦੀ ਪਸ਼ੂ ਹੀ ਬਣ ਗਈ। ਤੀਵੀਂ ਹੁੰਦੀ ਹੀ ਪਸ਼ੂ ਹੈ। ਪਸ਼ੂਆਂ ਵਰਗੀ ਕਿਸਮਤ ਵਾਲੀ।' ਅਤੇ ਫਿਰ ਉਹ ਫਿੱਸ ਪਈ। ਮੈਂ ਅਵਾਕ ਪਹਿਲਾਂ ਉਸ ਦੇ ਮੂੰਹ ਵਲਾਂ ਤੱਕਦਾ ਹਾਂ ਅਤੇ ਫਿਰ ਕੰਧਾਂ ਵਲਾਂ। ਤਸਵੀਰਾਂ ਚੀਕ ਰਹੀਆਂ ਸਨ: 'ਬਲੈਕਿਸਟ ਸਟੇਨ? 'ਕਾਲਾ ਧੱਬਾ? ਮਨੁੱਖਤਾ ਉਤੇ ਕਾਲਾ ਧੱਬਾ?

ਤੁਹਾਡੇ ਵਾਲੀ ਹਵਾ 'ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ ਖੇਲਦੇ -(ਅਗਲੇ ਸਫ਼ੇ 'ਤੇ)

ਮੂੰਹ ਦਾ ਸੁਆਦ ਹੋਰ ਕੁਸੈਲਾ ਹੋ ਜਾਂਦਾ ਹੈ ਪਰ 'ਟੋਨੀ' ਦੀ ਗੱਲ ਮੈਨੂੰ ਯਾਦ ਸੀ: ਪਰਸਿੰਨੀ ਤਾਂ ਵਿਆਹੀ ਹੋਈ ਏ। ਇਸਦੇ ਤਾਂ ਬੱਚੇ ਵੀ ਹਨ। ਮੈਂ ਹੌਸਲਾ ਕਰਕੇ ਪੁੱਛਦਾ ਹਾਂ: 'ਤੁਹਾਡਾ ਵਿਆਹ ਹੋਇਆ ਸੀ?'

'ਵਿਆਹ?'

'ਹਾਂ, ਵਿਆਹ।'

'ਅਸਾਂ ਮੁੱਲ ਖਰੀਦੀਆਂ ਤੀਵੀਆਂ ਦਾ ਵਿਆਹ ਕਾਹਦਾ। ਜਿਸ ਖਰੀਦ ਲਈ, ਉਸ ਵਰਤ ਲਿਆ। ਦਿਲ ਭਰ ਗਿਆ ਅਗ੍ਹਾਂ ਵੇਚ ਦਿੱਤਾ। ਇੰਝ ਵਿੱਕਦੀ ਵਿੱਕਦੀ ਆਖਰ ਮੈਂ ਦੀਦਾਰ ਸਿੰਘ ਦੇ ਵੇਚੀ ਗਈ ਤਿੰਨ ਹਜ਼ਾਰ ਨੂੰ। ਉਸਨੇ ਹੀ ਮੇਰਾ ਨਾਂ 'ਪਰਸੋ' ਤੋਂ 'ਪਰਸੰਨ ਕੌਰ' ਰੱਖਿਆ ਸੀ। ਲੋੜਵੰਦ ਸੀ, ਅਗ੍ਹਾਂ ਨਾ ਵੇਚੀ, ਘਰ ਪਾ ਲਿਆ। ਮੁੱਲ ਖਰੀਦਿਆ ਪਰ ਮੁਫ਼ਤ ਦਾ ਚੌਵੀ ਘੰਟਿਆਂ ਦਾ ਗ਼ੁਲਾਮ ਮਿਲ ਗਿਆ। ਇੱਥੇ ਰਹਿੰਦਿਆਂ ਹੀ ਉਪਰੋ-ਥਲੀ ਦੇ ਦੋ ਨਿਆਣੇ ਹੋਏ: ਇੱਕ ਮੁੰਡਾ ਇੱਕ ਕੁੜੀ।'

'ਫਿਰ ਤਾਂ ਤੁਹਾਡਾ ਵਿਆਹੁਤਾ ਜੀਵਨ ਵਾਹਵਾ ਚੰਗਾ ਲੰਘਿਆ ਹੋਵੇਗਾ?'

'ਸੁਆਹ ਚੰਗਾ।'

'ਕਿਉਂ ਕੀ ਹੋਇਆ?'

'ਉਂਝ ਦੀਦਾਰ ਸਿੰਘ ਮੇਰਾ ਤੇ ਨਿਆਣਿਆਂ ਦਾ ਬਹੁਤ ਤੇਹ ਕਰਦਾ ਸੀ ਪਰ ਮਾਂ ਦੇ ਆਖੇ ਲੱਗ ਕੇ ਨਿੱਕੀ ਨਿੱਕੀ ਗੱਲ ਤੇ ਪਾਸੇ ਵੀ ਬਹੁਤ ਭੰਨ੍ਹਦਾ ਸੀ। ਦੁਖੀ ਹੋ ਕੇ ਰੋ ਲੈਂਦੀ ਸਾਂ। ਕਦੇ ਬੱਚਿਆਂ ਦੇ ਆਹਰੇ ਲੱਗ ਜਾਂਦੀ ਸਾਂ। ਕਿਸ ਕੋਲ ਫਰਿਆਦ ਕਰਦੀ? ਜਣਦਿਆਂ ਨੇ ਤਾਂ ਮੁੱਲ ਵੱਟ ਲਿਆ ਸੀ।'

'ਕੀ ਤੁਹਾਡੇ ਮਾਪਿਆਂ ਵਿੱਚੋਂ ਮੁੜ ਕੋਈ ਵਹੁੜਿਆ?'

'ਹਾਂ, ਇੱਕ ਵਾਰੀ, ਪੁੱਛਦੇ-ਪੁਛਾਂਦੇ ਰਿਸ਼ਤਾ ਜਗਾਉਣ ਆਏ ਸਨ ਪਰ ਮੈਂ ਵੀ ਇੱਹ ਕਹਿੰਦਿਆਂ ਦਰੋਂ ਹੀ ਨਸਾ ਦਿੱਤਾ ਕਿ ਹਰਾਮਜ਼ਾਦਿਉ! ਹੁਣ ਤੁਸੀਂ ਮੇਰੇ ਕੀ ਲੱਗਦੇ ਹੋ। ਤੁਸੀਂ ਤਾਂ ਮੈਨੂੰ ਵੇਚ ਖਾਧਾ।'

'ਫਿਰ?' 'ਫਿਰ ਕੀ, ਉਹ ਆਪਣਾ ਮੂੰਹ ਲੈ ਕੇ ਦੌੜ ਗਏ।''

'ਫਿਰ ਤੁਸੀਂ ਇੰਗਲੈਂਡ ਕਿਵੇਂ ਆਏ?'

ਇੰਗਲੈਂਡ ਦਾ ਨਾਂ ਸੁਣ ਕੇ ਉਹ ਫਿਰ ਫਿਸ ਪਈ। ਕੀਰਨੇ ਪਾਉਣ ਲੱਗੀ। ਕੁਝ ਸ਼ਾਂਤ ਹੋਈ ਤਾਂ ਬੋਲੀ: 'ਦੀਦਾਰ ਸਿੰਘ ਦਾ ਇੱਕ ਦੂਰੋਂ ਲੱਗਦੇ ਚਾਚੇ ਦਾ ਪੁੱਤਰ ਇੰਗਲੈਂਡ ਗਿਆ ਹੋਇਆ ਸੀ। ਇੰਗਲੈਂਡ ਤੋਂ ਪਿੰਡ ਆਇਆ ਤਾਂ ਦੀਦਾਰ ਸਿੰਘ ਨੇ ਵੀ ਇੰਗਲੈਂਡ ਜਾਣ ਦੀ ਚਾਹ ਦਰਸਾਈ। ਦੀਦਾਰ ਸਿੰਘ ਦੇ 'ਸ਼ਰੀਕਾਂ' ਦੀ ਨਜ਼ਰ ਉਸਦੀ ਜ਼ਮੀਨ 'ਤੇ ਸੀ। 'ਸ਼ਰੀਕਾਂ' ਦੇ ਨਾਮ ਪਿੰਡ ਦੀ ਅੱਧੀ ਜ਼ਮੀਨ ਲਾ ਦਿੱਤੀ ਗਈ। ਦੀਦਾਰ ਸਿੰਘ ਜ਼ਾਅਲੀ ਢੰਗ ਨਾਲ ਇੰਗਲੈਂਡ ਆ ਗਿਆ। ਜਾਂਦੇ ਹੋਇਆਂ ਕਹਿ ਗਿਆ: ਮੇਰੇ ਮਾਪਿਆਂ ਦਾ ਖਿਆਲ ਰੱਖੀਂ। ਮੈਂ ਛੇਤੀਂ ਹੀ ਤੈਨੂੰ 'ਤੇ ਬੱਚਿਆਂ ਨੂੰ ਇੰਗਲੈਂਡ ਸੱਦ ਲਵਾਂਗਾ।'

'ਫਿਰ ਤੁਸੀਂ ਵੀ ਆ ਗਏ?' 'ਕਿੱਥੇ? ਉਹ ਜਾਅਲੀ ਗਿਆ ਸੀ। ਜਿੰਨਾ ਚਿਰ ਇੰਗਲੈਂਡ ਪੱਕਾ ਨਹੀਂ ਸੀ ਹੋ ਜਾਂਦਾ ਮੈਨੂੰ ਤੇ ਬੱਚਿਆਂ ਨੂੰ ਸੱਦ ਨਹੀਂ ਸੀ ਸਕਦਾ। ਇਸ ਲਈ ਉਡੀਕਦੀ ਰਹੀ।'

'ਖਰਚ ਲਈ ਪੈਸੇ ਤਾਂ ਭੇਜਦਾ ਹੀ ਹੋਵੇਗਾ।'

'ਪੈਸੇ ਭੇਜਦਾ ਸੀ ਪਰ ਘਰ ਵਿੱਚ ਮਾਂ ਦਾ ਹੀ ਹੁਕਮ-ਪਹਿਰਾ ਸੀ। ਬਾਕੀ ਰਹਿੰਦੇ ਖੇਤ ਵਾਹੀ 'ਤੇ ਦਿੱਤੇ ਹੋਏ ਸਨ। ਦਾਣਾ-ਪੱਠਾ ਆ ਜਾਂਦਾ ਸੀ। ਫਿਰ ਵੀ ਬਹੁਤ ਤੰਗ ਕਰਦੀ ਸੀ। ਉਹ ਨਿਆਣਿਆਂ ਦਾ ਤਾਂ ਤੇਹ ਕਰਦੀ ਸੀ ਪਰ ਮੇਰੇ ਉਤੇ ਸੱਤੋ ਪਹਿਰੇ 'ਪਹਿਰਾ' ਹੁੰਦਾ ਸੀ। ਨਾ ਢੰਗ ਦਾ ਖਾਣਾ ਨਾ ਹਾਲ ਦਾ ਪਹਿਨਣਾ। ਢੋਰਾਂ ਦਾ ਜੀਵਨ। ਕਿਸੇ ਨਾਲ ਗੱਲ ਵੀ ਨਹੀਂ ਸਾਂ ਕਰ ਸਕਦੀ। ਹੱਸਣਾ ਤਾਂ ਇੱਕ ਪਾਸੇ ਰਿਹਾ।'

ਫਿਰ ਗੱਲਾਂ ਹੀ ਗੱਲਾਂ ਵਿੱਚ 'ਪਰਸਿੰਨੀ' ਨੇ ਦੱਸਿਆ ਕਿ ਇੱਕ ਵਾਰ ਗਰਮੀਆਂ ਦੀ ਰੁੱਤੇ ਸ਼ਾਮ ਨੂੰ ਜਦੋਂ ਕੋਠੇ ਤੋਂ ਮੁੜ ਕੇ ਹੇਠਾਂ ਉਤਰੀ ਤਾਂ ਸੱਸ ਨੇ ਵੇਲਣੇ ਨਾਲ ਕੁੱਟਣਾ ਆਰੰਭ ਕਰ ਦਿੱਤਾ ਕਿ ਉਹ ਖ਼ਸਮ ਦੀ ਗ਼ੈਰ-ਹਾਜ਼ਰੀ ਵਿਚ ਸ਼ਰੀਕਾਂ ਦੇ ਘਰੇ ਜਾਂਦੀ ਹੈ, ਖੇਹ ਖਾਂਦੀ ਹੈ। ਤੀਵੀਂ ਤਾਂ ਸਦਾ ਹੀ ਅਜਿਹੀਆਂ ਤੋਹਮਤਾਂ ਦਾ ਸ਼ਿਕਾਰ ਹੁੰਦੀ ਆ ਰਹੀ ਹੈ। ਫਿਰ ਪਰਸਿੰਨੀ ਨੇ ਆਪਣੀਆਂ ਦੋਵੇਂ ਲੱਤਾਂ ਚੌੜੀਆਂ ਕਰਕੇ ਆਪਣੀ ਸਲਵਾਰ ਦੇ ਨੇਫੇ ਨੂੰ ਹੱਥ ਪਾਉਂਦਿਆਂ ਦੱਸਿਆ: 'ਇਕ ਵਾਰੀ ਤਾਂ ਹਰਾਮਜ਼ਾਦੀ ਨੇ ਮੇਰੇ ਏਥੇ 'ਲਾਲ ਮਿਰਚਾਂ' ਨਾਲ ਭਰੀ ਮੁੱਠ ਭੁੱਕ ਦਿੱਤੀ। ਮੈਨੂੰ ਜਿਵੇਂ ਅੱਗ ਲੱਗ ਗਈ। ਤੜਪਦੀ ਰਹੀ। ਸਾਰਾ ਅੰਦਰ ਸੁੱਜ ਗਿਆ। ਬੰਦੇ ਹਰਾਮਜ਼ਾਦੇ ਤਾਂ ਤੀਵੀਆਂ ਤੇ ਜ਼ੁਲਮ ਕਰਦੇ ਹੀ ਹਨ ਇਹ ਤੀਵੀਆਂ 'ਸਾਲੀਆਂ' ਵੀ ਪੱਕੀਆਂ ਹਰਾਮਣਾਂ ਹਨ। ਮੈਨੂੰ ਅਜਿਹੇ ਤਸੀਹੇ ਆਏ ਦਿਨ ਸਹਿਣੇ ਪੈਂਦੇ ਰਹੇ।'

ਮੈਂ ਵੇਖ ਰਿਹਾ ਸਾਂ ਕਿ ਪਰਸਿੰਨੀ ਦੇ ਦੁਖਾਂ ਦੀ ਵਾਰਤਾ ਵਿੱਚ 'ਹਰਾਮਜ਼ਾਦਾ' ਸ਼ਬਦ ਤਕੀਆ-ਕਲਾਮ ਵਾਂਗ ਵਰਤੀਂਦਾ ਹਰ ਬਾਰ ਆਪਣੇ ਨਵੇਂ ਨਵੇਂ ਅਰਥ ਬਣਾ ਰਿਹਾ ਸੀ। ਇਸਦੇ ਨਾਲ ਹੀ ਮੇਰੀ ਸੋਚ ਵਿਚ ਅਫਰੀਕਾ ਤੋਂ ਗ਼ੁਲਾਮ ਬਣਾ ਕੇ ਲਿਆਉਣ ਵਾਲੇ ਅਨਜਾਣੇ ਮਰਦ ਵੀ ਘੁੰਮ ਗਏ। ਸੋਚ ਨੇ ਕਰਵਟ ਲਈ ਇਸਤਰੀਆਂ ਉਤੇ ਜ਼ੁਲਮ ਕੇਵਲ ਮਰਦ ਹੀ ਨਹੀਂ ਕਰਦੇ ਇਸਤਰੀਆਂ ਵੀ ਇਸ ਕੰਮ ਵਿੱਚ ਕਿਸੇ ਨਾਲੋਂ ਘੱਟ ਨਹੀਂ।

'ਫਿਰ ਤੁਸੀਂ ਇੱਥੇ ਕਦੋਂ ਆਏ? ਕਿਵੇਂ ਆਏ?' ਮੈਂ ਅਗ੍ਹਾਂ ਜਾਨਣ ਲਈ ਗੱਲ ਤੋਰੀ।

ਉਸ ਲੰਮਾ ਸਾਹ ਲੈਂਦਿਆਂ ਦੱਸਿਆ: 'ਪੰਜ ਵਰ੍ਹੇ ਰੋ ਧੋ ਕੇ ਗੁਜ਼ਰ ਗਏ। 'ਸ਼ਰੀਕਾਂ' ਨਾਲ ਦੀਦਾਰ ਸਿੰਘ ਦਾ ਚਿੱਠੀ-ਪੱਤਰ ਹੁੰਦਾ ਰਹਿੰਦਾ ਸੀ। ਦੀਦਾਰ ਸਿੰਘ ਦੇ ਆਖਣ 'ਤੇ ਅਤੇ 'ਸ਼ਰੀਕਾਂ' ਦੀ ਸਹਾਇਤਾ ਨਾਲ ਪਿੰਡ ਦੇ ਲੰਬੜਦਾਰ ਨੇ ਉਸਦਾ ਤੇ ਬੱਚਿਆਂ ਦਾ ਪਾਸਪੋਰਟ ਬਣਵਾ ਦਿੱਤਾ ਸੀ। ਪਰ ਇੰਗਲੈਂਡ ਜਾਣ ਦਾ ਹਾਲਾਂ ਵੀ ਕੋਈ ਢੋਅ-ਮੇਲਾ ਨਹੀਂ ਸੀ ਬਣ ਰਿਹਾ। ਇਸੇ ਦੌਰਾਨ ਦੀਦਾਰ ਸਿੰਘ ਦਾ ਪਿਉ ਤਾਂ ਪਹਿਲਾਂ ਹੀ ਪੂਰਾ ਹੋ ਗਿਆ ਸੀ ਮਾਂ ਵੀ ਚਲਦੀ ਬਣੀ। ਫਿਰ ਇੱਕ ਦਿਨ ਅਚਾਨਕ ਇੰਗਲੈਂਡ ਤੋਂ ਚਿੱਠੀ ਆਈ: ਮੇਰਾ ਖਰੀਦ-ਦਾਰ ਖਸਮ, ਸਾਡੇ ਬੱਚਿਆਂ ਦਾ ਪਿਉ, ਦੀਦਾਰ ਸਿੰਘ ਕੰਮ ਉਤੇ ਹੋਏ ਇੱਕ ਐਕਸੀਡੈਂਟ ਵਿੱਚ ਮਾਰਿਆ ਗਿਆ। ਇਹ ਖਬਰ ਦੀਦਾਰ ਸਿੰਘ ਦੇ ਉਸੇ ਚਾਚੇ ਦੇ ਪੁੱਤਰ ਨੇ ਦਿੱਤੀ ਸੀ ਜਿਸ ਪਾਸ ਉਹ 'ਜਾਅਲੀ' ਢੰਗ ਨਾਲ ਗਿਆ ਅਤੇ ਰਹਿ ਰਿਹਾ ਸੀ। ਮੇਰੇ ਤਾਂ ਭਾਅ ਦੀਆਂ ਬਣ ਗਈਆਂ। ਭਾਵੇਂ ਮੈਂ ਦੀਦਾਰ ਸਿੰਘ ਦੀ ਵਿਆਹੁੰਦੜ ਨਹੀਂ ਸਾਂ ਅਤੇ ਨਾ ਹੀ ਉਸ ਨਾਲ ਫੇਰੇ ਹੀ ਲਏ ਸਨ ਪਰ ਸਾਂ ਤਾਂ ਉਸਦੇ ਬੱਚਿਆਂ ਦੀ ਮਾਂ ਹੀ। ਮੈਨੂੰ ਸੁੱਝ ਹੀ ਨਹੀਂ ਸੀ ਰਿਹਾ ਕਿ ਕੀ ਕਰਾਂ? ਖ਼ਬਰ ਦੇਣ ਵਾਲੇ ਪੇਂਡੂ ਨੇ ਹੀ ਇੰਗਲੈਂਡ ਦੀ

ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ 'ਚ ਹੌਂਸਲੇ ਨਾਲ ਮਾਰੀ -(ਅਗਲੇ ਸਫ਼ੇ 'ਤੇ)

'ਸਰਕਾਰੇ-ਦਰਬਾਰੇ' ਪਹੁੰਚ ਕਰਕੇ ਪਤੀ ਦੇ ਸਸਕਾਰ ਲਈ ਮੈਨੂ ਅਤੇ ਬੱਚਿਆਂ ਨੂੰ ਇੰਗਲੈਂਡ ਮੰਗਵਾਉਣ ਲਈ ਰਾਹਦਾਰੀ ਭਿਜਵਾਈ। ਉਦੋਂ ਤੱਕ ਸਸਕਾਰ ਰੁਕਵਾ ਦਿੱਤਾ ਜਦੋਂ ਤੱਕ ਕਿ ਅਸੀਂ ਇੰਗਲੈਂਡ ਪੁੱਜ ਨਾ ਜਾਈਏ। ਇੰਗਲੈਂਡ ਪੁੱਜਣ ਲਈ ਟਿਕਟਾਂ ਦੇ ਬਦਲੇ ਬਾਕੀ ਰਹਿੰਦੀ ਪਿੰਡ ਦੀ ਜ਼ਮੀਨ ਵੀ ਸ਼ਰੀਕਾਂ ਨੇ ਮੈਥੋਂ ਲਿਖਵਾ ਲਈ। ਪੰਦਰਾਂ ਦਿਨਾਂ ਦੇ ਅੰਦਰ ਹੀ ਬੱਚਿਆਂ ਸਮੇਤ ਇੰਗਲੈਂਡ ਆ ਗਈ। ਇੱਥੇ ਆਕੇ ਦੀਦਾਰ ਸਿੰਘ ਦੀ ਮਿੱਟੀ ਤੱਕੀ। ਬੱਚਿਆਂ ਨੂੰ ਪਿਉ ਦਾ ਮੂੰਹ ਵਿਖਾਇਆ। ਬੱਚੇ ਛੋਟੇ ਸਨ ਕੀ ਜਾਨਣ ਕਿ ਕੀ ਭਾਣਾ ਵਰਤ ਗਿਆ? ਰੋਂਦਿਆਂ ਕੁਰਲਾਂਦਿਆਂ ਪੁੱਤਰ ਹੱਥੀਂ ਮਿੱਟੀ ਨੂੰ ਅੱਗ ਦਿੱਤੀ।'

'ਫਿਰ?'

'ਫਿਰ ਕੀ? ਦੀਦਾਰ ਸਿੰਘ ਪਾਸ ਇੱਥੇ ਕੋਈ ਘਰ ਤਾਂ ਸੀ ਹੀ ਨਹੀਂ। ਛੜੇ ਭਾਈਬੰਦ-ਭਰਾ ਦੇ ਪਾਸ ਹੀ ਰਹਿੰਦਾ ਸੀ। ਉਸ ਪਾਸ ਹੀ ਦੀਦਾਰ ਸਿੰਘ ਦੇ ਜਮਾਂ ਕੀਤੇ ਕੁਝ ਪੈਸੇ ਸਨ। ਉਸਦੀ ਮਰਦ-ਨੀਅਤ ਨੇ ਵੀ ਆਪਣਾ ਰੰਗ ਵਿਖਾਇਆ ਅਤੇ ਉਸਨੇ ਵੀ ਮੇਰਾ ਸਰੀਰ ਚਰੂੰਡਣਾ ਚਾਹਿਆ। ਪਰ ਹੁਣ ਮੈਂ ਦੀਦਾਰ ਸਿੰਘ ਦੀ 'ਵਿਧਵਾ' ਸਾਂ, ਪਿੰਡ ਦੀ ਜ਼ਮੀਨ ਤੋਂ ਸੱਖਣੀ, ਵਿੱਕਣ ਤੋਂ ਇਨਕਾਰੀ। ਘਰੋਂ ਕੱਢੀ ਗਈ। ਗੁਰਦੁਆਰੇ ਆਸਰਾ ਲਿਆ। ਫਿਰ ਬੜੇ ਯਤਨਾਂ ਨਾਲ ਅਤੇ ਸੋਸ਼ਲ ਵਰਕਰਾਂ ਦੀ ਸਹਾਇਤਾ ਨਾਲ ਕੌਂਸਲ ਵਲੋਂ ਫਲੈਟ ਮਿਲ ਗਿਆ। 'ਹੋਮ ਆਫਿਸ' ਵਾਲਿਆਂ ਵਿਸ਼ੇਸ਼ ਅਧਿਕਾਰਾਂ ਅਧੀਨ 'ਰਹਿਮ' ਕਰਦਿਆਂ ਮੈਨੂੰ ਅਤੇ ਬੱਚਿਆਂ ਨੂੰ ਇੱਥੇ ਰਹਿਣ ਦੀ ਆਗਿਆ ਦੇ ਦਿੱਤੀ। 'ਵਿਧਵਾ ਭੱਤਾ ਮਿਲਣਾ ਆਰੰਭ ਹੋਇਆ। ਬੱਚੇ ਜਦ ਤੱਕ ਛੋਟੇ ਸਨ ਪਾਰਟ-ਟਾਈਮ ਕੰਮ ਕਰਕੇ ਗੁਜ਼ਰ ਕੀਤੀ, ਬੱਚੇ ਪਾਲੇ, ਸਕੂਲਾਂ ਵਿਚ ਪੜ੍ਹੇ। ਬੱਚੇ ਵੱਡੇ ਹੋ ਗਏ, ਉਹਨਾਂ ਦੇ ਪੱਰ ਨਿਕਲ ਆਏ, ਮਾਂ ਨੂੰ ਛੱਡ ਗਏ। ਪੁੱਤਰ ਨੇ ਗੋਰੀ ਨਾਲ ਵਿਆਹ ਕਰਵਾ ਲਿਆ ਅਤੇ ਧੀ ਕਿਸੇ ਕਾਲੇ' ਅਫਰੀਕਨ ਨਾਲ ਰਹਿੰਦੀ ਹੈ। ਉਹਨਾਂ ਵੀ ਪਿਛਾਂਹ ਮੁੜ ਕੇ ਨਾ ਵੇਖਿਆ। ਹਾਂ, ਕਦੇ ਕਦਾਈਂ ਸਾਲ-ਛਿਮਾਹੀਂ ਜਾਂ ਕ੍ਰਿਸਮਿਸ ਦੇ ਨੇੜੇ ਘੰਟੇ-ਦੋ ਘੰਟੇ ਲਈ ਆ ਜਾਂਦੇ ਹਨ। ਪਰ ਆ ਕੇ ਵੀ ਆਨੀਂ-ਬਹਾਨੀਂ ਮਿੱਲ ਰਹੇ ਭੱਤਿਆਂ ਦਾ ਜ਼ਿਕਰ ਛੇੜਦਿਆਂ ਆਸਾ-ਗਤ ਰਹਿੰਦੇ ਹਨ। ਸਭ, ਕੁਝ ਨਾ ਕੁਝ ਚਰੂੰਡਣਾ ਹੀ ਚਾਹੁੰਦੇ ਹਨ।'

ਕੰਧਾਂ ਤੇ ਟੰਗੀਆਂ ਤਸਵੀਰਾਂ ਫਿਰ ਚੀਕੀਆਂ: 'ਬਲੈਕਿਸਟ ਸਟੇਨ? 'ਕਾਲਾ ਧੱਬਾ? ਮਨੁੱਖਤਾ ਉਤੇ ਕਾਲਾ ਧੱਬਾ?

ਪਰ ਉਹ ਮੇਰੇ ਚਿਹਰੇ ਵਲਾਂ ਬੜੀ ਗੂਹ ਨਾਲ ਵੇਖਦੀ ਮੁਸਕਾਉਂਦੀ ਸਮਝਾ ਰਹੀ ਸੀ: 'ਗ਼ੁਲਾਮ, ਸਦਾ ਗੁਲਾਮ ਹੀ ਹੁੰਦੇ ਹਨ ਭਾਵੇਂ ਕਾਲੇ ਹੋਣ ਜਾਂ ਗੋਰੇ। ਕਦੇ ਹੋਣੀ ਦੇ ਗ਼ੁਲਾਮ, ਕਦੇ ਪਰਿਸਥਿਤੀ ਦੇ। ਕਦੇ ਮਰਦ ਦੇ ਗ਼ੁਲਾਮ, ਕਦੇ ਔਰਤਾਂ ਦੇ ਅਤੇ ਕਦੇ ਬੱਚਿਆਂ ਦੇ। ਗ਼ੁਲਾਮਾਂ ਦਾ ਆਪਣਾ ਕੁਝ ਵੀ ਨਹੀਂ ਹੁੰਦਾ। ਨਾ ਹੀ ਆਪਣਾ ਸਰੀਰ, ਨਾ ਹੀ ਆਪਣਾ ਮਨ, ਨਾ ਹੀ ਆਪਣਾ ਮਨ-ਬਲ। ਲੋਕੀਂ ਇਹ ਸਮਝ ਲੈਂਦੇ ਹਨ ਕਿ ਇਹਨਾਂ 'ਗੁਲਾਮਾਂ' ਦਾ ਨਾ ਤੇ ਦਿਲ ਹੀ ਹੁੰਦਾ ਹੈ ਅਤੇ ਨਾ ਹੀ ਜਮੀਰ ਹੀ। ਗ਼ੁਲਾਮ 'ਤੇ ਗ਼ੁਲਾਮੀ, ਦਾਮਨ-ਚੋਲੀ ਦੇ ਸਾਥ ਵਾਂਗ ਹਨ। ਗ਼ੁਲਾਮ ਨੂੰ ਤਾਂ ਵੇਚ-ਵੱਟ ਕੇ ਗਲੋਂ ਲਾਹਿਆ ਜਾ ਸਕਦਾ ਹੈ ਪਰ ਗੁਲਾਮੀ ਤੋਂ ਮੁੱਕਤ ਹੋ ਸਕਣਾ ਇਨਸਾਨ ਦੇ ਵੱਸ ਵਿੱਚ ਨਹੀਂ। ਲੱਖ ਕੋਸ਼ਿਸ਼ਾਂ ਦੇ ਬਾਵਜ਼ੂਦ ਵੀ ਗ਼ੁਲਾਮੀ ਦਾ 'ਕਾਲਾ ਧੱਬਾ' ਸਦਾ ਅਣਧੋਤਾ ਹੀ ਰਹਿੰਦਾ ਹੈ।'

ਕਹਾਣੀ

# ਲਾਸ਼ਾਂ ਦਾ ਸ਼ਹਿਰ

ਗੁਰਪਾਲ ਸਿੰਘ, (ਲੰਡਨ)



ਗੁਰਪਾਲ ਸਿੰਘ, (ਲੰਡਨ)

ਬੜੇ ਹੀ ਚੰਗੇ ਦਿਨ ਸਨ। ਉਹ ਇਕ ਫ਼ਰਮ ਦਾ ਮੈਨੇਜਰ ਸੀ। ਫ਼ਰਮ ਦੇ ਕੰਮ ਤੋਂ ਚੰਗੀ ਚੋਖ਼ੀ ਤਨਖ਼ਾਹ ਤੇ ਹੋਰ ਕਈ ਭੱਤੇ ਮਿਲ ਰਹੇ ਸਨ। ਉਸ ਦੇ ਦੋ ਬੱਚੇ ਸਨ। ਬੀਵੀ ਸੀ। ਖ਼ੂਬਸੂਰਤ ਬੰਗਲਾ ਸੀ ਉਹ ਵੀ ਲੰਡਨ ਦੇ ਵਧੀਆ ਇਲਾਕੇ ਵਿੱਚ। ਬੱਚੇ ਪਬਲਿਕ ਸਕੂਲ ਜਾਂਦੇ। ਬੀਵੀ ਆਪਣੀ ਅਲੱਗ ਕਾਰ ਚਲਾਉਂਦੀ, ਜਿਸ ਵਿਚ ਬੱਚਿਆਂ ਨੂੰ ਸਕੂਲ ਛੱਡਣ ਅਤੇ ਲੈਣ ਜਾਂਦੀ। ਬੱਚਿਆਂ ਦੇ ਗਲ ਵਰਦੀ ਸਵਾਰ-ਸਵਾਰ ਕੇ ਪਾਉਂਦੀ ਅਤੇ ਉਹ ਵੀ ਆਪਣੇ ਪਹਿਨਣ ਲਈ ਕੱਪੜੇ ਹੈਰਡਜ਼ ਜਾਂ ਸੈਨਫਰਿਜ਼ਸ ਤੋਂ ਉਰੇ ਨਾ ਖ਼ੀਦਦਾ। ਹਰ ਵੀਕ-ਐਂਡ 'ਤੇ ਮਿੱਤਰਾਂ ਦੀਆਂ ਮਹਿਫ਼ਲਾਂ ਲੱਗਦੀਆਂ, ਸ਼ਿਵਾਜ਼ ਰੀਗਲ ਦੀਆਂ ਬੋਤਲਾਂ ਖੁੱਲ੍ਹਦੀਆਂ ਤੇ ਮੁਗ਼ਲਈ ਖਾਣੇ ਪੱਕਦੇ।

ਇਕ ਵਕਤ ਐਸਾ ਆਇਆ ਕਿ ਪੂਰਾ ਯੂਰਪ ਮੰਦਵਾੜੇ ਦੀ ਲਪੇਟ ਵਿਚ ਆ ਗਿਆ। ਸਭ ਤੋਂ ਭੈੜਾ ਹਾਲ ਇੰਗਲੈਂਡ ਅਤੇ ਇਟਲੀ ਦਾ ਹੋਇਆ। ਹਰ ਹਫ਼ਤੇ ਪੰਦਰਾਂ ਵੀਹ ਫਰਮਾਂ ਬੰਦ ਹੁੰਦੀਆਂ ਜਾਂ ਦੀਵਾਲਾ ਕੱਢਦੀਆਂ। ਇਕ ਦਿਨ ਅਚਾਨਕ ਉਸ ਦੀ ਫ਼ਰਮ ਵੀ ਬੰਦ ਹੋ ਗਈ। ਸਾਰੇ ਸਟਾਫ਼ ਨੂੰ ਬਗ਼ੈਰ ਕੁਝ ਦਿੱਤਿਆਂ ਛੁੱਟੀ ਕਰ ਦਿੱਤੀ ਗਈ। ਫ਼ਰਮ ਨੇ ਉਸ ਦੀ ਕਾਰ ਵੀ ਵਾਪਸ ਲੈ ਲਈ। ਉਹ ਬੜਾ ਨਿਰਾਸ਼ ਹੋ ਕੇ ਘਰ ਪਰਤਿਆ। ਨਾਲੋ-ਨਾਲ ਸੋਚਦਾ ਕਿ ਕਈ ਸਾਲਾਂ ਤੋਂ ਤਾਂ ਫ਼ਰਮ ਮਸਾਂ ਬਚਦੀ ਬਚਾਉਂਦੀ ਆ ਰਹੀ ਸੀ, ਆਖ਼ਰ ਇਕ ਦਿਨ ਤਾਂ ਇਹ ਹੋਣੀ ਵਰਤਣੀ ਹੀ ਸੀ। ਬੜਾ ਉਦਾਸ-ਉਦਾਸ ਘਰ ਪਰਤਿਆ। ਉਸ ਨੂੰ ਫ਼ਿਕਰ ਸੀ ਤਾਂ ਘਰ ਦੇ ਵੱਡੇ ਖਰਚੇ ਦਾ। ਬੱਚਿਆਂ ਦੇ ਭਵਿੱਖ ਦਾ। ਪਬਲਿਕ ਸਕੂਲ ਦੀ ਮਹਿੰਗੀ ਫ਼ੀਸ ਦਾ। ਉਸ ਨੂੰ ਇਹ ਵੀ ਪਤਾ ਸੀ ਕਿ ਬੇਰੋਜ਼ਗਾਰੀ ਏਨੇ ਜ਼ੋਰਾਂ 'ਤੇ ਹੈ ਕਿ ਕੋਈ ਵੀ ਕੰਮ ਮਿਲਣਾ ਬੜਾ ਮੁਸ਼ਕਲ ਹੈ। ਜੇ ਕਿਤੇ ਕੋਈ ਮਾੜੀ ਮੋਟੀ ਨੌਕਰੀ ਨੂੰ ਹੱਥ ਪੈ ਵੀ ਗਿਆ ਤਾਂ ਏਨੇ ਪੈਸੇ ਵੀ ਨਹੀਂ ਮਿਲਣ ਲੱਗੇ ਕਿ ਪਹਿਲਾਂ ਵਾਂਗ ਖੁੱਲ੍ਹਾ ਖ਼ਰਚ ਹੋ ਸਕੇ। ਹਰ ਰੋਜ਼ ਸਾਰੇ ਅਖ਼ਬਾਰ ਦੇਖਦਾ। ਜਿਥੇ ਵੀ ਕੋਈ ਨੌਕਰੀ ਹੁੰਦੀ ਅਪਲਾਈ ਕਰਦਾ ਪਰ ਕਿਤਿਉਂ ਵੀ ਕੋਈ ਹਾਂ-ਪੱਖੀ ਉੱਤਰ ਨਾ ਆਉਂਦਾ। ਵਿਹਲਾ ਵੀ ਉਹ ਬੈਠ ਨਹੀਂ ਸੀ ਸਕਦਾ ਕਿਉਂਕਿ ਉਹ ਸ਼ੁਰੂ ਤੋਂ ਹੀ ਕੰਮ ਕਰਨ ਦਾ ਆਦੀ ਸੀ।

ਫਿਰ ਉਸ ਸੋਚਿਆ, ਚਲੋ ਜਿੰਨੀ ਦੇਰ ਨੌਕਰੀ ਨਹੀਂ

ਬਹੁਤ ਵੱਡੀ ਛਾਲ ਹੁੰਦੀ ਹੈ,
ਇਸ ਛਾਲ ਬਾਅਦ ਧਰਤੀ 'ਤੇ -(ਅਗਲੇ ਸਫ਼ੇ 'ਤੇ)

ਮਿਲਦੀ ਉਤਨੀ ਦੇਰ ਕਿਉਂ ਨਾ ਸਰਕਾਰੀ ਭੱਤਾ ਕਲੇਮ ਕੀਤਾ ਜਾਏ ਜੋ ਕਿ ਹੱਕ ਬਣਦਾ ਹੈ। ਉਹ ਲੋਕਲ ਸ਼ੋਸ਼ਲ ਸਿਕਿਉਰਟੀ ਦੇ ਦਫ਼ਤਰ ਬੇਰੋਜ਼ਗਾਰੀ ਭੱਤਾ ਵਸੂਲ ਕਰਨ ਲਈ ਆਪਣਾ ਨਾਂ ਦਰਜ਼ ਕਰਾਉਣ ਗਿਆ। ਕੀ ਦੇਖਿਆ ਕਿ ਪੂਰਾ ਹਾਲ ਖਚਾ-ਖਚ ਭਰਿਆ ਹੋਇਆ ਹੈ। ਤਰ੍ਹਾਂ-ਤਰ੍ਹਾਂ ਦੇ ਲੋਕ ਕਤਾਰਾਂ ਵਿਚ ਖੜੇ ਸਨ। ਕਈ ਸਿਗਰਟ ’ਤੇ ਸਿਗਰਟ ਫੂਕ ਰਹੇ ਸਨ। ਕਈ ਕਲਰਕਾਂ ਨਾਲ ਗਾਲੀ-ਗਲੋਚ ਹੋ ਰਹੇ ਸਨ। ਹਰ ਕੋਈ ਏਨਾ ਬੇਤਾਬ ਸੀ ਕਿ ਕਈ ਤਾਂ ਬੂਹੇ ਬਾਰੀਆਂ ਭੰਨਣ ਤਕ ਵੀ ਜਾਂਦੇ। ਉਹ ਵੀ ਕਤਾਰ ਵਿਚ ਖਲੋ ਗਿਆ। ਕਤਾਰ ਕੀ ਸੀ ਕਿ ਹਿੱਲਣ ਦਾ ਨਾਂ ਹੀ ਨਹੀਂ ਸੀ ਲੈਂਦੀ ਸੀ। ਪੰਦਰਾਂ-ਵੀਹ ਮਿੰਟਾਂ ਵਿਚ ਮਸਾਂ ਇਕ ਅੱਧ ਆਦਮੀ ਦਾ ਹੀ ਭੁਗਤਾਨ ਹੁੰਦਾ। ਸਾਰਾ ਹਾਲ ਧੂੰਏਂ ਨਾਲ ਭਰਿਆ ਪਿਆ ਸੀ। ਬੜੇ ਹੀ ਗੰਦੇ ਲਫ਼ਜ਼ ਉਸ ਦੇ ਕੰਨਾਂ ਵਿਚ ਚਾਰੇ ਪਾਸਿਉਂ ਪੈ ਰਹੇ ਸਨ। ਕਈ ਘੰਟੇ ਕਤਾਰ ਵਿਚ ਖਲੋ ਕੇ ਅਖ਼ੀਰ ਉਹਨੂੰ ਲੱਗਾ ਕਿ ਉਸ ਦਾ ਦਮ ਘੁੱਟ ਹੋ ਰਿਹਾ ਹੈ ਅਤੇ ਕੁਝ ਹੀ ਮਿੰਟਾਂ ਵਿਚ ਉਹ ਭੁਆਟਣੀ ਖਾ ਕੇ ਫ਼ਰਸ਼ ’ਤੇ ਡਿੱਗ ਪਏਗਾ ਤੇ ਭੀੜ ਵਿਚ ਕੁਚਲਿਆ ਹੀ ਜਾਏਗਾ। ਉਹ ਬਾਹਰ ਆ ਗਿਆ। ਬੜਾ ਨਿਰਾਸ਼ ਹੋ ਕੇ ਘਰ ਪਰਤਿਆ। ਘਰ ਆ ਕੇ ਬੀਵੀ ਨੂੰ ਸਾਰੀ ਵਿਥਿਆ ਸੁਣਾਈ, ਅਗੋਂ ਬੀਵੀ ਵੀ ਉਦਾਸ ਮੂੰਹ ਬਣਾ ਬੈਠ ਜਾਂਦੀ। ਦੋਵੇਂ ਸੋਚਦੇ ਕਿ ਉਨ੍ਹਾਂ ਜੋ ਵੀ ਅੱਜ ਤੱਕ ਬਚਾ-ਬਚਾ ਜੋੜਿਆ ਸੀ, ਉਹ ਤਾਂ ਬੱਚਿਆਂ ਦੀ ਮਸਾਂ ਇਕ ਸਾਲ ਦੀ ਹੀ ਫ਼ੀਸ ਸੀ। ਅੱਗੋਂ ਕੀ ਬਣੇਗਾ। ਬੱਚੇ ਤਾਂ ਅਜੇ ਸੱਤ-ਅੱਠ ਸਾਲ ਦੇ ਹੀ ਹੋਏ ਸਨ। ਪ੍ਰਾਇਮਰੀ ਸਕੂਲ ਦੀ ਹੀ ਵਿਦਿਆ ਗ੍ਰਹਿਣ ਕਰ ਰਹੇ ਸਨ। ਉਸ ਤੋਂ ਬਾਅਦ ਹਾਈ ਸਕੂਲ ਫਿਰ ਕੋਈ ਕਾਲਜ ਜਾਂ ਯੂਨੀਵਰਸਿਟੀ ਬੜਾ ਲੰਬਾ ਪੰਧ ਸੀ। ਦੋਵੇਂ ਬੜੇ ਉਦਾਸ-ਉਦਾਸ ਰਹਿਣ ਲੱਗੇ। ਉਸ ਦੀ ਬੀਵੀ ਵੀ ਕਈ ਥਾਂਈਂ ਕੰਮ ਦੀ ਭਾਲ ਵਿਚ ਜਾ ਚੁੱਕੀ ਸੀ, ਪਰ ਕੋਈ ਜੁਗਾੜ ਨਹੀਂ ਬਣਿਆ ਸੀ।

ਅਚਾਨਕ ਉਸ ਦੀ ਬੀਵੀ ਨੇ ਇਕ ‘ਲੋਕਲ’ ਅਖ਼ਬਾਰ ਵਿਚੋਂ ਇਕ ਇਸ਼ਤਿਹਾਰ ਉਸ ਨੂੰ ਦਿਖਾਇਆ ਜੋ ਇਕ ‘ਮਿੰਨੀ ਕੈਬਿੰਗ’ ਦਾ ਸੀ ਤੇ ਉਸ ਨੂੰ ਮਿੰਨੀ ਕੈਬਿੰਗ ਕਰਨ ਦੀ ਸਲਾਹ ਦਿੱਤੀ। ਇਸ਼ਤਿਹਾਰ ਅਨੁਸਾਰ ਹਰ ਯੋਗ ਡ੍ਰਾਈਵਰ ਤਿੰਨ ਕੁ ਸੌ ਤੋਂ ਵੱਧ ਸਾਰੇ ਖ਼ਰਚੇ ਕੱਢ ਕੇ ਕਮਾ ਸਕਦਾ ਸੀ। ਫਿਰ ਵੀ ਸ਼ਿਫ਼ਟ ਜਦ ਮਰਜ਼ੀ ਕੰਮ ਸ਼ੁਰੂ ਕਰੋ ਤੇ ਜਦ ਮਰਜ਼ੀ ਘਰ ਆ ਜਾਉ। ਸਿਰਫ਼ ਇਕ ਚੰਗੀ ਕਾਰ ਤੇ ਇੰਸ਼ੋਰੈਂਸ ਦੀ ਹੀ ਲੋੜ ਸੀ। ਉਸ ਦੇ ਮਨ ਨੂੰ ਵੀ ਇਹ ਗੱਲ ਜਚੀ ਤੇ ਉਸਨੇ ਸੋਚ-ਵਿਚਾਰ ਕੇ ਮਿੰਨੀ ਕੈਬਿੰਗ ਕਰਨ ਦਾ ਮਨ ਬਣਾ ਲਿਆ। ਚੰਗੀ ਹਾਲਤ ਦੀ ਚਾਰ ਦਰਵਾਜ਼ਿਆਂ ਵਾਲੀ ਕਾਰ ਲੈ ਲਈ ਤੇ ਕੈਬਿੰਗ ਦੀ ਇੰਸ਼ੋਰੈਂਸ ਕਰਵਾਈ। ਕੈਬ ਕੰਪਨੀ ਨਾਲ ਕੰਮ ਕਰਨ ਲੱਗ ਪਿਆ।

ਪਹਿਲੇ ਦਿਨ ਉਹ ਮਿੰਨੀ ਕੈਬਿੰਗ ਦੇ ਦਫ਼ਤਰ ਗਿਆ ਜਿਥੇ ਕਾਫ਼ੀ ਗਿਣਤੀ ਵਿਚ ਗੋਰੇ, ਕਾਲੇ ਅਤੇ ਏਸ਼ੀਅਨ ਬੈਠੇ ਹੋਏ ਸਨ। ਧੂੰਏਂ ਦੇ ਬੰਬੇ ਛੱਡਦੇ। ਹਰ ਗੱਲ ਨਾਲ ਗਾਲ੍ਹ ਕੱਢਦੇ। ਘਸੁੰਨ-ਮੁੱਕੀ ਵੀ ਹੁੰਦੇ। ਤਕਰੀਬਨ ਸਾਰੇ ਹੀ ਡ੍ਰਾਈਵਰਾਂ ਦੀਆਂ ਖ਼ੁਰਦੜੀਆਂ ਦਾੜੀਆਂ, ਉਨੀਂਦੇ ਕਾਰਨ ਮੂੰਹ 'ਤੇ ਪਿਲੱਤਣ ਤੇ ਕੱਪੜੇ ਵੀ ਬਹੁਤਿਆਂ ਦੇ ਘਿਸੇ ਪਿਟੇ। ਕਈ ਡਰਾਈਵਰ ਤਾਂ ਦਫਤਰ ਵਿਚ ਬੈਠ ਕੇ ਤਾਸ਼ ਜਾਂ ਜੂਆ ਵੀ ਖੇਡਦੇ। ਮੇਜ਼ਾਂ 'ਤੇ ਪਏ ਰਾਖਦਾਨਾਂ ਵਿਚੋਂ ਸਿਗਰਟਾਂ ਦੇ ਟੋਟੇ ਤੇ ਸੁਆਹ ਉੱਛਲ-ਉੱਛਲ ਪੈਂਦੇ। ਕਈ ਤਾਂ ਸਿਗਰਟਾਂ ਦੇ ਟੋਟੇ ਰਾਖਦਾਨਾਂ ਵਿਚ ਵੀ ਸੁੱਟਣੇ ਜ਼ਰੂਰੀ ਨਾ ਸਮਝ ਕੇ ਫ਼ਰਸ਼ 'ਤੇ ਹੀ ਸੁੱਟ ਕੇ ਪੈਰ ਨਾਲ ਮਸਲ ਦਿੰਦੇ।

ਏਨੇ ਗੰਦੇ ਦਫ਼ਤਰੀ ਮਾਹੌਲ ਵਿਚ ਉਸ ਦਾ ਸਾਹ ਘੁੱਟਣ ਲੱਗਾ। ਸਿਗਰਟ ਦੇ ਧੂੰਏਂ ਨਾਲ ਉਸ ਦਾ ਸਿਰ ਚਕਰਾ-ਚਕਰਾ ਜਾਂਦਾ। ਜਦੋਂ ਉਹ ਖ਼ੁਦ ਇਕ ਮਾਮੂਲੀ ਮਜ਼ਦੂਰ ਸੀ ਏਨਾ ਗੰਦਾ ਮਾਹੌਲ ਤਾਂ ਉਸ ਉਦੋਂ ਵੀ ਨਹੀਂ ਸੀ ਵੇਖਿਆ। ਨਵੇਂ ਡ੍ਰਾਈਵਰਾਂ ਦੀਆਂ ਕਾਰਾਂ ਵਿਚ ਰੇਡੀਓ ਨਾ ਹੋਣ ਕਰਕੇ ਦਫ਼ਤਰ ਵਿਚੋਂ ਹੀ ਉਨ੍ਹਾਂ ਨੂੰ ਵਾਰੀ-ਵਾਰੀ ਕੰਮ ਮਿਲਦਾ। ਹਫ਼ਤੇ ਦੋ ਹਫ਼ਤਿਆਂ ਬਾਅਦ ਹੀ ਗੱਡੀ ਰੇੜ੍ਹੇ ਪੈਣ ਤੇ ਕਾਰ ਵਿਚ ਰੇਡੀਓ ਫਿੱਟ ਕਰ ਕੇ ਦਿੰਦੇ। ਅਜਿਹੇ ਮਾਹੌਲ ਤੋਂ ਉਸ ਨੂੰ ਨਫ਼ਰਤ ਸੀ। ਉਸ ਦਾ ਜੀਅ ਕੀਤਾ ਉਥੋਂ ਭੱਜ ਜਾਣ ਨੂੰ, ਪਰ ਅੱਗੇ ਉਸ ਦੀ ਜ਼ਿੰਮੇਵਾਰੀ ਖੜੀ ਸੀ। ਘਰ ਦੀਆਂ ਕਿਸ਼ਤਾਂ, ਬਿੱਲ, ਬੱਚਿਆਂ ਦੀਆਂ ਫ਼ੀਸਾਂ ਅਤੇ ਘਰ ਨੂੰ ਬਰਬਾਦ ਹੋਣ ਤੋਂ ਬਚਾਉਣ ਦੀ ਜ਼ਿੰਮੇਵਾਰੀ ਨੇ ਉਸ ਨੂੰ ਭੱਜਣ ਨਾ ਦਿੱਤਾ। ਅਖ਼ੀਰ ਮਨ ਹੀ ਮਨ ਵਿਚ ਹਾਲਾਤ ਨਾਲ ਸਮਝੌਤਾ ਕਰਨਾ ਹੀ ਠੀਕ ਸਮਝਿਆ।

ਉਸ ਦੀ ਵਾਰੀ ਆਉਣ 'ਤੇ ਉਸ ਨੂੰ ਪਹਿਲਾ ਹੀ ਗਾਹਕ ਮਿਲਿਆ। ਉਸ ਨੇ ਬੜੇ ਸੁਆਗਤ ਨਾਲ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਗਾਹਕ ਨੂੰ ਬਿਠਾਇਆ। ਗਾਹਕ ਨੇ ਹੈਮਰਸਮਿੱਥ ਜਾਣਾ ਸੀ। ਥੋੜ੍ਹੀ ਹੀ ਦੂਰ ਜਾ ਕੇ ਗਾਹਕ ਨੇ ਆਪਣੀ ਜੇਬ ਵਿਚੋਂ ਸਿਗਰਟਾਂ ਦੀ ਡੱਬੀ ਕੱਢੀ ਅਤੇ ਉਸਨੂੰ ਆਖਿਆ, “ਤੂੰ ਸਿਗਰਟ ਪੀਏਂਗਾ?” ਉਸ ਨੇ ‘ਨੋ ਥੈਂਕਸ’ ਆਖਕੇ ਇਨਕਾਰ ਕਰ ਦਿੱਤਾ। ਨਾਲ ਹੀ ਗਾਹਕ ਨੇ ਪੁੱਛਿਆ ਕਿ ਜੇ ਮੈਂ ਤੇਰੀ ਕਾਰ ਵਿਚ ਸਿਗਰਟ ਪੀ ਲਵਾਂ ਤਾਂ ਕੋਈ ਇਤਰਾਜ਼ ਤਾਂ ਨਹੀਂ। ਉਹ ਮਿੰਨੀ ਕੈਬ ਦੇ ਸਲੀਕਿਆਂ ਤੋਂ ਜਾਣੂ ਨਹੀਂ ਸੀ। ਸੋ, ਉਸ ਨੇ ਸਹਿਵਨ ਹੀ ਆਖ ਦਿੱਤਾ ਕਿ ਕ੍ਰਿਪਾ ਕਰਕੇ ਨਾ ਹੀ ਪੀਵੋ ਤਾਂ ਚੰਗਾ ਹੈ ਕਿਉਂਕਿ ਸਿਗਰਟ ਦੇ ਧੂੰਏਂ ਨਾਲ ਮੇਰਾ ਸਿਰ ਚਕਰਾ ਜਾਂਦਾ ਹੈ। ਮੁਸਾਫ਼ਰ ਉਥੇ ਹੀ ਗੱਡੀ ਖੜੀ ਕਰਵਾ ਕੇ ਉਤਰ ਗਿਆ ਤੇ ਉਤਰਨ ਤੋਂ ਪਹਿਲਾਂ ਉਸ ਵਲ ਘੂਰ ਕੇ ਕਹਿਣ ਲੱਗਾ, “ਤੂੰ ਬੜਾ ਹੀ ਬਦਤਮੀਜ਼ ਡ੍ਰਾਈਵਰ ਏਂ” ਤੈਨੂੰ ਆਪਣੇ ਗਾਹਕਾਂ ਦੀ ਸਹੂਲਤ ਦਾ ਵੀ ਖ਼ਿਆਲ ਨਹੀਂ? ਪੂਰੇ ਜ਼ੋਰ ਨਾਲ ਕਾਰ ਦਾ ਦਰਵਾਜ਼ਾ ਬੰਦ ਕਰ ਦਿੱਤਾ, ਬਗ਼ੈਰ ਕੋਈ ਪੈਸਾ ਦਿੱਤੇ ਤੁਰਦਾ ਬਣਿਆ।

ਉਸ ਨੂੰ ਬੜੀ ਹੀ ਮਾਯੂਸੀ ਹੋਈ। ਮੁੜਦੇ ਪੈਰੀਂ ਉਹ ਦਫ਼ਤਰ ਪਹੁੰਚਿਆ ਤੇ ਆਪਣੇ ਕੰਟਰੋਲਰ ਨੂੰ ਬੀਤੀ ਦੱਸਣ ਲੱਗਾ। ਬਜਾਇ ਇਸਦੇ ਕਿ ਕੰਟਰੋਲਰ ਉਸ ਨਾਲ ਕੋਈ ਹਮਦਰਦੀ ਜਤਲਾਉਂਦਾ,ਅਗੋਂ ਉਸ ਨੂੰ ਹੋਰ ਗ਼ੁੱਸੇ ਹੋਇਆ ਕਿ ਉਹ ਤਾਂ ਰੋਜ਼ ਦਾ ਗਾਹਕ ਸੀ ਜੇ ਉਹ ਤੇਰੀ ਗੱਡੀ 'ਚ ਸਿਗਰਟ ਪੀ ਲੈਂਦਾ ਤਾਂ ਤੇਰੀ ਕੀ ਰੋਲਜ਼-ਰੋਇਸ ਵਿਗੜ ਜਾਣੀ ਸੀ। ਜੇ ਕੰਮ ਕਰਨਾ ਹੈ ਤਾਂ ਅਗੋਂ ਤੋਂ ਗਾਹਕ ਦੀ ਕੋਈ ਸ਼ਿਕਾਇਤ ਅਸੀਂ ਸੁਣਨ ਲਈ ਤਿਆਰ ਨਹੀਂ।

ਇਹ ਉਸਦੇ ਨਵੇਂ ਕੰਮ ਦੀ ਸ਼ੁਰੂਆਤ ਸੀ। ਇਸ ਹਾਦਸੇ ਦਾ ਉਸ 'ਤੇ ਬੜਾ ਹੀ ਅਸਰ ਹੋਇਆ। ਉਹ ਆਪਣੇ ਆਪ ਨੂੰ ਕੱਖੋਂ ਹੌਲਾ ਮਹਿਸੂਸ ਕਰਦਾ ਪਰ ਇਸ ਦਾ ਜ਼ਿਕਰ ਉਸਨੇ ਕਿਸੇ ਕੋਲ ਨਾ ਕੀਤਾ। ਕੁਝ ਹੀ ਦਿਨਾਂ ਦੀ ਟ੍ਰੇਨਿੰਗ ਪਿੱਛੋਂ ਉਸ ਦੀ ਕਾਰ ਵਿਚ ਵੀ ਰੇਡੀਓ ਲਗਾ ਦਿੱਤਾ ਗਿਆ। ਹੁਣ ਉਸ ਲਈ ਜ਼ਰੂਰੀ ਨਹੀਂ ਸੀ ਕਿ ਦਫ਼ਤਰ ਵਿਚ ਜਾ ਕੇ ਬੈਠੇ। ਰੇਡੀਓ ਵਾਲੇ ਸਾਰੇ ਡ੍ਰਾਈਵਰ ਕਾਰਾਂ ਵਿਚ ਹੀ ਬੈਠੇ ਰਹਿੰਦੇ ਤੇ ਰੇਡੀਓ ਰਾਹੀਂ ਕੰਟਰੋਲਰ ਨਾਲ ਗੱਲਬਾਤ

ਮੁੜ ਲੱਗੇ ਪੈਰ
ਵੱਖਰੀ ਹੀ ਖੁਸ਼ੀ ਵਿਚ ਨੱਚਦੇ ਹਨ -(ਅਗਲੇ ਸਫ਼ੇ ’ਤੇ)

ਕਰਦੇ ਰਹਿੰਦੇ।

ਉਸ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਕੰਟਰੋਲਰ ਉਸ ਨੂੰ ਘੱਟ ਤੇ ਬੜਾ ਘਟੀਆ ਕੰਮ ਕਿਉਂ ਦਿੰਦਾ ਸੀ। ਹੌਲੀ-ਹੌਲੀ ਕੁਝ ਹੋਰ ਡ੍ਰਾਈਵਰ ਉਸ ਦੇ ਦੋਸਤ ਬਣ ਗਏ। ਉਨ੍ਹਾਂ ਤੋਂ ਪਤਾ ਲੱਗਾ ਕਿ ਕਈ ਪੁਰਾਣੇ ਡ੍ਰਾਈਵਰ ਕੰਟਰੋਲਰ ਨੂੰ ਚੜ੍ਹਾਵਾ ਚਾੜ੍ਹਦੇ ਨੇ। ਇਹੀ ਕਾਰਣ ਸੀ ਕਿ ਕੰਟਰੋਲਰ ਕੁਝ ਖ਼ਾਸ-ਖ਼ਾਸ ਡ੍ਰਾਈਵਰਾਂ ਪ੍ਰਤੀ ਵਫ਼ਾ ਪਾਲਦਾ ਸੀ। ਉਸ ਸੋਚਿਆ ਕਿ ਕੰਟਰੋਲਰ ਦੀ ਇਸ ਚੋਰੀ ਦੀ ਸ਼ਿਕਾਇਤ ਮਾਲਕਾਂ ਕੋਲ ਕਰੇ ਅਤੇ ਸਾਰੇ ਡ੍ਰਾਈਵਰਾਂ ਨੂੰ ਬਰਾਬਰ ਦਾ ਹੱਕ ਦਿਲਾਵੇ। ਪਰ ਮਾਲਕ ਤਾਂ ਹਫ਼ਤੇ ਵਿਚ ਸਿਰਫ਼ ਇਕ ਅੱਧ ਵਾਰ ਹੀ ਨਜ਼ਰ ਆਉਂਦਾ। ਉਹ ਵੀ ਹਮੇਸ਼ਾ ਨਸ਼ੇ ਵਿਚ ਧੁੱਤ ਤੇ ਦੋ ਆਦਮੀ ਮਸਾਂ ਪਕੜ ਕੇ ਉਸ ਨੂੰ ਗੱਡੇ ਜਿੱਡੀ ਬੈਂਟਲੇ ਵਿਚ ਬਿਠਾਉਂਦੇ ਤੇ ਉਤਾਰਦੇ। ਉਸ ਦੀ ਬੈਂਟਲੇ ਵਿਚ ਹੀ ਬਾਰ ਬਣਿਆ ਹੋਇਆ ਸੀ। ਕਮਾਈ ਅੰਨ੍ਹੀ ਸੀ। ਉਸ ਨੂੰ ਸ਼ਿਕਾਇਤ ਸੁਣਨ ਦੀ ਕਦੇ ਫ਼ੁਰਸਤ ਹੀ ਨਹੀਂ ਸੀ ਮਿਲਦੀ। ਹੋਰ ਡ੍ਰਾਈਵਰਾਂ ਦੇ ਕਹਿਣ ਅਨੁਸਾਰ ਕਈ ਡ੍ਰਾਈਵਰ ਅੱਜ ਤਕ ਕੰਟਰੋਲਰ ਦੀਆਂ ਸ਼ਿਕਾਇਤਾਂ ਕਰ ਚੁੱਕੇ ਸਨ, ਪਰ ਸਰਕਾਰੇ-ਦਰਬਾਰੇ ਕੋਈ ਸੁਣਵਾਈ ਕਦੇ ਨਹੀਂ ਸੀ ਹੋਈ, ਬਲਕਿ ਉਲਟਾ ਅਸਰ ਹੁੰਦਾ ਸੀ। ਕੰਟਰੋਲਰ ਨੂੰ ਪੂਰਾ ਹੱਕ ਸੀ ਕਿ ਜਿਸ ਦਾ ਚਾਹੇ ਬਿਸਤਰਾ ਗੋਲ ਕਰ ਦੇਵੇ। ਕੰਟਰੋਲਰ ਹੀ ਕੰਪਨੀ ਦਾ ਧੁਰਾ ਸੀ ਤੇ ਪਾਇਲਟ ਵੀ।

ਉਹ ਇਹ ਸਭ ਕੁਝ ਸੁਣ ਕੇ ਚੁੱਪ ਰਹਿ ਗਿਆ। ਅੰਦਰੋ-ਅੰਦਰ ਹੀ ਜ਼ਹਿਰ ਪੀਂਦਾ ਰਿਹਾ। ਜੋ ਵੀ ਮਾੜਾ-ਮੋਟਾ ਕੰਮ ਮਿਲਦਾ, ਕਰਦਾ ਗਿਆ। ਪਹਿਲਾ ਪੂਰਾ ਹਫ਼ਤਾ ਕੰਮ ਕਰ ਕੇ ਉਸ ਨੂੰ ਮਸਾਂ ਸੱਤਰ ਪੌਂਡ ਮਿਲੇ। ਮਨ ਹੀ ਮਨ ਵਿਚ ਉਹ ਬਹੁਤ ਸ਼ਰਮਿੰਦਾ ਸੀ ਕਿ ਕਿਹੜੇ ਮੂੰਹ ਨਾਲ ਉਹ ਆਪਣੀ ਘਰ ਵਾਲੀ ਨੂੰ ਸੱਤਰ ਪੌਂਡ ਦੇਵੇਗਾ। ਉਹ ਸੱਤਰ ਪੌਂਡ ਕਿੱਥੇ-ਕਿੱਥੇ ਖ਼ਰਚੇਗੀ। ਮਸਾਂ ਹੀ ਝਕਦਿਆਂ-ਝਕਦਿਆਂ ਉਸਨੇ ਪਤਨੀ ਨੂੰ ਸੱਤਰ ਪੌਂਡ ਫੜਾਏ ਤੇ ਨਮੋਸ਼ੀ ਜ਼ਾਹਿਰ ਕੀਤੀ। ਸਿਆਣੀ ਪਤਨੀ ਨੇ ਉਸ ਦਾ ਦਿਲ ਨਹੀਂ ਟੁੱਟਣ ਦਿੱਤਾ ਸਗੋਂ ਹੌਂਸਲਾ ਦਿੱਤਾ ਕਿ ਸਿਰਫ਼ ਪਹਿਲਾ ਹਫ਼ਤਾ ਹੀ ਤਾਂ ਹੈ, ਹੌਲੀ-ਹੌਲੀ ਸਭ ਠੀਕ ਹੋ ਜਾਏਗਾ। ਅਜੇ ਸਾਰੇ ਰਸਤਿਆਂ ਦੀ ਵਾਕਫ਼ੀਅਤ ਵੀ ਤਾਂ ਨਹੀਂ।

ਪਤਨੀ ਦੇ ਇਨ੍ਹਾਂ ਲਫ਼ਜ਼ਾਂ ਨੇ ਉਸ ਦਾ ਧਰਵਾਸ ਬੰਨ੍ਹਿਆ। ਉਹ ਸਿਰ ਸੁੱਟ ਕੰਮ ਕਰਦਾ ਰਿਹਾ। ਥੋੜ੍ਹੇ ਹੀ ਹਫ਼ਤਿਆਂ ਵਿਚ ਉਸ ਨੂੰ ਸਾਰੇ ਰਸਤਿਆਂ ਦਾ ਪਤਾ ਚਲ ਗਿਆ ਤੇ ਉਹ ਕੁਝ ਕੁ ਚੰਗੇ ਡ੍ਰਾਈਵਰਾਂ ਵਿਚੋਂ ਹੋ ਗਿਆ। ਕੰਟਰੋਲਰ ਨੇ ਵੀ ਉਸ ਨੂੰ ਕੁਝ ਚੰਗੇ ਪੈਸਿਆਂ ਦਾ ਕੰਮ ਦੇਣਾ ਸ਼ੁਰੂ ਕਰ ਦਿੱਤਾ। ਕੰਟਰੋਲਰ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਦਿਨ ਦੀ ਡਿਊਟੀ ਛੱਡ ਕੇ ਰਾਤ ਦੀ ਸ਼ਿਫ਼ਟ ਕਰੇ ਕਿਉਂਕਿ ਰਾਤ ਵੇਲੇ ਸੜਕਾਂ 'ਤੇ ਟ੍ਰੈਫ਼ਿਕ ਘੱਟ ਹੁੰਦਾ ਹੈ। ਰਾਤ ਵੇਲੇ ਵੱਡੇ-ਵੱਡੇ ਹੋਟਲਾਂ ਅਤੇ ਕਲੱਬਾਂ ਤੋਂ ਮੁਸਾਫ਼ਰ ਚੁੱਕਣੇ ਹੁੰਦੇ ਸਨ ਜਿਨ੍ਹਾਂ ਹੋਟਲਾਂ ਤੇ ਕਲੱਬਾਂ ਦਾ ਇਸ ਕੰਪਨੀ ਨਾਲ ਕੰਟਰੈਕਟ ਸੀ। ਉਸ ਨੂੰ ਇਹ ਗੱਲ ਜਚੀ ਤੇ ਉਸ ਨੇ ਇਕਦਮ ਰਾਤ ਦੀ ਸ਼ਿਫ਼ਟ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਰਾਤ ਦੀ ਸ਼ਿਫ਼ਟ ਦੇ ਬਹੁਤੇ ਡ੍ਰਾਈਵਰ ਸੈਂਟਰਲ ਲੰਡਨ ਵਿਚ ਹੀ ਕੰਮ ਕਰਦੇ, ਜਿਸ ਨੂੰ ਵੈਸਟ-ਐਂਡ ਆਖਿਆ ਜਾਂਦਾ। ਇਸ ਇਲਾਕੇ ਵਿਚ ਬੜੇ-ਬੜੇ ਹੋਟਲ ਤੇ ਕਲੱਬ ਸਨ। ਇਹ ਇਲਾਕਾ ਕਈ ਪੱਖਾਂ ਤੋਂ ਖ਼ਤਰਨਾਕ ਵੀ ਸੀ ਕਿਉਂਕਿ ਇਸ ਇਲਾਕੇ ਦਾ ਕੁਝ ਹਿੱਸਾ ਰੈਡ-ਲਾਈਟ-ਏਰੀਆ ਅਖਵਾਉਂਦਾ ਸੀ ਜਿਥੇ ਜਿਸਮ ਫ਼ਰੋਸ਼ੀ, ਨਸ਼ਾ ਫ਼ਰੋਸ਼ੀ ਵਰਗੀਆਂ ਕਈ ਚੀਜ਼ਾਂ ਵਾਪਰਦੀਆਂ ਸਨ। ਵੈਸਟ ਐਂਡ ਦੇ ਮੇਫੇਅਰ ਇਲਾਕੇ ਵਿਚ ਸ਼ੈਪਰਡਜ਼ ਮਾਰਕੀਟ ਤੇ ਪੈਡਿੰਗਟਨ ਦੀ ਸਸੈਕਸ ਰੋਡ ਉਤੇ ਤਾਂ ਸਾਰੀ ਸਾਰੀ ਰਾਤ ਜਿਸਮ ਫ਼ਰੋਸ਼ੀ, ਨਸ਼ੀਲੀਆਂ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ ਹੁੰਦੀ। ਜਿਸਮ ਵੇਚਣ ਵਾਲੇ ਅਕਸਰ ਹੈਰੋਇਨ ਅਤੇ ਚਰਸ ਆਦਿ ਦੇ ਆਦੀ ਹੁੰਦੇ। ਹੈਰੋਇਨ ਦੇ ਆਦੀ ਨੂੰ ਹਰ ਰੋਜ਼ ਇਕ ਟੀਕਾ ਲਗਾਉਣਾ ਹੀ ਪੈਂਦਾ ਹੈ ਭਾਵੇਂ ਉਹ ਕਿਧਰੇ ਵੀ ਹੋਵੇ ਤੇ ਇਕ ਟੀਕੇ ਦੀ ਕੀਮਤ ਸੱਠ-ਸੱਤਰ ਪੌਂਡ ਹੁੰਦੀ। ਕਿਸੇ ਵੀ ਤਰ੍ਹਾਂ ਦੀ ਨੌਕਰੀ ਕਰਕੇ ਰੋਜ਼ਾਨਾ ਟੀਕੇ ਵਾਸਤੇ ਸੱਠ-ਸੱਤਰ ਪੌਂਡ ਕਮਾਉਣੇ ਅਸੰਭਵ ਸਨ। ਸੋ, ਉਨ੍ਹਾਂ ਨੂੰ ਇਕੋ-ਇਕ ਸਾਧਨ ਅਪਣਾਉਣ ਲਈ ਮਜਬੂਰ ਹੋਣਾ ਪੈਂਦਾ, ਜੋ ਕਾਨੂੰਨ ਦੀਆਂ ਨਜ਼ਰਾਂ ਵਿਚ ਜੁਰਮ ਹੀ ਸੀ।

ਉਹ ਜਦੋਂ ਵੀ ਇਨ੍ਹਾਂ ਇਲਾਕਿਆਂ ਵਿਚੋਂ ਗੁਜ਼ਰਦਾ, ਇਹ ਕਾਲੇ ਧੰਦੇ ਦੇਖਕੇ ਉਹਦਾ ਜੀ ਕਚਿਆਉਣ ਲੱਗਦਾ। ਇਸ ਸਭ ਕੁਝ ਤੋਂ ਉਸਨੂੰ ਈਰਖਾ ਸੀ, ਨਫ਼ਰਤ ਸੀ। ਵੇਸਵਾਵਾਂ ਦੀ ਨਿਸ਼ਾਨੀ ਉਨ੍ਹਾਂ ਦੀ ਪੁਸ਼ਾਕ ਤੇ ਚਾਲ-ਢਾਲ ਸੀ। ਮਸਾਂ ਅੱਧਾ-ਪਚੱਧਾ ਸਰੀਰ ਹੀ ਢੱਕਦੀਆਂ ਤੇ ਹਰ ਆਉਂਦੇ ਜਾਂਦੇ ਨੂੰ ਅੱਖਾਂ ਨਾਲ ਹੀ ਬੁਲਾਉਂਦੀਆਂ। ਵੇਸਵਾਵਾਂ ਗਾਹਕਾਂ ਨੂੰ ਭਰਮਾਉਣ ਲਈ ਆਪਣਾ ਸਰੀਰ ਵੱਧ ਤੋਂ ਵੱਧ ਪ੍ਰਦਰਸ਼ਨ ਕਰਦੀਆਂ। ਉਨ੍ਹਾਂ ਵਿਚੋਂ ਕਈ ਤਾਂ ਬਹੁਤ ਹੀ ਘੱਟ ਉਮਰ ਦੀਆਂ ਲਵੀਆਂ ਛੋਕਰੀਆਂ ਹੁੰਦੀਆਂ, ਜਿਨ੍ਹਾਂ ਦੇ ਦੱਲੇ ਅਮੂਮਨ ਹਬਸ਼ੀ ਹੁੰਦੇ ਜੋ ਉਨ੍ਹਾਂ ਦੀ ਹਿਫ਼ਾਜ਼ਤ ਲਈ ਉਨ੍ਹਾਂ ਦੇ ਅੱਗੇ-ਪਿੱਛੇ ਹੀ ਰਹਿੰਦੇ। ਹਬਸ਼ੀ ਇਨ੍ਹਾਂ ਲਵੀਆਂ ਕੋਮਲ ਕੁੜੀਆਂ ਨੂੰ ਆਪਣੀ ਜਕੜ ਵਿਚ ਲੈਂਦੇ, ਉਨ੍ਹਾਂ ਨੂੰ ਨਸ਼ੇ ਦੇ ਟੀਕੇ ਲਾਉਂਦੇ ਤੇ ਧੰਦੇ ਵਾਲੀ ਲਾਈਨ 'ਤੇ ਲਾ ਦਿੰਦੇ। ਇਸ ਦੇ ਉਪਰੰਤ ਮਾਰਦੇ-ਕੁੱਟਦੇ ਵੀ। ਉਹ ਅਜਿਹੇ ਦ੍ਰਿਸ਼ ਹਰ ਰੋਜ਼ ਵੇਖਦਾ। ਉਸ ਦਾ ਜ਼ਿਹਨ ਬੀਮਾਰ-ਬੀਮਾਰ ਜਿਹਾ ਹੋ ਜਾਂਦਾ। ਸਾਰੀ ਦੁਨੀਆ ਬੀਮਾਰ ਹੀ ਲੱਗਦੀ। ਸੋਚਦਾ ਇਸ ਸਭ ਕੁਝ ਦਾ ਪੁਲਿਸ ਨੂੰ ਵੀ ਪਤਾ ਹੈ ਤੇ ਸਰਕਾਰ ਨੂੰ ਵੀ, ਕਿਉਂ ਨਹੀਂ ਇਸ ਸਭ ਕੁਝ ਨੂੰ ਸਾਫ਼ ਕਰ ਦਿੰਦੇ।

ਉਸ ਦੇ ਨਾਲ ਕੰਮ ਕਰਦੇ ਡ੍ਰਾਈਵਰਾਂ ਨਾਲ ਹਰ ਆਏ ਦਿਨ ਵਾਰਦਾਤਾਂ ਹੁੰਦੀਆਂ। ਕਦੇ ਕੋਈ ਸ਼ਰਾਬੀ ਕਿਸੇ ਦੀ ਗੱਡੀ ਵਿਚ ਪਿਸ਼ਾਬ ਕਰ ਜਾਂਦਾ, ਕਦੇ ਕੋਈ ਉਲਟੀ ਕਰ ਜਾਂਦਾ ਤੇ ਕਦੇ ਸਿਗਰਟਾਂ ਨਾਲ ਗੱਡੀ ਦੀਆਂ ਸੀਟਾਂ ਹੀ ਜਲਾ ਜਾਂਦਾ। ਕਦੇ ਕੋਈ ਗੁੰਡੇ ਡ੍ਰਾਈਵਰ ਦੀ ਗਰਦਨ 'ਤੇ ਛੁਰਾ ਰੱਖ ਕੇ ਦਿਨ ਭਰ ਦੀ ਕਮਾਈ ਲੁੱਟ ਲਿਜਾਂਦੇ। ਅਜਿਹੀਆਂ ਘਟਨਾਵਾਂ ਦੇਖ-ਦੇਖ ਕੇ ਉਸ ਦਾ ਮਨ ਪੀੜ ਨਾਲ ਕੁਰਲਾ ਉਠਦਾ।

ਇਕ ਦਿਨ ਤਿੰਨ ਦਿਓ ਕੱਦ ਹਬਸ਼ੀਆਂ ਨੇ ਉਸ ਦੀ ਕਾਰ ਕਿਰਾਏ 'ਤੇ ਲਈ ਤੇ ਉਸ ਨੂੰ ਹੈਕਨੀ ਜਾਣ ਲਈ ਆਖਿਆ। ਤਿੰਨੋਂ ਗੱਡੀ ਵਿਚ ਬੈਠ ਕੇ ਚਰਸ ਗਾਂਜੇ ਵਾਲੀਆਂ ਸਿਗਰਟਾਂ ਪੀਣ ਲੱਗ ਪਏ। ਬੜੀ ਸਖ਼ਤ ਬਦਬੂ। ਉਸਦਾ ਤੇ ਆਮ ਸਿਗਰਟ ਨਾਲ ਹੀ ਸਿਰ ਚਕਰਾ ਜਾਂਦਾ ਸੀ। ਚਰਸ ਵਾਲੀਆਂ ਸਿਗਰਟਾਂ ਨਾਲ ਉਸ ਦਾ ਦਮ ਘੁੱਟਣ ਲੱਗਾ ਤੇ ਨਾਲੇ ਡਰ ਕਿ ਜੇ ਕਿਧਰੇ ਪੁਲਿਸ ਨੇ ਗੱਡੀ ਰੋਕ ਲਈ ਤਾਂ ਉਸ ਦਾ ਘੋਗਾ ਤਾਂ ਫੋਕਟ ਵਿਚ ਹੀ ਚਿੱਤ ਹੋ ਜਾਣਾ ਸੀ। ਅਖ਼ੀਰ ਉਸ ਝਕਦਿਆਂ-ਝਕਦਿਆਂ ਆਖ ਹੀ ਦਿੱਤਾ,

ਵੱਖਰੀ ਹੀ ਲੈਅ ਵਿਚ
ਵੱਖਰੀ ਹੀ ਖ਼ੁਸ਼ੀ ਵਿਚ ਨੱਚਦੇ ਹਨ -(ਅਗਲੇ ਸਫ਼ੇ 'ਤੇ)

''ਜੰਟਲਮੈਨ ਜੇ ਬੁਰਾ ਨਾ ਮਨਾਉ ਤਾਂ ਸਿਗਰਟਾਂ ਬੁਝਾ ਦੇਵੋ ਬੜੀ ਮਿਹਰਬਾਨੀ ਹੋਏਗੀ ਤੁਹਾਡੀ।''

ਉਨ੍ਹਾਂ ਵਿਚੋਂ ਇਕ ਨੇ ਬੜੀ ਤਨਜ਼ੀਆ ਨਜ਼ਰ ਨਾਲ ਉਸ ਨੂੰ ਤੱਕਿਆ ਤੇ 'ਸ਼ੱਟ ਅੱਪ' ਆਖਿਆ। ਧੂੰਆਂ ਪਹਿਲਾਂ ਨਾਲੋਂ ਵੀ ਜ਼ਿਆਦਾ ਉਹਦੇ ਮੂੰਹ ਵਲ ਮਾਰ ਰਹੇ ਸਨ। ਉਸ ਨੂੰ ਵੀ ਬੜਾ ਗੁੱਸਾ ਆਇਆ ਤੇ ਉਨ੍ਹਾਂ ਨੂੰ ਉਤਾਰ ਦੇਣ ਲਈ ਗੱਡੀ ਸੜਕ ਦੇ ਇਕ ਪਾਸੇ ਖੜੀ ਕਰ ਦਿੱਤੀ। ਪਰ ਇਸ ਤੋਂ ਪਹਿਲਾਂ ਕਿ ਉਹ ਕੋਈ ਹਰਕਤ ਕਰਦਾ, ਇਕ ਨੇ ਬੜੀ ਜ਼ੋਰ ਨਾਲ ਉਸ ਦੀ ਪੁੜਪੁੜੀ 'ਤੇ ਘਸੁੰਨ ਜੜ ਦਿੱਤਾ। ਦੂਜੇ ਨੇ ਅੱਠ ਇੰਚ ਦਾ ਤੇਜ਼ ਚਾਕੂ ਉਸ ਦੀ ਗਰਦਨ 'ਤੇ ਰੱਖ ਦਿੱਤਾ ਤੇ ਕਿਹਾ, ''ਬਲੱਡੀ ਕੈਬੀ ਜੇ ਭਲੀ ਲੋੜਦਾ ਏਂ ਤਾਂ ਸਿੱਧਾ ਚੁੱਪ-ਚਾਪ ਹੈਕਨੀ ਚਲਿਆ ਚਲ, ਨਹੀਂ ਤਾਂ ਇਥੇ ਕਾਰ ਵਿਚ ਹੀ ਬੋਟੀ-ਬੋਟੀ ਕਰ ਦੇਵਾਂਗੇ।''

ਉਨ੍ਹਾਂ ਦੀ ਇਸ ਧਮਕੀ ਵਿਚ ਦਹਿਸ਼ਤ ਸੀ। ਉਹ ਦਹਿਲ ਗਿਆ। ਬਰਫ਼ੀਲੇ ਮੌਸਮ ਵਿਚ ਵੀ ਉਹ ਪਸੀਨੋ-ਪਸੀਨੀ ਹੋ ਗਿਆ। ਉਸਨੇ ਗੱਡੀ ਹੈਕਨੀ ਵਲ ਤੋਰਨ ਵਿਚ ਹੀ ਭਲੀ ਸਮਝੀ। ਅੱਧੇ ਘੰਟੇ ਦੀ ਡ੍ਰਾਈਵ ਪਿੱਛੋਂ ਉਹ ਹੈਕਨੀ ਪਹੁੰਚਿਆ ਜੋ ਹਬਸ਼ੀਆਂ ਦਾ ਗੜ੍ਹ ਹੈ। ਪੁਲਿਸ ਵੀ ਕਿਸੇ ਕਾਲੇ ਨੂੰ ਹੱਥ ਪਾਉਣ ਤੋਂ ਪਹਿਲਾਂ ਸੌ ਵਾਰ ਸੋਚਦੀ ਹੈ। ਸਾਰਾ ਰਸਤਾ ਹਬਸ਼ੀ ਉਸ ਨੂੰ ਗੰਦੀਆਂ ਤੋਂ ਗੰਦੀਆਂ ਗਾਲ੍ਹਾਂ ਕੱਢਦੇ ਰਹੇ। ਏਨੀਆਂ ਗੰਦੀਆਂ ਗਾਲ੍ਹਾਂ ਉਸਨੇ ਕਦੇ ਜ਼ਿੰਦਗੀ ਵਿਚ ਨਹੀਂ ਸਨ ਸੁਣੀਆਂ। ਹਬਸ਼ੀ ਉਸ ਨੂੰ ਹੈਕਨੀ ਦੀ ਇਕ ਬੜੀ ਵੱਡੀ ਕੌਂਸਲ ਐਸਟੇਟ ਵਿਚ ਲੈ ਗਏ ਜਿਥੇ ਸਾਰੇ ਕਾਲੇ ਹੀ ਰਹਿੰਦੇ ਸਨ। ਆਪਣੇ ਟਿਕਾਣੇ 'ਤੇ ਪਹੁੰਚ ਕੇ ਤਿੰਨੋਂ ਗੱਡੀ ਵਿਚੋਂ ਉਤਰੇ ਤੇ ਪੁੱਛਣ ਲੱਗੇ, ''ਕਿੰਨੇ ਪੈਸੇ?''

ਪੈਸੇ ਤਾਂ ਉਸ ਕੀ ਮੰਗਣੇ ਸਨ, ਉਸ ਨੂੰ ਤਾਂ ਆਪਣੀ ਜਾਨ ਦੇ ਬਚਾਉ ਦੀ ਪਈ ਸੀ। ਇਸ ਤੋਂ ਪਹਿਲਾਂ ਕਿ ਉਹ ਕੋਈ ਉੱਤਰ ਦਿੰਦਾ, ਇਕ ਹਬਸ਼ੀ ਨੇ ਉਸ ਦੇ ਮੂੰਹ ਤੇ ਥੁੱਕਿਆ ਅਤੇ ਕਾਰ 'ਤੇ ਆਪਣੇ ਬੂਟ ਨਾਲ ਕਿੱਕ ਮਾਰੀ ਤੇ ਤੁਰਦੇ ਬਣੇ। ਉਹ ਕਿੰਨੀ ਦੇਰ ਆਪਣੀ ਕਾਰ ਵਿਚ ਅਹਿੱਲ, ਸੁੰਨ ਜਿਹਾ ਬੈਠਾ ਰਿਹਾ। ਪੰਜ-ਸੱਤ ਮਿੰਟਾਂ ਮਗਰੋਂ ਉਸ ਨੇ ਕਾਰ ਦੇ ਡੈਸ਼ਬੋਰਡ ਵਿਚੋਂ ਕਾਗ਼ਜ਼ ਦੇ ਰੁਮਾਲ ਕੱਢ ਕੇ ਆਪਣਾ ਮੂੰਹ ਸਾਫ਼ ਕੀਤਾ। ਉਸ ਦੇ ਤੌਰ-ਭੌਰ ਐਸੇ ਉਡੇ ਕਿ ਉਸ ਨੂੰ ਆਪਣਾ ਬਲੱਡ ਪ੍ਰੈਸ਼ਰ ਘਟਦਾ-ਘਟਦਾ ਮਹਿਸੂਸ ਹੋਇਆ। ਜਿਵੇਂ ਉਹ ਸਮੁੰਦਰ ਵਿਚ ਡੁੱਬਦਾ ਹੀ ਜਾ ਰਿਹਾ ਹੋਵੇ। ਹੋਰ ਕੰਮ ਕਰਨ ਦੀ ਹਿੰਮਤ ਹੀ ਬਾਕੀ ਨਾ ਰਹੀ। ਨਹੀਂ ਤਾਂ ਉਹ ਪੂਰੀ ਰਾਤ ਲਾ ਕੇ ਹੀ ਘਰ ਮੁੜਦਾ ਸੀ। ਉਸਨੇ ਕਾਰ ਆਪਣੇ ਘਰ ਵਲ ਮੋੜ ਲਈ। ਹੌਲੀ-ਹੌਲੀ ਘਰ ਪਹੁੰਚਿਆ। ਗੱਡੀ ਪਾਰਕ ਕੀਤੀ। ਘੜੀ ਦੇਖੀ ਤਾਂ ਰਾਤ ਦੇ ਦੋ ਵਜ ਚੁੱਕੇ ਸਨ। ਉਸਨੇ ਮਲਕੜੇ ਦਰਵਾਜ਼ਾ ਖੋਲ੍ਹਿਆ ਤੇ ਬੈੱਡਰੂਮ ਵਿਚ ਚਲਾ ਗਿਆ। ਉਸਦੀ ਪਤਨੀ ਘੂਕ ਸੁੱਤੀ ਪਈ ਸੀ। ਉਹ ਕੱਪੜੇ ਉਤਾਰ ਕੇ ਪਤਨੀ ਨਾਲ ਸੌਂ ਗਿਆ।

ਉਸ ਦੀ ਪਤਨੀ ਉਸ ਦੇ ਜਲਦੀ ਆਉਣ 'ਤੇ ਹੈਰਾਨ ਵੀ ਸੀ ਤੇ ਖ਼ੁਸ਼ ਵੀ। ਪਤਨੀ ਉਸ ਨੂੰ ਬਾਹਾਂ ਵਿਚ ਲੈ ਉਸ ਦੇ ਬੁੱਲ੍ਹ ਚੂਸਣ ਲੱਗੀ ਤੇ ਕਿੰਨੀ ਹੀ ਦੇਰ ਤਕ ਚੂਸਦੀ ਰਹੀ, ਪਰ ਉਹ ਇਕ ਬਰਫ਼ ਦੀ ਸਿਲ ਵਾਂਗ ਪਿਆ ਰਿਹਾ। ਉਸ ਦਾ ਦਿਲ ਕਰਦਾ ਸੀ ਕਿ ਅੱਜ ਪਤਨੀ ਦੀਆਂ ਬਾਹਾਂ ਵਿਚ ਫੁੱਟ-ਫੁੱਟ ਰੋਏ। ਜੋ ਬੀਤੀ ਉਹ ਦੱਸੇ ਨਾਲੇ ਆਖ ਦੇਵੇ ਕਿ ਇਹ ਕੰਮ ਉਸ ਦੇ ਵੱਸ ਦਾ ਨਹੀਂ ਹੈ। ਉਹ ਹੋਰ ਕੈਬਿੰਗ ਨਹੀਂ ਕਰ ਸਕਦਾ। ਪਰ ਉਸ ਦੇ ਅੰਦਰਲੇ ਮਰਦ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਉਸ ਰਾਤ ਉਹ ਪਤਨੀ ਦੇ ਨਿੱਘੇ, ਸੁਡੌਲ, ਗਰਮ ਬਦਨ ਨੂੰ ਮਾਣਦਾ ਰਿਹਾ।

ਅਗਲੇ ਦਿਨ ਦੀ ਸ਼ਾਮ ਉਸ ਦੇ ਪੈਰ ਕੰਮ 'ਤੇ ਜਾਣ ਨੂੰ ਤੁਰਦੇ ਹੀ ਨਹੀਂ ਸਨ। ਉਸਨੇ ਆਪਣੇ ਘਰ ਅੰਦਰ ਚੁਪਾਸੇ ਨਜ਼ਰ ਮਾਰੀ, ਪਤਨੀ ਵਲ ਤੱਕਿਆ, ਬੱਚਿਆਂ ਵਲ ਦੇਖਿਆ ਤੇ ਸੋਚਿਆ ਕਿ ਇਸ ਫੁਲਵਾੜੀ ਨੂੰ ਵੀ ਉਹ ਉਜਾੜ ਨਹੀਂ ਸਕਦਾ। ਇਸ ਦੀ ਖ਼ਾਤਰ ਕੁਝ ਵੀ ਕਰਨ ਨੂੰ ਤਿਆਰ ਸੀ। ਕੰਮ 'ਤੇ ਜਾਣਾ ਹੀ ਪਏਗਾ। ਨਹੀਂ ਤਾਂ ਇਹ ਫੁਲਵਾੜੀ ਬੀਆਬਾਨ ਬਣ ਜਾਏਗੀ।

ਉਸ ਨੇ ਕਾਰ ਸਿੱਧੀ ਅਕਸਬਰਿੱਜ ਰੋਡ 'ਤੇ ਵੈਸਟ ਐਂਡ ਵਲ ਨੂੰ ਤੋਰ ਲਈ। ਈਲਿੰਗ ਕਾਮਨ ਕੋਲ ਇਕ ਬੜੀ ਖ਼ੂਬਸੂਰਤ ਗੋਰੀ ਕੁੜੀ ਲਿਫ਼ਟ ਮੰਗ ਰਹੀ ਸੀ। ਉਸਨੇ ਤਰਸ ਖਾ ਕੇ ਗੱਡੀ ਰੋਕ ਲਈ ਤੇ ਪੁੱਛਿਆ, ''ਕਿੱਧਰ ਜਾਣਾ ਹੈ?''

''ਵੈਸਟ ਐਂਡ''

ਉਸ ਨੇ ਲੜਕੀ ਨੂੰ ਕਾਰ ਵਿਚ ਬਿਠਾ ਲਿਆ। ਲੜਕੀ ਚੁੱਪ-ਚਾਪ ਬੈਠ ਗਈ। ਕੁਝ ਪਲਾਂ ਪਿੱਛੋਂ ਉਸ ਨੇ ਹੀ ਚੁੱਪ ਤੋੜੀ ਤੇ ਪੁੱਛਿਆ, ''ਤੇਰੇ ਕੋਲ ਬੱਸ ਦਾ ਕਿਰਾਇਆ ਨਹੀਂ ਸੀ?''

''ਨਹੀਂ।''

"ਤੂੰ ਵੈਸਟ-ਐਂਡ ਵਿਚ ਕੰਮ ਕਰਦੀ ਏਂ?"

"ਹਾਂ ਜੇ ਮਿਲ ਗਿਆ ਤਾਂ ਜ਼ਰੂਰ ਕਰ ਲਵਾਂਗੀ।''

"ਤੇਰੇ ਕੋਲ ਪੱਕੀ ਨੌਕਰੀ ਨਹੀਂ ਹੈ।

"ਸਾਡੇ ਕੋਲ ਕਦੇ ਵੀ ਪੱਕੀ ਨੌਕਰੀ ਨਹੀਂ ਹੁੰਦੀ, ਕਦੇ ਘੰਟੇ ਦੀ, ਕਦੇ ਇਕ ਰਾਤ ਦੀ ਤੇ ਕਦੇ ਦਸਾਂ ਮਿੰਟਾਂ ਦੀ ਹੀ।''

ਉਸ ਨੂੰ ਹੁਣ ਚੰਗੀ ਤਰ੍ਹਾਂ ਸਮਝ ਆ ਗਈ ਸੀ ਕਿ ਉਹ ਵੈਸਟ-ਐਂਡ ਵਿਚ ਕੀ ਕੰਮ ਕਰਦੀ ਹੈ, ਉਹ ਆਪਣੀ ਨੌਕਰੀ ਨੂੰ ਵੀ ਉਸਦੀ ਨੌਕਰੀ ਨਾਲ ਤੋਲਣ ਲੱਗਾ ਕਿ ਕੀ ਪਤਾ ਕੌਣ ਕਿੱਥੇ ਕਿਸ ਤਰ੍ਹਾਂ ਦਾ ਮਿਲੇ।

ਲੜਕੀ ਨੇ ਆਪਣੇ ਕਾਲੇ ਪਰਸ ਵਿਚੋਂ 'ਮਾਰਲਬਰੋ' ਸਿਗਰਟ ਦੀ ਡੱਬੀ ਕੱਢੀ ਤੇ ਇਕ ਸਿਗਰਟ ਅੱਧਾ ਕੁ ਬਾਹਰ ਧੂ ਕੇ ਡੱਬੀ ਉਸ ਵਲ ਵਧਾਈ। ਉਸ ਨੇ ''ਨੋ ਥੈਂਕਯੂ'' ਕਹਿ ਕੇ ਇਨਕਾਰ ਕਰ ਦਿੱਤਾ। ਫਿਰ ਲੜਕੀ ਨੇ ਪੁੱਛਿਆ,''ਤੈਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਮੈਂ ਪੀ ਲਵਾਂ।''

"ਮੈਂ ਨਹੀਂ ਚਾਹੁੰਦਾ ਕਿ ਮੇਰੀ ਕਾਰ ਵਿਚ ਕੋਈ ਸਿਗਰਟ ਪੀਵੇ।''

"ਅੱਜ ਕਲ੍ਹ ਤਾਂ ਪਿਆਰੇ ਨਾ ਚਾਹੁੰਦਿਆਂ ਹੋਇਆਂ ਵੀ ਬੜੇ ਕੰਮ ਕਰਨੇ ਪੈਂਦੇ ਨੇ।''

ਇਹ ਆਖਕੇ ਲੜਕੀ ਨੇ ਡੱਬੀ ਵਾਪਸ ਪਰਸ ਵਿਚ ਪਾ ਲਈ। ਲੜਕੀ ਦੀ ਆਖੀ ਗੱਲ ਉਸ ਨੂੰ ਬੜੀ ਸਿਆਣੀ ਲੱਗੀ ਕਿ ਨਾ ਚਾਹੁੰਦਿਆਂ ਹੋਇਆਂ ਵੀ ਬੜੇ ਕੰਮ ਕਰਨੇ ਪੈਂਦੇ ਨੇ। ਇਸ ਫ਼ਿਕਰੇ ਬਾਰੇ ਹੀ ਵਿਚਾਰ ਕਰਦਾ ਰਿਹਾ। ਵੈਸਟ-ਐਂਡ ਆ ਗਿਆ। ਲੜਕੀ ਮਾਰਬਲ ਆਰਚ ਉਤਰ ਗਈ।

ਉਸਨੇ ਅਜੇ ਤਕ ਆਪਣਾ ਰੇਡੀਓ ਕੰਟਰੋਲਰ ਨਾਲ ਰਾਬਤਾ ਕਾਇਮ ਕਰਨ ਲਈ ਔਨ ਹੀ ਨਹੀਂ ਸੀ ਕੀਤਾ। ਅੱਜ ਉਸ ਦਾ ਕੰਮ ਕਰਨ ਨੂੰ ਦਿਲ ਹੀ ਨਹੀਂ ਸੀ ਕਰਦਾ। ਉਹ ਦੁਨੀਆ ਦੇਖਣੀ ਚਾਹੁੰਦਾ ਸੀ, ਜਿਸ ਦਾ ਉਸ ਨੂੰ ਗਿਆਨ ਹੀ ਨਹੀਂ ਸੀ।

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ -(ਅਗਲੇ ਸਫ਼ੇ 'ਤੇ)

ਮਾਊਂਟ ਰਾਇਲ ਹੋਟਲ ਦੇ ਨਾਲ ਲੱਗਦੇ ਐਨ.ਸੀ.ਪੀ. ਦੇ ਕਾਰ ਪਾਰਕ ਵਿਚ ਉਹ ਗੱਡੀ ਰੱਖਣ ਗਿਆ। ਕਾਰ ਪਾਰਕ ਦੀ ਪਹਿਲੀ, ਦੂਸਰੀ ਤੇ ਤੀਸਰੀ ਮੰਜ਼ਿਲ 'ਤੇ ਵੀ ਕੋਈ ਥਾਂ ਨਾ ਮਿਲੀ। ਚੌਥੀ ਮੰਜ਼ਿਲ 'ਤੇ ਉਸ ਨੇ ਕਾਰ ਖੜੀ ਕੀਤੀ। ਚੌਥੀ ਮੰਜ਼ਿਲ ਦੇ ਇਕ ਕੋਨੇ ਵਿਚ ਤਿੰਨ ਕੁ ਮੁੰਡੇ ਅਤੇ ਤਿੰਨ-ਚਾਰ ਕੁੜੀਆਂ ਸਨ ਜੋ ਉਸ ਦੀ ਕਾਰ ਦੀ ਜਗਦੀ ਰੌਸ਼ਨੀ ਦੇਖ ਕੇ ਸਹਿਮ ਜਿਹੇ ਗਏ। ਉਹ ਕਾਰ ਪਾਰਕ ਕਰਕੇ ਥੱਲੇ ਉਤਰਨ ਲਈ 'ਲਿਫ਼ਟ' ਵਲ ਵਧਿਆ। ਲਿਫ਼ਟ ਵਿਚ ਵੜਿਆ ਤੇ ਗਰਾਊਂਡ ਫ਼ਲੋਰ ਦਾ ਬਟਣ ਦੱਬਿਆ। ਲਿਫ਼ਟ ਸਕਿੰਟਾਂ ਵਿਚ ਹੀ ਗਰਾਊਂਡ ਫ਼ਲੋਰ ਤੇ ਪਹੁੰਚ ਗਈ। ਉਹ ਬਾਹਰ ਨਿਕਲਣ ਦੀ ਬਜਾਇ ਫਿਰ ਉਪਰ ਜਾਣਾ ਚਾਹੁੰਦਾ ਸੀ। ਦੇਖਣਾ ਚਾਹੁੰਦਾ ਸੀ ਕਿ ਸੁੰਨ-ਮਸੁੰਨ ਕਾਰ ਪਾਰਕ ਵਿਚ ਛੇ-ਸੱਤ ਕੁੜੀਆਂ ਮੁੰਡੇ ਕਰ ਕੀ ਰਹੇ ਸਨ। ਲਿਫ਼ਟ ਵਿਚ ਉਹ ਤਿੰਨ ਮੰਜ਼ਲਾਂ ਹੀ ਗਿਆ ਤੇ ਚੌਥੀ ਮੰਜ਼ਿਲ 'ਤੇ ਪੈਦਲ ਹੀ ਦੱਬੇ-ਦੱਬੇ ਪੈਰੀਂ ਗਿਆ। ਕੀ ਦੇਖ ਰਿਹਾ ਹੈ ਕਿ ਉਨ੍ਹਾਂ ਵਿਚੋਂ ਇਕ ਬੰਦਾ ਨਸ਼ੇ ਦੇ ਟੀਕੇ ਲਗਾ ਰਿਹਾ ਸੀ ਤੇ ਉਨ੍ਹਾਂ ਕੋਲੋਂ ਨੋਟ ਫੜ-ਫੜ ਜੇਬ ਵਿਚ ਪਾਈ ਜਾ ਰਿਹਾ ਸੀ। ਟੀਕੇ ਲਾਉਣ ਵਾਲੀ ਸੂਈ ਨਾਲ ਪਹਿਲਾਂ ਉਹ ਖ਼ੂਨ ਕੱਢਦਾ, ਫਿਰ ਉਸੇ ਖ਼ੂਨ ਵਿਚ ਹੈਰੋਇਨ ਮਿਲਾ ਕੇ ਮੁੜ ਨਸ਼ਈ ਦੇ ਜਿਸਮ ਅੰਦਰ ਦਾਖ਼ਲ ਕਰਦਾ। ਨਸ਼ਈਆਂ ਦੀਆਂ ਚੀਸਾਂ ਨਿਕਲਦੀਆਂ। ਇਕ ਟੀਕੇ ਦੇ ਉਹ ਸੱਠ ਸੱਤਰ ਪੌਂਡ ਲੈਂਦਾ। ਟੀਕੇ ਲਗਵਾਉਣ ਵਾਲਿਆਂ ਵਿਚੋਂ ਬਹੁਤੇ ਬਿਲਕੁਲ ਨੱਢੀ ਉਮਰ ਦੇ ਹੀ ਸਨ। ਉਨ੍ਹਾਂ ਵਿਚੋਂ ਕਈ ਟੁੱਟਦੇ ਨਸ਼ੇ ਕਾਰਣ ਪਾਗਲ ਹੋ-ਹੋ ਆਪਣੇ ਹੀ ਸਿਰ ਦੇ ਵਾਲ ਪੁੱਟ ਰਹੇ ਸਨ। ਉਨ੍ਹਾਂ ਦੇ ਸਰੀਰ ਥਰ-ਥਰ ਕੰਬ ਰਹੇ ਸਨ। ਟੀਕਿਆਂ ਵਾਲੇ ਨੂੰ ਜਲਦੀ-ਜਲਦੀ ਕੰਮ ਨਿਪਟਾਉਣ ਵਾਸਤੇ ਆਖ ਰਹੇ ਸਨ। ਕਈਆਂ ਦੇ ਮੂੰਹ ਵਿਚੋਂ ਝੱਗ ਗਿਰ-ਗਿਰ ਜਾਂਦੀ ਟੀਕੇ ਲਗਵਾ-ਲਗਵਾ ਉਨ੍ਹਾਂ ਦੇ ਸਰੀਰ ਵਿੰਨ੍ਹੇ ਪਏ ਸਨ। ਜਿਹੜਾ ਟੀਕਾ ਲਗਵਾ ਲੈਂਦਾ ਮਲਕ-ਮਲਕ ਥੱਲੇ ਉਤਰੀ ਜਾਂਦਾ। ਇਕ ਅਠਾਰਾਂ ਕੁ ਸਾਲ ਦੀ ਕੁੜੀ ਟੀਕਾ ਲਗਵਾਉਣ ਵਾਸਤੇ ਲੇਹਲੜੀਆਂ ਕੱਢ ਰਹੀ ਸੀ। ਪਰ ਟੀਕੇ ਲਾਉਣ ਵਾਲਾ ਉਸ ਦੇ ਟੀਕਾ ਨਹੀਂ ਸੀ ਲਗਾ ਰਿਹਾ ਕਿਉਂਕਿ ਉਸ ਕੋਲ ਪੂਰੇ ਪੈਸੇ ਨਹੀਂ ਸਨ। ਟੀਕਿਆਂ ਵਾਲਾ ਉਸ ਲੜਕੀ ਦੇ ਸਾਹਮਣੇ ਖੜਾ ਪਿਸ਼ਾਬ ਕਰਨ ਲੱਗ ਪਿਆ। ਪਿਸ਼ਾਬ ਕਰਦਾ-ਕਰਦਾ ਰੁਕਿਆ ਤੇ ਕੁੜੀ ਨੂੰ ਪੁੱਛਣ ਲੱਗਾ, "ਕਿੰਨੇ ਕੁ ਥੁੜਦੇ ਨੇ ?"

"ਵੀਹ ਪੌਂਡ।"

"ਵੀਹ ਪੌਂਡ ਤਾਂ ਜ਼ਿਆਦਾ ਨੇ ਜੇ ਪੰਜ-ਸੱਤ ਘਟਦੇ ਤਾਂ ਕੋਈ ਨਾ ਕੋਈ ਹੀਲਾ ਕਰ ਹੀ ਲੈਂਦੇ।" ਉਹ ਫਿਰ ਪਿਸ਼ਾਬ ਕਰਨ ਲੱਗ ਪਿਆ।

ਲੜਕੀ ਕੁਝ ਵੀ ਕਰਨ ਲਈ ਤਿਆਰ ਸੀ। ਉਥੇ ਹੀ, ਉਸੇ ਵਕਤ, ਪਰ ਟੀਕਿਆਂ ਵਾਲੇ ਦੇ ਕਹਿਣ ਅਨੁਸਾਰ ਵੀਹ ਪੌਂਡ ਜ਼ਿਆਦਾ ਸਨ।

ਲੜਕੀ ਆਪਣੇ ਸਿਰ ਦੇ ਵਾਲ ਜ਼ੋਰ-ਜ਼ੋਰ ਦੀ ਪੁੱਟਣ ਲੱਗੀ। ਉਸਦੇ ਮੂੰਹ ਵਿਚੋਂ ਲਾਰਾਂ ਗਿਰ ਰਹੀਆਂ ਸਨ। ਦੋਵੇਂ ਹੱਥਾਂ ਨਾਲ ਸਿਰ ਪਿੱਟਦੀ ਜਿਵੇਂ ਪਾਗਲ ਹੋਵੇ। ਉਸ ਦੇ ਸਿਰ ਦੇ ਵਾਲ ਇੰਜ ਜੁੜੇ ਹੋਏ ਸਨ ਜਿਵੇਂ ਬਿੱਜੜੇ ਦਾ ਆਲ੍ਹਣਾ।

ਅਖ਼ੀਰ ਟੀਕੇ ਵਾਲੇ ਨੇ ਮੱਤ ਦਿੱਤੀ ਕਿ ਥੱਲੇ ਜਾਹ, ਅੱਜ-ਕੱਲ੍ਹ ਬੜੇ ਧਨਾਢ ਅਰਬ ਰਮਾਦਾਨ ਕੱਟਣ ਕੰਬਰਲੈਂਡ ਹੋਟਲ ਵਿਚ ਆਏ ਹੋਏ ਨੇ, ਐਸ ਕੁ ਵੇਲੇ ਹੋਟਲ ਦੇ ਬਾਹਰ ਤੇ ਪਾਰਕ ਲੇਨ ਦੇ ਆਸ-ਪਾਸ ਮਾਲ ਲੱਭਦੇ ਨੇ।

ਟੀਕਿਆਂ ਵਾਲੇ ਦੀ ਇਹ ਗੱਲ ਸੁਣਕੇ ਕੁੜੀ ਦੇ ਮੂੰਹ 'ਤੇ ਕਿਰਨ ਜਿਹੀ ਦੌੜੀ ਤੇ ਉਹ ਹੌਲੀ-ਹੌਲੀ ਥੱਲੇ ਉਤਰ ਕੇ ਕੰਬਰਲੈਂਡ ਹੋਟਲ ਵਲ ਨੂੰ ਤੁਰ ਪਈ।

ਉਹ ਵੀ ਮਲਕੜੇ ਦੂਸਰੇ ਪਾਸਿਉਂ ਥੱਲੇ ਉਤਰ ਆਇਆ ਤੇ ਕਾਫ਼ੀ ਫ਼ਾਸਲੇ ਨਾਲ ਕੁੜੀ ਦੇ ਪਿੱਛੇ-ਪਿੱਛੇ ਕੰਬਰਲੈਂਡ ਹੋਟਲ ਵਲ ਨੂੰ ਤੁਰ ਪਿਆ। ਟੀਕਿਆਂ ਵਾਲੇ ਦੀ ਗੱਲ ਸਹੀ ਸੀ। ਹੋਟਲ ਦੇ ਆਸ-ਪਾਸ ਬੜੇ ਬਦੇਸ਼ੀ ਸੈਲਾਨੀ ਘੁੰਮ-ਫਿਰ ਰਹੇ ਸਨ। ਹਰ ਆਉਂਦੇ ਜਾਂਦੇ ਨੂੰ ਸਿਰ ਤੋਂ ਪੈਰਾਂ ਤੀਕ ਤਾੜ ਰਹੇ ਸਨ।

ਲੜਕੀ ਇਕ ਨੁੱਕਰ ਵਿਚ ਰੁਕੀ। ਪਰਸ ਵਿਚੋਂ ਰੁਮਾਲ ਕੱਢ ਕੇ ਮੂੰਹ 'ਚੋਂ ਚੋਂਦੀ ਝੱਗ ਦੀਆਂ ਲਾਰਾਂ ਸਾਫ਼ ਕੀਤੀਆਂ। ਸੁਗੰਧ ਦੀ ਸ਼ੀਸ਼ੀ ਕੱਢ ਕੇ ਪਰਫ਼ਿਊਮ ਛਿੜਕਿਆ। ਵਾਲਾਂ 'ਤੇ ਮਾੜੀ ਮੋਟੀ ਕੰਘੀ ਮਾਰੀ ਤੇ ਮੂੰਹ 'ਤੇ ਮੇਕ-ਅਪ ਲਾ ਕੇ ਸੁਰਖ਼ੀ ਨਾਲ ਬੁੱਲ੍ਹ ਰੰਗੇ ਤੇ ਅੱਗੇ ਵਧੀ। ਇਕ ਸਿਰ 'ਤੇ ਚਿੱਟਾ ਚਾਦਰਾ ਲਏ, ਅਰਬ ਨੂੰ ਮੁਸਕਰਾਹਟ ਦਿੱਤੀ। ਅਰਬ ਜਾਣੂ ਸੀ ਕਿ ਮੁਸਕਰਾਹਟ ਕਾਹਦੀ ਦਾਅਵਤ ਹੈ। ਅਰਬ ਨੇ ਉਸ ਨੂੰ ਗ਼ੌਰ ਨਾਲ ਤੱਕਿਆ ਤੇ ਪੁੱਛਿਆ, "ਹਉ ਮੱਚ?"- ਯਾਨੀ ਕਿੰਨੇ ਪੈਸੇ?

ਲੜਕੀ ਨੇ ਸਿਰਫ਼ ਵੀਹ ਪੌਂਡ ਹੀ ਮੰਗੇ।

ਅਰਬ ਨੇ ਇਕ ਪਲ ਵੀ ਨਾ ਲਾਇਆ ਤੇ ਆਪਣੇ ਨਾਲ ਕੰਬਰਲੈਂਡ ਹੋਟਲ ਜਾਣ ਦਾ ਇਸ਼ਾਰਾ ਕੀਤਾ। ਉਸ ਦੇ ਦੇਖਦਿਆਂ-ਦੇਖਦਿਆਂ ਕੁੜੀ ਤੇ ਅਰਬ ਦੋਵੇਂ ਕੰਬਰਲੈਂਡ ਹੋਟਲ ਦਾ ਮੁੱਖ ਰੀਵਾਲਵਿੰਗ ਦਰਵਾਜ਼ਾ ਟੱਪ ਕੇ ਲਿਫ਼ਟ ਵਿਚ ਸਵਾਰ ਹੋ ਕੇ ਪਤਾ ਨਹੀਂ ਕਿਹੜੇ ਫ਼ਲੋਰ ਜਾ ਪਹੁੰਚੇ।

ਉਹ ਕਿੰਨੀ ਹੀ ਦੇਰ ਕਦੇ ਗੇਟ ਕੰਬਰਲੈਂਡ ਰੋਡ, ਕਦੇ ਪਾਰਕ ਲੇਨ ਤੇ ਕਦੇ ਮਾਰਬਲ ਮਾਰਚ ਦੇ ਚੁਪਾਸੇ ਘੁੰਮਦਾ ਰਿਹਾ। ਇਹੋ ਜਿਹੇ ਅਨੇਕਾਂ ਦ੍ਰਿਸ਼ ਦੇਖਦਾ ਰਿਹਾ। ਉਸ ਨੂੰ ਚਲਦੀਆਂ-ਫਿਰਦੀਆਂ ਲਾਸ਼ਾਂ ਨਾਲ ਨਫ਼ਰਤ ਹੋ ਗਈ। ਅਰਬ ਦੇ ਸਫ਼ੈਦ ਜਾਮੇ ਨਾਲ ਨਫ਼ਰਤ ਹੋ ਗਈ। ਕੁੜੀ ਦੇ ਮੂੰਹ 'ਚ ਗਿਰਦੀ ਝੱਗ ਨਾਲ ਨਫ਼ਰਤ ਹੋ ਗਈ। ਟੀਕੇ ਲਗਾਉਣ ਤੇ ਲਾਉਣ ਵਾਲਿਆਂ ਨਾਲ ਨਫ਼ਰਤ ਹੋ ਗਈ। ਯਾਨੀ ਇਸ ਦੁਨੀਆ ਨਾਲ ਹੀ ਨਫ਼ਰਤ ਹੋ ਗਈ।

ਉਹ ਸਿੱਧਾ ਘਰ ਪਰਤ ਆਇਆ ਤੇ ਘਰ ਆ ਕੇ ਬੀਵੀ ਨਾਲ ਨਿੱਘੇ ਬਿਸਤਰੇ ਵਿਚ ਲੇਟ ਗਿਆ। ਉਸ ਦਿਨ ਪਤਾ ਨਹੀਂ ਕਿਉਂ ਕੇ ਉਸਦੇ ਅੰਦਰਲਾ ਮਰਦ ਮਰ ਗਿਆ ਸੀ। ਉਹ ਬੀਵੀ ਦੀ ਬੁੱਕਲ ਵਿਚ ਫੁੱਟ-ਫੁੱਟ ਰੋ ਪਿਆ ਤੇ ਆਖੀ ਜਾ ਰਿਹਾ ਸੀ, "ਡਾਰਲਿੰਗ ਮੈਂ ਕੁਝ ਵੀ ਕਰਨ ਨੂੰ ਤਿਆਰ ਹਾਂ ਪਰ ਇਹ ਸ਼ਹਿਰ ਦੀਆਂ ਲਾਸ਼ਾਂ ਢੋਣ ਦਾ ਕੰਮ ਮੈਥੋਂ ਨਹੀਂ ਹੋ ਸਕਦਾ।" ਤੇ ਬੀਵੀ ਬੜੀ ਦੇਰ ਤੀਕ ਉਸ ਨੂੰ ਪਲੋਸਦੀ ਰਹੀ ਅਤੇ ਪਤਾ ਵੀ ਨਾ ਲੱਗਾ, ਦੋਹਾਂ ਦੀ ਕਦੋਂ ਅੱਖ ਲੱਗੀ ਤੇ ਕਦੋਂ ਖੁੱਲ੍ਹੀ।

ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਊਰੀਅਸ -(ਅਗਲੇ ਸਫ਼ੇ 'ਤੇ)

ਕਹਾਣੀ

# ਮੈਂ ਛੱਮ-ਛੱਮ ਨੱਚਦੀ ਫਿਰਾਂ

## ਗੁਰਚਰਨ ਸੱਗੂ



ਗੁਰਚਰਨ ਸੱਗੂ

ਮੈਂ ਪਿਛਲੇ ਇਕ ਮਹੀਨੇ ਤੋਂ ਆਪਣੇ ਬੇਟੇ ਕੋਲ ਅਮਰੀਕਾ ਆਇਆ ਹੋਇਆ ਹਾਂ। ਹਰ ਰਾਤ ਸੌਣ ਲੱਗਿਆ ਦੇਰ ਹੋ ਜਾਂਦੀ ਹੈ, ਬਾਰਾਂ ਤਾਂ ਵੱਜਣੇ ਮਾਮੂਲੀ ਹਨ, ਸਾਡੀਆਂ ਗੱਲਾਂ ਖਤਮ ਹੀ ਨਹੀਂ ਹੁੰਦੀਆਂ। ਇਹ ਪੁੱਤਰ ਸਾਡਾ ਕੋਈ ਪਿਛਲੇ ਪੰਦਰਾਂ ਸਾਲ ਤੋਂ ਇਥੇ ਐਰੇਜ਼ੋਨਾ ਦੇ ਮਸ਼ਹੂਰ ਸ਼ਹਿਰ ਫੀਨਿਕਸ ਵਿਚ ਆਪਣਾ ਬਿਜਨਿਸ ਕਰ ਰਿਹਾ ਹੈ, ਬੜੀ ਅੱਛੀ ਤਰੱਕੀ ਕੀਤੀ ਹੈ ਇਸਨੇ ਆਪਣੇ ਕੰਮ ਵਿੱਚ, ਬਹੁਤ ਸੋਹਣਾ ਲਗਦਾ ਹੈ।

ਮੈਂ ਵੀ ਪਿਛਲੇ ਸਾਲ ਤੋਂ ਰਿਟਾਇਰ ਹੋ ਗਿਆ ਹਾਂ। ਪੂਰੇ 45 ਸਾਲ ਲੰਡਨ ਦੇ ਈਸਟਐਂਡ ਵਿਚ ਕੱਪੜੇ ਦੀ ਹੋਲਸੇਲ ਦੁਕਾਨਦਾਰੀ ਕਰਕੇ ਹੁਣ ਕੋਈ ਕੰਮ ਤੇ ਜਾਣ ਦਾ ਫਿਕਰ ਨਹੀਂ ਰਿਹਾ, ਗਾਹਕਾਂ ਨਾਲ ਸਿਰ ਖਪਾਈ ਖਤਮ ਹੋ ਚੁੱਕੀ ਹੈ। ਇਹ ਪੁਰਾਣੀਆਂ ਯਾਦਾਂ ਹੀ ਅਸੀਂ ਹਰ ਸ਼ਾਮ ਕਰਦੇ ਰਹਿੰਦੇ ਹਾਂ। ਰਾਤ ਵੀ ਕੁਝ ਇਹੋ ਜਿਹੀਆਂ ਗੱਲਾਂ ਕਰਦਿਆਂ ਇੱਕ ਵੱਜ ਗਿਆ ਸੀ ਤੇ ਬਿਸਤਰ ਵਿਚ ਵੜਦਿਆਂ ਹੀ ਘਰਾੜੇ ਵੱਜਣੇ ਸ਼ੁਰੂ ਹੋ ਗਏ ਸਨ। ਤਕਰੀਬਨ ਤਿੰਨ ਵਜੇ ਮੇਰੇ ਸਾਈਲੈਂਟ ਕੀਤੇ ਫੋਨ ਦੀ ਵਾਈਬਰੇਸ਼ਨ ਵੱਜਣੀ ਸ਼ੁਰੂ ਹੋ ਗਈ ਹੈ। ਮੈਂ ਕੋਸਣ ਲੱਗਦਾ ਹਾਂ ਕਿ ਲੋਕਾਂ ਨੂੰ ਏਨੀ ਵੀ ਅਕਲ ਨਹੀਂ ਕਿ ਕਿਸੇ ਨੂੰ ਕਿਹੜੇ ਵੇਲੇ ਫੋਨ ਕਰਨਾ ਹੈ। ਮੈਂ ਫੋਨ ਬੰਦ ਹੀ ਕਰਨ ਲਗਦਾ ਹਾਂ ਤਾਂ ਸਕਰੀਨ ਉਪਰ ਨਾਂ ਵੇਖਦਾ ਹਾਂ 'ਪ੍ਰੀਤੀ ਗਿੱਲ'। ਮੈਂ ਹੋਰ ਘਬਰਾ ਜਾਂਦਾ ਹਾਂ।

ਉਹ ਮਾਈ ਗੌਡ ਇਹ ਤਾਂ ਮੇਰੀ ਮੂੰਹ ਬੋਲੀ ਭੈਣ ਬਲਵੀਰ ਗਿੱਲ ਦੀ ਬੇਟੀ ਦਾ ਫੋਨ ਹੈ ਪਰ ਇਹਨਾਂ ਨੂੰ ਪਤਾ ਹੈ ਕਿ ਮੈਂ ਅਮਰੀਕਾ ਆਇਆ ਹੋਇਆ ਹਾਂ ਤੇ ਇਸ ਵੇਲੇ ਇਥੇ ਰਾਤ ਦੇ ਤਿੰਨ ਵੱਜੇ ਹਨ, ਅਜੇ ਪਿਛਲੇ ਹਫਤੇ ਤਾਂ ਇਹਨਾਂ ਨਾਲ ਗੱਲ ਹੋਈ ਸੀ।

ਭੈਣ ਬਲਵੀਰ ਨੂੰ ਤਕਰੀਬਨ ਤਿੰਨ ਸਾਲ ਪਹਿਲਾਂ ਸਟਰੋਕ ਹੋ ਗਿਆ ਸੀ। ਚੰਗੀ ਭਲੀ ਆਪਣੇ ਉਚੇ ਲੰਮੇ ਪਤੀ ਜਗਜੀਤ ਗਿੱਲ ਦੀ ਸੰਭਾਲ ਕਰ ਰਹੀ ਸੀ ਜੋ ਡਾਇਮੈਨਸ਼ੀਆਂ ਬੀਮਾਰੀ ਨਾਲ ਆਪਣੇ ਹੋਸ਼-ਹਵਾਸ ਖੋਹ ਬੈਠੇ ਸਨ। ਅਸੀਂ ਦੋ ਤਿੰਨ ਮਹੀਨੇ ਬਾਅਦ ਉਹਨਾਂ ਨੂੰ ਵੇਖਣ ਮਿਲਣ ਚਲੇ ਜਾਈਦਾ ਹੈ। ਮੇਰੀ ਪਤਨੀ ਰਾਣੀ ਨੇ ਇਕ ਦਿਨ ਪਹਿਲਾਂ ਭੈਣ ਬਲਵੀਰ ਨੂੰ ਪੁੱਛ ਲੈਣਾ, ਕੱਲ੍ਹ ਨੂੰ ਅਸੀਂ ਤੁਹਾਨੂੰ ਮਿਲਣ ਆ ਰਹੇ ਹਾਂ, ਦੱਸੋ ਭੈਣ ਜੀ ਤੁਹਾਡਾ ਕੀ ਖਾਣ ਨੂੰ ਦਿਲ ਕਰਦਾ ਹੈ। ਮੈਂ ਉਹ ਹੀ ਬਣਾ ਕੇ ਲਿਆਵਾਂਗੀ ਜੋ ਤੁਹਾਡਾ ਦਿਲ ਕਰੇਗਾ।

"ਕੁੜੇ ਰਾਣੀ ਤੂੰ ਆਲੂ ਵੜੀਆਂ ਬਣਾ ਕੇ ਲੈ ਆਵੀਂ, ਜ਼ਰਾ ਕਰਾਰੀਆਂ ਬਣਾਵੀਂ। ਇਹ ਉਬਲੇ ਆਲੂ ਖਾ-ਖਾ ਕੇ ਮੇਰਾ ਤਾਂ ਮੂੰਹ ਵੀ ਫਿੱਕਾ ਜਿਹਾ ਹੋ ਗਿਆ ਹੁਣ ਤਾਂ। ਹਾਂ ਜੋਗੀ ਦਾ ਤਾਂ ਤੈਨੂੰ ਪਤਾ ਹੀ ਹੈ। ਉਹ ਭਾਵੇਂ ਬੇਹੋਸ਼ ਪਿਆ ਹੈ ਪਰ ਜਲੇਬੀਆਂ ਤੇ ਮਿੱਠੇ ਨੂੰ ਫਿੱਕਾ ਵੀ ਨਹੀਂ ਛੱਡਦਾ। ਤੂੰ ਉਹਦੇ ਲਈ ਗਰਮ-ਗਰਮ ਜਲੇਬੀਆਂ ਜ਼ਰੂਰ ਲੈ ਆਵੀਂ।"

ਪਿਛਲੇ ਕੁਝ ਸਾਲਾਂ ਤੋਂ ਸਾਡੀ ਇਹ ਰੁਟੀਨ ਜਿਹੀ ਬਣੀ ਹੋਈ ਸੀ। ਅਸੀਂ ਅਮਰੀਕਾ ਆਉਣ ਤੋਂ ਇਕ ਹਫ਼ਤਾ ਪਹਿਲਾਂ ਉਹਨਾਂ ਨੂੰ ਮਿਲ ਕੇ ਹੀ ਤਾਂ ਆਏ ਸੀ ਕਿ ਉਸ ਵਾਰ ਅਸੀਂ ਦੋ ਮਹੀਨੇ ਲਈ ਜਾ ਰਹੇ ਹਾਂ ਤੇ ਆ ਕੇ ਮਿਲਾਂਗੇ।

ਦੋ ਦਿਨ ਪਹਿਲਾਂ ਪ੍ਰੀਤੀ ਨਾਲ ਵੀ ਗੱਲ ਹੋਈ ਸੀ ਤੇ ਮੋਮ-ਡੈਡ ਦਾ ਹਾਲ ਪੁੱਛਿਆ ਸੀ, ਪਰ ਇਸ ਵੇਲੇ ਉਸਦਾ ਫੋਨ? ਮੈਂ ਕੰਬਦੇ ਹੱਥਾਂ ਨਾਲ ਫੋਨ ਚੁੱਕਦਾ ਹਾਂ।

ਹਾਂ ਪ੍ਰੀਤੀ ਬੇਟਾ, ਇਜ਼ ਐਵਰੀ ਥਿੰਗ ਓ.ਕੇ.? ਮੋਮ ਡੈਡ ਠੀਕ ਹੈ ਨਾ? ਮੈਂ ਇਕੋ ਸਾਹੇ ਪੁੱਛ ਲੈਂਦਾ ਹਾਂ।

ਨਹੀਂ ਅੰਕਲ ਕੱਲ੍ਹ ਮੋਮ ਨੂੰ ਫਿਰ ਸਟਰੋਕ ਹੋ ਗਿਆ ਸੀ। ਡਿੱਗ ਕੇ ਸਿਰ ਵਿੱਚ ਸੱਟ ਵੀ ਵੱਜੀ ਹੈ ਤੇ ਚੈਸਟ ਇਨਫੈਕਸ਼ਨ ਵੀ ਬਹੁਤ ਹੋ ਗਿਆ ਹੈ। ਡੀ ਇਜ਼ ਸਟਰਿੰਗ ਟੂ ਬਰੀਦ, ਹਾਲਤ ਖਰਾਬ ਹੀ ਹੈ ਉਸਦੀ। ਪ੍ਰੀਤੀ ਦੀਆਂ ਅੱਖਾਂ ਵਿੱਚੋਂ ਡਿੱਗ ਰਹੇ ਅੱਥਰੂ ਮੈਂ ਹਜ਼ਾਰਾਂ ਮੀਲ ਦੂਰ ਬੈਠਾ ਵੀ ਵੇਖ ਰਿਹਾ ਸੀ।

"ਓ.ਕੇ. ਬੇਟਾ ਡੌਂਟ ਵਰੀ, ਐਵਰੀਥਿੰਗ ਵਿੱਲ ਬੀ ਆਲਰਾਈਟ। ਤੂੰ ਘਬਰਾ ਨਾ ਜੇ ਹਾਲਤ ਏਨੀ ਹੀ ਖਰਾਬ ਹੈ ਤੇ ਮੈਂ ਕੱਲ੍ਹ ਨੂੰ ਵਾਪਿਸ ਆ ਜਾਂਦਾ ਹਾਂ" ਮੈਂ ਹੁਣ ਉੱਠ ਕੇ ਬੈਠ ਗਿਆ ਸੀ।

"ਨਹੀਂ, ਨਹੀਂ ਅੰਕਲ, ਅਸੀਂ ਇਸ ਵੇਲੇ ਹਸਪਤਾਲ ਵਿਚ ਹਾਂ ਤੇ ਡਾਕਟਰਜ਼ ਉਸਦੀ ਪੂਰੀ ਦੇਖ ਭਾਲ ਕਰ ਰਹੇ ਨੇ। ਡੌਂਟ ਯੂ ਵਰੀ, ਯੂ ਇਨਜੁਆਏ ਯੂਅਰ ਹੌਲੀਡੇਜ਼। ਬੱਟ ਯੂ ਡੂ ਵੱਨਥਿੰਗ ਫਾਰ ਸੀ। ਪਲੀਜ਼ ਰਿਕਾਰਡ ਯੂਅਰ ਵਾਇਸ ਐਂਡ ਸੈਂਡ ਇੱਟ।"

"ਟੂ ਸ਼ੀ... ਮੋਮ ਕੱਲ੍ਹ ਦੀ ਵਾਰ-ਵਾਰ ਬੇਹੋਸ਼ੀ ਵਿੱਚ ਇਹ ਹੀ ਕਹੀ ਜਾ ਰਹੀ ਹੈ ਸੱਗੂ ਵੇ ਸੱਗੂ ਕਿਥੇ ਆਂ ਤੂੰ... ਸੱਗੂ ਵੇ ਸੱਗੂ..."

ਮੇਰਾ ਵੀ ਰੋਣਾ ਨਿਕਲ ਆਉਂਦਾ ਹੈ। ਮੈਂ ਉਸੇ ਵੇਲੇ ਵੱਟਸਐਪ ਤੇ ਇਹ ਰਿਕਾਰਡ ਕਰਕੇ ਭੇਜ ਦਿੰਦਾ ਹਾਂ...

"ਬੀਰੋ ਭੈਣ, ਮੈਂ ਤੇਰਾ ਵੀਰ ਸੱਗੂ ਬੋਲਦਾ ਹਾਂ। ਮੈਂ ਤੈਨੂੰ ਬਹੁਤ ਪਿਆਰ ਕਰਦਾ। ਤੂੰ ਮੇਰੀ ਬੜੀ ਪਿਆਰੀ ਭੈਣ ਏਂ। ਮੈਨੂੰ ਪਤਾ ਲੱਗਿਆ ਤੂੰ ਠੀਕ ਨਹੀਂ... ਮੈਂ ਅਮਰੀਕਾ ਵਿੱਚ ਹਾਂ ਤੇ ਕੱਲ੍ਹ ਨੂੰ ਤੈਨੂੰ ਮਿਲਣ ਆ ਰਿਹਾ ਹਾਂ ਤੂੰ ਉਦਾਸ ਨਾ ਹੋ ਤੇਰਾ ਵੀਰ ਸੱਗੂ ਤੈਨੂੰ ਉਦਾਸ ਨਹੀਂ ਵੇਖਣਾ ਚਾਹੁੰਦਾ। ਤੂੰ ਠੀਕ ਹੋ ਕੇ ਘਰ ਆ ਜਾ ਆਪਾਂ ਗਰਮਾ-ਗਰਮ ਜਲੇਬੀਆਂ ਖਾਵਾਂਗੇ... ਮੇਰੀ ਭੈਣ ਬਲਵੀਰ ਮੇਰੀ ਗਿੱਲ ਭੈਣ ਇਹ ਤੇਰਾ ਵੀਰ ਸੱਗੂ ਏ, ਤੇਰਾ ਲਾਡਲਾ ਵੀਰ ਸੱਗੂ ਤੈਨੂੰ ਬਹੁਤ ਪਿਆਰ ਕਰਦੇ ਏ ਭੈਣ... ਸੱਗੂ ਵੀਰ ਤੇਰਾ...।"

ਇਹ ਕੋਈ 1975-76ਦੀ ਗੱਲ ਹੈ। ਅਸੀਂ ਆਲਡਗੇਟ ਦੀ ਕਮਰਸ਼ੀਅਲ ਸਟਰੀਟ 'ਤੇ ਇੱਕ ਛੋਟੀ ਜਿਹੀ ਬੱਚਿਆਂ ਦੇ ਕੱਪੜਿਆਂ ਦੀ ਹੋਲਸੇਲ ਦੁਕਾਨ ਖੋਲ੍ਹੀ ਸੀ। ਮੈਂ ਉਹਨੀਂ ਦਿਨੀਂ ਪੰਜਾਬ ਟਾਈਮਜ਼ ਦੇ ਐਡੀਟਰ ਦੇ ਤੌਰ 'ਤੇ ਕੰਮ ਕਰ ਰਿਹਾ ਹੁੰਦਾ ਸਾਂ ਜਿਸਦਾ ਦਫ਼ਤਰ ਵੀ ਕਮਰਸ਼ੀਅਲ ਸਟਰੀਟ ਦੇ ਬਿਲਕੁਲ ਨਜ਼ਦੀਕ ਹੀ ਹੁੰਦਾ ਸੀ। ਦਫ਼ਤਰ ਤੋਂ ਲੰਚ ਕਰਨ ਲਈ ਅਸੀਂ

ਸਿਸਰੋ, ਸੈਨੇਕਾ ਜਿਹੇ
ਨਾਸਤਿਕ ਬਾਣੀ ਦੇ ਰਚੇਤਿਆਂ ਨੂੰ -(ਅਗਲੇ ਸਫ਼ੇ 'ਤੇ)

ਮਸ਼ਹੂਰ ਸਟਰੀਟ ਬ੍ਰਿਕਲੇਨ ਵਿੱਚ ਜਾਣਾ ਤੇ ਇਕ ਦਿਨ ਜਾਂਦਿਆਂ-ਜਾਂਦਿਆਂ ਮੈਨੂੰ ਇਹ ਦੁਕਾਨ ਕਿਰਾਏ ਤੇ ਲੱਗੀ ਦਿੱਸ ਪਈ ਸੀ। ਇਸ ਤੋਂ ਪਹਿਲਾਂ ਮੈਂ ਆਲਡਗੇਟ ਵਿੱਚ ਹੀ ਕੱਪੜੇ ਦੀ ਇਕ ਹੋਲਸੇਲ ਵੇਖ ਰਿਹਾ ਸੀ ਉਸ ਵਿਚ ਸੇਲਜ਼ਮੈਨ ਦੇ ਤੌਰ ਤੇ ਵੀ ਕੰਮ ਕਰ ਚੁੱਕਿਆ ਸੀ ਇਸ ਲਈ ਗਾਹਕਾਂ ਨਾਲ ਕਿਵੇਂ ਗੱਲ ਕਰਨੀ ਹੈ, ਕਿਵੇਂ ਮਾਲ ਵੇਚਣਾ ਹੈ ਇਸਦਾ ਮੈਨੂੰ ਮੜਾ ਮੋਟਾ ਤਜ਼ਰਬਾ ਹੋ ਗਿਆ ਸੀ। ਬੱਸ ਇਸ ਤਜ਼ਰਬੇ ਦੇ ਆਧਾਰ 'ਤੇ ਹੀ ਮੈਂ ਇਹ ਦੁਕਾਨ ਖੋਲ੍ਹ ਲਈ ਸੀ।

ਐਤਵਾਰ ਦਾ ਦਿਨ ਸੀ। ਨਵੀਂ-ਨਵੀਂ ਦੁਕਾਨ ਖੋਲ੍ਹੀ ਸੀ ਤੇ ਗਾਹਕ ਵੀ ਟਾਂਵਾਂ-ਟਾਂਵਾਂ ਹੀ ਆਉਂਦਾ ਸੀ ਮੈਂ ਤੇ ਰਾਣੀ ਗਰਮਾ-ਗਰਮ ਚਾਹ ਪੀ ਰਹੇ ਸੀ ਕਿ ਪੰਤਾਲੀ ਕੁ ਸਾਲ ਦਾ ਸਾਢੇ ਛੇ ਫੁੱਟ ਲੰਮਾ ਇੱਕ ਸਰਦਾਰ ਤੇ ਨਾਲ ਉਸਦੇ ਚਾਲੀ ਕੁ ਸਾਲ ਦੀ ਘਰਵਾਲੀ ਦੁਕਾਨ ਵਿਚ ਆ ਵੜੇ। ਬੀਬੀ ਨੇ ਸੈਲਫਾਂ ਅੱਗੇ ਲਟਕ ਰਹੇ ਸੈਂਪਲ ਵੇਖੇ, ਭਾਅ ਪੁੱਛੇ ਤੇ ਇਸ ਤਰ੍ਹਾਂ ਬੇਬਾਕ ਜਿਹਾ ਹੋ ਕੇ ਕਹਿਣ ਲੱਗੀ, "ਵੇਖੋ ਗੱਲ ਇਹ ਆ ਕਿ ਸਾਡੀ ਕੋਈ ਦੁਕਾਨ-ਸ਼ੁਕਾਨ ਤਾਂ ਹੈ ਨਹੀਂ ਸਾਡਾ ਤਾਂ ਪੋਸਟ ਆਫਿਸ ਹੈ ਤੇ ਪੋਸਟ ਆਫਿਸ ਦੇ ਕਾਊਂਟਰ ਅੱਗੇ ਥੋੜ੍ਹੀ ਜਿਹੀ ਜਗ੍ਹਾ ਖਾਲੀ ਹੈ ਜਿਥੇ ਅਸੀਂ ਥੋੜ੍ਹੇ ਜਿਹੇ ਕੱਪੜੇ ਰੱਖ ਲੈਨੇ ਆਂ... ਵੀਹ ਤੀਹ ਪੌਂਡ ਜੇ ਵੱਟ ਲਏ ਤਾਂ ਸਾਡੀ ਬੱਲੇ ਬੱਲੇ ਹੋ ਜਾਂਦੀ ਆ ਤੇ ਜੇ ਕੁਝ ਨਾ ਵੱਟਿਆ ਤਾਂ ਮੂੰਹ ਲਟਕਾ ਕੇ ਘਰ ਆ ਜਾਈਦਾ... ਜੇ ਤੁਸੀਂ ਸਾਨੂੰ ਵੀ ਚਾਹ ਦਾ ਕੱਪ ਪਿਆ ਦਿਓਗੇ ਤਾਂ ਅਸੀਂ ਚਾਲੀ ਪੰਜਾਹ ਪੌਂਡ ਦਾ ਸਾਮਾਨ ਲੈ ਲਵਾਂਗੇ ਨਹੀਂ ਤਾਂ ਬਾਈ ਬਾਈ।"

ਗੱਲ ਇਥੇ ਨਾ ਤਾਂ ਮਾਲ ਵੇਚਣ ਦੀ ਸੀ ਤੇ ਨਾ ਹੀ ਚਾਹ ਪਿਲਾਉਣ ਦੀ ਪਰ ਇਹਨਾਂ ਗੱਲਾਂ ਨੇ ਸਾਡਾ ਦਿਲ ਜਿੱਤ ਲਿਆ ਸੀ।

ਰਾਣੀ ਦੀ ਉਮਰ ਉਸ ਵੇਲੇ ਪੰਝੀ ਸਾਲ ਦੀ ਸੀ। ਉਹ ਹਮੇਸ਼ਾ ਸੋਹਣੀ ਸਾੜੀ ਪਹਿਨਦੀ ਰਹੀ ਹੈ ਤੇ ਉਸ ਦਿਨ ਵੀ ਉਸ ਹਲਕੇ ਗੁਲਾਬੀ ਰੰਗ ਦੀ ਸਾੜੀ ਪਾਈ ਹੋਈ ਸੀ...

ਬੀਬੀ ਫਿਰ ਬੋਲੀ, "ਕੁੜੇ ਤੇਰੀ ਸਾੜੀ ਬੜੀ ਸੋਹਣੀ ਏ ਤੇ ਤੂੰ ਵੀ ਬੜੀ ਸੋਹਣੀ ਲੱਗ ਰਹੀ ਏਂ... ਕਿੱਥੇ ਦੀ ਆਂ ਤੂੰ?"

"ਮੈਂ ਦਿੱਲੀ ਤੋਂ ਆਂ ਭੈਣ ਜੀ ਪਰ ਸੋਹਣੇ ਤਾਂ ਤੁਸੀਂ ਵੀ ਬੜੇ ਲੱਗ ਰਹੇ ਹੋ... ਲਓ ਮੈਂ ਤੁਹਾਡੇ ਲਈ ਚਾਹ ਬਣਾ ਕੇ ਲਿਆਉਨੀ ਆਂ। ਤੁਸੀਂ ਇਹਨਾਂ ਨਾਲ ਗੱਲਾਂ ਕਰੋ ਜੇ ਤੁਸੀਂ ਕੁਝ ਨਹੀਂ ਵੀ ਲੈਣਾ, ਤਾਂ ਵੀ ਕੋਈ ਗੱਲ ਨਹੀਂ ਪਰ ਹੁਣ ਚਾਹ ਜ਼ਰੂਰ ਪੀ ਕੇ ਜਾਇਓ।" ਇਹ ਕਹਿ ਕੇ ਰਾਣੀ ਦੁਕਾਨ ਦੇ ਪਿਛਲੇ ਕਮਰੇ ਚਾਹ ਬਣਾਉਣ ਚਲੀ ਗਈ।

"ਲੈ ਹੁਣ ਚਾਹ ਬਣਾ ਕੇ ਲੈ ਆਈ ਏਂ ਤਾਂ ਪੈਸੇ ਤਾਂ ਕੁੜੇ ਵਟਾਉਣੇ ਹੀ ਪੈਣਗੇ। ਫਿਰ ਕਹੋਗੇ ਭੁੱਖੇ ਨੰਗੇ ਆ ਗਏ ਸਵੇਰੇ-ਸਵੇਰੇ... ਅਜੇ ਬੋਹਣੀ ਵੀ ਤਾਂ ਨਹੀਂ ਕੀਤੀ ਹੋਣੀ ਤੁਸੀਂ?"

"ਓਹ ਬਲਵੀਰ ਤੂੰ ਚੁੱਪ ਕਰ... ਐਵੇਂ ਬੋਲੀ ਜਾਨੀ ਏਂ। ਕੋਈ ਕੰਮ ਦੀ ਗੱਲ ਕਰ ਇਹ ਬੰਦੇ ਬੜੇ ਸਾਊ ਲਗਦੇ ਆਂ।" ਸਰਦਾਰ ਜੀ ਦਾ ਕੱਦ-ਕਾਠ ਸਾਡੇ ਤੋਂ ਵੀ ਸੋਹਣਾ ਪ੍ਰਭਾਵ ਪਾ ਰਿਹਾ ਸੀ।

"ਓਹ ਤੁਸੀਂ ਚੁੱਪ ਕਰੋ, ਮੈਨੂੰ ਪਤਾ ਮੈਂ ਕੀ ਗੱਲ ਕਰ ਰਹੀ ਆਂ... ਆਹ ਲੈ ਤੁਸੀਂ ਚਾਹ ਦਾ ਕੱਪ ਤੇ ਆਰਾਮ ਨਾਲ ਸੜੂਕੇ ਮਾਰੋ, ਵੇਖਿਓ ਜ਼ਰਾਂ ਤੱਤੀ ਆ" ਬਲਵੀਰ ਨੇ ਚਾਹ ਦਾ ਕੱਪ ਆਪਣੇ ਸਰਦਾਰ ਜੀ ਨੂੰ ਫੜਾਉਂਦਿਆਂ ਕਿਹਾ।

"ਕੁੜੇ ਤੈਨੂੰ ਪਤਾ ਪੰਜਾਬੀਆਂ ਨੂੰ ਕਦੇ ਵੀ ਸੁੱਕੀ ਚਾਹ ਨਹੀਂ ਪਿਲਾਈਦੀ। ਕੋਈ ਬਿਸਕੁਟ ਬੁਸਕਟ ਨਹੀਂ ਰੱਖਿਆ ਪਿਛੇ?" ਬਲਵੀਰ ਇਸ ਤਰ੍ਹਾਂ ਅਪਣਤ ਵਿਖਾ ਰਹੀ ਸੀ ਜਿਵੇਂ ਕਈ ਸਾਲਾਂ ਤੋਂ ਸਾਨੂੰ ਜਾਣਦੀ ਹੋਵੇ।

ਰਾਣੀ ਵੀ ਅੱਗਿਉਂ ਤੇਜ਼ ਨਿਕਲੀ, ਕਹਿਣ ਲੱਗੀ "ਭੈਣ ਜੀ ਮੈਂ ਸੋਚਿਆ ਕਿਧਰੇ ਸ਼ੂਗਰ-ਸ਼ਾਗਰ ਨਾ ਹੋਵੇ ਤੁਹਾਨੂੰ ਇਸ ਲਈ ਨਹੀਂ ਲਿਆਈ।"

"ਵੇਖਿਆ ਨਾ ਇਹ ਹੀ ਤਾਂ ਫ਼ਰਕ ਹੈ ਫਿਰ ਲੁਧਿਆਣੇ ਦਾ ਤੇ ਦਿੱਲੀ ਦਾ" ਬਲਵੀਰ ਨੇ ਫਿਰ ਹੱਸ ਕੇ ਮਾਖੌਲ ਕੀਤਾ।

ਅਜੇ ਇਹ ਗੱਪ-ਛੱਪ ਚੱਲ ਰਹੀ ਸੀ ਕਿ ਦੋ-ਤਿੰਨ ਗਾਹਕ ਇਕੋ ਵਾਰੀ ਆ ਗਏ ਤੇ ਬਲਵੀਰ ਨੂੰ ਚੁੱਪ ਹੋਣਾ ਪੈ ਗਿਆ, ਪਰ ਹੁਣ ਉਹ ਇਕ ਗਾਹਕ ਦੁਆਲੇ ਹੋ ਗਈ ਸੀ। ਇਕ ਬੱਚਿਆਂ ਦਾ ਬੇਬੀ ਜੌਗਿੰਗ ਸੂਟ ਚੁੱਕ ਕੇ ਆਏ ਗਾਹਕ ਨੂੰ ਮਾਲ ਹੀ ਵੇਚਣ ਲੱਗ ਪਈ "ਦਿਸ ਇਜ਼ ਵੈਰੀ ਨਾਈਸ ਆਈ ਬੌਟ ਟੂ ਡਜ਼ਨ ਲਾਸਟ ਵੀਕ ਐਂਡ ਦੇ ਆਲ ਗੌਨ ਇਨ ਟੂ ਡੇਜ਼, ਐਂਡ ਵੈਰੀ ਗੁੱਡ ਪ੍ਰਾਈਸ ਐਂਜ਼ਵੈਲ... ਟਰਾਈ ਦਿਸ ਯੂ ਵੌਂਟ ਗੋ ਰੌਂਗ..." ਇਹ ਕਹਿੰਦਿਆਂ ਬਲਵੀਰ ਨੇ ਇਕ ਦਰਜ਼ਨ ਦਾ ਪੈਕੇਟ ਗਾਹਕ ਨੂੰ ਵੇਚ ਦਿੱਤਾ ਤੇ ਮੈਂ ਕਦੇ ਗਾਹਕ ਵੱਲ ਦੇਖਾਂ ਤੇ ਕਦੇ ਬਲਵੀਰ ਵੱਲ...

ਇਹ ਸਾਡੀ ਪਹਿਲੀ ਮੁਲਾਕਾਤ ਸੀ।

ਇਸ ਤੋਂ ਬਾਅਦ ਤਕਰੀਬਨ ਹਰ ਐਤਵਾਰ ਹੀ ਜਗਜੀਤ ਸਿੰਘ ਤੇ ਬਲਵੀਰ ਹੁਰਾਂ ਸਾਡੀ ਦੁਕਾਨ ਤੇ ਆਉਣਾ। ਗੱਪ-ਛੱਪ ਮਾਰਨੀ। ਚਾਹ ਪੀਣੀ ਤੇ ਫਿਰ ਘਰਾਂ ਦੀਆਂ ਗੱਲਾਂ, ਬੱਚਿਆਂ ਦੀਆਂ ਗੱਲਾਂ ਸ਼ੁਰੂ ਹੋ ਜਾਣੀਆਂ। ਜਿੰਨੀ ਦੇਰ ਵੀ ਬਲਵੀਰ ਨੇ ਸਾਡੀ ਦੁਕਾਨ ਤੇ ਰਹਿਣਾ ਉਸ ਕਦੇ ਵੀ ਚੁੱਪ ਨਾ ਕਰਨਾ। ਕਦੇ ਕਦੇ ਸਾਨੂੰ ਅੱਛਾ ਵੀ ਨਾ ਲੱਗਣਾ ਕਿ ਅਸੀਂ ਥੋੜ੍ਹਾ ਬਿਜ਼ੀ ਹਾਂ ਪਰ ਉਹ ਆਪਣੀਆਂ ਹੀ ਮਰੀ ਜਾਂਦੀ ਆਂ। ਕਮ-ਸੇ-ਕਮ ਇਹ ਵੀ ਨਹੀਂ ਵੇਖਦੀ ਕਿ ਥੋੜ੍ਹੀ ਦੇਰ ਲਈ ਬੰਦਾ ਚੁੱਪ ਹੋ ਜਾਵੇ। ਪਰ ਇਸ ਦੇ ਉਲਟ ਜਗਜੀਤ ਸਿੰਘ ਬਿਲਕੁਲ ਸ਼ਾਂਤ ਸੁਭਾਅ ਇਕ ਲਫਜ਼ ਵੀ ਵਾਧੂ ਨਾ ਬੋਲਣਾ ਸਗੋਂ ਬਲਵੀਰ ਨੂੰ ਬੋਲਣੋਂ ਹਟਾਉਂਦੇ ਰਹਿਣਾ।

ਸਮਾਂ ਲੰਘਦੇ ਦਾ ਪਤਾ ਹੀ ਨਹੀਂ ਲਗਦਾ ਜੇ ਜ਼ਿੰਦਗੀ ਸੁੱਖ ਸ਼ਾਂਤੀ ਤੇ ਸਿਹਤਮੰਦ ਚਲਦੀ ਰਹੇ। ਇਕ ਸਾਲ, ਦੋ ਸਾਲ ਤੇ ਫਿਰ ਪੰਜ ਸਾਲ ਲੰਘ ਗਏ। ਹੁਣ ਅਸੀਂ ਇਕ ਦੂਸਰੇ ਤੋਂ ਅਜਨਬੀ ਨਹੀਂ ਸੀ ਰਹੇ। ਬੇਬਾਕ ਬਲਵੀਰ ਮੈਨੂੰ ਆਪਣੀ ਲੱਗਣ ਲੱਗ ਪਈ ਸੀ। ਆਪਣੇ ਪਰਿਵਾਰ ਦਾ ਇੱਕ ਅੰਗ ਅਤੇ ਇਕ ਦਿਨ ਆ ਕੇ ਉਸ ਮੇਰੇ ਗੁੱਟ 'ਤੇ ਰੱਖੜੀ ਬੰਨ੍ਹ ਦਿੱਤੀ। ਅਨਜਾਣ ਰਿਸ਼ਤਿਆਂ ਵਿਚੋਂ ਨਿਕਲ ਕੇ ਬਲਵੀਰ ਮੇਰੀ ਭੈਣ ਤੇ ਮੈਂ ਉਸਦਾ ਵੀਰ ਬਣ ਗਏ ਸਾਂ। ਇਹ ਰਿਸ਼ਤੇ ਤਾਂ ਦਿਲਾਂ ਦੇ ਸਨ ਰੱਖੜੀ ਦੇ ਧਾਗੇ ਨੇ ਤਾਂ ਇਕ ਰਸਮ ਬਣ ਕੇ ਇਸ ਰਿਸ਼ਤੇ ਨੂੰ ਹੋਰ ਪੱਕਿਆਂ ਕਰ ਦਿੱਤੀ ਸੀ।

ਜਗਜੀਤ ਸਿੰਘ ਨੂੰ ਪੰਜਾਬ ਦੇ ਪੌਲਿਟਿਕਸ ਦਾ ਬੜਾ ਸ਼ੌਕ ਸੀ। ਦੁਕਾਨ 'ਤੇ ਜਦੋਂ ਕਦੇ ਅਸੀਂ ਵਿਹਲੇ ਹੋਣਾ ਤਾਂ ਕੋਈ ਇਕ ਟੌਪਿਕ ਛੇੜ ਲੈਣਾ। ਬਹਿਸ ਵਿਚ ਜਦ ਕਦੇ ਜਿੱਤ ਜਾਣਾ ਤਾਂ ਉਹਨਾਂ ਮੈਨੂੰ ਪਰਧਾਨ ਜੀ ਕਹਿ ਦੇਣਾ ਤੇ ਹੌਲੀ ਹੌਲੀ ਉਹਨਾਂ ਮੈਨੂੰ ਪੱਕਿਆਂ ਤੌਰ ਤੇ ਹੀ ਪਰਧਾਨ ਜੀ ਕਹਿਣਾ ਸ਼ੁਰੂ ਕਰ ਦਿੱਤਾ।

ਜਿਨ੍ਹਾਂ ਨੇ ਸਿੰਜਿਆ ਹੈ ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿਚ ਡੋਲ੍ਹਿਆ ਹੈ ਆਪਣਾ ਖ਼ੂਨ ਵੀ -(ਅਗਲੇ ਸਫ਼ੇ 'ਤੇ)

ਜਗਜੀਤ ਸਿੰਘ ਜੀ ਨੇ ਚੰਗੇ ਪੜ੍ਹੇ ਲਿਖੇ ਤੇ ਬੜੇ ਹੀ ਸੂਝਵਾਨ ਇਨਸਾਨ ਸਨ ਅਤੇ ਉਹਨਾਂ ਦੇ ਪਰਿਵਾਰ ਦੀ ਮਿਲਟਰੀ ਬੈਕਗਰਾਊਂਡ ਸੀ। ਪਿਤਾ ਲੈਫਟੀਨੈਂਟ ਕਰਨਲ ਹੋ ਕੇ ਰਿਟਾਇਰ ਹੋਏ ਸਨ ਤੇ ਛੋਟਾ ਭਾਈ ਅਜੇ ਵੀ ਬ੍ਰੀਗੇਡੀਅਰ ਰੈਂਕ ਵਿਚ ਸਰਵਿਸ, ਕਰ ਰਿਹਾ ਸੀ ਪਰ ਇਹਨਾਂ ਨੂੰ ਇੰਗਲੈਂਡ ਕਿਵੇਂ ਖਿੱਚ ਲਿਆਇਆ ਸੀ ਮੈਂ ਕਦੇ ਵੀ ਜਾਨਣਾ ਨਾ ਚਾਹਿਆ। ਮੈਂ ਹਮੇਸ਼ਾ ਜੀਜਾ ਜੀ ਕਹਿ ਕੇ ਉਹਨਾਂ ਨੂੰ ਛੇੜਦੇ ਰਹਿੰਦਾ ਤੇ ਉਹਨਾਂ ਪਰਧਾਨ ਜੀ ਕਹਿ ਕੇ ਹੱਸ ਛੱਡਣਾ।

ਮਿੱਠੜੇ ਸੁਭਾਅ ਦੇ ਤਾਂ ਉਹ ਹੈ ਹੀ ਸਨ ਇਸਦੇ ਨਾਲ-ਨਾਲ ਉਹਨਾਂ ਘਰਦੀਆਂ ਬਾਕੀ ਸਾਰੀਆਂ ਜ਼ੁੰਮੇਵਾਰੀਆਂ ਨੂੰ ਵੀ ਚੰਗੀ ਤਰ੍ਹਾਂ ਸੰਭਾਲਿਆ ਹੋਇਆ ਸੀ। ਪੋਸਟ ਆਫ਼ਿਸ ਦੇ ਨਾਲ-ਨਾਲ ਉਹਨਾਂ ਤਿੰਨ ਚਾਰ ਫਲੈਟ ਵੀ ਨਾਰਥ ਲੰਡਨ ਵਿੱਚ ਖਰੀਦ ਰੱਖੇ ਸਨ। ਜਦੋਂ ਵੀ ਐਤਵਾਰ ਉਹਨਾਂ ਸਾਡੇ ਕੋਲ ਆਉਣਾ ਬਲਵੀਰ ਨੂੰ ਜਲਦੀ-ਜਲਦੀ ਸ਼ਾਪਿੰਗ ਕਰਨ ਲਈ ਜ਼ੋਰ ਪਾਈ ਜਾਣਾ।

''ਵੇਖ ਬਲਵੀਰ ਤੂੰ ਤਾਂ ਏਥੇ ਗੱਲਾਂ ਮਾਰਨ ਆਉਨੀ ਏਂ, ਪੰਜਾਹ ਪੌਂਡ ਦਾ ਤੂੰ ਸਮਾਨ ਨਹੀਂ ਖਰੀਦਦੀ ਤੇ ਦਿਹਾੜੀ ਸਾਰੀ ਖਰਾਬ ਕਰ ਦਿਨੀ ਏਂ...''

''ਤੈਨੂੰ ਪਤਾ ਇਕ ਫਲੈਟ ਦੀ ਰੂਫ ਲੀਕ ਕਰ ਰਹੀ ਆਂ''

''ਤੈਨੂੰ ਪਤਾ ਉਹਨਾਂ ਦੀ ਸਿੰਕ ਵਿਚ ਪਾਣੀ ਬਲੌਕ ਹੋਇਆ''

''ਓਹ ਤੈਨੂੰ ਕੋਈ ਪਤਾ ਪਿਛਲੇ ਮਹੀਨੇ ਕਿਰਾਏਦਾਰਾਂ ਨੇ ਕਿਰਾਇਆ ਨਹੀਂ ਦਿੱਤਾ''

''ਜਲਦੀ-ਜਲਦੀ ਕਰ ਮੈਂ ਜਾਂਦਿਆਂ ਫਲੈਟਾਂ ਵੱਲ ਜਾਣੈ''

''ਤੂੰ ਪੰਜਾਹ ਪੌਂਡ ਦਾ ਸਾਮਾਨ ਲੈ ਕੇ ਵਿਚੋਂ ਕੀ ਖੱਟ ਲਏਂਗੀ?''

''ਬਸ ਤੈਨੂੰ ਤਾਂ ਸੁਆਦ ਜਿਹਾ ਆਉਂਦਾ ਇਥੇ ਆ ਕੇ ਟਾਈਮ ਵੇਸਟ ਕਰਨ ਦਾ... ਉਹ ਸੱਗੂ ਸਾਹਿਬ ਕਰਿਓ ਜ਼ਰਾ ਹਿਸਾਬ ਇਸ ਵੱਡੀ ਬਿਜ਼ਨਿਸ ਮੈਨਨੀ ਦਾ''

ਬਲਵੀਰ ਨੇ ਫਿਰ ਵੀ ਗੱਲ ਨੂੰ ਅਣਗੌਲਿਆ ਕਰਕੇ ਕਹਿ ਦੇਣਾ, ''ਜੋਗੀ ਜੀ ਮੈਂ ਤਾਂ ਇਥੇ ਸਾਮਾਨ ਖਰੀਦ ਘੱਟ ਆਉਂਦੀ ਆਂ। ਮੈਂ ਤਾਂ ਆਪਣੇ ਭਰਾ-ਭਰਜਾਈ ਨੂੰ ਮਿਲਣ ਦਾ ਬਹਾਨਾ ਬਣਾ ਕੇ ਆਉਂਦੀ ਹਾਂ, ਜੇ ਤੁਹਾਨੂੰ ਫਲੈਟਾਂ ਦਾ ਜ਼ਿਆਦਾ ਹੀ ਫ਼ਿਕਰ ਹੈ ਤਾਂ ਬੇਸ਼ਕ ਮੇਰੇ ਨਾਲ ਨਾ ਆਇਆ ਕਰੋ।'' ਮੈਂ ਫਿਰ ਗੱਲ ਹਾਸੇ ਵਿਚ ਪਾ ਲੈਣੀ। ਭੈਣ ਬਲਵੀਰ ਨੇ ਜੀਜਾ ਜਗਜੀਤ ਸਿੰਘ ਦਾ ਪਿਆਰ ਦਾ ਨਾਂ ਜੋਗੀ ਪਾਇਆ ਹੋਇਆ ਸੀ ਤੇ ਜਦੋਂ ਉਸ ਪਿਆਰ ਨਾਲ ਉਸਨੂੰ ਜੋਗੀ ਕਹਿਣਾ ਤਾਂ ਜੀਜੇ ਦੀ ਬੀਨ ਵੱਜਣੀ ਬੰਦ ਹੋ ਜਾਂਦੀ ਸੀ ਤੇ ਫਿਰ ਉਸ ਖਿੜ ਕੇ ਹੱਸ ਪੈਣਾ।

ਸਾਡਾ ਘਰ ਹਮੇਸ਼ਾ ਹੀ ਪਾਰਟੀਆਂ ਵਾਲਾ ਘਰ ਰਿਹਾ ਹੈ ਤੇ ਪਾਰਟੀਆਂ ਦੀ ਰੌਣਕ ਸੀ ਭੈਣ ਬਲਵੀਰ ਗਿੱਲ। ਉਸ ਨੱਚ ਨੱਚ ਕੰਬਣ ਲਾ ਦੇਣੀ। ਉਹਨੀਂ ਦਿਨੀਂ ਅਲਾਪ ਭੰਗੜਾ ਗਰੁੱਪ ਬਹੁਤ ਹੀ ਮਸ਼ਹੂਰ ਹੋ ਗਿਆ ਸੀ। ਲੀਡ ਸਿੰਗਰ ਚੰਨੀ ਦੀ ਦਿਲਕਸ਼ ਆਵਾਜ਼ ਨੇ ਸਭ ਦੇ ਦਿਲਾਂ ਨੂੰ ਮੋਹ ਲਿਆ ਸੀ। ਅੱਡੀਆਂ ਪੈਰਾਂ ਨੂੰ ਨੱਚਣਾ ਲਾ ਦਿੱਤਾ ਸੀ। ਕੁਝ ਸਾਲ ਪਹਿਲਾਂ ਕਦੀ ਕਿਸੇ ਸੋਚਿਆ ਤੱਕ ਨਹੀਂ ਸੀ ਕਿ ਪੰਜਾਬੀ ਮਿਊਜ਼ਿਕ ਏਨਾ ਪਾਪੂਲਰ ਹੋ ਜਾਵੇਗਾ।

'ਭਾਬੀਏ ਨੀ ਭਾਬੀਏ ਨੱਚ ਭਾਬੀਏ' 'ਇਕ ਕੁੜੀ ਗੁਲਾਬ ਦੇ ਫੁੱਲ ਵਰਗੀ' 'ਇਕ ਜੱਟੀ ਮਜਾਜਣ ਪੱਟੀ' 'ਲੱਕ ਪਤਲਾ ਪਤੰਗ' ...ਤੇ 'ਛੱਮ ਛੱਮ ਨੱਚਦੀ ਫਿਰਾਂ'

ਕਿੰਨਾ ਸੋਹਣਾ ਦੌਰ ਸੀ ਉਹ ਅੱਸੀ ਤੇ ਨੱਬਿਆਂ ਦਾ। ਜੇ ਇਕ ਪਾਸੇ ਅਲਾਪ ਦਾ ਹਰ ਗੀਤ ਭੰਗੜਾ ਪੁਆ ਰਿਹਾ ਸੀ ਉਥੇ ਹੀ ਹੀਰਾ ਗੁਰੱਪ, ਏ. ਐਸ. ਕੰਗ, ਪ੍ਰੇਮੀ, ਹੋਲੇ-ਹੋਲੇ ਤੇ ਅਪਨਾ ਸੰਗੀਤ ਦੇ ਗਰੁੱਪਾਂ ਨੇ ਵੀ ਪਾਰਟੀਆਂ ਤੇ ਵਿਆਹ ਸ਼ਾਦੀਆਂ ਤੇ ਧੂੰਮਾਂ ਮਚਾ ਰੱਖੀਆਂ ਸਨ।

ਹੀਰਾ ਗਰੁੱਪ ਦੇ ਇਹ ਗਾਣੇ... 'ਨੱਚਦੀਆਂ ਦੋਵੇਂ ਸੋਹਣੀਆਂ' 'ਮਾਰ ਛੜੱਪਾ ਪਿੜ ਵਿਚ ਆਜਾ' 'ਗਿੱਧੇ ਵਿਚ ਨੱਚਦੀਆਂ ਦੋ ਮੁਟਿਆਰਾਂ'-ਏ.ਐਸ. ਕੰਗ ਦਾ ਮਿਊਜ਼ਿਕ ਵੀ ਕਮਾਲ ਦਾ ਸੀ। ਕਿਹੜਾ ਸੀ ਜਿਹੜਾ ਇਸ ਗਾਣੇ ਤੇ ਨਹੀਂ ਸੀ ਨੱਚਿਆ... 'ਗਿੱਧਿਆਂ ਦੀ ਰਾਣੀ ਨੀ ਗਿੱਧੇ ਵਿੱਚ ਆ' ਤੇ ਬਲਵਿੰਦਰ ਸਫ਼ਰੀ ਦੀਆਂ ਦੇਸੀ ਵਲੈਤੀ ਬੋਲੀਆਂ।

ਇਸੇ ਤਰ੍ਹਾਂ ਮਸ਼ਹੂਰ ਹੋਇਆ... ''ਅਪਨਾ ਸੰਗੀਤ ਵੱਜੇ ਅਪਨਾ ਸੰਗੀਤ' 'ਆਓ ਪਾਈਏ ਭੰਗੜਾ ਤੇ ਨਾਲੇ ਗਾਈਏ ਗੀਤ' ਤੇ ਇਕ ਹੋਰ ਆਵਾਜ਼ ਤੇ ਗੀਤ ਆਇਆ ਮੰਗਲ ਸਿੰਘ ਦਾ 'ਪਰ੍ਹੇ ਹੋ ਜਾ ਸੋਹਣੀਏ ਸਾਡੀ ਰੇਲ ਗੱਡੀ ਆਈ...'

ਇਹਨਾਂ ਗਾਣਿਆਂ ਤੇ ਜਦ ਬਲਵੀਰ ਭੈਣ ਨੱਚਨ ਲਗਦੀ ਤਾਂ ਖਾਣਾ-ਪੀਣਾ ਭੁੱਲ ਜਾਂਦੀ। ਉਸਦੀਆਂ ਅੱਡੀਆਂ ਦੁਖਣ ਲੱਗ ਪੈਂਦੀਆਂ, ਵਿੱਚ-ਵਿੱਚ ਰਾਣੀ ਨੂੰ ਬੁਲਾ ਕੇ ਕਹਿੰਦੀ, ''ਕੁੜੇ ਮੇਰੇ ਲਈ ਇਕ ਜਿੰਨ ਟੌਨਿਕ ਲਿਆਦੇ ਤੇ ਇੱਤ ਤੂੰ ਵੀ ਲੈ ਲੈ.... ਜਿੱਨ ਟੌਨਿਕ ਦਾ ਘੁੱਟ ਲਾ ਕੇ ਉਸ ਆਪਣੀ ਚੁੰਨੀ ਦੇ ਸਿਰਤੇ ਵਲੇਵੇਂ ਲੈ ਲਵੇ ਤੇ ਫਿਰ ਹੋ ਜਾਵਾ ਸ਼ੁਰੂ, ਹੱਥ ਵਿਚ ਸੋਟੀ ਫੜਕੇ... ਛੱਮ-ਛੱਮ ਨੱਚਦੀ ਫਿਰਾਂ, ਪੈਰੀਂ ਮੇਰੇ ਝਾਜਰਾਂ ਤੇ ਕਰਦੀਆਂ ਛਣਛਣ, ਨੱਚਦੀ ਫਿਰਾਂ, ਮੈਂ ਛੱਮ-ਛੱਮ ਨੱਚਦੀ ਫਿਰਾਂ...।

ਬਲਵੀਰ ਭੈਣ ਨੂੰ ਦਿਖਾਵਾ ਕਰਨਾ ਬਿਲਕੁਲ ਨਹੀਂ ਸੀ ਆਉਂਦੇ। ਬੱਸ ਸੋਹਣਾ ਜਿਹਾ ਸੂਟ ਪਾਉਣਾ, ਸ਼ੋਖ ਕੱਪੜਿਆਂ ਤੋਂ ਉਸ ਨੂੰ ਸਖ਼ਤ ਨਫਰਤ ਸੀ। ਜੇ ਉਸ ਨੂੰ ਕੋਈ ਸ਼ੌਕ ਸੀ ਤਾਂ ਬਸ ਅੱਛੇ ਦੋਸਤਾਂ ਦੀ ਸੰਗਤ। ਉਹਨਾਂ ਲੋਕਾਂ ਨਾਲ ਪਿਆਰ ਜਿਹੜੇ ਦੋਗਲੇ ਨਾ ਹੋਣ। ਦਿਲ ਦੀ ਉਹ ਹੀ ਗੱਲ ਕਰਨ ਜੋ ਸੱਚੀ ਹੋਵੇ... ਚੁਗਲੀਆਂ ਤੋਂ ਸਖ਼ਤ ਨਫਰਤ। ਜਿਹੜੀਆਂ ਔਰਤਾਂ ਪਾਰਟੀਆਂ ਵਿੱਚ ਜਾਂ ਗੁਰਦੁਆਰਿਆਂ ਵਿੱਚ ਸੂਟਾਂ ਦੀਆਂ ਗੱਲਾਂ ਕਰਨ ਉਹਨਾਂ ਨਾਲ ਸਖ਼ਤ ਨਫ਼ਰਤ। ਮੇਰੇ ਰੱਖੜੀ ਉਸ ਸਿਰਫ ਇੱਕ ਵਾਰ ਸ਼ੁਰੂ ਵਿੱਚ ਬੰਨ੍ਹੀ ਫਿਰ ਸਾਰੀ ਉਮਰ ਕਦੇ ਨਾ... ਪਰ ਰੱਖੜੀ ਤੇ ਅਸੀਂ ਹਮੇਸ਼ਾ ਇਕ ਦੂਸਰੇ ਨੂੰ ਫ਼ੋਨ ਕਰਦੇ ਤਾਂ ਕਹਿੰਦੀ, ''ਸੱਗੂ ਤੂੰ ਗੁੱਸਾ ਨਾ ਕਰੀਂ। ਮੈਂ ਇਹੋ ਜਿਹੀਆਂ ਰਸਮਾਂ ਨੂੰ ਬਿਲਕੁਲ ਨਹੀਂ ਮੰਨਦੀ। ਦਿਲਾਂ ਵਿਚ ਭੈਣ ਭਰਾਵਾਂ ਦਾ ਪਿਆਰ ਹੋਣਾ ਚਾਹੀਦਾ। ਧਾਗਿਆਂ ਦੀਆਂ ਗੰਢਾਂ ਤਾਂ ਕਈ ਭਰਾ ਭੈਣ ਦੇ ਦਰਵਾਜ਼ੇ ਤੋਂ ਬਾਹਰ ਨਿਕਲਦਿਆਂ ਹੀ ਖੋਲ੍ਹ ਦਿੰਦੇ ਨੇ ਤੇ ਕਈ ਭੈਣਾਂ ਵੀ ਇੰਜ ਹੀ ਕਰਦੀਆਂ। ਸਾਲ ਵਿਚ ਇਕ ਵਾਰੀ ਰੱਖੜੀ ਵਾਲੇ ਦਿਨ ਯਾਦ ਕਰ ਲੈਣਗੀਆਂ ਤੇ ਫਿਰ ਸਾਰਾ ਸਾਲ... ਉਹ ਭਰਾਵਾਂ ਕਿਥੇ ਟਾਇਮ ਆ ਅੱਜ ਕੱਲ੍ਹ। ਬੱਸ ਬਿਜ਼ੀ ਹੀ ਏਨੇ ਆਂ ਕਿ ਸਿਰ ਖੁਰਕਣ ਦੀ ਵਿਹਲ ਵੀ ਨਹੀਂ ਮਿਲਦੀ ਤੇ ਭਲਾ ਰੱਖੜੀ ਵਾਲੇ ਦਿਨ ਭਲਾ ਸਿਰ ਖੁਰਕੇ

ਨਾਸਤਿਕ ਹੋਣ ਬਾਅਦ
ਤੁਸੀਂ ਅੰਬਰਾਂ ਵੱਲ ਵੱਖਰੀ ਨੀਝ ਨਾਲ ਦੇਖਦੇ ਹੋ-(ਅਗਲੇ ਸਫ਼ੇ 'ਤੇ)

ਤੋਂ ਬਗੈਰ ਹੀ ਆ ਜਾਂਦੀਆਂ? ਖਸਮਾਂ ਨੂੰ ਖਾਣੀਆਂ, ਇਹੋ ਜਿਹੀਆਂ ਭੈਣਾਂ ਦੇ ਸਿਰ ਸਵਾਹ। ਕਿਸੇ ਆਈ ਮੁਸ਼ਕਲ ਵੇਲੇ ਇਹੋ ਜਿਹੀਆਂ ਭੈਣਾਂ ਹੀ ਕੀਰਨੇ ਪਾਉਣਗੀਆਂ"

"ਵੀਰਾ ਤੁਸੀਂ ਸਾਡੇ ਮਾਪੇ ਹੋ ਜਿਹਨਾਂ ਸਾਡੀ ਇੱਜ਼ਤ ਬਣਾਉਣੀ ਆ। ਭਰਜਾਈ ਤਾਂ ਸਾਡੀ ਏਨੀ ਚੰਗੀ ਆ ਕਿ ਸਾਨੂੰ ਕਦੇ ਵੀ ਆਪਣੀਆਂ ਮਾਂ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ... ਮੈਂ ਤਾਂ ਕਈ ਵਾਰੀ ਇਹਨਾਂ ਨੂੰ ਕਹਿਨੀ ਆਂ ਕਿ ਭਰਾ ਭਰਜਾਈ ਹੋਣ ਤਾਂ ਤੁਹਾਡੇ ਵਰਗੇ ਹੋਣ... ਤੇ ਇਹ ਵੀ ਬੜੇ ਮਾਣ ਨਾਲ ਕਹਿੰਦੇ ਆ... ਮੇਰਾ ਤਾਂ ਜਿਗਰੀ ਯਾਰ ਏ ਤੇਰਾ ਭਰਾ, ਸਾਲੀਆਂ ਪਾਖੰਡਣਾ, ਜੀਜਾ ਭਾਵੇਂ ਦਿਲ ਵਿਚ ਸਾਲੇ ਦੇ ਸੌ ਛਿੱਤਰ ਮਾਰਦਾ ਹੋਵੇ।"

ਭੈਣ ਬਲਵੀਰ ਭਾਵੇਂ ਦਿਖਾਵੇ ਵਾਲੀ ਨਹੀਂ ਸੀ ਪਰ ਇਕ ਵਾਰੀ ਦੀ ਗੱਲ ਹੈ ਕਿ ਉਸ ਆਪਣੇ ਘਰ ਅਖੰਡ ਪਾਠ ਰਖਵਾਇਆ। ਮੈਨੂੰ ਕਹਿਣ ਲੱਗੀ 'ਵੇ ਸੱਗੂ ਤੇਰੇ ਜੀਜੇ ਨੇ ਮੈਨੂੰ ਡਾਇਮੰਡ ਦੀ ਰਿੰਗ ਲੈ ਕੇ ਦਿੱਤੀ ਆ, ਬੜੀ ਹੀ ਸੋਹਣੀ ਰਿੰਗ ਆਂ, ਮੈਂ ਸੋਚਦੀ ਆਂ ਕਿ ਸਾਰਿਆਂ ਨੂੰ ਪਤਾ ਲੱਗੇ ਕਿ ਮੇਰੇ ਕੋਲ ਵੀ ਡਾਇਮੰਡ ਦੀ ਰਿੰਗ ਆ... ਦਸ ਕਿਵੇਂ ਵਿਖਾਵਾਂ?

ਮੈਂ ਹੱਸ ਕੇ ਕਿਹਾ, "ਭੈਣ ਇਹ ਕਿਹੜੀ ਮੁਸ਼ਕਲ ਗੱਲ ਆ, ਅਰਦਾਸ ਵੇਲੇ ਭਾਈ ਨੂੰ ਕਹਿ ਦੇਵੀ ਕਿ ਤੁਹਾਡੀ ਵਿਆਹ ਦੀ ਸਾਲ-ਗ੍ਰਿਹ ਤੇ ਸਰਦਾਰ ਜੀ ਨੇ ਤੈਨੂੰ ਡਾਇਮੰਡ ਦੀ ਰਿੰਗ ਦਿੱਤੀ ਆ ਤੇ ਪ੍ਰਮਾਤਮਾ ਅੱਗੇ ਅਰਦਾਸ ਕਿ ਰਿੰਗ ਵਾਲੀ ਉਂਗਲੀ ਤੇ ਕਦੇ ਵੀ ਸੱਟ ਨਾ ਲੱਗੇ... ਰਿੰਗ ਹੰਢਣੀ ਹੋਵੇ।"

ਕਹਿਣ ਲੱਗੀ, "ਚੱਲ ਤੂੰ ਤਾਂ ਗੱਲ ਨੂੰ ਮਾਖੌਲ ਵਿੱਚ ਲੈ ਗਿਐ... ਮੈਂ ਸੱਚ-ਮੁੱਚ ਹੀ ਵਿਖਾਉਣਾ ਚਾਹੁੰਦੀ ਆਂ।"

"ਚੱਲ ਵਿਖਾ ਲੈ ਫਿਰ ਭੈਣ ਜਿਵੇਂ ਤੇਰੀ ਮਰਜ਼ੀ" ਮੈਂ ਇਹ ਕਿਹਾ ਤੇ ਉਹ ਸੋਚਾਂ ਵਿਚ ਪੈ ਗਈ।

ਤੀਸਰੇ ਦਿਨ ਭੋਗ ਤੋਂ ਪਹਿਲਾਂ ਮੈਂ ਵੇਖਿਆ ਕਿ ਭੈਣ ਬਲਵੀਰ ਭਾਈ ਦੀ ਸੰਗਤ ਨਾਲ ਨੌਂਵੇਂ ਮਹੱਲੇ ਦੇ ਸਲੋਕ ਆਪ ਵੀ ਪੜ੍ਹ ਰਹੀ ਸੀ... ਜਦ ਉਹ ਗ੍ਰੰਥ ਸਾਹਿਬ ਜੀ ਦਾ ਪੰਨਾ ਪਰਤਦੀ ਤਾਂ ਉਸ ਉਂਗਲੀ ਨਾਲ ਪਰਤਦੀ ਜਿਸ ਵਿਚ ਡਾਇਮੰਡ ਦੀ ਰਿੰਗ ਪਾਈ ਹੋਈ ਸੀ। ਰਿੰਗ ਦਾ ਡਾਇਮੰਡ ਵੀ ਸੀਲਿੰਗ ਲਾਈਟਾਂ ਨਾਲ ਸੰਗਤ ਵੱਲ ਚਮਕ ਰਿਹਾ ਸੀ। 'ਵੈ ਰਾਮ' ਵਾਲੇ ਸਲੋਕ ਸਨ ਪਰ ਮੈਂ ਦਿਲ ਹੀ ਦਿਲ ਵਿਚ ਹੱਸੀ ਜਾ ਰਿਹਾ ਸੀ... 'ਵਾਹ ਨੀ ਮੇਰੀ ਭੈਣ... ਕਿਆ ਆਈਡੀਆ ਲਾਇਆ ਹੈ ਰਿੰਗ ਵਿਖਾਉਣ ਦਾ।'

ਕੋਈ ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ ਮੈਨੂੰ ਬਲਵੀਰ ਦਾ ਫੋਨ ਆਇਆ, ਕਹਿਣ ਲੱਗੀ, "ਤੇਰੇ ਨਾਲ ਇਕ ਗੱਲ ਕਰਨੀ ਆ, ਮੈਨੂੰ ਆ ਕੇ ਮਿਲ। ਘਬਰਾਉਣ ਵਾਲੀ ਕੋਈ ਗੱਲ ਨਹੀਂ ਬੱਸ ਐਵੇਂ ਇਕ ਫੈਮਿਲੀ ਦੀ ਪ੍ਰੋਬਲਮ ਆ ਗਈ ਆ, ਜਦੋਂ ਆਏਂਗਾ ਤਾਂ ਦਸਾਂਗੀ... ਐਸ ਐਤਵਾਰ ਆ ਜਾਈਂ, ਨਾਲੇ ਪੈੱਗ-ਛੈੱਗ ਲਾ ਲਾਂਗੇ ਨਾਲੇ ਗੱਲ ਕਰ ਲਾਂਗੇ।"

ਐਤਵਾਰ ਦੀ ਸ਼ਾਮ ਮੈਂ ਉਸ ਨਾਲ ਬੈਠਾ ਸੀ, "ਵੇਖ ਸੱਗੂ ਮੇਰੇ ਇੱਥੇ ਰਹਿੰਦੇ ਭਰਾ ਨਾਲ ਕਿਸੇ ਗਲੋਂ ਅਣਬਣ ਹੋ ਗਈ ਆ। ਅਗਲੇ ਮਹੀਨੇ ਆਪਣੀ ਪ੍ਰੀਤੀ ਦਾ ਵਿਆਹ ਹੈ ਤੇ ਉਸ ਕੁੱਤੇ ਨੇ ਕਹਿ ਦਿੱਤਾ ਏ ਕਿ ਉਹ ਵਿਆਹ ਤੇ ਨਹੀਂ ਆਏਗਾ। ਸਾਡੇ ਕੋਲ ਪੰਜ ਸਾਲ ਪਹਿਲਾਂ ਉਸ ਵੀਹ ਹਜ਼ਾਰ ਮਕਾਨ ਲੈਣ ਲਈ ਉਧਾਰਾ ਲਿਆ ਸੀ ਤੇ ਹੁਣ ਵਿਆਹ ਕਰਕੇ ਅਸੀਂ ਮੰਗ ਲਿਆ। ਪੈਸੇ ਦੇਣ ਦੀ ਬਜਾਏ ਬੋਲਣਾ ਵੀ ਬੰਦ ਕਰਤਾ। ਕਹਿੰਦਾ ਜਦੋਂ ਹੋਣਗੇ ਦੇ ਦਿਆਂਗਾ, ਤੁਹਾਡੇ ਕੋਲ ਕੋਈ ਪੈਸੇ ਦਾ ਘਾਟਾ ਤਾਂ ਨਹੀਂ, ਏਸੇ ਤਰ੍ਹਾਂ ਮੇਰੇ ਹਿੱਸੇ ਦੀ ਇੰਡੀਆ ਵਿਚ ਜ਼ਮੀਨ ਵੀ ਹੜੱਪ ਕਰ ਗਿਆ ਸੀ।"

ਮੇਰੇ ਕੋਲੋਂ ਰਿਹਾ ਨਾ ਗਿਆ ਸੱਗੂ ਮੈਂ ਸਿੱਧੀ ਹੀ ਕਹਿ ਦਿੱਤਾ, "ਕੰਜਰਾ ਤੂੰ ਇੱਕ ਸਾਲ ਲਈ ਪੈਸੇ ਲਏ ਸੀ ਤੇ ਹੁਣ ਪੰਜ ਸਾਲ ਹੋ ਗਏ ਨੇ, ਜੇ ਅਸੀਂ ਧੀ ਦੇ ਵਿਆਹ ਕਰਕੇ ਮੰਗ ਲਏ ਤਾਂ ਕੋਈ ਗੁਨਾਹ ਤਾਂ ਨਹੀਂ ਕੀਤਾ?"

"ਮੈਨੂੰ ਕਹਿਣ ਲੱਗਾ, ਤੂੰ ਪੈਸੇ ਦੀ ਭੁੱਖੀ ਏਂ... ਤੂੰ ਇਹ ਨਹੀਂ ਸੋਚਦੀ ਕਿ ਮੇਰਾ ਹੱਥ ਤੰਗ ਏ।"

ਮੇਰਾ ਰੋਣ ਨਿਕਲ ਆਇਆ ਸੱਗੂ ਇਹ ਗੱਲ ਸੁਣ ਕੇ। ਪੈਸੇ ਦੀ ਭੁੱਖੀ ਤੇ ਮੈਂ? ਮੇਰੇ ਦਿਲ ਨੂੰ ਅੱਗ ਜਿਹੀ ਲੱਗ ਗਈ, ਮਕਾਨ ਲੈਣ ਲਈ ਮਦਦ ਕੀਤੀ ਸੀ ਤੇ ਅੱਜ ਇਹ ਮੈਨੂੰ ਭੁੱਖੀ ਕਹਿ ਰਿਹਾ ਸੀ।

"ਤੈਨੂੰ ਪਤਾ ਮੈਂ ਜ਼ਰਾ ਬੜਬੋਲੀ ਆਂ, ਗੱਲ ਕਹਿਣੀ ਹੋਵੇ ਤਾਂ ਮੂੰਹ ਮੁਹਰੇ ਹੀ ਕਹਿ ਦਿੰਦੀ ਆਂ, ਦਿਲ ਵਿਚ ਰੱਖ ਕੇ ਘੁੱਟ-ਘੁੱਟ ਕਰਕੇ ਨਹੀਂ ਜੀਅ ਸਕਦੀ। ਮੈਂ ਕਹਿ ਦਿੱਤਾ, ਜਾ ਕੰਜਰਾ ਜੇ ਇਹਨਾਂ ਪੈਸਿਆਂ ਨਾਲ ਤੈਨੂੰ ਰੱਜ ਆ ਸਕਦਾ ਤਾਂ ਰੱਜ ਲੈ, ਮੈਂ ਭੁੱਖੀ ਹੀ ਠੀਕ ਹਾਂ ਆਪਣੇ ਘਰ..." ਤੇ ਇਹ ਕਹਿ ਕੇ ਮੈਂ ਫੋਨ ਰੱਖ ਦਿੱਤਾ।

ਅੱਛਾ ਭੈਣ ਇਹ ਤਾਂ ਤੁਹਾਡੇ ਭੈਣ ਭਰਾਵਾਂ ਦੀ ਪਰਸਨਲ ਗੱਲ ਆ, ਮੈਂ ਦੱਸ ਕੀ ਕਰ ਸਕਦਾ? ਮੈਂ ਬੀਅਰ ਦਾ ਘੁੱਟ ਲਾਉਂਦਿਆਂ ਪੁੱਛਦਾ ਹਾਂ।

"ਵੇਖ ਸੱਗੂ ਤੂੰ ਮੇਰੇ ਖੂਨ ਤੋਂ ਭਰਾ ਤਾਂ ਨਹੀਂ ਪਰ ਸਕਿਆਂ ਨਾਲੋਂ ਵੀ ਵੱਧ ਏਂ, ਮੈਂ ਚਾਹੁੰਦੀ ਹਾਂ ਕਿ ਪ੍ਰੀਤੀ ਦੇ ਵਿਆਹ ਦੇ ਸਾਰੇ ਸ਼ਗਨ ਤੂੰ ਹੀ ਮਾਮਾ ਬਣ ਕੇ ਕਰੇ। ਚੂੜਾ ਚੜ੍ਹਾਵੇਂ, ਮਿਲਣੀ ਕਰੇ, ਜੋ ਵੀ ਅੱਗੇ ਤੋਂ ਬੱਚਿਆਂ ਲਈ ਕਰਨਾ ਹੈ ਤੂੰ ਹੀ ਅੱਗੇ ਹੋ ਕੇ ਕਰਨਾ ਹੈ... ਮੇਰਾ ਵੀਰ ਦੱਸ ਕਰੇਂਗਾ ਨਾ?"

"ਹਾਂ ਤੇ ਇਕ ਗੱਲ ਹੋਰ ਸੁਣ ਲੈ ਜਿਹੜੀ ਮੈਂ ਵੀਹ ਪੰਝੀ ਸਾਲ ਤੇਰੇ ਨਾਲ ਕਦੇ ਨਹੀਂ ਕੀਤੀ। ਤੈਨੂੰ ਪਤਾ ਹੀ ਹੈ ਕਿ ਅਸੀਂ ਜੱਟ ਹੁੰਦੇ ਆਂ ਤੇ ਤੂੰ ਪਤਾ ਨਹੀਂ ਕੀ ਏਂ ਸ਼ਾਇਦ ਦਰਜ਼ੀ ਜਾਂ ਕੋਈ ਛੀਂਬਾ-ਵੀਂਬਾ ਦੱਸਿਆ ਸੀ ਪਰ ਕੀ ਆਪਾਂ ਕਦੇ ਇਹਨਾਂ ਜਾਤਾਂ ਵਿਚ ਪਏ ਹਾਂ। ਕਦੇ ਕੋਈ ਗੱਲ ਵੀ ਕੀਤੀ ਆ? ਮੈਨੂੰ ਪਤਾ ਹੈ ਕਿ ਤੂੰ ਵੀ ਪੜ੍ਹੇ ਅਗਾਂਹਵਧੂ ਖਿਆਲਾਂ ਦਾ ਏਂ, ਲਿਖਾਰੀ ਏਂ... ਵੇਖ ਜੇ ਮੇਰਾ ਜੱਟ ਭਰਾ, ਖੂਨ ਦਾ ਰਿਸ਼ਤਾ ਧੋਖਾ ਦੇ ਗਿਆ ਤਾਂ ਮੇਰੇ ਲਈ ਅਸਲ ਭਰਾ ਕੌਣ ਹੋ ਸਕਦਾ? ਦੱਸ ਵੀ... ਉਹ ਜਾਂ ਤੂੰ?"

ਮੇਰੀਆਂ ਅੱਖਾਂ ਵਿੱਚੋਂ ਅੱਥਰੂ ਵਗ ਤੁਰੇ ਸਨ। ਮੈਂ ਹੱਥ ਵਿਚ ਬੀਅਰ ਦਾ ਭਰਿਆ ਗਲਾਸ ਟੇਬਲ 'ਤੇ ਰੱਖ ਦਿੱਤਾ। ਉੱਠਿਆ ...ਭੇਣ ਬਲਵੀਰ ਨੂੰ ਖੜ੍ਹਿਆਂ ਕਰਕੇ ਘੁੱਟ ਕੇ ਜੱਫੀ ਵਿਚ ਲੈ ਲਿਆ। ਕੋਲ ਬੈਠੇ ਜੀਜਾ ਜਗਜੀਤ ਤੇ ਰਾਣੀ ਦੀਆਂ ਅੱਖਾਂ ਵੀ ਸਿੱਲੀਆਂ ਹੋ ਗਈਆਂ ਸਨ।

ਵਕਤ ਲੰਘਦਾ ਗਿਆ। ਪ੍ਰੀਤੀ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਮੈਂ ਆਪਣੇ ਹੱਥੀਂ ਕੀਤੀਆਂ। ਉਸਦੇ ਹੱਥੀ ਚੂੜਾ ਚੜ੍ਹਾਇਆ, ਕਲੀਰੇ ਬੰਨ੍ਹੇ, ਸਿਰ ਤੇ ਹੱਥ ਰੱਖ ਕੇ ਅਸ਼ੀਰਵਾਦ

ਇਹ ਜਾਣ ਕੇ ਕਿ ਅਰਬਾਂ-ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ -(ਅਗਲੇ ਸਫ਼ੇ 'ਤੇ)

ਦਿੱਤਾ। ਇਸ ਤੋਂ ਬਾਅਦ ਉਹਨਾਂ ਨੇ ਇੱਕੋ ਇਕ ਪੁੱਤਰ ਦੇ ਵਿਆਹ ਦੀਆਂ ਸਾਰੀਆਂ ਰਸਮਾਂ ਵੀ ਨਿਭਾਈਆਂ। ਸੱਗੂ ਮਾਮੇ ਦੀਆਂ ਮਿਲਣੀਆਂ ਹੋਈਆਂ। ਸੰਬੰਧੀਆਂ ਨਾਲ ਜੱਫ਼ੀਆਂ ਪਾਈਆਂ ਤੇ ਇਸੇ ਤਰ੍ਹਾਂ ਸਾਡੇ ਪੁੱਤਰ ਤੇ ਦੋਹਾਂ ਧੀਆਂ ਦੇ ਵਿਆਹ ਵੇਲੇ ਭੈਣ ਬਲਵੀਰ ਤੇ ਜੀਜਾ ਜਗਜੀਤ ਨੂੰ ਆਪਣੀਆਂ ਸਕੀਆਂ ਭੈਣਾਂ ਤੇ ਜੀਜਿਆਂ ਦੇ ਬਰਾਬਰ ਖੜ੍ਹਿਆਂ ਕੀਤਾ। ਸਾਰੇ ਸ਼ਗਨ ਤੇ ਕਈ ਜਸ਼ਨ ਮਨਾਉਂਦਿਆਂ ਹੋਰ ਕਈ ਸਾਲ ਲੰਘ ਗਏ।

ਕੁਝ ਸਾਲ ਪਹਿਲਾਂ ਸਾਡੇ ਪੁੱਤਰ ਦਾ ਵਿਆਹ ਸੀ। ਉਸ ਨੂੰ ਚਾਅ ਜਿਹਾ ਚੜ੍ਹਿਆ ਹੋਇਆ ਸੀ। ਇੰਡੀਆ ਤੇ ਹੋਰ ਕਈ ਜਗ੍ਹਾ ਤੋਂ ਦੋਸਤ-ਮਿੱਤਰ ਤੇ ਰਿਸ਼ਤੇਦਾਰ ਆਏ ਹੋਏ ਸਨ ਪਰ ਸਭ ਨਾਲੋਂ ਜ਼ਿਆਦਾ ਨੱਠ ਭੱਜ ਬਲਵੀਰ ਦੀ ਹੋਈ ਜਾ ਰਹੀ ਸੀ।

ਮਾਂਈਏ ਵੇਲੇ ਸਭ ਤੋਂ ਜ਼ਿਆਦਾ ਬੋਲੀਆਂ ਤੇ ਸ਼ਗਨਾਂ ਦੇ ਗੀਤ ਉਸ ਗਾਏ। ਪਤਾ ਨਹੀਂ ਕਿਥੋਂ ਕਿਥੋਂ ਦੇ ਗੀਤ ਉਸ ਨੂੰ ਯਾਦ ਸਨ, "ਚਲੋਂ ਨੀ ਗੁੰਗੀਆਂ ਜਿਹੀਆਂ ਬਣੀਆਂ ਹੋਈਆਂ, ਤੁਹਾਡੇ ਸੰਘਾਂ ਵਿਚ ਕੁਝ ਫਸਿਆ? ਚਲੋ ਗਾਵੋ ਨੀ...-ਮਹਿੰਦੀ ਤਾ ਸਜਦੀ ਜੇ ਨੱਚੇ ਮੁੰਡੇ ਦੀ ਮਾਂ..... ਮਹਿੰਦੀ ਤਾਂ ਸੱਜਦੀ ਜੇ ਨੱਚੇ ਮੁੰਡੇ ਦੀ ਭੂਆ... ਮਹਿੰਦੀ ਤਾਂ ਸਜਦੀ, ਜੇ ਨੱਚੇ ਮੁੰਡੇ ਦੀ ਭੂਆ।"

ਫਿਰ ਮੇਰੀਆਂ ਭੈਣਾਂ ਨੂੰ ਖਿੱਚ ਕੇ ਉਹ ਆਪ ਵੀ ਨੱਚਣ ਲੱਗ ਪਈ।

ਰਾਤ ਨੂੰ ਜਾਗੋ ਸੀ, ਉਥੇ ਵੀ ਉਸ ਸਿਰ ਤੇ ਜਾਗੋ ਚੁੱਕ ਕੇ ਨੱਚ-ਨੱਚ ਗਿੱਧੇ 'ਤੇ ਮੋਚ ਪਾ ਲਈ। ਦੂਸਰੇ ਦਿਨ ਪੈਰ ਸੁੱਜ ਗਿਆ, ਫਿਰ ਸਾਰੀ ਦਿਹਾੜੀ ਗੋਲੀਆਂ ਖਾ-ਖਾ ਪੈਰ ਤੇ ਬਰਫ਼ ਦੀ ਟਕੋਰ ਕਰਦੀ ਰਹੀ।

ਇਹ ਸੀ ਭੈਣ ਬਲਵੀਰ ਗਿੱਲ!

*****

ਵਿਆਹ ਤੋਂ ਕੁਝ ਦਿਨ ਬਾਅਦ ਅਸੀਂ ਫਿਰ ਮਿਲੇ ਤੇ ਮੈਨੂੰ ਕਹਿਣ ਲੱਗੀ, "ਵੇਖ ਸੱਗੂ ਮੈਂ ਵਿਆਹ ਵਿਚ ਤੇਰੇ ਨਾਲ ਗੱਲ ਨਹੀਂ ਕੀਤੀ ਤਾਂ ਕਿ ਮਾਹੌਲ ਅਣਸੁਖਾਵਾਂ ਨਾ ਹੋ ਜਾਵੇ ਪਰ ਹੁਣ ਸਭ ਕੁਝ ਠੀਕ-ਠਾਕ ਹੋ ਗਿਆ ਹੈ ਇਸ ਲਈ ਹੁਣ ਗੱਲ ਕਰ ਸਕਦੀ ਹਾਂ।"

"ਹਾਂ, ਭੈਣ ਦੱਸ ਕੋਈ ਖਾਸ ਗੱਲ ਆ" ਮੈਂ ਥੋੜ੍ਹਾ ਹੈਰਾਨ ਹੋਇਆ ਪੁੱਛਦਾ ਹਾਂ।

"ਗੱਲ ਇਹ ਏ ਕਿ ਤੇਰੀ ਵੱਡੀ ਭੈਣ ਨੇ ਵਿਆਹ ਵੇਲੇ ਤੇਰੇ ਬਾਰੇ ਬੜਾ ਕੁੱਝ ਗਲਤ-ਮਲਤ ਮੈਨੂੰ ਕਿਹਾ ਸ਼ਾਇਦ ਉਸ ਨੂੰ ਜੈਲਿਸ ਏ ਕਿ ਮੈਂ ਪਰਿਵਾਰ ਦੇ ਏਨਾ ਕਿਉਂ ਨੇੜੇ ਹੋ ਗਈ ਹਾਂ।"

"ਕੀ ਕਿਹਾ ਸੀ ਬਲਵੀਰ" ਮੈਂ ਹੋਰ ਉਤਸੁਕਤਾ ਨਾਲ ਪੁੱਛਦਾ ਹਾਂ।

"ਜੋ ਵੀ ਕੁਛ ਕਿਹਾ ਸੀ ਉਹ ਮੈਂ ਤੈਨੂੰ ਨਹੀਂ ਦੱਸ ਸਕਦੀ ਤੇ ਨਾ ਹੀ ਕਦੇ ਦਸਾਂਗੀ। ਜੇ ਕੁਝ ਕਹਾਂਗੀ ਤਾਂ ਇਹ ਚੁਗਲੀ ਹੋ ਜਾਵੇਗੀ। ਤੁਹਾਡੇ ਦੋਨਾਂ ਭੈਣ ਭਰਾਵਾਂ ਦੇ ਰਿਸ਼ਤਿਆਂ ਵਿਚ ਅਣਬਣ ਹੋ ਸਕਦੀ ਆ ਤੇ ਇਹ ਮੈਂ ਕਦੇ ਨਹੀਂ ਚਾਹਵਾਂਗੀ। ਉਹ ਤੇਰੀ ਸਕੀ ਭੈਣ ਆ, ਮੈਂ ਤਾਂ ਬੇਗਾਨੀ ਆਂ, ਮੈਨੂੰ ਕੋਈ ਫ਼ਰਕ ਨਹੀਂ ਪੈਂਦਾ।"

ਪਿਛਲੇ ਪੰਦਰਾਂ ਸਾਲ ਵਿਚ ਮੈਂ ਕਈ ਵਾਰ ਭੈਣ ਬਲਵੀਰ ਨੂੰ ਪੁੱਛਿਆ ਕਿ ਕੋਈ ਹਿੰਟ ਤਾਂ ਦੇ ਦੇ ਕਿ ਮੇਰੀ ਭੈਣ ਨੇ ਮੇਰੇ ਬਾਰੇ ਕੀ ਕਿਹਾ ਸੀ ਜਿਸ ਦਾ ਜਵਾਬ ਪਹਿਲੇ ਵਾਲਾ ਹੀ ਨਾਂਹ ਵਿਚ ਹੁੰਦਾ।

ਦੋ ਕੁ ਸਾਲ ਪਹਿਲਾਂ ਮੇਰੀ ਉਸ ਵੱਡੀ ਭੈਣ ਦੀ ਮੌਤ ਹੋ ਚੁੱਕੀ ਹੈ। ਇਸ ਵਾਰ ਜਦ ਅਮਰੀਕਾ ਆਉਣ ਤੋਂ ਪਹਿਲਾਂ ਮੈਂ ਬਲਵੀਰ ਨੂੰ ਮਿਲਣ ਜਾਂਦਾ ਤਾਂ ਫਿਰ ਪੁੱਛਦਾ ਹਾਂ, "ਹੁਣ ਤਾਂ ਭੈਣ ਦੱਸ ਦੇ, ਮੇਰੀ ਭੈਣ ਨੇ ਮੇਰੇ ਬਾਰੇ ਕੀ ਕਿਹਾ ਸੀ, ਹੁਣ ਤਾਂ ਉਹ ਇਸ ਦੁਨੀਆ ਵਿਚ ਨਹੀਂ ਰਹੀ।"

"ਵੇਖ ਸੱਗੂ ਜਿਹੜੀ ਗੱਲ ਮੈਂ ਤੈਨੂੰ ਪੰਦਰਾਂ ਸਾਲ ਨਹੀਂ ਦੱਸੀ ਉਹ ਹੁਣ ਨਹੀਂ ਦੱਸ ਸਕਦੀ। ਜੇ ਹੁਣ ਉਹ ਇਸ ਦੁਨੀਆਂ ਵਿਚ ਨਹੀਂ ਰਹੀ ਤਾਂ ਮੈਂ ਉਹ ਗੱਲ ਦੱਸ ਕੇ ਤੇਰੇ ਦਿਲ ਵਿਚ ਉਸ ਬਾਰੇ ਨਫ਼ਰਤ ਪੈਦਾ ਕਰਾਂ? ਉਹ ਤੇਰੀ ਭੈਣ ਸੀ। ਮੈਨੂੰ ਪਤਾ ਹੈ ਕਿ ਤੁਹਾਡਾ ਦੋਨਾਂ ਦਾ ਵੀ ਬੜਾ ਪਿਆਰ ਸੀ। ਇਹ ਪਿਆਰ ਏਸੇ ਤਰ੍ਹਾਂ ਹੀ ਬਣਿਆ ਰਹਿਣ ਦੇ। ਵੇਖ ਹੁਣ ਮੈਂ ਵੀ ਪਤਾ ਨਹੀਂ ਕਿੰਨੇ ਦਿਨ ਹਾਂ। ਅੱਜ ਹਾਂ ਕੱਲ੍ਹ ਨਹੀਂ, ਇਸ ਲਈ ਰਾਜ਼ ਨੂੰ ਰਾਜ਼ ਹੀ ਰਹਿਣ ਦੇ। ਮੈਂ ਕੋਈ ਗੱਲ ਕਰਕੇ ਨਾ ਉਸਨੂੰ ਬੁਰੀ ਬਨਾਉਣੀ ਚਾਹੁੰਦੀ ਹਾਂ ਤੇ ਨਾ ਹੀ ਆਪ ਬੁਰੀ ਬਣਨਾ ਚਾਹੁੰਦੀ ਹਾਂ ...ਪਲੀਜ਼ ਅੱਗੇ ਤੋਂ ਇਹ ਗੱਲ ਮੈਨੂੰ ਪੁੱਛੀ ਵੀ ਨਾ।"

"ਨਹੀਂ ਭੈਣ ਮੈਂ ਤਾਂ ਐਵੇਂ ਮਾਖੌਲ ਨਾਲ ਤੇਰੇ ਕੋਲੋਂ ਇਹ ਗੱਲ ਪੁੱਛ ਲੈਨਾਂ, ਬਸ ਦਿਲ ਪ੍ਰਚਾਵੇ ਲਈ ਵਰਨਾ ਜਾਣਨਾ ਤਾਂ ਮੈਂ ਵੀ ਚਾਹੁੰਦਾ ਸੀ" ਮੈਂ ਬਲਵੀਰ ਦਾ ਹੱਥ ਫੜ ਕੇ ਚੁੰਮ ਲਿਆ ਤੇ ਸੋਚਣ ਲੱਗਾ ਕਿ ਸ਼ਾਇਦ ਉਸਦੀ ਜਗ੍ਹਾ ਕੋਈ ਹੋਰ ਹੁੰਦੀ ਤਾਂ ਹੁਣ ਤੱਕ ਸਾਡੇ ਰਿਸ਼ਤਿਆਂ ਵਿਚ ਦੁਫੇੜ ਪਾ ਚੁੱਕੀ ਹੁੰਦੀ।

ਏਨਾ ਸੀ ਸਟਰੌਂਗ ਕ੍ਰੈਕਟਰ ਭੈਣ ਬਲਵੀਰ ਦਾ ਜਿਸ ਲਈ ਮੈਂ ਹਮੇਸ਼ਾ ਉਸਦੀ ਇੱਜ਼ਤ ਮਾਣ ਕਰਦਾ ਆ ਰਿਹਾ ਸੀ।

ਪੰਜ ਛੇ ਸਾਲ ਪਹਿਲਾਂ ਦੀ ਗੱਲ ਹੈ ਕਿ ਜੀਜਾ ਜਗਜੀਤ ਨੂੰ ਗੱਲਾਂ ਭੁੱਲਣੀਆਂ ਸ਼ੁਰੂ ਹੋ ਗਈਆਂ। ਉਹ ਗੁੰਮ-ਸੁੰਮ ਤੇ ਚੁੱਪ-ਚਾਪ ਰਹਿਣ ਲੱਗ ਪਏ ਤੇ ਆਇਸਤਾ-ਆਇਸਤਾ ਡਾਇਮੈਨਸ਼ੀਆ ਆਪਣੀ ਪਕੜ ਹੋਰ ਮਜ਼ਬੂਤ ਕਰਦਾ ਗਿਆ ਤੇ ਇਕ ਦਿਨ ਐਸਾ ਆ ਗਿਆ ਜਦ ਉਹਨਾਂ ਸਾਨੂੰ ਪਛਾਨਣਾ ਵੀ ਛੱਡ ਦਿੱਤਾ।

ਭੈਣ ਬਲਵੀਰ ਨੇ ਸਾਡੇ ਗਿਆਂ ਤੇ ਪੁੱਛਣਾ, "ਵੇਖ ਜੋਗੀ ਭਲਾ ਕੌਣ ਆਇਆ?"

ਕੋਈ ਜਵਾਬ ਨਾ ਆਉਣਾ ਤਾਂ ਬਲਵੀਰ ਨੇ ਫਿਰ ਕਹਿਣਾ, "ਇਹ ਸੱਗੂ ਏ ਸੱਗੂ, ਤੁਹਾਡੇ ਪਰਧਾਨ ਜੀ... ਪਤਾ ਲੱਗਾ... ਯਾਦ ਆਇਆ ਕੁਝ?"

"ਓਹ ਹਾਂ ਹਾਂ... ਕੀ ਹਾਲ ਏ ਪਰਧਾਨ ਜੀ" ਇਹ ਕਹਿ ਕੇ ਫਿਰ ਚੁੱਪ ਹੋ ਜਾਂਦਾ ਤੇ ਅਗਲੇ ਦੋ ਸਾਲਾਂ ਵਿਚ ਉਹ ਸਾਰੀ ਦੁਨੀਆਂ ਨੂੰ ਹੀ ਭੁੱਲ ਗਏ। ਬੈੱਡ ਤੇ ਲੇਟ ਗਏ, ਪਿੱਠ ਉਪਰ ਪੈਡ ਲੱਗਣੇ ਸ਼ੁਰੂ ਹੋ ਗਏ... ਟੱਟੀ-ਪਿਸ਼ਾਬ ਬੈੱਡ ਵਿਚ ਹੀ। ਪ੍ਰੀਤੀ ਨੇ ਡੈਡ ਨੂੰ ਕਿਸੇ ਕੇਅਰ ਹੋਮ ਵਿਚ ਭੇਜਣ ਦੀ ਬਜਾਏ ਘਰ ਵਿਚ ਹੀ ਫੁੱਲ-ਟਾਈਮ ਕੇਅਰਰ ਰੱਖ ਦਿੱਤਾ।

ਕੁਦਰਤ ਕੀ ਹੈ? ਜ਼ਿੰਦਗੀ ਕੀ ਹੈ... ਸੋਚ ਰਿਹਾ ਹਾਂ। ਕਿਵੇਂ ਹੱਸਦਾ ਵਸਦਾ, ਨੱਚਦਾ ਟੱਪਦਾ, ਦਿਨ ਰਾਤ ਮਰੀ-ਮਰੀ ਕਰਦਾ ਬੰਦਾ ਇਕ ਦਿਨ ਟੁੱਟ ਭੱਜ ਜਾਂਦਾ ਹੈ।

ਤਿੰਨ ਕੁ ਸਾਲ ਪਹਿਲਾਂ ਭੈਣ ਬਲਵੀਰ ਨੂੰ ਵੀ ਮਾਈਨਰ

ਧਰਤੀ ਦੀ ਹੋਂਦ ਤਾਂ ਰੇਤ ਦੇ ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ -(ਅਗਲੇ ਸਫ਼ੇ 'ਤੇ)

ਸਟਰੋਕ ਹੋ ਗਿਆ। ਅੱਖਾਂ ਅੱਗੇ ਹਨੇਰਾ ਛਾਂ ਗਿਆ ਤੇ ਉਹ ਧੜੱਮ ਕਰਕੇ ਪੌੜੀਆਂ ਤੋਂ ਥੱਲੇ ਡਿੱਗ ਪਈ। ਡਿੱਗਣ ਨਾਲ ਦਿਮਾਗ ਵਿਚ ਵੀ ਥੋੜ੍ਹੀ ਚੋਟ ਲਗ ਗਈ ਸੀ।

ਹਸਪਤਾਲ ਇਕ ਮਹੀਨਾ ਰਹੀ ਪਰ ਜਦ ਵਾਪਿਸ ਘਰ ਆਈ ਤਾਂ ਉਹ 'ਛੱਮ ਛੱਮ ਨੱਚਦੀ ਫਿਰਾਂ' ਵਾਲੀ ਭੈਣ ਬਲਵੀਰ ਨਹੀਂ ਸੀ। ਰੰਗੇ ਹੋਏ ਕਾਲੇ ਵਾਲ ਚਿੱਟੇ ਹੋ ਗਏ ਸਨ। ਚਿਹਰਾ ਅਚਾਨਕ ਮੋਟਾ ਹੋ ਗਿਆ ਸੀ। ਦਵਾਈਆਂ ਦਾ ਅਸਰ ਸੀ ਜਾਂ ਕੁਝ ਹੋਰ। ਪਤਲਾ ਤੇ ਹਸਮੁੱਖ ਚਿਹਰਾ ਬੁਰੀ ਤਰ੍ਹਾਂ ਸੁੱਜ ਗਿਆ ਸੀ। ਅੱਖਾਂ ਥੱਲੇ ਕਾਲੀਆਂ ਛਾਹੀਆਂ ਆ ਗਈਆਂ ਸਨ।

ਹੁਣ ਘਰ ਵਿਚ ਰਖਿਆ ਕੇਅਰਰ ਇਕ ਦੀ ਨਹੀਂ ਸਗੋਂ ਦੋਹਾਂ ਦੀ ਸੰਭਾਲ ਕਰਨ ਲੱਗ ਪਿਆ ਸੀ। ਦੋ ਸਾਲਾਂ ਵਿਚ ਭੈਣ ਬਲਵੀਰ ਫਿਰ ਦੋ-ਤਿੰਨ ਵਾਰ ਡਿੱਗ ਪਈ। ਇਕ ਦਿਨ ਅਸੀਂ ਮਿਲਣ ਗਏ ਤਾਂ ਮੂੰਹ ਤੇ ਸੱਟਾਂ ਦੇ ਨਿਸ਼ਾਨ, ਕਾਲੇ ਦਾਗ। ਮੇਰਾ ਤਾਂ ਰਾਣੀ ਦਾ ਚਿਹਰਾ ਵੇਖ ਕੇ ਰੋਣ ਨਿਕਲ ਆਇਆ ਪਰ ਉਹ ਦਬਕਾ ਮਾਰ ਕੇ ਕਹਿਣ ਲੱਗੀ, "ਮੈਨੂੰ ਕੁਝ ਨਹੀਂ ਹੋਇਆ, ਮੈਂ ਠੀਕ ਹੋ ਜਾਣਾ... ਇਹ ਰੋਣ ਵਾਲੀ ਬੂਥੀ ਨਾ ਬਣਾ ਤੇ ਕੋਈ ਗੱਲ ਕਰ" ...ਵੇਖਦਿਆਂ ਹੀ ਵੇਖਦਿਆਂ ਉਸਨੂੰ ਵੀ ਡਾਇਮੈਨਸ਼ੀਆ ਦੀ ਪਹਿਲੀ ਸਟੇਜ ਸ਼ੁਰੂ ਹੋ ਗਈ ਸੀ। ਟੱਟੀ-ਪਿਸ਼ਾਬ ਕਰਨ ਲਈ ਪੈਡ ਲੱਗ ਪਿਆ ਸੀ। ਜਿਸ ਘਰ ਅੰਦਰ ਵੜਦਿਆਂ ਹੀ ਕਦੇ ਸੂਹੇ ਗੁਲਾਬਾਂ ਦੀ ਖੁਸ਼ਬੂ ਆਉਣੀ ਸ਼ੁਰੂ ਜਾਂਦੀ ਸੀ ਹੁਣ ਪਿਸ਼ਾਬ ਦੀ ਬਦਬੂ ਖਿੱਲਰ ਗਈ ਸੀ। ਘਰ ਦਾ ਅਗਲਾ ਪਿੱਛਾ ਮਾਰਡਨ ਜੋ ਵੱਖਰੇ ਵੱਖਰੇ ਫੁੱਲਾਂ ਨਾਲ ਖਿੜ੍ਹਿਆ ਰਹਿੰਦਾ ਸੀ ਹੁਣ ਉਥੇ ਲੱਕ ਲੱਕ ਉੱਚਾ ਘਾਹ ਉੱਗ ਆਇਆ ਸੀ।

ਪ੍ਰੀਤੀ ਆਪਣੇ ਪਤੀ ਤੇ ਬੱਚਿਆਂ ਨਾਲ ਬ੍ਰਾਈਟਨ ਰਹਿੰਦੀ ਸੀ ਉਹ ਹਫ਼ਤੇ ਵਿਚ ਇਕ ਦੋ ਵਾਰ ਆ ਕੇ ਗੇੜਾ ਮਾਰ ਜਾਂਦੀ। ਘਰ ਦੀ ਸ਼ਾਪਿੰਗ ਕਰਕੇ ਦੇ ਜਾਂਦੀ, ਕੇਅਰਰ ਨੂੰ ਸਫ਼ਾਈ ਤੇ ਦਵਾਈਆਂ ਦੇਣ ਦੀ ਇਨਸਟਰਕਸ਼ਨਜ਼ ਦੇ ਜਾਂਦੀ। ਪ੍ਰੀਤੀ ਤੇ ਉਸਦਾ ਪਤੀ ਬ੍ਰਾਈਟਨ ਦੇ ਕਿਸੇ ਹਸਪਤਾਲ ਵਿਚ ਡਾਕਟਰਜ਼ ਹਨ। ਇਸ ਲਈ ਉਹਨਾਂ ਦਾ ਵੀ ਹਰ ਰੋਜ਼ ਆਉਣਾ ਮੁਸ਼ਕਲ ਸੀ।... ਪੁੱਤਰ ਵੀ ਗੇੜਾ ਮਾਰ ਜਾਂਦਾ ਪਰ ਧੀ ਹਰ ਵੇਲੇ ਕੇਅਰਰ ਨਾਲ ਸੰਪਰਕ ਵਿਚ ਰਹਿੰਦੀ... ਡੈਡ ਨੂੰ ਇਹ ਦਵਾਈ ਟਾਈਮ ਸਿਰ ਦੇਣੀ ਹੈ... ਮੋਮ ਨੂੰ ਬਾਥ ਦਿਵਾਉਣੀ ਹੈ... ਚੰਗੇ ਕੱਪੜੇ ਪਾ ਕੇ ਵਾਲਾਂ ਨੂੰ ਬੰਨ੍ਹ ਕੇ ਚੰਗੀ ਗੁੱਤ ਕਰ ਦੇਣੀ।

ਅਸੀਂ ਅਮਰੀਕਾ ਆਉਣ ਤੋਂ ਇਕ ਹਫ਼ਤਾ ਪਹਿਲਾਂ ਜਦ ਮਿਲਣ ਗਏ ਤਾਂ ਜਗਜੀਤ ਜੀਜੇ ਨੂੰ ਬੈੱਡ ਤੋਂ ਉਠਾਉਣ ਲਈ ਕਰੇਨ ਲੱਗ ਗਈ ਸੀ। ਮੈਂ ਉਹਨਾਂ ਨੂੰ ਲਿਆਂਦੀਆਂ ਜਲੇਬੀਆਂ ਸਿਰਹਾਣੇ ਬੈਠ ਕੇ ਖਿਲਾਈਆਂ... ਉਹ ਜਲਦੀ ਜਲਦੀ ਖਾਈ ਜਾਣ ਜਿਵੇਂ ਉਹਨਾਂ ਦੇ ਅੰਦਰਲਾ ਬਚਪਨ ਜਾਗ ਪਿਆ ਹੋਵੇ।

ਭੈਣ ਬਲਵੀਰ ਲਈ ਲਿਆਂਦੀ ਆਲੂ-ਵੜੀਆਂ ਦੀ ਸਬਜ਼ੀ ਤੇ ਨਾਲ ਪਰੌਂਠੀਆਂ ਖੁਆਈਆਂ... ਹੁਣ ਉਸਦਾ ਸਰੀਰ ਹੋਰ ਵੀ ਭਾਰਾ ਹੋ ਗਿਆ ਸੀ। ਮੈਂ ਤੇ ਰਾਣੀ ਤਕਰੀਬਨ ਇਕ ਘੰਟਾ ਉਸ ਕੋਲ ਬੈਠੇ ਰਹੇ... ਉਸਨੂੰ ਅਸੀਂ ਦੋਹਾਂ ਦੇ ਵਿਚਕਾਰ ਬਿਠਾਇਆ ਹੋਇਆ ਸੀ ਤੇ ਸੈਲਫੀਆਂ ਖਿੱਚ ਰਹੇ ਸੀ। ਦੋ ਤਿੰਨ ਫੋਟੋਆਂ ਸਾਡੀਆਂ ਕੇਅਰਰ ਨੇ ਖਿੱਚੀਆਂ। ਬਲਵੀਰ ਫਿਰ ਦੱਬਕਾ ਮਾਰਕੇ ਕੇਅਰਰ ਨੂੰ ਬੋਲੀ 'ਵੇਹ ਸੋਹਣੀ ਜਿਹੀ ਫੋਟੋ ਖਿੱਚੀ' ਮੇਰੀ ਭਰਜਾਈ ਤੇ ਮੇਰੇ ਵੀਰ ਨਾਲ... 'ਓ ਕੇ ਮਾਮਾ' ਤੇ ਉਸ ਇਕ ਹੋਰ ਕਲਿਕ ਕਰਕੇ ਉਸਨੂੰ ਵਿਖਾ ਦਿੱਤੀ।

ਫਿਰ ਪਤਾ ਨਹੀਂ ਭੈਣ ਬਲਵੀਰ ਦੇ ਦਿਲ ਵਿਚ ਕੀ ਆਈ ਤੇ ਮੈਨੂੰ ਪੁੱਛਣ ਲੱਗੀ, "ਕਿੰਨੀ ਦੇਰ ਲਈ ਤੂੰ ਜਾ ਰਿਹੈ ਅਮਰੀਕਾ?" ਮੈਂ ਕਿਹਾ "ਭੈਣ ਦੋ ਮਹੀਨੇ ਲਈ।"

"ਕਿਉਂ? ਏਨੀ ਦੇਰ ਲਈ ਕਿਉਂ? ਅੱਗੇ ਤਾਂ ਤੁਸੀਂ ਦੋ ਤਿੰਨ ਹਫਤੇ ਲਈ ਜਾਂਦੇ ਹੁੰਦੇ ਸੀ ਹੁਣ ਕਿਉਂ ਦੋ ਮਹੀਨੇ ਲਈ?"

"ਭੈਣ ਆਪਣੇ ਪੁੱਤਰ ਦੇ ਘਰ ਬੇਬੀ ਆ ਰਿਹਾ, ਅਸੀਂ ਜਾ ਕੇ ਘਰ ਦੇ ਕੰਮ ਕਾਰ ਵਿਚ ਕੁਝ ਮਦਦ ਕਰਾਂਗੇ ਤਾਂ ਕਿ ਉਹਨਾਂ ਲਈ ਸੌਖਿਆ ਹੋ ਜਾਵੇ।"

"ਅੱਛਾ ਅੱਛਾ, ਜਾਓ ਜਾਓ ਤੇ ਫਿਰ ਉਸ ਸੋਫੇ ਤੇ ਪਏ ਪਰਸ ਵਿਚੋਂ ਪੰਜਾਹ ਪੌਂਡ ਕੱਢੇ ਤੇ ਰਾਣੀ ਨੂੰ ਫੜਾਉਂਦਿਆਂ ਕਿਹਾ, "ਆਹ ਲੈ ਮੇਰੇ ਵਲੋਂ ਬੇਬੀ ਨੂੰ ਪਿਆਰ ਦੇ ਦੇਵੀ"

"ਰਹਿਣ ਦੇ ਭੈਣ ਇਸਦੀ ਕੋਈ ਲੋੜ ਨਹੀਂ" ਮੈਂ ਨੋਟ ਵਾਪਿਸ ਕਰਦਿਆਂ ਕਹਿੰਦਾ ਹਾਂ।

"ਵੇਹ ਤੂੰ ਚੁੱਪ ਕਰ... ਆਓ ਮੈਨੂੰ ਘੁੱਟ ਕੇ ਜੱਫੀ ਪਾਵੋ ਤੇ ਇਕ ਚੁੰਮਣ ਮੇਰੇ ਵਲੋਂ ਬੇਬੀ ਨੂੰ ਵੀ ਦੇ ਦੇਵਾਂ

ਕਹਾਣੀ

# ਨਵਾਂ ਸਥਾਨ


## ਜਸਵਿੰਦਰ ਰੱਤੀਆਂ
(ਇੰਗਲੈਂਡ)




ਜਸਵਿੰਦਰ ਰੱਤੀਆਂ

"ਚੱਲ ਜੱਟਾ ਨਿੱਕਲ ਬਾਹਰ! ਅੰਦਰ ਬੈਠਿਆਂ ਨੂੰ ਕਿਸੇ ਨੇ ਹੱਕ ਨਹੀਂ ਦੇਣੇ!!" ਜੀਤ ਪੰਡਤ ਨੇ ਬੂਹਿਓ ਵੜਦਿਆਂ ਕੱਤਰ ਨੂੰ ਆਵਾਜ਼ ਮਾਰੀ।

"ਮੈਂ ਤਾਂ ਭਰਾਵਾਂ ਤੈਥੋਂ ਵੀ ਕਾਹਲਾਂ...! ਤੈਨੂੰ ਪਤਾ ਸਾਡਾ ਛੋਹਰ ਤਾਂ ਦੋ ਮਹੀਨੇ ਹੋਗੇ ਘਰ ਨ੍ਹੀਂ ਵੜਿਆ...। ਹੁਣ ਦਿੱਲੀ ਜਾ ਬੈਠਾ। ਨਾ ਕੋਈ ਚੱਜਦਾ, ਕੱਪੜਾ ਲੀੜਾ ਲੈ ਕੇ ਗਿਆ। ਮੈਂ ਤਾਂ ਕਈ ਦਿਨਾਂ ਦਾ ਸਾਥ ਤੱਕਦਾ ਸੀ...। ਉਹਨੂੰ ਕੱਪੜੇ ਲੀੜੇ ਵੀ ਦੇ ਆਊਂਗਾ, ਨਾਲੇ ਆਪ ਵੀ ਹਾਜ਼ਰੀ ਲੁਆ ਆਊਂਗਾ। ਮਰ ਕੇ ਰੱਬ ਨੂੰ ਵੀ ਦੱਸਣ ਜੋਗਾ ਹੋਜੂਗਾ। ਮੈਂ ਵੀ ਜਿੰਦਗੀ ਚੋਂ ਕੋਈ ਚੰਗਾ ਕੰਮ ਕੀਤਾ ਸੀ...। ਬਾਹਰਲੇ ਦੀ ਅੱਡ ਮੂੜੀ ਚਾੜੀ ਆ। 'ਅਖੇ ਤੁਸੀਂ ਘਰੇ ਬੈਠੇ ਕੀ ਕਰਦੇਂ?' ਉਥੇ ਜਾ ਕੇ ਬਹਿਜੋ ਬਹਿਣਾ ਈ ਆ। ਗੱਲ ਤਾਂ ਉਹਦੀ ਵੀ ਸਹੀ ਆ। ਇੱਥੇ ਵੀ ਬੈਠੇ ਈ ਰਹਿਣਾ।"

ਕੱਤਰ ਆਦਤ ਮੁਤਾਬਿਕ ਗੱਲ ਵਿਸਥਾਰ ਨਾਲ ਕਰਦਾ। ਉਹ ਦੋ ਮੁੰਡਿਆਂ ਦਾ ਪਿਓ ਸੀ। ਇਕ ਤਾਂ ਆਈਲੈਟਸ ਕਰ ਕੇ

ਅਸਲੋਂ ਹੀ ਨਵੇਂ ਅਹਿਸਾਸ ਨਾਲ ਭਰ ਜਾਂਦੇ ਹੋ
ਨਾਸਤਿਕ ਹੋਣ ਬਾਅਦ -(ਅਗਲੇ ਸਫ਼ੇ 'ਤੇ)

ਕੈਨੇਡਾ ਚਲਾ ਗਿਆ ਸੀ। ਛੋਟਾ ਕਿਸਾਨ ਯੂਨੀਅਨ ਦਾ ਮੈਂਬਰ ਸੀ। ਜੋ ਪਹਿਲੇ ਦਿਨ ਹੀ ਯੂਨੀਆਨ ਨਾਲ ਤੁਰ ਪਿਆ ਸੀ। ਉਹਦੀਆਂ ਬੈਰੀਅਰ ਤੋੜਦੇ ਦੀਆਂ ਵੀਡੀਓ ਦੇਖ ਦੇਖ ਪਿੰਡ ਦੇ ਕਈ ਦਿੱਲੀ ਨੂੰ ਕੂਚ ਕਰਨ ਲਈ ਤਿਆਰ ਹੋਏ ਬੈਠੇ ਸਨ। ਕੈਨੇਡਾ ਵਾਲੇ ਨੇ ਤਾਂ ਇਥੋਂ ਤੱਕ ਕਹਿਤਾ, 'ਜੇ ਤੁਸੀਂ ਪਿੰਡੋਂ ਬੰਦੇ ਲੈ ਕੇ ਨਾ ਦਿੱਲੀ ਗਏ। ਮੈਂ ਟਿੱਕਟ ਲੈ ਕੇ ਦਿੱਲੀ ਆ ਜਾਣਾ। ਇਹੀ ਹਾਲ ਜੀਤ ਪੰਡਤ ਦਾ ਸੀ। ਉਹਦਾ ਇਕੱਲਾ ਇਕੱਲਾ ਮੁੰਡਾ ਸੀ। ਉਹ ਨਿਊਜੀਲੈਂਡ ਪੱਕਾ ਸੀ। ਅੱਜ ਪਿੰਡੋਂ ਇਕੱਠੇ ਹੋ ਕੇ ਦਿੱਲੀ ਨੂੰ ਤੁਰਨ ਲੱਗੇ।

"ਆਜਾ ਤਿਆਰ ਹੋ ਕੇ ਗੁਰੂਘਰ ਵੱਲ ਨੂੰ।" ਜੀਤ ਉਥੋਂ ਹੀ ਪਿੱਛੇ ਮੁੜ ਪਿਆ। ਉਹ ਗੁਰੂ ਘਰ ਪਹੁੰਚਿਆ ਤਾਂ ਜਾਣ ਵਾਲੇ ਤਿਆਰ ਹੋ ਕੇ ਪਹੁੰਚ ਚੁੱਕੇ ਸੀ। ਟੈਂਪੂ ਟਰੈਵਲ ਤਿਆਰ ਸੀ। ਕੱਲ ਦੇ ਮੁੰਡੇ-ਖੁੰਡੇ ਟਰੈਕਟਰ ਟਰਾਲੀ ਰਾਸ਼ਨ ਤੇ ਹੋਰ ਸਮਾਨ ਲੈ ਚਲੇ ਗਏ ਸੀ। ਇਹ ਤਾਂ ਸਿਆਣੇ ਬੰਦਿਆਂ ਦੀ ਸੁਵਿਧਾ ਲਈ ਟੈਂਪੂ ਟਰੈਵਲ ਕਰਾਈਆ ਸੀ। ਸਿਆਣੇ ਬੰਦਿਆਂ ਲਈ ਟਰੈਕਟਰ ਟਰਾਲੀ 'ਤੇ ਜਾਣਾ ਬਹੁਤ ਮੁਸ਼ਕਲ ਸੀ। ਪਾਸੇ ਛਿੱਲੇ ਜਾਣੇ ਸੀ। ਦੂਜੀ ਗੱਲ ਸਿਆਣੇ ਬੰਦੇ ਮੁਡੀਰ ਤੋਂ ਡਰਦੇ ਵੀ ਸੀ। ਉਹ ਤਾਂ ਪਿੰਡ ਤੁਰਨ ਲੱਗੇ ਟਰੈਕਟਰ ਮੂਹਰੇ ਝੰਡਾ ਬੰਨਣ ਪਿੱਛੇ ਹੀ ਲੜ ਪਏ ਸੀ। ਕੱਤਰ ਦੇ ਮੁੰਡੇ ਦੇ ਹਮਾਇਤੀ ਕਿਸਾਨ ਯੂਨੀਆਨ ਦਾ ਝੰਡਾ ਬੰਨਣਾ ਚਹੁੰਦੇ ਸੀ। ਨਹਿੰਗਾਂ ਦਾ ਮੁੰਡਾ ਅਮ੍ਰਿਤ ਕਹਿੰਦਾ ਇਹ ਯੂਨੀਆਨ ਕਾਮਰੇਡਾਂ ਦੀਆ। ਅਸੀਂ ਤਾਂ ਜਾਵਾਂਗੇ ਜੇ ਨਿਸ਼ਾਨ ਸਾਹਿਬ ਮੂਹਰੇ ਲਾ ਕੇ ਲਿਜਾਣਾ।

ਜੀਤ ਪੰਡਤ ਨੇ ਖੜੇ ਸਾਰੇ ਬੰਦਿਆਂ ਨੂੰ ਫਤਹਿ ਬੁਲਾਈ। ਉਹਦੀ ਨਿਗਾਹ ਵੇਹੜੇ ਵਾਲੇ ਬਲਿਹਾਰੇ ਤੇ ਪਈ। ਜੋ ਲਾਲ ਝੰਡਾ ਚੁੱਕੀ ਖੜਾ ਸੀ। ਉਹਨੇ ਜਾਂਦਿਆ ਹੀ ਉਹਦੇ ਤੇ ਸੂਈ ਧਰ ਦਿੱਤੀ।

"ਓਏ! ਤੇਰੇ ਕੋਲ ਓਰਾ ਜਮੀਨ ਦਾ ਨ੍ਹੀ! ਤੂੰ ਕਿਸਾਨ ਅੰਦੋਲਨ ਵਿੱਚ ਜਾ ਕੇ ਕੀ ਕਰਨਾ?"

"ਪੰਡਤਾਂ ਜ਼ਮੀਨ ਭਾਵੇ ਨਹੀਂ ਜ਼ਮੀਰ ਤਾਂ ਹੈ। ਸਾਰੀ ਉਮਰ ਇਸੇ ਪਿੰਡ ਦੀ ਜ਼ਮੀਨ ਨੂੰ ਵਾਹਿਆ ਗੁੱਡਿਆ। ਜਮੀਨਾਂ ਸੀ ਤਾਂ ਸੀਰ ਲੈ ਲੈ ਜੁਆਕ ਪਾਲ ਲਏ। ਇਸੇ ਜ਼ਮੀਨ ਦਾ ਅੰਨ ਖਾ ਖਾ ਵੱਡੇ ਹੋਏ। ਜਿੰਨੀ ਸਾਂਝ ਮਾਲਕ ਦੀ ਜ਼ਮੀਨ ਨਾਲ ਹੁੰਦੀ। ਓਨੀ ਸਾਂਝ ਸੀਰੀ ਦੀ ਹੁੰਦੀ। ਅੱਜ ਕੋਈ ਖੋਹੇ ਤਾਂ ਅਸੀਂ ਚੁੱਪ ਕਰੇ ਬੈਠੇ ਦੇਖੀ ਜਾਈਏ। ਅੱਜ ਗੌਰਮਿੰਟ ਥੋਡੇ ਨਾਲ ਧੱਕਾ ਕਰਦੀ। ਕੱਲ ਨੂੰ ਸਾਡੇ ਨਾਲ ਕਰੂ। ਤੇਰਾ ਭਤੀਜਾ ਤਾਂ ਓਦੇ ਦਾ ਚਲਾ ਗਿਆ ਸੀ। ਕਹਿੰਦਾ 'ਪਾਪਾ ਗੌਰਮਿੰਟ ਨੇ ਮੰਡੀਆਂ ਬੰਦ ਕਰਤੀਆਂ ਤਾਂ ਅਸੀਂ ਕਿੱਥੇ ਕੰਮ ਕਰਾਂਗੇ।' ਛੋਟਾ ਕੰਬਾਈਨ ਚਲਾਉਦਾ। ਤੂੰ ਦੱਸ, ਜੇ ਜੱਟਾਂ ਤੋਂ ਜਮੀਨਾਂ ਖੋਹਲੀਆਂ ਤਾਂ ਕੰਬਈਨਾਂ ਉਹ ਕਿੱਥੇ ਚਲਾਉਣਗੇ।"ਬਲਿਹਾਰੇ ਦਾ ਵੱਡਾ ਮੁੰਡਾ ਸ਼ਹਿਰ ਮੰਡੀ ਵਿੱਚ ਪੱਲੇਦਾਰੀ ਕਰਦਾ ਤੇ ਯੂਨੀਅਨ ਦਾ ਸਰਗਰਮ ਮੈਂਬਰ ਸੀ।

"ਬਿਲਕੱਲ ਸਹੀ ਕਿਹਾ ਬਲਿਹਾਰੇ ਨੇ! ਹੁਣ ਤੂੰ ਆਪ ਦੱਸ... ਕੱਲ ਨੂੰ ਅੰਬਾਨੀ ਅਡਾਨੀ ਨੇ ਮੰਡੀਆਂ ਬੰਦ ਕਰਤੀਆਂ। ਅੜ੍ਹਤੀਏ ਕੀ ਕਰਨਗੇ ? ਵੱਡੇ ਵੱਡੇ ਸਟੋਰ ਖੋਲ੍ਹਤੇ। ਆਹ ਛੋਟੇ ਦੁਕਾਨਦਾਰ ਤਾਂ ਮਾਰੇ ਜਾਣਗੇ।"

ਰੱਖਾ ਬਾਣੀਆ ਵੀ ਤਿਆਰ ਹੋ ਕੇ ਆਇਆ ਖੜਾ ਸੀ। ਉਹਨੂੰ ਪਤਾ ਸੀ, ਪੰਡਤ ਜੀਤ ਬਲਿਹਾਰੇ ਮਗਰੋਂ ਉਹਦੇ ਤੇ ਸੂਈ ਧਰੂ।

"ਲੈ ਬਈ ਪੰਡਤਾਂ ਅੱਜ ਨ੍ਹੀ ਤੇਰੀ ਕਿਸੇ ਨੇ ਚੱਲਣ ਦੇਣੀ। ਮੈਨੂੰ ਲਗਦਾ ਅੱਜ ਸਾਰੇ ਰਲਕੇ ਤੇਰੀ ਖੁੰਬ ਠੱਪਣਗੇ। ਔਹ ਦੇਖਲਾ ਨਿਹੰਗ ਵੀ ਕਮਰ ਕੱਸੇ ਕਰੀ ਆਉਦਾ। ਉਹਨੇ ਤੈਨੂੰ ਦੇਖਣ ਸਾਰ ਹੀ ਖਾਲਿਸਥਾਨ ਦੇ ਨਾਅਰੇ ਲਾਉਣੇ ਸ਼ੁਰੂ ਕਰ ਦੇਣੇ। ਤੈਨੂੰ ਤਾਂ ਉਹ ਕਾਂਗਰਸੀ ਮੰਨਦਾ। ਰੱਖੇ ਨੂੰ ਉਹ ਬੀਜੇਪੀ ਕਹਿੰਦਾ ਹੁੰਦਾ।" ਸ਼ਲਿੰਦਰ ਰਾਜਪੂਤ ਨੇ ਪੰਡਤ ਤੇ ਰੱਖਾ ਬਾਣੀਆਂ ਦੋਨੇ ਧਰਲੇ।

"ਕੋਈ ਨ੍ਹੀ ਅੱਜ ਇਹਨੂੰ ਵੀ ਪੁੱਛਦੇ। ਆਕਾਲੀਆਂ ਨੇ ਜਿਹੜੇ ਬੀਜੇਪੀ ਨਾਲ ਰੱਲ ਕੇ ਗੁੱਲ ਖਿਲਾਏ। ਇਹ ਵੀ ਆਕਾਲੀਆਂ ਦੀ ਬਾਹਲੀ ਸਪੋਟ ਕਰਦਾ ਰਹਿੰਦਾ ਸੀ।" ਜੀਤ ਪੰਡਤ ਨੇ ਉੱਚੀ ਦੇਣੇ ਸੁਣਾ ਕਿ ਕਿਹਾ। ਉਸ ਨੇ ਗੁਰਦੇਵ ਨਿਹੰਗ ਨੂੰ ਪਹਿਲੋ ਹੀ ਘੇਰਨਾ ਚਾਹਿਆ। ਗੁਰਦੇਵ ਕੇ ਟੱਬਰ ਨੂੰ ਨਿਹੰਗਾਂ ਦੀ ਅੱਲ ਇਸ ਕਰਕੇ ਪੈਦੀ ਦੀ ਕਿਉਂਕਿ ਉਹਨਾਂ ਦੇ ਬਜੁਰਗ ਵੀ ਅੰਮ੍ਰਿਤਧਾਰੀ ਸਨ ਤੇ ਅਗਾਂਹ ਬੱਚੇ ਵੀ ਅੰਮ੍ਰਿਤਧਾਰੀ।

"ਪੰਡਤਾ ਮੇਰੀ ਗੱਲ ਸੁਣਲਾ! ਜੇ ਤੂੰ ਸਾਡਾ ਖਾਲਿਸਤਾਨ ਨਹੀਂ ਬਣਨ ਦੇਣਾ ਤਾਂ ਅਸੀਂ ਆਹ ਥੋਡਾ ਹਿੰਦੀ ਹਿੰਦੂ ਹਿੰਦੋਸਤਾਨ ਵਾਲਾ ਕੰਮ ਵੀ ਨਹੀਂ ਚੱਲਣ ਦੇਣਾ।" ਗੁਰਦੇਵ ਨੇ ਮੁੱਛਾਂ ਤੇ ਹੱਥ ਫੇਰ ਦਾਹੜਾ ਸਵਾਰਿਆ। ਇੱਕੋ ਪਿੰਡ ਜੰਮੇ ਪਲੇ, ਇਹ ਸਾਰੇ ਬਚਪਨ ਦੇ ਸਾਥੀ ਸੀ। ਇਕ ਦੂਜੇ ਨੂੰ ਛੇੜਦੇ ਹਸਦੇ ਟੈਂਪੂ ਟਰੈਵਲ ਵਿੱਚ ਬੈਠ ਗਏ।

"ਜਾਭਾਂ ਦਾ ਭੇੜ ਫੇਰ ਕਰ ਲਿਓ! ਪਹਿਲਾਂ ਦੇਖਲੋ ਸਾਰੇ ਆਗੇ...। ਮਰਦਾਨੇ ਕੇ ਨੂੰ ਉਡੀਕ ਲੋ ਦਸ ਮਿੰਟ ! ਨਹੀਂ ਮਗਰੋਂ ਬਹੁਤ ਠਿੱਠ ਕਰੂ। ਪਿੰਡ ਵੜਨ ਜੋਗੇ ਨ੍ਹੀ ਛੱਡਣੇ ਮਰਾਸੀ ਨੇ।" ਉਹਦਾ ਅਸਲੀ ਨਾ ਕਿਸੇ ਨੂੰ ਨਹੀਂ ਪਤਾ ਸੀ।

"ਔਹ ਆਉਦਾ! ਚੱਕਮੇ ਪੈਰੀਂ। ਆਉਦੇ ਨੇ ਲੈ ਕੋਈ ਟੋਟਕਾ ਛੱਡਿਆ।" ਸਾਧਾਂ ਦੇ ਚਰਨੀ ਨੇ ਪਿੱਛੋਂ ਦੇਖ ਕੇ ਕਿਹਾ।

"ਪਰਬਾਂ ਦੀ ਖੈਰ! ਸਰਦਾਰੋ ਹੁਣ ਤਾਂ ਮਰਾਸੀਆਂ ਦੀ ਵੀ ਇੱਜ਼ਤ ਵਧਾਤੀ ਗੌਰਮਿਲਟ ਨੇ। ਹੁਣ ਤਾਂ ਸ਼ਾਹੂਕਾਰ, ਸਰਦਾਰ ਵੀ ਉਡੀਕਦੇ ਆ ਸਾਨੂੰ।" ਉਹਨੇ ਆਉਦੇ ਨੇ ਸਾਰੇ ਹੀ ਲਪੇਟ ਲਏ।

"ਪਹਿਲਾਂ ਇਹ ਦੱਸ ਘਰੇ ਕੀ ਆਂਡਿਆਂ ਤੇ ਬੈਠਾ ਸੀ। ਸਾਰਿਆਂ ਨਾਲੋ ਮਗਰੋਂ ਆਇਆ।"ਗੁਰਦੇਵ ਨਿਹੰਗ ਉਹਨੂੰ ਪੈ ਨਿੱਕਲਿਆ।

"ਮੈਂ ਤਾਂ ਬਹੁਤ ਪਹਿਲਾਂ ਆ ਜਣਾ ਸੀ।... ਬੱਸ ਕੱਪੜੇ ਪਾਉਣ ਨੂੰ ਟਾਇਮ ਲੱਗ ਗਿਆ। ਸਾਲੀ ਸਮਝ ਨਾ ਲੱਗੇ ਕਿਹੜੀ ਪੁਸ਼ਾਕ ਪਾਂਵਾਂ। ਪਹਿਲਾਂ ਤਾਂ ਘਰਵਾਲੀ ਚੌਦਾਂ ਕਲੀਆਂ ਵਾਲਾ ਨੀਲਾ ਚੋਲਾ ਕੱਢ ਲਿਆਈ। ਕਹਿੰਦੀ, 'ਆਹ ਪਾਕੇ ਜਾਹ। ਵੇਖੀਂ ਲੋਕ ਖੜ ਖੜ ਦੇਖਣਗੇ।' ਮੈਂ ਕਿਹਾ, ਰਹਿਣ ਦੇ ਅੱਗੇ ਸਰਕਾਰ ਅੰਦੋਲਨ 'ਤੇ ਖਾਲਿਸਤਾਨੀਆ ਦਾ ਇਲਜ਼ਾਮ ਲਾਈ ਜਾਂਦੀ। ਮੈਂ ਪਾ ਕੇ ਚੱਲਿਆ ਗਿਆ। ਓਧਰੋਂ ਨਿੰਗਾਂ ਦੇ ਟੱਬਰ ਚੋਂ ਕੋਈ ਨਾਲ ਹੋਇਆ। ਉਥੇ ਤਾਂ ਰੌਲਾ ਪੈਜੂ। ਨਾ-ਨਾ ਮੈਂ ਨ੍ਹੀਂ ਪਾਉਦ੍ਹਾ। ਖਾਲਸਿਆ ਨੂੰ ਪਤਾ ਲੱਗ ਗਿਆ ਕਿ ਮੈਂ ਜਾਤ ਦਾ ਮਰਾਸੀਆਂ। ਉਹਨਾਂ ਨੇ ਕਹਿਣਾ ਨੀਲੇ ਬਾਣੇ ਦੀ ਬੇਅਦਬੀ ਕੀਤੀ। ਉਹ ਕੁੱਟ ਕੱਟ ਕੇ ਦੁੰਬਾ ਬਣਾ ਦੇਣਗੇ।" ਉਹਦੀ ਗੱਲ ਤੇ ਗੁਰਦੇਵ ਤਪ ਉੱਠਿਆ।

"ਉਹ ਮਰਾਸੀਆ ਕਿਉਂ ਝੂਠ ਮਾਰਾਂ! ਤੂੰ ਚੌਦਾਂ ਕਲੀਆਂ ਵਾਲਾ ਕਿਥੋਂ ਸੁਆ ਲਿਆ।"

ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉੱਤਲਾ ਸਮੁੱਚਾ ਜੀਵਨ –(ਅਗਲੇ ਸਫ਼ੇ 'ਤੇ)

"ਸਾਡੀ ਗਰੀਬਾਂ ਦੀ ਕਿੱਥੇ ਐਨੀਂ ਪਹੁੰਚ? ਉਹ ਤਾਂ ਜਿਹੜਾ ਤੂੰ ਮੁੰਡੇ ਦੇ ਵਿਆਹ ਮੌਕੇ ਵਧਾਈ ਮੰਗਣ ਗਏ ਨੂੰ ਦਿੱਤਾ ਸੀ। ਉਹੀ ਸਾਭੀਂ ਬੈਠਾਂ ਅਜੇ ਤੱਕ।" ਸਾਰਿਆ ਦੇ ਹਾਸੇ ਛੁੱਟ ਪਏ। ਸਭ ਨੂੰ ਪਤਾ ਸੀ। ਗੁਰਦੇਵ ਨੇ ਮੁੰਡੇ ਦਾ ਵਿਆਹ ਬਿੱਲਕੁਲ ਵੈਸ਼ਨੂੰ ਕੀਤਾ ਸੀ। ਕਿਸੇ ਨੂੰ ਕੋਈ ਸ਼ਗਨ ਵਧਾਈ ਨਹੀਂ ਦਿੱਤੀ। ਸਾਰੇ ਹੱਸ ਹੱਸ ਦੂਹਰੇ ਹੋ ਰਹੇ ਸਨ। ਲੋਕ ਕਹਿੰਦੇ ਸੀ। ਅੰਦਰ ਖਾਤੇ ਲੈਣ ਦੇਣ ਸਾਰਾ ਕੀਤਾ।

"ਫੇਰ ਉਹ ਚੱਕ ਲਿਆਈ। ਕਾਂਗਰਸੀ ਸੂਟ ਕਹਿੰਦੀ, 'ਆਹ ਪਾ!' ਜਿਹੜਾ ਪੰਡਤ ਜੀਤ ਨੇ ਮੁੰਡੇ ਦੇ ਵਿਆਹ ਮੌਕੇ ਦਿੱਤਾ ਸੀ। ਉਹ ਵੀ ਐਮ ਐਲ ਏ ਸਾਹਿਬ ਨੇ ਆਪਣੇ ਹੱਥੀ ਭੇਂਟ ਕੀਤਾ ਸੀ। ਮੈਂ ਕਿਹਾ ਭਾਗਵਾਨੇ ਕਿਉਂ ਮਰਾਉਣਾ। ਕਾਂਗਰਸ ਦੇ ਸੱਤਰਾਂ ਸਾਲਾਂ ਦੇ ਰਾਜ ਦੇ ਦੁੱਖੀ ਕੀਤੇ ਲੋਕ ਧਰਨੇ ਲਾਈ ਬੈਠੇ। ਕਿਤੇ ਮੈਨੂੰ ਨਾ ਕਾਂਗਰਸੀ ਸਮਝ ਕੇ ਧਰ ਲੈਣ।" ਸਾਰੇ ਪਹਿਲਾਂ ਹੀ ਹੱਸੀ ਜਾਂਦੇ ਸੀ, ਕਿਉਕਿ ਪੰਡਤ ਦੇ ਮੁੰਡੇ ਦੇ ਵਿਆਹ ਮੌਕੇ ਐਮ ਐਲ ਏ ਦੇ ਬਾਡੀਗਾਡਾਂ ਨੇ ਮਰਦਾਨੇ ਕੇ ਨਾਲ ਕਾਫੀ ਬਦਸਲੂਕੀ ਕੀਤੀ ਸੀ।

"ਮਰਾਸੀਆ ਮੈਨੂੰ ਲਗਦਾ ਤੂੰ ਮੇਰੇ ਹੱਥੋਂ ਮਰਨਾ।" ਪੰਡਤ ਨੂੰ ਕੋਈ ਗੱਲ ਨਹੀਂ ਔੜ ਰਹੀ ਸੀ।

"ਮਰਨ ਤੋਂ ਪਹਿਲਾਂ ਗੱਲ ਤਾਂ ਪੂਰੀ ਕਰਲਾਂ... ਤੇ ਫੇਰ ਚੱਕ ਲਿਆਈ ਰੱਖਾ ਰਾਮ ਕਿਆ ਵਾਲੀ ਸ਼ੇਰਵਾਨੀ। ਜੀਹਦੇ ਮੂੰਹਰੇ ਇਹਨੇ ਕਮਲ ਦਾ ਫੁੱਲ ਕੱਢਾ ਕੇ ਦਿੱਤਾ ਸੀ। ਮੈਂ ਕਿਹਾ ਕਿਉਂ ਮਰਾਉਣਾ ਮੈਨੂੰ। ਅੱਜ ਕੱਲ ਤਾਂ ਅਸਲੀ ਕਮਲ ਦਾ ਫੱਲ ਵੀ ਸ਼ਰਮ ਦਾ ਮਾਰਿਆ। ਚਿੱਕੜ ਵਿੱਚ ਧੱਸ ਜਾਦਾ। ਮੈਨੂੰ ਕਿਥੇ ਗੱਡਣਗੇ। ਤੈਨੂੰ ਵੀ ਪਤਾ ਨ੍ਹੀ ਲੱਗਣਾ। ਏਸ ਫੁੱਲ ਨੇ ਜਿਹੜੇ ਫੁੱਲ ਪੁਆਏ ਤੈਨੂੰ ਨ੍ਹੀ ਪਤਾ।"ਸਾਰਿਆਂ ਨੂੰ ਪਤਾ ਸੀ ਲੱਖਾ ਰਾਮ ਐਨਾ ਕਿਰਸੀ ਕਿ ਕਿਸੇ ਨੂੰ ਪਿੰਡੇ ਦੀ ਜੂੰ ਨਾ ਦੇਵੇ। ਸ਼ੇਰਵਾਨੀ ਤਾਂ ਬੜੀ ਦੂਰ ਦੀ ਗੱਲ ਹੈ।

"ਫੇਰ ਨਾ ਬਾਈ ਘਰ ਵਾਲੀ ਹੋਗੀ ਦੁੱਖੀ। ਜਿੰਨੇ ਕੱਪੜੇ ਪਏ ਸੀ। ਥੱਬਾ ਭਰ ਲਿਆਈ ਕਹਿੰਦੀ ਆ ਫੜ੍ਹ ...ਮਰ, ਜੋ ਮਰਜੀ ਪਾ ਲੈ। ਮੈਂ ਬਾਈ ਕੱਤਰ ਨੇ ਜਿਹੜਾ ਝਿਰਖੀਆ ਵਾਲਾ ਕੁੜਤਾ ਪਜਾਮਾ ਦਿੱਤਾ ਸੀ। ਮੁੰਡੇ ਦੇ ਵਿਆਹ ਮੌਕੇ। ਉਹ ਪਜਾਮਾ ਕੱਢਿਆ ਤੇ ਬਾਈ ਸ਼ਲਿੰਦਰ ਵਾਲਾ ਕੁੜਤਾ। ਜਿਹੜਾ ਇਹਨੇ ਬਾਬੇ ਦੇ ਮਰਨੇ ਮੌਕੇ ਬਣਾ ਕੇ ਦਿੱਤਾ ਸੀ। ਪਾਕੇ ਤਿਆਰ ਹੋ ਗਿਆ। ਕੋਈ ਰੁਮਾਲ ਨਾ ਲੱਭੇ। ਮੈਨੂੰ ਚੇਤਾ ਆਇਆ ਸਾਡੇ ਭਤੀਜ ਬਲਿਹਾਰੇ ਦੇ ਧੱਮੂ ਨੇ ਵਿਆਹ ਮੌਕੇ ਮੈਨੂੰ ਨਿਸ਼ਾਨੀ ਦਿੱਤੀ ਸੀ।" ਉਹਨੇ ਜੇਬ ਚੋਂ ਰੁਮਾਲ ਕੱਡਿਆ ਤੇ ਗਾਉਣ ਲੱਗ ਪਿਆ।

"ਸੋਹਣਾ ਦੇਸ਼ ਪੰਜਾਬ ਮੇਰਾ ! ਹੋ ਓ–ਓ–ਓ !!!

ਸਾਂਭ ਕੇ ਨਿਸ਼ਨੀ ਰੱਖ ਲਈ ਵੇ ਲੈਜਾ ਲਾਲ ਰੁਮਾਲ ਮੇਰਾ।"

ਉਹਨੇ ਰੁਮਾਲ ਹਵਾ ਵਿੱਚ ਲਹਿਰਾਈਆ।

"ਮੈਨੂੰ ਪਤਾ ਤੂੰ ਕਾਮਰੇਡਾਂ ਦੀ ਮਸ਼ਹੂਰੀ ਕਰਦਾ। ਪਤਾ ਲੱਗੂ ਜਦੋਂ ਉਥੇ ਸਿੰਘਾਂ ਦੇ ਅੜਿੱਕੇ ਚੜ੍ਹਿਆ।" ਗੁਰਦੇਵ ਉਹਨੂੰ ਹੇਠਾਂ ਕਰਨਾ ਚਹੁੰਦਾ ਸੀ।

"ਮਸ਼ਹੂਰੀ ਨੂੰ ਮੈਂ ਕਿਹੜਾ ਸੈਂਕਲ ਤੇ ਸਪੀਕਰ ਬੰਨੀ ਫਿਰਦਾਂ। ਅਸੀਂ ਤਾਂ ਜਿਹੜਾ ਗਿੱਠ ਕੱਪੜਾ ਦੇ ਦੇਵੇ ਉਹਦੀ ਵਾਰ ਗਾ ਛੱਡੀਦੀ। ਲੈ ਆਹ, ਅਗਲੇ ਸ਼ਹਿਰੋਂ ਤੂੰ ਸੂਟ ਲੈਦੇ। ਨਾ ਦਿੱਲੀ ਬਾਡਰ ਤੇ ਤੇਰੇ ਨਾਂ ਦੇ ਜੈਕਾਰੇ ਛੱਡੇ। ਮੈਨੂੰ ਕਹਿ ਦੀ। ਤੂੰ ਤਾਂ ਸਰਦਾਰਾ ਮੁੱਖਤ ਚੋਂ ਢੂਈ ਕੁੱਟਣ ਨੂੰ ਫਿਰਦਾ।"

"ਲੈ ਜੱਟਾ ਕੱਢ ਜੇਰਾ ! ਦੇਖੀਂ ਦਿੱਲੀ ਤੱਕ ਤੇਰੀਆਂ ਧੂੰਮਾਂ ਪੈਦੀਆਂ।" ਸ਼ਲਿੰਦਰ ਰਾਜਪੂਤ ਨੇ ਵੀ ਮਰਦਾਨੇ ਕੇ ਨਾਲ ਰਲ ਕੇ ਗੁਰਦੇਵ ਨੂੰ ਘੇਰਨਾ ਚਾਹਿਆ। ਉਹ ਕਿਥੇ ਦਾਅ ਥੱਲੇ ਆਉਣ ਵਾਲਾ ਸੀ।

"ਨਹੀਂ ਮੈਨੂੰ ਨਹੀਂ ਚਾਹੀਦੀ ਇਹੋ ਜਿਹੀ ਮਸ਼ਹੂਰੀ। ਇਹਨੇ ਤਾਂ ਮੂੰਹ 'ਤੇ ਤਰੀਫ ਤੇ ਪਿੱਠ ਪਿੱਛੇ ਹਰੇਕ ਦਾ ਤਵਾ ਲਾਉਣਾ ਹੁੰਦਾ।" ਗੁਰਦੇਵ ਨੂੰ ਪਤਾ ਸੀ ਕਿ ਉਹਨੇ ਮੈਨੂੰ ਫੇਰ ਵੀ ਨਹੀਂ ਬਖਸ਼ਣਾ।

"ਤੇਰੇ ਵਰਗੇ ਦੀ ਮਸ਼ਹੂਰੀ ਕਰਨ ਦਾ ਕੀ ਫਾਈਦਾ ? ਮਸ਼ਹੂਰੀ ਕਰਨੀ ਹੋਈ ਪ੍ਰਧਨ ਮੰਤਰੀ ਮੋਦੀ ਦੀ ਕਰੂ। ਚੈਨਲਾਂ ਵਾਲਿਆਂ ਨੂੰ ਐਨੇ ਪੈਸੇ ਦਿੰਦਾ। ਮੈਨੂੰ ਵੀ ਕੋਈ ਹੱਥ ਝਾੜੂ। ਮੈਂ ਉਥੇ ਧਰਨੇ ਵਿੱਚ ਥੋੜੀ ਬਹਿਣਾ। ਆਪਾਂ ਤਾਂ ਪ੍ਰਧਾਨ ਮੰਤਰੀ ਨੂੰ ਮਿਲ ਕੇ ਆਉਣਾ। ਸ਼ਾਬਾਸ਼ੇ ਵੀ ਦੇ ਕੇ ਆਉਣੀ। ਬਹੁਤ ਵਧੀਆ ਕੰਮ ਕੀਤਾ ਸਰਕਾਰ ਨੇ।"ਮਰਦਾਨੇ ਕੇ ਨੇ ਸਰਕਾਰ ਦੀ ਸਿਫਤ ਕੀਤੀ ਤਾਂ ਜੀਤ ਭੜਕ ਪਿਆ।

"ਕੀ ਚੰਗਾ ਕੀਤਾ ਓਏ? ਕਿਸਾਨਾਂ ਤੋਂ ਜ਼ਮੀਨਾ ਖੋਹਣ ਲੱਗਾ! ਹਰ ਵਰਗ ਦੇ ਗਲ ਗੂਠਾ ਦੇਈ ਆਉਦਾ।" ਉਹਦੀ ਗੋਲ ਗੱਲ ਨਾ ਜੀਤ ਦੇ ਤੇ ਨਾ ਕਿਸੇ ਹੋਰ ਦੇ ਪੱਲੇ ਪਈ।

"ਉਹ ਤਾਂ ਉਚ ਨੀਚ ਖਤਮ ਕਰਕੇ ਸਾਰਿਆ ਨੂੰ ਬਰਾਬਰ ਕਰਨ ਲੱਗਿਆ। ਜਦੋਂ ਜ਼ਮੀਨਾ ਖੋਹਲੀਆਂ, ਸਾਰੇ ਦਿਹਾੜੀਆਂ ਕਰਿਆ ਕਰਨਗੇ। ਨਾ ਕੋਈ ਸਰਦਾਰ ਨਾ ਸੀਰੀ।" ਬਲਿਹਾਰ ਤੇ ਮਰਦਾਨੇ ਕਾ ਹੱਥ ਤੇ ਹੱਥ ਮਾਰ ਕੇ ਹੱਸੇ। ਜ਼ਮੀਨਾਂ ਵਾਲੇ ਦੁੱਖੀ ਜਿਹਾ ਹਾਸਾ ਹੱਸ ਕੇ ਚੁੱਪ ਕਰ ਗਏ।

"ਓਏ ਸਾਡੇ ਕੁੱਛੜ ਬਹਿਕੇ ਸਾਡੀ ਦਾਹੜੀ ਮੁੰਨਣ ਲੱਗਾ। ਤੈਨੂੰ ਅਸੀਂ ਨਾਲ ਲੈ ਕੇ ਚੱਲੇਂ। ਤੂੰ ਸਾਡੀਆਂ ਈ ਜੜ੍ਹਾਂ ਵੱਡੀ ਜਾਨਾਂ।" ਗੁਰਦੇਵ ਨੂੰ ਉਹਦੀ ਗੱਲ ਰੜਕੀ ਸੀ।

"ਤੂੰ ਵੀ ਅੱਜ ਈ ਨਾਲ ਲੈ ਕੇ ਚੱਲਿਆ। ਮੁੰਡੇ ਦੀ ਬਰਾਤ ਵੇਲੇ ਤਾਂ ਸਾਡੇ ਵਰਗਿਆਂ ਨੂੰ ਨੇੜੇ ਨ੍ਹੀ ਲੱਗਣ ਦਿੰਦੇ। ਕਹਿਣਗੇ ਪਰੇ ਮਰੋ ! ਡੋਲੀ ਨਾ ਭਿੱਟ ਦਿਓ !" ਮਰਦਾਨੇ ਕਾ ਗੱਲਾਂ ਵਿੱਚ ਕਦੋਂ ਕਿਸੇ ਨੂੰ ਵਾਰੇ ਆਉਣ ਦਿੰਦਾ। ਉਹਨੇ ਦਿੱਲੀ ਤੱਕ ਗੱਲ ਥੱਲੇ ਨ੍ਹੀ ਪੈਣ ਦਿੱਤੀ।

ਦਿੱਲੀ ਧਰਨੇ ਵਾਲੀ ਥਾਂ ਪਹੁੰਚ ਉਹਨਾਂ ਦਾ ਦਿਲ ਹੀ ਲੱਗ ਗਿਆ। ਮੇਲੇ ਵਰਗਾ ਮਹੌਲ ਸੀ। ਬਲਿਹਾਰ ਆਪਣੇ ਮੁੰਡੇ ਨੂੰ ਮਿਲ ਕੇ ਖੁਸ਼ ਸੀ। ਉਹਨੂੰ ਇੰਜ ਲੱਗ ਰਿਹਾ ਸੀ। ਜਿਵੇ ਜੱਟ ਜਿਮੀਂਦਾਰਾਂ ਨਾਲੋਂ ਮਜਦੂਰ ਵੱਧ ਪਹੁੰਚੇ ਹੋਣ। ਗੁਰਦੇਵ ਨਿਹੰਗ ਤਾਂ ਲੰਗਰਾਂ ਤੇ ਦਸਤਾਰਾ ਨੂੰ ਦੇਖ ਵਾਰ ਵਾਰ ਕਹਿੰਦਾ।

"ਦੇਖੋ ਸਿੰਘਾਂ ਦੀ ਚੜ੍ਹ।" ਉਹ ਹਰੇਕ ਥਾਂ ਜੈਕਾਰਾ ਲਾਉਂਦਾ।

ਸ਼ਲਿੰਦਰ ਰਾਜਪੂਤ ਦੇ ਸਹੁਰੇ ਹਰਿਆਣੇ ਵਿੱਚ ਸੀ। ਸਹੁਰਿਆ ਵੱਲੋਂ ਆਏ ਰਿਸ਼ਤੇਦਾਰਾਂ ਨੂੰ ਮਿਲ ਉਹ ਬਹੁਤ ਖੁਸ਼ ਸੀ। ਉਹਨਾਂ ਨੇ ਸਾਰਿਆਂ ਦੀ ਬਹੁਤ ਆਓ ਭਗਤ ਕੀਤੀ। ਕੱਤਰ ਦਾ ਦੀਪਾ ਤੇ ਬਲਿਹਾਰੇ ਦਾ ਧੱਮੂ ਤਾਂ ਮੋਰਚੇ ਚੋਂ ਮੋਹਰੀ ਸੀ। ਉਹ ਸਾਰੇ ਇਕ ਦੋ ਦਿਨ ਦਾ ਹੀ ਕਰਕੇ ਆਏ ਸੀ। ਪਰ ਇਥੇ ਆ ਕਿਸੇ ਦਾ

ਇਕ ਲੜੀ 'ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ –(ਅਗਲੇ ਸਫ਼ੇ 'ਤੇ)

ਮੁੜਨ ਨੂੰ ਦਿਲ ਨਹੀਂ ਕਰਦਾ ਸੀ। ਚੌਥੇ ਦਿਨ ਵਾਪਸ ਮੁੜੇ।

"ਸ਼ਲਿੰਦਰਾ ਹਰਿਆਣੇ ਵਾਲੇ ਬੰਦੇ ਵੀ ਬਾਹਲੇ ਚੰਗੇ ਆ। ਯਾਰ ਲੱਗਦਾ ਈ ਨ੍ਹੀ ਓਪਰੇ ਆ। ਬਹੁਤ ਇੱਜਤ ਮਾਣ ਕੀਤਾ। ਆਪਾਂ ਤਾਂ ਹੁਣ ਤੱਕ ਐਵੇਂ ਭਈਏ ਈ ਸਮਝਦੇ ਰਹੇ।" ਜੀਤ ਪੰਡਤ ਉਹਨਾਂ ਦੀ ਤਰੀਫ ਕੀਤੇ ਬਿਨਾਂ ਨਾ ਰਹਿ ਸਕਿਆ।

"ਬੰਦੇ ਤਾਂ ਵਧੀਆ ! ਪਰ ... ਆ... ਜਿਹੜਾ ਹੁੱਕਾ ਜਿਹਾ ਲੈ ਕੇ ਬੈਠੇ ਰਹਿੰਦੇ। ਇਹ ਨ੍ਹੀ ਚੰਗੀ ਗੱਲ," ਗੁਰਦੇਵ ਨਿਹੰਗ ਨੂੰ ਉਹਨਾਂ ਦਾ ਹੁੱਕਾ ਪੀਣਾ ਚੰਗਾ ਨਾ ਲੱਗਾ।

"ਉਹ ਹੁੱਕਾ ਪੀਂਦੇ ਸਾਡੇ ਆਲੇ ਸ਼ਰਾਬ ਪੀਂਦੇ। ਤੈਨੂੰ ਨਿੰਗਾ ਨਾ ਇਹ ਚੰਗੇ ਲੱਗਦੇ ਨਾ ਓਹੋ। ਤਾਂਹੀਂ ਲੋਕਾਂ ਨੇ ਖਾਲਿਸਥਾਨ ਦੀ ਹਮਾਇਤ ਨਹੀਂ ਕੀਤੀ। ਨਹੀਂ ਜਿਵੇਂ ਹੁਣ ਕੱਠੇ ਹੋ ਕੇ ਆਏ। ਉਦੋਂ ਵੀ ਆ ਸਕਦੇ ਸੀ।" ਕੱਤਰ ਨੂੰ ਗੁਰਦੇਵ ਦਾ ਗਿਆਨਪੁਣਾ ਰੜਕਿਆ। ਉਹ ਭਾਂਵੇ ਜੱਟ ਸਿੱਖ ਪ੍ਰੀਵਾਰ ਚੋਂ ਸੀ, ਪਰ ਖਾਣ ਪੀਣ ਦਾ ਸ਼ੁਕੀਨ ਸੀ। ਕੁੱਝ ਆਪਣੇ ਮੁੰਡੇ ਦੇ ਵਿਚਾਰਾਂ ਤੋਂ ਵੀ ਪ੍ਰਭਾਵਤ ਸੀ।

"ਲੈ ਹੁਣ ਜੇ ਉੱਥੇ ਹਰਿਆਣੇ ਆਲੇ ਵੀ, ਜੈ ਮਾਤਾ ਦੇ ਜੈਕਾਰੇ ਲਾਉਣ ਲੱਗ ਜਾਣ ਤਾਂ ਪੰਗਾ ਖੜਾ ਹੋ ਜਾਣਾ। ਸਰਕਾਰ ਤਾਂ ਅੱਗੇ ਚਹੁੰਦੀ ਕਿ ਫੁੱਟ ਪਵੇ।" ਰੱਖਾ ਰਾਮ ਵੀ ਕੱਤਰ ਨਾਲ ਸਹਿਮਤ ਹੋਇਆ।

"ਬਈ ਆਪਾਂ ਤਾਂ ਤੱਤ ਕੱਢਿਆ ਏਥੇ ਆ ਕੇ। ਹਿੰਦੋਸਤਾਨ -ਖਾਲਿਸਥਾਨ ਦਾ ਤਾਂ ਪਤਾ ਨ੍ਹੀ। ਪਰ ਕੋਈ ਨਵਾਂ ਸਥਾਨ ਜਰੂਰ ਬਣੂਗਾ ਤੇ ਬਣਕੇ ਰਹੂਗਾ। ਕੋਈ ਮਾਈ ਦਾ ਲਾਲ ਨ੍ਹੀ ਰੋਕ ਸਕਦਾ।" ਮਰਦਾਨੇ ਕੇ ਨੂੰ ਕਦੇ ਕਿਸੇ ਨੇ ਐਨਾ ਸੀਰੀਅਸ ਨਹੀਂ ਦੇਖਿਆ ਸੀ।

*****

ਛੱਬੀ ਜਨਵਰੀ ਨੂੰ ਵਾਪਰੀ ਲਾਲ ਕਿਲੇ ਤੇ ਝੰਡਾ ਚੜਾਉਣ ਦੀ ਘਟਨਾ ਨੇ, ਪਿੰਡ ਨੂੰ ਚੁੱਪ ਚੁਪੀਤੇ ਹੀ ਕਈ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਪਹਿਲਾਂ ਵਾਂਗ ਕੋਈ ਕਿਸੇ ਨੂੰ ਬੇਝਿੱਕ ਮਜ਼ਾਕ ਨਹੀਂ ਕਰਦਾ ਸੀ। ਇਕ ਦੂਜੇ ਨੂੰ ਮਿਲਨ ਤੋਂ ਪਾਸਾ ਵੱਟਣ ਲੱਗ ਗਏ ਸੀ। ਨਿਹੰਗਾਂ ਦੇ ਘਰਾਂ ਤੇ ਕੇਸਰੀ ਨਿਸ਼ਨ ਝੂਲ ਰਹੇ ਸੀ। ਲੱਗਦਾ ਸੀ ਚੌਰਾਸੀ ਵਾਲਾ ਦੌਰ ਫਿਰ ਤੋਂ ਸ਼ੁਰੂ ਹੋਣ ਲੱਗਾ। ਕਈ ਦਿਨ ਤਾਂ ਇਓ ਲੱਗਾ ਜਿਵੇਂ ਇਹ ਅੰਦੋਲਨ ਸਿਰਫ ਨਿਹੰਗਾਂ ਦੇ ਘਰ ਤੱਕ ਹੀ ਸੀਮਤ ਹੋ ਕਿ ਰਹਿ ਗਿਆ ਹੋਵੇ। ਉਹਨਾਂ ਦਾ ਮੁੰਡਾ ਅਮ੍ਰਿਤ ਲਾਲ ਕਿਲੇ ਕੋਲੋਂ ਫੜਿਆ ਗਿਆ ਸੀ। ਸਿੱਖ ਪੱਖੀ ਮੀਡੀਆ ਨੇ ਪਿੰਡ ਦੇ ਬੱਚੇ ਬੱਚੇ ਦੀ ਇੰਟਰਵੀਊ ਲੈ ਕੇ ਉਹਨਾਂ ਬਾਰੇ ਪੋਸਟਾਂ ਪਾਈਆਂ ਤਾਂ ਪਿੰਡ ਮਸ਼ਹੂਰ ਹੋ ਗਿਆ। ਗੁਰਦੇਵ ਨਿਹੰਗ ਉਪਰ ਦੀ ਕਰਪਾਨ ਪਾ ਕੇ ਬਿਆਨ ਦਿੰਦਾ। ਪੂਰਨ ਅਜ਼ਾਦੀ ਦੀ ਗੱਲ ਕਰਦਾ। ਲਾਲ ਕਿਲੇ ਤੇ ਨਾ ਜਾਣ ਵਾਲਿਆਂ ਨੂੰ ਗਦਾਰ ਦੱਸਦਾ। ਇਉਂ ਲੱਗਦਾ ਸੀ, ਸਾਰਾ ਅੰਦੋਲਨ ਦਾ ਭਾਰ ਉਹਦੇ ਹੀ ਮੋਢਿਆ ਤੇ ਆ ਪਿਆ। ਪਿੰਡ ਦੇ ਹੋਰ ਵੀ ਬਹੁਤ ਮੁੰਡੇ ਜੋ ਛੱਬੀ ਜਨਵਰੀ ਨੂੰ ਉਤਸ਼ਾਹ ਨਾਲ ਗਏ ਸੀ। ਵਾਪਸ ਆ ਗਏ। ਸਭ ਦੇ ਮੂੰਹਾਂ ਤੇ ਜਿੰਦਰੇ ਲੱਗ ਗਏ ਸੀ।

ਕੁੱਝ ਕੁ ਦਿਨਾਂ ਮਗਰੋਂ ਹਰਦੇਵ ਨਿਹੰਗ ਦਾ ਮੁੰਡਾ ਛੁੱਟ ਕੇ ਆ ਗਿਆ ਸੀ। ਉਹਦਾ ਤਾਂ ਪਿੰਡ ਵਿੱਚ ਇਉਂ ਮਾਣ ਸਨਮਾਣ ਕੀਤਾ ਗਿਆ ਜਿਵੇਂ ਕਿਸਾਨ ਅੰਦੋਲਨ ਜਿੱਤ ਕੇ ਸਾਰੇ ਕਾਲੇ ਕਨੂੰਨ ਵਾਪਸ ਕਰਵਾ ਆਇਆ ਹੋਵੇ। ਉਹਦੇ ਮਗਰ ਨਾਆਰੇ ਲਾਉਣ ਵਾਲਿਆਂ ਵਿੱਚ ਪਿੰਡ ਦਾ ਕੋਈ ਬੰਦਾ ਨਹੀ ਸੀ। ਇਹਨਾਂ ਨੂੰ ਪਿੰਡ ਦੇ ਲੋਕ ਉਵੇਂ ਹੀ ਦੇਖ ਰਹੇ ਸਨ ਜਿਵੇਂ ਚੋਣਾਂ ਦੇ ਦਿਨਾਂ ਵਿੱਚ ਓਪਰੇ ਚਿਹਰੇ ਲੀਡਰਾਂ ਨਾਲ ਨਾਅਰੇ ਮਾਰਦੇ ਨਜ਼ਰ ਆਉਦੇ।

ਪਿੰਡ ਵਿੱਚ ਤਣਾਅ ਸੀ। ਸੱਥ ਵਿੱਚ ਪਹਿਲਾਂ ਵਾਲਾ ਹਾਸਾ ਗੂੰਜਣੋਂ ਹੱਟ ਗਿਆ ਸੀ। ਜੋ ਚੌਰੰਨਵੇ ਪਚੱਨਵੇਂ ਤ੍ਹੋ ਮਗਰੋਂ ਹੌਲੀ ਹੌਲੀ ਮਸਾਂ ਪਰਤਿਆ ਸੀ। ਸਰਕਾਰ ਨੇ ਪੰਚਾਇਤਾਂ ਨੂੰ ਸੀਮਿੰਟ ਦੇ ਬੈਂਚ ਬਣਾ ਕੇ ਦਿੱਤੇ ਸਨ। ਨੌਕਰੀਆ ਦੇਣ ਦਾ ਵਾਆਦਾ ਕਰ ਵਿਹਲਿਆ ਨੂੰ ਬੈਠ ਕੇ ਜਾਬਾਂ ਦਾ ਭੇੜ ਕਰਨ ਵਾਸਤੇ ਇਹ ਬੈਂਚ ਦੇ ਦਿੱਤੇ। ਸ਼ਾਇਦ ਇਹ ਪਿੰਡ ਦੀਆਂ ਸਾਂਝੀਆ ਸੱਥਾਂ ਨੂੰ ਵੰਡਣ ਦੀ ਚਾਲ ਸੀ। ਇਹਨਾਂ ਨੂੰ ਰੱਖਣ ਮੌਕੇ ਵੀ ਬਹੁਤ ਰੌਲਾ ਪਿਆ ਸੀ। ਕੋਈ ਕਹਿੰਦਾ ਸਾਡੇ ਪਾਸੇ ਘੱਟ ਰੱਖੇ। ਕੋਈ ਕਹਿੰਦੇ ਸਾਡੇ ਕੌਲੇ ਨਾਲ ਵੀ ਰੱਖੋ। ਹੁਣ ਇਹ ਪੱਤੀਆ, ਗਲੀਆਂ ਤੇ ਵੱਖ ਵੱਖ ਜਾਤੀਆਂ ਧਰਮਾਂ ਦੀਆਂ ਜਿਵੇ ਵੱਖ ਵੱਖ ਸੱਥਾਂ ਬਣ ਗਈਆਂ ਸੀ। ਅੱਜ ਕੱਲ ਦੀ ਮੂੰਹ ਫੱਟ ਮੰਡੀਰ ਦੇ ਡਰੋਂ, ਸਿਆਣੇ ਬੰਦੇ ਵੀ ਸਾਂਝੀ ਸੱਥ ਵਿੱਚ ਜਾਣੋ ਹੱਟ ਗਏ ਸੀ। ਜਾਂਦੇ ਵੀ ਕਿਵੇਂ ਗੁਰਦੇਵ ਨਿਹੰਗ ਦਾ ਮੁੰਡਾ ਅਮ੍ਰਿਤ ਤਾਂ ਕਿਸੇ ਨੂੰ ਗੱਲ ਨਹੀ ਕਰਨ ਦਿੰਦਾ ਸੀ।

"ਐਸੀ ਕਲਾ ਵਰਤੀ ! ਆਹ ਟੋਪੀਆਂ ਵਾਲੇ ਭਈਏ ਜਿਹੇ ਪੁਲਸੀਏ, ਖੜੇ ਕੰਬਣ। ਲੁੱਕਦਿਆਂ ਨੂੰ ਰਾਹ ਨਾਂ ਲੱਭੇ। ਜੱਟ ਦਿੱਲੀ ਵਿੱਚ ਬੁੱਕਦੇ ਫਿਰਨ। ਡਰਦਾ ਕੋਈ ਹੱਥ ਨਾ ਪਾਵੇ। ਇਹ ਤਾਂ ਜੇ ਆਹ ਕਮਰੇਡ ਗਦਾਰੀ ਨਾ ਕਰਦੇ। ਦਿੱਲੀ ਤਾਂ ਜਿੱਤ ਲਈ ਸੀ। ਸਾਰੇ ਉੱਥੇ ਪਹੁੰਚ ਜਾਂਦੇ ਸਰਕਾਰ ਨੇ ਸ਼ਾਮ ਨੂੰ ਕਨੂੰਨ ਰੱਦ ਕਰ ਦੇਣੇ ਸੀ।"

"ਸਰਕਾਰ ਨੂੰ ਸ਼ਮ ਤੱਕ ਆਰਮੀ ਲਾ ਗੋਲੀ ਚਲਾਉਣ ਦਾ ਬਹਾਨਾ ਵੀ ਮਿਲ ਜਾਣਾ ਸੀ। ਜਿਹੜੇ ਉੱਥੇ ਗਏ ਸੀ। ਉਹੀ ਉੱਥੇ ਖੜੇ ਕੇ ਦੇਖ ਲੈਂਦੇ ਕੀ ਬਣਦਾ ਉਹਨਾਂ ਨਾਲ।" ਕੱਤਰ ਨੇ ਜੁਆਬ ਦਿੱਤਾ ਤਾਂ ਅਮ੍ਰਿਤ ਭੜਕ ਪਿਆ।

"ਸਾਡੀ ਤਾਂ ਕੌਮ ਗਦਾਰਾਂ ਦੀ ਆ। ਖੜਦੇ ਤਾਂ ਹੀ ਨਾਂ ਜੇ ਮਗਰਲੇ ਸਾਰੇ ਉੱਥੇ ਜਾਂਦੇ। ਸਾਰੇ ਜੱਥੇਬੰਦੀਆਂ ਵਾਲੇ ਤਾਂ ਪਿੱਠ ਦਿਖਾ ਗਏ। ਇਹ ਤਾਂ ਸਿੰਘਾ ਸ਼ੇਰਾਂ ਸਿਰਤੇ ਅੰਦੋਲਨ ਚਲਦਾ ਸੀ। ਦੇਖਿਓ! ਜਦੋਂ ਸਿੰਘ ਪਾਸਾ ਵੱਟ ਗਏ। ਕਿਸੇ ਨੇ ਦਿੱਲੀ ਵੱਲ ਨੂੰ ਮੂੰਹ ਨ੍ਹੀਂ ਕਰਨਾ।"

"ਅੱਧੋਂ ਵੱਧ ਜੱਥੇਬੰਦੀਆਂ ਦੇ ਆਗੂ ਤੇ ਵਰਕਰ ਕੇਸਧਾਰੀ ਪੱਗਾਂ ਵਾਲੇ ਹਨ। ਬਹੁਤੇ ਅੰਮ੍ਰਿਤਧਾਰੀ ਵੀ ਆ। ਸਾਰੇ ਉੱਥੇ ਬੈਠੇ ਆ। ਉਹ ਸਿੰਘ ਨਹੀਂ ? ਤੂੰ ਕੱਲਾ ਈ ਸਿੰਘ ਆ।"

"ਸਾਰੇ ਸਾਲੇ ਗਦਾਰ ਕਾਮਰੇਡਾਂ ਨਾਲ ਰਲੇ ਆ। ਕਾਮਰੇਡ ਤਾਂ ਪਹਿਲਾਂ ਹੀ ਹਿੰਦੂਆਂ ਦੀ ਭਾਸ਼ਾ ਬੋਲਦੇ ਆ। ਸਣੇ ਥੋਡੇ ਆਲਾ ਦੀਪਾ।" ਅਮ੍ਰਿਤ ਨੇ ਸਿੱਧਾ ਕੱਤਰ ਦੇ ਮੁੰਡੇ 'ਤੇ ਅਟੈਕ ਕੀਤਾ ਤਾਂ ਕੱਤਰ ਵੀ ਨਾ ਸਹਾਰ ਸਕਿਆ।

"ਪਤਾ ਮੈਨੂੰ ਤੁਹਾਡਾ ਵੱਡਿਆਂ ਸਿੰਘਾਂ ਦਾ। ਤੁਸੀਂ ਵੀ ਬੀ ਜੇ ਪੀ ਤੇ ਆਰ ਐਸ ਐਸ ਦੇ ਇਜੰਟ ਆ ਸਾਰੇ।"

"ਮੂੰਹ ਸੰਭਾਲ ਕੇ ਬੋਲੀ। ਕਿਤੇ ਹੁਣੇ ਨਾ ਤੇਰੀ ਕਾਮਰੇਡੀ ਖਿਲਾਰ ਦਿਆ।"

"ਹੱਥ ਤਾਂ ਲਾ ਕੇ ਦੇਖ!"

"ਫਰੀਦਾ ਜੋ ਤੈ ਮਾਰਨ ਮੁਕੀਆਂ ਤਿਨ੍ਹਾਂ ਨਾ ਮਾਰੇ ਘੁੰਮਿ।।

ਫੇਰ ਰਤਾ ਲੱਗਣ ਨਾ ਪਰਾਏ
ਨਾਸਤਿਕ ਹੋਣ ਬਾਅਦ ਬਦਲ ਜਾਂਦਾ ਹੈ -(ਅਗਲੇ ਸਫ਼ੇ 'ਤੇ)

ਆਪਨੜੈ ਘਰ ਜਾਇਐ ਪੈਰ ਤਿਨ੍ਹਾਂ ਦੇ ਚੁੰਮਿ।।''ਮਰਦਾਨੇ ਕੇ ਨੇ ਵੱਧਦੀ ਲੜਾਈ ਨੂੰ ਰੋਕਣ ਲਈ ਕੱਤਰ ਨੂੰ ਬਾਹੋ ਫੜ ਨਾਲ ਤੋਰਦਿਆ। ਇਹ ਸਲੋਕ ਗਾਉਣਾ ਸ਼ੁਰੂ ਕਰ ਦਿੱਤਾ।

''ਮਰਾਸੀਆ ਤੂੰ ਵੀ ਹੱਟਜਾ ਗੁਰਬਾਣੀ ਦੀ ਬੇਅਦਬੀ ਕਰਨੋ!'' ਅਮ੍ਰਿਤ ਨੇ ਉਹਨੂੰ ਵੀ ਧਮਕੀ ਦੇ ਮਾਰੀ।

''ਓ ਭਰਾਵਾ ਗੁਰਬਾਣੀ ਵਿੱਚ ਤਾਂ ਇਹ ਮਗਰੋਂ ਸ਼ਾਮਿਲ ਕੀਤਾ। ਪਹਿਲਾ ਤਾਂ ਇਹ ਸਾਡਾ ਫ਼ਕੀਰ ਸੀ। ਮੈਂ ਕੋਈ ਮਾੜੀ ਗੱਲ ਵੀ ਨਹੀਂ ਕੀਤੀ। ਨਿਮਰਤਾ ਰੱਖਣ ਨੂੰ ਹੀ ਕਿਹਾ। ਤੂੰ ਵੀ ਕਿਤੇ ਧਿਆਨ ਨਾਲ ਪੜ੍ਹ ਲਿਆ ਕਰ।'' ਆਖਦਾ ਉਹ ਕੱਤਰ ਨੂੰ ਨਾਲ ਲੈ ਦੂਰ ਨਿਕਲ ਗਿਆ ਸੀ। ਹੌਲੀ ਹੌਲੀ ਸਾਰੇ ਸੱਥ ਚੋਂ ਖਿਸਕ ਗਏ। ਨਿਹੰਗਾਂ ਦੇ ਘਰਾਂ ਦੇ ਹੀ ਕੁੱਝ ਬੰਦੇ ਉੱਥੇ ਰਹਿ ਗਏ ਸਨ। ਉਸ ਦਿਨ ਤੋਂ ਮਗਰੋਂ ਸਾਰੇ ਸੱਥ ਵਿੱਚ ਜਾਣੋ ਪਾਸਾ ਹੀ ਵੱਟਦੇ ਸਨ।

ਕੱਤਰ ਦਾ ਦੀਪਾ ਜਿਉਂ ਗਿਆ ਸੀ। ਬੱਸ ਇਕ ਦੋ ਵਾਰ ਹੀ ਦਿੱਲੀਓਂ ਮੁੜ ਕੇ ਆਇਆ ਸੀ। ਆਪਣੇ ਹਾਣੀਆ ਤੇ ਖਿਆਲੀਆ ਨੂੰ ਨਾਲ ਜਾਣ ਲਈ ਪ੍ਰੇਰਦਾ ਤੇ ਲੈ ਵੀ ਜਾਂਦਾ। ਬਲਿਹਾਰੇ ਦਾ ਮੁੰਡਾ ਧੰਮੂ ਵੀ ਨਹੀ ਮੁੜਿਆ ਸੀ। ਦੋਹਾਂ ਨੇ ਆਪਣੇ ਪਿੰਡ ਦੇ ਨਾ ਤੇ ਪੱਕਾ ਹੀ ਟੈਂਟ ਲਾ ਕੇ ਟਿਕਾਣਾ ਬਣਾ ਲਿਆ ਸੀ। ਪਿੰਡੋਂ ਕਈ ਜਾਂਦੇ ਆਉਂਦੇ ਰਹਿੰਦੇ। ਸਾਰੇ ਪਿੰਡ ਆ ਕੇ ਗੱਲਾਂ ਵੀ ਕਰਦੇ।

''ਇਹਨਾਂ ਮੁੰਡਿਆਂ ਨੇ ਨਾਂ ਕੱਢ ਤਾ ਪਿੰਡ ਦਾ।'' ਹੌਲੀ ਹੌਲੀ ਸਾਰੇ ਫੇਰ ਜਾਣ ਲੱਗ ਪਏ। ਪਿੰਡ ਚੋਂ ਪੱਕੀ ਵਾਰੀ ਬੰਨ ਦਿੱਤੀ। ਜ਼ਮੀਨਾਂ ਵਾਲੇ ਕਿਸਾਨਾਂ ਨੂੰ ਤਾਂ ਵਾਰੀ ਸਿਰ ਜਾਣਾ ਹੀ ਪੈਂਦਾ। ਰੱਖਾ ਰਾਮ ਵਰਗੇ ਬਣਦੀ ਸਰਦੀ ਆਰਥਿਕ ਮੱਦਦ ਕਰਦੇ ਰਹਿੰਦੇ ਸਨ। ਗਰੀਬ ਦਿਹਾੜੀਦਾਰਾਂ ਦੀ ਮਰਜੀ ਸੀ ਜੇ ਉਹ ਜਾਣਾ ਚਹੁੰਣ ਤਾਂ ਜਾ ਸਕਦੇ। ਹੌਲੀ ਹੌਲੀ ਪਿੰਡ ਮੁੜ ਤੋ ਇਕ ਜੁੱਟ ਹੋ ਗਿਆ ਸੀ। ਪਿੰਡ ਵਿੱਚ ਕਿਸੇ ਲੀਡਰ ਨੂੰ ਨਹੀਂ ਵੜਨ ਦਿੱਤਾ ਜਾਂਦਾ ਸੀ। ਜਿਹੜਾ ਆਉਂਦਾ ਉਹਨੂੰ ਸੁਆਲ ਕੀਤੇ ਜਾਦੇ, ਜਿੰਨਾ ਦਾ ਉਹਦੇ ਕੋਲ ਕੋਈ ਜੁਆਬ ਨਹੀ ਹੁੰਦਾ ਸੀ। ਕਿਸਾਨ ਮਜਦੂਰ ਇਕੱਠੇ ਹੋ ਕੇ ਪੈ ਜਾਦੇ ਸਨ। ਪੰਡਤ ਜੀਤ ਤੇ ਰੱਖਾਂ ਰਾਮ ਵਰਗੇ ਰਾਜਨੀਤੀ ਤੋਂ ਤੋਬਾ ਕਰੀ ਬੈਠੇ ਸਨ। ਹੱਕਾਂ ਲਈ ਲੜਨ ਦੀ ਜਾਗ੍ਰਤੀ ਪਿੰਡ ਦੇ ਲੋਕਾਂ ਵਿੱਚ ਆਈ ਸੀ। ਜਿਹੜਾ ਵੀ ਮੁੰਡਾ ਵਾਰੀ ਸਿਰ ਕੁੱਝ ਦਿਨ ਦਿੱਲੀ ਬਾਰਡਰ ਤੇ ਲਾ ਆਉਂਦਾ ਸੀ। ਉਹਦੀ ਸੋਚ ਬਦਲ ਜਾਂਦੀ ਸੀ। ਕੱਤਰ ਦੇ ਮੁੰਡੇ ਦੀਪੇ ਤੇ ਬਲਿਹਾਰੇ ਦੇ ਧੰਮੂ ਦੀਆਂ ਗੱਲਾਂ ਕਰਦੇ ਤੇ ਉਨਾਂ ਵਾਂਗ ਪਿੰਡ ਵਿੱਚ ਮਿਲ ਕੇ ਰਹਿਣ ਦੀ ਕੋਸ਼ਿਸ਼ ਕਰਦੇ। ਅਮ੍ਰਿਤ ਤੇ ਉਹਦੇ ਕੁੱਝ ਸਾਥੀ ਇਕੱਲੇ ਪੈ ਗਏ ਸੀ। ਹੌਲੀ ਹੌਲੀ ਮੁੜ ਪਿੰਡ ਦੇ ਮੁੰਡਿਆ ਨਾਲ ਕੰਮ ਕਰਨ ਲੱਗੇ।

ਅੰਦੋਲਨ ਦੇ ਸੱਤ ਮਹੀਨੇ ਪੂਰੇ ਹੋਣ ਤੇ ਜੱਥੇਬੰਦੀਆਂ ਨੇ ਸਾਰੇ ਰਾਜਾਂ ਦੇ ਰਾਜਪਾਲਾਂ ਨੂੰ ਮੰਗ ਪੱਤਰ ਦੇਣ ਦਾ ਐਲਾਨ ਕੀਤਾ। ਪੰਜਾਬ ਵਾਲਿਆਂ ਚੰਡੀਗੜ੍ਹ ਰਾਜਪਾਲ ਨੂੰ ਮੈਮੋਰੰਡਮ ਦੇਣ ਜਾਣਾ ਸੀ। ਦੀਪਾ ਤੇ ਧੰਮੂ ਤਾਂ ਨਹੀ ਆ ਸਕਦੇ ਸੀ। ਪਿੰਡ ਵਾਲਿਆ ਨੂੰ ਵੱਧ ਤੋਂ ਵੱਧ ਚੰਡੀਗੜ ਪਹੁੰਚਣ ਦੀ ਹਦਾਇਤ ਸੀ। ਪਿੰਡ ਵੱਲੋ ਇਕੱਠੇ ਹੋ ਕੇ ਤੁਰਨ ਲੱਗੇ ਤਾਂ ਨਿਹੰਗਾਂ ਦਾ ਅਮ੍ਰਿਤ ਵੀ ਨਾਲ ਤੁਰ ਪਿਆ ਸੀ। ਅਮ੍ਰਿਤ ਜੇਲੋਂ ਛੁੱਟ ਕੇ ਆਉਣ ਮਗਰੋਂ ਦਿੱਲੀ ਨਹੀ ਗਿਆ ਸੀ। ਪੰਜਾਬ ਵਿੱਚ ਹੀ ਆਪਣੇ ਹਮਾਈਤੀ ਗਰਮ ਖਿਆਲੀਆਂ ਨਾਲ ਇਕੱਠਾਂ ਤੇ ਜਾਦਾ ਰਹਿੰਦਾ। ਪੰਜ ਛੇ ਮਹੀਨਿਆਂ ਵਿੱਚ ਉਹ ਵੀ ਠੰਡੇ ਪੈਣ ਲੱਗੇ। ਜੱਥੇਬੰਦੀਆ ਵੱਲੋਂ ਉਲੀਕੇ ਪ੍ਰੋਗਰਾਮਾਂ ਵਿੱਚ ਹੌਲੀ ਹੌਲੀ ਹਿੱਸਾ ਵੀ ਲੈਣ ਲੱਗੇ। ਪਿੰਡ ਵੱਲੋ ਇਕੱਠੇ ਹੋ ਕੇ ਤੁਰਨ ਲੱਗੇ ਤਾਂ ਅਮ੍ਰਿਤ ਵੀ ਨਾਲ ਤੁਰ ਪਿਆ।

ਚੰਡੀਗੜ ਪਹੁੰਚੇ ਤਾਂ ਪੁਲਿਸ ਬੈਰੀਕੇਡ ਲਾਈ ਬੈਠੀ ਸੀ। ਬੈਰੀਗੇਟ ਤੋੜ ਕੇ ਅੱਗੇ ਵੱਧਣ ਦਾ ਫੈਸਲਾ ਹੋਇਆ ਤਾਂ ਪੁਲਿਸ ਨੇ ਲਾਠੀਚਾਰਜ ਤੇ ਪਾਣੀ ਦੀਆਂ ਬੁਛਾੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕੱਤਰ ਨੂੰ ਪੁਲਿਸ ਨੇ ਘੇਰ ਲਿਆ। ਅਮ੍ਰਿਤ ਉਹਦੇ ਉਪਰ ਆ ਕੇ ਬਾਹਾਂ ਚੌੜੀਆਂ ਕਰ ਕੇ ਖੜ ਗਿਆ ਤੇ ਪੁਲਿਸ ਵਾਲੇ ਉਹਨੂੰ ਡੰਡੇ ਮਾਰਦੈ ਰਹੇ। ਉਹਨੇ ਕੱਤਰ ਦੇ ਇਕ ਨਾ ਵੱਜਣ ਦਿੱਤਾ। ਲੋਕਾਂ ਨੇ ਪੁਲਿਸ ਨੂੰ ਖਦੇੜ ਦਿੱਤਾ।

ਪਿੰਡੋਂ ਜਾਂਦੇ ਸਮੇਂ ਉਹ ਚੁੱਪ ਤੇ ਵੱਟੇ ਵੱਟੇ ਜਿਹੇ ਸੀ। ਮੁੜਦੇ ਹੋਏ ਮਰਦਾਨੇ ਕੇ ਨੇ ਅਮ੍ਰਿਤ ਨੂੰ ਕਿਹਾ ਸੀ।

''ਭਤੀਜ! ਹੁਣ ਤੂੰ ਬਹੁਤ ਸਮਝਦਾਰ ਹੋ ਗਿਆ। ਮੈਂ ਪਹਿਲੀ ਵਾਰ ਥੋਡੇ ਟੱਬਰ ਵਿੱਚੋਂ, ਤੇਰੇ ਵਿੱਚ ਐਨੀ ਸ਼ਹਿਨਸੀਲਤਾ ਦੇਖੀ। ਅਰਾਮ ਨਾਲ ਕੁੱਟ ਖਾਈ ਗਿਆ। ਉਹ ਵੀ ਬਾਈ ਕੱਤਰ ਨੂੰ ਬਚਾਉਣ ਲਈ।''

''ਚਾਚਾ ਪਿੰਡ ਭਲਾ ਸੌ ਲੜੀਏ ਬੋਲੀਏ। ਬਾਹਰ ਸਾਡੇ ਬਜੁਰਗਾਂ ਨੂੰ ਸਾਡੀ ਲਾਸ਼ ਤੋਂ ਦੀ ਲੰਘ ਕੇ ਹੀ ਕੋਈ ਹੱਥ ਲਾ ਸਕਦਾ।''

''ਵਾਹ ਬਈ ਸ਼ੇਰਾ! ਤੇਰੀ ਬਹੁਤ ਸੋਹਣੀ ਸੋਚ ਆ। ਬਹੁਤ ਵੱਡੀ ਕਰਬਾਨੀ ਕੀਤੀ। ਇਹਦੇ ਸਿਆਣੇ ਹੱਡਾਂ ਤੋਂ ਕਿੱਥੇ ਐਨੀ ਕੁੱਟ ਖਾਧੀ ਜਾਣੀ ਸੀ।'' ਸੁਲਿੰਦਰ ਰਾਜਪੂਤ ਨੇ ਵੀ ਅਮ੍ਰਿਤ ਦੀ ਸਲਾਹਨਾਂ ਕੀਤੀ।

''ਸੱਚੀ ਪੁੱਛੋ ! ਆਹ ਅੰਦੋਲਨ ਨੇ ਸਾਨੂੰ ਬਹੁਤ ਕੁਝ ਸਿਖਾ ਦਿੱਤਾ। ਮਰਦਾਨੇ ਕੇ ਦੇ ਕਹਿਣ ਵਾਗੂੰ ਨਵਾਂ ਸਾਥਾਨ ਬਣੂਗਾ।'' ਜੀਤ ਪੰਡਤ ਨੇ ਕਿਹਾ।

''ਬਣਨਾ ਕੀ ਜੀ ? ਬਣ ਗਿਆ। ਅਸੀਂ ਅੰਦੋਲਨ ਕਰਨੇ ਸਿੱਖ ਗਏ। ਗੱਲ ਕਹਿਣੀ, ਸਹਿਣੀ ਸਿੱਖਗੇ। ਬੰਦੇ ਨੂੰ ਬੰਦਾ ਸਮਝਣ ਲੱਗ ਗਏ। ਸਾਨੂੰ ਪਤਾ ਲੱਗ ਗਿਆ ਕਿ ਵੱਖ ਵੱਖ ਰਹਿ ਕੇ ਕੁੱਝ ਹਾਸਲ ਨਹੀਂ ਹੋਣਾ। ਮੇਰੇ ਭਤੀਜ ਨੇ ਪਹਿਲੀ ਵਾਰ ਮੈਨੂੰ ਚਾਚਾ ਕਿਹਾ, 'ਨਹੀਂ ਓ ਮਰਾਸੀਆ!' ਹੀ ਕਹਿੰਦਾ ਹੁੰਦਾ ਸੀ। 'ਨਵਾਂ ਸਥਾਨ' ਤਾਂ ਬਣ ਗਿਆ।'' ਉਹਦੇ ਅਮ੍ਰਿਤ ਤੇ ਕੱਸੇ ਵਿਅੰਗ ਤੋ ਸਾਰੇ ਹੱਸਣ ਲੱਗੇ।

''ਸਤਿਕਾਰਤ ਪਾਠਕੋ! 'ਚਰਚਾ ਕੌਮਾਂਤਰੀ' 'ਚ ਜੋ ਵੀ ਪੜ੍ਹਦੇ ਹੋ, ਜਿੰਨਾ ਵੀ ਪੜ੍ਹਦੇ ਹੋ – ਉਸ ਉੱਪਰ ਟਿੱਪਣੀ ਕਰਕੇ ਆਪਣੀ 'ਰੈਅ' ਸਾਡੇ ਤੀਕ ਜ਼ਰੂਰ ਪਹੁੰਚਦੀ ਕਰੋ। ਮੈਗਜ਼ੀਨ ਦੀ ਬਣਤਰ ਅਤੇ ਬੁਣਤਰ ਬਾਰੇ ਵੀ। ਜੇ 'ਰਸਾਲੇ' ਨਾਲ ਆਪਣੀ ਤਸਵੀਰ ਖਿੱਚ ਕੇ ਭੇਜ ਸਕੋਂ ਤਾਂ ਸ਼ੁਕਰੀਆ।''– ਐਡੀਟਰ

ਆਸਾ ਪਾਸਾ ਤੇ ਖ਼ੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉੱਠਦੇ ਹੋ ਤੁਸੀਂ –(ਅਗਲੇ ਸਫ਼ੇ 'ਤੇ)

ਕਹਾਣੀ

# ਸੱਚ ਝੂਠ ਦੇ ਦਰਮਿਆਨ

## ਦਰਸ਼ਨ ਬੁਲੰਦਵੀ



ਦਰਸ਼ਨ ਬੁਲੰਦਵੀ

ਹਰਵਿੰਦ ਸਿੰਘ ਮਾਂ-ਬਾਪ ਦਾ ਲਾਡਲਾ ਇਕਲੌਤਾ ਪੁੱਤਰ ਸੀ। ਦਰਮਿਆਨੇ ਕੱਦ ਦਾ ਰੰਗ ਕਣਕ ਵੰਨਾ, ਬੀਅਰ ਪੀਣ ਦਾ ਸ਼ੌਕੀਨ। ਸਕੂਲ ਵਿੱਚ ਪੜ੍ਹਦਿਆਂ ਉਸ ਦਾ ਇਸ਼ਕ ਇੱਕ ਇਟਾਲੀਅਨ ਕੁੜੀ ਨਾਲ ਹੋ ਗਿਆ। ਪਿਆਰ ਦੇ ਜਨੂੰਨ ਵਿੱਚ ਦੋਵੇਂ ਅੱਗੇ ਕਾਲਜ ਜਾਣ ਤੋਂ ਭੱਜ ਗਏ। ਹਰਵਿੰਦ ਨੇ ਕਾਰ ਮਕੈਨਿਕੀ ਲਈ ਲੋਕਲ ਗਰਾਜ਼ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਟੀਨਾ ਸਥਾਨਕ ਸਟੋਰ ਵਿੱਚ ਦਿਨ 'ਤੇ ਕੰਮ ਕਰਨ ਲੱਗੀ। ਦੋਵੇਂ ਸ਼ਾਮ ਨੂੰ ਕੰਮ ਤੋਂ ਵਾਪਿਸ ਆਉਂਦੇ ਤਾਂ ਪੱਬ ਕਲੱਬ ਚਲੇ ਜਾਂਦੇ। ਸਾਲ ਵਿੱਚ ਦੇਸ਼-ਵਿਦੇਸ਼ ਛੁੱਟੀਆਂ ਬਿਤਾਉਣ ਵੀ ਚਲੇ ਜਾਂਦੇ। ਜਿੰਨੇ ਕੁ ਪੈਸੇ ਕਮਾਉਂਦੇ ਖਾ ਪੀ ਛੱਡਦੇ।

ਟੀਨਾ ਸੋਹਣੀ ਸੁਨੱਖੀ ਕੁੜੀ ਸੀ। ਰੰਗ ਗੋਰਾ, ਵਾਲ ਕਾਲੇ ਸਿਆਹ, ਨੀਲੀਆਂ ਅੱਖਾਂ ਦਰਮਿਆਨੇ ਕੱਦ ਦੀ ਹਰ ਅੱਖ ਨੂੰ ਜੱਚਦੀ-ਫੱਬਦੀ ਸੀ। ਉਸਦੇ ਮਾਂ-ਬਾਪ ਵੀ ਇਮਾਨਦਾਰ ਸਨ। ਭਾਰਤੀ ਕਲਚਰ ਨੂੰ ਕਿਸੇ ਹੱਦ ਤੱਕ ਸਮਝਦੇ ਵੀ ਸਨ। ਦੋਵਾਂ ਦੀ ਜੋੜੀ ਫੱਬਦੀ ਸੀ। ਦੋਵਾਂ ਦੇ ਮਾਂ-ਬਾਪ ਵੀ ਇਹੋ ਚਾਹੁੰਦੇ ਸਨ ਕਿ ਜਲਦੀ ਤੋਂ ਜਲਦੀ ਇਹਨਾਂ ਦਾ ਵਿਆਹ ਕਰ ਦਿੱਤਾ ਜਾਵੇ। ਆਪਣੀ ਜ਼ਿੰਮੇਵਾਰੀ ਆਪ ਚੁੱਕ ਲੈਣ। ਹਰਵਿੰਦ ਦੇ ਮਾਂ-ਬਾਪ ਜਦ ਉਸ ਨੂੰ ਵਿਆਹ ਲਈ ਪੁੱਛਦੇ ਤਾਂ ਉਹ ਹਰ ਵਾਰ ਤਾਰੀਖ਼ ਅਗਲੇ ਸਾਲ 'ਤੇ ਪਾ ਦੇਂਦਾ। ਕੋਈ ਨਾ ਕੋਈ ਬਹਾਨਾ ਲਾ ਛੱਡਦਾ। ਬਹਾਨਿਆਂ ਵਿਚ ਹੀ ਦਸ ਸਾਲ ਲੰਘਾ ਦਿੱਤੇ। ਟੀਨਾ ਪਰਿਵਾਰ ਵਿਚ ਹੁਣ ਰਚ-ਮਿਚ ਗਈ ਸੀ। ਇਹਨਾਂ ਦੀ ਮੁਹੱਬਤ ਨੂੰ ਦੋਵਾਂ ਦੇ ਰਿਸ਼ਤੇਦਾਰ ਵੀ ਜਾਣਦੇ ਸਨ। ਉਹ ਵੀ ਅਕਸਰ ਪੁੱਛਦੇ ਰਹਿੰਦੇ ਸਨ ਕਿ ਹਰਵਿੰਦ ਹੁਣ ਕਦੋਂ ਵਿਆਹ ਕਰਵਾ ਰਿਹਾ। ਦੋਵਾਂ ਦੇ ਪਰਿਵਾਰ ਦਿਨ ਦਿਹਾੜੇ ਕ੍ਰਿਸਮਿਸ ਤੇ ਤੋਹਫ਼ਿਆਂ ਦਾ ਅਦਾਨ-ਪ੍ਰਦਾਨ ਕਰਦੇ। ਇਕ ਦੂਜੇ ਦੀ ਖੈਰ ਮੰਗਦੇ। ਇਕ ਦੂਸਰੇ ਨੂੰ ਘਰ ਡਿਨਰ ਵਾਸਤੇ ਵੀ ਸੱਦ ਲੈਂਦੇ। ਟੀਨਾ ਦਾ ਡੈਡੀ ਵਾਈਨ ਪੀਣ ਦਾ ਸ਼ੌਕੀਨ ਸੀ। ਹਰ ਸਾਲ ਉਹ ਇਟਲੀ ਜਾਂਦਾ। ਅੰਗੂਰਾਂ ਨਾਲ ਕਾਰ ਭਰ ਲਿਆਉਂਦਾ। ਅੰਗੂਰਾਂ ਤੋਂ ਘਰ ਦੀ ਲਾਲ-ਵਾਈਨ ਤਿਆਰ ਕਰਦਾ। ਉਹਦਾ ਪੂਰਾ ਸਾਲ ਸੁਰੱਖਿਅਤ ਹੋ ਜਾਂਦਾ। ਘਰ ਦੀ ਤਿਆਰ ਕੀਤੀ ਵਾਈਨ ਦੀ ਇਕ-ਇਕ ਬੋਤਲ ਸਾਰਿਆਂ ਨੂੰ ਤੋਹਫ਼ੇ ਵਜੋਂ ਦੇਂਦਾ। ਵਾਈਨ ਪੀਣ ਦੇ ਗੁਣਾਂ ਦਾ ਵਰਨਣ ਵੀ ਕਰਦਾ। ਉਹ ਦੱਸਦਾ ਕਿ ਡਿਨਰ ਨਾਲ ਇਕ ਦੋ ਗਲਾਸ ਪੀਣ ਨਾਲ ਦਿਲ ਦੇ ਰੋਗ ਨਹੀਂ ਲਗਦੇ। ਨਾੜਾਂ ਵਿੱਚ ਫੈਟ ਨਹੀਂ ਜੰਮਦਾ। ਵੈਸੇ ਵੀ ਇਟਾਲੀਅਨ ਆਪਣੇ ਲੰਚ ਅਤੇ ਡਿਨਰ ਨਾਲ ਵਧੇਰੇ ਵਾਈਨ ਹੀ ਪੀਂਦੇ ਹਨ। ਪਾਣੀ ਦੀ ਵਰਤੋਂ ਤਾਂ ਬਾਅਦ ਵਿੱਚ ਕਰਦੇ ਹਨ।

ਹਰਵਿੰਦ ਦਾ ਜਨਮ ਭਾਵੇਂ ਨਰੋਬੀ ਕੀਨੀਆ ਦਾ ਸੀ ਪਰ ਜਦੋਂ ਕੀਨੀਆ ਤੋਂ ਭਾਰਤੀਆਂ ਨੂੰ ਕੱਢਿਆ ਗਿਆ ਤਾਂ ਉਹ ਵੀ ਪਰਿਵਾਰ ਨਾਲ ਪੰਜਾਬ ਚਲੇ ਗਿਆ। ਜਲੰਧਰ ਉਨ੍ਹਾਂ ਪਹਿਲਾਂ ਹੀ ਮਕਾਨ ਬਣਾਇਆ ਹੋਇਆ ਸੀ। ਜਲੰਧਰ 6 ਕੁ ਸਾਲ ਰਹਿਣ ਕਰਕੇ ਪੰਜਾਬੀ ਬੋਲਣੀ ਸਿਖ ਗਿਆ ਸੀ। ਆਪਣੇ ਸੱਭਿਆਚਾਰ ਤੋਂ ਵੀ ਵਾਕਿਫ ਹੋ ਗਿਆ ਸੀ। ਉਹ ਵਿਆਹ ਵੀ ਕਿਸੇ ਆਪਣੀ ਪੰਜਾਬੀ ਕੁੜੀ ਨਾਲ ਕਰਵਾਉਣਾ ਚਾਹੁੰਦਾ ਸੀ। ਜੇ ਮੈਂ ਪੁੱਛਦਾ "ਟੀਨਾ ਦਾ ਕੀ ਬਣੂ?"

ਟੀਨਾ ਨਾਲ ਪਿਆਰ ਤਾਂ ਹੈ। ਹੁਣ ਤਾਂ ਇਕੱਠੇ ਰਹਿੰਦਿਆਂ ਨੂੰ ਦਸ ਸਾਲ ਹੋ ਗਏ ਹਨ। ਆਂਢ-ਗੁਆਂਢ ਰਿਸ਼ਤੇਦਾਰ ਦੋਸਤ-ਮਿੱਤਰ ਸਭ ਜਾਣਦੇ ਪਰ ਪਤਨੀ ਬਣਾਉਣ ਨੂੰ ਦਿਲ ਮੰਨਦਾ ਨਹੀਂ।

"ਕਿਉਂ?" ਮੈਂ ਪੁੱਛਦਾ ਹਾਂ।

"ਤੁਹਾਨੂੰ ਪਤਾ ਹੈ ਕਿ ਮੈਂ ਉਸਨੂੰ ਏਨੀ ਐਸ਼ ਕਰਵਾ ਚੁੱਕਾ ਕਿ ਵਿਆਹ ਤੋਂ ਬਾਅਦ ਵੀ ਉਸਨੇ ਇਹੀ ਆਸ ਰੱਖਣੀ। ਜਾਨੀ ਖਾਣਾ ਪੀਣਾ ਸਦਾ ਬਾਹਰੋਂ। ਪੱਬ-ਕਲੱਬ ਦਾ ਵੱਖਰਾ ਖਰਚਾ। ਇਸ ਆਦਤ ਦੇ ਅਸੀਂ ਹੁਣ ਤਾਂ ਦੋਵੇਂ ਗੁਲਾਮ ਹੋ ਚੁੱਕੇ। ਆਮਦਨ ਦੇ ਸੀਮਿਤ ਸਾਧਨ ਸ਼ਾਇਦ ਪਰਿਵਾਰਕ ਜੀਵਨ ਨੂੰ ਤੋਰ ਨਾ ਸਕਣ ਇਹੀ ਡਰ ਅੰਦਰੋਂ-ਅੰਦਰ ਵਿਆਹ ਕਰਵਾਉਣ ਤੋਂ ਰੋਕਦਾ ਰਹਿੰਦਾ।"

ਦਸ ਸਾਲ ਬਾਅਦ ਦੋਨਾਂ ਨੇ ਬਰਾਬਰ ਦੇ ਪੈਸੇ ਪਾ ਕੇ ਮਕਾਨ ਵੀ ਖਰੀਦ ਲਿਆ। ਦੋਵਾਂ ਨੇ ਪੰਜ-ਪੰਜ ਹਜ਼ਾਰ ਪੌਂਡ ਮਾਂ-ਬਾਪ ਤੋਂ ਲੈ ਕੇ ਦਸ ਹਜ਼ਾਰ ਪੌਂਡ ਘਰ ਦਾ ਡਿਪੌਜ਼ਟ ਦੇ ਕੇ ਬਾਕੀ ਦੀ ਮੌਰਗੇਜ਼ ਲੈ ਲਈ। ਹੁਣ ਦੋਵੇਂ ਖੁਸ਼ ਸਨ। ਸਾਰੇ ਯਕੀਨ ਕਰਦੇ ਸਨ ਕਿ ਲੰਬੇ ਸਮੇਂ ਤੋਂ ਇਕੱਠੇ ਰਹਿ ਰਹੇ ਹਨ ਹੁਣ ਵਿਆਹ ਕਰਵਾ ਲੈਣਗੇ।

ਇਕੱਠੇ ਰਹਿਣ ਲੱਗੇ ਤਾਂ ਘਰ ਦੇ ਬਿੱਲ ਉਹਨਾਂ ਦਾ ਪਿੱਛਾ ਕਰਨ ਲੱਗੇ। ਬਿਜਲੀ ਬਿੱਲ, ਪਾਣੀ ਬਿੱਲ, ਗੈਸ, ਕੂੜਾ-ਕਰਕਟ ਬਿੱਲ ਅਤੇ ਟੁੱਟ-ਭੱਜ ਆਦਿ ਦਿਨ ਦਿਹਾੜੇ ਆਂਦੇ ਹੀ ਰਹਿੰਦੇ। ਦੇਸ਼-ਵਿਦੇਸ਼ ਦੇ ਸੈਰ ਸਪਾਟੇ ਤਾਂ ਸੁਪਨਾ ਬਣ ਗਏ। ਪੱਬ-ਕਲੱਬ ਜਾਣਾ ਵੀ ਘੱਟ ਕਰ ਦਿੱਤਾ। ਵੀਕਐਂਡ ਆਉਂਦਾ ਤਾਂ ਬੀਅਰ ਵੀ ਘਰ ਬਹਿ ਕੇ ਪੀ ਲੈਂਦੇ। ਉਂਝ ਦੋਵੇਂ ਕੰਮਾਂ ਉੱਪਰ ਲੱਗੇ ਹੋਏ ਸਨ। ਸ਼ਾਮ ਨੂੰ ਕੰਮ ਤੋਂ ਵਾਪਸ ਆਉਂਦੇ ਤਾਂ ਇਕੱਠੇ ਬਹਿੰਦੇ, ਟੈਲੀ ਵੇਖਦੇ ਬੀਅਰ ਪੀਂਦੇ। ਅਗਲੇ ਦਿਨ ਦੀ ਤਿਆਰੀ ਲਈ ਸੌਂ ਜਾਂਦੇ। ਘਰ ਦੀ ਕਿਸ਼ਤ ਤਾਰਨ ਦਾ ਫ਼ਿਕਰ ਹੁੰਦਾ। ਪਹਿਲਾਂ ਤਾਂ ਮਾਂ-ਬਾਪ ਦੇ ਸਹਾਰੇ ਉਡਾਰੀਆਂ ਮਾਰਦੇ ਫਿਰਦੇ ਸੀ ਹੁਣ ਆਪਣੀ ਜੇਬ ਦੇ ਸਹਾਰੇ। ਹਰਵਿੰਦ ਨੂੰ ਬਾਹਰ ਘੁੰਮਣ ਫਿਰਨ ਦਾ ਭੁਸ ਸੀ। ਅਜਿਹੀ ਮਕਾਨਕੀ ਜ਼ਿੰਦਗੀ ਤੋਂ ਬੋਰ ਹੋਣ ਲੱਗਾ। ਕਿਸੇ ਅਸੂਲ ਵਿੱਚ ਬੱਝਣਾ ਉਸ ਲਈ ਅਸੰਭਵ ਸੀ ਉਹ ਅੱਕਿਆ ਹੋਇ ਬਾਹਰ ਦਾ ਰਾਹ ਢੂੰਡਣ ਲੱਗਾ।

ਇਕ ਦਿਨ ਹਰਵਿੰਦ ਟੀਨਾ ਨੂੰ ਪੁੱਛਣ ਲਗਦਾ, "ਡਾਰਲਿੰਗ ਹਰ ਵੀਕ ਐਂਡ 'ਤੇ ਮੈਂ ਟੈਕਸੀ ਕਰਿਆ ਕਰਨੀ। ਇਸ ਤਰ੍ਹਾਂ ਆਮਦਨ ਪੱਖੋਂ ਹੋਰ ਵੀ ਸੁਖਾਲੇ ਹੋ ਜਾਵਾਂਗੇ। ਮੈਂ ਲੋਕਲ ਟੈਕਸੀ ਸਟੈਂਡ ਨਾਲ ਗੱਲ ਵੀ ਕਰ ਆਇਆ।"

ਟੀਨਾ ਇਸ ਦੇ ਹੱਕ ਵਿੱਚ ਨਹੀਂ ਸੀ। ਉਹ ਚਾਹੁੰਦੀ ਸੀ ਕਿ ਕੰਮਾਂ ਤੋਂ ਬਾਅਦ ਸ਼ਾਮ ਦਾ ਵਕਤ ਇਕੱਠਿਆਂ ਬਿਤਾਇਆ ਜਾਂਦਾ।

ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ -(ਅਗਲੇ ਸਫ਼ੇ 'ਤੇ)

ਪਰ ਹਰਵਿੰਦ ਦੇ ਦਿਲ ਵਿੱਚ ਵਿਆਹ ਲਈ ਕਿਸੇ ਹੋਰ ਕੁੜੀ ਦਾ ਸੁਪਨਾ ਧੜਕ ਰਿਹਾ ਸੀ। ਉਹ ਟੈਕਸੀ ਚਲਾਉਣ ਦੇ ਬਹਾਨੇ ਘਰੋਂ ਬਾਹਰ ਨਿਕਲ ਜਾਂਦਾ। ਕਿਸੇ ਪੱਬ ਤੇ ਕਲੱਬ ਵਿਚ ਜਾ ਕੇ ਵੀ ਬੈਠ ਜਾਂਦਾ। ਆਪਣੀ ਮਨਪਸੰਦ ਬੀਅਰ ਪੀਂਦਾ। ਕਿਸੇ ਨਾ ਕਿਸੇ ਕੁੜੀ ਦੀ ਤਲਾਸ਼ ਵਿਚ ਵੀ ਰਹਿੰਦਾ। ਰਾਤ ਨੂੰ ਘਰ ਲੇਟ ਪਰਤਦਾ। ਉਦੋਂ ਨੂੰ ਟੀਨਾ ਸੌਂ ਜਾਂਦੀ ਸੀ।

ਇਕ ਵੀਕ ਐਂਡ 'ਤੇ ਪੰਜਾਬ ਤੋਂ ਆਈ ਕੁੜੀ ਕੰਵਲ ਨਾਲ ਉਸ ਦਾ ਮੇਲ ਹੋ ਜਾਂਦਾ। ਕੰਵਲ ਵਿਦਿਆਰਥੀ ਵੀਜ਼ੇ ਉਪਰ ਇੰਗਲੈਂਡ ਆਈ ਸੀ। ਉਸਦੀ ਡਿਗਰੀ ਕੰਪਲੀਟ ਹੋ ਚੁੱਕੀ ਸੀ। ਵਿਦਿਆਰਥੀ ਵੀਜ਼ਾ ਵੀ ਦੋ ਕੁ ਮਹੀਨੇ ਦਾ ਰਹਿ ਗਿਆ ਸੀ। ਉਹ ਪਹਿਲਾਂ ਹੀ ਹਰਵਿੰਦ ਵਰਗੇ ਬ੍ਰਿਟਿਸ਼ ਸਿਟੀਜ਼ਨ ਮੁੰਡੇ ਦੀ ਤਲਾਸ਼ ਵਿਚ ਸੀ, ਜੋ ਉਸ ਨੂੰ ਪੱਕਾ ਕਰਵਾ ਦੇਵੇ ਕੰਵਲ ਦੇ ਮਾਂ-ਬਾਪ ਵੀ ਇਹੀ ਚਾਹੁੰਦੇ ਸਨ ਕਿ ਉਹ ਕਿਸੇ ਨਾ ਕਿਸੇ ਤਰੀਕੇ ਏਥੇ ਪੱਕੀ ਹੋ ਜਾਵੇ।

ਹਰਵਿੰਦ ਨੇ ਉਸ ਉਪਰ ਪੱਕਾ ਜਾਲ ਪਾਉਣ ਲਈ ਆਪਣੀ ਮੁਹੱਬਤ ਦਾ ਡਰਾਮਾ ਸ਼ੁਰੂ ਕਰ ਦਿੱਤਾ। ਹਫ਼ਤੇ ਵਿਚ ਤਿੰਨ-ਚਾਰ ਵਾਰ ਮਿਲਦਾ। ਪੱਬ ਵੀ ਲੈ ਜਾਂਦਾ। ਕਈ ਵਾਰ ਕੰਮ ਉਪਰ ਜਾਣ ਦੇ ਬਹਾਨੇ ਕੰਵਲ ਵਲ ਚਲੇ ਜਾਂਦਾ। ਕੰਵਲ ਵੀ ਸੋਹਣੀ ਸੁਨੱਖੀ ਦਰਮਿਆਨੇ ਕੱਦ ਦੀ ਦੋ ਕੁ ਸਾਲ ਹਰਵਿੰਦ ਤੋਂ ਛੋਟੀ ਸੀ। ਹਰਵਿੰਦ ਨੇ ਉਸ ਦੇ ਘਰ-ਬਾਰ ਵੀ ਪਤਾ ਕਰ ਲਿਆ। ਟੈਲੀਫ਼ੋਨ ਉਪਰ ਉਹਦੇ ਮਾਂ-ਬਾਪ ਨਾਲ ਵੀ ਗੱਲਬਾਤ ਕਰ ਲੈਂਦਾ। ਕੰਵਲ ਉਹਦੀ ਆਪਣੀ ਬਰਾਦਰੀ ਦੀ ਕੁੜੀ ਸੀ ਸੋ ਉਸ ਨੂੰ ਲੱਗਾ ਕਿ ਮੋਮ-ਡੈਡ ਨੂੰ ਮਨਾਉਣਾ ਵੀ ਸੌਖਾ ਹੈ। ਉਸ ਨੂੰ ਆਪਣਾ ਸੁਪਨਾ ਸਕਾਰ ਹੁੰਦਾ ਨਜ਼ਰ ਆਇਆ। ਆਪਣੀ ਪੰਜਾਬੀ ਕੁੜੀ, ਪੰਜਾਬੀ ਰਹਿਤ ਮਰਿਆਦਾ, ਪੰਜਾਬੀ ਖਾਣਾ, ਪੰਜਾਬੀ ਗੌਣ-ਵਜਾਉਣ ਸਭ ਕੁਝ ਪੰਜਾਬੀ। ਉਸ ਨੂੰ ਨਵੀਂ ਦੁਨੀਆ ਦਾ ਦਰ ਖੁੱਲ੍ਹਦਾ ਨਜ਼ਰ ਆਇਆ। ਉਸ ਨੂੰ ਲੱਗਾ ਜਿਵੇਂ ਪਹਿਲਾਂ ਸਰੀਰ ਨੂੰ ਹੀ ਭੋਗਦਾ ਰਿਹਾ ਹੈ। ਕੰਵਲ ਵਿਚੋਂ ਉਸ ਨੂੰ ਰੂਹ ਦਾ ਵੀ ਦੀਦਾਰ ਹੋਣ ਲੱਗਾ। ਅਜਿਹੀ ਸ਼ੋਰ ਦੀ ਤੇਜ਼ ਰੋਸ਼ਨੀ ਅੰਦਰ ਉਸ ਦੀਆਂ ਅੱਖਾਂ ਚੁੰਧਿਆਈਆਂ ਗਈਆਂ। ਚੁੰਧਿਆਈਆਂ ਅੱਖਾਂ ਦੀ ਲੋਅ ਅੰਦਰ ਟੀਨਾ ਦਾ ਚਿਹਰਾ ਮੱਧਮ ਪੈਣ ਲੱਗਾ। ਟੀਨਾ ਨਾਲ ਬਿਤਾਏ 10 ਵਰ੍ਹੇ ਉਸ ਦੇ ਦਿਲ ਦੇ ਸ਼ੀਸ਼ੇ ਵਿਚੋਂ ਅਲੋਪ ਹੋਣ ਲੱਗੇ।

ਹਰਵਿੰਦ ਦੇ ਇਸ ਸੱਜਰੇ ਪਿਆਰ ਦੀ ਖ਼ਬਰ ਜਦ ਟੀਨਾ ਨੂੰ ਮਿਲੀ ਤਾਂ ਉਸਦੇ ਕਈ ਭਰਮ ਨਵਿਰਤ ਹੋ ਗਏ। ਉਹ ਪਹਿਲਾਂ ਹੀ ਸ਼ੱਕ ਕਰਦੀ ਸੀ ਕਿ ਇਸਨੇ ਅਖ਼ੀਰ ਵਿਆਹ ਆਪਣੇ ਦੇਸ਼ ਦੀ ਕੁੜੀ ਨਾਲ ਹੀ ਕਰਵਾਉਣਾ। ਏਸੇ ਲਈ ਵਿਆਹ ਉਸ ਨਾਲ ਨਹੀਂ ਸੀ ਕਰਵਾ ਰਿਹਾ। ਪਹਿਲਾਂ ਉਸ ਨੇ ਆਪਣੀ ਮੁਹੱਬਤ ਦੇ ਤਰਲੇ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੀ। ਦਸ ਸਾਲ ਦੇ ਸਫ਼ਰ ਦਾ ਵਾਸਤਾ ਪਾਇਆ ਪਰ ਹਰਵਿੰਦ ਉਪਰ ਕੋਈ ਅਸਰ ਨਾ ਹੋਇਆ। ਅਖੀਰ ਉਹ ਰੱਜ ਕੇ ਰੋਈ ਤੜਫ਼ੀ ਤੇ ਆਪਣੇ ਹੰਝੂਆਂ 'ਚੋਂ ਨਿਕਲਦੇ ਰਾਹ ਨੂੰ ਆਪਣੇ ਪੈਰਾਂ ਹੇਠ ਸੁਰੱਖਿਆ ਕਰ ਲਿਆ। ਆਪਣੇ ਮਾਂ-ਬਾਪ ਦੀ ਸ਼ਰਨ ਹੇਠ ਚਲੀ ਗਈ ਜਿਹੜੇ ਪਹਿਲਾਂ ਹੀ ਕਈ ਸਾਲਾਂ ਤੋਂ ਰੋਕਦੇ-ਟੋਕਦੇ ਆ ਰਹੇ ਸਨ। ਜਿਹਨਾਂ ਕਈ ਵਾਰ ਹੁਸੀਨ-ਮੌਕਿਆਂ ਤੇ ਹਰਵਿੰਦ ਨੂੰ ਵਿਆਹ ਲਈ ਮਨਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਕਿਸੇ ਨਾ ਕਿਸੇ ਬਹਾਨੇ ਵਿਆਹ ਨੂੰ ਅਗਲੇ ਸਾਲ 'ਤੇ ਪਾ ਦੇਂਦਾ।

ਟੀਨਾ ਦੇ ਘਰ ਤੋਂ ਜਾਣ ਬਾਅਦ ਹਰਵਿੰਦ ਦਾ ਰਾਹ ਸਾਫ਼ ਹੋ ਗਿਆ। ਉਸਦੇ ਮਨ ਨੂੰ ਦੁੱਖ ਤਾਂ ਹੋਇਆ ਪਰ ਨਵੇਂ ਇਸ਼ਕ ਦੇ ਚਾਅ ਨੇ ਉਹਦੇ ਡੋਲਦੇ ਮਨ ਨੂੰ ਥੰਮ ਲਿਆ। ਉਸਨੇ ਕੰਵਲ ਨੂੰ ਆਪਣੇ ਮੱਮੀ-ਡੈਡੀ ਨਾਲ ਮਿਲਾਇਆ। ਵਿਆਹ ਦੀ ਗੱਲ ਤੋਰ ਲਈ। ਮਾਂ-ਬਾਪ ਤਾਂ ਪਹਿਲਾਂ ਹੀ ਚਾਹੁੰਦੇ ਸਨ ਕਿ ਹਰਵਿੰਦ ਜਲਦੀ ਵਿਆਹ ਕਰਵਾਏ। ਉਹਨਾਂ ਭਾਵੇਂ ਵਿਆਹ ਦੀ ਉਮਰ ਨਿਕਲਦੀ ਜਾਂਦੀ ਏ। ਉਹ ਤਾਂ ਅੰਦਰਖਾਤੇ ਪਹਿਲਾਂ ਹੀ ਪੋਤੇ-ਪੋਤੀਆਂ ਦਾ ਸੁਪਨਾ ਸਜਾਈ ਬੈਠੇ ਸਨ। ਹੁਣ ਤਾਂ ਹੋਰ ਵੀ ਖੁਸ਼ ਹਨ ਕਿ ਉਹਨਾਂ ਦਾ ਮੁੰਡਾ ਆਪਣੀ ਬਰਾਦਰੀ ਦੀ ਕੁੜੀ ਨਾਲ ਵਿਆਹ ਕਰਵਾ ਰਿਹਾ।

ਕੰਵਲ ਕੋਲ ਵਿਦਿਆਰਥੀ ਵੀਜ਼ਾ ਦੋ ਕੁ ਮਹੀਨੇ ਦਾ ਅਜੇ ਰਹਿੰਦਾ ਸੀ। ਉਸਨੇ ਆਪਣੀ ਤਸੱਲੀ ਲਈ ਆਪਣੇ ਵਕੀਲ ਨਾਲ ਸੰਪਰਕ ਕੀਤਾ। ਵਿਆਹ ਕਰਵਾਉਣ ਦਾ ਇਰਾਦਾ ਵੀ ਸਾਂਝਾ ਕੀਤਾ। ਵਕੀਲ ਨੇ ਭਰੋਸਾ ਦੁਆਇਆ ਕਿ ਬ੍ਰਿਟਿਸ਼ ਕਾਨੂੰਨ ਅਨੁਸਾਰ ਤੂੰ ਵਿਆਹ ਕਰਵਾ ਸਕਦੀ। ਹੋਮ-ਆਫ਼ਿਸ ਸਵੀਕਾਰ ਕਰੇਗਾ ਜੇ ਵੀਜ਼ੇ ਦੇ ਅੰਦਰ ਵਿਆਹ ਕਰਵਾ ਲਏ। ਮੈਂ ਤੇਰੇ ਪੇਪਰ ਤਿਆਰ ਕਰ ਦਿਆਂਗਾ। ਸਮਾਜਿਕ ਅਤੇ ਰਜਿਸਟਰ ਵਿਆਹ ਕਰਵਾ ਕੇ ਮੇਰੇ ਨਾਲ ਸੰਪਰਕ ਕਰਨਾ।

ਵਕੀਲ ਦੀ ਸਲਾਹ ਤੋਂ ਬਾਅਦ ਵਿਆਹ ਦੀ ਤਾਰੀਖ਼ ਨਿਸਚਿਤ ਕੀਤੀ ਜਾਂਦੀ। ਕੰਵਲ ਦੀ ਮਾਸੀ ਸ਼ਰਨ ਕੌਰ ਸਾਊਥਾਲ ਰਹਿੰਦੀ ਸੀ। ਵਿਆਹ ਕਰਨ ਦੀ ਜ਼ਿੰਮੇਵਾਰੀ ਉਸ ਨੇ ਲੈ ਲਈ। ਮਿੱਥੇ ਸਮੇਂ ਅਨੁਸਾਰ ਪੂਰੇ ਰਸਮ-ਰਿਵਾਜ਼ਾਂ ਨਾਲ ਦੋਨਾਂ ਦਾ ਵਿਆਹ ਹੋ ਜਾਂਦਾ। ਗੁਰਦੁਆਰੇ ਲਾਵਾਂ ਲਈਆਂ ਜਾਂਦੀਆਂ, ਡੀ.ਜੇ. ਵਜਾਇਆ ਗਿਆ, ਭੰਗੜੇ ਪਾਏ ਗਏ। ਦੋਵੇਂ ਪਰਿਵਾਰ ਬਹੁਤ ਖੁਸ਼ ਨਜ਼ਰ ਆਉਂਦੇ ਨੇ।

ਹਰਵਿੰਦ ਕੰਵਲ ਨੂੰ ਖੁਸ਼ੀ-ਖੁਸ਼ੀ ਘਰ ਲੈ ਆਉਂਦਾ। ਮਾਂ-ਬਾਪ ਪੋਤੇ-ਪੋਤੀਆਂ ਦੇ ਸੁਪਨੇ ਲੈਣ ਲਗਦੇ ਹਨ। ਉਹਨਾਂ ਨੂੰ ਆਪਣੇ ਪੁੱਤ ਦੀ ਵੇਲ ਹਰੀ ਹੋਈ ਦਿਸਦੀ ਏ।

ਕੰਵਲ ਲੰਮ-ਸਲੰਮੀ ਇਕਹਿਰੇ ਸਰੀਰ ਦੀ ਸੱਜਦੀ-ਫੱਬਦੀ ਸੀ। ਆਏ ਗਏ ਦਾ ਸਤਿਕਾਰ ਕਰਦੀ ਸੀ। ਚਾਹ-ਪਾਣੀ ਪੁੱਛਦੀ। ਇੰਗਲਿਸ਼ ਬੋਲਣ ਦੀ ਕੋਈ ਸਮੱਸਿਆ ਨਹੀਂ ਸੀ ਇਥੋਂ ਦੇ ਜੰਮਪਲ ਮੁੰਡੇ ਕੁੜੀਆਂ ਨਾਲ ਵੀ ਛੇਤੀ ਘੁਲ-ਮਿਲ ਜਾਂਦੀ ਸੀ। ਸਾਰੇ ਰਿਸ਼ਤੇਦਾਰ ਉਸ ਦੀ ਪ੍ਰਸੰਸਾ ਕਰਕੇ ਜਾਂਦੇ ਸਨ। ਕਿਸੇ ਪਾਸਿਓਂ ਕੋਈ ਸ਼ਿਕਾਇਤ ਨਹੀਂ ਸੀ ਆਉਂਦੀ।

ਪਰ ਹਰਵਿੰਦ ਤਿੰਨ-ਚਾਰ ਮਹੀਨਿਆਂ ਬਾਅਦ ਗੁਆਚਾ-ਗੁਆਚਾ ਮਹਿਸੂਸ ਕਰਦਾ ਹੈ, ਜਿਵੇਂ ਉਸ ਦਾ ਕੁਝ ਗੁਆਚ ਗਿਆ ਹੋਵੇ। ਉਸ ਨੂੰ ਕੁਝ ਵੀ ਨਵਾਂ ਨਹੀਂ ਲਗਦਾ ਸੀ। ਰੂਹ ਦਾ ਕੋਈ ਅਹਿਸਾਸ ਨਹੀਂ ਸੀ ਹੁੰਦਾ। ਉਹਦੇ ਲਈ ਸ਼ਾਇਦ ਜਿਸਮ ਹੀ ਸਭ ਕੁਝ ਹੈ। ਉਹ ਉਪਰਾਮ ਰਹਿਣ ਲਗਦਾ ਹੈ। ਦਿਨ ਰਾਤ ਉਖੜਿਆ ਭਟਕਦਾ ਮਹਿਸੂਸਦਾ ਹੈ। ਕੰਮ ਤੋਂ ਵੀ ਛੁੱਟੀਆਂ ਲੈ ਰੱਖਦਾ। ਕੰਵਲ ਬਥੇਰਾ ਆਪਣੇ ਵੱਲ ਧਿਆਨ ਖਿੱਚਦੀ ਪਰ ਉਹ ਉਹਦੀ ਗਲਵੱਕੜੀ 'ਚ ਆਇਆ ਹੋਰ ਥਾਂ ਭਟਕ ਰਿਹਾ ਹੁੰਦਾ। ਕੰਵਲ ਨੇ ਸਮੇਂ ਸਿਰ ਵਿਆਹੁਤਾ ਅਧਾਰ 'ਤੇ ਵੀਜ਼ੇ ਲਈ ਅਪਲਾਈ ਕਰ ਦਿੱਤਾ ਸੀ। ਤਾਂ ਜੋ ਉਸ ਨੂੰ ਸਥਾਈ ਵੀਜ਼ਾ ਮਿਲ

ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ
ਪਰ ਇਸ ਗੱਲ ਦੀ ਸਮਝ -(ਅਗਲੇ ਸਫ਼ੇ 'ਤੇ)

ਸਕੇ।

ਇਕ ਰਾਤ ਕੰਵਲ, ਹਰਵਿੰਦ ਦੀ ਛਾਤੀ ਨਾਲ ਲੱਗੀ ਸੌਂ ਰਹੀ ਸੀ ਹਰਵਿੰਦ ਕੁਝ ਬੇਚੈਨ ਹੁੰਦਾ ਉਸਨੇ ਵਿਸਕੀ ਵੀ ਰੱਜ ਕੇ ਪੀਤੀ ਹੋਈ ਸੀ। ਉਹ ਅਚਾਨਕ ਕੰਵਲ ਨੂੰ ਪੁੱਛਣ ਲਗਦਾ, "ਕੰਵਲ ਕੋਈ ਗੱਲ ਸੁਣਾ?"

ਕੰਵਲ ਹੈਰਾਨ ਹੁੰਦੀ ਅੱਗੇ ਤਾਂ ਕਦੇ ਨਹੀਂ ਇਸ ਤਰ੍ਹਾਂ ਪੁੱਛਿਆ। ਉਹ ਪੁੱਛਦੀ "ਕਿਹੜੀ ਗੱਲ?"

"ਕਦੇ ਤੂੰ ਵੀ ਵਿਆਹ ਤੋਂ ਪਹਿਲਾਂ ਇਸ਼ਕ ਕੀਤੈ?" ਹਰਵਿੰਦ ਪੁੱਛਦਾ।

ਉਹ ਹੱਸਦੀ ਹੋਈ ਦੱਸਦੀ ਏ "ਨਹੀਂ, ਮੈਂ ਕਿਸੇ ਨਾਲ ਕੋਈ ਇਸ਼ਕ ਨਹੀਂ ਕੀਤਾ। ਸਿਰਫ ਤੇਰੇ ਨਾਲ ਪਿਆਰ ਤੇ ਤੇਰੇ ਨਾਲ ਵਿਆਹ"

"ਨਹੀਂ ਮੇਰੇ ਤੋਂ ਪਹਿਲਾਂ" ਹਰਵਿੰਦ ਫਿਰ ਪੁੱਛਦਾ।

"ਖ਼ੈਰ, ਮੈਂ ਤਾਂ ਯਕੀਨ ਨਹੀਂ ਕਰਦਾ ਹਰ ਸ਼ਖਸ ਕਿਤੇ ਨਾ ਕਿਤੇ ਫਸਿਆ ਹੁੰਦਾ। ਏਥੇ ਤਾਂ ਵਿਆਹ ਤੋਂ ਪਹਿਲਾਂ ਸਾਰੇ ਕਈ ਅਸਲੀ ਅਤੇ ਨਕਲੀ ਇਸ਼ਕ ਕਰ ਕੇ ਵੇਖ ਲੈਂਦੇ। ਫੇਰ ਕਿਤੇ ਜਾ ਕੇ ਵਿਆਹ ਲਈ ਮਨ ਬਣਾਉਂਦੇ।" ਹਰਵਿੰਦ ਸਹਿ-ਸੁਭਾਅ ਆਖਦਾ।

ਕੰਵਲ ਰੋਣ ਹਾਕੀ ਜਿਹੀ ਹੋ ਜਾਂਦੀ। ਉਹ ਹਰਵਿੰਦ ਦਾ ਹੱਥ ਫੜਕੇ ਆਪਣੇ ਪੇਟ 'ਤੇ ਰੱਖਦੀ ਅਤੇ ਜਿਥੇ ਉਸਦਾ ਬੱਚਾ ਪਲ ਰਿਹਾ ਹੁੰਦਾ, ਕਹਿੰਦੀ ਹੈ, "ਬਸ ਤੇਰੇ ਇਸ ਬੱਚੇ ਦੀ ਸਹੁੰ, ਮੇਰਾ ਕਿਸੇ ਨਾਲ ਕੋਈ ਇਸ਼ਕ ਨਹੀਂ"

ਹਰਵਿੰਦ ਬੋਲਦਾ "ਮੇਰੇ ਯਕੀਨ ਤੋਂ ਪਰੇ ਦੀ ਗੱਲ ਆ! ਜੇ ਤੂੰ ਬੁਰਾ ਨਾ ਮਨਾਵੇਂ ਤਾਂ ਮੈਂ ਆਪਣੇ ਪਿਆਰ ਦੀ ਕਹਾਣੀ ਖੋਲ੍ਹ ਕੇ ਸੁਣਾ ਸਕਦਾ"

"'ਸੁਣਾ ਫੇਰ' ਕੰਵਲ ਪੁੱਛਦੀ ਏ।

ਹਰਵਿੰਦ ਦੱਸਣ ਲਗਦਾ ਟੀਨਾ ਨਾਂਅ ਦੀ ਕੁੜੀ ਨਾਲ ਮੈਂ ਦਸ ਸਾਲ ਇਸ਼ਕ ਕੀਤਾ। ਆਪਣੇ ਇਸ਼ਕ ਦੀ ਦਾਸਤਾਨ ਸੁਣਾਉਂਦਿਆਂ ਜਿਵੇਂ ਜਿਵੇਂ ਉਹ ਪਰਤ-ਦਰ-ਪਰਤ ਲਹਿੰਦਾ ਜਾਂਦਾ ਏ, ਕੰਵਲ ਉਸ ਦੀ ਛਾਤੀ ਨਾਲ ਲੱਗੀ ਅਣਜਾਣੇ ਭੈਅ ਵਿਚ ਸੁੰਗੜਦੀ ਜਂਦੀ ਹੈ। ਹੌਲੀ-ਹੌਲੀ ਉਹ ਸਿਸਕੀਆਂ ਭਰਨ ਲਗਦੀ ਏ। ਅਖੀਰ ਪੁੱਛਦੀ ਏ, "ਇਹ ਕਹਾਣੀ ਸੁਣਾਉਣ ਦਾ ਕੀ ਮਤਲਬ?"

ਹਰਵਿੰਦ ਸਹਿਜ-ਸੁਭਾਅ ਬੋਲਦਾ "ਦੇਖ ਡਾਰਲਿੰਗ ਮਤਲਬ ਕੋਈ ਨਹੀਂ। ਐਵੇਂ ਬੀਤਿਆ ਤੇਰੇ ਨਾਲ ਸਾਂਝਾ ਕਰਨ ਲੱਗ ਪਿਆ ਹਾਂ। ਸੱਚ ਮੈਥੋਂ ਲਕੋਇਆ ਨਹੀਂ ਜਾਂਦਾ। ਸੱਚ ਬੋਲਣ ਦੀ ਆਦਤ ਏ। ਮੈਂ ਇਹਦੇ ਸਮਨਾਂਤਰ ਦੋ ਹੋਰ ਵੀ ਇਸ਼ਕ ਕੀਤੇ। ਇਕ ਇਰਾਨ ਦੀ ਕੁੜੀ ਸੀ ਨਿਰੀ ਅੱਗ ਦੀ ਲਾਟ, ਇਕ ਏਥੋਂ ਦੀ ਗੁਲਾਬੀ ਕੁੜੀ, ਸਮੁੰਦਰ ਵਾਂਗ ਡੂੰਘੀ ਪਰ ਇਹਨਾਂ ਨਾਲ ਮੈਂ ਜਿਸਮਾਨੀ ਸਾਂਝ ਹੀ ਰੱਖੀ। ਤੇਰੇ ਨਾਲ ਰੂਹ ਦੀ ਸਾਂਝ।"

ਕੰਵਲ ਉਹਦੀ ਛਾਤੀ ਨਾਲ ਲੱਗੀ ਪਿੱਛੇ ਹਟਦੀ ਏ। ਉਸਨੂੰ ਉਸ ਵਿੱਚ ਦਰਿੰਦਗੀ ਦੀ ਬਦਬੂ ਆਣ ਲਗਦੀ ਏ। ਉਸ ਨੂੰ ਸਮਝ ਨਹੀਂ ਆਉਂਦੀ। ਇਹ ਇਸ ਮੌਕੇ ਕੀ ਕਰੇ। ਉਸ ਦਾ ਜੀਅ ਕਰਦਾ ਸਾਰੀਆਂ ਖਿੜਕੀਆਂ ਖੋਲ੍ਹ ਦੇਵੇ। ਸਵੱਛ ਤਾਜ਼ੀ ਹਵਾ ਅੰਦਰ ਆਵੇ। ਪੇਟ ਵਿੱਚ ਪਲ ਰਿਹਾ ਬੱਚਾ ਉਸ ਤਾਜ਼ੀ ਹਵਾ 'ਚੋਂ ਸਾਹ ਭਰੇ। ਉਸ ਦੀਆਂ ਸਿਸਕੀਆਂ ਅੱਗ ਦਾ ਭਬੂੰਕਾ ਬਣਦੀਆਂ ਪਈਆਂ। ਪਰ ਉਸ ਨੇ ਮੌਕੇ ਨੂੰ ਭਾਂਪਦਿਆਂ ਇਸ ਅੱਗ ਨੂੰ ਆਪਣੀ ਛਾਤੀ ਵਿੱਚ ਦੱਬ ਲਿਆ। ਕੰਵਲ ਸਹਿਜ ਹੋ ਕੇ ਪੁੱਛਦੀ ਏ, "ਇਹ ਸੱਚ ਉਦੋਂ ਕਿਥੇ ਸੀ ਜਦੋਂ ਵਿਆਹ ਕਰਵਾਉਣਾ ਸੀ?"

" ਉਦੋਂ ਮਾਂ-ਬਾਪ ਦਾ ਪਰੈਸ਼ਰ ਸੀ। ਤੇਰੇ ਹੁੰਗਾਰੇ 'ਚੋਂ ਮੈਨੂੰ ਉਹਨਾਂ ਦੀ ਖੁਸ਼ੀ ਦਿੱਸ ਰਹੀ ਸੀ। ਚੁੱਪ ਵਿਚੋਂ ਹੀ ਤੇਰੀ ਪ੍ਰਾਪਤੀ ਸੀ" ਹਰਵਿੰਦ ਆਖਦਾ।

"ਇਹਦਾ ਮਤਲਬ ਉਦੋਂ ਚੁੱਪ ਰਹਿ ਕੇ ਵਿਆਹ ਕਰਵਾ ਲਿਆ। ਹੁਣ ਸੱਚ ਬੋਲ ਕੇ ਮੈਥੋਂ ਖਹਿੜਾ ਛਡਾਉਣਾ ਚਾਹੁੰਦੈ?" ਕੰਵਲ ਆਖਦੀ।

"ਮੈਂ ਤਾਂ ਚਾਹੁੰਦਾ ਤੂੰ ਵੀ ਸੱਚ ਬੋਲ। ਕਿਸੇ ਨਾ ਕਿਸੇ ਮੁੰਡੇ ਬਾਰੇ ਜ਼ਰੂਰ ਸੋਚਦੀ ਹੋਵੇਗੀ?"

"ਮੇਰਾ ਤਾਂ ਇਹੋ ਸੱਚ ਹੈ ਕਿ ਮੇਰਾ ਕਿਸੇ ਨਾਲ ਪਿਆਰ ਨਹੀਂ ਰਿਹਾ। ਇਹ ਵੀ ਮਰਦ ਹੀ ਧੋਖੇ ਕਰ ਸਕਦੇ" ਕੰਵਲ ਬੋਲਦੀ।

"ਹੁਣ ਤੂੰ ਸਾਰੇ ਮਰਦਾਂ ਨੂੰ ਬਦਨਾਮ ਕਰਨ ਲੱਗ ਪਈ, ਏਥੇ ਤਾਂ ਕੋਈ ਕੁੜੀ ਹੈ ਜਾਂ ਮੁੰਡਾ ਜਵਾਨੀ ਵਿੱਚ ਪੈਰ ਧਰਦਿਆਂ ਹੀ ਖੁੱਲ੍ਹਾ ਮਾਨਣ ਲੱਗ ਜਾਂਦਾ। ਏਸੇ ਲਈ ਤੈਨੂੰ ਪੁੱਛਣ ਲੱਗ ਪਿਆ" ਹਰਵਿੰਦ ਆਖਦਾ।

"ਇਹ ਤੂੰ ਪੱਛਮੀ ਸਭਿਆਚਾਰ ਦੀ ਗੱਲ ਕਰ ਰਿਹੈ, ਪਰ ਮੈਂ ਤਾਂ ਭਾਰਤੀ ਪੰਜਾਬ ਵਿੱਚ ਜੰਮੀ ਪਲੀ ਹਾਂ। ਉਥੇ ਦੇ ਕਲਚਰ ਤੋਂ ਪ੍ਰਭਾਵਿਤ ਹਾਂ। ਉਹੀ ਮੇਰਾ ਕਲਚਰ ਏ" ਕੰਵਲ ਆਖਦੀ ਏ।

"ਪਰ ਹੁਣ ਤਾਂ ਤੂੰ ਪਿਛਲੇ ਦੋ ਸਾਲਾਂ ਤੋਂ ਏਥੇ ਹੀ ਰਹਿ ਰਹੀ ਏ" ਹਰਵਿੰਦ ਆਖਦਾ ਏ।

ਕੇਵਲ ਚੁੱਪ ਧਾਰ ਲੈਂਦੀ ਏ। ਸਵਾਲ ਜਵਾਬ ਵਿਚ ਪੈਣਾ ਨਹੀਂ ਚਾਹੁੰਦੀ ਉਸ ਨੂੰ ਪਤਾ ਹੈ ਕਿ ਇਸ ਸਵਾਲ ਜਵਾਬ ਵਿਚ ਕੋਈ ਸਾਰਥਿਕ ਨਤੀਜਾ ਨਹੀਂ ਨਿਕਲਣਾ। ਉਹ ਲੱਥੇ ਜਵਾਰਭਾਟੇ ਵਾਂਗ ਸ਼ਾਂਤ ਹੋ ਜਾਂਦੀ ਏ। ਹਰਵਿੰਦ ਵੀ ਨਸ਼ੇ ਦੀ ਸਰੂਰੀ ਵਿਚ ਅੱਧਾ ਕੁ ਸੁੱਤਾ ਨਜ਼ਰ ਆਉਂਦਾ ਹੈ। ਛੇਤੀ ਘੁਰਾੜੇ ਮਾਰਨ ਲੱਗ ਜਾਂਦਾ ਹੈ। ਕੰਵਲ ਸੋਚਾਂ ਵਿੱਚ ਡੁੱਬ ਜਾਂਦੀ ਏ। ਉਸ ਦਾ ਚਿੱਤ ਕਰਦਾ ਸਭ ਕੁਝ ਛੱਡ ਕੇ ਦੌੜ ਜਾਵੇ। ਪਰ ਰਾਤ ਵੇਲੇ ਜਾਵੇ ਕਿਥੇ? ਕੰਵਲ ਕਨਫਿਊਜ਼ ਹੋ ਜਾਂਦੀ ਏ। ਉਸ ਨੂੰ ਆਪਣੀਆਂ ਯਾਦ ਆਉਣ ਲਗਦੀ ਹੈ ਕਿ ਜੋ ਕਿਹਾ ਕਰਦੀ ਸੀ ਕਿ ਹਰ ਫੈਸਲਾ ਲੈਣ ਤੋਂ ਪਹਿਲਾਂ ਜ਼ਰੂਰ ਦੋ ਵਾਰ ਸੋਚੋ। ਉਹ ਪੇਟ ਅੰਦਰ ਪਲਦੇ ਬੱਚੇ ਬਾਰੇ ਸੋਚਦੀ ਏ। ਉਸ ਨੂੰ ਲਗਦਾ ਹਰਵਿੰਦ ਜਿਵੇਂ ਮਨੋ-ਕਲਪਿਤ ਕਹਾਣੀ ਸੁਣਾ ਗਿਆ। ਉਹਦਾ ਬੋਲਿਆ ਸੱਚ, ਸਭ ਝੂਠ ਨਜ਼ਰ ਆਉਂਦਾ।

ਕੰਵਲ ਦੀਆਂ ਅੱਖਾਂ 'ਚ ਫੇਰ ਹੰਝੂ ਵਗਣ ਲਗਦੇ। ਹੰਝੂ ਅੰਗਿਆਰਾਂ ਵਾਂਗ ਮੱਘਦੇ ਹਨ। ਇਹਨਾਂ ਅੰਗਿਆਰਾਂ ਨੂੰ ਉਹ ਸਹਿਣਸ਼ੀਲਤਾ ਨਾਲ ਛਾਤੀ ਵਿੱਚ ਦੱਬੀ ਜਾ ਰਹੀ ਏ। ਉਹ ਸੋਚਦੀ ਏ। ਇੱਕ ਵਾਰ ਪੱਕੀ ਹੋ ਲਵਾਂ, ਫੇਰ ਵੇਖਾਂਗੀ ਕਿ ਕਿੰਨਾ ਕੁ ਸੇਕ ਸਹਿ ਸਕਦਾ। ਸੱਚ-ਝੂਠ ਦੇ ਦਰਮਿਆਨ ਪਿਸਦੀ ਨੂੰ ਕਦੇ ਝੂਠ, ਸੱਚ ਨਜ਼ਰ ਆਉਂਦਾ ਅਤੇ ਕਦੇ ਸੱਚ, ਝੂਠ ਨਜ਼ਰ ਆਉਂਦਾ।

ਸਿਰਫ ਸੁਣਿਆਂ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆਂ ਜਾ ਸਕਦਾ ਹੈ -(ਅਗਲੇ ਸਫ਼ੇ 'ਤੇ)

ਕਹਾਣੀ

# ਰਿਸ਼ਤੇਦਾਰੀ

## ਨਿਰਮਲ ਸਿੰਘ ਕੰਧਾਲਵੀ


ਨਿਰਮਲ ਸਿੰਘ ਕੰਧਾਲਵੀ

ਨਿਰਮਲ ਸਿੰਘ ਕੰਧਾਲਵੀ: ਕੰਧਾਲਾ ਜੱਟਾਂ, ਹੁਸ਼ਿਆਰਪੁਰ ਤੋਂ ਪ੍ਰਵਾਸ ਕਰਨ ਤੋਂ ਬਾਦ ਮੁਖ ਤੌਰ 'ਤੇ ਇੰਟਰਪ੍ਰੈਟਰ-ਟ੍ਰਾਂਸਲੇਟਰ, ਕੁਆਲਿਟੀ ਕੰਟਰੋਲ ਇੰਸਪੈਕਟਰ ਅਤੇ ਬਰਮਿੰਘਮ ਐਜੂਕੇਸ਼ਨ ਮਹਿਕਮੇ ਤੋਂ ਰਿਟਾਇਰ ਹੋਏ। ਇਸਤੋਂ ਇਲਾਵਾ ਭਾਰਤੀ ਮਜ਼ਦੂਰ ਸਭਾ, ਸਥਾਨਕ ਗੁਰਦੁਆਰਾ ਸਾਹਿਬ, ਪ੍ਰਗਤੀਸ਼ੀਲ ਲਿਖਾਰੀ ਸਭਾ ਅਤੇ ਚੈਰਿਟੀ ਸੰਸਥਾਵਾਂ ਵਿਚ ਸੇਵਾਵਾਂ ਨਿਭਾਈਆਂ। ਆਪ ਸਫ਼ਲ ਟੀਵੀ ਪੇਸ਼ਕਾਰ, ਸਾਹਿਤ ਵਿਚ ਵਿਅੰਗ ਕਵਿਤਾ, ਕਹਾਣੀਆਂ ਅਤੇ ਸਮਾਜਕ ਵਿਸ਼ਿਆਂ ਉਪਰ ਲਗਾਤਾਰ ਕਲਮ-ਅਜ਼ਮਾਈ ਕਰਦੇ ਆ ਰਹੇ ਹਨ।- ਦਰਸ਼ਨ ਢਿੱਲੋਂ ਮੁਰਾਦਵਾਲਾ

ਬਚਨ ਸਿੰਘ ਨੂੰ ਜਿਸ ਗੱਲ ਦਾ ਡਰ ਸੀ ਉਹੀ ਹੋਈ। ਉਹਦਾ ਮੁੰਡਾ ਜੰਗਾ ਇਕੱਲਾ ਹੀ ਰੋਹੀ ਵਾਲੇ ਖੇਤ ਦੇ ਬੰਨੇ ਬਦਲੇ ਕਿਸ਼ਨ ਸਿਉਂ ਕਿਆਂ ਦੇ ਮੁੰਡਿਆਂ ਨਾਲ ਲੜ ਪਿਆ ਸੀ। ਕਿਸ਼ਨ ਸਿਉਂ ਕਿਆਂ ਨੇ ਕਈ ਸਾਲਾਂ ਤੋਂ ਬਚਨ ਸਿੰਘ ਦਾ ਥੋੜ੍ਹਾ ਜਿਹਾ ਬੰਨਾ ਦੱਬਿਆ ਹੋਇਆ ਸੀ ਪਰ ਉਸ ਨੇ ਹਉ ਪਰੇ ਕਰ ਛੱਡਿਆ ਸੀ ਹਾਲਾਂਕਿ ਇਹ ਗੱਲ ਜੱਟ ਸੁਭਾਅ ਦੇ ਉਲਟ ਸੀ।

ਜੰਗਾ ਮੋਛੇ ਵਰਗਾ ਜਵਾਨ ਨਿੱਕਲਿਆ ਸੀ। ਉਸ ਨੇ ਕਿਸ਼ਨ ਸਿੰਘ ਦੇ ਦੋਨੋਂ ਮੁੰਡੇ ਬਹੁਤ ਬੁਰੀ ਤਰ੍ਹਾਂ ਕੁੱਟੇ। ਵੱਡੇ ਮੁੰਡੇ, ਜਗੀਰੀ ਦੇ ਮੌਰਾਂ 'ਚ ਗੰਡਾਸੀ ਇੰਨੇ ਜ਼ੋਰ ਨਾਲ ਮਾਰੀ ਕਿ ਉਹਦੇ ਮੋਢੇ ਦੀ ਹੱਡੀ ਨੂੰ ਚੀਰ ਗਈ।

ਜਗੀਰੀ ਦੀ, 'ਮਾਰ ਸੁੱਟਿਆ, ਮਾਰ ਸੁੱਟਿਆ' ਦੀ ਚੀਕ-ਪੁਕਾਰ ਸੁਣ ਕੇ ਆਲੇ-ਦੁਆਲੇ ਦੇ ਖੇਤਾਂ 'ਚ ਕੰਮ ਕਰਨ ਵਾਲੇ ਲੋਕ ਜਦ ਨੂੰ ਲੜਾਈ ਵਾਲੀ ਥਾਂ ਪਹੁੰਚੇ, ਜੰਗਾ ਉਥੋਂ ਹਰਨ ਹੋ ਚੁੱਕਾ ਸੀ। ਕਿਸ਼ਨ ਸਿਉਂ ਦਾ ਛੋਟਾ ਮੁੰਡਾ ਜਾਨ ਬਚਾ ਕੇ ਪਿੰਡ ਨੂੰ ਭੱਜਿਆ ਤੇ ਘਰ ਦਿਆਂ ਨੂੰ ਖ਼ਬਰ ਕੀਤੀ। ਕੁਝ ਬੰਦਿਆਂ ਨੇ ਜਗੀਰੀ ਨੂੰ ਚੁੱਕ ਕੇ ਸ਼ਹਿਰ ਦੇ ਸਰਕਾਰੀ ਹਸਪਤਾਲ ਪਹੁੰਚਾਇਆ। ਕਿਸ਼ਨ ਸਿੰਘ ਆਪ, ਨੰਬਰਦਾਰ ਤਾਰਾ ਸਿੰਘ ਨੂੰ ਨਾਲ ਲੈ ਕੇ ਹਸਪਤਾਲ ਪਹੁੰਚਿਆ ਤੇ ਜਗੀਰੀ ਦੀ ਹਾਲਤ ਵੇਖੀ। ਡਾਕਟਰ ਨਾਲ ਗੱਲਬਾਤ ਕੀਤੀ, ਫਿਰ ਉਹ ਤੇ ਨੰਬਰਦਾਰ ਤਾਰਾ ਸਿੰਘ ਪੁਲਿਸ ਚੌਂਕੀ ਰਿਪੋਰਟ ਲਿਖ਼ਾਉਣ ਚਲੇ ਗਏ।

ਜੰਗੇ ਦਾ ਬਾਪ ਬਚਨ ਸਿੰਘ ਆਪਣੇ ਪਿਉ ਦਾ ਇਕਲੌਤਾ ਪੁੱਤ ਸੀ। ਉਹ ਆਪਣੇ ਬਾਪ ਸੰਤਾ ਸਿੰਘ ਵਾਂਗ ਬਹੁਤ ਹੀ ਭਲਾਮਾਣਸ ਸੀ। ਸਾਧੂ ਸੁਭਾਅ ਦਾ ਬੰਦਾ ਸੀ। ਉਸ ਨੂੰ ਕੋਈ ਵੈਲ ਨਹੀਂ ਸੀ। ਉਸ ਨੇ ਤਾਂ ਕਦੀ ਸ਼ਰਾਬ ਦੀ ਘੁੱਟ ਵੀ ਨਹੀਂ ਸੀ ਅੰਦਰ ਲੰਘਾਈ ਜਦ ਕਿ ਪਿੰਡ ਵਿਚ ਕਈ ਲੋਕ ਘਰ ਦੀ ਕੱਢੀ ਦਾਰੂ ਪੀਣ ਤੋਂ ਇਲਾਵਾ ਵੇਚ ਵੀ ਲੈਂਦੇ ਸਨ। ਜ਼ਮੀਨ ਦੀ ਢੇਰੀ ਸਾਰੇ ਪਿੰਡ ਤੋਂ ਚੰਗੀ ਤੇ ਵੱਡੀ ਸੀ। ਜ਼ਮੀਨ ਜਾਇਦਾਦ ਤੋਂ ਇਲਾਵਾ ਉਹ ਕਈ ਸਾਲਾਂ ਤੋਂ ਡੇਅਰੀ ਫਾਰਮ ਦਾ ਧੰਦਾ ਬੜੀ ਕਾਮਯਾਬੀ ਨਾਲ ਚਲਾ ਰਿਹਾ ਸੀ। ਜਿਸ ਦੇ ਸਦਕਾ ਹੀ ਉਸ ਨੇ ਸਗੋਂ ਕੁਝ ਕਿੱਲੇ ਜ਼ਮੀਨ ਹੋਰ ਨਾ਼ਲ ਰ਼ਲਾ ਲਈ ਸੀ।

ਬਚਨ ਸਿੰਘ ਦੇ ਵਿਆਹ ਦੇ ਸੱਤਾਂ ਸਾਲਾਂ ਬਾਅਦ ਵੀ ਉਹਦੀ ਘਰ ਵਾਲੀ ਜੀਤੋ ਨੂੰ ਬੱਚਾ-ਬੱਚੀ ਨਾ ਹੋਇਆ। ਪਹਿਲਾਂ-ਪਹਿਲ ਤਾਂ ਉਹਦੀ ਮਾਂ ਨੇ ਕੋਈ ਵੀ ਧਾਗੇ-ਤਵੀਤਾਂ ਵਾਲਾ, ਸਾਧ-ਸੰਤ ਅਤੇ ਨੀਮ-ਹਕੀਮ ਨਾ ਛੱਡਿਆ ਪਰ ਕਿਤਿਉਂ ਵੀ ਉਸਦੀ ਨੂੰਹ ਦੀ ਝੋਲੀ ਨਾ ਭਰੀ। ਅਖ਼ੀਰ ਥੱਕ ਹਾਰ ਕੇ ਉਸਨੇ ਬਚਨ ਸਿੰਘ 'ਤੇ ਦੂਸਰਾ ਵਿਆਹ ਕਰਵਾਉਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿਤਾ। ਬਚਨ ਸਿੰਘ ਨੇ ਕਦੇ ਵੀ ਮਾਂ ਦੀ ਗੱਲ ਗੰਭੀਰ ਹੋ ਕੇ ਨਾ ਸੁਣੀ। ਉਹ ਹਮੇਸ਼ਾ ਪ੍ਰਮਾਤਮਾ ਦੇ ਭਾਣੇ 'ਚ ਰਹਿਣ ਲਈ ਮਾਂ ਨੂੰ ਨਸੀਹਤਾਂ ਦਿੰਦਾ, ਪਰ ਮਾਂ 'ਤੇ ਇਹਨਾਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ ਤੇ ਇਸੇ ਗੱਲੋਂ ਮਾਂ-ਪੁੱਤ ਦਾ ਕਈ ਵਾਰੀ ਝਗੜਾ ਵੀ ਹੋ ਚੁੱਕਾ ਸੀ। ਅਜਿਹੇ ਸਮੇਂ 'ਤੇ ਜੀਤੋ ਦੀ ਹਾਲਤ ਬੜੀ ਤਰਸਯੋਗ ਹੋ ਜਾਂਦੀ, ਉਹਨੂੰ ਆਪਣੀ ਸੱਸ ਦੇ ਬੜੇ ਦਿਲ ਚੀਰਵੇਂ ਬੋਲ ਸੁਣਨੇ ਪੈਂਦੇ। ਉਹ ਆਪਣੇ ਆਪ ਨੂੰ ਕੋਸਦੀ, ਰੱਬ ਨੂੰ ਤਾਹਨੇ ਮਿਹਣੇ ਮਾਰਦੀ। ਬਚਨ ਸਿੰਘ ਉਸ ਨੂੰ ਸਮਝਾਉਂਦਾ ਤੇ ਹੌਂਸਲਾ ਦਿੰਦਾ ਪਰ ਮਾਂ ਦੇ ਜੀਤੋ ਨੂੰ ਬੋਲੇ ਹੋਏ ਕੌੜੇ ਬੋਲਾਂ ਦਾ ਉਹ ਕੁਝ ਨਾ ਕਰ ਸਕਦਾ। ਉਹ ਮਾਂ ਅਤੇ ਜੀਤੋ ਵਿਚਕਾਰ ਫ਼ਸਿਆ ਹੋਇਆ ਸਗੋਂ ਹੋਰ ਪਰੇਸ਼ਾਨ ਹੋ ਜਾਂਦਾ ਸਾਰਾ ਸਾਰਾ ਦਿਨ ਖੇਤੋਂ ਹੀ ਨਾ ਮੁੜਦਾ। ਮਾਂ ਨੂੰ ਉਹ ਬਹੁਤ ਸਮਝਾ ਚੁੱਕਾ ਸੀ ਪਰ ਉਸ 'ਤੇ ਕੋਈ ਅਸਰ ਨਹੀਂ ਸੀ ਹੋਇਆ। ਮਾਂ ਦੇ ਵਾਰ ਵਾਰ ਕਹਿਣ 'ਤੇ ਉਸਨੇ ਕਦੇ ਵੀ ਦੂਸਰੇ ਵਿਆਹ ਲਈ ਹਾਂ ਨਾ ਕੀਤੀ। ਅਖ਼ੀਰ ਮਾਂ ਆਪਣੇ ਪੁੱਤ ਦੇ ਘਰ ਉਲਾਦ ਦੀ ਸੱਧਰ ਲੈ ਕੇ ਇਸ ਦੁਨੀਆਂ ਤੋਂ ਕੂਚ ਕਰ ਗਈ।

ਬਸ ਇਹ ਇਕ ਚਮਤਕਾਰ ਹੀ ਸਮਝੋ ਕਿ ਦਸਾਂ ਸਾਲਾਂ ਬਾਅਦ ਬਚਨ ਸਿੰਘ ਦੀ ਘਰ ਵਾਲੀ ਜੀਤੋ ਨੂੰ ਉਮੀਦਵਾਰੀ ਹੋ ਗਈ। ਬਚਨ ਸਿੰਘ ਨੂੰ ਯਕੀਨ ਨਾ ਆਵੇ। ਸ਼ਹਿਰ ਦੇ ਮਸ਼ਹੂਰ ਡਾਕਟਰ ਤੋਂ ਚੈੱਕ ਕਰਵਾ ਕੇ ਹੀ ਉਹਨੇ ਯਕੀਨ ਕੀਤਾ। ਜਦੋਂ ਜੀਤੋ ਨੇ ਲੜਕੇ ਨੂੰ ਜਨਮ ਦਿੱਤਾ ਉਸ ਵੇਲੇ ਭਾਰਤ ਅਤੇ ਪਾਕਿਸਤਾਨ ਦੀ ਜੰਗ ਲੱਗੀ ਹੋਈ ਸੀ। ਦਾਈ ਨੇ ਹੱਸਦੀ-ਹੱਸਦੀ ਨੇ ਕਹਿ ਦਿੱਤਾ ਕਿ ਲੜਕਾ ਜੰਗ ਦੇ ਦਿਨਾਂ 'ਚ ਪੈਦਾ ਹੋਇਆ ਸੀ ਸੋ ਉਹਦਾ ਨਾਮ ਜੰਗ ਸਿੰਘ ਹੀ ਰੱਖ ਦਿੱਤਾ ਜਾਵੇ। ਕਿਸੇ ਨੇ ਉਜ਼ਰਦਾਰੀ ਨਾ ਕੀਤੀ ਅਤੇ ਮੁੰਡੇ ਦਾ ਨਾਮ ਜੰਗਾ ਸਿੰਘ ਰੱਖ ਦਿੱਤਾ ਗਿਆ।

ਜਿਵੇਂ ਚਿਰਾਂ ਬਾਅਦ ਲੱਭੀ ਚੀਜ਼ ਨੂੰ ਵਿਅਕਤੀ ਸੰਭਾਲ-ਸੰਭਾਲ ਕੇ ਰੱਖਦਾ ਹੈ ਇਸੇ ਤਰ੍ਹਾਂ ਹੀ ਜੀਤੋ ਜੰਗੇ ਨੂੰ ਤੱਤੀ ਵਾਅ ਨਾ ਲੱਗਣ ਦਿੰਦੀ। ਘਰ ਵਿਚ ਕਿਸੇ ਚੀਜ਼ ਦੀ ਤੰਗੀ ਨਹੀਂ ਸੀ। ਉਹਦੀ ਹਰ ਜਾਇਜ਼-ਨਾਜਾਇਜ਼ ਫ਼ਰਮਾਇਸ਼ ਪੂਰੀ ਕੀਤੀ ਜਾਂਦੀ। ਮਾਂ ਦੇ ਲਾਡ ਪਿਆਰ ਨੇ ਉਹਨੂੰ ਬਹੁਤ ਵਿਗਾੜ ਦਿੱਤਾ ਸੀ। ਸਕੂਲ ਵਿਚ ਉਹ ਕੋਈ ਨਾ ਕੋਈ ਸਿਆਪਾ ਪਾਈ ਰੱਖਦਾ। ਨਿਆਣੇ ਕੁੱਟ ਕੱਢਦਾ। ਮਾਸਟਰਾਂ ਦੀ ਪਰਵਾਹ ਨਾ ਕਰਦਾ। ਕਈ ਵਾਰੀ ਮਾਸਟਰ ਉਹਦੀ ਛਿੱਤਰ ਪਰੇਡ ਵੀ ਕਰਦੇ ਪਰ ਉਹਦੇ 'ਤੇ ਕੋਈ ਅਸਰ ਨਾ ਹੁੰਦਾ। ਲੋਕਾਂ ਤੋਂ ਰੋਜ਼ ਉਲਾਂਭੇ ਮਿਲਦੇ ਪਰ ਜੀਤੋ ਉਲਟਾ ਉਲਾਂਭਾ

ਖ਼ੁਦ ਹੰਢਾ ਕੇ ਹੀ-
ਨਾਸਤਿਕ ਹੋਣ ਬਾਅਦ। -ਸਾਧੂ ਬਨਿੰਗ

ਦੇਣ ਵਾਲੇ ਨੂੰ ਉਖੜੀ ਕੁਹਾੜੀ ਵਾਂਗ ਪੈਂਦੀ। ਬਚਨ ਸਿੰਘ ਦੀ ਭਲਮਾਣਸੀ ਨੂੰ ਕਈ ਲੋਕ ਚੁੱਪ ਕਰ ਰਹਿੰਦੇ। ਉਹ ਆਪ ਲੋਕਾਂ ਦੇ ਘਰੀਂ ਜਾ ਕੇ ਮਿੰਨਤ ਤਰਲਾ ਕਰ ਆਉਂਦਾ। ਜੇ ਉਹ ਜੀਤੋ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਹਦੀ ਵੀ ਲਾਹ-ਪਾਹ ਕਰ ਦਿੰਦੀ। ਮਾਂ-ਪੁੱਤ ਇਕ ਪਾਸੇ ਹੋ ਜਾਂਦੇ 'ਤੇ ਉਹਨੂੰ ਗੱਲ ਵੀ ਨਾ ਕਰਨ ਦਿੰਦੇ। ਖੁੱਲ੍ਹੇ ਖਾਣ-ਪੀਣ ਅਤੇ ਬੇਪ੍ਰਵਾਹੀ ਨਾਲ ਉਹ ਕੜੀ ਵਰਗਾ ਜਵਾਨ ਨਿਕਲਿਆ। ਉਹ ਜਿਉਂ-ਜਿਉਂ ਜਵਾਨ ਹੋ ਰਿਹਾ ਸੀ ਉਵੇਂ-ਉਵੇਂ ਹੀ ਉਹਦੀਆਂ ਆਦਤਾਂ ਵੀ ਵਿਗੜ ਰਹੀਆਂ ਸਨ।

ਹੁਣ ਉਹ ਅਠਾਰਾਂ ਸਾਲਾਂ ਦਾ ਉੱਚਾ ਲੰਮਾ ਤੇ ਸਰੀਰ ਦਾ ਭਰਵਾਂ ਗੱਭਰੂ ਸੀ। ਜਿਵੇਂ ਕਿ ਪਿੰਡਾਂ ਵਿਚ ਹੁੰਦਾ ਹੀ ਹੈ, ਸ਼ਰੀਕਾਂ ਨੇ ਉਹਨੂੰ ਕਿਸ਼ਨ ਸਿਉਂ ਕਿਆਂ ਨਾਲ ਉਨ੍ਹਾਂ ਦੇ ਬੰਨੇ ਦੇ ਝਗੜੇ ਬਾਰੇ ਤੁੱਖਣਾ ਦੇਣੀ ਸ਼ੁਰੂ ਕਰ ਦਿੱਤੀ। ਸਿਆਣੇ ਕਹਿੰਦੇ ਹਨ ਕਿ ਰੋਜ਼-ਰੋਜ਼ ਤਾਂ ਰੱਸੀ ਘਸਣ ਨਾਲ ਪੱਥਰਾਂ ਵਿਚ ਵੀ ਘਾਸੇ ਪੈ ਜਾਂਦੇ ਹਨ, ਜੰਗਾ ਤਾਂ ਪਹਿਲਾਂ ਹੀ ਅੱਗ ਦੀ ਨਾ਼ਲ ਸੀ, ਅੱਜ ਉਹਨੇ ਕਾਰਾ ਕਰ ਹੀ ਦਿੱਤਾ ਸੀ।

ਰਿਪੋਰਟ ਲਿਖਣ ਤੋਂ ਬਾਅਦ ਥਾਣੇਦਾਰ ਨੇ ਕਿਸ਼ਨ ਸਿੰਘ ਅਤੇ ਨੰਬਰਦਾਰ ਨੂੰ ਜੀਪ ਵਿਚ ਬਿਠਾਇਆ 'ਤੇ ਸਿੱਧਾ ਸਰਕਾਰੀ ਹਸਪਤਾਲ ਪਹੁੰਚ ਗਿਆ। ਉਹਨੇ ਜਗੀਰੀ ਦੇ ਬਿਆਨ ਕਲਮਬੰਦ ਕੀਤੇ, ਫ਼ਿਰ ਡਾਕਟਰ ਨਾਲ ਗੱਲਬਾਤ ਕੀਤੀ। ਹੱਡੀ ਵੱਢ ਹੋਈ ਹੋਣ ਕਰਕੇ ਤਿੰਨ ਸੌ ਛੱਬੀ ਦਾ ਕੇਸ ਬਣਦਾ ਸੀ। ਫ਼ਾਈਲ ਵਿਚ ਲੋੜੀਂਦੀਆਂ ਗੱਲਾਂ ਨੋਟ ਕਰ ਕੇ ਉਹਨੇ ਜੀਪ ਦਾ ਰੁਖ਼ ਪਿੰਡ ਵੱਲ ਕਰ ਲਿਆ।

ਪਿੰਡ ਦਾ ਸਰਪੰਚ ਪਹਿਲਾਂ ਹੀ ਪੰਜ ਚਾਰ ਮੋਹਤਬਰ ਬੰਦਿਆਂ ਦੇ ਨਾਲ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਉਧਰ ਬਚਨ ਸਿੰਘ ਨੂੰ ਆਪ ਨੂੰ ਵੀ ਨਹੀਂ ਸੀ ਪਤਾ ਕਿ ਜੰਗਾ ਕਿਥੇ ਲੁਕ ਗਿਆ ਸੀ। ਸਰਪੰਚ ਨੇ ਆਪ ਬਚਨ ਸਿੰਘ ਨੂੰ ਘਰੋਂ ਲਿਆ ਕੇ ਥਾਣੇਦਾਰ ਅੱਗੇ ਪੇਸ਼ ਕਰ ਦਿੱਤਾ। ਰਾਹ ਵਿਚ ਆਉਂਦਿਆਂ ਬਚਨ ਸਿੰਘ ਨੇ ਸਰਪੰਚ ਨੂੰ ਕਹਿ ਦਿੱਤਾ ਸੀ ਕਿ ਉਹ ਆਪ ਹੀ ਥਾਣੇਦਾਰ ਨਾਲ ਸੌਦਾ ਮੁਕਾ ਲਵੇ। ਤਿੰਨ ਸੌ ਛੱਬੀ ਦਾ ਕੇਸ ਨਾ ਬਣਨ ਦੇਵੇ। ਸਰਪੰਚ ਨੇ ਉਸਨੂੰ ਹੌਸਲਾ ਦਿੱਤਾ।

ਬਚਨ ਸਿੰਘ ਦੀ ਭਲਮਾਣਸੀ ਬਾਰੇ ਦੱਸਣ ਕਰਕੇ ਜਾਂ ਸੌਦੇਬਾਜ਼ੀ ਦੀ ਉਮੀਦ ਕਰਕੇ ਥਾਣੇਦਾਰ ਨੇ ਮੰਦੀ ਭਾਸ਼ਾ ਤਾਂ ਨਾ ਵਰਤੀ ਪਰ ਉਂਜ ਬੜੀ ਸਖ਼ਤੀ ਨਾਲ ਪੇਸ਼ ਆਇਆ। ਜੰਗੇ ਦੇ ਪੇਸ਼ ਹੋਣ ਤੱਕ ਉਹ ਬਚਨ ਸਿੰਘ ਨੂੰ ਆਪਣੇ ਨਾਲ ਥਾਣੇ ਲੈ ਗਿਆ, ਨਾਲ ਹੀ ਸਰਪੰਚ ਵੀ ਚਲਿਆ ਗਿਆ।

ਬਚਨ ਸਿੰਘ ਨੂੰ ਅਲੱਗ ਇਕ ਕਮਰੇ ਵਿਚ ਬਿਠਾ ਕੇ ਥਾਣੇਦਾਰ ਨੇ ਸਰਪੰਚ ਤੋਂ ਬਚਨ ਸਿੰਘ ਬਾਰੇ ਤੇ ਖ਼ਾਸ ਕਰਕੇ ਜੰਗੇ ਬਾਰੇ ਪੂਰੀ ਜਾਣਕਾਰੀ ਹਾਸਲ ਕੀਤੀ। ਸਰਪੰਚ ਨੇ ਜਦੋਂ ਥਾਣੇਦਾਰ ਨਾ਼ਲ ਬਚਨ ਸਿੰਘ ਵਲੋਂ ਤਿੰਨ ਸੌ ਛੱਬੀ ਤੁੜਵਾਉਣ ਬਦਲੇ ਲੈਣ ਦੇਣ ਦੀ ਗੱਲ ਤੋਰੀ ਤਾਂ ਥਾਣੇਦਾਰ ਦੀਆਂ ਅੱਖਾਂ ਵਿਚ ਚਮਕ ਆ ਗਈ। ਉਹਨੇ ਡਾਕਟਰ ਨੂੰ ਰਿਪੋਰਟ ਬਦਲੀ ਕਰਨ ਲਈ ਦਿੱਤੇ ਜਾਣ ਵਾਲੇ ਪੈਸਿਆਂ ਸਮੇਤ ਕੁੱਲ ਰਕਮ ਦੱਸ ਦਿੱਤੀ। ਸਰਪੰਚ ਨੇ ਬਚਨ ਸਿੰਘ ਨੂੰ ਬਿਨਾਂ ਪੁੱਛਿਆਂ ਹੀ ਹਾਂ ਕਰ ਦਿੱਤੀ, ਉਸ ਨੂੰ ਪਤਾ ਸੀ ਕਿ ਬਚਨ ਸਿੰਘ ਕੋਈ ਉਜ਼ਰ ਨਹੀਂ ਕਰੇਗਾ।

ਥਾਣੇਦਾਰ ਨੇ ਇਕ ਸਿਪਾਹੀ ਨੂੰ ਭੇਜ ਕੇ ਬਚਨ ਸਿੰਘ ਨੂੰ ਆਪਣੇ ਦਫ਼ਤਰ ਵਿਚ ਬੁਲਾ ਲਿਆ। ਸਰਪੰਚ ਨੂੰ ਉਹਨੇ ਕਹਿ ਦਿੱਤਾ ਸੀ ਕਿ ਉਹ ਬੇਸ਼ੱਕ ਨਿਸ਼ਚਿੰਤ ਹੋ ਕੇ ਪਿੰਡ ਨੂੰ ਚਲਾ ਜਾਵੇ, ਬਚਨ ਸਿੰਘ ਨੂੰ ਕੁਝ ਨਹੀਂ ਕਿਹਾ ਜਾਵੇਗਾ।

ਥਾਣੇਦਾਰ ਨੇ ਤਾੜ ਲਿਆ ਸੀ ਕਿ ਜੰਗਾ ਆਉਣ ਵਾਲੇ ਸਮੇਂ ਵਿਚ ਵੀ ਕਈ ਕਾਰੇ ਕਰੇਗਾ। ਉਹਨੂੰ ਇਹ ਵੀ ਪਤਾ ਲੱਗ ਚੁੱਕਾ ਸੀ ਕਿ ਬਚਨ ਸਿੰਘ ਮੋਟੀ ਸਾਮੀ ਸੀ। ਅਜਿਹੀ ਸਾਮੀ ਨੂੰ ਉਹ ਆਉਣ ਵਾਲੇ ਕਈ ਸਾਲਾਂ ਤੱਕ ਮੁੱਛਣਾ ਚਾਹੁੰਦਾ ਸੀ। ਉਹ ਬਚਨ ਸਿੰਘ ਦੇ ਨੇੜੇ ਹੋਇਆ ਤੇ ਬੜੀ ਅਪਣੱਤ ਨਾ਼ਲ ਕਹਿਣ ਲੱਗਾ, "ਬਚਨ ਸਿਆਂ, ਜਵਾਨੀ ਬੜੀ ਅੱਥਰੀ ਹੁੰਦੀ ਆ, ਇਹੋ ਜਿਹੀਆਂ ਗਲਤੀਆਂ ਮੁੰਡਿਆਂ-ਖੁੰਡਿਆਂ ਤੋਂ ਹੋ ਈ ਜਾਂਦੀਆਂ, ਘਬਰਾਈਂ ਨਾ ਕਿਸੇ ਗੱਲੋਂ, ਅਸੀਂ ਕਾਹਦੇ ਲਈ ਬੈਠੇ ਆਂ। ਸਰਪੰਚ ਨੇ ਤੈਨੂੰ ਦੱਸ ਈ ਦਿੱਤਾ ਹੋਣੈ। ਤਿੰਨ ਸੌ ਛੱਬੀ ਦਾ ਕੇਸ ਬਣਦੈ, ਤੈਨੂੰ ਪਤੈ ਈ ਪਈ ਇਹ ਸਾਰਾ ਡਾਕਟਰ ਦੇ ਹੱਥ ਵੱਸ ਹੁੰਦੈ, ਉਹਨੇ ਵੀ ਸਹੁਰੀ ਦੇ ਨੇ ਮੋਟੀ ਰਕਮ ਮੰਗਣੀ ਐ, ਹੋਰ ਵੀ ਕਈਆਂ ਨੂੰ ਬੁਰਕੀ-ਬੁਰਕੀ ਪਾਉਣੀ ਪੈਂਦੀ ਐ, ਕਿਤੇ ਇਹ ਨਾ ਸਮਝ ਲਈਂ ਪਈ ਸਾਰੇ ਪੈਸੇ ਮੈਂ ਆਪਣੀ ਜੇਬ ਵਿਚ ਈ ਪਾ ਲੈਣੇ ਆ। ਅੱਗੇ ਵਾਸਤੇ ਤੈਨੂੰ ਕਿਸੇ ਵਿਚੋਲੇ ਕੋਲ ਜਾਣ ਦੀ ਲੋੜ ਨਈਂ, ਸਰਪੰਚ ਕੋ਼ਲ ਵੀ ਨਹੀਂ, ਕੋਈ ਹਭੀ-ਨਭੀ ਹੋਈ ਤਾਂ ਸਿੱਧਾ ਮੇਰੇ ਪਾਸ ਨਿਝੱਕ ਆ ਜਾਈਂ, ਤੇਰੀ ਤੇ ਜੰਗੇ ਦੀ ਹਵਾ ਵਲ ਵੀ ਨਾ ਦੇਖੂ ਕੋਈ। ਸ਼ਾਮ ਨੂੰ ਪਿੰਡ ਚਲਾ ਜਾਈਂ ਅਤੇ ਕੱਲ੍ਹ ਨੂੰ ਜੰਗੇ ਨੂੰ ਪੇਸ਼ ਕਰ ਦੇਈਂ। ਉਹਨੂੰ ਕਹੀਂ ਘਬਰਾਵੇ ਨਾ ਕਿਸੇ ਗੱਲੋਂ, ਨਾਲੇ ਏਦਾਂ ਕਰੀਂ ਜੇ ਸਾਰੇ ਪੈਸਿਆਂ ਦਾ ਇੰਤਜ਼ਾਮ ਨਾ ਹੋ ਸਕਿਆ ਤਾਂ ਅੱਧੇ-ਪਚੱਧੇ ਇਕ ਦੋ ਦਿਨਾਂ 'ਚ ਪਹੁੰਚਾ ਦੇਈਂ।" ਏਨਾ ਕਹਿ ਕੇ ਥਾਣੇਦਾਰ ਨੇ ਸਿਪਾਹੀ ਨੂੰ ਆਵਾਜ਼ ਮਾਰੀ ਤੇ ਕੜੱਕ ਜਿਹੀ ਚਾਹ ਲਿਆਉਣ ਦਾ ਹੁਕਮ ਚਾੜ੍ਹਿਆ।

ਸ਼ਾਮ ਨੂੰ ਬਚਨ ਸਿੰਘ ਘਰ ਨੂੰ ਜਾਂਦਾ ਹੋਇਆ ਆਪਣੇ ਆਪ ਨੂੰ ਹਲਕਾ ਫੁੱਲ ਮਹਿਸੂਸ ਕਰ ਰਿਹਾ ਸੀ, ਉਹਨੂੰ ਇਉਂ ਲਗਦਾ ਸੀ ਜਿਵੇਂ ਅੱਜ ਤੋਂ ਥਾਣੇਦਾਰ ਨਾਲ ਉਹਦੀ ਰਿਸ਼ਤੇਦਾਰੀ ਬਣ ਗਈ ਹੋਵੇ।



– ਛੱਪਦਿਆਂ-ਛਪਦਿਆਂ –

## ਹਰਭਜਨ ਸਿੰਘ ਹੁੰਦਲ ਜੀ ਦਾ ਦੁਖਦਾਈ ਵਿਛੋੜਾ

ਉੱਘੇ ਜਨਵਾਦੀ ਲੇਖਕ, ਜੁਝਾਰੂ ਟਰੇਡ ਯੂਨੀਅਨਿਸਟ, ਸਮਾਜਕ ਤਬਦੀਲੀ ਅਤੇ ਮਾਨਵਤਾ ਸੰਗਰਾਮ ਦੇ ਬੇਖ਼ੌਫ਼ ਮਿਸਾਲੀ ਸਿਪਾਹੀ, ਸਾਥੀ ਹਰਭਜਨ ਸਿੰਘ ਹੁੰਦਲ ਘਾਲਨਾਵਾਂ ਭਰਪੂਰ ਜੀਵਨ ਲੋਕਤਾ ਦੇ ਲੇਖੇ ਲਾ ਕੇ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਸਮਾਜ ਅਤੇ ਸਾਹਿਤ ਪ੍ਰਤੀ ਵੱਡਮੁੱਲੀ ਦੇਣ ਨੂੰ ਬੇਹੱਦ ਸਤਿਕਾਰ ਨਾਲ ਯਾਦ ਕਰਦਿਆਂ, ਸੂਹੀ ਸ਼ਰਧਾਜਲੀ ਭੇਟ ਕਰਦੇ ਹਾਂ।- ਅਦਾਰਾ 'ਚਰਚਾ ਕੌਮਾਂਤਰੀ ਅਤੇ ਕੌਮਾਂਤਰੀ ਪ੍ਰੋਗਰੈਸਿਵ (ਬਰੌਡ) ਲੇਖਕ-ਪਾਠਕ ਮੰਚ ਯੂ. ਕੇ.

ਹੰਢਾਉਣੀ ਜੂਨ ਪ੍ਰਵਾਸੀ ਦੀ, ਹੁੰਦੀ ਹੈ ਸਜ਼ਾ ਵਰਗੀ,
ਰਹੇ ਸਫ਼ਰਾਂ 'ਚ ਰੂਹ ਅਕਸਰ ਕਦੇ ਓਧਰ ਕਦੇ ਓਧਰ। -ਅਮਨਦੀਪ ਸਿੰਘ ਅਮਨ

ਕਹਾਣੀ

# ਸਫ਼ਰ

## ਬਲਵਿੰਦਰ ਸਿੰਘ ਚਾਹਲ



ਬਲਵਿੰਦਰ ਸਿੰਘ ਚਾਹਲ

ਬਲਵਿੰਦਰ ਸਿੰਘ ਚਾਹਲ: ਪੰਦਰਾਂ ਸਾਲ ਇਟਲੀ ਦੀ ਧਰਤੀ ਤੇ ਰਹਿਣ ਤੋਂ ਬਾਅਦ ਅੱਜ ਕੱਲ੍ਹ ਬਰਤਾਨੀਆ ਦੇ ਸ਼ਹਿਰ ਬਰਮਿੰਘਮ ਵਿੱਚ ਪਿਛਲੇ ਅੱਠ ਸਾਲ ਤੋਂ ਰਹਿ ਰਿਹਾ ਹੈ। ਸਾਹਿਤ ਸੁਰ ਸੰਗਮ ਸਭਾ ਇਟਲੀ ਦਾ 11 ਸਾਲ ਪ੍ਰਧਾਨ ਰਹਿਣ ਤੋਂ ਬਾਅਦ ਹੁਣ ਸਰਪ੍ਰਸਤ ਹਨ। ਪਿਛੋਕੜ ਕਪੂਰਥਲਾ ਜ਼ਿਲ੍ਹੇ ਦੇ ਦੋਨਾ ਇਲਾਕੇ ਦੇ ਪਿੰਡ ਮਾਧੋਝੰਡਾ ਤੋਂ ਕਿਸਾਨ ਪਰਿਵਾਰ ਦੇ ਨਾਲ ਸਬੰਧ ਰੱਖਦੇ ਹਨ। ਇਟਲੀ ਰਹਿੰਦਿਆਂ "ਇਟਲੀ ਵਿੱਚ ਸਿੱਖ ਫੌਜ਼ੀ" ਕਿਤਾਬ ਦੀ ਰਚਨਾ ਕੀਤੀ। ਜੋ ਹੁਣ ਤੱਕ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਤੇ ਹਿੰਦੀ ਵਿੱਚ ਵੀ ਛਪ ਚੁੱਕੀ ਹੈ, ਇਟਾਲੀਅਨ ਵਿੱਚ ਛਪਣ ਲਈ ਤਿਆਰ ਹੈ। ਇਸਦੇ ਇਲਾਵਾ ਵੱਖ ਅਖਬਾਰਾਂ, ਰਸਾਲਿਆਂ 'ਚ ਲੇਖ ਅਤੇ ਭੱਖਦੇ ਮੁੱਦਿਆਂ 'ਤੇ ਸਮੱਗਰੀ ਛੱਪਦੀ ਰਹਿੰਦੀ ਹੈ।-ਦਰਸ਼ਨ ਢਿੱਲੋਂ, ਮੁਰਾਦਵਾਲਾ

"ਯਾਰ ਅੱਜ ਫੋਰਮੈਨ ਕੀ ਸਮਝਾ ਰਿਹਾ ਸੀ, ਮੇਰੇ ਕੁਛ ਖਾਨੇ ਨੀ ਪਿਆ। ਉਹ ਵਾਰ ਵਾਰ ਸਿਰ 'ਤੇ ਹੱਥ ਰੱਖਕੇ ਕੁਝ ਕਹਿੰਦਾ ਸੀ। ਥੱਕ ਹਾਰ ਕੇ ਮੇਰੇ ਨਾਲ ਮੱਥਾ ਮਾਰ ਕੇ ਮੂੰਹ ਵਿੱਚ ਬੁੜ-ਬੁੜ ਕਰਦਾ ਚਲਾ ਗਿਆ। ਵੈਸੇ ਜੌਹਨ ਬੰਦਾ ਮਾੜਾ ਨੀ, ਜੇ ਸਾਨੂੰ ਸਮਝ ਨਾ ਪਵੇ ਤਾਂ ਉਹਦਾ ਕੀ ਕਸੂਰ ਭਲਾ।" ਮਿੱਲ ਤੋਂ ਛੁੱਟੀ ਕਰਕੇ ਦਿਨ ਭਰ ਦੀ ਥਕਾਨ ਲਾਹੁਣ ਲਈ ਪੱਬ ਨੂੰ ਜਾ ਰਹੇ ਰੁਲਦਾ ਸਿੰਘ ਨੇ ਆਪਣੇ ਸਾਥੀਆਂ ਸੋਹਣ ਸਿੰਘ ਅਤੇ ਪਿਆਰਾ ਸਿੰਘ ਨਾਲ ਦਿਨ ਵੇਲੇ ਉਹਦੇ ਅਤੇ ਫੋਰਮੈਨ ਵਿਚਕਾਰ ਹੋਈ ਵਾਰਤਾ ਸਾਂਝੀ ਕਰਦਿਆਂ ਕਿਹਾ।

"ਜੌਹਨ ਨਵੇਂ ਕਾਨੂੰਨ ਬਾਰੇ ਕਹਿੰਦਾ ਸੀ, ਉਹ ਦੱਸ ਗਿਆ ਸੀ ਮੈਨੂੰ, ਆਹ ਜੋ ਨਵਾਂ ਆਇਆ ਮੈਨੇਜ਼ਰ ਚਾਹੁੰਦਾ ਕਿ ਸਾਰੇ ਹੈਲਮੈਟ ਪਾ ਕੇ ਕੰਮ ਕਰੋ, ਚਾਹੇ ਕੋਈ ਪੱਗ ਬੰਨੇ ਚਾਹੇ ਨਾ ਪਰ ਹੈਲਮੈਟ ਪਾਉਣਾ ਹੀ ਪਵੇਗਾ।" ਸੋਹਣ ਸਿੰਘ ਨੇ ਰੁਲਦਾ ਸਿੰਘ ਨੂੰ ਫੋਰਮੈਨ ਦੀ ਗੱਲ ਸਮਝਾਈ। ਫੌਜ਼ ਵਿੱਚ ਕੀਤੀ ਪੜ੍ਹਾਈ ਸਦਕਾ ਸੋਹਣ ਸਿੰਘ ਗੁਜ਼ਾਰੇ ਜੋਗੀ ਅੰਗਰੇਜ਼ੀ ਜਾਣਨ ਕਰਕੇ ਗੋਰਿਆਂ ਦੀ ਬਹੁਤੀ ਗੱਲਬਾਤ ਆਪਣੇ ਸਾਥੀਆਂ ਤੱਕ ਪਹੁੰਚਦੀ ਹੀ ਨਹੀਂ ਕਰਦਾ ਸੀ, ਸਗੋਂ ਉਹਨਾਂ ਨਾਲ ਹਰ ਗੱਲ ਸਾਂਝੀ ਕਰਕੇ ਉਸ ਬਾਰੇ ਸਹੀ ਹੱਲ ਵੀ ਦੱਸਦਾ ਸੀ। ਇਸੇ ਕਰਕੇ ਸਾਰੇ ਉਸ ਨਾਲ ਹੀ ਸਲਾਹ ਮਸ਼ਵਰਾ ਕਰਦੇ।

"ਜਦੋਂ ਤੈਨੂੰ ਦੱਸ ਗਿਆ ਸੀ ਫਿਰ ਉਹ ਮੇਰੇ ਨਾਲ ਕਿਉਂ ਮੱਥਾ ਮਾਰਦਾ ਫਿਰਦੈ।" ਰੁਲਦਾ ਸਿੰਘ ਅਜੇ ਵੀ ਸਾਰੀ ਗੱਲ ਸਮਝਣ ਤੋਂ ਪਰ੍ਹੇ ਸੀ।

"ਅਸਲ ਵਿੱਚ ਜੌਹਨ ਇਸ ਗੱਲੋਂ ਸੱਚਾ ਹੋਣਾ ਚਾਹੁੰਦੈ ਕਿ ਮੈਂ ਸਾਰੇ ਯੂਨਿਟਾਂ ਦੇ ਬੰਦਿਆਂ ਨੂੰ ਹੈਲਮੈਟ ਵਾਲੀ ਗੱਲ ਦੱਸ ਦਿੱਤੀ ਹੈ। ਜੇਕਰ ਫਿਰ ਵੀ ਕੋਈ ਨਾ ਪਾਵੇ ਤਾਂ ਉਸਦੇ ਸਿਰ ਕੋਈ ਜ਼ਿੰਮੇਵਾਰੀ ਜਾਂ ਗੱਲ ਨਾ ਆਵੇ। ਉਹ ਵੀ ਮੈਨੇਜ਼ਰ ਕੋਲੋਂ ਬਾਹਲਾ ਖੁਸ਼ ਨੀ ਛੋਟੇ ਭਾਈ।" ਸੋਹਣ ਸਿੰਘ ਫੈਕਟਰੀ ਫੋਰਮੈਨ ਜੌਹਨ ਦੀ ਮਜ਼ਬੂਰੀ ਬਾਰੇ ਸਮਝਾਉਂਦਿਆਂ ਮੂੰਹ ਵਿੱਚ ਬੁੜਬੁੜਾਇਆ "ਇਹਨਾਂ ਨਾਲ ਮੱਥਾਂ ਮਾਰ ਮਾਰ ਕੇ ਵਿਚਾਰਾ ਜੌਹਨ ਵੀ ਦੋ ਤਿੰਨ ਗੋਲੀਆਂ ਖਾ ਕੇ ਸੌਂਦਾ ਹੋਊ।"

"ਆਪਾਂ ਤਾਂ ਲੋਹੇ ਦੀਆਂ ਭੱਠੀਆਂ ਮੂਹਰੇ ਤੱਪਦੇ ਰਹਿਨੈ ਆ, ਜੌਹਨ ਨੂੰ ਸਾਰਾ ਦਿਨ 50 ਕੋਹ ਪੈਂਡਾ ਕਰਨਾ ਪੈਂਦਾ। ਇਹ ਤਾਂ ਉਹ ਗਲ ਹੋਈ ਬਈ - ਖੋਤੇ ਨੂੰ ਵੀਹ ਕੋਹ ਤੇ ਘੁਮਿਆਰ ਨੂੰ ਤੀਹ ਕੋਹ।" ਉਹਨਾਂ ਨਾਲ ਹੀ ਤੁਰੇ ਜਾਂ ਰਹੇ ਦੁੱਲਾ ਸਿੰਘ ਨੇ ਵੀ ਟੋਟਕਾ ਝਾੜ ਦਿੱਤਾ। ਉਹ ਜੌਹਨ ਨੂੰ ਇੱਧਰ ਉੱਧਰ ਭੱਜੇ ਫਿਰਦੇ ਨੂੰ ਦੇਖ ਕੇ ਆਮ ਹੀ ਉਸ ਉੱਪਰ ਤੇ ਆਪਣੇ ਸਾਥੀਆਂ 'ਤੇ ਵਿਅੰਗ ਕੱਸ ਦੇਣ ਵਿੱਚ ਮਾਹਰ ਸੀ।

"ਦੁੱਲਿਆ ਇਹ ਮਜ਼ਾਕ ਕਰਨ ਵੇਲਾ ਨੀ ਭਰਾਵਾ, ਸਾਨੂੰ ਸੋਚਣਾ ਪੈਣਾ ਕੁਝ ਨਾ ਕੁਝ। ਉਹ ਮੈਨੇਜ਼ਰ ਕੱਲ੍ਹ ਨੂੰ ਆਖੂ ਮੂੰਹ ਸਿਰ ਮੁੰਨ ਕੇ ਕੰਮ ਪਰ ਲੱਗੋ, ਲੱਗਜੇਂਗਾ? ਦੇਸ਼ ਵੀ ਛੱਡਿਆ ਤੇ ਹੁਣ ਦੀਨ ਵੀ ਛੱਡੋ। ਆਪਾਂ ਨੀ ਕਰਦੇ, ਸਿੱਧਾ ਪੱਧਰਾ ਕੋਰਾ ਜਵਾਬ ਈ ਮੇਰੇ ਵੱਲੋਂ।" ਰੁਲਦਾ ਸਿੰਘ ਥੋੜ੍ਹਾ ਤਾਅ ਵਿੱਚ ਆ ਗਿਆ ਲੱਗਦਾ ਸੀ।

"ਨਾ ਫਿਰ ਤੂੰ ਕੀ ਕਿਹਾ, ਉਹਨੂੰ ਦੱਸਿਆ ਨੀ ਅਸੀਂ ਤਾਂ ਜੰਗ ਦੇ ਮੈਦਾਨ ਵਿੱਚ ਹੈਲਮੇਟ ਨੀ ਪਾਉਂਦੇ, ਇਹ ਤਾਂ ਫਿਰ ਵੀ ਮਿੱਲ ਆ। ਇੱਕ ਗੱਲ ਸਮਝਾ ਦਵੀਂ ਉਹਨੂੰ ਕਿ ਸਿੰਘ ਬਿਨ੍ਹਾ ਪੱਗ ਦੇ ਹੋਰ ਕਿਸੇ ਨੂੰ ਸਿਰ 'ਤੇ ਨੀ ਬਹਿਣ ਦਿੰਦੇ।" ਪਿਆਰਾ ਸਿੰਘ ਨੇ ਦੋ-ਟੁਕ ਫੈਸਲਾ ਸੁਣਾਉਂਦਿਆਂ ਇਹ ਦਰਸਾਇਆ ਕਿ ਉਹ ਕਿਸੇ ਵੀ ਕੀਮਤ ਉੱਪਰ ਪੱਗ ਦੀ ਥਾਂ ਹੈਲਮਟ ਨਹੀਂ ਪਾਉਣਗੇ।

"ਪਿਆਰਾ ਸਿਹਾਂ ਮਸਲਾ ਐਡਾ ਵੱਡਾ ਨੀ ਜਿੱਡਾ ਸਮਝ ਰਹੇ ਓਂ। ਬਾਕੀ ਕਾਹਲਾ ਨਾ ਪਊ, ਮੈਂ ਜੌਹਨ ਨੂੰ ਦੱਸ ਦਿੱਤਾ ਸੀ। ਉਹ ਵੀ ਚਿੰਤਤ ਆ, ਪਰ ਉਹ ਕਹਿੰਦਾ ਮੈਨੇਜ਼ਰ ਇੱਕੋ ਗੱਲ 'ਤੇ ਅੜਿਆ ਬਈ ਸਿਹਤ ਸੁਰੱਖਿਆ ਲਈ ਹੈਲਮਟ ਬਹੁਤ ਜਰੂਰੀ ਹੈ। ਮੈਂ ਤਾਂ ਮਹਿੰਦਰ ਸਿੰਘ ਨੂੰ ਵੀ ਕਿਹਾ ਕਿ ਤੂੰ ਗੱਲ ਕਰ ਮੈਨੇਜ਼ਮੈਂਟ ਨਾਲ ਕਿ ਸਾਡੇ ਕਿਸੇ ਬੰਦੇ ਨੇ ਕੰਮ ਨੀ ਕਰਨਾ ਤੇ ਮਿੱਲ ਬੰਦ ਹੋ ਜਾਣੀ ਆ। ਤੈਨੂੰ ਪਤਾ ਮਿੰਦ੍ਰ ਸਿੰਘ ਯੂਨੀਅਨ ਨਾਲ ਵੀ ਤਾਲਮੇਲ ਰੱਖਦਾ ਤੇ ਅੰਦਰ ਵਾਲੇ ਸਾਰੇ ਸਟਾਫ਼ ਨਾਲ ਵੀ ਉਸਦੀ ਗੱਲਬਾਤ ਹੈਗੀ ਆ" ਸੋਹਣ ਸਿੰਘ ਨੇ ਵਿਸਥਾਰ ਨਾਲ ਸਭ ਕੁਝ ਦੋਵਾਂ ਨੂੰ ਦੱਸ ਦਿੱਤਾ। ਉਸ ਇਹ ਵੀ ਦੱਸਿਆ ਕਿ ਅਗਲੇ ਦਿਨ ਉਹ ਗੁਰਦੁਵਾਰੇ ਵੀ ਗਿਆ ਸੀ। ਕਿਸੇ ਢੰਗ ਨਾਲ ਗੱਲ ਨੂੰ ਨਬੇੜਿਆ ਜਾਵੇ ਤਾਂ ਕਿ ਬੰਦੇ ਵੀ ਵਿਹਲੇ ਨਾ ਬਹਿਣ ਤੇ ਮਿੱਲ ਵੀ ਚੱਲਦੀ ਰਹੇ। ਪਰ ਗੁਰਦੁਵਾਰੇ ਵਾਲਿਆਂ ਨੇ ਕਿਸੇ ਪਾਸੇ ਕੋਈ ਹੱਥ ਪੱਲਾ ਨੀ ਫੜਾਇਆ। ਸਗੋਂ ਆਖਦੇ ਸੀ ਕਿ 'ਤੁਸੀਂ ਆਪਸ ਵਿੱਚ ਨਿਬੇੜ ਲਵੋ।'

"ਗੁਰਦਵਾਰੇ ਵਾਲੇ ਵੀ ਸਾਡੇ ਈ ਭਾਈ ਨੇ ਉਹਨਾਂ ਕੀ ਨਿਬੇੜਾ ਕਰਨਾ ਸੀ ਤੇਰਾ, ਜ਼ਰਾ ਸਮਝਾਵੇਂਗਾ ਮੈਨੂੰ।" ਪਿਆਰਾ ਸਿੰਘ ਅਜੇ ਵੀ ਗਰਮ ਰੌਂਅ ਵਿੱਚ ਨਜ਼ਰ ਆ ਰਿਹਾ ਸੀ।

ਜੋ ਸਾਡਿਆਂ ਖ਼ਾਬਾਂ ਦੀ ਕੁੱਖੋਂ ਜਨਮਿਆ,
ਉਹ ਫ਼ਲਸਫ਼ਾ ਮੋਇਆ ਤਾਂ ਕਾਰਨ ਹੋਣਗੇ। -ਅਮਨਦੀਪ ਸਿੰਘ ਅਮਨ

"ਉਹਨਾਂ ਕੋਲ ਇਸ ਲਈ ਗਿਆ ਸੀ ਕਿ ਸ਼ਾਇਦ ਕਿਸੇ ਹੋਰ ਦਾ ਮਸਲਾ ਵੀ ਬਣਿਆ ਹੋਵੇ। ਜੇ ਉਹਨਾਂ ਕੋਲ ਜਾਣਕਾਰੀ ਹੋਊ ਤਾਂ ਆਪਾਂ ਨੂੰ ਰਾਹ ਸੌਖਾ ਮਿਲਜੂ। ਪਰ ਉਹਨਾਂ ਨੇ ਕਿਸੇ ਪਾਸੇ ਗੱਲ ਨੀ ਲਾਈ। ਅਸਲ ਵਿੱਚ ਉਹ ਜਾਣਦੇ ਈ ਕੁਸ਼ ਨੀ ਅਜਿਹੇ ਮਾਮਲਿਆਂ ਬਾਰੇ" ਸੋਹਣ ਸਿੰਘ ਸਮਝਦਾ ਸੀ ਕਿ ਜੇਕਰ ਲੋੜ ਪਈ ਤਾਂ ਗੁਰਦੁਵਾਰਾ ਸਾਹਿਬ ਦੀ ਕਮੇਟੀ ਕਿਸੇ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਵਿੱਚ ਮਦਦ ਕਰ ਸਕਦੀ ਹੋਵੇ। ਪਰ ਕਮੇਟੀ ਕੋਲ ਕਿਹੜਾ ਕੋਈ ਆਪਣਾ ਵਕੀਲ ਸੀ।

ਅਖ਼ੀਰ ਕਈ ਦਿਨਾਂ ਭੱਜ-ਦੌੜ ਕਰਕੇ ਫੌਜ਼ ਸਮੇਂ ਦੇ ਕੁਝ ਪੇਪਰ ਆਦਿ ਲਿਆ ਕੇ ਦਿਖਾਏ। ਜਿਹਨਾਂ ਵਿੱਚ ਸਿੱਖ ਫੌਜ਼ੀਆਂ ਨੇ ਹੈਲਮਟ ਪਾਉਣ ਤੋਂ ਨਾਂਹ ਕੀਤੀ ਸੀ। ਕੁਝ ਨੇ ਸਜਾਵਾਂ ਵੀ ਝੱਲੀਆਂ, ਪਰ ਉਹ ਆਪਣੇ ਇਰਾਦੇ ਦੇ ਪੱਕੇ ਰਹੇ। ਜਿਸ ਕਰਕੇ ਉਹਨਾਂ ਨੇ ਪੱਗਾਂ ਨਾਲ ਹੀ ਜੰਗ ਲੜੀ ਸੀ। ਜੇ ਕੰਮ ਬੰਦ ਹੁੰਦਾ ਤਾਂ ਮਿੱਲ ਮਾਲਕਾਂ ਤੇ ਕਾਮਿਆਂ ਦੀਆਂ ਮੁਸ਼ਕਲਾਂ ਬਰਾਬਰ ਸਨ। ਮਿੱਲ ਬੰਦ ਹੋਣ ਦਾ ਮਾਲਕਾਂ ਨੂੰ ਜ਼ਿਆਦਾ ਨੁਕਸਾਨ ਸੀ। ਇਸ ਤਰ੍ਹਾਂ ਸੋਹਣ ਸਿੰਘ ਤੇ ਮਹਿੰਦਰ ਸਿੰਘ ਨੇ ਆਪ ਹੀ ਮੈਨੇਜਮੈਂਟ ਨਾਲ ਮੀਟਿੰਗ ਕਰਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ। ਮਿੱਲ ਵਿੱਚ ਇਹ ਗੱਲ ਲਾਗੂ ਕਰਵਾਈ ਕਿ ਜਿਸ ਦੇ ਨਾਂ ਨਾਲ 'ਸਿੰਘ' ਹੋਵੇਗਾ ਉਹ ਸਿਰ 'ਤੇ ਪੱਗ ਬੰਨ ਕੇ ਬਿਨਾਂ ਹੈਲਮਟ ਤੋਂ ਕੰਮ ਕਰ ਸਕਦਾ ਹੈ। ਉਹ ਮਿੱਲ ਕਈ ਸਾਲ ਨਿਰੰਤਰ ਉਦੋਂ ਤੱਕ ਚੱਲਦੀ ਰਹੀ ਜਦੋਂ ਵਲੈਤ ਦੀਆਂ ਬਹੁਤੀਆਂ ਮਿੱਲਾਂ ਬਾਹਰਲੇ ਮੁਲਕੀਂ ਜਾਣ ਕਰਕੇ ਬੰਦ ਨਾ ਹੋ ਗਈਆਂ।

*****

ਅੱਜ ਉਸੇ ਮਿੱਲ ਵਾਲੇ ਰਾਹ ਉੱਪਰ ਬਣੇ ਗੁਰਦਵਾਰਾ ਸਾਹਿਬ ਤੋਂ ਆਪਣੇ ਜਿਗਰੀ ਯਾਰ ਰੁਲਦਾ ਸਿੰਘ ਦੇ ਭੋਗ ਤੋਂ ਘਰ ਨੂੰ ਜਾ ਰਹੇ ਸੋਹਣ ਸਿੰਘ ਨੂੰ ਸੱਠ ਸਾਲ ਪੁਰਾਣੀਆਂ ਯਾਦਾਂ ਨੇ ਆ ਘੇਰਿਆ ਸੀ। ਇੰਨੇ ਲੰਮੇ ਸਮੇਂ ਵਿੱਚ ਬਹੁਤ ਕੁਝ ਬਦਲ ਗਿਆ ਸੀ। ਹੌਲੀ ਹੌਲੀ ਸਾਥੀ ਵੀ ਤੁਰ ਗਏ। ਲੋਹੇ ਦੀ ਢਲਾਈ ਵਾਲੀਆਂ ਮਿੱਲਾਂ ਵੀ ਬੰਦ ਹੋਣ ਪਿੱਛੋਂ ਕਦੋਂ ਦੀਆਂ ਢਾਹ ਕੇ ਕਈ ਕੁਝ ਨਵਾਂ ਉਸਰ ਗਿਆ ਸੀ। ਉਦੋਂ ਇੱਕ ਗੁਰਦਵਾਰਾ ਸੀ ਤੇ ਹੁਣ ਅਨੇਕਾਂ ਗੁਰਦਵਾਰੇ, ਮੰਦਰ ਤੇ ਮਸੀਤਾਂ ਬਣ ਗਏ। ਕਈ ਚਰਚ ਬੰਦ ਹੋ ਗਏ, ਜਿੱਥੇ ਸਾਡੇ ਦੇਸੀਆਂ ਨੇ ਧਾਰਮਿਕ, ਕਮਿਊਨਿਟੀ ਸੈਂਟਰ ਆਦਿ ਖੋਲ੍ਹ ਲਏ। ਸ਼ਾਇਦ ਗੋਰੇ ਰੱਬ ਕੋਲੋਂ ਦੂਰ ਜਾ ਰਹੇ ਸਨ, ਪਰ ਅਸੀਂ ਰੱਬ ਨੂੰ ਨੇੜੇ ਲਿਆਉਣ ਦੇ ਬਹਾਨੇ ਥਾਂ-ਥਾਂ ਰੱਬ ਦੇ ਘਰਾਂ ਦੇ ਨਾਂ ਉੱਪਰ 'ਉਹਦੇ ਘਰ ਖੋਲਣ' ਦੀ ਦੌੜ ਲਾ ਰਹੇ ਹਾਂ। ਸੋਹਣ ਸਿੰਘ ਸੋਚ ਕੇ ਹੱਥ ਉੱਪਰ ਨੂੰ ਕਰਕੇ 'ਵਾਖਰੂ ਵਾਖਰੂ' ਕਰਦਾ ਆਪਣੇ ਘਰ ਵਾਲੀ ਸੜਕ ਦਾ ਮੋੜ ਮੁੜ ਗਿਆ।

ਉਸਨੂੰ ਹੋਰ ਵੀ ਬੜਾ ਕੁਝ ਯਾਦ ਆਉਣ ਲੱਗਾ। ਜਦੋਂ ਉਹ ਤਿੰਨ ਪਰਿਵਾਰ ਇੱਕ ਛੋਟੇ ਜਿਹੇ ਘਰ ਵਿੱਚ ਰਿਹਾ ਕਰਦੇ ਸਨ। ਘਰ ਦੇ ਨਿੱਕੇ-ਨਿੱਕੇ ਤਿੰਨ ਕਮਰੇ ਤੇ ਇੱਕ ਰਸੋਈ ਹੁੰਦੀ ਸੀ। ਕਈ ਘਰਾਂ ਦੀ ਸਾਂਝੀ ਇੱਕੋ ਟਾਇਲਟ ਹੁੰਦੀ ਸੀ। ਉਹਨਾਂ ਦੇ ਘਰ ਵਿੱਚ ਤਿੰਨਾਂ ਪਰਿਵਾਰਾਂ ਦੇ 17 ਜੀਅ ਰਹਿੰਦੇ ਸਨ। ਜਿੱਥੇ ਮਰਦ ਕੰਮਾਂ ਤੇ ਚਲੇ ਜਾਂਦੇ, ਬੱਚੇ ਸਕੂਲ ਜਾਂਦੇ ਅਤੇ ਔਰਤਾਂ ਰਲ ਮਿਲ ਕੇ ਗੁਜ਼ਾਰਾ ਕਰਦੀਆਂ ਸਨ। ਗੁਆਂਢੀ ਗੋਰਾ ਪਰਿਵਾਰ ਘਰ ਦੇ ਗਾਰਡਨ ਵਿੱਚ ਉਹਨਾਂ ਨਾਲ ਗੱਲਬਾਤ ਕਰ ਲੈਂਦਾ ਸੀ। ਪਰ ਜਦੋਂ ਕਿਤੇ ਬਾਹਰ ਪਬਲਿਕ ਥਾਵਾਂ 'ਤੇ ਮਿਲਦਾ ਤਾਂ ਬਿਲਕੁਲ ਅਣਦੇਖੀ ਕਰ ਦਿੰਦਾ। ਕਿਤੇ ਬਾਕੀ ਗੋਰੇ ਇਹ ਨਾ ਸੋਚਣ ਕਿ ਇਹਨਾਂ ਦੇ ਗੁਆਂਢੀ ਭਾਰਤੀ ਲੋਕ ਹਨ। ਸੋਹਣ ਸਿੰਘ ਬੀਤੇ ਕੱਲ੍ਹ ਯਾਦ ਕਰਕੇ ਅੱਜ ਵੱਲ ਧਿਆਨ ਮਾਰਦਾ ਤਾਂ ਉਸਦਾ ਕਾਲਜਾ ਮੂੰਹ ਨੂੰ ਆ ਜਾਂਦਾ ਕਿ ਅੱਜ ਅਸੀਂ ਪ੍ਰਦੇਸਾਂ ਵਿੱਚ ਇੰਨੀ ਤਰੱਕੀ ਕਰਕੇ ਕੀ ਪਾਇਆ ਤੇ ਕੀ ਗੁਆਇਆ ਹੈ। ਕੁਝ ਅਜਿਹੀਆਂ ਸੋਚਾਂ ਵਿੱਚ ਡੁੱਬਾ ਹੋਇਆ ਸੋਹਣ ਸਿੰਘ ਘਰ ਆ ਪੁੱਜਾ।

ਉਸਦੇ ਘਰ ਵਾਲੀ ਦਿਆਲ ਕੌਰ ਉਸਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਕਹਿਣ ਲੱਗੀ "ਚੰਗਾ ਸੀ ਭਾਊ, ਪਰ ਡਾਹਡੇ ਮੂਹਰੇ ਕੀਹਦਾ ਜ਼ੋਰ ਆ ਭਲਾ। ਉਦਾਂ ਵੀ ਉਹ ਹੁਣ ਮੰਜੇ 'ਤੇ ਪਿਆ ਦਿਨ ਈ ਗਿਣਦਾ ਸੀ।" ਉਹ ਰੁਲਦਾ ਸਿੰਘ ਨੂੰ ਭਾਊ ਹੀ ਕਿਹਾ ਕਰਦੀ ਸੀ ਕਿਉਂਕਿ ਉਹ ਉਹਦੇ ਪੇਕਿਆਂ ਨੇੜਲੇ ਪਿੰਡ ਦਾ ਸੀ।

"ਜੋ ਆਇਆ ਉਸ ਜਾਣਾ ਵੀ ਹੈ, ਮੈਨੂੰ ਵੀ ਰੱਬ ਹੁਣ ਚੱਕ ਲਵੇ ਤਾਂ ਚੰਗਾ। ਤੁਰਿਆ ਫਿਰਦਾ ਈ ਚਲਿਆ ਜਾਵਾਂ ਤਾਂ ਚੰਗੀ ਭਲੀ। ਨਹੀਂ ਤਾਂ ਰੁਲਦੇ ਵਾਂਗੂੰ ਰੁਲਦਾ ਫਿਰੂੰ ਕਿਸੇ ਨਰਸਿੰਗ ਹੋਮ ਵਿੱਚ।" ਸੋਹਣ ਸਿੰਘ ਵਾਹਵਾ ਉਦਾਸ ਸੁਰ ਵਿੱਚ ਬੋਲਿਆ ਤਾਂ ਉਸਦਾ ਗਲਾ ਵੀ ਥੋੜ੍ਹਾ ਜਿਹਾ ਭਰ ਆਇਆ। ਪਰ ਉਸਨੇ ਆਪਣੇ ਆਪ ਤੇ ਕਾਬੂ ਪਾਉਂਦਿਆਂ ਦਿਆਲ ਕੌਰ ਨੂੰ ਪਤਾ ਨਾ ਲੱਗਣ ਦਿੱਤਾ। ਅਸਲ ਵਿੱਚ ਉਹ ਤੇ ਰੁਲਦਾ ਸਿੰਘ ਇੱਕ ਦੂਸਰੇ ਦੇ ਬਹੁਤ ਕਰੀਬ ਸਨ।

"ਵਾਖਰੂ ਵਾਖਰੂ ਕਰੀਦਾ, ਐਵੇਂ ਨੀ ਅਵਾ-ਤਵਾ ਬੋਲੀ ਜਾਈਦਾ ਜੋ ਮੂੰਹ ਆਵੇ। ਮੇਰੇ ਮਰੀ ਮਗਰੋਂ ਜੋ ਮਰਜ਼ੀ ਬੋਲੀ ਜਾਣਾ ਪਰ ਹੁਣ ਨੀ...।" ਦਿਆਲ ਕੌਰ ਨੇ ਸੋਹਣ ਸਿੰਘ ਦੇ ਮੂੰਹ ਤੇ ਹੱਥ ਰੱਖਦਿਆਂ ਕਿਹਾ।

"ਕਮਲੀਏ ਕਾਵਾਂ ਆਖੇ ਢੱਗੇ ਨੀ ਮਰਦੇ ਹੁੰਦੇ, ਜਦੋਂ ਸੁਨੇਹਾ ਆ ਗਿਆ ਫਿਰ ਚੱਲ ਮੇਰੇ ਭਾਈ। ਹੋਰ ਹੁਣ ਜੀਅ ਕੇ ਕਿਹੜਾ ਕਿਲ੍ਹਾ ਢਾਹੁਣਾ। ਤੂੰ ਚਾਹ ਬਣਾ ਤੇ ਮੈਂ ਜ਼ਰਾ ਲੱਕ ਸਿੱਧਾ ਕਰ ਲਵਾਂ।" ਕਹਿ ਕੇ ਸੋਹਣ ਸਿੰਘ ਸੋਫ਼ੇ 'ਤੇ ਹੀ ਟੇਡਾ ਹੋ ਕੇ ਸਾਹਮਣੀ ਕੰਧ ਉੱਪਰ ਆਪਣੇ ਪਰਿਵਾਰ ਦੀ ਲੱਗੀ ਤਸਵੀਰ ਵੱਲ ਨੀਝ ਲਾ ਕੇ ਤੱਕਣ ਲੱਗਾ ਤਾਂ ਉਸਦੀ ਸੋਚਾਂ ਦੀ ਲੜੀ ਫਿਰ ਪਿੱਛੇ ਪਰਤ ਗਈ।

ਉਸਦੇ ਪਰਿਵਾਰ ਵਿੱਚ ਦੋ ਪੁੱਤ, ਇੱਕ ਧੀ ਤੇ ਉਹ ਦੋਵੇਂ ਜੀਅ ਸਨ। ਬੜੀ ਮਿਹਨਤ ਕੀਤੀ ਉਸ, ਦਿਨ-ਰਾਤ ਇੱਕ ਕਰ ਛੱਡਿਆ। ਪਰ ਜਿਵੇਂ ਜਿਵੇਂ ਨਿਆਣੇ ਵੱਡੇ ਹੁੰਦੇ ਗਏ ਉਹਨਾਂ ਦੇ ਆਪੋ ਆਪਣੇ ਰਾਹ ਬਣ ਗਏ। ਕੁੜੀ ਤਾਂ ਇੱਕ ਚੰਗੇ ਪਰਿਵਾਰ ਵਿੱਚ ਵਿਆਹ ਦਿੱਤੀ, ਜਿਸ ਵੱਲੋਂ ਉਹ ਸੌਖਾ ਸੀ। ਪਰ ਮੁੰਡਿਆਂ 'ਚੋਂ ਇੱਕ ਬਿਨਾ ਵਿਆਹ ਕੀਤਿਆਂ ਗੋਰੀ ਨਾਲ ਰਹਿਣ ਲਈ ਘਰ ਛੱਡ ਗਿਆ ਤੇ ਦੂਜਾ ਕਿਤੇ ਇਕੱਲਾ ਰਹਿੰਦਾ ਸੀ।

ਜਦੋਂ ਉਸ ਆਪਣੇ ਮੁੰਡੇ ਜੀਤ ਨੂੰ ਗੋਰੀ ਨਾਲ ਰਹਿਣ ਤੋਂ ਵਰਜਿਆ ਸੀ ਤਾਂ ਉਸ ਨੇ ਸੋਹਣ ਸਿੰਘ ਨੂੰ ਦੋ-ਟੁੱਕ ਜਵਾਬ ਦੇ ਕੇ ਮੂੰਹ ਬੰਦ ਕਰ ਦਿੱਤਾ ਸੀ ਕਿ 'ਡੈਡ ਮੈਂ ਕੀ ਕਰਦਾਂ, ਕਿੱਥੇ ਜਾਂਦਾ ਆਂ, ਕਿਥੋਂ ਆਉਂਦਾ ਆਂ- ਤੂੰ ਇਸ ਨਾਲ ਮਤਲਬ ਨਾ ਰੱਖਿਆ ਕਰ। ਮੇਰੀ ਆਵਦੀ ਲਾਈਫ਼ ਆ।"

"ਪਰ ਸਾਡਾ ਕੋਈ ਹੱਕ ਨੀ ਤੇਰੇ 'ਤੇ, ਤੈਨੂੰ ਜੰਮਿਆ, ਪਾਲਿਆ, ਪੜਾਇਆ, ਲਿਖਾਇਆ। ਦੁਨੀਆਂ ਵਿੱਚ ਖੜਨ ਦੇ

ਕਿਓਂ ਵਡੇਰੀ ਲੀਕ ਵਾਹ ਕੇ ਝੂਮਦਾ ਫਿਰਦੈਂ,
ਨਾ ਸਮੇਂ, ਨਾ ਪਾਣੀਆਂ 'ਤੇ ਲੀਕ ਰਹਿੰਦੀ ਹੈ। -ਅਮਨਦੀਪ ਸਿੰਘ ਅਮਨ

ਕਾਬਲ ਬਣਾਇਆ?" ਸੋਹਣ ਸਿੰਘ ਗੁੱਸੇ ਵਿੱਚ ਲਾਲ-ਪੀਲਾ ਹੋਇਆ ਕੰਬਦੀ ਆਵਾਜ਼ ਵਿੱਚ ਜੀਤ ਨੂੰ ਕਹਿ ਰਿਹਾ ਸੀ।

"ਡੈਡ ਸਾਰੇ ਪੇਰੇਂਟਸ ਈ ਕਰਦੇ ਆ, ਤੁਸੀਂ ਕੋਈ ਵਾਧੂ ਨੀ ਕੀਤਾ। ਜੇ ਤੁਸੀਂ ਇਸ ਤਰ੍ਹਾਂ ਕਹਿਣਾ ਸੀ ਤਾਂ ਫਿਰ ਨਾ ਜੰਮਦੇ। ਸਾਰੀ ਇੰਡੀਅਨ ਫੈਮਿਲੀ ਦੀ ਆਹੀ ਪ੍ਰਾਬਲਮ ਆ।" ਜੀਤ ਨੂੰ ਗੋਰਿਆਂ ਵਿੱਚ ਰਹਿ ਕੇ ਉਹਨਾਂ ਦਾ ਰਹਿਣ-ਸਹਿਣ ਚੰਗਾ ਲੱਗਦਾ ਸੀ।

"ਕੋਈ ਸ਼ਰਮ ਕਰ ਬੇਸ਼ਰਮਾਂ, ਮੈਂ ਤੇਰਾ ਪਿਉ ਆਂ। ਆਹ ਖੇਹ ਈ ਸਿਰ ਪਾਉਣੀ ਸੀ, ਰੱਬਾ ਚੁੱਕ ਲੈਂਦਾ ਮੈਨੂੰ, ਐਸੀ ਔਲਾਦ ਖੁਣੋਂ ਕੀ ਗੱਡਾ ਖੜ੍ਹਾ ਸੀ।" ਸੋਹਣ ਸਿੰਘ ਦਿਲੋਂ ਦੁਖੀ ਹੋ ਕੇ ਰੱਬ ਨੂੰ ਵੀ ਕੋਸਣ ਲੱਗਾ।

"ਡੈਡ ਲਾਸਟ-ਟਾਈਮ ਦੱਸ ਰਿਹਾਂ, ਮੈਂ ਤੇ ਸੋਫ਼ੀਆ ਨੇ 'ਕੱਠੇ ਰਹਿਣ ਦਾ ਫੈਸਲਾ ਕੀਤਾ। ਅਸੀਂ ਇੱਕ ਦੂਜੇ ਨੂੰ ਜਾਣਦੇ ਆਂ, ਸਮਝਦੇ ਆਂ। ਸਾਨੂੰ ਵਿਆਹ ਵੀ ਕਰਨ ਦੀ ਲੋੜ ਨੀ, ਉਹਦੇ ਮੱਮ-ਡੈਡ ਬਹੁਤ ਹੈਪੀ ਆ। ਤੁਸੀਂ ਵੀ ਹੋ ਜਾਣਾ, ਸੋਫ਼ੀਆ ਬਹੁਤ ਚੰਗੀ ਕੁੜੀ ਆ। ਕਦੇ ਕਦੇ ਮਿਲਣ ਆ ਸਕਦੇ ਆਂ ਜੇ ਤੁਸੀਂ ਚਾਹੋ ਤਾਂ, ਨਹੀਂ ਤਾਂ ਤਾਅਡੀ ਚੁਆਇਸ ਆ।" ਜੀਤ ਨੇ ਬੜੇ ਸਹਿਜ ਨਾਲ ਇਹ ਗੱਲ ਉਸਨੂੰ ਕਹਿ ਦਿੱਤੀ।

"ਪਰ ਪੁੱਤ ਸਾਡਾ ਵੀ ਸੋਚੋ ਕੁਸ਼, ਬੁੱਢੇ ਵਾਰੇ ਸਾਨੂੰ ਕੌਣ ਸੰਭਾਲੂਗਾ। ਤੇਰੀ ਮਾਂ ਦੇ ਕਿੰਨੇ ਸੁਪਨੇ ਨੇ, ਰੀਝਾਂ ਹਨ।" ਸੋਹਣ ਸਿੰਘ ਦੀ ਆਵਾਜ਼ ਵਿੱਚ ਤਰਲਾ ਤੇ ਉਸ ਦੀਆਂ ਅੱਖਾਂ ਵਿੱਚ ਦੋ ਮੋਟੇ-ਮੋਟੇ ਪਾਣੀ ਦੇ ਮੋਤੀ ਤੈਰਨ ਲੱਗੇ।

"ਡੈਡ... ਜਦੋਂ ਤੁਸੀਂ ਸਾਰਾ ਕੁਸ਼ ਛੱਡ ਕੇ ਇੱਥੇ ਆਏ ਸੀ, ਉਦੋਂ ਤਾਅਡੇ ਵੀ ਮੱਮ-ਡੈਡ 'ਕੱਲੇ ਈ ਸੀ। ਤੁਸੀਂ ਕੀਹਦੇ ਕੋਲ ਛੱਡੇ ਸੀ। ਇਹ ਇਦਾਂ ਈ ਚੱਲਦਾ ਰਹਿਣਾ। ਤੁਹਾਨੂੰ ਸਮਝਣਾ ਪੈਣਾ ਕਿ ਅਸੀਂ ਇੱਥੇ ਜੰਮੇ ਪਲੇ, ਸਾਡੀ ਸੋਚ ਇੰਡੀਆ ਤੋਂ ਵੱਖਰੀ ਆ। ਡੈਡ! ਪਲੀਜ਼ ਅੰਡਰਸਟੈਂਡ।" ਜੀਤ ਨੇ ਆਪਣੇ ਪਿਉ ਨੂੰ ਸਮਝਾਉਣ ਲਈ ਉਸਦੇ ਅਤੀਤ ਨੂੰ ਮੂਹਰੇ ਲਿਆ ਕੇ ਆਪਣੀ ਗੱਲ ਰੱਖੀ। ਅਸਲੀਅਤ ਵਿੱਚ ਜੀਤ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਦਾ ਪਾੜਾ ਸਦਾ ਚੱਲਦਾ ਹੀ ਰਹਿਣਾ ਅਤੇ ਹਰ ਨਵੀਂ ਪੀੜ੍ਹੀ ਆਪਣੇ ਆਪ ਨੂੰ ਅਗਾਂਹ ਤੋਰਨ ਲਈ ਪੁਰਾਣੀ ਪੀੜ੍ਹੀ ਦੀਆਂ ਬਹੁਤ ਸਾਰੀਆਂ ਇਛਾਵਾਂ ਤੇ ਰੀਤੀ ਰਿਵਾਜਾਂ ਨੂੰ ਪਿੱਛੇ ਵੀ ਛੱਡ ਸਕਦੀ ਹੈ।

ਸੋਹਣ ਸਿੰਘ ਦੇ ਦਿਮਾਗ ਵਿੱਚ ਇੱਕ ਫ਼ਿਲਮ ਦੇ ਸੀਨ ਵਾਂਗ ਸਾਰਾ ਕੁਝ ਬੜੀ ਤੇਜ਼ੀ ਨਾਲ ਗੁਜ਼ਰ ਰਿਹਾ ਸੀ ਅਤੇ ਉਸਦੀਆਂ ਅੱਖਾਂ ਪਰਿਵਾਰਕ ਫੋਟੋ 'ਤੇ ਹੀ ਅਟਕੀਆਂ ਪਈਆਂ ਸਨ, ਪਰ ਉਹਨਾਂ ਵਿੱਚੋਂ ਹੰਝੂਆਂ ਦੀ ਇੱਕ ਧਾਰਾ ਉਸਦੀ ਦੁੱਧ ਚਿੱਟੀ ਦਾੜ੍ਹੀ ਨੂੰ ਗਿੱਲਾ ਕਰੀ ਜਾ ਰਹੀ ਸੀ। ਇੰਨੇ ਨੂੰ ਦਿਆਲ ਕੌਰ ਨੇ ਚਾਹ ਦੇ ਕੱਪ ਲਿਆ ਕੇ ਮੇਜ਼ 'ਤੇ ਰੱਖ ਦਿੱਤੇ। ਆਪ ਉਸਦੇ ਨਾਲ ਵਾਲੇ ਸੋਫ਼ੇ 'ਤੇ ਬਹਿ ਕੇ ਸੋਹਣ ਸਿੰਘ ਨੂੰ ਹਲੂਣਦਿਆਂ ਚਾਹ ਪੀਣ ਲਈ ਕਿਹਾ।

ਗਲ ਪਾਏ ਪਰਨੇ ਨਾਲ ਆਪਣੀਆਂ ਅੱਖਾਂ ਨੂੰ ਕਾਹਲੀ ਕਾਹਲੀ ਪੂੰਝਣ ਲੱਗਾ ਤਾਂ ਕਿ ਦਿਆਲ ਕੌਰ ਨਾ ਦੇਖ ਲਵੇ ਅਤੇ ਚਾਹ ਦਾ ਘੁੱਟ ਭਰਦਾ ਹੋਇਆ ਉਸ ਨਾਲ ਦਿਲ ਹੌਲਾ ਕਰਨ ਲਈ ਆਖਣ ਲੱਗਾ, "ਸਾਰੀ ਉਮਰ ਟੁੱਟ-ਟੁੱਟ ਕੇ ਮਰਦਾ ਰਿਹਾ, ਪਰ ਕੀ ਮਿਲਿਆ। ਨਾ ਔਲਾਦ ਚੰਗੀ ਨਿਕਲੀ, ਨਾ ਪਿਛਲਿਆਂ ਕੋਈ ਕਦਰ ਪਾਈ। ਜਿਗਰੀ ਯਾਰ ਸੀ ਭਰਾਵਾਂ ਵਰਗੇ ਉਹ ਵੀ ਵਾਰੋ-ਵਾਰੀ ਤੁਰ ਗਏ।"

"ਤੁਸੀਂ ਐਂਵੇ ਨਾ ਖਪਾਉ ਆਪਣੇ ਆਪ ਨੂੰ ਜੋ ਕਰਮਾਂ 'ਚ ਹੋਵੇ ਉਹੀ ਹੁੰਦਾ। ਉਦੋਂ ਤਾਂ ਤੁਹਾਨੂੰ ਵੀ ਕੰਮ ਤੋਂ ਬਿਨਾ ਕੁਸ਼ ਨੀ ਸੁਝਦਾ ਸੀ। ਮੇਰੇ ਭਰਾਵਾਂ ਦਾ ਆਹ ਬਣਜੈ, ਔਹ ਬਣਜੈ। ਨਾਲ ਲੱਗਦੇ ਚਾਰ ਸਿਆੜ ਵੀ ਜੁੜ ਜਾਣ।" ਦਿਆਲ ਕੌਰ ਨੇ ਆਪਣੀ ਭੜਾਸ ਕੱਢੀ।

"ਦਿਆਲ ਕੁਰੇ ਕਿਹੜਾ ਗੁਨਾਹ ਕਰ ਲਿਆ ਮੈਂ ਜੇ ਕੰਮ ਕਰਦਾ ਸੀ, ਮਿਹਨਤ ਕਰਨੀ ਮਾੜੀ ਆ ਭਲਾ। ਰਹੀ ਗੱਲ ਪਿੱਛੇ ਭਰਾਵਾਂ ਦੀ, ਮੇਰਾ ਫਰਜ਼ ਸੀ ਉਹਨਾਂ ਦਾ ਚੰਗਾ ਮਾੜਾ ਦੇਖਣਾ। ਉਹਨਾਂ ਦਾ ਲਹੂ ਚਿੱਟਾ ਹੋ ਗਿਆ, ਪਰ ਮੇਰਾ ਨੀ ਹੋਇਆ।" ਸੋਹਣ ਸਿੰਘ ਨੇ ਬੜਾ ਦੁਖੀ ਹੋ ਕੇ ਘਰਵਾਲੀ ਨੂੰ ਸਮਝਾਉਂਦਿਆਂ ਇਹ ਗੱਲ ਆਖੀ। ਉਹ ਦਿਆਲ ਕੌਰ ਨੂੰ ਇਹ ਵੀ ਕਹਿਣਾ ਚਾਹੁੰਦਾ ਸੀ ਤੇਰੇ ਭਰਾਵਾਂ ਦੀ ਬਾਂਹ ਵੀ ਬਰਾਬਰ ਫੜਦਾ ਰਿਹਾਂ। ਪਰ ਸਭ ਕੁਝ ਅੰਦਰੋ-ਅੰਦਰੀ ਪੀ ਗਿਆ, ਉਹ ਮੌਕੇ ਦੀ ਨਜ਼ਾਕਤ ਪਛਾਨਣ ਵਾਲਾ ਬੰਦਾ ਸੀ। ਛੋਟੀ ਜਿਹੀ ਗੱਲ ਪਿੱਛੇ ਆਪਣੀ ਜੀਵਨ ਸਾਥਣ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦਾ ਸੀ।

"ਚਲੋ ਦਿਲ ਨਾ ਹੌਲਾ ਕਰੋ, ਨਿਆਣੇ ਆਪਣੇ ਕੰਮੀਂ-ਧੰਦੀਂ ਲੱਗੇ ਹੋਏ ਆ, ਸਾਡੇ ਲਈ ਇਹੋ ਈ ਬਹੁਤ ਆ। ਜੇ ਨਹੀਂ ਮਿਲਦੇ ਵਰਤਦੇ ਤਾਂ ਕੀ ਆ। ਗੋਰਿਆਂ 'ਚ ਜੰਮੇ ਪਲੇ ਤੇ ਵੱਡੇ ਹੋਏ ਨੇ, ਅਸਰ ਤਾਂ ਹੋਣਾ ਈ ਸੀ। ਸਾਰਿਆਂ ਨੂੰ ਅੱਗ ਲੱਗੀ ਆ ਏਥੇ, ਸਾਡੇ ਕਿਹੜਾ 'ਕੱਲਿਆਂ ਦੇ ਆ ਭਲਾ?" ਦਿਆਲ ਕੌਰ ਅੰਦਰੋ ਤਾਂ ਝੂਰਦੀ ਸੀ, ਪਰ ਉਹ ਸੋਹਣ ਸਿੰਘ ਦਾ ਦਿਲ ਰੱਖਣ ਲਈ ਉਸਨੂੰ ਤਸੱਲੀਆਂ ਦੇ ਰਹੀ ਸੀ। ਉਸਦੇ ਵੀ ਦਿਲ ਦੀਆਂ ਰੀਝਾਂ ਸਨ ਕਿ ਨੂੰਹਾਂ ਨੂੰ ਪਾਣੀ ਵਾਰ ਕੇ ਅੰਦਰ ਲੰਘਾਵੇ ਅਤੇ ਉਹਨਾਂ ਦੇ ਸ਼ਗਨ ਮਨਾਵੇ, ਚਾਅ ਕਰੇ, ਪੋਤੇ-ਪੋਤੀਆਂ ਨੂੰ ਲੋਰੀਆਂ ਦੇ ਕੇ ਵੱਡੇ ਕਰੇ। ਪਰ ਬਹੁਤ ਲੋਕਾਂ ਨੂੰ ਅਜਿਹੇ ਸੁੱਖ ਨਸੀਬ ਹੋ ਜਾਂਦੇ ਹਨ ਤੇ ਬਹੁਤ ਸਾਰੇ ਇਹਨਾਂ ਤੋਂ ਵਾਂਝੇ ਰਹਿ ਜਾਂਦੇ ਹਨ। ਜਿਹਨਾਂ ਵਿੱਚ ਦਿਆਲ ਕੁਰ ਵੀ ਇੱਕ ਹੈ।

"ਦਿਆਲ ਕੁਰੇ ਕਮੀ ਤਾਂ ਸਾਡੀ ਪਰਵਿਸ਼ ਵਿੱਚ ਰਹੀ ਆ ਕੋਈ, ਤਾਂ ਹੀ ਨਿਆਣਿਆਂ ਨੇ ਸਾਡੀ ਕਦੇ ਬਾਤ ਨੀ ਪੁੱਛੀ। ਪੜ੍ਹਾਏ ਲਿਖਾਏ, ਸਭ ਕੁਛ ਕੀਤਾ ਇਹਨਾਂ ਨਿਕੰਮਿਆਂ ਲਈ ਤੇ ਅੱਜ ਪਾਣੀ ਦੇ ਘੁੱਟ ਤੋਂ ਵੀ ਅਵਾਜ਼ਾਰ ਹਾਂ, ਫੂਕਣਾ ਐਸੀ ਔਲਾਦ ਨੂੰ। ਇਹਦੇ ਨਾਲੋਂ ਤਾਂ ਔਂਤਰੇ ਈ ਚੰਗੇ ਸੀ। ਘੱਟੋ-ਘੱਟ ਆ ਦੁਖ ਤਾਂ ਨਾ ਹੁੰਦਾ।" ਸੋਹਣ ਸਿੰਘ ਅੰਦਰੋਂ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ, ਜਿਸ ਕਰਕੇ ਉਹ ਆਪਣੇ ਵੱਲੋਂ ਕੀਤੇ ਪਾਲਣ-ਪੋਸਣ ਨੂੰ ਲੈ ਕੇ ਖ਼ੁਦ ਨੂੰ ਦੋਸ਼ੀ ਸਮਝ ਰਿਹਾ ਸੀ।

"ਚੱਲ ਚਾਹ ਪੀ ਲਉ ਠੰਡੀ ਹੋ ਜਾਣੀ, ਇਹਦਾ ਕੀ ਕਸੂਰ ਆ।" ਦਿਆਲ ਕੌਰ ਨੇ ਸੋਹਣ ਸਿੰਘ ਦਾ ਧਿਆਨ ਹੋਰ ਪਾਸੇ ਲਾਉਣ ਲਈ ਚਾਹ ਦਾ ਕੱਪ ਉਸਨੂੰ ਫੜਾ ਦਿੱਤਾ, ਆਪ ਜਾ ਕੇ ਰਸੋਈ ਵਿੱਚ ਰੋਟੀ-ਪਾਣੀ ਦੇ ਆਹਰ ਜਾ ਲੱਗੀ। ਕੋਸੀ ਕੋਸੀ ਚਾਹ ਦੇ ਘੁੱਟ ਭਰਦਾ ਸੋਹਣ ਸਿੰਘ ਉਸ ਵੇਲੇ ਨੂੰ ਯਾਦ ਕਰਨ ਲੱਗਾ, ਜਦੋਂ ਉਹ ਸੱਠਵਿਆਂ ਵਿੱਚ ਵਾਊਚਰ ਤੇ ਵਲੈਤ ਆਇਆ ਸੀ। ਉਹ ਕੰਮ 'ਤੇ ਜਾਣ ਤੋਂ ਪਹਿਲਾਂ ਠੰਡ ਨਾਲ ਠੁਰ ਠੁਰ ਕਰਦਾ ਹੋਇਆ ਚਾਹ ਦਾ ਪਤੀਲਾ ਕੋਲਿਆਂ ਦੀ ਅੰਗੀਠੀ ਉੱਤੇ ਧਰਕੇ

ਮਕਤਲ 'ਚ ਬੈਠਿਆਂ ਤੋਂ, ਅਕਲਾਂ ਦੀ ਬਾਤ ਪੁੱਛਦੈਂ,
ਤੁਰਦੇ ਕਦੋਂ ਨੇ ਆਸ਼ਿਕ, ਹੋਸ਼ੋ-ਹਵਾਸ ਲੈ ਕੇ। -ਅਮਨਦੀਪ ਸਿੰਘ ਅਮਨ

ਆਪ ਹੱਥ ਮੂੰਹ ਧੋਣ ਲੱਗ ਜਾਂਦਾ। ਉਦੋਂ ਸੋਚਦਾ ਸੀ ਕਿ ਗੋਰਿਆਂ ਨੇ ਚਾਹ ਵੀ ਠੰਡ ਵਿੱਚ ਸਰੀਰ ਨੂੰ ਨਿੱਘਾ ਕਰਨ ਲਈ ਹੀ ਬਣਾਈ ਹੋਣੀ ਸ਼ਾਇਦ! ਕਾਹਲੀ ਨਾਲ ਚਾਹ ਪੀ ਕੇ ਸੋਹਣ ਸਿੰਘ ਪੈਂਦੀ ਬਰਫ਼ ਵਿੱਚ ਲੰਮਾ ਕੋਟ ਪਾ ਕੇ ਤੇਜ਼ ਕਦਮ ਪੁੱਟਦਾ ਆਪਣੇ ਸਾਥੀਆਂ ਨਾਲ ਮਿਲ ਵਾਲੇ ਰਾਹੇ ਜਾ ਪੈਂਦਾ।

ਕੀ ਦਿਨ ਸਨ ਉਹ ਵੀ, ਸੋਹਣ ਸਿੰਘ ਨੇ ਸੋਚਾਂ ਦੀ ਉਡਾਰੀ ਭਰਦਿਆਂ ਲੰਮਾ ਹਾਉਕਾ ਲਿਆ। ਗਾਂ ਵਾਲੇ ਪੱਬ ਦਾ ਮਾਲਕ ਉੱਚਾ ਲੰਮਾ ਕੁੰਢੀਆਂ ਮੁੱਛਾਂ ਤੇ ਸਵਾਰ ਕੇ ਬੰਨੀ ਪੱਗ ਵਾਲਾ ਆਤਮਾ ਸਿੰਘ ਯਾਦ ਆ ਗਿਆ। ਜੋ ਕਦੇ ਕਦੇ ਬੀਅਰ ਦਾ ਗਲਾਸ ਲੈ ਕੇ ਉਹਨਾਂ ਨਾਲ ਗੱਲਾਂ ਕਰਨ ਆ ਬੈਠਦਾ। ਆਪਣੇ ਵੱਲੋਂ ਸਭ ਨੂੰ ਗਲਾਸ ਆਫ਼ਰ ਕਰਕੇ ਆਖਦਾ 'ਆਹ ਮੇਰੇ ਵੱਲੋਂ ਆ, ਹੋਰ ਸੁਣਾਉ ਕਿਵੇਂ ਸਭ ਠਕਿ-ਠਾਕ ਚੱਲ ਰਿਹਾ।'

''ਹਾਂ ਆਤਮਾ ਸਿੰਹਾਂ ਸੋਹਣਾ ਸਮਾਂ ਲੰਘੀ ਜਾਂਦਾ, ਆਪਣਾ ਮੁਲਕ ਤਾਂ ਨਹੀਂ ਭੁੱਲਦਾ, ਪਰ ਪਾਪੀ ਪੇਟ ਬੜਾ ਕੁਝ ਕਰਾ ਲੈਂਦਾ।'' ਵਿੱਚੋਂ ਇੱਕ ਜਣਾ ਉਸਨੂੰ ਜਵਾਬ ਦਿੰਦਾ।

''ਸੁਣਿਆ ਕਿ ਮਿੱਲਾਂ ਵਿੱਚ ਬੜਾ ਕੰਮ ਆ। ਬੰਦੇ ਨੀ ਮਿਲਦੇ ਭੱਠੀਆਂ ਮੂਹਰੇ ਕੰਮ ਕਰਨ ਵਾਲੇ।'' ਆਤਮਾ ਸਿੰਘ ਨੇ ਬੀਅਰ ਦਾ ਘੁੱਟ ਭਰਦਿਆਂ ਪੁੱਛਿਆ।

''ਸਾਰੀ ਵਲੈਤ ਤਾਂ ਬੰਦੇ ਖਾਣੀ ਵੱਡੀ ਜੰਗ ਨੇ ਖਾਲੀ ਕਰ ਦਿੱਤੀ, ਉੱਤੋਂ ਸਾਰਾ ਕੁਝ ਉੱਜੜ ਗਿਆ। ਤਾਂ ਹੀ ਇਹਨਾਂ ਆਪਣੇ ਵਰਗੇ ਫੌਜੀਆਂ ਨੂੰ ਸੱਦਿਆ। ਬਈ ਆਉ ਤੇ ਆਪਣੀ ਬਚ ਗਈ ਚਮੜੀ ਹੁਣ ਇੱਥੇ ਆ ਕੇ ਸਾੜੋ।'' ਪਰ੍ਹੇ ਹੋ ਕੇ ਬੈਠਾ ਰੁਲਦਾ ਸਿੰਘ ਥੋੜ੍ਹਾ ਸੂਤ ਹੋ ਕੇ ਬੈਠਦਾ ਹੋਇਆ ਬੋਲਿਆ।

''ਪਰ ਉੱਥੇ ਵੀ ਕੀ ਕਰਨਾ ਸੀ ਰਹਿ ਕੇ, ਜੋ ਸਾਨੂੰ ਇੱਥੇ ਕੰਮ ਕਰਕੇ ਮਿਲ ਜਾਣਾ ਉਹ ਕੁਛ ਉੱਥੇ ਨੀ ਦੇਣਾ ਕਿਸੇ। ਸਾਂਭਣ ਵਾਲਿਆਂ ਕੁਰਸੀਆਂ ਸਾਂਭ ਲਈਆਂ। ਤੂੰ ਮੈਂ ਨੂੰ ਕੌਣ ਪੁੱਛਦਾ, ਭੋਰਾ ਕਦਰ ਨੀ ਹੈ। ਨਾਲੇ ਹੋਰ ਦੱਸਾਂ ਚਿਹਰੇ ਈ ਬਦਲੇ ਨੇ ਕਾਨੂੰਨ ਤਾਂ ਉਹੀ ਰਹਿਣਗੇ। ਸਗੋਂ ਗੋਰਿਆਂ ਤਾਂ ਫਿਰ ਵੀ ਉਚ-ਨੀਚ ਨੂੰ ਘਟਾਇਆ ਈ ਸੀ ਤੇ ਅਸੀਂ ਅਜੇ ਵੀ ਜਾਤਾਂ-ਪਾਤਾਂ ਦੇ ਗੁਲਾਮ ਪਏ ਆਂ।'' ਪਿਆਰਾ ਸਿੰਘ ਆਪਣੀ ਦਲੀਲ ਰੱਖਦਿਆਂ ਥੋੜ੍ਹਾ ਜੋਸ਼ ਵਿੱਚ ਵੀ ਆ ਗਿਆ ਸੀ। ਅਸਲ ਵਿੱਚ ਉਹ ਆਪ ਖੱਤਰੀ ਬਰਾਦਰੀ ਨਾਲ ਸੰਬੰਧਤ ਸੀ। ਪਰ ਗੁਰੂ ਆਸ਼ੇ ਅਨੁਸਾਰ ਕਿਸੇ ਪ੍ਰਕਾਰ ਦੀ ਉਚ-ਨੀਚ ਨੂੰ ਅਸਲੋਂ ਨਕਾਰਦਾ ਆਇਆ ਸੀ।

''ਹੋਰ ਸੋਹਣ ਸਿੰਹਾਂ ਸੁਣਿਆ ਤੇਰੇ ਨਿਆਣੇ ਆ ਗਏ ਆ, ਜੀਅ ਲੱਗ ਗਿਆ ਉਹਨਾਂ ਦਾ ਜਾਂ ਅਜੇ ਪਿੰਡ ਨੂੰ ਚੇਤੇ ਕਰੀ ਜਾਂਦੇ। ਮਹੀਨਾ ਸਵਾ ਮਹੀਨਾ ਤਾਂ ਸਫ਼ਰ ਵਿੱਚ ਈ ਲੱਗ ਗਿਆ ਹੋਣਾ। ਸਾਡਿਆਂ ਨੂੰ ਤਾਂ ਪੂਰਾ ਡੇਢ ਮਹੀਨਾ ਲੱਗਾ, ਕਲਕੱਤਿਉਂ ਜਹਾਜ਼ ਤੁਰਨ ਵਿੱਚ ਹਫ਼ਤਾ ਲੇਟ ਹੋ ਗਿਆ ਸੀ।'' ਆਤਮਾ ਸਿੰਘ ਨੇ ਸੋਹਣ ਸਿੰਘ ਦੇ ਪਿੰਡ ਤੋਂ ਵਲੈਤ ਆਏ ਪਰਿਵਾਰ ਬਾਰੇ ਪੁੱਛਦਿਆਂ ਪਾਣੀ ਵਾਲੇ ਜਹਾਜ਼ ਵਿੱਚ ਲੱਗਣ ਵਾਲੇ ਸਮੇਂ ਬਾਰੇ ਵੀ ਦੱਸਿਆ।

''ਨਹੀਂ ਭਾਊ ਉਹ ਤਾਂ ਸਿੱਧੇ ਈ ਆਏ ਆ, ਦਿਆਲੋ ਪਹਿਲਾਂ ਡਰਦੀ ਸੀ ਪਰ ਜਦੋਂ ਮੈਂ ਚਿੱਠੀ ਵਿੱਚ ਲਿਖ ਕੇ ਪਾਤਾ ਕਿ ਤੂੰ ਡਰੇਂਗੀ ਤਾਂ ਨਿਆਣੇ ਵੀ ਡਰਨਗੇ। ਫਿਰ ਉਹਨੇ ਮੈਨੂੰ ਚਿੱਠੀ ਲਿਖੀ ਕਿ ਮੈਂ ਅੱਖਾਂ ਬੰਦ ਕਰਕੇ ਬਹਿਜੂੰ, ਪਰ ਵਲੈਤ ਆ ਕੇ ਕਈ ਦਿਨ ਹੱਸਦੀ ਵੀ ਰਹੀ ਤੇ ਰੋਂਦੀ ਵੀ ਰਹੀ।'' ਸ਼ਾਇਦ ਉਹਨੂੰ ਅਜੇ ਪਿਛਲੀ ਯਾਦ ਵੀ ਆਉਂਦੀ ਹੋਵੇ।

''ਨਿਆਣੇ ਕੀ ਕਰਦੇ ਹੁੰਦੇ ਆ, ਸਕੂਲੇ ਜਾਣ ਲੱਗ ਪੇ? ਤੁਹਾਡੇ ਲਾਗੇ ਤਾਂ ਫੁੱਲਾਂ ਵਾਲੀ ਪਾਰਕ ਵੀ ਬੜੀ ਸੋਹਣੀ ਆ।'' ਆਤਮਾ ਸਿੰਘ ਨੇ ਫਿਰ ਪੁੱਛਿਆ। ਇੱਕ ਪਾਰਕ ਵਿੱਚ ਜ਼ਿਆਦਾ ਫੁੱਲ ਹੁੰਦੇ ਸੀ, ਉਸਨੂੰ ਦੇਸੀ ਬੰਦੇ ਫੁੱਲਾਂ ਵਾਲੀ ਪਾਰਕ ਨਾਲ ਸੱਦਦੇ ਸੀ।

''ਆਹੋ ਭਾਊ ਜਾਂਦੇ ਆ ਸਕੂਲੇ ਤੇ ਬਾਕੀ ਸਾਰਾ ਦਿਨ ਉਹ ਬੱਤਕਾਂ ਵਾਲੀ ਪਾਰਕ ਜਾਂ ਫੁੱਲਾਂ ਵਾਲੀ ਪਾਰਕ। ਹੋਰ ਸਹੁਰਿਆਂ ਨੂੰ ਕਿਹੜਾ ਕੰਮ ਆ ਕੋਈ। ''ਖੋਤੀ ਤਸੀਲੋਂ ਫਿਰ ਆਵੇ ਉਹ ਨੀ ਮਾਣ ਹੁੰਦੀ- ਇਹ ਤਾਂ ਵਲੈਤ ਵਿੱਚ ਫਿਰਦੇ ਆ।'' ਸੋਹਣ ਸਿੰਘ ਦੀ ਗੱਲ ਸੁਣ ਕੇ ਸਾਰੇ ਹੱਸਣ ਲੱਗੇ।

''ਚੰਗਾ ਭਾਊ ਹੁਣ ਚੱਲਦੇ ਆਂ, ਬੱਸ ਦਾ ਵੀ ਟੈਮ ਹੋ ਚੱਲਿਆ। ਘਰੇ ਚੱਲ ਕੇ ਇੱਕ ਅੱਧੀ ਰੋਟੀ ਨਾਲ ਲਾ ਲਵਾਂਗੇ। ਖੂੰਡੀ ਵਾਲੀ ਬੱਸ ਦਾ ਡਰੈਵਰ ਕਿਸੇ ਦੇਸੀ ਬੰਦੇ ਦੀ ਜ਼ਰਾ ਉਡੀਕ ਨੀ ਕਰਦਾ ਬੱਸ ਭਜਾਉਣ ਦੀ ਕਰੂ ਸਹੁਰੇ ਦਾ।'' ਪਿਆਰਾ ਸਿੰਘ ਸੱਤ ਨੰਬਰ ਬੱਸ ਨੂੰ ਖੂੰਡੀ ਵਾਲੀ ਬੱਸ ਕਿਹਾ ਕਰਦਾ ਸੀ। ਸਭ ਜਣਿਆਂ ਬੈਂਚ ਤੋਂ ਉੱਠਦਿਆਂ ਗਲਾਸ ਖਾਲੀ ਕੀਤੇ ਤੇ ਪੱਬ ਚੋਂ ਬਾਹਰ ਆ ਗਏ ਅਤੇ ਆਤਮਾ ਸਿੰਘ ਦੇ ਖੁੱਲੇ ਡੁੱਲੇ ਸੁਭਾਅ ਤੇ ਵੇਲੇ ਕੁਵੇਲੇ ਉਸ ਵੱਲੋਂ ਉਹਨਾਂ ਨਾਲ ਬਹਿ ਕੇ ਗਲਾਸੀ ਪੀਣੀ ਤੇ ਸਾਰਿਆਂ ਦਾ ਹਾਲ ਚਾਲ ਪੁੱਛਣਾ ਸਭ ਨੂੰ ਚੰਗਾ ਵੀ ਲੱਗਦਾ। ਆਪਣੇ ਬੰਦੇ ਦੀ ਜ਼ਿੰਦਾਦਿਲੀ 'ਤੇ ਮਾਣ ਵੀ ਮਹਿਸੂਸ ਹੁੰਦਾ।

ਬਾਹਰ ਵੱਜੀ ਡੋਰ ਬੈੱਲ ਨੇ ਸੋਹਣ ਸਿੰਘ ਦੀ ਬਿਰਤੀ ਨੂੰ ਤੋੜਿਆ, ਉਸਨੇ ਸੋਚਾਂ ਵਿੱਚ ਕਦੋਂ ਚਾਹ ਦਾ ਕੱਪ ਖਾਲੀ ਕਰ ਦਿੱਤਾ ਉਸਨੂੰ ਜ਼ਰਾ ਵੀ ਪਤਾ ਨਾ ਲੱਗਾ। ਉਹ ਅੱਜ ਬੜਾ ਕੁਝ ਯਾਦ ਕਰਕੇ ਆਪਣੇ ਬੀਤੇ ਸਮੇਂ ਨੂੰ ਮਾਨਣਾ ਚਾਹੁੰਦਾ ਸੀ। ਉਹ ਪਲ ਪਲ ਪਿੱਛੇ ਪਰਤ ਕੇ ਬਚਪਨ ਤੋਂ ਜਵਾਨੀ ਤੇ ਫਿਰ ਬੁਢਾਪੇ ਦੇ ਆਖ਼ਰੀ ਪਹਿਰ 'ਤੇ ਖੜ੍ਹਦਾ ਸੀ।

''ਬਾਹਰ ਕੋਈ ਘੰਟੀ ਮਾਰਦਾ ਹੈ ਬੂਹਾ ਤਾਂ ਖੋਲਦੇ।'' ਦਿਆਲ ਕੌਰ ਰਸੋਈ ਵਿੱਚੋਂ ਈ 'ਵਾਜ ਮਾਰਦੀ ਹੈ। ਪਰ ਤਦ ਤੱਕ ਸੋਹਣ ਸਿੰਘ ਬਾਹਰਲੇ ਬੂਹੇ ਤੱਕ ਪੁੱਜ ਚੁੱਕਾ ਸੀ। ਉਸ ਜਦੋਂ ਬੂਹਾ ਖੋਲਿਆ ਤਾਂ ਬਾਹਰ ਇਟਲੀ ਤੋਂ ਨਵੇਂ ਆਏ ਗੁਆਂਢੀਆਂ ਦਾ ਮੁੰਡਾ 'ਸਤਿ ਸਰੀ ਅਕਾਲ ਬਾਪੂ ਜੀ' ਕਹਿ ਕੇ ਉਹਨਾਂ ਦੇ ਗਾਰਡਨ ਵਿੱਚ ਡਿੱਗੀ ਆਪਣੀ ਬਾਲ ਲੈਣ ਲਈ ਅੰਦਰ ਆਉਣ ਦੀ ਆਗਿਆ ਮੰਗਦਾ ਹੈ।

''ਆਜਾ, ਆਜਾ ਪੁੱਤ, ਸਾਸਰੀ ਕਾਲ। ਔਹ ਚੁੱਕ ਲੈ ਜਾ ਕੇ, ਨਾਲੇ ਆਪਣੀ ਬੀਬੀ ਕੋਲੋਂ ਕੁਸ਼ ਖਾਣ ਨੂੰ ਵੀ ਲੈ ਲਵੀਂ।'' ਸੋਹਣ ਸਿੰਘ ਮੁੰਡੇ ਦਾ ਸਿਰ ਪਲੋਸਦਿਆਂ ਉਸ ਲਈ ਰਾਹ ਛੱਡ ਕੇ ਆਪ ਪਾਸੇ ਹੋ ਗਿਆ। ਇਹ ਮੁੰਡਾ ਕਦੇ ਕਦੇ ਬਾਲ ਇਹਨਾਂ ਦੇ ਘਰੋਂ ਲੈਣ ਆ ਜਾਂਦਾ ਸੀ, ਜੋ ਖੇਡਦੇ ਸਮੇਂ ਟੱਪਾ ਖਾ ਕੇ ਆ ਡਿੱਗਦੀ ਸੀ। ਮੁੰਡਾ ਬਾਲ ਲੈ ਕੇ, ਜਿਵੇਂ ਆਇਆ ਸੀ ਉਵੇਂ ਹੀ ਵਾਪਸ ਪਰਤ ਗਿਆ।

'ਕਦੇ ਸਾਡੇ ਵੀ ਨਿਆਣੇ ਇਸੇ ਤਰ੍ਹਾਂ ਖੇਡਦੇ ਹੁੰਦੇ ਸੀ। ਸਾਰਾ ਦਿਨ ਕਦੇ ਫੁੱਟਬਾਲ, ਕਦੇ ਸਾਈਕਲ ਚਲਾਈ ਜਾਣਾ ਤੇ ਕਈ ਵਾਰ ਰਲ ਕੇ ਗੋਰਿਆਂ ਦੇ ਨਿਆਣੇ ਕੁੱਟ ਆਉਣੇ ਜਿਹੜੇ ਇਹਨਾਂ ਨੂੰ ਬਲੈਕ ਇੰਡੀਅਨ ਕਹਿ ਕੇ ਛੇੜਦੇ ਹੁੰਦੇ ਸੀ। ਘਰ

ਆਪ ਚੰਨ 'ਤੇ ਪਲਾਟ ਤੁਸੀਂ ਕੱਟ ਲਏ
ਦਰੋਂ ਅਸੀਂ ਬੇਦਰ ਹੋ ਗਏ। -(ਅਗਲੇ ਸਫ਼ੇ 'ਤੇ)

ਬਾਹਰ ਰੌਣਕ ਲਾਈ ਰੱਖਣੀ 'ਕੱਠੀ ਹੋਈ ਮੁੜ੍ਹੀਰ ਨੇ, ਕਿੰਨੇ ਸੋਹਣੇ ਦਿਨ ਹੁੰਦੇ ਸੀ। ਉਹ' ਸੋਚਣ ਲੱਗਾ।

"ਕੀ ਹੋ ਗਿਆ ਤੈਨੂੰ? ਕਾਹਤੋਂ ਕੱਲ੍ਹਾ ਈ ਗੱਲਾਂ ਕਰੀਂ ਜਾਨਾ।" ਦਿਆਲ ਕੌਰ ਨੇ ਸੋਹਣ ਸਿੰਘ ਨੂੰ ਬੁੜ-ਬੁੜ ਕਰਦਿਆਂ ਦੇਖ ਕੇ ਪੁੱਛਿਆ।

"ਨਹੀਂ ਕੁਸ਼ ਨੀ ਬੱਸ ਐਵੇਂ ਈ ਦਿਆਲ ਕੁਰੇ ਮਨ ਜਿਹਾ ਨੀ ਟਿਕਦਾ ਮੇਰਾ। ਕਾਹਲੀ ਜਿਹੀ ਪਈ ਜਾਂਦੀ ਐ।" ਸੋਹਣ ਸਿੰਘ ਕਿਸੇ ਦੋਚਿਤੀ ਵਿੱਚ ਪਿਆ ਲੱਗਦਾ ਸੀ ਤੇ ਇਹ ਵੀ ਸਮਝ ਰਿਹਾ ਸੀ ਕਿ ਉਹ ਕੀ ਕਹਿ ਰਿਹਾ ਹੈ।

"ਭਾਊ ਰੁਲਦਾ ਸਿੰਹੁ ਚੱਲ ਵਸਿਆ, ਉਸੇ ਦਾ ਦੁੱਖ ਆ। ਸਿਆਣਾ ਬਣ ਤੇ ਦਿਲ ਤਕੜਾ ਕਰ। ਮਰ ਗਿਆ ਨਾਲ ਮਰਿਆ ਨੀ ਜਾਂਦਾ। ਬਾਬੇ ਦੀ ਬਾਣੀ ਵੀ ਸਮਝਾਉਂਦੀ ਹੈ ਕਿ "ਘਲਹਿ ਆਵਹਿ ਨਾਨਕਾ ਸੱਦੇ ਉਠਿ ਜਾਹਿ", ਦਿਆਲ ਕੌਰ ਨੇ ਸੋਹਣ ਸਿੰਘ ਦੀ ਉਦਾਸੀ ਨੂੰ ਦੂਰ ਕਰਨ ਲਈ ਗੁਰਬਾਣੀ ਦਾ ਵਾਕ ਸੁਣਾਇਆ। ਦਿਆਲ ਕੌਰ ਗੁਰਬਾਣੀ ਅਤੇ ਹੋਰ ਸਾਹਿਤਕ ਕਿਤਾਬਾਂ ਪੜ੍ਹਨ ਵਿੱਚ ਬਹੁਤ ਰੁਚੀ ਰੱਖਦੀ ਸੀ। ਇਸੇ ਲਈ ਉਹ ਸੋਹਣ ਸਿੰਘ ਨਾਲੋਂ ਜ਼ਿਆਦਾ ਮਜ਼ਬੂਤ ਤੇ ਦ੍ਰਿੜ ਸੀ।

"ਪਰ ਹੁਣ ਤੂੰ ਆਪ ਸਿਆਣੀ ਏ, ਕੱਲ ਨੂੰ ਆਪਾਂ ਵੀ ਮਰਨਾ, ਕੌਣ ਆ ਜੋ ਸਾਨੂੰ ਲਾਂਬੂ ਲਾਊ। ਦੋਵੇਂ ਲਾਡਲੇ ਪੁੱਤ ਸਾਨੂੰ ਬੁਲਾ ਕੇ ਰਾਜ਼ੀ ਨੀ। ਕੁੜੀ ਵਿਚਾਰੀ ਕਦੇ ਕਦੇ ਆ ਜਾਂਦੀ ਆ, ਉਹ ਵੀ ਤਾਂ ਬੇਗਾਨੇ ਵੱਸ ਹੋਈ। ਜਿਹਨਾਂ ਲਈ ਮਰਦੇ ਰਹੇ, ਉਹੀ ਸਾਡੀ ਬਾਤ ਨੀ ਪੁੱਛਦੇ। ਨਾ ਦੁੱਖ ਦੀ ਨਾ ਸੁੱਖ ਦੀ, ਅੱਗ ਲਾਉਣੀ ਆ ਐਸੀ 'ਲਾਦ ਨੂੰ।" ਸੋਹਣ ਸਿੰਘ ਆਪਣੇ ਮੁੰਡਿਆਂ ਵੱਲੋਂ ਡਾਹਡਾ ਉਦਾਸ ਲੱਗਦਾ ਸੀ।

"ਆਪਾਂ ਨੂੰ ਵਲੈਤ ਆਇਆਂ 60 ਸਾਲ ਹੋ ਚੱਲੇ ਨੇ, ਲੱਕ ਤੋੜ ਕੇ ਕੰਮ ਕੀਤਾ ਤੇ ਪੈਸੇ ਵੀ ਬਹੁਤ ਕਮਾਏ। ਅਗਲੇ ਪਿਛਲੇ ਸਭ ਦਾ ਕੀਤਾ। ਹੁਣ ਪਿਛਲੇ ਪਹਿਰ ਆ ਕੇ ਪੈਨਸ਼ਨ ਮਿਲਦੀ ਤੇ ਕਿਸੇ ਗੱਲ ਦਾ ਝੋਰਾ ਨੀ। ਦਵਾ ਦਾਰੂ ਲਈ ਧੇਲੇ ਦਾ ਖਰਚ ਨੀ, ਬਿੱਲ-ਬੱਤੀਆਂ ਤੇ ਰੋਟੀ ਖਰਚਾ ਈ ਆ, ਹੋਰ ਕੀ ਲੈਣਾ ਆਪਾਂ।" ਸਰਕਾਰੀ ਸਹੂਲਤਾਂ ਦੀ ਦਲੀਲ ਦੇ ਕੇ ਦਿਆਲ ਕੌਰ ਨੇ ਸੋਹਣ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਪਰ ਇਹ ਸਾਰਾ ਕੁਛ ਕਾਫ਼ੀ ਨਹੀਂ ਦਿਆਲ ਕੁਰੇ।" ਸੋਹਣ ਸਿੰਘ ਅਜੇ ਵੀ ਅਸਹਿਮਤ ਸੀ।

"ਸਾਡੇ ਉੱਥੇ ਵੀ ਤਾਂ ਬੁੜ੍ਹੇ-ਬੁੜ੍ਹੀਆਂ ਪਿਛਲੇ ਅੰਦਰ ਈ ਪਏ ਰਹਿੰਦੇ ਆ। ਮਰਿਆਂ ਨੂੰ ਬਹੁਤੇ ਪੁੱਤ ਲਾਂਬੂ ਲਾਉਣ ਵੇਲੇ ਈ ਮੂਹਰੇ ਆਉਂਦੇ ਆ। ਇੱਥੇ ਰਹਿਣਾ ਤਾਂ ਔਲਾਦ ਦਾ ਸੁੱਖ ਭੁੱਲਣਾ ਈ ਪਊ। ਅਸੀਂ ਆਪਣੀ ਧਰਤੀ ਤੋਂ ਹਜਾਰਾਂ ਮੀਲ ਦੂਰ ਇਸ ਦੇਸ਼ ਵਿੱਚ ਰਹਿ ਰਹੇ ਹਾਂ। ਸਾਡੇ ਬੱਚੇ ਇੱਥੇ ਜੰਮਦੇ ਪਲਦੇ ਨੇ। ਇਹਨਾਂ 'ਤੇ ਗੋਰਿਆਂ ਦਾ ਰੰਗ ਚੜ੍ਹਨਾ ਸੁਭਾਵਿਕ ਹੈ। ਇਸ ਕਰਕੇ ਕੁਛ ਪਾਉਣਾ ਤਾਂ ਕੁਛ ਗਵਾਉਣਾ ਵੀ ਪੈਣੈ। ਐਵੇਂ ਦਿਲ ਨੀ ਢਾਈਦਾ, ਚੜ੍ਹਦੀ ਕਲਾ ਵਿੱਚ ਰਹੀਦਾ।" ਦਿਆਲ ਕੌਰ ਸੋਹਣ ਸਿੰਘ ਦੀ ਪ੍ਰੇਸ਼ਾਨੀ ਨੂੰ ਸਮਝਦੀ ਸੀ। ਪਰ ਇਸ ਨਾਲ ਉਹ ਅਸਲ ਸਚਾਈ ਤੋਂ ਵੀ ਉਸਨੂੰ ਜਾਣੂ ਕਰਵਾਉਣਾ ਚਾਹੁੰਦੀ ਸੀ ਤਾਂ ਕਿ ਉਹ ਬੇਯਕੀਨੀ ਦੇ ਆਲਮ ਵਿੱਚੋਂ ਬਾਹਰ ਨਿੱਕਲ ਸਕੇ।

"ਹਾਂ! ਦਿਆਲ ਕੁਰੇ, ਗੱਲ ਤਾਂ ਤੇਰੀ ਸੋਲ੍ਹਾਂ ਆਨੇ ਸੱਚੀ ਆ। ਪਰ ਏਡੀ ਛੇਤੀ ਕਿਵੇਂ ਮਨ ਸਮਝਾ ਲਵਾਂ। ਕਿਵੇਂ ਅੱਖਾਂ ਫੇਰ ਲਵਾਂ। ਤੂੰ ਤਾਂ ਇਉਂ ਆਖਦੀ ਬਦਲ ਜਾਣ ਲਈ ਜਿਵੇਂ ਟੀਵੀ ਦਾ ਚੈਨਲ ਬਦਲੀਦਾ।" ਸੋਹਣ ਸਿੰਘ ਨੇ ਬੜੀ ਉਦਾਸੀ ਦੇ ਆਲਮ ਵਿੱਚ ਦਿਆਲ ਕੌਰ ਨੂੰ ਜਵਾਬ ਦਿੱਤਾ।

ਸੋਹਣ ਸਿੰਘ ਦੇ ਕੋਲ ਸੋਫ਼ੇ 'ਤੇ ਬੈਠਦਿਆਂ ਉਸਦੇ ਮੋਢੇ 'ਤੇ ਹੱਥ ਰੱਖਦਿਆਂ ਦਿਆਲ ਕੌਰ ਕਹਿਣ ਲੱਗੀ, "ਭੋਲਿਆ ਬੰਦਿਆਂ! ਮੈਂ ਤੈਨੂੰ ਨਾ ਤਾਂ ਬਦਲ ਜਾਣ ਲਈ ਕਹਿੰਦੀ ਹਾਂ ਤੇ ਨਾ ਹੀ ਭੁੱਲ ਜਾਣ ਲਈ ਆਖਦੀ ਹਾਂ। ਪਰ ਸਚਾਈ ਕੋਲੋਂ ਮੂੰਹ ਵੀ ਨੀ ਮੋੜਿਆ ਜਾ ਸਕਦਾ। ਹਰ ਮਾਂ ਪਿਉ ਔਲਾਦ ਦੀ ਖ਼ੁਸ਼ੀ ਲਈ ਸੌ-ਸੌ ਪਾਪੜ ਵੇਲਦਾ ਐ। ਜੇਕਰ ਸਾਡੇ ਨਿਆਣੇ ਇਵੇਂ ਈ ਖੁਸ਼ ਰਹਿਣਾ ਚਾਹੁੰਦੇ ਨੇ ਤਾਂ ਸਾਨੂੰ ਉਹਨਾਂ ਦੀ ਖੁਸ਼ੀ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ। ਨਹੀਂ ਤਾਂ ਉਹ ਅੱਗੇ ਨਿੱਕਲ ਜਾਣਗੇ ਤੇ ਅਸੀਂ ਲਕੀਰ ਦੇ ਫ਼ਕੀਰ ਬਣੇ ਬੈਠੇ ਰਹਾਂਗੇ।"

"ਗੱਲਾਂ ਤਾਂ ਤੇਰੀਆਂ ਮੈਨੂੰ ਇਉਂ ਲੱਗਦੀਆਂ ਜਿਵੇਂ ਕੋਈ ਸਾਧੂ ਸੰਤ ਦੇ ਬਚਨ ਹੋਣ ਪਰ...!" ਸੋਹਣ ਸਿੰਘ ਵਾਕ ਪੂਰਾ ਨਾ ਕਰ ਸਕਿਆ। ਬੱਸ ਦਿਆਲ ਕੌਰ ਦੇ ਚਿਹਰੇ ਵੱਲ ਤੱਕੀ ਜਾ ਰਿਹਾ ਸੀ।

"ਤੁਹਾਡੀ ਮਰਜ਼ੀ ਆ, ਜਿਵੇਂ ਸੋਚਣਾ ਸੋਚੋ ਪਰ ਆਪਣੀ ਸੋਚ ਨੂੰ ਖੂਹ ਦੇ ਡੱਡੂ ਨਾ ਬਣਨ ਦਿਉ।" ਦਿਆਲ ਕੌਰ ਦਲੀਲ ਤੇ ਦਲੀਲ ਦੇ ਰਹੀ ਸੀ। ਪਰ ਸੋਹਣ ਸਿੰਘ ਹੋਰ ਹੁੰਗਾਰਾ ਨਾ ਦੇ ਸਕਿਆ। ਉਸਨੂੰ ਚੁੱਪ ਦੇਖ ਕੇ ਉਹ ਵੀ ਉੱਠ ਕੇ ਬਾਹਰ ਬਗੀਚੀ ਵੱਲ ਚਲੀ ਗਈ। ਸੋਹਣ ਸਿੰਘ ਉੱਥੇ ਹੀ ਸੋਫ਼ੇ ਦੀ ਢੋਅ ਨਾਲ ਸਿਰ ਲਾ ਕੇ ਨੀਂਦ ਦੀ ਗੋਦ ਵਿੱਚ ਜਾ ਬੈਠਾ। ਉਹ ਸੁਪਨੇ ਵਿੱਚ ਦੇਖਦਾ ਹੈ ਕਿ ਉਸਦਾ ਮੁੰਡਾ ਜੀਤ ਆਪਣੀ ਗੋਰੀ ਸਾਥਣ ਨਾਲ ਘਰ ਆਉਂਦਾ ਹੈ, ਜੋ ਕਿ ਮਾਂ ਬਣਨ ਵਾਲੀ ਹੈ। ਸੋਹਣ ਸਿੰਘ ਨੂੰ ਦਾਦਾ ਬਣਨ ਦਾ ਅਹਿਸਾਸ ਬਹੁਤ ਕੁਝ ਭੁਲਾ ਦਿੰਦਾ ਹੈ ਅਤੇ ਉਹ ਗੋਰੀ ਕੁੜੀ ਨੂੰ ਸਿਰ 'ਤੇ ਹੱਥ ਧਰ ਕੇ ਪਿਆਰ ਦਿੰਦਾ ਹੈ। ਉਸਦੀ ਮੁੱਠ ਵਿੱਚ ਵੀਹ ਪੌਂਡ ਦਾ ਨੋਟ ਫੜਾਉਂਦਾ ਹੋਇਆ ਆਖਦਾ ਹੈ, "ਧੀਏ ਆਉਂਦੇ ਜਾਂਦੇ ਰਿਹਾ ਕਰੋ, ਸਾਡੇ ਬੁੱਢੇ ਹੱਡਾਂ ਨੂੰ ਹੌਂਸਲਾ ਮਿਲਦਾ ਰਹੂ।"

(ਸਫ਼ਾ 230 ਤੋਂ ਜਾਰੀ)

ਜਸਕਰਨ ਸਿੰਘ ਗਿੱਲ ਜੈਪੁਰ ਰਾਜਸਥਾਨ, ਅਨੂਪ ਸਿੰਘ ਛਾਪਿਆਵਾਲੀ ਅਤੇ ਉਹਨਾਂ ਦੇ ਸਾਥੀਆਂ ਤੋਂ ਇਲਾਵਾ *ਉਪਰੋਕਤ ਪੰਜ ਯੂਨੀਵਰਸਿਟੀਆਂ ਦੇ 18 ਹੋਣਹਾਰ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ; **13 ਕਾਲਜਜ਼ ਦੇ ਔਸਤਨ 5 ਅਧਿਆਪਕ ਅਤੇ 7 ਵਿਦਿਆਰਥੀ, 15 ਸੈਕੰਡਰੀ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ, ਕਰੀਬਨ 150 ਸਥਾਨਕ ਸੰਸਥਾ (ਦਸ਼ਮੇਸ਼ ਕਾਲਜ) ਦੇ ਪੋਸਟ-ਗ੍ਰੇਜੂਏਟ ਵਿਦਿਆਰਥੀ; *** ਮੇਰੇ ਪਰਿਵਾਰਕ ਮੈਂਬਰ, ਸਕੇ-ਸਬੰਧੀ ਅਤੇ ਸਰਗਰਮ ਕਾਮੇ ਕਰੀਬਨ 50; ****ਰੁੱਗ ਸਾਰੇ ਜਵਾਨੀ ਵੇਲੇ ਦੇ (ਜਿਹਨਾਂ ਇਕੱਠਿਆਂ ਪੁਲੀਸ ਦੀਆਂ ਡਾਂਗਾਂ ਖਾਧੀਆਂ, ਜਿਹਲੀ ਗਏ (ਵਿਸ਼ੇਸ਼ ਕਰਕੇ ਮੋਗਾ ਗੋਲੀ ਕਾਂਡ ਵੇਲੇ) ਅਤੇ ਹੁਣ ਵੀ ਸੁਚੇਤ ਸਮਾਜ ਉਸਾਰੀ ਵਿੱਚ ਸਰਗਰਮ ਨੇ- ਪਹੁੰਚੇ; ਵੱਸੋਂ ਬਾਹਰੇ ਕਾਰਨਾਂ ਕਰਕੇ ਨਾ-ਪਹੁੰਚ ਸਕਣ ਵਾਲਿਆਂ ਦੇ ਸੰਦੇਸ਼ ਸਮਾਗਮ ਵਿੱਚ ਪੜ੍ਹਕੇ ਸੁਣਾਏ ਗਏ।

(ਸਫ਼ਾ ਬਾਕੀ 295 ਉਪਰ)

ਸਾਡੀ ਹੋਈ ਨਾ ਰਜਿਸਟਰੀ ਮਕਾਨ ਦੀ,
ਤੇ ਰੈੱਡ-ਲਾਇਨ ਘਰ ਹੋ ਗਏ।

ਕਹਾਣੀ

# ਅੰਧਕਾਰ

ਮਹਿੰਦਰਪਾਲ ਸਿੰਘ ਧਾਲੀਵਾਲ



ਮਹਿੰਦਰਪਾਲ ਸਿੰਘ ਧਾਲੀਵਾਲ

ਫ਼ੋਨ ਦੀ ਘੰਟੀ ਵੱਜੀ ਤਾਂ ਵਿਸ਼ਨੂੰ ਦਾ ਹੱਥ ਹਨ੍ਹੇਰੇ ਵਿਚ ਸਿਰਹਾਣੇ ਕੋਲ ਪਿਆ ਫ਼ੋਨ ਲੱਭਣ ਲੱਗਾ। ਅਜੇ ਰਾਤ ਦੇ ਨੌਂ ਕੁ ਹੀ ਵੱਜੇ ਸਨ। ਉਸ ਦੀ ਅੱਖ ਵੀ ਨਹੀਂ ਸੀ ਲੱਗੀ। ਨੀਂਦ ਤਾਂ ਉਸ ਦੀਆਂ ਅੱਖਾਂ ਵਿਚੋਂ ਢਾਈ ਸਾਲਾਂ ਤੋਂ ਤਕਰੀਬਨ ਗਾਇਬ ਸੀ। ਫ਼ੋਨ ਆਨ ਕਰਕੇ ਉਸਨੇ ਕੰਨ ਨੂੰ ਲਗਾਇਆ। ਉਸ ਦੇ ਨਾਲ ਹੀ ਚਟਾਈ 'ਤੇ ਪਈ ਉਸ ਦੀ ਪਤਨੀ ਉੱਠ ਬੈਠੀ ਅਤੇ ਕੁਝ ਦੂਰ ਦੂਜੀ ਚਟਾਈ 'ਤੇ ਪਈ ਉਸਦੀ ਮਾਂ ਨੇ ਵੀ ਕਰਾਹੁੰਦਿਆਂ ਬੈਠਣ ਦਾ ਤਰੱਦਦ ਕੀਤਾ।

"ਕੰਚਨ... ਤੂੰ... ਕਿਥੇ...?" ਵਿਸ਼ਨੂੰ ਦੀ ਕੰਬਦੀ ਆਵਾਜ਼ ਲੜਖੜਾਈ। ਝੌਂਪੜੀ ਵਿਚ ਪਹਿਲਾਂ ਹੀ ਵਿਛੀ ਚੁੱਪ ਹੋਰ ਵੀ ਡੂੰਘੀ ਹੋ ਗਈ ਸੀ। ਫਿਰ ਵੀ ਵਿਸ਼ਨੂੰ ਨੇ ਆਪਣੇ ਕੰਨ ਨਾਲ ਫ਼ੋਨ ਨੂੰ ਹੋਰ ਘੁੱਟਿਆ।

"ਮੈਂ ਫੇਰ ਫ਼ੋਨ ਕਰੂੰ। ਤੁਸੀਂ ਫ਼ੋਨ ਨੀ ਕਰਨਾ...।" ਅਚਾਨਕ ਫੋਨ ਕੱਟਿਆ ਗਿਆ ਅਤੇ ਵਿਸ਼ਨੂੰ ਫ਼ੋਨ ਵੱਲ ਘੂਰਦਾ ਹੀ ਰਹਿ ਗਿਆ।

ਅੱਜ ਹੀ ਕੰਮ ਤੋਂ ਵਾਪਿਸ ਆਉਂਦਿਆਂ ਵਿਸ਼ਨੂੰ ਦੁਕਾਨ ਤੋਂ ਫੋ੍ਨ ਦੀ ਬੈਟਰੀ ਚਾਰਜ ਕਰਾ ਕੇ ਲਿਆਇਆ ਸੀ। ਉਸ ਦੀ ਝੌਂਪੜੀ ਵਿਚ ਬਿਜਲੀ ਨਹੀਂ ਸੀ। ਕਦੇ ਸਾਰੇ ਮਹੱਲੇ ਦੇ ਲੋਕ ਕੁੰਡੀ ਲਗਾ ਕੇ ਝੌਂਪੜੀਆਂ ਨੂੰ ਚਾਨਣ ਨਾਲ ਭਰ ਲੈਂਦੇ ਸਨ। ਬਿਜਲੀ ਮਹਿਕਮੇ ਦੀ ਸਖ਼ਤੀ ਨੇ ਅਜਿਹਾ ਕਰਨ ਤੋਂ ਵਰਜ਼ ਦਿੱਤਾ ਸੀ। ਹੁਣ ਤਾਂ ਮੋਮਬੱਤੀਆਂ ਨਾਲ ਹੀ ਕੰਮ ਚਲਦਾ ਸੀ। ਵੈਸੇ ਵਿਸ਼ਨੂੰ ਨੂੰ ਫ਼ੋਨ ਦੀ ਲੋੜ ਵੀ ਨਹੀਂ ਸੀ। ਬੱਸ ਕੰਚਨ ਹੀ ਫ਼ੋਨ ਰੱਖਣ ਦਾ ਕਾਰਨ ਸੀ ਤੇ ਉਸੇ ਨੇ ਫ਼ੋਨ ਖਰੀਦ ਕੇ ਦਿੱਤਾ ਸੀ।

"ਕੀ ਕਹਿੰਦੀ ਕੰਚਨ...?" ਕੰਚਨ ਦੀ ਮਾਂ ਪਾਰਵਤੀ ਨੇ ਡਰੀ ਜਿਹੀ ਆਵਾਜ਼ ਵਿਚ ਸਵਾਲ ਕੀਤਾ। ਕੰਚਨ ਦੀ ਦਾਦੀ ਨੇ ਚਟਾਈ 'ਤੇ ਹੱਥ ਫੇਰਿਆ। ਕਦੇ ਕੰਚਨ ਉਸ ਨਾਲ ਚਟਾਈ 'ਤੇ ਸੌਂਦੀ ਹੁੰਦੀ ਸੀ। ਉਸ ਨੂੰ ਲੱਗਾ ਜਿਵੇਂ ਕੰਚਨ ਇਕ ਵਾਰ ਫਿਰ ਉਸ ਨਾਲ ਸੌਂ ਰਹੀ ਹੋਵੇ। ਖਾਲੀ ਚਟਾਈ 'ਤੇ ਹੱਥ ਫੇਰਦਿਆਂ ਉਸ ਨੂੰ ਕੰਚਨ ਦਾ ਮੋਹ ਜਾਗਿਆ ਅਤੇ ਉਸ ਦੀਆਂ ਅੱਖਾਂ ਭਰ ਆਈਆਂ। ਅਜਿਹਾ ਪਹਿਲੀ ਵਾਰ ਤਾਂ ਹੋਇਆ ਨਹੀਂ ਸੀ। ਇਹ ਤਾਂ ਕਦੀ-ਕਦੀ ਦਿਨ ਵਿਚ ਦੋ ਤਿੰਨ ਵਾਰ ਵੀ ਹੋ ਜਾਂਦਾ ਜਾਂ ਕਦੀ ਦਿਨ ਸੁੱਕਾ ਵੀ ਲੰਘ ਜਾਂਦਾ।

ਪਾਰਵਤੀ ਅਤੇ ਵਿਸ਼ਨੂੰ ਨੇ ਪਹਿਲਾਂ ਝੌਂਪੜੀ ਦੇ ਵਿਚਕਾਰ ਇਕ ਪਰਦਾ ਤਾਣ ਕੇ ਕੰਧ ਬਣਾਈ ਹੋਈ ਸੀ। ਕੰਚਨ ਦਾਦੀ ਦੀ ਹਿੱਕ ਨਾਲ ਲੱਗਕੇ ਸੌਂ ਜਾਂਦੀ ਅਤੇ ਉਹ ਦੋਵੇਂ ਇਕ ਚਟਾਈ 'ਤੇ ਸੌਂ ਰਹਿੰਦੇ। ਕੰਚਨ ਦੇ ਜਾਣ ਪਿੱਛੋਂ ਨਾ ਤਾਂ ਪਰਦੇ ਦੀ ਲੋੜ ਸੀ ਅਤੇ ਨਾ ਹੀ ਦਾਦੀ ਦੀ ਸਿਹਤ ਪਹਿਲਾਂ ਵਾਲੀ ਰਹੀ ਸੀ। ਸਾਰੇ ਹੀ ਗੂੰਗੀ ਚੁੱਪ ਤਾਣੀ ਦਿਨ ਕਟੀ ਕਰ ਰਹੇ ਸਨ। ਉਹਨਾਂ ਦਾ ਨਾ ਤਾਂ ਇਕ ਦੂਜੇ ਨਾਲ ਗੱਲ ਕਰਨ ਨੂੰ ਦਿਲ ਕਰਦਾ ਅਤੇ ਨਾ ਹੀ ਕਿਸੇ ਹੋਰ ਬਾਹਰਲੇ ਨਾਲ।

"ਕਹਿੰਦੀ ਫੇਰ ਫੋਨ ਕਰੂਗੀ...।" ਵਿਸ਼ਨੂੰ ਨੇ ਅਟਕ ਕੇ ਜਵਾਬ ਦਿੱਤਾ।

"ਪਰ ਹੁਣ ਕਿਉਂ ਨੀ ਉਹਨੇ ਗੱਲ ਕੀਤੀ...?" ਦਾਦੀ ਦੀ ਗੱਲ ਦਾ ਕਿਸੇ ਨੇ ਜਵਾਬ ਨਾ ਦਿੱਤਾ ਨਾ ਹੀ ਕਿਸੇ ਨੂੰ ਜਵਾਬ ਦਾ ਪਤਾ ਸੀ

*****

ਸਰੂਪ ਨੇ ਟੈਕਸੀ ਵਿਚੋਂ ਆਪਣਾ ਸਮਾਨ ਲਿਆ ਅਤੇ ਘਰ ਦੀ ਘੰਟੀ ਖੜਕਾਈ। ਇਕ ਸਾਂਵਲੇ ਰੰਗ ਦੀ ਕੁੜੀ ਨੇ ਦਰਵਾਜ਼ਾ ਖੋਲ੍ਹਿਆ। ਉਸ ਦੇ ਪਿੱਛੇ ਘਰ ਦੀ ਮਾਲਕਣ ਨਿਰਮਲਾ ਖੜ੍ਹੀ ਮੁਸਕਰਾ ਰਹੀ ਸੀ। ਉਹਨਾਂ ਦੀਆਂ ਨਜ਼ਰਾਂ ਮਿਲੀਆਂ ਅਤੇ ਦੋਵਾਂ ਨੇ ਇਕ ਦੂਜੇ ਨੂੰ ਹੈਲੋ ਕਿਹਾ।

"ਆਉ ਭਾਈ ਸਾਅਬ ਆਉ। ਮੈਂ ਤਾਂ ਕਾਫੀ ਦੇਰ ਤੋਂ ਉਡੀਕ ਰਹੀ ਸੀ। ਇਹ ਵੀ ਬੱਸ ਘੰਟਾ ਕੁ ਈ ਹੋਇਆ ਅਪਾਹਜ ਬੱਚਿਆਂ ਦੀ ਚੈਰਿਟੀ ਦੀ ਮੀਟਿੰਗ ਵਿਚ ਗਏ ਐ। ਕੋਈ ਜ਼ਰੂਰੀ ਫੋਨ ਆ ਗਿਆ ਸੀ। ਜਲਦੀ ਆ ਜਾਣਗੇ...।" ਨਿਰਮਲਾ ਨੇ ਆਪਣੇ ਪਤੀ ਸ਼ਿਵਦੇਵ ਦਾ ਘਰੇ ਨਾ ਹੋਣ ਦਾ ਕਾਰਨ ਦੱਸਦਿਆਂ ਸਰੂਪ ਨੂੰ ਸਜੇ ਸਜਾਏ ਡਰਾਇੰਗ ਰੂਮ ਵਿਚ ਬੈਠਣ ਲਈ ਕਿਹਾ। ਨੌਕਰਾਣੀ ਉਹਨਾਂ ਲਈ ਟਰੇਅ ਵਿਚ ਪਾਣੀ ਦੇ ਗਲਾਸ ਲੈ ਆਈ। ਪਹਿਲਾਂ ਉਸਨੇ ਮਹਿਮਾਨ ਨੂੰ ਪਾਣੀ ਪੇਸ਼ ਕੀਤਾ। ਸਰੂਪ ਨੇ ਪਾਣੀ ਦਾ ਗਲਾਸ ਚੁੱਕ ਲਿਆ ਅਤੇ ਸਹਿਜ ਨਾਲ ਪੀਣ ਲੱਗਾ। ਕੁੜੀ ਮਾਲਕਣ ਅੱਗੇ ਟਰੇਅ ਲਈ ਖੜ੍ਹੀ ਰਹੀ। ਮਾਲਕਣ ਨੇ ਮਹਿਮਾਨ ਨਾਲ ਗੱਲਾਂ ਦੀ ਲੜੀ ਜਾਰੀ ਰੱਖੀ। ਪਾਣੀ ਪੀਣ ਜਾਂ ਨਾ ਪੀਣ ਦਾ ਉਸਨੇ ਕੋਈ ਇਸ਼ਾਰਾ ਨਾ ਕੀਤਾ। ਸਰੂਪ ਨੇ ਪਾਣੀ ਪੀਤਾ ਤਾਂ ਕੁੜੀ ਨੇ ਟਰੇਅ ਅੱਗੇ ਕਰ ਦਿੱਤੀ ਅਤੇ ਗਲਾਸ ਲੈ ਕੇ ਰਸੋਈ ਵਿਚ ਚਲੀ ਗਈ।

"ਮੈਡਮ ਚਾਏ ਬਣਾਉਂ...?" ਕੁੜੀ ਨੇ ਵਾਪਿਸ ਆ ਕੇ ਪੁੱਛਿਆ। "ਭਾਈ ਸਾਅਬ ਚਾਹ ਜਾਂ ਕੌਫੀ...?"

"ਚਾਹ ਪਲੀਜ਼...।" ਨਿਰਮਲਾ ਨੇ ਕੁੜੀ ਵੱਲ ਵੇਖਿਆ ਅਤੇ ਕੁੜੀ ਬਿਨਾਂ ਉਸ ਦੇ ਬੋਲਣ ਤੋਂ ਚਾਹ ਦਾ ਇਸ਼ਾਰਾ ਸਮਝ ਗਈ। ਸਰੂਪ ਨਿਰਮਲਾ ਅਤੇ ਸ਼ਿਵਦੇਵ ਦੀ ਕੰਧ 'ਤੇ ਟੰਗੀ ਪੁਰਾਣੀ ਫੋਟੋ ਵੇਖਣ ਲੱਗਾ।

ਸਰੂਪ ਤੇ ਸ਼ਿਵਦੇਵ ਕਦੇ ਕਲਾਸਫੈਲੋ ਸਨ। ਉਹਨਾਂ ਦਾ ਸਕੂਲ ਦੋਵਾਂ ਦੇ ਪਿੰਡਾਂ ਦੇ ਵਿਚਕਾਰ ਸੀ। ਸ਼ਿਵਦੇਵ ਦਾ ਪਿੰਡ ਸਕੂਲ ਤੋਂ ਤਿੰਨ ਕੁ ਕਿਲੋਮੀਟਰ ਚੜ੍ਹਦੀ ਵਾਲੇ ਅਤੇ ਸਰੂਪ ਦਾ ਪਿੰਡ ਏਨੀ ਕੁ ਵਿੱਥ 'ਤੇ ਛਿਪਦੀ ਵਾਲੇ ਪਾਸੇ ਸੀ। ਸਕੂਲ ਦੇ ਜ਼ਮਾਨੇ ਉਹਨਾਂ ਵਿਚ ਕੋਈ ਖਾਸ ਦੋਸਤੀ ਨਹੀਂ ਸੀ। ਸਕੂਲ ਤੋਂ ਬਾਅਦ ਉਹ ਵੱਖੋ-ਵੱਖ ਕਾਲਜਾਂ ਵਿਚ ਪੜ੍ਹੇ ਸਨ। ਸ਼ਿਵਦੇਵ ਕਾਲਜ ਤੋਂ ਬਾਅਦ ਦਿੱਲੀ ਆ ਗਿਆ ਸੀ ਅਤੇ ਸਰੂਪ ਇੰਗਲੈਂਡ ਚਲਾ ਗਿਆ। ਇਹ ਤਾਂ ਤਿੰਨ ਕੁ ਸਾਲ ਪਹਿਲਾਂ ਸਰੂਪ ਦੇ ਇਕ ਦੋਸਤ ਦੀ ਭੈਣ ਦਾ ਵਿਆਹ ਸੀ। ਉਥੇ ਹੀ ਸ਼ਿਵਦੇਵ ਉਸ ਨੂੰ ਮਿਲਿਆ ਸੀ ਅਤੇ ਉਸਨੇ ਸਰੂਪ ਨਾਲ ਵਾਹਵਾ ਦੋਸਤੀ ਗੰਢ ਲਈ ਸੀ। ਛੇ ਕੁ ਮਹੀਨਿਆਂ ਬਾਅਦ ਸ਼ਿਵਦੇਵ ਤੇ ਨਿਰਮਲਾ ਇੰਗਲੈਂਡ

ਸਮੇਂ ਸਮੇਂ ਦੀ ਗੱਲ ਹੈ ਕਦੇ ਅਸੀਂ ਪਸ਼ੂ ਵੇਚ ਕੇ,
ਖਰੀਦਦਾਰ ਨੂੰ ਰੱਸਾ ਫੜਾਉਣ ਲੱਗੇ। -(ਅਗਲੇ ਸਫ਼ੇ 'ਤੇ)

ਆਏ ਤਾਂ ਉਸ ਨੂੰ ਮਿਲੇ ਵੀ ਅਤੇ ਦੋ ਕੁ ਦਿਨ ਉਸ ਕੋਲ ਰਹੇ ਵੀ। ਉਹਨਾਂ ਨੇ ਸਰੂਪ ਨੂੰ ਦਿੱਲੀ ਆਪਣੇ ਕੋਲ ਠਹਿਰਨ ਦਾ ਸੱਦਾ ਵੀ ਦਿੱਤਾ ਸੀ। ਸਰੂਪ ਉਸੇ ਸੱਦੇ ਦਾ ਮਾਣ ਰਖਦਿਆਂ ਉਹਨਾਂ ਕੋਲ ਆਇਆ ਸੀ।

ਚਾਹ ਪੀ ਕੇ ਉਹ ਕੁਝ ਦੇਰ ਗੱਲਾਂ ਕਰਦੇ ਰਹੇ। ਸ਼ਿਵਦੇਵ ਅਜੇ ਆਇਆ ਨਹੀਂ ਸੀ। ਪੰਜਾਬ ਤੋਂ ਦਿੱਲੀ ਤੱਕ ਦਾ ਸਫ਼ਰ ਥਕੇਵੇਂ ਅਤੇ ਅਕੇਵੇਂ ਭਰਿਆ ਸੀ। ਸਰੂਪ ਨੇ ਨਹਾਉਣ ਦੀ ਇੱਛਾ ਪ੍ਰਗਟ ਕੀਤੀ।

''ਕੰਚੋ... ਜ਼ਰਾ ਸਾਅਬ ਕੋ ਇਨ ਕਾ ਰੂਮ ਤੋ ਦਿਖਾਣਾ... ਔਰ ਬਾਥ ਰੂਮ ਭੀ।'' ਨਿਰਮਲਾ ਨੇ ਉੱਚੀ ਆਵਾਜ਼ ਲਗਾਈ। ਕੁੜੀ ਦੌੜੀ ਆਈ ਅਤੇ ਉਸ ਨੇ ਸਰੂਪ ਦੇ ਅਟੈਚੀ ਨੂੰ ਚੁੱਕਣ ਲਈ ਹੱਥ ਪਾ ਲਿਆ।

''ਨਹੀਂ ਨਹੀਂ- ਇਹ ਤਾਂ ਬਹੁਤ ਭਾਰਾ ਐ। ਤੇਰੇ ਜਿੱਡਾ ਤਾਂ ਅਟੈਚੀ ਆਂ। ਤੂੰ ਆਹ ਹੈਂਡ ਬੈਗ ਚੁੱਕ ਲੈ ਤੇ ਅਟੈਚੀ ਮੈਂ ਲੈ ਆਉਣਾ...।''

''ਨਹੀਂ ਭਾਈ ਸਾਅਬ ਇਹ ਬਥੇਰੀ ਤਾਕਤਵਰ ਐ। ਲੈ ਜਾਏਗੀ...।'' ਨਿਰਮਲਾ ਨੇ ਕੁੜੀ ਵੱਲ ਇੰਝ ਤੱਕਿਆ ਜਿਵੇਂ ਉਸ ਨੂੰ ਅਟੈਚੀ ਚੁੱਕਣ ਦਾ ਹੁਕਮ ਦੇ ਰਹੀ ਹੋਵੇ। ਪਰ ਸਰੂਪ ਨੇ ਨਿਰਮਲਾ ਦੀ ਗੱਲ ਨੂੰ ਅਣਗੌਲਿਆਂ ਕਰਕੇ ਅਟੈਚੀ ਚੁੱਕਿਆ ਅਤੇ ਪੌੜੀਆਂ ਚੜ੍ਹ ਗਿਆ। ਕੰਚੋ ਹੈਂਡ ਬੈਗ ਲੈ ਕੇ ਉਪਰ ਪਹੁੰਚ ਗਈ। ਹੈਂਡ ਬੈਗ ਰਖਦਿਆਂ ਕੰਚੋ ਨੇ ਸਰੂਪ ਵੱਲ 'ਧੰਨਵਾਦ' ਕਹਿੰਦੀਆਂ ਨਜ਼ਰਾਂ ਨਾਲ ਵੇਖਿਆ।

ਨਹਾ ਕੇ ਸਰੂਪ ਨੀਚੇ ਆ ਗਿਆ। ਕੰਚੋ ਦੇ ਦੱਸਣ ਅਨੁਸਾਰ ਨਿਰਮਲਾ ਕੁੜੀਆਂ ਨੂੰ ਕਾਲਜ ਤੋਂ ਲੈਣ ਚਲੀ ਗਈ ਸੀ। ਕੰਚੋ ਨੂੰ ਪਤਾ ਸੀ ਨਿਰਮਲਾ ਬਾਹਰਲਾ ਤਾਲਾ ਲਗਾ ਕੇ ਗਈ ਹੋਵੇਗੀ। ਮਹਿਮਾਨ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ।

''ਕੰਚੋ ਬਿਟੀਆ ਜੇ ਇਕ ਕੱਪ ਚਾਹ ਦਾ ਬਣਾ ਦੇਵੇਂ...।'' ਸਰੂਪ ਨੇ ਹੁਕਮ ਦੀ ਥਾਂ ਬੇਨਤੀ ਦੇ ਲਹਿਜੇ ਵਿਚ ਕਿਹਾ। 'ਬਿਟੀਆ' ਸ਼ਬਦ ਸੁਣਕੇ ਕੰਚੋ ਦੀਆਂ ਅੱਖਾਂ ਭਰ ਆਈਆਂ। ਉਸਨੂੰ ਆਪਣੇ ਪਿਉ ਵਿਸ਼ਨੂੰ ਦੀ ਯਾਦ ਆਈ। ਸਰੂਪ ਨੇ ਉਸ ਦੇ ਬਦਲਦੇ ਭਾਵਾਂ ਨੂੰ ਵੇਖ ਲਿਆ ਸੀ।

ਸਰੂਪ ਇੰਗਲੈਂਡ ਵਿਚ ਸੋਸ਼ਲ ਸਰਵਿਸਜ਼ ਵਿਚ ਕੰਮ ਕਰਦਾ ਸੀ। ਵਰ੍ਹਿਆਂ ਦੀ ਸਰਵਿਸ ਵਿਚ ਉਸ ਨੇ ਅਨੇਕਾਂ ਹੀ ਦਿਲ ਕੰਬਾਊ ਕੇਸ ਵੇਖੇ ਸਨ। ਨਸ਼ਿਆਂ ਵਿਚ ਗ੍ਰੂਸੇ ਲੋਕਾਂ ਦੇ ਛੋਟੇ-ਛੋਟੇ ਬੱਚੇ ਘਰ ਵਿਚ ਸੁੱਟੀਆਂ ਖਾਲੀ ਸ਼ਰਾਬ ਦੀਆਂ ਬੋਤਲਾਂ ਅਤੇ ਸਿਗਰਟਾਂ ਦੇ ਟੁਕੜਿਆਂ ਨਾਲ ਖੇਡਦੇ, ਭੁੱਖਣ-ਭਾਣੇ ਰੋਂਦੇ ਕਰਲਾਉਂਦਿਆਂ ਨੂੰ ਸਿਵਲ ਸਰਵਿਸ ਵਾਲੇ ਆਪਣੀ ਦੇਖ-ਰੇਖ ਵਿਚ ਲੈ ਜਾਂਦੇ। ਅੱਜ ਕੱਲ੍ਹ ਇਕ ਹੋਰ ਸਮੱਸਿਆ ਪੱਛਮੀ ਯੂਰਪ ਵਿਚ ਦਿਓ ਕੱਦ ਬਣਦੀ ਜਾ ਰਹੀ ਸੀ। ਪੂਰਬੀ ਯੂਰਪ, ਏਸ਼ੀਆ ਅਤੇ ਅਫ਼ਰੀਕਾ ਦੇ ਭੁੱਖਮਰੀ ਤੋਂ ਤੰਗ ਲੋਕ ਪੱਛਮੀ ਯੂਰਪ ਵਿਚ ਪਹੁੰਚਣ ਲਈ ਅਪਣੀਆਂ ਜਾਨਾਂ ਤੱਕ ਦੀ ਬਾਜ਼ੀ ਲਗਾ ਰਹੇ ਸਨ। ਕਰਿਮੀਨਲ ਲੋਕਾਂ ਨੇ ਇਸ ਨੂੰ ਆਪਣਾ ਵਪਾਰ ਬਣਾਇਆ ਹੋਇਆ ਸੀ। ਪੰਦਰਾਂ-ਸੋਲ੍ਹਾਂ ਸਾਲਾਂ ਦੀਆਂ ਕੁੜੀਆਂ ਹੀ ਨਹੀਂ ਔਰਤਾਂ ਨੂੰ ਵੀ ਵਰਗਲਾ ਕੇ ਪੱਛਮੀ ਯੂਰਪ ਵਿਚ ਲਿਆਉਂਦੇ। ਉਹਨਾਂ ਤੋਂ ਧੰਦਾ ਕਰਵਾਉਂਦੇ। ਜਿਹੜੀਆਂ ਨਾ ਮੰਨਦੀਆਂ ਉਹਨਾਂ ਨੂੰ ਨਸ਼ਿਆਂ ਦੀ ਲੱਤ ਲਗਾ ਕੇ ਆਪਣੀਆਂ ਗੁਲਾਮ ਬਣਾ ਲੈਂਦੇ। ਘਰਾਂ ਵਿਚ ਕੈਦ ਰਖਦੇ ਅਤੇ ਗੁਲਾਮਾਂ ਵਾਲਾ ਹੀ ਉਹਨਾਂ ਨਾਲ ਵਿਹਾਰ ਕਰਦੇ। ਇਕ ਗੈਂਗ ਦੂਜੇ ਕੋਲ ਕੁੜੀਆਂ ਨੂੰ ਵੇਚਦਾ, ਖਰੀਦਦਾ। ਅਜਿਹੇ ਕੁਝ ਕੇਸਾਂ ਨਾਲ ਸਰੂਪ ਦਾ ਵਾਹ ਪਿਆ ਸੀ। ਉਹਨਾਂ ਵਿਚਾਰੀਆਂ ਕੁੜੀਆਂ 'ਤੇ ਸਰੂਪ ਨੂੰ ਤਰਸ ਆਉਂਦਾ ਜਿਹੜੀਆਂ ਆਜ਼ਾਦੀ ਤੇ ਰੋਟੀ ਦੀ ਭਾਲ ਵਿਚ ਅਜਿਹੇ ਦਰਿੰਦਿਆਂ ਦੇ ਹੱਥ ਚੜ੍ਹ ਗਈਆਂ ਸਨ। ਕੁਝ ਅਜਿਹੀਆਂ ਵੀ ਸਨ ਜਿਹਨਾਂ ਨੂੰ ਕੁਝ ਅਮੀਰ ਲੋਕ ਆਪਣੇ ਘਰਾਂ ਵਿਚ ਨੌਕਰੀ 'ਤੇ ਰਖਦੇ।

ਉਹਨਾਂ ਨੂੰ ਸਰਕਾਰ ਵੱਲੋਂ ਮਿੱਥੀ ਘੱਟੋ-ਘੱਟ ਉਜ਼ਰਤ ਤੋਂ ਵੀ ਘੱਟ ਤਨਖਾਹ ਦਿੰਦੇ। ਕਈਆਂ ਦੇ ਪਾਸਪੋਰਟ ਜ਼ਬਤ ਕਰ ਲੈਂਦੇ। ਉਹਨਾਂ ਨਾਲ ਵੀ ਗੁਲਾਮਾਂ ਵਾਲਾ ਸਲੂਕ ਹੁੰਦਾ। ਉਹਨਾਂ ਨੂੰ ਘਰੋਂ ਬਾਹਰ ਜਾਣ ਦੀ ਵੀ ਮਨਾਹੀ ਸੀ।

ਸਰੂਪ ਸੋਚਦਾ ਗੁਲਾਮੀ ਦਾ ਅੰਤ ਅਜੇ ਵੀ ਨਹੀਂ ਸੀ ਹੋਇਆ। ਇਸਦੇ ਰੂਪ ਬਦਲ ਗਏ ਸਨ ਅਤੇ ਬਦਲ ਰਹੇ ਸਨ। 'ਭਾਰਤ ਮਹਾਨ' ਬਾਰੇ ਸੋਚਦਾ ਤਾਂ ਨਿੱਕੇ ਨਿੱਕੇ ਬੱਚੇ ਲੋਕਾਂ ਦੇ ਘਰਾਂ ਵਿਚ ਰੋਟੀ ਲਈ ਗੁਲਾਮੀ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ।

ਕੰਚੋ ਚਾਹ ਲੈ ਕੇ ਆ ਗਈ ਸੀ। ਉਸ ਦੀਆਂ ਅੱਖਾਂ ਲਾਲ ਸਨ। ਸਰੂਪ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਉਹ ਰੋ ਕੇ ਆਈ ਸੀ। ਉਹ, ਉਸ ਨਾਲ ਕੋਈ ਚੰਗੀ ਜਿਹੀ ਗੱਲ ਕਰਕੇ ਉਸ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਨਾਲੋ-ਨਾਲ ਉਹ ਕੰਚੋ ਦੀਆਂ ਸਮੱਸਿਆਵਾਂ ਬਾਰੇ ਵੀ ਸੋਚ ਰਿਹਾ ਸੀ।

''ਥੈਂਕ ਯੂ ਬਿਟੀਆਂ...। ਕਹਾਂ ਕੇ ਰਹਿਣੇ ਵਾਲੀ ਹੋ?''

''ਸਰ ਆਸਾਮ ਕੀ...।'' ਇਕ ਵਾਰ ਫਿਰ ਕੰਚੋ ਦੇ ਬੋਲਾਂ ਵਿਚ ਕੰਬਣੀ ਸੀ। ''ਕਬ ਸੇ ਹੋ ਯਹਾਂ ਦਿੱਲੀ ਮੇਂ?''

''ਢਾਈ ਸਾਲ ਸੇ ਸਰ...।''

''ਤੋ ਕਭੀ ਮਾਂ-ਬਾਪ ਕੋ ਮਿਲਨੇ ਵਾਪਿਸ ਨਹੀਂ ਗਈ...?''

''ਜਾ ਨਹੀਂ ਸਕਤੀ ਸਰ...।'' ਕਹਿ ਕੇ ਕੰਚੋ ਦੀ ਭੁਬ ਨਿਕਲ ਗਈ ਤੇ ਉਹ ਦੌੜ ਕੇ ਰਸੋਈ ਵੱਲ ਚਲੀ ਗਈ।

ਸਰੂਪ ਉਸ ਬਾਰੇ ਸੋਚਣ ਲੱਗਾ। ਆਪਣੇ ਤਜ਼ਰਬੇ ਤੋਂ ਕਿਸੇ ਨਾ ਕਿਸੇ ਖਾਸ ਸਮੱਸਿਆ ਦਾ ਉਸ ਨੂੰ ਅਹਿਸਾਸ ਹੋ ਗਿਆ ਸੀ। ਪਹਿਲਾਂ ਸ਼ੱਕ ਉਸ ਨੂੰ ਸ਼ਿਵਦੇਵ 'ਤੇ ਪਿਆ। ਸ਼ਾਇਦ ਉਸ ਨੇ ਕੰਚੋ...। ਪਰ ਫਿਰ ਉਸ ਨੂੰ ਨਿਰਮਲਾ ਦਾ ਖਿਆਲ ਆਇਆ ਜੋ ਬਣਦੀ-ਤਣਦੀ ਤੇ ਸੁਹਣੀ ਜਨਾਨੀ ਸੀ। ਉਸ ਦੀਆਂ ਬੱਚੀਆਂ ਵੀ ਕੰਚੋ ਦੀ ਉਮਰ ਦੀਆਂ ਸਨ। ਸ਼ਿਵਦੇਵ ਅਜਿਹਾ ਆਦਮੀ ਵੀ ਨਹੀਂ ਲਗਦਾ ਸੀ।

ਉਸ ਨੇ ਕਈ ਕੁਝ ਸੋਚਦਿਆਂ ਚਾਹ ਪੀਤੀ। ਆਪਣੇ ਸਵਾਲਾਂ ਦਾ ਉਸ ਨੂੰ ਕੋਈ ਜਵਾਬ ਨਾ ਮਿਲਿਆ।

ਸ਼ਾਮ ਨੂੰ ਘਰ ਹੀ ਖਾਣਾ ਖਾਣ ਦਾ ਪ੍ਰੋਗਰਾਮ ਸੀ। ਸ਼ਿਵਦੇਵ ਦਾ ਕੋਈ ਦੋਸਤ ਵੀ ਆਇਆ ਸੀ। ਖਾਣਾ ਖਾਂਦਿਆਂ ਨੂੰ ਰਾਤ ਦੇ ਬਾਰਾਂ ਵੱਜ ਗਏ ਸਨ। ਕੰਚੋ ਸਾਰਾ ਸਮਾਂ ਰਸੋਈ ਅਤੇ ਮਹਿਮਾਨਾਂ ਵਿਚਕਾਰ ਭੱਜੀ ਫਿਰਦੀ ਰਹੀ। ਪਹਿਲਾਂ ਉਸ ਦਾ ਬਹੁਤਾ ਸਮਾਂ ਖਾਣਾ ਬਣਾਉਣ ਵਿਚ ਬੀਤਿਆ ਸੀ। ਬਾਰਾਂ ਕੁ ਵਜੇ ਤੋਂ ਬਾਅਦ ਸਾਰੇ ਸੌਂ ਗਏ। ਕੰਚੋ ਕਦੋਂ ਸੁੱਤੀ ਸਰੂਪ ਨੂੰ ਕੋਈ ਪਤਾ ਨਹੀਂ ਸੀ। ਸਵੇਰੇ ਸਾਢੇ ਕੁ ਚਾਰ ਵਜੇ ਉਹ ਬਾਥ ਰੂਮ ਲਈ ਜਾਗਿਆ ਤਾਂ ਉਸਨੂੰ ਕੰਚੋ ਵਿਹੜੇ ਵਿਚ ਸਫ਼ਾਈ ਕਰਦੀ ਨਜ਼ਰ ਆਈ। ਉਹ

ਅੱਖਾਂ ਭਰ ਲੈਂਦੇ ਸੀ, ਹੁਣ ਬੱਚੇ
ਵਿਦੇਸ਼ ਤੋਰ ਕੇ ਲੱਡੂ ਵੰਡਦੇ ਹਾਂ...।

ਪਲ ਕੁ ਉਸ ਵੱਲ ਵੇਖਦਾ ਰਿਹਾ ਅਤੇ ਫਿਰ ਆਪਣੇ ਬੈੱਡ ਵਿਚ ਪੈ ਗਿਆ। ਕੰਚੋ ਉਸ ਦੇ ਖਿਆਲਾਂ ਵਿਚ ਭਾਰੂ ਸੀ।

ਅਗਲਾ ਦਿਨ ਉਸ ਨੇ ਘਰ ਹੀ ਬਿਤਾਉਣਾ ਸੀ। ਸ਼ਿਵਦੇਵ ਦਫਤਰ ਚਲਾ ਗਿਆ ਤੇ ਨਿਰਮਲਾ ਆਪਣੀਆਂ ਬੱਚੀਆਂ ਨੂੰ ਕਾਲਜ ਛੱਡਣ ਚਲੀ ਗਈ। ਸਰੂਪ ਨੇ ਕੰਚਨ ਤੋਂ ਚਾਹ ਦੇ ਕੱਪ ਦੀ ਮੰਗ ਕੀਤੀ। ਜਦ ਉਹ ਚਾਹ ਲੈ ਕੇ ਆਈ ਤਾਂ ਸਰੂਪ ਨੇ ਉਸ ਨੂੰ ਬੈਠਣ ਲਈ ਕਿਹਾ। ਉਹ ਟਰੇਅ ਟੇਬਲ 'ਤੇ ਰੱਖ ਕੇ ਭੁੰਜੇ ਹੀ ਬੈਠ ਗਈ।

"ਕੰਚਨ ਸੋਫੇ 'ਤੇ ਬੈਠ ਜਾਹ...।" 'ਕੰਚਨ' ਸ਼ਬਦ ਕੁੜੀ ਨੂੰ ਪਿਉ ਦੇ ਬੋਲਾਂ ਵਰਗਾ ਲੱਗਾ।

"ਨਾ ਸਰ ਮੈਡਮ ਨੇ ਵੇਖ ਲਿਆ ਤਾਂ ਮੇਰੀ ਜਾਨ ਕੱਢ ਦੇਵੇਗੀ...।" ਉਸ ਨੇ ਕੰਨਾਂ ਨੂੰ ਹੱਥ ਲਗਾਏ।

"ਕੰਚਨ ਤੂੰ ਆਪਣੇ ਮਾਂ-ਪਿਉ ਨੂੰ ਮਿਲਣ ਲਈ ਕਿਉਂ 'ਨੀ ਜਾਂਦੀ?" ਸਰੂਪ ਨੇ ਉਸ ਵੱਲ ਸਿੱਧਾ ਵੇਖਦਿਆਂ ਸਵਾਲ ਪੁੱਛਿਆ।

ਕੰਚਨ ਕੁਝ ਦੇਰ ਉਸ ਵੱਲ ਵੇਖਦੀ ਰਹੀ ਜਿਵੇਂ ਉਸ ਨਾਲ ਗੱਲ ਕਰਕੇ ਖਤਰੇ ਦਾ ਅੰਦਾਜ਼ਾ ਲਾ ਰਹੀ ਹੋਵੇ।

*****

ਕੰਚਨ ਨੇ ਜਦ ਜਨਮ ਲਿਆ ਤਦ ਹੀ ਵਿਸ਼ਨੂੰ ਅਤੇ ਪਾਰਵਤੀ ਨੇ ਫੈਸਲਾ ਕਰ ਲਿਆ ਸੀ ਕਿ ਉਹ ਕੰਚਨ ਨੂੰ ਪੜ੍ਹਾਉਣ ਲਈ ਪੂਰਾ ਜ਼ੋਰ ਲਾਉਣਗੇ। ਚਾਹ ਦੇ ਬਾਗਾਂ ਦੀ ਮਜ਼ਦੂਰੀ ਕਰਨ ਦੀ ਥਾਂ ਨਿੱਕੀ-ਮੋਟੀ ਨੌਕਰੀ ਕਰਨ ਦੇ ਵੀ ਯੋਗ ਹੋ ਜਾਵੇ ਤਾਂ ਉਹਨਾਂ ਨੂੰ ਇਹੋ ਉਸ ਲਈ ਸਵਰਗ ਲਗਦਾ ਸੀ। ਵਿਸ਼ਨੂੰ ਆਪਣੇ ਪਰਿਵਾਰ ਨਾਲ ਅਸਾਮ ਦੇ ਸ਼ਹਿਰ ਲਖੀਮਪੁਰ ਦੇ ਬਾਹਰਵਾਰ ਸਥਿਤ ਚਾਹ ਦੇ ਬਾਗ ਦੇ ਨੇੜੇ ਰਹਿੰਦਾ ਸੀ। ਕੰਚਨ ਉਹਨਾਂ ਦੀ ਇਕਲੌਤੀ ਔਲਾਦ ਸੀ। ਆਪ ਤਾਂ ਉਹ ਚਾਹ ਦੇ ਇਸ ਬਾਗ ਵਿਚ ਹੀ ਕੰਮ ਕਰਦੇ ਸਨ। ਇਸ ਦੀ ਮਾਲਕੀ ਭਾਰਤ ਦੇ ਇਕ ਧਨਾਢ ਘਰਾਣੇ ਕੋਲ ਸੀ। ਇਹ ਚਾਹ ਦਾ ਬਾਗ ਸੈਂਕੜੇ ਏਕੜ ਵਿਚ ਫੈਲਿਆ ਹੋਇਆ ਸੀ। ਮੈਨੇਜਰ ਨੂੰ ਸ਼ਾਇਦ ਸਹੀ ਰਕਬੇ ਦਾ ਪਤਾ ਹੋਵੇ ਪਰ ਵਰਕਰ ਤਾਂ ਆਪਣੇ ਆਪਣੇ ਅੰਦਾਜ਼ੇ ਹੀ ਲਗਾਉਂਦੇ ਰਹਿੰਦੇ ਸਨ। ਇਹਨਾਂ ਝੌਂਪੜੀਆਂ ਵਿਚ ਸਾਰੇ ਹੀ ਚਾਹ ਇੰਡਸਟਰੀ ਨਾਲ ਸਬੰਧਤ ਕਾਮੇ ਰਹਿੰਦੇ ਸਨ। ਇਹਨਾਂ ਕਾਮਿਆਂ ਨੂੰ ਢਿੱਡ ਬੰਨ੍ਹ ਕੇ ਗੁਜ਼ਾਰੇ ਜੋਗੀ ਤਨਖਾਹ ਮਿਲਦੀ ਅਤੇ ਉਹਨਾਂ ਤੋਂ ਬਾਰਾਂ-ਬਾਰਾਂ ਘੰਟੇ ਕੰਮ ਲਿਆ ਜਾਂਦਾ। ਵਿਸ਼ਨੂੰ ਅਤੇ ਪਾਰਵਤੀ ਭੱਜ-ਭੱਜ ਕੰਮ ਕਰਦੇ। ਉਹ ਤਾਂ ਕੰਚਨ ਨੂੰ ਪੜ੍ਹਾਉਣ ਲਈ ਹਰ ਵਾਹ ਲਾ ਰਹੇ ਸਨ।

ਕੰਚਨ ਪੜ੍ਹਨ ਨੂੰ ਚੰਗੀ ਸੀ। ਹੋਰ ਕੁੜੀਆਂ ਵੀ ਪੜ੍ਹਦੀਆਂ ਸਨ। ਅੱਠਵੀਂ ਤੋਂ ਬਾਅਦ ਇਕ ਕੁੜੀ ਦੇ ਦਿੱਲੀ ਕਿਸੇ ਨੌਕਰੀ 'ਤੇ ਲਗ ਜਾਣ ਦੀ ਅਫ਼ਵਾਹ ਸਕੂਲ ਤੋਂ ਬਾਹਰ ਵੀ ਘੁੰਮਣ ਲੱਗੀ। ਨੌਵੀਂ ਵਿਚ ਕੰਚਨ ਦੀ ਗੁਆਂਢਣ ਕੁੜੀ ਵੀ ਦਿੱਲੀ ਚਲੀ ਗਈ। ਉਸਨੇ ਕੁਝ ਪੈਸੇ ਵੀ ਭੇਜੇ ਸਨ। ਬਿਹਾਰੀ ਨਾਂ ਦਾ ਬੰਦਾ ਟਾਈ ਲਾ ਕੇ ਅਤੇ ਸੂਟ-ਬੂਟ ਵਿਚ ਸਜਿਆ ਸਜਾਇਆ ਆਉਂਦਾ ਰਹਿੰਦਾ ਸੀ। ਉਹ ਬੱਚੀਆਂ ਵਿਚ ਦਿੱਲੀ ਨੌਕਰੀਆਂ ਦੀ ਭਰਮਾਰ ਦਾ ਪ੍ਰਚਾਰ ਕਰਦਾ।

"ਏਥੇ ਤਾਂ ਤੁਹਾਨੂੰ ਨੌਕਰੀ ਕੋਈ ਮਿਲਣੀ ਨਹੀਂ। ਦਿੱਲੀ ਚੱਲੋ। ਵੱਡੀਆਂ-ਵੱਡੀਆਂ ਕੰਪਨੀਆਂ ਹਰ ਸੂਬੇ ਵਿਚੋਂ ਕੁੜੀਆਂ ਨੂੰ ਨੌਕਰੀ ਦੇਣ ਲਈ ਤਰਲੇ ਕਰਦੀਆਂ ਫਿਰਦੀਆਂ। ਰਹਿਣ ਲਈ ਸਾਲ ਭਰ ਮੁਫ਼ਤ ਵਿਚ ਰਹਾਇਸ਼ ਮਿਲੇਗੀ ਤੇ ਤਨਖਾਹ ਵੱਖਰੀ... ਜ਼ਿੰਦਗੀ ਬਣ ਜਾਊ...।" ਉਹ ਚੁਟਕੀ ਮਾਰਦਾ ਸਬਜ਼ਬਾਗ ਦਿਖਾਉਂਦਾ।

ਇਹੋ ਕੁਝ ਉਹ ਉਹਨਾਂ ਦੇ ਮਾਪਿਆਂ ਨੂੰ ਵੀ ਪ੍ਰਚਾਰਦਾ। ਗਰੀਬੀ ਨਾਲ ਲੜਦੇ ਪਰਿਵਾਰ ਦਿੱਲੀ ਵਿਚ ਨੌਕਰੀ ਦੀ ਗੱਲ ਸੁਣਕੇ ਭੰਬਲਭੂਸੇ ਵਿਚ ਪੈ ਜਾਂਦੇ। ਇਕੱਲੀ ਕੁੜੀ ਨੂੰ ਭੇਜਣ ਦਾ ਹੀਆ ਨਾ ਪੈਂਦਾ। ਦੂਜੇ ਪਾਸੇ ਕੁੜੀ ਦੀ ਜ਼ਿੰਦਗੀ ਬਣ ਜਾਣ ਦਾ ਮਿਲਿਆ ਮੌਕਾ ਵੀ ਗੁਆਉਣਾ ਨਾ ਚਾਹੁੰਦੇ। ਇਸ ਦੁਚਿੱਤੀ ਦਾ ਬਿਹਾਰੀ ਪੂਰਾ ਫਾਇਦਾ ਉਠਾਉਂਦਾ।

"ਮੈਂ ਕੋਈ ਬਿਗਾਨਾ! ਕਿੰਨ੍ਹੇ ਸਾਲਾਂ ਤੋਂ ਏਥੇ ਆਉਂਨਾ। ਇਹਨਾਂ ਕੁੜੀਆਂ ਦੀ ਮੇਰੀ ਪੂਰੀ ਜ਼ਿੰਮੇਂਵਾਰੀ ਐ। ਮੇਰੇ ਹੁੰਦੇ ਥੋਨੂੰ ਫ਼ਿਕਰ ਕਰਨ ਦੀ ਲੋੜ ਈ ਕੋਈ ਨੀ...।" ਮਾਪੇ ਵਿਚਾਰੇ ਹਥਿਆਰ ਸੁੱਟ ਦਿੰਦੇ ਤੇ ਕੁੜੀਆਂ ਚਲੀਆਂ ਜਾਂਦੀਆਂ। ਕੰਚਨ ਦੇ ਮਾਮਲੇ ਵਿਚ ਗੱਲ ਵੀ ਵੱਖਰੀ ਨਹੀਂ ਸੀ।

ਕੰਚਨ ਬਿਹਾਰੀ ਦੀਆਂ ਗੱਲਾਂ ਵਿਚ ਆ ਗਈ ਸੀ ਤੇ ਆਪਣੀ ਜ਼ਿੰਦਗੀ ਬਣਾਉਣ ਲਈ ਦਿੱਲੀ ਜਾਣ ਲਈ ਕਾਹਲੀ ਸੀ। ਅਜੇ ਉਸਨੇ ਦਸਵੀਂ ਦਾ ਇਮਤਿਹਾਨ ਦੇਣਾ ਸੀ। ਵਿਸ਼ਨੂੰ ਤੇ ਪਾਰਬਤੀ ਉਸ ਨੂੰ ਦਿੱਲੀ ਜਾਣ ਤੋਂ ਰੋਕ ਰਹੇ ਸਨ। ਦਾਦੀ ਨੇ ਤਾਂ ਭੁੱਖ ਹੜਤਾਲ ਹੀ ਕਰ ਦਿੱਤੀ ਸੀ।

"ਸਾਡੇ ਕੋਲ ਤਾਂ ਤੂੰ ਈ ਐਂ। ਤੈਨੂੰ ਨਾ ਵੇਖੀਏ ਅੱਖਾਂ ਮੂਹਰੇ ਨ੍ਹੇਰ ਆ ਜਾਂਦਾ। ਤੂੰ ਦਿੱਲੀ ਜਾਣ ਦੀ ਗੱਲ ਕਰਦੀ ਐਂ। ਅਸੀਂ ਕਿਵੇਂ ਦਿਨ ਕਟੀ ਕਰਾਂਗੇ! ਐਥੇ ਵੀ ਕੋਈ ਛੋਟੀ-ਮੋਟੀ ਨੌਕਰੀ ਮਿਲ ਈ ਜਾਊ...।"

"ਕਿਸਮਤ ਹਰ ਰੋਜ਼ ਥੋਡੇ ਬੂਹੇ 'ਤੇ ਦਸਤਕ ਨਹੀਂ ਦਿੰਦੀ। ਜੇ ਹੁਣ ਮੌਕਾ ਖੁੰਝ ਗਿਆ ਤਾਂ ਮੁੜ ਕੇ ਪਤਾ ਨੀ ਮਿਲੇ ਜਾਂ ਨਾ ਮਿਲੇ। ਤੁਸੀਂ ਆਪਣੇ ਪਿਆਰ ਦੀਆਂ ਬੇੜੀਆਂ ਪਾ ਕੇ ਮੇਰੇ ਭਵਿੱਖ ਨਾਲ ਖੇਡਦੇ ਐਂ...। ਮੈਂ ਤਾਂ ਜਾਣਾ ਐ ਬੱਸ। ਵਾਇਦਾ ਰਿਹਾ ਛੇ ਮਹੀਨਿਆਂ ਬਾਅਦ ਮਿਲਣ ਜ਼ਰੂਰ ਆਊਂ...।

ਉਸ ਦੀ ਜ਼ਿਦ ਅੱਗੇ ਉਹਨਾਂ ਨੇ ਹਥਿਆਰ ਸੁੱਟ ਦਿਤੇ। ਅਣਮੰਨੇ ਤੇ ਭਰੇ ਮਨ ਨਾਲ ਉਸ ਨੂੰ ਬਿਹਾਰੀ ਨਾਲ ਤੋਰ ਦਿੱਤਾ। ਸੁਪਨਿਆਂ ਦੇ ਜਹਾਜ਼ 'ਤੇ ਸਵਾਰ ਕੰਚਨ ਦਿੱਲੀ ਪਹੁੰਚ ਗਈ।

ਬਿਹਾਰੀ ਨੇ ਉਸ ਨੂੰ ਕੁਝ ਰਾਤਾਂ ਆਪਣੇ ਘਰ ਵਿਚ ਰੱਖਿਆ। ਪਹਿਲੀ ਰਾਤ ਹੀ ਕੰਚਨ ਨੂੰ ਕੰਚਨ ਨਾ ਰਹਿਣ ਦਿਤਾ। ਉਹ ਜਿਵੇਂ ਕੱਚ ਬਣ ਗਈ। ਬਿਹਾਰੀ ਨੇ ਉਸ ਨੂੰ ਨੋਚਿਆ ਵੀ ਤੇ ਤੋੜਿਆ ਵੀ। ਕੰਚਨ ਪਛਤਾਉਂਦੀ। ਹੁਣ ਪਛਤਾਵਾ ਵੀ ਉਸ ਦਾ ਸਾਥ ਨਾ ਦਿੰਦਾ। ਕੁਝ ਦੇਰ ਬਾਅਦ ਕੰਚਨ ਨੂੰ ਬਿਹਾਰੀ ਨੇ ਕਿਸੇ ਕੋਲ ਵੇਚ ਦਿੱਤਾ। ਉਸ ਬੰਦੇ ਨੇ ਘਰ ਵਿਚ ਪੱਕੀ ਨੌਕਰਾਣੀ ਰੱਖਣੀ ਸੀ। ਬਿਹਾਰੀ ਨੇ ਪੈਸੇ ਜੇਬ ਵਿਚ ਪਾਏ ਤੇ ਫਿਰ ਅਸਾਮ ਚਲਾ ਗਿਆ। ਵਿਸ਼ਨੂੰ ਨੂੰ ਉਸਨੇ 'ਕੰਚਨ ਵੱਲੋਂ ਭੇਜੇ ਪੈਸੇ ਕਹਿ ਕੇ' ਕੁਝ ਰੁਪਏ ਦੇ ਦਿੱਤੇ ਅਤੇ ਉਸ ਦੀ ਸੁਖ-ਸਾਂਦ ਦੀ ਮਨਘੜਤ ਖਬਰ ਵੀ। ਇੰਝ ਕਰਨ ਨਾਲ ਉਸ ਨੂੰ ਹੋਰ ਸ਼ਿਕਾਰ ਦੀ ਉਮੀਦ ਵੀ ਸੀ।

ਜਿਸ ਘਰ ਵਿਚ ਕੰਚਨ ਕੰਮ ਕਰਨ ਲੱਗੀ ਉਸ ਨੂੰ ਤਨਖਾਹ ਤਾਂ ਕੋਈ ਨਾ ਮਿਲਦੀ ਪਰ ਰੋਟੀ ਜ਼ਰੂਰ ਮਿਲ ਜਾਂਦੀ। ਉਸ ਨਾਲ ਮਾਲਕਣ ਬੁਰਾ ਵਿਵਹਾਰ ਕਰਦੀ। ਮਾਲਕਣ ਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਕੰਚਨ ਨਾਲ ਉਸ ਦਾ ਘਰ ਵਾਲਾ ਮੌਕਾ ਮਿਲਣ 'ਤੇ ਹਵਸ ਪੂਰੀ ਕਰਦਾ ਸੀ। ਕੰਚਨ ਨਾਲ ਮਾਲਕਣ ਦੀ

ਇਹ ਕਲ੍ਹ ਵੀ ਸੱਚ ਸੀ, ਅੱਜ ਸੱਚ ਹੈ, ਕੋਈ ਕੌਮ ਦੁਨੀਆਂ 'ਤੇ,
ਚਿਰਾਂ ਤਕ ਜੀਅ ਨਹੀਂ ਸਕਦੀ, ਜੋ ਮਰਨਾ ਨਹੀਂ ਸਿੱਖੀ।-(ਅਗਲਾ ਸਫ਼ਾ)

ਈਰਖਾ ਤੇ ਕ੍ਰੋਧ ਹੋਰ ਵੀ ਵਧ ਗਏ। ਕੰਚਨ ਬੇਕਸੂਰ ਹੋ ਕੇ ਵੀ ਕਸੂਰਵਾਰ ਬਣ ਗਈ। ਆਖ਼ਰ ਘਰਵਾਲੀ ਦੀ ਲੜਾਈ ਤੋਂ ਤੰਗ ਆ ਕੇ ਕੰਚਨ ਨੂੰ ਉਸ ਬੰਦੇ ਨੇ ਸ਼ਿਵਦੇਵ ਕੋਲ ਵੇਚ ਦਿੱਤਾ। ਸ਼ਿਵਦੇਵ ਮਾਸਖੋਰ ਤਾਂ ਸੀ ਪਰ ਬੱਚਤ ਰੱਖ ਕੇ ਚਲਦਾ। ਨਿਰਮਲਾ ਨੂੰ ਅਜੇ ਤੱਕ ਸ਼ੱਕ ਨਹੀਂ ਸੀ ਹੋਈ। ਪਰ ਸਰੂਪ ਨੂੰ ਸ਼ੱਕ ਨਹੀਂ ਯਕੀਨ ਹੋ ਗਿਆ ਸੀ ਕਿ ਸ਼ਿਵਦੇਵ ਅੰਦਰ ਬੈਠਾ ਜਾਨਵਰ ਉਸ ਨੇ ਵੇਖ ਲਿਆ ਸੀ। ਉਸ ਨੇ ਮੁੜ ਕੇ ਕਦੇ ਸ਼ਿਵਦੇਵ ਦੇ ਘਰ ਪੈਰ ਨਹੀਂ ਸੀ ਪਾਉਣਾ।

*****

ਦੋ ਕੁ ਦਿਨ ਬਾਅਦ ਫਿਰ ਕੰਚਨ ਦਾ ਫ਼ੋਨ ਆਇਆ। ਉਸ ਦਿਨ ਵਿਸ਼ਨੂੰ ਚਾਹ ਦੇ ਬਾਗ ਵਿਚ ਕੰਮ ਕਰ ਰਿਹਾ ਸੀ।

"ਬਾਬਾ ਮੈਂ ਦਿੱਲੀ ਮੇਂ ਹੂੰ। ਬਿਹਾਰੀ ਬਹੁਤ ਗੰਦਾ ਆਦਮੀ ਹੈ ਔਰ ਉਸ ਨੇ ਮੁਝੇ ਕਿਸੀ ਕੇ ਪਾਸ ਵੇਚ ਡਾਲਾ ਹੈ। ਮੈਂ ਨੇ ਏਕ ਪੱਤਰ ਪਰ ਇਸ ਜਗਾਹ ਕਾ ਪਤਾ ਦੇਖਾ ਹੈ। ਕਿਸੀ ਕੋ ਲਿਖਾਣਾ ਹੈ...।" ਕੰਚਨ ਕਾਹਲੀ ਕਾਹਲੀ ਬੋਲ ਰਹੀ ਸੀ। ਵਿਸ਼ਨੂੰ ਨੇ ਇੱਧਰ ਉਧਰ ਨਜ਼ਰ ਮਾਰੀ। ਕੰਮ 'ਤੇ ਨਵਾਂ ਆਇਆ ਬੰਦਾ ਪੜ੍ਹਿਆ ਲਿਖਿਆ ਹੋਇਆ ਸੀ। ਉਹ ਉਸ ਕੋਲ ਦੌੜ ਕੇ ਗਿਆ ਅਤੇ ਆਪਣਾ ਫ਼ੋਨ ਉਸ ਨੂੰ ਫੜਾਇਆ।

ਕੰਚਨ ਨੇ ਜਲਦੀ ਜਲਦੀ ਆਪਣਾ ਪਤਾ ਲਿਖਾਇਆ ਅਤੇ ਬੰਦੇ ਨੇ ਝਰੀਟ ਲਿਆ। "ਮੈਂ ਹੀ ਆਪ ਕੋ ਫੋਨ ਕਰੂੰਗੀ। ਆਪ ਨੇ ਨਹੀਂ ਕਰਨਾ।" ਫੋਨ ਕੱਟ ਗਿਆ।

ਕੰਚਨ ਨੇ ਫੋਨ ਬੰਦ ਕੀਤਾ ਅਤੇ ਉਸ ਨੂੰ ਲੁਕਾ ਦਿੱਤਾ। ਇਕ ਵਾਰ ਫਿਰ ਉਸ ਨੇ ਸਰੂਪ ਦਾ ਮਨ ਹੀ ਮਨ ਧੰਨਵਾਦ ਕੀਤਾ ਜਿਹੜਾ ਉਸ ਨੂੰ ਜਾਂਦਾ ਹੋਇਆ ਹੌਸਲਾ ਤੇ ਆਪਣਾ ਇੰਡੀਆ ਵਾਲਾ ਫੋਨ ਦੇ ਗਿਆ ਸੀ ਜਿਸ ਵਿਚ ਅਜੇ ਕੁਝ ਪੈਸੇ ਵੀ ਬਾਕੀ ਸਨ।

ਐਡਰੈਸ ਲਿਖਣ ਵਾਲੇ ਬੰਦੇ ਰਾਕੇਸ਼ ਨੇ ਵਿਸ਼ਨੂੰ ਤੋਂ ਸਾਰੀ ਕਹਾਣੀ ਸੁਣੀ। ਉਹ ਇਹਨਾਂ ਦਿਨਾਂ ਵਿਚ ਚਾਹ ਦੇ ਬਾਗ ਵਿਚ ਮਜ਼ਦੂਰ ਸੰਗਠਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਦੇਖੀਏ—ਯਹਾਂ ਆਠ ਦਸ ਸਾਲ ਕੀ ਬਚੀਆਂ ਅਭੀ ਵੀ ਵੇਚੀ ਜਾਤੀ ਹੈਂ। ਉਨਕਾ ਸ਼ਰੀਰਕ ਸੋਸ਼ਣ ਹੋਤਾ ਹੈ। ਆਪ ਕੋ ਮਾਲੂਮ ਹੈ ਔਰ ਮੁਝੇ ਵੀ ਮਾਲੂਮ ਹੈ। ਕਬ ਤੱਕ ਆਪ ਲੋਗ ਚੁੱਪ-ਚਾਪ ਸਹਿਤੇ ਰਹੇਂਗੇ। ਚਲੋ ਪਹਿਲੇ ਤੁਮਹਾਰੀ ਬੇਟੀ ਕਾ ਮਾਮਲਾ ਦੇਖੇਂ...।" ਵਿਸ਼ਨੂੰ ਨੂੰ ਰਾਕੇਸ਼ ਕੋਈ ਦੇਵਤਾ ਲੱਗਿਆ। ਉਹ ਉਸਦੇ ਪਿੱਛੇ ਪਿੱਛੇ ਤੁਰ ਪਿਆ।

ਰਾਕੇਸ਼ ਨੇ ਕਿਸੇ ਨੂੰ ਦਿੱਲੀ ਫ਼ੋਨ ਕੀਤਾ ਅਤੇ ਸਾਰੀ ਗੱਲ ਵਿਸਥਾਰ ਨਾਲ ਦੱਸੀ। ਉਸ ਨਾਲ ਕੁਝ ਦੇਰ ਗੱਲ ਕਰਨ ਬਾਅਦ ਉਹ ਵਿਸ਼ਨੂੰ ਨੂੰ ਸੰਬੋਧਤ ਹੋਇਆ।

"ਹਮ ਲੋਗ ਕੱਲ੍ਹ ਹੀ ਦਿੱਲੀ ਚਲੇਂਗੇ। ਵਹਾਂ ਏਕ ਸੰਸਥਾ ਹੈ 'ਬਚਪਨ ਬਚਾਓ'। ਵੋ ਲੋਗ ਅੰਦੋਲਨ ਚਲਾ ਰਹੇ ਹੈਂ। ਵੋ ਹਮਾਰੀ ਮਦਦ ਕਰੇਂਗੇ...।"

ਲਖੀਮਪੁਰ ਤੋਂ ਦਿੱਲੀ ਆ ਕੇ ਵਿਸ਼ਨੂੰ ਨੂੰ ਬਹੁਤ ਅਜੀਬ ਲੱਗਿਆ। ਦਿੱਲੀ ਵਿਚੋਂ 'ਬਚਪਨ ਬਚਾਓ' ਨਾਲ ਸਬੰਧਤ ਕਾਫੀ ਸਾਰੇ ਲੋਗ ਸਨ। ਉਹ ਇਕ ਜੀਪ ਅਤੇ ਟੈਂਪੂ 'ਤੇ ਸਵਾਰ ਹੋ ਕੇ ਕੰਚਨ ਦੇ ਦਿੱਤੇ ਪਤੇ ਨੂੰ ਚੱਲ ਪਏ। ਕੰਚਨ ਨੇ ਉਹਨਾਂ ਨੂੰ ਇਕ ਵਾਰ ਫ਼ੋਨ ਕਰਕੇ ਪਤਾ ਫਿਰ ਦੁਹਰਾ ਦਿੱਤਾ। ਪਰ ਉਸ ਵਿਚ ਕੁਝ ਗ਼ਲਤੀ ਰਹਿ ਗਈ ਸੀ। ਉਹ ਜਲਦੀ ਪਹੁੰਚਣਾ ਚਾਹੁੰਦੇ ਸਨ। ਕੰਚਨ ਦੇ ਕਹਿਣ ਅਨੁਸਾਰ ਉਸ ਵੇਲੇ ਹੋਰ ਕੋਈ ਘਰ ਨਹੀਂ ਸੀ। ਸਿਰਫ਼ ਨਿਰਮਲਾ ਜਲਦੀ ਆਉਣ ਵਾਲੀ ਸੀ ਤੇ ਉਸਦਾ ਉਹ ਮੁਕਾਬਲਾ ਕਰ ਸਕਦੀ ਸੀ।

ਕੁਝ ਕੁ ਕੋਸ਼ਿਸ਼ ਨਾਲ ਉਹਨਾਂ ਨੇ ਐਡਰੈਸ ਲੱਭ ਲਿਆ। ਨਿਰਮਲਾ ਨੇ ਅੰਦਰੋਂ ਕੁੰਡੀ ਲਗਾਈ ਹੋਈ ਸੀ। ਦਰਵਾਜ਼ਾ ਖੜਕਿਆ ਤਾਂ ਨਿਰਮਲਾ ਨੇ ਕੰਚਨ ਨੂੰ ਦਰਵਾਜ਼ਾ ਖੋਲ੍ਹਣ ਦਾ ਇਸ਼ਾਰਾ ਕੀਤਾ। ਕੰਚਨ ਦਾ ਦਿਲ ਧੜਕਿਆ। ਉਸ ਨੂੰ ਆਪਣੇ ਪਿਤਾ ਦੀ ਉਮੀਦ ਸੀ ਅਤੇ ਨਾਲ ਹੀ ਆਪਣੀ ਆਜ਼ਾਦੀ ਦੀ। ਦਰਵਾਜ਼ਾ ਖੁੱਲ੍ਹਿਆ ਤਾਂ ਅੱਗੇ ਉਹਨਾਂ ਦੀ ਗੁਆਂਢਣ ਖੜ੍ਹੀ ਸੀ। ਕੰਚਨ ਦੇ ਮੂੰਹ 'ਤੇ ਉਦਾਸੀ ਦੀ ਘਟਾ ਚੜ੍ਹ ਆਈ। ਗੁਆਂਢਣ ਅੰਦਰ ਚਲੀ ਗਈ ਤੇ ਕੰਚਨ ਨੇ ਮਜ਼ਬੂਰਨ ਫਿਰ ਦਰਵਾਜ਼ਾ ਬੰਦ ਕਰ ਦਿੱਤਾ।

ਕੁਝ ਦੇਰ ਬਾਅਦ ਫਿਰ ਘੰਟੀ ਖੜਕੀ। ਇਸ ਵਾਰ ਕੰਚਨ ਨੇ ਮਾਲਕਣ ਵੱਲ ਵੇਖਿਆ ਤੇ ਦਰਵਾਜ਼ਾ ਖੋਲ੍ਹ ਦਿੱਤਾ। ਕੰਚਨ ਦੌੜ ਕੇ ਵਿਸ਼ਨੂੰ ਦੀਆਂ ਬਾਹਾਂ ਵਿਚ ਚਲੀ ਗਈ। ਉਸ ਦੀਆਂ ਅੱਖਾਂ ਵਿਚੋਂ ਵਿਛੋੜੇ ਅਤੇ ਮੇਲ ਦੇ ਹੰਝੂ ਵਹਿਣ ਲੱਗੇ। ਨਿਰਮਲਾ ਦੌੜ ਕੇ ਦਰਵਾਜ਼ੇ ਕੋਲ ਆਈ।

"ਕੌਣ ਓ ਤੁਸੀਂ ਲੋਕ? ਇਸਨੂੰ ਤੁਸੀਂ ਨਹੀਂ ਲਿਜਾ ਸਕਦੇ। ਇਹ ਮੇਰੀ ਨੌਕਰਾਣੀ ਐ...।" ਉਸ ਦੀ ਆਵਾਜ਼ ਰੌਲੇ-ਰੱਪੇ ਵਿਚ ਗੁਆਚ ਗਈ। ਉਹ ਲੋਕ ਕੰਚਨ ਨੂੰ ਲੈ ਕੇ ਚਲੇ ਗਏ।

ਪੁਲੀਸ ਥਾਣੇ ਅੱਗੇ ਕੁਝ ਦਿਨ ਧਰਨਾ ਦੇਣ ਅਤੇ ਮੀਡੀਆ ਦੀਆਂ ਖਬਰਾਂ ਬਾਅਦ ਪੁਲੀਸ ਨੇ ਪਹਿਲਾਂ ਸ਼ਿਵਦੇਵ ਨੂੰ ਫੜਿਆ ਤੇ ਫਿਰ ਬਿਹਾਰੀ ਨੂੰ। ਕੰਚਨ ਦਿੱਲੀ ਤੋਂ ਵਿਸ਼ਨੂੰ ਅਤੇ ਰਾਕੇਸ਼ ਨਾਲ ਲਖੀਮਪੁਰ ਜਾਣ ਲਈ ਦਿੱਲੀ ਸਟੇਸ਼ਨ ਨੂੰ ਚਲ ਪਈ। ਬੱਸ ਦੇ ਧੱਕਮ-ਧੱਕੇ ਵਿਚ ਕੰਚਨ ਦੇ ਦਿਲ ਵਿਚ ਵੀ ਧੱਕੇ ਲਗਦੇ ਰਹੇ। ਰਸਤੇ ਵਿਚ ਕੰਚਨ ਨੂੰ ਲੋਕਾਂ ਤੋਂ ਸੁਣੀਆਂ ਅਨੇਕਾਂ ਲੜਕੀਆਂ ਨੂੰ ਵੇਚਣ ਅਤੇ ਖਰੀਦਣ ਦੀਆਂ ਕਹਾਣੀਆਂ ਯਾਦ ਆਈਆਂ। ਜਿਹਨਾਂ ਵਿਚ ਸ਼ਾਇਦ ਕੁਝ ਲਖੀਮਪੁਰ ਤੋਂ ਵੀ ਹੋਣਗੀਆਂ।

ਬੱਸ ਦਿੱਲੀ ਰੇਲਵੇ ਸਟੇਸ਼ਨ ਦੇ ਬਾਹਰ ਪਹੁੰਚ ਗਈ। ਧੱਕਮ-ਧੱਕਾ ਕਰਦੇ ਲੋਕ ਬੱਸ ਵਿਚੋਂ ਉੱਤਰ ਰਹੇ ਸਨ। ਵਿਸ਼ਨੂੰ ਤੇ ਰਾਕੇਸ਼ ਵੀ ਉੱਤਰ ਗਏ ਸਨ। ਕੰਚਨ ਨੂੰ ਵੀ ਉੱਤਰਨਾ ਹੀ ਪੈਣਾ ਸੀ। ਉਸ ਦੇ ਖੱਬੇ ਪਾਸੇ ਰੇਲਵੇ ਸਟੇਸ਼ਨ ਸੀ ਜਿਥੇ ਲੰਬੀਆਂ ਲੰਬੀਆਂ ਟਰੇਨਾਂ ਖੜ੍ਹੀਆਂ ਸਨ। ਉਹਨਾਂ ਵਿਚੋਂ ਸ਼ਾਇਦ ਇਕ ਉਸ ਨੂੰ ਲਖੀਮਪੁਰ ਲੈ ਜਾਵੇਗੀ ਜਿਥੇ ਉਸ ਦੀ ਮਾਂ ਅਤੇ ਦਾਦੀ ਉਸ ਦਾ ਇੰਤਜ਼ਾਰ ਕਰ ਰਹੀਆਂ ਹੋਣਗੀਆਂ। ਉਸ ਦੇ ਸੱਜੇ ਹੱਥ ਦਿੱਲੀ ਦੀਆਂ ਗੁੰਝਲਦਾਰ ਸੜਕਾਂ ਅਤੇ ਸੜਕਾਂ ਵਰਗਾ ਹੀ ਸਮਾਜ ਜਿਸ ਵਿਚ ਪਤਾ ਨਹੀਂ ਕਿੰਨੀਆਂ 'ਕੰਚਨ' ਕੈਦ ਹੋਣਗੀਆਂ। ਕੰਚਨ ਸਟੇਸ਼ਨ ਸਾਹਮਣੇ ਖੜ੍ਹੀ ਦਿੱਲੀ ਦੀਆਂ ਬੇਰਹਿਮ ਸੜਕਾਂ ਨੂੰ ਘੂਰਦੀ ਉਹਨਾਂ ਕੁੜੀਆਂ ਦੀ ਬੰਦ ਖਲਾਸੀ ਬਾਰੇ ਸੋਚਣ ਲੱਗੀ। ਉਸ ਦੀਆਂ ਅੱਖਾਂ ਵਿਚ ਅੰਗਿਆਰ ਤੇ ਹੱਥ ਢਾਕਾਂ ਉੱਪਰ ਸਨ।

ਸਿਰਾਂ ਦੀ ਕਲਮ ਲੈ ਕੇ ਪੁਰਖਿਆਂ ਇਤਿਹਾਸ ਜੋ ਲਿਖਿਆ,
ਅਸਾਡੀ ਆਪਣੀ ਔਲਾਦ ਹੀ ਪੜ੍ਹਨਾ ਨਹੀਂ ਸਿੱਖੀ।- ਕਵਿੰਦਰ ਚਾਂਦ

ਕਹਾਣੀ

# ਘੜੂਕੂ ਨੱਟ

ਦਰਸ਼ਨ ਸਿੰਘ ਢਿਲੋਂ,
ਮੂਰਾਦਵਾਲਾ


ਦਰਸ਼ਨ ਸਿੰਘ ਢਿਲੋਂ

ਮੈਂ ਉਦੋਂ ਟੈਕਸੀ ਚਲਾਉਂਦਾ ਹੁੰਦਾ ਸੀ।

"ਖੂਹ 'ਚ ਸਿਟ, ਇਹਨਾਂ ਨੂੰ, ਇਹਨਾਂ ਦੇ ਪਿਓ ਦੇ ਘਰ ਨੇੜੇ, ਵਿੰਡਜ਼ਰ ਹਾਈ ਸਟਰੀਟ ’ਤੇ। ਮੈਨੂੰ ਵਾਪਸੀ ਸਟੋਕ ਪੋਜ਼ਜ਼, ਮੀਰਾਡੋਰ ਕਰੈਜ਼ੈਂਟ, 225 ਉਤੇ ਉਤਾਰ ਦੇਈਂ।" ਉਸਨੇ ਆਪਣੀ ਗੱਲ੍ਹਾਂ ਤੋਂ ਹੰਝੂਆਂ ਦਾ ਪਾਣੀ ਪੂੰਝਦਿਆਂ ਸਾਫ ਕਿਹਾ।

ਮੇਰੀ ਖਾਨਿਓਂ ਗਈ - ਇਸ ਸੜਕ ਉੱਤੇ, ਇਸ ਨੰਬਰ ਵਾਲਾ ਘਰ ਤਾਂ ਸਰਦਾਰ ਸੁਰਮੁਖ ਸਿੰਘ ਫਿਰੋਜ਼ਪੁਰੀਏ ਦਾ ਲੱਗਦੈ!

ਮੈਂ ਨੀਝ ਨਾਲ ਉਸ ਔਰਤ ਵੱਲ ਵੇਖਿਆ। "ਇਹ ਤਾਂ ਉਹੋ ਸੀ"- ਮੈਂ ਕਸੀਸ ਜਿਹੀ ਵੱਟੀ। ਸੋਚ ਦੀ ਚਰੱਖੜੀ ਪਿਛੇ ਨੂੰ ਘੁੰਮ ਗਈ........

"...ਮੈਂ ਉਦੋਂ ਸ਼ਾਇਦ ਬਾਹਰਵੀਂ ਵਿਚ ਪੜ੍ਹਦਾ ਸੀ। ਸਾਡੇ ਕਾਲਜ ਵਿਚ ਭਾਸ਼ਨ-ਮੁਕਾਬਲੇ ਵਿਚ, ਕਿਸੇ ਭਲੇ ਜਿਹੇ ਨਾਂ ਵਾਲੇ 'ਵੋਮੈਨ' ਕਾਲਜੋਂ, ਹਿੱਸਾ ਲੈਣ ਆਈ ਸੀ। ਕਾਲਜ ਵੜਦਿਆਂ ਹੀ ਮੇਰੀਆਂ ਅੱਖਾਂ ਨੂੰ ਭਾਹ ਗਈ ਸੀ। ਮੈਂ ਆਹਨੀ-ਬਹਾਨੀ "ਇਹਦੇ" ਆਲੇ-ਦੁਆਲੇ, ਐਵੇਂ-ਕੈਵੇਂ ਗੇੜੇ ਕੱਢਦਾ ਰਿਹਾ ਸਾਂ।

ਫੰਕਸ਼ਨ ਤੋਂ ਬਾਦ "ਇਹਦੀ" ਟੀਮ ਨੇ ਭਾਰੀ-ਭਰਕਮ ਟਰਾਫ਼ੀ ਜਿੱਤੀ ਸੀ। ਆਈਆਂ ਸਾਰੀਆਂ ਟੀਮਾਂ ਨੂੰ ਚਾਹ-ਪਾਣੀ ਪਿਆ ਰਹੇ ਸੀ ਕਿ ਮੈਨੂੰ ਪਿਛਿਓਂ ਆਵਾਜ਼ ਆਈ, "ਓ ਛੋਟੇ! ਆਹ ਕੁੜੀਆਂ ਨਾਲ ਬੱਸ ਸਟੈਂਡ ਤਾਈਂ ਬੈਠਾ ਜਾਈਂ, ਰਿਕਸ਼ੇ ’ਚ, ਟਰਾਫ਼ੀ ਨੂੰ ਹੱਥ ਪਾ ਕੇ, ਜ਼ਰਾ ਜ਼ਿਆਦਾ ਈ ਭਾਰੀ ਆ।" ਇਹ ਆਵਾਜ਼ ਮੇਰੇ ਪੰਜਾਬੀ ਵਾਲੇ ਪ੍ਰੋਫੈਸਰ ਦੀ ਸੀ।

ਰਸਤੇ ਵਿਚ ਦੋਵੇਂ ਚੁਲਬੁਲੀਆ ਜਿਹੀਆਂ ਕੁੜੀਆਂ ਇਕ ਦੂਜੀ ਨੂੰ ਟਰੌਫ਼ੀ ਜਿਤਣ ਦੀ ਥਾਪੀ ਦੇਣ ਵਾਲੀਆਂ ਗੱਲਾਂ ਕਰਦੀਆਂ ਕਰਦੀਆਂ ਹੋਰ ਵਹਿਣਾ ਵੱਲ ਰੁੜ ਗਈਆਂ ਸਨ -

"ਤੂੰ ਫਿਰ ਕਦੋਂ ਕੁ ਜਾਣੈ ਇੰਗਲੈਂਡ?" ਪਟਿਆਂ ਵਾਲੀ ਕੁੜੀ ਨੇ ਲੰਮੀ ਗੁੱਤ ਵਾਲੀ ਕੁੜੀ ਨੂੰ ਪੁਛਿਆ।

"ਕੀ ਪਤੈ - ਅਜੇ ਤਾਂ ਕੋਈ ਇੰਟਰੀ-ਸ਼ਿੰਟਰੀ ਲਗਣੀ ਆ।" ਮੈਨੂੰ ਮੋਹਦੀ ਕੁੜੀ ਦਾ ਜਵਾਬ ਸੀ।

"ਫਿਰ ਤਾਂ ਐਸ਼ਾਂ ਈ ਐਸ਼ਾਂ।" ਕੁਝ ਚਿਰ ਦੀ ਚੁੱਪ ਤੋਂ ਪਿਛੋਂ ਪਹਿਲੀ ਫਿਰ ਬੋਲੀ।

"ਇਹ ਤਾਂ ਸਮਾਂ ਈ ਦੱਸੂ ਅੜੀਏ। ਕਈ ਵਾਰ ਇੰਗਲੈਂਡ ਜਾਣ ਦੀ ਖੁਸ਼ੀ ਹੁੰਦੀ ਆ - ਉਥੇ ਡਰ ਵੀ ਲੱਗਦੈ।" ਗੁੱਤਲ ਨੇ ਪਿੱਛੇ ਨੂੰ, ਰਿਕਸ਼ੇ ਦੀ 'ਕੱਠੀ ਕੀਤੀ ਛੱਤਰੀ ਉੱਤੇ ਟਰੌਫ਼ੀ ਫੜੀ ਖੜੇ, ਮੇਰੇ ਵੱਲ ਵੱਡੇ ਵੱਡੇ ਆਨੇ ਕੱਢ ਕੇ ਵੇਖਿਆ। ਜਿਵੇਂ ਪੁੱਛ ਰਹੀ ਹੋਵੇ- "ਸਭ ਠੀਕ ਆ ਨ?" - ਮੈਨੂੰ 'ਇਹਦੀ' ਉਹ ਆਂਡਲ ਝਾਕਣੀ ਅੱਜ ਵੀ ਯਾਦ ਸੀ। ਬੱਸਾਂ ਦਾ ਅੱਡਾ ਆ ਗਿਆ। ਮੈਂ ਉਹੀ ਰਿਕਸ਼ਾ ਲੈ ਕੇ ਹੋਸਟਲ ਵਾਪਸ ਪਹੁੰਚ ਗਿਆ ਸੀ। ਸੁਪਨਿਆ ’ਚ ਗਵਾਚਾ। ਕੁਝ ਦਿਨ ਅਚਵੀ ਜਿਹੀ ਲੱਗੀ ਰਹੀ, ਤੇ ਫਿਰ ਬੱਸ....।

******************************

ਦਸ ਕੁ ਸਾਲਾਂ ਬਾਦ ਮੇਰਾ ਵੀ ਇੰਗਲੈਂਡ ਆਉਣ ਦਾ ਜੁਗਾੜ ਬਣ ਗਿਆ। ਪੰਦਰਾਂ ਸਾਲ ਹੋ ਗਏ ਨੇ ਆਏ ਨੂੰ। ਜਦੋਂ ਮੇਰੇ ਇੰਗਲੈਂਡ ਆਉਣ ਦੀ ਤਿਆਰੀ ਚਲ ਰਹੀ ਸੀ ਤਾਂ ਬਾਪੂ 'ਸਟੋਕਪੋਜ਼ਜ਼' ਸ਼ਹਿਰ ਵਾਲਾ ਐਡਰੈੱਸ ਲੈ ਕੇ ਆਇਆ ਸੀ।-

"ਮਖਿਆ, ਇਹ ਆਪਣੇ ਹੈੱਡ ਮਾਸਟਰ ਦੇ ਜਮਾਤੀ ਦਾ ਪਤਾ ਐ। ਕੋਈ ਭੀੜ-ਸੰਗੀੜ ਪਈ ਤਾਂ ਮਿਲ ਲਈ। ਮਾਸਟਰ ਕਹਿੰਦਾ ਸੀ ਏਸ ਸਰਦਾਰ ਦੀ ਨੂੰਹ ਵੀ ਓਹਦੇ ਪਿੰਡਾਂ ਵੱਲ ਦੀ ਆ"- ਮੈਂ ਉਸ ਐਡਰੈੱਸ ਵਾਲੀ ਪਰਚੀ ਨੂੰ ਸਾਂਭ ਕੇ ਪਾਸਪੋਰਟ ਵਾਲੇ ਬਟੂਏ ਵਿਚ ਪਾ ਲਿਆ ਸੀ। ਜਿਸ ਸ਼ਹਿਰ ਵਿਚ ਮੈਂ ਅੱਜਕਲ ਰਹਿੰਦਾ ਹਾਂ, ਉਹ ਸਟੋਕਪੋਜ਼ਜ਼ ਸ਼ਹਿਰ ਤੋਂ ਬਹੁਤੀ ਦੂਰ ਨਹੀਂ। ਕਿੱਤੇ ਵਜੋਂ ਟੈਕਸੀ ਚਲਾਉਣੀ ਸ਼ੁਰੂ ਕੀਤੀ ਤੇ ਕਰੀ ਜਾ ਰਿਹਾ ਹਾਂ। ਇਹ ਧੰਦਾ ਮੇਰੇ ਕਰੂਰੇ ਨੂੰ ਬਹੁਤ ਸੂਤ ਬੈਠਾ ਹੈ।

ਲੜਕੇ-ਲੜਕੀ ਨੂੰ ਰਾਣੀ ਦੇ ਸ਼ਹਿਰ ਵਿੰਡਜ਼ਰ ਉਤਾਰਦਿਆਂ, ਫੇਰ ਗਹੁ ਨਾਲ ਬਰਾਬਰ ਬੈਠੀ ਅਧੇੜ ਉਮਰ ਔਰਤ ਵੱਲ ਵੇਖਿਆ। ਕਾਰ ਮੋੜਦਿਆਂ ਹੀ ਸਿਧਾ ਸਵਾਲ ਦਾਗ਼ ਦਿਤਾ-

"ਤੁਸੀਂ ਕਦੇ ਅਬੋਹਰ, ਮੁੰਡਿਆਂ ਦੇ ਕਾਲਜ ਮੁਕਾਬਲੇ ਵਿਚ ਪਾਰਟੀਸਿਪੇਟ ਕਰਨ ਵੀ ਗਏ ਸੀ? ਆਈ ਮੀਨ ਇੰਨ ਯੂਅਰ ਸਟੂਡੈਂਟਸ ਲਾਈਫ਼, ਇੰਨ ਇੰਡੀਆ?"

ਉਹ ਚਵਕੀ। ਮੇਰੇ ਵੱਲ ਨਿਹਾਰਦੀ ਨੇ "ਹਾਂ" ਵਿਚ ਸਿਰ ਹਿਲਾਉਂਦਿਆਂ ਉਸਨੇ ਕਿਹਾ, "ਅਸੀਂ ਜਾਂਦੀਆਂ ਹੁੰਦੀਆਂ ਸੀ, ਕਈ ਕਾਲਜਾਂ ਵਿਚ, ਆਪਣੇ ਕਾਲਜ ਵਲੋਂ, ਪਰ ’ਥੋਨੂੰ ਕਿਵੇਂ ਪਤਾ?" ਉਹਦਾ ਹੁਟਿਆ ਸਰੀਰ ਸਵਾਲੀਆ ਨਿਸ਼ਾਨ ਬਣਿਆ ਪਿਆ ਸੀ।

ਮੈਂ ਉਹਨਾਂ ਦੇ ਟਰੌਫ਼ੀ ਜਿੱਤਣ, ਰਿਕਸ਼ੇ ਵਿਚ ਬੱਸ ਸਟੈਂਡ ਤਾਈਂ ਛੱਡਣ ਵਾਲੀ ਗੱਲ ਥੋੜ੍ਹੇ ਸ਼ਬਦਾਂ ਵਿਚ ਹੀ ਮੁਕਾ ਕੇ ਉਹਦਾ ਪ੍ਰਤੀਕਰਮ ਉਡੀਕਣ ਲੱਗਾ।

ਉਹਦੇ ਮੂੰਹ ਉੱਤੇ ਰੌਣਕ ਆ ਗਈ। ਉਸਦੀ ਅਦਾ ਵਿਚੋਂ ਅਪਣਾਪਨ ਝਲਕਿਆ। ਬਾਕੀ ਦੇ ਰਸਤੇ ਅਸੀਂ ਦੂਜੀ ਕੁੜੀ ਬਾਰੇ, ਇਥੋਂ ਦੀ ਤੇਜ਼-ਤਰਾਰ ਜ਼ਿੰਦਗੀ ਦੇ ਰੁਝੇਵਿਆਂ, ਉਲਝੇਵਿਆਂ ਤੇ ਆਪਣੇ ਦੋਹਾਂ ਦੇ ਪਿੰਡ ਇਕੋ ਜਿਲ੍ਹੇ ਵਿਚ ਹੋਣ ਬਾਰੇ ਗੱਲਾਂ ਕਰਦੇ ਕਰਦੇ ਉਹਦੇ ਘਰ ਅੱਗੇ ਪਹੁੰਚ ਗਏ। ਉਸ ਭਾੜਾ ਦਿਤਾ। ਮੈਂ ਅੱਧ-ਪਚੱਧੀ ਨਾਂਹ ਕਰਦਿਆਂ, ਪੈਸੇ ਫੜ ਕੇ ਜ਼ੇਬ ਵਿਚ ਪਾ ਲਏ।

ਉਹਨੇ ਤਪਾਕ ਨਾਲ ਚਾਹ ਪੀਣ ਲਈ ਇੰਝ ਕਿਹਾ ਕਿ ਮੈਂ ਉਹਦੇ ਪਿਛੇ ਪਿਛੇ ਘਰ ਅੰਦਰ ਚਲਾ ਗਿਆ।

ਘਰ ਕਾਹਦਾ ਸੀ! ਮਹੱਲ ਹੀ ਸੀ - ਬੇਰੌਣਕਾ ਜਿਹਾ। ਮਾਯੂਸੀ ਝਾਤਾਂ ਮਾਰਦੀ ਸੀ - ਜਿਵੇਂ ਇਹ ਘਰ ਨਾ ਹੋ ਕੇ ਰੈਣ-ਬਸੇਰਾ ਹੋਵੇ। ਪਰਿਵਾਰ ਦੇ ਮੈਂਬਰ ਰਾਤ ਕੱਟਣ ਆਉਂਦੇ ਹੋਣ। ਫੇਰ ਵੀ ਲੰਮੇ-ਲੋਟਵੀਂ ਕੰਧ ਉੱਤੇ ਵਧੀਆ ਫਰੇਮ ’ਚ ਜੜਤ ਸ੍ਰੀ ਹਰਿਮੰਦਰ ਸਾਹਿਬ ਦੀ ਘਸਮੈਲੀ ਜਿਹੀ ਵੱਡੀ ਪੇਟਿੰਗ ਦੇ ਨਾਲ ਗੁਰੂ ਸਾਹਿਬਾਨਾਂ ਦੀਆਂ ਉੱਚੀਆਂ ਕਰਕੇ ਪਾਲੋ-ਪਾਲ ਟੰਗੀਆਂ

“ਭਾਰਤ ਦੇ ‘ਤੋਤਾ-ਮੀਡੀਆ’ ਨੂੰ ‘ਫਰਾਂਸ’ ਵਿਚਲੀ ਸਾੜ-ਫੂਕ, ਕਤਲੋ-ਗਾਰਤ ਤਾਂ ਨਜ਼ਰ ਆਉਂਦੀ ਹੈ।
ਇਹਦੇ ਭੌਪੂਆਂ ਨੂੰ ਆਪਣੇ ਹੀ ਦੇਸ਼ ਦੇ ਅੰਦਰ ਸੜਦਾ-ਮਰਦਾ ‘ਮਨੀਪੁਰ’ ਦਿਖਾਈ ਨਹੀ ਦਿੰਦਾ।”

ਧੁਆਖੀਆਂ ਤਸਵੀਰਾਂ, ਦਸਦੀਆਂ ਸਨ ਕਿ ਇਥੇ "ਗੁਰੂ ਪਿਆਰੇ" ਪਰਿਵਾਰ ਦਾ ਨਿਵਾਸ ਸੀ।

ਐਧਰ-ਓਧਰ ਦੀਆਂ ਗੱਲਾਂ ਕਰਦਿਆਂ ਕਰਦਿਆਂ - ਉਹ ਨਿਘਰ ਜਿਹੀ ਜਾਂਦੀ ਤੇ ਲੰਮਾ, ਠੰਢਾ ਹੌਕਾ ਭਰਦੀ, ਜੋ ਉਹਦੀ ਵਰਤਮਾਨ ਜ਼ਿੰਦਗੀ ਦੀ ਹਾਮੀ ਭਰਦਾ।

ਮੈਂ ਚੋਰ-ਅੱਖੀਂ ਇਧਰ ਉਧਰ ਭਾਂਪ ਰਿਹਾ ਸੀ। ਕਿਸੇ ਦੇ ਉਪਰੋਂ ਆ ਜਾਣ ਦਾ ਖੌਫ਼ ਖਾ ਰਿਹਾ ਸੀ। ਜਾਣ ਦੀ ਇੱਛਾ ਪ੍ਰਗਟਾਈ। ਉਹਨੇ ਕੋਈ ਹੀਲ-ਹੁੱਜਤ ਨ ਕੀਤੀ। ਆਪਣਾ ਟੈਲੀਫ਼ੋਨ ਦਿੰਦਿਆਂ - ਮੇਰਾ ਟੈਲੀਫੋਨ ਲੈ ਲਿਆ।

******************

ਕਈ ਦਿਨ ਲੰਘ ਗਏ। ਮੈਂ ਗੱਲ ਨੂੰ ਆਈ-ਗਈ ਕਰ ਦਿਤਾ।

"ਅੱਜ ਆਓਗੇ ਥੋੜ੍ਹੀ ਦੇਰ ਵਾਸਤੇ।"

ਮੈਂ ਇਹ ਤਵੱਕੋ ਨਹੀਂ ਕਰਦਾ ਸੀ ਤੇ 'ਨਾਂਹ' ਵੀ ਨਾ ਕਰ ਸਕਿਆ।

"ਚੰਗਾ ਫੇਰ ਜਦੋਂ ਕੰਮ ਛੱਡਿਆ ਮੈਨੂੰ ਫੋਨ ਕਰ ਦਿਓ।" ਮੇਰੇ ਹਾਮੀ ਭਰਨ ਤੋਂ ਬਾਦ ਉਹਦਾ ਅਗਲਾ ਵਾਕ ਸੀ। ਟੈਲੀਫ਼ੋਨ ਬੰਦ ਹੋ ਗਿਆ।

ਮੈਂ ਸੱਚੀਂ ਫੋਨ ਕਰ ਦਿਤਾ। ਸ਼ਾਮ ਨੂੰ ਛੇ ਕੁ ਵਜੇ ਮੈਂ ਉਹਦੇ ਘਰ ਸੀ। ਉਹੀ ਸੁੰਨ--ਮਸਾਣ, ਸ਼ਾਮ ਹੋਣ ਕਰਕੇ ਥੋੜ੍ਹੀ ਗਾੜ੍ਹੀ।

ਥੋੜ੍ਹੀ ਦੇਰ ਬਾਦ ਹੀ ਪਤਾ ਲੱਗ ਗਿਆ ਕਿ ਉਹਦੇ ਇਲਾਵਾ ਘਰ ਵਿਚ ਕੋਈ ਨਹੀਂ। ਉਹਨੇ ਚਾਹ ਬਣਾਈ, ਵਰਤਾਈ। ਚੁੱਪ-ਚਪੀਤਿਆਂ ਹੀ ਕੱਪ-ਕੇਤਲੀ ਕਿਚਨ ਵਿਚ ਰੱਖ ਕੇ ਡਿੱਗਣ ਵਾਂਗ ਸੈਟੀ ਉਪਰ ਬਹਿ ਗਈ। ਉਹੀ ਲੰਮਾ ਤੇ ਠੰਢਾ ਹਾਉਕਾ!

ਉਂਝ ਹੀ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਤੇ ਆਪਣੇ ਅੰਦਰਲੇ ਸ਼ੱਕ ਨੂੰ ਤ੍ਰਿਪਤਾਉਣ ਲਈ ਮੈਂ ਪੁੱਛ ਲਿਆ, "ਇਹ ਮਕਾਨ ਸ੍ਰ: ਸੁਰਮੁਖ ਸਿੰਘ ਸੇਖੋਂ ਹੁਰਾਂ ਦਾ ਸੀ?"

"ਹੁਣ ਵੀ ਉਹਨਾਂ ਦਾ ਹੀ ਹੈ। ਉਹਨਾਂ ਨੂੰ ਸਾਥੋਂ ਵਿਛੜਿਆਂ ਦੋ ਕੁ ਸਾਲ ਹੋ ਗਏ ਨੇ। ਤੁਸੀਂ ਉਹਨਾਂ ਨੂੰ ਕਿਵੇਂ ਜਾਣਦੇ ਹੋ?" ਲੱਗਦੇ ਹੱਥ ਉਹਨੇ ਸਵਾਲ ਕਰ ਦਿਤਾ।

ਮੈਂ ਇੰਗਲੈਂਡ ਆਉਣ ਵੇਲੇ ਪਿੰਡ ਦੇ ਹੈੱਡ ਮਾਸਟਰ ਦੇ ਦਿਤੇ ਐਡਰੈਸ ਬਾਰੇ ਦਸਿਆ।

"ਉਸ ਦਿਨ ਕਲੀਨਕੋਂ ਆਉਂਦਿਆਂ ਟੈਕਸੀ 'ਚ ਬੈਠਣ ਲੱਗਿਆਂ ਤੁਹਾਡਾ ਰੋਣ ਕਿਓਂ ਨਿਕਲ ਗਿਆ ਸੀ।" ਮੈਂ ਗੱਲ ਨੂੰ ਚਲਦੀ ਰੱਖਣ ਲਈ ਐਵੇਂ ਹੀ ਪੁਛਿਆ।

"ਉਹ ਤਾਂ..." - ਸਿਰਫ਼ ਐਨਾ ਕਹਿ ਕੇ ਚੁੱਪ ਹੋ ਗਈ ਅਤੇ ਮੈਥੋਂ ਕੁਝ ਲੁਕਾਉਂਦੀ ਲੱਗੀ।

"ਤੁਸੀਂ ਇਥੇ ਇਕੱਲੇ ਈ ਰਹਿੰਦੇ ਓ?" ਮੈਂ ਮਾਹੌਲ ਨੂੰ ਬੋਝਲ ਬਣਨ ਤੋਂ ਰੋਕਣ ਲਈ ਗੱਲ ਫਿਰ ਲਮਕਾਈ।

"ਹੁਣ ਤਾਂ ਇਕੱਲੀ ਵਰਗੀ ਈ ਆਂ। ਦੋ-ਤਿੰਨ ਮਹੀਨਿਆਂ ਨੂੰ ਰੌਣਕਾਂ ਲੱਗ ਜਾਣਗੀਆਂ। ਤੁਸੀਂ ਵੇਖੇ ਸੀ ਨਾ, ਉਸ ਦਿਨ, ਮੇਰੇ ਮੁੰਡਾ-ਕੁੜੀ - ਦੋਹਾਂ ਨੂੰ ਪੰਜਾਬ, ਚੰਡੀਗੜ੍ਹੋਂ ਵਿਆਹ ਲਿਆਉਣੈ। ਹਾਂ ਸੱਚ, ਜਿਹਨਾਂ ਹੈੱਡ ਮਾਸਟਰ ਸਾਹਿਬ- ਸ੍ਰ:ਸੁਰਜੀਤ ਸਿੰਘ ਹੁਰਾਂ ਦੀ ਤੁਸੀਂ ਗੱਲ ਕਰਦੇ ਸੀ, ਉਹ ਮੇਰੇ ਸਹੁਰਾ ਸਾਹਿਬ ਦੇ ਫਰੈਂਡ ਨੇ, ਦੂਰੋਂ ਨੇੜਿਓਂ ਰਿਸ਼ਤੇਦਾਰ ਵੀ - ਦੋਵੇਂ ਰਿਸ਼ਤੇ ਉਹਨਾਂ ਨੇ ਹੀ ਕਰਵਾਏ ਨੇ- ਚੰਡੀਗੜੋਂ। ਅੱਜਕਲ ਉਹ ਵੀ ਚੰਡੀਗੜ੍ਹ ਨੇੜੇ ਮੁਹਾਲੀ ਆ ਗਏ ਨੇ।" ਐਨੀ ਵੱਡੀ ਖ਼ੁਸ਼ੀ ਦੀ ਗੱਲ ਦਸਦਿਆਂ ਵੀ ਉਹ ਟਹਿਕੀ ਨਹੀਂ ਸੀ।

ਉਹਨੇ ਕਿਚਨ ਵੱਲ ਅਹੁਲਦਿਆਂ ਕਿਹਾ - "ਰੋਟੀ ਤਾਂ ਹੁਣ ਖਾ ਕੇ ਹੀ ਜਾਣੀ ਪਊ।"

ਰੋਟੀ ਤੋਂ ਨਾਂਹ ਕਰਨ ਦਾ ਮੈਨੂੰ ਕੋਈ ਬਹਾਨਾ ਨਾ ਮਿਲਿਆ। ਅਚਾਨਕ ਹੀ ਮੈਂ ਆਪਣੇ ਕੋਟ ਦੀਆਂ ਜੇਬਾਂ 'ਚ ਹੱਥ ਮਾਰਦਿਆਂ, "ਓ ਲੈ, ਦਵਾਈ ਤਾਂ ਮੇਰੇ ਕੋਲ ਹੈ ਈ ਨਹੀਂ। ਮੁਆਫ਼ ਕਰਨਾ ਰੋਟੀ ਫੇਰ ਕਦੇ ਸਹੀ, ਹੁਣ ਤਾਂ ਮੈਨੂੰ ਜਾਣਾ ਈ ਪੈਣਾ, ਮੇਰਾ ਗੋਲੀਆਂ ਲੈਣ ਦਾ ਵੇਲਾ ਹੋ ਗਿਐ। ਨਾਲੇ ਡਾਕਟਰ ਨੇ ਅੱਧੀ ਦਵਾਈ ਖਾਣਾ ਖਾਣ ਤੋਂ ਪਹਿਲਾਂ ਤੇ ਅੱਧੀ ਅੱਧ-ਵਿਚਕਾਰੋਂ ਰੋਟੀ ਖਾਂਦਿਆਂ ਲੈਣ ਲਈ ਕਹੀ ਆ।" ਮੈਂ ਰੱਬ ਜਿੱਡਾ ਝੂਠ ਬੋਲਿਆ।

ਉਹਦੀਆਂ ਖਿੜੀਆਂ ਵਾਛਾਂ ਢਿੱਲੀਆਂ ਪੈ ਗਈਆਂ। ਢਿੱਲਾ ਜਿਹਾ ਬੋਲੀ, "ਕੀ ਕਰ ਸਕਦੇ ਹਾਂ, ਪਹਿਲਾਂ ਸਿਹਤ ਫਿਰ ਸਭ ਕੁਝ।"

ਮੈਂ ਝਬਦੇ ਹੀ ਬਾਹਰ ਨਿਕਲ ਆਇਆ। ਸਾਰੇ ਰਸਤੇ ਖੌਫ਼ ਬਰਕਰਾਰ ਰਿਹਾ। ਸੁੰਨਿਆਂ ਵਾਂਗ ਸੋਚਦਾ ਰਿਹਾ। ਲੋੜੀਂਦਾ ਕੋਈ ਸਿਰਾ ਵੀ ਹੱਥ ਨਹੀਂ ਆ ਰਿਹਾ ਸੀ।

ਮੁਬਾਇਲ ਵੱਜਿਆ। ਇਹ ਤਾਂ ਉਹੀ ਸੀ। ਜੀਅ ਕੀਤਾ ਜਵਾਬ ਹੀ ਨਾ ਦੇਵਾਂ। ਪਰ ਫਿਰ ਵੀ ਕੰਨ ਨੂੰ ਲਾ ਹੀ ਲਿਆ।

"ਕਿਥੇ ਓ? ਕੰਮ 'ਤੇ? ਜੇ ਵਿਹਲੇ ਓ ਤਾਂ ਏਧਰ ਨੂੰ ਆ ਜਾਇਓ। ਜੇ ਸਵਾਰੀ ਚੱਕੀ ਹੋਈ ਆ ਤਾਂ ਲਾਹ ਕੇ ਸਿੱਧੇ ਆ ਜਾਇਓ।" ਓਹਨੇ ਬੜੇ ਠਰੰਮੇ ਨਾਲ ਕਿਹਾ, ਜੁਗੜਿਆਂ ਤੋਂ ਵਾਕਫ਼ ਵਾਂਗ।

ਦੁਚਿੱਤੀ ਦੇ ਸ਼ਿਕਾਰ - ਕਦੀ 'ਹਾਂ' ਕਦੀ 'ਨਾਂਹ' ਦੇ ਵਿਚਕਾਰ ਲਟਕਦੇ ਨੇ ਗੱਡੀ ਓਹਦੇ ਘਰ ਵੱਲ ਸਿੱਧੀ ਕਰ ਦਿਤੀ। ਉਹ ਘਰ ਦੇ ਵਿਹੜੇ ਵਿਚ ਹੀ ਖੜੀ ਸੀ। ਕਾਰ ਰੋਕਦਿਆਂ ਹੀ ਅਗਲੀ ਸੀਟ ਉਪਰ ਆ ਬਿਰਾਜਮਾਨ ਹੋਈ। ਘਬਰਾਹਟ ਓਹਦੇ ਚਿਹਰੇ ਤੋਂ ਸਾਫ਼ ਦਿਸਦੀ ਸੀ।

"ਚਲੋ ਜੀ, ਓਦੋਂ ਵਾਲੀ ਕਲੀਨਿਕ। ਪਤਾ ਨਹੀਂ ਕੀ ਉਧ-ਮੂਲ ਕੱਢਣਗੇ? ਮੇਰੇ ਬਲੱਡ ਦਾ ਟੈਸਟ ਲੈਣ ਲਈ ਸੱਦਿਐ।" ਨਾਲ ਲਗਦਿਆਂ ਹੀ ਓਹਨੇ ਮੈਨੂੰ ਸੱਦਣ ਦੀ ਸਫਾਈ ਪੇਸ਼ ਕਰ ਦਿਤੀ- "ਮੈਂ ਕਿਹਾ, ਟੈਕਸੀ ਤਾਂ ਸੱਦਣੀ ਈ ਆ, ਕਿਉਂ ਨ ਤੁਹਾਨੂੰ ਈ ਬੁਲਾ ਲਵਾਂ - ਨਾਲੇ ਤੁਹਾਡੇ ਨਾਲ ਇਕ ਗੱਲ ਕਰਨੀ ਆ। ਤੁਹਾਨੂੰ ਥੋੜ੍ਹੀ ਦੇਰ ਉਡੀਕ ਕਰਨੀ ਪਊ।"

ਮੇਰਾ ਧੁੜਕੂ ਹੋਰ ਵੱਧ ਗਿਆ। 'ਫਸੀ ਦਾ ਫੜਕਣ ਕੀ', ਥੋੜ੍ਹੀ ਦੇਰ ਹੀ ਉਡੀਕਣਾ ਪਿਆ। ਉਹ ਜਿਸ ਫੁਰਤੀ ਨਾਲ ਗਈ ਸੀ ਓਸੇ ਫੁਰਤੀ ਨਾਲ, ਬਾਂਹ ਨੂੰ ਮੋਢੇ ਨਾਲ ਲਾਈ ਵਾਪਸ ਆ ਗਈ। ਬੈਠਦਿਆਂ ਹੀ "ਚਲੋ ਘਰ ਨੂੰ, ਅੱਜ ਤੁਹਾਨੂੰ ਵਧੀਆ ਚਾਹ ਪਿਆਵਾਂਗੀ।" 'ਵਧੀਆ' ਉੱਤੇ ਓਹਨੇ ਕੁਝ ਜ਼ਿਆਦਾ ਹੀ ਜ਼ੋਰ ਦਿਤਾ। ਮੈਂ ਅੰਦਰੇ ਅੰਦਰ ਕਿਹਾ "ਲਓ, ਗਈ ਮੱਝ ਚਿੱਕੜ 'ਚ - ਅੱਜ ਦੀ ਦਿਹਾੜੀ ਤਾਂ ਗਈ।"

ਕਿਰਾਇਆ ਲੈਣ ਤੋਂ ਨਾਂਹ ਕਰਦਿਆਂ, ਅਸੀਂ ਘਰ ਅੰਦਰ

ਜਿਹੜਾ ਸੱਤਾ 'ਚ ਹੋਵੇ, ਉਹ ਥੋਡੇ ਸਿਰਾਂ 'ਚ ਮੂਤ ਸਕਦੈ! ਉੱਚੀ ਉੱਚੀ ਥੋਡੇ ਦਰਾਂ 'ਚ ਕੂਕ ਸਕਦੈ!
ਜਿਉਂਦੇ ਜੀਅ ਥੋਨੂੰ, ਥੋਡੇ ਹੀ ਗਲਾਂ 'ਚ ਟੈਰ ਪਾ ਕੇ ਫੂਕ ਸਕਦੈ!- ਹਰਵਿੰਦਰ ਸਿੰਘ ਰੁੜਕੀ

ਚਲੇ ਗਏ। ਥੋੜ੍ਹੀ ਦੇਰ ਚੁੱਪ ਛਾਈ ਰਹੀ। ਮੇਰੇ ਅੰਦਰਲੇ ਡਰ ਨੇ ਆਪਣੇ ਆਪ ਹੀ ਆਪਣੇ ਬਾਰੇ ਦਸਣਾ ਸ਼ੁਰੂ ਕਰ ਦਿਤਾ, "ਵੱਡੀ ਬੇਟੀ ਐਤਕੀਂ ਯੂਨੀਵਰਸਿਟੀ ਕਰ ਲਵੇਗੀ, ਮੁੰਡਾ ਤਾਂ ਸਾਲਾ ਲਫੰਡਰ ਈ ਨਿਕਲਿਆ…"

"…ਤੁਹਾਡੀ ਛੋਟੀ ਬੇਟੀ ਆਪਣੇ ਲੋਕਲ ਸਕੂਲ ਵਿਚ ਪੜ੍ਹਦੀ ਹੈ। ਤੁਹਾਡੇ ਘਰ ਵਾਲੀ ਕੌਂਸਲ 'ਚ ਕੰਮ ਕਰਦੇ ਨੇ। ਬੜੇ ਵਧੀਆ ਨੇ ਸੁਭਾਅ ਦੇ। ਪਿਛਲੇ ਐਤਵਾਰ, ਮੈਂ ਉਹਨਾਂ ਨੂੰ ਗੁਰਦੁਆਰੇ ਮਿਲਣ ਲਈ ਉਡੀਕਦੀ ਰਹੀ। ਤੁਸੀਂ…" ਉਹ ਚੁੱਪ ਨ ਕਰਦੀ ਜੇ ਮੈਂ ਇਹ ਨਾ ਪੁੱਛਦਾ, "ਐਨੀ ਜਾਣਕਾਰੀ ਕਿਵੇਂ?"

"ਜਿਹਨਾਂ ਨਾਲ ਨਿਭਾਉਣੀ ਹੋਵੇ, ਉਹਨਾਂ ਦੀ ਜਾਣਕਾਰੀ ਤਾਂ ਰੱਖਣੀ ਪੈਂਦੀ ਹੈ।" ਉਹ ਫਿਲਾਸਫਾਨਾ ਅੰਦਾਜ਼ ਵਿਚ ਭੋਲੇ-ਭਾਅ ਹੀ ਇਹ ਸਭ ਕੁਝ ਕਹਿ ਗਈ। ਓਹੀ ਭਾਸ਼ਣ ਮੁਕਾਬਲੇ ਵਾਲੀ ਕੁੜੀ ਲੱਗੀ।

"ਤੁਸੀਂ ਆਪਣੇ ਬਾਰੇ ਕਦੀ ਕੁਝ ਦਸਿਆ ਹੀ ਨਹੀਂ?" ਮੈਂ ਮਲੋ-ਮਲੀ ਹੱਸਦਿਆਂ ਪੁਛਿਆ।

"ਤੁਸੀਂ ਕਦੀ ਪੁਛਿਆ ਹੀ ਨਹੀਂ" – ਚੁਲਬੁਲਾਪਣ ਫਿਰ ਤਾਰੂ ਹੋ ਗਿਆ। ਨਾਲ ਹੀ ਉਸਨੇ ਆਪਣੀ ਰਾਮ-ਕਹਾਣੀ ਸ਼ੁਰੂ ਕਰ ਦਿਤੀ, "ਓਦੋਂ ਕੁ ਈ, ਥੋੜ੍ਹੀ ਦੇਰ ਬਾਦ ਮੈਂ ਏਧਰ ਆ ਗਈ। 'ਓਹ' ਇਥੋਂ ਦਾ ਹੀ ਸੀ। ਚੰਗਾ ਸੀ। ਸੈਕਸ ਦਾ ਮਾਰਿਆ। 'ਉਹਨੇ' ਐਸੀ ਚੱਕੀ ਝੋਈ ਕਿ ਦੋ ਕੁ ਸਾਲਾਂ 'ਚ ਮੁੰਡਾ ਤੇ ਕੁੜੀ ਹੋ ਗਏ।"

ਉਹਨੂੰ ਸੋਚਾਂ 'ਚ ਪਈ ਨੂੰ ਵੇਖ ਕੇ ਮੈਂ ਸੋਚ ਰਿਹਾ ਸੀ – 'ਐਨੀ ਖੁਲ੍ਹੀ ਗੱਲ ਬਾਤ ਦੀ ਤਾਂ ਮੈਂ ਆਸ ਨਹੀਂ ਕੀਤੀ ਸੀ!' ਖ਼ੈਰ!

"ਬਸ, ਜਿਵੇਂ ਮੈਂ ਤੁਹਾਨੂੰ ਦੱਸਿਆ, ਸੈਕਸ ਦਾ ਭੁੱਖਾ, ਉਹਨੂੰ ਮੈਂ ਢਿੱਲੀ ਢਿੱਲੀ ਲੱਗਣ ਲੱਗੀ। ਮੈਥੋਂ ਕਿਨਾਰਾਕਸ਼ੀ ਕਰਕੇ ਐਧਰ-ਔਧਰ ਮੂੰਹ ਮਾਰਨ ਲੱਗਾ। ਗੱਲਾਂ ਮੇਰੇ ਤਕ ਪਹੁੰਚਦੀਆਂ ਰਹੀਆਂ। ਪਹਿਲਾਂ-ਪਹਿਲ ਤਾਂ ਮੈਂ ਵਿਚੋ-ਵਿਚ ਪੀਂਦੀ ਰਹੀ, ਸਬਰ ਕਰਦੀ ਰਹੀ। ਕਈ ਵਾਰੀ 'ਗੁਰੂ ਮਹਾਰਾਜ' ਦਾ ਸਹਾਰਾ ਲਿਆ। ਰੋਜ਼ ਪਾਠ ਕਰਦੀ, ਸੁਖਣਾ ਸੁਖਦੀ, ਧਾਗੇ ਤਵੀਜ਼ ਵੀ ਕਰਾਏ। ਪਰ ਗੱਲ ਤਾਂ ਮੇਰੇ ਬੈੱਡ ਰੂਮ ਤਕ ਆ ਪਹੁੰਚੀ ਸੀ। ਸਹੁਰੇ ਨਾਲ ਗੱਲ ਕੀਤੀ। ਸਹੁਰਾ ਵਿਚਾਰਾ 'ਪ੍ਰਮਾਤਮਾ ਦੀ ਕਰਨੀ' ਕਹਿ ਕੇ ਪਿਛਲੇ ਕਮਰੇ ਵਿਚ ਜਾ ਕੇ ਪਾਠ ਕਰਨ ਲੱਗ ਜਾਂਦਾ – ਕਈ ਵਾਰ ਤਾਂ ਮੈਂ ਉਹਨਾਂ ਨੂੰ ਰੋਂਦਿਆਂ ਵੀ ਵੇਖਿਆ। ਕੋਈ ਚਾਰਾ ਨਾ ਚਲਦਾ ਵੇਖ ਕੇ – ਇਕ ਦਿਨ ਮੈਂ 'ਓਹਦੀ' ਰਖੇਲ ਦੀ ਚੰਗੀ ਖੜਕੈਂਤੀ ਕੀਤੀ।" ਉਹ ਇੰਝ ਦਸ ਰਹੀ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਸਾਹ ਜਿਹਾ ਲੈ ਕੇ, "ਬੱਸ, ਫਿਰ ਕੀ ਸੀ, ਉਹ ਟਾਂਗੋ ਜਿਹੀ ਕਹੇ: "ਏਹਨੂੰ" ਰੱਖ ਜਾਂ "ਮੈਨੂੰ"। ਗੱਲ ਤਾਂ ਲੰਮੀ ਹੈ। ਆਖ਼ਿਰ ਰਗੜਿਆਂ-ਝਗੜਿਆਂ 'ਚ ਛੱਡ-ਛਡਾਈ ਹੋ ਗਈ। ਦੋਵੇਂ ਬੱਚੇ ਮੈਨੂੰ ਮਿਲ ਗਏ।

ਸ਼ਾਬਾਸ਼! ਮੇਰੇ ਸਹੁਰਾ ਸਾਹਿਬ ਦੇ, ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ 'ਚ ਜਗਾਹ ਦੇਵੇ, ਜਿਹਨਾਂ ਇਹ ਮਹਿਲ ਜਿੱਡਾ ਘਰ ਮੇਰੇ ਇਕੱਲੀ ਦੇ ਨਾਂ ਲਵਾ ਦਿਤਾ। ਸੱਚ ਜਾਣਿਓ, ਮਰਦੇ ਦਮ ਤਕ ਬਾਪੂ ਜੀ ਦੀ ਐਨੀ ਸੇਵਾ ਕੀਤੀ ਕਿ ਕਦੇ 'ਪੁੱਤ' ਨਹੀਂ ਯਾਦ ਆਉਣ ਦਿਤਾ।"

ਮੈਨੂੰ ਲਗਿਆ ਗੱਲ ਪੂਰੀ ਹੋ ਗਈ ਹੈ। ਖਹਿੜਾ ਛੁਡਾਉਣ ਦੀ ਸਕੀਮ ਬਣਾ ਹੀ ਰਿਹਾ ਸੀ – ਉਹ ਫਿਰ ਸ਼ੁਰੂ ਹੋ ਗਈ:

"ਕੋਰਟ ਨੇ ਫੈਸਲਾ ਕੀਤਾ ਕਿ ਬੱਚੇ 18 ਸਾਲ ਤੋਂ ਬਾਦ ਕਿਸੇ ਕੋਲ ਮਰਜ਼ੀ ਰਹਿ ਸਕਦੇ ਹਨ। ਪਰ ਉਸਤੋਂ ਪਹਿਲਾ ਮਾਂ ਨਾਲ ਹੀ ਰਹਿਣਗੇ। ਉਹਨੂੰ, ਇਹਨਾਂ ਦੇ ਡੈਡੀ ਨੂੰ, ਹਰ ਮਹੀਨੇ ਖਰਚਾ ਭਰਨ ਦਾ ਹੁਕਮ ਦਿਤਾ। ਰੱਬ ਨੂੰ ਜਾਨ ਦੇਣੀ ਆ – ਝੂਠ ਨਹੀਂ ਬੋਲਦੀ – ਮੇਰੇ ਸਹੁਰੇ ਵਰਗਾ ਦੇਵਤਾ ਬੰਦਾ ਮੈਂ ਨਹੀਂ ਵੇਖਿਆ।"

ਮੈਨੂੰ ਇਕ ਵਾਰ ਫਿਰ ਇੰਝ ਲਗਿਆ ਜਿਵੇਂ ਗੱਲ ਧੁਰ ਲਗ ਗਈ ਹੋਵੇ।

"ਆਹ ਹੁਣ ਓਦੋਂ ਦਾ, ਜਿਦੇ ਤੁਹਾਨੂੰ ਪਹਿਲੀ ਵਾਰ ਕਲੀਨਿਕ 'ਚ ਮਿਲੇ ਸੀ, ਇਕ ਹੋਰ ਸਿਆਪਾ ਜਾਨ ਨੂੰ ਪਿਆ ਹੋਇਐ। ਸਾਡੇ ਡਾਕਟਰ ਨੂੰ ਸ਼ੱਕ ਆ ਮੁੰਡੇ ਨੂੰ ਕੋਈ ਗੁੱਝੀ ਬਿਮਾਰੀ ਹੈ। ਹੁਣ ਅੱਜ ਮੈਨੂੰ ਤੇ ਪਰਸੋਂ ਕੁੜੀ ਨੂੰ ਬਲੱਡ ਟੈਸਟ ਲਈ ਬੁਲਾਇਆ ਸੀ।" ਗੱਲਾਂ ਕਰਦੀ ਕਰਦੀ ਉਹ ਚਾਹ ਵੀ ਧਰ ਆਈ ਸੀ। ਅਸੀਂ ਚਾਹ ਪੀਤੀ। ਮੈਂ ਉਤੋਂ-ਉਤੋਂ ਕਿਸੇ ਦਿਨ ਘਰ ਆਉਣ ਦਾ ਨਿਉਂਦਾ ਦੇ ਕੇ ਵਾਪਸ ਆ ਗਿਆ।

ਜ਼ਿੰਦਗੀ ਦੀ ਏਨੀ ਮੁਖਤਸਰ ਜਿਹੀ ਕਹਾਣੀ ਨੂੰ ਬੀਤੇ ਚਵੀ-ਪੱਚੀ ਸਾਲ ਲੰਬਾ ਕਰਦਿਆਂ ਜਦੋਂ ਮੈਂ ਸੋਚਦਾ ਸੀ ਤਾਂ ਮੈਨੂੰ ਕਈ ਤਰ੍ਹਾਂ ਦੇ ਖਿਆਲ ਆਉਂਦੇ। ਉਹਦੇ ਨਾਲ ਹਮਦਰਦੀ ਹੁੰਦੀ। ਦਿਲਚਸਪੀ ਵੱਧਦੀ। ਹੈਰਾਨੀ ਦੇ ਨਾਲ ਨਾਲ ਗਪੌੜ-ਸੰਖ ਵੀ ਲੱਗਣ ਲੱਗਦਾ। 'ਤ੍ਰਿਆ ਚਲਿੱਤਰ' ਦਾ ਸ਼ੱਕ ਵੀ ਪੈਂਦਾ। ਦਿਮਾਗ ਕਹਿੰਦਾ ਖਹਿੜਾ ਛੁਡਾ – ਦਿਲ ਵਹਿਣਾ 'ਚ ਵਹਿ ਜਾਂਦਾ।

*****************

ਟੈਲੀਫੋਨ ਖੜਕਿਆ – ਬੁਝੀ ਹੋਈ ਆਵਾਜ਼ – ਘਰ ਆਉਣ ਲਈ ਕਹਿ ਰਹੀ ਸੀ, ਹੁਣੇ ਹੀ। ਸ਼ਾਮ ਦਾ ਵੇਲਾ ਸੀ। ਓਹਦੇ "ਹੁਣੇ" ਉੱਤੇ ਜ਼ੋਰ ਪਾਉਣ ਨਾਲ ਮੈਂ ਕਾਹਲਿਆਂ ਵਾਂਗ ਚਲਾ ਗਿਆ।

ਅੱਖਾਂ ਪੂੰਝਦੀ ਬੋਲੀ, "ਓਹੀ ਹੋਇਆ, ਜਿਸਦਾ ਡਰ ਸੀ। ਮੁੰਡੇ ਦੀ ਬਲੱਡ ਰਿਪੋਰਟ ਤੋਂ ਡਾਕਟਰਾਂ ਨੂੰ ਏਡਜ਼ ਹੋਣ ਦਾ ਸ਼ੱਕ ਪੈਂਦਾ… ਮੈਂ ਤਾਂ ਪੱਟੀ ਗਈ ਜੀ। ਮੈਨੂੰ ਤਾ ਕੁਝ ਨਹੀਂ ਸੁਝਦਾ। ਕੀ ਕਰਾਂ ਕਿਧਰ ਨੂੰ ਜਾਵਾਂ। ਹੇ ਸਤਿਗੁਰ ਸੱਚੇ ਪਾਤਸ਼ਾਹ ਰੱਖ ਲੈ ਹੱਥ ਦੇ ਕੇ। ਇਹੋ ਜਿਹੀ ਨਾਮੁਰਾਦ ਬਿਮਾਰੀ ਨਾ ਨਿਕਲੇ। – ਤੂੰ ਹੀ ਹੈਂ ਦਾਤਿਆ ਰੱਖਣ ਵਾਲਾ।"

ਮੈਂ ਓਪਰਾ ਜਿਹਾ ਹੌਂਸਲਾ ਦਿਤਾ ਤੇ ਨਾਲ ਦੀ ਕੁਰਸੀ ਉੱਤੇ ਬੈਠ ਗਿਆ।

"ਮੈਂ ਸਗੋਂ ਤੁਹਾਨੂੰ ਵੀ ਕਹਿਣਾ ਸੀ – ਅਗਲੇ ਹਫ਼ਤੇ ਅਸੀਂ ਤਿੰਨੇ ਇੰਡੀਆ ਜਾ ਰਹੇ ਹਾਂ, ਟਿਕਟਾਂ ਬੁੱਕ ਕਰਵਾ ਲਈਆਂ ਨੇ। ਉਸਤੋਂ ਤਿੰਨ ਕੁ ਹਫ਼ਤੇ ਪਿਛੋਂ ਵਿਆਹ ਧਰਿਆ ਮੁੰਡੇ-ਕੁੜੀ ਦੋਹਾਂ ਦਾ। ਓਥੇ ਸਾਰੀਆਂ ਤਿਆਰੀਆਂ ਤਾਂ ਪਿੰਡ ਵਾਲੇ ਕਰ ਲੈਣਗੇ। ਪਰ ਫਿਰ ਵੀ ਕਿਹਾ ਜੇ ਤੁਸੀਂ ਚਲਦੇ ਤਾਂ ਚੰਗਾ ਸੀ।" ਉਹਨੇ ਅਪਣੱਤ ਜਤਾਈ, ਜਿਵੇਂ ਤਰਸੇਵੇਂ ਦਾ ਮਾਰਿਆ ਬੰਦਾ ਆਮ ਕਰਦਾ ਹੈ।

ਮਾਹੌਲ ਬੋਝਲ ਬਣਦਾ ਜਾ ਰਿਹਾ ਸੀ। ਮੁੜ-ਘਿੜ ਗੱਲ ਏਡਜ਼ ਹੋਣ ਦੇ 'ਸ਼ੱਕ' ਦੁਆਲੇ ਆ ਰੁਕਦੀ। ਕਈ ਸਵਾਲ ਉਹਨੇ ਕਰ ਦਿਤੇ ਸਨ ਤੇ ਕਈ ਸਵਾਲ ਮੇਰੇ ਦਿਮਾਗ ਵਿਚ ਘੁੰਮ ਰਹੇ ਸਨ –

50-55 ਸਾਲ ਦੀ ਉਮਰੋਂ ਬਾਦ ਬੰਦੇ ਦਾ ਹਾਲ
ਹਿੰਦੁਸਤਾਨ ਦੇ ਰਾਸ਼ਟਰਪਤੀ ਵਰਗਾ ਹੋ ਜਾਂਦੈ (ਅਗਲੇ ਸਫ਼ੇ 'ਤੇ)

"ਜੇ ਸੱਚੀ ਇਹ ਨਮੁਰਾਦ ਬਿਮਾਰੀ ਨਿਕਲ ਆਈ? ਜੇ ਕੁੜੀ ਨੂੰ ਵੀ ਇਹੋ ਕੁਝ ਨਿਕਲਿਆ?" ਫਿਰ ਆਪਣੇ ਆਪਨੂੰ ਠੁੰਮਣੇ ਦੇਣ ਲਈ ਆਪੇ ਜਵਾਬ ਦਿਤੇ ਜਾਂਦੇ। ਉਹਨਾਂ ਜਵਾਬਾਂ ਦੀ ਸਾਡੇ ਦੋਹਾਂ ਵਲੋਂ ਹਾਮੀ ਵੀ ਭਰੀ ਜਾਂਦੀ।

"ਅਜੇ ਤਾਂ ਜੀ, ਛੋਟੇ ਡਾਕਟਰਾਂ ਨੇ ਹੀ ਟੈਸਟ ਕੀਤੇ ਨੇ, ਉਹਨਾਂ ਨੂੰ ਕੀ ਪਤੈ? ਕਹਿੰਦੇ ਨੇ ਕਲੀਨਿਕਾਂ 'ਚ ਖੂਨ ਦੇ ਸੈਂਪਲ ਵੀ ਬਦਲ ਜਾਂਦੇ ਨੇ? ਤੂੰ ਈ ਰੱਖਣ ਵਾਲਾ ਐਂ ਉਪਰ ਵਾਲਿਆ।" ਉਹ ਸ੍ਰੀ ਹਰਿਮੰਦਰ ਸਾਹਿਬ ਦੀ ਘਸਮੈਲੀ ਜਿਹੀ ਪੇਟਿੰਗ ਵੱਲ ਝੁਕਦਿਆਂ ਹੱਥ ਜੋੜੇ। ਮੈਂ ਧਿਆਨ ਨਾਲ ਵੇਖਿਆ ਕੰਧ ਨਾਲ ਲੱਗੀ ਪੇਟਿੰਗ ਜ਼ਰਾ ਟੇਢੀ ਹੋਈ ਪਈ ਸੀ।

"ਹੁਣ ਤੁਸੀਂ ਹੀ ਦੱਸੋ - ਇਹੋ ਜਿਹਿਆਂ ਸ਼ੱਕਾਂ ਨਾਲ ਵਿਆਹ ਵਰਗੇ ਕਾਰਜ ਤਾਂ ਨਹੀਂ ਰੋਕੇ ਜਾਂਦੇ ਨਾ? ਚਾਰ ਬੱਚਿਆਂ ਦੀ ਜ਼ਿੰਦਗੀ ਦਾ ਸੁਆਲ ਐ? ਮੁੰਡੇ, ਕੁੜੀ ਦੇ ਸਹੁਰੇ ਕੀ ਸੋਚਣਗੇ? ਮੇਰੇ ਮਾਪੇ ਕੀ ਕਹਿਣਗੇ?" ਉਹ ਆਪਣੇ ਹੀ ਰੌਂਅ ਵਿਚ ਕਹੀ ਜਾ ਰਹੀ ਸੀ।

ਖੌਫ਼ਨਾਕ ਚੁੱਪ। -ਭੂਤ-ਬੰਗਲੇ ਵਰਗਾ ਘਰ ਅਤੇ ਡੂੰਘੀ ਸ਼ਾਮ ਦਾ ਵੇਲਾ!

'ਜੇ ਇਹ 'ਸ਼ੱਕ' ਸੱਚ ਨਿਕਲਿਆ ਤਾਂ' ਸੋਚਦਾ ਸੋਚਦਾ ਮੈਂ ਵਾਪਸ ਆ ਗਿਆ।

ਇਸ ਸਭ ਕਾਸੇ ਬਾਰੇ ਆਪਣੀ ਘਰਵਾਲੀ ਨਾਲ ਗੱਲ ਕੀਤੀ।

ਆਨੀਂ-ਬਹਾਨੀਂ, ਸਹਿੰਦੇ-ਸਹਿੰਦੇ ਮਿੱਤਰਾਂ-ਦੋਸਤਾਂ ਨਾਲ ਵੀ ਇਸ ਹਾਲਤ ਵਿਚ ਦੋਹਾਂ ਵਿਆਹਾਂ ਦੇ ਸਿਰੇ ਚੜ੍ਹ ਜਾਣ ਦੇ ਨਿਕਲਣ ਵਾਲੇ ਨਤੀਜਿਆਂ ਨੂੰ ਹੰਘਾਲਿਆ, ਘੋਖਿਆ ਤੇ ਜੋਖਿਆ।

ਇਕ ਦਿਨ ਤਾਂ - ਮੈਂ ਤੇ ਮੇਰੀ ਪਤਨੀ ਦੂਰੋ-ਦੂਰੀ ਵੀ ਹੋ ਗਏ। ਮੈਂ ਕਹਾਂ, "ਮੈਂ ਚੰਡੀਗੜ੍ਹ ਫੋਨ ਕਰਕੇ, ਉਥੋਂ ਵਿਆਹ ਕੇ ਲਿਆਉਣ ਵਾਲੇ ਮੁੰਡੇ, ਕੁੜੀ ਦੇ ਮਾਂ-ਪਿਓ ਦਾ ਪਤਾ ਕਰਕੇ, ਇਹ 'ਸ਼ੱਕ' ਵਾਲੀ ਗੱਲ ਉਹਨਾਂ ਨੂੰ ਦੱਸਣੀ ਹੈ।"

ਮੇਰੀ ਘਰ ਵਾਲੀ ਕਹੇ, "ਤੇਰੇ ਮਾਮੇ ਦੇ ਮੁੰਡੇ ਲੱਗਦੇ ਨੇ, ਆ ਜਾਂਦੀਏ ਬੁਲਾਏ ਦੁਪਹਿਰਾ ਕੱਟ ਜਾ। ਸਾਰੀ ਉਮਰ ਇਹੋ ਕੁਛ ਈ ਕਰਦਾ ਰਿਹੈਂ - ਕੀ ਤੈਨੂੰ ਕਿਸੇ ਨੇ ਮੂੰਗਰੇ ਪਾ 'ਤੇ,- ਅਖੇ ਮੈਂ ਕੌਣ? ਖਾਹ-ਮਖਾਹ।" ਰਸੋਈ ਵਿਚ ਭਾਂਡੇ ਖੜਕਣ ਦੀ ਉੱਚੀ ਹੁੰਦੀ ਆਵਾਜ਼, ਉਹਦੇ ਗੁੱਸੇ ਦਾ ਪਾਰਾ ਚੜ੍ਹਣ ਦਾ ਇਜ਼ਹਾਰ ਕਰ ਰਹੀ ਸੀ।

ਇਕ-ਦੋ ਹੋਰ ਜਾਣੂਆਂ ਨੂੰ ਵੀ ਘੇਣੇ ਜਿਹੇ ਪਾ ਕੇ ਇਹ ਸੁਆਲ ਪੁਛਿਆ: 'ਇਸ ਹਾਲਤ ਵਿਚ ਤੀਜੇ ਤਿਹਾਕੜ ਨੂੰ ਕੀ ਕਰਨਾ ਚਾਹੀਦਾ ਹੈ?' ਸਾਰਿਆਂ ਦਾ ਘੜਿਆ ਘੜਾਇਆ ਜਵਾਬ ਹੁੰਦਾ - "ਦੜ ਵੱਟ ਜ਼ਮਾਨਾ ਖੋਟ" - "ਇਸ ਤਰ੍ਹਾਂ ਤਾਂ ਸਾਰੀ ਦੁਨੀਆਂ ਵਿਚ ਹੀ ਕਿਸੇ ਦੀ ਕੋਈ ਨਾ ਕੋਈ ਪ੍ਰਾਬਲਮ ਹੁੰਦੀ ਹੈ - ਕਿਹਦੀ ਕਿਹਦੀ ਸਾਲਵ ਕਰਦਾ ਫਿਰੇਂਗਾ!"

ਮੈਂ ਵੀ ਘੇਸਲ ਜਿਹੀ ਮਾਰ ਲਈ। ਉਹ ਪਰਿਵਾਰ ਇੰਡੀਆ ਉੱਡ ਗਿਆ। ਉਥੇ ਕੀ ਹੋਇਆ- ਉਸ ਪ੍ਰਤੀ ਮੇਰੀ ਦਿਲਚਸਪੀ ਮਰ ਗਈ ਸੀ। ਸੋਚ ਵੀ ਪਿੱਛਾ ਕਰਦੀ ਕਰਦੀ ਹੰਭ ਗਈ। 'ਭੈੜੇ ਨਤੀਜੇ ਨਿਕਲਣ' ਦਾ ਝੋਰਾ 'ਹੋਊ ਪਰ੍ਹੇ' ਉਪਰ ਆ ਕੇ ਰੁਕ ਜਾਂਦਾ।

***************

ਚਾਰ ਕੁ ਮਹੀਨਿਆਂ ਬਾਦ ਉਧਰੋਂ ਫੋਨ ਆਇਆ, "ਅਸੀਂ ਹਫ਼ਤਾ ਕੁ ਪਹਿਲਾ ਹੀ ਆਏ ਸੀ, ਨੂੰਹ, ਜਵਾਈ ਨੂੰ ਵੀ ਨਾਲ ਹੀ ਲੈ ਆਈ। ਮੁੰਡੇ, ਕੁੜੀ ਦੇ ਵਿਆਹ ਦੀ ਪਾਰਟੀ ਰੱਖੀ ਆ। ਪਰਿਵਾਰ ਸਮੇਤ ਆਇਓ।"

ਮੈਂ ਰੁਕੇ ਰਾਫ਼ਤੇ ਨੂੰ ਮੁਕਾ ਦੇਣਾ ਚਾਹੁੰਦਾ ਸੀ-"ਓਸ ਦਿਨ ਤਾਂ ਅਸੀਂ ਜਰਮਨ ਹੋਵਾਂਗੇ।" ਟੈਲੀਫੋਨ ਉਪਰ ਹੀ ਚੁਕਤਾ ਕਰ ਦਿਤਾ। ਮੈਂ ਮਨ ਵੀ ਬਣਾ ਲਿਆ ਸੀ ਕਿ 'ਤੂੰ ਆਪਣੇ ਘਰ ਤੇ ਮੈਂ ਆਪਣੇ ਘਰੇ।'

ਪਤਾ ਨਹੀਂ ਕਿਓਂ! ਮੈਂ ਆਪਣੀ ਬੇਟੀ ਨੂੰ ਨਾਲ ਲੈ ਕੇ, ਸ਼ਗਨ ਦੇਣ ਤੇ ਹਾਲ-ਚਾਲ ਪੁਛਣ ਚਲਾ ਗਿਆ। 'ਓਹ' ਤੇ ਲੰਮੇ-ਝੰਮੇ ਮੁੰਡਾ, ਕੁੜੀ ਘਰ ਮਿਲੇ। ਇੰਝ ਲੱਗਿਆ ਜਿਵੇਂ ਪੰਜਾਬੀਅਤ ਵਿਚ ਪੱਛਮੀਪੁਣਾ ਮੱਲੋ-ਮੱਲੀ ਵੜਿਆ ਜਾ ਵਾੜਿਆ ਹੋਇਆ ਹੈ। ਸਲਾਮ-ਦੁਆ ਹੋਈ। ਥੋੜ੍ਹੀਆਂ ਬਹੁਤੀਆਂ ਪਿੱਛੇ ਦੀਆਂ ਗੱਲਾਂ ਹੋਈਆਂ। ਉਹ ਨਿਹੋਰੇ ਜਿਹੇ ਮਾਰਕੇ ਗੱਲ ਕਰਦੀ ਸੀ, ਜਿਵੇਂ ਉਹਨੂੰ ਜਰਮਨੀ ਵਾਲੇ ਬਹਾਨੇ ਦਾ ਪਤਾ ਲੱਗ ਗਿਆ ਹੋਵੇ। ਉਸਨੇ ਸਾਡੀ ਜਾਣ-ਪਛਾਣ ਕਰਵਾਈ ਕਿ ਅੰਕਲ ਸੁਰਜੀਤ, ਇਹਨਾਂ ਦੇ ਪਿੰਡ ਹੈੱਡ ਮਾਸਟਰ ਲੱਗੇ ਰਹੇ ਹਨ। ਮੇਰੀ ਬੇਟੀ ਨੂੰ ਉਹਨਾਂ ਪਿਆਰ ਦਿਤਾ। ਅਸੀਂ ਵਾਪਸ ਆ ਗਏ। ਫਿਰ ਕੋਈ ਬਾਹਲਾ ਰਾਫ਼ਤਾ ਨਾ ਰਿਹਾ।

***************

ਉਧਰੋਂ ਵਧਾਈਆਂ ਦੇ ਦੋ ਫੋਨ ਆਏ। ਓਹਦੇ ਮੁੰਡੇ ਦੇ ਘਰ 'ਕੁੜੀ' ਅਤੇ ਕੁੜੀ ਦੇ ਘਰ 'ਮੁੰਡੇ' ਨੇ ਜਨਮ ਲਿਆ ਸੀ। ਸਾਰੇ ਇਕੱਠੇ ਹੀ ਰਹਿੰਦੇ ਸਨ। ਮੇਰਾ ਜੋ 'ਸ਼ੱਕ' ਵਾਲਾ 'ਅੰਦਰਲਾ ਡਰ' ਸੀ, ਉਹ ਕਰੀਬਨ ਉੱਡ ਪੁੱਡ ਹੀ ਗਿਆ।

****************

ਮੇਰੇ ਟੈਕਸੀ ਵਾਲੇ ਕੰਮ ਵਿਚ ਨਵਾਂ ਸਾਲ ਚੜ੍ਹਣ ਤੇ ਕ੍ਰਿਸਮਿਸ ਬੀਤਣ ਨਾਲ ਮੰਦਾ ਆ ਜਾਂਦਾ ਹੈ। ਮੈਂ ਜਾ ਪਰਿਵਾਰ ਸਮੇਤ ਹਰ ਸਾਲ ਜਨਵਰੀ ਦੇ ਅਖ਼ੀਰ 'ਚ ਤਿੰਨ ਕੁ ਹਫ਼ਤਿਆਂ ਲਈ ਪੰਜਾਬ ਜਾ ਆਈਦਾ ਹੈ। ਐਵੇਂ ਹੇਰਵਾ ਜਿਹਾ ਦਿਲਾ ਕਰਨ ਲਈ।

ਚੰਡੀਗੜ੍ਹ ਤੋਂ ਵਿਆਹ ਕੇ ਲਿਆਂਦੇ ਮੁੰਡੇ ਕੁੜੀ ਨਾਲ ਕ੍ਰਿਸਮਿਸ ਦੀ ਸ਼ਾਪਿੰਗ ਕਰਦਿਆਂ 'ਓਹਦੀ' ਮੇਰੇ ਪਰਿਵਾਰ ਨਾਲ ਟੱਕਰ ਹੋ ਗਈ। ਦੋਵਾਂ ਬੱਚਿਆਂ ਨੂੰ ਵਲ੍ਹੇਟ ਕੇ ਪਰਾਮਾਂ ਵਿਚ ਲਿਟਾਇਆ ਹੋਇਆ ਸੀ। ਕਹਿਣ ਲੱਗੀ, "ਅਸੀਂ ਤਿੰਨ ਜਨਵਰੀ ਨੂੰ ਸਾਰੇ ਇੰਡੀਆ ਜਾ ਰਹੇ ਹਾਂ। ਇਹਨਾਂ ਦੇ ਦਾਦਾ-ਦਾਦੀ ਤੇ ਨਾਨਾ-ਨਾਨੀ ਜ਼ੋਰ ਪਾਉਂਦੇ ਨੇ - ਬਈ ਦੋਵਾਂ 'ਗੁਗਲੂ-ਮੁਗਲੀ' ਦੀ ਪਹਿਲੀ ਲੋਹੜੀ ਚੰਡੀਗੜ੍ਹ ਮਨਾਈਏ।" ਉਹਨੇ ਵਾਰੀ ਵਾਰੀ ਦੋਵਾਂ ਬੱਚਿਆਂ ਦੀਆਂ ਗੱਲ੍ਹਾਂ ਪਲੋਸਦਿਆਂ ਅਤੇ ਥੋੜ੍ਹਾ ਜਿਹਾ ਨੱਪਦਿਆਂ, ਕਿਹਾ। ਉਹ ਬਹੁਤ ਖੁਸ਼ ਸੀ ਜਾਂ ਖੁਸ਼ ਹੋਣ ਦੀ ਐਕਟਿੰਗ ਕਰ ਰਹੀ ਸੀ।

"ਮੈਂ ਤਾਂ ਤੁਹਾਨੂੰ ਵੀ ਕਹਿੰਦੀ ਹਾਂ, ਬਣਾ ਲਓ ਪਰੋਗਰਾਮ, ਭੈਣ ਜੀ।" ਉਹ ਮੇਰੀ ਘਰ ਵਾਲੀ ਨੂੰ ਸੰਬੋਧਤ ਹੋਈ।

"ਇਹਨਾਂ ਨੇ ਵੀ ਜਾਣੇ, ਜਨਵਰੀ ਦੇ ਤੀਜੇ ਹਫ਼ਤੇ ਸ਼ਾਇਦ

ਜਿਹੜਾ ਦੇਖਣ ਨੂੰ ਤਾਂ ਘਰ ਮੁਖੀ ਲੱਗਦੈ
ਪਰ ਕੋਲੇ ਅਧਿਕਾਰ ਕੋਈ ਨਹੀਂ ਹੁੰਦਾ (ਅਗਲੇ ਸਫ਼ੇ 'ਤੇ)

16 ਤਾਰੀਖ ਨੂੰ।" ਮੇਰੀ ਮਿਸਜ਼ ਨੇ ਤੋਲਵੀਂ ਜਿਹੀ ਗੱਲ ਕੀਤੀ।

ਅਸੀਂ ਬੱਚਿਆਂ ਨੂੰ ਪਿਆਰ ਦਿਤਾ ਤਾਂ ਉਹਨੇ ਅਪਣੱਤ ਜਿਤਾਉਂਦਿਆਂ, ਅੱਗੋਂ ਕਹਿ ਧਰਿਆ, "ਚੰਗਾ ਫਿਰ ਪਿੰਡੋਂ ਬਾਪੂ ਜੀ ਨੂੰ ਕਹਿ ਦੇਣਾ, 13 ਜਨਵਰੀ ਨੂੰ ਚੰਡੀਗੜ੍ਹ ਆ ਜਾਣ ਲੋਹੜੀ ’ਤੇ, ਨਾਲੇ ਹੈੱਡਮਾਸਟਰ ਸਾਹਿਬ ਨੂੰ ਮਿਲ ਲੈਣਗੇ।"

ਸਾਡੇ ਦੋਹਾਂ ਮੀਆਂ-ਬੀਵੀ ਦੇ ਦਿਲ ਵਿਚ ਪਤਾ ਨਹੀਂ ਕੀ ਆਈ ਕਿ ਅਸੀਂ ਆਉਂਦਿਆਂ ਹੀ ਬਾਪੂ ਜੀ ਨੂੰ ਫੋਨ ਕਰ ਦਿਤਾ, "ਬਈ! ਚੰਡੀਗੜ ਲੋਹੜੀ ਉੱਤੇ ਜਾ ਆਇਓ! ਨਾਲੇ ਕੁੜਮਣੀ ਨੂੰ ਮਿਲ ਆਇਓ।" ਮੇਰੇ ਸਹੁਰੇ ਚੰਡੀਗੜ੍ਹ ਹੋਣ ਕਰਕੇ ਮੇਰੀ ਪਤਨੀ ਨੇ ਆਪਣੀ ਮਾਂ ਬਾਰੇ ਮਖੌਲ ਕਰਕੇ ਬਾਪੂ ਦੇ ਖੁਲ੍ਹੇ ਸੁਭਾਅ ਦਾ ਫਾਇਦਾ ਉਠਾਇਆ।

ਬਾਪੂ ਨੇ ਉਸੇ ਦਿਨ ਤੋਂ ਹੀ ਚੰਡੀਗੜ੍ਹ ਜਾਣ ਲਈ ਲਾਂਗੜ ਕੱਢ ਲਏ। ਵਿਚੋਂ ਵਿਚੋਂ ਫੋਨ ਕਰਕੇ ਸਾਡੀ ਜਾਣ-ਪਛਾਣ ਵਿਚਲੀਆਂ ਘੁੰਡੀਆਂ ਵੀ ਪੁੱਛਦਾ ਰਹਿੰਦਾ।

***************

ਜਨਵਰੀ ਦੇ ਤੀਜੇ ਹਫ਼ਤੇ ਦੇ ਸ਼ੁਰੂ ਵਿਚ ਮੈਂ ਵੀ ਪਿੰਡ ਪਹੁੰਚ ਗਿਆ। ਸਰਸਰੀ ਜਿਹੀ ਸੁਖ-ਸਾਂਦ ਪੁਛਣ ਤੋਂ ਬਾਦ, ਮੈਂ ਸਿੱਧੀ ਲੋਹੜੀ ਦੀ ਗੱਲ ਛੇੜ ਦਿਤੀ।

ਬਾਪੂ ਤਾਂ ਜਿਵੇਂ ਪਹਿਲਾਂ ਹੀ ਕਈ ਦਿਨਾਂ ਦਾ ਭਰਿਆ-ਪੀਤਾ ਬੈਠਾ ਹੋਵੇ। ਉਹਨੇ ਮਲਵੱਈ ਲਹਿਜੇ ਵਿਚ ਧਰ ਦਿਤੀ ਸੂਈ ਤਵੇ ਉੱਤੇ, "ਸਾਲਾ ਲੋਹੜੀ ਦਾ, ਮਰਵਾ ਈ ਦਿਤੇ ਸਾਂ, ਦੁਆਨੀ ਦੇ ਜੱਟਾਂ ਕੋਲੋਂ। ਉਹ ਤਾਂ ਭਾਈ ਸੁਣਿਐ, ਹੈੱਡ ਮਾਸਟਰ ਦੀ ਦਾਹੜੀ ਪੁੱਟਣ ਨੂੰ ਫਿਰਨ। ਉਹ ਕੀ ਹੁੰਦੈ? ਹਾਂ ਸੱਚ, ਪਾਸਪੋਰਟ ਖੋਹ ਲਿਆ ਅਗਲਿਆਂ ਨੇ ਮੁੰਡੇ-ਕੁੜੀ ਦੀ ਮਾਂ ਕੋਲੋਂ। ਕਹਿਣ, ਆਪਣੇ ਪੁੱਤ-ਧੀ ਨੂੰ ਲਿਆ। ਨਹੀਂ ਤਾਂ ਤੂੰ ਹੈਣੀ,"

ਮੈਂ ਚਾਹ ਪੀਂਦਿਆਂ ਪੁਛਿਆ, "ਹੋਇਆ ਕੀ? ਭਲਾ ਮੈਨੂੰ 'ਅੰਦਰਲੇ ਡਰ' ਦਾ ਡਰ ਮਾਰ ਰਿਹਾ ਸੀ।

"ਹੋਣਾ ਕੀ ਸੀ।" ਬਾਪੂ ਨੇ ਘੁਟ ਕੇ ਕੰਬਲ ਦੀ ਬੁਕਲ ਮਾਰਦਿਆਂ - ਮੰਜੇ ਦੇ ਸਰਹਾਣੇ ਵੱਲ ਪੱਬਾਂ ਭਾਰ ਖਿਸਕਦਿਆਂ, ਬਾਪੂ ਦੇ ਗੋਡੇ ਕੰਨਾਂ ਤੋਂ ਉਤਾਂਹ ਨਿਕਲ ਗਏ- "ਲੋਹੜੀ ਤੋਂ ਚਾਰ-ਪੰਜ ਦਿਨ ਪਹਿਲਾਂ ਛੋਟੀ ਕੁੜੀ ਢਿੱਲੀ-ਮੱਠੀ ਹੋ ਗਈ। ਕਹਿੰਦੇ-ਅੱਖਾਂ ਜਿਹੀਆਂ ਨਾ ਖੋਹਲੇ। ਵੱਡੇ ਮਾਮੇ ਨੇ ਕੁੜੀ ਨੂੰ ਪਾਇਆ ਕਾਰ ’ਚ ਤੇ ਲੈ ਗਿਆ ਚੰਡੀਗੜ੍ਹ ਦੇ ਕਿਸੇ ਵੱਡੇ ਡਾਕਟਰ ਕੋਲ। ਲੈ ਭਈ! ਓਸ ਡਾਕਟਰ ਨੇ ਤਾਂ ਕਹਿੰਦੇ ਕੁੜੀ ਦੇ ਖੂਨ ਦੀਆਂ ਪੰਜ-ਛੀ ਸ਼ੀਸੀਆਂ ਭਰਕੇ- ਪਤਾ ਨਹੀਂ ਕਿਥੇ-ਕਿਥੇ ਭੇਜੇ ਨਮੂਨੇ। ਮੈਨੂੰ ਤਾਂ ਉਦੋਂ ਪਤਾ ਲੱਗਿਆ ਜਦੋਂ ਲੋਹੜੀ ਤੋਂ ਪਹਿਲੇ ਦਿਨ ਹੈੱਡਮਾਸਟਰ ਨੂੰ ਮਿਲਣ ਗਿਆ, ਉਹਦੇ ਘਰ, ਆਥਣ ਕੁ ਵੇਲੇ।"

ਬਾਪੂ ਨੇ ਕੰਬਲ ਦੇ ਬੰਬਲ ਵਟਦਿਆਂ, ਥੋੜ੍ਹਾ ਹੋਰ ਸੂਤ ਹੁੰਦਿਆਂ, ਗੱਲ ਅੱਗੇ ਤੋਰੀ, "ਆਪਣੇ ਕੀ ਕਹਿੰਦੈ, ਹੈੱਡਮਾਸਟਰ ਕਹਿੰਦਾ ਬਈ ਕੋਈ ਲੋਹੜੀ-ਲੂਹੜੀ ਹੈਣੀ। ਓਥੇ ਤਾਂ ਭਸੂੜੀ ਪਈ ਹੋਈ ਆ। ਇੰਗਲੈਂਡ ਵਾਲਾ ਮੁੰਡਾ-ਕੁੜੀ ਤਾਂ ਓਸ ਰਾਤ ਨੂੰ ਹੀ ਤਾਜ ਮਹਿਲ ਵੇਖਣ ਦਿੱਲੀ ਦੀ ਗੱਡੀ ਚੜ੍ਹ ਕੇ ਚਲੇ ਗਏ, ਜਿੱਦੇ ਅੱਧ-ਬੌਂਦਲੀ ਨਿੱਕੀ ਕੁੜੀ ਨੂੰ ਡਾਕਟਰ ਦੇ ਲੈ ਕੇ ਗਏ ਸੀ। ਖੂਨ ਦੇ ਨਮੂਨਿਆਂ ਦਾ ’ਜ਼ਲਟ ਤਾਂ ਓਦੇਂ ਦੁਪਹਿਰੇ ਹੀ ਆਇਆ ਸੀ - ਲੋਹੜੀ ਤੋਂ ਇਕ ਦਿਨ ਪਹਿਲਾਂ। ਮਾਸਟਰ ਦਸਦਾ ਸੀ - ਕੋਈ ਭੈੜੀ ਜਿਹੀ ਬਿਮਾਰੀ ਨਿਕਲੀ, ਵਿਚਾਰੀ ਜੁਆਕੜੀ ਨੂੰ। ਉਹ ਬਿਮਾਰੀ, ਕਹਿੰਦੇ ਆ, ਇਕ ਦੂਜੇ ਤੋਂ ਲੱਗ ਜਾਂਦੀ ਆ। ਹਾਂ ਸੱਚ, ਇਕ ਹੋਰ ਗੱਲ ਦੱਸਾਂ - ਡਾਕਟਰ ਨੇ ਨਿੱਕੀ ਦੇ ਮਾਂ-ਪਿਓ ਨੂੰ ਸੱਦਿਆ ਸੀ, ਖੂਨ ਦੇ ਨਮੂਨੇ ਭਰਾਉਣ ਵਾਸਤੇ। ਉਦੋਂ ਦਾ ਈ ਟੈਂਟਾ ਖੜਾ ਹੋਇਆ, ਹੋਇਐ।- ਆਪਾਂ ਤਾਂ ਬਈ! ਦੂਜੇ ਦਿਨ ਈ, ਲੋਹੜੀ ਵਾਲੇ ਦਿਨ ਸਵੇਰੇ ਫੜੀ ਬੱਸ ਤੇ ਦੁਪਹਿਰ ਪਿਛੋਂ ਨੂਹ ਆ ਵੱਜੇ ਪਿੰਡ, ਫਿਰ ਪਤਾ ਨਹੀਂ ਕੀ ਹੋਇਆ।" ਬਾਪੂ ਨੇ ਹੌਲਾ ਜਿਹਾ ਮਹਿਸੂਸ ਕੀਤਾ।

ਮੈਂ ਚੰਡੀਗੜ੍ਹ ਜਾਣਾ ਤਾਂ ਸੀ, ਪਰ ਕੁਝ ਦਿਨ ਠਹਿਰ ਕੇ। - ਭਾਸ਼ਣ ਮੁਕਾਬਲੇ ਵਾਲਾ ਚਿਹਰਾ ਘੁੰਮਦਾ ਘੁੰਮਦਾ - ਟੈਕਸੀ ’ਚ ਧੜੰਮ ਕਰਕੇ ਬੈਠਣ ਵਾਲਾ ਚਿਹਰਾ ਬਣ ਜਾਂਦਾ। ਜਿਹੜਾ ਪਹਿਲੀ ਮੁਲਾਕਾਤ ਵੇਲੇ ਵੀ ਪਰਵਾਸ ਦੀ ਜ਼ਿੰਦਗੀ ਬਾਰੇ ਨਉਮੀਦ ਸੀ ਤੇ ਅੱਜ 25 ਸਾਲਾਂ ਬਾਦ ਵੀ ਨਉਮੀਦ। ਬੇਭਰੋਸਗੀ ਦਾ ਮਾਰਿਆ ਹੋਇਆ, ਸਿਰ ਰੱਖਣ ਲਈ ਜਿਵੇਂ ਕੋਈ ਮੋਢਾ ਲੋੜਦਾ ਹੋਵੇ। ਸਾਰੀ ਰਾਤ ਵੱਡੀਆਂ-ਵੱਡੀਆਂ ਅੱਖਾਂ ਵਾਲੀ ਆਂਡਲ ਜਿਹੀ ਗੁੱਤਲ ਕੁੜੀ ਆ ਆ ਕੇ ਮੇਰੇ ਸਰਹਾਣੇ ਖੜ੍ਹਦੀ ਰਹੀ।

ਸਵੇਰੇ ਸਾਂਝਰੇ ਹੀ ਪਿੰਡੋਂ ਜਾਂਦੀ ਬੱਸ ਚੜ੍ਹਕੇ, ਨੇੜਲੇ ਸ਼ਹਿਰੋਂ, ਚੰਡੀਗੜ੍ਹ ਨੂੰ ਧੁਰ ਸਿੱਧੀ ਜਾਂਦੀ ਕੋਚ-ਬੱਸ ਜਾ ਫੜੀ। ਢਲਦੀ ਦੁਪਹਿਰ ਨੂੰ ਆਪਣੇ ਰਿਸ਼ਤੇਦਾਰਾਂ ਤੋਂ ਪੁੱਛ-ਗਿੱਛ ਕਰਕੇ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਓਹਦੀ ਠਹਿਰ ਵਾਲੀ ਕੋਠੀ ਦੂਰ ਨਹੀਂ।

ਦੂਸਰੇ ਦਿਨ ਸਵੇਰੇ ਨਾਸ਼ਤੇ ਤੋਂ ਪਿਛੋਂ - ਪੁਛਦਿਆਂ-ਪੁਛਾਂਦਿਆਂ- ਅਜੇ ਮੈਂ ਘੰਟੀ ਨੱਪੀ ਹੀ ਸੀ ਕਿ ਉਹ ਬਾਹਰ ਆ ਗਈ। ਜਿਵੇਂ ਜਾਲੀਆਂ ਵਿਚੋਂ ਉਸਨੇ ਮੈਨੂੰ ਆਉਂਦਿਆਂ ਵੇਖ ਲਿਆ ਹੋਵੇ। ਉਹਦੇ ਨਾਲ ਇਕ ਹੋਰ ਅੱਧਖੜ ਜਿਹੀ ਔਰਤ ਸੀ। ਬਾਦ ਵਿਚ ਪਤਾ ਲੱਗਿਆ ਕਿ ਇਹ ਉਹਦੀ ਕੁੜਮਣੀ ਸੀ। "ਲਓ ਇਹ ਵੀ ਆ ਗਏ, ਹੁਣ ਪਰਮਾਤਮਾ ਸਭ ਸਿੱਧਾ ਕਰਦੂ।" ਸੋਫ਼ੇ ਵੱਲ ਬੈਠਣ ਲਈ ਇਸ਼ਾਰਾ ਕੀਤਾ।

ਮੈਂ ਆਲੇ-ਦੁਆਲੇ ਵੇਖਿਆ ਤਾਂ ਉਹ ਬੋਲ ਪਈ, "ਉਹ, ਮੇਰੀ ਨੂੰਹ, ਜਵਾਈ ਤੇ ਉਹਨਾਂ ਦੋਵਾਂ ਦੇ ਡੈਡੀ, ਸਵੇਰੇ ਰੈਅ ਕਰਕੇ, ਅਗਲੇ ਐਤਵਾਰ ਦੀਆ ਸੀਟਾਂ ਬੁੱਕ ਕਰਵਾਉਣ ਗਏ ਨੇ। ਬੱਚਿਆਂ ਨੂੰ ਵੀ ਨਾਲ ਹੀ ਲੈ ਗਏ - ਕਹਿੰਦੇ ਸੀ, ਆਉਣ ਲੱਗੇ ਕੁਝ ਸ਼ਾਪਿੰਗ ਕਰ ਲਿਆਵਾਂਗੇ।" ਉਹਨੇ ਸਭ ਕੁਝ ਇੰਝ ਕਿਹਾ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

ਕੁੜਮਣੀ ਚਾਹ ਬਣਾਉਣ ਲਈ ਗਈ ਤਾਂ ਓਹਨੇ ਫਟਾਫਟ 'ਘੜੇ ਤੋਂ ਕੌਲਾ ਚੱਕ ਦਿਤਾ'-"ਇਹਨਾਂ 'ਛੋਆਂ' ਨੂੰ ਏਡਜ਼ ਆ, ਬੱਚਿਆਂ ਸਣੇ। ਮੇਰੇ ਮੁੰਡਾ-ਕੁੜੀ ਤਾਂ ਲੋਹੜੀ ਤੋਂ ਪਹਿਲਾਂ ਹੀ ਤਾਜ ਮਹਿਲ ਵੇਖਣ ਦੇ ਬਹਾਨੇ ਸਿਧੇ ਦਿਲੀਓਂ ਇੰਗਲੈਂਡ ਜਹਾਜ਼ ਚੜ ਗਏ। ਗੱਲ ਤਾਂ ਬਹੁਤ ਵੱਧ ਗਈ ਸੀ। ਝੱਜੂ ਪੈਣ ਦੇ ਡਰੋਂ ਤੇ ਡਾਕਟਰ ਦੇ ਸਲਾਹ ਦੇਣ ਤੇ ਕਿ ਇੰਗਲੈਂਡ ਵਿਚ ਇਸ ਬਿਮਾਰੀ ਦਾ ਇਲਾਜ ਚੰਗਾ ਹੈ - ਇਥੋਂ ਦਾ ਖ਼ਰਚ ਵੀ ਤਾਂ ਹੈ ਨਾ..." ਐਨੇ ਨੂੰ ਕੁੜਮਣੀ ਟਰੇਅ ਚੱਕੀ ਆਉਂਦੀ ਵੇਖ ਕੇ, ਓਹਨੇ ਗੱਲ ਨੂੰ ਇੰਗਲੈਂਡ ਵੱਲ ਮੋੜ ਲਿਆ।

ਘਰ ਦੀ ਸਫ਼ਾਈ ਕਰਨ ਤੇ ਕਪੜੇ ਧੋਣ ਵਾਲੀ ਦੇ ਆਵਾਜ਼

ਪਰਿਵਾਰਕ ‘ਕੈਬਨਿਟ’ ਵਲੋਂ ਪਾਸ ਕੀਤੇ ਬਿੱਲ ’ਤੇ
ਰਾਇ ਤਾਂ ਦੇ ਸਕਦੈ, ਪਰ ਰੋਕ ਨਹੀਂ ਸਕਦਾ।

ਮਾਰਨ 'ਤੇ ਕੁੜਮਣੀ ਫੇਰ ਚਲੀ ਗਈ।

ਓਹਨੇ ਓਥੋਂ ਹੀ ਤੰਦ ਫੇਰ ਫੜ ਲਈ, "... ਖ਼ਰਚਾ ਕਿਹੜਾ ਸਹੁ!" ਉਹ ਇੰਝ ਗੱਲਾਂ ਕਰੀ ਜਾ ਰਹੀ ਸੀ। ਜਿਵੇਂ ਮੈਂ ਉਹਦਾ ਸਾਂਝੀਦਾਰ ਹੋਵਾਂ ਤੇ ਵਾਪਰੇ ਕਾਂਡ ਬਾਰੇ ਭਲੀਭਾਂਤ ਜਾਣਦਾ ਹੋਵਾਂ।

ਮੈਂ ਪੁਛ ਹੀ ਲਿਆ, "ਇਹ ਹੋਇਆ ਕਿਵੇਂ?"

"ਤੁਹਾਡੇ ਤੋਂ ਕੀ ਲੁਕੋ ਐ, ਤੁਸੀਂ ਮੇਰੇ ਘਰ ਦਾ ਚੱਜ ਤਾਂ ਵੇਖ ਹੀ ਲਿਐ। ਸੱਚੀ ਗੱਲ ਤਾਂ ਇਹ ਹੈ ਜੀ - ਮੇਰਾ ਮੁੰਡਾ ਵੀ ਪਿਓ ਉੱਤੇ ਹੀ ਗਿਐ। ਉਦੋਂ ਅਜੇ ਸਕੂਲੇ ਹੀ ਪੜ੍ਹਦਾ ਸੀ ਜਦੋਂ ਤੋਂ ਗੋਰੀਆਂ, ਕਾਲੀਆਂ ਤੇ ਸਾਡੀਆਂ ਕੁੜੀਆਂ ਨਾਲ ਖੇਹ ਖਾਂਦਾ ਹੁੰਦਾ ਸੀ। ਫਿਰ ਤੁਹਾਨੂੰ ਪਤਾ ਹੀ ਹੈ ਪਿਓ-ਵਾਹਰੇ ਪੁੱਤ-ਧੀ ਕੀ ਕੀ ਗੁੱਲ ਖਿੜਾਉਂਦੇ ਨੇ। ਓਥੋਂ ਹੀ ਕਿਤੋਂ। ਮੈਨੂੰ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਹੀ ਬਖਸ਼ੂ। ਪਤਾ ਨਹੀਂ ਪਿਛਲੇ ਜਨਮ ਵਿਚ ਮੈਂ ਕੀ ਮਾੜੇ ਕਰਮ ਕੀਤੇ ਸਨ!"

ਥੋੜ੍ਹਾ ਚੁੱਪ ਰਹਿ ਕੇ ਆਪੇ ਹੀ ਫਿਰ ਬੋਲਣ ਲੱਗੀ, "ਕੁੜੀ ਸੁੱਖ ਨਾਲ ਬੜੀ ਸੁਲੱਗ ਸੀ, ਜਿੰਨੀ ਦੇਰ ਇਹਦਾ ਦਾਦਾ ਜਿਉਂਦਾ ਰਿਹਾ, ਮਜ਼ਾਲ ਕੀ ਆ ਕਦੇ ਰੱਤੀ ਭਰ ਵੀ ਇਧਰ-ਉਧਰ ਹੋਈ ਹੋਵੇ। ਹਮੇਸ਼ਾ ਆਪਣੇ ਬਾਬੇ ਵਾਲੇ ਕਮਰੇ ਵਿਚ ਹੀ ਸੌਂਦੀ ਸੀ।...ਅੰਮ੍ਰਿਤਸਰ ਵਾਲਿਆ ਬਖਸ਼ ਲਈ।- ਮੈਨੂੰ ਤਾ ਹੁਣ ਸ਼ੱਕ ਪੈਂਦਾ, ਕੁੜੀ ਨੂੰ ਵੀ ਇਹ ਬਿਮਾਰੀ ਘਰੋਂ ਹੀ ਲੱਗੀ ਆ...... ਦੋਵਾਂ ਇਕੱਠਿਆਂ ਦੀ ਹੀ ਇੰਪੋਇੰਟਮੈਂਟ ਆਉਂਦੀ ਹੁੰਦੀ ਸੀ। ਕਈ ਵਾਰ ਤਾਂ ਮੈਂ ਘੁਸਰ-ਮੁਸਰ ਵੀ ਸੁਣੀ ਸੀ।" ਅਸੀਂ ਦੋਵੇਂ ਇਕ ਦੂਜੇ ਦੇ ਮੂੰਹ ਵੱਲ ਵੇਖੀ ਜਾ ਰਹੇ ਸੀ। ਭਿਅੰਕਰ ਚੁੱਪ। ਮੈਥੋਂ ਬੱਸ ਏਨਾ ਈ ਕਹਿ ਹੋਇਆ, "ਕੰਜਰ ਦਾ ਪੁੱਤ ਇਥੋਂ ਤਕ ਨਿਘਰ ਗਿਆ!!!"

"ਮੇਰੇ ਸਣੇ ਸਾਨੂੰ ਪੰਜਾਂ ਨੂੰ ਪਤਾ ਇੰਗਲੈਂਡ ਤੋਂ ਹੀ ਲੱਗ ਗਿਆ ਸੀ - ਇਸ ਨਮੁਰਾਦ ਬਿਮਾਰੀ ਦੇ ਹੋਣ ਦਾ, ਪਰ ਫਿਰ ਵੀ ਅਸੀਂ ਸਾਰਿਆਂ ਨੇ ਸੋਚਿਆ ਪਈ ਇਥੋਂ ਵਾਲੇ ਤਿੰਨ ਚਾਰ ਹਫ਼ਤੇ ਲੁਕ-ਲੁਕਾਅ ਵਿਚ ਹੀ ਲੰਘ ਜਾਣਗੇ। ਸਾਨੂੰ ਕੀ ਪਤਾ ਸੀ..........।"

ਗੱਲ ਉਹਦੇ ਮੂੰਹ ਵਿਚ ਹੀ ਸੀ ਐਨੇ ਨੂੰ ਦਰਵਾਜ਼ਿਓਂ ਅੰਦਰ ਆਉਂਦੇ ਮੁੰਡੇ-ਕੁੜੀ ਨੇ ਨਿਵ ਕੇ ਮੱਥਾ ਟੇਕਦਿਆਂ ਵਾਂਗ ਸਤਿ ਸ੍ਰੀ ਅਕਾਲ ਬੁਲਾਈ। ਦੋਹਾਂ ਬਜ਼ੁਰਗਾਂ ਨੂੰ ਮੇਰੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਮੈਂ ਇੰਗਲੈਂਡ ਇਹਨਾਂ ਦੇ ਨੇੜਲੇ ਸ਼ਹਿਰ ਹੀ ਰਹਿੰਦਾ ਹਾਂ। ਮੰਮੀ ਹੁਰਾਂ ਨੂੰ ਇੰਡੀਆ ਤੋਂ ਜਾਣਦਾ ਹਾਂ। ਹੈੱਡ ਮਾਸਟਰ ਅੰਕਲ ਮੇਰੇ ਪਿਤਾ ਜੀ ਨੂੰ ਜਾਣਦੇ ਨੇ।

ਮੁੰਡੇ-ਕੁੜੀ ਵੱਲੋਂ ਇਹ ਸਭ ਕੁਝ ਸਹਿਜ-ਸੁਭਾਅ ਕਿਹਾ ਜਾ ਰਿਹਾ ਸੀ। ਮੈਂ ਹੱਕਾ-ਬੱਕਾ ਖੜ੍ਹਾ ਸਭ ਸੁਣ ਰਿਹਾ ਸੀ। ਇੰਝ ਲੱਗਾ ਜਿਵੇਂ ਉਹਨਾਂ ਹੋਣੀ ਨਾਲ ਸਮਝੌਤਾ ਕਰ ਲਿਆ ਹੋਵੇ!

******************

ਪਿਛਲੇ ਦਲਾਨ ਵਿਚ ਟੋਆ ਪੁਟ ਕੇ ਇਕ ਦੂਸਰੇ ਦੇ ਆਸਰੇ ਟੇਢੇ ਲੋਟ ਖੜੇ ਕੀਤੇ ਲੱਕੜੀ ਦੇ ਖਲਪਾੜਾਂ ਦੀ ਢੇਰ ਨੇ ਅਜੇ ਵੀ "ਦਲਿਦਰ ਦੀ ਜੜ੍ਹ ਚੁਲ੍ਹੇ ਪਾ" ਸੁਣਨ ਲਈ ਕੰਨ ਉਤਾਂਹ ਨੂੰ ਚੁੱਕੇ ਹੋਏ ਸਨ। ਕੋਠੀ ਦੀ ਚਿਪਸੀ ਫਰਸ਼ ਉੱਤੇ ਪੋਚਾ ਫੇਰਨ ਵਾਲੀ ਤੇ ਕੱਪੜੇ ਧੋਣ ਵਾਲੀ ਦੇ ਦਿੱਡੂ ਜਿਹੇ ਬੱਚੇ ਰਿਉੜੀਆਂ-ਗੱਚਕ ਨੂੰ ਬੁਰਕ ਮਾਰਦੇ, ਪਾਟੇ ਝੱਗਿਆਂ ਦੀਆਂ ਜੇਬਾਂ ਵਿਚ ਮੂੰਗਫਲੀ ਤੇ ਚੇਵੜਾ ਤੁੰਨੀ, ਬਾਹਰ ਨੂੰ ਜਾ ਰਹੇ ਸਨ।

ਮੇਰਾ ਜੀਅ ਕੀਤਾ ਹੈੱਡ-ਮਾਸਟਰ ਨੂੰ ਮਿਲਦਾ ਜਾਵਾਂ - ਪਰ ਮਨ ਨਹੀਂ ਮੰਨਿਆ। ਦੂਜੇ ਦਿਨ ਵਾਪਸੀ ਵੇਲੇ ਬੱਸ 'ਚ ਬੈਠਿਆਂ, ਆਪਣੇ ਆਪ ਨੂੰ ਅਖ਼ਬਾਰ 'ਚ ਖੁਭਾਉਣ ਦਾ ਬਹੁਤ ਯਤਨ ਕਰਦਾ - ਸੋਚ ਦੀ ਸੂਈ ਏਥੇ ਜਾ ਕੇ ਅੜ ਜਾਂਦੀ -'ਜੇ ਮੈਰਿਜ ਸਰਟੀਫਿਕੇਟ ਨਾਲ ਮੈਡੀਕਲ ਸਰਟੀਫਿਕੇਟ ਵੀ ਨੱਥੀ ਹੋ ਜਾਇਆ ਕਰੇ!'

.....ਜਾੜ੍ਹ 'ਚ ਜ਼ਰਦਾ ਦੱਬੀ ਬੈਠੇ ਡਰਾਇਵਰ ਨੇ ਐਸੀ ਬਰੇਕ ਮਾਰੀ, ਚਿਰੜ ਚਿਰੜ ਹੋਈ--ਬੱਸ ਉਲਟਦੀ ਉਲਟਦੀ ਕੱਚੇ ਲੱਥ ਕੇ ਟੇਢੀ ਹੋ ਗਈ।

ਸਵਾਰੀਆਂ ਦੇ ਚੀਕ-ਚਿਹਾੜੇ ਤੋਂ ਇਕ ਪਾਸੇ ਨਿਕਲ ਕੇ ਖੜੇ ਡਰਾਇਵਰ ਨੂੰ ਮੈਂ ਪੁਛ ਹੀ ਲਿਆ, "ਕੀ ਹੋਇਆ?"

"ਹੋਣਾ ਕੀ ਸੀ ਯਾਰ" ਡਰਾਇਵਰ ਨੇ ਮੂਹਰਲੇ ਦੰਦਾਂ ਦੀ ਵਿਰਲ 'ਚੋਂ ਢਾਈ ਕੁ ਮੀਟਰ ਉੱਤੇ ਪਤਲੇ ਥੁੱਕ ਦੀ ਪਿਚਕਰੀ ਮਾਰਦਿਆਂ ਕਿਹਾ, "ਭੈਣ ਦੇ ਖਸਮ, ਫੋਰਮੈਨ ਨੂੰ ਬੜਾ ਪਿਟਿਆ-ਬਈ ਅਗਲੇ ਪਹੀਏ ਦਾ ਘੜੂਕੂ ਨੱਟ ਕੱਸ ਦਿਓ, ਕਿਥੇ ਸੁਣਦੇ ਆ ਬਾਈ। ਹੁਣ ਵੇਖ ਲੈ ਪੰਜ ਨੱਟਾਂ ਨੂੰ ਹੋਰ ਲੈ ਬੈਠਾ - ਤੋੜ 'ਤੇ ਜੜਕ ਕਰਕੇ - ਪਹਿਲਾਂ ਨਹੀਂ ਸੁਣਦੇ ਕਿਸੇ ਦੀ... ਮਾਂ ਦੇ ਯਾਰ...ਅੱਜ ਸਵਾਰੀਆ ਸਣੇ ਬੱਸ ਦੀ ਜਾਹ ਜਾਂਦੀ ਹੋ ਗਈ ਸੀ।"

ਮੈਥੋਂ ਡਰਾਇਵਰ ਦਾ ਐਕਸੀਡੈਂਟ ਬਾਰੇ ਸਫ਼ਾਈ ਵਰਗਾ ਜਵਾਬ ਅਣਸੁਣਿਆ ਹੋ ਗਿਆ - ਜਦੋਂ ਮੇਰੀਆਂ ਅੱਖਾਂ ਸਾਹਵੇਂ 'ਓਹਦਾ' ਮੁੰਡਾ ਅਣਕੱਸੇ 'ਘੜੂਕੂ ਨੱਟ' ਵਾਂਗ ਘੁੰਮ ਰਿਹਾ ਸੀ। ਜਿਸਨੇ ਤਿੰਨ ਪਰਿਵਾਰਾਂ ਦੇ ਪੰਜ ਜੀਆਂ ਦਾ ਜੜਾਕਾ ਪਾ ਦਿਤਾ ਸੀ। - ਫੋਰਮੈਨ... ਘੜੂਕੂ ਨੱਟ... ਮੈਡੀਕਲ ਸਰਟੀਫਿਕੇਟ... ਮੈਰਿਜ ਸਰਟੀਫਿਕੇਟ... ਡਰਾਇਵਰ ਵੱਲੋਂ ਕੱਢੀ ਗਾਲ੍ਹ -'ਕੌਣ ਸੁਣਦੈ ਭੈਣ ਦਾ ਯਾਰ'... ਦੀ ਘੁੰਮਘਾਰ ਦੀਆਂ ਹਥੌੜੀਆਂ ਮੇਰੀਆਂ ਪੁੜਪੁੜੀਆਂ 'ਚ ਵੱਜ ਰਹੀਆਂ ਸਨ ਕਿ ਕੰਡਕਟਰ ਨੇ ਪਿਛੋਂ ਆਉਣ ਵਾਲੀ ਬੱਸ 'ਚ ਚੜ੍ਹਣ ਦਾ ਰੌਲਾ ਪਾ ਦਿਤਾ।

(ਸਫ਼ਾ 285 ਤੋਂ ਜਾਰੀ)

ਉਦੋਂ ਸਮਾਗਮ ਨੂੰ ਚਾਰ-ਚੰਨ ਲੱਗ ਗਏ ਜਦੋਂ ਬਰਤਾਨੀਆਂ ਤੋਂ 'ਕੜਾਹੀ ਐਸਪ੍ਰੈਸ' ਚੇਨ ਦੇ ਮਾਲਕ ਰਣਬੀਰ ਸਿੰਘ ਗਿੱਲ ਅਤੇ ਅਮਰੀਕਾ ਤੋਂ ਸ੍ਰ: ਚਰਨਜੀਤ ਸਿੰਘ ਬਾਠ (ਸੋਗੀ ਕਿੰਗ ਆਫ਼ ਕੈਲੀਫੋਰਨੀਆਂ) ਨੇ ਵਿਸ਼ੇਸ਼ ਪਹੁੰਚ ਕੇ ਆਪਣੀ ਹਾਜ਼ਰੀ ਲਵਾਈ। ਅਸੀਂ ਇਹਨਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਮੇਜ਼ਬਾਨ ਕਾਲਜ ਦੇ ਵਿਦਿਆਰਥੀ ਕਲਾਕਰਾਂ ਨੇ (ਲੁੱਡੀ, ਧਮਾਲ, ਝੁੰਮਰ) ਗੀਤ-ਕਵਿਤਾਵਾਂ, ਬੋਲੀਆਂ ਦੇ ਉੱਪਰ ਨਾਚ-ਤਾਲ ਪੇਸ਼ ਕਰਕੇ ਪੰਜਾਬੀ ਸਭਿਆਚਾਰ ਦੀ ਝਲਕ ਪੇਸ਼ ਕੀਤੀ। ਡਿੰਪਲ ਗਿੱਦੜਬਹਾ ਦੀ ਢੋਲਕੀ ਨੇ ਆਪਣਾ ਹੀ ਠੰਠ ਬੰਨਿਆ। 'ਗੁਰੂ ਕਾ ਲੰਗਰ' ਤਿਆਰ ਕਰਨ ਵਾਲੇ ਹੱਥਾਂ ਦਾ 'ਸਮੁੱਚੀ-ਸਮਾਗਮ-ਟੀਮ' ਵੱਲੋਂ ਕੋਟਿ-ਕੋਟਿ ਸ਼ੁਕਰਾਨਾ ਕੀਤਾ ਗਿਆ। -ਸੰਪਾਦਕ

ਆਤਮ-ਨਿਰਭਰਤਾ, ਅਤੇ ਆਜ਼ਾਦੀ ਤੋਂ
ਵੱਧ ਕੀਮਤੀ ਹੋਰ ਕੁਝ ਨਹੀਂ। -ਹੋਅ ਚੀ ਮਿੰਨ੍ਹ



ਗੁਰਨਾਮ ਕੰਵਰ

ਲੇਖਕ ਬਾਰੇ: ਗੁਰਨਾਮ ਕੰਵਰ, ਮੇਰੇ ਬਾਰੇ ਕੁਝ ਜ਼ਿਆਦਾ ਹੀ ਕਹਿ ਗਿਆ ਹੈ। ਚਲੋ ਖ਼ੈਰ! ਇਹ ਅਨੰਦਪੁਰ ਲਾਗੇ ਦੇ ਪਿੰਡ 'ਘਸੀਟਪੁਰਾ' (ਜ਼ਿਲ੍ਹਾ ਰੋਪੜ) ਦਾ ਜੰਮਿਆ ਅਤੇ ਬਾਪੂ ਦੇ ਕਿੱਤੇ ਵਜੋਂ ਪਟਵਾਰੀ ਹੋਣ ਕਰਕੇ ਪਲਿਆ ਸਾਰੇ ਪੰਜਾਬ ਵਿਚ ਹੀ ਹੈ। ਪਟਵਾਰੀ-ਬਾਪੂ ਦੀਆਂ ਜਗਾਹ-ਜਗਾਹ ਬਦਲੀਆਂ ਕਾਰਨ, ਮਾਲਵੇ ਦੀ ਧੁੰਨੀ ਵਿਚਲੇ, 20 ਦੇ ਕਰੀਬ ਸਕੂਲਾਂ ਜਾਂ ਕਾਲਜਾਂ ਵਿਚ ਪੜ੍ਹਦਾ-ਕੜ੍ਹਦਾ ਨੇਪਰੇ ਚੜਿਆ। ਜਿਹਨਾਂ ਵਿਚ ਮੁਖ ਹਨ: ਸੂਰਘੂਰੀ, ਨੰਦਗੜ੍ਹ (ਲੱਖੇਵਾਲੀ), ਚੱਕ ਸ਼ੇਰੇ ਵਾਲਾ, ਅਜ਼ੀਮਗੜ੍ਹ, ਏ.ਐਸ. ਕਾਲਜ ਖੰਨਾ, ਮਾਤਾ ਗੁਜ਼ਰੀ ਕਾਲਜ ਫਤਹਿਗੜ੍ਹ ਸਾਹਿਬ, ਸਭ ਤੋਂ ਪ੍ਰਮੁਖ ਡੀ.ਏ.ਵੀ. ਕਾਲਜ ਅਬਹੋਰ। ਸਕੂਲ ਸਮੇਂ ਤੋਂ ਹੀ ਮੋਹ-ਭਿੱਜੀ ਅਤੇ ਰੋਹ-ਭਿੱਜੀ ਕਵਿਤਾ ਲਿਖਦਾ ਆ ਰਿਹਾ ਹੈ। ਹੁਣ ਤੀਕ ਤਿੰਨ ਮੌਲਿਕ ਕਾਵਿ-ਸੰਗ੍ਰਹਿ, 30 ਦੇ ਨੇੜੇ-ਤੇੜੇ ਅਨੁਵਾਦਕ ਪੁਸਤਕਾਂ, ਸੈਂਕੜੇ ਲੇਖ ਅਤੇ ਕਹਾਣੀ ਲੇਖਣ ਉਪਰ ਵੀ ਹੱਥ ਅਜ਼ਮਾਇਆ ਹੈ। ਸਮਾਜ ਨੂੰ ਸੁਥਰਾ ਅਤੇ ਸੇਧਮਈ ਬਣਾਉਣ ਲਈ ਲੇਖਕ ਵਜੋਂ ਅਤੇ ਸਮਾਜੀ-ਕਾਰਕੁਨ ਵਜੋਂ, ਸਾਰੀ ਉਮਰ ਵਿਚਰਿਆ ਹੀ ਨਹੀਂ ਸਗੋਂ ਪੇਸ਼-ਪੇਸ਼ ਰਿਹਾ ਹੈ। ਐਸ ਵੇਲੇ ਪੰਜਾਬੀ ਦੇ ਮਾਸਿਕ ਪਪੇਰ ਦੇ ਸੰਪਾਦਕ ਵਜੋਂ ਫਰਜ਼ ਨਿਭਾ ਰਿਹਾ ਹੈ।-ਦਰਸ਼ਨ ਢਿੱਲੋਂ, ਮੁਰਾਦਵਾਲਾ

ਅਣਛੱਪੇ 'ਚਰਚਾ ਕੌਮਾਂਤਰੀ' ਦੇ ਪਹਿਲੇ ਪਾਠਕ ਦੀ ਪ੍ਰਤੀਕਿਰਿਆ:

# ਨਾ ਭੂਮਿਕਾ - ਨਾ ਸੰਪਾਦਕੀ

ਨਵੀਆਂ ਨਵੇਕਲੀਆਂ ਪਹਿਲਕਦਮੀਆਂ ਲੈਣੀਆਂ ਅਤੇ ਲੋਕ-ਪੱਖੀ ਸਾਹਿਤਕ ਹਲਕਿਆਂ ਵਿਚ ਉਤਸ਼ਾਹ ਵਰਧਕ ਸਾਰਥਕ 'ਚਰਚਾ' ਦਾ ਵਿਸ਼ਾ ਬਣਨਾ ਅਤੇ ਨਵੇਂ ਰਾਹਾਂ ਦੇ 'ਦਰਸ਼ਨ' ਕਰਾਉਣਾ 'ਚਰਚਾ ਕੌਮਾਂਤਰੀ' ਅਤੇ ਦਰਸ਼ਨ ਢਿਲੋਂ ਦਾ ਹਮੇਸ਼ਾ ਹਾਸਿਲ ਰਿਹਾ ਹੈ।

ਹੁਣ ਉਹ 'ਕਹਾਣੀ ਵਿਸ਼ੇਸ਼ ਅੰਕ' ਲੈ ਕੇ ਆ ਰਹੇ ਹਨ। ਜਿਵੇਂ ਉਹਨਾਂ ਦੋਹਾਂ ਦੀ ਹੀ ਆਪਣੀ ਜ਼ਿੰਦਗੀ ਜਨਮ ਤੋਂ ਲੈ ਕੇ, ਜਵਾਨ ਹੋਣ ਅਤੇ ਜਵਾਨ ਰਹਿਣ ਵਿਚ, ਕਹਾਣੀ ਵਰਗੀ ਹੈ, ਨਾਟਕੀ ਹੈ, ਰੌਚਕ ਵੀ ਹੈ, ਦੁਖਾਂਤਕ ਵੀ ਤੇ ਸੁਖਾਂਤਕ ਵੀ, ਉਵੇਂ ਹੀ ਜਿਵੇਂ ਹੱਥਲੇ 'ਕਹਾਣੀ ਵਿਸ਼ੇਸ਼ ਅੰਕ' ਦੀ ਪਿਛਲੇ 'ਦੀਪਕ ਮਨਮੋਹਨ ਸਿੰਘ ਵਿਸ਼ੇਸ਼ ਅੰਕ' ਤੋਂ ਅੱਗੇ ਸਾਹਿਤਕ ਯਾਤਰਾ ਬਿਖੜੇ ਪੈਂਡੇ ਦੀ ਕਹਾਣੀ ਯਾਤਰਾ ਹੈ। ਪਿਛਲੇ ਅੰਕ ਤੋਂ ਪਹਿਲਾਂ ਹੀ ਦਰਸ਼ਨ ਦੀ ਕਲਪਨਾ ਦੇ ਗਰਭ ਵਿਚ 'ਕਹਾਣੀ ਵਿਸ਼ੇਸ਼ ਅੰਕ; ਰੂਪ ਧਾਰ ਰਿਹਾ ਸੀ। ਕਈ ਸਾਲਾਂ ਦੀ ਮਿਹਨਤ ਮਗਰੋਂ ਇਸਨੇ ਸਾਕਾਰ ਰੂਪ ਅਖਤਿਆਰ ਕੀਤਾ ਹੈ। ਪੌਣਾ ਸੈਂਕੜਾ ਕਹਾਣੀਕਾਰਾਂ ਕੋਲੋਂ ਕਹਾਣੀਆਂ ਲਿਖਵਾਉਣੀਆਂ ਕਹਾਣੀ ਦੀ ਉਸਾਰੀ ਵਰਗਾ ਹੀ ਕੰਡਿਆਲਾ ਰਾਹ ਰਿਹਾ ਹੈ। ਅਜੇ ਵੀ ਮੇਰੇ ਵਰਗੇ ਕਈ ਆਪਣੀਆਂ ਕਹਾਣੀਆਂ ਦੇਣੋਂ ਅਸਮਰਥ ਰਹੇ ਅਤੇ ਇਸ ਇਤਿਹਾਸਕ ਅੰਕ ਦੇ ਹਾਸ਼ੀਏ ਉੱਤੇ ਹੀ ਦੋ ਸ਼ਬਦ ਲਿਖ ਕੇ ਆਪਣੀ ਗ਼ੈਰ-ਹਾਜ਼ਰੀ ਨੂੰ ਹਾਜ਼ਰੀ ਦਾ ਭੁਲੇਖਾ ਦੇ ਰਹੇ ਹਨ।

ਪੌਣਾ ਸੈਂਕੜਾ ਕਹਾਣੀਕਾਰਾਂ ਦੇ ਨਾਂ ਅਤੇ ਕਹਾਣੀਆਂ ਦੇ ਨਾਂ ਲਿਖਣਾ ਤਕਰੀਬਨ ਦੋ ਜਾਂ ਵੱਧ ਪੰਨਿਆਂ ਦਾ ਥਾਂ ਲੈ ਸਕਦਾ ਹੈ, ਜਦ ਕਿ ਮੁਖ ਸੰਪਾਦਕ ਨੇ ਇਕ ਪੰਨਾ ਹੀ ਲੱਗਭਗ ਤਿੰਨ ਸੌ ਪੰਨਿਆਂ ਦੇ 'ਕਹਾਣੀ ਵਿਸ਼ੇਸ਼ ਅੰਕ' ਬਾਰੇ ਨਾ ਭੂਮਿਕਾ ਨਾ ਸੰਪਾਦਕੀ, ਨਾ ਅਲੋਚਨਾ, ਨਾ ਦੋ ਸ਼ਬਦ, ਨਾ ਜਾਣ-ਪਛਾਣ ਲਿਖਣ ਲਈ, ਸਗੋਂ ਕੇਵਲ 'ਇਕ ਸ਼ਬਦ' ਲਈ ਮੈਨੂੰ ਦੇ ਕੇ ਅਹਿਸਾਨ ਕੀਤਾ ਹੈ।


ਇਸ ਲਈ ਮੈਂ ਕਿਸੇ ਕਹਾਣੀਕਾਰ ਦਾ ਨਾਂ ਜਾਂ ਇਸ ਵਿਚ ਸ਼ਾਮਲ ਕਿਸੇ ਕਹਾਣੀ ਦੇ ਨਾਂ ਦਾ ਜ਼ਿਕਰ ਨਹੀਂ ਕਰਾਂਗਾ, ਹਾਲਾਂਕਿ ਇਹਨਾਂ ਵਿਚੋਂ ਬਹੁਤ ਸਾਰਿਆਂ ਦਾ ਮੈਂ ਨਿਜੀ ਤੌਰ 'ਤੇ ਫ਼ੈਨ ਹਾਂ ਅਤੇ ਲੱਗਭਗ ਛੇ ਦਹਾਕਿਆਂ, ਜਦੋਂ ਕਾਲਜ ਅਬੋਹਰ ਵਿਚ ਪੜ੍ਹਦਾ ਸਾਂ, ਤੋਂ ਉਹਨਾਂ ਦੀਆਂ ਕਹਾਣੀਆਂ, ਨੇੜਤਾ ਅਤੇ ਸਾਥ ਨੂੰ ਮਾਣਦਾ ਰਿਹਾ ਹਾਂ। ਹੁਣ ਬਹੁਤ ਸਾਰੇ ਨਵੇਂ ਕਹਾਣੀਕਾਰਾਂ ਵਿਚੋਂ ਪੰਜਾਬੀ ਕਹਾਣੀ ਦੇ ਭਵਿੱਖ ਨੂੰ ਹੋਰ ਉੱਜਲਾ ਕਰਨ ਦੀ ਸਮੱਰਥਾ ਦੇਖਦਾ ਹਾਂ, ਭਾਵੇਂ ਪੰਜਾਬੀ ਕਹਾਣੀ ਪਹਿਲਾਂ ਹੀ ਵਿਸ਼ਵ ਪੱਧਰ ਦੇ ਸਾਹਿਤ ਵਿਚ ਸ਼ੁਮਾਰ ਕੀਤੀ ਜਾ ਚੁੱਕੀ ਹੈ।

ਹੈਰਾਨੀ ਦੀ ਗੱਲ ਹੈ ਕਿ ਭਾਰਤ ਦਾ ਨਾਗਰਿਕ ਹਾਂ, ਪਰ ਜਿੰਨੇ ਵੀ ਇਸ ਅੰਕ ਦੇ ਭਾਰਤੀ ਨਵੇਂ ਪੰਜਾਬੀ ਲੇਖਕਾਂ ਨੂੰ ਜਾਣਦਾ ਹਾਂ, ਉਸ ਨਾਲੋਂ ਵੱਧ ਬਰਤਾਨਵੀ ਪੰਜਾਬੀ ਲੇਖਕਾਂ/ਕਹਾਣੀਕਾਰਾਂ ਨੂੰ ਜਾਣਦਾ ਹਾਂ। ਲਗਭਗ ਸਾਰਿਆਂ ਨੂੰ ਹੀ। ਮੈਂ ਉਹਨਾਂ ਦੀਆਂ ਇਸ ਅੰਕ ਵਿਚ ਸ਼ਾਮਲ ਕਹਾਣੀਆਂ ਬਾਰੇ ਨਾਂ ਲੈ ਕੇ ਗੱਲ ਨਹੀਂ ਕਰਨੀ। ਨਿਰੰਜਨ ਬੋਹਾ, ਦਰਸ਼ਨ ਜੋਗਾ, ਦੀਪਕ ਮਨਮੋਹਨ ਸਿੰਘ ਅਤੇ ਦਰਸ਼ਨ ਢਿਲੋਂ ਨੇ ਲੇਖਕਾਂ ਅਤੇ ਕਹਾਣੀਆਂ ਬਾਰੇ ਜੋ ਸੰਪਾਦਕੀ ਟਿਪਣੀਆਂ ਦਿਤੀਆਂ ਹਨ, ਉਹ ਸਮੁੱਚੀ ਪੰਜਾਬੀ ਅਜੋਕੀ ਕਹਾਣੀ ਦੇ ਵਿਸ਼ਾ-ਵਸਤੂ ਦਾ ਤੱਤ-ਸਾਰ ਪੇਸ਼ ਕਰਦੀਆਂ ਹਨ ਅਤੇ ਪਾਠਕ ਨੂੰ ਕਹਾਣੀ ਪੜ੍ਹਣ ਅਤੇ ਮਾਣਨ ਦੇ ਆਹਰ ਲਾਉਂਦੀਆਂ ਹਨ। ਕਹਾਣੀਆਂ ਦੇ ਵਿਸ਼ੇ ਅਜੋਕੀ ਪ੍ਰਸਥਿਤੀ ਵਿਚ ਉਭਰਦੇ ਕਰੀਬਨ ਹਰ ਸਵਾਲ ਨੂੰ ਆਪਣੀ ਕਹਾਣੀ-ਕਲਾ ਦੀ ਮੁਹਾਰਤ ਨਾਲ ਨਜਿੱਠਦੇ ਹਨ। ਸਮਾਜਿਕ ਰਿਸ਼ਤਿਆਂ ਦੇ ਗੁੰਝਲਦਾਰ ਤਾਣੇ-ਬਾਣੇ ਨੂੰ ਵਿਵੇਚਨੀ ਅੱਖ ਨਾਲ ਪੜਚੋਲਦੇ ਹਨ। ਪਾਠਕ ਦੀ ਚੇਤਨਾ ਨੂੰ ਤਿੱਖਾ ਕਰਦੇ ਹਨ। ਨਵੇਂ ਕਹਾਣੀਕਾਰ ਬਹੁਤ ਉੱਭਰ ਰਹੇ ਹਨ, ਜੋ ਰਸਾਲਿਆਂ ਤੇ ਅਖ਼ਬਾਰਾਂ ਵਿਚ ਆਮ ਛੱਪਦੇ ਹਨ, ਕਈਆਂ ਦੀਆਂ ਕਈ ਕਈ ਕਿਤਾਬਾਂ ਹਨ, ਕੁਝ ਇਕ ਦੀ ਅਜੇ ਤੀਕ ਕਿਤਾਬ ਵੀ ਨਹੀਂ ਛਪੀ। ਬਹੁਤ ਸਾਰੇ ਕਹਾਣੀਕਾਰ ਬਹੁ-ਵਿਧਾਈ ਹਨ; ਕਹਾਣੀ, ਨਾਵਲ, ਕਵਿਤਾ, ਇਕਾਂਗੀ, ਨਾਟਕ, ਅਲੋਚਨਾ, ਨਿਬੰਧਕਾਰੀ, ਪੱਤਰਕਾਰੀ ਆਦਿ ਵਿਚ ਨਾਮਣਾ ਖੱਟ ਚੁੱਕੇ ਹਨ। ਉਹਨਾਂ ਦੀਆਂ ਕਹਾਣੀਆਂ 'ਅੱਗੇ ਕੀ ਬਣੂੰ' ਦੀ ਉਤਸੁਕਤਾ ਪਾਠਕ ਵਿਚ ਜਗਾਈ ਰੱਖਦੀਆਂ ਹਨ। ਮਨੋ-ਸੰਵੇਦਨਾਵਾਂ, ਔਰਤ-ਮਰਦ ਦੇ ਰਿਸ਼ਤੇ, ਔਰਤ ਨਾਲ ਹੁੰਦੀਆਂ ਵਧੀਕੀਆਂ,

(ਬਾਕੀ ਸਫ਼ਾ 303 ਉਪਰ ਪੜੋ ਜੀ)

ਉਧਾਰ ਲੇਨਾ ਏਕ ਕਲਾ ਹੈ ਔਰ
ਉਸੇ ਨਹੀਂ ਲੌਟਾਨਾ ਉਸਸੇ ਬੜੀ ਕਲਾ ਹੈ।-ਸ਼ਰਦ ਜੋਸ਼ੀ

# 'ਚਰਚਾ' ਵਿਹੜੇ ਇਸ ਤਿਮਾਹੀ ਦੀਆਂ ਪਹੁੰਚੀਆਂ ਕਿਤਾਬਾਂ



























''ਸਰਮਾਏਦਾਰਾ ਸਮਾਜ ਵਿਚ ਲੋਕਾਂ ਦੀ
ਸਾਰੀ ਜ਼ਿਦਗੀ ਨੂੰ ਕਿਰਤ ਸਮੇਂ 'ਚ ਬਦਲ ਕੇ (ਅਗਲੇ ਸਫ਼ੇ 'ਤੇ)



ਯਾਰਾਂ ਦਾ ਯਾਰ
ਮਨਮੋਹਨ ਸਿੰਘ ਮਹੇੜੂ!

ਬਰਤਾਨਵੀ ਸਮਾਜਕ ਅਤੇ ਸਾਹਿਤਕ ਜਗਤ ਵਿੱਚ ਜਾਣੇ-ਪਹਿਚਾਣੇ ਯਾਰਾਂ ਦੇ ਯਾਰ ਅਤੇ ਮਿੱਠਬੋਲੜੇ ਮਨਮੋਹਨ ਸਿੰਘ ਮਹੇੜੂ ਸਦੀਵੀ ਵਿਛੋੜਾ ਦੇ ਗਏ! ਉਹਨਾਂ ਦੇ ਸਕੇ -ਸੰਬੰਧੀਆਂ, ਮਿੱਤਰਾਂ-ਦੋਸਤਾਂ ਅਤੇ ਸਮੁੱਚੇ ਪਰਿਵਾਰ ਨਾਲ ਅਦਾਰਾ 'ਚਰਚਾ ਕੌਮਾਂਤਰੀ' ਸਹਾਨਭੂਤੀ ਜਿਤਾਉਂਦਾ ਹੋਇਆ- ਦੁੱਖ ਵਿੱਚ ਸ਼ਾਮਲ ਹੁੰਦਾ ਹੈ।



ਜਨਾਬ ਤਨਵੀਰ ਬੁਖਾਰੀ ਸਾਹਿਬ

ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਦੇ ਮਾਂ-ਬੋਲੀ ਪੰਜਾਬੀ ਦੇ ਮੁਦੱਈ ਨਾਮਵਰ ਸ਼ਾਇਰ ਜਨਾਬ ਤਨਵੀਰ ਬੁਖਾਰੀ ਸਾਹਿਬ ਆਪਣੇ ਪਿਆਰ ਕਰਨ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਏ। 'ਚਰਚਾ' ਨੂੰ ਇਹ ਦਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਬੀਤੇ ਸਾਲ ਹੀ ਉਹਨਾਂ ਦੀਆਂ ਰਚਨਾਵਾਂ ਛਾਪਣ ਦਾ ਮਾਣ ਮਿਲਿਆ ਸੀ। 'ਅਦਾਰਾ ਚਰਚਾ' ਦੇ ਨਾਲ ਨਾਲ ਕੌਮਾਂਤਰੀ ਪ੍ਰੌਗਰੈਸਿਵ (ਬਰੌਡ)ਲੇਖਕ-ਪਾਠਕ ਮੰਚ (ਪੰਜਾਬੀ ਭਾਸ਼ਾ ਦੇ ਸਨਮਾਨ ਅਤੇ ਭਵਿੱਖੀ ਪ੍ਰਸਾਰ ਨੂੰ ਸਮਰਪਤ) -ਦੁੱਖ ਜ਼ਾਹਰ ਕਰਦਾ ਹੈ!



ਪੰਜਾਬੀ ਜਗਤ ਦੀ ਜਾਣੀ-ਪਹਿਚਾਣੀ ਸਾਹਿਤਕ, ਸਮਾਜਕ ਅਤੇ ਰਾਜਨੀਤਕ ਸ਼ਖ਼ਸੀਅਤ ਮਰਹੂਮ ਕੇਹਰ ਸ਼ਰੀਫ਼ (ਜਰਮਨੀ), (ਸਾਮ ਸਿੰਘ 'ਅੰਗ-ਸੰਗ') ਦੇ ਛੋਟੇ ਭਰਾਤਾ ਨਾਲ ਇਟਲੀ ਵਿਖੇ ਦੂਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮੌਕੇ ਦੀ ਯਾਦਗਾਰੀ ਤਸਵੀਰ

ਬਰਤਾਨੀਆਂ ਦੇ ਪੰਜਾਬੀ ਸਾਹਿਤਕਾਰ (ਨਾਵਲਕਾਰ) ਜੱਗੀ ਕੁੱਸਾ ਜੀ ਦੀ ਹੋਣਹਾਰ ਬੇਟੀ ਦੀ ਬੇਵਕਤ ਮੌਤ ਉਪਰ ਬਰਤਾਨੀਆਂ ਦਾ ਸਮੂਹ ਸਾਹਿਤਕ ਭਾਈਚਾਰਾ ਦੁਖ ਪ੍ਰਗਟ ਕਰਦਾ ਹੋਇਆ। ਬਾਈ ਕੁੱਸਾ ਜੀ ਨੂੰ ਹੌਂਸਲੇ ਦੀ ਬਾਂਹ ਫੜਕੇ, ਇਸ ਦੁਖਦਾਈ ਪਲਾਂ ਵਿਚੋਂ ਨਿਕਲਣਦੀ ਅਰਜੋਈ ਕਰਦਾ ਹੈ।

ਇਕ ਜਮਾਤ ਲਈ ਵਿਹਲਾ ਸਮਾਂ
ਹਾਸਲ ਕੀਤਾ ਜਾਂਦਾ ਹੈ।"- ਕਾਰਲ ਮਾਰਕਸ

# ਆਓ ਲਾਹਨਤ ਭੇਜੀਏ! ਸ਼ਾਬਾਸ਼ ਦੇਈਏ!!




ਇਸ ਨਾਲ ਵਾਲੀ ਤਸਵੀਰ ਵਿਚ ਵਿਖਾਈ/ਕੀਤੀ ਕਰਤੂਤ ਵੱਲੋਂ ਅੱਖਾਂ ਮੀਟਣ ਦੀ ਬਜਾਇ, ਆਪਾ ਪੜਚੋਲ ਕਰਨ ਦੀ ਜ਼ਿਆਦਾ ਜ਼ਰੂਰਤ ਹੈ।

ਪੰਜਾਬੀ ਜ਼ਬਾਨ ਦੇ ਨਾਂ 'ਤੇ 1966 ਤੋਂ 'ਕੁਰਸੀਆਂ ਮਾਣਨ' ਵਾਲਿਆਂ ਤੋਂ ਲੈ ਕੇ, ਵਰਤਮਾਨ ਪੰਜਾਬੀ ਬੋਲੀ ਪ੍ਰਤੀ ਦੱਬੀ-ਜ਼ਬਾਨ 'ਚ ਗੱਲ ਕਰਨ ਵਾਲਿਆਂ ਦੇ ਨਾਲ ਨਾਲ ਮੋਟੀ ਤਨਖਾਹ ਲੈਣ ਵਾਲੇ 'ਵਿਭਾਗੀਏ' ਅਤੇ 'ਅਕੈਡਮੀਏ' ਵੀ ਘੂ-ਘਾਂਅ ਕਰਦੀਆਂ ਗੱਡੀਆਂ ਵਿਚ, ਉਪਰ ਦਿਤੇ ਇਸ ਫੱਟੇ ਕੋਲ ਦੀ ਜ਼ਰੂਰ ਲੰਘੇ ਹੋਣਗੇ। ਪਤਾ ਨਹੀਂ ਇਹ 'ਫੱਟਾ' ਕਿੰਨੇ ਚਿਰ੍ਹਾਂ ਦਾ 'ਪੰਜਾਬੀ ਬੋਲੀ ਦੀ ਪ੍ਰਗਤੀ' ਦਾ ਹੋਕਾ ਇਸੇ ਤਰ੍ਹਾਂ ਦੇ ਰਿਹਾ ਹੋਣੈ। ਪਰ ਕਿਸੇ ਦੇ ਵੀ ਕੰਨ 'ਤੇ ਜੂੰ ਨਹੀਂ ਸਰਕੀ - ਆਓ! ਇਹੋ ਜਿਹਿਆਂ ਅਤੇ ਸਿਰਫ਼ 'ਮਤਾ-ਪਾਊਆਂ' ਨੂੰ ਲਾਹਨਤ ਭੇਜੀਏ!

ਦੂਜੇ ਪਾਸੇ ਮਾਂ-ਬੋਲੀ ਦੇ ਸੁਚੇਤ ਬੁੱਧੀਜੀਵੀਆਂ, ਦਰਸ਼ਨ ਬੁੱਟਰ (ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪ੍ਰੋ. ਬਲਬੀਰ ਸਿੰਘ, ਮੋਦੀ ਕਾਲਜ, ਪਟਿਆਲਾ (ਸੇਵਾਮੁਕਤ), ਜਸਵਿੰਦਰ ਸਿੰਘ ਘੁੰਮਣ, ਅਸ਼ਵਨੀ ਬਾਗੜੀਆਂ (ਨਾਭਾ) ਤੇ ਜੋਗਾ ਸਿੰਘ, ਨੇ ਮੌਕੇ 'ਤੇ ਹੀ ਵਧਾਣੀ-ਸੱਟ ਮਾਰਦੇ ਹੋਏ, ਸਖ਼ਤ ਰੋਸ ਪਰਗਟ ਕਰਕੇ ਆਪਣੀ ਜ਼ਿਮੇਂਵਾਰੀ ਨਿਭਾਉਂਦਿਆਂ ਬਣਦਾ ਐਕਸ਼ਨ ਲਿਆ। ਉਹਨਾਂ ਨੂੰ ਸ਼ਾਬਾਸੇ ਭੇਜੀਏ!

ਮਿੱਤਰੋ! ਅੱਜ ਤੋਂ 25 ਸਾਲ ਪਹਿਲਾਂ, ਫਿਰੋਜ਼ਪੁਰੀਆਂ ਨੂੰ ਯਾਦ ਹੋਣੈ, ਖਾਸ ਕਰਕੇ ਜਸਪਾਲ ਘਈ ਸਾਹਿਬ ਅਤੇ ਹਰਮੀਤ ਵਿਦਿਆਰਥੀ ਜੀ ਨੂੰ ਕਿ ਮੈਂ, ਉਹਨਾਂ ਵਲੋਂ ਸੱਦੇ ਗਏ ਸੁਆਗਤੀ ਸਮਾਗਮ 'ਚ ਕਿਹਾ ਸੀ, "ਹੁਣੇ ਤੋਂ ਹੀ ਸੁਚੇਤ ਹੋਣ ਦੀ ਲੋੜ ਹੈ 'ਘਿਓ' ਨੂੰ 'ਘੀ' ਲਿਖਣਾ ਸ਼ੁਰੂ ਹੋ ਗਿਆ ਹੈ। ਇਹੋ ਜਿਹੀਆਂ ਸੁਚੇਤ ਕਾਰਵਾਈਆਂ 'ਬਰੱਸ਼' ਦੀ ਰਗੜ ਤੋਂ ਬਿਨਾ ਠੀਕ ਨਹੀਂ ਆਉਣੀਆਂ!"

ਅੱਜ ਜੋ ਮਰਜ਼ੀ ਕਹੀ ਅਤੇ ਕਰੀ ਜਾਣ 'ਦਮਗੱਜੀਏ' ਪਰ ਮੁਬਾਰਕ 'ਲੱਖਾ ਸਿਧਾਣਾ ਅਤੇ ਉਸਦੇ ਸਾਥੀਆਂ ਦੇ ਬਰੱਸ਼ਾਂ' ਨੂੰ ਜਿਹਨਾ 'ਕੋਡੀ' ਕੀਤੀ ਪੰਜਾਬੀ ਜ਼ਬਾਨ ਨੂੰ ਘਟ ਤੋਂ ਘਟ ਬੋਰਡਾਂ ਉਪਰ ਤਾਂ 'ਪੈਰਾਂ-ਭਾਰ' ਖੜੀ ਕਰ ਦਿਤਾ ਹੈ। ਪਰ ਫਿਰ ਵੀ ਚੇਤੰਨ ਰਹਿਣ ਦੀ ਲੋੜ ਹੈ ਕਿਉਂਕਿ ਅਜੇ ਵੀ 'ਥੱਲਿਓਂ ਦੀ ਚਾਕੂ' ਫੇਰਨ ਵਾਲੇ ਉਸਲਵੱਟੇ ਲੈ ਰਹੇ ਨੇ!!!-ਸੰਪਾਦਕ








# 'ਪੈੜਾਂ - ਜੋ ਸਭਿਆਚਾਰ ਹੋ ਨਿਬੜਦੀਆਂ ਨੇ!'

ਬਰਤਾਨੀਆਂ ਦੇ ਛੋਟੇ ਜਿਹੇ ਸ਼ਹਿਰ ਹੇਜ਼, ਸਮੁੰਦਰੋਂ ਪਾਰ ਦੀ ਧਰਤੀ ਨੂੰ- ਪੰਜਾਬ ਦੇ ਜਾਇਆ ਕਰਮ-ਭੂਮੀ ਬਣਾਉਣ ਵਾਲਿਆਂ ਵੱਲੋਂ ਸੱਚਮੁਚ ਹੀ ਸਭਿਆਚਾਰ ਵੱਲ ਖੜਣ ਵਾਲੀ- ਪਹਿਲੀ ਪੁਲਾਂਘ ਪੁੱਟੀਂਦੀ ਦਿਸੀ! ਜਦ 'ਦੇਸੀ-ਰੇਡੀਓ' ਦੇ ਵਧੀਆ ਪੇਸ਼ਕਾਰ ਨੌਜਵਾਨ ਬਿਟੂ ਖੰਗੂਰਾ ਅਤੇ ਉਸਦੇ ਪਰਿਵਾਰ ਨੇ ਸਾਹਸਮਈ ਘੰਗੂਰਾ ਮਾਰਿਆ!

ਬੇਟੀ ਠੁਮਕਪ੍ਰੀਤ ਕੌਰ (ਗ਼ਜ਼ਾਲਾ) ਦੀ ਸ਼ਾਦੀ ਹੋਣ ਜਾ ਰਹੀ ਹੈ! ਰਸਮਾਂ ਤਾਂ ਬਾਕੀ ਵੀ ਹੋਣਗੀਆਂ ਅਤੇ ਹੋ ਰਹੀਆਂ ਹਨ, ਪਰ ਜੋ ਨਿਵੇਕਲੀ ਮੋੜ੍ਹੀ, 'ਵਿਆਹ ਦਾ ਆਗਾਸ' ਕਰਦਿਆਂ ਖੰਗੂਰਾ ਪਰਿਵਾਰ ਨੇ ਆਪਣੇ ਵਿਹੜੇ 'ਪੰਜਾਬੀ ਕਵੀ ਦਰਬਾਰ' ਦੀ ਗੱਡੀ, ਉਸਦਾ ਜ਼ਿਕਰ ਕਰਨਾ ਬਣਦਾ ਹੈ। ਇਸਦੇ ਨਾਲ ਹੀ ਸੱਦਾ ਦਿੱਤਾ ਕਿ ਇਸ ਤਰ੍ਹਾਂ ਦੀਆਂ ਪਿਰਤਾਂ ਪਾਈਏ!

ਸਥਾਨਕ ਕਵੀਜਨਾਂ ਤੋਂ ਇਲਾਵਾ ਪਾਕਿਸਤਾਨ, ਫਰਾਂਸ, ਸਵੀਡਨ ਅਤੇ ਗਲਾਸਗੋ ਤੀਕ ਦੇ ਕਵੀ ਅਤੇ ਸਰੋਤਿਆਂ ਸ਼ਿਰਕਤ ਕੀਤੀ! ਮਿ: ਵਰਿੰਦਰ ਸ਼ਰਮਾ ਐਮ.ਪੀ., ਮਿਸਜ਼ ਸਾਬਕਾ ਮੇਅਰੈਸ ਪੱਡਾ ਅਤੇ ਨਾਮਵਰ ਹਸਤੀਆਂ ਹਾਜ਼ਰ ਸਨ।

ਲਾਜਵਾਬ ਆਓ-ਭਗਤ ਦੇ ਨਾਲ ਖੁਸ਼ਗਵਾਰ ਮਾਹੌਲ ਵਿੱਚ ਸਭ ਨੇ ਬੇਟੀ ਨੂੰ ਖੁਸ਼ੀਆਂ, ਤੰਦਰੁਸਤੀ ਅਤੇ ਮੌਜਾਂ ਮਾਣਦੇ ਭਵਿੱਖ ਦੀ ਕਾਮਨਾ ਕੀਤੀ, ਓਥੇ ਅਜ਼ੀਮ ਸ਼ੇਖਰ ਦੇ ਸਟੇਜ ਸੈਕਟਰੀਪੁਣੇ ਨੇ ਰੰਗ ਬੰਨਿਆ। ਇਸ ਮੌਕੇ ਬਜ਼ੁਰਗੀ ਅਸ਼ੀਰਵਾਦ ਦਾ ਫਰਜ਼ ਨਿਭਾਉਂਦਿਆਂ ਮੈਂ ਨਾਮਵਰ ਮਰਹੂਮ

"ਅਧੂਰਾ ਪਿਆਰ ਇਕ ਬਿਮਾਰੀ ਹੈ
ਅਗਰ ਆਪ ਕਿਸੇ ਨੂੰ ਪਿਆਰ ਕਰਦੇ ਹੋ (ਅਗਲੇ ਸਫ਼ੇ 'ਤੇ)

ਜਗਤਾਰ ਦੀ ਕਵਿਤਾ 'ਕੁੜੀਆਂ ਘਰ ਚਲੀਆਂ' ਦਾ ਪਾਠ ਕੀਤਾ। ਅਤੇ ਬੋਲਦਿਆਂ ਕਿਹਾ ਕਿ "ਇਹ ਮਨੁੱਖਾ ਸਮਾਜ ਦੇ ਇਤਿਹਾਸ ਦੀ ਸਚਾਈ ਹੈ ਕਿ ਔੜ ਦੇ ਮੌਸਮ ਵਿਚ ਹਮੇਸ਼ਾ, ਡਿੱਗਣ ਵਾਲੀ ਪਹਿਲੀ ਕਣੀ ਦੀ ਕੁਰਬਾਨੀ ਹੀ ਯਾਦ ਰੱਖੀ ਜਾਂਦੀ ਹੈ, ਬਾਦ ਵਿੱਚ ਤਾਂ ਸ਼ਹਿਬਰ ਲੱਗ ਜਾਂਦੀ ਹੈ- ਸੋ ਬਿਟੂ ਖੰਗੂਰਾ ਪਰਿਵਾਰ ਵਲੋਂ ਪੁੱਟਿਆ ਗਈ ਇਹ ਪੈੜ ਹੀ ਪੱਗਡੰਡੀਆਂ ਤੋਂ ਲੀਹਾਂ/ਰਾਹਾਂ ਦਾ ਰੂਪ ਧਾਰਦੀਆਂ, ਰੀਤਾਂ-ਰਸਮਾਂ ਬਣ ਨਿਬੜਦੀਆਂ ਨੇ। ਅਖ਼ੀਰ ਇਹਨਾਂ ਗਾਡੀ-ਰਾਹਾਂ ਨੂੰ ਹੀ ਸਮਾਜ ਸਭਿਆਚਾਰ ਦੇ ਤੌਰ 'ਤੇ ਹੰਢਾਉਣਾ ਸ਼ੁਰੂ ਕਰ ਦਿੰਦਾ ਹੈ- ਇਹ ਓਹੀ ਓਡਣਾ ਓਡੀ 'ਸਮੁੰਦਰੋਂ ਪਾਰ' ਰੋਜ਼ੀ-ਰੋਟੀ ਦੀ ਤਲਾਸ਼ ਵਿਚ ਆਇਆ ਭਾਈਚਾਰਾ ਵੀ ਤਾਣੀ ਰੱਖਦਾ ਹੈ।"

ਬਹੁਤੇ ਵਾਰੀ ਮੁਫ਼ਾਦੀ ਕਿਸਮ ਦੇ ਲੋਕ ਸਾਡੀ ਇਸੇ ਭੁੱਖ ਦਾ ਨਾਜ਼ਾਇਜ਼ ਫਾਇਦਾ ਵੀ ਚੁੱਕਦੇ ਹਨ। ਸਮੇਂ ਸਮੇਂ ਸਾਡੇ ਵਾਸਤੇ ਦਿਲ ਲਭਾਉਣੇਂ ਨਾਂ-ਕੁਨਾਂ ਵੀ ਤਲਾਸਦੇ ਰਹਿੰਦੇ ਹਨ। ਜਿਵੇਂ ਸ਼ੁਰੂ ਸ਼ੁਰੂ ਵਿਚ 'ਪੌਂਡਾਂ ਦੇ ਭੁੱਖੇ', 'ਭੁਹੇਰਵੇ-ਮਾਰੇ' 'ਪਰਦੇਸੀ', 'ਪ੍ਰਵਾਸੀ', 'ਸਮੁੰਦਰੋਂ -ਪਾਰੀਏ', ਹੋਰ ਤਾਂ ਹੋਰ ਨਕਸਲਵਾੜੀ ਲਹਿਰ ਨੇ ਤਾਂ 'ਭਗੌੜੇ' ਤੀਕ ਗਰਦਾਨ ਦਿਤਾ ਸੀ। ਹੁਣ ਓਹੋ ਜਾਂ ਓਹਨਾਂ ਵਰਗੇ ਕਈ ਹੋਰ ਸਾਡੇ ਬਾਰੇ ਇਕ 'ਵਹਿੰਗੀ' ਜਿਹੀ ਚੁਕੀ ਤੁਰ-ਫਿਰ ਰਹੇ ਨੇ - 'ਡਾਇਸਪੋਰੀਏ'!!! ਮੁਬਾਰਕ!

ਸੌ ਹੱਥ ਰੱਸਾ ਅਤੇ ਸਿਰੇ 'ਤੇ ਗੰਢ - 'ਪਹਿਲੀ ਬੂੰਦ ਬਣਨ ਲਈ ਦਿਲ-ਗੁਰਦੇ ਦੀ ਲੋੜ ਹੁੰਦੀ ਹੈ- ਜੋ ਬਿਟੂ ਪਰਿਵਾਰ ਨੇ ਸਿੱਧ ਕਰ ਵਿਖਾਇਆ ਹੈ!- ਵਧਾਈਆਂ!

ਤਸਵੀਰਾਂ- ਨੋਟਿਸ ਆਪ ਬੋਲਦਾ ਹੈ; ਕਵੀਜਨਾਂ, ਸਰੋਤਿਆਂ ਦੀ ਤਸਵੀਰ (ਭਲਾ ਕਾਫ਼ੀ ਤਸਵੀਰੋਂ ਬਾਹਰ ਰਹਿ ਗਏ ਨੇ) ਅਤੇ ਬੇਟੀ ਨੂੰ ਅਸ਼ੀਰਵਾਦ ਦਿੰਦਾ ਹੋਇਆ, ਦਰਸ਼ਨ ਢਿੱਲੋਂ, ਆਪਣੀ ਵਿਦਵਤਾ ਛਾਂਟ ਰਿਹਾ ਹੈ ਅਤੇ ਕੋਲ ਬੈਠੀ ਵਿਆਦੜ ਬੇਟੀ ਨੂੰਮਕਪ੍ਰੀਤ ਕੌਰ ਖੰਗੂਰਾ- ਬੂੜ੍ਹੇ ਦੀਆਂ ਜ਼ਭਲੀਆਂ 'ਤੇ ਬਾਗੋ-ਬਾਗ ਹੋਈ ਜਾ ਰਹੇ ਨੇ।!



# ਸ਼ਹੀਦਾਂ ਨੂੰ ਸ਼ਨਦਾਰ ਪ੍ਰਣਾਮ

ਬਰਤਾਨੀਆ ਵੱਸਦੇ ਪੰਜਾਬੀ ਸਾਹਿਤ ਦੇ ਸਥਾਪਤ ਕਹਾਣੀਕਾਰ ਸੰਤੋਖ ਸਿੰਘ ਧਾਲੀਵਾਲ ਅਤੇ ਉਹਨਾਂ ਦੇ ਵਚਨਬੱਧ ਸਹਿਯੋਗੀਆਂ ਵੱਲੋਂ **Fifty+ (50+) Assoicaiton, Notitngham** ਵੱਲੋਂ, ਸ਼ਹੀਦ ਮਦਨ ਲਾਲ ਧੀਂਗੜਾ, ਕਰਤਾਰ ਸਿੰਘ ਸਰਾਭਾ, ਰਾਜਗੁਰੂ, ਸੁਖਦੇਵ, ਭਗਤ ਸਿੰਘ, ਉੱਧਮ ਸਿੰਘ ਸਨਾਮ, ਗ਼ਦਰੀ ਬਾਬਿਆਂ ਅਤੇ ਜੋ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਇਸ ਲਈ ਕਰ ਗਏ ਸਨ ਕਿ ਭਾਰਤ ਅਤੇ ਸਮੁੱਚੀ ਦੁਨੀਆਂ ਦੀ ਮਨੁੱਖਤਾ ਬਰਾਬਰਤਾ ਦੇ ਮਾਹੌਲ 'ਚ ਸਾਹ ਲੈ ਸਕੇ, ਦੀ ਯਾਦ ਨੂੰ ਸਮਰਪਿਤ ਸ਼ਾਨਦਾਰ ਸਮਾਗਮ ਕਰਵਾਇਆ ਗਿਆ!

ਬਿਲਕੁਲ ਸਮੇਂ ਸਿਰ ਅਰੰਭ ਕਰਵਾਏ ਗਏ ਫੰਕਸ਼ਨ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਹਰਭਜਨ ਸਿੰਘ ਬਾਂਸਲ ਜੀ ਨੇ ਖਚਾਖਚ ਭਰੇ ਹਾਲ ਵਿੱਚ ਬੈਠੇ ਮਹਿਮਾਨਾਂ ਨੂੰ ਜੀ ਆਇਆ ਕਹਿਣ ਨਾਲ ਹੋਈ! ਉਸ ਤੋਂ ਬਾਦ ਮਰਜੀਵੜਿਆ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਜੀਵਨ ਦੇ ਅਹਿਮ ਪਹਿਲੂਆਂ ਉੱਪਰ ਸੁਖਦੇਵ ਸਿੰਘ ਬਾਂਸਲ ਨੇ ਵਰਤਮਾਨ ਸਥਿਤੀ ਨੂੰ "ਸ਼ਹੀਦਾਂ ਦੇ ਸੁਪਨਿਆਂ ਦੇ ਮੁਤਾਬਕ ਨਾ ਦੱਸਦਿਆਂ ਹੋਇਆ, ਨਫ਼ਰਤ ਅਤੇ ਵੱਖਵਾਦ ਦਣਦਨਾਉਂਦਾ ਫਿਰਦੈ!" ਗਰਦਾਨਿਆ!

ਇਸੇ ਤਰ੍ਹਾਂ ਮਹਿੰਦਰਪਾਲ ਧਾਲੀਵਾਲ ਨੇ "ਸ਼ਹੀਦ ਭਗਤ ਸਿੰਘ ਨੂੰ ਵਧੀਆ ਪਾਠਕ ਦੱਸਦਿਆਂ! ਉਹਨਾਂ ਦੀ ਆਜ਼ਾਦੀ ਦੇ ਸੰਕਲਪ ਨੂੰ 'ਸਮਝੌਤਾ-ਆਜ਼ਾਦੀ' ਨਾ ਦੱਸਦਿਆਂ, ਮਨੁੱਖ ਦੀ ਹਰ ਪੱਖੋਂ ਆਜ਼ਾਦੀ ਚਾਹੁਣ ਵਾਲੇ ਦੱਸਿਆ!"

ਸੰਤੋਖ ਧਾਲੀਵਾਲ ਨੇ ਸਮੁੱਚੇ ਸ਼ਹੀਦਾਂ ਦੇ ਜੀਵਨ ਨੂੰ, ਭਲਾ ਉਹਨਾਂ ਵਿੱਚੋਂ ਬਹੁਤਿਆਂ ਦਾ ਜੀਵਨ ਪੰਧ ਮੁਖਤਸਰ ਸੀ, ਸੱਚਾ-ਸੁੱਚਾ, ਨਿਰਛੱਲ ਅਤੇ ਆਮ ਮਨੁੱਖ ਲਈ, ਹਰ ਸਾਹ ਲੈਣ ਵਾਲੇ ਵਾਸਤੇ ਦੱਸਦਿਆਂ ਉਹਨਾਂ ਦੀ ਸੋਚ ਨੂੰ ਬਸਤੀਵਾਦ, ਸਰਮਾਏਦਾਰੀ, ਮਲਟੀਕਾਰਪੋਰੇਟਾਂ ਦੀ ਮੁਜ਼ੱਮਤ ਕਰਦੀ ਸਿੱਧ ਕਰਦਿਆਂ- ਸ਼ਹੀਦਾਂ ਦੇ ਜੀਵਨ ਉੱਪਰ ਚਾਨਣ ਪਾਇਆ!

ਇਸੇ ਤਰ੍ਹਾਂ ਦਰਸ਼ਨ ਢਿੱਲੋਂ ਮੁਰਾਦਵਾਲਾ ਨੇ "ਸਮੁੱਚੇ ਕੁਰਬਾਨੀਕਾਰਾਂ ਨੂੰ ਨਤਮਸਤਕ ਹੁੰਦਿਆਂ ਸ਼ਹੀਦ ਭਗਤ ਸਿੰਘ ਦੇ ਪਾਕਿਸਤਾਨ ਵਿਚਲੇ ਜਨਮ ਸਥਾਨ, ਉਹਨਾਂ ਦੇ ਪਰਿਵਾਰ ਬਾਰੇ ਜਾਣਕਾਰੀ ਦਿੰਦਿਆਂ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸੇ ਵੀ ਸ਼ਹੀਦ, ਸ਼ਹੀਦਾਂ ਦੇ ਸਾਥੀਆਂ, ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਪ੍ਰਤੀ ਸ਼ਰਧਾਲੂ, ਉਲਾਰੂ ਅਤੇ ਭਾਵੁਕ ਸੋਚ ਨੂੰ ਤਿਲਾਂਜਲੀ ਦਿੰਦਿਆਂ- ਵਰਤਮਾਨ ਇਤਿਹਾਸਕਾਰਾਂ ਨੂੰ ਸਮੂਹ ਸ਼ਹੀਦਾਂ ਦੇ ਸਾਥੀਆਂ ਅਤੇ ਹੋਰ ਨੇੜਲੇ ਲੋਕਾਂ ਦਾ ਲੇਖਾ-ਜੋਖਾ ਉਹਨਾਂ ਦੇ ਵਿਵਹਾਰ, ਕਿਰਦਾਰ ਅਤੇ ਸੋਚ ਦੀ ਕਸਵੱਟੀ ਉੱਪਰ ਪਰਖਣਾ ਅਤੇ ਕਰਨਾ ਚਾਹੀਦਾ ਹੈ! ਭਾਵੇਂ ਉਹ ਮਾਂ-ਪਿਓ ਹੀ ਕਿਓਂ ਨਾ ਹੋਵੇ? ਜੇ ਇਤਿਹਾਸਕ ਸੱਚ ਨੂੰ 'ਸਿਰਫ਼ ਪਰਿਵਾਰਮੁੱਖੀ' ਹੋ ਕੇ ਹੀ ਵਾਚਿਆ ਜਾਂਦਾ ਰਿਹਾ ਤਾਂ 'ਅੰਨ੍ਹੇ-ਭਗਤਾਂ' ਦੀ ਕਤਾਰ ਲੰਬੀ ਹੋ ਜਾਵੇਗੀ! ਜਿਹਨਾਂ ਦੀ ਸ਼ਰਧਾ ਨੂੰ ਸਮੇਂ ਸਮੇਂ ਰਾਜ-ਸੱਤਾ ਅਤੇ ਲੋਟੂਲਾਣਾ ਆਪਣੀ ਮਰਜ਼ੀ ਮੁਤਾਬਕ ਵਰਤਦਾ ਰਹੇਗਾ!"

ਭੈਣ ਜੀ ਯਸ਼ ਲੁਧਿਆਣਵੀ ਨੇ ਸ਼ਹੀਦਾਂ ਨੂੰ ਸ਼ਰਧਾਜਲੀ ਅਰਪਤ ਕਰਦਿਆਂ- ਆਪਣੇ ਪਤੀ ਮਹਿਰੂਮ ਸਾਥੀ ਲੁਧਿਆਣਵੀ ਦੇ ਹਵਾਲੇ ਨਾਲ, ਉਹਨਾਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਅਤੇ ਸਾਥੀ ਜੀ ਵੱਲੋਂ ਦੇਸ਼ ਭਗਤਾਂ ਦੀ ਸੋਚ ਅੱਗੇ ਲਿਜਾਣ ਦੇ ਯਤਨਾਂ ਦਾ ਭਰਪੂਰ ਜ਼ਿਕਰ ਕੀਤਾ!

ਪੂਰੇ ਦਿਲ ਨਾਲ ਕਰੋ
ਨਹੀਂ ਤਾਂ ਛੱਡ ਦਿਓ, ਪਿਆਰ ਕਰਨਾ।- ਰਜ਼ਨੀਸ਼

ਇਸਤੋਂ ਬਾਦ ਸ਼ਾਨਦਾਰ ਬਹੁਭਾਸ਼ੀ ਕਵੀ ਦਰਬਾਰ ਹੋਇਆ ਜਿਸਦੀ ਸੰਚਾਲਨਾ ਰਾਜਿੰਦਰ ਜੀਤ ਨੇ ਬਾਖੂਬੀ ਨਿਭਾਈ। ਭਾਗ ਲੈਣ ਵਾਲਿਆਂ ਨੇ ਬਹੁਤੀਆਂ ਕਵਿਤਾਵਾਂ ਸ਼ਹੀਦਾਂ ਨੂੰ ਹੀ ਅਰਪਤ ਕਰਦਿਆਂ ਸੁਹਿੰਦਰਪਾਲ ਕਾਵੈਂਟਰੀ, ਨਰਿੰਦਰਪਾਲ ਕੌਰ, ਕੁਲਵੰਤ ਸਿੰਘ ਢੇਸੀ, ਕੁਲਵੰਤ ਕੌਰ ਢਿੱਲੋਂ, ਰੇਖਾ ਵਸ਼ਿਸ਼ਟ, ਕੁਲਦੀਪ ਬਾਂਸਲ, ਮਹਿੰਦਰਪਾਲ ਧਾਲੀਵਾਲ, ਹਰਮਿੰਦਰ ਨਾਜ਼ੀ, ਜਸਵੰਤ ਸਿੰਘ ਬਿਲਖੂ, ਦਰਸ਼ਨ ਢਿੱਲੋ, ਸੁਰਿੰਦਰ ਰਾਏ, ਡਾ: ਕਰਨੈਲ ਸ਼ੇਰਗਿੱਲ, ਰਾਜਿੰਦਰਜੀਤ ਕੌਰ, ਅਜ਼ੀਮ ਸ਼ੇਖਰ, ਸੰਤੋਖ ਸਿੰਘ ਹੇਅਰ, ਜਸਵਿੰਦਰ ਕੌਰ ਸੰਘਾ, ਦਲਬੀਰ ਕੌਰ, ਹਰਿੰਦਰ ਕੌਰ,ਅਤੇ ਰਾਜਿੰਦਰਜੀਤ ਨੇ ਆਪਣੀਆਂ ਕਵਿਤਾਵਾਂ ਪੜੀਆਂ। ਹਰਜੀਤ ਅਟਵਾਲ ਅਤੇ ਸੁਰਿੰਦਰ ਸੀਹਰਾ ਨੇ ਵੀ ਹਾਜ਼ਰੀ ਲਵਾਈ। ਇਸਦੇ ਨਾਲ ਹੀ ਧੰਨਵਾਦ ਕਰਨਾ ਬਣਦਾ ਹੈ ਭੈਣ ਜੀ ਕੁਲਵੰਤ ਧਾਲੀਵਾਲ ਅਤੇ ਸਭਾ ਦੀਆਂ ਸਮੂਹ ਔਰਤ ਮੈਂਬਰਾਂ ਦਾ ਜਿਹਨਾਂ ਊਰੀ ਵਾਂਗ ਘੁੰਮਦਿਆਂ ਆਏ ਮਹਿਮਾਨਾਂ ਦੀ ਚਾਹ-ਪਾਣੀ, ਰੋਟੀ-ਟੁੱਕ ਦੀ ਸੇਵਾ ਕੀਤੀ।

ਅਖੀਰ ਵਿੱਚ ਸੰਤੋਖ ਸਿੰਘ ਧਾਲੀਵਾਲ ਨੇ ਪ੍ਰੋਗਰਾਮ ਨੂੰ ਸਮੇਟਦਿਆਂ ਕੁਝ ਕੁ ਮਿੱਤਰ ਪਿਆਰਿਆਂ ਨੂੰ ਨਿਹੋਰੇ ਵਜੋਂ ਅਤੇ ਆਪਣੀਆਂ ਗਜ਼ਲਾਂ ਦੇ ਕੁਝ ਪੁਖ਼ਤਾ ਸ਼ੇਅਰ ਪੇਸ਼ ਕੀਤੇ। ਹਾਜ਼ਰ ਹਨ:

"ਲਾ ਕੇ ਡੁਬਕਣੀ ਪੰਛੀ ਦੌੜ ਗਿਆ, ਕੰਬਦਾ ਰਹੇਗਾ ਸ਼ੀਸ਼ੇ ਦਾ ਪਾਣੀ,ਪਤਾ ਨਹੀਂ ਕਦੋਂ ਤੱਕ!"

"ਤਸਵੀਰ ਉਸਦੀ ਮੈਂ ਬਣਾਈ ਡਰਦੇ ਡਰਦੇ! ਹੱਥ ਕੰਬਦੇ ਰਹੇ ਰੰਗ ਭਰਦੇ ਭਰਦੇ।
ਤੁਰਿਆ ਸਾਗਰ ਤੋਂ ਸੀ ਔੜ ਸਲ੍ਹਾਂਭਣ, ਪਾਣੀ ਕਿਤੇ ਹੋਰ ਵਰ੍ਹਾਹ ਆਇਆ ਵਰ੍ਹਦੇ ਵਰ੍ਹਦੇ!"

ਪ੍ਰੀਤੀ ਭੋਜ ਨਾਲ ਇਸ ਯਾਦਗਾਰੀ ਸਮਾਗਮ ਦੀ ਸਮਾਪਤੀ ਹੋਈ ਜਿਸ ਲਈ ਨੌਟਿੰਘਮ ਦੀ ਸਮੁੱਚੀ ਕਮਿਊਨਿਟੀ ਵਧਾਈ ਦੀ ਹੱਕਦਾਰ ਹੈ!-

ਤਸਵੀਰਾਂ: ਨੌਟਿੰਘਮ ਐਸੋਸੀਏਸ਼ਨ ਦੇ ਅਣਥੱਕ ਕਾਮੇ (ਮੁਆਫ ਕਰਨਾ ਕਈ ਤਸਵੀਰਾਂ ਨਹੀਂ ਆ ਸਕੀਆਂ) ਫੋਟੋਗਰਾਫ਼ਰ ਅਜੀਤ ਸਿੰਘ ਢਿੱਲੋਂ ਮੁਰਾਦਵਾਲਾ

# 13 ਘੰਟਿਆਂ 'ਚ ਚਾਰ ਅਲੌਕਿਕ ਅਲੋਕਾਰ



## 1."96 ਸਾਲ ਦਾ ਨੌਜਵਾਨ"

ਮੇਰੇ ਨਾਲ ਰਹਿੰਦੇ ਸ੍ਰ: ਰਣਵੀਰ ਸਿੰਘ ਮਾਹਿਲਪੁਰ ਦੇ ਪਿੰਡ ਜਾਣ ਦਾ ਮੌਕਾ ਮਿਲਿਆ। ਉਥੋਂ ਉਹਨਾਂ ਦੇ ਪਰਿਵਾਰ ਨੂੰ ਮਿਲਕੇ ਰੂਹ ਸਰਸ਼ਾਰ ਹੋ ਗਈ। ਜਦ ਉਹਨਾਂ ਦੇ ਪਿਤਾ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਤਾਂ ਭੁਚੱਕਾ ਰਹਿ ਗਿਆ ਕਿ '96 ਸਾਲ ਬਜ਼ੁਰਗ ਦਾ ਗੜਕਾ-ਦੜਕਾ ਕਿਸੇ ਵੀ ਨੌਜਵਾਨ ਨਾਲੋਂ ਘੱਟ ਨਹੀਂ। ਗੱਲਾਂ ਗੱਲਾਂ ਵਿਚ ਅਜਿਹੀ ਗੁੰਝਲ ਖੁਲੀ ਕਿ ਉਹਨਾਂ ਸਾਰੀ ਉਮਰ ਹੀ (81 ਸਾਲ ਦੀ ਉਮਰ ਤੀਕ) 1500 ਮੀਟਰ ਦੀਆਂ ਰਾਸ਼ਟਰੀ ਅਤੇ ਸਟੇਟ ਪੱਧਰੀ ਦੀਆਂ 47 ਦੌੜਾਂ ਦੌੜੀਆਂ, ਜਿਹਨਾਂ ਵਿਚ 26 ਗੋਲ਼ਡ, 17 ਸਿਲਵਰ ਅਤੇ ਚਾਰ ਪਿੱਤਲ ਦੇ ਤਮਗੇ ਫੁੰਡੇ! ਬੋਲਦਿਆਂ ਉਹਨਾਂ ਦਾ ਗਿਲ੍ਹਾ ਡੁੱਲ-ਡੁੱਲ ਅਤੇ ਹੁੱਬ-ਹੁਬ ਬਾਹਰ ਆ ਰਿਹਾ ਸੀ ਕਿ "ਪੰਜਾਬ ਦੀਆਂ ਕਿਸੇ ਰੰਗ ਦੀ ਸਰਕਾਰ ਨੇ ਕੱਖ ਮੁੱਲ ਨਹੀਂ ਪਾਇਆ।"- ਉਹਨਾਂ ਬੜੇ ਹੀ ਢੱਠੇ ਮਨ ਨਾਲ ਕਿਹਾ ਕਿ ਇਕ ਵਾਰ ਸੁਖਬੀਰ ਸਿੰਘ ਬਾਦਲ ਨੇ ਵਾਹਦਾ ਕੀਤਾ ਸੀ ਕਿ 'ਉਹ ਸਥਾਨਕ ਖੇਡ ਵਿਭਾਗ ਨਾਲ ਗੱਲ ਕਰਕੇ ਉਹਨਾਂ ਦੀ ਮਦਦ ਕਰਨਗੇ- ਪਰ ਅੱਜ ਤੀਕ ਕਿਸੇ ਨੇ ਚਿੜੀ-ਪੂੰਝਾ ਨਹੀ ਫੜਾਇਆ।' ਉਹਨਾਂ ਨੂੰ ਸਕੂਨ ਹੈ ਕਿ ਘੱਟੇ 'ਚ ਵੜਣ ਸਰਕਾਰਾਂ – ਪਰ ਇਸ ਉਮਰ ਭਰ ਦੀ ਇਸ ਕਸਰਤ ਨਾਲ ਮੈਨੂੰ ਕੋਈ ਵੀ 'ਮਾਈ ਦਾ ਲਾਲ' 100 ਸਾਲਾਂ ਉਮਰ ਦੇ ਹਦਿਆਂ ਨੂੰ ਹੱਥ ਲਾਉਣ ਤੋਂ ਰੋਕ ਨਹੀਂ ਸਕਦਾ। ਮੈਂ ਅੱਗੋਂ ਪੋਹਲਾ ਜਿਹਾ ਮੂੰਹ ਬਣਾ ਕੇ ਇਹ ਹੀ ਕਹਿ ਸਕਿਆ- 'ਬਾਪੂ ਦਿੱਲੀ ਦੇ ਜੰਤਰ-ਮੰਤਰ ਉੱਤੇ ਔਲੰਪਿਕ ਗੋਲਡ ਮੈਡਲਿਸਟਾਂ ਦੀ 'ਛਿੱਤਰ ਪਰੇਡ ਨਾਲ ਬੇਹੁਰਮੱਤੀ' ਹੋਈ ਜਾਂਦੀ ਹੈ, ਆਪਾਂ ਕਿਹੜੇ ਬਾਗ ਦੀ ਮੂਲੀ ਹਾਂ।' ਅਤੇ ਭਰੇ ਜਿਹੇ ਮਨ ਨਾਲ ਵਿਦਾਈ ਲਈ। (ਤਸਵੀਰ: ਮੈਡਲਾਂ ਦੇ ਗਰ੍ਹੇ ਨਾਲ ਪਿੰਡ ਬੱਢੋਆਣ ਦੇ ਅਜੋੜ-ਦੌੜਾਕ ਸ੍ਰ: ਰਤਨ ਸਿੰਘ)

## 2. "ਦਿਲ ਦੀਆਂ ਦਿਲ 'ਚ ਰਹੀਆਂ"

ਓਸੇ ਦਿਨ ਹੀ ਅਨੰਦਪੁਰ ਸਾਹਿਬ ਸ੍ਰੀ ਕੇਸਗੜ੍ਹ ਗੁਰਦੁਆਰਾ ਸਾਹਿਬ ਦੇ ਬਾਹਰੋਂ ਹੀ ਦਰਸ਼ਨ ਕੀਤੇ ਅਤੇ ਅਨੰਦਪੁਰ ਸਾਹਿਬ ਨਾਲ ਜੁੜੀਆਂ ਬਹੁਤ ਯਾਦਾਂ ਯਾਦ ਆਈਆਂ। ਵਿਸੈਸ਼ ਕਰਕੇ 1976-80 'ਚ ਭਾਈ ਵੀਰ ਸਿੰਘ ਚੇਅਰ, ਪੰਜਾਬ ਯੂਨਵਿਰਸਿਟੀ ਵਿੱਚ ਮੇਰੇ ਨਾਲ ਕੰਮ ਕਰਦੇ ਮਿਹਨਤੀ ਅਤੇ ਲਗਨ ਦੇ ਪੱਕੇ,ਓਸ ਵੇਲੇ  ਦਲ ਖਾਲਸਾ ਨਾਂ ਜਥੇਬੰਦੀ ਵਿਚ ਸਰਗਰਮ ਸਨ। ਜਿਹਨਾਂ ਨੂੰ ਬਾਦ ਵਿਚ 'ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਰਿਹਾਈ ਬਦਲੇ ਭਾਰਤੀ ਹਵਾਈ ਜ਼ਹਾਜ ਅਗਵਾ ਕਰਨ ਦੀ ਕਾਰਵਾਈ ਵਿਚ ਸਹਾਇਤਾ ਕਰਨ ਦੇ ਦੋਸ਼ ਵਿਚ ਜੇਲ੍ਹ ਜਾਣਾ ਪਿਆ ਤਸੀਹੇ ਝੱਲੇ। ਜਦ 8 ਕੁ ਸਾਲ ਪਹਿਲਾਂ ਮੈਂ ਇਸੇ ਸ਼ਹਿਰ ਵਿਚ ਹੀ ਮਿਲਿਆ ਸੀ ਤਾਂ ਉਹ 'ਸੁੰਦਰ ਆਸ਼ਰਮ' ਨਾਂ ਦੀ ਜਗਾਹ ਵਿਖੇ ਇਕ ਸਫ਼ਲ ਸਕੂਲ ਦੇ ਪ੍ਰਿਸੀਪਲ' ਵਜੋਂ ਵਿਚਰ ਰਹੇ ਸਨ। ਇਹ ਉਪਾਧੀ ਤੀਕ ਪਹੁੰਚਣ ਲਈ ਉਹਨਾਂ ਜੋ ਘਾਲਣਾ ਕੀਤੀ ਉਹ ਆਪਣੀ 'ਜਿਹਲ ਯਾਤਰਾ ਦੌਰਾਨ ਹੀ ਕੀਤੀ। ਬਾਦ ਵਿਚ ਕਨਸੋਆਂ ਮਿਲੀਆਂ ਸਨ ਕਿ ਉਹਨਾਂ ਨੂੰ 'ਅਕਾਲ ਤਖ਼ਤ ਸਾਹਿਬ ਦੇ ਜਥੇਦਾਰ' ਦੀ ਸਨਮਾਨਤ ਪਦਵੀ ਸੰਭਾਲਣ ਦੀ ਪੇਸ਼ਕਸ਼ ਵੀ ਹੋਈ ਸੀ – ਪਰ ਹਰਸਿਮਰਨ ਸਿੰਘ ਦਾ 'ਸਿੱਖ ਕੌਮ ਲਈ ਡੱਟਣਾ' ਅਤੇ 'ਕਿਸੇ ਦਾ ਪਿਛਲੱਗ ਬਣਕੇ ਵਿਚਰਨਾ'- ਲਫ਼ਾਫ਼ਿਆਂ ਨੂੰ ਰਾਸ ਨਹੀਂ ਆਇਆ। -ਮਨ ਵਿਚ ਤਮੰਨਾ ਹੀ ਰਹਿ ਗਈ ਇਸ ਸ਼ਖ਼ਸੀਅਤ ਨਾਲ ਮੁਲਾਕਾਤ ਕਰਨ ਦੀ। ਮੇਰਾ ਸਤਿਕਾਰਤ ਮਿੱਤਰ ਹਰਸਿਮਰਨ ਸਿੰਘ।

## 3. "ਅੰਦਰਲਾ ਡਰ"

ਖਾਲਸ-ਏ-ਵਿਰਾਸਤ ਵੇਖ ਕੇ ਮਨ ਖੱਟਾ ਤਾਂ ਨਹੀਂ ਹੋਇਆ ਪਰ ਨਿਰਾਸਤਾ ਜ਼ਰੂਰ ਹੋਈ ਕਿ ਐਨਾ ਖਰਚ ਕਰਕੇ ਸਿੱਖੀ ਦੇ ਸ਼ਾਨਾਮੱਤੇ ਇਤਿਹਾਸ ਦੇ 'ਰੋਣਿਆਂ-ਧੋਣਿਆਂ' ਦੇ ਬ੍ਰਿਰਤਾਂਤ ਨੂੰ ਉਲੀਕਣ ਨੂੰ ਹੀ 'ਵਿਰਾਸਤ' ਸਮਝੀ ਬੈਠੇ ਹਾਂ। ਇਹੋ ਜਿਹੇ ਕਾਰਨਾਮਿਆਂ ਨੂੰ ਉਲੀਕਣ ਉਪਰ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ।

ਬਰਫ਼ ਦਾ ਉਹ ਸ਼ਰੀਫ਼ ਟੁਕੜਾ
ਜ਼ਾਮ 'ਚ ਕੀ ਡਿਗਿਆ... ਬਦਨਾਮ ਹੋ ਗਿਆ (ਅਗਲੇ ਸਫ਼ੇ 'ਤੇ)

ਕਹਿਣ ਨੂੰ ਜੀਅ ਤਾਂ ਨਹੀਂ ਕਰਦਾ ਪਰ 'ਬਿੱਲੀ ਵੇਖ ਕੇ ਅੱਖਾਂ ਵੀ ਨਹੀਂ ਮੀਚੀਆਂ ਜਾਂਦੀਆਂ।' ਜਿਧਰ ਨੂੰ ਪੰਜਾਬ ਦਾ ਮਾਹੌਲ ਜਾ ਰਿਹਾ ਹੈ, ਜੋ ਕੁਝ ਇਸ ਵੇਲੇ ਪੰਜਾਬ ਵਿੱਚ ਵਰਤਾਇਆ ਅਤੇ ਲਪਰਾਇਆ ਜਾ ਕਿਹਾ ਹੈ- ਓਹ ਸਭ ਦੇ ਕਾਰਨ, ਇਸੇ ਤਰ੍ਹਾਂ ਦਾ ਹੀ ਇਕ ਹੋਰ 'ਵਿਰਾਸਤ' ਉਸਾਰ ਕੇ, 1984 ਦੇ ਜ਼ਾਲਮਾਨਾਂ ਕਾਂਡ ਵਰਗੇ ਕਤਲੇਆਮ ਦਾ ਵਿਸਥਾਰ ਉਲੀਕਣ ਦੀ ਤਿਆਰੀ ਤਾਂ ਨਹੀਂ ਹੋ ਰਹੀ।- ਸ਼ਾਲਾਂ ਖ਼ੈਰ ਕਰੀਂ- ਡਰਦਾ ਡਰਦਾ ਡਰਾਇਵਰ ਨੂੰ ਗੱਡੀ ਰੋਪੜ ਵੱਲ ਮੋੜਣ ਲਈ ਕਹਿ ਰਿਹਾ ਹਾਂ।

4. "ਆਹ ਵੀ ਅਸਲੀਅਤ ਹੈ!"

ਪੁਰਾਣੇ ਮਿੱਤਰ ਦਵਿੰਦਰ ਜਟਾਣਾ ਸਾਬਕਾ ਡਾਇਰੈਕਟਰ ਸਟੇਟ ਬੈਂਕ ਆਫ਼ ਪਟਿਆ਼ਲਾ ਅਤੇ ਸੈਕਟਰੀ ਬੇਲਾ ਕਾਲਜ ਚਮਕੌਰ ਸਾਹਿਬ ਨਾਲ ਸਤਿਲੁਜ ਦੀ ਬੱਖੀ 'ਚੋਂ ਫੁੱਟਦੀ ਸਰਹੰਦ ਕਨਾ਼ਲ ਦੇ ਪਿਓ ਬੁੱਢੇ ਸਤਿਲੁਜ ਦੇ ਸੁੱਕੇ ਸੜੇ, ਬਿਨਾ ਪਾਣੀ ਤੋਂ ਮੂੰਹ ਜਿਹਾ ਟੱਡੀ ਖੜੇ ਦੇ ਕਿਨਾਰੇ ਉੱਤੇ ਮੱਲੋ-ਜ਼ੋਰੀ ਚਮਕਾਏ ਟੂਰਰੈਸਟ ਰੈਸਟੋਰੈਂਟ ਦਾ ਨਜ਼ਾਰਾ ਲੈਣ ਦੇ ਨਾਲ ਨਾਲ ਉਸ 'ਮੁਸਲਮਾਨ' ਦੇ ਘਰ ਦੇ ਦਰਸ਼ਨ ਕੀਤੇ, ਜਿਸਨੂੰ ਹੁਣ ਗੁਰਦੁਆਰਾ ਸਾਹਿਬ ਬਣਾ ਦਿੱਤਾ ਗਿਆ ਹੈ ਜਾਂ ਕਹਿਣ ਲੱਗੇ ਨੇ, ਪਰ ਮੈਂ ਤਾਂ ਦਰਗਾਹ ਸਮਝਕੇ ਹੀ ਝੁਕ ਕੇ ਆਇਆ ਹਾਂ- ਜਿੱਥੇ ਗੁਰੂ ਗੋਬਿੰਦ ਸਿੰਘ ਉੱਪਰ ਬਣੀ ਭੀੜ ਵੇਲੇ, ਉਸ ਘਰ ਦੇ ਮਾਲਕ ਮੁਸਲਮਾਨ ਮਰਜੀਵੜੇ ਨੇ ਆਪਣੀ ਧੀ ਦਾ ਸਹਾਰਾ ਲੈ ਕੇ ਗੁਰੂ ਜੀ ਅਤੇ ਆਪਣੀ ਜਵਾਨ ਧੀ ਨੂੰ ਇੱਕੋ ਕਮਰੇ ਵਿੱਚ ਬੰਦ ਕਰ ਦਿੱਤਾ ਸੀ- ਮੁਗਲ ਕੁਮਕ ਨੂੰ ਇਹ ਕਹਿ ਕੇ, ਵਾਪਸ ਭੇਜਣ ਲਈ, ਬਹਾਨਾ ਬਣਾਇਆ ਕਿ "ਇਸ ਅੰਦਰ ਮੇਰੀ ਧੀ ਅਤੇ ਜਵਾਈ ਆਰਾਮ ਫ਼ਰਮਾ ਰਹੇ ਨੇ!" (ਇਸਦਾ ਵਿਸਥਾਰ ਫਿਰ ਲਿਖਾਂਗਾ- ਸਿਰਫ਼ ਓਹਨਾਂ ਲੋਕਾਂ ਦੇ ਮੂੰਹ 'ਤੇ ਲੱਫੜ ਮਾਰਨ ਲਈ, ਜੋ ਸਮੁੱਚੀ ਮੁਸਲਮਾਨ ਕਮਿਊਨਿਟੀ ਨੂੰ ਸਿੱਖਾਂ ਦੀ ਦੁਸ਼ਮਣ ਗਰਦਾਨਦੇ ਹਨ)

## "ਸੱਦੀ ਹੋਈ ਮਿੱਤਰਾਂ ਦੀ, ਨੀ ਮੈਂ ਪੈਰ ਜੁੱਤੀ ਨਾ ਪਾਵਾਂ"



ਸੰਤ ਸਿੰਘ ਸੰਧੂ ਨੂੰ 'ਚਰਚਾ ਕੌਮਾਂਤਰੀ' ਭੇਟ ਕਰਦਿਆਂ ਮਾਣ ਜਿਹਾ ਮਹਿਸੂਸ ਹੋ ਰਿਹਾ ਹੈ।

ਬੁਲਾਵਾ ਸੀ ਪੰਜਾਬੀ ਪੱਤਰਕਾਰੀ 'ਚ ਤਤਕਾਲੀ ਮੁਦਿਆਂ ਉੱਪਰ ਬੇਬਾਕ ਕਲਮ/ਪੱਤਰਕਾਰ ਕਮਲਜੀਤ ਬਨਵੈਤ ਦਾ! ਉਹਨਾਂ ਦੀਆਂ ਕਿਤਾਬਾਂ ਰੀਲੀਜ਼ ਕਰਨ ਲਈ 'ਪ੍ਰੈਸ ਕਲੱਬ. ਚੰਡੀਗੜ ਵਿਖੇ।- ਇਸਤੋਂ ਦੋ ਕੁ ਦਿਨ ਪਹਿਲਾਂ ਹੀ ਆਸਟ੍ਰੇਲੀਆ ਤੋਂ ਪ੍ਰੋ: ਕਰਮ ਸਿੰਘ ਸੰਧੂ ਦਾ ਦਬਕੇ ਵਰਗਾ ਫ਼ੋਨ ਆਇਆ ਕਿ 'ਬਾਈ! ਜਗਰਾਵਾਂ ਪੰਜਾਬੀ ਸਾਹਿਤ ਸਭਾ ਦਾ ਸਲਾਨਾ ਫੰਕਸ਼ਨ ਹੋ ਰਿਹਾ ਹੈ, ਓਥੇ ਜ਼ਰੂਰ ਜਾਣਾ, ਮੈਂ ਸੱਦਾ-ਪੱਤਰ ਉੱਤੇ ਦਰਸ਼ਨ ਬੁੱਟਰ ਦੇ ਨਾਂ ਨਾਲ ਦਰਸ਼ਨ ਢਿਲੋਂ ਦਾ ਨਾਂ ਵੀ ਨੂੜ ਦਿਤੈ। ਦੁਬਿੱਧਾ! ਚੰਡੀਗੜ੍ਹ-ਜਗਰਾਵਾਂ!!!

ਇਹ ਸੋਚਦਿਆਂ ਈ ਅਲੂਆਂ ਜਿਹਾ ਮੁੰਡਾ ਮੇਰੇ ਸਾਹਮਣੇ ਆ ਖੜਾ ਹੋਇਆ, ਜਿਸਦਾ ਕਮਰਾ ਮੋਗਾ ਗੋਲੀ ਕਾਂਡ ਦੀ ਮਫ਼ਰੂਰੀ ਸਮੇਂ ਸਾਡੀ ਠਾਹਰ ਹੋਇਆ ਕਰਦਾ ਸੀ। 1976-77 ਵਿੱਚ ਜਦ ਮੈਂ ਯੂਨੀਵਰਸਿਟੀ ਚੰਡੀਗੜ੍ਹ (ਈਵਨਿੰਗ ਸੈਕਸ਼ਨ) ਦਾ ਇਲੈਕਸ਼ਨ ਲੜਿਆ, ਡੰਡਿਆਂ ਵਾਲੀ ਪੌੜੀ ਉੱਤੇ ਚੜ੍ਹ, ਇੰਗਲਿਸ਼ ਐਡੋਟੋਰੀਅਮ ਦੀ ਸਿਖਰਲੀ ਗੋਲਾਈ ਉੱਪਰ ਇਸ਼ਤਿਹਾਰ ਚਿਪਕਾਉਂਦਾ ਨਜ਼ਰ ਆ ਰਿਹਾ ਸੀ। ਇਸਦੇ ਨਾਲ ਹੀ ਇਹ ਵੀ ਯਾਦ ਆਇਆ ਕਿ ਮੇਰੇ ਇੰਗਲੈਂਡ ਆਉਣ ਤੋਂ ਬਾਦ- ਨਿਰੰਜਨ ਸਿੰਘ ਨੂਰ (ਕਵੀ) ਦੀ ਹਿੰਮਤ ਨਾਲ, ਪੰਜਾਬੀ ਯੂਨੀਵਰਸਿਟੀ ਪਟਿਆ਼ਲਾ ਤੋਂ ਕਾਰਸਪੌਂਡੈਂਟ ਰਾਹੀਂ ਪੰਜਾਬੀ ਐਮ. ਏ. ਇੰਗਲੈਂਡ ਤੋਂ ਕਰਾਉਣੀ ਅਰੰਭੀ। ਓਦੋਂ ਮੈਂ ਇਸੇ ਨਵੇਂ ਨਵੇਂ ਬਣੇ ਕਾਲਜੀ ਅਧਿਆਪਕ ਦੇ ਨੋਟਿਸ ਪੜ੍ਹਕੇ ਪਾਸ ਕੀਤੀ ਸੀ! ਇਹੀ ਪ੍ਰ: ਕਰਮ ਸਿੰਘ ਸੰਧੂ ਰੀਟਾਇਰ ਹੋਣ ਤੋਂ ਬਾਦ ਅੱਜ ਪੰਜਾਬ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਵਾਤਾਵਰਨ ਪ੍ਰੇਮੀਆਂ 'ਚ ਮੁੱਖ ਨਾਂ ਅਤੇ ਇਸ ਸਾਹਿਤ ਸਭਾ, ਜਗਰਾਵਾਂ ਦਾ ਪ੍ਰਧਾਨ ਹੈ!

ਨਾਂਹ ਨਾ ਹੋਈ- ਬਾਈ ਕਮਲਜੀਤ ਬਨਵੈਂਤ ਤੋਂ ਮਿੰਨਤ-ਮੁਆਫ਼ੀ ਮੰਗ ਲਵਾਂਗਾ। ਜਗਰਾਵਾਂ ਨੂੰ ਜਾਣ ਦਾ ਫੈਸਲਾ ਲੈ, ਚਲ ਪਿਆ।

ਫੰਕਸ਼ਨ ਵਾਲੀ ਜਗਾਹ ਤੋਂ ਥੋੜ੍ਹੀ ਦੂਰ ਸੜਕ 'ਤੇ ਇਕ ਔਟਲਿਆ ਜਿਹਾ, ਦਰਮਿਆਨੇ ਕੱਦ ਦਾ ਬੰਦਾ, ਸਾਡੇ ਵਾਂਗ ਹੀ ਸਮਾਗਮ ਵਾਲੀ ਜਗਾਹ ਦਾ ਪਤਾ ਪੁੱਛਦਾ ਫਿਰੇ। ਅਸੀਂ ਓਹਨੂੰ ਕਾਰ ਵਿੱਚ ਬਿਠਾ ਲਿਆ ਅਤੇ ਪਹੁੰਚ ਗਏ ਅਸਲੀ ਥਾਂ 'ਤੇ। ਹਾਲ ਦੇ ਅੰਦਰ ਜਾ ਕੇ ਪਤਾ ਲੱਗਾ ਕਿ ਜਿਸ ਦੀਆਂ ਕਵਿਤਾਵਾਂ ਸਾਰੀ ਉਮਰ ਰਸਾਲੇ, ਅਖਬਾਰਾਂ ਦੀ ਨੌਕਰੀ ਕਰਦਿਆਂ ਅਤੇ ਕਈ ਰਸਾਲਿਆਂ ਦੀ ਸੰਪਾਦਕੀ ਅਤੇ ਸਹਿ ਸੰਪਾਦਕੀਆਂ ਕਰਦਿਆਂ ਛਾਪਦਾ ਅਤੇ ਪੜ੍ਹਦਾ ਰਿਹਾਂ- ਇਹ ਓਹੀ ਆਦਮੀ ਸਨ-ਸੰਤ ਸਿੰਘ ਸੰਧੂ- ਮੈਂ ਉਹਨਾਂ ਦੇ ਗੋਡੀਂ ਹੱਥ ਲਾਇਆ ਅਤੇ ਸਤਿਕਾਰ ਵਜੋਂ ਜੋ ਬਣਦਾ-ਸਰਦਾ ਸੀ, ਉਹਨਾਂ ਦੇ ਸਿਰੜ ਅਤੇ ਸਿਦਕ ਨੂੰ ਮੱਥਾ ਟੇਕਿਆ!

ਇਸੇ ਤਰ੍ਹਾਂ ਹੀ 1977-78 ਦੇ 'ਦਲ ਖਾਲਸਾ' ਦੇ ਸੰਸਥਾਪਕਾ ਵਿੱਚੋਂ ਇਕ ਹਰਪਾਲ ਸਿੰਘ ਪੰਨੂੰ ਜੀ ਨਾਲ ਮਿਲਣੀ ਹੋਈ! ਜਿਹਨਾਂ ਦੀਆਂ ਮੀਟਿੰਗਾਂ ਆਮ ਤੌਰ 'ਤੇ ਮੇਰੇ ਦਫਤਰ 'ਭਾਈ ਵੀਰ ਸਿੰਘ ਚੇਅਰ' ਵਿੱਚ ਹੀ ਹੋਇਆ ਕਰਦੀਆਂ ਸਨ! ਅਸੀਂ, ਇਹਨਾਂ ਦੇ ਪੁਰਾਣੇ ਸਾਥੀਆਂ ਹਰਸਿਮਰਨ ਸਿੰਘ, ਗੁਜਿੰਦਰ ਸਿੰਘ, ਜਗਦੀਸ਼ ਸਿੰਘ, ਮਨਮੋਹਣ ਸੰਘ, ਰਣਜੀਤ ਰਾਣਾ (ਜੋ ਬਾਦ ਵਿਚ ਅੱਡੋ-ਫਾਂਟੀ ਹੋ ਗਏ) ਅਤੇ ਉਹਨਾਂ ਬਾਰੇ ਵੀ ਜ਼ਿਕਰ ਚੱਲਿਆ ਜੋ ਇੰਗਲੈਂਡ ਵਿਚ ਅੱਜ-ਕਲ 'ਮੱਠ' ਵੀ ਉਸਾਰੀ ਬੈਠੇ ਹਨ।ਪੰਜਾਬੀ ਡੀਪਾਰਟਮੈਂਟ ਵਿਚ ਲਿਖੇ ਹਰਪਾਲ ਸਿੰਘ ਪੰਨੂੰ ਦੇ 'ਤਨਜ਼ੀ ਕੁੰਡਲੀਆਂ' ਦੀ ਵੀ ਬਹੁਤ ਯਾਦ ਆਈ! (ਵਿਸ਼ੇਸ਼ ਕਰਕੇ ਡਾ: ਹਰਨਾਮ ਸਿੰਘ ਸ਼ਾਨ ਜੀ ਹੁਰਾਂ ਬਾਰੇ)

ਦਿੰਦਾ ਜਦੋਂ ਤਾਈਂ ਆਪਣੀ ਸਫ਼ਾਈ...
ਉਹ ਖ਼ੁਦ ਸ਼ਰਾਬ ਹੋ ਗਿਆ...!!-ਰਜ਼ਨੀਸ਼

## ਇੰਗਲੈਂਡ ਦੇ ਸ਼ਹਿਰ ਸਲੋਹ 'ਚ ਸਲਾਨਾ ਸਮਾਗਮ 'ਲੇਖਕ-ਪਾਠਕ ਮੰਚ' ਵਲੋਂ ਹਾਜ਼ਰੀਨ ਸਾਹਮਣੇ,ਪ੍ਰਵਾਨਗੀ ਲਈ, ਹੇਠ ਦਿਤੇ ਤਿੰਨ ਮਤੇ ਰੱਖੇ ਗਏ ਅਤੇ ਸਰਬ-ਸੰਮਤੀ ਨਾਲ ਪ੍ਰਵਾਨ ਹੋਏ।



ਜਿਸ ਘਰ, ਮਹੱਲੇ, ਸ਼ਹਿਰ-ਗਰ੍ਹਾਂ, ਇਲਾਕੇ, ਸੂਬੇ, ਦੇਸ਼ ਦੀ ਧੀ ਰੋਈ ਹੋਣੀ ਆ।
ਲੱਗਦੈ ਉਹ ਕਲੈਹਿਣਾ ਰੁੰਡ-ਮਰੁੰਡ ਹੋਵੇਗਾ-ਓਹਦੇ ਘਰ ਕੀ ਧੀ ਹੋਈ ਹੋਣੀ ਆ।
-ਦਰਸ਼ਨ ਸਿੰਘ ਢਿਲੋਂ,ਮੁਰਾਦਵਾਲਾ

1. ਆਜ਼ਾਦੀ ਸੰਗਰਾਮ ਦੇ ਸਮੁੱਚੇ ਭਾਰਤ ਵਿਚੋਂ ਮਹਾਨ ਸੰਗਰਾਮੀਆਂ ਨੇ ਅਥਾਹ ਕੁਰਬਾਨੀਆਂ ਦੇ ਕੇ ਦੇਸ਼ ਆਜ਼ਾਦ ਕਰਾਇਆ ਅਤੇ ਸਿਹਤਮੰਦ ਕਦਰਾਂ-ਕੀਮਤਾਂ ਅਤੇ ਸਭਿਆਚਾਰਕ ਮਾਹੌਲ ਸਿਰਜਣ ਦਾ ਸੁਪਨਾ ਲਿਆ ਸੀ। ਪਰ ਭਾਰਤ ਦੀ ਵਰਤਮਾਨ ਸਰਕਾਰ ਨੇ ਹਰ ਖੇਤਰ ਵਿਚ ਕੋਝੇ ਹੱਥਕੰਡੇ ਵਰਤ ਕੇ ਦੇਸ਼-ਭਗਤਾਂ ਦੇ ਸੁਪਨਿਆਂ ਦੀ ਸ਼ਰੇਆਮ ਨੰਗੀ ਚਿੱਟੀ ਤੌਹੀਨ ਕਰਨ ਦਾ ਰਾਹ ਫੜ ਰੱਖਿਆ ਹੈ। ਹੋਰ ਤਾਂ ਹੋਰ ਅੰਤਰਰਾਸ਼ਟਰੀ ਪੱਧਰ ਉਪਰ ਤਿਰੰਗਾ ਲਹਿਰਾਉਣ ਵਾਲੀਆਂ/ਵਾਲੇ ਤਗ਼ਮਾ ਜੇਤੂ ਖਿਡਾਰੀਆਂ ਅਤੇ ਖਿਡਾਰਨਾਂ ਵਲੋਂ ਆਪਣੀ ਹੋਈ ਬੇਹੁਰਮਤੀ ਖਿਲਾਫ਼, ਪੁਰਅਮਨ ਰੋਸ ਪ੍ਰਗਟ ਕਰ ਰਹਿਆਂ ਉਪਰ ਹੱਲਾ-ਬੋਲ ਕੇ ਜ਼ਾਲਮਾਨਾ ਖਿਚ ਧੂਹ ਕੀਤੀ ਗਈ, ਝੂਠੇ ਕੇਸ ਮੜ੍ਹੇ ਗਏ ਅਤੇ ਧਰਨਾ ਉਖਾੜਣ ਦਾ ਧੱਕੜ ਕਦਮ ਚੁਕਿਆ। ਸੋ ਅਸੀਂ ਮੰਗ ਕਰਦੇ ਹਾਂ ਕਿ ਦੋਸ਼ੀ ਨੂੰ ਸਲਾਖਾਂ ਪਿਛੇ ਸੁੱਟ ਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਵਿਸ਼ੇਸ਼ ਕਰਕੇ ਉਸ ਪ੍ਰਕਾਰ ਦੇ ਮੁਲਜ਼ਮ ਦੀ ਜੋ 'ਭਾਰਤ ਦੀ ਸਭ ਤੋਂ ਸਤਿਕਾਰਤ ਅਤੇ ਉੱਚ ਸੰਸਥਾ 'ਸੁਪਰੀਮ ਕੋਰਟ' ਨੂੰ ਵੀ ਟਿੱਚ ਸਮਝਦਾ ਹੈ।'

2. ਇਸਦੇ ਨਾਲ ਹੀ ਕੌਮਾਂਤਰੀ ਪੱਧਰ ਦੇ ਮਰਹੂਮ ਪੰਜਾਬੀ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਬੇਟੀ ਨਵਸ਼ਰਨ ਕੌਰ ਨੂੰ ਲੋਕ-ਪੱਖੀ ਆਵਾਜ਼ ਬੁਲੰਦ ਕਰਨ ਦੇ ਨਾਲ ਨਾਲ ਸਰਕਾਰ ਦੀਆਂ ਲੋਕ-ਦੋਖੀ ਨੀਤੀਆਂ ਦਾ ਕਲਮ ਅਤੇ ਕਲਾਮ ਰਾਹੀਂ ਪਰਦਾਫਾਸ਼ ਕਰਨ ਕਰਕੇ ਸਰਕਾਰ ਨੇ ਆਪਣੀਆ ਏਜੰਸੀਆਂ ਈ.ਡੀ., ਸੀ.ਬੀ.ਆਈ. ਵਗੈਰਾ ਰਾਹੀਂ ਬਿਨਾ ਵਜਾਹ ਤੰਗ ਕੀਤਾ ਜਾ ਰਿਹਾ ਹੈ। ਕਿਸੇ ਵੀ ਖੇਤਰ ਵਿਚ ਚੇਤੰਨ ਕਲਾਕਾਰਾਂ ਖਿਲਾਫ਼ ਅਜਿਹੀਆਂ ਕਾਰਵਾਈਆਂ ਨਿੰਦਣਯੋਗ ਹਨ। ਸੋ ਅੱਜ ਦਾ ਮੰਚ ਇਸਦੀ ਅਨਿਆ-ਪੂਰਵਕ ਕਾਰਵਾਈ ਦੀ ਨਿਖੇਧੀ ਕਰਦਾ ਹੋਇਆ ਚਿੰਤਾਵਨੀ ਦਿੰਦਾ ਹੈ ਕਿ ਸਰਕਾਰ ਇਹੋ-ਜਿਹੇ ਅਲੋਕਤੰਤਰਾਤਮਿਕ ਕਾਰੇ ਬੰਦ ਕਰੇ।

3. ਤੀਸਰਾ ਪੰਜਾਬੀ ਮਾਂ-ਬੋਲੀ ਪ੍ਰਤੀ ਮੱਤਾ ਹੈ। ਇਸਤੋਂ ਪਹਿਲਾਂ ਕਿ ਅਸੀਂ ਤੁਹਾਡੇ ਨਾਲ ਪੰਜਾਬ ਯੂਨਵਿਰਸਿਟੀ ਦੇ ਘੜੇ ਗਏ ਸੱਜ-ਪਿਛਾਕੜੀ ਸਿਡੀਕੇਟ ਵਲੋਂ ਜੋ ਪੰਜਾਬ ਦੇ ਸਮੂਹ ਕਾਲਜਾਂ ਵਿਚ ਪੰਜਾਬੀ ਜ਼ਬਾਨ ਦੇ ਲਾਜ਼ਮੀ ਮਜ਼ਮੂਨ ਵਜੋਂ ਪੜਾਉਣ ਅਤੇ ਧਾਰਨ ਕਰਨ ਉਪਰ ਪਾਬੰਦੀ ਲਾਉਣ ਦਾ ਜੋ ਰੈਜ਼ੂਲੇਸ਼ਨ ਪਾਸ ਕੀਤਾ ਸੀ- ਇੰਜ ਲੱਗ ਰਿਹਾ ਸੀ ਜਿਵੇਂ ਵੱਖ ਵੱਖ ਰਾਜਾਂ ਦੀਆਂ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚੋਂ ਵਿਦਿਆਰਥੀਆਂ ਅੰਦਰ ਤਰਕਸ਼ੀਲਤਾ, ਸਾਂਝੀਵਾਲਤਾ ਅਤੇ ਸਦਭਾਵਨਾ ਪੈਦਾ ਕਰਨ ਵਾਲੇ ਵਿਸ਼ੇ ਕੱਢ ਕੇ 'ਇਕ ਵਿਸ਼ੇਸ਼ ਸੇਧ' ਵੱਲ ਦੇਸ਼ ਦੇ ਇਤਿਹਾਸ ਦਾ ਮੂੰਹ ਭੁਆ ਰਹੀ ਹੈ।- ਇਸਦੇ ਨਾਲ ਹੀ 'ਪੰਜਾਬੀ ਮਾਂ-ਬੋਲੀ ਦੇ ਪੁਤਰਾਂ ਦਾ' ਬਾਹੂਬਲ ਵੀ ਜੋਹ ਰਹੀ ਹੈ। ਪਰ ਸ਼ਾਬਾਸ਼ੇ! ਜਿਸ ਤਰਾਂ ਇਸ ਘਿਣਾਉਣੇ ਕਦਮ ਦਾ ਪੰਜਾਬ ਦੀਆਂ ਸਾਰੀਆਂ ਸਾਹਿਤ ਸਭਾਵਾਂ, ਅੰਤਰਰਾਸ਼ਟਰੀ ਪੰਜਾਬੀ ਭਾਈਚਾਰੇ ਨੇ ਇਕਮੁੱਠਤਾ ਨਾਲ ਮੂੰਹ ਤੋੜਵਾਂ ਜਵਾਬ ਦਿੰਦਿਆਂ- ਪੰਜਾਬ ਯੂਨਵਿਰਸਿਟੀ ਦੇ ਸਿਡੀਕੇਟ ਨੂੰ ਆਪਣਾ ਥੁੱਕਿਆ ਚੱਟਣ ਲਈ ਮਜ਼ਬੂਰ ਕੀਤਾ। ਉਸ ਲਈ ਅਸੀਂ ਵਧਾਈ ਭੇਜਦੇ ਹਾਂ।- ਦਰਸ਼ਨ ਸਿੰਘ ਢਿੱਲੋਂ, ਮੁਰਾਦਵਾਲਾ (11.06.2023)

---

(ਸਫ਼ਾ 296 ਦਾ ਬਾਕੀ)

ਵਾਤਾਵਰਨ, ਮੱਧ ਵਰਗ, ਮੁਲਾਜ਼ਮਾਂ, ਕਿਸਾਨੀ, ਪੇਂਡੂ ਜੀਵਨ, ਸ਼ਹਿਰੀ ਜੀਵਨ ਆਦਿ ਹਰ ਪਹਿਲੂ ਦੀਆਂ ਸਮੱਸਿਆਵਾਂ ਉਭਾਰਦੀਆਂ ਅਤੇ ਹੱਲ ਵੀ ਪੇਸ਼ ਕਰਦੀਆਂ ਹਨ।

ਵਿਸ਼ੇਸ਼ ਅੰਕ ਦਾ ਇਕ ਹਿੱਸਾ ਬਰਤਾਨਵੀ ਪੰਜਾਬੀ ਕਹਾਣੀ ਦਾ ਹੈ ਜੋ ਪ੍ਰਵਾਸ ਦੇ ਮਸਲਿਆਂ, ਪਿੱਛੇ ਪੰਜਾਬ ਤੇ ਭਾਰਤ ਦੇ ਲੋਕਾਂ ਦੀਆਂ ਸਮੱਸਿਆਵਾਂ, ਪੱਛਮੀ ਦੇਸ਼ਾਂ ਦੇ ਪ੍ਰਵਾਸ ਨਾਲ ਪੰਜਾਬੀ ਸਭਿਆਚਾਰ 'ਤੇ ਪੈਂਦੇ ਪ੍ਰਭਾਵਾਂ ਨੂੰ, ਵਰਤਮਾਨ ਜੀਵਨ ਵਿਚ ਬਸਤੀਵਾਦੀ ਤੇ ਜਗੀਰੂ ਸੋਚ ਦੀ ਰਹਿੰਦ-ਖੂੰਹਦ ਦੀ ਚੀਰ-ਫਾੜ ਕਰਦੇ ਹਨ। ਬਹੁ-ਪੱਖੀ ਸਾਹਿਤਕ ਪ੍ਰਤਿੱਭਾ ਉਭਰਦੀ ਹੈ।

ਦਰਸ਼ਨ ਢਿੱਲੋਂ (ਜੋ ਆਪਣੇ ਨਾਂ ਨਾਲ ਅਬਹੋਰ ਲਾਗੇ ਦੇ ਵੱਡੇ ਪਿੰਡ 'ਮੁਰਾਦਵਾਲਾ ਦਲ ਸਿੰਘ' ਨੂੰ ਹਮੇਸ਼ਾ ਲਾ ਕੇ ਰੱਖਦਾ ਹੈ ਅਤੇ ਇਸ ਤਰ੍ਹਾਂ ਨਾੜੂਆ ਪੰਜਾਬ ਨਾਲ ਜੁੜਿਆ ਹੀ ਰਹਿੰਦਾ ਹੈ) ਦੀ ਬਹੁ-ਭਾਂਤੀ ਸਰਗਰਮੀਆਂ ਵਾਲੀ ਉਮਰ 'ਪੌਣੀ ਕੁ ਸਦੀ' ਹੋ ਗਈ ਲੱਗਦੀ ਹੈ ਤਾਂ ਉਸਨੇ 'ਪੌਣਾ ਸੈਂਕੜਾ ਕਹਾਣੀਆਂ' ਦਾ ਵਿਸ਼ੇਸ਼ ਕਹਾਣੀ ਅੰਕ ਪੰਜਾਬੀ ਸਾਹਿਤ ਦੀ ਝੋਲੀ, ਸੰਪਾਦਕ ਹੋਣ ਕਰਕੇ ਪਾਇਆ ਹੈ, ਮੇਰੀ ਅਤੇ ਉਹਦੀ ਉਮਰ ਦੇ ਲਾਗਲੀ ਉਮਰ ਵਾਲਿਆਂ ਅਤੇ ਆਪਣੇ ਤੋਂ ਦਹਾਕਾ ਭਰ ਵੱਡੇ ਲੇਖਕਾਂ ਅਤੇ ਪਾਠਕਾਂ ਵਲੋਂ ਇਹਿਅਸੀਸ ਹੈ, ਅਸ਼ੀਰਵਾਦ ਹੈ ਕਿ ਢਿੱਲੋਂ ਆਪਣੀ ਉਮਰ ਦਾ ਸੈਂਕੜਾ ਛੋਹਣ ਵੇਲੇ ''ਸੈਂਕੜਾ ਕਹਾਣੀਆਂ ਦਾ ਵਿਸ਼ੇਸ਼ ਅੰਕ'' ਸਾਡੀ ਝੋਲੀ ਜ਼ਰੂਰ ਪਾਵੇਗਾ। ਅਜੋਕੇ ਅਤੇ ਨਵੇਂ ਲੇਖਕ ਪੰਜਾਬੀ ਕਹਾਣੀ ਦਾ ਪੱਧਰ ਹੋਰ ਉਚਾ ਅਤੇ ਲੋਕ-ਪੱਖੀ ਕਰਦੇ ਹੋਏ ਸਮਾਜਿਕ ਚੇਤਨਾ ਨੂੰ ਪ੍ਰਚੰਡ ਕਰਨਗੇ।

''ਕੋਠੇ ਦੀ ਤਵਾਇਫ਼ ਅਤੇ ਵਿਕਿਆ ਹੋਇਆ ਪੱਤਰਕਾਰ
ਇਕ ਹੀ ਸ਼੍ਰੇਣੀ ਵਿਚ ਆਉਂਦੇ ਨੇ (ਅਗਲੇ ਸਫ਼ੇ 'ਤੇ)

# IN MEMORY OF VISHNU DUTT SHARMA ( KHATKAR KALAN) & AJIT S. RAI (KHANKHANA) U.K.

ਜਿਹਨਾਂ ਮੱਲਾਂ ਮਾਰੀਆਂ ਨੇ।

On Behalf of
International Progressive (Broad) Writers-Readers Manch, U.K.
(ਮਾਂ-ਬੋਲੀ ਪੰਜਾਬੀ ਅਤੇ ਸਭਿਆਚਾਰ ਦੇ ਭਵਿੱਖੀ ਪ੍ਰਸਾਰ ਅਤੇ ਉਭਾਰ ਨੂੰ ਸਮ੍ਰਪਿਤ)



VISHNU DUTT SHARMA
19th OCT. 1922–21st APRIL 1992



AJIT SINGH RAI
21st APR. 1928 -1st APR. 2020

MEMORIAL COMMITTEE
-PATRONS-
DARSHAN S. DHILLON MURADWALA, BEEBA SHABNAM (D/O V.D. SHARMA), S.S. RAI & BOB RAI (S/O AJIT RAI)
JASVIR K DUHRA, SARWAN S ZAFFAR UK, BALWINDER S DHILLON UK, PRITAM MATTU UCHA BOHAR WALA , RAJ S JOHAL SLOUGH, LAKHWINDER RANDHWA RUPOWAL , HARBINDER S GARHI BAKASH , JASWINDER RAKHRA SLOUGH , KULWANT S CHATHA DHADOWAL , MAKHAN SANDHU SLOUGH, GURBACHAN BANSAL WRAYBURY, HARMOHINDERPAL S SOHAL FARIDKOT, KULWANT K. DHILLON SOUTHALL, SATVINDER S BOLLA BARHOWAL , DAVINDER S JATTANA ROOPNAGAR, SHVDEEP K DHESI HESTON, DALBAG GILL COVENTRY, SURJIT K. DHILLON SOUTHALL, TAJINDER S SEKHON BARUNDI , PARMINDER S DHADWAR PUDDI JAGIR , JAGTAR S MAAN SOUTHALL, HARBHAJAN NAHAL COVENTRY, DAVINDER S NAURA COVENTRY, MOHINDERPAL DHALIWAL, BILASPUR , HARPAL S SARAI SLOUGH, DAMODAR DASS BILGA, RAWAL RATH KARACHI, SUKHDEV S AUJLA SURKHPUR, RANVIR S BADHOWAN, DEEPAK BHOPAL RAHIMPUR, AJEET S DHILLON MURADWALIA, DARSHAN BULANDVI, GURCHARAN SAGOO, NAHAR GILL HESTON, TALWINDER DHILLON

## ਬਰਤਾਨੀਆਂ ਭਰ ਦੇ ਮੱਘਦੇ ਲੋਕਾਂ ਨੇ, ਕਾਮਰੇਡ ਵਿਸ਼ਨੂ ਦੱਤ ਸ਼ਰਮਾ (ਖਟਕੜਕਲਾ) ਅਤੇ ਸ੍ਰ: ਅਜੀਤ ਸਿੰਘ ਰਾਏ (ਖਾਨਖਾਨਾ) ਦੇ ਪਰਿਵਾਰਾਂ ਦੇ ਸਹਿਯੋਗ ਨਾਲ, ਇਹਨਾਂ ਦੋਹਾਂ ਮਰਹੂਮ ਹੱਸਤੀਆਂ ਦੀਆਂ ਸਮੁੱਚੇ ਪ੍ਰਵਾਸੀ ਭਾਈਚਾਰੇ ਪ੍ਰਤੀ ਘਾਲਨਾਵਾਂ ਨੂੰ ਯਾਦ ਕਰਨ ਦਾ ਫੈਸਲਾ ਲਿਆ ਹੈ- ਜਿਸਦਾ ਮਕਸਦ ਪੀੜ੍ਹੀ-ਪਾੜੇ ਨੂੰ ਸੰਕੋੜਨਾ ਹੈ ਅਤੇ ਆਪਸੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਹੈ।

ਸੋ ਇਸ ਸਾਲ ਫੈਸਲੇ ਮੁਤਾਬਕ, ਇਹਨਾਂ ਦੋਹਾਂ ਦੇ ਨਜ਼ਦੀਕੀ ਸਾਥੀਆਂ ਨੂੰ ਯਾਦ ਕਰਦਿਆਂ 1. ਮਰਹੂਮ ਹਰਦੀਪ ਦੂਹੜਾ 2. ਮਰਹੂਮ ਇਕਬਾਲ ਵੈਦ 3. ਮਰਹੂਮ ਸੁਖਦੇਵ ਜੌਹਲ ਦੇ ਪਰਿਵਾਰਾਂ ਅਤੇ 4. ਸਰਵਨ ਜ਼ਫ਼ਰ ਨੂੰ ਸਨਮਾਨ ਚਿੰਨ ਨਾਲ ਸਨਮਾਨਤ ਕੀਤਾ ਜਾਵੇਗਾ।

ਇਸਦੇ ਨਾਲ ਹੀ ਨਵੀਂ ਪੀੜ੍ਹੀ ਵਿਚੋਂ 1.ਬੀਬਾ ਜਪਿੰਦਰ ਕੌਰ ਢੇਸੀ (ਬੇਟੀ ਸ਼ਿਵਦੀਪ ਕੌਰ ਢੇਸੀ) ਜਿਹਨਾਂ ਵਕਾਰੀ ਓ.ਬੀ.ਈ. ਸਨਮਾਨ ਪ੍ਰਾਪਤ ਕੀਤਾ; 2. ਸਲੀਕੇ ਨਾਲ ਭਰਪੂਰ ਸਰਬਾਂਗੀ ਸੇਖੋਂ ਭਰਾਵਾਂ {ਤੇਜਿੰਦਰ ਸਿੰਘ ਸੇਖੋ (ਬੜੂੰਦੀ, ਲੁਧਿਆਣਾਂ ਦੇ ਫਰਜੰਦ} 3. ਹੋਣਹਾਰ ਗੀਤਕਾਰ (ਮਨਦੀਪ ਖੁਰਮੀ ਹਿੰਮਤਪੁਰਾ ਦਾ ਬੇਟਾ) 4. ਰੂਪ ਸਿੰਘ ਰਖੜਾ (37-40 ਕਿਲੋ ਭਾਰ 'ਚ ਰੈਂਸਲਿੰਗ 'ਚ ਇੰਗਲੈਂਡ ਦਾ ਚੈਪੀਅਨ)

ਇਹ ਸਮਾਗਮ 27 ਅਗਸਤ, 2023 ਨੂੰ, ਪੈਰਿਸ਼ ਹਾਲ, ਨਾਰਵੇ ਡਰਾਇਵ, ਵੈਕਸਹਮ, ਸਲੋਹ ਵਿਖੇ ਦੁਪਿਹਰ 1.00 ਵਜੇ ਤੋਂ ਸ਼ਾਮ 10.00 ਵਜੇ ਤੀਕ ਕਰਨਾ ਉਲੀਕਿਆ ਗਿਆ ਹੈ।


(ਜਿਸ ਦੌਰਾਨ ਮੁਢਲੇ ਤੌਰ 'ਤੇ ਬੀਬਾ ਕੁਲਦੀਪ ਕੌਰ ਬੱਲ (ਕਿਟੀ) ਦੀਆ ਕਿਤਾਬਾਂ ਉਪਰ ਦਰਸ਼ਨ ਬੁਲੰਦਵੀ ਵਲੋਂ ਪਰਚਾ ਪੜਿਆ ਜਾਵੇਗਾ, ਨਾਹਰ ਸਿੰਘ ਗਿੱਲ ਵਲੋਂ ਸੋਲੋ ਨਾਟਕ ਪੇਸ਼ ਕੀਤਾ ਜਾਵੇਗਾ। ਭਰਪੂਰ ਬਹੁ-ਭਾਸ਼ੀ ਕਵੀ ਦਰਬਾਰ ਦੇ ਨਾਲ ਸਨਮਾਨ-ਚਿੰਨ੍ਹਾਂ ਦਾ ਵਿਤਰਨ ਕੀਤਾ ਜਾਵੇਗਾ। ਸਭ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ)


## ਸੰਪਰਕ: ਵੱਟਸਐਪ ਅਤੇ ਟੈਲੀਫ਼ੋਨ:
## ਦਰਸ਼ਨ ਮੁਰਾਦਵਾਲਾ 0044 7878228283

ਪ੍ਰੰਤ, ਇਹਨਾਂ ਦੋਹਾਂ ਵਿਚੋਂ ਤਵਾਇਫ਼ ਦੀ
ਇੱਜ਼ਤ ਜ਼ਿਆਦਾ ਹੁੰਦੀ ਹੈ...।"-ਸਅੱਦਤ ਹਸਨ ਮੰਟੋ




# ਪੰਜਾਬੀ ਲੇਖਕ ਸਭਾ ਕਾਵੈਂਟਰੀ ਵਲੋਂ ਨਾਮਵਰ ਗ਼ਜ਼ਲਗੋ ਗੁਰਦਿਆਲ ਰੌਸ਼ਨ ਜੀ ਦੀ ਆਓ-ਭਗਤ









ਕਾਵੈਂਟਰੀ ਵਿਖੇ ਸੰਤੋਖ ਸਿੰਘ ਹੇਅਰ ਅਤੇ ਉਹਨਾਂ ਦੇ ਸਹਿਯੋਗੀ ਸਾਥੀਆਂ ਵੱਲੋਂ ਸਾਹਿਤਕ ਸਮਾਗਮ ਦਾ ਅਗਾਸ ਸ਼ਮਾ ਜਲਾ ਕੇ ਕੀਤਾ ਗਿਆ। ਨਾਮਵਰ ਗਜ਼ਲਗੋ ਗੁਰਦਿਆਲ ਰੌਸ਼ਨ ਜੀ ਦਾ ਗੁਲਦਸਤਾ ਅਤੇ ਤਿਲ-ਫੁੱਲ ਭੇਟ ਕਰਕੇ ਸਵਾਗਤ ਕੀਤਾ ਗਿਆ। ਏਸ਼ੀਅਨ ਕਮਿਊਨਿਟੀ ਦੇ ਦਰਵੇਸ਼ ਸਮਾਜਸੇਵੀ, ਸਾਹਿਤਕਾਰ ਮਰਹੂਮ ਮਨਮੋਹਨ ਸਿੰਘ ਮਹੇੜੂ ਨੂੰ ਭਾਈ ਵੀਰ ਸਿੰਘ ਚੇਅਰ, ਪਟਿਆ.ਲਾ ਵੱਲੋਂ ਸਨਮਾਨ ਪੱਤਰ ਉਹਨਾਂ ਦੀ ਬੇਟੀ ਨੂੰ ਸੌਂਪਿਆ ਗਿਆ। ਸਫ਼ਲ ਕਵੀ ਦਰਬਾਰ ਦੀ ਸਕੱਤਰੀ ਸੰਤੋਖ ਸਿੰਘ ਹੇਅਰ ਅਤੇ ਪਹਿਲੇ ਸੈਸ਼ਨ ਨੂੰ ਸੁਰਿੰਦਰਪਾਲ ਸਿੰਘ ਨੇ ਬਾਖੂਬੀ ਨਿਭਾਇਆ! ਪੰਜ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ।

ਸਮਾਗਮ ਵਿੱਚ ਕਵੀ ਦਰਸ਼ਨ ਬੁਲੰਦਵੀ, ਸੰਤੋਖ ਧਾਲੀਵਾਲ, ਜਸਵਿੰਦਰ ਰੱਤੀਆਂ, ਡਾ: ਸ਼ੇਰਗਿੱਲ, ਨੌਟਿੰਘਮ ਵਾਲਾ ਜੱਥਾ, ਕਵਿੱਤਰੀ ਦਲਬੀਰ ਡਾ: ਮੋਹਿੰਦਰ ਗਿੱਲ, ਹਰੀਸ਼ ਮਲਹੋਤਰਾ ਤੋਂ ਇਲਾਵਾ ਸਥਾਨਕ ਸਾਹਿਤ-ਪ੍ਰੇਮੀ ਵੱਧ ਚੜ ਕੇ ਸ਼ਾਮਲ ਹੋਏ।

ਅਖੀਰ ਵਿੱਚ ਦਰਸ਼ਨ ਢਿੱਲੋ, ਮੁੱਖ ਸੰਪਾਦਕ 'ਚਰਚਾ ਕੌਮਾਂਤਰੀ' ਨੂੰ ਅਪੀਲ ਕਰਨ ਦਾ ਮੌਕਾ ਦਿਤਾ ਗਿਆ ਕਿ "ਜਲੰਧਰ ਵਿਖੇ, ਹਰ ਸਾਲ ਗ਼ਦਰੀ ਬਾਬਿਆਂ ਦੇ ਮੇਲੇ ਦੌਰਾਨ ਲੱਗਦੇ ਲੰਗਰ ਦੀ ਆਕਥਿਕ ਮਦਦ ਕੀਤੀ ਜਾਇਆ ਕਰੇ।" ਇਸ ਸੁਝਾਅ ਨੂੰ ਹੁੰਗਾਰਾ ਦਿੰਦਿਆਂ ਹਾਜ਼ਰੀਨ ਨੇ ਮੌਕੇ 'ਤੇ ਹੀ £270.00 ਝੋਲੀ ਪਾਏ। ਇਸ ਵਿਚ ਬਰਤਾਨੀਆਂ ਦੀ ਸਥਾਪਤ ਕਵਿੱਤਰੀ ਬੀਬਾ ਦਲਬੀਰ ਨੇ ਬਾਂਹ ਕੱਢਕੇ £100.00 ਦਾਨ ਕੀਤਾ। ਮੰਚ ਵਲੋਂ - ਕਾਵੈਂਟਰੀ ਦੇ ਦਿਲਦੀਦ ਲੋਕਾਂ ਦਾ ਧੰਨਵਾਦ ਕਰਦੇ ਹੋਏ, ਗ਼ਦਰੀ ਬਾਬਿਆਂ ਦੇ ਸੁਨੇਹੇ ਨੂੰ ਲੋਕਤਾ ਤੀਕ ਪਹੁੰਚਾਉਣ ਦੇ ਚਾਹਵਾਨਾਂ ਨੂੰ, ਇਸ ਪ੍ਰੋਜੈਕਟ ਦੀ ਮਦਦ ਕਰਨ ਦੀ ਬੇਨਤੀ ਕਰਦੇ ਹਾਂ।

ਇਸਦੇ ਨਾਲ ਹੀ, ਕਰੀਬਨ ਹਰ ਪੰਜਾਬੀ ਸਾਹਿਤਕ ਸਮਾਗਮ ਵਿੱਚ "ਲੇਖਕਾਂ ਪਾਸ ਪਈਆਂ ਕਿਤਾਬਾਂ ਦਾ ਕੀ ਬਣੂੰ" ਦਾ ਰੋਣਾ ਰੋਇਆ ਜਾਂਦਾ ਹੈ।- ਉਸ ਲਈ 'ਪ੍ਰੋਗਰੈਸਿਵ ਮੰਚ' ਨੇ ਫੈਸਲਾ ਕਰਕੇ ਹੋਕਾ ਦਿੱਤਾ ਕਿ "ਜਿਸ ਲੇਖਕ ਜਾਂ ਆਮ ਪੰਜਾਬੀ ਪਾਸ ਪੰਜਾਬੀ ਦੀਆਂ ਕਿਤਾਬਾਂ ਪਈਆਂ ਨੇ (ਧਾਰਮਿਕ ਨਹੀਂ) ਸਾਨੂੰ ਪੁੱਜਦੀਆਂ ਕਰਨ ਜਾਂ 00447878228283 ਉੱਪਰ ਸੰਪਰਕ ਕਰਨ। ਅਸੀਂ ਇਹਨਾਂ ਸਮੁੱਚੀਆਂ ਕਿਤਾਬਾਂ ਨੂੰ ਪੰਜਾਬ ਦੇ ਸਕੂਲਾਂ ਕਾਲਜਾਂ ਦੀਆਂ ਲਾਇਬ੍ਰੇਰੀਆਂ ਤੀਕ ਪਹੁੰਚਾਉਣ ਦਾ ਇੰਤਜ਼ਾਮ ਕਰਾਂਗੇ। ਤਾਂ ਜੋ ਕਿਤਾਬੋਂ ਵਿਰਵਿਆਂ ਨੂੰ ਪ੍ਰਕਾਸ਼ਕਾਂ ਦੀ ਲੁਟ ਅਤੇ ਅਸਮਾਨੀ ਚੜੀਆਂ ਕੀਮਤਾਂ ਦੇ ਬਾਵਜੂਦ, ਪੜ੍ਹਣ ਵਾਲੇ ਹੱਥਾਂ ਅਤੇ ਅੱਖਾਂ ਤੀਕ ਪਹੁੰਚਾ ਸਕੀਏ।-ਐਡੀਟਰ

"ਸਰਮਾਏਦਾਰਾ ਸਮਾਜ ਵਿਚ ਲੋਕਾਂ ਦੀ
ਸਾਰੀ ਜ਼ਿਦਗੀ ਨੂੰ ਕਿਰਤ ਸਮੇਂ 'ਚ ਬਦਲ ਕੇ (ਅਗਲੇ ਸਫ਼ੇ 'ਤੇ)



ਮੇਜ਼ਬਾਨ ਕਾਲਜ ਵਲੋਂ ਦਰਸ਼ਨ ਢਿਲੋਂ ਤੇ ਸਾਥੀਆਂ ਦਾ ਸਵਾਗਤ



ਐਸ.ਐਸ.ਪੀ. ਸਾਹਿਬਾ ਦੇ ਪਿਤਾ ਸ੍ਰੀ ਸਿੱਧੂ ਜੀ ਦਾ ਸਨਮਾਨ



ਪ੍ਰੋਜੈਕਟ ਦਾ ਵਿਸਥਾਰ




ਚਰਚਾ ਕੌਮਾਂਤਰੀ' ਦਾ ਸਹਿਯੋਗ



ਸ੍ਰ: ਚਰਨਜੀਤ ਸਿੰਘ ਬਾਠ (ਸੌਂਗੀ ਕਿੰਗ ਆਫ਼ ਕੈਲੇਫੋਰਨੀਆਂ, ਯੂਐਸਏ) ਅਤੇ ਸ੍ਰ: ਰਣਬੀਰ ਸਿੰਘ ਗਿੱਲ ਜੀ (ਮਾਲਕ ਕੜਾਹੀ ਚੇਨ, ਯੂਕੇ)

# ਕੌਮਾਂਤਰੀ ਪ੍ਰੌਗਰੈਸਿਵ (ਬਰੌਡ) ਲੇਖਕ-ਪਾਠਕ ਮੰਚ

(ਮਾਂ-ਬੋਲੀ ਪੰਜਾਬੀ ਦੇ ਸੁਨਹਿਰੀ ਭਵਿੱਖ ਦੇ ਸਨਮਾਨ ਤੇ ਪ੍ਰਸਾਰ ਨੂੰ ਸਮਰਪਤ)

# ਦੇ ਸਾਰਥਕ ਅਤੇ ਅਮਲੀ ਫੈਸਲੇ

ਮਾਰਚ 2023 ਦੌਰਾਨ, ਪੰਜਾਬ ਦੇ ਨਾਮੀ ਪਿੰਡ ਬਾਦਲ (ਮੁਕਤਸਰ) ਦੇ ਦਸ਼ਮੇਸ਼ ਕਾਲਜ (ਲੜਕੀਆਂ) ਵਿਖੇ-ਮਾਂ-ਬੋਲੀ ਪੰਜਾਬੀ ਦੇ ਸੁਨਹਿਰੀ ਭਵਿੱਖ ਦਾ ਸਨਮਾਨ ਅਤੇ ਪ੍ਰਸਾਰ- ਵਾਸਤੇ 'ਚਰਚਾ-ਕੌਮਾਂਤਰੀ' ਦੇ ਸਹਿਯੋਗ ਨਾਲ ਸਲਾਨਾ ਸਮਾਗਮ ਕਰਵਾਇਆ ਗਿਆ। ਇਸ ਵਿਚ ਹੇਠ ਲਏ ਇਕਰਾਰਾਂ ਨੂੰ ਸਿਰੇ ਚਾੜਿਆ ਗਿਆ ਅਤੇ ਹਰ ਸਾਲ ਨਿਭਾਉਣ ਦਾ ਅਹਿਦ ਕੀਤਾ।

1. "ਹਰ ਸਾਲ ਪੰਜਾਬੀ ਵਿਸ਼ੇ ਦੇ ਹੋਣਹਾਰ ਵਿਦਿਆਰਥੀਆਂ ਦੀ ਕਦਰ ਕੀਤੀ ਜਾਵੇ:"

ਇਸ ਅਧੀਨ ਐਤਕਾਂ ਪੰਜ ਯੂਨੀਵਰਸਿਟੀਆਂ (ਪੰਜਾਬ, ਪੰਜਾਬੀ, ਗੁਰੂ ਨਾਨਕ ਦੇਵ, ਕੁਰੂਕਸ਼ੇਤਰਾ ਅਤੇ ਮਹਾਰਾਜਾ ਗੰਗਾ ਸਿੰਘ ਬੀਕਾਨੇਰ ਯੂਨੀਵਰਸਿਟੀਆਂ ਦੇ ਐਮ. ਏ. ਪੰਜਾਬੀ ਫਾਇਨਲ (ਚਾਰ ਸਮੈਸਟਰਾਂ ਦਾ ਕੁਲ ਜੋੜ) ਵਿੱਚੋਂ ਗੋ.ਲਡ, ਸਿਲਵਰ ਅਤੇ ਬਰੌਂਜ਼ ਮੈਡਲ ਪ੍ਰਾਪਤ ਕਰਤਾ ਵਿਦਿਆਰਥੀਆਂ ਨੂੰ ਕਰਮਵਾਰ 5100/-, 4100/-, 3100/- ਦੀ ਤੁਛ ਜਿਹੀ ਰਾਸ਼ੀ ਨਾਲ, ਆਉਣ-ਜਾਣ ਦਾ ਕਰਾਇਆ, ਰਹਿਣ ਦਾ ਬੰਦੋਬਸਤ ਕਰਕੇ ਪ੍ਰਬੰਧਕਾਂ ਵਲੋਂ ਹੌਂਸਲਾ ਵਧਾਇਆ ਗਿਆ। ਅਗਲੇ ਸਾਲ ਇਹ ਸਮਾਗਮ (ਕਰੀਬਨ ਮਾਰਚ 2024), ਹਾਲਾਤ ਠੀਕ ਰਹੇ, ਪਿੰਡ ਮੋਹਲਾਂ ਸੱਤਪਾਲ ਸਿੰਘ ਮੋਹਲਾਂ ਦੇ ਪਿਤਾ ਕਿਸਾਨ ਆਗੂ ਗੁਰਮੀਤ ਸਿੰਘ ਮੋਹਲਾਂ ਦੀ ਯਾਦ ਵਿਚ ਉਸਾਰੇ ਕਾਲਜ ਦੇ ਅਧਿਆਪਕਾਂ ਅਤੇ ਪ੍ਰਿੰਸੀਪਲ ਕੁਲਦੀਪ ਸਿੰਘ ਨੇ ਨੇਪਰੇ ਚਾੜਣ ਦੀ ਓਟ ਲਈ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇਸ ਵਾਰ ਅੱਠ (8) ਵਿਸ਼ਵ-ਵਿਦਿਆਲੇ ਭਾਗ ਲੈਣਗੇ।

2. 'ਆਓ ਕਿਤਾਬਾਂ ਨੂੰ ਕੈਦ 'ਚੋਂ ਛੁਡਾਈਏ'

ਇਸ ਪ੍ਰੋਜੈਕਟ ਅਧੀਨ ਲੋਕਾਂ ਪਾਸ ਕਿਤਾਬਾਂ ਦੇ ਗਰ੍ਹੇ ਲੱਗੇ ਪਏ ਹਨ, ਖਾਸ ਕਰਕੇ ਅਲੋਚਕਾਂ ਕੋਲ, ਸਿਉਂਕ ਲੱਗਣ ਦੇ ਕਗਾਰ ਉੱਤੇ ਪਹੁੰਚੀਆਂ ਨੇ ਵਿਚਾਰੀਆਂ ਕਿਤਾਬਾਂ, ਅਤੇ ਕਈ ਐਵੇਂ-ਕੈਵੇਂ ਟੌਹਰ ਜਿਹੀ ਬਣਾਉਣ ਲਈ ਕਿਤਾਬਾਂ ਨੂੰ ਅਲਮਾਰੀਆਂ 'ਚ ਨਪੀੜੀ ਬੈਠੇ ਹਨ; ਉਹਨਾਂ ਨੂੰ ਉਹ ਕਿਤਾਬਾਂ ਦਾਨ ਕਰਨ ਦੀ ਅਪੀਲ ਕੀਤੀ ਗਈ ਤਾਂ ਜੋ ਲੋੜਵੰਦ ਹੱਥਾਂ ਅਤੇ ਅੱਖਾਂ ਤੀਕ ਪਹੁੰਚਾ ਸਕੀਏ। ਇਸ ਨੂੰ ਹੁੰਗਾਰਾ ਦਿੰਦਿਆਂ ਡਾ. ਗੁਰਵਿੰਦਰ ਕੌਰ ਖਹਿਰਾ ਸਿੱਧੂ (ਕਵਿੱਤਰੀ) ਮੋਹਾਲੀ, ਡਾ: ਸੁਖਦੇਵ ਸਿਰਸਾ ਦੌਧਰ, ਜਗਤਾਰ ਸੋਖੀ

(ਬਾਕੀ ਸਫ਼ਾ 10 ਉਪਰ)

'CHARCHA QUAMANTRI' (Book Serial No.113)
Published by: Onwer and Chief Editor Darshan Singh Dhillon,
Muradwala Dal Singh, 93 Mirador Cres. Slough, SL2 5JZ U.K.
Published through: Azaad Publications, Giddarbaha, Phone No. 07696885570
For other Contacts: Tel & Whatsapp 0044 7878228283 | E.mails: charchaq@gmail.com or d.darshan@btinternet.com
ਮਿਹਨਤਾਨਾ ਪ੍ਰਤੀ ਅੰਕ Rs.250/- & £10.00 Per Copy


ਇਕ ਜਮਾਤ ਲਈ ਵਿਹਲਾ ਸਮਾਂ
ਹਾਸਲ ਕੀਤਾ ਜਾਂਦਾ ਹੈ।"- ਕਾਰਲ ਮਾਰਕਸ



Prop: Parminder Singh Gill
C. K.
CARPETS
FREE ESTIMATE
250-252 High Street, Langley, Slough Berks
SL3 8HA Tel & Fax 01753 542 233
Mobile: 07958622344
ਜੋੜ ਨਹੀਂ ਮਾਹਾਂ ਦੀ ਦਾਲ ਦਾ!
ਕਬੱਡੀ ਟੂਰਨਾਮੈਂਟ ਸ਼ਹਾਕੋਟ ਢੰਡੋਵਾਲ ਦਾ!
ਕੁਲਵੰਤ ਸਿੰਘ ਚੱਠਾ
(ਪ੍ਰਧਾਨ ਕਬੱਡੀ ਐਂਡ ਕਲਚਰਲ ਕਲੱਬ, ਸਲੋਹ, ਬਰਕਸ, ਯੂ.ਕੇ.) ਬਰਤਾਨੀਆਂ ਦੀ ਕਬੱਡੀ ਖੇਡ ਨੂੰ ਸਿਖਰਾਂ ਉੱਤੇ ਪਹੁੰਚਾਉਣ ਵਾਲਿਆਂ ਵਿਚੋਂ ਇਕ ਗਿਣੇ ਜਾਂਦੇ ਹਨ। ਇਸਦੇ ਨਾਲ ਹੀ 'ਫਿਸ਼ ਐਂਡ ਚਿਪਸ' ਖੇਤਰ ਦੇ ਕਾਮਯਾਬ ਬਿਜ਼ਨਸਮੈਨ ਨੇ।
Fish & Chips
ABABA-BURGERS-SOUTHERN FRIED CHICKEN
CIPPENHAM LANE.
OPP EARLS OF CROWN. SLOUGH
VIRK'S TRAVEL LTD.
ਸਰਬਜੀਤ ਸਿੰਘ ਵਿਰਕ
We Provide: Visa Service
Travel Insurance Tickets for Every Airline
Mobile: 07747750618
BETA
BETA SHOES Ltd.
Offer You a New adventure in Town
Beeta Dhadwar
Parminder Dhadwar
Unit 15 Whittenham close,
interchange Industrial Estate, slough
Tel: 01753 822500 www.betashoes.co.uk
Punjabi Folk
Dance Academy
Bhangra Classes
Every Sunday
Timing For Kids and Ladies
4:00 PM to 5.00 PM
at
SINGH SABHA SPORTS CENTRE
STOKE POGS LANE, SL13LL
SHIVCHANRAN GILL MEMORIAL TRUST,
SOUTHALL ਸ਼ਿਵਚਰਨ ਗਿੱਲ ਮੈਮੋਰੀਅਲ ਟਰੱਸਟ, ਸਾਊਥਾਲ
ਸ਼੍ਰੋਮਣੀ ਸਾਹਿਤਕਾਰ ਸ਼ਿਵਚਰਨ ਸਿੰਘ ਗਿੱਲ ਰੂਮੀ
(ਕਹਾਣੀਕਾਰ, ਨਾਵਲਕਾਰ)
SMT. DHANINDER KAUR GILL
(W/O LATE SHIVCHARAN SINGH GILL)
SHIVDEEP GILL DHESI +44 7961 719571
DIRECTOR, SHIVCHARAN SINGH GILL MEMORIAL TRUST
Voice of Women
Ladies Social Club
ਵੋਇਸ ਆਫ ਵੂਮੈਨ, ਲੰਡਨ
UK's Prominent Ladies Social Club, Working in London Region
ਵੋਇਸ ਆਫ ਵੂਮੈਨ, ਲੰਡਨ ਦੀ ਟੀਮ
ਸੁਰਿੰਦਰ ਕੌਰ (ਚੇਅਰਪਰਸਨ), ਵੋਇਸ ਆਫ ਵੂਮੈਨ, ਲੰਡਨ ।
+44 7545 555677
ਆਜ਼ਾਦ ਪਬਲੀਕੇਸ਼ਨਜ਼
(ਪਬਲਿਸ਼ਰ, ਬੁੱਕ ਸੇਲਰ ਤੇ ਲਾਇਬ੍ਰੇਰੀ ਸਪਲਾਇਰ)
ਗਿੱਦੜਬਾਹਾ-ਪਟਿਆਲਾ, ਪੰਜਾਬ
ਨਾਵਲ, ਕਹਾਣੀਆਂ, ਇਤਿਹਾਸ, ਸਿੱਖ ਇਤਿਹਾਸ, ਜੀਵਨੀਆਂ, ਸਵੈ-ਜੀਵਨੀਆਂ, ਕਵਿਤਾਵਾਂ ਅਤੇ ਵਾਰਤਕ ਆਦਿ।
76968-85570
Azaad Publications
azaad_publications
ਦੇਸੋਂ ਬਾਹਰ ਕਿਤਾਬ ਛਪਵਾਉਣ ਵਾਸਤੇ
ਦਰਸ਼ਨ ਸਿੰਘ ਢਿੱਲੋਂ ਨੂੰ ਸੰਪਰਕ ਕਰੋ 0044-7878228283
ਜਾਂ
d.darshan@btinternet.com


PIONEER TRAVEL
Specialists In lowest Airfares Worldwide
132 Clay Lane, Stoke, Coventry CV2 4LT
T: 024 7663 5313, M: 07539 933015
E; pioneertravel@hotmail.co.uk


Indian Restaurant, Takeaway
and
All kinds of indian sweets
We cater for all kinds of functions
Weddings, Parties and Events
www.kulchaexpress.co.uk
Kulcha Express
07830842224


ARCADE LOUNGE
VISIT US AT
8-10 Arcade Rd,
Littlehampton
BN175AP
01903 954391
#ARCADELOUNGELA
WWW.ARDELOUNGELA.CO.UK


IMMIGRATION ADVICE BUREAU
ESTD 1989
SPECIALISTES
FOR FREE INITIAL ADVICE
CONTACT:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!
Tel: 020 8571 6680
India: +91-1815086389


ਗੁਰਚਰਨ ਸਿੰਘ ਸੱਗੂ
ਅਤੇ
ਮਿਸਜ਼ ਮਨਜੀਤ ਸੱਗੂ
ਜਿਥੇ ਕਾਮਯਾਬ ਵਿਓਪਾਰੀ ਰਹੇ ਹਨ, ਓਥੇ ਮਿ: ਸੱਗੂ ਨੇ ਪੰਜਾਬੀ ਬੋਲੀ ਦੀ ਝੋਲੀ ਵੱਖ-ਵੱਖ ਵਿਧਾਵਾਂ 'ਚ 6 ਕਿਤਾਬਾਂ ਪਾਈਆਂ ਹਨ। ਲੇਟੈਸਟ
'ਵੇਖਿਆ ਸ਼ਹਿਰ ਬੰਬਈ'
ਸਫ਼ਰਨਾਮਾ ਭਰਪੂਰ ਚਰਚਾ ਅਧੀਨ ਹੈ।


Ravi Repairs
Welding And Servicing
Accidents Repairs
Ravi Panrsar
Contact Ravi Panrsar
Mob: 447956460515


ਪਤੇ ਦੀ ਰਾਜਨੀਤੀ ਕਰਨ ਵਾਲਾ
ਸਮਾਜਸੇਵੀ, ਲੇਬਰ ਪਾਰਟੀ ਦਾ ਸੁਹਿਰਦ ਕਾਰਕੁੰਨ ਅਤੇ ਆਗੂ, ਪੰਜਾਵੀਂ ਵਾਰ ਕੌਂਸਲਰ
ਕੌ: ਰਾਜੂ ਸੰਸਾਰਪੁਰੀ
Cllr. Raju Sansarpuri with his Friend Ajaib Singh, Hayes
"ਕੌਂਸਲਰ ਰਾਜੂ ਸੰਸਾਰਪੁਰੀ ਐਸੀ ਸ਼ਖ਼ਸੀਅਤ ਹਨ, ਨਿਮਰਤਾ ਨਾਲ ਭਰੇ, ਜੋ ਏਸ਼ੀਅਨ ਭਾਈਚਾਰੇ 'ਚ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ। ਪੁਖ਼ਤਾ ਵਿਚਾਰਾਂ ਨਾਲ ਟੁੱਨ, ਹਰ ਖਿੱਤੇ 'ਚ ਵਿਚਰਨ ਦੀ ਮੁਹਾਰਤ ਰੱਖਦੇ, ਹਰੇਕ ਦੇ ਦੁੱਖ-ਸੁੱਖ ਨੂੰ ਆਪਦਾ ਸਮਝਦੇ, ਵਾਹ ਲੱਗਦੀ, ਹਾਜ਼ਰ ਹੁੰਦੇ ਹਨ। ਮੈਨੂੰ ਇਸ ਜਵਾਨ, ਨਿਰਛੱਲ ਸਮਾਜ ਤੇ ਰਾਜਨੀਤੀ 'ਚ ਕਰਮਸ਼ੀਲ ਵਿਅੱਕਤਿਤਵ ਦੀ ਸ਼ਲਾਘਾ ਕਰਦਿਆਂ ਤੇ ਅਸਲੀਅਤ ਦੱਸਦਿਆਂ, ਮਾਣ ਮਹਿਸੂਸ ਹੋ ਰਿਹਾ ਹੈ। ਸਾਬਤ ਕਦਮ ਸਫ਼ਲਤਾ ਵੱਲ ਵਧਣ।" -ਦਰਸ਼ਨ
ਸੇਵਾ ਲਈ ਤੱਤਪਰ: +44 7957682368


Panjabi Meat Mart
Tel: 01753546149, 07841562664
We Offer a Fantastic Range of Meats, Lamb, Pork, Poultry, Fish, Eggs, Naan, Bread & Frozen Food.
Quality Meat, Poultry & Fish at Competitive Price
248Trelawney Avenue, Langely Slough,Sl3 7UD